੧ੴ ਸਤਿਗੁਰ ਪ੍ਰਸਾਦਿ ॥

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
## ਦੀ ਰਚਨਾ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

## ਸਟੀਕ
(ਸੈਂਚੀ ਅੱਠਵੀ)


ਟੀਕਾਕਾਰ :-

ਪੰਡਿਤ ਨਰੈਣ ਸਿੰਘ ਜੀ ਗਿਆਨੀ

ਵਿਦਯਾ ਮਾਰਤੰਡ, ਮੁਜੰਗਾ ਵਾਲੇ (ਲਾਹੌਰ ਨਿਵਾਸੀ)



ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।



Namdhari Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

Namdhari Elibrary NamdhariElibrary@gmail.com

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

## ਸਟੀਕ

### ਜਿਲਦ ਅੱਠਵੀਂ

Namdhari Elibrary NamdhariElibrary@gmail.com

੧ੴ ਸਤਿਗੁਰ ਪ੍ਰਸਾਦਿ॥

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਰਚਿਤ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

## ਸਟੀਕ

## ਜਿਲਦ ਅੱਠਵੀਂ

*ਸ੍ਰੀ ਦਸਮ ਗ੍ਰੰਥ ਦੇ ਅੰਗ ੧੧੮੯ ਤੋਂ ੧੪੨੮ ਤਕ ਦਾ ਸਰਲ ਪੰਜਾਬੀ ਅਨੁਵਾਦ*

ਟੀਕਾਕਾਰ - ਪ੍ਰਸਿੱਧ ਵਿਦਵਾਨ ਗਿਆਨੀ ਨਰੈਣ ਸਿੰਘ ਜੀ

ਸੋਧਕ - ਡਾ. ਅਜੀਤ ਸਿੰਘ ਔਲਖ ਐਮ.ਏ., ਪੀ-ਐਚ.ਡੀ.

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

Namdhari Elibrary NamdhariElibrary@gmail.com

© ਪ੍ਰਕਾਸ਼ਕ

SRI DASAM GRANTH SAHIB JI - Punjabi Translation (Vol. 8th)

ISBN 81-7601-177-0
ISBN 81-7601-046-4 ( ਸੈਟ ਅੱਠ ਭਾਗ )

ਪਹਿਲੀ ਐਡੀਸ਼ਨ : 1994
ਚੌਥੀ ਐਡੀਸ਼ਨ : 2004
ਪੰਜਵੀਂ ਐਡੀਸ਼ਨ : ਫਰਵਰੀ, 2007

ਭੇਟਾ : 300/-

ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974, 2557973
ਫੈਕਸ : (0183) 2557973
E-mail : csjs@vsnl.com
Visit our Website : www.csjs.com

500

Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

Namdhari Elibrary NamdhariElibrary@gmail.com

# ਤਤਕਰਾ


| ਚਲਿੱਤਰ | ਕਥਾ | ਪੰਨਾ |
|---|---|---|
| ਦੋ ਸੌ ਇਕਾਠਵਾਂ | ਮਾਸ਼ੂਕ ਮਤੀ | 1 |
| ਦੋ ਸੌ ਬਾਠਵਾਂ | ਮਾਸ਼ੂਕ ਮਤੀ | 5 |
| ਦੋ ਸੌ ਤਰੇਠਵਾਂ | ਨਾਗਰਮਤੀ | 9 |
| ਦੋ ਸੌ ਚੌਠਵਾਂ | ਬਿਰਹਾ ਕੁਮਾਰੀ | 13 |
| ਦੋ ਸੌ ਪੈਂਠਵਾਂ | ਪ੍ਰਕ੍ਰਿਤ ਮਤੀ | 32 |
| ਦੋ ਸੌ ਛਿਆਠਵਾਂ | ਰਣਖੰਭਕਲਾ | 36 |
| ਦੋ ਸੌ ਸਤਾਠਵਾਂ | ਤੁਰਕ ਇਸਤਰੀ | 66 |
| ਦੋ ਸੌ ਅਠਾਠਵਾਂ | ਚੰਪਾਕਲਾ | 71 |
| ਦੋ ਸੌ ਉਣੱਤਰਵਾਂ | ਝਖਕੇਤ ਮਤੀ | 74 |
| ਦੋ ਸੌ ਸੱਤਰਵਾਂ | ਪੂਰਬ ਦੇਵੀ | 77 |
| ਦੋ ਸੌ ਇਕਹੱਤਰਵਾਂ | ਬਿਲਾਸ ਦੇਵੀ | 80 |
| ਦੋ ਸੌ ਬਹੱਤਰਵਾਂ | ਸੁਗੰਧ ਮਤੀ | 83 |
| ਦੋ ਸੌ ਤਿਹੱਤਰਵਾਂ | ਸੁਕ੍ਰਿਤ ਮੰਜਰੀ | 85 |
| ਦੋ ਸੌ ਚੋਹੱਤਰਵਾਂ | ਦਾਸੀ | 88 |
| ਦੋ ਸੌ ਪੰਝੱਤਰਵਾਂ | ਹਬਸ਼ਮਤੀ | 90 |
| ਦੋ ਸੌ ਛਿਹੱਤਰਵਾਂ | ਰੁਦਰ ਮਤੀ | 94 |
| ਦੋ ਸੌ ਸਤੱਤਰਵਾਂ | ਸੌਂਕਣ | 98 |
| ਦੋ ਸੌ ਅਠੱਤਰਵਾਂ | ਰੋਸ਼ਨ ਆਰਾ | 100 |
| ਦੋ ਸੌ ਉਨਾਸੀਵਾਂ | ਪ੍ਰੇਮ ਮੰਜਰੀ | 102 |
| ਦੋ ਸੌ ਅੱਸੀਵਾਂ | ਜੁਗਰਾਜ ਮੰਜਰੀ | 105 |
| ਦੋ ਸੌ ਇੱਕਾਸੀਵਾਂ | ਰਾਣੀ ਬਿਜੈਮਤੀ | 108 |
| ਦੋ ਸੌ ਬਿਆਸੀਵਾਂ | ਅਮਰ ਕਲਾ | 111 |
| ਦੋ ਸੌ ਤਿਰਾਸੀਵਾਂ | ਰਾਣੀ ਕਿੰਨਰ ਮਤੀ | 112 |
| ਦੋ ਸੌ ਚੋਰਾਸੀਵਾਂ | ਦੱਖਣ ਦੇਵੀ | 114 |
| ਦੋ ਸੌ ਪਚਾਸੀਵਾਂ | ਸ਼ਮਤ ਮਤੀ | 116 |
| ਦੋ ਸੌ ਛਿਆਸੀਵਾਂ | ਬਿਖਿਆ | 119 |
| ਦੋ ਸੌ ਸਤਾਸੀਵਾਂ | ਮਰੀਅਮ ਬੇਗਮ | 123 |
| ਦੋ ਸੌ ਅਠਾਸੀਵਾਂ | ਫੈਲ ਦੇਵੀ | 125 |
| ਦੋ ਸੌ ਉਣਾਨੇਵਾਂ | ਦਖਣ ਦੇਵੀ | 130 |
| ਦੋ ਸੌ ਨੱਬੇਵਾਂ | ਪੂਰਬ ਦੇਵੀ | 135 |
| ਦੋ ਸੌ ਇਕਾਨੇਵਾਂ | ਪਛਮ ਦੇਵੀ | 142 |
| ਦੋ ਸੌ ਬਾਨੇਵਾਂ | ਉੱਤਰ ਮਤੀ | 145 |
| ਦੋ ਸੌ ਤਿਰਾਨੇਵਾਂ | ਰਾਜਦੇਵੀ | 149 |
| ਦੋ ਸੌ ਚੋਰਾਨੇਵਾਂ | ਅਨਦਾ ਵਤੀ | 153 |
| ਦੋ ਸੌ ਪਚਾਨੇਵਾਂ | ਚੰਚਲ ਦੇਵੀ | 160 |
| ਦੋ ਸੌ ਛਿਆਨੇਵਾਂ | ਮੰਗਲਾ ਦੇਵੀ | 163 |
| ਦੋ ਸੌ ਸਤਾਨੇਵਾਂ | ਸਕਚਮਤੀ | 166 |
| ਦੋ ਸੌ ਅਠਾਨੇਵਾਂ | ਝਿਲਮਿਲ ਦੇਵੀ | 187 |
| ਦੋ ਸੌ ਨੜਿਨਵਾਂ | ਅਛਲ ਦੇਵੀ | 191 |
| ਤਿੰਨ ਸੌ ਵਾਂ | ਸਿਆਣੀ ਸਖੀ | 195 |
| ਤਿੰਨ ਸੌ ਇਕਵਾਂ | ਇਸ਼ਟ ਮਤੀ | 197 |
| ਤਿੰਨ ਸੌ ਦੂਸਰਾ | ਛੱਤਰ ਦੇਵੀ | 199 |
| ਤਿੰਨ ਸੌ ਤੀਸਰਾ | ਅਭਰਨ ਦੇਵੀ | 202 |
| ਤਿੰਨ ਸੌ ਚੋਥਾ | ਵਿਦਿਆ ਮਤੀ | 206 |
| ਤਿੰਨ ਸੌ ਪੰਜਵਾਂ | ਤ੍ਰਿਪੁਰ ਮਤੀ | 209 |
| ਤਿੰਨ ਸੌ ਛੇਵਾਂ | ਦੁਦੰਬ ਦੇਵੀ | 211 |
| ਤਿੰਨ ਸੌ ਸੈਤਵਾਂ | ਸੁਘਨਾਮਤੀ | 213 |
| ਤਿੰਨ ਸੌ ਅੱਠਵਾਂ | ਫੁਟ ਬੇਸਰੀ ਦੇਵੀ | 216 |


Namdhari Elibrary NamdhariElibrary@gmail.com

| ਚਲਿੱਤਰ | ਕਥਾ | ਪੰਨਾ |
|---|---|---|
| ਤਿੰਨ ਸੌ ਨੌਵਾਂ | ਅਪੂਰਬ ਦੇਵੀ | 219 |
| ਤਿੰਨ ਸੌ ਦਸਵਾਂ | ਰਸਤਿਲਕ ਦੇਵੀ | 222 |
| ਤਿੰਨ ਸੌ ਗਿਆਰਵਾਂ | ਬਿਰਤ ਸੈਨ | 224 |
| ਤਿੰਨ ਸੌ ਬਾਰ੍ਹਵਾਂ | ਜਟ ਦੀ ਇਸਤਰੀ | 227 |
| ਤਿੰਨ ਸੌ ਤੇਰ੍ਹਵਾਂ | ਨੈਣ | 230 |
| ਤਿੰਨ ਸੌ ਚੌਦਵਾਂ | ਸੁਕਮਾਰ ਦੇਵੀ | 232 |
| ਤਿੰਨ ਸੌ ਪੰਦਰ੍ਹਵਾਂ | ਪੱਛਮ ਦੇਵੀ | 235 |
| ਤਿੰਨ ਸੌ ਸੋਲ੍ਹਵਾਂ | ਬੰਗਦੇਵੀ | 237 |
| ਤਿੰਨ ਸੌ ਸਤਾਰ੍ਹਵਾਂ | ਪੁਸ਼ਪ ਪ੍ਰਭਾ | 239 |
| ਤਿੰਨ ਸੌ ਅਠਾਰ੍ਹਵਾਂ | ਮਰਗਜ ਦੇਵੀ | 241 |
| ਤਿੰਨ ਸੌ ਉਨ੍ਹੀਵਾਂ | ਮੁਨੀਰ਼ਾਜ ਮਤੀ | 243 |
| ਤਿੰਨ ਸੌ ਵੀਹਵਾਂ | ਰੁਕਮਣੀ | 244 |
| ਤਿੰਨ ਸੌ ਇੱਕੀਵਾਂ | ਦੇਵਜਾਨੀ | 250 |
| ਤਿੰਨ ਸੌ ਬਾਈਵਾਂ | ਮਕਰਾਛ ਮਤੀ | 254 |
| ਤਿੰਨ ਸੌ ਤੇਈਵਾਂ | ਭੌਂਦਰ ਸੈਨ | 259 |
| ਤਿੰਨ ਸੌ ਚਵੀਵਾਂ | ਅਪਸਰ ਮਤੀ | 261 |
| ਤਿੰਨ ਸੌ ਪੰਝੀਹਵਾਂ | ਸੁਲਤਾਨ ਕੁਮਾਰੀ | 264 |
| ਤਿੰਨ ਸੌ ਛੱਬੀਵਾਂ | ਸੁਕਚ ਮਤੀ | 270 |
| ਤਿੰਨ ਸੌ ਸਤਾਈਵਾਂ | ਅਚਲ ਮਤੀ | 272 |
| ਤਿੰਨ ਸੌ ਅਠਾਈਵਾਂ | ਪੀਰ ਕੁਤਬ ਸ਼ਾਹ | 275 |
| ਤਿੰਨ ਸੌ ਉਣੱਤੀਵਾਂ | ਝੀਊਰੀ | 277 |
| ਤਿੰਨ ਸੌ ਤੀਹਵਾਂ | ਬਿਰਹਾ ਵਤੀ | 278 |
| ਤਿੰਨ ਸੌ ਇਕੱਤੀਵਾਂ | ਵਲੰਦੇਜ ਦੇਵੀ | 282 |
| ਤਿੰਨ ਸੌ ਬੱਤੀਵਾਂ | ਪ੍ਰੀਤ ਕਲਾ | 284 |
| ਤਿੰਨ ਸੌ ਤੇਤੀਵਾਂ | ਸ਼ਾਹ ਦੀ ਪੁੱਤਰੀ | 289 |
| ਤਿੰਨ ਸੌ ਚੌਂਤੀਵਾਂ | ਪਿੰਗਲ ਦੇਵੀ | 292 |
| ਤਿੰਨ ਸੌ ਪੈਂਤੀਵਾਂ | ਦਿਮਾਗ਼ ਰੌਸ਼ਨ | 294 |
| ਤਿੰਨ ਸੌ ਛੱਤੀਵਾਂ | ਰੰਗਝੜ ਦੇਵੀ | 304 |
| ਤਿੰਨ ਸੌ ਸੈਂਤੀਵਾਂ | ਪਰਜ ਦੇਵੀ | 306 |
| ਤਿੰਨ ਸੌ ਅਠੱਤੀਵਾਂ | ਬਿਵਾਸ ਮਤੀ | 309 |
| ਤਿੰਨ ਸੌ ਉਣਤਾਲੀਵਾਂ | ਰਤਨ ਮਤੀ | 311 |
| ਤਿੰਨ ਸੌ ਚਾਲੀਵਾਂ | ਮਥਰਾ | 314 |
| ਤਿੰਨ ਸੌ ਇਕਤਾਲੀਵਾਂ | ਅਪੱਛਰਾ ਦੇਵੀ | 316 |
| ਤਿੰਨ ਸੌ ਬ਼ਤਾਲੀਵਾਂ | ਬਰੰਗਨਾ ਦੇਵੀ | 319 |
| ਤਿੰਨ ਸੌ ਤਰਤਾਲੀਵਾਂ | ਸੋਰਠ ਦੇਵੀ ਅਤੇ ਪਰਜ ਦੇਵੀ | 321 |
| ਤਿੰਨ ਸੌ ਚੁਤਾਲੀਵਾਂ | ਰਸਰੰਗ ਮਤੀ | 324 |
| ਤਿੰਨ ਸੌ ਪੰਜਤਾਲੀਵਾਂ | ਅੰਗਨਾ ਦੇਵੀ | 326 |
| ਤਿੰਨ ਸੌ ਛਿਆਲੀਵਾਂ | ਗਜਗਾਹ ਮਤੀ | 329 |
| ਤਿੰਨ ਸੌ ਸੰਤਾਲੀਵਾਂ | ਲਛਮਣੀ | 334 |
| ਤਿੰਨ ਸੌ ਅਠਤਾਲੀਵਾਂ | ਗੌਰਾ ਦੇਵੀ | 336 |
| ਤਿੰਨ ਸੌ ਉਣੰਜਵਾਂ | ਉਗਰ ਦੇਵੀ | 338 |
| ਤਿੰਨ ਸੌ ਪੰਜਾਹਵਾਂ | ਨਵਜੋਬਨ ਦੇਵੀ | 340 |
| ਤਿੰਨ ਸੌ ਇਕਵੰਜਵਾਂ | ਬਸਤਰ ਮਤੀ | 342 |
| ਤਿੰਨ ਸੌ ਬਵੰਜਵਾਂ | ਜੇਬਉਲ ਨਿਸਾ | 344 |
| ਤਿੰਨ ਸੌ ਤਰਵੰਜਵਾਂ | ਰਣਝੁਮਕ ਦੇਵੀ | 347 |
| ਤਿੰਨ ਸੌ ਚਰਵੰਜਵਾਂ | ਸਿੰਧਲਾ ਦੇਵੀ | 350 |
| ਤਿੰਨ ਸੌ ਪਚਵੰਜਵਾਂ | ਬਿਲਾਸੰ ਦੇਵੀ | 352 |
| ਤਿੰਨ ਸੌ ਛਪੰਜਵਾਂ | ਦਲ ਥੰਭਨ ਦੇਵੀ | 356 |
| ਤਿੰਨ ਸੌ ਸਤਵੰਜਵਾਂ | ਖੰਜਣ ਦੇਵੀ | 358 |
| ਤਿੰਨ ਸੌ ਅਠਵੰਜਵਾਂ | ਸੁੰਦਰ ਦੇਵੀ | 361 |
| ਤਿੰਨ ਸੌ ਉਣਾਠਵਾਂ | ਮਨਮੋਹਨ ਦੇਵੀ | 364 |
| ਤਿੰਨ ਸੌ ਸੱਠਵਾਂ | ਝੰਕਝੁਮਕ ਦੇਵੀ | 365 |
| ਤਿੰਨ ਸੌ ਇਕਾਠਵਾਂ | ਗਜ ਗਾਮਨੀ ਦੇਵੀ | 367 |
| ਤਿੰਨ ਸੌ ਬਾਠਵਾਂ | ਗੁੱਲੈ | 370 |
| ਤਿੰਨ ਸੌ ਤਿਰੇਠਵਾਂ | ਪੰਜਾਬ ਦੇਵੀ | 371 |
| ਤਿੰਨ ਸੌ ਚੌਠਵਾਂ | ਮਹਿਤਾਬ ਪ੍ਰਭਾ | 375 |


Namdhari Elibrary NamdhariElibrary@gmail.com

| ਚਲਿੱਤਰ | ਕਥਾ | ਪੰਨਾ |
|---|---|---|
| ਤਿੰਨ ਸੋ ਪੈਂਠਵਾਂ | ਚਿਤ ਚੋਪ ਮਤੀ | 376 |
| ਤਿੰਨ ਸੈ ਛਿਆਠਵਾਂ | ਨਾਭ ਮਤੀ | 379 |
| ਤਿੰਨ ਸੈ ਸਤਾਠਵਾਂ | ਮੂਰਖ ਮਤੀ | 386 |
| ਤਿੰਨ ਸੈ ਅਠਾਠਵਾਂ | ਚਖ ਚਾਰ ਮਤੀ | 389 |
| ਤਿੰਨ ਸੈ ਉਣੱਤਰਵਾਂ | ਚੰਚਲ ਦੇਵੀ | 390 |
| ਤਿੰਨ ਸੈ ਸੱਤਰਵਾਂ | ਅਬਦਾਲ ਮਤੀ | 394 |
| ਤਿੰਨ ਸੈ ਇਕਹੱਤਰਵਾਂ | ਕੰਚਨ ਦੇਵੀ | 398 |
| ਤਿੰਨ ਸੈ ਬਹੱਤਰਵਾਂ | ਰਾਣੀ ਛਬ ਮਤੀ | 401 |
| ਤਿੰਨ ਸੈ ਤਿਹੱਤਰਵਾਂ | ਹਿੰਗਲ ਦੇਵੀ | 402 |
| ਤਿੰਨ ਸੈ ਚੁਹੱਤਰਵਾਂ | ਮਹਿਤਾਬ ਮਤੀ | 409 |
| ਤਿੰਨ ਸੈ ਪੰਝੱਰਤਵਾਂ | ਜਗਜੋਬਨ ਦੇਵੀ | 413 |
| ਤਿੰਨ ਸੈ ਛਿਹੱਤਰਵਾਂ | ਪ੍ਰਬੀਨ ਦੇਵੀ | 416 |
| ਤਿੰਨ ਸੈ ਸਤੱਤਰਵਾਂ | ਸੁਹਾਗ ਦੇਵੀ | 417 |
| ਤਿੰਨ ਸੈ ਅਠੱਤਰਵਾਂ | ਮ੍ਰਿਦਹਾਸ ਮਤੀ | 420 |
| ਤਿੰਨ ਸੈ ਉਣਾਸੀਵਾਂ | ਸੁਪ੍ਰਭਾ ਦੇਵੀ | 422 |
| ਤਿੰਨ ਸੈ ਅੱਸੀਵਾਂ | ਚਰਿੱਤਰ ਮਤੀ | 425 |
| ਤਿੰਨ ਸੈ ਇਕਾਸੀਵਾਂ | ਖਾਦਮਾ ਬਾਨੋ | 428 |
| ਤਿੰਨ ਸੈ ਬਿਆਸੀਵਾਂ | ਮਨਨੀਲ ਮਤੀ | 431 |
| ਤਿੰਨ ਸੈ ਤਿਰਾਸੀਵਾਂ | ਕੋਕਿਲਾ ਮਤੀ | 432 |
| ਤਿੰਨ ਸੈ ਚੌਰਾਸੀਵਾਂ | ਸ਼ਾਹ ਦੀ ਇਸਤਰੀ | 434 |
| ਤਿੰਨ ਸੈ ਪਚਾਸੀਵਾਂ | ਰਾਜ ਕੁਮਾਰੀ | 438 |
| ਤਿੰਨ ਸੈ ਛਿਆਸੀਵਾਂ | ਦਿਨ ਦੀਪਕ ਦੇਵੀ | 440 |
| ਤਿੰਨ ਸੈ ਸਤਾਸੀਵਾਂ | ਜਗਮੋਹਨ ਦੇਵੀ | 443 |
| ਤਿੰਨ ਸੈ ਅਠਾਸੀਵਾਂ | ਮਦ ਮੋਕਲ ਦੇਵੀ | 445 |
| ਤਿੰਨ ਸੈ ਉਣਾਨੇਵਾਂ | ਮਕਰਧੁਜ ਦੇਵੀ | 448 |
| ਤਿੰਨ ਸੈ ਨੱਬੇਵਾਂ | ਗੌਹਰਾਂ ਰਾਏ | 450 |
| ਤਿੰਨ ਸੈ ਇਕਾਨੇਵਾਂ | ਖਾਤਿਮਾ ਬਾਨੋ | 452 |
| ਤਿੰਨ ਸੈ ਬਾਨੇਵਾਂ | ਸੰਦਲ ਦੇਵੀ | 455 |
| ਤਿੰਨ ਸੈ ਤਿਰਾਨੇਵਾਂ | ਚੰਪਾ ਦੇਵੀ | 457 |
| ਤਿੰਨ ਸੈ ਚੌਰਾਨੇਵਾਂ | ਅਲਕੇਸ ਮਤੀ | 462 |
| ਤਿੰਨ ਸੈ ਪਚਾਨੇਵਾਂ | ਚੁਲਵ ਦੇਵੀ | 466 |
| ਤਿੰਨ ਸੈ ਛਿਆਨੇਵਾਂ | ਚਪਲਾ ਦੇਵੀ | 470 |
| ਤਿੰਨ ਸੈ ਸਤਾਨੇਵਾਂ | ਸਗਰ ਦੇਵੀ | 472 |
| ਤਿੰਨ ਸੈ ਅਠਾਨੇਵਾਂ | ਅਲਕ੍ਰਿਤ ਦੇਵੀ | 474 |
| ਤਿੰਨ ਸੈ ਨੜਿਨਵਾਂ | ਭੂਖਨ ਦੇਵੀ | 477 |
| ਚਾਰ ਸੈਵਾਂ | ਮਹਾਂ ਕੁਮਾਰੀ | 479 |
| ਚਾਰ ਸੈ ਇਕਵਾਂ | ਬਸੰਤ ਕੁਮਾਰੀ | 482 |
| ਚਾਰ ਸੈ ਦੂਸਰਾ | ਸਦਾ ਕੁਮਾਰੀ | 485 |
| ਚਾਰ ਸੈ ਤੀਸਰਾ | ਸ਼ਿਵ ਦੇਵੀ | 491 |
| ਚਾਰ ਸੈ ਚੌਥਾ | ਸ੍ਰੀ ਅਸਿਧੁਜ | 494 |


## ਜ਼ਫ਼ਰਨਾਮਾ


| | |
|---|---|
| ਹਿਕਾਯਤ ਪਹਿਲੀ | 585 |
| ਹਿਕਾਯਤ ਦੂਸਰੀ | 612 |
| ਹਿਕਾਯਤ ਤੀਸਰੀ | 626 |
| ਹਿਕਾਯਤ ਚੌਥੀ | 640 |
| ਹਿਕਾਯਤ ਪੰਜਵੀਂ | 671 |
| ਹਿਕਾਯਤ ਛੇਵੀਂ | 684 |
| ਹਿਕਾਯਤ ਸਤਵੀਂ | 694 |
| ਹਿਕਾਯਤ ਅਠਵੀਂ | 706 |
| ਹਿਕਾਯਤ ਨੌਵੀਂ | 718 |
| ਹਿਕਾਯਤ ਦਸਵੀਂ | 728 |
| ਹਿਕਾਯਤ ਗਿਆਰਵੀਂ | 768 |
| ਹਿਕਾਯਤ ਬਾਰ੍ਹਵੀਂ | 782 |


★ ★ ★

Namdhari Elibrary NamdhariElibrary@gmail.com

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ

# ਜਿਲਦ ਅਠਵੀਂ

## ਚਲਿੱਤਰ ਦੋ ਸੌ ਇਕਾਠਵਾਂ

## ਕਥਾ ਮਾਸ਼ੂਕ ਮਤੀ

ਚੌਪਈ।। ਅਹਿਧੁਜ ਏਕ ਰਹੈ ਰਾਜਾ ਬਰ।। ਜਨੁਕ ਦੁਤਿਯ ਜਗ ਵਯੋ ਪ੍ਰਭਾਕਰ।।
ਸ੍ਰੀ ਮਾਸੂਕਮਤੀ ਤਿਹੱ ਰਾਨੀ।। ਰਵੀ ਚੰਦ੍ਰਵੀ ਕੈ ਇੰਦ੍ਰਾਨੀ।। ੧।।

ਪਦ ਅਰਥ - ਬਰ=ਸ੍ਰੇਸ਼ਟ। ਜਨੁਕ=ਮਾਨੋਂ। ਪ੍ਰਭਾਕਰ=ਸੂਰਜ।

ਅਹਿਧੁਜ ਇਕ ਮਹਾਨ ਰਾਜਾ ਸੀ ਜਿਹੜਾ ਕਿ ਮਾਨੋਂ ਦੁਨੀਆਂ ਵਿਚ ਦੂਸਰਾ ਸੂਰਜ ਸੀ। ਉਸ ਦੀ ਰਾਣੀ ਦਾ ਨਾਂ ਮਾਸ਼ੂਕਮਤੀ ਸੀ ਅਤੇ ਸੂਰਜ ਚੰਦ ਜਾਂ ਇੰਦਰ ਦੀ ਪਤਨੀ ਸਮਾਨ ਸੁੰਦਰ ਸੀ।।੧।।

ਤਾਕੇ ਪੁਤ੍ਰ ਹੋਤ ਗ੍ਰਿਹ ਨਾਹੀ।। ਇਹ ਚਿੰਤਾ ਤ੍ਰਿਯ ਕੇ ਜਿਯ ਮਾਹੀ।।
ਰਾਜਾ ਤੇ ਜਿਯ ਮਹਿ ਡਰ ਪਾਵੈ।। ਬਹੁ ਪੁਰਖਨ ਸੰਗ ਕੇਲ ਕਮਾਵੈ।। ੨।।

ਪਦ ਅਰਥ - ਤ੍ਰਿਯ=ਇਸਤਰੀ। ਕੇਲ ਕਮਾਵੈ=ਭੋਗ ਬਿਲਾਸ ਕਰਦੀ ਸੀ।

ਉਸ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਸੀ ਹੋਇਆ ਜਿਸ ਦੀ ਚਿੰਤਾ ਉਸ ਨੂੰ ਹਰ ਵੇਲੇ ਖਾਈ ਜਾਂਦੀ ਸੀ। ਰਾਜੇ ਪਾਸੋਂ ਉਹ ਮਨ ਵਿਚ ਡਰਦੀ ਸੀ ਪਰ ਬਹੁਤ ਸਾਰੇ ਆਦਮੀਆਂ ਨਾਲ ਉਹ ਕਾਮ ਕ੍ਰੀੜਾ ਕਰਦੀ ਸੀ।।੨।।

ਅੜਿੱਲ।। ਏਕ ਦਿਵਸ ਸੁੰਦਰੀ ਝਰੋਖਾ ਬੈਠਿ ਬਰ।।
ਮਹਿਖਨ ਕੋ ਪਾਲਕ ਤਹ ਨਿਕਸਜੋ ਆਇ ਕਰਿ।।
ਮੋਹੀਵਾਲ ਸੋਹਨੀ ਮੁਖ ਤੇ ਗਾਵਤੋ।।
ਹੋ ਸਭ ਨਾਰਿਨ ਕੋ ਚਿਤ ਕੌ ਚਲਾ ਚੁਰਾਵਤੋ।। ੩।।

ਪਦ ਅਰਥ - ਮਹਿਖਨ=ਮੱਝਾਂ। ਮੋਹੀਵਾਲ ਸੋਹਨੀ=ਸੋਹਣੀ ਮਹੀਂਵਾਲ. ਪੰਜਾਬ ਦੇ ਪ੍ਰੇਮੀ ਹੋਏ ਹਨ

Namdhari Elibrary NamdhariElibrary@gmail.com

ਜਿਹੜੇ ਝਨਾਂ ਦਰਿਆ ਵਿਚ ਡੁੱਬ ਕੇ ਮਰ ਗਏ ਸਨ।

ਇਕ ਦਿਨ ਉਹ ਸੁੰਦਰ ਇਸਤਰੀ ਆਪਣੇ ਮਹਲ ਦੇ ਝਰੋਖੇ ਵਿਚ ਬੈਠੀ ਸੀ ਕਿ ਓਸ ਪਾਸਿਓਂ ਇਕ ਮੱਝਾਂ ਚਾਰਨ ਵਾਲਾ ਨਿਕਲਿਆ। ਉਹ ਸੋਹਣੀ ਮਹੀਂਵਾਲ ਦਾ ਕਿੱਸਾ ਗਾ ਰਿਹਾ ਸੀ ਅਤੇ ਸਾਰੀਆਂ ਇਸਤਰੀਆਂ ਦਾ ਦਿਲ ਮੋਹ ਰਿਹਾ ਸੀ॥੩॥

**ਦੋਹਰਾ॥ ਸੁਨਿ ਰਾਨੀ ਸ੍ਰੁਤ ਨਾਦ ਧੁਨਿ ਮਾਰ ਕਰੀ ਬਿਸੰਭਾਰ॥**
**ਰਮੋ ਮਹਿਖ ਪਾਲਕ ਭਏਂ ਇਹ ਬਿਧਕਿਯਾ ਬਿਚਾਰ॥ ੪॥**

ਪਦ ਅਰਥ – ਬਿਸੰਭਾਰ=ਬੇਸੰਭਾਲ, ਬੇਸੁਰਤ, ਬੇਹੋਸ਼। ਮਹਿਖ ਪਾਲਕ=ਮੱਝਾਂ ਦੇ ਰਖਵਾਲੇ, ਵਾਗੀ।

ਰਾਣੀ ਉਸ ਦੀ ਸੁਰੀਲੀ ਆਵਾਜ਼ ਸੁਣ ਕੇ ਹੋਸ਼ ਗਵਾ ਬੈਠੀ ਅਤੇ ਉਸ ਵਿਚਾਰ ਕੀਤਾ ਕਿ ਇਸ ਮੱਝਾਂ ਚਾਰਨ ਵਾਲੇ ਨਾਲ ਰਮਨ ਕੀਤਾ ਜਾਵੇ॥੪॥

**ਚੌਪਈ॥ ਮਹਿਖ ਚਰਾਵਤ ਥੋ ਵਹੁ ਜਹਾਂ॥ ਰਾਨੀ ਗਈ ਰਾਤ੍ਰਿ ਕਹੱ ਤਹਾਂ॥**
**ਦ੍ਵੈਕ ਘਰੀ ਪਾਛੇ ਪਤਿ ਜਾਗਾ॥ ਅਸਿ ਗਹਿ ਕਰ ਪਾਛੇ ਤ੍ਰਿਯ ਲਾਗਾ॥ ੫॥**

ਪਦ ਅਰਥ – ਦ੍ਵੈਕ ਘਰੀ=ਦੋ ਘੜੀਆਂ। ਅਸਿ ਗਹਿ=ਤਲਵਾਰ ਹੱਥ ਵਿਚ ਫੜ ਕੇ।

ਜਿਥੇ ਉਹ ਮੱਝਾਂ ਰੱਖਦਾ ਸੀ ਰਾਣੀ ਰਾਤ ਨੂੰ ਓਥੇ ਪਹੁੰਚ ਗਈ। ਦੋ ਘੜੀਆਂ ਬਾਅਦ ਉਹਦਾ ਪਤੀ ਜਾਗ ਪਿਆ ਅਤੇ ਤਲਵਾਰ ਫੜ ਕੇ ਇਸਤਰੀ ਦੇ ਮਗਰ ਲੱਗ ਗਿਆ॥੫॥

**ਸਖੀ ਹੁਤੀ ਇਕ ਤਹਾਂ ਸਯਾਨੀ॥ ਤਿਨ ਇਹੱ ਬਾਤ ਸਕਲ ਜਿਯ ਜਾਨੀ॥**
**ਜੌ ਤਾਕੌ ਪਤਿ ਐਸ ਲਹੈ ਹੈਂ॥ ਤੌ ਗ੍ਰਿਹ ਜਮ ਕੇ ਦੂਹੂੰ ਪਠੈ ਹੈਂ॥ ੬॥**

ਉਸ ਦੀ ਇਕ ਅਕਲਮੰਦ ਸਹੇਲੀ ਸੀ ਜਿਸ ਸਾਰੀ ਗੱਲ ਸਮਝ ਲਈ। ਉਸ ਸੋਚਿਆ ਜੇ ਰਾਜਾ ਉਸ ਇਸਤਰੀ ਨੂੰ ਉਸ ਆਦਮੀ ਦੇ ਨਾਲ ਵੇਖ ਲਵੇਗਾ ਤਾਂ ਦੋਹਾਂ ਨੂੰ ਹੀ ਮਾਰ ਕੇ ਜਮਲੋਕ ਪਹੁੰਚਾ ਦੇਵੇਗਾ॥੬॥

**ਆਗੂ ਆਪਿ ਤਹਾਂ ਉਠਿ ਗਈ॥ ਰਾਨੀ ਜਹਾਂ ਮਿਲਤ ਤਿਹ ਭਈ॥**
**ਐਚਿ ਅੰਗ ਤਿਹੱ ਤਬੈ ਜਗਾਯਾ॥ ਸਭ ਬ੍ਰਿਤਾਂਤ ਕਹਿ ਤਾਹਿ ਸੁਨਾਯਾ॥ ੭॥**

ਪਦ ਅਰਥ – ਐਚ ਅੰਗ=ਸਰੀਰ ਨੂੰ ਛੇੜ ਕੇ ਜਾਂ ਖਿੱਚ ਕੇ।

ਉਹ ਪਹਿਲਾਂ ਓਥੇ ਗਈ ਅਤੇ ਰਾਣੀ ਨੂੰ ਮਿਲੀ। ਉਸ ਨੂੰ ਖਿੱਚ ਕੇ ਉਸ ਜਗਾਇਆ ਅਤੇ ਸਾਰੀ ਗੱਲ ਬਾਤ ਦੱਸੀ॥੭॥

**ਅੜਿੱਲ॥ ਤ੍ਰਾਸ ਸਮੁੰਦ ਕੇ ਬਿਖੈ ਬੂਡਿ ਤਰੁਨੀ ਗਈ॥**

ਗਰੇ ਪਗਰਿਯਾ ਡਾਰਿ ਤਿਸੈ ਮਾਰਤ ਭਈ॥
ਏਕ ਬਡੇ ਦ੍ਰੁਮ ਸੰਗ ਦਯੋ ਲਟਕਾਇਕੈ॥
ਹੋ ਬਸਤ੍ਰ ਤਾਰਿ ਤਰ ਨ੍ਹਾਤ ਭਈ ਤਹੱ ਜਾਇਕੈ॥ ੮॥

ਪਦ ਅਰਥ - ਦ੍ਰੁਮ=ਦਰੱਖਤ, ਰੁੱਖ।

ਜਦ ਉਹ ਇਸਤਰੀ ਬਹੁਤ ਡਰ ਗਈ ਤਾਂ ਉਸ ਚਰਵਾਹੇ ਦੇ ਗਲ ਵਿਚ ਪੱਗ ਪਾ ਕੇ ਉਸ ਨੂੰ ਫਾਹ ਦੇ ਕੇ ਮਾਰ ਦਿੱਤਾ। ਉਸ ਨੂੰ ਮਾਰ ਕੇ ਉਸ ਇਕ ਵੱਡੇ ਰੁੱਖ ਨਾਲ ਲਮਕਾ ਦਿੱਤਾ ਅਤੇ ਖੁਦ ਕਪੜੇ ਲਾਹ ਕੇ ਉਸ ਦੇ ਹੇਠਾਂ ਨਹਾਉਣ ਲੱਗ ਗਈ॥੮॥

ਚੌਪਈ॥ ਅਹਿਧੁਜ ਰਾਜ ਤਹਾਂ ਤਬ ਆਯੋ॥ ਨ੍ਹਾਤ ਮ੍ਰਿਤਕ ਤਰ ਤ੍ਰਿਯ ਲਖਿ ਪਾਯੋ॥
ਪੂਛਤ ਪਕਰਿ ਤਬੈ ਤਿਹੱਭਯੋ॥ ਜਰਿ ਬਰਿ ਆਠ ਟੂਕ ਹ੍ਵੈ ਗਯੋ॥ ੯॥

ਪਦ ਅਰਥ - ਆਠ ਟੂਕ=ਅੱਠ ਟੋਟੇ।

ਅਹਿ ਧੁਜ ਰਾਜਾ ਜਦ ਓਥੇ ਪੁਜਾ ਤਾਂ ਉਸ ਲਾਸ਼ ਦੇ ਹੇਠਾਂ ਆਪਣੀ ਇਸਤਰੀ ਨੂੰ ਇਸ਼ਨਾਨ ਕਰਦੇ ਵੇਖਿਆ ਉਹ ਸੜ ਬਲ ਕੇ ਅੱਠ ਟੋਟੇ ਹੋ ਗਿਆ ਅਤੇ ਉਸ ਨੂੰ ਪੁੱਛਣ ਲੱਗਾ॥੯॥

ਦੋਹਰਾ॥ ਨਿਜੁ ਧਾਮਨ ਕਹੱ ਛੋਰਿਕੈ ਕਜੋ ਆਈ ਇਹ ਠੌਰ॥
ਸਾਚੁ ਕਹੈ ਤੌ ਛਾਡਿਹੌ ਹਨੋ ਕਹੈ ਕਛੁ ਔਰ॥ ੧੦॥

'ਆਪਣਾ ਘਰ ਛੱਡ ਕੇ ਤੂੰ ਏਥੇ ਕਿਉਂ ਆਈ ਏਂ? ਮੈਨੂੰ ਸਚੋ ਸੱਚ ਦਸ ਜੇ ਝੂਠ ਬੋਲਿਆ ਤਾਂ ਜਾਨੋਂ ਮਾਰ ਦੇਵਾਂਗਾ"॥੧੦॥

ਚੌਪਈ॥ ਤਬ ਤ੍ਰਿਯ ਜੋਰਿ ਦੁਹੂੰ ਕਰ ਲਿਆ॥ ਪਤਿ ਪਾਇਨਿ ਤਰ ਮਸਤਕਿ ਦਿਯਾ॥
ਪ੍ਰਥਮ ਸੁਨਹੁ ਪਿਯਬੈਨ ਹਮਾਰੇ॥ ਬਹੁਰਿ ਕਰਹੁ ਜੋ ਹ੍ਰਿਦੈ ਤਿਹਾਰੇ॥ ੧੧॥

ਤਦ ਇਸਤਰੀ ਨੇ ਦੋਵੇਂ ਹੱਥ ਜੋੜ ਕੇ ਆਪਣੇ ਸਿਰ ਨੂੰ ਪਤੀ ਦੇ ਚਰਨਾਂ ਵਿਚ ਰੱਖ ਦਿੱਤਾ ਅਤੇ ਕਹਿਣ ਲੱਗੀ, "ਹੇ ਮੇਰੇ ਪਿਆਰੇ ਪਹਿਲਾਂ ਮੇਰੀ ਗੱਲ ਸੁਣ ਲਵੋ ਅਤੇ ਫਿਰ ਓਹੋ ਕਰੋ ਜੋ ਤੁਹਾਡੇ ਮਨ ਵਿਚ ਹੈ"॥੧੧॥

ਮੋਰੇ ਬਢੀ ਅਧਿਕ ਚਿੰਤਾ ਚਿਤ॥ ਧਜਾਨ ਧਰੋ ਸ੍ਰੀ ਪਤਿ ਕੌ ਨਿਤਿਪ੍ਰਤਿ॥
ਪੂਤ ਦੇਹੁ ਪ੍ਰਭੁ ਧਾਮ ਹਮਾਰੇ॥ ਪਲਪਲ ਬਲਿਬਲਿ ਜਾਂਉ ਤਿਹਾਰੇ॥ ੧੨॥

ਪਦ ਅਰਥ - ਨਿਤਿਪ੍ਰਤਿ=ਹਰ ਰੋਜ਼, ਹਰ ਵਕਤ। ਧਾਮ=ਘਰ।

Namdhari Elibrary NamdhariElibrary@gmail.com

ਮੇਰੇ ਦਿਲ ਵਿਚ ਬਹੁਤ ਚਿੰਤਾ ਰਹਿੰਦੀ ਸੀ ਅਤੇ ਮੈਂ ਹਮੇਸ਼ਾਂ ਵਿਸ਼ਨੂੰ ਭਗਵਾਨ ਦਾ ਧਿਆਨ ਧਰਦੀ ਸੀ ਅਤੇ ਇਹ ਪ੍ਰਾਰਥਨਾ ਕਰਦੀ ਸੀ ਕਿ ਹੇ ਵਿਸ਼ਨੂੰ ਭਗਵਾਨ ! ਮੈਨੂੰ ਇਕ ਪੁੱਤ ਦੀ ਦਾਤ ਬਖਸ਼ ਦਿਓ ਤਾਂਕਿ ਮੈਂ ਹਰ ਪੱਲ ਤੁਹਾਡੇ ਤੋਂ ਬਿਲਹਾਰ ਜਾਵਾਂ॥੧੨॥

**ਅੜਿੱਲ॥ ਪੁੱਤ੍ਰ ਹੇਤ ਮੈਂ ਹਜਾਂ ਤਸਕਰ ਤਰ ਆਇਕੈ॥**
**ਮੱਜਨ ਕੀਯਾ ਬਨਾਇ ਅਧਿਕ ਸੁਖ ਪਾਇਕੈ॥**
**ਸਾਚ ਕਹਾ ਪਿਯ ਤੋਹਿ ਜਾਨ ਜਿਯ ਲੀਜਿਯੈ॥**
**ਹੋ ਅਵਰੁ ਨ ਯਾਤੇ ਬਾਤ ਜੁ ਜਾਨ ਸੁ ਕੀਜੀਯੈ॥ ੧੩॥**

ਪਦ ਅਰਥ - ਤਸਕਰ=ਚੋਰ। ਮੱਜਨ ਕੀਯਾ=ਇਸ਼ਨਾਨ ਕੀਤਾ।

ਪੁੱਤਰ ਵਾਸਤੇ ਮੈਂ ਇਸ ਚੋਰ ਦੇ ਥੱਲੇ ਆ ਕੇ ਇਸ਼ਨਾਨ ਕੀਤਾ ਹੈ। ਹੇ ਪ੍ਰੀਤਮ ਪਿਆਰੇ ਮੈਂ ਸੱਚ ਕਹਿ ਰਹੀ ਹਾਂ ਇਸ ਤੋਂ ਉਪਰੰਤ ਹੋਰ ਕੋਈ ਗੱਲ ਨਹੀਂ ਹੈ। ਇਸ ਨੂੰ ਮੰਨ ਵਿਚ ਸੱਚ ਮੰਨੋ ਅਤੇ ਜੋ ਤੁਹਾਡਾ ਜੀਅ ਚਾਹੇ ਸੋ ਕਰੋ॥੧੩॥

**ਦੋਹਰਾ॥ ਸੁਨਿ ਰਾਜਾ ਐਸੋ ਬਚਨ ਜਿਯ ਮਹਿ ਭਯੋ ਪ੍ਰਸੰਨਜ॥**
**ਜੋ ਤ੍ਰਿਯ ਹੈ ਅਸ ਹਠ ਕੀਯਾ ਧਰਨੀਤਲ ਮਹਿ ਧੰਨਜ॥ ੧੪॥**

ਰਾਜਾ ਇਹ ਗੱਲਾਂ ਸੁਣ ਕੇ ਮਨ ਵਿਚ ਬਹੁਤ ਖੁਸ਼ ਹੋਇਆ ਅਤੇ ਸੋਚਣ ਲੱਗਾ ਕਿ ਜਿਸ ਇਸਤਰੀ ਨੇ ਮੇਰੇ ਵਾਸਤੇ ਏਨਾ ਕੁਝ ਕੀਤਾ ਹੈ ਉਹ ਇਸਤਰੀ ਇਸ ਧਰਤੀ ਤੇ ਧੰਨ ਹੈ॥੧੪॥

**ਚੌਪਈ॥ ਜੋ ਤ੍ਰਿਯ ਮੋਪੈ ਕਹਾ ਬਿਚਾਰੀ॥ ਸਾਚ ਵਹੈ ਮੈ ਨੈਨ ਨਿਹਾਰੀ॥**
**ਅਸ ਚਰਿਤ੍ਰ ਸੁਤ ਹਿਤ ਜਿਨ ਕਿਯਾ॥ ਧੰਨਿ ਧੰਨਿ ਕੁਅਰਿ ਤਿਹਾਰੋ ਹਿਯਾ॥ ੧੫॥**

ਜਿਸ ਇਸਤਰੀ ਨੇ ਮੈਨੂੰ ਇਸ ਤਰ੍ਹਾਂ ਦਸਿਆ ਹੈ, ਉਹ ਮੈਂ ਆਪਣੀਆਂ ਅੱਖਾਂ ਨਾਲ ਸੱਚ ਵੇਖ ਲਿਆ ਹੈ॥ ਜਿਸ ਪੁੱਤਰ ਵਾਸਤੇ ਇਸ ਤਰ੍ਹਾਂ ਦਾ ਚਲਿੱਤਰ ਕੀਤਾ ਹੈ, ਹੇ ਕੁਮਾਰੀ ਤੇਰਾ ਹੌਸਲਾ ਧੰਨ ਹੈ॥ ੧੫॥

**ਦੋਹਰਾ॥ ਨਿਰਸੰਦੇਹ ਤੁਮਰੇ ਸਦਨ ਹ੍ਵੈਹੈ ਪੂਤ ਅਪਾਰ॥**
**ਹਠੀ ਜਪੀ ਤਪਸੀ ਸਤੀ ਸੂਰਬੀਰ ਸੁ ਕੁਮਾਰ॥ ੧੬॥**

ਪਦ ਅਰਥ - ਸਤੀ=ਸੱਚੇ। ਤਪਸੀ=ਤਪੱਸਿਆ ਵਾਲੇ।

ਉਸ ਕਿਹਾ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਤੇਰੇ ਘਰ ਐਸੇ ਪੁੱਤਰ ਪੈਦਾ ਹੋਣਗੇ ਜਿਹੜੇ ਕਿ ਹੱਠੀ, ਜਪੀ, ਤਪੀ, ਸੱਚੇ ਅਤੇ ਸੂਰਬੀਰ ਰਾਜਕੁਮਾਰ ਹੋਣਗੇ॥੧੬॥

Namdhari Elibrary NamdhariElibrary@gmail.com

ਅੜਿੱਲ।। ਤਾਂਹਿ ਭੋਗਿ ਫਾਸੀ. ਸੌ ਬਹੁਰਿ ਸੰਘਾਰਿਯੋ।।
ਕਰਿਕੈ ਨ੍ਰਿਪਹਿ ਚਰਿੱਤ੍ਰ ਇਹ ਭਾਂਤਿ ਦਿਖਾਰਿਯੋ।।
ਮੂੜ੍ਹ ਪ੍ਰਫੁਲਿਤ ਭਯੋ ਨ ਕਛੂ ਤਾਕੌਂ ਕਹਾ।।
ਹੋ ਧੰਨਿ ਧੰਨਿ ਕਹਿ ਨਾਰਿ ਮਗਨ ਹ੍ਵੈ ਮਨ ਰਹਾ।।੧੭।।੧।।

ਪਦ ਅਰਥ - ਮੂੜ੍ਹ=ਮੂਰਖ। ਪ੍ਰਫੁਲਿਤ=ਪ੍ਰਸੰਨ। ਮਗਨ=ਮਸਤ।

ਉਸ ਗਰੀਬ ਵਾਗੀ ਨਾਲ ਭੋਗ ਕਰਕੇ ਉਸ ਨੂੰ ਫਾਹ ਦੇ ਕੇ ਮਾਰ ਦਿੱਤਾ ਅਤੇ ਰਾਜੇ ਨੂੰ ਇਹ ਚਲਿੱਤਰ ਵਿਖਾ ਦਿੱਤਾ। ਉਹ ਮੂਰਖ ਖੁਸ਼ ਹੋ ਗਿਆ ਅਤੇ ਆਪਣੀ ਇਸਤਰੀ ਨੂੰ ਕੁਝ ਨਹੀਂ ਕਿਹਾ ਅਤੇ ਕੁਝ ਵੀ ਨ ਸਮਝ ਸਕਿਆ ਅਤੇ ਆਪਣੀ ਇਸਤਰੀ ਨੂੰ ਧੰਨ ਧੰਨ ਕਹਿ ਕੇ ਮਨ ਵਿਚ ਮਸਤ ਹੋ ਗਿਆ।।੧੭।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੬੧।।੪੯੩੯।।ਅਫਜੂੰ।।

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਇਕਾਠਵੀਂ ਕਥਾ ਸਮਾਪਤ।।੨੬੧।।੪੯੩੯।।ਚਲਦਾ।।

## ਚਲਿੱਤਰ ਦੋ ਸੌ ਬਾਠਵਾਂ

## ਕਥਾ ਮਾਸ਼ੂਕ ਮਤੀ

ਅੜਿੱਲ।। ਕਿਲਮਾਕਨ ਕੇ ਦੇਸ ਇੰਦ੍ਰਧੁਜ ਨ੍ਰਿਪਤਿ ਬਰ।।
ਸ੍ਰੀ ਕਿਲਮਾਕ ਮਤੀ ਰਾਨੀ ਜਿਹ ਬਸਤ ਘਰ।।
ਪੁਨ ਮਾਸੂਕਮਤੀ ਦੁਹਿਤਾ ਤਾਕੈ ਭਈ।।
ਹੋ ਜਨੁਕ ਚੰਦ੍ਰ ਕੀ ਕਲਾ ਦੁਤਿਯ ਜਗ ਮੈ ਵਈ।। ੧।।

ਪਦ ਅਰਥ - ਦੁਹਿਤਾ=ਪੁੱਤਰੀ। ਦੁਤਿਯ=ਦੂਸਰੀ।

ਕਿਲਮਾਕਨ ਦੇ ਦੇਸ਼ ਵਿਚ ਇੰਦਰਧਵਜ ਇਕ ਮਹਾਨ ਰਾਜਾ ਸੀ ਜਿਸ ਦੀ ਰਾਣੀ ਦਾ ਨਾਂ ਕਿਲਮਾਕ ਮਤੀ ਸੀ। ਉਨ੍ਹਾਂ ਦੀ ਇਕ ਪੁੱਤਰੀ ਮਾਸ਼ੂਕ ਮਤੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਸਾਰੇ ਜੱਗ ਵਿਚ ਦੂਸਰੀ ਚੰਦਰਕਲਾ ਮੰਨੀ ਜਾਂਦੀ ਸੀ।।੧।।

ਸੌਦਾ ਹਿਤ ਸੌਦਾਗਰ ਤਹ ਇਕ ਆਇਯੋ।।

**ਜਨੁ ਸਸਿ ਕੋ ਅਵਿਤਾਰ ਮਦਨ ਉਪਜਾਇਯੋ।।**
**ਅਧਿਕ ਜੁਬਨ ਕੀ ਜੇਬ ਬਿਧਾਤੈ ਦਈ ਤਿਹ।।**
**ਹੋ ਸੁਖ ਪਾਵਤ ਸੁਰ ਅਸੁਰ ਨਿਹਾਰੇ ਕ੍ਰਾਂਤਿ ਜਿਹ।। ੨।।**

ਪਦਅਰਥ-ਮਦਨ=ਕਾਮਦੇਵ(ਅਤਿਸੁੰਦਰ)।ਸਸਿ=ਚੰਦ।ਜੁਬਨ=ਜੋਬਨ।ਬਿਧਾਤੇ=ਪ੍ਰਭੂ।ਜੇਬ=ਸੋਭਾ।

ਉਸ ਦੇਸ਼ ਵਿਚ ਵਿਉਪਾਰ ਲਈ ਇਕ ਸ਼ਾਹੂਕਾਰ ਦਾ ਪੁੱਤਰ ਆਇਆ। ਜਿਹੜਾ ਏਨਾ ਸੁਨੱਖਾ ਸੀ ਕਿ ਮਾਨੋਂ ਆਪ ਚੰਦ ਜਾਂ ਕਾਮਦੇਵ ਦਾ ਅਵਤਾਰ ਹੋਵੇ। ਪ੍ਰਭੂ ਨੇ ਉਸ ਨੂੰ ਬੇਅੰਤ ਜੋਬਨ ਬਖਸ਼ਿਆ ਸੀ ਅਤੇ ਦੇਵ ਦੈਂਤ ਉਸ ਦੀ ਸ਼ਕਲ ਨੂੰ ਵੇਖਕੇ ਬੜਾ ਸੁਖ ਮਾਣਦੇ ਸਨ।।੨।।

**ਏਕ ਦਿਵਸ ਨ੍ਰਿਪ ਸੁਤਾ ਝਰੋਖੇ ਆਇਕੈ।।**
**ਬੈਠਤ ਭੀ ਚਿਤ ਲਗੇ ਸੁ ਬੈਸ ਬਨਾਇਕੈ।।**
**ਸ਼ਾਹੁ ਪੁੱਤ੍ਰ ਤਹ ਆਇ ਦਿਖਾਈ ਦੈ ਗਯੋ।।**
**ਹੋਯਾ ਮਾਨਨਿ ਕੋ ਮਨਹਿ ਮਨੋਹਰਿ ਲੈ ਗਯੋ।। ੩।।**

ਪਦ ਅਰਥ - ਮਨਹਿ=ਚਿੱਤ, ਦਿਲ। ਮਾਨਨਿ=ਇਸਤਰੀ।

ਇਕ ਦਿਨ ਰਾਜੇ ਦੀ ਪੁੱਤਰੀ ਸਜ ਧਜ ਕੇ ਝਰੋਖੇ ਵਿਚ ਆ ਬੈਠੀ। ਓਥੇ ਬੈਠੀ ਨੂੰ ਉਸ ਨੂੰ ਸ਼ਾਹੂਕਾਰ ਦਾ ਪੁੱਤਰ ਵਿਖਾਈ ਦਿੱਤਾ ਅਤੇ ਉਸ ਸੁੰਦਰ ਇਸਤਰੀ ਦਾ ਦਿਲ ਚੁਰਾ ਕੇ ਲੈ ਗਿਆ।।੩।।

**ਰਾਜ ਕੁਅਰਿ ਲਖਿ ਰੂਪ ਰਹੀ ਉਰਝਾਇ ਕਰਿ।।**
**ਪਠੈ ਸਹਚਰੀ ਤਹਾਂ ਬਹੁਤ ਧਨ ਦਜਾਇ ਕਰਿ।।**
**ਸ਼ਾਹੁ ਸੁਤਹਿ ਕਜੋ ਹੂੰ ਬਿਧਿ ਜੋ ਹਜਾਂ ਲਜਾਇ ਹੈ।।**
**ਹੋ ਜੋ ਮਾਂਗੈ ਮੁਹਿ ਤੂ ਸੋ ਅਬਹੀ ਪਾਇ ਹੈ।। ੪।।**

ਪਦ ਅਰਥ - ਲਖਿ ਰੂਪ=ਸੁੰਦਰ ਸਰੂਪ ਵੇਖ ਕੇ। ਸ਼ਾਹ ਸਤਹਿ=ਸ਼ਾਹ ਦੀ ਪੁੱਤਰੀ।

ਰਾਜਕੁਮਾਰੀ ਉਸ ਦਾ ਰੂਪ ਵੇਖਕੇ ਉਲਝਣ ਵਿਚ ਫੱਸ ਗਈ ਅਤੇ ਉਸ ਬਹੁਤ ਸਾਰਾ ਧਨ ਦੇ ਕੇ ਇੱਕ ਦਾਸੀ ਨੂੰ ਉਸ ਪਾਸ ਭੇਜਿਆ। ਉਸ ਦਾਸੀ ਨੂੰ ਉਸ ਸਮਝਾਇਆ ਕਿ ਕਿਸੇ ਵੀ ਤਰ੍ਹਾਂ ਉਸ ਸ਼ਾਹੂਕਾਰ ਦੇ ਪੁੱਤਰ ਨੂੰ ਏਥੇ ਮੇਰੇ ਕੋਲ ਲੈ ਆਓ ਅਤੇ ਮੂੰਹੋਂ ਮੰਗਿਆ ਧਨ ਹੁਣੇ ਹੀ ਪ੍ਰਾਪਤ ਕਰੋ।।੪।।

**ਸੁਨਤ ਕੁਅਰਿ ਕੋ ਬਚਨ ਸਖੀ ਤਹ ਜਾਇਕੈ।।**

**ਮਨ ਭਾਵਤ ਪਿਯ ਯਾਕਹ ਦਿਯਾ ਮਿਲਾਇਕੈ॥**
**ਚੌਰਾਸੀ ਆਸਨ ਸੁ ਬਿਬਿਧ ਬਿਧਿ ਕੈ ਲੀਏ॥**
**ਹੋ ਚਿਤ ਕੇ ਸ਼ੋਕ ਸੰਤਾਪ ਬਿਦਾ ਸਭ ਕਰ ਦੀਏ॥ ੫॥**

ਪਦ ਅਰਥ - ਬਿਬਿਧ ਬਿਧਿ=ਵੱਖ ਵੱਖ ਢੰਗ ਨਾਲ।

ਦਾਸੀ ਨੇ ਓਥੇ ਜਾਕੇ ਉਸ ਨੂੰ ਸਮਝਾ ਕੇ, ਰਾਜ ਕੁਮਾਰੀ ਦਾ ਮਨ ਭਾਉਂਦਾ ਮਿੱਤਰ ਉਸ ਨੂੰ ਮਿਲਾ ਦਿੱਤਾ। ਦੋਹਾਂ ਨੇ ਆਨੰਦ ਮਾਣਦਿਆਂ, ਵੱਖ ਵੱਖ ਢੰਗ ਨਾਲ ਚੌਰਾਸੀ ਆਸਣਾਂ ਦੀ ਵਰਤੋਂ ਕੀਤੀ ਅਤੇ ਦਿਲ ਦੇ ਸਾਰੇ ਦੁਖ ਦੂਰ ਕਰ ਲਏ॥੫॥

**ਛੈਲ ਛੈਲਨੀ ਛਕੇ ਨ ਛੋਰਤ ਏਕ ਛਿਨ॥**
**ਜਨੁਕ ਨਵੌ ਨਿਧਿ ਰਾਂਕ ਸੁ ਪਾਈ ਆਜੁ ਤਿਨ॥**
**ਚਿੰਤਾਤੁਰ ਚਿਤ ਭਈ ਬਿਚਾਰ ਬਿਚਾਰਿਕੈ॥**
**ਹੋ ਸਦਾ ਬਸੌ ਸੁਖ ਸਾਥ ਪਿਯਰਵਾ ਯਾਰਿਕੈ॥ ੬॥**

ਪਦ ਅਰਥ - ਛਕੇ=ਪ੍ਰਸੰਨ। ਨਵੌ ਨਿਧਿ=ਨੌਂ ਨਿਧ ਖਜ਼ਾਨਾ।

ਕੁੜੀ ਮੁੰਡਾ ਏਨੇ ਖੁਸ਼ ਸਨ ਕਿ ਇਕ ਖਿਣ ਲਈ ਵੀ ਇਕ ਦੂਸਰੇ ਨਾਲੋਂ ਵੱਖ ਨਹੀਂ ਹੋ ਰਹੇ ਸਨ ਅਤੇ ਨ ਹੀ ਇਕ ਦੂਸਰੇ ਨੂੰ ਛੱਡ ਰਹੇ ਸਨ। ਉਨ੍ਹਾਂ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇਕ ਕੰਗਾਲ ਨੇ ਨੌ ਨਿਧੀਆਂ ਪ੍ਰਾਪਤ ਕਰ ਲਈਆਂ ਹੋਣ। ਰਾਜਕੁਮਾਰੀ ਫਿਰ ਚਿੰਤਾ ਕਰਕੇ ਸੋਚਣ ਲੱਗੀ ਕਿ ਕੀ ਕੀਤਾ ਜਾਵੇ ਕਿ ਸਦਾ ਲਈ ਹੀ ਇਸ ਯਾਰ ਦੇ ਨਾਲ ਰਿਹਾ ਜਾ ਸਕੇ॥੬॥

**ਭੇਖ ਪੁਰਖ ਸਹਚਰਿ ਕਰਿ ਦਈ ਪਠਾਇਕੈ॥**
**ਤਾਕੇ ਪਿਤੁ ਕੇ ਪਾਸ ਯੌ ਕਹਿਯਹੁ ਜਾਇਕੈ॥**
**ਬੂਡਿ ਮਰਾ ਤਵ ਸੁਤ ਹਮ ਆਂਖਿਨ ਸੌ ਲਹਾ॥**
**ਹੋ ਬਹਤ ਨਦੀ ਮਹਿ ਗਯੋ ਨ ਕਰ ਕਿਨ ਹੂੰ ਗਹਾ॥ ੭॥**

ਪਦ ਅਰਥ - ਬੂਡਿ=ਡੁਬ ਗਿਆ। ਕਰ=ਹੱਥ। ਗਹਾ=ਫੜਿਆ।

ਰਾਜਕੁਮਾਰੀ ਨੇ ਆਪਣੀ ਇਕ ਦਾਸੀ ਨੂੰ ਮਰਦਾਵਾਂ ਭੇਸ ਪਵਾ ਕੇ ਉਸ ਮਿੱਤਰ ਦੇ ਪਿਤਾ ਸ਼ਾਹੂਕਾਰ ਪਾਸ ਭੇਜ ਦਿੱਤਾ ਕਿ ਉਹ ਜਾਕੇ ਕਹੇ ਕਿ ਤੁਹਾਡਾ ਪੁੱਤਰ ਡੁਬ ਕੇ ਮਰ ਗਿਆ ਹੈ ਅਤੇ ਮੈਂ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਉਹ ਨਦੀ ਵਿਚ ਵਹਿ ਗਿਆ ਹੈ ਅਤੇ ਉਸ ਦਾ ਹੱਥ ਕੋਈ ਵੀ ਨਹੀਂ ਫੜ ਸਕਿਆ ਹੈ॥੭॥

ਸ਼ਾਹੁ ਸੁਨਤ ਇਹ ਭਾਂਤਿ ਉਠਾ ਅਕੁਲਾਇਕੈ॥
ਸਰਿਤਾ ਤੀਰ ਪੁਕਾਰਤ ਆਤੁਰ ਜਾਇਕੈ॥
ਲੋਟਤ ਲੋਟਤ ਭੂ ਪਰ ਇਤ ਤੇ ਉਤ ਗਯੋ॥
ਹੋ ਮਾਲ ਮਤਾਹ ਲੁਟਾਇ ਅਥਿਤ ਹ੍ਵੈ ਜਾਤ ਭਯੋ॥ ੮॥

ਇਹ ਗੱਲ ਸੁਣ ਕੇ ਸ਼ਾਹ ਬਹੁਤ ਦੁਖੀ ਹੋਇਆ ਅਤੇ ਦਰਿਆ ਦੇ ਕੰਢੇ ਜਾਕੇ ਰੋ ਰੋ ਕੇ ਆਵਾਜ਼ਾਂ ਮਾਰਨ ਲੱਗਾ। ਉਹ ਧਰਤੀ ਤੇ ਲੋਟਦਾ ਲੋਟਦਾ ਇਧਰ ਉਧਰ ਤੜਫਨ ਲੱਗਾ ਅਤੇ ਅੰਤ ਵਿਚ ਸਾਰਾ ਮਾਲ ਧਨ ਲੁਟਾ ਕੇ ਫਕੀਰ ਬਣ ਗਿਆ॥੮॥

ਵਹੀ ਸਖੀ ਯਾ ਪਹਿ ਇਹ ਭਾਂਤਿ ਉਚਾਰਿਯੋ॥
ਤਵ ਪਿਤੁ ਹ੍ਵੈ ਕਰਿ ਅਤਿਥ ਸੁ ਬਨਹਿ ਪਧਾਰਿਯੋ॥
ਮਾਲ ਮਤਾਹਿ ਲੁਟਾਇ ਜਾਤ ਬਨ ਕੌ ਭਯੋ॥
ਹੋ ਰਾਜ ਕੁਅਰਿ ਕੇ ਧਾਮ ਸੌਪਿ ਤੁਮ ਕਹ ਗਯੋ॥ ੯॥

ਪਦ ਅਰਥ - ਅਤਿਥ=ਸਾਧ, ਫਕੀਰ। ਮਾਲ ਮਤਾਹਿ=ਮਾਲ ਧਨ।

ਓਸੇ ਦਾਸੀ ਨੇ ਆਕੇ ਫਿਰ ਸ਼ਾਹੂਕਾਰ ਦੇ ਪੁੱਤਰ ਨੂੰ ਦਸਿਆ ਕਿ ਤੁਹਾਡਾ ਪਿਤਾ ਸਾਧ ਬਣ ਕੇ ਧਨ ਦੌਲਤ ਲੁਟਾ ਕੇ ਜੰਗਲ ਨੂੰ ਚਲੇ ਗਿਆ ਹੈ। ਤੁਹਾਨੂੰ ਉਹ ਰਾਜਕੁਮਾਰੀ ਦੇ ਹਵਾਲੇ ਕਰ ਗਿਆ ਹੈ॥੯॥

ਪਿਤੁ ਤੇ ਭਯੋ ਨਿਰਾਸ ਰ਼ਹਤ ਤਿਹ ਗ੍ਰਿਹਿ ਭਯੋ॥
ਦੇਸ ਮਾਲ ਸੁਖ ਪਾਇ ਬਿਸਰਿ ਸਭ ਹੀ ਗਯੋ॥
ਕਾਜ ਕਰਤ ਸੋਈ ਭਯੋ ਕੁਅਰਿ ਜੋ ਤਿਹ ਕਹਿਯੋ॥
ਹੋ ਇਹ ਛਲ ਸੇਤੀ ਛਲਾ ਸਦਾ ਤਾਕੇ ਰਹਿਯੋ॥ ੧੦॥

ਪਿਤਾ ਬਾਰੇ ਇਹ ਗੱਲ ਸੁਣਕੇ ਅਤੇ ਨਿਰਾਸ਼ ਹੋ ਕੇ ਉਹ ਓਥੇ ਹੀ ਰਹਿ ਗਿਆ ਅਤੇ ਸੁਖ ਦੀ ਪ੍ਰਾਪਤੀ ਕਰਕੇ ਉਸ ਨੂੰ ਦੇਸ਼, ਮਾਲ, ਧਨ ਸਭ ਕੁਝ ਭੁਲ ਗਿਆ। ਹੁਣ ਜੋ ਰਾਜਕੁਮਾਰੀ ਕਹਿੰਦੀ ਸੀ, ਉਹ ਉਹੋ ਕੁਝ ਕਰਦਾ ਸੀ ਤੇ ਇਸ ਪ੍ਰਕਾਰ ਇਸ ਛਲ ਨਾਲ ਛਲਿਆ ਉਹ ਸਦਾ ਲਈ ਓਥੇ ਰਹਿ ਗਿਆ॥੧੦॥

ਅਪਨੋ ਧਾਮ ਬਿਸਾਰਿ ਕੁਅਰਿ ਚਿਤ ਤੇ ਦਯੋ॥

ਬਹੁਤ ਕਾਲ ਸੁਖ ਪਾਇ ਰਹਤ ਤਿਹ ਗ੍ਰਿਹਿ ਭਯੋ॥
ਭੇਦ ਨ ਦੂਜੇ ਕਾਨ ਕਿਨੂੰ ਨਰ ਜਾਨਿਯੋ॥
ਹੋ ਸ਼ਾਹੁ ਪੁੱਤ੍ਰ ਸੌ ਅਧਿਕ ਕੁਅਰਿ ਰਸ ਠਾਨਿਯੋ॥ ੧੧॥ ੧॥

ਪਦ ਅਰਥ - ਰਸ ਠਾਨਿਯੋ=ਅਨੰਦ ਪ੍ਰਾਪਤ ਕਰਨ ਲੱਗੀ। ਬਹੁਤ ਕਾਲ=ਬਹੁਤ ਸਮਾਂ।

ਜਦ ਉਹ ਆਪਣਾ ਘਰ ਭੁਲਾ ਕੇ ਰਾਜਕੁਮਾਰੀ ਨਾਲ ਦਿਲ ਲਾ ਬੈਠਾ ਤਾਂ ਬਹੁਤ ਸਮੇਂ ਤਕ ਸੁਖੀ ਸੁਖੀ ਉਸ ਦੇ ਘਰ ਰਿਹਾ। ਇਸ ਗੱਲ ਬਾਰੇ ਕਿਸੇ ਨੂੰ ਭਿਣਖ ਨਹੀਂ ਪਈ ਅਤੇ ਰਾਜਕੁਮਾਰੀ ਸ਼ਾਹ ਪੁੱਤਰ ਤੋਂ ਹੋਰ ਵੀ ਅਨੰਦ ਪ੍ਰਾਪਤ ਕਰਨ ਲੱਗੀ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਬਾਸਠ ਚਰਿਤ੍ਰ ਸਮਾਪਤ ਸਤੁ ਸੁਭਮ ਸਤੁ॥੨੬੨॥੪੯੫੦॥ਅਫਜੂੰ॥

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਬਾਠਵੀਂ ਕਥਾ ਸਮਾਪਤ॥੨੬੨॥੪੯੫੦॥ਚਲਦਾ॥

## ਚਲਿੱਤਰ ਦੋ ਸੌ ਤਰੇਠਵਾਂ

## ਕਥਾ ਨਾਗਰਮਤੀ

ਚੌਪਈ॥ ਅਜੈ ਚੰਦ ਪੂਰਬ ਕੀ ਦਿਸਿ ਨ੍ਰਿਪ॥ ਅਨਿਕ ਭਾਂਤਿ ਜੀਤੇ ਜਿਨ ਬਹੁ ਰਿਪ॥
ਨਾਗਰਮਤੀ ਨਾਰੀ ਤਾਕੇ ਘਰ॥ ਰੂਪਵਾਨ ਦੁਤਿਮਾਨ ਛਟਾ ਬਰ॥ ੧॥

ਪਦ ਅਰਥ - ਨ੍ਰਿਪ=ਰਾਜਾ। ਰਿਪ=ਵੈਰੀ, ਦੁਸ਼ਮਣ। ਦੁਤਿਮਾਨ=ਸ਼ੋਭਾ ਵਾਲੀ, ਛਬਿ ਵਾਲੀ, ਚਮਕਦਾਰ, ਪ੍ਰਕਾਸ਼ ਮਈ। ਛਟਾ=ਚਮਕ, ਪ੍ਰਭਾ ਬਿਜਲੀ, ਸ਼ੋਭਾ, ਛਬਿ। ਬਰ=ਉੱਤਮ, ਸ੍ਰੇਸ਼ਟ।

ਪੂਰਬ ਵਾਲੇ ਪਾਸੇ ਅਜੈ ਚੰਦਰ ਨਾਮੀਂ ਇਕ ਰਾਜਾ ਸੀ ਜਿਸ ਅਨੇਕ ਢੰਗਾਂ ਨਾਲ ਅਨੇਕ ਦੁਸ਼ਮਣਾਂ ਨੂੰ ਜਿੱਤਿਆ ਸੀ। ਉਸ ਦੀ ਇਸਤਰੀ ਦਾ ਨਾਂ ਨਾਗਰਮਤੀ ਸੀ ਜਿਹੜੀ ਕਿ ਬਹੁਤ ਰੂਪਵਾਨ ਸ਼ੋਭਾਵੰਤ, ਪ੍ਰਕਾਸ਼ ਮਈ ਅਤੇ ਉੱਤਮ ਸੀ॥੧॥

ਜੁੱਧ ਕਰਨ ਰਾਜਾ ਕੋ ਭ੍ਰਾਤਾ॥ ਕੁੰਟ ਚਾਰਹੂੰ ਬਿਚ ਬਿਖ੍ਯਾਤਾ॥
ਅਤਿਹੀਂ ਰੂਪ ਤਵਨ ਕੋ ਰਾਜਤ॥ ਜਾਨੁ ਦਿਵਾਕਰਿ ਦੁਤਿਯ ਬਿਰਾਜਤ॥੨॥

ਪਦ ਅਰਥ - ਬਿਖ੍ਯਾਤਾ=ਉਜਾਗਰ, ਮਸ਼ਹੂਰ। ਦਿਵਾਕਰਿ=ਸੂਰਜ। ਬਿਰਾਜਤ=ਬਿਰਾਜਮਾਨ।

ਰਾਜੇ ਦਾ ਇਕ ਭਰਾ ਸੀ ਜਿਸ ਦਾ ਨਾਂ ਜੁੱਧ ਕਰਨ ਸੀ ਜਿਹੜਾ ਚਾਰੇ ਪਾਸੇ ਮਸ਼ਹੂਰ ਸੀ। ਉਸ ਦਾ ਰੂਪ ਵੀ ਬਹੁਤ ਸ਼ੋਭਨੀਕ ਸੀ ਜਿਵੇਂ ਕਿ ਉਹ ਦੂਸਰਾ ਸੂਰਜ ਬਿਰਾਜਮਾਨ ਹੋਵੇ॥੨॥

Namdhari Elibrary NamdhariElibrary@gmail.com

ਦੋਹਰਾ।। ਅਬਲਾ ਤਾਂਕੋ ਰੂਪ ਲਖਿ ਅਟਿਕ ਰਹੀ ਮਨ ਮਾਂਹਿ।।
ਪਤਿ ਕਰਿ ਦਿਯਾ ਬਿਸਾਰਿ ਕਰਿ ਕਛੂ ਰਹੀ ਸੁਧਿ ਨਾਹਿ।। ੩।।

ਉਹ ਇਸਤਰੀ ਉਸ ਦਾ ਰੂਪ ਵੇਖ ਕੇ ਓਸੇ ਵਿਚ ਫੱਸ ਕੇ ਰਹਿ ਗਈ ਅਤੇ ਆਪਣੀ ਸੁੱਧ ਬੁੱਧ ਭੁਲਕੇ ਆਪਣੇ ਪਤੀ ਨੂੰ ਵਿਸਾਰ ਬੈਠੀ।।੩।।

ਚੌਪਈ।।ਸਖੀ ਹੁਤੀ ਇਕ ਤਹਾਂ ਸਯਾਨੀ।।ਤਿਨ ਯਹ ਬਾਤ ਸਕਲ ਪਹਿਚਾਨੀ।।
ਰਨਿਯਹਿ ਭਾਖਿ ਤਹਾ ਚਲਿ ਗਈ।। ਸਭ ਤਿਹ ਬਾਤ ਬਤਾਵਤ ਭਈ ।।੪।।

ਉਸ ਦੀ ਇਕ ਸਿਅਣੀ ਦਾਸੀ ਸੀ ਜਿਹੜੀ ਇਸ ਗੱਲ ਨੂੰ ਸਮਝ ਗਈ। ਰਾਣੀ ਨਾਲ ਗੱਲ ਬਾਤ ਕਰਕੇ ਉਹ ਜੁੱਧ ਕਰਨ ਪਾਸ ਚਲੇ ਗਈ ਅਤੇ ਸਭ ਕੁਝ ਦਸਿਆ।।੪।।

ਜੁੱਧ ਕਰਨ ਇਹ ਬਾਤ ਨ ਮਾਨੀ।। ਨਾਗਮਤੀ ਤਬ ਭਈ ਖਿਸਾਨੀ।।
ਜਾ ਮਹਿ ਮੈਂ ਅਪਨਾ ਮਨ ਦਿਯਾ।। ਉਹ ਜੜ੍ਹ ਹਮ ਮੈਂ ਚਿੱਤ ਨ ਕਿਯਾ।। ੫।।

ਜੁੱਧ ਕਰਨ ਨੇ ਰਾਣੀ ਦੀ ਗੱਲ ਨੂੰ ਨ ਮੰਨਿਆ ਜਿਸ ਕਰਕੇ ਨਾਗਰਮਤੀ ਰੋਹ ਵਿਚ ਆ ਗਈ। ਉਹ ਗੁੱਸੇ ਵਿਚ ਭਖ ਕੇ ਕਹਿਣ ਲੱਗੀ ਕਿ ਜਿਸ ਬੰਦੇ ਨੂੰ ਮੈਂ ਆਪਣਾ ਦਿਲ ਦੇ ਦਿੱਤਾ ਹੈ, ਉਸ ਮੂਰਖ ਨੇ ਮੇਰੇ ਵੱਲ ਧਿਆਨ ਵੀ ਨਹੀਂ ਦਿੱਤਾ।।੫।।

ਦੋਹਰਾ।। ਜੌ ਇਹ ਹਮਰੀ ਸਭ ਬ੍ਰਿਥਾ ਕਹਿ ਹੈ ਕਾਹੂ ਪਾਸ।।
ਅਜੈ ਚੰਦ ਰਾਜਾ ਅਬੈ ਹਮ ਤੇ ਹੋਇ ਉਦਾਸ।। ੬।।

ਜੇ ਇਹ ਮਨੁੱਖ ਕਿਸੇ ਨੂੰ ਸਾਰੀ ਗੱਲ ਦੱਸ ਦੇਵੇਗਾ ਤਾਂ ਅਜੈ ਚੰਦ ਰਾਜਾ ਵੀ ਹੁਣੇ ਹੀ ਮੇਰੇ ਵਲੋਂ ਉਦਾਸ ਹੋ ਜਾਵੇਗਾ।। ੬।।

ਚੌਪਈ।। ਤਬ ਪਤਿ ਔਰ ਤ੍ਰਿਯਨ ਹਿਤ ਕੈਹੈ।। ਭੂਲ ਨ ਧਾਮ ਹਮਾਰੇ ਐਹੈ।।
ਤਬ ਹੌ ਕਾਜ ਕਹੋ ਕਾ ਕਰਿ ਹੌਂ।। ਬਿਰਹਾ ਕੀ ਪਾਵਕ ਮਹਿ ਬਰਿਹੌਂ।। ੭।।

ਤਦ ਮੇਰਾ ਪਤੀ ਦੂਸਰੀਆਂ ਰਾਣੀਆਂ ਨਾਲ ਪ੍ਰੇਮ ਵਧਾ ਲਵੇਗਾ ਅਤੇ ਮੇਰੇ ਘਰ ਕਿਤੇ ਭੁੱਲ ਕੇ ਵੀ ਨਹੀਂ ਆਵੇਗਾ। ਫਿਰ ਮੈਂ ਕੀ ਕਰਾਂਗੀ, ਬਿਰਹਾ ਦੀ ਅੱਗ ਵਿਚ ਹੀ ਸੜਦੀ ਰਹਾਂਗੀ।।੭।।

ਦੋਹਰਾ।। ਤਾਤੇ ਕਰੋ ਚਰਿਤ੍ਰ ਕਛੁ ਹਨਿਯੈ ਯਾਕਹੁ ਆਜ।।
ਸਾਮ ਡਾਰਿ ਯਾਕੇ ਇਸੈ ਹਨੌ ਨ ਜਾਨਹਿ ਰਾਜ।। ੮।।

ਪਦ ਅਰਥ - ਹਨੌ=ਮਾਰ ਦੇਵਾਂ। ਯਾਕਹੁ=ਉਸ ਨੂੰ। ਸਾਮ=ਸਾਮ ਨੀਤੀ, ਨੀਤੀ ਦੇ ਚਾਰ

Namdhari Elibrary NamdhariElibrary@gmail.com

ਅੰਗ ਹਨ, ਸਾਮ ਨੀਤੀ, ਦਾਨ ਨੀਤੀ, ਦੰਡ ਨੀਤੀ ਅਤੇ ਭੇਦ ਨੀਤੀ। ਸਾਮ ਨੀਤੀ ਅਨੁਸਾਰ ਪਿਆਰੇ ਬਚਨ ਬੋਲ ਕੇ ਕ੍ਰੋਧ ਠੰਡਾ ਕਰਨਾ, ਦਾਨ ਨੀਤੀ ਅਨੁਸਾਰ ਧਨ ਦੇ ਕੇ ਖੁਸ਼ ਕਰਨਾ, ਦੰਡ ਨੀਤੀ ਅਨੁਸਾਰ ਹਥਿਆਰ ਅਤੇ ਤਾਕਤ ਨਾਲ ਸਜ਼ਾ ਦੇਣੀ ਅਤੇ ਭੇਦ ਨੀਤੀ ਅਨੁਸਾਰ ਪਾੜ ਪਾ ਕੇ ਕਾਰਜ ਸਿੱਧ ਕਰਨਾ। ਇਸ ਲਈ ਹੁਣ ਕੋਈ ਚਲਿੱਤਰ ਕਰਨਾ ਚਾਹੀਦਾ ਹੈ ਅਤੇ ਸਾਮ ਨੀਤੀ ਅਨੁਸਾਰ ਰਾਜੇ ਨੂੰ ਪਤਾ ਲੱਗਣ ਤੋਂ ਬਗੈਰ ਹੀ ਇਸਨੂੰ ਮਾਰ ਦੇਣਾ ਚਾਹੀਦਾ ਹੈ॥੮॥

**ਚੌਪਈ॥ ਏਕ ਸਖੀ ਕਹ ਕਹਿ ਸਮਝਾਯੋ॥ ਅਧਿਕ ਦਰਬੁ ਦੈ ਤਹਾਂ ਪਠਾਯੋ॥**
**ਜਬ ਆਵਤ ਨ੍ਰਿਪ ਕਹ ਲਖਿ ਲੀਜੋਂ॥ ਤਬ ਮਦ ਪੀ ਗਾਰੀ ਤਿਹ ਦੀਜੋਂ॥੯॥**

ਪਦ ਅਰਥ - ਦਰਬੁ=ਧਨ। ਮਦ=ਸ਼ਰਾਬ। ਗਾਰੀ=ਗਾਲ੍ਹਾਂ।

ਉਸ ਇਕ ਦਾਸੀ ਨੂੰ ਬਹੁਤ ਸਾਰਾ ਧਨ ਦੇ ਕੇ ਅਤੇ ਇਹ ਸਮਝਾਕੇ ਭੇਜਿਆ ਕਿ ਤੂੰ ਜਦ ਰਾਜੇ ਨੂੰ ਆਉਂਦਾ ਵੇਖੇਂ ਤਾਂ ਸ਼ਰਾਬ ਪੀ ਕੇ ਉਸ ਨੂੰ ਗਾਲਾਂ ਕੱਢਣ ਲੱਗ ਜਾਵੀਂ॥੯॥

**ਅਜੈ ਚੰਦ ਤਿਹ ਠਾਂ ਜਬ ਆਯੋ॥ ਅਪਹਿ ਤ੍ਰਿਯ ਬੌਰੀ ਠਹਰਾਯੋ॥**
**ਭਾਂਤਿ ਅਨਿਕ ਗਾਰਿਨ ਤਿਹ ਦੀਯੋ॥ ਕੋਪਮਾਨ ਰਾਜਾ ਕਹ ਕੀਯੋ॥੧੦॥**

ਜਦ ਰਾਜਾ ਅਜੈ ਚੰਦਰ ਓਥੇ ਆਇਆ ਤਾਂ ਉਸ ਦਾਸੀ ਨੂੰ ਆਪਣੇ ਆਪ ਨੂੰ ਪਾਗਲ ਬਣਾ ਲਿਆ ਅਤੇ ਰਾਜੇ ਨੂੰ ਬਹੁਤ ਗਾਲਾਂ ਕੱਢੀਆਂ ਜਿਸ ਨਾਲ ਰਾਜੇ ਨੂੰ ਗੁੱਸਾ ਆ ਗਿਆ॥੧੦॥

**ਨ੍ਰਿਪ ਇਹ ਕਹਾ ਅਬੈ ਗਹਿ ਲੇਹੂ॥ ਡਾਰਿ ਇਸੀ ਧੌਲਰ ਤੇ ਦੇਹੂ॥**
**ਤਬ ਸਖਿ ਭਾਜ ਜਾਤ ਭੀ ਤਹਾਂ॥ ਜੁੱਧ ਕਰਨ ਕੋ ਗ੍ਰਿਹਿ ਥੋ ਜਹਾਂ॥੧੧॥**

ਰਾਜੇ ਨੇ ਗੁੱਸੇ ਵਿਚ ਆਖਿਆ ਕਿ ਇਸਨੂੰ ਹੁਣੇ ਫੜ ਕੇ ਮਹਲ ਤੋਂ ਥੱਲੇ ਸੁੱਟ ਦੇਵਾਂਗਾ। ਤਦ ਉਹ ਦਾਸੀ ਭੱਜ ਕੇ ਓਥੇ ਚਲੀ ਗਈ ਜਿਥੇ ਜੁੱਧ ਕਰਨ ਦਾ ਨਿਵਾਸ ਸਥਾਨ ਸੀ॥੧੧॥

**ਅਧਿਕ ਕੋਪ ਰਾਨੀ ਤਬ ਭਈ॥ ਸੈਨਾ ਕੋ ਆਗਜਾ ਇਮ ਦਈ॥**
**ਜਿਨ ਨ੍ਰਿਪ ਚੋਰ ਡਾਰਿ ਗ੍ਰਿਹਿ ਰਾਖੀ॥ ਤਾਕੋ ਹਨੋ ਆਜੁ ਯੌ ਭਾਖੀ॥੧੨॥**

ਰਾਣੀ ਤਦ ਬਹੁਤ ਗੁੱਸੇ ਵਿਚ ਆ ਗਈ ਅਤੇ ਫੌਜ ਦੇ ਮੁਖੀ ਨੂੰ ਹੁਕਮ ਕੀਤਾ ਕਿ ਜਿਸ ਵਿਅਕਤੀ ਨੇ ਵੀ ਰਾਜੇ ਦੇ ਚੋਰ ਨੂੰ ਲੁਕਾ ਕੇ ਰਖਿਆ ਹੈ, ਉਸ ਨੂੰ ਤੁਰੰਤ ਮਾਰ ਦੇਵੋ॥੧੨॥

**ਦੋਹਰਾ॥ ਯੌ ਨ੍ਰਿਪ ਹੂੰ ਆਗਜਾ ਦਈ ਅਤਿ ਚਿਤ ਕੋਪ ਬਢਾਇ॥**
**ਸਖੀ ਸਹਿਤ ਵਹਿ ਮੂੜ੍ਹ ਕੌ ਅਬ ਹੀ ਦੇਹੁ ਉਡਾਇ॥ ੧੩॥**

ਰਾਜੇ ਨੇ ਵੀ ਬਹੁਤ ਗੁੱਸੇ ਵਿਚ ਆਕੇ ਹੁਕਮ ਦਿੱਤਾ ਕਿ ਉਸ ਮੂਰਖ ਆਦਮੀ ਨੂੰ ਦਾਸੀ

ਸਮੇਤ ਹੁਣੇ ਹੀ ਉਡਾ ਦੇਵੋ॥੧੩॥

**ਚੌਪਈ॥ ਆਇਸੁ ਦਿਯਾ ਤੋਪਖਾਨਾ ਕੌ॥ ਇਹ ਘਰ ਪਰ ਛਾਡਹੁ ਬਾਨਾ ਕੌ॥**
**ਅਬ ਹੀ ਯਾਕਹ ਦੇਹੁ ਉਡਾਈ॥ ਪੁਨਿ ਮੁਖ ਹਮਹਿ ਦਿਖਾਵਹੁ ਆਈ॥ ੧੪॥**

ਪਦ ਅਰਥ - ਆਇਸੁ=ਆਗਿਆ, ਹੁਕਮ। ਪੁਨਿ=ਫਿਰ।

ਤੋਪਖਾਨੇ ਨੂੰ ਹੁਕਮ ਦਿੱਤਾ ਕਿ ਇਸ ਘਰ ਤੇ ਗੋਲਾਬਾਰੀ ਕਰੋ। ਇਸ ਘਰ ਨੂੰ ਉਡਾ ਕੇ ਫਿਰ ਹੀ ਆਕੇ ਮੈਨੂੰ ਆਪਣਾ ਮੂੰਹ ਵਖਾਓ॥੧੪॥

**ਦੋਹਰਾ॥ ਸੁਨਿ ਨ੍ਰਿਪ ਕੇ ਚਾਕਰ ਬਚਨ ਤਹਾਂ ਪਹੂੰਚੇ ਜਾਇ॥**
**ਤ੍ਰਿਯਾ ਚਰਿਤ੍ਰ ਨ ਬੂਝਿਯੋ ਭ੍ਰਾਤਾ ਦਿਯੋ ਉਡਾਇ॥ ੧੫॥**

ਰਾਜੇ ਦੇ ਨੌਕਰ ਇਹ ਹੁਕਮ ਸੁਣਕੇ ਓਥੇ ਜਾ ਪਹੁੰਚੇ। ਉਸ ਰਾਜੇ ਨੇ ਤਿਰੀਆ ਚਲਿੱਤਰ ਨੂੰ ਨਹੀਂ ਸਮਝਿਆ ਅਤੇ ਆਪਣੇ ਭਰਾ ਨੂੰ ਮਰਵਾ ਦਿੱਤਾ॥੧੫॥

**ਚੌਪਈ॥ ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ॥ ਬਿਧਨਾ ਸਿਰਜਿ ਬਹੁਰਿ ਪਛੁਤਾਨਾ॥**
**ਸ਼ਿਵ ਘਰ ਤਜਿ ਕਾਨਨਹਿ ਸਿਧਾਯੋ॥ ਤਊ ਤਰੁਨਿ ਕੋ ਅੰਤੁ ਨ ਪਾਯੋ॥ ੧੬॥**

ਇਸਤਰੀ ਦੇ ਚਲਿੱਤਰਾਂ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਪਰਮਾਤਮਾ ਵੀ ਇਸਤਰੀ ਨੂੰ ਪੈਦਾ ਕਰਕੇ ਫਿਰ ਪਛਤਾਉਣ ਲੱਗ ਗਿਆ ਸੀ। ਸ਼ਿਵਜੀ ਘਰ ਛੱਡ ਕੇ ਫਿਰ ਜੰਗਲ ਵਿਚ ਚਲੇ ਗਿਆ ਸੀ ਪਰ ਫਿਰ ਵੀ ਇਸਤਰੀ ਦਾ ਭੇਤ ਨਹੀਂ ਪਾ ਸਕਿਆ ਸੀ॥੧੬॥

**ਦੋਹਰਾ॥ ਇਹ ਛਲ ਸੌ ਰਾਜਾ ਛਲਾ ਯੁੱਧ ਕਰਨ ਕੌ ਘਾਇ॥**
**ਤ੍ਰਿਯ ਚਰਿੱਤ੍ਰ ਕੋ ਮੂੜ੍ਹ ਕਛੁ ਭੇਵ ਸਕਾ ਨਹਿ ਪਾਇ॥ ੧੭॥ ੧॥**

ਪਦ ਅਰਥ - ਘਾਇ=ਮਾਰ ਕੇ। ਭੇਵ=ਭੇਤ, ਰਹਿਸ।

ਉਸ ਇਸਤਰੀ ਨੇ ਇਸ ਛਲ ਨਾਲ ਰਾਜੇ ਨੂੰ ਛਲਿਆ ਅਤੇ ਯੁੱਧ ਕਰਨ ਨੂੰ ਮਾਰ ਦਿੱਤਾ। ਮੂਰਖ ਰਾਜਾ ਤਿਰੀਆ ਚਲਿੱਤਰ ਦੇ ਰਹਿਸ ਨੂੰ ਨ ਸਮਝ ਸਕਿਆ॥੧੭॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤਿਰਸਠਿ ਚਰਿਤ੍ਰ ਸਮਾਪਤ ਸਤੁ ਸੁਭਮ ਸਤੁ॥੨੬੩॥੪੯੬੭॥ਅਫਜੂੰ॥

ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਤ੍ਰੇਠਵੀਂ ਕਥਾ ਸਮਾਪਤ॥੨੬੩॥੪੯੬੭॥ਚਲਦਾ॥

Namdhari Elibrary NamdhariElibrary@gmail.com

*************************************************************

# ਚਲਿੱਤਰ ਦੋ ਸੌ ਚੌਠਵਾਂ

## ਕਥਾ ਬਿਰਹਾ ਕੁਮਾਰੀ

ਦੋਹਰਾ।। ਨ੍ਰਿਪਤਿ ਬਿਚੱਛਨ ਸੈਨ ਕੇ ਮਤੀ ਸੁ ਲੱਛਨਿ ਨਾਰਿ।।
ਦੱਛਨਿ ਕੋ ਰਾਜਾ ਰਹੈ ਧਨ ਕਰਿ ਭਰੇ ਭੰਡਾਰ।। ੧।।

ਪਦ ਅਰਥ - ਬਿਚੱਛਨ=ਵਿਲੱਖਣ। ਸੁਲੱਛਨਿ=ਸੁਲੱਖਣ। ਦੱਛਨਿ=ਦੱਖਣ।

ਦੱਖਣ ਦੇਸ਼ ਦਾ ਇਕ ਰਾਜਾ ਵਲਿੱਖਣ ਸੈਨ ਸੀ। ਉਸ ਦੀ ਇਸਤਰੀ ਦਾ ਨਾਂ ਸੁਲੱਖਣ ਮਤੀ ਸੀ। ਉਸ ਰਾਜੇ ਦੇ ਭੰਡਾਰ ਸਦਾ ਧਨ ਨਾਲ ਭਰੇ ਰਹਿੰਦੇ ਸਨ।।੧।।

ਚੌਪਈ।। ਬਿਰਹ ਕੁਅਰਿ ਤਾਕੇ ਦੁਹਿਤਾ ਇਕ।। ਪੜ੍ਹੀ ਬਜਾਕਰਨ ਕੋਕ ਸ਼ਾਸਤ੍ਰਨਿਕ।।
ਨਾਨਾ ਬਿਧਿ ਕੀ ਬਿਦਜਾ ਧਰੈ।। ਬਹੁ ਪੰਡਿਤ ਉਸਤਿਤ ਜਿਹ ਕਰੈ।। ੨।।

ਉਸ ਦੀ ਇਕ ਪੁੱਤਰੀ ਸੀ ਜਿਸਦਾ ਨਾਂ ਬਿਰਹਾ ਕੁਮਾਰੀ ਸੀ ਅਤੇ ਜਿਹੜੀ ਵਿਆਕਰਣ, ਕੋਕਸ਼ਾਸਤਰ ਆਦਿ ਦੀ ਗਿਆਤਾ ਸੀ। ਉਹ ਕਈ ਪ੍ਰਕਾਰ ਦੀ ਵਿਦਿਆ ਪੜ੍ਹੀ ਹੋਈ ਸੀ ਅਤੇ ਪੰਡਤ ਉਸ ਦਾ ਬਹੁਤ ਆਦਰ ਸਨਮਾਨ ਕਰਦੇ ਸਨ।।੨।।

ਦੋਹਰਾ।। ਅਧਿਕ ਰੂਪ ਤਿਹ ਕੁਅਰਿ ਕੋ ਬ੍ਰਹਮ ਬਨਾਯੋ ਆਪੁ।।
ਤਾ ਸਮ ਸੁੰਦਰਿ ਥਾਪਿ ਕਰਿ ਸਕਾ ਨ ਦੂਸਰਿ ਥਾਪੁ।। ੩।।

ਵਿਧਾਤਾ ਨੇ ਉਸ ਦਾ ਰੂਪ ਬਹੁਤ ਸੁੰਦਰ ਬਣਾਇਆ ਸੀ ਅਤੇ ਉਸ ਵਰਗੀ ਸੁੰਦਰ ਇਸਤਰੀ ਬਣਾ ਕੇ ਉਹ ਹੋਰ ਕੋਈ ਇਸਤਰੀ ਅਜਿਹੀ ਨਹੀਂ ਬਣਾ ਸਕਿਆ ਸੀ।।੩।।

ਪਰੀ ਪਦਮਨੀ ਪੰਨਗੀ ਤਾ ਸਮ ਔਰ ਨ ਕੋਇ।।
ਨਰੀ ਨ੍ਰਿਤਕਾਰੀ ਨਟੀ ਦੁਤਿਯ ਨ ਵੈਸੀ ਹੋਇ।। ੪।।

ਪੰਨਗੀ=ਨਾਗ ਇਸਤਰੀ। ਨਰੀ=ਨਰ ਇਸਤਰੀ, ਨਾਰੀ। ਨ੍ਰਿਤਕਾਰੀ=ਅਪੱਛਰਾ।

ਪਰੀ, ਪਦਮਣੀ ਜਾਂ ਨਾਗ ਇਸਤਰੀ ਕੋਈ ਵੀ ਉਸ ਦੇ ਤੁਲ ਨਹੀਂ ਸੀ। ਨਾਰੀ, ਨਟੀ ਅਤੇ ਅਪੱਛਰਾ ਕੋਈ ਵੀ ਉਸ ਵਰਗੀ ਨਹੀਂ ਸੀ।।੪।।

ਹਿੰਦੂਨਿ ਤੁਰਕਾਨੀ ਜਿਤੀ ਸੁਰੀ ਆਸੁਰੀ ਬਾਰਿ।।
ਖੋਜਤ ਜਗਤ ਨ ਪਾਇਯਤ ਦੂਸਰ ਵੈਸੀ ਨਾਰਿ।। ੫।।

ਜੱਗ ਵਿਚ ਹਿੰਦੂ ਮੁਸਲਿਮ, ਦੇਵ-ਦਾਨਵ ਆਦਿ ਵਿਚ ਭਾਲਣ ਨਾਲ ਵੀ ਅਜੇਹੀ ਇਸਤਰੀ

Namdhari Elibrary NamdhariElibrary@gmail.com

ਨਹੀਂ ਲੱਭਦੀ ਸੀ।

**ਇੰਦ੍ਰ ਲੋਕ ਕੀ ਅਪੱਛਰਾ ਤਾਂਹਿ ਬਿਲੋਕਨਿ ਜਾਤ।।**
**ਨਿਰਖਤ ਰੂਪ ਅਘਾਤ ਨਹਿ ਪਲਕ ਨ ਭੂਲਿ ਲਗਾਤ।। ੬।।**

ਇੰਦਰ ਲੋਕ ਦੀਆਂ ਪਰੀਆਂ ਵੀ ਉਸ ਨੂੰ ਵੇਖਦੀਆਂ ਰਹਿੰਦੀਆਂ ਸਨ ਅਤੇ ਬਿਨਾਂ ਅੱਖ ਝਮਕੇ ਉਸ ਦਾ ਰੂਪ ਵੇਖ ਵੇਖ ਥਕਦੀਆਂ ਨਹੀਂ ਸਨ।।੬।।

**ਚੌਪਈ।। ਹੇਰਿ ਅਪੱਛਰਾ ਤਿਹ ਮੁਸਕਾਨੀ।। ਸਖਿਨ ਮਾਂਝ ਇਹ ਭਾਂਤਿ ਬਖਾਨੀ।।**
**ਜੈਸੀ ਯਹ ਸੁੰਦਰ ਜਗਿ ਮਾਹੀ।। ਐਸੀ ਅਵਰ ਕੁਅਰਿ ਕਹੂੰ ਨਾਹੀ।। ੭।।**

ਪਰੀਆਂ ਉਸ ਨੂੰ ਵੇਖ ਕੇ ਮੁਸਕਰਾਉਂਦੀਆਂ ਸਨ ਅਤੇ ਆਪਣੀਆਂ ਸਖੀਆਂ ਨਾਲ ਉਸ ਦਾ ਵਰਣਨ ਕਰਦੀਆਂ ਸਨ ਕਿ ਜਿਸ ਤਰ੍ਹਾਂ ਦੀ ਇਹ ਸੁੰਦਰ ਹੈ, ਇਹੋ ਜੇਹੀ ਸੰਸਾਰ ਵਿਚ ਹੋਰ ਕੋਈ ਸੁੰਦਰ ਕੁਮਾਰੀ ਨਹੀਂ ਹੈ।।੭।।

**ਸ਼ਾਹ ਪਰੀ ਬਾਚ।। ਅੜਿੱਲ।। ਜੈਸੀ ਯਹ ਸੁੰਦਰੀ ਨ ਸੁੰਦਰਿ ਕਹੂੰ ਜਗ।।**
**ਥਕਤਿ ਰਹਤ ਜਿਹ ਰੂਪ ਚਰਾਚਰ ਹੇਰਿ ਮਗ।।**
**ਯਾ ਸਮ ਰੂਪ ਕੁਅਰਿ ਜੋ ਕਤਹੂੰ ਪਾਈਐ।।**
**ਹੋ ਕਰਿਕੈ ਕੋਰਿ ਉਪਾਇ ਸੁ ਯਾਹਿ ਰਿਝਾਈਐ।। ੮।।**

ਸ਼ਾਹ ਪਰੀ ਨੇ ਕਿਹਾ ਕਿ ਜਿਸ ਤਰ੍ਹਾਂ ਦੀ ਇਹ ਸੁੰਦਰ ਹੈ ਇਸ ਤਰ੍ਹਾਂ ਦੀ ਹੋਰ ਕੋਈ ਇਸਤਰੀ ਸੁੰਦਰ ਨਹੀਂ ਹੈ। ਇਸ ਦਾ ਰੂਪ ਵੇਖਦੇ ਸਾਰੇ ਚਰਾਚਰ ਰਾਹ ਵਿਚ ਹੀ ਥੱਕ ਜਾਂਦੇ ਹਨ। ਜੇ ਕੋਈ ਇਸ ਵਰਗਾ ਸੁੰਦਰ ਰਾਜਕੁਮਾਰ ਮਿਲ ਜਾਵੇ ਤਾਂ ਉਸ ਦੇ ਨਾਲ ਇਸ ਦਾ ਪਿਆਰ ਪੁਆਇਆ ਜਾਵੇ।।੮।।

**ਦੋਹਰਾ।। ਪਰੀ ਸੁਨਤ ਐਸੇ ਬਚਨ ਸਭਨ ਕਹਾ ਸਿਰ ਨਜਾਇ।।**
**ਯਾ ਸਮ ਸੁੰਦਰਿ ਪੁਰਖ ਇਹ ਦੈਹੈਂ ਖੋਜਿ ਮਿਲਾਇ।। ੯।।**

ਪਰੀਆਂ ਨੇ ਸ਼ਾਹ ਪਰੀ ਦੇ ਇਹ ਬਚਨ ਸੁਣਕੇ ਆਪਣੇ ਸਿਰ ਝੁਕਾ ਦਿੱਤੇ ਅਤੇ ਕਿਹਾ ਕਿ ਭਾਲ ਕਰਕੇ ਇਸ ਇਸਤਰੀ ਨੂੰ ਇਸ ਵਰਗੇ ਹੀ ਸੁੰਦਰ ਮਨੁਖ ਨਾਲ ਮਿਲਾਇਆ ਜਾਵੇਗਾ।।੯।।

**ਅੜਿੱਲ।। ਪਰੀ ਰਾਜ ਕੀ ਪਰੀ ਸਭਾਗਜਾ ਪਾਇਕੈ।।**
**ਚਲਤ ਭਈ ਸਖਿ ਸਹਸ ਸ਼ਿੰਗਾਰ ਬਨਾਇਕੈ।।**
**ਖੋਜਿ ਫਿਰੀ ਸਭ ਦੇਸ ਨ ਸੁੰਦਰ ਪਾਇਯੋ।।**

ਹੋ ਏਕ ਹੁਤੋ ਰਿਖਿ ਤਹ ਤਿਨ ਭੇਦ ਬਤਾਇਯੋ।। ੧੦।।

ਸ਼ਾਹ ਪਰੀ ਦਾ ਹੁਕਮ ਸੁਣ ਕੇ ਸਾਰੀਆਂ ਪਰੀਆਂ ਸੁੰਦਰ ਸ਼ਿੰਗਾਰ ਕਰਕੇ ਚੱਲ ਪਈਆਂ। ਉਹ ਸਾਰੇ ਦੇਸ਼ ਘੁੰਮ ਆਈਆਂ ਪਰ ਅਜੇਹਾ ਸੁੰਦਰ ਵਿਅਕਤੀ ਕੋਈ ਨ ਮਿਲਿਆ। ਇਕ ਰਿਸ਼ੀ ਸੀ ਜਿਸ ਉਨ੍ਹਾਂ ਨੂੰ ਸਾਰਾ ਭੇਤ ਸਮਝਾਇਆ।।੧੦।।

ਚੌਪਈ।। ਇਕ ਰਿਖਿ ਥੋ ਕਾਨਨ ਇਕ ਭੀਤਰ।। ਤਾ ਸਮ ਤਪੀ ਨ ਥੋ ਅਵਨੀ ਪਰ।।
ਤਿਨਿਕ ਅਪੱਛਰਾ ਤਹਾਂ ਨਿਹਾਰੀ।। ਕ੍ਰਿਪਾ ਜਾਨਿ ਇਹੰ ਭਾਂਤਿ ਉਚਾਰੀ।। ੧੧।।

ਪਦ ਅਰਥ - ਕਾਨਨ=ਜੰਗਲ। ਅਵਨੀ=ਧਰਤੀ।

ਜੰਗਲ ਵਿਚ ਇਕ ਰਿਸ਼ੀ ਸੀ ਜਿਸ ਵਰਗਾ ਤਪਸਵੀ ਇਸ ਧਰਤੀ ਤੇ ਹੋਰ ਕੋਈ ਨਹੀਂ ਸੀ। ਇਕ ਪਰੀ ਨੂੰ ਉਸ ਉਥੇ ਵੇਖਿਆ ਅਤੇ ਪ੍ਰਸੰਨ ਹੋ ਕੇ ਇਸ ਤਰ੍ਹਾਂ ਬੋਲਿਆ।।੧੧।।

ਦੋਹਰਾ।। ਕੋ ਹੈ ਰੀ ਤੂੰ ਕਹ ਚਲੀ ਕਜੋਂ ਆਈ ਇਹ ਦੇਸ।।
ਕੈ ਤੂੰ ਇਸਤ੍ਰੀ ਇੰਦ੍ਰ ਕੀ ਕੈ ਅਬਲਾ ਅਲਿਕੇਸ।। ੧੨।।

"ਤੂੰ ਕੌਣ ਏਂ ਤੇ ਇਸ ਦੇਸ਼ ਵਿਚ ਕਿਉਂ ਆਈ ਏਂ? ਕੀ ਤੂੰ ਇੰਦਰ ਦੀ ਇਸਤਰੀ ਏਂ ਜਾਂ ਕੁਬੇਰ ਦੇਵਤਾ ਦੀ ਪਤਨੀ ਏਂ ?।।੧੨।।

ਚੌਪਈ।। ਕਿਹ ਕਾਰਨ ਤੇ ਤੈ ਹਜਾਂ ਆਈ।। ਕਹੁ ਕਵਨੈ ਕਿਹ ਕਾਜ ਪਠਾਈ।।
ਸਾਚ ਕਹੇ ਬਿਨੁ ਜਾਨ ਨ ਦੈਹੌਂ।। ਨਾ ਤਰ ਸ੍ਰਾਪ ਅਬੈ ਤੁਹਿ ਕੈਹੌਂ।। ੧੩।।

ਤੂੰ ਕਿਸ ਕਾਰਨ ਇਥੇ ਆਈ ਏਂ ਅਤੇ ਤੈਨੂੰ ਕਿਸ ਕਾਰਜ ਵਾਸਤੇ ਭੇਜਿਆ ਗਿਆ ਹੈ। ਸੱਚ ਦੱਸਣ ਤੋਂ ਬਗੈਰ ਮੈਂ ਤੈਨੂੰ ਇਥੋਂ ਜਾਣ ਹੀ ਨਹੀਂ ਦੇਵਾਂਗਾ ਅਤੇ ਨ ਦੱਸਣ ਤੇ ਤੁਰੰਤ ਸਰਾਪ ਦੇ ਦੇਵਾਂਗਾ"।।੧੩।।

ਅੜਿੱਲ।। ਏਕ ਦਿਵਸ ਮੁਨਿ ਚਲੀ ਅਪੱਛਰਾ ਧਾਇਕੈ।।
ਨਿਰਖਿ ਕੁਅਰਿ ਕੋ ਰੂਪ ਰਹੀ ਉਰਝਾਇਕੈ।।
ਚਿਤ ਮਹਿ ਕਿਯਾ ਬਿਚਾਰ ਕੁਅਰਿ ਹੂੰ ਪਾਇਯੈ।।
ਹੋ ਐਸੋ ਸੁੰਦਰਿ ਖੋਜਿ ਸੁ ਯਾਹਿ ਮਿਲਾਇਯੈ।। ੧੪।।

ਪਰੀ ਨੇ ਉੱਤਰ ਦਿੱਤਾ ਕਿ ਹੇ ਮੁਨੀ! ਇਕ ਦਿਨ ਸਾਡੀ ਸ਼ਾਹ ਪਰੀ ਮਾਤ ਲੋਕ ਵਿਚ ਆਈ ਅਤੇ ਇਕ ਰਾਜ ਕੁਮਾਰੀ ਦਾ ਸੁੰਦਰ ਰੂਪ ਵੇਖ ਕੇ ਉਸ ਵਿਚ ਹੀ ਉੱਲਝ ਕੇ ਰਹਿ ਗਈ। ਦਿਲ ਵਿਚ ਉਸ ਵਿਚਾਰ ਕੀਤਾ ਕਿ ਇਸ ਅਪਾਰ ਸੁੰਦਰ ਰਾਜਕੁਮਾਰੀ ਨੂੰ ਇਹੋ ਜੇਹਾ ਸੁੰਦਰ ਹੀ ਵਰ

ਲੱਭ ਕੇ ਦੇਣਾ ਚਾਹੀਦਾ ਹੈ।।੧੪।।

**ਚੌਪਈ।। ਹਮ ਸੀ ਸਖੀ ਸਹਸ੍ਰਨ ਸੁੰਦਰਿ।। ਪਠੈ ਦਈ ਦਸਹੂੰ ਦਿਸਿ ਮੁਨਿ ਬਰ।।**
**ਖੋਜਿ ਥਕੀ ਪ੍ਰੀਤਮ ਨਹਿ ਪਾਯੋ।। ਦੇਸ ਦੇਸ ਸਭ ਹੇਰਿ ਗਵਾਯੋ।। ੧੫।।**

ਉਸ ਸ਼ਾਹ ਪਰੀ ਨੇ ਸਾਡੇ ਵਰਗੀਆਂ ਅਨੇਕਾਂ ਸੁੰਦਰ ਪਰੀਆਂ ਅਜੇਹੇ ਵਿਅਕਤੀ ਦੀ ਭਾਲ ਵਿਚ ਦਸੀਂ ਪਾਸੀਂ ਭੇਜ ਦਿੱਤੀਆਂ ਹਨ। ਅਸੀਂ ਸਾਰੀਆਂ ਲੱਭ ਲੱਭ ਥੱਕ ਗਈਆਂ ਹਾਂ ਪਰ ਉਸ ਵਰਗਾ ਸੁੰਦਰ ਪ੍ਰੀਤਮ ਕੋਈ ਨਹੀਂ ਮਿਲ ਸਕਿਆ।।੧੫।।

**ਦੋਹਰਾ।। ਖੋਜਿ ਦੇਸ ਬਜਾਕੁਲ ਭਈ ਆਈ ਤੁਮਰੇ ਪਾਸ।।**
**ਦੀਜੈ ਸੁਘਰ ਬਤਾਇ ਕਹੂੰ ਕਾਰਜ ਆਵਹਿ ਰਾਸ।। ੧੬।।**

ਸਾਰੇ ਦੇਸਾਂ ਵਿਚ ਲੱਭਦੀ ਫਿਰਦੀ ਹੁਣ ਵਿਆਕੁਲ ਹੋਕੇ ਤੁਹਾਡੇ ਪਾਸ ਆਈ ਹਾਂ। ਕਿਰਪਾ ਕਰਕੇ ਕੋਈ ਉਪਾਅ ਦਸੋ ਜਿਸ ਕਰਕੇ ਸਾਡਾ ਕੰਮ ਬਣ ਜਾਵੇ।।੧੬।।

**ਚੌਪਈ।। ਬ੍ਰਹਮਾ ਏਕ ਪੁਰਖ ਉਪਜਾਯੋ।। ਨ੍ਰਿਪ ਕੇ ਧਾਮ ਜਨਮ ਤਿਨ ਪਾਯੋ।।**
**ਸਾਤ ਸਮੁੰਦ੍ਰਨ ਪਾਰ ਬਸਤ ਸੋ।। ਕੋ ਪਹੁਚੈ ਤਿਹ ਲਜਾਇ ਸਕਤ ਸੋ।। ੧੭।।**

ਰਿਸ਼ੀ ਨੇ ਦੱਸਿਆ ਕਿ ਬ੍ਰਹਮਾ ਨੇ ਇਕ ਮਨੁਖ ਪੈਦਾ ਕੀਤਾ ਹੈ ਜਿਸ ਦਾ ਜਨਮ ਇਕ ਰਾਜੇ ਦੇ ਘਰ ਹੋਇਆ ਹੈ, ਪਰ ਉਹ ਸੱਤ ਸਮੁੰਦਰੋਂ ਪਾਰ ਵਸਦਾ ਹੈ। ਭਲਾ ਕੌਣ ਉਥੇ ਪਹੁੰਚ ਕੇ ਉਸ ਨੂੰ ਲਿਆ ਸਕਦਾ ਹੈ?।।੧੭।।

**ਦੋਹਰਾ।। ਰਿਖਿ ਕੇ ਇਹ ਬਿਧਿ ਬਚਨ ਸੁਨਿ ਚਲਤ ਭਈ ਸੁ ਕੁਮਾਰਿ।।**
**ਸਪਤ ਸਿੰਧ ਕੇ ਛਿਨਿਕ ਮਹਿ ਜਾਤ ਭਈ ਉਹਿ ਪਾਰ।। ੧੮।।**

ਪਦ ਅਰਥ - ਸਪਤ ਸਿੰਧ=ਸਤ ਸਮੁੰਦਰ।

ਰਿਸ਼ੀ ਦੀ ਇਹ ਗੱਲ ਸੁਣਕੇ ਉਹ ਪਰੀ ਚੱਲ ਪਈ ਅਤੇ ਪਲਾਂ ਵਿਚ ਸੱਤ ਸਮੁੰਦਰ ਪਾਰ ਕਰ ਗਈ।।੧੮।।

**ਚੌਪਈ।। ਸੁੰਦਰ ਸਦਨ ਹੁਤੋ ਜਹ ਨ੍ਰਿਪ ਬਰ।। ਜਾਤ ਭਈ ਸੁੰਦਰਿ ਤਾਂਹਿ ਘਰ।।**
**ਜਹ ਨ੍ਰਿਪ ਸੁਤ ਆਸ੍ਰਮ ਸੁਨਿ ਲੀਯਾ।। ਗਈ ਤਹਾਂ ਤਿਨ ਬਿਲਮ ਨ ਕੀਯਾ।। ੧੯।।**

ਪਦ ਅਰਥ - ਸਦਨ=ਭਵਨ, ਮਹਲ। ਬਿਲਮ=ਦੇਰ।

ਜਿਸ ਰਾਜੇ ਦਾ ਘਰ ਬਹੁਤ ਸੰਦਰ ਸੀ ਉਥੇ ਹੀ ਉਹ ਚਲੀ ਗਈ। ਜਿਥੇ ਰਾਜਕੁਮਾਰ ਦਾ ਨਿਵਾਸ ਸੀ ਉਹ ਝਟ ਓਥੇ ਪਹੁੰਚ ਗਈ।।੧੯।।

Namdhari Elibrary NamdhariElibrary@gmail.com

ਲੋਕੰਜਨ ਡਾਰਤ ਚਖ ਭਈ।। ਪਰਗਟ ਹੁਤੀ ਲੋਪ ਹ੍ਵੈ ਗਈ।।
ਯਹ ਸਭ ਹੀ ਕੋ ਰੂਪ ਨਿਹਾਰੈ।। ਯਾਕੌ ਕੋਊ ਨ ਪੁਰਖ ਬਿਚਾਰੈ।।੨੦।।

ਪਦ ਅਰਥ - ਲੌਕੰਜਨ=ਜਾਦੂਮਈ ਸੁਰਮਾਂ। ਚਖ=ਅੱਖ।

ਉਸ ਅੱਖਾਂ ਵਿਚ ਜਾਦੂਮਈ ਸੁਰਮਾਂ ਪਾਇਆ ਅਤੇ ਹੁਣ ਉਹ ਕਿਸੇ ਨੂੰ ਦਿੱਸਦੀ ਨਹੀਂ ਸੀ. ਪਰ ਉਹ ਸਭ ਨੂੰ ਵੇਖ ਸਕਦੀ ਸੀ।।੨੦।।

ਅੜਿੱਲ।। ਸਿੰਘ ਦਿਲੀਸ ਧਾਰਿ ਬਸਤ੍ਰ ਬੈਠੇ ਜਹਾਂ।।
ਲੋਕੰਜਨ ਦ੍ਰਿਗ ਡਾਰਿ ਜਾਤ ਭੀ ਤ੍ਰਿਯ ਤਹਾਂ।।
ਹੇਰਿ ਤਵਨ ਕੀ ਪ੍ਰਭਾ ਰਹੀ ਉਰਝਾਇ ਕਰਿ।।
ਹੋ ਸੁਧਿ ਯਾਕੀ ਗੀ ਭੂਲਿ ਰਹੀ ਲਲਚਾਇ ਕਰਿ।। ੨੧।।

ਜਿਥੇ ਰਾਜ ਕੁਮਾਰ ਦਿਲੀਸ਼ ਸਿੰਘ ਸੁੰਦਰ ਕਪੜੇ ਪਾਕੇ ਬੈਠਾ ਹੋਇਆ ਸੀ, ਉਥੇ ਪਰੀ ਅੱਖਾਂ ਵਿਚ ਜਾਦੂਮਈ ਸੁਰਮਾਂ ਪਾ ਕੇ ਲੁਪਤ ਰੂਪ ਵਿਚ ਪਹੁੰਚ ਗਈ। ਉਹ ਪਰੀ ਉਸ ਦੀ ਸੁੰਦਰਤਾ ਵੇਖ ਕੇ ਉੱਲਝ ਕੇ ਰਹਿ ਗਈ ਅਤੇ ਆਪਣੀ ਸੁੱਧ ਭੁਲ ਕੇ ਲਲਚਾ ਕੇ ਰਹਿ ਗਈ।।੨੧।।

ਚੌਪਈ।। ਯਹ ਸੁਧਿ ਤਾਹਿ ਬਿਸਰਿ ਕਰਿ ਗਈ।। ਤਿਹ ਪੁਰ ਬਸਤ ਬਰਖ ਬਹੁ ਭਈ।।
ਕਿਤਕ ਦਿਨਨ ਵਾਕੀ ਸੁਧਿ ਆਈ।। ਮਨ ਮਹਿ ਤਰੁਨੀ ਅਧਿਕ ਲਜਾਈ।। ੨੨।।

ਉਸ ਨੂੰ ਹੁਣ ਇਹ ਹੋਸ਼ ਹੀ ਨ ਰਹੀ ਕਿ ਅਸਲ ਵਿਚ ਉਹ ਕਿਹੜੇ ਕੰਮ ਆਈ ਸੀ ਅਤੇ ਉਹ ਕਈ ਸਾਲਾਂ ਤੱਕ ਉਥੇ ਹੀ ਰਹਿ ਗਈ। ਕਾਫੀ ਸਮੇਂ ਬਾਅਦ ਉਸ ਨੂੰ ਖਿਆਲ ਆਇਆ ਤਾਂ ਉਹ ਮਨ ਵਿਚ ਬਹੁਤ ਸ਼ਰਮਿੰਦੀ ਹੋਈ।।੨੨।।

ਜੌ ਯਹ ਬਾਤ ਪਰੀ ਸੁਨਿ ਪੈਹੈ।। ਮੋਕਹ ਕਾਢਿ ਸ੍ਵਰਗ ਤੇ ਦੈਹੈ।।
ਤਾਤੇ ਯਾਕੌ ਕਰੌ ਉਪਾਈ।। ਜਾਤੇ ਇਹ ਉਹਿ ਦੇਉ ਮਿਲਾਈ।।੨੩।।

ਉਹ ਡਰ ਗਈ ਕਿ ਜੇ ਸ਼ਾਹ ਪਰੀ ਨੂੰ ਪਤਾ ਲੱਗ ਗਿਆ ਤਾਂ ਉਹ ਉਸ ਨੂੰ ਸਵਰਗ ਵਿਚੋਂ ਹੀ ਕੱਢ ਦੇਵੇਗੀ। ਇਸ ਲਈ ਹੁਣ ਕੋਈ ਇਸ ਤਰ੍ਹਾਂ ਦਾ ਉਪਾਅ ਕਰਨਾ ਚਾਹੀਦਾ ਹੈ ਜਿਸ ਕਰਕੇ ਇਸ ਨੂੰ ਉਸ ਰਾਜ ਕੁਮਾਰੀ ਨਾਲ ਮਿਲਾ ਦਿੱਤਾ ਜਾਵੇ।।੨੩।।

ਆਲਯ ਹੁਤੋ ਕੁਅਰ ਕੋ ਜਹਾਂ।। ਵਾਕੋ ਚਿੱਤ੍ਰ ਲਿਖਤ ਭਈ ਤਹਾਂ।।
ਚਿੱਤ੍ਰ ਜਬੈ ਤਿਨ ਕੁਅਰਿ ਨਿਹਾਰਾ।। ਰਾਜ ਪਾਟ ਸਭ ਹੀ ਤਜਿ ਡਾਰਾ।। ੨੪।।

ਜਿਥੇ ਰਾਜ ਕੁਮਾਰ ਦਾ ਨਿਵਾਸ ਸੀ ਉਥੇ ਉਸ ਰਾਜ ਕੁਮਾਰੀ ਦਾ ਸੁੰਦਰ ਚਿੱਤਰ ਬਣਾ ਦਿੱਤਾ।

Namdhari Elibrary NamdhariElibrary@gmail.com

ਜਦ ਰਾਜ ਕੁਮਾਰ ਨੇ ਉਹ ਚਿੱਤਰ ਵੇਖਿਆ ਤਾਂ ਝੱਟ ਸਭ ਰਾਜਪਾਟ ਵਿੱਸਰ ਗਿਆ।।੨੪।।

**ਅੜਿੱਲ।। ਮਨ ਮੈ ਭਯੋ ਉਦਾਸ ਰਾਜ ਕੋ ਤਜਾਗਿਕੈ।।**
**ਰੈਨਿ ਦਿਵਸ ਤਹ ਬੈਠਿ ਰਹਤ ਅਨੁਰਾਗਿ ਕੈ।।**
**ਰੋਇ ਰੋਇ ਦ੍ਰਿਗ ਨੈਨਨ ਰੁਹਰ ਬਹਾਵਈ।।**
**ਹੋ ਕੋਟਿਨ ਕਰੈ ਬਿਚਾਰ ਨ ਤਾਕੌ ਪਾਵਈ।। ੨੫।।**

ਪਦ ਅਰਥ - ਰੈਨਿ ਦਿਵਸ=ਦਿਨ ਰਾਤ। ਅਨੁਰਾਗਿ=ਬਿਰਹਾ, ਪ੍ਰੇਮ ਰੋਗ।

ਉਹ ਰਾਜ ਤਿਆਗ ਕੇ ਮਨ ਵਿਚ ਬਹੁਤ ਉਦਾਸ ਹੋ ਗਿਆ ਅਤੇ ਰਾਤ ਦਿਨ ਪ੍ਰੇਮ ਰੋਗ ਵਿਚ ਜੱਕੜਿਆ ਬੈਠਾ ਰਹਿੰਦਾ। ਉਹ ਰੋ ਰੋ ਕੇ ਅੱਖਾਂ ਵਿਚੋਂ ਅੱਥਰੂ ਵਹਾਉਣ ਲੱਗਾ। ਅਨੇਕਾਂ ਵਿਚਾਰ ਕਰਕੇ ਉਹ ਸਮਝਦਾ ਕਿ ਉਹ ਉਸ ਨੂੰ ਪਾਉਣ ਦੇ ਸਮਰੱਥ ਨਹੀਂ ਸੀ।।੨੫।।

**ਨਟੀ ਨਾਟਕੀ ਨ੍ਰਿਪਨੀ ਨ੍ਰਿਤਣਿ ਬਖਾਨਿਯੈ।।**
**ਨਰੀ ਨਾਗਨੀ ਨਗਨੀ ਨਿਜੁ ਤ੍ਰਿਯ ਜਾਨਿਯੈ।।**
**ਸ਼ਿਵੀ ਬਾਸਵੀ ਸਸੀ ਕਿ ਰਵਿ ਤਨ ਜੂਝਈ।।**
**ਹੋ ਚੇਟਕ ਚਿੱਤ੍ਰ ਦਿਖਾਇ ਚਤੁਰਿ ਚਿਤ ਲੈ ਗਈ।। ੨੬।।**

ਪਦ ਅਰਥ - ਨਗਨੀ=ਪਹਾੜੀ ਇਸਤਰੀ। ਬਾਸਵੀ=ਇੰਦਰ ਦੀ ਇਸਤਰੀ।

ਉਹ ਨਟੀ, ਨਾਟਕੀ, ਨ੍ਰਿਪਨੀ ਨ੍ਰਿਤਾਂਗਨੀ, ਨਾਰੀ, ਨਾਗਣੀ ਜਾਂ ਪਹਾੜੀ ਇਸਤਰੀ ਹੈ। ਕੀ ਉਹ ਸ਼ਿਵਜੀ ਇੰਦਰ, ਚੰਦ ਜਾਂ ਸੂਰਜ ਦੀ ਇਸਤਰੀ ਹੈ? ਇਹ ਕੌਣ ਕੌਤਕ ਵਿਖਾ ਕੇ ਮੇਰਾ ਮਨ ਚੁਰਾ ਕੇ ਲੈ ਗਿਆ ਹੈ।। ੨੬।।

**ਲਿਖ੍ਯੋ ਚਿੱਤ੍ਰ ਇਹ ਠੌਰ ਬਹੁਰਿ ਤਿਹਂ ਠਾਂ ਗਈ।।**
**ਚਿੱਤ੍ਰ ਚਤੁਰਿ ਕੇ ਭਵਨ ਬਿਖੈ ਲਿਖਤੀ ਭਈ।।**
**ਪ੍ਰਾਤ ਕੁਅਰਿ ਕੋ ਜਬ ਤਿਨ ਚਿੱਤ੍ਰ ਨਿਹਾਰਿਯੋ।।**
**ਹੋ ਰਾਜ ਪਾਟ ਸਭ ਸਾਜ ਤਬੈ ਤਜਿ ਡਾਰਿਯੋ।। ੨੭।।**

ਪਰੀ ਨੇ ਇਕ ਚਿੱਤਰ ਰਾਜਕੁਮਾਰ ਦਾ ਬਣਾਇਆ ਅਤੇ ਫਿਰ ਰਾਜਕੁਮਾਰੀ ਦੇ ਮਹਲ ਵਿਚ ਜਾਕੇ ਲਾ ਦਿੱਤਾ। ਸਵੇਰੇ ਜਦ ਰਾਜਕੁਮਾਰੀ ਨੇ ਰਾਜ ਕੁਮਾਰ ਦਾ ਚਿੱਤਰ ਵੇਖਿਆ ਤਾਂ ਉਹ ਵੀ ਘਰ ਬਾਰ ਦੀ ਸੁੱਧ ਭੁਲ ਗਈ।।੨੭।।

Namdhari Elibrary NamdhariElibrary@gmail.com

ਨਿਰਖਿ ਕੁਅਰਿ ਕੋ ਚਿੱਤ੍ਰ ਕੁਅਰ ਅਟਕਤ ਭਈ॥
ਰਾਜ ਪਾਟ ਧਨ ਕੀ ਸੁਧਿ ਸਭ ਜਿਯ ਤੇ ਗਈ॥
ਬਢੀ ਪ੍ਰੇਮ ਕੀ ਪੀਰ ਬਤਾਵੈ ਕਹੋ ਕਿਹ॥
ਹੋ ਜੋ ਤਿਹ ਸ਼ੋਕ ਨਿਵਾਰਿ ਮਿਲਾਵੈ ਆਨਿ ਤਿਹ॥ ੨੮॥

ਪਦ ਅਰਥ - ਅਟਕਤ ਭਈ=ਪ੍ਰੇਮ ਜਾਲ ਵਿਚ ਫਸ ਗਈ। ਪੀਰ=ਪੀੜ।

ਰਾਜ ਕੁਮਾਰੀ ਨੇ ਜਦ ਰਾਜ ਕੁਮਾਰ ਦਾ ਚਿੱਤਰ ਵੇਖਿਆ ਤਾਂ ਉਹ ਉਸ ਦੇ ਪ੍ਰੇਮ ਵਿਚ ਫਸ ਗਈ ਅਤੇ ਉਸ ਨੂੰ ਵੀ ਰਾਜਪਾਟ, ਘਰ ਬਾਰ ਦੀ ਸਾਰੀ ਸੁੱਧ ਭੁੱਲ ਗਈ। ਉਹ ਵੀ ਆਪਣੇ ਪ੍ਰੇਮ ਦੀ ਪੀੜ ਕਿੱਸ ਨੂੰ ਦੱਸਦੀ, ਜਿਹੜਾ ਉਸ ਦੇ ਸਾਰੇ ਦੁਖ ਦੂਰ ਕਰਕੇ ਉਸ ਨੂੰ ਰਾਜ ਕੁਮਾਰ ਨਾਲ ਮਿਲਾ ਦਿੰਦਾ॥੨੮॥

ਮਤਵਾਰੇ ਕੀ ਭਾਂਤਿ ਕੁਅਰਿ ਬਵਰੀ ਭਈ॥
ਖਾਨ ਪਾਨ ਕੀ ਸੁਧਿ ਤਬਹੀ ਤਜਿ ਕਰਿ ਦਈ॥
ਹਸਿ ਹਸਿ ਕਬਹੂੰ ਉਠੈ ਕਬੈ ਗੁਨ ਗਾਵਈ॥
ਹੋ ਕਬਹੂੰ ਰੋਵਤ ਦਿਨ ਅਰੁ ਰੈਨਿ ਬਿਤਾਵਈ॥ ੨੯॥

ਪਦ ਅਰਥ - ਬਵਰੀ=ਪਾਗਲ। ਤਜਿ=ਛੱਡ।

ਰਾਜ ਕੁਮਾਰੀ ਦੀਵਾਨੀ ਹੋ ਗਈ ਅਤੇ ਉਸ ਨੂੰ ਵੀ ਖਾਣ ਪੀਣ ਦੀ ਕੋਈ ਹੋਸ਼ ਨ ਰਹੀ। ਕਦੀ ਉਹ ਹੱਸ ਪੈਂਦੀ ਅਤੇ ਕਦੀ ਗਾਉਣ ਲੱਗ ਜਾਂਦੀ ਅਤੇ ਕਦੀ ਰੋਂਦੀ ਰੋਂਦੀ ਰਾਤ ਗੁਜ਼ਾਰ ਦਿੰਦੀ॥੨੯॥

ਦਿਨ ਦਿਨ ਪਿਯਰੀ ਹੋਤ ਕੁਅਰਿ ਤਜ ਜਾਵਈ॥
ਅੰਤ਼ਰ ਪਿਯ ਕੀ ਪੀਰ ਨ ਪ੍ਰਗਟ ਜਤਾਵਈ॥
ਸਾਤ ਸਮੁੰਦਰ ਪਾਰ ਪਿਯਾ ਤਾਕੋ ਰਹੈ॥
ਹੋ ਆਨਿ ਮਿਲਾਵੈ ਤਾਹਿ ਇਤੋ ਦੁਖ ਕਿਹ ਕਹੈ॥ ੩੦॥

ਪਦ ਅਰਥ - ਪਿਯਰੀ=ਪੀਲੀ। ਪ੍ਰਗਟ=ਜ਼ਾਹਰਾ ਰੂਪ ਵਿਚ। ਪਿਯਾ=ਪਿਆਰਾ।

ਰਾਜ ਕੁਮਾਰੀ ਦਿਨੋ ਦਿਨ ਕਮਜ਼ੋਰ ਅਤੇ ਪੀਲੀ ਹੋਣ ਲੱਗੀ। ਪ੍ਰੇਮ ਦੀ ਪੀੜ ਉਸ ਦੇ ਅੰਦਰ ਸੀ ਜਿਸਨੂੰ ਉਹ ਕਿਸੇ ਨੂੰ ਵੀ ਨਹੀਂ ਦੱਸ ਸਕਦੀ ਸੀ। ਉਸ ਦਾ ਪ੍ਰੇਮੀ ਸੱਤ ਸਮੁੰਦਰ ਤੋਂ ਪਾਰ ਸੀ। ਹੁਣ ਜਿਹੜਾ ਵੀ ਉਸ ਨੂੰ ਮਿਲਾ ਸਕਦਾ ਹੋਵੇ ਉਸੇ ਨੂੰ ਹੀ ਉਹ ਆਪਣਾ ਦੁੱਖ ਦੱਸ ਸਕਦੀ ਸੀ॥੩੦॥

Namdhari Elibrary NamdhariElibrary@gmail.com

ਅਬ ਕਹੋਂ ਬ੍ਰਿਥਾ ਕੁਅਰ ਕੀ ਕਛੁ ਸੁਨਿ ਲੀਜਿਯੈ॥
ਸੁਨਹੁ ਸੁਘਰ ਚਿਤ ਲਾਇ ਸ੍ਰਵਨ ਇਤ ਦੀਜਿਯੈ॥
ਰੋਤ ਰੋਤ ਨਿਸੁ ਦਿਨ ਸਭ ਸਜਨ ਬਿਤਾਵਈ॥
ਹੋ ਪਰੈ ਨ ਤਾਕੇ ਹਾਥ ਚਿੱਤ੍ਰ ਉਰ ਲਾਵਈ॥ ੩੧॥

ਹੁਣ ਮੈਂ ਤੁਹਾਨੂੰ ਰਾਜਕੁਮਾਰ ਦੀ ਵਿਥਿਆ ਦੱਸਦਾ ਹਾਂ, ਉਸ ਨੂੰ ਵੀ ਸੁਣ ਲਵੋ। ਹੇ ਸਜਨੋ ਇਸ ਨੂੰ ਚਿੱਤ ਲਾਕੇ ਅਤੇ ਕੰਨ ਖੋਲ੍ਹ ਕੇ ਸੁਣੋ। ਉਹ ਵਿਚਾਰਾ ਵੀ ਰਾਤ ਦਿਨ ਰੋ ਰੋ ਕੇ ਬਤੀਤ ਕਰਦਾ ਸੀ। ਉਸ ਚਿੱਤਰ ਵਾਲੀ ਉਹਦੇ ਹੱਥ ਨਹੀਂ ਆ ਰਹੀ ਸੀ। ਉਹ ਕੇਵਲ ਚਿੱਤਰ ਨੂੰ ਹੀ ਦਿਲ ਨਾਲ ਲਾਈ ਬੈਠਾ ਸੀ॥੩੧॥

ਦੋਹਰਾ॥ ਇਤੈ ਚਾਹ ਉਨਕੀ ਲਗੀ ਉਨ ਕੌ ਇਨਕੀ ਚਾਹ॥
ਕਹੁ ਕੌਨੈ ਛਲ ਪਾਇਯੈ ਕਰਤਾ ਕਰੈ ਨਿਬਾਹ॥ ੩੨॥

ਏਥੇ ਇਸ ਦੀ ਅਤੇ ਓਥੇ ਉਸ ਦੀ ਪ੍ਰੇਮ ਵਿਚ ਸੁਰਤ ਲੱਗੀ ਹੋਈ ਸੀ। ਹੁਣ ਵੇਖੀਏ ਕਿ ਕਿੱਸ ਚਲਿੱਤਰ ਨਾਲ ਉਹ ਇਕ ਦੂਸਰੇ ਨੂੰ ਮਿਲਦੇ ਹਨ। ਪਰਮਾਤਮਾਂ ਹੀ ਉਨ੍ਹਾਂ ਦੇ ਪ੍ਰੇਮ ਨੂੰ ਸਿਰੇ ਚੜਾਏ॥੩੨॥

ਅੜਿੱਲ॥ ਅਤਿਥ ਭੇਸ ਧਰਿ ਪਰੀ ਕੁਅਰਿ ਕੇ ਢਿਗ ਗਈ॥
ਰਾਜ ਸੁਤਾ ਕੀ ਬਾਤ ਬਤਾਵਤ ਤਿਹ ਭਈ॥
ਤੁਮਕੌ ਉਨਕੀ ਚਾਹ ਉਨੈ ਤੁਮਰੀ ਲਗੀ॥
ਹੋ ਨਿਸੁ ਦਿਨੁ ਜਪਤ ਬਿਹੰਗ ਜਜੋਂ ਪ੍ਰੀਤਿ ਤੈਸੀ ਜਗੀ॥ ੩੩॥

ਪਦ ਅਰਥ – ਢਿਗ=ਪਾਸ। ਬਿਹੰਗ=ਤੋਤਾ।

ਸਾਧੂ ਭੇਸ ਧਾਰਨ ਕਰਕੇ ਪਰੀ ਰਾਜ ਕੁਮਾਰ ਦੇ ਘਰ ਗਈ ਅਤੇ ਉਸ ਨੂੰ ਰਾਜ ਕੁਮਾਰੀ ਬਾਰੇ ਦੱਸਿਆ। ਉਸ ਆਖਿਆ ਕਿ ਤੁਹਾਨੂੰ ਉਸ ਦੀ ਅਤੇ ਉਸ ਨੂੰ ਤੁਹਾਡੀ ਪ੍ਰੇਮ ਖਿੱਚ ਲੱਗੀ ਹੋਈ ਹੈ। ਉਹ ਰਾਤ ਦਿਨ ਤੋਤੇ ਵਾਂਗ ਤੁਹਾਡਾ ਨਾਂ ਜਪਦੀ ਹੈ, ਇਸ ਤਰ੍ਹਾਂ ਤੁਹਾਡੀ ਪ੍ਰੇਮ ਪੁਜਾਰਨ ਬਣੀ ਹੈ॥੩੩॥

ਸਾਤ ਸਮੁਦ੍ਰਨ ਪਾਰ ਕੁਅਰਿ ਵਹ ਜਾਨਿਯੈ॥
ਨੇਹ ਲਗਯੋ ਤੁਮ ਸੋ ਤਿਹ ਅਧਿਕ ਪ੍ਰਮਾਨਿਯੈ॥
ਕਰਿ ਕਰਿ ਕੌਨ ਉਪਾਇ ਕਹੌ ਤਿਹ ਲਜਾਇਯੈ॥
ਹੋ ਰਾਜ ਕੁਅਰ ਸੁਕੁਮਾਰਿ ਸੁ ਕਿਹ ਬਿਧਿ ਪਾਇਯੈ॥ ੩੪॥

Namdhari Elibrary NamdhariElibrary@gmail.com

ਉਹ ਰਾਜ ਕੁਮਾਰੀ ਸੱਤ ਸਮੁੰਦਰੋਂ ਪਾਰ ਹੈ। ਉਸ ਦਾ ਤੁਹਾਡੇ ਨਾਲ ਬਹੁਤ ਇਸ਼ਕ ਹੋ ਗਿਆ ਹੈ, ਉਸ ਨੂੰ ਕਿਸ ਉਪਾਅ ਨਾਲ ਲਿਆਂਦਾ ਜਾਵੇ, ਉਸ ਸੁੰਦਰ ਰਾਜਕੁਮਰੀ ਨੂੰ ਕਿੱਸ ਤਰ੍ਹਾਂ ਪਾਇਆ ਜਾਵੇ।।੩੪।।

**ਮੁਹਿ ਸਰਦਾਰ ਪਰੀ ਕੀ ਸੁਰਿਦ ਬਖਾਨਿਯੈ।।**
**ਰਵਿ ਸਸਿ ਕੀ ਸਮ ਜਾਕੋ ਰੂਪ ਪ੍ਰਮਾਨਿਯੈ।।**
**ਜਬ ਵਹੁ ਰਾਜਕੁਅਰਿ ਕੀ ਚਿੱਤ ਨਿਰਖਤ ਭਈ।।**
**ਹੋ ਤਬ ਹੌ ਤੁਮਰੇ ਤੀਰ ਪਠਾਇ ਤੁਰਿਤ ਦਈ।। ੩੫।।**

ਮੈਨੂੰ ਸਰਦਾਰ ਪਰੀ ਦੀ ਮਿੱਤਰ ਸਮਝੋ। ਉਸ ਦਾ ਰੂਪ ਸੂਰਜ ਚੰਦਰਮਾਂ ਵਰਗਾ ਹੈ। ਜਦ ਉਸ ਰਾਜ ਕੁਮਾਰੀ ਦੇ ਮਨ ਦੀ ਗੱਲ ਜਾਣੀ ਤਾਂ ਉਸ ਮੈਨੂੰ ਤੁਹਾਡੇ ਕੋਲ ਭੇਜਿਆ ਹੈ।।੩੫।।

**ਦੋਹਰਾ।। ਤੀਨਿ ਭਵਨ ਮੈ ਭ੍ਰਮਿ ਫਿਰੀ ਤਾ ਸਮ ਕਹੂੰ ਨ ਨਾਰਿ।।**
**ਤਾਕੇ ਬਰਬੇ ਜੋਗ ਹੈ ਤੁਮਹੀ ਰਾਜ ਕੁਮਾਰ।। ੩੬।।**

ਮੈਂ ਤਿੰਨਾਂ ਲੋਕਾਂ ਵਿਚ ਘੁੰਮ ਚੁਕੀ ਹਾਂ, ਉਸ ਦੇ ਬਰਾਬਰ ਹੋਰ ਕੋਈ ਇਸਤਰੀ ਨਹੀਂ ਹੈ। ਉਹ ਕੇਵਲ ਤੁਹਾਡੇ ਹੀ ਵਰਨ ਯੋਗ ਹੈ।।੩੬।।

**ਅੜਿੱਲ।। ਹੌ ਸਰਦਾਰ ਪਰੀ ਪਹਿ ਅਬ ਉਠ ਜਾਇ ਹੋ।।**
**ਕੁਅਰਿ ਜੋਗ ਬਰ ਲਹਿ ਤੁਹਿ ਤਾਹਿ ਬਤਾਇ ਹੋ।।**
**ਜਬ ਤੁਮ ਤਾਕਹ ਜਾਇ ਸਜਨ ਬਰਿ ਲੇਹੁਗੇ।।**
**ਹੋ ਕਹਾ ਬਤਾਵਹੁ ਮੋਹਿ ਤਬੈ ਜਸੁ ਦੇਹੁਗੇ।। ੩੭।।**

ਮੈਂ ਹੁਣ ਸਰਦਾਰ ਪਰੀ ਦੇ ਕੋਲ ਜਾਵਾਂਗੀ ਅਤੇ ਉਸ ਨੂੰ ਦਸਾਂਗੀ ਕਿ ਕੁਮਾਰੀ ਦੇ ਯੋਗ ਮੈਂ ਵਰ ਲਭ ਲਿਆ ਹੈ। ਮੈਨੂੰ ਇਹ ਦੱਸੋ ਕਿ ਤੁਸੀਂ ਜਦੋਂ ਜਾਕੇ ਉਸ ਨਾਲ ਵਿਆਹ ਕਰ ਲਵੋਗੇ ਤਾਂ ਭਲਾ ਮੈਨੂੰ ਕੀ ਜੱਸ ਦੇਵੋਗੇ।।੩੭।।

**ਚੌਪਈ।। ਯੌ ਕਹਿ ਤਾਕੌ ਪਰੀ ਉਡਾਨੀ।। ਸਿਵੀ ਬਾਸਵੀ ਰਵੀ ਪਛਾਨੀ।।**
**ਚਲਿ ਸਰਦਾਰ ਪਰੀ ਪਹਿ ਆਈ।। ਸਕਲ ਬ੍ਰਿਥਾ ਕਹਿ ਤਾਹਿ ਸੁਨਾਈ।। ੩੮।।**

ਇਹ ਕਹਿਕੇ ਉਹ ਪਰੀ ਉੱਡ ਕੇ ਚਲੇ ਗਈ। ਉਹ ਸ਼ਿਵਜੀ, ਇੰਦਰ ਅਤੇ ਸੂਰਜ ਦੀ ਪਤਨੀ ਲੱਗਦੀ ਸੀ। ਉਹ ਚਲ ਕੇ ਸਰਦਾਰ ਪਰੀ ਕੋਲ ਆਈ ਅਤੇ ਆਪਣੀ ਪੂਰੀ ਵਿਥਿਆ ਉਸ ਨੂੰ ਸੁਣਾ ਦਿੱਤੀ।।੩੮।।

**ਦੋਹਰਾ।। ਤੀਨਿ ਲੋਕ ਮੈ ਖੋਜਿ ਕਰਿ ਸੁਘਰ ਲਖਾ ਇਕ ਠੌਰ।।**

Namdhari Elibrary NamdhariElibrary@gmail.com

**ਚਲਿ ਕਰਿ ਆਪੁ ਨਿਹਾਰਿਯੈ ਜਾ ਸਮ ਸੁੰਦ੍ਰ ਨ ਔਰ॥ ੩੯॥**

ਉਹ ਕਹਿਣ ਲੱਗੀ ਕਿ ਮੈਂ ਤਿੰਨਾਂ ਲੋਕਾਂ ਵਿਚ ਖੋਜ ਕੇ ਇਕ ਸੁੰਦਰ ਅਤੇ ਸੁੱਘਰ ਵਿਅਕਤੀ ਵੇਖਿਆ ਹੈ। ਆਪ ਚੱਲ ਕੇ ਉਸ ਨੂੰ ਵੇਖ ਲਵੋ, ਉਸ ਦੇ ਬਰਾਬਰ ਹੋਰ ਕੋਈ ਸੁੰਦਰ ਨਹੀਂ ਹੈ॥੩੯॥

**ਚੌਪਈ॥ ਸੁਨਤ ਬਚਨ ਸਭ ਪਰੀ ਉਡਾਨੀ॥ ਸਾਤ ਸਮੁੰਦ੍ਰ ਪਾਰ ਨਿਜ ਕਾਨੀ॥**
**ਜਬ ਦਿਲੀਪ ਸਿੰਘ ਨੈਨ ਨਿਹਾਰਾ॥ ਚਿਤ ਕੋ ਸ਼ੋਕ ਦੂਰ ਕਰਿ ਡਾਰਾ॥ ੪੦॥**

ਉਸ ਪਰੀ ਦੀ ਇਹ ਗੱਲ ਸੁਣ ਕੇ ਸਾਰੀਆਂ ਪਰੀਆਂ ਉੱਡ ਪਈਆਂ ਅਤੇ ਸੱਤ ਸਮੁੰਦਰੋਂ ਪਾਰ ਉਥੇ ਜਾ ਪਹੁੰਚੀਆਂ। ਜਦ ਉਨ੍ਹਾਂ ਨੇ ਰਾਜਕੁਮਾਰ ਦਿਲੀਸ ਸਿੰਘ ਨੂੰ ਵੇਖਿਆ ਤਾਂ ਉਨ੍ਹਾਂ ਦੇ ਮਨ ਦਾ ਦੁਖ ਦੂਰ ਹੋ ਗਿਆ॥੪੦॥

**ਦੋਹਰਾ॥ ਅਪ੍ਰਮਾਨ ਦੁਤਿ ਕੁਅਰ ਕੀ ਅਟਕੀ ਪਰੀ ਨਿਹਾਰਿ॥**
**ਯਹਿ ਸੁੰਦਰਿ ਹਮ ਹੀ ਬਰੈ ਡਾਰੀ ਕੁਅਰਿ ਬਿਸਾਰਿ॥ ੪੧॥**

ਪਦ ਅਰਥ - ਅਪ੍ਰਮਾਨ=ਬੇਅੰਤ ਸੁੰਦਰਤਾ। ਡਾਰੀ=ਦਿੱਤੀ।

ਰਾਜ ਕੁਮਾਰ ਦੀ ਸੁੰਦਰ ਸ਼ਕਲ ਵੇਖ ਕੇ ਸਰਦਾਰ ਪਰੀ ਉੱਲਝ ਗਈ ਅਤੇ ਰਾਜ ਕੁਮਾਰੀ ਨੂੰ ਭੁਲਾਕੇ ਸੋਚਣ ਲੱਗੀ ਕਿ ਇਸ ਨੂੰ ਮੈਂ ਕਿਉਂ ਨ ਵਰ ਲਵਾਂ॥੪੧॥

**ਚੌਪਈ॥ ਹਾਇ ਹਾਇ ਵਹੁ ਪਰੀ ਉਚਾਰੈ॥ ਦੈਦੈ ਮੂੰਡਿ ਧਰਨਿ ਸੌ ਮਾਰੈ॥**
**ਜਿਹ ਨਿਮਿੱਤ ਹਮ ਅਸ ਸ੍ਰਮ ਕੀਯਾ॥ ਸੋ ਬਿਧਿ ਤਾਹਿ ਨ ਭੇਟਨ ਦੀਯਾ॥੪੨॥**

ਪਦ ਅਰਥ - ਮੂੰਡਿ=ਸਿਰ। ਧਰਨਿ=ਧਰਤੀ। ਸ੍ਰਮ=ਮਿਹਨਤ।

ਉਹ ਪਰੀ 'ਹਾਏ ਹਾਏ' ਕਰਨ ਲੱਗੀ ਅਤੇ ਸਿਰ ਧਰਤੀ ਉਤੇ ਮਾਰਨ ਲੱਗੀ। ਉਹ ਦਿਲ ਵਿਚ ਕਹਿਣ ਲੱਗੀ ਜਿਸ ਵਾਸਤੇ ਮੈਂ ਏਨੀ ਮਿਹਨਤ ਕੀਤੀ ਹੈ, ਵਿਧਾਤਾ ਨੇ ਉਸ ਨੂੰ ਮਿਲਣ ਹੀ ਨਹੀਂ ਦਿੱਤਾ॥੪੨॥

**ਦੋਹਰਾ॥ ਅਬ ਸਰਦਾਰ ਪਰੀ ਕਹੈਂ ਹੌ ਹੀ ਬਰਿਹੋ ਜਾਹਿ॥**
**ਪੀਰ ਕੁਅਰਿ ਕੀ ਨਾ ਕਰੈ ਲਾਜ ਨ ਆਵਤ ਤਾਹਿ॥ ੪੩॥**

ਹੁਣ ਸਰਦਾਰ ਪਰੀ ਕਹਿਣ ਲੱਗੀ ਕਿ ਮੈਂ ਹੀ ਇਸ ਨਾਲ ਵਿਆਹ ਕਰਾਂਗੀ। ਉਸ ਨੂੰ ਰਾਜ ਕੁਮਾਰੀ ਦੀ ਪੀੜਾ ਦਾ ਅਨੁਭਵ ਨਹੀਂ ਸੀ ਹੋ ਰਿਹਾ ਅਤੇ ਨ ਹੀ ਉਸ ਨੂੰ ਸ਼ਰਮ ਆ ਰਹੀ ਸੀ॥੪੩॥

**ਸੁਨੁ ਸਰਦਾਰ ਪਰੀ ਜੁ ਹਮ ਜਿਹ ਹਿਤ ਅਤਿ ਸ੍ਰਮ ਕੀਨ॥**
**ਅਬ ਤੈਂ ਯਾਹਿ ਬਰਜੋ ਚਹਤ ਮਿਲਨ ਨ ਤਾਕਹ ਦੀਨ॥ ੪੪॥**

ਉਹ ਸਰਦਾਰ ਪਰੀ ਨੂੰ ਕਹਿਣ ਲੱਗੀ ਕਿ ਜਿਸ ਖਾਤਰ ਮੈਂ ਏਨੀ ਮਿਹਨਤ ਕੀਤੀ ਹੈ, ਤੂੰ

Namdhari Elibrary NamdhariElibrary@gmail.com

ਉਸ ਨਾਲ ਏਥੇ ਹੀ ਵਿਆਹ ਕਰ ਲੈਣਾਂ ਚਾਹੁੰਦੀ ਏਂ। ਉਸ ਨੂੰ ਰਾਜ ਕੁਮਾਰੀ ਨਾਲ ਮਿਲਣ ਵੀ ਨਹੀਂ ਦਿੱਤਾ।।੪੪।।

**ਚੌਪਈ।। ਸਖਿ ਸਰਦਾਰ ਪਰੀ ਕਹਾ ਕਰੈ।। ਬਿਰਹ ਤਾਪ ਤਨ ਛਤਿਯਾ ਜਰੈ।।**
**ਜਬ ਮੈਂ ਯਾਕੋ ਰੂਪ ਨਿਹਾਰਯੋ।। ਸ੍ਰਗ ਬਿਖੈ ਕੋ ਬਾਸ ਬਿਸਾਰਯੋ।। ੪੫।।**

ਪਦ ਅਰਥ - ਤਨ ਛਤਿਯਾ ਜਰੈ=ਤਨ ਅਤੇ ਛਾਤੀ ਸੜ ਰਹੀ ਹੈ।

ਸਰਦਾਰ ਪਰੀ ਵੀ ਕੀ ਕਰਦੀ ਉਸ ਦੀ ਛਾਤੀ ਵੀ ਬਿਰਹਾ ਦੀ ਅੱਗ ਨਾਲ ਸੜ ਰਹੀ ਸੀ। ਉਸ ਕਿਹਾ ਕਿ ਜਦ ਤੋਂ ਮੈਂ ਇਸ ਦਾ ਰੂਪ ਵੇਖਿਆ ਹੈ, ਸਵਰਗ ਵਿਚ ਰਹਿਣ ਦਾ ਵਿਚਾਰ ਵੀ ਛੱਡ ਦਿੱਤਾ ਹੈ।।੪੫।।

**ਦੋਹਰਾ।। ਕਹਾ ਕਰੋ ਮੈਂ ਜਾਉ ਕਤ ਲਗੈ ਨਿਗੋਡੇ ਨੈਨ।।**
**ਬਿਨੁ ਹੇਰੇ ਕਲ ਨਾ ਪਰੈ ਨਿਰਖਤ ਲਾਗਤ ਚੈਨ।। ੪੬।।**

ਮੈਂ ਕੀ ਕਰਾਂ ਮੇਰੇ ਭੈੜੇ ਨੈਣ ਜੁ ਉਸ ਨਾਲ ਲੜ ਗਏ ਹਨ। ਬਿਨਾਂ ਵੇਖਿਆਂ ਚੈਨ ਨਹੀਂ ਆਉਂਦਾ ਅਤੇ ਉਸ ਨੂੰ ਵੇਖਣ ਨਾਲ ਸੁਖ ਪ੍ਰਾਪਤ ਹੁੰਦਾ ਹੈ।।੪੬।।

**ਬਿਨ ਦੇਖੇ ਮਹਬੂਬ ਕੇ ਪਲਕ ਲਗਤ ਹੈ ਜਾਮ।।**
**ਤਬ ਸਰਦਾਰ ਪਰੀ ਹੁਤੀ ਅਬ ਇਹ ਭਈ ਗੁਲਾਮ।। ੪੭।।**

ਮਹਿਬੂਬ ਨੂੰ ਵੇਖੇ ਬਗੈਰ ਇਕ ਪਲ ਵੀ ਪਹਿਰ ਜਿੱਡਾ ਲਗਦਾ ਹੈ। ਪਹਿਲਾਂ ਇਹ ਸਰਦਾਰ ਪਰੀ ਸੀ ਹੁਣ ਇਹ ਗ਼ੁਲਾਮ ਬਣ ਕੇ ਰਹਿ ਗਈ ਹੈ।।੪੭।।

**ਕਹਾ ਕਰੌ ਕਾਸੌ ਕਹੌਂ ਕਹੇ ਨ ਆਵਤ ਬੈਨ।।**
**ਬਿਨੁ ਦੇਖੇ ਮਹਬੂਬ ਕੇ ਭਏ ਜਹਮਤੀ ਨੈਨ।। ੪੮।।**

ਕੀ ਕਰਾਂ, ਕਿਸਨੂੰ ਕਹਾਂ, ਕੁਝ ਕਿਹਾ ਨਹੀਂ ਜਾਂਦਾ। ਮਹਿਬੂਬ ਨੂੰ ਵੇਖੇ ਬਿਨਾਂ ਇਹ ਅੱਖਾਂ ਮੁਸੀਬਤ ਬਣ ਗਈਆਂ ਹਨ।।੪੮।।

**ਅੜਿੱਲ।। ਪਲਕ ਨ ਇਤ ਉਤ ਜਾਇ ਨੈਨ ਐਸੇ ਲਗੇ।।**
**ਪਿਯ ਦੇਖਨ ਕੇ ਪ੍ਰੇਮ ਦੋਊ ਇਹ ਬਿਧਿ ਪਗੇ।।**
**ਲਗਨ ਲਾਗਿ ਮੁਰਿ ਗਈ ਨਿਗੋਡ ਨ ਛੂਟਈ।।**
**ਹੋ ਨੈਕੁ ਨਿਹਾਰੇ ਬਿਨੁ ਸਖਿ ਪ੍ਰਾਨ ਨਿਖੂਟਈ।। ੪੯।।**

ਨੈਣ ਇਸ ਤਰ੍ਹਾਂ ਲੱਗੇ ਹਨ ਕਿ ਪਲ ਭਰ ਲਈ ਵੀ ਇਧਰ ਉਧਰ ਨਹੀਂ ਹੁੰਦੇ। ਇਹ ਦੋਵੇਂ ਨੈਣ ਪ੍ਰੀਤਮ ਨੂੰ ਵੇਖਣ ਲਈ ਉਸ ਦੇ ਪ੍ਰੇਮ ਵਿਚ ਹੀ ਭਿੱਜ ਗਏ ਹਨ। ਮੇਰੀ ਲਗਨ ਇਸ ਤਰ੍ਹਾਂ ਲੱਗੀ ਹੈ ਕਿ ਇਹ ਹੁਣ ਛੁਟਕਾਰਾ ਨਹੀਂ ਪਾ ਰਹੀ ਹੈ। ਉਸ ਨੂੰ ਇਕ ਪਲ ਲਈ ਵੀ ਨ ਵੇਖਣ ਨਾਲ ਇਹ ਪ੍ਰਾਣ ਜਾ ਰਹੇ ਹਨ॥੪੯॥

**ਛੂਟਤ ਛੁਟਾਏ ਨਾਹਿ ਨਿਗੋਡੇ ਜਹ ਲਗੇ॥**
**ਪਲਕ ਨ ਇਤਉਤ ਹੋਇ ਪ੍ਰੇਮ ਪਿਯ ਕੇ ਪਗੇ॥**
**ਜਹਾਂ ਲਗੇ ਏ ਨੈਨ ਤਹੀ ਕੈ ਹ੍ਵੈ ਰਹੇ॥**
**ਹੋ ਫਿਰਿ ਆਵਨ ਕੇ ਨਾਹਿ ਕਬਿਨ ਐਸੇ ਕਹੇ॥ ੫੦॥**

ਇਹ ਚੰਦਰੇ ਨੈਣ ਜਿੱਥੇ ਲੱਗ ਜਾਂਦੇ ਹਨ, ਫਿਰ ਹਟਾਇਆਂ ਵੀ ਨਹੀਂ ਹੱਟਦੇ। ਇਕ ਪ੍ਰੇਮ ਵਿਚ ਜੁੜੇ ਇਕ ਪਲ ਭਰ ਲਈ ਵੀ ਇਧਰ ਓਧਰ ਨਹੀਂ ਹੁੰਦੇ। ਇਹ ਤਾਂ ਜਿਥੇ ਇਕ ਵਾਰ ਲੱਗ ਗਏ ਹਨ. ਓਥੋਂ ਦੇ ਹੀ ਹੋ ਕੇ ਰਹਿ ਗਏ ਹਨ। ਕਵੀ ਕਹਿੰਦੇ ਹਨ ਕਿ ਇਹ ਜਿਥੇ ਇਕ ਵਾਰ ਪਹੁੰਚ ਜਾਂਦੇ ਹਨ ਫਿਰ ਵਾਪਸ ਨਹੀਂ ਆਉਂਦੇ॥੫੦॥

**ਦੋਹਰਾ॥ ਥਰਹਰਾਇ ਥਿਰ ਨਾ ਰਹਹਿ ਪਲਕ ਨਹੀ ਠਹਰਾਹਿ॥**
**ਜਹ ਲਾਗੇ ਏ ਲੋਇਨਾ ਫਿਰਿ ਆਵਨ ਕੇ ਨਾਹਿ॥ ੫੧॥**

ਪਦ ਅਰਥ - ਲੋਇਨਾਂ=ਨੈਣ, ਅੱਖਾਂ। ਥਿਰ=ਟਿਕਣਾ।

ਇਹ ਨੈਣ ਥਰਥਰਾਉਂਦੇ ਰਹਿੰਦੇ ਹਨ ਅਤੇ ਪਲ ਭਰ ਲਈ ਵੀ ਨਹੀਂ ਟਿਕਦੇ। ਜਿਥੇ ਇਹ ਨੈਣ ਹੁਣ ਲੜੇ ਹਨ ਓਥੋਂ ਹੁਣ ਵਾਪਿਸ ਨਹੀਂ ਆਉਣਗੇ॥੫੧॥

**ਨਿਰਖਿ ਨੈਨ ਮਹਬੂਬ ਕੇ ਨੈਨ ਗਡੇ ਤਿਨ ਮਾਹਿ॥**
**ਉਡੈ ਅਘਾਨੇ ਬਾਜ ਜਯੋਂ ਫਿਰ ਆਵਨ ਕੇ ਨਾਹਿ॥ ੫੨॥**

ਮਹਿਬੂਬ ਦੇ ਨੈਣਾਂ ਨੂੰ ਵੇਖਕੇ ਮੇਰੇ ਨੈਣ ਉਨ੍ਹਾਂ ਵਿਚ ਹੀ ਫਸ ਗਏ ਹਨ। ਇਹ ਤਾਂ ਬਾਜ਼ ਵਾਂਗ ਉੱਡ ਚਲੇ ਹਨ ਅਤੇ ਮੁੜਕੇ ਵਾਪਿਸ ਨਹੀਂ ਪਰਤਣਗੇ॥੫੨॥

**ਜਹਾਂ ਲਗੇ ਏ ਲੋਇਨਾਂ ਤਹ ਹੀ ਕੇ ਸੁ ਭਏ॥**
**ਬਹਰੀ ਜਯੋਂ ਕਹਰੀ ਦੋਊ ਗਏ ਸੁ ਗਏ ਗਏ॥ ੫੩॥**

ਇਹ ਨੈਣ ਜਿਥੇ ਗਏ ਉਥੋਂ ਦੇ ਹੋ ਕੇ ਰਹਿ ਗਏ। ਇਹ ਤਾਂ ਬਾਜ਼ ਵਾਂਗ ਹਨ ਇਕ ਵਾਰ ਗਏ ਫਿਰ ਵਾਪਿਸ ਨਹੀਂ ਆਉਂਦੇ॥੫੩॥

ਅੜਿੱਲ।। ਜਿਤ ਲਾਗੇ ਏ ਨੈਨ ਸੁ ਤਿਤਹੀ ਕੇ ਭਏ।।
ਕਰਿ ਹਾਰੀ ਹੌ ਜਤਨ ਨ ਭੂਲਿ ਇਤੈ ਅਏ।।
ਛੂਟੀ ਬਾਤ ਮੁਰਿ ਕਰ ਤੇ ਕਹੋ ਹੌਂ ਕਜਾ ਕਰੋਂ।।
ਹੋ ਮਦਨ ਤਾਪ ਤਨ ਤਈ ਸਦਾ ਜਿਯ ਮੈ ਜਰੋਂ।। ੫੪।।

ਇਹ ਨੈਣ ਜਿਥੇ ਲੱਗੇ ਓਥੋਂ ਦੇ ਹੀ ਹੋ ਗਏ। ਮੈਂ ਬਹੁਤ ਯਤਨ ਕਰਕੇ ਹਾਰ ਚੁਕੀ ਹਾਂ, ਇਹ ਭੁਲਕੇ ਵੀ ਵਾਪਿਸ ਨਹੀਂ ਆਏ। ਮੇਰੇ ਹਥੋਂ ਤਾਂ ਗੱਲ ਨਿਕਲ ਗਈ ਹੈ. ਹੁਣ ਦਸੋ ਮੈਂ ਕੀ ਕਰਾਂ ? ਮੈਂ ਤਾਂ ਕਾਮ ਪੀੜਾ ਨਾਲ ਨਿੱਤ ਮਰ ਰਹੀਂ ਹਾਂ।।੫੪।।

ਚੌਪਈ।। ਕੋਟਿ ਜਤਨ ਕਰਿ ਰਹੀ ਸਖੀ ਸਬ।। ਲਗਨ ਨਿਗੌਡੀ ਲਾਗਿ ਗਈ ਜਬ।।
ਤਬ ਤਿਨ ਪਰੀ ਉਪਾਇ ਬਿਚਾਰੋ।। ਰਾਜ ਪੁਤ੍ਰ ਸੌ ਜਾਇ ਉਚਾਰੋ।। ੫੫।।

ਅਨੇਕਾਂ ਸਖੀਆਂ ਉਸ ਨੂੰ ਮੰਨਾਉਣ ਦਾ ਯਤਨ ਕਰਦੀਆਂ ਰਹੀਆਂ ਪਰ ਚੰਦਰੀ ਪ੍ਰੇਮ ਲਗਨ ਲੱਗ ਹੀ ਗਈ। ਫਿਰ ਉਸ ਪਰੀ ਨੇ ਵਿਚਾਰ ਕੀਤਾ ਅਤੇ ਰਾਜ ਕੁਮਾਰ ਨੂੰ ਜਾਕੇ ਕਿਹਾ।।੫੫।।

ਰਾਜ ਕੁਅਰ ਤੈਂ ਜਿਹ ਬਰ ਲਾਇਕ।। ਜਾਕੀ ਪਰੀ ਲਗਹਿ ਸਭ ਪਾਇਕ।।
ਅਬ ਤੁਹਿ ਬਰਜੋ ਚਹਤ ਹਮਰੀ ਪਤਿ।। ਕਹਾ ਤਿਹਾਰੇ ਆਵਤ ਹੈ ਮਤਿ।। ੫੬।।

" ਹੇ ਰਾਜ ਕੁਮਾਰ ਤੁਸੀਂ ਉਸ ਦੇ ਵਰਨਯੋਗ ਹੋ। ਸਭ ਪਰੀਆਂ ਜਿਸਦੇ ਚਰਨਾਂ ਤੇ ਸਿਰ ਝੁਕਾਉਂਦੀਆਂ ਹਨ ਉਹ ਸਾਡੀ ਸਰਦਾਰ ਪਰੀ ਤੁਹਾਡੇ ਨਾਲ ਵਿਆਹ ਕਰਨਾ ਚਾਹੁੰਦੀ ਹੈ। ਇਹ ਤੁਹਾਨੂੰ ਕੀ ਹੋ ਗਿਆ ਹੈ "।।੫੬।।

ਰਾਜ ਕੁਅਰਿ ਇਹ ਭਾਂਤਿ ਸੁਨਾ ਜਬ।। ਬਚਨ ਪਰੀ ਸੌਂ ਕਹੇ ਬਿਹਸਿ ਤਬ।।
ਮੈਂ ਸਰਦਾਰ ਪਰਿਹਿ ਨਹਿ ਬਰਿਹੌਂ।। ਲਾਗਿ ਬਿਰਹ ਸੁ ਕੁਅਰਿ ਕੇ ਮਰਿਹੌਂ।। ੫੭।।

ਰਾਜ ਕੁਮਾਰ ਨੇ ਜਦ ਇਹ ਸੁਣਿਆ ਤਾਂ ਹੱਸ ਕੇ ਕਹਿਣ ਲੱਗਾ. " ਮੈਂ ਸਰਦਾਰ ਪਰੀ ਨਾਲ ਵਿਆਹ ਨਹੀਂ ਕਰਾਂਗਾ ਅਤੇ ਓਸ ਰਾਜ ਕੁਮਾਰੀ ਦੇ ਹਿਜ਼ਰ ਵਿਚ ਮਰ ਜਾਵਾਂਗਾ।।੫੭।।

ਦੋਹਰਾ।। ਲਾਗ ਕੁਅਰਿ ਕੇ ਬਿਰਹ ਤਨ ਬਰਿਹੌਂ ਦਿਨ ਅਰੁ ਰੈਨਿ।।
ਕਹਾ ਭਯੋ ਇਹ ਜੌ ਪਰੀ ਨੈਕ ਨ ਲਗਿਹੈਂ ਨੈਨ।। ੫੮।।

ਉਸ ਕੁਮਾਰੀ ਦੇ ਵੈਰਾਗ ਵਿਚ ਮੈਂ ਦਿਨ ਰਾਤ ਆਪਣੇ ਤਨ ਨੂੰ ਸਾੜ ਲਵਾਂਗਾ। ਕੀ ਹੋਇਆ ਜੇ ਇਹ ਸਰਦਾਰ ਪਰੀ ਹੈ. ਮੈਂ ਇਸ ਨਾਲ ਅੱਖ ਵੀ ਨਹੀਂ ਮਿਲਾਵਾਂਗਾ।।੫੮।।

Namdhari Elibrary NamdhariElibrary@gmail.com

**ਚੌਪਈ।। ਕਹਾ ਪਰੀ ਇਕ ਮੋਰ ਕਹਾ ਕਰੁ।। ਰਾਜ ਕੁਅਰ ਤੈਂ ਰਾਜ ਪਰੀ ਬਰੁ।।**
**ਰਾਜ ਕੁਅਰਿ ਕਹੁ ਬਰਿ ਕਸ ਕਰਿ ਹੈ।। ਪਦਮਿਨਿ ਛਾਡਿ ਹਸਤਿਨੀ ਬਰਿਹੈ।। ੫੯।।**

ਪਰੀ ਨੇ ਕਿਹਾ ਕਿ ਮੇਰੀ ਇਕ ਗੱਲ ਮੰਨੋ, ਤੁਸੀਂ ਰਾਜ ਕੁਮਾਰੀ ਨੂੰ ਛੱਡੋ ਅਤੇ ਰਾਜ ਪਰੀ ਨਾਲ ਵਿਆਹ ਕਰੋ। ਰਾਜ ਕੁਮਾਰੀ ਨਾਲ ਵਿਆਹ ਕਰਕੇ ਤੁਹਾਨੂੰ ਕੀ ਮਿਲੇਗਾ? ਕੀ ਪਦਮਨੀ ਨੂੰ ਛੱਡ ਕੇ ਹਸਤਨੀ (ਖਰਾਬ) ਇਸਤਰੀ ਨਾਲ ਵਿਆਹ ਕਰੋਗੇ?।।੫੯।।

**ਦੋਹਰਾ।। ਜਾਸੌ ਮੇਰੋ ਹਿਤ ਲਗਾ ਵਹੈ ਹਮਾਰੀ ਨਾਰਿ।।**
**ਸੁਰੀ ਆਸੁਰੀ ਪਦਮਿਨੀ ਪਰੀ ਨ ਬਰੌ ਹਜਾਰ।। ੬੦।।**

ਮੇਰਾ ਜਿਸ ਨਾਲ ਪਿਆਰ ਪੈ ਗਿਆ ਹੈ, ਹੁਣ ਤਾਂ ਓਹੋ ਮੇਰੀ ਇਸਤਰੀ ਹੈ। ਮੈਂ ਦੇਵ ਇਸਤਰੀ, ਦਾਨਵ ਇਸਤਰੀ, ਪਦਮਨੀ ਹੋਵੇ ਭਾਵੇਂ ਪਰੀ ਕਿਸੇ ਨਾਲ ਵੀ ਵਿਆਹ ਨਹੀਂ ਕਰਾਂਗਾ।।੬੦।।

**ਚੌਪਈ।। ਪਰੀ ਜਤਨ ਕਰਿ ਕਰਿ ਬਹੁ ਹਾਰੀ।। ਏਕ ਬਾਤ ਤਬ ਔਰ ਬਿਚਾਰੀ।।**
**ਜੌ ਇਹ ਕਹਤ ਵਹੈ ਹੌ ਕਰੌ।। ਬਹੁਰੋ ਛਲਿ ਯਾਹੀ ਕਹ ਬਰੌ।। ੬੧।।**

ਰਾਜ ਪਰੀ ਜਦ ਅਨੇਕਾਂ ਯਤਨ ਕਰਕੇ ਹਾਰ ਗਈ ਤਦ ਉਸ ਇਕ ਹੋਰ ਗੱਲ ਸੋਚੀ। ਜੋ ਇਹ ਕਹਿ ਰਿਹਾ ਹੈ ਮੈਂ ਵੀ ਉਹੋ ਕਰਾਂਗੀ ਅਤੇ ਚਲਿੱਤਰ ਕਰਕੇ ਇਸ ਨਾਲ ਵਿਆਹ ਕਰਾਂਗੀ।।੬੧।।

**ਪ੍ਰਥਮ ਪਰੀ ਜੋ ਤਹਾਂ ਪਠਾਈ।। ਵਹੈ ਆਪਨੇ ਤੀਰ ਬੁਲਾਈ।।**
**ਤਾਹਿ ਕਹਾ ਜੁ ਕਹਾ ਮੁਰ ਕਰਿਹੈ।। ਤਬ ਤਵ ਦੈਵ ਧਾਮ ਧਨ ਭਰਿਹੈ।। ੬੨।।**

ਪਦ ਅਰਥ - ਦੈਵ=ਦੇਵਾਂਗੀ। ਧਾਮ=ਘਰ। ਤਵ=ਤੇਰਾ।

ਉਸ ਪਹਿਲੀ ਪਰੀ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਕਿਹਾ ਕਿ ਮੇਰਾ ਕਿਹਾ ਮੰਨੋ, ਜਿਸ ਤਰ੍ਹਾਂ ਮੈਂ ਕਹਾਂ ਉਸ ਤਰ੍ਹਾਂ ਕਰੋ। ਮੈਂ ਤੇਰਾ ਘਰ ਧਨ ਦੌਲਤ ਨਾਲ ਭਰ ਦੇਵਾਂਗੀ।।੬੨।।

**ਯਾਹਿ ਕੁਅਰ ਮੁਹਿ ਦੇਹੁ ਮਿਲਾਈ।।ਹੌ ਯਾ ਪਰ ਜਿਯ ਤੇਂ ਉਰਝਾਈ।।**
**ਕਹਾ ਹਮਾਰਾ ਕਰੈ ਪਯਾਰੀ।। ਤੂੰ ਸਾਹਿਬ ਮੈਂ ਦਾਸ ਤਿਹਾਰੀ।। ੬੩।।**

ਇਸ ਰਾਜ ਕੁਮਾਰ ਨੂੰ ਮੈਨੂੰ ਮਿਲਾ ਦੇ, ਕਿਉਂਕਿ ਮੈਂ ਮਨ ਅਤੇ ਤਨ ਕਰਕੇ ਇਸ ਉਤੇ ਮੋਹਿਤ ਹੋ ਗਈ ਹਾਂ। ਜੇ ਤੂੰ ਮੇਰਾ ਕਿਹਾ ਮੰਨ ਜਾਵੇਂਗੀ ਤਾਂ ਮੈਂ ਤੇਰੀ ਨੌਕਰਾਣੀ ਅਤੇ ਤੂੰ ਮੇਰੀ ਮਾਲਕ ਹੋਵੇਂਗੀ।।੬੩।।

**ਅੜਿੱਲ।। ਸੁਨਤ ਬਚਨ ਇਹ ਪਰੀ ਫੂਲਿ ਮਨ ਮੌ ਗਈ।।**

ਸੁਘਰ ਕੁਅਰ ਕੇ ਪਾਸ ਜਾਤ ਤਬਹੀ ਭਈ॥
ਪਰ ਪਾਇਨ ਕਰ ਜੋਰ ਕਹਾ ਮੁਸਕਾਇਕੈ॥
ਹੌਂ ਕਰੌਂ ਬਿਨਤਿ ਜੌ ਕਹੌਂ ਕਛੂ ਸਕੁਚਾਇਕੈ॥ ੬੪॥

ਇਹ ਸੁਣਕੇ ਉਹ ਪਰੀ ਖੁਸ਼ ਹੋ ਗਈ ਅਤੇ ਤੁਰੰਤ ਉਸ ਰਾਜ ਕੁਮਾਰ ਪਾਸ ਚਲੇ ਗਈ। ਉਸਨੇ ਪੈਰ ਫੜਕੇ ਅਤੇ ਹੱਥ ਜੋੜਕੇ ਉਸ ਨੂੰ ਕਿਹਾ ਕਿ ਮੈਂ ਡਰਦੀ ਡਰਦੀ ਤੁਹਾਡੇ ਅਗੇ ਇਕ ਬੇਨਤੀ ਕਰ ਰਹੀ ਹਾਂ॥੬੪॥

ਪ੍ਰਥਮ ਪਰੀ ਸੌ ਕੁਅਰ ਤੁਮੈਸ ਉਚਾਰਿਯਹੁ॥
ਗਹਿ ਬਹਿਯਾ ਸਿਹਜਾ ਪਰ ਤਿਹ ਬੈਠਾਰਿਯਹੁ॥
ਰਮਯੋ ਚਹੈ ਤੁਮ ਸੌ ਤਬ ਤੁਮ ਯੌ ਭਾਖਿਯਹੁ॥
ਹੋ ਘਰੀ ਚਾਰਿ ਪਾਂਚਕ ਲਗਿ ਦ੍ਰਿੜ ਚਿਤ ਰਾਖਿਯਹੁ॥ ੬੫॥

ਪਹਿਲਾਂ ਤੁਸੀਂ ਉਸ ਰਾਜ ਪਰੀ ਨੂੰ ਆਪਣੇ ਪਾਸ ਬਲਾਉਣਾ ਅਤੇ ਫਿਰ ਪਿਆਰ ਨਾਲ ਹੱਥ ਨਾਲ ਫੜਕੇ ਉਸ ਨੂੰ ਸੇਜ ਉਤੇ ਬਿਠਾ ਲੈਣਾ। ਜਦ ਉਹ ਤੁਹਾਡੇ ਨਾਲ ਰਮਣ ਕਰਨਾ ਚਾਹੇ ਤਾਂ ਤੁਸੀਂ ਕੁਝ ਨਹੀਂ ਕਹਿਣਾ ਅਤੇ ਚਾਰ ਪੰਜ ਘੜੀ ਆਪਣਾ ਮਨ ਮਜ਼ਬੂਤ ਕਰਕੇ ਬੈਠੇ ਰਹਿਣਾ॥੬੫॥

ਪ੍ਰਥਮ ਬਜਾਹ ਤਾਸੌ ਜੌ ਮੋਰ ਕਰਾਇਹੋ॥
ਬਰਜੋ ਚਹਹੁ ਜੌ ਮੋਹਿ ਤੁ ਤਬਹੀ ਪਾਇਹੋ॥
ਤਾਂਹਿ ਬਰੇ ਬਿਨ ਮੈਂ ਨ ਤੋਹਿ ਕਜੋ ਹੂੰ ਬਰੋ॥
ਹੋ ਨਾਤਰ ਮਾਰਿ ਕਟਾਰੀ ਉਰ ਅਬ ਹੀ ਮਰੋ॥ ੬੬॥

ਪਦ ਅਰਥ - ਨਾਤਰ=ਨਹੀਂ ਤਾਂ। ਤਾਂਹਿ ਬਰੇ ਬਿਨ=ਉਸ ਨਾਲ ਵਿਆਹ ਕੀਤੇ ਬਗ਼ੈਰ।

ਉਸ ਦੇ ਮਜ਼ਬੂਰ ਕਰਨ ਉਤੇ ਫਿਰ ਤੁਸੀਂ ਕਹਿਣਾ ਕਿ ਜੇ ਤੂੰ ਮੈਨੂੰ ਪਾਉਣਾ ਚਾਹੁੰਦੀ ਏਂ ਤਾਂ ਮੇਰਾ ਵਿਆਹ ਰਾਜ ਕੁਮਾਰੀ ਨਾਲ ਕਰਵਾ ਦੇ। ਉਸ ਨਾਲ ਵਿਆਹ ਕੀਤੇ ਬਿਨਾਂ ਮੈਂ ਤੈਨੂੰ ਨਹੀਂ ਵਰਾਂਗਾ ਬਲਕਿ ਕਟਾਰ ਮਾਰ ਕੇ ਹੁਣੇ ਹੀ ਮਰ ਜਾਵਾਂਗਾ॥੬੬॥

ਇਹ ਬਿਧਿ ਭੇਦ ਕੁਅਰ ਦੈ ਤਾਕੇ ਢਿਗ ਗਈ॥
ਜਿਹ ਤਿਹ ਸਹਚਰਿ ਜਾਨਿ ਪਠੈ ਇਹ ਪੈ ਦਈ॥
ਮੈਂ ਕਰਿ ਜਤਨ ਅਨੇਕ ਕੁਅਰਹਿ ਰਿਝਾਇਯੋ॥

**ਹੋ ਤੁਮ ਸੋ ਕਰਨ ਕਲੋਲ ਕਬੂਲ ਕਰਾਇਯੋ।। ੬੭।।**

ਇਹ ਭੇਤ ਰਾਜ ਕੁਮਾਰ ਨੂੰ ਸਮਝਾਕੇ. ਉਹ ਪਰੀ ਉਸ ਸਰਦਾਰ ਪਰੀ ਪਾਸ ਆ ਗਈ ਜਿਸ ਉਸ ਨੂੰ ਸਹੇਲੀ ਸਮਝਕੇ ਰਾਜ ਕੁਮਾਰ ਪਾਸ ਭੇਜਿਆ ਸੀ। ਉਸ ਆਖਿਆ ਕਿ ਮੈਂ ਅਨੇਕਾਂ ਯਤਨ ਕਰਕੇ ਰਾਜਕੁਮਾਰ ਨੂੰ ਖੁਸ਼ ਕਰ ਲਿਆ ਹੈ ਅਤੇ ਉਹ ਤੁਹਾਡੇ ਨਾਲ ਰਮਣ ਕਰਨਾ ਮੰਨ ਗਿਆ ਹੈ।।੬੭।।

**ਚੌਪਈ।। ਸ਼ਾਹ ਪਰੀ ਕਹ ਲੈ ਤਹ ਆਈ।। ਜਹਾਂ ਕੁਅਰ ਕੀ ਸੇਜ ਸੁਹਾਈ।।**
**ਤਹਾਂ ਕਪੂਰ ਅਰਗਜਾ ਮਹਿਕੈ।। ਬਾਂਧੀ ਧੁਜਾ ਧਾਮ ਪਰ ਲਹਿਕੈ।। ੬੮।।**

ਪਦ ਅਰਥ - ਸੁਹਾਈ=ਸੋਭ ਰਹੀ ਸੀ। ਅਰਗਜਾ=ਅਗਰਬੱਤੀ। ਧੁਜਾ=ਝੰਡਾ।

ਉਹ ਸ਼ਾਹ ਪਰੀ ਨੂੰ ਓਥੇ ਲੈ ਗਈ ਜਿਥੇ ਰਾਜ ਕੁਮਾਰ ਦੀ ਸੇਜ ਸ਼ੋਭ ਰਹੀ ਸੀ। ਓਥੇ ਮੁਸ਼ਕਪੂਰ. ਅਗਰਬੱਤੀ ਦੀ ਮਹਿਕ ਆ ਰਹੀ ਸੀ ਅਤੇ ਨਿਵਾਸ ਅਸਥਾਨ ਉੱਤੇ ਉੱਚਾ ਝੰਡਾ ਲਹਿਰਾ ਰਿਹਾ ਸੀ।।੬੮।।

**ਇਹ ਬਿਧਿ ਦੀਨਾ ਕੁਅਰ ਮਿਲਾਈ।। ਬੈਠੇ ਦੋਊ ਸੇਜ ਪਰ ਜਾਈ।।**
**ਤਹ ਤੇ ਜਬੈ ਸਖੀ ਤਰਿ ਗਈ।। ਕਾਮ ਕਰਾ ਤਾਕੇ ਤਨ ਭਈ।।੬੯।।**

ਇਸ ਤਰ੍ਹਾਂ ਉਸ ਨੂੰ ਰਾਜ ਕੁਮਾਰ ਨਾਲ ਮਿਲਾ ਦਿੱਤਾ ਅਤੇ ਦੋਵੇਂ ਸੇਜ ਤੇ ਬੈਠ ਗਏ। ਤਦ ਉਹ ਪਰੀ ਉਥੋਂ ਚਲੀ ਗਈ ਅਤੇ ਰਾਜ ਪਰੀ ਦੇ ਮਨ ਵਿਚ ਕਾਮ ਕਲਾ ਜਾਗ ਪਈ।।੬੯।।

**ਕਾਮ ਪਰੀ ਕਹ ਜਬੈ ਸੰਤਾਯੋ।। ਹਾਥ ਕੁਅਰ ਕੀ ਓਰ ਚਲਾਯੋ।।**
**ਬਿਹਸਿ ਕੁਅਰ ਇਹ ਭਾਂਤਿ ਉਚਾਰੀ।। ਕਹੋ ਬਾਤ ਤੁਹਿ ਸੁਨਹੁ ਪਯਾਰੀ।। ੭੦।।**

ਸ਼ਾਹ ਪਰੀ ਨੂੰ ਜਦ ਕਾਮ ਨੇ ਸਤਾਇਆ ਤਾਂ ਉਸ ਆਪਣਾ ਹੱਥ ਰਾਜ ਕੁਮਾਰ ਵੱਲ ਵਧਾਇਆ। ਤਦ ਕੁਮਾਰ ਨੇ ਹੱਸ ਕੇ ਕਿਹਾ ਕਿ ਮੇਰੀ ਇਕ ਗੱਲ ਸੁਣੋ।।੭੦।।

**ਪ੍ਰਥਮ ਮੋਹਿ ਤੁਮ ਤਾਹਿ ਮਿਲਾਵਹੁ।। ਬਹੁਰਿ ਭੋਗ ਮੁਰਿ ਸੰਗ ਕਮਾਵਹੁ।।**
**ਪਹਿਲੇ ਬਰੋ ਵਹੈ ਬਰ ਨਾਰੀ।। ਵਹ ਇਸਤ੍ਰੀ ਤੈ ਯਾਰ ਹਮਾਰੀ।।੭੧।।**

ਪਹਿਲਾਂ ਮੈਨੂੰ ਉਸ ਰਾਜ ਕੁਮਾਰੀ ਨਾਲ ਮਿਲਾ ਦੇਵੋ ਅਤੇ ਫਿਰ ਮੇਰੇ ਨਾਲ ਕਾਮ ਕ੍ਰੀੜਾ ਕਰੋ। ਪਹਿਲਾਂ ਮੈਂ ਉਸ ਨਾਲ ਵਿਆਹ ਕਰਾਂਗਾ ਅਤੇ ਉਹ ਮੇਰੀ ਇਸਤਰੀ ਹੋਵੇਗੀ ਅਤੇ ਤੂੰ ਮੇਰੀ ਮਿੱਤਰ ਹੋਵੇਂਗੀ।।੭੧।।

**ਅੜਿੱਲ।। ਕਰਿ ਹਾਰੀ ਬਹੁ ਜਤਨ ਨ ਤਿਹ ਰਤਿ ਵਹਿ ਦਈ।।**
**ਜੁ ਕਛੁ ਬਖਾਨੀ ਕੁਅਰ ਵਹੈ ਮਾਨਤ ਭਈ।।**

ਪੱਛਨ ਪਰ ਬੈਠਾਇ ਤਾਹਿ ਲੈਗੀ ਤਹਾਂ।।
ਹੋ ਪਿਯ ਪਿਯ ਰਟਤ ਬਿਹੰਗ ਜਯੋਂ ਕੁਅਰਿ ਪਰੀ ਜਹਾਂ।। ੭੨।।

ਪਦ ਅਰਥ - ਬਖਾਨੀ=ਬਿਆਨ ਕੀਤਾ। ਪੱਛਨ=ਖੰਭ, ਪਰ।

ਉਹ ਅਨੇਕਾਂ ਯਤਨ ਕਰਕੇ ਹਾਰ ਗਈ ਪਰ ਉਹ ਉਸ ਨਾਲ ਕਾਮ ਕ੍ਰੀੜਾ ਨਹੀਂ ਕਰ ਰਿਹਾ ਸੀ। ਆਖਿਰ ਜੋ ਕੁਮਾਰ ਨੇ ਕਿਹਾ ਉਸ ਮੰਨ ਲਿਆ। ਉਸ ਨੂੰ ਪਰਾਂ ਤੇ ਬਿਠਾ ਕੇ ਉਹ ਓਥੇ ਲੈ ਗਈ ਜਿਥੇ ਰਾਜ ਕੁਮਾਰੀ ਤੋਤੇ ਵਾਂਗ 'ਪ੍ਰੀਤਮ ਪ੍ਰੀਤਮ' ਦੀ ਰਟ ਲਾ ਰਹੀ ਸੀ।।੭੨।।

ਚਿਤ੍ਰ ਜਵਨ ਕੋ ਹੇਰਿ ਮੁਹਬਤਿ ਲਗਤ ਭੀ।।
ਤਾਕੋ ਦਰਸ ਪ੍ਰਤੱਛਿ ਜਬੈ ਪਾਵਤ ਭਈ।।
ਕੁਅਰਿ ਚਹਤ ਜੋ ਹੁਤੀ ਬਿਧਾਤੈ ਸੋ ਕਰੀ।।
ਹੋ ਬਨ ਬਸੰਤ ਕੀ ਭਾਂਤਿ ਸੁ ਝਰਿ ਝਰਿ ਭੀ ਹਰੀ।। ੭੩।।

ਪਦ ਅਰਥ - ਪ੍ਰਤੱਛਿ=ਪ੍ਰਤੱਖ, ਹੂਬਹੂ, ਸਾਕਾਰ। ਝਰਿ=ਝੱਟ।

ਜਿਸਦਾ ਚਿੱਤਰ ਵੇਖ ਕੇ ਉਸ ਨੂੰ ਪ੍ਰੇਮ ਹੋ ਗਿਆ ਉਸ ਦੇ ਉਸ ਸਾਕਾਰ ਦਰਸ਼ਨ ਕਰ ਲਏ। ਜੋ ਰਾਜਕੁਮਾਰੀ ਚਾਹੁੰਦੀ ਸੀ ਵਿਧਾਤਾ ਨੇ ਵੀ ਓਹੋ ਕੁਝ ਕਰ ਦਿੱਤਾ। ਉਹ ਝੱਟ ਬਸੰਤ ਰੁੱਤ ਵਾਂਗ ਹਰੀ ਭਰੀ ਹੋ ਗਈ।।੭੩।।

ਚੌਪਈ।। ਜਬ ਦਰਸ਼ਨ ਤ੍ਰਿਯ ਕਾ ਪਿਯ ਕਰਾ।। ਖਾਨ ਪਾਨ ਆਗੇ ਲੈ ਧਰਾ।।
ਬਿਬਿਧ ਬਿਧਨ ਕੇ ਅਮਲ ਮੰਗਾਏ।। ਬੈਠਿ ਕੁਅਰਿ ਕੇ ਤੀਰ ਚੜ੍ਹਾਏ।। ੭੪।।

ਜਦ ਉਸ ਇਸਤਰੀ ਨੇ ਪ੍ਰੇਮੀ ਦੇ ਦਰਸ਼ਨ ਕੀਤੇ ਤਾਂ ਖਾਣ ਪੀਣ ਦਾ ਸਾਮਾਨ ਅੱਗੇ ਲਿਆ ਰਖਿਆ। ਉਸ ਕਈ ਪ੍ਰਕਾਰ ਦੇ ਨਸ਼ੇ ਮੰਗਵਾਏ ਅਤੇ ਰਾਜ ਕੁਮਾਰੀ ਦੇ ਕੋਲ ਬੈਠ ਕੇ ਹੀ ਪੀ ਗਿਆ।।੧੪।।

ਤਾਹੂ ਕੋ ਬਹੁ ਕੈਫ ਪਿਵਾਈ।। ਬਹੁਰੋ ਲਯੋ ਗਰੇ ਸੋ ਲਾਈ।।
ਆਸਨ ਚੁੰਬਨ ਬਹੁ ਬਿਧਿ ਕੀਏ।। ਚਿਤ ਕੇ ਤਾਪ ਬਿਦਾ ਕਰਿ ਦੀਏ।। ੭੫।।

ਉਸ ਨੂੰ ਵੀ ਬਹੁਤ ਸਾਰੀ ਸ਼ਰਾਬ ਪਿਆਈ ਅਤੇ ਫਿਰ ਗਲ ਨਾਲ ਲਾ ਲਈ। ਕਈ ਪ੍ਰਕਾਰ ਦੇ ਚੁੰਮਣ ਅਤੇ ਆਸਣ ਕੀਤੇ ਅਤੇ ਦਿਲ ਦੇ ਸਾਰੇ ਹਿਰਖ ਦੂਰ ਕਰ ਲਏ।।੭੫।।

ਦੋਹਰਾ।। ਕੁਅਰਿ ਸਜਨ ਸੋ ਰਤਿ ਕਰਤ ਰੀਝ ਰਹੀ ਮਨ ਮਾਹਿ।।
ਵਹਿ ਦਿਨ ਪੂਜਾ ਰੁਦ੍ਰ ਕੀ ਭੂਲਿ ਕਰੀ ਤਿਨ ਨਾਹਿ।। ੭੬।।

Namdhari Elibrary NamdhariElibrary@gmail.com

ਰਾਜ ਕੁਮਾਰੀ ਨੇ ਖੁਸ਼ ਹੋ ਕੇ ਕੁਮਾਰ ਨਾਲ ਕਾਮ ਕ੍ਰੀੜਾ ਕੀਤੀ ਅਤੇ ਉਸ ਦਿਨ ਸ਼ਿਵਜੀ ਦੀ ਪੂਜਾ ਕਰਨਾ ਵੀ ਭੁਲ ਗਈ॥੭੬॥

**ਚੌਪਈ॥ ਕੁਅਰਿ ਕੁਅਰ ਕੈ ਸੰਗ ਸਿਧਾਈ॥ ਏਕ ਬਿਵਤ ਮਨ ਮਾਹਿ ਪਕਾਈ॥**
**ਇਕ ਦੁਰਬਲ ਤ੍ਰਿਯ ਨਿਕਟ ਬਲਾਇਸਿ॥ ਕਾਨ ਲਾਗਿ ਤਿਹ ਮੰਤ੍ਰ ਸਿਖਾਇਸਿ॥੭੭॥**

ਪਦ ਅਰਥ - ਸੰਗ=ਨਾਲ। ਸਿਧਾਈ=ਚਲੀ ਗਈ।

ਰਾਜ ਕੁਮਾਰੀ, ਰਾਜ ਕੁਮਾਰ ਦੇ ਨਾਲ ਚਲੇ ਗਈ ਅਤੇ ਉਸ ਇਕ ਯੋਜਨਾ ਬਣਾਈ। ਉਸ ਇਕ ਕਾਲੀ ਅਤੇ ਕਮਜ਼ੋਰ ਜੇਹੀ ਇਸਤਰੀ ਨੂੰ ਆਪਣੇ ਕੋਲ ਬੁਲਾਇਆ ਅਤੇ ਉਹਦੇ ਕੰਨਾਂ ਵਿਚ ਇਕ ਗੱਲ ਸਮਝਾਈ॥੭੭॥

**ਅਪਨੀ ਠੌਰ ਤਾਹਿ ਬੈਠਾਯੋ॥ ਤਾਂਹਿ ਭਲੀ ਬਿਧਿ ਚਰਿਤ ਸਿਖਾਯੋ॥**
**ਸਭ ਸਖਿਯਨ ਜਬ ਤਾਹਿ ਨਿਹਾਰਾ॥ ਤਿਨ ਤ੍ਰਿਯ ਤਬ ਇਹ ਭਾਂਤਿ ਉਚਾਰਾ॥੭੮॥**

ਉਸ ਨੂੰ ਆਪਣੇ ਥਾਂ ਤੇ ਬਿਠਾ ਦਿੱਤਾ ਅਤੇ ਉਸ ਨੂੰ ਠੀਕ ਢੰਗ ਨਾਲ ਚਲਿੱਤਰ ਸਮਝਾ ਦਿੱਤਾ। ਜਦ ਉਸ ਨੂੰ ਸਾਰੀਆਂ ਸਖੀਆਂ ਨੇ ਵੇਖਿਆ ਤਾਂ ਉਸ ਇਸ ਪ੍ਰਕਾਰ ਕਿਹਾ॥੭੮॥

**ਮੈਂ ਸ਼ਿਵ ਪੂਜਨ ਕਾਲਿ ਨ ਗਈ॥ ਤਾਤੇ ਸ੍ਰਾਪ ਰੁਦ੍ਰ ਮੁਹਿ ਦਈ॥**
**ਯਾਤੇ ਅਵਰ ਬਰਨ ਹ੍ਵੈ ਗਯੋ॥ ਗੋਰ ਬਰਨ ਤੇ ਸਾਂਵਰ ਭਯੋ॥੭੯॥**

ਪਦ ਅਰਥ - ਗੋਰ=ਗੋਰਾ। ਬਰਨ=ਬਦਨ, ਸਰੀਰ। ਸਾਂਵਰ=ਕਾਲਾ।

ਕਲ ਮੈਂ ਸ਼ਿਵਜੀ ਦੀ ਪੂਜਾ ਕਰਨ ਨਹੀਂ ਗਈ ਸੀ ਇਸ ਲਈ ਸ਼ਿਵਜੀ ਨੇ ਗੁੱਸੇ ਵਿਚ ਆ ਕੇ ਮੈਨੂੰ ਸਰਾਪ ਦੇ ਦਿੱਤਾ ਹੈ। ਇਸ ਕਰਕੇ ਮੇਰਾ ਰੰਗ ਬਦਲ ਗਿਆ ਹੈ ਅਤੇ ਗੋਰੇ ਤੋਂ ਕਾਲਾ ਹੋ ਗਿਆ ਹੈ॥੭੯॥

**ਸਭ ਸਖਿਯਨ ਇਹ ਭਾਂਤਿ ਸੁਨਾ ਜਬ॥ ਮਿਲਿ ਰਾਜਾ ਪਹਿ ਜਾਤ ਭਈ ਸਬ॥**
**ਸਭ ਬ੍ਰਿਤਾਂਤ ਕਹਿ ਤਾਹਿ ਸੁਨਾਯੋ॥ ਦੁਹਿਤਹਿ ਤਾਤ ਬਿਲੋਕਨ ਆਯੋ॥੮੦॥**

ਜਦ ਸਾਰੀਆਂ ਸਹੇਲੀਆਂ ਨੇ ਇਹ ਸੁਣਿਆ ਤਾਂ ਸਾਰੀਆਂ ਮਿਲਕੇ ਰਾਜੇ ਦੇ ਕੋਲ ਗਈਆਂ। ਉਸ ਨੂੰ ਸਾਰਾ ਮਾਜਰਾ ਕਹਿ ਸੁਣਾਇਆ ਅਤੇ ਪਿਤਾ ਤੁਰੰਤ ਪੁੱਤਰੀ ਨੂੰ ਵੇਖਣ ਵਾਸਤੇ ਆ ਗਿਆ॥੮੦॥

**ਅਨਤ ਬਰਨ ਰਾਜੈ ਜਬ ਲਹਾ॥ ਇਹ ਬਿਧਿ ਸੋ ਰਾਨੀ ਤਨ ਕਹਾ॥**
**ਕਹਾ ਭਯੋ ਇਹ ਰਾਜ ਦੁਲਾਰੀ॥ ਗੋਰੀ ਹੁਤੀ ਹ੍ਵੈ ਗਈ ਕਾਰੀ॥੮੧॥**

ਪਦ ਅਰਥ - ਅਨਤ ਬਰਨ=ਹੋਰ ਰੰਗ ਦਾ ਸਰੀਰ। ਕਾਰੀ=ਕਾਲੀ।

ਰਾਜੇ ਨੇ ਜਦ ਉਸ ਦਾ ਦੂਸਰਾ ਰੂਪ ਵੇਖਿਆਂ ਤਾਂ ਉਸ ਇਹ ਗੱਲ ਰਾਣੀ ਨੂੰ ਦੱਸੀ ਕਿ ਇਸ ਰਾਜ ਕੁਮਾਰੀ ਨੂੰ ਕੀ ਹੋ ਗਿਆ ਹੈ ਜਿਹੜੀ ਇਹ ਗੋਰੀ ਤੋਂ ਕਾਲੀ ਹੋ ਗਈ ਹੈ।।੮੧।।

**ਦੋਹਰਾ।। ਬਿਰਧ ਤਰੁਨਿ ਤੇ ਹ੍ਵੈ ਗਈ ਭਈ ਗੋਰਿ ਤੇ ਸਜਾਮ।।**
**ਸਤਿ ਸ੍ਰਾਪ ਸ਼ਿਵ ਐਸਈ ਜਪੋ ਸਕਲ ਸਭ ਜਾਮ।। ੮੨।।**

ਪਦ ਅਰਥ – ਤਰੁਨਿ=ਮੁਟਿਆਰ, ਜਵਾਨ। ਸਜਾਮ=ਕਾਲੀ। ਸਕਲ=ਸਭ।

ਇਹ ਮੁਟਿਆਰ ਤੋਂ ਬੁੱਢੀ ਅਤੇ ਗੋਰੀ ਤੋਂ ਕਾਲੀ ਹੋ ਗਈ ਹੈ। ਸ਼ਿਵਜੀ ਦਾ ਸਰਾਪ ਸੱਚਾ ਹੈ ਉਸ ਦਾ ਅੱਠ ਪਹਿਰ ਜਾਪ ਕਰਨਾ ਚਾਹੀਦਾ ਹੈ।।੮੨।।

**ਚੌਪਈ।।ਮੂਰਖ ਰਾਜ ਬਾਤ ਨਹਿ ਜਾਨੀ।।ਔਰ ਨਾਰਿ ਦੁਹਿਤਾ ਪਹਿਚਾਨੀ।।**
**ਬਿਰਹਮਤੀ ਮਿਤਵਾ ਸੰਗ ਗਈ।।ਬਹੁ ਬਿਧਿ ਭੋਗ ਕਮਾਵਤ ਭਈ।।੮੩।।**

ਮੂਰਖ ਰਾਜਾ ਅਸਲ ਗੱਲ ਸਮਝ ਨ ਸਕਿਆ ਅਤੇ ਇਕ ਪਰਾਈ ਇਸਤਰੀ ਨੂੰ ਆਪਣੀ ਲੜਕੀ ਸਮਝ ਬੈਠਾ। ਓਧਰ ਬਿਰਹਾਮਤੀ ਤਾਂ ਆਪਣੇ ਮਿੱਤਰ ਨਾਲ ਚਲੇ ਗਈ ਅਤੇ ਕਈ ਪ੍ਰਕਾਰ ਦੇ ਸੁਖ ਭੋਗਣ ਲੱਗੀ।।੮੩।।

**ਅੜਿੱਲ।। ਇਕ ਦਿਨ ਧਾਮ ਪਰੀ ਕੇ ਦੇਤ ਪਠਾਇਕੈ।।**
**ਇਕ ਦਿਨ ਆਪੁ ਕਲੋਲ ਕਰਤ ਸੁਖ ਪਾਇਕੈ।।**
**ਅਰਧਾ ਅਰਧ ਬਜਾਵੈ ਤਾਸੌ ਰੈਨਿ ਦਿਨ।।**
**ਹੋ ਮੂਰਖ ਬਾਤ ਨ ਪਾਈ ਰਾਜੈ ਕਛੂ ਇਨ।। ੮੪।। ੧।।**

ਪਦ ਅਰਥ – ਦੇਤ ਪਠਾਇਕੈ=ਭੇਜ ਦਿੰਦੀ ਸੀ। ਅਰਧਾ ਅਰਧ=ਪ੍ਰੇਮ ਪਿਆਰ।

ਇਕ ਦਿਨ ਉਹ ਰਾਜ ਕੁਮਾਰ ਨੂੰ ਪਰੀ ਦੇ ਘਰ ਭੇਜ ਦਿੰਦੀ ਸੀ ਅਤੇ ਇਕ ਦਿਨ ਆਪ ਸੁਖ ਪੂਰਵਕ ਕਾਮ ਕਲੋਲਾਂ ਕਰਦੀ ਸੀ। ਉਹ ਰਾਤ ਦਿਨ ਉਸ ਨਾਲ ਪ੍ਰੇਮ ਪਿਆਰ ਕਰਦੀ ਸੀ ਪਰ ਮੂਰਖ ਰਾਜਾ ਇਸ ਬਾਰੇ ਕੁਝ ਵੀ ਨ ਜਾਣ ਸਕਿਆ।।੮੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚੌਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੬੪।।੫੦੫੧।।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਚੌਂਠਵੀਂ ਕਥਾ ਸਮਾਪਤ।।੨੬੪।।੫੦੫੧।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਦੋ ਸੌ ਪੈਂਠਵਾਂ

# ਕਥਾ ਪ੍ਰਕ੍ਰਿਤ ਮਤੀ

**ਚੌਪਈ।। ਪੂਰਬ ਦਿਸਿ ਰਥ ਚਿਤ੍ਰ ਨਰਾਧਿਪ।। ਸਕਲ ਪ੍ਰਿਥੀ ਤਲ ਹੁਤੋ ਨ੍ਰਿਪਾਧਿਪ।।**
**ਪ੍ਰਕ੍ਰਿਤ ਮਤੀ ਤਾਕੀ ਪਟਰਾਨੀ।। ਨਰੀ ਸੁਰੀ ਜਿਹ ਨਿਰਖਿ ਲਜਾਨੀ।। ੧।।**

ਪਦ ਅਰਥ - ਨਿਰਾਧਪ=ਰਾਜਾ। ਨ੍ਰਿਪਾਧਿਪ=ਸਮਰਾਟ। ਲਜਾਨੀ=ਲੱਜਿਤ

ਪੂਰਬ ਵਾਲੇ ਪਾਸੇ ਇਕ ਚਿਤਰ ਰਥ ਨਾਮੀਂ ਰਾਜਾ ਸੀ ਜਿਹੜਾ ਕਿ ਸਾਰੇ ਸੰਸਾਰ ਦਾ ਸਮਰਾਟ ਸੀ। ਉਸ ਦੀ ਪਟਰਾਣੀ ਪ੍ਰਕ੍ਰਿਤ ਮਤੀ ਸੀ ਜਿਸ ਦੀ ਸੁੰਦਰਤਾ ਦੇ ਸਾਹਮਣੇ ਸਭ ਨਰ ਇਸਤਰੀਆਂ ਅਤੇ ਦੇਵ ਇਸਤਰੀਆਂ ਲੱਜਿਤ ਹੁੰਦੀਆਂ ਸਨ।।੧।।

**ਦੋਹਰਾ।। ਚਿੱਤ੍ਰ ਕੌਚ ਇਕ ਨ੍ਰਿਪ ਹੁਤੋ ਢਾਕਾ ਸ਼ਹਿਰ ਮੰਝਾਰ।।**
**ਜਾ ਸਮ ਸੁੰਦ੍ਰ ਨ ਹੋਇਗੋ ਭਯੋ ਨ ਰਾਜ ਕੁਮਾਰ।। ੨।।**

ਚਿਤਰ ਕੌਚ ਨਾਮੀਂ ਇਕ ਰਾਜਾ ਸੀ ਜੋ ਢਾਕਾ ਸ਼ਹਿਰ ਵਿਚ ਰਹਿੰਦਾ ਸੀ. ਉਸ ਵਰਗਾ ਸੁੰਦਰ ਰਾਜ ਕੁਮਾਰ ਨ ਕੋਈ ਹੋਇਆ ਹੈ ਅਤੇ ਨ ਹੀ ਹੋਵੇਗਾ।।੨।।

**ਜਾਤ੍ਰਾ ਤੀਰਥਨ ਕੀ ਨਿਮਿਤ ਗਜੋ ਤਹ ਰਾਜ ਕੁਮਾਰ।।**
**ਜਾਨੁਕ ਚਲਾ ਸ਼ਿੰਗਾਰ ਯਹ ਨੌ ਸਤ ਸਾਜ ਸ਼ਿੰਗਾਰ।। ੩।।**

ਪਦ ਅਰਥ - ਨੌ ਸਤ ਸਾਜ ਸ਼ਿੰਗਾਰ= ਸੋਲ੍ਹਾਂ ਸ਼ਿੰਗਾਰ ਕਰਕੇ।

ਉਹ ਰਾਜ ਕੁਮਾਰ ਇਕ ਵਾਰ ਤੀਰਥ ਯਾਤਰਾ ਲਈ ਗਿਆ। ਉਹ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸ਼ਿੰਗਾਰ ਖੁਦ ਸੋਲਾਂ ਸ਼ਿੰਗਾਰ ਕਰਕੇ ਚਲ ਰਿਹਾ ਹੋਵੇ।।੩।।

**ਅੜਿੱਲ।। ਜਹਾਂ ਝਰੋਖਾ ਰਾਨਾ ਨ੍ਰਿਪਤਿ ਸੁਧਾਰਿਕੈ।।**
**ਤਿਹ ਮਗ ਨਿਕਸਾ ਨ੍ਰਿਪ ਨੌ ਸਤ ਸ਼ਿੰਗਾਰਿਕੈ।।**
**ਨਿਰਖਿ ਪ੍ਰਭਾ ਤਿਹ ਤਰੁਨਿ ਅਧਿਕ ਬੌਰੀ ਭਈ।।**
**ਹੋ ਘਰ ਬਾਹਰ ਕੀ ਸੁਧਿ ਛੂਟਕਿਰਿ ਸਿਗਰੀ ਗਈ।। ੪।।**

ਜਿਸ ਪਾਸੇ ਰਾਣੀਆਂ ਦਾ ਝਰੋਖਾ ਸੀ ਰਾਜਾ ਸੱਜ ਧੱਜ ਕੇ ਓਸ ਪਾਸਿਓਂ ਦੀ ਨਿਕਲਿਆ। ਉਸ ਦੀ ਸੁੰਦਰ ਸ਼ਕਲ ਨੂੰ ਵੇਖਕੇ ਜਵਾਨ ਇਸਤਰੀਆਂ ਪਾਗਲ ਹੋ ਗਈਆਂ ਅਤੇ ਉਨ੍ਹਾਂ ਨੂੰ ਘਰ ਬਾਰ ਦੀ ਸੁੱਧ ਭੁੱਲ ਗਈ।।੪।।

Namdhari Elibrary NamdhariElibrary@gmail.com

ਨਿਕਸਿ ਠਾਢਿ ਭੀ ਨੈ ਸਤ ਕੁਅਰਿ ਸ਼ਿੰਗਾਰ ਕਰਿ॥
ਜੋਰਿ ਰਹੀ ਚਖੁ ਚਾਰਿ ਸੁ ਲਾਜ ਬਿਸਾਰਿ ਕਰਿ॥
ਨਿਰਖਿ ਨ੍ਰਿਪਤਿ ਚਕਿ ਰਹਾ ਤਰੁਨਿ ਕੇਤੇ ਜਤਨ॥
ਹੋ ਨਰੀ ਨਾਗਨੀ ਨਗੀ ਬਿਚਾਰੀ ਕੌਨ ਮਨ॥ ੫॥

ਸਾਰੀਆਂ ਕੁਵਾਰੀਆਂ ਕੁੜੀਆਂ ਸੋਲਾਂ ਸ਼ਿੰਗਾਰ ਕਰਕੇ ਨਿਕਲ ਆਈਆਂ ਅਤੇ ਸ਼ਰਮ ਹਯਾ ਨੂੰ ਭੁੱਲ ਕੇ ਉਸ ਵੱਲ ਅੱਖਾਂ ਲਾ ਕੇ ਖੜੀਆਂ ਹੋ ਗਈਆਂ। ਉਸ ਨੌਜਵਾਨ ਰਾਣੀ ਨੂੰ ਵੇਖ ਕੇ ਰਾਜਾ ਦੰਗ ਰਹਿ ਗਿਆ ਅਤੇ ਸੋਚਣ ਲੱਗਾ ਕਿ ਇਹ ਨਰ ਇਸਤਰੀ, ਨਾਗ ਇਸਤਰੀ ਜਾਂ ਪਹਾੜੀ ਇਸਤਰੀ ਵਿਚੋਂ ਕੌਣ ਹੈ॥੫॥

ਚਾਰੁ ਚਿੱਤ੍ਰਨੀ ਚਿੱਤ੍ਰ ਕਿ ਪ੍ਰਤਿਮਾ ਜਾਨਿਯੈ॥
ਪਰੀ ਪਦਮਿਨੀ ਪ੍ਰਕ੍ਰਿਤਿ ਪਾਰਬਤੀ ਮਾਨਿਯੈ॥
ਏਕ ਬਾਰ ਜੌ ਐਸੀ ਭੇਟਨ ਪਾਇਯੈ॥
ਹੋ ਆਠ ਜਨਮ ਲਗਿ ਪਲ ਪਲ ਬਲਿ ਬਲਿ ਜਾਇਯੈ॥ ੬॥

ਉਹ ਸੁੰਦਰ ਸ਼ਕਲ ਵਾਲੀ ਇਸਤਰੀ ਪਰੀ, ਪਦਮਨੀ, ਪ੍ਰਕ੍ਰਿਤੀ ਜਾਂ ਕਿ ਪਾਰਬਤੀ ਸੀ। ਇਕ ਵਾਰ ਜੇ ਇਸ ਤਰ੍ਹਾਂ ਦੀ ਸੁੰਦਰ ਇਸਤਰੀ ਰਮਣ ਵਾਸਤੇ ਮਿਲ ਜਾਵੇ ਤਾਂ ਅੱਠਾਂ ਜਨਮਾਂ ਤਕ ਇੱਕ ਇੱਕ ਪਲ ਉਸ ਉਤੋਂ ਬਲਿਹਾਰ ਕੀਤਾ ਜਾ ਸਕਦਾ ਹੈ॥੬॥

ਚੌਪਈ॥ ਉਤੈ ਕੁਅਰਿ ਕਹ ਚਾਹਿ ਭਈ ਇਹ॥ ਇਹ ਕੌ ਬਾਂਛਾ ਭਈ ਅਧਿਕ ਤਿਹ॥
ਪ੍ਰਗਟ ਠਾਢ ਹ੍ਵੈ ਹੇਰਤ ਦੋਊ॥ ਇਤ ਉਤ ਪਲ ਨ ਟਰਤ ਭਯੋ ਕੋਊ॥ ੭॥

ਪਦ ਅਰਥ - ਬਾਂਛਾ=ਇੱਛਾ। ਠਾਢ=ਖਲੋਕੇ। ਹੇਰਿਤ=ਵੇਖਦੇ ਸਨ। ਟਰਤ=ਟਲਣਾ

ਏਧਰ ਰਾਜੇ ਵਿਚ ਵੀ ਚਾਹਤ ਪੈਦਾ ਹੋਈ ਅਤੇ ਓਧਰ ਰਾਣੀ ਵਿਚ ਵੀ ਇੱਛਾ ਉਤੇਜੱਤ ਹੋਈ। ਦੋਵੇਂ ਹੀ ਖਲੋਕੇ ਇਕ ਦੂਸਰੇ ਵੱਲ ਵੇਖਣ ਲੱਗੇ ਅਤੇ ਇੱਕ ਪਲ ਵਾਸਤੇ ਵੀ ਕੋਈ ਅੱਗੇ ਪਿੱਛੇ ਨ ਹੋਇਆ॥੭॥

ਦੋਹਰਾ॥ ਇਤ ਉਤ ਠਾਢੇ ਹੇਰ ਦ੍ਵੈ ਪ੍ਰੇਮਾਤੁਰ ਹ੍ਵੈ ਤੌਨ॥
ਜਨੁ ਸਨਮੁਖ ਰਨ ਭਟ ਭਏ ਭਾਜਿ ਚਲੇ ਕਹੁ ਕੌਨ॥ ੮॥

ਏਧਰ ਓਧਰ ਦੋਵੇਂ ਹੀ ਪ੍ਰੇਮ ਵਿਚ ਵਿਆਕੁਲ ਹੋ ਕੇ ਇਸ ਤਰ੍ਹਾਂ ਖੜੇ ਸਨ ਜਿਵੇਂ ਕਿ ਯੁੱਧ ਦੇ ਮੈਦਾਨ ਵਿਚ ਦੋ ਜੋਧੇ ਇਕ ਦੂਸਰੇ ਦੇ ਆਹਮਣੇ ਸਾਹਮਣੇ ਖੜੇ ਹੁੰਦੇ ਹਨ। ਹੁਣ ਵੇਖਦੇ ਹਾਂ

ਕਿ ਭਲਾ ਕੋਈ ਕਿਸ ਤਰ੍ਹਾਂ ਭੱਜ ਕੇ ਜਾ ਸਕਦਾ ਹੈ।।੮।।

**ਚੌਪਈ।। ਲਾਗਤਿ ਪ੍ਰੀਤਿ ਦੁਹੂੰਨ ਕੀ ਭਈ।। ਅਥਿਯੋ ਸੂਰ ਰੈਨਿ ਹ੍ਵੈ ਗਈ।।**
**ਰਾਨੀ ਦੂਤਿਕ ਤਹਾਂ ਪਠਾਯੋ।। ਅਧਿਕ ਸਜਨ ਸੌ ਨੇਹ ਜਤਾਯੋ।।੯।।**

ਦੋਵਾਂ ਵਿਚ ਪ੍ਰੀਤ ਵੱਧ ਗਈ ਅਤੇ ਸੂਰਜ ਡੁੱਬ ਗਿਆ ਅਤੇ ਰਾਤ ਪੈ ਗਈ। ਰਾਣੀ ਨੇ ਇਕ ਦਾਸੀ ਨੂੰ ਉਸ ਵੱਲ ਭੇਜਿਆ ਅਤੇ ਉਸ ਰਾਜ ਕੁਮਾਰ ਨਾਲ ਬਹੁਤ ਪ੍ਰੇਮ ਜਤਾਇਆ।।੯।।

**ਤਿਹ ਰਾਨੀ ਸੌ ਪਤਿ ਕੋ ਅਤਿ ਹਿਤ।। ਨਿਸਿ ਕਹ ਤਾਂਹਿ ਨ ਛਾਡਤ ਇਤ ਉਤ।।**
**ਸੋਤ ਸਦਾ ਤਿਹ ਗਰੇ ਲਗਾਏ।। ਭਾਂਤਿ ਅਨਿਕ ਸੌ ਹਰਖ ਬਢਾਏ।। ੧੦।।**

ਉਸ ਰਾਣੀ ਨਾਲ ਉਸ ਦੇ ਪਤੀ ਦਾ ਬਹੁਤ ਪਿਆਰ ਸੀ ਅਤੇ ਰਾਤ ਉਹ ਉਸ ਨੂੰ ਇੱਧਰ ਉੱਧਰ ਜ਼ਰਾ ਭਰ ਵੀ ਖਿਸਕਣ ਨਹੀਂ ਦਿੰਦਾ ਸੀ। ਉਹ ਅਨੇਕਾਂ ਪ੍ਰਕਾਰ ਨਾਲ ਅਨੰਦ ਮਾਣਕੇ ਉਸ ਦੇ ਗਲ ਨਾਲ ਲੱਗ ਕੇ ਸੌਂਦਾ ਸੀ।।੧੦।।

**ਰਾਨੀ ਘਾਤ ਕੋਊ ਨਹਿ ਪਾਵੈ।। ਜਿਹ ਛਲ ਤਾਸੌ ਭੋਗ ਕਮਾਵੈ।।**
**ਰਾਜਾ ਸਦਾ ਸੋਤ ਸੰਗ ਤਾਕੇ।। ਕਿਹ ਬਿਧਿ ਸੰਗ ਮਿਲੈ ਇਹ ਵਾਕੇ।। ੧੧।।**

ਰਾਣੀ ਨੂੰ ਮੌਕਾ ਹੀ ਨਹੀਂ ਮਿਲ ਰਿਹਾ ਸੀ ਕਿ ਉਹ ਕਿਸੇ ਤਰ੍ਹਾਂ ਉਹਦੇ ਨਾਲ ਭੋਗ ਬਿਲਾਸ ਕਰ ਸਕੇ। ਰਾਜਾ ਖੁਦ ਉਸ ਦੇ ਨਾਲ ਸੌਂਦਾ ਸੀ। ਹੁਣ ਭਲਾ ਉਹ ਉਸ ਪ੍ਰੇਮੀ ਨੂੰ ਕਿੱਸ ਤਰ੍ਹਾਂ ਮਿਲੇ।।੧੧।।

**ਬਿਨਾ ਮਿਲੇ ਤਿਹ ਕਲ ਨਹਿ ਪਰਈ।। ਰਾਜਾ ਸੋਤ ਸੰਗ ਤੇਂ ਡਰਈ।।**
**ਜਬ ਸ੍ਵੈ ਗਯੋ ਪਤਿਹਿ ਲਖਿ ਪਾਯੋ।। ਵਹੈ ਘਾਤ ਲਖਿ ਤਾਹਿ ਬੁਲਾਯੋ।। ੧੨।।**

ਪਦ ਅਰਥ - ਕਲ=ਚੈਨ। ਲਖਿ=ਵੇਖਿਆ। ਵਹੈ, ਘਾਤ=ਮੌਕਾ ਪਾ ਕੇ।

ਬਿਨਾਂ ਉਸ ਨੂੰ ਮਿਲੇ ਉਸ ਨੂੰ ਚੈਨ ਨਹੀਂ ਆ ਰਿਹਾ ਸੀ ਅਤੇ ਰਾਜਾ ਉਹਦੇ ਨਾਲ ਸੌਂਦਾ ਸੀ। ਇਸ ਕਰਕੇ ਉਸ ਨੂੰ ਬਹੁਤ ਡਰ ਲੱਗਦਾ ਸੀ। ਜਦ ਉਸ ਆਪਣੇ ਪਤੀ ਨੂੰ ਸੌਂ ਗਿਆ ਵੇਖਿਆ ਤਾਂ ਮੌਕਾ ਪਾ ਕੇ ਉਸ ਨੂੰ ਬੁਲਾ ਲਿਆ।।੧੨।।

**ਪਠੈ ਸਹਚਰੀ ਲਯੋ ਬੁਲਾਈ।। ਬਹੁ ਬਿਧਿ ਤਾਹਿ ਕਹਾ ਸਮੁਝਾਈ।।**
**ਰਾਨੀ ਕਹਾ ਰਾਵ ਸੋ ਸੋਈ।। ਯੌ ਭਜਿਯਹੁ ਜਜੌਂ ਜਗੈ ਨ ਕੋਈ।। ੧੩।।**

ਉਸ ਨੂੰ ਦਾਸੀ ਭੇਜ ਕੇ ਬੁਲਾ ਲਿਆ ਅਤੇ ਕਈ ਪ੍ਰਕਾਰ ਨਾਲ ਉਸ ਨੂੰ ਸਮਝਾ ਦਿੱਤਾ। ਰਾਣੀ ਨੇ ਆਪਣੇ ਪ੍ਰੇਮੀ ਰਾਜੇ ਨੂੰ ਸਮਝਾਇਆ ਕਿ ਇਸ ਤਰ੍ਹਾਂ ਰਮਣ ਕਰਨਾ ਕਿ ਕੋਈ ਜਾਗ ਨ ਜਾਏ।।੧੩।।

**ਚਿੱਤ੍ਰ ਕੌਚ ਤਿਹ ਠਾਂ ਤਬ ਆਯੋ।। ਰਾਜਾ ਰਾਨੀ ਜਾਨਿ ਨ ਪਾਯੋ।।**

****************************************************************

**ਰਾਜਾ ਕੀ ਜਾਂਘੈ ਗਹਿ ਲੀਨੀ॥ ਬਲ ਸੋਂ ਐਂਚਿ ਆਪੁ ਤਰ ਕੀਨੀ॥ ੧੪॥**

ਰਾਜਾ ਚਿੱਤਰ ਕੌਂਚ ਦਾਸੀ ਵਲੋਂ ਦੱਸੀ ਹੋਈ ਥਾਂ ਤੇ ਆਇਆ, ਪਰ ਰਾਜੇ ਅਤੇ ਰਾਣੀ ਦੇ ਇਕੱਠੇ ਸੁਤੇ ਹੋਣ ਕਰਕੇ ਉਹ ਇਹ ਜਾਣ ਨ ਸਕਿਆ ਕਿ ਰਾਣੀ ਕਿਹੜੀ ਹੈ ਅਤੇ ਰਾਜਾ ਕਿਹੜਾ ਹੈ । ਗਲਤੀ ਨਾਲ ਉਸ ਰਾਜੇ ਨੂੰ ਹੀ ਰਾਣੀ ਸਮਝ ਲਿਆ ਅਤੇ ਉਸ ਦੀਆਂ ਲੱਤਾਂ ਖਿੱਚ ਕੇ ਆਪਣੇ ਹੇਠ ਦਬਾ ਲਈਆਂ ॥੧੪॥

**ਤਬ ਨ੍ਰਿਪ ਜਗਾ ਕੋਪ ਕਰਿ ਭਾਰਾ॥ ਚੋਰ ਚੋਰ ਕਹਿ ਖੜਗ ਸੰਭਾਰਾ॥**
**ਰਾਨੀ ਜਗੀ ਹਾਥ ਗਹਿ ਲੀਨਾ॥ ਯੌ ਜੜਕੌ ਪ੍ਰਤਿ ਉੱਤਰ ਦੀਨਾ॥ ੧੫॥**

ਰਾਜਾ ਗੁੱਸੇ ਵਿਚ ਆਕੇ ਜਾਗ ਪਿਆ ਅਤੇ ਚੋਰ ਚੋਰ ਕਹਿਕੇ ਉਸ ਆਪਣੀ ਤਲਵਾਰ ਸੰਭਾਲੀ। ਰਾਣੀ ਨੇ ਉੱਠ ਕੇ ਉਸ ਦਾ ਹੱਥ ਫੜ ਲਿਆ ਅਤੇ ਉਸ ਮੂਰਖ ਨੂੰ ਇਹ ਉੱਤਰ ਦਿੱਤਾ॥੧੫॥

**ਦੋਹਰਾ॥ ਤੀਰਥ ਨਿਮਿਤ ਆਯੋ ਹੁਤੋ ਯਹ ਢਾਕਾ ਕੋ ਰਾਇ॥**
**ਕਹਾ ਪ੍ਰਥਮ ਨ੍ਰਿਪ ਪਦ ਪਰਸਿ ਬਹੁਰਿ ਅਨੈਹੋ ਜਾਇ॥ ੧੬॥**

ਪਦ ਅਰਥ - ਨਿਮਿਤ=ਵਾਸਤੇ। ਰਾਇ=ਰਾਜਾ। ਪਦ ਪਰਿਸ=ਚਰਨ ਛੂਹ ਕੇ। ਅਨੈਹੋ=ਹੋਰ ਕਿਤੇ।

ਤੀਰਥ ਯਾਤਰਾ ਵਾਸਤੇ ਇਹ ਢਾਕਾ ਦਾ ਰਾਜਾ ਆਇਆ ਹੋਇਆ ਹੈ। ਉਹ ਕਹਿ ਰਿਹਾ ਸੀ ਕਿ ਪਹਿਲਾਂ ਰਾਜੇ ਦੇ ਚਰਨ ਛੂਹ ਕੇ ਫਿਰ ਕਿਤੇ ਹੋਰ ਜਾਵਾਂਗਾ॥੧੬॥

**ਚੌਪਈ॥ ਤੁਮਰੇ ਪਗ ਪਰਸਨ ਕੇ ਕਾਜਾ॥ ਇਹ ਕਾਰਨ ਆਯੋ ਇਹ ਰਾਜਾ॥**
**ਤਿਹ ਨ ਹਨੋ ਇਹ ਬਹੁ ਧਨ ਦੀਜੈ॥ ਚਰਨ ਲਗਾ ਪਤਿ ਬਿਦਾ ਕਰੀਜੈ॥੧੭॥**

ਪਦ ਅਰਥ - ਤਿਹ ਨ ਹਨੋ=ਇਸ ਨੂੰ ਮਾਰੋ ਨ। ਬਿਦਾ=ਵਿਦਾ।

ਇਸ ਲਈ ਹੇ ਰਾਜਨ ਇਹ ਤਾਂ ਤੁਹਾਡੇ ਚਰਨ ਛੂਹਣ ਵਾਸਤੇ ਆਇਆ ਸੀ। ਇਸ ਲਈ ਇਸ ਨੂੰ ਮਾਰੋ ਨਹੀਂ ਬਲਕਿ ਬਹੁਤ ਸਾਰਾ ਧਨ ਦੇ ਕੇ ਅਤੇ ਚਰਨ ਸਪਰਸ਼ ਕਰਵਾਕੇ ਇਸ ਨੂੰ ਵਿਦਾ ਕਰੋ॥੧੭॥

**ਦੋਹਰਾ॥ ਬਿਦਾ ਕਿਯਾ ਨ੍ਰਿਪ ਦਰਬ ਦੈ ਤਾਂਕੋ ਚਰਨ ਲਗਾਇ॥**
**ਇਹ ਛਲ ਸੌ ਮੂਰਖ ਛਲਾ ਸਕਾ ਨ ਛਲ ਕੋ ਪਾਇ॥ ੧੮॥ ੧॥**

ਉਸ ਨੂੰ ਆਪਣੇ ਚਰਨਾਂ ਨਾਲ ਲਾ ਕੇ ਰਾਜੇ ਨੇ ਉਸ ਨੂੰ ਬਹੁਤ ਧਨ ਦਿੱਤਾ ਅਤੇ ਖੁਸ਼ੀ ਖੁਸ਼ੀ ਵਿਦਾ ਕਰ ਦਿੱਤਾ। ਇਸ ਚਲਿੱਤਰ ਨਾਲ ਉਸ ਰਾਣੀ ਨੇ ਉਸ ਮੂਰਖ ਰਾਜੇ ਨੂੰ ਛਲ ਲਿਆ। ਕੋਈ ਵੀ ਇਸ ਚਲਿੱਤਰ ਦੇ ਭੇਦ ਨੂੰ ਨ ਜਾਣ ਸਕਿਆ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਪੈਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੬੫॥੫੦੬੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਪੈਂਠਵੀਂ ਕਥਾ ਸਮਾਪਤ॥੨੬੫॥੫੦੬੯॥ਚਲਦਾ॥

# ਚਲਿੱਤਰ ਦੋ ਸੌ ਛਿਆਠਵਾਂ

## ਕਥਾ ਰਣਖੰਭਕਲਾ

**ਚੌਪਈ॥ ਸੁਮਤਿ ਸੈਨ ਇਕ ਨ੍ਰਿਪਤਿ ਸੁਨਾ ਬਰ॥ ਦੁਤਿਯ ਦਿਵਾਕਰ ਕਿਧੌ ਕਿਰਨਿ ਧਰ॥**
**ਸਮਰਮਤੀ ਰਾਨੀ ਗ੍ਰਿਹਿ ਤਾਕੇ॥ ਸੁਰੀ ਆਸੁਰੀ ਸਮ ਨਹਿ ਜਾਕੇ॥ ੧॥**

ਪਦ ਅਰਥ - ਸੁਰੀ=ਦੇਵਤਿਆਂ ਦੀ ਇਸਤਰੀ। ਅਸੁਰੀ=ਦੈਂਤਾਂ ਦੀ ਇਸਤਰੀ।

ਸੁਮਤ ਸੈਨ ਇਕ ਮਹਾਨ ਰਾਜਾ ਸੀ ਜਿਸਦਾ ਏਨਾ ਜਲੌ ਸੀ ਕਿ ਮਾਨੋਂ ਦੂਸਰਾ ਸੂਰਜ ਹੋਵੇ। ਉਸ ਦੇ ਘਰ ਵਿਚ ਸਮਰਮਤੀ ਨਾਮੀਂ ਰਾਣੀ ਸੀ ਜਿਸਦਾ ਸੁੰਦਰਤਾ ਪਖੋਂ ਮੁਕਾਬਲਾ ਕੋਈ ਦੇਵ ਦਾਨਵ ਇਸਤਰੀ ਵੀ ਨਹੀਂ ਕਰ ਸਕਦੀ ਸੀ॥੧॥

**ਸ੍ਰੀ ਰਨ ਖੰਭ ਕਲਾ ਦੁਹਿਤਾ ਤਿਹ॥ ਜੀਤਿ ਲਈ ਸਸਿ ਅੰਸ ਕਲਾ ਜਿਹ॥**
**ਨਿਰਖਿ ਭਾਨ ਜਿਹ ਪ੍ਰਭਾ ਰਹਤ ਦਬਿ॥ ਸੁਰੀ ਆਸੁਰਿਨ ਕੀ ਨਹਿ ਸਮ ਛਬਿ॥ ੨॥**

ਪਦ ਅਰਥ - ਭਾਨ=ਸੂਰਜ। ਪ੍ਰਭਾ=ਸੁੰਦਰ ਸ਼ਕਲ। ਛਬਿ=ਸ਼ੋਭਾ।

ਉਨ੍ਹਾਂ ਦੀ ਇਕ ਪੁੱਤਰੀ ਰਣਖੰਭ ਕਲਾ ਸੀ ਜਿਸ ਚੰਦਰਵੰਸ਼ੀ ਸਾਰੀਆਂ ਕਲਾਵਾਂ ਨੂੰ ਜਿੱਤ ਲਿਆ ਸੀ। ਉਹ ਅਤਿ ਸੁੰਦਰ ਸੀ ਅਤੇ ਸੂਰਜ ਵੀ ਉਸ ਦੀ ਸ਼ਕਲ ਵੇਖ ਕੇ ਦੱਬਿਆ ਦੱਬਿਆ ਰਹਿੰਦਾ ਸੀ ਅਤੇ ਇਹ ਸੋਚਦਾ ਸੀ ਕਿ ਦੇਵ-ਦਾਨਵ ਕੋਈ ਇਸਤਰੀ ਵੀ ਇਸ ਦੀ ਸੁੰਦਰਤਾ ਦੀ ਬਰਾਬਰਤਾ ਨਹੀਂ ਕਰ ਸਕਦੀ॥੨॥

**ਦੋਹਰਾ॥ ਤਰੁਨਿ ਭਈ ਤਰੁਨੀ ਜਬੈ ਅਧਿਕ ਸੁਖਨ ਕੇ ਸੰਗ॥**
**ਲਰਿਕਾਪਨ ਮਿਟਿ ਜਾਤ ਭਯੋ ਦੁੰਦਭਿ ਦਿਯੋ ਅਨੰਗ॥ ੩॥**

ਬਹੁਤ ਸੁਖ ਆਰਾਮ ਨਾਲ ਪੱਲ ਕੇ ਜਦ ਉਹ ਲੜਕੀ ਵੱਡੀ ਹੋਈ ਅਤੇ ਉਸ ਦਾ ਬਾਲਪਨ ਸਮਾਪਤ ਹੋ ਗਿਆ ਤਾਂ ਹੁਸੀਨ ਜਵਾਨੀ ਆ ਦਮਾਮਾ ਵਜਾਇਆ॥॥੩॥

**ਚੌਪਈ॥ ਚਾਰਿ ਭ੍ਰਾਤ ਤਾਕੇ ਬਲਵਾਨਾ॥ ਸੂਰਬੀਰ ਸਭ ਸ਼ਸਤ੍ਰ ਨਿਧਾਨਾ॥**
**ਤੇਜਵਾਨ ਦੁਤਿਮਾਨ ਅਤੁਲ ਬਲ॥ ਅਰਿ ਅਨੇਕ ਜੀਤੇ ਜਿਹ ਦਲਿ ਮਲਿ॥ ੪॥**

ਪਦ ਅਰਥ - ਤੇਜਵਾਨ=ਤੇਜੱਸਵੀ। ਸ਼ਸਤ੍ਰ ਨਿਧਾਨਾ=ਸ਼ਸਤਰ ਵਿਦਿਆ ਦੇ ਖਜ਼ਾਨੇ।

Namdhari Elibrary NamdhariElibrary@gmail.com

*********************************************************************

ਉਸ ਦੇ ਚਾਰ ਭਰਾ ਬਹੁਤ ਬਲਵਾਨ ਸਨ ਅਤੇ ਉਹ ਸੂਰਬੀਰ ਅਤੇ ਸ਼ਸਤਰ ਵਿਦਿਆ ਦੇ ਭੰਡਾਰ ਸਨ। ਉਹ ਬੜੇ ਤੇਜੱਸਵੀ, ਬੁਧਿਮਾਨ ਅਤੇ ਤਾਕਤਵਰ ਸਨ ਉਨ੍ਹਾਂ ਨੇ ਅਨੇਕਾਂ ਦੁਸ਼ਮਣਾਂ ਦੀਆਂ ਫੌਜਾਂ ਨੂੰ ਮਲੀਆਮੇਟ ਕਰਕੇ ਰੱਖ ਦਿੱਤਾ ਸੀ॥੪॥

**ਸਾਰਦੂਲ ਧੁਜ ਨਾਹਰ ਧੁਜ ਭਨ॥ ਸਿੰਘਕੇਤ ਹਰਿ ਕੇਤ ਮਹਾ ਮਨ॥**
**ਚਾਰੌ ਸੂਰਬੀਰ ਬਲਵਾਨਾ॥ ਮਾਨਤ ਸ਼ੱਤ੍ਰੂ ਸਕਲ ਜਿਹ ਆਨਾ॥੫॥**

ਸਾਰਦੂਲ ਧੁਜ, ਨਾਹਰ ਧੁਜ, ਸਿੰਘ ਕੇਤ ਅਤੇ ਹਰੀ ਕੇਤ ਨਾਮੀਂ ਇਹ ਚਾਰੇ ਭਰਾ ਬਹੁਤ ਸੂਰਬੀਰ ਅਤੇ ਬਹਾਦਰ ਸਨ ਅਤੇ ਸਾਰੇ ਦੁਸ਼ਮਣ ਇਨ੍ਹਾਂ ਦੀ ਈਨ ਮੰਨਦੇ ਸਨ॥੫॥

**ਚਾਰੌ ਕੁਅਰਿ ਪੜ੍ਹਨ ਕੇ ਕਾਜਾ॥ ਦਿਜ ਇਕ ਬੋਲਿ ਪਠਾਯੋ ਰਾਜਾ॥**
**ਭਾਖਜਾਦਿਕ ਬਜਾਕਰਨ ਪੜ੍ਹੇ ਜਿਨ॥ ਔਗਾਹਨ ਸਭ ਕਿਯ ਪੁਰਾਨ ਤਿਨ॥੬॥**

ਪਦ ਅਰਥ - ਕਾਜਾ=ਕਾਰਜ। ਦਿਜ=ਬ੍ਰਾਹਮਣ, ਪੰਡਤ। ਭਾਖਜਾਦਿਕ ਬਜਾਕਰਨ=ਭਾਸ਼ਾ ਵਿਆਕਰਣ। ਔਗਾਹਨ=ਅਧਿਐਨ। ਪੁਰਾਨ=ਪੁਰਾਣ।

ਚੌਹਾਂ ਰਾਜਕੁਮਾਰਾਂ ਦੀ ਪੜ੍ਹਾਈ ਲਈ ਰਾਜੇ ਨੇ ਇਕ ਬ੍ਰਹਮਣ ਨੂੰ ਬੁਲਾਇਆ, ਜਿਸ ਭਾਸ਼ਾ, ਵਿਆਕਰਣ ਆਦਿ ਪੜ੍ਹੀ ਹੋਈ ਸੀ ਅਤੇ ਸਾਰੇ ਪੁਰਾਣਾਂ ਦਾ ਅਧਿਐਨ ਕੀਤਾ ਹੋਇਆ ਸੀ॥੬॥

**ਅਧਿਕ ਦਰਬ ਨ੍ਰਿਪ ਬਰ ਤਿਹ ਦੀਯਾ॥ ਬਿਬਿਧ ਬਿਧਨ ਕਰਿ ਆਦਰ ਕੀਯਾ॥**
**ਸੁਤਾ ਸਹਿਤ ਸੌਂਪੇ ਸੁਤ ਤਿਹ ਘਰ॥ ਕਛੂ ਬਿਦਜਾ ਦਿਜਿ ਦੇਹੁ ਕ੍ਰਿਪਾ ਕਰਿ॥੭॥**

ਰਾਜੇ ਨੇ ਉਸ ਨੂੰ ਬਹੁਤ ਧਨ ਦਿੱਤਾ ਅਤੇ ਕਈ ਪ੍ਰਕਾਰ ਨਾਲ ਉਸ ਨੂੰ ਸਨਮਾਨਿਤ ਕੀਤਾ। ਪੁੱਤਰੀ ਸਮੇਤ ਉਸ ਨੂੰ ਚਾਰੇ ਪੁੱਤਰ ਸੌਂਪ ਦਿੱਤੇ ਅਤੇ ਕਿਹਾ ਕਿ ਪੰਡਤ ਜੀ ਕਿਰਪਾ ਕਰਕੇ ਇਨ੍ਹਾਂ ਨੂੰ ਵਿਦਿਆ ਦਾ ਦਾਨ ਬਖਸ਼ੋ॥੭॥

**ਜਬ ਤੇ ਤਹ ਪੜ੍ਹਬੇ ਕਹ ਆਵੈ॥ ਅਪਨੋ ਬਿਪ ਕਹ ਸੀਸ ਝੁਕਾਵੈ॥**
**ਜੋ ਸਿੱਖਜਾ ਦਿਜ ਦੇਤ ਸੁ ਲੇਹੀ॥ ਅਮਿਤ ਦਰਬ ਪੰਡਿਤ ਕਹ ਦੇਹੀ॥੮॥**

ਪਦ ਅਰਥ - ਪੜ੍ਹਬੇ=ਪੜ੍ਹਣ। ਬਿਪ=ਗੁਰੂ। ਸੀਸ ਝੁਕਾਵੈ=ਸਿਰ ਝੁਕਾਉਂਦੇ ਸਨ। ਦਿਜ=ਬ੍ਰਾਹਮਣ। ਅਮਿਤ=ਬਹੁਤ।

ਉਹ ਜਦ ਪੜ੍ਹਨ ਆਉਂਦੇ ਸਨ ਤਾਂ ਉਸ ਨੂੰ ਗੁਰੂ ਮੰਨ ਕੇ ਉਸ ਦੇ ਸਾਹਮਣੇ ਸਿਰ ਝੁਕਾਉਂਦੇ ਸਨ। ਜੋ ਬ੍ਰਾਹਮਣ ਉਨ੍ਹਾਂ ਨੂੰ ਸਿਖਿਆ ਦਿੰਦਾ ਸੀ, ਉਹ ਉਸ ਨੂੰ ਗ੍ਰਹਿਣ ਕਰਦੇ ਸਨ ਅਤੇ ਉਸ ਨੂੰ ਬਹੁਤ ਧਨ ਦਿੰਦੇ ਸਨ॥੮॥

**ਇਕ ਦਿਨ ਕੁਅਰਿ ਅਗਮਨੋ ਗਈ॥ ਦਿਜ ਕਹ ਸੀਸ ਝੁਕਾਵਤ ਭਈ॥**

Namdhari Elibrary NamdhariElibrary@gmail.com

**ਸਾਲਿਗ੍ਰਾਮ ਪੂਜਤ ਥਾ ਦਿਜਬਰ।। ਭਾਂਤਿ ਭਾਂਤਿ ਤਿਹ ਸੀਸ ਨਿਵਾਇ ਕਰਿ।। ੯।।**

ਪਦ ਅਰਥ – ਅਗਮਨੋ=ਪਹਿਲਾਂ। ਝੁਕਾਵਤ ਭਈ=ਸਿਰ ਝੁਕਾਇਆ। ਸਾਲਿਗ੍ਰਾਮ=ਸ਼ਿਵਲਿੰਗ। ਦਿਜਬਰ=ਸ੍ਰੇਸ਼ਟ ਬ੍ਰਾਹਮਣ।

ਇਕ ਦਿਨ ਕੁਮਾਰੀ ਪਹਿਲਾਂ ਚਲੇ ਗਈ ਅਤੇ ਉਸ ਬ੍ਰਾਹਮਣ ਅੱਗੇ ਆਪਣਾ ਸਿਰ ਝੁਕਾਇਆ। ਉਸ ਸਮੇਂ ਬ੍ਰਹਮਣ ਸ਼ਾਲਗਰਾਮ ਦੀ ਪੂਜਾ ਕਈ ਪ੍ਰਕਾਰ ਨਾਲ ਸਿਰ ਝੁਕਾ ਕੇ ਕਰ ਰਿਹਾ ਸੀ।।੯।।

**ਤਾਕੌ ਨਿਰਖਿ ਕੁਅਰਿ ਮੁਸਕਾਨੀ।। ਸੋ ਪ੍ਰਤਮਾ ਪਾਹਨ ਪਹਿਚਾਨੀ।।**
**ਤਾਹਿ ਕਹਾ ਪੂਜਤ ਕਿਹ ਨਮਿਤਿਹ।। ਸਿਰ ਨਾਵਤ ਕਰ ਜੋਰਿ ਕਾਜ ਜਿਹ।। ੧੦।।**

ਪਦ ਅਰਥ – ਨਿਰਖਿ=ਵੇਖਕੇ। ਮੁਸਕਾਨੀ=ਮੁਸਕਰਾਈ। ਪ੍ਰਤਮਾ=ਬੁੱਤ। ਪਾਹਨ=ਪੱਥਰ। ਪਹਿਚਾਨੀ=ਸਮਝਿਆ।

ਉਸ ਨੂੰ ਵੇਖ ਕੇ ਕੁਮਾਰੀ ਮੁਸਕਰਾਈ ਅਤੇ ਉਸ ਪੱਥਰ ਦੀ ਮੂਰਤੀ ਨੂੰ ਵੇਖਿਆ। ਕੁਮਾਰੀ ਨੇ ਉਸ ਨੂੰ ਕਿਹਾ ਕਿ ਤੁਸੀਂ ਇਸ ਪੱਥਰ ਦੀ ਪੂਜਾ ਕਿਉਂ ਕਰਦੇ ਹੋ ਅਤੇ ਇਸ ਦੇ ਸਾਹਮਣੇ ਸਿਰ ਕਿਉਂ ਝੁਕਾਉਂਦੇ ਹੋ ਅਤੇ ਹੱਥ ਜੋੜਦੇ ਹੋ।।੧੦।।

**ਦਿਜ ਬਾਚ।। ਸਾਲਗ੍ਰਾਮ ਠਾਕੁਰ ਏ ਬਾਲਾ।। ਪੂਜਤ ਜਿਨੈ ਬਡੇ ਨਰਪਾਲਾ।।**
**ਤੈਂ ਅੱਗਜਾਨ ਇਹ ਕਹਾ ਪਛਾਨੈ।। ਪਰਮੇਸ੍ਵਰ ਕਹ ਪਾਹਨ ਜਾਨੈ।। ੧੧।।**

ਬ੍ਰਹਮਣ ਨੇ ਦਸਿਆ ਕਿ ਇਹ ਜੋ ਪੱਥਰ ਹੈ ਇਹ ਸ਼ਾਲਗ ਰਾਮ ਹੈ ਜਿਸਦੀ ਪੂਜਾ ਵੱਡੇ ਵੱਡੇ ਰਾਜੇ ਕਰਦੇ ਹਨ। ਤੂੰ ਅਗਿਆਨੀ ਇਸਨੂੰ ਨਹੀਂ ਪਹਿਚਾਣ ਸਕਦੀ। ਤੂੰ ਪਰਮੇਸ਼ਰ ਨੂੰ ਪੱਥਰ ਮੰਨ ਰਹੀ ਹੈਂ।।੧੧।।

## *ਰਾਜਾ ਸੁਤ ਬਾਚ।।*

**ਸਵੈਯਾ।। ਤਾਹਿ ਪਛਾਨਤ ਹੈ ਨ ਮਹਾਂ ਜੜ੍ਹ ਜਾਕੋ ਪ੍ਰਤਾਪ ਤਿਹੂੰ ਪੁਰ ਮਾਹੀ।।**
**ਪੂਜਤ ਹੈ ਪ੍ਰਭੁ ਕੈ ਤਿਸ ਕੌ ਜਿਨਕੇ ਪਰਸੇ ਪਰਲੋਕ ਪਰਾਹੀ।।**
**ਪਾ ਪਕਰੋ ਪਰਮਾਰਥ ਕੈ ਜਿਹ ਪਾ ਪਨ ਤੈਂ ਅਤਿ ਪਾਪ ਡਰਾਹੀ।।**
**ਪਾਇ ਪਰੋ ਪਰਮੇਸ੍ਵਰ ਕੇ ਪਸੁ ਪਾਹਨ ਮੈ ਪਰਮੇਸ੍ਵਰ ਨਾਹੀ।। ੧੨।।**

ਪਦ ਅਰਥ – ਪਰਲੋਕ=ਦੂਸਰਾ ਲੋਕ, ਸਵਰਗ। ਪਸੁ=ਪਸ਼ੂ, ਮੂਰਖ।

ਰਾਜ ਕੁਮਾਰੀ ਨੇ ਕਿਹਾ ਕਿ ਮੂਰਖ ਲੋਕ ਪ੍ਰਭੂ ਨੂੰ ਪਛਾਣਦੇ ਨਹੀਂ ਹਨ ਜਿਸਦਾ ਪਰਤਾਪ ਤਿੰਨਾਂ ਲੋਕਾਂ ਵਿਚ ਵਿਆਪਕ ਹੈ। ਜੋ ਇਸ ਪੱਥਰ ਨੂੰ ਪ੍ਰਭੂ ਸਮਝਕੇ ਪੂਜਦੇ ਹਨ, ਉਸ ਨਾਲ ਪਰਲੋਕ

ਹੋਰ ਵੀ ਦੂਰ ਹੋ ਜਾਂਦਾ ਹੈ। ਪਰਮਾਰਥ ਦੇ ਨਾਂ ਤੇ ਏਨੇ ਪਾਪ ਕਰਦੇ ਹਨ ਕਿ ਉਨ੍ਹਾਂ ਪਾਪਾਂ ਵੱਲ ਵੇਖ ਕੇ ਪਾਪ ਖੁਦ ਸ਼ਰਮਸਾਰ ਹੋ ਜਾਂਦੇ ਹਨ। ਹੇ ਮੂਰਖ ਪਰਮੇਸ਼ਰ ਦੇ ਚਰਨਾਂ ਵਿਚ ਡਿੱਗੋ, ਇਨ੍ਹਾਂ ਪੱਥਰਾਂ ਵਿਚ ਪਰਮੇਸ਼ਰ ਨਹੀਂ ਹੈ।।੨੨।।

**ਬਿਜੈ ਛੰਦ।। ਜੀਵਨ ਮੈ ਜਲ ਮੈ ਥਲ ਮੈ ਸਭ ਰੂਪਨ ਮੈ ਸਭ ਭੂਪਨ ਮਾਹੀ।।**
**ਸੂਰਜ ਮੈ ਸਸਿ ਮੈ ਨਭ ਮੈ ਜਹ ਹੇਰੌ ਤਹਾ ਚਿਤਲਾਇ ਤਹਾਹੀ।।**
**ਪਾਵਕ ਮੈ ਅਰੁ ਪੌਨ ਹੂੰ ਮੈ ਪ੍ਰਿਥਵੀਤਲ ਮੈ ਸੁ ਕਹਾ ਨਹਿ ਜਾਂਹੀ।।**
**ਬਜਾਪਕ ਹੈ ਸਭ ਹੀ ਕੇ ਬਿਖੈ ਕਛੁ ਪਾਹਨ ਮੈ ਪਰਮੇਸ੍ਵਰ ਨਾਹੀ।। ੧੩।।**

ਪਦ ਅਰਥ – ਚਿਤਲਾਇ ਤਹਾਹੀ=ਜੇ ਉਸਨੂੰ ਮਨ ਲਾਕੇ ਲਭਿਆ ਜਾਏ ਤਾਂ ਉਹ ਪਰਮਾਤਮਾ ਹਰਇਕ ਵਿਚ ਹੈ।

ਪਰਮਤਮਾ ਸਭ ਵਿਚ ਵਸਦਾ ਹੈ। ਜਲ ਵਿਚ ਥਲ ਵਿਚ ਸਾਰਿਆਂ ਰੂਪਾਂ ਵਿਚ, ਰਾਜਿਆਂ ਵਿਚ, ਸੂਰਜ ਵਿਚ ਚੰਦ੍ਰਮਾਂ ਵਿਚ ਭਾਵ ਉਹ ਹਰ ਥਾਂ ਹੈ, ਜੇ ਉਸ ਨੂੰ ਮਨ ਲਾਕੇ ਭਾਲਿਆ ਜਾਵੇ। ਅੱਗ, ਹਵਾ, ਪ੍ਰਿਥਵੀ ਅਤੇ ਭਲਾ ਉਹ ਕਿਥੇ ਨਹੀਂ ਹੈ, ਉਹ ਪਰਮਾਤਮਾ ਸਭ ਵਿਚ ਵਿਆਪਕ ਹੈ। ਇਸ ਲਈ ਹੇ ਮੂਰਖ ਉਹ ਕੇਵਲ ਪੱਥਰਾਂ ਵਿਚ ਹੀ ਨਹੀਂ ਹੈ।।੧੩।।

**ਕਾਗਜ ਦੀਪ ਸਭੈ ਕਰਿਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਯੈ।।**
**ਕਾਟਿ ਬਨਾਸਪਤੀ ਸਿਗਰੀ ਲਿਖਬੇ ਹੂਕੌਂ ਲੇਖਨ ਕਾਜ ਬਨੈਯੈ।।**
**ਸਾਰਸ੍ਵਤੀ ਬਕਤਾ ਕਰਿਕੈ ਸਭ ਜੀਵਨ ਤੇ ਜੁਗ ਸਾਠਿ ਲਿਖੈਯੈ।।**
**ਜੋ ਪ੍ਰਭੁ ਪਾਯੁਤ ਹੈ ਨਹਿ ਕੈਸੇਹੂ ਸੋ ਜੜ੍ਹ ਪਾਹਨ ਮੌ ਠਹਰੈਯੈ।।੧੪।।**

ਜੇ ਸਾਰੀ ਧਰਤੀ ਨੂੰ ਕਾਗਜ਼ ਬਣਾਇਆ ਜਾਵੇ ਅਤੇ ਸੱਤਾਂ ਸਮੁੰਦਰਾਂ ਨੂੰ ਸਿਆਹੀ ਬਣਾਇਆ ਜਾਵੇ ਅਤੇ ਸਾਰੀ ਬਨਾਸਪਤੀ ਨੂੰ ਕਲਮ ਬਣਾਇਆ ਜਾਵੇ, ਸਰਸਵਤੀ ਖੁਦ ਬੋਲੇ ਅਤੇ ਸਾਰੇ ਜੀਵਾਂ ਦੁਆਰਾ ਸੱਠਾਂ ਜੁਗਾਂ ਤਕ ਵੀ ਲਿਖਿਆ ਜਾਵੇ, ਤਦ ਵੀ ਉਸ ਪ੍ਰਭੂ ਦਾ ਰਹਿਸ ਨਹੀਂ ਜਾਣਿਆ ਜਾ ਸਕਦਾ। ਹੇ ਮੂਰਖ ਤੁਸੀਂ ਉਸ ਨੂੰ ਪੱਥਰਾਂ ਵਿਚ ਕਿਵੇਂ ਮੰਨ ਰਹੇ ਹੋ।।੧੪।।

**ਚੌਪਈ।। ਏ ਜਨ ਭੇਵ ਨ ਹਰਿ ਕੋ ਪਾਵੈ।। ਪਾਹਨ ਮੈ ਹਰਿ ਕੌ ਠਹਰਾਵੈ।।**
**ਜਿਹ ਕਿਹ ਬਿਧਿ ਲੋਗਨ ਭਰਮਾਹੀਂ।। ਗ੍ਰਿਹਿ ਕੋ ਦਰਬੁ ਲੂਟਿ ਲੈ ਜਾਹੀਂ।।੧੫।।**

ਜੋ ਪੱਥਰਾਂ ਵਿਚ ਪ੍ਰਭੂ ਨੂੰ ਮੰਨਦਾ ਹੈ ਉਹ ਉਸ ਦਾ ਭੇਤ ਨਹੀਂ ਪਾ ਸਕਦਾ। ਜਿਵੇਂ ਕਿਵੇਂ ਉਹ ਲੋਕਾਂ ਨੂੰ ਭਰਮ ਵਿਚ ਪਾਉਂਦਾ ਹੈ ਅਤੇ ਲੋਕਾਂ ਦੇ ਘਰਾਂ ਦਾ ਧਨ ਲੁੱਟ ਕੇ ਲੈ ਜਾਂਦਾ ਹੈ।।੧੫।।

Namdhari Elibrary NamdhariElibrary@gmail.com

ਦੋਹਰਾ।। ਜਗ ਮੈ ਆਪੁ ਕਹਾਵਈ ਪੰਡਿਤ ਸੁਘਰ ਸੁਚੇਤ।।
ਪਾਹਨ ਕੀ ਪੂਜਾ ਕਰੈ ਯਾਤੇ ਲਗਤ ਅਚੇਤ।। ੧੬।।

ਸੰਸਾਰ ਵਿਚ ਤਾਂ ਇਹ ਲੋਕ ਆਪਣੇ ਆਪ ਨੂੰ ਪੰਡਤ, ਸੁੱਘੜ ਅਤੇ ਸੁਚੇਤ ਕਹਾਉਂਦੇ ਹਨ, ਪਰ ਪੱਥਰਾਂ ਦੀ ਪੂਜਾ ਕਰਦੇ ਇਹ ਬਿਲਕੁਲ ਮੂਰਖ ਲੱਗਦੇ ਹਨ।।੧੬।।

ਚੌਪਈ।। ਚਿਤ ਭੀਤਰ ਆਸਾ ਧਨ ਧਾਰੈ।। ਸ਼ਿਵ ਸ਼ਿਵ ਸ਼ਿਵ ਮੁਖ ਤੇ ਉਚਾਰੈ।।
ਅਧਿਕ ਡਿੰਭ ਕਰਿ ਜਗਹਿ ਦਿਖਾਵੈ।। ਦ੍ਵਾਰ ਦ੍ਵਾਰ ਮਾਂਗਤ ਨ ਲਜਾਵੈ।। ੧੭।।

ਮਨ ਵਿਚ ਹਰ ਵੇਲੇ ਧਨ ਦੀ ਆਸ ਲਾਈ ਰੱਖਦੇ ਹਨ ਪਰ ਮੂੰਹ ਤੋਂ 'ਸ਼ਿਵ ਸ਼ਿਵ' ਦਾ ਉਚਾਰਨ ਕਰਦੇ ਰਹਿੰਦੇ ਹਨ। ਜਗਤ ਵਿਚ ਬੜੇ ਪਖੰਡ ਅਤੇ ਚਲਿੱਤਰ ਵਖਾਉਂਦੇ ਹਨ ਪਰ ਦਰ ਦਰ ਮੰਗਦੇ ਸ਼ਰਮ ਨਹੀਂ ਖਾਂਦੇ।।੧੭।।

ਅੜਿੱਲ।। ਨਾਕ ਮੂੰਦਿ ਕਰਿ ਚਾਰਿ ਘਰੀ ਠਾਢੇ ਰਹੈਂ ।।
ਸ਼ਿਵ ਸ਼ਿਵ ਸ਼ਿਵ ਹ੍ਵੈ ਏਕ ਚਰਨ ਇਸਥਿਤ ਕਹੈਂ।।
ਜੋ ਕੋਊ ਪੈਸਾ ਏਕ ਦੇਤ ਕਰਿ ਆਇਕੈ।।
ਹੋ ਦਾਤਨ ਲੇਤ ਉਠਾਇ ਸ਼ਿਵਹਿ ਬਿਸਰਾਇਕੈ।। ੧੮।।

ਨਕ ਬੰਦ ਕਰਕੇ ਇਹ ਚਾਰ ਘੜੀਆਂ ਤਕ ਖੜੇ ਰਹਿੰਦੇ ਹਨ ਅਤੇ 'ਸ਼ਿਵ ਸ਼ਿਵ' ਇਕ ਪੈਰ ਤੇ ਖੜੇ ਹੋ ਕੇ ਕਹਿੰਦੇ ਹਨ। ਜੇ ਕੋਈ ਇਨ੍ਹਾਂ ਨੂੰ ਆਕੇ ਇਕ ਪੈਸਾ ਵੀ ਦਿੰਦਾ ਹੈ ਤਾਂ ਇਹ ਓਸੇ ਵੇਲੇ ਸ਼ਿਵ ਦਾ ਸਿਮਰਨ ਬੰਦ ਕਰਕੇ ਉਸ ਦਾਨ ਨੂੰ ਚੁਕਣ ਵਿਚ ਲੱਗ ਜਾਂਦੇ ਹਨ।।੧੮।।

ਕਬਿੱਤੁ।। ਔਰਨੁਪਦੇਸ਼ ਕਰੈ ਆਪੁ ਧਜਾਨ ਕੌ ਨ ਧਰੈ
ਲੋਗਨ ਕੌ ਸਦਾ ਤਜਾਗ ਧਨ ਕੋ ਦ੍ਰਿੜਾਤ ਹੈ।।
ਤੇਹੀ ਧਨ ਲੋਭ ਊਚ ਨੀਚਨ ਕੇ ਦ੍ਵਾਰ ਦ੍ਵਾਰ
ਲਾਜ ਕੌ ਤਿਯਾਗ ਜੇਹੀ ਤੇਹੀ ਪੈ ਘਿਘਾਤ ਹੈ।।
ਕਹਤ ਪਵਿੱਤ੍ਰ ਹਮ ਰਹਤ ਅਪਵਿੱਤ੍ਰ ਖਰੇ
ਚਾਕਰੀ ਮਲੇਛਨ ਕੀ ਕੈਕੈ ਟੂਕ ਖਾਤ ਹੈ।।
ਬਡੇ ਅਸੰਤੋਖੀ ਹੈਂ ਕਹਾਵਤ ਸੰਤੋਖੀ ਮਹਾਂ

ਏਕ ਦ੍ਵਾਰ ਛਾਡਿ ਮਾਂਗਿ ਦ੍ਵਾਰੇ ਦ੍ਵਾਰ ਜਾਤ ਹੈ।। ੧੯।।

ਦੂਸਰਿਆਂ ਨੂੰ ਉਪਦੇਸ਼ ਦਿੰਦੇ ਹਨ, ਖੁਦ ਉਸ ਉਪਦੇਸ਼ ਵਲ ਧਿਆਨ ਵੀ ਨਹੀਂ ਦਿੰਦੇ ਅਤੇ ਇਹ ਲੋਕ ਦੂਸਰੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦਿੰਦੇ ਹਨ। ਪਰ ਓਸ ਧਨ ਦੇ ਲੋਭ ਖਾਤਰ ਇਹ ਉਚ ਨੀਚ ਦਾ ਵਿਚਾਰ ਕੀਤੇ ਬਿਨਾਂ ਦਰ ਦਰ ਫਿਰਦੇ ਹਰ ਇਕ ਅਗੇ ਤਰਲੇ ਕਢਦੇ ਹਨ। ਆਪ ਕਹਿੰਦੇ ਹਨ ਕਿ ਅਸੀਂ ਪਵਿਤਰ ਹਾਂ, ਪਰ ਅਸਲ ਵਿਚ ਅਪਵਿਤਰ ਹੁੰਦੇ ਹਨ ਕਿਉਂਕਿ ਆਪ ਇਹ ਮਲੇਛਾਂ ਦੀ ਨੌਕਰੀ ਕਰਕੇ ਰੋਟੀ ਦਾ ਟੁਕੜਾ ਪ੍ਰਾਪਤ ਕਰਦੇ ਹਨ। ਆਪਣੇ ਆਪ ਨੂੰ ਕਹਿੰਦੇ ਹਨ ਕਿ ਅਸੀਂ ਬਹੁਤ ਸੰਤੋਖ ਵਾਲੇ ਹਾਂ, ਪਰ ਅਸਲ ਵਿਚ ਪਰਮ ਅਸੰਤੋਖੀ ਹਨ। ਉਹ ਇਕ ਪ੍ਰਭੂ ਦੇ ਦਵਾਰ ਨੂੰ ਛੱਡ ਕੇ ਹੋਰ ਲੋਕਾਂ ਦੇ ਦਰਵਾਜ਼ਿਆਂ ਤੇ ਜਾਕੇ ਮੰਗਦੇ ਹਨ।।੧੯।।

ਮਾਟੀ ਕੇ ਸ਼ਿਵ ਬਨਾਏ ਪੂਜਿਕੈ ਬਹਾਇ ਆਏ
ਆਇਕੈ ਬਨਾਏ ਫੇਰਿ ਮਾਟੀ ਕੇ ਸੁਧਾਰਿਕੈ।।
ਤਾਕੇ ਪਾਇ ਪਰਜੋ ਮਾਥੋ ਘਰੀ ਦ੍ਵੈ ਰਗਰਜੋ
ਐ ਰੇ ਤਾਂ ਮੈ ਕਹਾ ਹੈ ਰੇ ਦੈਹੈ ਤੋਹਿ ਕੌ ਬਿਚਾਰਿਕੈ।।
ਲਿੰਗ ਕੀ ਤੂ ਪੂਜਾ ਕਰੈ ਸ਼ੰਭੁ ਜਾਨਿ ਪਾਇ ਪਰੈ
ਸੋਈ ਅੰਤ ਦੈਹੈ ਤੇਰੇ ਕਰ ਮੈ ਨਿਕਾਰ ਕੈ।।
ਦੁਹਿਤਾ ਕੌ ਦੈਹੈ ਕੀ ਤੂੰ ਆਪਨ ਖਬੈਹੈ ਤਾਕੌ
ਯੌਹੀ ਤੋਹਿ ਮਾਰਿ ਹੈ ਰੇ ਸਦਾ ਸ਼ਿਵ ਖ੍ਵਾਰ ਕੈ।। ੨੦।।

ਇਹ ਮਿਟੀ ਦਾ ਸ਼ਿਵਜੀ ਬਣਾਉਂਦੇ ਹਨ, ਉਸ ਦੀ ਪੂਜਾ ਕਰਦੇ ਹਨ ਅਤੇ ਫਿਰ ਉਸ ਨੂੰ ਪਾਣੀ ਵਿਚ ਰੋੜ ਦਿੰਦੇ ਹਨ, ਫਿਰ ਦੁਬਾਰਾ ਮਿੱਟੀ ਨੂੰ ਗੋਹ ਕੇ ਉਸ ਨੂੰ ਬਣਾਉਂਦੇ ਹਨ। ਤੁਸੀਂ ਉਸ ਦੇ ਪੈਰੀਂ ਪੈਂਦੇ ਹੋ, ਮੱਥੇ ਰਗੜਦੇ ਹੋ: ਹੇ ਮੂਰਖੋ ਉਸ ਮਿਟੀ ਦੇ ਬੁਤ ਪਾਸ ਕੀ ਹੈ ਜੋ ਤੁਹਾਨੂੰ ਦੇਵੇਗਾ। ਤੁਸੀਂ ਉਸ ਦੇ ਲਿੰਗ ਦੀ ਪੂਜਾ ਕਰਦੇ ਹੋ ਅਤੇ ਸ਼ਿਵਜੀ ਸਮਝਕੇ ਉਸ ਦੇ ਪੈਰੀਂ ਪੈਂਦੇ ਹੋ। ਫਿਰ ਤਾਂ ਉਹ ਤੁਹਾਨੂੰ ਉਹੀ ਕੱਢ ਕੇ ਦੇਵੇਗਾ ਜਿਸਦੀ ਤੁਸੀਂ ਪੂਜਾ ਕਰਦੇ ਹੋ। ਕੀ ਉਸ ਲਿੰਗ ਨੂੰ ਤੂੰ ਆਪਣੀ ਪੁੱਤਰੀ ਨੂੰ ਦੇਵੇਂਗਾ ਜਾਂ ਖੁਦ ਹੀ ਚੱਬ ਲਵੇਂਗਾ ? ਸ਼ਿਵਜੀ ਤੈਨੂੰ ਉਥੇ ਹੀ ਖਿੱਚ ਕੇ ਮਾਰੇਗਾ।।੨੦।।

ਬਿਜੈ ਛੰਦ।। ਪਾਹਨ ਕੌ ਸ਼ਿਵ ਤੂੰ ਜੋ ਕਹੈ ਪਸੁ ਯਾਤੇ ਕਛੂ ਤੁਹਿ ਹਾਥ ਨ ਐਹੈ।।
ਤ੍ਰੈਯਕ ਜੋਨਿ ਜੁ ਆਪੁ ਪਰਾ ਹਸਿ ਕੈ ਤੁਹਿ ਕੋ ਕਹੁ ਕਾ ਬਰੁ ਦੈਹੈ।।

**ਆਪਨ ਸੋ ਕਰਿ ਹੈ ਕਬਹੂੰ ਤੁਹਿ ਪਾਹਨ ਕੀ ਪਦਵੀ ਤਬ ਪੈਹੈ॥**
**ਜਾਨੁ ਰੇ ਜਾਨੁ ਅਜਾਨ ਮਹਾਂ ਫਿਰਿ ਜਾਨ ਗਈ ਕਛੁ ਜਾਨਿ ਨ ਜੈਹੈ॥੨੧॥**

ਹੇ ਮੂਰਖ ਜਿਸ ਪੱਥਰ ਨੂੰ ਤੂੰ ਸ਼ਿਵਜੀ ਕਹਿੰਦਾ ਹੈ ਉਸ ਪਾਸੋਂ ਤੈਨੂੰ ਕੁਝ ਨਹੀਂ ਮਿਲੇਗਾ। ਪੱਥਰ ਦੀ ਜੂਨ ਵਿਚ ਜਿਹੜਾ ਖੁੱਦ ਪਿਆ ਹੈ, ਉਹ ਪ੍ਰਸੰਨ ਹੋ ਕੇ ਤੈਨੂੰ ਕੀ ਵਰਦਾਨ ਦੇਵੇਗਾ ? ਉਹ ਪੱਥਰ ਵੀ ਤੈਨੂੰ ਆਪਣੇ ਵਰਗਾ ਪੱਥਰ ਬਣਾ ਲਵੇਗਾ ਅਤੇ ਤੈਨੂੰ ਪੱਥਰ ਦੀ ਪਦਵੀ ਦੇ ਦੇਵੇਗਾ। ਹੇ ਮੂਰਖ ਹੁਣ ਹੀ ਸਮਝ ਲੈ, ਬਾਅਦ ਵਿਚ ਤੈਨੂੰ ਇਸ ਦੀ ਸਮਝ ਨਹੀਂ ਆਉਣੀ॥੨੧॥

**ਬੈਸ ਗਈ ਲਰਿਕਾਪਨ ਮੋ ਤਰੁਨਾਪਨ ਮੈ ਨਹਿ ਨਾਮ ਲਯੋ ਰੇ॥**
**ਔਰਨ ਦਾਨ ਕਰਾਤ ਰਹਾ ਕਰ ਆਪ ਉਠਾਇ ਨ ਦਾਨਦਯੋਰੇ॥**
**ਪਾਹਨ ਕੋ ਸਿਰ ਨਜਾਤਨ ਤੈਂ ਪਰਮੇਸ੍ਰਰ ਕੌ ਸਿਰ ਨਜਾਤ ਭਯੋ ਰੇ॥**
**ਕਾਮਹਿ ਕਾਮ ਫਸਾ ਘਰ ਕੇ ਜੜ ਕਾਲਹਿ ਕਾਲ ਕੈ ਕਾਲ ਗਯੋ ਰੇ॥੨੨॥**

ਲੜਕਪਨ ਤੇਰਾ ਉਸ ਤਰ੍ਹਾਂ ਬੀਤ ਗਿਆ ਅਤੇ ਜਵਾਨੀ ਵਿਚ ਤੂੰ ਉਸ ਦਾ ਨਾਮ ਨਹੀਂ ਜਪਿਆ। ਤੂੰ ਦੂਸਰਿਆਂ ਪਾਸੋਂ ਤੇ ਦਾਨ ਕਰਵਾਉਂਦਾ ਰਿਹਾ ਏਂ, ਪਰ ਆਪ ਹੱਥ ਚੁਕ ਕੇ ਕਦੀ ਵੀ ਕਿਸੇ ਨੂੰ ਦਾਨ ਨਹੀਂ ਦਿੱਤਾ। ਪੱਥਰ ਅਗੇ ਸਿਰ ਝੁਕਾ ਕੇ ਕੀ ਤੂੰ ਪਰਮਾਤਮਾ ਦਾ ਸਿਰ ਨੀਂਵਾਂ ਕਰ ਰਿਹਾ ਹੈ, ਤੂੰ ਕਾਮਨਾਵਾਂ ਦੇ ਜਾਲ ਵਿਚ ਹੀ ਫਸਿਆ ਹੈਂ, ਹੇ ਮੂਰਖ ਕੱਲ ਕੱਲ ਕਰਦਿਆਂ ਸਾਰਾ ਜੀਵਨ ਹੀ ਸਮਾਪਤ ਹੋ ਗਿਆ ਹੈ॥੨੨॥

**ਦ੍ਵੈਕ ਪੁਰਾਨਨ ਕੌ ਪੜ੍ਹਿਕੈ ਤੁਮ ਫੂਲਿ ਗਏ ਦਿਜਜੂ ਜਿਯ ਮਾਹੀ॥**
**ਸੋ ਨ ਪੁਰਾਨ ਪੜ੍ਹਾ ਜਿਹ ਕੇ ਇਹ ਠੌਰ ਪੜ੍ਹੇ ਸਭ ਪਾਪ ਪਰਾਹੀ॥**
**ਡਿੰਭ ਦਿਖਾਇ ਕਰੋ ਤਪਸਾ ਦਿਨ ਰੈਨਿ ਬਸੈ ਜਿਯਰਾ ਧਨ ਮਾਹੀ॥**
**ਮੂਰਖ ਲੋਗ ਪ੍ਰਮਾਨ ਕਰੈ ਇਨ ਬਾਤਨ ਕੌ ਹਮ ਮਾਨਤ ਨਾਹੀ॥੨੩॥**

ਹੇ ਪੰਡਤ ! ਤੂੰ ਇਕ ਦੋ ਪੁਰਾਣ ਪੜ੍ਹਕੇ ਮਨ ਵਿਚ ਫੁੱਲ ਗਿਆ ਹੈ। ਤੂੰ ਉਹ ਪੁਰਾਣ ਨਹੀਂ ਪੜ੍ਹਿਆ ਜਿਸ ਦੇ ਪੜ੍ਹਨ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਪਖੰਡ ਵਿਖਾਕੇ ਤੁਸੀਂ ਤਪਸਿਆ ਕਰਦੇ ਹੋ ਪਰ ਦਿਨ ਰਾਤ ਤੁਹਾਡਾ ਮਨ ਤਾਂ ਧਨ ਵਿਚ ਵਸਦਾ ਰਹਿੰਦਾ ਹੈ। ਮੂਰਖ ਲੋਕ ਭਾਵੇਂ ਤੁਹਾਡੀਆਂ ਗੱਲਾਂ ਨੂੰ ਪ੍ਰਮਾਣੀਕ ਮੰਨ ਲੈਣ, ਪਰ ਅਸੀਂ ਤਾਂ ਇਨ੍ਹਾਂ ਗੱਲਾਂ ਨੂੰ ਨਹੀਂ ਮੰਨ ਸਕਦੇ॥੨੩॥

**ਕਾਹੇ ਕੋ ਕਾਜ ਕਰੋ ਇਤਨੀ ਤੁਮ ਪਾਹਨ ਕੋ ਕਿਹ ਕਾਜ ਪੁਜਾਵੋ॥**
**ਕਾਹੇ ਕੋ ਡਿੰਭ ਕਰੋ ਜਗ ਮੈ ਇਹ ਲੋਕ ਗਯੋ ਪਰਲੋਕ ਗਵਾਵੋ॥**

Namdhari Elibrary NamdhariElibrary@gmail.com

ਝੂਠੇ ਨ ਮੰਤ੍ਰ ਉਪਦੇਸ਼ ਕਰੋ ਜੋਊ ਚਾਹਤ ਹੋ ਧਨ ਲੈਂ ਹਰਖਾਵੋ।।
ਰਾਜ ਕੁਮਾਰਨ ਮੰਤ੍ਰ ਦਿਯੋ ਸੁ ਦਿਯੋ ਬਹੁਰੌ ਹਮ ਕੌ ਨ ਸਿਖਾਵੋ।। ੨੪।।

ਕਿਉਂ ਏਨਾ ਕਾਰਜ ਕਰ ਰਹੇ ਹੋ ਅਤੇ ਇਸ ਪੱਥਰ ਲਈ ਸਭ ਕੁਝ ਪਹੁੰਚਾ ਰਹੇ ਹੋ ? ਕਿਉਂ ਇਸ ਜਗ ਵਿਚ ਪਖੰਡ ਕਰ ਰਹੇ ਹੋ ਤੁਹਾਡਾ ਇਕ ਲੋਕ ਤੇ ਗਿਆ ਤੁਸੀਂ ਆਪਣਾ ਪਰਲੋਕ ਵੀ ਗਵਾ ਲੈਣਾ ਹੈ। ਮੈਨੂੰ ਝੂਠੇ ਮੰਤਰ ਅਤੇ ਉਪਦੇਸ਼ ਨ ਦੇਵੋ ਜੋ ਤੁਸੀਂ ਚਾਹੁੰਦੇ ਹੋ. ਉਸ ਧਨ ਨੂੰ ਲੈ ਕੇ ਖੁਸ਼ ਹੋ ਜਾਵੋ। ਤੁਸੀਂ ਰਾਜ ਕੁਮਾਰਾਂ ਨੂੰ ਹੀ ਇਹ ਮੰਤਰ ਸਿਖਾਓ ਮੈਨੂੰ ਕੁਝ ਵੀ ਸਿਖਾਉਣ ਦੀ ਲੋੜ ਨਹੀਂ।।੨੪।।

## *ਦਿਜ ਬਾਚ।।*

ਚੌਪਈ।। ਕਹਾ ਬਿੱਪ੍ਰ ਸੁਨੁ ਰਾਜ ਦੁਲਾਰੀ।। ਤੈਂ ਸ਼ਿਵ ਕੀ ਮਹਿਮਾ ਨ ਬਿਚਾਰੀ।।
ਬ੍ਰਹਮਾ ਬਿਸ਼ਨ ਰੁਦ੍ਰ ਜੂ ਦੇਵਾ।। ਇਨ ਕੀ ਸਦਾ ਕੀਜਿਯੈ ਸੇਵਾ।। ੨੫।।

ਬ੍ਰਾਹਮਣ ਨੇ ਕਿਹਾ ਕਿ ਹੇ ਰਾਜ ਕੁਮਾਰੀ ! ਸੁਣ, ਤੂੰ ਸ਼ਿਵਜੀ ਦੀ ਮਹਿਮਾ ਨਹੀਂ ਜਾਣੀ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦੇਵਤਿਆਂ ਦੀ ਸਦਾ ਹੀ ਸੇਵਾ ਕਰਨੀ ਚਾਹੀਦੀ ਹੈ।।੨੫।।

ਤੈ ਯਾਕੇ ਭੇਵਹਿ ਨ ਪਛਾਨੈ।। ਮਹਾਂ ਮੂੜ ਇਹ ਭਾਂਤਿ ਬਖਾਨੈ।।
ਇਨਕੋ ਪਰਮ ਪੁਰਾਤਨ ਜਾਨਹੁ।। ਪਰਮ ਪੁਰਖ ਮਨ ਮਹਿ ਪਹਿਚਾਨਹੁ।। ੨੬।।

ਤੂੰ ਉਨ੍ਹਾਂ ਦਾ ਭੇਤ ਨਹੀਂ ਜਾਣਦੀ ਅਤੇ ਐਥੇ ਮੂਰਖਾਂ ਵਾਂਗ ਗੱਲਾਂ ਕਰਦੀ ਏਂ। ਇਨ੍ਹਾਂ ਨੂੰ ਪਰਮ ਪੁਰਾਤਨ ਮੰਨੋ ਅਤੇ ਮੰਨ ਵਿਚ ਪਰਮ ਪੁਰਖ ਸਮਝੋ।।੨੬।।

ਹਮ ਹੈ ਕੁਅਰਿ ਬਿੱਪ੍ਰ ਬ੍ਰਤ ਧਾਰੀ।। ਊਚ ਨੀਚ ਸਭ ਕੇ ਹਿਤਕਾਰੀ।।
ਜਿਸੀ ਕਿਸੀ ਕਰ ਮੰਤ੍ਰ ਸਿਖਾਵੈ।। ਮਹਾਂ ਕ੍ਰਿਪਨ ਤੇ ਦਾਨ ਕਰਾਵੈ।। ੨੭।।

ਹੇ ਕੁਮਾਰੀ ! ਅਸੀਂ ਵਰਤਧਾਰੀ ਬ੍ਰਾਹਮਣ ਹੁੰਦੇ ਹਾਂ। ਅਸੀਂ ਊਚ ਨੀਚ ਸਭ ਦੇ ਹਿਤੂ ਹੁੰਦੇ ਹਾਂ। ਮੰਤਰ ਵਿਦਿਆ ਸਿਖਾਉਂਦੇ ਹਾਂ, ਸੂਮਾਂ ਤੋਂ ਵੀ ਦਾਨ ਕਰਵਾਉਂਦੇ ਹਾਂ।।੨੭।।

ਕੁਅਰਿ ਬਾਚ।। ਮੰਤ੍ਰ ਦੇਤ ਸਿਖ ਅਪਨ ਕਰਤ ਹਿਤ।। ਜਸੋਂ ਜਸੋਂ ਭੇਟ ਲੈਤ ਤਾਤੇ ਬਿਤ।।
ਸੱਤਿ ਬਾਤ ਤਾਕਹ ਨ ਸਿਖਾਵਹੁ।। ਤਾਂਹਿ ਲੋਕ ਪਰਲੋਕ ਗਵਾਵਹੁ।। ੨੮।।

ਕੁਮਾਰੀ ਨੇ ਕਿਹਾ ਕਿ ਤੁਸੀਂ ਸਿਖਆਰਥੀਆਂ ਨੂੰ ਮੰਤਰ ਸਿਖਾਉਣ ਦੇ ਨਾਂ ਤੇ ਆਪਣਾ ਹੀ ਹਿਤ ਪਾਲਦੇ ਹੋ ਅਤੇ ਜਿਵੇਂ ਕਿਵੇਂ ਉਨ੍ਹਾਂ ਪਾਸੋਂ ਭੇਟ ਲੈਂਦੇ ਹੋ। ਉਨ੍ਹਾਂ ਨੂੰ ਸੱਚੀ ਗੱਲ ਨਹੀਂ ਸਿਖਾਉਂਦੇ ਹੋ ਅਤੇ ਉਨ੍ਹਾਂ ਦੇ ਲੋਕ ਪਰਲੋਕ ਦੋਵੇਂ ਗਵਾ ਦਿੰਦੇ ਹੋ।।੨੮।।

Namdhari Elibrary NamdhariElibrary@gmail.com

ਸੁਨਹੁ ਬਿਪ ਤੁਮ ਮੰਤ੍ਰ ਦੇਤ ਜਿਹ।। ਲੂਟਿ ਲੇਤ ਤਿਹ ਘਰ ਬਿਧਿ ਜਿਹ ਕਿਹ ।।
ਤਾਕਹ ਕਛੂ ਗਜਾਨ ਨਹਿ ਆਵੈ।। ਮੂਰਖ ਅਪਨਾ ਮੂੰਡ ਮੁੰਡਾਵੈ।। ੨੯।।

ਹੇ ਬ੍ਰਹਮਣ ਜਿਨ੍ਹਾਂ ਨੂੰ ਤੁਸੀਂ ਮੰਤਰ ਦਿੰਦੇ ਹੋ ਉਨ੍ਹਾਂ ਦਾ ਜਿਵੇਂ ਕਿਵੇਂ ਵਿਧੀ ਅਨੁਸਾਰ ਘਰ ਲੁਟ ਲੈਂਦੇ ਹੋ। ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੁੰਦਾ ਅਤੇ ਉਹ ਮੂਰਖ ਆਪਣਾ ਸਿਰ ਮੁੰਨਵਾ ਲੈਂਦੇ ਹਨ।।੨੯।।

ਤਿਹ ਤੁਮ ਕਹੁ ਮੰਤ੍ਰ ਸਿਧਿ ਹ੍ਵੈਹੈ।। ਮਹਾਂਦੇਵ ਤੋਕੌ ਬਰੁ ਦੈਹੈ।।
ਜਬ ਤਾਤੇ ਨਹਿ ਹੋਤ ਮੰਤ੍ਰ ਸਿਧਿ।। ਤਬ ਤੁਮ ਬਚਨ ਕਹਤ ਹੌ ਇਹ ਬਿਧਿ।। ੩੦।।

ਉਨ੍ਹਾਂ ਨੂੰ ਤੁਸੀਂ ਕਹਿੰਦੇ ਹੋ ਕਿ ਤੁਹਾਡਾ ਮੰਤਰ ਸਿੱਧ ਹੋਵੇਗਾ ਅਤੇ ਸ਼ਿਵਜੀ ਤੁਹਾਨੂੰ ਵਰਦਾਨ ਦੇਵੇਗਾ। ਜਦ ਉਨ੍ਹਾਂ ਦਾ ਮੰਤਰ ਸਿੱਧ ਨਹੀਂ ਹੁੰਦਾ ਫਿਰ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਕਹਿੰਦੇ ਹੋ।।੩੦।।

ਕਛੂ ਕੁਕ੍ਰਿਯਾ ਤੁਮਤੇ ਭਯੋ।। ਤਾਂਤੇ ਦਰਸ ਨ ਸ਼ਿਵਜੂ ਦਯੋ।।
ਅਬ ਤੈ ਪੁੰਨਜ ਦਾਨ ਦਿਜ ਕਰੁ ਰੇ।। ਪੁਨਿ ਸ਼ਿਵ ਕੇ ਮੰਤ੍ਰਹਿ ਅਨੁਸਰੁ ਰੇ।। ੩੧।।

ਤੁਹਾਥੋਂ ਕੋਈ ਗ਼ਲਤ ਕਿਰਿਆ ਹੋ ਗਈ ਹੈ ਏਸੇ ਕਰਕੇ ਸ਼ਿਵਜੀ ਨੇ ਦਰਸ਼ਨ ਨਹੀਂ ਦਿੱਤੇ। ਤੁਸੀਂ ਹੁਣ ਬ੍ਰਾਹਮਣ ਨੂੰ ਪੁੰਨ ਦਾਨ ਕਰੋ ਅਤੇ ਦੁਬਾਰਾ ਸ਼ਿਵਜੀ ਦੇ ਮੰਤਰ ਦਾ ਜਾਪ ਕਰੋ।।੩੧।।

ਉਲਟੋ ਡੰਡ ਤਿਸੀ ਤੇ ਲੇਹੀ।। ਪੁਨਿ ਤਿਹ ਮੰਤ੍ਰ ਰੁਦ੍ਰ ਕੋ ਦੇਹੀ।।
ਭਾਂਤਿ ਭਾਂਤਿ ਤਾਕੌਂ ਭਟਕਾਵੈਂ।। ਅੰਤ ਬਾਰ ਇਮਿ ਭਾਖ ਸੁਨਾਵੈਂ।। ੩੨।।

ਤੁਸੀਂ ਉਲਟਾ ਉਸ ਨੂੰ ਹੀ ਦੰਡ ਦਿੰਦੇ ਹੋ ਅਤੇ ਉਸ ਨੂੰ ਦੁਬਾਰਾ ਸ਼ਿਵਜੀ ਮੰਤਰ ਦਿੰਦੇ ਹੋ। ਵੱਖ ਵੱਖ ਢੰਗ ਨਾਲ ਉਸ ਨੂੰ ਭੜਕਾਉਂਦੇ ਹੋ ਅਤੇ ਫਿਰ ਇਹ ਕਹਿ ਦਿੰਦੇ ਹੋ।।੩੨।।

ਤੋ ਤੇ ਕਛੁ ਅੱਛਰ ਰਹਿ ਗਯੋ।। ਤੈ ਕਛੁ ਭੰਗ ਕ੍ਰਿਯਾ ਤੇ ਭਯੋ।।
ਤਾਤੇ ਤੁਹਿ ਬਰੁ ਰੁੱਦ੍ਰ ਨ ਦੀਨਾ।। ਪੁੰਨਜ ਦਾਨ ਚਹਿਯਤ ਪੁਨਿ ਕੀਨਾ।। ੩੩।।

ਤੁਹਾਥੋਂ ਜਾਪ ਕਰਨ ਸਮੇਂ ਕੁਝ ਅੱਖਰ ਰਹਿ ਗਏ ਸਨ ਅਤੇ ਤੁਹਾਡੀ ਕਿਰਿਆ ਦਾ ਨਾਸ ਹੋ ਗਿਆ। ਏਸੇ ਕਰਕੇ ਸ਼ਿਵਜੀ ਨੇ ਤੁਹਾਨੂੰ ਵਰਦਾਨ ਨਹੀਂ ਦਿੱਤਾ। ਇਸ ਲਈ ਦੁਬਾਰਾ ਦਾਨ ਕਰੋ।। ੩੩।।

ਇਹ ਬਿਧਿ ਮੰਤ੍ਰ ਸਿਖਾਵਤ ਤਾਕੋ।। ਲੂਟਾ ਚਹਤ ਬਿਪ੍ਰ ਘਰ ਜਾਕੋ।।
ਜਬ ਵਹੁ ਦਰਬ ਰਹਤ ਹ੍ਵੈ ਜਾਈ।। ਔਰ ਧਾਮ ਤਬ ਚਲਤ ਤਕਾਈ।। ੩੪।।

ਇਸ ਲਈ ਜਿਸਦਾ ਵੀ ਤੁਸੀਂ ਘਰ ਲੁਟਣਾ ਚਾਹੁੰਦੇ ਹੋ ਓਸੇ ਨੂੰ ਤੁਸੀਂ ਮੰਤਰ ਸਿਖਾਉਂਦੇ ਹੋ, ਜਦ ਉਹ ਨਿਰਧਨ ਹੋ ਜਾਂਦਾ ਹੈ ਤਾਂ ਤੁਸੀਂ ਦੂਸਰਾ ਘਰ ਲੱਭ ਲੈਂਦੇ ਹੋ।।੩੪।।

Namdhari Elibrary NamdhariElibrary@gmail.com

ਦੋਹਰਾ।। ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧਿ ਜੌ ਇਨ ਮਹਿ ਕਛੁ ਹੋਇ।।
ਹਜਰਤਿ ਹ੍ਵੈ ਆਪਹਿ ਰਹਹਿ ਮਾਗਤ ਫਿਰਤ ਨ ਕੋਇ।। ੩੫।।

ਜੇ ਤੁਹਾਡੇ ਮੰਤਰਾਂ ਤੰਤਰਾਂ ਵਿਚ ਕੋਈ ਸਿੱਧੀ ਹੁੰਦੀ ਤਾਂ ਤੁਸੀਂ ਖੁਦ ਬਾਦਸ਼ਾਹ ਬਣ ਕੇ ਰਹਿੰਦੇ ਅਤੇ ਮੰਗਣ ਹਿਤ ਘੁੰਮਦੇ ਨ ਫਿਰਦੇ।।੩੫।।

## *ਦਿਜ ਬਾਜ।।*

ਚੌਪਈ।।ਸੁਨਿ ਏ ਬਚਨ ਮਿਸਰ ਰਿਸਿ ਭਰਾ।।ਧਿਕ ਧਿਕ ਤਾਕਹਿ ਬਚਨ ਉਚਰਾ।।
ਤੈਂ ਹਮਰੀ ਬਾਤਨ ਕਹ ਜਾਨੈ।। ਭਾਂਗ ਖਾਇਕੈ ਬੈਨ ਪ੍ਰਮਾਨੈ।। ੩੬।।

ਇਹ ਗੱਲਾਂ ਸੁਣ ਕੇ ਬ੍ਰਹਮਣ ਗੁੱਸੇ ਨਾਲ ਭਰ ਗਿਆ ਅਤੇ ਕੁਮਾਰੀ ਨੂੰ ਫਿਟਕਾਰਨ ਲੱਗਾ। ਤੂੰ ਮੇਰੀਆਂ ਗੱਲਾਂ ਨੂੰ ਕੀ ਸਮਝੇਂਗੀ ਜਿਹੜੀ ਭੰਗ ਪੀ ਕੇ ਗੱਲਾਂ ਕਰ ਰਹੀ ਹੈਂ।।੩੬।।

ਕੁਅਰਿ ਬਾਚ।। ਸੁਨੋ ਮਿਸਰ ਤੁਮ ਬਾਤ ਨ ਜਾਨਤ।। ਅਹੰਕਾਰ ਕੈ ਬਚਨ ਪ੍ਰਮਾਨਤ।।
ਭਾਂਗ ਪੀਏ ਬੁਧਿ ਜਾਤ ਨ ਹਰੀ।। ਬਿਨੁ ਪੀਏ ਤਵ ਬੁਧਿ ਕਹ ਪਰੀ।। ੩੭।।

ਕੁਮਾਰੀ ਨੇ ਆਖਿਆ ਹੇ ਬ੍ਰਾਹਮਣ ! ਸੁਣ, ਤੂੰ ਗੱਲ ਨਹੀਂ ਸਮਝਦਾ ਅਤੇ ਅਹੰਕਾਰ ਦੀਆਂ ਗੱਲਾਂ ਕਰਦਾ ਏਂ। ਭੰਗ ਪੀਣ ਨਾਲ ਬੁੱਧੀ ਮਾਰੀ ਨਹੀਂ ਜਾਂਦੀ। ਇਹ ਮੈਨੂੰ ਦੱਸ ਕਿ ਭੰਗ ਨ ਪੀਣ ਨਾਲ ਤੁਹਾਨੂੰ ਕਿਹੜੀ ਅਕਲ ਆ ਗਈ ਹੈ।।੩੭।।

ਤੁਮ ਆਪਨ ਸਜਾਨੇ ਕਹਲਾਵਤ।। ਕਬ ਹੀਂ ਭੂਲਿ ਨ ਭਾਂਗ ਚੜ੍ਹਾਵਤ।।
ਜਬ ਪੁਨ ਜਾਹੁ ਕਾਜ ਭਿੱਛਾ ਕੇ।। ਕਰਹੋ ਖ੍ਵਾਰ ਰਹਤ ਗ੍ਰਿਹਿ ਜਾਕੇ।। ੩੮।।

ਤੁਸੀਂ ਖੁਦ ਆਪਣੇ ਆਪ ਨੂੰ ਸਿਆਣੇ ਸਮਝਦੇ ਹੋ ਅਤੇ ਕਿਤੇ ਭੁਲ ਕੇ ਵੀ ਭੰਗ ਨਹੀਂ ਪੀਂਦੇ। ਪਰ ਜਦ ਤੁਸੀਂ ਭਿਖਿਆ ਮੰਗਣ ਜਾਓਗੇ ਤਾਂ ਜਿਸ ਦੇ ਵੀ ਘਰ ਜਾਓਗੇ ਓਸੇ ਨੂੰ ਦੁਖੀ ਕਰੋਗੇ।।੩੮।।

ਜਿਹ ਧਨ ਕੋ ਤੁਮ ਤਜਾਗ ਦਿਖਾਵਤ।। ਦਰ ਦਰ ਤਿਹ ਮਾਂਗਨ ਕਸ ਜਾਵਤ।।
ਮਹਾਂ ਮੂੜ੍ਹ ਰਾਜਨ ਕੇ ਪਾਸਨ।। ਲੇਤ ਫਿਰਤ ਹੋ ਮਿਸ੍ਰ ਜੂ ਕਨ ਕਨ।। ੩੯।।

ਜਿਸ ਧਨ ਨੂੰ ਤਿਆਗਨ ਦੀ ਤੁਸੀਂ ਗੱਲ ਕਰਦੇ ਹੋ ਓਸੇ ਧਨ ਨੂੰ ਮੰਗਣ ਲਈ ਫਿਰ ਦਰ ਦਰ ਤੇ ਕਿਉਂ ਜਾਂਦੇ ਹੋ। ਹੇ ਮਿਸ਼ਰ! ਮਹਾਂਮੂਰਖ ਰਾਜਿਆਂ ਦੇ ਪਾਸ ਤੁਸੀਂ ਕਣ ਕਣ ਲਈ ਘੁੰਮਦੇ ਫਿਰਦੇ ਹੋ।।੩੯।।

ਤੁਮ ਜਗ ਮਹਿ ਤਜਾਗੀ ਕਹਲਾਵਤ।। ਸਭ ਲੋਕਨ ਕਹ ਤਜਾਗ ਦ੍ਰਿੜ੍ਹਾਵਤ।।

**ਜਾਕਹ ਮਨ ਬਚ ਕ੍ਰਮ ਤਜਿ ਦੀਜੈ।। ਤਾਕਹ ਹਾਥ ਉਠਾਇ ਕਸ ਲੀਜੈ।।੪੦।।**

ਜਗ ਵਿਚ ਤੁਸੀਂ ਆਪਣੇ ਆਪ ਨੂੰ ਤਿਆਗੀ ਅਖਵਾਉਂਦੇ ਹੋ ਅਤੇ ਸਾਰਿਆਂ ਲੋਕਾਂ ਨੂੰ ਤਿਆਗ ਕਰਨ ਲਈ ਪੱਕਾ ਕਰਦੇ ਹੋ। ਜਿਸ ਵਸਤੂ ਨੂੰ ਮਨ ਬਚਨ ਅਤੇ ਕਰਮ ਕਰਕੇ ਤਿਆਗ ਦਿੱਤਾ ਜਾਵੇ ਉਸ ਨੂੰ ਫਿਰ ਹੱਥ ਅੱਡ ਕੇ ਕਿਉਂ ਫੜਿਆ ਜਾਵੇ ?।।੪੦।।

**ਕਾਹੂ ਧਨ ਤਜਾਗ ਦ੍ਰਿੜਾਵਹਿ।। ਕਾਹੂ ਕੋ ਕੋਊ ਗ੍ਰਿਹ ਲਾਵਹਿ।।**
**ਮਨ ਮਹਿ ਦਰਬ ਠਗਨ ਕੀ ਆਸਾ।। ਦ੍ਵਾਰ ਦ੍ਵਾਰ ਡੋਲਤ ਇਹ ਪਜਾਸਾ।।੪੧।।**

ਕਿਸੇ ਨੂੰ ਧਨ ਦਾ ਤਿਆਗ ਕਰਨ ਲਈ ਪੱਕਾ ਕਰ ਦਿੰਦੇ ਹੋ ਅਤੇ ਕਿਸੇ ਨੂੰ ਕੋਈ ਹੋਰ ਗ੍ਰਿਹ ਲਾ ਦਿੰਦੇ ਹੋ। ਮਨ ਵਿਚ ਧਨ ਠੱਗਣ ਦੀ ਆਸ ਲੈ ਕੇ ਤੁਸੀਂ ਦਰ ਦਰ ਘੁੰਮਦੇ ਫਿਰਦੇ ਹੋ।।੪੧।।

**ਅੜਿੱਲ।। ਬੇਦ ਬਜਾਕਰਨ ਸ਼ਾਸਤ੍ਰ ਸਿੰਮ੍ਰਿਤ ਇਮ ਉਚਰੈ।**
**ਜਿਨਿ ਕਿਸਹੂ ਤੇ ਏਕ ਟਕਾ ਮੋਕੌ ਝਰੈ।।**
**ਜੇ ਤਿਨਕੋ ਕਛੁ ਦੇਤ ਉਸਤਤਿ ਤਾਕੀ ਕਰੈ।।**
**ਹੋ ਜੋ ਧਨ ਦੇਤ ਨ ਤਿਨੈ ਨਿੰਦ ਤਾਕੀ ਰਰੈ।। ੪੨।।**

ਵੇਦ ਵਿਆਕਰਣ, ਸ਼ਾਸਤਰ ਅਤੇ ਸਿਮਰਤੀਆਂ ਦਾ ਉਚਾਰਣ ਕਰਦੇ ਹੋ ਤਾਂਕਿ ਕਿਸੇ ਪਾਸੋਂ ਪੈਸਾ ਟਕਾ ਝਾੜ ਲਵੋਂ। ਜੋ ਤੁਹਾਨੂੰ ਕੁਝ ਦਿੰਦਾ ਹੈ ਉਸ ਦੀ ਤੁਸੀਂ ਸਿਫਤ ਕਰਦੇ ਹੋ ਅਤੇ ਜਿਹੜਾ ਤੁਹਾਨੂੰ ਕੁਝ ਨਹੀਂ ਦਿੰਦਾ ਉਸ ਦੀ ਨਿੰਦਿਆ ਕਰਦੇ ਹੋ।।੪੨।।

**ਦੋਹਰਾ।। ਨਿੰਦਿਆ ਅਰੁ ਉਸਤਤਿ ਦੋਊ ਜੀਵਤ ਹੀ ਜਗ ਮਾਹਿ।।**
**ਜਬ ਮਾਟੀ ਮਾਟੀ ਮਿਲੀ ਨਿੰਦੁਸਤਤਿ ਕਛੁ ਨਾਹਿ।। ੪੩।।**

ਨਿੰਦਿਆ ਅਤੇ ਉਸਤਤੀ ਦੋਵੇਂ ਜ਼ਿੰਦਾ ਰਹਿਣ ਸਮੇਂ ਤੱਕ ਦੀਆਂ ਗੱਲਾਂ ਹਨ। ਜਦ ਮਿੱਟੀ ਨਾਲ ਮਿੱਟੀ ਮਿਲ ਗਈ ਤਾਂ ਨਿੰਦਿਆ ਉਸਤਤੀ ਨਾਲ ਹੀ ਸਮਾਪਤ ਹੋ ਜਾਣੀਆਂ ਹਨ।।੪੩।।

**ਅੜਿੱਲ।। ਦੇਨਹਾਰ ਦਾਇਕਹਿ ਮੁਕਤਿ ਨਹਿ ਕਰਿ ਦਿਯੋ।।**
**ਅਨਦਾਇਕ ਤਿਹ ਪੁੱਤ੍ਰਨ ਪਿਤ ਕੋ ਬਧ ਕਿਯੋ।।**
**ਜਾ ਤੇ ਧਨ ਕਰ ਪਰੈ ਸੁਜਸ ਤਾਕੋ ਕਰੈ।।**
**ਹੋ ਜਾਤੇ ਕਛੂ ਨ ਲਹੈ ਨਿੰਦ ਤਿਹ ਉਚਰੈ।। ੪੪।।**

**************************************************************
ਦੇਣ ਵਾਲੇ ਪਰਮਾਤਮਾਂ ਨੇ ਮੁਕਤੀ ਕਿਸੇ ਦੇ ਹੱਥ ਨਹੀਂ ਫੜਾਈ ਹੈ। ਕਈ ਵਾਰ ਤਾਂ ਅਨਚਾਹੇ ਵਿਚ ਪੁੱਤਰ ਪਿਤਾ ਨੂੰ ਮਾਰ ਦਿੰਦਾ ਹੈ। ਜੋ ਤੁਹਾਨੂੰ ਕੁਝ ਦਿੰਦਾ ਹੈ ਉਸ ਦਾ ਤੁਸੀਂ ਜਸ ਕਰਦੇ ਹੋ ਅਤੇ ਜਿਹੜਾ ਕੁਝ ਨਹੀਂ ਦਿੰਦਾ ਉਸ ਦੀ ਨਿੰਦਿਆ ਕਰਦੇ ਹੋ।।੪੪।।

**ਚੌਪਈ।। ਦੁਹੂੰਅਨ ਸਮ ਜੋਊ ਕਰਿ ਜਾਨੈ।। ਨਿੰਦਜਾ ਉਸਤਤਿ ਸਮ ਕਰਿ ਮਾਨੈ।।**
**ਹਮ ਤਾਹੀ ਕਹ ਬ੍ਰਹਮ ਪਛਾਨਹਿ।। ਵਾਹੀ ਕਹਿ ਦਿਜ ਕੈ ਅਨੁਮਾਨਹਿ।। ੪੫।।**

ਨਿੰਦਿਆ ਅਤੇ ਉਸਤਤੀ ਨੂੰ ਜਿਹੜਾ ਵਿਅਕਤੀ ਇਕ ਸਮਾਨ ਮੰਨਦਾ ਹੈ ਅਸੀਂ ਉਸਨੂੰ ਹੀ ਬ੍ਰਾਹਮਣ ਮੰਨਦੇ ਹਾਂ ਅਤੇ ਸੱਚੇ ਬ੍ਰਾਹਮਣ ਦੇ ਰੂਪ ਵਿਚ ਪਛਾਣਦੇ ਹਾਂ।।੪੫।।

**ਅੜਿੱਲ।। ਏ ਦਿਜ ਜਾਤੇ ਜਤਨ ਪਾਇ ਧਨ ਲੇਵਹੀ।।**
**ਤਾ ਨਰ ਕਹ ਬਹੁ ਭਾਂਤਿ ਬਡਾਈ ਦੇਵਹੀ।।**
**ਮਿਥਜਾ ਉਪਮਾ ਬਕਿ ਕਰਿ ਤਹਿ ਪ੍ਰਸੰਨ ਕਰੈ।।**
**ਹੋ ਘੋਰ ਨਰਕ ਕੇ ਬੀਚ ਅੰਤ ਦੋਊ ਪਰੈ।। ੪੬।।**

ਇਹ ਬ੍ਰਾਹਮਣ ਯਤਨ ਕਰਕੇ ਜਿਸ ਪਾਸੋਂ ਵੀ ਧਨ ਲੈ ਲੈਂਦੇ ਹਨ, ਉਸ ਦੀ ਕਈ ਢੰਗਾਂ ਨਾਲ ਵਡਿਆਈ ਕਰਦੇ ਹਨ। ਉਸ ਦੀ ਝੂਠੀ ਪ੍ਰਸੰਸਾ ਕਰਕੇ ਉਸ ਨੂੰ ਖ਼ੁਸ਼ ਕਰ ਦਿੰਦੇ ਹਨ ਅਤੇ ਅੰਤ ਵਿਚ ਦੋਵੇਂ ਘੋਰ ਨਰਕ ਵਿਚ ਜਾ ਪੈਂਦੇ ਹਨ।।੪੬।।

**ਧਨ ਕੇ ਕਾਜ ਕਰਤ ਸਭ ਕਾਜਾ।। ਊਚ ਨੀਚ ਰਾਨਾ ਅਰੁ ਰਾਜਾ।।**
**ਖਜਾਲ ਕਾਲ ਕੋ ਕਿਨੂੰ ਨ ਪਾਯੋ।। ਜਿਨ ਇਹ ਚੌਦਹ ਲੋਕ ਬਨਾਯੋ।।੪੭।।**

ਊਚ, ਨੀਚ, ਰਾਜਾ ਪਰਜਾ ਸਭ ਧਨ ਲਈ ਹੀ ਕੰਮ ਕਰਦੇ ਹਨ। ਪ੍ਰਭੂ ਦਾ ਕੋਈ ਧਿਆਨ ਨਹੀਂ ਕਰਦਾ ਜਿਸ ਚੌਦਾਂ ਲੋਕਾਂ ਦਾ ਨਿਰਮਾਣ ਕੀਤਾ ਹੈ।।੪੭।।

**ਅੜਿੱਲ।। ਇਹੀ ਦਰਬ ਕੇ ਲੋਭ ਬੇਦ ਬਜਾਕਰਨ ਪੜਤ ਨਰ।।**
**ਇਹੀ ਦਰਬ ਕੇ ਲੋਭ ਮੰਤ੍ਰ ਜੰਤ੍ਰਨ ਉਪਦਿਸ ਕਰ।।**
**ਇਹੀ ਦਰਬ ਕੇ ਲੋਭ ਦੇਸ ਪਰਦੇਸ ਸਿਧਾਏ।।**
**ਹੋ ਪਰੇ ਦੂਰਿ ਕਹ ਜਾਇ ਬਹੁਰਿ ਨਿਜੁ ਦੇਸਨ ਆਏ।। ੪੮।।**

ਏਸੇ ਧਨ ਦੇ ਲਾਲਚ ਵਿਚ ਲੋਕ ਵੇਦ ਵਿਆਕਰਣ ਸ਼ਾਸਤਰ ਪੜ੍ਹਦੇ ਹਨ ਅਤੇ ਏਸੇ ਧਨ ਦੇ ਲੋਭ ਵਿਚ ਸਾਰੇ ਮੰਤਰ੍ਹਾਂ ਜੰਤਰ੍ਹਾਂ ਦਾ ਉਪਦੇਸ਼ ਕਰਦੇ ਹਨ। ਏਸੇ ਧਨ ਦੇ ਲਾਲਚ ਵਿਚ ਲੋਕ ਦੇਸ਼ ਪ੍ਰਦੇਸ਼ ਜਾਂਦੇ ਹਨ ਅਤੇ ਦੂਰ ਦੂਰ ਜਾਕੇ ਫਿਰ ਆਪਣੇ ਦੇਸ਼ ਵਿਚ ਵਾਪਿਸ ਆ ਜਾਂਦੇ ਹਨ।।੪੮।।

ਕਬਿੱਤ।। ਏਹੀ ਧਨ ਲੋਭ ਤੇ ਪੜਤ ਬਜਾਕਰਨ ਸਭੈ
ਏਹੀ ਧਨ ਲੋਭ ਤੇ ਪੁਰਾਨ ਹਾਥ ਧਰੇ ਹੈਂ।।
ਧਨ ਹੀ ਕੇ ਲੋਭ ਦੇਸ ਛਾਡਿ ਪਰਦੇਸ ਬਸੇ
ਤਾਤ ਅਰੁ ਮਾਤ ਕੇ ਦਰਸਹੂ ਨ ਕਰੇ ਹੈਂ।।
ਊਚੇ ਦ੍ਰੂਮ ਸਾਲ ਤਹਾਂ ਲਾਂਬੇ ਬਟ ਤਾਲ ਜਹਾਂ
ਤਿਨ ਮੈ ਸਿਧਾਤ ਹੈ ਨ ਜੀ ਮੈ ਨੈਕੁ ਡਰੇ ਹੈਂ।।
ਧਨ ਕੈ ਨੁਰਾਗੀ ਹੈਂ ਕਹਾਵਤ ਤਿਆਗੀ ਆਪੁ
ਕਾਸੀ ਬੀਚ ਜਏ ਤੇ ਕਮਾਊ ਜਾਇ ਮਰੇ ਹੈਂ।। ੪੯।।

ਏਸੇ ਧਨ ਦੇ ਲਾਲਚ ਵਿਚ ਸਾਰੇ ਵਿਆਕਰਣ ਪੜ੍ਹਦੇ ਹਨ ਅਤੇ ਏਸੇ ਧਨ ਦੇ ਲਾਲਚ ਵਿਚ ਪੁਰਾਣਾਂ ਨੂੰ ਹੱਥ ਵਿਚ ਫੜਕੇ ਘੁੰਮਦੇ ਹਨ। ਧਨ ਦੇ ਲਾਲਚ ਵਿਚ ਹੀ ਦੇਸ਼ ਛੱਡਕੇ ਪਰਦੇਸ਼ ਵਿਚ ਜਾ ਵਸਦੇ ਹਨ ਅਤੇ ਮਾਤਾ ਪਿਤਾ ਦੇ ਦਰਸ਼ਨ ਤਕ ਨਹੀਂ ਕਰਦੇ। ਉਚੇ ਉਚੇ ਰੁੱਖਾਂ ਦੇ ਝੁੰਡਾਂ ਵਿਚ, ਲੰਮੇ ਲੰਮੇ ਬੋਹੜ ਦੇ ਦਰੱਖਤਾਂ ਅਤੇ ਤਾਲਾਬਾਂ ਵਿਚ ਜਾਣੋਂ ਨਹੀਂ ਡਰਦੇ। ਇਹ ਧਨ ਦਾ ਪਿਆਰ ਕਰਕੇ ਹੀ ਆਪਣੇ ਆਪ ਨੂੰ ਤਿਆਗੀ ਅਖਵਾਉਂਦੇ ਹਨ ਪਰ ਇਨ੍ਹਾਂ ਦਾ ਜਨਮ ਕਾਂਸ਼ੀ ਵਿਚ ਹੁੰਦਾ ਹੈ ਪਰ ਇਹ ਪੈਸੇ ਦੇ ਚੱਕਰ ਵਿਚ ਕਮਾਯੂੰ ਤਕ ਪਹੁੰਚ ਜਾਂਦੇ ਹਨ ਅਤੇ ਓਥੇ ਹੀ ਜਾ ਮਰਦੇ ਹਨ।।੪੯।।

ਬਿਜੈ ਛੰਦ।। ਲਾਲਚ ਏਕ ਲਗੈ ਧਨ ਕੇ ਸਿਰ ਮੌਂਧਿ ਜਟਾਨ ਕੇ ਜੂਟ ਸਵਾਰੈਂ।।
ਕਾਠ ਕੀ ਕੰਠਿਨ ਕੌ ਧਰਿਕੈ ਇਕ ਕਾਨਨ ਮੈ ਬਿਨੁ ਕਾਨਿ ਪਧਾਰੈਂ।।
ਮੋਚਨ ਕੌ ਗਹਿਕੈ ਇਕ ਹਾਥਨ ਸੀਸ ਹੂ ਕੇ ਸਭ ਕੇਸ ਉਪਾਰੈਂ।।
ਡਿੰਭੁ ਕਰੈ ਜਗ ਡੰਡਨ ਕੌ ਇਹ ਲੋਕ ਗਯੋ ਪਰਲੋਕ ਬਿਗਾਰੈਂ।।੫੦।।

ਪਦ ਅਰਥ - ਜਟਾਨ=ਜੜਾਵਾਂ। ਕਾਠ ਦੀ ਕੰਠਿਨ=ਲਕੜੀ ਦੀ ਮਾਲਾ।

ਧਨ ਦੇ ਲਾਲਚ ਵਿਚ ਹੀ ਲੋਕਾਂ ਨੇ ਸਿਰਾਂ ਤੇ ਜੜਾਵਾਂ ਰਖੀਆਂ ਹਨ। ਲਕੜੀ ਦੀ ਮਾਲਾ ਪਾਕੇ ਸਭ ਸ਼ਰਮ ਹਯਾ ਨੂੰ ਛੱਡ ਕੇ ਜੰਗਲ ਵਿਚ ਜਾਂਦੇ ਹਨ। ਕਈ ਹੱਥ ਵਿਚ ਮੋਚਨਾ ਫੜਕੇ ਸਿਰ ਦੇ ਵਾਲਾਂ ਨੂੰ ਪੁਟਵਾ ਦਿੰਦੇ ਹਨ। ਜਗਤ ਨੂੰ ਦੁਖੀ ਕਰਨ ਲਈ ਪਖੰਡ ਕਰਕੇ ਇਹ ਲੋਕ ਤਾਂ ਗਵਾਉਂਦੇ ਹੀ ਹਨ, ਪਰਲੋਕ ਨੂੰ ਵੀ ਵਿਗਾੜ ਲੈਂਦੇ ਹਨ।।੫੦।।

ਮਾਟੀ ਕੇ ਲਿੰਗ ਬਨਾਇਕੈ ਪੂਜਤ ਤਾ ਮੈ ਕਹੋ ਇਨ ਕਾ ਸਿਧਿ ਪਾਈ।।

ਜੋ ਨਿਰਜੋਤਿ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ।।
ਪਾਇ ਪਰੇ ਪਰਮੇਸ੍ਰ ਜਾਨਿ ਅਜਾਨ ਬਡੈ ਕਰਿਕੈ ਹਠਤਾਈ।।
ਚੇਤ ਅਚੇਤ ਸੁਚੇਤਨ ਕੋ ਚਿਤ ਕੀ ਤਜਿ ਕੈ ਚਟਦੈ ਦੁਚਿਤਾਈ।।੫੧।।

ਮਿੱਟੀ ਦਾ ਲਿੰਗ ਬਣਾਕੇ ਪੂਜਣ ਨਾਲ ਭਲਾ ਇਨ੍ਹਾਂ ਨੂੰ ਕਿਹੜੀ ਸਿੱਧੀ ਪ੍ਰਾਪਤ ਹੁੰਦੀ ਹੈ। ਜਗ ਜਾਣਦਾ ਹੈ ਕਿ ਜੋ ਖੁਦ ਨਿਰਜੋਤ ਹਨ ਉਨ੍ਹਾਂ ਅਗੇ ਜੋਤ ਜਗਾ ਕੇ ਰੱਖਦੇ ਹਨ। ਉਸ ਪੱਥਰ ਨੂੰ ਪਰਮੇਸ਼ਰ ਸਮਝਕੇ ਉਸ ਦੇ ਪੈਰੀਂ ਪੈਂਦੇ ਹਨ ਅਤੇ ਮੂਰਖਾਂ ਵਾਲਾ ਹੱਠ ਕਰਦੇ ਹਨ। ਹੇ ਬੇਸਮਝ ਮੂਰਖੋ, ਸੁਚੇਤ ਹੋਵੋ ਅਤੇ ਛੇਤੀ ਹੀ ਚਿੱਤ ਦਾ ਦੁਚਿਤਾਪਨ ਛੱਡ ਦੇਵੋ।।੫੧।।

ਕਾਂਸੀ ਕੇ ਬੀਚ ਪੜ੍ਹੈ ਬਹੁ ਕਾਲ ਬੁਟੰਤ ਮੈ ਅੰਤ ਮਰੈ ਪੁਨਿ ਜਾਈ।।
ਤਾਤ ਰਹਾ ਅਰੁ ਮਾਤ ਕਹੂੰ ਬਨਿਤਾ ਸੁਤ ਪੁੱਤ੍ਰ ਕਲਤ੍ਰਨ ਭਾਈ।।
ਦੇਸ ਬਿਦੇਸ ਫਿਰੈਂ ਤਜਿਕੈ ਘਰ ਥੋਰੀ ਸੀ ਸੀਖਿ ਕੈ ਚਾਤੁਰਤਾਈ।।
ਲੋਭ ਕੀ ਲੀਕ ਨ ਲਾਂਘੀ ਕਿਸੂ ਨਰ ਲੋਭ ਰਹਾ ਸਭ ਲੋਗ ਲੁਭਾਈ।।੫੨।।

ਕਾਂਸ਼ੀ ਵਿਚ ਬਹੁਤ ਸਮੇਂ ਤਕ ਪੜ੍ਹਦੇ ਹਨ ਅਤੇ ਭੂਟਾਨ ਆਦਿ ਪਹਾੜੀ ਪਰਦੇਸ਼ਾਂ ਵਿਚ ਜਾਕੇ ਮਰਦੇ ਹਨ। ਪਿਤਾ ਕਿਤੇ ਹੈ, ਮਾਤਾ ਕਿਤੇ ਹੈ, ਪੁੱਤਰ ਇਸਤਰੀ ਅਤੇ ਪੁੱਤਰੀ ਕਿਸੇ ਹੋਰ ਸਥਾਨ ਤੇ ਹੈ। ਥੋੜੀ ਜੇਹੀ ਸਿਆਣਪ ਸਿਖ ਕੇ ਲੋਕ ਘਰ ਛੱਡਕੇ ਦੇਸ਼, ਵਿਦੇਸ਼ ਘੁੰਮਦੇ ਹਨ। ਲਾਲਚ ਦੀ ਲਕੀਰ ਨੂੰ ਕੋਈ ਨਹੀਂ ਲੰਘ ਸਕਿਆ ਹੈ। ਲਾਲਚ ਸਭ ਨੂੰ ਲਲਚਾਉਂਦਾ ਹੈ।।੫੨।।

ਕਬਿੱਤੁ।। ਏਕਨ ਕੋ ਮੂੰਡਿ ਮਾਂਡਿ ਏਕਨ ਸੌ ਲੇਹਿ ਡਾਂਡ
ਏਕਨ ਕੈ ਕੰਠੀ ਕਾਠ ਕੰਠ ਮੈ ਡਰਤ ਹੈਂ।।
ਏਕਨ ਦ੍ਰਿੜਾਵੈ ਮੰਤ੍ਰ ਏਕਨ ਲਿਖਾਵੈ ਜੰਤ੍ਰ
ਏਕਨ ਕੌ ਤੰਤ੍ਰਨ ਪ੍ਰਬੋਧਜੋ ਈ ਕਰਤ ਹੈਂ।।
ਏਕਨ ਕੇ ਬਿੱਦਜਾ ਕੋ ਬਿਵਾਦਨ ਬਤਾਵੈ ਡਿੰਭ
ਜਗਕੋ ਦਿਖਾਇ ਜਜੌਂ ਕਜੌਂ ਮਾਤ੍ਰਕੌਂ ਹਰਤਹੈਂ।।
ਮੈਯਾ ਕੌਨ ਮਾਨੈ ਮਹਾਂਕਾਲੈ ਨ ਮਨਾਵੈ
ਮੂੜ ਮਾਟੀ ਕੌ ਮਾਨਤ ਤਾਤੇ ਮਾਂਗਤ ਮਰਤ ਹੈ।। ੫੩।।

ਕਈਆਂ ਨੂੰ ਲੁਟ ਪੁਟ ਲੈਂਦੇ ਹਨ, ਕਈਆਂ ਤੋਂ ਡੰਨ ਲੈਂਦੇ ਹਨ ਅਤੇ ਕਈਆਂ ਦੇ ਗਲਾਂ

Namdhari Elibrary NamdhariElibrary@gmail.com

ਵਿਚ ਕਾਠ ਦੀ ਮਾਲਾ ਪਾ ਦਿੰਦੇ ਹਨ। ਕਈਆਂ ਨੂੰ ਮੰਤਰ ਯਾਦ ਕਰਵਾਉਂਦੇ ਹਨ, ਕਈਆਂ ਨੂੰ ਜੰਤਰ ਲਿਖਕੇ ਦਿੰਦੇ ਹਨ ਅਤੇ ਕਈਆਂ ਨੂੰ ਤੰਤਰ ਸਿਖਿਆ ਦਿੰਦੇ ਹਨ। ਕਈਆਂ ਤੇ ਆਪਣੀ ਵਿਦਵਤਾ ਦਾ ਰੋਅਬ ਪਾਉਂਦੇ ਹਨ ਅਤੇ ਕਈਆਂ ਨੂੰ ਪਖੰਡ ਕਰਕੇ ਉਨ੍ਹਾਂ ਦਾ ਧਨ ਚੁਰਾ ਲੈਂਦੇ ਹਨ। ਕਈ ਮਾਤਾ ਨੂੰ ਮੰਨਦੇ ਹਨ, ਪਰ ਮੂਰਖ ਪ੍ਰਭੂ ਨੂੰ ਨਹੀਂ ਮੰਨਦੇ। ਮੂਰਖ ਮਿੱਟੀ ਦੀ ਮੂਰਤੀ ਪਾਸੋਂ ਮੰਗਦੇ ਹਨ ਅਤੇ ਮਰਦੇ ਜਾ ਰਹੇ ਹਨ।।੫੩।।

**ਸਵੈਯਾ।। ਚੇਤ ਅਚੇਤੁ ਕੀਏ ਜਿਨ ਚੇਤਨ ਤਾਂਹਿ ਅਚੇਤਨ ਕੋ ਠਹਰਾਵੈ।।**
**ਤਾਹਿ ਕਹੈ ਪਰਮੇਸ੍ਵਰ ਕੈ ਮਨ ਮਾਹਿ ਕਹੇ ਘਟਿ ਮੋਲ ਬਿਕਾਵੈ।।**
**ਜਾਨਤ ਹੈ ਨ ਅਜਾਨ ਬਡੈ ਸੁ ਇਤੇ ਪਰ ਪੰਡਿਤ ਆਪੁ ਕਹਾਵੈ।।**
**ਲਾਜ ਕੇ ਮਾਰੇ ਮਰੈ ਨ ਮਹਾਂ ਲਟ ਐਂਠਹਿ ਐਂਠ ਅਮੈਂਠਿ ਗਵਾਵੈ।। ੫੪ ।।**

ਜਿਸਨੇ ਜੀਅ ਜੰਤ ਸਭ ਨੂੰ ਬਣਾਇਆ ਹੈ ਉਸ ਨੂੰ ਮੂਰਖ ਕੋਈ ਨਹੀਂ ਪਛਾਣਦਾ। ਮੂਰਖ ਉਸ ਪਦਾਰਥ ਨੂੰ ਪਰਮੇਸ਼ਰ ਕਰਕੇ ਮੰਨਦੇ ਹਨ ਜਿਹੜਾ ਮੁਲ ਲਿਆਂ ਮਿਲ ਸਕਦਾ ਹੈ। ਜਾਣਦੇ ਬੁਝਦੇ ਕੁਝ ਨਹੀਂ, ਪਰ ਮੂਰਖ ਅਗਿਆਨੀ ਹੋਣ ਦੇ ਬਾਵਜੂਦ ਵੀ ਪਖੰਡ ਕਰਦੇ ਹਨ। ਇਹ ਮਹਾਂ ਮੂਰਖ ਸ਼ਰਮ ਖਾ ਕੇ ਨਹੀਂ ਮਰਦੇ ਬਲਕਿ ਬੜੀ ਆਕੜ ਵਿਚ ਜੀਵਣ ਗਵਾਉਂਦੇ ਹਨ।।੫੪।।

**ਬਿਜੈ ਛੰਦ।। ਗਤਮਾਨ ਕਹਾਵਤ ਗਾਤ ਸਭੈ ਕਛੂ ਜਾਨੈ ਨ ਬਾਤ ਗਤਾਗਤ ਹੈ।।**
**ਦੁਤਿਮਾਨ ਘਨੇ ਬਲਵਾਨ ਬਡੇ ਹਮਜਾਨਤ ਜੋਗ ਮਧੇ ਜਤ ਹੈ।।**
**ਪਾਹਨ ਕੋ ਕਹੈਂ ਬੀਚ ਸਹੀ ਸ਼ਿਵ ਜਾਨੈ ਨ ਮੂੜ ਮਹਾਂ ਮਤ ਹੈ।।**
**ਤੁਮਹੂੰ ਨ ਬਿਚਾਰਿ ਸੁ ਜਾਨ ਕਹੋ ਇਨ ਮੈ ਕਹਾਂ ਪਾਰਬਤੀ ਪਤਿ ਹੈ।। ੫੫ ।।**

ਸਾਰੇ ਇਨਸਾਨ ਆਪਣੇ ਆਪ ਨੂੰ ਗਤਿਮਾਨ ਕਹਾਉਂਦੇ ਹਨ ਪਰ ਗਤੀ ਅਗਤੀ ਬਾਰੇ ਕੁਝ ਨਹੀਂ ਜਾਣਦੇ। ਵਡੇ ਵਡੇ ਸੂਰਬੀਰ ਅਤੇ ਬਲਵਾਨ ਜੋਗ ਵਿਚ ਜਕੜੇ ਹੋਏ ਹਨ। ਉਹ ਪੱਥਰ ਨੂੰ ਹੀ ਸੱਚਾ ਸ਼ਿਵ ਜੀ ਮੰਨਦੇ ਹਨ ਅਤੇ ਮਹਾਂ ਮੂਰਖ ਹੋ ਕੇ ਅਸਲੀ ਸ਼ਿਵ ਪ੍ਰਭੂ ਨੂੰ ਨਹੀਂ ਪਹਿਚਾਣਦੇ। ਤੁਸੀਂ ਹੀ ਇਹ ਸੋਚਕੇ ਦੱਸੋ ਕਿ ਇਨ੍ਹਾਂ ਪੱਥਰਾਂ ਵਿਚ ਪਾਰਬਤੀ ਦੇ ਸ਼ਿਵਜੀ ਰਹਿ ਸਕਦੇ ਹਨ।।੫੫।।

**ਮਾਟੀ ਕੌ ਸੀਸ ਨਿਵਾਵਤ ਹੈ ਜੜ ਯਾਤੇ ਕਹੋ ਤੁਹਿ ਕਾ ਸਿਧਿ ਐਹੈ।।**
**ਜੌਨ ਰਿਝਾਇ ਲਯੋ ਜਗ ਕੌ ਤਵ ਚਾਵਰ ਡਾਰਤ ਰੀਝਿ ਨ ਜੈਹੈ।।**
**ਧੂਪ ਜਗਾਇਕੈ ਸੰਖ ਬਜਾਇ ਸੁ ਫੂਲਨ ਕੀ ਬਰਖਾ ਬਰਖੈ ਹੈ।।**
**ਅੰਤ ਉਪਾਇ ਕੈ ਹਾਰਿ ਹੈਂ ਰੇ ਪਸੁ ਪਾਹਨ ਮੈ ਪਰਮੇਸ਼੍ਰ ਨ ਪੈਹੈ।। ੫੬ ।।**

Namdhari Elibrary NamdhariElibrary@gmail.com

ਮੂਰਖ ਮਿੱਟੀ ਅੱਗੇ ਸਿਰ ਝੁਕਾ ਰਹੇ ਹਨ, ਭਲਾ ਇਸ ਮਿਟੀ ਵਿਚੋਂ ਕਿਹੜੀ ਰਿੱਧੀ ਸਿੱਧੀ ਪ੍ਰਾਪਤ ਹੋਵੇਗੀ। ਜਿਸ ਤਾਕਤ ਨੇ ਸਾਰੇ ਸੰਸਾਰ ਨੂੰ ਮੋਹਿਤ ਕਰਕੇ ਰਖਿਆ ਹੈ, ਉਹ ਤੁਹਾਡੇ ਚੌਲ ਪਾਉਣ ਨਾਲ ਖੁਸ਼ ਨਹੀਂ ਹੋ ਜਾਵੇਗਾ। ਤੁਸੀਂ ਧੂਫ ਜਗਾ ਕੇ, ਸੰਖ ਵਜਾਕੇ ਫੂਲਾਂ ਦੀ ਵਰਖਾ ਕਰਦੇ ਹੋ। ਪਰ ਇਹ ਮੂਰਖੋ ਅੰਤ ਵਿਚ ਸਾਰੇ ਉਪਾਅ ਕਰਕੇ ਹਾਰ ਜਾਵੋਂਗੇ ਪਰ ਪੱਥਰਾਂ ਵਿਚੋਂ ਪਰਮੇਸ਼ਰ ਨੂੰ ਨਹੀਂ ਲਭ ਸਕੋਗੇ।।੫੬।।

**ਏਕਨ ਜੰਤ੍ਰ ਸਿਖਾਵਤ ਹੈਂ ਦਿਜ ਏਕਨ ਮੰਤ੍ਰ ਪ੍ਰਯੋਗ ਬਤਾਵੈਂ।।**
**ਜੋ ਨ ਭਿਜੈ ਇਨ ਬਾਤਨ ਤੇ ਤਿਹ ਗੀਤਿ ਕਬਿੱਤ ਸਲੋਕ ਸੁਨਾਵੈਂ।।**
**ਦਜੋਸ ਹਿਰੈ ਧਨ ਲੋਗਨ ਕੇ ਗ੍ਰਿਹਿ ਚੋਰੁ ਚਕੈਂ ਠੱਗ ਦੇਖਿ ਲਜਾਵੈਂ।।**
**ਕਾਨਿ ਕਰੈਂ ਨਹਿ ਕਾਜੀ ਕੁਟਵਾਰ ਕੀ ਮੂੰਡਿ ਕੈ ਮੂੰਡਿ ਮੁਰੀਦਨ ਖਾਵੈਂ।। ੫੭।।**

ਪਦ ਅਰਥ - ਭਿਜੈ=ਖੁਸ਼ ਨਹੀਂ ਹੁੰਦਾ। ਕੁਟਵਾਰ=ਕੋਤਵਾਲ। ਮੁਰੀਦਨ=ਚੇਲੇ।

ਇਹ ਬ੍ਰਾਹਮਣ ਕਿਸੇ ਨੂੰ ਜੰਤਰ ਸਿਖਾਉਂਦੇ ਹਨ ਅਤੇ ਕਿਸੇ ਨੂੰ ਮੰਤਰ ਦਾ ਪ੍ਰਯੋਗ ਦੱਸਦੇ ਹਨ। ਜਿਹੜਾ ਇਨ੍ਹਾਂ ਦੀਆਂ ਗੱਲਾਂ ਤੇ ਖ਼ੁਸ਼ ਨਹੀਂ ਹੁੰਦਾ ਉਸ ਨੂੰ ਗੀਤ ਕਬਿੱਤ ਅਤੇ ਸਲੋਕ ਸੁਣਾਉਂਦੇ ਹਨ। ਇਹ ਬ੍ਰਾਹਮਣ ਦਿਨੇ ਦਿਨੇ ਹੀ ਜਿਸ ਢੰਗ ਨਾਲ ਲੋਕਾਂ ਦਾ ਧਨ ਚੁਰਾ ਲੈਂਦੇ ਹਨ ਉਸ ਨੂੰ ਵੇਖ ਕੇ ਚੋਰ ਅਤੇ ਠੱਗ ਵੀ ਹੈਰਾਨ ਰਹਿ ਜਾਂਦੇ ਹਨ। ਇਹ ਕਾਜ਼ੀ ਕੋਤਵਾਲ ਦੀ ਵੀ ਪ੍ਰਵਾਹ ਨਹੀਂ ਕਰਦੇ ਅਤੇ ਲੁਟ ਲੁਟ ਕੇ ਆਪਣੇ ਚੇਲਿਆਂ ਨੂੰ ਵੀ ਖਾ ਜਾਂਦੇ ਹਨ।।੫੭।।

**ਦੋਹਰਾ।। ਪਾਹਨ ਕੀ ਪੂਜਾ ਕਰੈ ਜੋ ਹੈ ਅਧਿਕ ਅਚੇਤ।।**
**ਭਾਂਗ ਨ ਏਤੇ ਪਰ ਭਖੈ ਜਾਨਤ ਆਪ ਸੁਚੇਤ।। ੫੮।।**

ਜੋ ਬਿਲਕੁਲ ਮੂਰਖ ਬਣਕੇ ਪੱਥਰ ਦੀ ਪੂਜਾ ਕਰਦੇ ਹਨ ਅਤੇ ਭੰਗ ਆਦਿ ਦਾ ਨਸ਼ਾ ਨਹੀਂ ਕਰਦੇ ਉਹ ਆਪਣੇ ਆਪ ਨੂੰ ਸਮਝਦਾਰ ਜਾਣਦੇ ਹਨ।।੫੮।।

**ਤੋਟਕ ਛੰਦ।। ਧਨ ਕੇ ਲਗਿ ਲੋਭ ਗਏ ਅਨਤੈਂ।। ਤਜਿ ਮਾਤ ਪਿਤਾ ਸੁਤ ਬਾਲ ਕਿਤੈਂ।।**
**ਬਸਿ ਕੈ ਬਹੁ ਮਾਸ ਤਹਾਂ ਹੀ ਮਰੈਂ।। ਫਿਰਿ ਕੈ ਗ੍ਰਿਹਿ ਕੇ ਨਹਿ ਪੰਥ ਪਰੈਂ।। ੫੯।।**

ਪਦ ਅਰਥ - ਅਨਤੈਂ=ਹੋਰ ਥਾਂ। ਸੁਤ=ਪੁੱਤਰ। ਬਾਲ=ਇਸਤਰੀ।

ਧਨ ਦੇ ਲੋਭ ਵਿਚ ਇਹ ਮਾਤਾ-ਪਿਤਾ, ਪੁੱਤਰ ਅਤੇ ਇਸਤਰੀ ਨੂੰ ਛੱਡ ਕੇ ਹੋਰ ਥਾਂ ਚਲੇ ਜਾਂਦੇ ਹਨ। ਉਹ ਅਨੇਕਾਂ ਮਹੀਨੇ ਸਾਲ ਰਹਿਕੇ ਓਥੇ ਵਸ ਕੇ ਓਥੇ ਹੀ ਮਰ ਜਾਂਦੇ ਹਨ ਅਤੇ ਫਿਰ ਕਦੀ ਘਰ ਦਾ ਰਾਹ ਨਹੀਂ ਫੜਦੇ।।੫੯।।

**ਦੋਹਰਾ।। ਧਨੀ ਲੋਗ ਹੈਂ ਪੁਹਪ ਸਮ ਗੁਨਿਜਨ ਭੌਰ ਬਿਚਾਰ।।**

**ਗੂੰਜ ਰਹਤ ਤਿਹ ਪਰ ਸਦਾ ਸਭ ਧਨ ਧਾਮ ਬਿਸਾਰ।। ੬੦।।**

ਪਦ ਅਰਥ - ਪੁਹਪ ਸਮ=ਫੁੱਲਾਂ ਵਰਗੇ। ਭੌਰ=ਭੌਰੇ।

ਧਨੀ ਲੋਕ ਤਾਂ ਫੁਲਾਂ ਦੇ ਸਮਾਨ ਹਨ ਅਤੇ ਬ੍ਰਾਹਮਣ ਭੌਰਿਆਂ ਵਾਂਗ ਹਨ। ਉਹ ਘਰ ਬਾਹਰ ਛੱਡ ਕੇ ਸਦਾ ਹੀ ਧਨੀ ਲੋਕਾਂ ਦੇ ਦੁਆਲੇ ਚੱਕਰ ਕੱਢਦੇ ਰਹਿੰਦੇ ਹਨ।।੬੦।।

**ਚੌਪਈ।।ਸਭ ਕੋਊ ਅੰਤ ਕਾਲ ਬਸਿ ਭਯਾ।।ਧਨ ਕੀ ਆਸ ਨਿਕਰਿ ਤਜਿ ਗਯਾ।।**
**ਆਸਾ ਕਰਤ ਗਯਾ ਸੰਸਾਰਾ।। ਇਹ ਆਸਾ ਕੋ ਵਾਰ ਨ ਪਾਰਾ।। ੬੧।।**

ਸਾਰੇ ਅੰਤ ਵਿਚ ਕਾਲ ਦੇ ਵੱਸ ਵਿਚ ਹੀ ਪੈਣੇ ਹਨ। ਧਨ ਦੀ ਆਸ ਵਿਚ ਹੀ ਸਾਰੇ ਭਟਕਦੇ ਹਨ ਅਤੇ ਧਨ ਦੀ ਇੱਛਾ ਕਰਦਾ ਹੀ ਸਾਰਾ ਸੰਸਾਰ ਗਿਆ ਹੈ, ਪਰ ਇਸ ਆਸ ਦਾ ਕੋਈ ਅੰਤ ਨਹੀਂ ਹੈ।।੬੧।।

**ਏਕ ਨਿਰਾਸ ਵਹੈ ਕਰਤਾਰਾ।। ਜਿਨ ਕੀਨਾ ਇਹ ਸਕਲ ਪਸਾਰਾ।।**
**ਆਸਾ ਰਹਿਤ ਔਰ ਕੋਊ ਨਾਹੀ।। ਜਾਨ ਲੇਹੁ ਦਿਜਬਰ ਮਨ ਮਾਹੀ।। ੬੨।।**

ਪਦ ਅਰਥ - ਨਿਰਾਸ=ਇੱਛਾ ਰਹਿਤ, ਆਸਾ ਰਹਿਤ। ਦਿਜਬਰ=ਬ੍ਰਾਹਮਣ।

ਇੱਛਾ ਰਹਿਤ ਕੇਵਲ ਇੱਕੋ ਕਰਤਾਰ ਹੀ ਹੈ ਜਿਸ ਇਹ ਸਾਰਾ ਪਸਾਰਾ ਬਣਾਇਆ ਹੈ। ਹੋਰ ਕੋਈ ਵੀ ਇਨਸਾਨ ਆਸ ਤੋਂ ਬਗੈਰ ਨਹੀਂ ਹੈ। ਹੇ ਬ੍ਰਾਹਮਣ ਤੁਸੀਂ ਇਹ ਗੱਲ ਸਮਝ ਲਵੋ।।੬੨।।

**ਲੋਭ ਲਗੇ ਧਨ ਕੇ ਏ ਦਿਜਬਰ।। ਮਾਂਗਤ ਫਿਰਤ ਸਭਨ ਕੇ ਘਰ ਘਰ।।**
**ਯਾ ਜਗ ਮਹਿ ਕਰ ਡਿੰਭ ਦਿਖਾਵਤ।। ਤੇ ਠਗਿ ਠਗਿ ਸਭ ਕਹ ਧਨ ਖਾਵਤ।। ੬੩।।**

ਇਹ ਬ੍ਰਹਮਣ ਲੋਭ ਵਿਚ ਜਕੜੇ ਹੋਏ ਘਰ ਘਰ ਮੰਗਦੇ ਫਿਰਦੇ ਹਨ। ਇਸ ਸੰਸਾਰ ਵਿਚ ਇਹ ਚਲਿੱਤਰ ਵਖਾਉਂਦੇ ਹਨ ਅਤੇ ਸਾਰਿਆਂ ਨੂੰ ਠੱਗ ਠੱਗ ਕੇ ਉਨ੍ਹਾਂ ਦਾ ਧਨ ਖਾ ਜਾਂਦੇ ਹਨ।।੬੩।।

**ਦੋਹਰਾ।। ਆਸਾ ਕੀ ਆਸਾ ਲਗੇ ਸਭ ਹੀ ਗਯਾ ਜਹਾਨ।।**
**ਆਸਾ ਜਗ ਜੀਵਤ ਬਚੀ ਲੀਜੈ ਸਮਝਿ ਸੁਜਾਨ।। ੬੪।।**

'ਆਸਾ ਦੀ ਆਸਾ ਵਿਚ ਲੱਗਾ ਇਹ ਸਾਰਾ ਸੰਸਾਰ ਹੀ ਚਲਾ ਗਿਆ ਹੈ ਅਤੇ ਇਹ ਸਮਝ ਲਵੋ ਕਿ ਆਸਾ ਕਰਦੇ ਕਰਦੇ ਹੀ ਸਭ ਮਰ ਜਾਂਦੇ ਹਨ।।੬੪।।

**ਚੌਪਈ।।ਆਸਾ ਕਰਤ ਸਗਲ ਜਗ ਜਯਾ।।ਆਸਹਿ ਉਪਜਜਾ ਆਸਹਿ ਭਯਾ।।**
**ਆਸਾ ਕਰਤ ਤਰੁਨ ਬ੍ਰਿਧ ਹੂਆ।। ਆਸਾ ਕਰਤ ਲੋਗ ਸਭ ਮੂਆ।। ੬੫।।**

ਸਾਰਾ ਸੰਸਾਰ ਹੀ ਆਸਾ ਵਿਚ ਲੱਗਾ ਹੈ। ਆਸਾ ਵਿਚੋਂ ਹੀ ਇਹ ਪੈਦਾ ਹੁੰਦਾ ਹੈ ਅਤੇ ਆਸਾ ਰੂਪ ਹੀ ਹੋ ਜਾਂਦਾ ਹੈ। ਜਵਾਨ ਆਸਾ ਲਾਈ ਹੀ ਬੁਢਾ ਹੋ ਗਿਆ ਅਤੇ ਆਸਾ ਕਰਦਾ ਕਰਦਾ ਹੀ ਮਰ ਗਿਆ॥੬੫॥

**ਆਸਾ ਕਰਤ ਲੋਗ ਸਭ ਭਏ॥ ਬਾਲਕ ਹੁਤੇ ਬ੍ਰਿੱਧ ਹ੍ਵੈ ਗਏ॥**
**ਜਿਤਿ ਕਿਤ ਧਨ ਆਸਾ ਕਰਿ ਡੋਲਹਿ॥ਦੇਸ ਬਿਦੇਸ ਧਨਾਸ ਕਲੋਲਹਿ॥੬੬॥**

ਪਦ ਅਰਥ - ਡੋਲਹਿ=ਫਿਰਦਾ ਹੈ। ਧਨਾਸ ਕਲੋਲਹਿ=ਧਨ ਦੀ ਆਸਾ ਦੀ ਖੇਡ।

ਆਸਾ ਕਰਦੇ ਹੀ ਸਭ ਲੋਕ ਬਾਲਕ ਤੋਂ ਬੁੱਢੇ ਹੋ ਜਾਂਦੇ ਹਨ ਧਨ ਦੀ ਆਸਾ ਵਿਚ ਹੀ ਇਹ ਇਧਰ ਉੱਧਰ ਭੱਜੇ ਫਿਰਦੇ ਹਨ ਅਤੇ ਧਨ ਦੀ ਆਸਾ ਵਿਚ ਹੀ ਦੇਸਾਂ ਵਿਦੇਸ਼ਾਂ ਵਿਚ ਖੱਜਲ ਹੁੰਦੇ ਹਨ॥੬੬॥

**ਪਾਹਨ ਕਹੁ ਧਨਾਸ ਸਿਰ ਨਜਾਵੈਂ॥ ਚੇਤ ਅਚੇਤਨ ਕੌਂ ਠਹਰਾਵੈਂ॥**
**ਕਰਤ ਪ੍ਰਪੰਚ ਪੇਟ ਕੇ ਕਾਜਾ॥ ਊਚ ਨੀਚ ਰਾਨਾ ਅਰੁ ਰਾਜਾ॥੬੭॥**

ਧਨ ਦੀ ਆਸਾ ਵਿਚ ਹੀ ਪੱਥਰ ਅੱਗੇ ਸਿਰ ਝੁਕਾਉਂਦੇ ਹਨ ਅਤੇ ਅਚੇਤ ਨੂੰ ਵੀ ਸੁਚੇਤ ਮੰਨਦੇ ਹਨ। ਊਚ ਨੀਚ ਰਾਜਾ ਪਰਜਾ ਸਭ ਪੇਟ ਦੀ ਖਾਤਰ ਪਖੰਡ ਕਰਦੇ ਹਨ॥੬੭॥

**ਕਾਹੂ ਕੋ ਸਿੱਛਾ ਸੁ ਦ੍ਰਿੜਾਵੈਂ॥ ਕਾਹੂੰ ਕੌਂ ਲੈ ਮੂੰਡ ਮੁੰਡਾਵੈਂ॥**
**ਕਾਹੂੰ ਪਠੈ ਤੀਰਥਨ ਦੇਂਹੀ॥ਗ੍ਰਿਹਿ ਕੋ ਦਰਬੁ ਮਾਂਗ ਸਭ ਲੇਂਹੀ॥੬੮॥**

ਕਿਸੇ ਨੂੰ ਸਿਖਿਆ ਦ੍ਰਿੜ ਕਰਵਾਉਂਦੇ ਹਨ, ਕਿਸੇ ਦਾ ਸਿਰ ਮੁੰਨਵਾ ਦਿੰਦੇ ਹਨ। ਕਿਸੇ ਨੂੰ ਤੀਰਥ ਯਾਤਰਾ ਤੇ ਭੇਜ ਦਿੰਦੇ ਹਨ ਅਤੇ ਘਰ ਦਾ ਸਾਰਾ ਮਾਲ ਧਨ ਆਪ ਮੰਗ ਲੈਂਦੇ ਹਨ॥੬੮॥

**ਜਿਹ ਨਰ ਕੋ ਧਨਵਾਨ ਤਕਾਵੈਂ॥ ਜੋਨਿ ਸਿਲਾ ਮਹਿ ਤਾਂਹਿ ਫਸਾਵੈਂ॥**
**ਬਹੁਰਿ ਡੰਡ ਤਿਹ ਮੂੰਡਿ ਚੁਕਾਂਹੀ॥ ਕਾਢਿ ਦੇਤ ਤਾਕੇ ਪੁਨਿ ਮਾਂਹੀ॥੬੯॥**

ਪਦ ਅਰਥ - ਜੋਨਿ ਸਿਲਾ=ਜਨਮ ਮਰਨ ਦਾ ਚੱਕਰ।

ਜਿਸ ਧਨੀ ਨੂੰ ਇਹ ਵੇਖ ਲੈਂਦੇ ਹਨ ਉਸ ਨੂੰ ਜਨਮ ਮਰਨ ਦੇ ਚੱਕਰ ਦਾ ਡਰਾਵਾ ਦੇ ਕੇ ਫਸਾ ਲੈਂਦੇ ਹਨ। ਉਹ ਉਸ ਵੱਲ ਕਾਫੀ ਵੱਡਾ ਡੰਨ ਕੱਢ ਦਿੰਦੇ ਹਨ ਅਤੇ ਉਸ ਤੋਂ ਡੰਨ ਵਸੂਲ ਕਰਦੇ ਹਨ॥੬੯॥

**ਇਨ ਲੋਗਨ ਧਨ ਹੀ ਕੀ ਆਸਾ॥ ਸ੍ਰੀ ਹਰਿ ਜੀ ਕੀ ਨਾਹਿ ਪਯਾਸਾ॥**
**ਡਿੰਭਿ ਜਗਤ ਕਹ ਕਰਿ ਪਰਚਾਵੈ॥ ਲਛਿਮੀ ਹਰ ਜਤੋ ਤਤੋ ਲੈ ਆਵੈ॥੭੦॥**

ਇਨ੍ਹਾਂ ਲੋਕਾਂ ਨੂੰ ਧਨ ਦੀ ਹੀ ਆਸਾ ਹੁੰਦੀ ਹੈ ਪ੍ਰਭੂ ਸਿਮਰਨ ਦੀ ਇਨ੍ਹਾਂ ਨੂੰ ਕੋਈ ਪਿਆਸ ਨਹੀਂ ਹੁੰਦੀ। ਸਾਰੇ ਜਗਤ ਨੂੰ ਇਹ ਪਰਪੰਚ ਵਿਚ ਉਲਝਾਈ ਰਖਦੇ ਹਨ ਅਤੇ ਕਿਸੇ ਢੰਗ ਵੀ ਇਹ ਧਨ ਨੂੰ ਚੁਰਾ ਹੀ ਲੈਂਦੇ ਹਨ॥੭੦॥

**ਦਿਜ ਬਾਚ॥ ਸੁਨੁ ਪੁੱਤ੍ਰੀ ਤੈ ਬਾਤ ਨ ਜਾਨੈ॥ ਸ਼ਿਵ ਕਹ ਕਰਿ ਪਾਹਨ ਪਹਿਚਾਨੈ॥**
**ਬਿਪ੍ਰਨ ਕੌ ਸਭ ਹੀ ਸਿਰ ਨਜਾਵੈਂ॥ ਚਰਨੋਦਕ ਲੈ ਮਾਥ ਚੜ੍ਹਾਵੈਂ॥ ੭੧॥**

ਪਦ ਅਰਥ - ਬਿਪ੍ਰਨ=ਬ੍ਰਾਹਮਣ। ਚਰਨੋਦਕ=ਚਰਨਾਮਤ।

ਬ੍ਰਾਹਮਣ ਨੇ ਫਿਰ ਕਿਹਾ ਕਿ ਹੇ ਪੁੱਤਰੀ! ਸੁਣ, ਤੂੰ ਗੱਲ ਨਹੀਂ ਸਮਝਦੀ ਏਂ ਅਤੇ ਸ਼ਿਵਜੀ ਨੂੰ ਪੱਥਰ ਮੰਨ ਰਹੀ ਏਂ। ਬ੍ਰਾਹਮਣਾਂ ਨੂੰ ਤਾਂ ਸਾਰੇ ਸਿਰ ਝੁਕਾਉਂਦੇ ਹਨ ਅਤੇ ਉਨ੍ਹਾਂ ਪਾਸੋਂ ਚਰਨਾਮਤ ਲੈ ਕੇ ਮੱਥੇ ਨੂੰ ਲਾਉਂਦੇ ਹਨ॥੭੧॥

**ਪੂਜਾ ਕਰਤ ਸਗਲ ਜਗ ਇਨ ਕੀ॥ ਨਿੰਦਜਾ ਕਰਤ ਮੂੜ ਤੈ ਜਿਨ ਕੀ॥**
**ਏ ਹੈਂ ਪਰਮ ਪੁਰਾਤਨ ਦਿਜਬਰ॥ ਸਦਾ ਸਰਾਹਤ ਜਿਨ ਕਹ ਨ੍ਰਿਪ ਬਰ॥ ੭੨॥**

ਮੂਰਖ ਜਿਨ੍ਹਾਂ ਦੀ ਨਿੰਦਿਆ ਕਰਦੇ ਹਨ ਸਾਰਾ ਸੰਸਾਰ ਉਨ੍ਹਾਂ ਦੀ ਪੂਜਾ ਕਰਦਾ ਹੈ। ਬ੍ਰਾਹਮਣ ਸਭ ਤੋਂ ਪੁਰਾਤਨ ਹਨ ਜਿਨ੍ਹਾਂ ਦੀ ਪ੍ਰਸੰਸਾ ਚੰਗੇ ਰਾਜੇ ਖੁਦ ਕਰਿਆ ਕਰਦੇ ਹਨ॥੭੨॥

**ਕੁਅਰਿ ਬਾਚ॥ ਸੁਨ ਮੂਰਖ ਦਿਜ ਤੈ ਨਹਿ ਜਾਨੀ॥ ਪਰਮ ਜੋਤਿ ਪਾਹਨ ਪਹਿਚਾਨੀ॥**
**ਇਨ ਮਹਿ ਪਰਮ ਪੁਰਖ ਤੈ ਜਾਨਾ॥ ਤਜਿ ਸਜਾਨਪ ਹ੍ਵੈ ਗਯੋ ਅਯਾਨਾ॥ ੭੩॥**

ਰਾਜ ਕੁਮਾਰੀ ਨੇ ਜਵਾਬ ਦਿੱਤਾ ਕਿ ਹੇ ਮੂਰਖ ਬ੍ਰਾਹਮਣ ਤੁਹਾਨੂੰ ਕੁਝ ਵੀ ਗਿਆਨ ਨਹੀਂ ਹੈ ਅਤੇ ਇਕ ਪਰਮ ਜੋਤ ਨੂੰ ਪੱਥਰ ਮੰਨ ਰਹੇ ਹੋ ਅਤੇ ਸਿਆਣਪ ਛੱਡ ਕੇ ਮੂਰਖ ਬਣ ਗਏ ਹੋ॥੭੩॥

**ਅੜਿੱਲ॥ ਲੈਨੌ ਹੋਇ ਸੁ ਲੈ ਦਿਜ ਮੁਹਿ ਨ ਝੁਠਾਇਯੈ॥**
**ਪਾਹਨ ਮੈ ਪਰਮੇਸ੍ਵਰ ਨ ਭਾਖਿ ਸੁਨਾਇਯੈ॥**
**ਇਨ ਲੋਗਨ ਪਾਹਨ ਮਹਿ ਸ਼ਿਵ ਠਹਰਾਇਕੈ॥**
**ਹੋ ਮੂੜਨ ਲੀਜਹੁ ਲੂਟ ਹਰਖ ਉਪਜਾਇਕੈ॥ ੭੪॥**

ਹੇ ਬ੍ਰਾਹਮਣ, ਜੋ ਤੁਸੀਂ ਧਨ ਲੈਣਾ ਹੈ ਲੈ ਲਵੋ, ਪਰ ਮੈਨੂੰ ਝੂਠ ਨ ਦਸੋ ਕਿ ਪੱਥਰ ਵਿਚ ਪਰਮੇਸ਼ਰ ਹੈ। ਮੂਰਖਾਂ ਨੂੰ ਪੱਥਰ ਵਿਚ ਸ਼ਿਵਜੀ ਦੱਸ ਕੇ ਬੇਸ਼ਕ ਦਿਲ ਖੋਲਕੇ ਲੁਟ ਲਵੀਂ॥੭੪॥

**ਕਾਹੂ ਕਹ ਪਾਹਨ ਮਹਿ ਬ੍ਰਹਮ ਬਤਾਤ ਹੈਂ॥**

ਜਲ ਡੂਬਨ ਹਿਤ ਕਿਸਹੂੰ ਤੀਰਥ ਪਠਾਤ ਹੈਂ॥
ਜਜੋ ਤਜੋ ਧਨ ਹਰ ਲੇਤ ਜਤਨ ਅਨਗਨਿਤ ਕਰ॥
ਹੋ ਟਕਾ ਗਾਠਿ ਮਹਿ ਲਏ ਨ ਦੇਹੀ ਜਾਨ ਘਰ॥ ੭੫॥

(ਤੁਹਾਡਾ ਗਿਆਨ ਵੀ ਅਨੋਖਾ ਹੈ) ਕਿਸੇ ਨੂੰ ਪੱਥਰ ਵਿਚ ਬ੍ਰਹਮਾਂ ਦਸਦੇ ਹੋ, ਕਿਸੇ ਨੂੰ ਜਲ ਵਿਚ ਚੁੱਭੀ ਮਾਰਨ ਵਾਸਤੇ ਤੀਰਥਾਂ ਤੇ ਭੇਜ ਦਿੰਦੇ ਹੋ। ਅਣਗਿਣਤ ਯਤਨ ਕਰਕੇ ਕਿਸੇ ਢੰਗ ਨਾਲ ਵੀ ਤੁਸੀਂ ਧਨ ਦੀ ਚੋਰੀ ਕਰ ਲੈਂਦੇ ਹੋ। ਜਿਸਦੀ ਗੱਠੜੀ ਵਿਚ ਪੈਸਾ ਹੋਵੇ, ਤੁਸੀਂ ਉਸ ਨੂੰ ਕੰਗਾਲ ਕੀਤੇ ਬਗ਼ੈਰ ਘਰ ਨਹੀਂ ਜਾਣ ਦਿੰਦੇ॥੭੫॥

ਧਨੀ ਪੁਰਖ ਕਹ ਲਖਿ ਦਿਜ ਦੋਖ ਲਗਾਵਹੀ॥
ਹੋਮ ਜੱਗਜ ਤਾਤੇ ਬਹੁ ਭਾਂਤ ਕਰਾਵਹੀ॥
ਧਨਿ ਯਹਿ ਕਰਿ ਨਿਰਧਨੀ ਜਾਤ ਧਨ ਖਾਇਕੈ॥
ਹੋ ਬਹੁਰਿ ਨ ਤਾਕੌਂ ਬਦਨ ਦਿਖਾਵਤ ਆਇਕੈ॥ ੭੬॥

ਪਦ ਅਰਥ - ਦੋਖ=ਦੋਸ਼। ਹੋਮ ਜੱਗਜ=ਹੋਮ ਜਗ।

ਧਨੀ ਵਿਅਕਤੀ ਨੂੰ ਵੇਖਕੇ ਤੁਸੀਂ ਬ੍ਰਾਹਮਣ ਲੋਕ ਉਸ ਵਿਚ ਕੋਈ ਨ ਕੋਈ ਦੋਸ਼ ਕਢ ਹੀ ਲੈਂਦੇ ਹੋ ਅਤੇ ਫਿਰ ਉਸ ਪਾਸੋਂ ਕਈ ਪ੍ਰਕਾਰ ਦੇ ਹੋਮ ਯੱਗ ਕਰਵਾਉਂਦੇ ਹੋ। ਧਨੀ ਦਾ ਧਨ ਖਾਕੇ ਉਸ ਨੂੰ ਨਿਰਧਨ ਕਰ ਦਿੰਦੇ ਹੋ ਪਰ ਬਾਅਦ ਵਿਚ ਆ ਕੇ ਉਸ ਨੂੰ ਮੂੰਹ ਵੀ ਨਹੀਂ ਵਖਾਉਂਦੇ॥੭੬॥

ਚੌਪਈ॥ ਕਾਹੂ ਲੈ ਤੀਰਥਨ ਸਿਧਾਵੈ॥ ਕਾਹੂ ਅਫਲ ਪ੍ਰਯੋਗ ਬਤਾਵੈਂ॥
ਕਾਕਨ ਜਜੋ ਮੰਡਰਾਤ ਧਨੂ ਪਰ॥ ਜਜੋ ਕਿਲਕਾ ਮੱਛਰੀਯੈ ਦੂ ਪਰ॥ ੭੭॥

ਪਦ ਅਰਥ - ਅਫਲ=ਫਲ ਰਹਿਤ। ਕਾਕਨ=ਕਾਂ।

ਇਹ ਬ੍ਰਾਹਮਣ ਆਪਣੇ ਲਾਭ ਦੇ ਅਨੁਕੂਲ ਕਿਸੇ ਨੂੰ ਤੀਰਥਾਂ ਤੇ ਭੇਜ ਦਿੰਦਾ ਹੈ ਅਤੇ ਕਿਸੇ ਦੀ ਸਾਧਣਾਂ ਅਰਾਧਣਾਂ ਅਤੇ ਪੂਜਾ ਵਿਚ ਨੁਕਸ ਕੱਢ ਦਿੰਦਾ ਹੈ। ਪਰ ਆਪ ਇਹ ਕਾਂ, ਮੱਖੀ ਅਤੇ ਮੱਛਰ ਵਾਂਗ ਧਨ ਦੇ ਦੁਆਲੇ ਚੱਕਰ ਕੱਢਦਾ ਹੀ ਰਹਿੰਦਾ ਹੈ॥੭੭॥

ਜਜੋ ਦ੍ਵੈ ਸ੍ਵਾਨ ਏਕ ਹਡਿਯਾ ਪਰ॥ ਭੂਸਤ ਮਨੋ ਬਾਦਿ ਬਿੱਦਜਾਧਰ॥
ਬਾਹਰ ਕਰਤ ਬੇਦ ਕੀ ਚਰਚਾ॥ ਤਨ ਅਰੁ ਮਨ ਧਨ ਹੀ ਕੀ ਅਰਚਾ॥ ੭੮॥

ਪਦ ਅਰਥ - ਦ੍ਵੈ ਸ੍ਵਾਨ=ਦੋ ਕੁੱਤੇ। ਹਡਿਯਾ=ਹੱਡੀ। ਅਰਚਾ=ਪੂਜਾ।

ਜਿਸ ਤਰ੍ਹਾਂ ਦੋ ਕੁੱਤੇ ਇਕ ਹੱਡੀ ਤੇ ਟੁੱਟ ਪੈਂਦੇ ਹਨ ਅਤੇ ਖੋਹਣ ਵਾਸਤੇ ਇੱਕ ਦੂਜੇ ਨਾਲ ਲੜਦੇ ਹਨ ਜਾਂ ਜਿਵੇਂ ਦੋ ਵਿਦਵਾਨ ਵਾਦ ਵਿਵਾਦ ਕਰਦੇ ਸਮੇਂ ਇਕ ਦੂਸਰੇ ਤੇ ਟੁੱਟ ਪੈਂਦੇ ਹਨ। ਇਸ ਤਰ੍ਹਾਂ ਬਾਹਰੋਂ ਤਾਂ ਤੁਸੀਂ ਲੋਕ ਵੇਦ ਦੀ ਚਰਚਾ ਕਰਦੇ ਹੋ ਪਰ ਅੰਦਰੋਂ ਤੁਹਾਡਾ ਮਨ ਉਸ ਧਨ ਰੂਪੀ ਹੱਡੀ ਤੇ ਲੱਗਾ ਹੁੰਦਾ ਹੈ ਅਤੇ ਮਨ ਹੀ ਮਨ ਵਿਚ ਉਸ ਦੀ ਪੂਜਾ ਕਰਦੇ ਹੋ।।੭੮।।

**ਦੋਹਰਾ।। ਧਨ ਕੀ ਆਸਾ ਮਨ ਰਹੈ ਬਾਹਰ ਪੂਜਤ ਦੇਵ।।**
**ਨਾ ਹਰਿ ਮਿਲਾ ਨ ਧਨ ਭਯੋ ਬ੍ਰਿਥਾ ਭਈ ਸਭ ਸੇਵ।। ੭੯।।**

ਤੁਹਾਡੇ ਮਨ ਵਿਚ ਤਾਂ ਧਨ ਦਾ ਵਾਸਾ ਹੁੰਦਾ ਹੈ ਅਤੇ ਉਸ ਦੀ ਆਸ ਲਾ ਰਖਦੇ ਹੋ, ਪਰ ਬਾਹਰੋਂ ਦੇਵਤਾ ਦੀ ਪੂਜਾ ਕਰਦੇ ਹੋ। ਇਸ ਤਰ੍ਹਾਂ ਨ ਤਾਂ ਤੁਹਾਨੂੰ ਪਰਮਾਤਮਾ ਮਿਲਦਾ ਹੈ ਅਤੇ ਨ ਹੀ ਧਨ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਤੁਹਾਡੀ ਸਾਰੀ ਸੇਵਾ ਵਿਅਰਥ ਚਲੀ ਜਾਂਦੀ ਹੈ।।੭੯।।

**ਅੜਿੱਲ।। ਏ ਬਿੱਦਜਾ ਬਲ ਕਰਿਹ ਜੋਗ ਕੀ ਬਾਤ ਨ ਜਾਨੈ।।**
**ਏ ਸੁਚੇਤ ਕਰਿ ਰਹਹਿ ਹਮਨਿ ਆਚੇਤ ਪ੍ਰਮਾਨੈ।।**
**ਕਹਾ ਭਯੌ ਜੌ ਭਾਂਗ ਭੂਲਿ ਭੌਂਦੂ ਨਹਿ ਖਾਈ।।**
**ਹੋ ਨਿਜੁ ਤਨ ਤੇ ਬਿਸੰਭਾਰ ਰਹਤ ਸਭ ਲਖਤ ਲੁਕਾਈ।। ੮੦।।**

ਤੁਸੀਂ ਆਪਣੀ ਵਿਦਿਆ ਜਾਂ ਗਿਆਨ ਦਾ ਘੁਮੰਡ ਕਰਦੇ ਹੋ ਪਰ ਜੋਗ ਦੀ ਗੱਲ ਤੁਸੀਂ ਨਹੀਂ ਜਾਣਦੇ। ਖੁਦ ਆਪਣੇ ਆਪ ਨੂੰ ਪੰਡਤ ਮੰਨਦੇ ਹੋ ਅਤੇ ਸਾਨੂੰ ਮੂਰਖ ਸਮਝਦੇ ਹੋ। ਕੀ ਹੋਇਆ ਜੇ ਇਸ ਮੂਰਖ ਨੇ ਭੁੱਲ ਕੇ ਭੰਗ ਨਹੀਂ ਪੀਤੀ ਪਰ ਸਾਰੇ ਜਾਣਦੇ ਹਨ ਕਿ ਇਹ ਧਰਤੀ ਤੇ ਇੱਕ ਬੋਝ ਹੈ।।੮੦।।

**ਭਾਂਗ ਖਾਇ ਭਟ ਭਿੜਹਿ ਗਜਨ ਕੇ ਦਾਂਤ ਉਪਾਰਹਿ।।**
**ਸਿਮਟਿ ਸਾਂਗ ਸੰਗ੍ਰਹਹਿ ਸਾਰ ਸਨਮੁਖ ਹ੍ਵੈ ਝਾਰਹਿ।।**
**ਤੈ ਮੂਜੀ ਪੀ ਭਾਂਗ ਕਹੋ ਕਾ ਕਾਜ ਸਵਰਿਹੈ।।**
**ਹੋ ਹ੍ਵੈ ਕੈ ਮ੍ਰਿਤਕ ਸਮਾਨ ਜਾਇ ਔਧੇ ਮੁਖ ਪਰਿ ਹੈ।। ੮੧।।**

ਪਦ ਅਰਥ - ਭਟ=ਸੂਰਮਾ। ਗਜਨ=ਹਾਥੀ। ਉਪਾਰਹਿ=ਤੋੜਨਾ। ਮੂਜੀ=ਡਰਪੋਕ। ਔਧੇ ਮੁਖ=ਮੂਧੇ ਮੂੰਹ।

ਭੰਗ ਪੀ ਕੇ ਹੀ ਸੂਰਮੇ ਲੜਦੇ ਹਨ ਅਤੇ ਹਾਥੀਆਂ ਦੇ ਵੀ ਦੰਦ ਤੋੜ ਦਿੰਦੇ ਹਨ। ਹੱਥ ਵਿਚ ਘੁੱਟ ਕੇ ਉਹ ਭਾਲਾ ਫੜਦੇ ਹਨ ਅਤੇ ਦੁਸ਼ਮਣ ! ਦੇ ਸਾਹਮਣੇ ਹੋਕੇ ਵਾਰ ਕਰਦੇ ਹਨ। ਹੇ ਮੂਜੀ ਤੂੰ ਭੰਗ ਪੀ ਕੇ ਭਲਾ ਕੀ ਕਰ ਸਕੇਂਗਾ, ਤੂੰ ਤਾਂ ਇਕ ਲਾਸ਼ ਵਾਂਗ ਪੁਠਾ ਹੋ ਕੇ ਡਿੱਗ ਪਵੇਂਗਾ।।੮੧।।

ਭੁਜੰਗ ਛੰਦ।। ਸੁਨੋ ਮਿਸ੍ਰ ਸਿੱਛਾ ਇਨੀ ਕੋ ਸੁ ਦੀਜੈ।।
ਮਹਾਂ ਝੂਠ ਤੇ ਰਾਖਿ ਕੈ ਮੋਹਿ ਲੀਜੈ।।
ਇਤੋ ਝੂਠ ਕੈ ਔਰ ਨੀਕੋ ਦ੍ਰਿੜਾਵੌ।।
ਕਹਾ ਚਾਮ ਕੇ ਦਾਮ ਕੈ ਕੈ ਚਲਾਵੌ।। ੮੨।।

ਪਦ ਅਰਥ - ਚਾਮ ਕੇ ਦਾਮ=ਚੰਮ ਦੇ ਸਿੱਕੇ।

ਹੇ ਬ੍ਰਾਹਮਣ ! ਤੁਸੀਂ ਇਹ ਸਿਖਿਆ ਇਨ੍ਹਾਂ ਮੂਰਖਾਂ ਨੂੰ ਹੀ ਦੇਣੀ ਅਤੇ ਮੈਨੂੰ ਇਸ ਮਹਾਂ ਝੂਠ ਤੋਂ ਬਚਾ ਲਵੋਂ। ਇਸ ਝੂਠ ਦਾ ਹੋਰ ਚੰਗੇ ਢੰਗ ਨਾਲ ਪ੍ਰਯੋਗ ਕਰੋ ਅਤੇ ਆਪਣੀ ਮਰਜ਼ੀ ਅਨੁਸਾਰ ਬੇਸ਼ਕ ਚੰਮ ਦੇ ਸਿਕੇ ਚਲਾਓ।।੮੨।।

ਮਹਾਂ ਘੋਰ ਈ ਨਰਕ ਕੇ ਬੀਚ ਜੈਹੌ।। ਕਿ ਚੰਡਾਲ ਕੀ ਜੋਨਿ ਮੈ ਔਤਰੈਹੌ।।
ਕਿ ਟਾਂਗੇ ਮਰੋਗੇ ਬਧੇ ਮ੍ਰਿਤੁਸ਼ਾਲਾ।। ਸਨੈ ਬੰਧੁ ਪੁੱਤ੍ਰਾ ਕਲੱਤ੍ਰਾਨ ਬਾਲਾ।। ੮੩।।

ਤੁਸੀਂ ਹੁਣ ਨਰਕ ਵਿਚ ਜਾਓਗੇ ਅਤੇ ਚੰਡਾਲ ਦੀ ਜੂਨ ਵਿਚ ਜਨਮ ਲਵੋਗੇ। ਤੁਸੀਂ ਹੁਣ ਸਾਰੇ ਟੱਬਰ ਸਮੇਤ ਬੁਚੜ ਖਾਨੇ ਵਿਚ ਪੁੱਠੇ ਟੰਗ ਕੇ ਮਾਰ ਦਿੱਤੇ ਜਾਓਗੇ।।੮੩।।

ਕਹੋ ਮਿਸ੍ਰ ਆਗੇ ਕਹਾਂ ਜ਼ਾਬ ਦੈਹੋ।। ਜਬੈ ਕਾਲ ਕੇ ਜਾਲ ਮੈ ਫਾਂਸਿ ਜੈ ਹੋ।।
ਕਹੋ ਕੌਨ ਸੋ ਪਾਠ ਕੈਹੋ ਤਹਾਂ ਹੀ।। ਤਊ ਲਿੰਗ ਪੂਜਾ ਕਰੌਗੇ ਉਹਾਂਹੀ।। ੮੪।।

ਹੇ ਬ੍ਰਾਹਮਣ ! ਦੱਸੋ ਅੱਗੇ ਜਾਕੇ ਕੀ ਉੱਤਰ ਦੇਵੋਗੇ ਜਦੋਂ ਤੁਸੀਂ ਕਾਲ ਦੇ ਜਾਲ ਵਿਚ ਫੱਸ ਜਾਓਗੇ ? ਤਦ ਦੱਸੋ ਓਥੇ ਕਿਹੜਾ ਪਾਠ ਪੜ੍ਹੋਗੇ ? ਕੀ ਓਥੇ ਜਾਕੇ ਵੀ ਲਿੰਗ ਦੀ ਹੀ ਪੂਜਾ ਕਰੋਗੇ।।੮੪।।

ਤਹਾਂ ਰੁਦ੍ਰ ਐਹੈਂ ਕਿ ਸ੍ਰੀ ਕ੍ਰਿਸ਼ਨ ਐਹੈਂ।। ਜਹਾਂ ਬਾਂਧਿ ਸ੍ਰੀ ਕਾਲ ਤੋਕੌ ਚਲੈ ਹੈਂ।।
ਕਿਧੌ ਆਨਿ ਕੈ ਰਾਮ ਹ੍ਵੈ ਹੈ ਸਹਾਈ।। ਜਹਾਂ ਪੁੱਤ੍ਰ ਮਾਤਾ ਨ ਤਾਤਾ ਨ ਭਾਈ।। ੮੫।।

ਓਥੇ ਕੀ ਸ਼ਿਵਜੀ ਆਵੇਗਾ ਕਿ ਸ੍ਰੀ ਕ੍ਰਿਸ਼ਨ ਆਵੇਗਾ ? ਜਿਥੇ ਤੁਹਾਨੂੰ ਕਾਲ ਬੰਨ੍ਹ ਕੇ ਲੈ ਜਾਵੇਗਾ ਅਤੇ ਪੁੱਤਰ, ਮਾਤਾ ਪਿਤਾ ਕੋਈ ਵੀ ਤੁਹਾਡੇ ਨਾਲ ਨਹੀਂ ਹੋਵੇਗਾ, ਓਥੇ ਕੀ ਰਾਮ ਤੁਹਾਡੀ ਸਹਾਇਤਾ ਕਰੇਗਾ ?।।੮੫।।

ਮਹਾਕਾਲ ਜੂ ਕੋ ਸਦਾ ਸੀਸ ਨਜੈਯੈ।। ਪੁਰੀ ਚੌਦਹੂੰ ਤ੍ਰਾਸ ਜਾਕੋ ਤ੍ਰਸੈਯੈ।।
ਸਦਾ ਆਨਿ ਜਾਕੀ ਸਭੈ ਜੀਵ ਮਾਨੈ।। ਸਭੈ ਲੋਕ ਖਜਾਤਾ ਬਿਧਾਤਾ ਪਛਾਨੈ।। ੮੬।।

ਪਦ ਅਰਥ - ਮਹਾਕਾਲ=ਪ੍ਰਭੂ। ਤ੍ਰਾਸ=ਡਰ। ਪੁਰੀ ਚੌਦਹੂੰ=ਚੌਂਦਾਂ ਭਵਨ, ਚੌਦਾਂ ਲੋਕ।

ਇਸ ਲਈ ਮਹਾਂ ਕਾਲ ਪ੍ਰਭੂ ਅਗੇ ਹੀ ਸਿਰ ਝੁਕਾਉਣਾ ਚਾਹੀਦਾ ਹੈ, ਜਿਸਦਾ ਡਰ ਚੌਂਦਾਂ ਭਵਨ ਮੰਨਦੇ ਹਨ। ਜਿਸਦੀ ਆਨ ਸਭ ਜੀਵ ਸਦਾ ਮੰਨਦੇ ਹਨ ਅਤੇ ਜਿਸ ਨੂੰ ਵਿਧਾਤਾ ਦੇ ਰੂਪ ਵਿਚ ਸਭ ਪਹਿਚਾਨਦੇ ਹਨ॥੮੬॥

**ਨਹੀ ਜਾਨਿ ਜਾਈ ਕਛੂ ਰੂਪ ਰੇਖਾ॥ ਕਹਾਂ ਬਾਸ ਤਾਕੋ ਫਿਰੈ ਕੌਨ ਭੇਖਾ॥**
**ਕਹਾਂ ਨਾਮ ਤਾਕੋ ਕਹਾਂ ਕੈ ਕਹਾਵੈ॥ ਕਹਾ ਕੈ ਬਖਾਨੋ ਕਹੇ ਮੋ ਨ ਆਵੈ॥੮੭॥**

ਉਸ ਦੀ ਰੂਪ ਰੇਖਾ, ਨਿਵਾਸ ਅਤੇ ਭੇਸ ਬਾਰੇ ਜਾਣਿਆ ਨਹੀਂ ਜਾ ਸਕਦਾ। ਉਸ ਦਾ ਕੀ ਨਾਂ ਹੈ, ਉਹ ਆਪਣੇ ਆਪ ਨੂੰ ਕੀ ਕਹਾਉਂਦਾ ਹੈ, ਮੈਂ ਕਿਥੋਂ ਤੱਕ ਵਰਣਨ ਕਰਾਂ, ਮੈਥੋਂ ਕੁਝ ਕਿਹਾ ਨਹੀਂ ਜਾਂਦਾ॥੮੭॥

**ਨ ਤਾਕੋ ਕੋਊ ਤਾਤ ਮਾਤਾ ਨ ਭਾਈ॥ ਨ ਪੁਤ੍ਰਾ ਨ ਪੋਤ੍ਰਾ ਨ ਦੱਯਾ ਨ ਦਾਈ॥**
**ਕਛੂ ਸੰਗ ਸੈਨਾ ਨ ਤਾਕੋ ਸੁਹਾਵੈ॥ ਕਹੈ ਸੱਤਿ ਸੋਈ ਕਰੈ ਸੋ ਬਨਜਾਵੈ॥੮੮॥**

ਉਸ ਦਾ ਨਾ ਕੋਈ ਪਿਤਾ, ਮਾਤਾ, ਭਾਈ, ਪੁੱਤਰ ਅਤੇ ਪੋਤਰਾ ਹੈ ਅਤੇ ਨ ਹੀ ਕੋਈ ਦਾਇਆ ਜਾਂ ਦਾਈ ਹੈ। ਉਸ ਦੇ ਪਾਸ ਨ ਕੋਈ ਸੈਨਾ ਹੈ, ਪਰ ਉਹ ਜੋ ਕਹਿਣਾ ਚਾਹੁੰਦਾ ਹੈ ਉਹੀ ਹੁੰਦਾ ਹੈ॥੮੮॥

**ਕਈਊ ਸਵਾਰੇ ਕਈਊ ਖਪਾਵੈ॥ ਉਸਾਰੇ ਗੜੇ ਫੇਰਿ ਮੇਟੈ ਬਨਾਵੈ॥**
**ਘਨੀ ਬਾਰ ਲੌ ਪੰਥ ਚਾਰੋ ਭ੍ਰਮਾਨਾ॥ ਮਹਾਕਾਲ ਹੀ ਕੋ ਗੁਰੂ ਕੋ ਪਛਾਨਾ॥੮੯॥**

ਪਦ ਅਰਥ - ਸਵਾਰੈ=ਬਣਾਇਆ ਹੈ। ਖਪਾਵੈ=ਢਾਇਆ ਹੈ।

ਕਈਆਂ ਨੂੰ ਉਸ ਬਣਾਇਆ ਹੈ ਅਤੇ ਕਈਆਂ ਨੂੰ ਨਸ਼ਟ ਕਰ ਦਿੱਤਾ ਹੈ। ਕਈਆਂ ਨੂੰ ਉਸ ਉਸਾਰਿਆ ਹੈ ਫੇਰ ਮੇਟਿਆ ਹੈ ਅਤੇ ਫੇਰ ਬਣਾ ਦਿੱਤਾ ਹੈ। ਕਈ ਬਾਰ ਉਹ ਚਾਰੇ ਪਾਸੇ ਘੁੰਮਦਾ ਹੈ ਅਤੇ ਸਦਾ ਮਹਾਂਕਾਲ ਹੀ ਗੁਰੂ ਦੇ ਰੂਪ ਵਿਚ ਪਛਾਣਿਆ ਜਾਂਦਾ ਹੈ॥੮੯॥

**ਮੁਰੀਦ ਹੈ ਉਸੀ ਕਾ ਵਹੈ ਪੀਰ ਮੇਰੋ॥ ਉਸੀ ਕਾ ਕਿਯਾ ਆਪਨਾ ਜੀਵ ਚੇਰੋ॥**
**ਤਿਸੀ ਕਾ ਕੀਆ ਬਾਲਕਾ ਮੈਂ ਕਹਾਵੌਂ॥ ਉਹੀ ਮੋਹਿ ਰਾਖਾ ਉਸੀ ਕੋ ਧਿਆਵੌਂ॥੯੦॥**

ਮੈਂ ਉਸੇ ਮਹਾਂਕਾਲ ਨੂੰ ਆਪਣਾ ਪੀਰ ਮੰਨਦੀ ਹਾਂ ਅਤੇ ਉਸੇ ਦੀ ਮੁਰੀਦ ਹਾਂ ਕਿਉਂਕਿ ਮੇਰੀ ਜੀਵ ਆਤਮਾਂ ਉਸੇ ਨੇ ਬਣਾਈ ਹੈ। ਉਸੇ ਦੀ ਰਚਨਾ ਮੈਂ ਬਾਲਕਾ ਕਹਾਉਂਦੀ ਹਾਂ, ਉਸੇ ਨੇ ਮੇਰੀ ਰਖਿਆ ਕੀਤੀ ਹੈ ਅਤੇ ਮੈਂ ਓਸੇ ਦਾ ਸਿਰਮਨ ਕਰਦੀ ਹਾਂ॥੯੦॥

**ਚੌਪਈ॥ ਦਿਜ ਹਮ ਮਹਾਂ ਕਾਲ ਕੋ ਮਾਨੈ॥ ਪਾਹਨ ਮੈ ਮਨ ਕੋ ਨਹਿ ਆਨੈ॥**

Namdhari Elibrary NamdhariElibrary@gmail.com

**ਪਾਹਨ ਕੋ ਪਾਹਨ ਕਰਿ ਜਾਨਤ।। ਤਾਂਤੇ ਬੁਰੋ ਲੋਗ ਏ ਮਾਨਤ।। ੯੧।।**

ਹੇ ਬ੍ਰਾਹਮਣ ! ਮੈਂ ਕੇਵਲ ਮਹਾਂਕਾਲ ਨੂੰ ਮੰਨਦੀ ਹਾਂ ਅਤੇ ਪੱਥਰ ਵਿਚ ਆਪਣਾ ਮਨ ਨਹੀਂ ਲਾਉਂਦੀ। ਮੈਂ ਪੱਥਰ ਨੂੰ ਕੇਵਲ ਪੱਥਰ ਹੀ ਮੰਨਦੀ ਹਾਂ। ਇਸ ਨੂੰ ਸਿਰਫ ਬੁਰੇ ਲੋਕ ਹੀ ਮੰਨਦੇ ਹਨ।।੯੧।।

**ਝੂਠਾ ਕਹ ਝੂਠਾ ਹਮ ਕੈਹੈਂ।। ਜੋ ਸਭ ਲੋਗ ਮਨੈ ਕੁਰਰੈਹੈਂ।।**
**ਹਮ ਕਾਹੂ ਕੀ ਕਾਨਿ ਨ ਰਾਖੈਂ।। ਸੱਤਿ ਬਚਨ ਮੁਖ ਊਪਰ ਭਾਖੈਂ।। ੯੨।।**

ਝੂਠੇ ਨੂੰ ਤਾਂ ਅਸੀਂ ਝੂਠਾ ਹੀ ਕਹਾਂਗੇ ਭਾਵੇਂ ਲੋਕ ਮਨਾਂ ਕਰਨ ਅਤੇ ਚਾਹੇ ਚੀਕਣ। ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਾਂਗੀ ਅਤੇ ਸੱਚੀ ਗੱਲ ਮੂੰਹ ਤੇ ਆਖਾਂਗੀ।।੯੨।।

**ਸੁਨੁ ਦਿਜ ਤੁਮ ਧਨ ਕੇ ਲਬ ਲਾਗੇ।। ਮਾਂਗਤ ਫਿਰਤ ਸਭਨ ਕੇ ਆਗੇ।।**
**ਆਪਨੇ ਮਨ ਭੀਤਰਿ ਨ ਲਜਾਵਹੁ।। ਇਕ ਟਕ ਹ੍ਵੈ ਹਰਿ ਧ੍ਯਾਨ ਨ ਲਾਵਹੁ।। ੯੩।।**

ਹੇ ਪੰਡਤ ! ਤੁਸੀਂ ਧਨ ਦੇ ਲੋਭ ਵਿਚ ਸਭ ਤੋਂ ਮੰਗਦੇ ਫਿਰਦੇ ਹੋ। ਆਪਣੇ ਮਨ ਵਿਚ ਸ਼ਰਮਿੰਦੇ ਨਹੀਂ ਹੁੰਦੇ ਅਤੇ ਇਕ ਟਕਾ ਭਰ ਵੀ ਪਰਮਾਤਮਾ ਵਲ ਧਿਆਨ ਨਹੀਂ ਲਾਉਂਦੇ।।੯੩।।

**ਦਿਜ ਬਾਚ।। ਤਬ ਦਿਜ ਬੋਲਾ ਤੈ ਕ੍ਯਾ ਮਾਨੈ।। ਸੰਭੂ ਕੋ ਪਾਹਨ ਕਰਿ ਮਾਨੈ।।**
**ਜੋ ਇਨ ਕੋ ਕਰਿ ਆਨ ਬਖਾਨੈ।। ਤਾਕੋ ਬ੍ਰਹਮ ਪਾਤਕੀ ਜਾਨੈ।। ੯੪।।**

ਪਦ ਅਰਥ – ਸੰਭੂ=ਸ਼ਿਵਜੀ। ਪਾਤਕੀ=ਪਾਪੀ। ਬ੍ਰਹਮ=ਪਰਮਾਤਮਾ।

ਬ੍ਰਾਹਮਣ ਨੇ ਤਦ ਕਿਹਾ, ਤੂੰ ਕੀ ਜਾਣ ਸਕਦੀ ਹੈਂ ਜਿਹੜੀ ਸ਼ਿਵਜੀ ਨੂੰ ਪੱਥਰ ਸਮਝ ਰਹੀ ਹੈਂ। ਜੋ ਇਨ੍ਹਾਂ ਨੂੰ ਬੁਰਾ ਕਹਿੰਦਾ ਹੈ, ਪਰਮਾਤਮਾ ਉਸ ਨੂੰ ਪਾਪੀ ਸਮਝਦਾ ਹੈ।।੯੪।।

**ਜੋ ਇਨ ਕਹ ਕਟੁ ਬਚਨ ਉਚਾਰੈ।। ਤਾਕੌ ਮਹਾਂ ਨਰਕ ਬਿਧਿ ਡਾਰੈ।।**
**ਇਨਕੀ ਸਦਾ ਕੀਜਿਯੈ ਸੇਵਾ।। ਏ ਹੈ ਪਰਮ ਪੁਰਾਤਨ ਦੇਵਾ।। ੯੫।।**

ਪਦ ਅਰਥ – ਕਟੁ ਬਚਨ=ਭੈੜੇ ਸ਼ਬਦ। ਬਿਧਿ=ਪ੍ਰਭੂ।

ਜੋ ਇਨ੍ਹਾਂ ਬਾਰੇ ਭੈੜੇ ਬਚਨ ਬੋਲਦਾ ਹੈ, ਪਰਮਾਤਮਾ ਉਸ ਨੂੰ ਮਹਾਂ ਨਰਕ ਵਿਚ ਸੁਟਦਾ ਹੈ। ਇਨ੍ਹਾਂ ਦੀ ਸਦਾ ਹੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਇਹ ਪੁਰਾਤਨ ਦੇਵਤਾ ਹਨ।।੯੫।।

**ਕੁਅਰਿ ਬਾਚ।। ਏਕੈ ਮਹਾਂ ਕਾਲ ਹਮ ਮਾਨੈ।। ਮਹਾਂ ਰੁੱਦ੍ਰ ਕਹ ਕਛੂ ਨ ਜਾਨੈ।।**
**ਬ੍ਰਹਮ ਬਿਸ਼ਨ ਕੀ ਸੇਵ ਨ ਕਰਹੀ।। ਤਿਨ ਤੇ ਹਮ ਕਬਹੂੰ ਨਹਿ ਡਰਹੀ।। ੯੬।।**

ਰਾਜ ਕੁਮਾਰੀ ਨੇ ਫਿਰ ਕਿਹਾ ਕਿ ਮੈਂ ਕੇਵਲ ਇਕ ਮਹਾਂਕਾਲ ਨੂੰ ਹੀ ਮੰਨਦੀ ਹਾਂ. ਮੈਂ ਕਿਸੇ

Namdhari Elibrary NamdhariElibrary@gmail.com

ਮਹਾਂਰੁਦਰ ਨੂੰ ਕੁਝ ਨਹੀਂ ਸਮਝਦੀ। ਮੈਂ ਬ੍ਰਹਮਾਂ ਬਿਸ਼ਨੂੰ ਦੀ ਵੀ ਸੇਵਾ ਨਹੀਂ ਕਰਾਂਗੀ ਅਤੇ ਇਨ੍ਹਾਂ ਪਾਸੋਂ ਰਤਾ ਭਰ ਵੀ ਨਹੀਂ ਡਰਾਂਗੀ॥੯੬॥

**ਬ੍ਰਹਮ ਬਿਸ਼ਨ ਜਿਨ ਪੁਰਖ ਉਚਾਰਜੋ॥ ਤਾਕੌ ਮ੍ਰਿਤੁ ਜਾਨਿਯੈ ਮਾਰਜੋ॥**
**ਜਿਨ ਨਰ ਕਾਲ ਪੁਰਖ ਕੋ ਧਜਾਯੋ॥ ਤਾਕੇ ਨਿਕਟ ਕਾਲ ਨਹਿ ਆਯੋ॥ ੯੭॥**

ਜਿਸ ਨੇ ਰਤਾ ਭਰ ਵੀ ਬ੍ਰਹਮਾ ਵਿਸ਼ਨੂੰ ਦਾ ਸਿਮਰਨ ਕੀਤਾ ਸਮਝ ਲਵੋ ਕਿ ਮੌਤ ਨੇ ਉਸ ਨੂੰ ਮਾਰ ਦਿੱਤਾ। ਜਿਸ ਵਿਅਕਤੀ ਨੇ ਅਕਾਲ ਪੁਰਖ ਦਾ ਸਿਮਰਨ ਕੀਤਾ, ਸਮਝੋ ਮੌਤ ਉਸ ਨੂੰ ਆਪਣੇ ਫੰਦੇ ਵਿਚ ਨਹੀਂ ਫਸਾ ਸਕਦੀ॥੯੭॥

**ਜੇ ਨਰ ਕਾਲ ਪੁਰਖ ਕੋ ਧਜਾਵੈ॥ ਤੇ ਨਰ ਕਾਲ ਫਾਂਸ ਨਹਿ ਜਾਵੈ॥**
**ਤਿਨਕੇ ਰਿੱਧ ਸਿੱਧ ਸਭ ਘਰ ਮੌ॥ ਕੋਬਿਦ ਸਭ ਹੀ ਰਹਤ ਹੁਨਰ ਮੌ॥ ੯੮॥**

ਜਿਹੜਾ ਮਨੁਖ ਅਕਾਲ ਪੁਰਖ ਵਿਚ ਧਿਆਨ ਲਾਉਂਦਾ ਹੈ ਉਹ ਮਿਰਤੂ ਦੇ ਜਾਲ ਵਿਚ ਨਹੀਂ ਫਸਦਾ। ਰਿੱਧੀਆਂ ਸਿੱਧੀਆਂ ਉਸ ਦੇ ਘਰ ਵਿਚ ਰਹਿੰਦੀਆਂ ਹਨ ਅਤੇ ਉਹ ਸਾਰੀਆਂ ਕਲਾਵਾਂ ਵਿਚ ਵੀ ਨਿਪੁੰਨ ਰਹਿੰਦਾ ਹੈ॥੯੮॥

**ਕਾਲ ਪੁਰਖ ਇਕ ਦਾ ਜਿਨ ਕਹਾ॥ ਤਾਕੇ ਰਿੱਧਿ ਸਿੱਧਿ ਹ੍ਵੈ ਰਹਾ॥**
**ਭਾਂਤਿ ਭਾਂਤਿ ਧਨ ਭਰੇ ਭੰਡਾਰੂ॥ ਜਿਨ ਕਾ ਆਵਤ ਵਾਰ ਨ ਪਾਰੂ॥ ੯੯॥**

ਜਿਸ ਨੇ ਇਕ ਦਿਨ ਵੀ ਮਨ ਲਾਕੇ ਅਕਾਲ ਪੁਰਖ ਦਾ ਸਿਮਰਣ ਕੀਤਾ, ਸਭ ਰਿੱਧੀਆਂ ਸਿੱਧੀਆਂ ਉਸ ਦੀਆਂ ਹੋ ਕੇ ਰਹਿ ਜਾਂਦੀਆਂ ਹਨ। ਉਸ ਦੇ ਘਰ ਵਿਚ ਧਨ ਦੇ ਭੰਡਾਰ ਭਰ ਜਾਂਦੇ ਹਨ ਅਤੇ ਜਿਨ੍ਹਾਂ ਦਾ ਕੋਈ ਅੰਤ ਨਹੀਂ ਹੁੰਦਾ ਹੈ॥੯੯॥

**ਜਿਨ ਨਰ ਕਾਲ ਪੁਰਖ ਕਹ ਧਜਾਯੋ॥ ਸੋ ਨਰ ਕਲਿ ਮੋ ਕਬਹੂ ਨ ਆਯੋ॥**
**ਯਾ ਜਗ ਮੈ ਤੇ ਅਤਿ ਸੁਖ ਪਾਵੈ॥ ਭੋਗ ਕਰੈ ਬੈਰਨਿ ਕਹ ਘਾਵੈ॥ ੧੦੦॥**

ਪਦ ਅਰਥ - ਧਜਾਯੋ=ਸਿਮਰਨ ਕਰਦਾ ਹੈ। ਕਲਿ=ਜੂਨ। ਬੈਰਨਿ=ਵੈਰੀਆਂ। ਘਾਵੈ=ਮਾਰਦਾ ਹੈ।

ਜਿਸ ਨੇ ਵੀ ਅਕਾਲ ਪੁਰਖ ਦਾ ਸਿਮਰਨ ਕੀਤਾ ਹੈ ਉਹ ਫਿਰ ਦੁਬਾਰਾ ਜੂਨਾਂ ਵਿਚ ਨਹੀਂ ਆਉਂਦਾ । ਉਹ ਇਸ ਸੰਸਾਰ ਵਿਚ ਬਹੁਤ ਸੁਖ ਪ੍ਰਾਪਤ ਕਰਦਾ ਹੈ ਅਤੇ ਭੋਗ ਬਿਲਾਸ ਕਰਦਾ ਹੋਇਆ ਵੀ ਦੁਸ਼ਮਣਾਂ ਦਾ ਨਾਸ ਕਰਦਾ ਹੈ॥੧੦੦॥

**ਜਬ ਤੋਕੋ ਦਿਜ ਕਾਲ ਸਤੈਹੈਂ॥ ਤਬ ਤੂੰ ਕੋ ਪੁਸਤਕ ਕਰ ਲੈ ਹੈਂ॥**

Namdhari Elibrary NamdhariElibrary@gmail.com

************************************************************

**ਭਾਗਵਤ ਪੜ੍ਹੋ ਕਿ ਗੀਤਾ ਕਹਿ ਹੋ।। ਰਾਮਹਿ ਪਕਰਿ ਕਿ ਸ਼ਿਵ ਕਹ ਗਹਿ ਹੋ।। ੧੦੧।।**

ਹੇ ਬ੍ਰਾਹਮਣ ! ਜਦ ਤੁਹਾਨੂੰ ਮੌਤ ਸਤਾਵੇਗੀ ਤਾਂ ਤੁਸੀਂ ਕਿਹੜੀ ਪੁਸਤਕ ਸਾਹਮਣੇ ਕਰੋਗੇ? ਤੁਸੀਂ ਭਗਵਤ ਪੜ੍ਹੋਗੇ ਕਿ ਗੀਤਾ ਪੜ੍ਹੋਗੇ ਅਤੇ ਫਿਰ ਰਾਮ ਨੂੰ ਫੜੋਗੇ ਕਿ ਸ਼ਿਵਜੀ ਨੂੰ ਫੜੋਗੇ?।।੧੦੧।।

**ਜੇ ਤੁਮ ਪਰਮ ਪੁਰਖ ਠਹਰਾਏ।। ਤੇ ਸਭ ਡੰਡ ਕਾਲ ਕੇ ਘਾਏ।।**
**ਕਾਲ ਡੰਡ ਬਿਨ ਬਚਾ ਨ ਕੋਈ।। ਸ਼ਿਵ ਬਿਰੰਚ ਬਿਸ਼ਨਿੰਦ੍ਰ ਨ ਸੋਈ।। ੧੦੨।।**

ਜਿਨ੍ਹਾਂ ਨੂੰ ਤੂੰ ਪਰਮ ਪੁਰਖ ਮੰਨਿਆ ਹੈ ਉਹ ਸਾਰੇ ਕਾਲ ਦੇ ਵੱਸ ਵਿਚ ਹਨ। ਸ਼ਿਵਜੀ, ਵਿਸ਼ਨੂੰ, ਬ੍ਰਹਮਾ, ਇੰਦਰ ਆਦਿ ਕੋਈ ਕਾਲ ਤੋਂ ਬੱਚ ਨਹੀਂ ਸਕਿਆ ਹੈ।।੧੦੨।।

**ਜੈਸਿ ਜੂਨਿ ਇਕ ਦੈਤ ਬਖਨਿਯਤ।। ਤਜੌਂ ਇਕ ਜੂਨਿ ਦੇਵਤਾ ਜਨਿਯਤ।।**
**ਜੈਸੇ ਹਿੰਦੂਆ ਨੋ ਤੁਰਕਾਨਾ।। ਸਭਹਿੰਨ ਸੀਸ ਕਾਲ ਜਰਵਾਨਾ।। ੧੦੩।।**

ਜਿਸ ਤਰ੍ਹਾਂ ਇਕ ਜੂਨ ਦੈਂਤਾਂ ਦੀ ਹੈ, ਇਸ ਤਰ੍ਹਾਂ ਇਕ ਜੂਨ ਦੇਵਤਿਆਂ ਦੀ ਵੀ ਹੈ। ਜਿਸ ਤਰ੍ਹਾਂ ਕੋਈ ਹਿੰਦੂ ਹੈ ਅਤੇ ਕੋਈ ਤੁਰਕ ਹੈ ਪਰ ਸਾਰਿਆਂ ਦੇ ਸਿਰ ਉਤੇ ਕਾਲ ਮਹਾਂਬਲੀ ਹੈ।।੧੦੩।।

**ਕਬਹੂੰ ਦੈਤ ਦੇਵਤਨ ਮਾਰੈਂ।। ਕਬਹੂੰ ਦੈਤਨ ਦੇਵ ਸੰਘਾਰੈਂ।।**
**ਦੇਵ ਦੈਤ ਜਿਨ ਦੋਊ ਸੰਘਾਰਾ।। ਵਹੈ ਪੁਰਖ ਪ੍ਰਤਿਪਾਲ ਹਮਾਰਾ।। ੧੦੪।।**

ਕਦੀ ਦੇਵਤਿਆਂ ਨੇ ਦੈਂਤਾਂ ਨੂੰ ਅਤੇ ਕਦੀ ਦੈਂਤਾਂ ਨੇ ਦੇਵਤਿਆਂ ਨੂੰ ਮਾਰਿਆ ਹੈ ਪਰ ਜਿਸ ਸ਼ਕਤੀ ਨੇ ਦੇਵ-ਦਾਨਵ ਦੋਹਾਂ ਨੂੰ ਮਾਰਿਆ ਹੈ ਉਹੀ ਪਰਮਪੁਰਖ ਮੇਰਾ ਪਾਲਕ ਹੈ ਅਤੇ ਮੇਰੀ ਪੂਜਾ ਦਾ ਪਾਤਰ ਹੈ।।੧੦੪।।

**ਅੜਿੱਲ।।ਇੰਦ੍ਰ ਉਪਿੰਦ੍ਰ ਦਿਨਿੰਦ੍ਰਹਿ ਜੌਨ ਸੰਘਾਰਿਯੋ।।**
**ਚੰਦ੍ਰ ਕੁਬੇਰ ਜਲਿੰਦ੍ਰ ਅਹਿੰਦ੍ਰਹਿ ਮਾਰਿਯੋ।।**
**ਪੁਰੀ ਚੌਦਹੂੰ ਚੱਕ੍ਰ ਜਵਨ ਸੁਨਿ ਲੀਜਿਯੈ।।**
**ਹੋ ਨਮਸ਼ਕਾਰ ਤਾਹੀ ਕੋ ਗੁਰ ਕਰਿ ਕੀਜਿਯੈ।। ੧੦੫।।**

ਜਿਸ ਸ਼ਕਤੀ ਨੇ ਇੰਦਰ, ਉਪਿੰਦਰ, ਸੂਰਜ, ਚੰਦ, ਕੁਬੇਰ, ਵਰੁਣ ਅਤੇ ਸ਼ੇਸ਼ਨਾਗ ਨੂੰ ਮਾਰ ਦਿੱਤਾ ਹੈ ਅਤੇ ਜਿਸਦਾ ਚੌਦਾਂ ਭਵਨਾਂ ਵਿਚ ਚੱਕਰ ਚਲਦਾ ਸੁਣਾਈ ਦਿੰਦਾ ਹੈ, ਉਸ ਨੂੰ ਹੀ ਗੁਰੂ ਮੰਨ ਕੇ ਨਮਸ਼ਕਾਰ ਕਰਨੀ ਚਾਹੀਦੀ ਹੈ।।੧੦੫।।

## ਦਿਜ ਬਾਚ।।

ਚੌਪਈ।। ਬਹੁ ਬਿਧਿ ਬਿਪ੍ਰਹਿ ਕੋ ਸਮਝਾਯੋ।। ਪੁਨਿ ਮਿਸ੍ਰਹਿ ਅਸ ਭਾਖਿ ਸੁਨਾਯੋ।।
ਜੇ ਪਾਹਨ ਕੀ ਪੂਜਾ ਕਰਿਹੈਂ।। ਤਾਕੇ ਪਾਪ ਸਕਲ ਸ਼ਿਵ ਹਰਿ ਹੈਂ।। ੧੦੬।।

ਰਾਜ ਕੁਮਾਰੀ ਨੇ ਬਹੁਤ ਪ੍ਰਕਾਰ ਨਾਲ ਮਿਸ਼ਰ ਨੂੰ ਸਮਝਾਇਆ ਪਰ ਉਹ ਕਹਿਣ ਲੱਗਾ ਕਿ ਜੋ ਪੱਥਰ ਦੀ ਪੂਜਾ ਕਰਨਗੇ ਉਨ੍ਹਾਂ ਦੇ ਪਾਪ ਸ਼ਿਵਜੀ ਖੁਦ ਨਸ਼ਟ ਕਰ ਦੇਣਗੇ।।੧੦੬।।

ਜੇ ਨਰ ਸਾਲਿ ਗ੍ਰਾਮ ਕਹ ਧਜੈ ਹੈ।। ਤਾਕੇ ਸਕਲ ਪਾਪ ਕੋ ਛੈ ਹੈ।।
ਜੋ ਇਹ ਛਾਡਿ ਅਵਰ ਕਹ ਧਜੈ ਹੈ।। ਤੇ ਨਰ ਮਹਾਂ ਨਰਕ ਮਹਿ ਜੈਹੈ।। ੧੦੭।।

ਜਿਹੜਾ ਵਿਅਕਤੀ ਸ਼ਾਲਗਰਾਮ ਦਾ ਧਿਆਨ ਧਰੇਗਾ ਉਸ ਦੇ ਸਾਰੇ ਪਾਪ ਨਸ਼ਟ ਹੋ ਜਾਣਗੇ। ਜਿਹੜਾ ਇਸਨੂੰ ਛੱਡ ਕੇ ਕਿਸੇ ਹੋਰ ਦਾ ਸਿਮਰਨ ਕਰੇਗਾ ਉਹ ਮਹਾਂ ਨਰਕ ਵਿਚ ਪਵੇਗਾ।।੧੦੭।।

ਜੇ ਨਰ ਕਛੁ ਧਨ ਬਿੱਪ੍ਰਹਿ ਦੈਹੈ।। ਆਗੇ ਮਾਂਗ ਦਸ ਗੁਨੋ ਲੈਹੈ।।
ਜੋ ਬਿੱਪ੍ਰਨ ਬਿਨੁ ਅਨਤੈ ਦੇਹੀ।। ਤਾਕੌ ਕਛੁ ਸੁ ਫਲੈ ਨਹਿ ਸੇਈ।। ੧੦੮।।

ਜਿਹੜਾ ਵਿਅਕਤੀ ਬ੍ਰਾਹਮਣ ਨੂੰ ਧਨ ਦੇਵੇਗਾ ਉਸ ਨੂੰ ਅਗਲੇ ਜਨਮ ਦਸ ਗੁਣਾਂ ਮਿਲੇਗਾ। ਜੋ ਬ੍ਰਾਹਮਣ ਨੂੰ ਛੱਡਕੇ ਕਿਸੇ ਹੋਰ ਨੂੰ ਧਨ ਦੇਵੇਗਾ ਉਸ ਨੂੰ ਕੋਈ ਫਲ ਨਹੀਂ ਮਿਲੇਗਾ।।੧੦੮।।

ਅੜਿੱਲ।। ਤਬੈ ਕੁਅਰਿ ਪ੍ਰਤਿਮਾ ਸ਼ਿਵ ਕੀ ਕਰ ਮੈ ਲਈ।।
ਹਸਿ ਹਸਿ ਕਰਿ ਦਿਜ ਕੇ ਮੁਖ ਕਸਿ ਕਸਿ ਕੈ ਦਈ।।
ਸਾਲਿਗ੍ਰਾਮ ਭੇ ਦਾਂਤਿ ਫੋਰਿ ਸਭ ਹੀ ਦੀਏ।।
ਹੋ ਛੀਨਿ ਛਾਨਿ ਕਰਿ ਬਸਤ੍ਰ ਮਿਸ੍ਰ ਕੇ ਸਭ ਲੀਏ।। ੧੦੯।।

ਪਦ ਅਰਥ - ਪ੍ਰਤਿਮਾ=ਮੂਰਤੀ। ਕਰ ਮੈ ਲਈ=ਹੱਥ ਵਿਚ ਫੜੀ। ਬਸਤ੍ਰ=ਕੱਪੜੇ।

ਰਾਜ ਕੁਮਾਰੀ ਨੇ ਫਿਰ ਆਪਣੇ ਹੱਥ ਵਿਚ ਸ਼ਿਵਜੀ ਦੀ ਮੂਰਤੀ ਫੜ ਲਈ ਅਤੇ ਹੱਸਦੇ ਹੱਸਦੇ ਉਸ ਬ੍ਰਾਹਮਣ ਦੇ ਮੂੰਹ ਤੇ ਕੱਸ ਕੱਸ ਕੇ ਮਾਰ ਦਿੱਤੀ। ਸ਼ਾਲਿਗਰਾਮ ਦੇ ਵੀ ਦੰਦ ਤੋੜ ਦਿੱਤੇ ਅਤੇ ਮਿਸ਼ਰ ਦੇ ਕੱਪੜੇ ਅਤੇ ਧਨ ਖੋ ਲਿਆ।।੧੦੯।।

ਕਹੋ ਮਿਸ੍ਰ ਅਬ ਰੁਦ੍ਰ ਤਿਹਾਰੋ ਕਹ ਗਯੋ।।
ਜਿਹ ਸੇਵਤ ਥੋ ਸਦਾ ਦਾਂਤਿ ਛੈ ਤਿਨ ਕਿਯੋ।।

ਜਿਹ ਲਿੰਗਹਿ ਕੌ ਜਪਤੇ ਕਾਲ ਬਤਾਇਯੋ।।
ਹੋ ਅੰਤ ਕਾਲ ਸੋ ਤੁਮਰੇ ਮੁਖ ਮਹਿ ਆਇਯੋ।। ੧੧੦।।

ਉਹ ਕਹਿਣ ਲੱਗੀ ਕਿ ਹੇ ਬ੍ਰਾਹਮਣ ! ਹੁਣ ਮੈਨੂੰ ਦੱਸ ਕਿ ਤੇਰਾ ਸ਼ਿਵਜੀ ਕਿਥੇ ਗਿਆ ? ਜਿਸਦੀ ਤੁਸੀਂ ਸਦਾ ਹੀ ਪੂਜਾ ਸੇਵਾ ਕਰਦੇ ਸੀ ਉਸ ਦੇ ਮੈਂ ਦੰਦ ਤੋੜ ਦਿੱਤੇ ਹਨ। ਜਿਸ ਲਿੰਗ ਦੀ ਪੂਜਾ ਕਰਦਿਆਂ ਕਰਦਿਆਂ ਤੂੰ ਏਨਾ ਸਮਾਂ ਨਸ਼ਟ ਕੀਤਾ ਹੈ ਉਹ ਹੀ ਅੰਤ ਨੂੰ ਤੇਰੇ ਮੂੰਹ ਤੇ ਆ ਕੇ ਵੱਜਾ ਹੈ।।੧੧੦।।

ਚੌਪਈ।। ਤਾਕੋ ਦਰਬੁ ਛੀਨਿ ਜੋ ਲਿਯੋ।। ਜੋ ਸਭ ਦਾਨ ਦਿਜਨ ਕਰਿ ਦਿਯੋ।।
ਕਹਜੋ ਮਿਸ੍ਰ ਕਛੁ ਚਿੰਤ ਨ ਕਰਹੂੰ।। ਦਾਨ ਦਸ ਗੁਨੋ ਆਗੈ ਫਰਹੂ।। ੧੧੧।।

ਉਸ ਨੇ ਜੋ ਬ੍ਰਾਹਮਣ ਦਾ ਧਨ ਅਤੇ ਕੱਪੜੇ ਖੋਏ ਸਨ ਉਹ ਉਸ ਦੂਸਰੇ ਬ੍ਰਾਹਮਣਾਂ ਨੂੰ ਦਾਨ ਕਰ ਦਿੱਤੇ ਅਤੇ ਬ੍ਰਾਹਮਣ ਨੂੰ ਕਿਹਾ ਕਿ ਤੁਸੀਂ ਇਸ ਧਨ ਦੀ ਚਿੰਤਾ ਮਤ ਕਰੋ ਤੁਹਾਨੂੰ ਇਹੋ ਧਨ ਅਗਲੇ ਜਨਮ ਵਿਚ ਦਸ ਗੁਣਾਂ ਹੋਕੇ ਮਿਲ ਜਾਵੇਗਾ।।੧੧੧।।

ਕਬਿੱਤੁ।। ਔਰਨ ਕੋ ਕਹਤ ਲੁਟਾਵੋ ਤੁਮ ਖਾਹੁ ਧਨ ਆਪੁ
ਪਹਿਤੀ ਮੈ ਡਾਰਿ ਖਾਤਨ ਬਿਸਾਰਿ ਹੈਂ।।
ਬਡੇ ਹੀ ਪ੍ਰਪੰਚੀ ਪਰਪੰਚਨ ਕੋ ਲੀਏ ਫਿਰੈ
ਦਿਨ ਹੀ ਮੈ ਲੋਗਨ ਕੋ ਲੂਟਤ ਬਜ਼ਾਰ ਹੈਂ।।
ਹਾਥ ਤੇ ਨ ਕੌਡੀ ਦੇਤ ਕੌਡੀ ਕੌਡੀ ਮਾਂਗ ਲੇਤ
ਪੁੱਤ੍ਰੀ ਕਹਤ ਤਾਸੋ ਕਰੈ ਬਿਭਚਾਰਹੈਂ।।
ਲੋਭਤਾ ਕੇ ਜਏ ਹੈਂ ਕਿ ਮਮਤਾ ਕੇ ਭਏ ਹੈਂ
ਏ ਸੂਮਤਾ ਕੇ ਪੁਤ੍ਰ ਕੈਧੌਂ ਦਰਿਦ੍ਰਾਵਤਾਰ ਹੈਂ।। ੧੧੨।।

ਦੂਸਰਿਆਂ ਨੂੰ ਕਹਿੰਦੇ ਹੋ ਕਿ ਖੂਬ ਧਨ ਲਟਾਓ, ਪਰ ਖੁਦ ਦਾਲ ਵਿਚ ਲੂਣ ਵੀ ਨਹੀਂ ਪਾਉਂਦੇ। ਇਹ ਬਹੁਤ ਪਖੰਡੀ ਹਨ ਅਤੇ ਦਿਨ ਦਿਹਾੜੇ ਲੋਕਾਂ ਨੂੰ ਸਰੇ ਬਾਜ਼ਾਰ ਲੁੱਟ ਲੈਂਦੇ ਹਨ। ਆਪਣੇ ਹੱਥੋਂ ਇਕ ਕੌਡੀ ਵੀ ਨਹੀਂ ਦਿੰਦੇ ਪਰ ਕੌਡੀ ਕੌਡੀ ਸਭ ਤੋਂ ਮੰਗ ਲੈਂਦੇ ਹਨ। ਜਿਸਨੂੰ ਪੁੱਤਰੀ ਕਹਿੰਦੇ ਹਨ ਉਸ ਨਾਲ ਹੀ ਵਿਭਚਾਰ ਕਰਦੇ ਹਨ। ਇਸ ਤਰ੍ਹਾਂ ਲੋਭ ਦੁਆਰਾ ਪੈਦਾ ਹੋਏ ਸਵਾਰਥ ਅਤੇ ਕੰਜੂਸੀ ਦੇ ਪੁੱਤਰ ਅਤੇ ਦਲਿੱਦਰਤਾ ਦੇ ਅਵਤਾਰ ਹਨ।।੧੧੨।।

ਚੌਪਈ।। ਪਹਤੀ ਬਿਖੈ ਬਿਸਾਰ ਨ ਡਾਰਹਿ।। ਔਰਨ ਪਾਸ ਗਾਲ ਕੋ ਮਾਰਹਿ।।
ਜਨਿਯਤ ਕਿਸੀ ਦੇਸ ਕੇ ਰਾਜਾ।। ਕੌਡੀ ਕੇ ਆਵਤ ਨਹਿ ਕਾਜਾ।। ੧੧੩।।

ਖੁਦ ਤਾਂ ਆਪਣੀ ਦਾਲ ਵਿਚ ਲੂਣ ਵੀ ਨਹੀਂ ਪਾਉਂਦੇ ਪਰ ਦੂਸਰਿਆਂ ਪਾਸੋਂ ਬੜੇ ਰੋਅਬ ਨਾਲ ਵਧੀਆ ਪਦਾਰਥ ਮੰਗਦੇ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਜਿਵੇਂ ਕਿਸੇ ਦੇਸ਼ ਦੇ ਰਾਜੇ ਹੋਣ। ਪਰ ਅਸਲ ਵਿਚ ਇਹ ਕੌਡੀ ਭਰ ਕੰਮ ਦੇ ਨਹੀਂ।।੧੧੩।।

**ਜੌ ਇਨ ਮੰਤ੍ਰ ਜੰਤ੍ਰ ਸਿਧਿ ਹੋਈ।। ਦਰ ਦਰ ਭੀਖਿ ਨ ਮਾਗੈ ਕੋਈ।।**
**ਏਕੈ ਮੁਖ ਤੇ ਮੰਤ੍ਰ ਉਚਾਰੈ।। ਧਨ ਸੌ ਸਕਲ ਧਾਮ ਭਰਿ ਡਾਰੈ।।੧੧੪।।**

ਜੇ ਇਨ੍ਹਾਂ ਮੰਤਰਾਂ ਜੰਤਰਾਂ ਵਿਚ ਕੋਈ ਰਿੱਧੀਆਂ ਸਿੱਧੀਆਂ ਹੁੰਦੀਆਂ ਤਾਂ ਇਨ੍ਹਾਂ ਨੂੰ ਦਰ ਦਰ ਭੀਖ ਕਿਉਂ ਮੰਗਣੀ ਪੈਂਦੀ। ਮੂੰਹ ਤੋਂ ਮੰਤਰ ਦਾ ਉਚਾਰਣ ਕਰਦੇ ਹਨ ਅਤੇ ਧਨ ਦੇ ਭੰਡਾਰ ਭਰ ਲੈਂਦੇ ਹਨ।।੧੧੪।।

**ਰਾਮ ਕ੍ਰਿਸ਼ਨ ਏ ਜਿਨੈ ਬਖਾਨੈ।। ਸ਼ਿਵ ਬ੍ਰਹਮਾ ਏ ਜਾਹਿ ਪ੍ਰਮਾਨੈ।।**
**ਤੇ ਸਭ ਹੀ ਸ੍ਰੀ ਕਾਲ ਸੰਘਾਰੇ।। ਕਾਲ ਪਾਇਕੈ ਬਹੁਰਿ ਸਵਾਰੇ।। ੧੧੫।।**

ਰਾਮ, ਕ੍ਰਿਸ਼ਨ, ਸ਼ਿਵਜੀ, ਬ੍ਰਹਮਾ ਆਦਿ ਜਿੰਨੇ ਵੀ ਦੱਸੇ ਗਏ ਹਨ, ਇਹ ਸਾਰੇ ਕਾਲ ਦੁਆਰਾ ਮਾਰੇ ਗਏ ਹਨ ਅਤੇ ਫਿਰ ਉਸੇ ਦੁਆਰਾ ਸੰਵਾਰੇ ਗਏ ਹਨ।।੧੧੫।।

**ਕੇਤੇ ਰਾਮਚੰਦ ਅਰੁ ਕ੍ਰਿਸ਼ਨਾ।। ਕੇਤੇ ਚਤੁਰਾਨਨ ਸ਼ਿਵ ਬਿਸ਼ਨਾ।।**
**ਚੰਦ ਸੂਰਜ ਏ ਕਵਨ ਬਿਚਾਰੇ।। ਪਾਨੀ ਭਰਤ ਕਾਲ ਕੇ ਦ੍ਵਾਰੇ।। ੧੧੬।।**

ਕਿੰਨੇ ਹੀ ਰਾਮਚੰਦਰ, ਕ੍ਰਿਸ਼ਨ, ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਹਨ। ਚੰਦ ਸੂਰਜ ਵਿਚਾਰੇ ਕੀ ਹਨ, ਇਹ ਤਾਂ ਸਾਰੇ ਅਕਾਲ ਪੁਰਖ ਦੇ ਦਰ ਤੇ ਪਾਣੀ ਭਰਦੇ ਹਨ।

**ਕਾਲ ਪਾਇ ਸਭ ਹੀ ਏ ਭਏ।। ਕਾਲੌ ਪਾਇ ਕਾਲ ਹ੍ਵੈ ਗਏ।।**
**ਕਾਲਹਿ ਪਾਇ ਬਹੁਰਿ ਅਵਤਰਿਹੈ।। ਕਾਲਹਿ ਕਾਲ ਪਾਇ ਸੰਘਰਿਹੈ।।੧੧੭।।**

ਵਕਤ ਵਕਤ ਤੇ ਇਹ ਸਭ ਹੋਏ ਹਨ ਅਤੇ ਵਕਤ ਪਾਕੇ ਹੀ ਇਹ ਸਾਰੇ ਕਾਲ ਦੁਆਰਾ ਮਾਰੇ ਗਏ ਹਨ। ਫਿਰ ਅਕਾਲ ਪੁਰਖ ਦੁਆਰਾ ਇਹ ਦੁਬਾਰਾ ਪੈਦਾ ਹੋਣਗੇ ਅਤੇ ਵਕਤ ਪਾਕੇ ਫਿਰ ਮਾਰ ਦਿੱਤੇ ਜਾਣਗੇ।।੧੧੭।।

**ਦੋਹਰਾ।। ਸ੍ਰਾਪ ਰਾਛਸੀ ਕੇ ਦਏ ਜੋ ਭਯੋ ਪਾਹਨ ਜਾਇ।।**
**ਤਾਹਿ ਕਹਤ ਪਰਮੇਸ਼੍ਰ ਤੈ ਮਨ ਮਹਿ ਨਹੀ ਲਜਾਇ।। ੧੧੮।।**

ਪਦ ਅਰਥ - ਰਾਛਸੀ=ਰਾਕਸ਼ਨੀ। ਲਜਾਇ=ਸ਼ਰਮ ਨਹੀਂ ਕਰਦੇ।

ਜਿਹੜਾ ਇਕ ਰਾਕਸ਼ਨੀ ਦੇ ਸਰਾਪ ਨਾਲ ਪੱਥਰ ਬਣ ਗਿਆ ਉਸ ਨੂੰ ਇਕ ਪਰਮੇਸ਼ਰ ਕਹਿੰਦਿਆਂ

Namdhari Elibrary NamdhariElibrary@gmail.com

ਇਨ੍ਹਾਂ ਨੂੰ ਮਨ ਵਿਚ ਸ਼ਰਮ ਨਹੀਂ ਆਉਂਦੀ।।੧੧੮।।

## *ਦਿਜ ਬਾਚ।।*

**ਚੌਪਈ।। ਤਬ ਦਿਜ ਅਧਿਕ ਕੋਪ ਹ੍ਵੈ ਗਯੋ।। ਭਰਭਰਾਇ ਠਾਢਾ ਉਠਿ ਭਯੋ।।**
**ਅਬ ਮੈਂ ਇਹ ਰਾਜਾ ਪੈ ਜੈਹੌਂ।। ਤਹੀ ਬਾਂਧਿ ਕਰਿ ਤੋਹਿ ਮੰਗੈਹੌਂ।। ੧੧੯।।**

ਪਦ ਅਰਥ - ਭਰਭਰਾਇ=ਬੁੜ ਬੁੜ ਕਰਦਾ। ਪੈ ਜੈਹੌਂ=ਪਾਸ ਜਾਂਦਾ ਹਾਂ।

ਤਦ ਬ੍ਰਾਹਮਣ ਬਹੁਤ ਗੁੱਸੇ ਵਿਚ ਆਕੇ ਬੁੜ ਬੁੜ ਕਰਦਾ ਉਠ ਖੜਾ ਹੋਇਆ ਅਤੇ ਕਹਿਣ ਲੱਗਾ ਕਿ ਮੈਂ ਹੁਣੇ ਰਾਜੇ ਦੇ ਕੋਲ ਜਾਂਦਾ ਹਾਂ ਅਤੇ ਤੈਨੂੰ ਬੰਨ੍ਹ ਕੇ ਮੰਗਵਾਉਂਦਾ ਹਾਂ।।੧੧੯।।

## *ਕੁਅਰਿ ਬਾਚ।।*

**ਤਬ ਤਿਨ ਕੁਅਰਿ ਦਿਜਹਿ ਗਹਿ ਲਿਆ।। ਡਾਰ ਨਦੀ ਕੇ ਭੀਤਰ ਦਿਯਾ।।**
**ਗੋਤਾ ਪਕਰਿ ਆਠ ਸੈ ਦੀਨਾ।। ਤਾਂਹਿ ਪਵਿੱਤ੍ਰ ਭਲੀ ਬਿਧਿ ਕੀਨਾ।।੧੨੦।।**

ਤਦ ਉਸ ਰਾਜ ਕੁਮਾਰੀ ਨੇ ਬ੍ਰਾਹਮਣ ਨੂੰ ਫੜ ਲਿਆ ਅਤੇ ਨਦੀ ਵਿਚ ਸੁੱਟ ਦਿੱਤਾ। ਉਸ ਨੂੰ ਫੜਕੇ ਅੱਠ ਸੌ ਗੋਤੇ ਦਿੱਤੇ ਅਤੇ ਚੰਗੀ ਤਰ੍ਹਾਂ ਪਵਿੱਤਰ ਕੀਤਾ।।੧੨੦।।

**ਕਹੀ ਕੁਅਰਿ ਪਿਤੁ ਪਹਿ ਮੈਂ ਜੈਹੌਂ।। ਤੈਂ ਮੁਹਿ ਡਾਰਾ ਹਾਥ ਬਤੈਹੌਂ।।**
**ਤੇਰੇ ਦੋਨੋ ਹਾਥ ਕਟਾਊਂ।। ਤੌ ਰਾਜਾ ਕੀ ਸੁਤਾ ਕਹਾਊਂ।। ੧੨੧।।**

ਪਦ ਅਰਥ - ਡਾਰਾ ਹਾਥ=ਹੱਥ ਪਾਇਆ। ਸੁਤਾ=ਪੁੱਤਰੀ।

ਰਾਜ ਕੁਮਾਰੀ ਕਹਿਣ ਲੱਗੀ ਕਿ ਮੈਂ ਆਪਣੇ ਪਿਤਾ ਦੇ ਪਾਸ ਜਾਵਾਂਗੀ ਅਤੇ ਕਹਾਂਗੀ ਕਿ ਤੂੰ ਮੈਨੂੰ ਹੱਥ ਪਾਇਆ ਹੈ। ਤੇਰੇ ਦੋਵੇਂ ਹੱਥ ਕਟਾਵਾਂਗੀ ਅਤੇ ਤਦੇ ਇਕ ਰਾਜੇ ਦੀ ਪੁੱਤਰੀ ਕਹਾਵਾਂਗੀ।।੧੨੧।।

**ਦਿਜ ਬਾਚ।। ਇਹ ਸੁਨਿ ਬਾਤ ਮਿੱਸ੍ਰ ਡਰਪਯੋ।। ਲਾਗਤ ਪਾਇ ਕੁਅਰਿ ਕੇ ਭਯੋ।।**
**ਸੋਊ ਕਰੌਂ ਜੁ ਮੋਹਿ ਉਚਾਰੋ।। ਤੁਮ ਨਿਜੁ ਜਿਯ ਤੇ ਕੋਪ ਨਿਵਾਰੋ।। ੧੨੨।।**

ਇਹ ਗੱਲ ਸੁਣਕੇ ਬ੍ਰਾਹਮਣ ਬਹੁਤ ਡਰ ਗਿਆ ਅਤੇ ਰਾਜ ਕੁਮਾਰੀ ਦੇ ਪੈਰੀਂ ਪੈ ਗਿਆ। ਉਹ ਕਹਿਣ ਲੱਗਾ ਕਿ ਤੂੰ ਜੋ ਕਹੇਂਗੀ ਮੈਂ ਉਹੋ ਕਰਾਂਗਾ। ਤੂੰ ਆਪਣਾ ਗੁੱਸਾ ਸ਼ਾਂਤ ਕਰ ਲੈ।।੧੨੨।।

**ਕੁਅਰਿ ਬਾਚ।। ਤੁਮ ਕਹਿਯਹੁ ਮੈਂ ਪ੍ਰਥਮ ਅਨ੍ਹਾਯੋ।। ਧਨ ਨਿਮਿਤਿ ਮੈ ਦਰਬੁ ਲੁਟਾਯੋ।।**
**ਪਾਹਨ ਕੀ ਪੂਜਾ ਨਹਿ ਕਰਿਯੈ।। ਮਹਾਕਾਲ ਕੇ ਪਾਇਨ ਪਰਿਯੈ।। ੧੨੩।।**

ਰਾਜ ਕੁਮਾਰੀ ਨੇ ਕਿਹਾ ਕਿ ਤੂੰ ਇਹ ਕਹਿਣਾ ਕਿ ਮੈਂ ਖੁਦ ਨਹਾਤਾ ਹਾਂ ਅਤੇ ਮੈਂ ਖੁਦ ਆਪਣਾ

ਧਨ ਲੁਟਾ ਦਿੱਤਾ ਹੈ। ਪੱਥਰ ਦੀ ਪੂਜਾ ਨਹੀਂ ਕਰੋਗੇ ਅਤੇ ਇਕ ਅਕਾਲ ਪੁਰਖ ਪਰਮਾਤਮਾ ਦੇ ਚਰਨਾਂ ਵਿਚ ਪਵੋਗੇ॥੧੨੩॥

**ਕਬਿਯੋ ਬਾਚ॥ ਤਬ ਦਿਜ ਮਹਾਂ ਕਾਲ ਕੋ ਧਜਾਯੋ॥ ਸਰਿਤਾ ਮਹਿ ਪਾਹਨਨ ਬਹਾਯੋ॥**
**ਦੂਜੇ ਕਾਨ ਨ ਕਿਨਹੂੰ ਜਾਨਾ॥ ਕਹਾ ਮਿੱਸ੍ਰ ਪਰ ਹਾਲ ਬਿਹਾਨਾ॥ ੧੨੪॥**

ਪਦ ਅਰਥ - ਸਰਿਤਾ=ਨਦੀ। ਪਾਹਨਨ=ਪੱਥਰ ਦੀਆਂ ਮੂਰਤੀਆਂ।

ਤਦ ਬ੍ਰਾਹਮਣ ਨੇ ਅਕਾਲ ਪੁਰਖ ਦੀ ਅਰਾਧਣਾ ਕੀਤੀ ਅਤੇ ਪੱਥਰਾਂ ਨੂੰ ਨਦੀ ਵਿਚ ਸੁੱਟ ਦਿੱਤਾ। ਕਿਸੇ ਨੂੰ ਕੰਨੋ ਕੰਨੀ ਵੀ ਖਬਰ ਨਹੀਂ ਹੋਈ ਕਿ ਮਿਸ਼ਰ ਨਾਲ ਕੀ ਬੀਤੀ ਹੈ॥੧੨੪॥

**ਦੋਹਰਾ॥ ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ॥**
**ਮਹਾਕਾਲ ਕੋ ਸਿੱਖਜ ਕਰਿ ਮਦਰਾ ਭਾਂਗ ਪਿਵਾਇ॥ ੧੨੫॥ ੧॥**

ਇਸ ਛਲ ਨਾਲ ਉਸ ਬ੍ਰਾਹਮਣ ਨੂੰ ਛਲਿਆ ਅਤੇ ਪੱਥਰ ਨਦੀ ਵਿਚ ਰੋੜ ਦਿੱਤੇ। ਉਸ ਨੂੰ ਸ਼ਰਾਬ ਤੇ ਭੰਗ ਪਿਆਕੇ ਮਹਾਂਕਾਲ ਦਾ ਉਪਾਸ਼ਕ ਬਣਾਇਆ॥੧੨੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛਿਆਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੬੬॥੫੧੯੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਛਿਆਠਵੀਂ ਕਥਾ ਸਮਾਪਤ॥੨੬੬॥੫੧੯੪॥ਚਲਦਾ॥

## ਚਲਿੱਤਰ ਦੋ ਸੌ ਸਤਾਠਵਾਂ

## ਕਥਾ ਤੁਰਕ ਇਸਤਰੀ

**ਚੌਪਈ॥ ਰੂਪ ਸੈਨ ਇਕ ਨ੍ਰਿਪਤਿ ਸੁ ਲੱਛਨ॥ ਤੇਜਵਾਨ ਬਲਵਾਨ ਬਿਚੱਛਨ॥**
**ਸਕਲ ਮਤੀ ਤਾਕੇ ਘਰ ਦਾਰਾ॥ ਜਾ ਸਮ ਕਹੂੰ ਨ ਰਾਜ ਕੁਮਾਰਾ॥ ੧॥**

ਪਦ ਅਰਥ - ਦਾਰਾ=ਇਸਤਰੀ। ਜਾ ਸਮ=ਜਿਸ ਦੇ ਬਰਾਬਰ।

ਰੂਪ ਸੈਨ ਇਕ ਰਾਜਾ ਸੀ ਜੋ ਵਿਲੱਖਣ ਰੂਪ ਵਾਲਾ, ਤੇਜਵਾਨ ਅਤੇ ਬਲਵਾਨ ਸੀ। ਸਕਲਮਤੀ ਨਾਮੀਂ ਉਸ ਦੀ ਇਸਤਰੀ ਸੀ ਜਿਸ ਵਰਗੀ ਹੋਰ ਕੋਈ ਰਾਜਕੁਮਾਰੀ ਨਹੀਂ ਸੀ॥੧॥

**ਤਹਿ ਇਕ ਬਸੈ ਤੁਰਕਨੀ ਨਾਰੀ॥ ਤਿਹ ਸਮ ਰੂਪ ਨ ਮੈਨ ਦੁਲਾਰੀ॥**
**ਤਿਨ ਰਾਜਾ ਕੀ ਛਬਿ ਨਿਰਖੀ ਜਬ॥ ਮੋਹਿ ਰਹੀ ਤਰੁਨੀ ਤਾ ਪਰ ਤਬ॥ ੨॥**

ਉਥੇ ਇੱਕ ਮੁਸਲਮਾਨ ਔਰਤ ਰਹਿੰਦੀ ਸੀ ਜਿਹੜੀ ਕਿ ਕਾਮਦੇਵ ਦੀ ਪਤਨੀ ਵਾਂਗ ਸੁੰਦਰ ਸੀ ਅਤੇ ਉਸ ਵਰਗੀ ਰੂਪਵਾਨ ਹੋਰ ਕੋਈ ਇਸਤਰੀ ਨਹੀਂ ਸੀ। ਜਦ ਉਸ ਰਾਜੇ ਦੀ ਸੁੰਦਰ ਸ਼ਕਲ ਵੇਖੀ ਤਾਂ ਉਹ ਮੁਟਿਆਰ ਉਸ ਉਤੇ ਮੋਹਿਤ ਹੋ ਗਈ।।੨।।

**ਰੂਪ ਸੈਨ ਪਹਿ ਸਖੀ ਪਠਾਈ।। ਲਗੀ ਲਗਨ ਤੁਹਿ ਸਾਥ ਜਤਾਈ।।**
**ਇਕ ਦਿਨ ਮੁਰਿ ਕਹਜੋ ਸੇਜ ਸੁਹੈਯੈ।। ਨਾਥ ਸਨਾਥ ਅਨਾਥਹਿ ਕੈਯੈ।। ੩।।**

ਪਦ ਅਰਥ - ਸਖੀ ਪਠਾਈ=ਦਾਸੀ ਭੇਜੀ। ਸੇਜ ਸੁਹੈਯੈ=ਸੇਜ ਦੀ ਸ਼ੋਭਾ।

ਉਸ ਨੇ ਰੂਪ ਸੈਨ ਦੇ ਕੋਲ ਆਪਣੀ ਇੱਕ ਗੋਲੀ ਭੇਜੀ ਅਤੇ ਆਪਣੇ ਪ੍ਰੇਮ ਪਿਆਰ ਬਾਰੇ ਉਸ ਨੂੰ ਦੱਸਿਆ। ਇੱਕ ਦਿਨ ਮੇਰੇ ਕਹਿਣ ਤੇ ਮੇਰੀ ਸੇਜ ਦੀ ਸ਼ੋਭਾ ਵਧਾਓ ਅਤੇ ਮੈਨੂੰ ਅਨਾਥ ਨੂੰ ਸੁਨਾਥ ਕਰ ਦੇਵੋ।।੩।।

**ਇਮਿ ਦੂਜੀ ਪ੍ਰਤਿ ਨ੍ਰਿਪਤਿ ਉਚਾਰਾ।। ਤ੍ਰਿਯ ਆਗੇ ਪਤਿ ਜਿਯਤ ਤਿਹਾਰਾ।।**
**ਜੌ ਤੌ ਪ੍ਰਥਮ ਕਾਜਿਯਹਿ ਮਾਰੈ।। ਤਿਹ ਪਾਛੇ ਮੁਹਿ ਸੰਗਿ ਬਿਹਾਰੈ।। ੪।।**

ਰਾਜੇ ਨੇ ਉਸ ਇਸਤਰੀ ਨੂੰ ਕਿਹਾ ਕਿ ਤੇਰਾ ਤਾਂ ਪਹਿਲਾ ਪਤੀ ਜੀਉਂਦਾ ਹੈ। ਪਹਿਲਾਂ ਆਪਣੇ ਪਤੀ ਕਾਜ਼ੀ ਨੂੰ ਮਾਰੋ ਅਤੇ ਫਿਰ ਮੇਰੇ ਨਾਲ ਆਕੇ ਰਮਣ ਕਰੋ।।੪।।

**ਸੁਨਿ ਸਹਚਰਿ ਤਿਹ ਜਾਇ ਜਤਾਈ।। ਨ੍ਰਿਪ ਹਮ ਕੋ ਇਮਿ ਭਾਖ ਸੁਨਾਈ।।**
**ਜੌ ਤੈ ਪ੍ਰਥਮ ਕਾਜਿਯਹਿ ਘਾਵੈਂ।। ਤਿਹ ਉਪਰਾਂਤ ਬਹੁਰਿ ਮੁਹਿ ਪਾਵੈਂ।। ੫।।**

ਪਦ ਅਰਥ - ਪ੍ਰਥਮ ਕਾਜਿਯਹਿ ਘਾਵੈਂ=ਪਹਿਲਾਂ ਕਾਜ਼ੀ ਨੂੰ ਮਾਰੋ। ਤਿਹ ਉਪਰਾਂਤ=ਉਸ ਉਪਰੰਤ।

ਗੋਲੀ ਨੇ ਇਹ ਸਾਰੀ ਗੱਲ ਸੁਣ ਕੇ ਉਸ ਔਰਤ ਨੂੰ ਦੱਸ ਦਿੱਤੀ ਕਿ ਰਾਜੇ ਨੇ ਮੈਨੂੰ ਕਿਹਾ ਹੈ ਕਿ ਪਹਿਲਾਂ ਕਾਜ਼ੀ ਨੂੰ ਮਾਰੋ ਅਤੇ ਉਸ ਦੇ ਬਾਅਦ ਹੀ ਮੈਨੂੰ ਪ੍ਰਾਪਤ ਕਰੋ।।੫।।

**ਸੁਨਿ ਤ੍ਰਿਯ ਬਾਤ ਚਿੱਤ ਮਹਿ ਰਾਖੀ।। ਔਰ ਨ ਕਿਸੀ ਔਰ ਤਹਿ ਭਾਖੀ।।**
**ਰੈਨਿ ਸਮੈਂ ਕਾਜੀ ਜਬ ਆਯੋ।। ਕਾਢਿ ਕ੍ਰਿਪਾਨ ਸੋਵਤਹਿ ਘਾਯੋ।। ੬।।**

ਪਦ ਅਰਥ - ਚਿੱਤ ਮਹਿ ਰਾਖੀ=ਆਪਣੇ ਦਿਲ ਵਿਚ ਰੱਖੀ। ਸੋਵਤਹਿ ਘਾਯੋ=ਸੁੱਤੇ ਪਏ ਨੂੰ ਮਾਰ ਦਿੱਤਾ।

ਇਹ ਗੱਲ ਸੁਣ ਕੇ ਉਸ ਔਰਤ ਨੇ ਮਨ ਵਿਚ ਰੱਖ ਲਈ ਅਤੇ ਕਿਸੇ ਹੋਰ ਔਰਤ ਨੂੰ ਕੁਝ ਨਹੀਂ ਦੱਸਿਆ, ਰਾਤ ਨੂੰ ਜਦ ਕਾਜ਼ੀ ਆਇਆ ਤਾਂ ਤਲਵਾਰ ਕੱਢ ਕੇ ਉਸ ਨੂੰ ਮਾਰ ਦਿੱਤਾ।।੬।।

**ਤਾਕੋ ਕਾਟਿ ਮੂੰਡ ਕਰਿ ਲਿਯੋ।। ਲੈ ਰਾਜਾ ਕੇ ਹਾਜਰ ਕਿਯੋ।।**
**ਤਵ ਨਿਮਿੱਤ ਕਾਜੀ ਮੈਂ ਘਾਯੋ।। ਅਬ ਮੁਹਿ ਸੰਗ ਕਰੋ ਮਨ ਭਾਯੋ।। ੭।।**

ਉਸ ਦਾ ਸਿਰ ਵੱਢ ਲਿਆ ਅਤੇ ਰਾਜੇ ਦੇ ਸਾਹਮਣੇ ਹਾਜ਼ਰ ਕਰ ਦਿੱਤਾ। ਉਹ ਕਹਿਣ ਲੱਗੀ ਕਿ ਤੁਹਾਡੀ ਖਾਤਰ ਮੈਂ ਕਾਜ਼ੀ ਨੂੰ ਮਾਰ ਦਿੱਤਾ ਹੈ ਹੁਣ ਤੁਸੀਂ ਮੇਰੇ ਨਾਲ ਮਨ ਭਾਉਂਦਾ ਰਮਣ ਕਰੋ।।੭।।

**ਜਬ ਸਿਰ ਨਿਰਖਿ ਨ੍ਰਿਪਤਿ ਤਿਹ ਲਯੋ।। ਮਨ ਕੇ ਬਿਖੈ ਅਧਿਕ ਡਰਪਯੋ।।**
**ਪਤਿ ਮਾਰਤ ਜਿਹ ਲਗੀ ਨ ਬਾਰਾ।। ਕਾ ਉਪਪਤਿ ਤਿਹ ਅੱਗ੍ਰ ਬਿਚਾਰਾ।। ੮।।**

ਪਦ ਅਰਥ - ਨਿਰਖਿ=ਵੇਖ। ਡਰਪਯੋ=ਡਰ ਗਿਆ। ਅਗ੍ਰ=ਅੱਗੇ।

ਜਦ ਰਾਜੇ ਨੇ ਉਸ ਸਿਰ ਨੂੰ ਵੇਖਿਆ ਤਾਂ ਮਨ ਵਿਚ ਬਹੁਤ ਡਰ ਗਿਆ। ਉਹ ਸੋਚਣ ਲੱਗਾ ਕਿ ਜਿਸ ਨੇ ਆਪਣੇ ਪਤੀ ਨੂੰ ਮਾਰਦਿਆਂ ਦੇਰ ਨਹੀਂ ਲਾਈ ਉਸ ਸਾਹਮਣੇ ਭਲਾ ਵਿਚਾਰਾ ਪ੍ਰੇਮੀ ਕੀ ਚੀਜ਼ ਹੋ ਸਕਦਾ ਹੈ।।੮।।

**ਧਿਕ ਧਿਕ ਬਚ ਤਿਹ ਤ੍ਰਿਯਹ ਉਚਾਰਾ।। ਭੋਗ ਕਰਬ ਮੈਂ ਤਜਾ ਤਿਹਾਰਾ।।**
**ਤ੍ਰਿਯ ਪਾਪਨਿ ਤੈਂ ਭਰਤਾ ਘਾਯੋ।। ਤਾਤੇ ਮੋਹਿ ਅਧਿਕ ਡਰ ਆਯੋ।। ੯।।**

ਪਦ ਅਰਥ - ਧਿਕ ਧਿਕ=ਫਿਟਕਾਰਿਆ। ਤਜਾ=ਛੱਡਿਆ। ਭਰਤਾ=ਪਤੀ, ਖ਼ਸਮ।

ਰਾਜੇ ਨੇ ਇਸਤਰੀ ਨੂੰ ਫਿਟਕਾਰਿਆ ਅਤੇ ਕਿਹਾ ਮੈਂ ਤੇਰੇ ਨਾਲ-ਭੋਗ ਨਹੀਂ ਕਰ ਸਕਦਾ। ਹੇ ਪਾਪਣ ! ਤੂੰ ਆਪਣੇ ਪਤੀ ਨੂੰ ਮਾਰ ਦਿੱਤਾ ਹੈ ਇਸ ਲਈ ਮੈਂ ਜ਼ਿਆਦਾ ਭੈਭੀਤ ਹੋ ਗਿਆ ਹਾਂ।।੯।।

**ਅਬ ਤੈਂ ਜਾਹਿ ਪਾਪਨੀ ਤਹੀ।। ਨਿਜ ਕਰ ਨਾਥ ਸੰਘਾਰਾ ਜਹੀ।।**
**ਅਬ ਤੇਰੋ ਸਭ ਹੀ ਧ੍ਰਿਗ ਸਾਜਾ।। ਅਬ ਹੀ ਲਗਿ ਜੀਵਤ ਨਿਰਲਾਜਾ।। ੧੦।।**

ਹੇ ਪਾਪਣ ! ਹੁਣ ਤੂੰ ਉਥੇ ਹੀ ਜਾ ਜਿਥੇ ਤੂੰ ਆਪਣੇ ਪਤੀ ਨੂੰ ਮਾਰਿਆ ਹੈ। ਹੁਣ ਤਾਂ ਤੇਰੇ ਸਾਰੇ ਸ਼ਿੰਗਾਰ ਨੂੰ ਲਾਹਨਤ ਹੈ। ਹੇ ਨਿਰਲਜ ! ਤੂੰ ਹਾਲੇ ਤਕ ਜਿਉਂਦੀ ਹੈਂ।।੧੦।।

**ਦੋਹਰਾ।। ਹਿਤ ਮੇਰੇ ਜਿਨ ਪਤਿ ਹਨਾ ਕੀਨਾ ਬਡਾ ਕੁਕਾਜ।।**
**ਜਮ ਧਰ ਮਾਰਿ ਨ ਮਰਤ ਹੈਂ ਅਬ ਲੌ ਜਿਯਤ ਨਿਲਾਜ।। ੧੧।।**

ਜਿਸ ਜ਼ਨਾਨੀ ਨੇ ਮੇਰੇ ਲਈ ਆਪਣਾ ਪਤੀ ਮਾਰ ਦਿੱਤਾ ਅਤੇ ਬੜਾ ਵੱਡਾ ਪਾਪ ਕੀਤਾ ਹੈ ਉਹ ਨਿਰਲਜ ਕਟਾਰ ਮਾਰ ਕੇ ਮਰਦੀ ਨਹੀਂ ਅਤੇ ਹਾਲੇ ਤਕ ਜੀਉਂਦੀ ਹੈ।।੧੧।।

ਚੌਪਈ।।ਸੁਨਤ ਬਚਨ ਏ ਨਾਰਿ ਰਿਸਾਈ।।ਲਜਿਤ ਭਈ ਘਰ ਕੋ ਫਿਰੀ ਆਈ।।
ਪਤਿ ਕੋ ਮੂੰਡ ਤਿਸੀ ਘਰ ਡਾਰਾ।। ਆਇ ਧਾਮ ਇਸ ਭਾਂਤਿ ਪੁਕਾਰਾ।। ੧੨।।

ਇਹ ਗੱਲ ਸੁਣਕੇ ਇਸਤਰੀ ਖਿਸਕ ਗਈ ਅਤੇ ਸ਼ਰਮਿੰਦੀ ਹੋਕੇ ਘਰ ਚਲੇ ਗਈ। ਪਤੀ ਦਾ ਸਿਰ ਉਸ ਉਸੇ ਰਾਜੇ ਦੇ ਘਰ ਛੱਡ ਦਿੱਤਾ ਅਤੇ ਘਰ ਆਕੇ ਲੋਕਾਂ ਨੂੰ ਅਵਾਜ਼ਾਂ ਮਾਰਨ ਲੱਗੀ।।੧੨।।

ਪ੍ਰਾਤ ਭਏ ਸਭ ਲੋਗ ਬੁਲਾਏ।। ਸਭਹਿਨ ਕਾਜੀ ਮ੍ਰਿਤਕ ਦਿਖਾਏ।।
ਸ੍ਰੋਨਤ ਧਾਰ ਪਰਤ ਜਿਤ ਗਈ।। ਸੋ ਮਗੁ ਹ੍ਵੈ ਕਰਿ ਖੋਜਤ ਭਈ।। ੧੩।।

ਪਦ ਅਰਥ - ਪ੍ਰਾਤ=ਸਵੇਰ। ਮ੍ਰਿਤਕ=ਮੁਰਦਾ, ਮਰੇ ਹੋਏ। ਸ੍ਰੋਨਤ=ਖ਼ੂਨ, ਲਹੂ। ਮਗੁ=ਰਸਤਾ।

ਸਵੇਰਾ ਹੁੰਦਿਆਂ ਹੀ ਉਸ ਸਾਰੇ ਲੋਕਾਂ ਨੂੰ ਬੁਲਾਇਆ ਅਤੇ ਕਾਜ਼ੀ ਦੀ ਲਾਸ਼ ਵਿਖਾਈ। ਖ਼ੂਨ ਦੀ ਧਾਰ ਜਿਸ ਪਾਸੇ ਜਾ ਰਹੀ ਸੀ ਉਹ ਉਸੇ ਰਸਤੇ ਖੋਜ ਕੱਢਦੀ ਹੋਈ ਅੱਗੇ ਵਧੀ।।੧੩।।

ਜਹ ਜਹ ਜਾਇ ਸ੍ਰੋਨ ਕੀ ਧਾਰਾ।। ਤਿਹ ਹੇਰਤ ਜਨ ਚਲੇ ਅਪਾਰਾ।।
ਤਹ ਸਭਹੂੰ ਲੈ ਠਾਢੋ ਕੀਨਾ।। ਜਹ ਨਿਜੁ ਹਾਥ ਡਾਰਿ ਸਿਰ ਦੀਨਾ।। ੧੪।।

ਜਿਸ ਪਾਸੇ ਲਹੂ ਦੀ ਧਾਰ ਗਈ ਉਸੇ ਪਾਸੇ ਸਭ ਲੋਕ ਚਲ ਪਏ। ਉਸਨੇ ਉਨ੍ਹਾਂ ਸਾਰਿਆਂ ਨੂੰ ਉਥੇ ਆਕੇ ਖੜਾ ਕਰ ਦਿੱਤਾ ਜਿਥੇ ਉਸ ਕਾਜ਼ੀ ਦਾ ਸਿਰ ਸੁੱਟਿਆ ਸੀ।।੧੪।।

ਮੂੰਡ ਕਟਜੋ ਸਭਹਿਨ ਲਖਿ ਪਾਯੋ।।ਇਹ ਕਾਜੀ ਯਾਹੀ ਨ੍ਰਿਪ ਘਾਯੋ।।
ਤਾਕਹ ਬਾਂਧਿ ਲੈ ਗਏ ਤਹਾਂ।। ਜਹਾਂਗੀਰ ਬੈਠਾ ਥੋ ਜਹਾਂ।। ੧੫।।

ਪਦ ਅਰਥ - ਮੂੰਡ=ਸਿਰ। ਲਖਿ ਪਾਯੋ=ਵੇਖਿਆ। ਤਾਕਹ=ਉਸ ਨੂੰ।

ਵੱਢੇ ਹੋਏ ਸਿਰ ਨੂੰ ਵੇਖ ਕੇ ਸਾਰਿਆਂ ਇਹ ਸਮਝ ਲਿਆ ਕਿ ਰਾਜੇ ਨੇ ਹੀ ਕਾਜ਼ੀ ਨੂੰ ਮਾਰਿਆ ਹੈ। ਸਾਰੇ ਉਸ ਨੂੰ ਬੰਨ੍ਹ ਕੇ ਉਥੇ ਲੈ ਗਏ ਜਿਥੇ ਜਹਾਂਗੀਰ ਦਾ ਦਰਬਾਰ ਲੱਗਾ ਹੋਇਆ ਸੀ।।੧੫।।

ਸਭ ਬ੍ਰਿਤਾਂਤ ਕਹਿ ਪ੍ਰਥਮ ਸੁਨਾਯੋ।।ਇਹ ਕਾਜੀ ਰਾਜੈ ਇਨ ਘਾਯੋ।।
ਹਜਰਤਿ ਬਾਂਧਿ ਤ੍ਰਿਯਹਿ ਕਹ ਦੀਨਾ।। ਭੇਦ ਕਛੂ ਜਿਯ ਮਾਂਝ ਨ ਚੀਨਾ।। ੧੬।।

ਜਹਾਂਗੀਰ ਨੂੰ ਸਾਰਾ ਵੇਰਵਾ ਦੱਸਿਆ ਕਿ ਇਸ ਰਾਜੇ ਨੇ ਹੀ ਕਾਜ਼ੀ ਨੂੰ ਮਾਰ ਦਿੱਤਾ ਹੈ। ਉਸ ਨੇ ਰਾਜੇ ਨੂੰ ਬੰਨ੍ਹ ਕੇ ਉਸ ਇਸਤਰੀ ਨੂੰ ਸੌਂਪ ਦਿੱਤਾ ਅਤੇ ਅਸਲ ਭੇਤ ਨੂੰ ਨ ਸਮਝ ਸਕਿਆ।।੧੬।।

ਮਾਰਨ ਕੌ ਲੈ ਤਾਹਿ ਸਿਧਾਈ।।ਆਂਖਿਨ ਹੀ ਮਹਿ ਨ੍ਰਿਪਹਿ ਜਤਾਈ।।
ਮੁਰ ਜਿਯ ਰਾਖੁ ਕਹੈ ਸੌ ਕਰਿਹੌ।। ਲੈ ਘਟ ਸੀਸ ਪਾਨਿ ਕੌ ਭਰਿਹੌ।। ੧੭।।

ਪਦ ਅਰਥ - ਆਂਖਿਨ ਹੀ ਮਹਿ=ਅੱਖ ਦੇ ਇਸ਼ਾਰੇ ਨਾਲ। ਘਟ=ਘੜਾ। ਸੀਸ=ਸਿਰ। ਪਾਨਿ=ਪਾਣੀ।

ਉਹ ਉਸ ਨੂੰ ਮਾਰਨ ਨੂੰ ਲੈ ਗਈ ਪਰ ਰਾਹ ਵਿਚ ਅੱਖ ਦੇ ਇਸ਼ਾਰੇ ਨਾਲ ਹੀ ਰਾਜੇ ਨੂੰ ਸਮਝਾਇਆ ਕਿ ਮੇਰਾ ਮਨ ਰੱਖ ਲਵੋ ਅਤੇ ਜਿਵੇਂ ਮੈਂ ਚਾਹੁੰਦੀ ਹਾਂ ਉਸ ਤਰ੍ਹਾਂ ਕਰੋ। ਮੈਂ ਸਿਰ ਉੱਤੇ ਘੜਾ ਰੱਖਕੇ ਤੁਹਾਡਾ ਪਾਣੀ ਭਰਾਂਗੀ।।੧੭।।

**ਤਬ ਸੁੰਦਰ ਇਹ ਭਾਂਤਿ ਬਿਚਾਰੋ।। ਅਬ ਮਾਨਾ ਨ੍ਰਿਪ ਕਹਾ ਹਮਾਰੋ।।**
**ਤਾਕੌ ਛਾਡਿ ਹਾਥ ਤੇ ਦੀਨਾ।। ਖੂਨ ਬਖਸ਼ਜੋ ਮੈਂ ਇਹ ਕੀਨਾ।।੧੮।।**

ਤਦ ਉਸ ਸੁੰਦਰੀ ਨੇ ਵਿਚਾਰ ਕੀਤਾ ਕਿ ਰਾਜਾ ਹੁਣ ਮੇਰਾ ਕਹਿਣਾ ਮੰਨ ਲਵੇਗਾ। ਉਸ ਨੂੰ ਛੱਡ ਦਿੱਤਾ ਕਿ ਮੈਂ ਖੂਨ ਮੁਆਫ ਕਰ ਦਿੱਤਾ ਹੈ।।੧੮।।

**ਪ੍ਰਥਮਹਿ ਛਾਡਿ ਮਿੱਤ੍ਰ ਕਹ ਦੀਨਾ।। ਪੁਨ ਇਹ ਭਾਂਤਿ ਉਚਾਰਨ ਕੀਨਾ।।**
**ਅਬ ਮੈਂ ਸੈਰ ਮਕਾ ਕੇ ਜੈਹੌਂ।। ਮਰੀ ਤ ਗਈ ਜਿਯਤ ਫਿਰਿ ਐਹੌਂ।। ੧੯।।**

ਪਹਿਲਾਂ ਆਪਣੇ ਮਿੱਤਰ ਨੂੰ ਛੱਡ ਦਿੱਤਾ ਫਿਰ ਲੋਕਾਂ ਨੂੰ ਕਿਹਾ ਕਿ ਹੁਣ ਮੈਂ ਮੱਕੇ ਦੀ ਯਾਤਰਾ ਤੇ ਜਾਵਾਂਗੀ ਅਤੇ ਜੇ ਜੀਉਂਦੀ ਰਹੀ ਤਾਂ ਫਿਰ ਵਾਪਿਸ ਆਵਾਂਗੀ।।੧੯।।

**ਲੋਗਨ ਸੈਰ ਭਵਾਰੋ ਦਿਯੋ।। ਆਪੁ ਪੈਂਡ ਤਿਹ ਗ੍ਰਿਹਿ ਕੌ ਲਿਯੋ।।**
**ਤਾਹਿ ਨਿਰਖਿ ਰਾਜਾ ਡਰਪਾਨਾ।। ਕਾਮ ਭੋਗ ਤਿਹ ਸੰਗ ਕਮਾਨਾ।।੨੦।।**

ਲੋਕਾਂ ਨੂੰ ਯਾਤਰਾ ਦੇ ਭਰਮ ਵਿਚ ਪਾ ਦਿੱਤਾ ਅਤੇ ਖੁਦ ਰਾਜੇ ਦੇ ਘਰ ਨੂੰ ਚਲੇ ਗਈ। ਰਾਜਾ ਉਸ ਨੂੰ ਵੇਖਕੇ ਡਰ ਗਿਆ ਅਤੇ ਉਸਨੇ ਉਸ ਨਾਲ ਕਾਮ ਕ੍ਰੀੜਾ ਕੀਤੀ।।੨੦।।

**ਲੋਗ ਕਹੈਂ ਮੱਕਾ ਕਹ ਗਈ।। ਹੁਆਂ ਕੀ ਸੁਧਿ ਕਿਨਹੂੰ ਨਹਿ ਲਈ।।**
**ਕਹਾ ਬਾਲ ਇਨ ਚਰਿਤ ਦਿਖਾਯੋ।। ਕਿਹ ਛਲ ਸੌ ਕਾਜੀ ਕਹ ਘਾਯੋ।। ੨੧।।**

ਪਦ ਅਰਥ - ਹੁਆਂ=ਓਥੇ ਦੀ। ਸੁਧਿ=ਖਬਰ। ਕਿਨਹੂੰ=ਕਿਸੇ ਦੀ।

ਸਾਰੇ ਲੋਕ ਇਹ ਸਮਝੇ ਕਿ ਉਹ ਮੱਕੇ ਗਈ ਹੈ ਪਰ ਉਥੇ ਦੀ ਖਬਰ ਕਿਸੇ ਨ ਲਈ। ਉਸ ਇਸਤਰੀ ਨੇ ਕੀ ਚਲਿੱਤਰ ਵਿਖਾਇਆ ਕਿ ਛਲ ਨਾਲ ਕਾਜ਼ੀ ਨੂੰ ਮਾਰ ਦਿੱਤਾ।।੨੧।।

**ਇਹ ਛਲ ਸਾਥ ਕਾਜਿਯਹਿ ਮਾਰਾ।। ਬਹੁਰਿ ਮਿੱਤ੍ਰ ਕਹ ਚਰਿਤ ਦਿਖਾਰਾ।।**
**ਇਨ ਕੀ ਅਗਮ ਅਗਾਧਿ ਕਹਾਨੀ।। ਦਾਨਵ ਦੇਵ ਨ ਕਿਨਹੂੰ ਜਾਨੀ।। ੨੨।। ੧।।**

ਪਹਿਲਾਂ ਛਲ ਨਾਲ ਕਾਜ਼ੀ ਨੂੰ ਮਾਰਿਆ ਅਤੇ ਫਿਰ ਆਪਣੇ ਮਿੱਤਰ ਨੂੰ ਚਲਿੱਤਰ ਵਿਖਾਇਆ।

ਇਨ੍ਹਾਂ ਇਸਤਰੀਆਂ ਦੀ ਕਹਾਣੀ ਅਗੱਮ ਅਤੇ ਅਗਾਧ ਹੈ ਜਿਸ ਨੂੰ ਦੇਵ-ਦਾਨਵ ਵੀ ਜਾਣ ਨਹੀਂ ਸਕੇ।।੨੨।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸਤਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੬੭।।੫੨੧੬।। ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਸਤਾਠਵੀਂ ਕਥਾ ਸਮਾਪਤ।।੨੬੭।।੫੨੧੬।।ਚਲਦਾ।।

# ਚਲਿੱਤਰ ਦੋ ਸੌ ਅਠਾਠਵਾਂ

## ਕਥਾ ਚੰਪਾਕਲਾ

**ਚੌਪਈ।। ਚੰਪਾਵਤੀ ਨਗਰ ਦਿਸਿ ਦੱਛਿਨ।। ਚੰਪਤ ਰਾਇ ਨ੍ਰਿਪਤਿ ਸੁਭ ਲੱਛਨ।।**
**ਚੰਪਾਵਤੀ ਧਾਮ ਤਿਹ ਦਾਰਾ।। ਜਾ ਸਮ ਕਹੂੰ ਨ ਰਾਜ ਦੁਲਾਰਾ।। ੧।।**

ਪਦ ਅਰਥ - ਦਿਸਿ=ਪਾਸੇ, ਦਿਸ਼ਾ। ਦੱਛਿਨ=ਦੱਖਨ। ਸੁਭ ਲੱਛਨ=ਭਾਗਸ਼ਾਲੀ। ਰਾਜ ਦੁਲਾਰਾ=ਰਾਜਕੁਮਾਰੀ।

ਦਖਣ ਦਿਸ਼ਾ ਵਿਚ ਚੰਪਾਵਤੀ ਨਾਮੀਂ ਇੱਕ ਨਗਰ ਸੀ ਜਿਥੋਂ ਦਾ ਰਾਜਾ ਚੰਪਤ ਰਾਏ ਬੜਾ ਗੁਣਵਾਨ ਅਤੇ ਭਾਗਸ਼ਾਲੀ ਸੀ। ਉਸ ਦੀ ਇਸਤਰੀ ਦਾ ਨਾਂ ਚੰਪਾਵਤੀ ਸੀ ਜਿਸ ਵਰਗੀ ਹੋਰ ਕੋਈ ਰਾਜ ਕੁਮਾਰੀ ਨਹੀਂ ਸੀ।।੧।।

**ਚੰਪਕਲਾ ਦੁਹਿਤਾ ਤਾਕੇ ਗ੍ਰਿਹਿ।। ਰੂਪਮਾਨ ਦੁਤਿਮਾਨ ਅਧਿਕ ਵਹ।।**
**ਜਬ ਤਿਹ ਅੰਗ ਮੈਨਤਾ ਵਈ।। ਲਰਿਕਾਪਨ ਕੀ ਸੁਧਿ ਬੁਧਿ ਗਈ।। ੨।।**

ਪਦ ਅਰਥ - ਦੁਹਿਤਾ=ਪੁੱਤਰੀ। ਮੈਨੰਤਾ=ਜਵਾਨੀ।

ਉਸ ਦੀ ਪੁੱਤਰੀ ਦਾ ਨਾਂ ਚੰਪਾਕਲਾ ਸੀ ਜਿਹੜੀ ਬੜੀ ਰੂਪਵੰਤ ਅਤੇ ਬੁਧਿਮਾਨ ਸੀ। ਜਦ ਉਸ ਦੇ ਅੰਗ ਅੰਗ ਵਿਚ ਜਵਾਨੀ ਨੇ ਹੁਲਾਰਾ ਮਾਰਿਆ ਤਾਂ ਉਹ ਬਚਪਨ ਦੀ ਸਭ ਸੁੱਧ ਭੁਲ ਗਈ।।੨।।

**ਹੁਤੋ ਬਾਗ ਇਕ ਤਹਾਂ ਅਪਾਰਾ।। ਜਿਹ ਸਰ ਨੰਦਨ ਕਹਾ ਬਿਚਾਰਾ।।**
**ਤਹਾਂ ਗਈ ਵਹੁ ਕੁਅਰਿ ਮੁਦਿਤ ਮਨ।। ਲਗੇ ਸੁੰਦਰੀ ਸੰਗ ਕਰਿ ਅਨਗਨ।। ੩।।**

ਉਥੇ ਇਕ ਵੱਡਾ ਬਾਗ ਸੀ ਜਿਹੜਾ ਇੰਦਰ ਦੇਵਤਾ ਦੇ ਨੰਦਨ ਬਾਗ ਨਾਲੋਂ ਵੀ ਸੁੰਦਰ ਸੀ। ਉਥੇ ਉਹ ਅਨੇਕ ਸੁੰਦਰੀਆਂ ਨਾਲ ਲੈ ਕੇ ਪ੍ਰਸੰਨਤਾ ਪੂਰਵਕ ਸੈਰ ਕਰਨ ਗਈ।।੩।।

Namdhari Elibrary NamdhariElibrary@gmail.com

**ਤਹ ਨਿਰਖਾ ਇਕ ਸ਼ਾਹ ਸਰੂਪਾ॥ ਸੂਰਤਿ ਸੀਰਤਿ ਮਾਂਝ ਅਨੂਪਾ॥**
**ਰੀਝੀ ਕੁਅਰਿ ਅਟਕਿ ਗੀ ਤਬਹੀ॥ ਸੁੰਦਰ ਸੁਘਰ ਨਿਹਾਰਜੋ ਜਬਹੀ॥੪॥**

ਪਦ ਅਰਥ – ਅਨੂਪਾ=ਅਦੁੱਤੀ। ਅਟਿਕ=ਮੋਹਿਤ ਹੋ ਗਈ। ਸੁਘਰ=ਸੁੱਘੜ।

ਉਥੇ ਉਸ ਇਕ ਸ਼ਾਹ ਦਾ ਸੁੰਦਰ ਸਰੂਪ ਵੇਖਿਆ ਜਿਹੜਾ ਕਿ ਸੂਰਤ ਅਤੇ ਸੀਰਤ ਵਿਚ ਅਦੁੱਤੀ ਸੀ। ਉਸ ਸੁੰਦਰ ਸੁੱਘੜ ਨੌਜਵਾਨ ਨੂੰ ਵੇਖਕੇ ਕੁਮਾਰੀ ਉਸ ਉਤੇ ਮੋਹਿਤ ਹੋ ਗਈ॥੪॥

**ਸਭ ਸੁਧਿ ਭੂਲਿ ਸਦਨ ਕੀ ਗਈ॥ ਆਠ ਟੂਕ ਤ੍ਰਿਹ ਉਪਰ ਭਈ॥**
**ਗ੍ਰਿਹ ਐਬੇ ਕੀ ਬੁੱਧਿ ਨ ਆਈ॥ ਤਹੀ ਉਧਰਿ ਤਿਹ ਸੰਗ ਸਿਧਾਈ॥੫॥**

ਪਦ ਅਰਥ – ਆਠ ਟੂਕ=ਅੱਠ ਟੋਟੇ। ਉਧਰਿ=ਉਧਲ, ਨਿਕਲ ਗਈ।

ਉਸ ਨੂੰ ਘਰ ਦੀ ਸਾਰੀ ਸੁੱਧ ਬੁੱਧ ਭੁਲ ਗਈ ਅਤੇ ਉਹ ਅੱਠ ਟੋਟੇ ਹੋ ਕੇ ਉਸ ਉਪਰ ਨਿਛਾਵਰ ਹੋ ਗਈ। ਉਸ ਨੂੰ ਘਰ ਆਉਣਾ ਵੀ ਭੁਲ ਗਿਆ ਤੇ ਬਾਹਰੋ ਬਾਹਰ ਉਸ ਨਾਲ ਨਿਕਲ ਗਈ॥੫॥

**ਸਹਚਰਿ ਭੇਦ ਚਰਿਤ ਇਕ ਜਾਨਾ॥ ਇਹ ਬਿਧਿ ਸਾਥ ਚਰਿੱਤ੍ਰ ਪ੍ਰਮਾਨਾ॥**
**ਰੋਇ ਰੋਇ ਧੁਨਿ ਊਚ ਪੁਕਾਰੈ॥ ਦੈ ਦੈ ਮੂੰਡ ਧਰਨਿ ਸੌ ਮਾਰੈ॥੬॥**

ਉਸ ਦੀ ਇਕ ਸਖੀ ਨੇ ਇਸ ਸਾਰੇ ਭੇਤ ਨੂੰ ਸਮਝ ਲਿਆ ਅਤੇ ਇਕ ਚਲਿੱਤਰ ਖੇਡਿਆ। ਉਹ ਉੱਚੀ ਉੱਚੀ ਧਾਹਾਂ ਮਾਰਨ ਲੱਗੀ ਅਤੇ ਸਿਰ ਧਰਤੀ ਨਾਲ ਮਾਰਨ ਲੱਗੀ॥੬॥

**ਚੰਪਕਲਾ ਰਾਜਾ ਕੀ ਜਾਈ॥ ਰਾਛਸ ਗਹੀ ਆਨਿ ਦੁਖਦਾਈ॥**
**ਤਾਂਹਿ ਛੁਰੈਯੈ ਜਾਨ ਨ ਦੀਜੈ॥ ਬੇਗਹਿ ਬਧ ਦਾਨਵ ਕੋ ਕੀਜੈ॥੭॥**

ਪਦ ਅਰਥ – ਰਾਛਸ=ਰਾਕਸ਼। ਬੇਗਹਿ=ਜਲਦੀ, ਛੇਤੀ। ਬਧ=ਮਾਰੋ। ਦਾਨਵ=ਦੈਂਤ।

ਉਹ ਕਹਿਣ ਲੱਗੀ ਕਿ ਰਾਜੇ ਦੀ ਲੜਕੀ ਚੰਪਾਕਲੀ ਨੂੰ ਰਾਕਸ਼ ਚੁਕ ਕੇ ਲੈ ਗਿਆ ਹੈ। ਰਾਕਸ਼ ਪਾਸੋਂ ਉਸ ਨੂੰ ਛੱਡਵਾਓ, ਉਸ ਨੂੰ ਜਾਣ ਨ ਦੇਵੋ ਅਤੇ ਛੇਤੀ ਨਾਲ ਰਾਕਸ਼ ਨੂੰ ਮਾਰ ਦੇਵੋ॥੭॥

**ਏ ਸੁਨਿ ਬੈਨ ਲੋਗ ਸਭ ਧਾਏ॥ ਕਾਢੇ ਖੜਗ ਬਾਗ ਮੈ ਆਏ॥**
**ਦੈਤ ਵੈਤ ਤਹ ਕਛੂ ਨ ਨਿਹਾਰਾ॥ ਚੱਕ੍ਰਿਤ ਭੇ ਜਿਯ ਮਾਂਝ ਬਿਚਾਰਾ॥੮॥**

ਇਹ ਸੁਣ ਕੇ ਸਾਰੇ ਭੱਜੇ ਆਏ ਅਤੇ ਕਿਰਪਾਨਾਂ ਕੱਢ ਕੇ ਬਾਗ਼ ਵਿਚ ਆ ਗਏ। ਪਰ ਉਥੇ ਉਨ੍ਹਾਂ ਕੋਈ ਰਾਕਸ਼ ਨ ਵੇਖਿਆ ਅਤੇ ਉਹ ਸਭ ਹੈਰਾਨ ਰਹਿ ਗਏ॥੮॥

ਹਰਿ ਦਾਨਵ ਤਿਹ ਗਯੋ ਅਕਾਸਾ।। ਰਾਜ ਕੁਅਰਿ ਤੇ ਭਏ ਨਿਰਾਸਾ।।
ਰੋਇ ਪੀਟ ਦੁਹਿਤਾ ਕਹ ਹਾਰੇ।। ਰਾਜਾ ਭਏ ਅਧਿਕ ਦੁਖਿਯਾਰੇ।। ੯।।

ਉਹ ਸੋਚਣ ਲੱਗੇ ਕਿ ਕੁਮਾਰੀ ਨੂੰ ਚੁਕ ਕੇ ਰਾਕਸ਼ ਅਕਾਸ਼ ਵਿਚ ਚਲੇ ਗਿਆ ਹੈ। ਇਸ ਤਰ੍ਹਾਂ ਉਹ ਨਾਰਾਸ਼ ਹੋ ਗਏ। ਰਾਜਾ ਰੋ ਪਿੱਟ ਕੇ ਪੁੱਤਰੀ ਗਵਾ ਕੇ ਬਹੁਤ ਦੁਖੀ ਹੋਇਆ।।੯।।

ਕੇਤਿਕ ਦਿਨਨ ਸਕਲ ਧਨ ਖਾਯੋ।।ਦੇਸ ਬਿਦੇਸ ਫਿਰਤ ਦੁਖ ਪਾਯੋ।।
ਰਾਜ ਕੁਅਰਿ ਮਿੱਤ੍ਰਹਿ ਕੌ ਤਜਾਗੀ।।ਆਧੀ ਰਤਿ ਦੇਸ ਕੌ ਭਾਗੀ।।੧੦।।

ਪਦ ਅਰਥ - ਕੇਤਿਕ=ਕਈ। ਮਿਤ੍ਰੱਹਿ=ਮਿਤੱਰ ਨੂੰ। ਤਿਜਾਗੀ=ਛੱਡ ਦਿੱਤਾ।

ਜਦ ਉਨ੍ਹਾਂ ਦਾ ਕਈ ਦਿਨਾਂ ਤਕ ਘੁੰਮਦਿਆਂ ਫਿਰਦਿਆਂ ਧਨ ਖਤਮ ਹੋ ਗਿਆ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਵਿਰਦਿਆਂ ਉਨ੍ਹਾਂ ਬਹੁਤ ਦੁਖ ਪਾਏ ਤਾਂ ਰਾਜ ਕੁਮਾਰੀ ਮਿੱਤਰ ਨੂੰ ਛੱਡ ਕੇ ਅੱਧੀ ਰਾਤ ਨੂੰ ਦੁਬਾਰਾ ਆਪਣੇ ਦੇਸ਼ ਵਲ ਭੱਜੀ।।੧੦।।

ਲਿਖਿ ਪੱਤ੍ਰੀ ਪਿਤ ਪਾਸ ਪਠਾਈ।। ਦਾਨਵ ਤੇ ਮੈ ਦੇਵ ਛਰਾਈ।।
ਪਠੈ ਮਨੁੱਛ ਅਬ ਬੋਲਿ ਪਠਾਵਹੁ।।ਮੋਹਿ ਮਿਲਾਇ ਅਧਿਕ ਸੁਖ ਪਾਵਹੁ।।੧੧।।

ਉਸ ਪਿਤਾ ਨੂੰ ਚਿੱਠੀ ਲਿਖ ਕੇ ਭੇਜੀ ਕਿ ਈਸ਼ਵਰ ਨੇ ਮੈਨੂੰ ਦੈਂਤ ਪਾਸੋਂ ਛੁਡਾ ਲਿਆ ਹੈ। ਹੁਣ ਕਿਸੇ ਵਿਅਕਤੀ ਨੂੰ ਭੇਜ ਕੇ ਮੈਨੂੰ ਮੰਗਵਾ ਲਵੋ ਅਤੇ ਮੈਨੂੰ ਮਿਲਕੇ ਸੁਖੀ ਹੋਵੋ।।੧੧।।

ਪੜ੍ਹਿ ਪੱਤ੍ਰੀ ਪਿਤ ਕੰਠ ਲਗਾਈ।।ਅਧਿਕ ਪਾਲਕੀ ਤਹਾਂ ਪਠਾਈ।।
ਚੰਪਕਲਾ ਕਹ ਗ੍ਰਿਹਿ ਲੈ ਆਯੋ।। ਮੂਰਖ ਭੇਦ ਅਭੇਦ ਨ ਪਾਯੋ।। ੧੨।। ੧।।

ਪਦ ਅਰਥ - ਕੰਠ=ਗਲ। ਪਠਾਈ=ਭੇਜੀਆਂ। ਗ੍ਰਿਹਿ=ਘਰ।

ਪਿਤਾ ਨੇ ਚਿੱਠੀ ਪੜ੍ਹਕੇ ਗਲ ਨਾਲ ਲਾਈ ਅਤੇ ਪਾਲਕੀਆਂ ਉਥੇ ਭੇਜ ਦਿੱਤੀਆ। ਚੰਪਾਕਲਾ ਨੂੰ ਘਰ ਲੈ ਆਇਆ ਅਤੇ ਮੂਰਖ ਕੁਝ ਵੀ ਭੇਤ ਅਭੇਤ ਨ ਸਮਝ ਸਕਿਆ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਅਠਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੬੮।।੫੨੨੮।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਅਠਾਠਵੀਂ ਕਥਾ ਸਮਾਪਤ।।੨੬੮।।੫੨੨੮।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਦੋ ਸੌ ਉਣੱਤਰਵਾਂ

## ਕਥਾ ਝਖਕੇਤ ਮਤੀ

**ਚੌਪਈ।। ਗੂਆ ਬੰਦਰ ਇਕ ਰਹਤ ਨ੍ਰਿਪਾਲਾ।। ਜਾਕੋ ਡੰਡ ਭਰਤ ਭੂਆਲਾ।।**
**ਅਪ੍ਰਮਾਨ ਤਾਕੇ ਘਰ ਮੈ ਧਨ।। ਚੰਦ੍ਰ ਸੂਰ ਕੈ ਇੰਦ੍ਰ ਦੁਤਿਯ ਜਨੁ।। ੧।।**

ਪਦ ਅਰਥ - ਨ੍ਰਿਪਾਲਾ=ਰਾਜਾ। ਡੰਡ=ਡੰਨ, ਟੈਕਸ। ਭੂਆਲਾ=ਰਾਜੇ। ਅਪ੍ਰਮਾਨ=ਅਪਾਰ। ਦੁਤਿਯ=ਦੂਸਰਾ।

ਗੋਆ ਬੰਦਰਗਾਹ ਵਿਚ ਇਕ ਰਾਜਾ ਰਹਿੰਦਾ ਸੀ ਜਿਸ ਦਾ ਸਾਰੇ ਰਾਜੇ ਡੰਨ ਭਰਦੇ ਸਨ। ਉਸ ਦੇ ਘਰ ਅਪਾਰ ਧਨ ਸੀ ਅਤੇ ਉਹ ਦੂਸਰਾ ਚੰਦ ਸੂਰਜ ਜਾਂ ਇੰਦਰ ਸੀ।।੧।।

**ਮਿੱਤ੍ਰਮਤੀ ਤਾਕੀ ਅਰਧੰਗਾ।। ਪੁੰਨਜਮਾਨ ਦੂਸਰ ਜਨੁ ਗੰਗਾ।।**
**ਮੀਨਕੇਤ ਰਾਜਾ ਤਹ ਰਾਜੈ।। ਜਾ ਕੋ ਨਿਰਖਿ ਮੀਨ ਧੁਜ ਲਾਜੈ।।੨।।**

ਪਦ ਅਰਥ - ਅਰਧੰਗਾ=ਇਸਤਰੀ, ਪਤਨੀ। ਪੁੰਨਜਮਾਨ=ਮਾਨੋਂ।

ਉਸ ਦੀ ਪਤਨੀ ਦਾ ਨਾਂ ਮਿੱਤਰਮਤੀ ਸੀ ਜਿਹੜੀ ਕਿ ਮਾਨੋ ਦੂਸਰੀ ਗੰਗਾ ਸੀ। ਮੀਨਕੇਤ ਰਾਜਾ ਵੀ ਏਨਾਂ ਸੁੰਦਰ ਸੀ ਕਿ ਉਸ ਨੂੰ ਵੇਖ ਕਾਮਦੇਵ ਲੱਜਤ ਹੁੰਦਾ ਸੀ।।੨।।

**ਅੜਿੱਲ।। ਸ੍ਰੀ ਝਖਕੇਤ ਮਤੀ ਦੁਹਿਤਾ ਤਿੱਹ ਜਾਨਿਯੈ।।**
**ਅਪ੍ਰਮਾਨ ਅਬਲਾ ਕੀ ਪ੍ਰਭਾ ਪ੍ਰਮਾਨਿਯੈ।।**
**ਜਾ ਸਮ ਸੁੰਦਰਿ ਕਹੂੰ ਨ ਜਗ ਮਹਿ ਜਾਨਿਯਤ।।**
**ਹੋ ਰੂਪਮਾਨ ਉਹਿ ਕੀ ਸੀ ਵਹੀ ਬਖਾਨਿਯਤ।। ੩।।**

ਪਦ ਅਰਥ - ਪ੍ਰਭਾ=ਸ਼ਕਲ, ਸੁੰਦਰਤਾ। ਜਾਨਿਯਤ=ਜਾਣਿਆ ਜਾਂਦਾ ਸੀ।

ਝਖਕੇਤਮਤੀ ਉਨ੍ਹਾਂ ਦੀ ਪੁੱਤਰੀ ਸੀ ਜਿਸਦੀ ਸੁੰਦਰਤਾ ਅਪਰ ਅਪਾਰ ਸੀ। ਉਸ ਵਰਗਾ ਦੁਨੀਆਂ ਵਿਚ ਹੋਰ ਕੋਈ ਸੋਹਣਾ ਨਹੀਂ ਸੀ, ਉਸ ਵਰਗਾ ਸੁੰਦਰ ਸਰੂਪ ਕੇਵਲ ਉਸ ਨੂੰ ਹੀ ਪ੍ਰਾਪਤ ਸੀ।।੩।।

**ਚੌਪਈ।। ਪ੍ਰਾਤ ਭਏਂ ਨ੍ਰਿਪ ਸਭਾ ਲਗਾਈ।। ਊਚ ਨੀਚ ਸਭ ਲਿਯਾ ਬੁਲਾਈ।।**
**ਤਹ ਇਕ ਪੁੱਤ੍ਰ ਸ਼ਾਹੁ ਕੋ ਆਯੋ।। ਜਿਹ ਸਮ ਦਿਤਿ ਆਦਿਤਿ ਨ ਜਾਯੋ।। ੪।।**

Namdhari Elibrary NamdhariElibrary@gmail.com

****************************************************************

ਪਦ ਅਰਥ - ਦਿਤਿ=ਦੈਂਤ। ਆਦਿਤਿ=ਦੇਵਤਾ।

ਇੱਕ ਦਿਨ ਸਵੇਰੇ ਰਾਜੇ ਨੇ ਦਰਬਾਰ ਲਾਇਆ ਜਿਸ ਵਿਚ ਗ਼ਰੀਬ ਅਮੀਰ ਸਭ ਨੂੰ ਬੁਲਾਇਆ ਗਿਆ। ਉਸ ਦਰਬਾਰ ਵਿਚ ਇਕ ਸ਼ਾਹ ਦਾ ਪੁੱਤਰ ਵੀ ਆਇਆ ਜਿਸ ਵਰਗਾ ਦੇਵ-ਦਾਨਵਾਂ ਵਿਚ ਅਜੇਹਾ ਕੋਈ ਸੁੰਦਰ ਨਹੀਂ ਸੀ।।੪।।

**ਅੜਿੱਲ।। ਰਾਜ ਕੁਅਰਿ ਰਹੀ ਥਕਿਤ ਸੁ ਤਾਂਹਿ ਨਿਹਾਰਿ ਕਰਿ।।**
**ਚੱਕ੍ਰਿਤ ਚਿਤ ਮਹਿ ਰਹੀ ਚਰਿੱਤ੍ਰ ਬਿਚਾਰਿ ਕਰਿ।।**
**ਸਖੀ ਪਠੀ ਤਿਹ ਧਾਮ ਮਿਲਨ ਕੀ ਆਸ ਕੈ।।**
**ਹੋ ਚਾਹ ਰਹੀ ਜਸ ਮੇਘ ਪਪਿਹਰਾ ਪਜਾਸ ਕੈ।। ੫।।**

ਪਦ ਅਰਥ - ਨਿਹਾਰਿ=ਵੇਖ ਕੇ। ਚੱਕ੍ਰਿਤ=ਹੈਰਾਨ। ਚਾਹ=ਖਾਹਿਸ਼।

ਰਾਜ ਕੁਮਾਰੀ ਉਸ ਨੂੰ ਵੇਖਦੀ ਵੇਖਦੀ ਥੱਕ ਗਈ ਅਤੇ ਮਨ ਵਿਚ ਇਹ ਨਜ਼ਾਰਾ ਵੇਖ ਕੇ ਹੈਰਾਨ ਰਹਿ ਗਈ। ਇਕ ਦਾਸੀ ਨੂੰ ਉਸ ਮਿਲਣ ਦੀ ਆਸ ਨਾਲ ਉਸ ਸ਼ਾਹ ਪੁੱਤਰ ਦੇ ਘਰ ਭੇਜਿਆ। ਉਸ ਨੂੰ ਮਿਲਣ ਵਾਸਤੇ ਉਸ ਦੇ ਮਨ ਵਿਚ ਏਨੀ ਪਿਆਸ ਸੀ ਜਿਵੇਂ ਕਿ ਪਪੀਹੇ ਨੂੰ ਬਦਲਾਂ ਦੀ ਹੁੰਦੀ ਹੈ।।੫।।

**ਦੋਹਰਾ।। ਅਤਿ ਪ੍ਰਸੰਨਜ ਚਿਤ ਮਹਿ ਭਈ ਮਨ ਭਾਵਨ ਕਹ ਪਾਇ।।**
**ਸਹਚਰਿ ਕੋ ਜੁ ਦਰਿਦ੍ਰ ਥੋ ਤਤ ਛਿਨ ਦਿਯਾ ਮਿਟਾਇ।। ੬।।**

ਪਦ ਅਰਥ - ਦਰਿਦ੍ਰ=ਗ਼ਰੀਬੀ, ਭੁਖ। ਤਤ ਛਿਨ=ਓਸੇ ਪਲ।

ਆਪਣੇ ਮਨ ਭਾਉਂਦੇ ਮਿੱਤਰ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਈ ਅਤੇ ਉਸ ਤੁਰੰਤ ਦਾਸੀ ਨੂੰ ਬਹੁਤ ਧਨ ਦੇਕੇ ਉਸ ਦੀ ਗਰੀਬੀ ਦੂਰ ਕਰ ਦਿੱਤੀ।।੬।।

**ਚੌਪਈ।। ਜਬ ਹੀ ਤਰੁਨਿ ਤਰੁਨ ਕੌ ਪਾਯੋ।। ਭਾਂਤਿ ਭਾਂਤਿ ਤਿਨ ਗਰੇ ਲਗਾਯੋ।।**
**ਰੈਨਿ ਸਗਰਿ ਰਤਿ ਕਰਤ ਬਿਹਾਨੀ।। ਚਾਰਿ ਪਹਰ ਪਲ ਚਾਰ ਪਛਾਨੀ।। ੭।।**

ਪਦ ਅਰਥ - ਰੈਨਿ=ਰਾਤ। ਸਗਰਿ=ਸਾਰੀ। ਬਿਹਾਨੀ=ਬਿਤਾਈ।

ਜਦ ਮਟਿਆਰ ਨੇ ਗਭਰੂ ਨੂੰ ਪ੍ਰਾਪਤ ਕੀਤਾ ਤਾਂ ਉਸ ਨੂੰ ਭਿੰਨ ਭਿੰਨ ਢੰਗਾਂ ਨਾਲ ਗਲ ਨਾਲ ਲਾਇਆ। ਸਾਰੀ ਰਾਤ ਕਾਮ ਕ੍ਰੀੜਾ ਵਿਚ ਲੰਘ ਗਈ ਅਤੇ ਚਾਰ ਪਹਿਰਾਂ ਨੂੰ ਉਸ ਚਾਰ ਪਲਾਂ ਵਾਂਗ ਸਮਝਿਆ।।੭।।

**ਪਿਛਲੀ ਪਹਰ ਰਾਤ੍ਰਿ ਜਬ ਰਹੀ।। ਰਾਜ ਕੁਅਰਿ ਐਸੇ ਤਿਹ ਕਹੀ।।**

Namdhari Elibrary NamdhariElibrary@gmail.com

*************************************************************

**ਹਮ ਤੁਮ ਆਵ ਨਿਕਸਿ ਦੋਊ ਜਾਵੈਂ।। ਔਰ ਦੇਸ ਦੋਊ ਕਹੂੰ ਸੁਹਾਵੈਂ।। ੮।।**

ਜਦ ਰਾਤ ਦਾ ਪਿਛਲਾ ਸਮਾਂ ਰਹਿ ਗਿਆ ਤਦ ਰਾਜ ਕੁਮਾਰੀ ਨੇ ਉਸ ਗਭਰੂ ਨੂੰ ਕਿਹਾ ਕਿ ਆਓ ਅਸੀਂ ਦੋਵੇਂ ਇਥੋਂ ਨਿਕਲ ਚਲੀਏ ਅਤੇ ਕਿਸੇ ਦੂਸਰੇ ਦੇਸ਼ ਵਿਚ ਜਾਕੇ ਵੱਸ ਜਾਈਏ।।੮।।

**ਤੁਹਿ ਮੁਹਿ ਕਹ ਧਨ ਕੀ ਥੁਰ ਨਾਹੀ।। ਤੁਮਰੀ ਚਹਤ ਕੁਸਲ ਮਨ ਮਾਹੀ।।**
**ਯੌ ਕਹਿ ਦੂਹੂੰ ਅਧਿਕ ਧਨੁ ਲੀਨਾ।। ਔਰੈ ਦੇਸ ਪਯਾਨਾ ਕੀਨਾ।। ੯।।**

ਪਦ ਅਰਥ – ਥੁਰ=ਘਾਟ। ਕੁਸਲ=ਤੰਦਰੁਸਤੀ। ਪਯਾਨਾ=ਚੱਲ ਪਏ।

ਸਾਨੂੰ ਧਨ ਦੀ ਕੋਈ ਘਾਟ ਨਹੀਂ ਹੈ ਮੈਂ ਕੇਵਲ ਤੁਹਾਨੂੰ ਠੀਕ ਠਾਕ ਵੇਖਣਾ ਚਾਹੁੰਦੀ ਹਾਂ। ਇਹ ਕਹਿਕੇ ਦੋਹਾਂ ਨੇ ਬਹੁਤ ਧਨ ਲੈ ਲਿਆ ਅਤੇ ਦੂਸਰੇ ਮੁਲਕ ਵੱਲ ਚੱਲ ਪਏ।।੯।।

**ਚਤੁਰਿ ਭੇਦ ਸਹਚਰਿ ਇਕ ਪਾਈ।। ਤਿਹ ਗ੍ਰਿਹ ਕੋ ਦਈ ਆਗਿ ਲਗਾਈ।।**
**ਰਨਿਯਨਿ ਰਾਨੀ ਜਰੀ ਸੁਨਾਈ।। ਰੋਵਤ ਆਪੁ ਨ੍ਰਿਪਹਿ ਪਹਿ ਧਾਈ।। ੧੦।।**

ਇਕ ਚੱਤਰ ਦਾਸੀ ਨੇ ਇਸ ਭੇਤ ਨੂੰ ਸਮਝ ਲਿਆ ਅਤੇ ਉਸ ਸਾਰੇ ਘਰ ਨੂੰ ਅੱਗ ਲਾ ਦਿੱਤੀ। ਰਾਣੀਆਂ ਨੇ ਰਾਜ ਕੁਮਾਰੀ ਨੂੰ ਸੜਿਆ ਹੋਇਆ ਮੰਨ ਲਿਆ ਅਤੇ ਰੋਂਦਿਆਂ ਹੋਇਆ ਰਾਜੇ ਕੋਲ ਗਈਆਂ।।੧੦।।

**ਰਾਨੀ ਕਹਾ ਨ੍ਰਿਪਹਿ ਜਰਿ ਮਰੀ।। ਤੁਮ ਤਾਕੀ ਕਛੁ ਸੁੱਧਿ ਨ ਕਰੀ।।**
**ਅਬ ਤਿਨਕੇ ਚਲਿ ਅਸਤਿ ਉਠਾਵੌਂ।। ਮਾਨੁਖ ਦੈ ਗੰਗਾ ਪਹੁਚਾਵੌਂ।। ੧੧।।**

ਰਾਣੀਆਂ ਨੇ ਕਿਹਾ ਕਿ ਉਹ ਤਾਂ ਘਰ ਦੇ ਵਿਚ ਹੀ ਸੜ ਗਈ ਹੈ ਅਤੇ ਤੁਹਾਨੂੰ ਪਤਾ ਤਕ ਨਹੀਂ ਲਗਿਆ, ਹੁਣ ਉਸਦੀਆਂ ਅਸਥੀਆਂ ਨੂੰ ਇਕੱਠਿਆਂ ਕਰੋ ਅਤੇ ਕਿਸੇ ਨੂੰ ਭੇਜ ਕੇ ਗੰਗਾ ਵਿਚ ਪਵਾਓ।।੧੧।।

**ਨ੍ਰਿਪ ਸੁਨਿ ਬਚਨ ਉਤਾਇਲ ਧਾਯੋ।। ਜਹ ਗ੍ਰਿਹਿ ਜਰਤ ਹੁਤੋ ਤਹ ਆਯੋ।।**
**ਹਹਾ ਕਰਤ ਰਾਨੀਯਹਿ ਨਿਕਾਰਹੁ।। ਜਰਤਿ ਅਗਨਿ ਤੇ ਯਾਹਿ ਉਬਾਰਹੁ।।੧੨।।**

ਰਾਜਾ ਇਹ ਸੁਣ ਕੇ ਝਟ ਚੱਲ ਪਿਆ ਅਤੇ ਉਥੇ ਪੁਜਿਆ ਜਿੱਥੇ ਘਰ ਸੜ ਰਿਹਾ ਸੀ। ਉਹ ਚੀਕਣ ਲੱਗਾ ਕਿ ਕੋਈ ਰਾਜ ਕੁਮਾਰੀ ਨੂੰ ਬਾਹਰ ਕੱਢੇ ਅਤੇ ਅੱਗ ਤੋਂ ਬਚਾਵੇ।।੧੨।।

**ਜਾਨੀ ਜਰੀ ਅਗਨਿ ਮਹਿ ਰਾਨੀ।। ਉਧਲਿ ਗਈ ਮਨ ਬਿਖੈ ਨ ਆਨੀ।।**
**ਅਧਿਕ ਸ਼ੋਕ ਮਨ ਮਾਹਿ ਬਢਾਯੋ।। ਪ੍ਰਜਾ ਸਹਿਤ ਕਛੁ ਭੇਦ ਨ ਪਾਯੋ।। ੧੩।।**

ਸਾਰਿਆਂ ਮੰਨ ਲਿਆ ਕਿ ਰਾਜ ਕੁਮਾਰੀ ਅੱਗ ਵਿਚ ਸੜ ਗਈ ਹੈ ਪਰ ਇਹ ਕਿਸੇ ਨ

ਸੋਚਿਆ ਕਿ ਉਹ ਭੱਜ ਗਈ ਹੈ। ਰਾਜੇ ਨੂੰ ਬਹੁਤ ਦੁਖ ਹੋਇਆ ਅਤੇ ਪਰਜਾ ਸਹਿਤ ਕੋਈ ਵੀ ਕੁਝ ਨ ਜਾਣ ਸਕਿਆ॥੧੩॥

**ਧਨਿ ਧਨਿ ਇਹ ਰਾਨੀ ਕੋ ਧਰਮਾ॥ ਜਿਨ ਅਸਿ ਕੀਨਾ ਦੁਹਕਰਿ ਕਰਮਾ॥**
**ਲੱਜਾ ਨਿਮਿਤ ਪ੍ਰਾਨ ਦੈ ਡਾਰਾ॥ ਜਰਿ ਕਰਿ ਮਰੀ ਨ ਰੌਰਨ ਪਾਰਾ॥੧੪॥੧॥**

ਸਾਰੇ ਕਹਿਣ ਲੱਗੇ ਕਿ ਧੰਨ ਧੰਨ ਇਸ ਰਾਣੀ ਦਾ ਧਰਮ ਹੈ ਜਿਸਨੇ ਐਸਾ ਦਲੇਰੀ ਵਾਲਾ ਕਾਰਜ ਕੀਤਾ ਹੈ। ਉਹ ਲਾਜ ਦੇ ਕਾਰਨ ਸੜ ਕੇ ਮਰ ਗਈ ਪਰ ਜ਼ਰਾ ਵੀ ਚੀਕੀ ਚਿਲਾਈ ਨਹੀਂ ॥੧੪॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਉਨਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੬੯॥੫੨੪੨॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਉਣੱਤਰਵੀਂ ਕਥਾ ਸਮਾਪਤ॥੨੬੯॥੫੨੪੨॥ਚਲਦਾ॥

## ਚਲਿੱਤਰ ਦੋ ਸੌ ਸੱਤਰਵਾਂ

## ਕਥਾ ਪੂਰਬ ਦੇਵੀ

**ਚੌਪਈ॥ ਮੋਰੰਗ ਦਿਸਿ ਇਕ ਰਹਤ ਨ੍ਰਿਪਾਲਾ॥ ਜਾਕੇ ਦਿਪਤ ਤੇਜ ਕੀ ਜ੍ਵਾਲਾ॥**
**ਪੂਰਬ ਦੇ ਤਿਹ ਨਾਰਿ ਭਣਿੱਜੈ॥ ਕੋ ਅਬਲਾ ਪਟਤਰ ਤਿਹ ਦਿੱਜੈ॥ ੧॥**

ਪਦ ਅਰਥ - ਦਿਸਿ=ਦੇਸ਼। ਤੇਜ ਕੀ ਜ੍ਵਾਲਾ=ਰੌਅਬ ਦੀ ਚਮਕ। ਭਣਿੱਜੈ=ਕਹੀ ਜਾਂਦੀ ਸੀ।

ਮੋਰੰਗ ਦੇਸ਼ ਵਿਚ ਇਕ ਰਾਜਾ ਰਹਿੰਦਾ ਸੀ ਜਿਸਦੇ ਤੇਜ ਦੀ ਜਵਾਲਾ ਅਪਰ ਅਪਾਰ ਸੀ। ਪੂਰਬ ਦੇਵੀ ਉਸ ਦੀ ਇਸਤਰੀ ਦਾ ਨਾਂ ਸੀ, ਜਿਸਦੀ ਸੁੰਦਰਤਾ ਦੀ ਤੁਲਨਾਂ ਹੋਰ ਕਿਸੇ ਇਸਤਰੀ ਨਾਲ ਨਹੀਂ ਕੀਤੀ ਜਾ ਸਕਦੀ ਸੀ॥੧॥

**ਪੂਰਬ ਸੈਨ ਨ੍ਰਿਪਤਿ ਕੋ ਨਾਮਾ॥ ਜਿਨ ਜੀਤੇ ਅਨਗਨ ਸੰਗ੍ਰਾਮਾ॥**
**ਜਾਕੇ ਚੜਤ ਅਮਿਤ ਦਲ ਸੰਗਾ॥ ਹੈ ਗੈ ਰਥ ਪੈਦਲ ਚਤੁਰੰਗਾ॥ ੨॥**

ਪਦ ਅਰਥ – ਅਨਗਨ=ਅਣਗਿਣਤ। ਸੰਗ੍ਰਾਮਾ=ਯੁੱਧ। ਅਮਿਤ=ਬਹੁਤ। ਹੈ=ਘੋੜੇ। ਗੈ=ਹਾਥੀ ਚਤੁਰੰਗਾ=ਸੈਨਾ।

ਰਾਜੇ ਦਾ ਨਾਂ ਪੂਰਬ ਸੈਨ ਸੀ ਜਿਸ ਅਨੇਕਾਂ ਜੰਗਾਂ ਜਿੱਤੀਆਂ ਸਨ। ਉਸ ਪਾਸ ਅਣਗਿਣਤ ਹਾਥੀ ਘੋੜੇ, ਰੱਥ ਅਤੇ ਪੈਦਲ ਸੈਨਾ ਸੀ॥੨॥

**ਤਹ ਇਕ ਆਯੋ ਸ਼ਾਹ ਅਪਾਰਾ॥ ਜਾਕੇ ਸੰਗ ਇਕ ਪੁਤ੍ਰ ਪਯਾਰਾ॥**

**ਜਾਕੋ ਰੂਪ ਕਹੈ ਨਹੀ ਆਵੈ।। ਊਖ ਲਿਖਤ ਲੇਖਨ ਹ੍ਵੈ ਜਾਵੈ।। ੩।।**

ਉਥੇ ਇੱਕ ਸ਼ਾਹ ਆਇਆ ਜਿਸ ਦੇ ਨਾਲ ਉਸ ਦਾ ਪਿਆਰਾ ਪੁੱਤਰ ਵੀ ਸੀ। ਉਸ ਦੀ ਰੂਪ ਸੁੰਦਰਤਾ ਬਾਰੇ ਕਿਹਾ ਨਹੀਂ ਸੀ ਜਾ ਸਕਦਾ। ਕਿਉਂਕਿ ਉਸ ਦਾ ਵਰਨਣ ਕਰਦਿਆਂ ਕਰਦਿਆਂ ਕਲਮ ਹੀ ਘਸ ਜਾਂਦੀ ਸੀ।।੩।।

**ਪੂਰਬ ਦੇ ਤਿਹ ਊਪਰ ਅਟਕੀ।। ਭੂਲਿ ਗਈ ਸਭ ਹੀ ਸੁਧਿ ਘਟਿਕੀ।।**
**ਲਰਜੋ ਕੁਅਰ ਸੋ ਨੇਹ ਅਪਾਰਾ।। ਜਿਹ ਬਿਨੁ ਰੁਚੈ ਨ ਭੋਜਨ ਬਾਰਾ।। ੪।।**

ਪੂਰਬ ਦੇਵੀ ਨੇ ਜਦ ਉਸ ਲੜਕੇ ਨੂੰ ਵੇਖਿਆ ਤਾਂ ਉਸ ਵਿਚ ਹੀ ਉਲਝ ਗਈ ਅਤੇ ਆਪਣੀ ਸੁੱਧ ਬੁੱਧ ਭੁਲ ਗਈ। ਉਸ ਦਾ ਉਸ ਕੁਮਾਰ ਨਾਲ ਪਿਆਰ ਹੋ ਗਿਆ ਅਤੇ ਉਸ ਨੂੰ ਵੇਖੇ ਬਗੈਰ ਉਸ ਨੂੰ ਰੋਟੀ ਪਾਣੀ ਵੀ ਨਹੀਂ ਲੰਘਦਾ ਸੀ।।੪।।

**ਏਕ ਦਿਵਸ ਤਿਹ ਬੋਲਿ ਪਠਾਯੋ।। ਕਾਮ ਕੇਲ ਰੁਚਿ ਮਾਨਿ ਕਮਾਯੋ।।**
**ਦੁਹੂੰਅਨ ਐਸੋ ਬਧਾ ਸਨੇਹਾ।। ਜਿਨਕੋ ਭਾਖਿ ਨ ਆਵਤ ਨੇਹਾ।। ੫।।**

ਇਕ ਦਿਨ ਰਾਣੀ ਨੇ ਉਸ ਨੂੰ ਬੁਲਾਇਆ ਅਤੇ ਉਸ ਨਾਲ ਮਰਜ਼ੀ ਅਨੁਸਾਰ ਕਾਮ ਕ੍ਰੀੜਾ ਕੀਤੀ। ਦੋਵਾਂ ਵਿਚ ਏਨਾ ਪ੍ਰੇਮ ਹੋ ਗਿਆ ਕਿ ਕੁਝ ਕਿਹਾ ਨਹੀਂ ਜਾ ਸਕਦਾ।।੫।।

**ਸ਼ਾਹੁ ਪੁਤ੍ਰ ਤਬ ਸ਼ਾਹੁ ਬਿਸਾਰਜੋ।। ਤਾਕੇ ਸਦਾ ਰਹਿਤ ਜਿਯ ਧਾਰਜੋ।।**
**ਪਿਤਾ ਸੰਗ ਕਛੁ ਕਲਹ ਬਢਾਯੋ।। ਚੜਿ ਘੋਰਾ ਪਰਦੇਸ ਸਿਧਾਯੋ।। ੬।।**

ਸ਼ਾਹ ਦੇ ਪੁੱਤਰ ਨੇ ਸ਼ਾਹ ਨੂੰ ਭੁਲਾ ਦਿੱਤਾ ਅਤੇ ਉਹ ਕੇਵਲ ਉਸ ਇਸਤਰੀ ਦਾ ਹੀ ਸਿਮਰਨ ਕਰਿਆ ਕਰਦਾ ਸੀ। ਪਿਤਾ ਦੇ ਨਾਲ ਉਸ ਦਾ ਝਗੜਾ ਹੋ ਗਿਆ ਅਤੇ ਉਹ ਘੋੜੇ ਤੇ ਚੜ੍ਹ ਕੇ ਪਰਦੇਸ਼ ਚਲਾ ਗਿਆ।।੬।।

**ਅੜਿੱਲ।। ਤ੍ਰਿਯ ਨਿਮਿੱਤ ਨਿਜੁ ਪਿਤੁ ਸੌ ਕਲਹ ਬਢਾਇਕੈ।।**
**ਚੜਿ ਬਾਜੀ ਪਰ ਚਲਾ ਦੇਸ ਕਹ ਧਾਇਕੈ।।**
**ਪਿਤੁ ਜਾਨਜੋ ਸੁਤ ਮੋਰੋ ਦੇਸ ਅਪਨੇ ਗਯੋ।।**
**ਹੌਂ ਅਰਧ ਰਾਤ੍ਰਿ ਗੇ ਗ੍ਰਿਹਿ ਰਾਨੀ ਆਵਤ ਭਯੋ।। ੭।।**

ਪਦ ਅਰਥ - ਕਲਹ=ਕਲੇਸ਼, ਝਗੜਾ। ਬਢਾਇਕੈ=ਵਧਾ ਕੇ। ਬਾਜੀ=ਘੋੜਾ। ਅਰਧ=ਅੱਧੀ। ਗ੍ਰਿਹਿ ਰਾਨੀ=ਰਾਣੀ ਦੇ ਘਰ।

ਉਸ ਇਸਤਰੀ ਦੀ ਖਾਤਰ ਉਹ ਆਪਣੇ ਪਿਤਾ ਨਾਲ ਝਗੜ ਕੇ ਘੋੜੇ ਤੇ ਚੜ੍ਹਕੇ ਦੂਸਰੇ

Namdhari Elibrary NamdhariElibrary@gmail.com

ਦੇਸ਼ ਵਲ ਚਲ ਪਿਆ। ਪਿਤਾ ਨੇ ਸਮਝਿਆ ਕਿ ਪੁੱਤਰ ਅਪਣੇ ਦੇਸ਼ ਨੂੰ ਹੀ ਗਿਆ ਹੈ ਪਰ ਉਹ ਅੱਧੀ ਰਾਤ ਨੂੰ ਵਾਪਿਸ ਰਾਣੀ ਦੇ ਮਹਲ ਵਿਚ ਆ ਗਿਆ।।੭।।

**ਚੌਪਈ।। ਤਹ ਤੇ ਸ਼ਾਹੁ ਜਬੈ ਉਠਿ ਗਯੋ।। ਤਬ ਰਾਨੀ ਅਸ ਚਰਿਤ ਬਨਯੋ।।**
**ਤਾਹਿ ਨਿਪੁੰਸਕ ਕਰਿ ਠਹਰਾਯੋ।। ਰਾਜਾ ਸੌ ਇਸ ਭਾਂਤਿ ਜਤਾਯੋ।। ੮।।**

ਉਥੋਂ ਉੱਠ ਕੇ ਜਦ ਰਾਜਾ ਚਲਾ ਗਿਆ ਤਾਂ ਰਾਣੀ ਨੇ ਇਹ ਚਲਿੱਤਰ ਬਣਾਇਆ। ਉਸ ਲੜਕੇ ਨੂੰ ਖੁਸਰਾ ਦੱਸ ਦਿੱਤਾ ਅਤੇ ਰਾਜੇ ਨੂੰ ਕਿਹਾ।।੮।।

**ਮੈਂ ਇਕ ਮੋਲ ਨਿਪੁੰਸਕ ਆਨਾ।। ਜਾਕੋ ਰੂਪ ਨਾ ਜਾਤ ਬਖਾਨਾ।।**
**ਤਾਤੇ ਅਪਨੇ ਕਾਜ ਕਰੈਹੌਂ।। ਮਨ ਭਾਵਤ ਕੇ ਭੋਗ ਕਮੈਹੌਂ।। ੯।।**

ਮੈਂ ਇਕ ਖੁਸਰਾ ਮੁਲ ਲਿਆ ਹੈ, ਜਿਸ ਦੇ ਰੂਪ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਸ ਪਾਸੋਂ ਆਪਣਾ ਕੰਮ ਕਰਾਵਾਂਗੀ ਅਤੇ ਸੁਖ ਸ਼ਾਂਤੀ ਨਾਲ ਰਹਾਂਗੀ।।੯।।

**ਦੋਹਰਾ।। ਭਲੀ ਭਲੀ ਰਾਜਾ ਕਹੀ ਭੇਦ ਨ ਸਕਾ ਬਿਚਾਰ।।**
**ਪੁਰਖ ਨਿਪੁੰਸਕ ਭਾਖਿ ਤ੍ਰਿਯ ਰਾਖਾ ਧਾਮ ਸੁਧਾਰਿ।। ੧੦।।**

ਰਾਜੇ ਨੇ ਕਿਹਾ ਬਿਲਕੁਲ ਠੀਕ ਹੈ ਪਰ ਅਸਲ ਭੇਤ ਨੂੰ ਨ ਜਾਣ ਸਕਿਆ। ਮਰਦ ਨੂੰ ਖੁਸਰਾ ਦੱਸ ਕੇ ਘਰ ਵਿਚ ਹੀ ਰੱਖ ਲਿਆ।।੧੦।।

**ਰਮਜੋ ਕਰਤ ਰਾਨੀ ਭਏ ਤਵਨ ਪੁਰਖ ਦਿਨ ਰੈਨਿ।।**
**ਨ੍ਰਿਪਤਿ ਨਿਪੁੰਸਕ ਤਿਹ ਲਖੈ ਕਛੂ ਨ ਭਾਖੈ ਬੈਨ।। ੧੧।। ੧।।**

ਪਦ ਅਰਥ - ਰਮਜੋ ਕਰਤ=ਰਮਣ ਕਰਦਾ ਸੀ। ਦਿਨ ਰੈਨਿ=ਦਿਨ ਰਾਤ। ਨ੍ਰਿਪਤਿ=ਰਾਜਾ। ਨਿਪੁੰਸਕ=ਖੁਸਰਾ। ਭਾਖੈ ਬੈਨ=ਕੁਝ ਵੀ ਨਹੀਂ ਬੋਲਦਾ ਸੀ।

ਰਾਣੀ ਹੁਣ ਦਿਨ ਰਾਤ ਉਸ ਨਾਲ ਰਮਣ ਕਰਦੀ ਸੀ। ਰਾਜਾ ਉਸ ਨੂੰ ਖੁਸਰਾ ਸਮਝਦਾ ਸੀ ਅਤੇ ਮੂੰਹ ਤੋਂ ਕੁਝ ਨਹੀਂ ਕਹਿੰਦਾ ਸੀ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੦।।੫੨੫੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਸਤੱਰਵੀਂ ਕਥਾ ਸਮਾਪਤ।।੨੭੦।।੫੨੫੩।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਦੋ ਸੌ ਇਕਹੱਤਰਵਾਂ

## ਕਥਾ ਬਿਲਾਸ ਦੇਵੀ

**ਚੌਪਈ।। ਤੇਲੰਗਾ ਜਹ ਦੇਸ ਅਪਾਰਾ।। ਸਮਰ ਸੈਨ ਤਹ ਕੋ ਸਰਦਾਰਾ।।**
**ਤਾਹਿ ਬਿਲਾਸ ਦੇਇ ਘਰ ਰਾਨੀ।। ਜਾਕੀ ਜਾਤ ਨ ਪ੍ਰਭਾ ਬਖਾਨੀ।। ੧।।**

ਪਦ ਅਰਥ - ਅਪਾਰਾ=ਬਹੁਤ ਵੱਡਾ। ਸਰਦਾਰਾ=ਰਾਜਾ। ਪ੍ਰਭਾ ਬਖਾਨੀ=ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਸੀ।

ਸਮਰਸੈਨ ਨਾਮੀਂ ਤੇਲੰਗਾ ਦੇਸ਼ ਦਾ ਰਾਜਾ ਸੀ। ਉਸ ਦੀ ਇਸਤਰੀ ਦਾ ਨਾਂ ਬਿਲਾਸ ਦੇਵੀ ਸੀ ਜਿਸਦੀ ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ।।੧।।

**ਤਿਹ ਇਕ ਛੈਲ ਪੁਰੀ ਸੰਨਜਾਸੀ।। ਤਿਹ ਪੁਰ ਮੱਦ੍ਰ ਦੇਸ ਕੌ ਬਾਸੀ।।**
**ਰਾਨੀ ਨਿਰਖਿ ਲਗਨਿ ਤਿਹ ਲਾਗੀ।। ਜਾਤੇ ਨੀਂਦ ਭੂਖ ਸਭ ਭਾਗੀ।। ੨।।**

ਉੱਥੇ ਇੱਕ ਪੁਰੀ ਸੰਪਰਦਾਇ ਦਾ ਇਕ ਨੌਜਵਾਨ ਸੰਨਿਆਸੀ ਸੀ ਜਿਹੜਾ ਕਿ ਮਦਰ ਦੇਸ਼ ਦਾ ਰਹਿਣ ਵਾਲਾ ਸੀ। ਉਸ ਨੂੰ ਵੇਖਕੇ ਰਾਣੀ ਦੀ ਲਗਨ ਉਸ ਨਾਲ ਲੱਗ ਗਈ ਅਤੇ ਉਸ ਦੀ ਭੁਖ ਪਿਆਸ ਮਾਰੀ ਗਈ।।੨।।

**ਰਾਨੀ ਕੀ ਤਾਹੂ ਸੌ ਲਾਗੀ।। ਛੂਟੈ ਕਹਾ ਅਨੋਖੀ ਜਾਗੀ।।**
**ਇਕ ਦਿਨ ਤਿਹ ਸੌ ਭੋਗ ਕਮਾਯੋ।। ਭੋਗ ਕਿਯਾ ਤਿਮ ਦ੍ਰਿੜ ਤ੍ਰਿਯ ਭਾਯੋ।। ੩।।**

ਰਾਣੀ ਨੂੰ ਹੁਣ ਜਿਹੜੀ ਉਸ ਨਾਲ ਲਗਨ ਲੱਗੀ ਸੀ ਉਹ ਭਲਾ ਹੁਣ ਕਿਵੇਂ ਹੱਟ ਸਕਦੀ ਸੀ। ਇੱਕ ਦਿਨ ਰਾਣੀ ਨੇ ਉਸ ਨਾਲ ਭੋਗ ਕੀਤਾ ਅਤੇ ਬਾਅਦ ਵਿਚ ਉਹ ਉਸ ਨੂੰ ਹੋਰ ਵੀ ਚੰਗਾ ਲੱਗਣ ਲੱਗ ਗਿਆ।।੩।।

**ਬਹੁ ਦਿਨ ਭੋਗ ਤਵਨ ਸੰਗਿ ਕਿਯਾ।। ਐਸੁਪਦੇਸ਼ ਤਵਨ ਕਹ ਦਿਯਾ।।**
**ਜੌ ਮੈਂ ਕਹੌ ਮ੍ਰਿਤ ਸੋ ਕੀਜਹੁ।। ਮੇਰੋ ਕਹਿਯੋ ਮਾਨਿ ਕਰਿ ਲੀਜਹੁ।। ੪।।**

ਪਦ ਅਰਥ - ਐਸੁਪਦੇਸ਼=ਇਸ ਤਰ੍ਹਾਂ ਉਪਦੇਸ਼ ਦਿੱਤਾ। ਮੇਰੋ ਕਹਿਯੋ=ਮੇਰਾ ਕਿਹਾ।

ਉਸ ਸੰਨਿਆਸੀ ਨਾਲ ਬਹੁਤ ਦਿਨ ਭੋਗ ਬਿਲਾਸ ਕੀਤਾ ਅਤੇ ਫਿਰ ਇੱਕ ਦਿਨ ਸੰਨਿਆਸੀ ਨੂੰ ਇਹ ਸਮਝਾਇਆ ਕਿ ਜਿਸ ਤਰ੍ਹਾਂ ਮੈਂ ਕਹਾਂ ਉਸ ਤਰ੍ਹਾਂ ਕਰੋ ਅਤੇ ਮੇਰਾ ਕਿਹਾ ਮੰਨ ਲਵੋ।।੪।।

**ਕਹੂੰ ਜੁ ਮ੍ਰਿਤਕ ਪਰਜੋ ਲਖਿ ਪੈਯੌ।। ਤਾਕੋ ਕਾਟਿ ਲਿੰਗ ਲੈ ਐਯੌ।।**

**ਤਾਹਿ ਕੁਪੀਨ ਬਿਖੈ ਦ੍ਰਿੜ ਰਖਿਯਹੁ॥ ਭੇਦ ਦੂਸਰੇ ਨਰਹਿ ਨ ਭਖਿਯਹੁ॥ ੫॥**

ਪਦ ਅਰਥ - ਮ੍ਰਿਤਕ=ਲਖਿ ਪੈਯੌ=ਕਿਤੇ ਜੇ ਮੁਰਦਾ ਵੇਖ ਲਵੇਂ। ਕੁਪੀਨ=ਲੰਗੋਟੀ। ਭਖਿਯਹੁ=ਦੱਸਣਾ।

"ਜਦ ਵੀ ਤੁਹਾਨੂੰ ਕਿਤੇ ਕੋਈ ਮੁਰਦਾ ਮਿਲ ਜਾਵੇ ਤਾਂ ਉਸ ਦਾ ਲਿੰਗ ਕੱਟ ਕੇ ਲੈ ਆਵੇਂ। ਉਸ ਨੂੰ ਆਪਣੀ ਲੰਗੋਟੀ ਵਿਚ ਰੱਖ ਲੈਣਾ ਅਤੇ ਇਹ ਭੇਤ ਕਿਸੇ ਨੂੰ ਵੀ ਨ ਦਸਣਾ"॥੫॥

**ਅੜਿਲ॥ ਜਬ ਮੈਂ ਦੈਹੋ ਤੁਮੈਂ ਉਰਾਂਭੇ ਲਾਇ ਕੈ॥**
**ਤਬ ਤੁਮ ਹਮ ਪਰ ਉਠਿਯਹੁ ਅਧਿਕ ਰਿਸਾਇਕੈ॥**
**ਕਾਢਿ ਕੁਪੀਨ ਤੇ ਹਮ ਪਰ ਲਿੰਗ ਚਲਾਇਯੋ॥**
**ਹੋ ਊਚ ਨੀਚ ਰਾਜਾ ਕਹ ਚਰਿਤ ਦਿਖਾਇਯੋ॥ ੬॥**

ਪਦ ਅਰਥ - ਉਰਾਂਭੇ=ਉਲਾਮਾ, ਵਿਰੋਧਤਾ।

ਜਦੋਂ ਮੈਂ ਤੈਨੂੰ ਆਕੇ ਬੁਰਾ ਭਲਾ ਕਹਾਂ ਤਦ ਤੂੰ ਮੈਨੂੰ ਗੁੱਸੇ ਵਿਚ ਪੈਣਾ ਅਤੇ ਲਿੰਗ ਨੂੰ ਆਪਣੀ ਲੰਗੋਟੀ ਵਿਚੋਂ ਕੱਢ ਕੇ ਮੈਨੂੰ ਮਾਰਨਾ ਅਤੇ ਇਸ ਤਰ੍ਹਾਂ ਵੱਧ ਘੱਟ ਗੱਲਾਂ ਕਰਕੇ ਰਾਜੇ ਨੂੰ ਇਹ ਚਲਿੱਤਰ ਵਖਾਉਣਾ॥੬॥

**ਚੌਪਈ॥ ਸੋਈ ਕਾਮ ਮਿੱਤ੍ਰ ਤਿਹ ਕੀਨਾ॥ ਜਿਹ ਬਿਧਿ ਸੌ ਤਵਨੈ ਸਿਖ ਦੀਨਾ॥**
**ਰਾਨੀ ਪ੍ਰਾਤ ਪਤਿਹਿ ਦਿਖਰਾਈ॥ ਸੰਨਜਾਸੀ ਪਹਿ ਸਖੀ ਪਠਾਈ॥ ੭॥**

ਜਿਵੇਂ ਉਸ ਰਾਣੀ ਨੇ ਸਿਖਾਇਆ ਉਸ ਦੇ ਮਿੱਤਰ ਨੇ ਉਸ ਤਰ੍ਹਾਂ ਹੀ ਕੀਤਾ। ਰਾਣੀ ਨੇ ਸਵੇਰੇ ਉਸ ਸੰਨਿਆਸੀ ਨੂੰ ਆਪਣੇ ਪਤੀ ਨੂੰ ਵਿਖਾਇਆ ਅਤੇ ਨਾਲ ਦੇ ਨਾਲ ਇਕ ਸਖੀ ਨੂੰ ਸੰਨਿਆਸੀ ਪਾਸ ਭੇਜ ਦਿੱਤਾ॥੭॥

**ਸੰਨਜਾਸੀ ਜੁਤ ਸਖੀ ਗਹਾਈ॥ ਰਾਜਾ ਦੇਖਤ ਨਿਕਟ ਬੁਲਾਈ॥**
**ਛੈਲ ਗਿਰਹਿ ਬਹੁ ਭਾਂਤਿ ਦੁਖਾਯੋ॥ ਤੈ ਚੇਰੀ ਸੰਗ ਭੋਗ ਕਮਾਯੋ॥ ੮॥**

ਸੰਨਿਆਸੀ ਨੂੰ ਸਖੀ ਦੇ ਨਾਲ ਵੇਖਕੇ ਰਾਜੇ ਨੇ ਉਸ ਨੂੰ ਬੁਲਾਇਆ। ਉਸ ਨੌਜਵਾਨ ਨੂੰ ਇਹ ਕਹਿ ਕੇ ਬਹੁਤ ਦੁਖੀ ਕੀਤਾ ਕਿ ਤੂੰ ਇਸ ਦਾਸੀ ਨਾਲ ਭੋਗ ਕੀਤਾ ਹੈ॥੮॥

**ਯੌਂ ਸੁਨਿ ਬਚਨ ਤੇਜ ਮਨ ਤਯੋ॥ ਕਰ ਮਹਿ ਕਾਢਿ ਛੁਰਾ ਕਹ ਲਯੋ॥**
**ਕਟਜੋ ਲਿੰਗ ਬਸਤ੍ਰ ਤੇ ਨਿਕਾਰਾ॥ ਰਾਜ ਤਰੁਨਿ ਕੇਂ ਮੁਖ ਪਰ ਮਰਾ॥ ੯॥**

ਪਦ ਅਰਥ - ਤੇਜ ਮਨ ਤਯੋ=ਮਨ ਵਿਚ ਬਹੁਤ ਗੁੱਸੇ ਵਿਚ ਆਇਆ। ਕਰ=ਹੱਥ। ਬਸਤ੍ਰ=ਲੰਗੋਟੀ।

ਇਹ ਗੱਲ ਸੁਣਕੇ ਉਹ ਬਹੁਤ ਗੁੱਸੇ ਵਿਚ ਆ ਗਿਆ ਅਤੇ ਉਸ ਛੁਰਾ ਕੱਢ ਲਿਆ। ਉਸ ਨੇ ਕੱਟਿਆ ਹੋਇਆ ਲਿੰਗ ਲੰਗੋਟੀ ਵਿਚੋਂ ਕੱਢਿਆ ਅਤੇ ਰਾਣੀ ਦੇ ਮੂੰਹ ਤੇ ਮਾਰ ਦਿੱਤਾ॥੯॥

**ਹਾਇ ਹਾਇ ਰਾਨੀ ਕਹਿ ਭਾਗੀ॥ ਤਾਕੇ ਉਠਿ ਚਰਨਨ ਸੰਗ ਲਾਗੀ॥**
**ਹਮਿ ਰਿਖਿ ਤੁਮਰੋ ਚਰਿਤ ਨ ਜਾਨਾ॥ ਬਿਨੁ ਸਮੁਝੇ ਤੁਹਿ ਝੂਠ ਬਖਾਨਾ॥੧੦॥**

ਰਾਣੀ ਹਾਏ ਹਾਏ ਕਰਦੀ ਭੱਜੀ ਅਤੇ ਉਸ ਸੰਨਿਆਸੀ ਦੇ ਚਰਨਾਂ ਤੇ ਢਹਿ ਪਈ। ਉਹ ਕਹਿਣ ਲੱਗੀ ਹੇ ਰਿਸ਼ੀ ਮੈਂ ਤੁਹਾਡੇ ਆਚਰਣ ਨੂੰ ਨਹੀਂ ਸਮਝਿਆ ਸੀ ਅਤੇ ਬਿਨਾਂ ਸੋਚੇ ਹੀ ਝੂਠ ਕਹਿ ਦਿੱਤਾ॥੧੦॥

**ਤਬ ਰਾਜੈ ਇਹ ਭਾਂਤਿ ਬਿਚਾਰੀ॥ ਇੰਦ੍ਰੀ ਕਾਟਿ ਸੰਨਜਾਸੀ ਡਾਰੀ॥**
**ਧ੍ਰਿਗ ਧ੍ਰਿਗ ਕੁਪਿ ਰਾਨਿਯਹਿ ਉਚਾਰਾ॥ ਤੈਂ ਤ੍ਰਿਯ ਕਿਯਾ ਦੋਖ ਯਹ ਭਾਰਾ॥੧੧॥**

ਪਦ ਅਰਥ - ਧ੍ਰਿਗ ਧ੍ਰਿਗ=ਫਿਟਕਾਰ। ਦੋਖ=ਅਨਰਥ, ਬੁਰਾ ਕੰਮ।

ਤਦ ਰਾਜੇ ਨੇ ਸੋਚਿਆ ਕਿ ਸੰਨਿਆਸੀ ਨੇ ਤਾਂ ਆਪਣੀ ਇੰਦਰੀ ਵੱਢ ਦਿੱਤੀ ਹੈ। ਉਸ ਰਾਣੀ ਨੂੰ ਫਿਟਕਾਰਿਆ ਅਤੇ ਕਿਹਾ ਕਿ ਤੂੰ ਇਹ ਮਹਾਨ ਅਨਰਥ ਕਰ ਦਿੱਤਾ ਹੈ॥੧੧॥

**ਅਬ ਇਹ ਰਾਖੁ ਆਪਨੇ ਧਾਮਾ॥ ਸੇਵਾ ਕਰਹੁ ਸਕਲ ਮਿਲਿ ਬਾਮਾ॥**
**ਜਬ ਲਗਿ ਜਿਯੈ ਜਾਨ ਨਹਿ ਦੀਜੈ॥ ਸਦਾ ਜਤੀ ਕੀ ਪੂਜਾ ਕੀਜੈ॥੧੨॥**

ਹੁਣ ਇਸ ਜਤੀ ਨੂੰ ਆਪਣੇ ਘਰ ਵਿਚ ਰੱਖੋ ਅਤੇ ਬਾਕੀ ਇਸਤਰੀਆਂ ਨਾਲ ਮਿਲਕੇ ਇਸ ਦੀ ਸੇਵਾ ਕਰੋ, ਜਦ ਤਕ ਇਹ ਜੀਉਂਦਾ ਰਹੇ ਇਸ ਦੀ ਦੇਖ ਭਾਲ ਕਰੋ ਅਤੇ ਸਦਾ ਇਸ ਦੀ ਪੂਜਾ ਕਰੋ॥੧੨॥

**ਰਾਨੀ ਬਚਨ ਨ੍ਰਿਪਤਿ ਕੋ ਮਾਨਾ॥ ਬਹੁ ਬਿਧਿ ਸਾਥ ਤਾਹਿ ਗ੍ਰਿਹਿ ਆਨਾ॥**
**ਭੋਗ ਕਰੈ ਬਹੁ ਹਰਖ ਬਢਾਈ॥ ਮੂਰਖ ਬਾਤ ਨ ਰਾਜੈ ਪਾਈ॥੧੩॥**

ਪਦ ਅਰਥ - ਹਰਖ ਬਢਾਈ=ਬਹੁਤ ਖੁਸ਼ ਹੋਕੇ।

ਰਾਣੀ ਰਾਜੇ ਦੇ ਬਚਨ ਸੁਣਕੇ ਉਸ ਨੂੰ ਆਪਣੇ ਘਰ ਲੈ ਆਈ ਅਤੇ ਉਹ ਖੁਸ਼ੀ ਖੁਸ਼ੀ ਉਸ ਨਾਲ ਰਮਣ ਕਰਣ ਲੱਗੀ, ਪਰ ਮੂਰਖ ਰਾਜਾ ਇਸ ਬਾਰੇ ਕੁਝ ਨ ਸਮਝ ਸਕਿਆ॥੧੩॥

**ਦੋਹਰਾ॥ ਇਹ ਬਿਧਿ ਚਰਿਤ ਬਨਾਇਕੈ ਤਾਹਿ ਭਜਾ ਰੁਚਿ ਮਾਨ॥**
**ਜੀਵਤ ਲਗਿ ਰਾਖਾ ਸਦਨ ਸਕਾ ਨ ਨ੍ਰਿਪਤਿ ਪਛਾਨ॥੧੪॥੧॥**

ਪਦ ਅਰਥ - ਚਰਿਤ ਬਨਾਇਕੈ=ਚਲਿੱਤਰ ਖੇਡਕੇ। ਰੁਚਿਮਾਨ=ਰੁਚੀ ਅਨੁਸਾਰ। ਜੀਵਤ

Namdhari Elibrary NamdhariElibrary@gmail.com

ਲਗਿ=ਜਦ ਤਕ ਜੀਉਂਦਾ ਰਿਹਾ।

ਇਸ ਪ੍ਰਕਾਰ ਚਲਿੱਤਰ ਕਰਕੇ ਉਸ ਨਾਲ ਆਪਣੀ ਰੁਚੀ ਅਨੁਸਾਰ ਰਮਣ ਕੀਤਾ। ਉਸ ਨੂੰ ਜੀਉਂਦੇ ਜੀਅ ਆਪਣੇ ਘਰ ਵਿਚ ਰਖਿਆ ਅਤੇ ਰਾਜਾ ਕੁਝ ਵੀ ਪਛਾਣ ਨ ਸਕਿਆ।।੪।।੧।।

ਇਤਿ ਸ੍ਰੀ ਚਰਿਤ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੧।।੫੨੬੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਇਕੱਤਰਵੀਂ ਕਥਾ ਸਮਾਪਤ।।੨੭੧।।੫੨੬੭।।ਚਲਦਾ।।

# ਚਲਿੱਤਰ ਦੋ ਸੌ ਬਹੱਤਰਵਾਂ

## ਕਥਾ ਸੁਗੰਧ ਮਤੀ

**ਚੌਪਈ।। ਏਕ ਸੁਗੰਧ ਸੈਨ ਨ੍ਰਿਪ ਨਾਮਾ।। ਗੰਧਾਗਿਰ ਪਰਬਤ ਜਿਹ ਧਾਮਾ।।**
**ਸੁਗੰਧ ਮਤੀ ਤਾਕੀ ਚੰਚਲਾ।। ਹੀਨ ਕਰੀ ਸਸਿ ਕੀ ਜਿਨ ਕਲਾ।। ੧।।**

ਪਦ ਅਰਥ - ਚੰਚਲਾ=ਇਸਤਰੀ। ਹੀਨ=ਹੀਣੀ, ਨੀਵੀਂ ਘਟੀਆ।

ਸੁਗੰਧ ਸੈਨ ਨਾਮੀਂ ਇਕ ਰਾਜਾ ਸੀ ਜਿਹੜਾ ਗੰਧਾਗਿਰ ਪਰਬਤ ਤੇ ਰਹਿੰਦਾ ਸੀ। ਉਸ ਦੀ ਰਾਣੀ ਦਾ ਨਾਂ ਸੁਗੰਧ ਮਤੀ ਸੀ ਜਿਸਦੀ ਸੁੰਦਰਤਾ ਦੇ ਸਾਹਮਣੇ ਚੰਦਰਮਾਂ ਦੀਆਂ ਰਿਸ਼ਮਾਂ ਵੀ ਘਟੀਆ ਸਨ।।੧।।

**ਬੀਰ ਕਰਨ ਇਕ ਸ਼ਾਹੁ ਬਿਖਜਾਤਾ।। ਜਿਹ ਸਮ ਦੁਤਿਯ ਨ ਰਚਾ ਬਿਧਾਤਾ।।**
**ਧਨ ਕਰਿ ਸਕਲ ਭਰੇ ਜਿਹ ਧਾਮਾ।। ਰੀਝਿ ਰਹਤ ਦੁਤਿ ਲਖਿ ਸਭ ਬਾਮਾ।। ੨।।**

ਪਦ ਅਰਥ – ਬਿਖਜਾਤਾ=ਮਸ਼ਹੂਰ। ਸ਼ਾਹੁ=ਸ਼ਾਹੂਕਾਰ। ਬਾਮਾ=ਇਸਤਰੀਆਂ। ਰੀਝਿ=ਮੋਹਤ।

ਬੀਰ ਕਰਣ ਇੱਕ ਮਸ਼ਹੂਰ ਸ਼ਾਹ ਸੀ ਜਿਸਨੂੰ ਪ੍ਰਭੂ ਨੇ ਅਦੁੱਤੀ ਸੁੰਦਰਤਾ ਬਖਸ਼ੀ ਸੀ। ਉਸ ਦਾ ਘਰ ਧਨ ਨਾਲ ਭਰਿਆ ਸੀ ਅਤੇ ਸਭ ਇਸਤਰੀਆਂ ਉਸ ਨੂੰ ਵੇਖ ਕੇ ਮੋਹਿਤ ਹੋ ਕੇ ਰਹਿ ਜਾਂਦੀਆਂ ਸਨ।।੨।।

**ਸੌਦਾ ਨਮਿਤਿ ਤਹਾਂ ਵਹ ਆਯੋ।। ਜਾਕਹ ਨਿਰਖਿ ਰੂਪ ਸਿਰ ਨਜਾਯੋ।।**
**ਜਾ ਸਮ ਸੁੰਦਰ ਸੁਨਾ ਨ ਸੂਰਾ।। ਦੇਗ ਤੇਗ ਸਾਚੋ ਭਰਪੂਰਾ।। ੩।।**

ਉਹ ਵਿਉਪਾਰ ਦੇ ਸਬੰਧ ਵਿਚ ਏਥੇ ਸੌਦਾ ਖਰੀਦਣ ਵਾਸਤੇ ਆਇਆ ਸੀ। ਉਸ ਨੂੰ ਵੇਖ ਕੇ ਰਾਣੀ ਨੇ ਸਿਰ ਝੁਕਾ ਲਿਆ, ਉਸ ਵਰਗਾ ਸੂਰਬੀਰ ਯੋਧਾ ਕੋਈ ਸੁਣਨ ਵਿਚ ਨਹੀਂ ਆਉਂਦਾ ਸੀ। ਉਹ ਦੇਗ ਤੇ ਤੇਗ ਦੋਹਾਂ ਦਾ ਧਨੀ ਸੀ ਉਹ ਵੱਡਾ ਦਾਨੀ ਵੀ ਸੀ ਅਤੇ ਰਣ ਖੇਤਰ ਵਿਚ

ਇੱਕ ਵੱਡਾ ਸੂਰਬੀਰ ਯੋਧਾ ਵੀ ਸੀ।।੩।।

**ਦੋਹਰਾ।। ਰਾਨੀ ਤਾਕੋ ਰੂਪ ਲਖਿ ਮਨ ਮਹਿ ਰਹੀ ਲੁਭਾਇ।।**
**ਮਿਲਿਬੇ ਕੇ ਜਤਨਨ ਕਰੈ ਮਿਲਜੋ ਨ ਤਾਸੋ ਜਾਇ।। ੪।।**

ਪਦ ਅਰਥ - ਰੂਪ ਲੱਖ=ਸੁੰਦਰ ਸਰੂਪ ਵੇਖ ਕੇ। ਲੁਭਾਇ=ਲਲਚਾ ਗਈ।

ਰਾਣੀ ਉਸ ਦਾ ਰੂਪ ਵੇਖ ਕੇ ਮੋਹਿਤ ਹੋ ਗਈ। ਉਸ ਨਾਲ ਮਿਲਣ ਦੇ ਬਹੁਤ ਯਤਨ ਕਰ ਰਹੀ ਸੀ ਪਰ ਮੇਲ ਹੀ ਨਹੀਂ ਹੋ ਰਿਹਾ ਸੀ।।੪।।

**ਚੌਪਈ।। ਰਾਨੀ ਬਹੁ ਉਪਚਾਰ ਬਨਾਏ।। ਬਹੁਤ ਮਨੁਖ ਤਿਹ ਠੌਰ ਪਠਾਏ।।**
**ਬਹੁ ਕਰਿ ਜਤਨ ਏਕ ਦਿਨ ਆਨਾ।। ਕਾਮ ਭੋਗ ਤਿਹ ਸੰਗ ਕਮਾਨਾ।। ੫।।**

ਪਦ ਅਰਥ - ਉਪਚਾਰ=ਉਪਾਅ। ਤਿਹ ਠੌਰ=ਉਸ ਵੱਲ।

ਰਾਣੀ ਨੇ ਬਹੁਤ ਉਪਾਅ ਕੀਤੇ ਅਤੇ ਬਹੁਤ ਸਾਰੇ ਮਨੁੱਖ ਉਸ ਪਾਸ ਭੇਜੇ। ਬੜੇ ਯਤਨਾਂ ਬਾਅਦ ਇੱਕ ਦਿਨ ਉਸ ਨੂੰ ਲਿਆਂਦਾ ਗਿਆ ਅਤੇ ਉਸ ਰਾਣੀ ਦੇ ਨਾਲ ਕਾਮ ਕ੍ਰੀੜਾ ਕੀਤੀ।।੫।।

**ਬਹੁਤ ਦਰਬ ਤਾਕਹ ਤਿਨ ਦੀਨਾ।। ਤਾਕੇ ਮੋਹਿ ਚਿੱਤ ਕਹ ਲੀਨਾ।।**
**ਇਹ ਬਿਧਿ ਸੈ ਤਿਹ ਭੇਵ ਦ੍ਰਿੜਾਯੋ।। ਬ੍ਰਾਹਮਨ ਕੋ ਤਿਹ ਭੇਸ ਧਰਾਯੋ।। ੬।।**

ਉਸ ਨੂੰ ਬਹੁਤ ਸਾਰਾ ਧਨ ਦਿੱਤਾ ਗਿਆ ਅਤੇ ਉਸ ਦੇ ਦਿਲ ਨੂੰ ਮੋਹਿਤ ਕਰ ਲਿਆ। ਉਸ ਨੂੰ ਰਾਣੀ ਨੇ ਭੇਤ ਸਮਝਾਇਆ ਅਤੇ ਉਸ ਨੂੰ ਬ੍ਰਾਹਮਣ ਦਾ ਭੇਸ ਧਾਰਣ ਕਰਵਾਇਆ।।੬।।

**ਆਪ ਨ੍ਰਿਪਤਿ ਸੰਗ ਕੀਯਾ ਗਿਆਨਾ।। ਕਿਯ ਉਪਦੇਸ਼ ਪਤਿਹਿ ਬਿਧਿ ਨਾਨਾ।।**
**ਜੈਸੋ ਪੁਰਖ ਦਾਨ ਜਗ ਦਜਾਵੈ।। ਤੈਸੋ ਹੀ ਆਗੇ ਬਰੁ ਪਾਵੈ।। ੭।।**

ਪਦ ਅਰਥ - ਨ੍ਰਿਪਤਿ=ਰਾਜਾ। ਗਿਆਨ=ਗਿਆਨ ਗੋਸ਼ਟੀ। ਬਰੁ=ਵਰ।

ਖੁਦ ਰਾਜੇ ਨਾਲ ਗੋਸ਼ਟੀ ਕਰਨ ਲੱਗੀ ਅਤੇ ਪਤੀ ਨੂੰ ਕਈ ਪ੍ਰਕਾਰ ਨਾਲ ਉਪਦੇਸ਼ ਦੇਣ ਲੱਗੀ। ਪੁਰਖ ਸੰਸਾਰ ਵਿਚ ਜਿਸ ਤਰ੍ਹਾਂ ਦਾ ਦਾਨ ਕਰਦਾ ਹੈ ਉਸ ਤਰ੍ਹਾਂ ਦਾ ਵਰਦਾਨ ਪਾਉਂਦਾ ਹੈ।।੭।।

**ਮੈਂ ਤੁਹਿ ਬਾਰ ਦਾਨ ਬਹੁ ਕੀਨਾ।। ਤਾਤੇਂ ਪਤਿ ਤੋਸੋ ਨ੍ਰਿਪ ਲੀਨਾ।।**
**ਤੁਮ ਹੌ ਪੁੰਨਿ ਬਾਰ ਬਹੁ ਕੀਨੀ।। ਤਬ ਮੋ ਸੀ ਸੁੰਦਰਿ ਤਿਯ ਲੀਨੀ।। ੮।।**

ਮੈਂ ਤੁਹਾਡੀ ਖਾਤਰ ਬਹੁਤ ਦਾਨ ਕੀਤਾ ਸੀ ਏਸੇ ਕਰਕੇ ਤੁਹਾਡੇ ਵਰਗਾ ਰਾਜਾ ਪਤੀ ਮੈਨੂੰ ਨਸੀਬ ਹੋਇਆ ਹੈ। ਤੁਸੀਂ ਵੀ ਬਹੁਤ ਸਾਰਾ ਪੁੰਨ ਦਾਨ ਕੀਤਾ ਸੀ ਏਸੇ ਕਰਕੇ ਮੇਰੇ ਵਰਗੀ ਸੁੰਦਰ ਰਾਣੀ ਤੁਸੀਂ ਪ੍ਰਾਪਤ ਕੀਤੀ ਹੈ।।੮।।

Namdhari Elibrary NamdhariElibrary@gmail.com

**ਅਬ ਜੌ ਪੁੰਨਜ ਬਹੁਰਿ ਮੁਹਿ ਕਰਿਹੋ।। ਮੋ ਸੀ ਤ੍ਰਿਯ ਆਗੇ ਪੁਨਿ ਬਰਿਹੋ।।
ਧਰਮ ਕਰਤ ਕਛੁ ਢੀਲ ਨ ਕੀਜੈ।। ਦਿਜ ਕੌ ਦੈ ਜਗ ਮੈ ਜਸੁ ਲੀਜੈ।। ੯।।**

ਪਦ ਅਰਥ - ਪੁਨਿ ਬਰਿਹੋ=ਦੁਬਾਰਾ ਵਰ ਲਵੋ। ਢੀਲ=ਢਿਲ। ਦਿਜ=ਜਿਸ ਦਾ ਜਨਮ ਦੋ ਵਾਰ ਹੋਇਆ ਹੋਵੇ ਭਾਵ ਗਰਭ ਅਤੇ ਧਾਰਮਿਕ ਸੰਸਕਾਰ ਤੋਂ ਜਨਮ ਲੈਣ ਵਾਲਾ। ਹਿੰਦੂ ਮਤ ਅਨੁਸਾਰ ਦਿਜ ਬ੍ਰਾਹਮਣ ਨੂੰ ਕਹਿੰਦੇ ਹਨ ਕਿਉਂਕਿ ਉਸ ਦਾ ਜਨਮ ਗਰਭ ਅਤੇ ਗਾਇਤਰੀ ਮੰਤਰ ਉਪਦੇਸ਼ ਨਾਲ ਹੁੰਦਾ ਹੈ।

ਹੁਣ ਜੇ ਤੁਸੀਂ ਮੇਰੇ ਵਰਗੀ ਇਸਤਰੀ ਦਾਨ ਕਰੋ ਤਾਂ ਅੱਗੇ ਜਾਕੇ ਮੇਰੇ ਵਰਗੀ ਇਸਤਰੀ ਪ੍ਰਾਪਤ ਕਰੋਗੇ। ਧਰਮ ਦਾ ਕੰਮ ਕਰਨ ਵਿਚ ਢਿੱਲ ਨਹੀਂ ਕਰਨੀ ਚਾਹੀਦੀ ਅਤੇ ਬ੍ਰਾਹਮਣ ਨੂੰ ਦਾਨ ਦੇ ਕੇ ਜਗਤ ਵਿਚ ਜੱਸ ਪ੍ਰਾਪਤ ਕਰੋ।। ੯।।

**ਇਹ ਸੁਨਿਯੋ ਨ੍ਰਿਪ ਕੇ ਮਨ ਆਈ।। ਪੁੰਨਯ ਕਰਨ ਇਸਤ੍ਰੀ ਠਹਰਾਈ।।
ਜੋ ਰਾਨੀ ਕੇ ਮਨ ਮਹਿ ਭਾਯੋ।। ਵਹੈ ਜਾਨਿ ਦਿਜ ਬੋਲਿ ਪਠਾਯੋ।। ੧੦।।**

ਇਹ ਸੁਣਕੇ ਰਾਜੇ ਨੇ ਇਸਤਰੀ ਨੂੰ ਦਾਨ ਕਰਨ ਦਾ ਮਨ ਬਣਾ ਲਿਆ। ਰਾਣੀ ਦੀ ਮਰਜ਼ੀ ਦਾ ਦਾਨ ਲੈਣ ਵਾਲਾ ਜਿਹੜਾ ਬ੍ਰਾਹਮਣ ਸੀ, ਰਾਜੇ ਨੇ ਓਸੇ ਨੂੰ ਬੁਲਾ ਕੇ ਰਾਣੀ ਦਾਨ ਕਰ ਦਿੱਤੀ।। ੧੦।।

**ਤਾਕਹ ਨਾਰਿ ਦਾਨ ਕਰਿ ਦੀਨੀ।। ਮੂੜ੍ਹ ਭੇਦ ਕੀ ਕ੍ਰਿਯਾ ਨ ਚੀਨੀ।।
ਸੋ ਲੈ ਜਾਤ ਤਰੁਨਿ ਕਹ ਭਯੋ।। ਮੂੰਡਿ ਮੂੰਡਿ ਮੂਰਖ ਕੋ ਗਯੋ।। ੧੧।। ੧।।**

ਉਸਨੂੰ ਇਸਤਰੀ ਦਾਨ ਵਿਚ ਦੇ ਦਿੱਤੀ ਅਤੇ ਮੂਰਖ ਰਾਜਾ ਕੁਝ ਨਾ ਸਮਝ ਸਕਿਆ। ਉਹ ਰਾਣੀ ਨੂੰ ਲੈ ਕੇ ਚਲੇ ਗਿਆ ਅਤੇ ਇਸ ਤਰ੍ਹਾਂ ਰਾਜੇ ਨੂੰ ਠੱਗ ਗਿਆ।। ੧੧।। ੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤਰੀ ਭੂਪ ਸੰਬਾਦੇ ਦੋਇ ਸੌ ਬਹੱਤਰਿ ਚਰਿਤ੍ਰ ਸਮਾਪਤਮ।। ਸਤੁ ਸੁਭਮ ਸਤੁ।। ੨੭੨।। ੫੨੭੯।। ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰਿਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਬਹੱਤਰਵੀਂ ਕਥਾ ਸਮਾਪਤ।। ੨੭੨।। ੫੨੭੯।। ਚਲਦਾ।।

## ਚਲਿੱਤਰ ਦੋ ਸੌ ਤਿਹੱਤਰਵਾਂ

## ਕਥਾ ਸੁਕ੍ਰਿਤ ਮੰਜਰੀ

**ਚੌਪਈ।। ਸੁਕ੍ਰਿਤ ਸੈਨ ਇਕ ਸੁਨਾ ਨਰੇਸਾ।। ਜਿਹ ਕੋ ਡੰਡ ਭਰਤ ਸਭ ਦੇਸਾ।।
ਸੁਕ੍ਰਿਤ ਮੰਜਰੀ ਤਿਹ ਕੀ ਦਾਰਾ।। ਜਾ ਸਮ ਦੇਵ ਨ ਦੇਵ ਕੁਮਾਰਾ।। ੧।।**

ਸੁਕ੍ਰਿਤ ਸੈਨ ਇਕ ਵੱਡਾ ਰਾਜਾ ਸੀ, ਜਿਸਦਾ ਸਾਰ ਦੇਸ਼ ਡੰਨ ਭਰਦਾ ਸੀ। ਸੁਕ੍ਰਿਤ ਮੰਜਰੀ ਨਾਮੀਂ ਉਸਦੀ ਪਤਨੀ ਸੀ, ਜਿਸ ਵਰਗਾ ਸੁੰਦਰ ਨ ਕੋਈ ਦੇਵ-ਇਸਤਰੀ ਅਤੇ ਨ ਹੀ ਕੋਈ ਦੇਵ ਕੰਨਿਆ

ਸੀ।। ੧।।

**ਅਤਿਭੁਤ ਸੈਨ ਸ਼ਾਹੁ ਸੁਤ ਇਕ ਤਹ।। ਜਾਸਮ ਦੁਤਿਯ ਨ ਉਪਜਯੋ ਮਹਿਮਹ।।**
**ਜਗ ਮਗਾਤ ਤਿਹ ਰੂਪ ਅਪਾਰਾ।। ਜਿਹ ਸਮ ਇੰਦ੍ਰ ਨ ਚੰਦ੍ਰ ਕੁਮਾਰਾ।। ੨।।**

ਅਦ੍ਭੁਤ ਸੈਨ ਨਾਮੀਂ ਇਕ ਸ਼ਾਹ ਦਾ ਪੁੱਤਰ ਉਥੇ ਰਹਿੰਦਾ ਸੀ। ਉਹ ਏਨਾ ਸੁੰਦਰ ਸੀ ਕਿ ਉਸ ਵਰਗਾ ਦੂਸਰਾ ਕੋਈ ਪੈਦਾ ਨਹੀਂ ਹੋਇਆ ਸੀ ਉਸ ਦਾ ਅਪਾਰ ਰੂਪ ਜਗਮਗਾਉਂਦਾ ਸੀ ਅਤੇ ਉਸ ਵਰਗਾ ਇੰਦਰ ਅਤੇ ਚੰਦ ਵੀ ਨਹੀਂ ਸੀ।।੨।।

**ਰਾਨੀ ਅਟਕਿ ਤਵਨ ਪਰ ਗਈ।। ਤਿਹ ਗ੍ਰਿਹਿ ਜਾਤਿ ਆਪਿ ਚਲਿ ਭਈ।।**
**ਤਾਸੋਂ ਪ੍ਰੀਤਿ ਕਪਟ ਤਜਿ ਲਾਗੀ।। ਛੂਟੋ ਕਹਾ ਅਨੋਖੀ ਜਾਗੀ।। ੩।।**

ਰਾਣੀ ਉਸ ਦੀ ਸੁੰਦਰਤਾ ਵੇਖ ਕੇ ਮੋਹਿਤ ਹੋ ਗਈ ਅਤੇ ਖੁਦ ਚੱਲ ਕੇ ਉਸ ਦੇ ਘਰ ਚਲੇ ਗਈ। ਉਸ ਨਾਲ ਉਸ ਇਸ ਤਰ੍ਹਾਂ ਦੀ ਨਿਸ਼ਕਪਟ ਪ੍ਰੀਤ ਲਾ ਲਈ ਜਿਹੜੀ ਕਿ ਹੁਣ ਟੁੱਟ ਨਹੀਂ ਸਕਦੀ ਸੀ।।੩।।

**ਬਹੁ ਬਿਧਿ ਤਿਨ ਸੰਗ ਭੋਗ ਕਮਾਨਾ।। ਕੇਲ ਕਰਤ ਬਹੁ ਕਾਲ ਬਿਹਾਨਾ।।**
**ਸੁੰਦਰ ਔਰ ਤਹਾਂ ਇਕ ਆਯੋ।। ਵਹੈ ਪੁਰਖ ਰਾਨੀ ਕਹ ਲਾਯੋ।। ੪।।**

ਉਸ ਨੇ ਕਈ ਪ੍ਰਕਾਰ ਨਾਲ ਉਸ ਨਾਲ ਕਾਮ ਕ੍ਰੀੜਾ ਕੀਤੀ ਅਤੇ ਇਸ ਤਰ੍ਹਾਂ ਬਹੁਤ ਸਾਰਾ ਸਮਾਂ ਬੀਤ ਗਿਆ। ਇੱਕ ਦਿਨ ਇੱਕ ਹੋਰ ਸੁੰਦਰ ਗਭਰੂ ਉਥੇ ਆ ਗਿਆ, ਰਾਣੀ ਨੇ ਉਸ ਨੂੰ ਵੀ ਸੁਨੇਹਾ ਭੇਜ ਕੇ ਬੁਲਾ ਲਿਆ।।੪।।

**ਵਹੈ ਪੁਰਖ ਰਾਨੀ ਕਹ ਭਾਇਸਿ।। ਕਾਮ ਕੇਲ ਗ੍ਰਿਹਿ ਬੋਲਿ ਕਮਾਇਸਿ।।**
**ਪ੍ਰਥਮ ਮਿੱਤ੍ਰ ਤਿਹ ਠਾਂ ਤਬ ਆਯੋ।। ਰਮਤ ਨਿਰਖਿ ਰਾਨੀ ਕੁਰਰਾਯੋ।। ੫।।**

ਰਾਣੀ ਨੂੰ ਉਹ ਵਿਅਕਤੀ ਵੀ ਬਹੁਤ ਚੰਗਾ ਲੱਗਾ। ਉਸ ਨੂੰ ਵੀ ਘਰ ਵਿਚ ਬੁਲਾਕੇ ਉਸ ਭੋਗ ਬਿਲਾਸ ਕੀਤਾ। ਉਸ ਸਮੇਂ ਹੀ ਪਹਿਲਾ ਮਿੱਤਰ ਵੀ ਉੱਥੇ ਆ ਗਿਆ ਜਿਹੜਾ ਰਾਣੀ ਨੂੰ ਰਮਣ ਕਰਦਿਆਂ ਵੇਖ ਕੇ ਚੀਕ ਪਿਆ।।੫।।

**ਅਧਿਕ ਕੋਪ ਕਰਿ ਖੜਗੁ ਨਿਕਾਰਯੋ।। ਰਾਨੀ ਰਾਖਿ ਜਾਰ ਕਹ ਮਾਰਯੋ।।**
**ਆਪੁ ਭਾਜ ਪੁਨਿ ਤਹ ਤੇ ਗਯੋ।। ਤੇਜ ਭਏ ਤ੍ਰਿਯ ਕੋ ਤਨ ਤਯੋ।। ੬।।**

ਬਹੁਤ ਗੁੱਸੇ ਵਿਚ ਆ ਕੇ ਉਸ ਤਲਵਾਰ ਕੱਢੀ ਅਤੇ ਰਾਣੀ ਨੂੰ ਬਚਾ ਕੇ ਯਾਰ ਨੂੰ ਮਾਰ ਦਿੱਤਾ। ਖੁਦ ਉਥੋਂ ਭੱਜ ਗਿਆ ਅਤੇ ਰਾਣੀ ਬਹੁਤ ਕ੍ਰੋਧ ਵਿਚ ਆ ਗਈ।।੬।।

Namdhari Elibrary NamdhariElibrary@gmail.com

ਲਿਖਿ ਪਤਿਯਾ ਅਸਿ ਤਾਂਹਿ ਪਠਾਈ।। ਤੋਹਿ ਮਿੱਤ੍ਰ ਮੁਹਿ ਤਜਾ ਨ ਜਾਈ।।
ਛਿਮਾ ਕਰਹੁ ਇਹ ਭੂਲਿ ਹਮਾਰੀ।। ਅਬ ਦਾਸੀ ਮੈਂ ਭਈ ਤਿਹਾਰੀ।। ੭।।

ਬਾਅਦ ਵਿਚ ਉਸ ਪਹਿਲੇ ਯਾਰ ਨੂੰ ਇਕ ਪੱਤਰ ਲਿਖਿਆ ਕਿ ਤੂੰ ਮੇਰਾ ਪਿਆਰਾ ਮਿੱਤਰ ਹੋਣ ਕਰਕੇ ਮੈਨੂੰ ਛੱਡ ਕੇ ਨ ਜਾ। ਮੇਰੀ ਇਸ ਭੁਲ ਨੂੰ ਮੁਆਫ ਕਰ ਦੇਵੋ, ਹੁਣ ਮੈਂ ਤੁਹਾਡੀ ਦਾਸੀ ਹਾਂ।।੭।।

ਜੌ ਆਗੇ ਫਿਰਿ ਐਸ ਨਿਹਰਿਯਹੁ।। ਮੋਹੂ ਸਹਿਤ ਮਾਰਿ ਤਿਹ ਡਰਿਯਹੁ।।
ਭਲਾ ਕਿਯਾ ਤੁਮ ਤਾਂਹਿ ਸੰਘਾਰਾ।। ਆਗੇ ਰਾਹ ਮਿੱਤ੍ਰ ਮੁਹਿ ਡਾਰਾ।। ੮।।

ਜੇ ਤੁਸੀਂ ਦੁਬਾਰਾ ਮੈਨੂੰ ਇਸ ਤਰ੍ਹਾਂ ਵੇਖੋ ਤਾਂ ਮੈਨੂੰ ਉਸ ਦੇ ਨਾਲ ਹੀ ਮਾਰ ਦੇਣਾ। ਤੂੰ ਚੰਗਾ ਕੀਤਾ ਕਿ ਉਸ ਨੂੰ ਮਾਰ ਦਿੱਤਾ ਅਤੇ ਇਕ ਮਿੱਤਰ ਦੇ ਰੂਪ ਵਿਚ ਮੈਨੂੰ ਸਹੀ ਰਾਹ ਵਿਖਾਇਆ ਹੈ।।੮।।

ਦੋਹਰਾ।। ਖਤਿਯਾ ਬਾਚਤ ਮੂੜ੍ਹ ਮਤਿ ਫੂਲ ਗਯੋ ਮਨ ਮਾਹਿ।।
ਬਹੁਰਿ ਤਹਾਂ ਆਵਤ ਭਯੋ ਭੇਦ ਪਛਾਨਜੋ ਨਾਹਿ।। ੯।।

ਉਸ ਦਾ ਮਿੱਤਰ ਪੱਤਰ ਪੜ੍ਹ ਕੇ ਮਨ ਵਿਚ ਫੁਲ ਗਿਆ ਅਤੇ ਬਿਨਾਂ ਭੇਦ ਜਾਣੇ ਉਹ ਰਾਣੀ ਪਾਸ ਆ ਗਿਆ।।੯।।

ਚੌਪਈ।। ਪ੍ਰਥਮ ਮਿੱਤ੍ਰ ਤਿਹ ਠਾਂ ਜਬ ਆਯੋ।। ਦੁਤਿਯ ਮਿੱਤ੍ਰ ਸੌ ਬਾਂਧਿ ਜਰਾਯੋ।।
ਜਿਨ ਮੇਰੇ ਮਿਤਵਾ ਕਹ ਮਾਰਜੋ।। ਵਹੈ ਚਾਹਿਯਤ ਪਕਰਿ ਸੰਘਾਰਜੋ।।੧੦।।

ਜਦ ਪਹਿਲਾ ਮਿੱਤਰ ਓਥੇ ਆ ਗਿਆ ਤਾਂ ਉਸ ਨੂੰ ਦੂਸਰੇ (ਮੁਰਦਾ) ਮਿੱਤਰ ਦੇ ਨਾਲ ਬੰਨ੍ਹ ਕੇ ਸਾੜ ਦਿੱਤਾ। ਉਸ ਇਹ ਸੋਚਿਆ ਕਿ ਜਿਸ ਮੇਰੇ ਮਿੱਤਰ ਨੂੰ ਮਾਰਿਆ ਹੈ, ਐਸੇ ਪ੍ਰੇਮੀ ਨੂੰ ਫੜ ਕੇ ਮਾਰ ਦੇਣਾ ਹੀ ਠੀਕ ਹੈ।।੧੦।।

ਅਸ ਤ੍ਰਿਯ ਪ੍ਰਥਮ ਭਜਤ ਭੀ ਜਾਕੋ।। ਇਹ ਚਰਿੱਤ੍ਰ ਪੁਨਿ ਮਾਰਜੋ ਤਾਕੋ।।
ਇਨ ਅਬਲਨ ਕੀ ਰੀਤਿ ਅਪਾਰਾ।। ਜਿਨ ਕੋ ਆਵਤ ਵਾਰ ਨ ਪਾਰਾ।। ੧੧।। ੧।।

ਇਸ ਤਰ੍ਹਾਂ ਇਸਤਰੀ ਪਹਿਲਾਂ ਜਿਸ ਨਾਲ ਰਮਣ ਕਰਦੀ ਸੀ ਉਸ ਨੂੰ ਚਲਿੱਤਰ ਕਰਕੇ ਮਾਰ ਦਿੱਤਾ। ਇਨ੍ਹਾਂ ਇਸਤਰੀਆਂ ਦੀ ਲੀਲ੍ਹਾ ਅਪਰਮ ਅਪਾਰ ਹੈ ਜਿਸ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ।।੧੧। ੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤਿਹਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੩।।੫੨੯੯।।ਅਫਜੂੰ।।

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਤਿਹੱਤਰਵੀਂ ਕਥਾ ਸਮਾਪਤ॥੨੭੩॥੫੫੯੬॥ਚਲਦਾ॥

# ਚਲਿੱਤਰ ਦੋ ਸੌ ਚੋਹੱਤਰਵਾਂ

## ਕਥਾ ਦਾਸੀ

**ਚੌਪਈ॥ ਇਕ ਅੰਬਸਟ ਕੇ ਦੇਸ ਨ੍ਰਿਪਾਲਾ॥ ਪਦੁਮਿਨਿ ਦੇ ਜਾਕੇ ਗ੍ਰਿਹਿ ਬਾਲਾ॥**
**ਅੱਪ੍ਰਮਾਨ ਤਿਹ ਪ੍ਰਭਾ ਭਨਿੱਜੈ॥ ਜਿਹ ਕੋ ਕੋ ਪਤਟਰ ਤ੍ਰਿਯ ਦਿੱਜੈ॥ ੧॥**

ਅੰਬਸਟ ਦੇਸ਼ ਦਾ ਇਕ ਰਾਜਾ ਸੀ ਜਿਸਦੇ ਘਰ ਵਿਚ ਪਦਮਨੀ ਦੇਵੀ ਇਸਤਰੀ ਰਹਿੰਦੀ ਸੀ। ਉਸ ਦੀ ਸੁੰਦਰਤਾ ਅਪਾਰ ਸੀ ਜਿਸ ਦੀ ਤੁਲਨਾਂ ਕਿਸੇ ਇਸਤਰੀ ਨਾਲ ਵੀ ਨਹੀਂ ਕੀਤੀ ਜਾ ਸਕਦੀ॥੧॥

**ਤਾਕੇ ਏਕ ਦਾਸ ਘਰ ਮਾਹੀ॥ ਜਿਹ ਸਮ ਸਜਾਮ ਬਰਨ ਕਹੂੰ ਨਾਹੀ॥**
**ਨਾਮਾਫਿਕ ਸੰਖਜਾ ਤਿਹ ਰਹੈ॥ ਮਾਨੁਖ ਜੋਨਿ ਕਵਨ ਤਿਹ ਕਹੈ॥ ੨॥**

ਪਦ ਅਰਥ - ਸਜਾਮ੍=ਕਾਲਾ। ਨਾਮਾਫਿਕ=ਬਹੁਤ ਘਟੀਆ, ਸਿਫਰ ਕਿਸੇ ਗਿਣਤੀ ਵਿਚ ਵੀ ਨ ਆਉਣ ਵਾਲਾ।

ਉਸ ਦੇ ਘਰ ਇਕ ਦਾਸ ਸੀ ਜਿਸ ਵਰਗਾ ਕਾਲਾ ਹੋਰ ਕੋਈ ਨਹੀਂ ਸੀ। ਉਹ ਬਿਲਕੁਲ ਨ ਹੋਇਆ ਵਰਗਾ ਸੀ ਅਤੇ ਕੋਈ ਵੀ ਉਸ ਨੂੰ ਮਨੁੱਖ ਨਹੀਂ ਸਮਝਦਾ ਸੀ॥੨॥

**ਚੇਰੀ ਏਕ ਹੁਤੀ ਤਾਸੋਂ ਰਤਿ॥ ਜਾਕੇ ਹੁਤੀ ਨ ਕਛੁ ਘਟ ਮਹਿ ਮਤਿ॥**
**ਨਾ ਮਾਫਿਕ ਤਿਨ ਨਾਰਿ ਬੁਲਾਯੋ॥ ਕਾਮ ਭੋਗ ਮਨ ਖੋਲਿ ਮਚਾਯੋ॥ ੩॥**

ਇੱਕ ਮੂਰਖ ਦਾਸੀ ਉਸ ਤੇ ਰੀਝੀ ਹੋਈ ਸੀ। ਉਸ ਪਸ਼ੂ ਨੂੰ ਦਾਸੀ ਨੇ ਬੁਲਾਇਆ ਅਤੇ ਮਨ ਖੋਲ੍ਹ ਕੇ ਉਸ ਨਾਲ ਕਾਮ ਕ੍ਰੀੜਾ ਕੀਤੀ॥੩॥

**ਤਬ ਲਗਿ ਆਇ ਨ੍ਰਿਪਤਿ ਗਜੋ ਤਹਾਂ॥ ਚੇਰੀ ਰਮਤ ਦਾਸਿ ਸੰਗ ਜਹਾਂ॥**
**ਲਪਟਾਇ ਦਾਸੀ ਤਬ ਗਈ॥ ਚਟਪਟ ਜਾਤ ਸਕਲ ਸੁਧਿ ਭਈ॥ ੪॥**

ਪਦ ਅਰਥ - ਰਮਤ=ਰਮਣ ਕਰ ਰਹੀ। ਲਪਟਾਇ=ਡਰ ਗਈ।

ਤਦ ਤਕ ਰਾਜਾ ਵੀ ਓਥੇ ਆ ਗਿਆ ਜਿਥੇ ਦਾਸੀ ਉਸ ਨਾਲ ਰਮਣ ਕਰ ਰਹੀ ਸੀ॥ ਤਦ ਦਾਸੀ ਬਹੁਤ ਡਰ ਗਈ ਅਤੇ ਆਪਣੀ ਸੁੱਧ ਬੁੱਧ ਭੁਲ ਗਈ॥੪॥

ਜਤਨ ਅਵਰ ਕਛੁ ਹਾਥ ਨ ਆਯੋ।। ਮਾਰਿ ਦਾਸ ਉਲਟੋ ਲਟਕਾਯੋ।।
ਹਰੇ ਹਰੇ ਤਰ ਆਗਿ ਜਰਾਈ।। ਕਾਢਤ ਹੈ ਜਨ ਕਰਿ ਮਿਮਿਯਾਈ।। ੫।।

ਹੁਣ ਉਸ ਨੂੰ ਹੋਰ ਕੁਝ ਨ ਔੜਿਆ ਤੇ ਉਸ ਦਾਸ ਨੂੰ ਮਾਰਕੇ ਉਲਟਾ ਲਟਕਾ ਦਿੱਤਾ। ਉਸ ਦੇ ਥੱਲੇ ਮੱਧਮ ਜੇਹੀ ਅੱਗ ਬਾਲ ਦਿੱਤੀ ਜਿਵੇਂ ਕਿ ਉਹ ਉਸ ਦੀ ਚਰਬੀ ਕੱਢ ਰਹੀ ਹੋਵੇ।।੫।।

ਨ੍ਰਿਪਤਿ ਮ੍ਰਿਤਕ ਜਬ ਦਾਸ ਨਿਹਾਰਾ।। ਅਦਭੁਤ ਹ੍ਵੈ ਇਹ ਭਾਂਤਿ ਉਚਾਰਾ।।
ਕਜੋਂ ਇਹ ਹਨਿ ਤੈਂ ਦਿਯ ਲਟਕਾਈ।। ਕਿਹ ਕਾਰਨ ਤਰ ਆਗਿ ਜਰਾਈ।। ੬।।

ਪਦ ਅਰਥ - ਅਦਭੁਤ ਹੈ=ਹੈਰਾਨ ਹੋ ਕੇ। ਹਨਿ=ਮਰਿਆ। ਲਟਕਾਈ=ਲਟਕਾਇਆ ਹੈ। ਆਗਿ ਜਰਾਈ=ਅੱਗ ਬਾਲੀ ਹੈ।

ਜਦ ਰਾਜੇ ਨੇ ਦਾਸ ਨੂੰ ਮਰਿਆ ਹੋਇਆ ਵੇਖਿਆ ਤਾਂ ਉਹ ਬੋਲਿਆ ਕਿ ਤੂੰ ਉਸ ਨੂੰ ਮਾਰ ਕੇ ਪੁੱਠਾ ਕਿਉਂ ਲਟਕਾਇਆ ਹੈ ਅਤੇ ਥੱਲੇ ਅੱਗ ਕਿਉਂ ਬਾਲ ਦਿੱਤੀ ਹੈ।।੬।।

ਚੇਰੀ ਬਾਚ।। ਮਿਲਜੋ ਬੈਦ ਮੁਹਿ ਏਕ ਨ੍ਰਿਪਾਰਾ।। ਕ੍ਰਿਯਾ ਦਈ ਤਿਨ ਮੋਹਿ ਸੁਧਾਰਾ।।
ਮੈਂ ਇਹ ਕਰੀ ਚਕਿਤਸਾ ਤਾਤੇ।। ਲੀਜੈ ਸਕਲ ਬ੍ਰਿਥਾ ਸੁਨਿ ਯਾਤੇ।। ੭।।

ਦਾਸੀ ਨੇ ਰਾਜੇ ਨੂੰ ਕਿਹਾ ਕਿ ਮੈਨੂੰ ਇੱਕ ਵੈਦ ਮਿਲਿਆ ਸੀ ਜਿਸ ਮੈਨੂੰ ਇੱਕ ਪ੍ਰਯੋਗ ਦੱਸਿਆ ਹੈ। ਇਸ ਨਾਲ ਮੈਂ ਉਹੀ ਚਕਿਤਸਾ-ਕਿਰਆ ਕਰ ਰਹੀ ਹਾਂ। ਇਸ ਬਾਰੇ ਆਪ ਪੂਰਾ ਸੁਣੋਂ।।੭।।

ਖਈ ਰੋਗ ਇਹ ਕਹਜੋ ਰਾਜ ਮਹਿ।। ਤਾਤੇ ਮਾਰਿ ਦਾਸ ਤੂੰ ਇਹ ਕਹਿ।।
ਕਰਿ ਮਿਮਿਯਾਈ ਨ੍ਰਿਪਹਿ ਖਵਾਵੈ।। ਤਬ ਤਿਹ ਦੋਖ ਦੂਰਿ ਹ੍ਵੈ ਜਾਵੈ।। ੮।।

ਪਦ ਅਰਥ - ਖਈ ਰੋਗ=ਤਪਦਿਕ। ਮਿਮਿਯਾਈ=ਮਗਜ਼ ਦੀ ਚਰਬੀ।

ਰਾਜੇ ਨੂੰ ਖੰਈ ਰੋਗ ਹੈ. ਇਸ ਲਈ ਤੁਸੀਂ ਉਸ ਕਿਹਾ ਕਿ ਇਸ ਦਾਸ ਨੂੰ ਮਾਰੋ। ਰਾਜੇ ਨੂੰ ਇਸਦੇ ਮਗਜ਼ ਦੀ ਚਰਬੀ ਖੁਆਓ ਜਿਸ ਨਾਲ ਉਸ ਦਾ ਦੁਖ ਦੂਰ ਹੋ ਜਾਵੇ।।੮।।

ਤਿਹ ਨਿਮਿਤ ਯਾਕੋ ਮੈ ਘਾਯੋ।। ਮਿਮਿਯਾਈ ਕੋ ਬਿਵਤ ਬਨਾਯੋ।।
ਜੌ ਤੁਮ ਭੱਛਨ ਕਰਹੁ ਤੇ ਕੀਜੈ।। ਨਾ ਤਰ ਛਾਡਿ ਆਗੁ ਹੀ ਦੀਜੈ।। ੯।।

ਪਦ ਅਰਥ - ਬਿਵਤ ਬਨਾਯੋ=ਪ੍ਰਯੋਗ ਕੀਤਾ ਹੈ। ਭੱਛਣ=ਖਾਣਾ।

ਇਸ ਲਈ ਮੈਂ ਇਸਨੂੰ ਮਾਰਿਆ ਹੈ ਅਤੇ ਚਰਬੀ ਕਢਣ ਦਾ ਤਜਰਬਾ ਕੀਤਾ ਹੈ। ਜੇ ਤੁਸੀਂ ਚਰਬੀ ਖਾਣੀ ਹੋਵੇ ਤਾਂ ਪ੍ਰਯੋਗ ਜਾਰੀ ਰਖਾਂ ਨਹੀਂ ਤਾਂ ਇਥੇ ਹੀ ਛੱਡ ਦੇਵਾਂ।।੯।।

**ਜਬ ਇਹ ਭਾਂਤਿ ਨ੍ਰਿਪਤਿ ਸੁਨਿ ਪਾਯੋ।। ਤਾਂਹਿ ਬੈਦਨੀ ਕਰਿ ਠਹਰਾਯੋ।।**
**ਮਨ ਮਹਿ ਕਹਜੋ ਭਲੀ ਬਿਧਿ ਕੀਨੀ।। ਘਰ ਮਹਿ ਨਾਰਿ ਰੋਗਿ ਹਾ ਦੀਨੀ।। ੧੦।।**

ਪਦ ਅਰਥ - ਬੈਦਨੀ=ਵੈਦ ਇਸਤਰੀ। ਰੋਗਿ ਹਾ=ਰੋਗ ਨਾਸਕ।

ਜਦ ਰਾਜੇ ਨੇ ਇਹ ਸੁਣਿਆ ਤਾਂ ਉਸ ਨੂੰ ਵੈਦ ਇਸਤਰੀ ਸਮਝਿਆ। ਮਨ ਵਿਚ ਸੋਚਿਆ ਕਿ ਪਰਮਾਤਮਾ ਨੇ ਭਲਾ ਕੀਤਾ ਹੈ ਜੋ ਘਰ ਵਿਚ ਹੀ ਬਿਮਾਰੀਆਂ ਦਾ ਨਾਸ ਕਰਨ ਵਾਲੀ ਇਸਤਰੀ ਦੇ ਦਿੱਤੀ ਹੈ।। ੧੦।।

**ਧੰਨਿ ਧੰਨਿ ਕਹਿ ਤਾਹਿ ਬਖਾਨਾ।। ਤੇਰੋ ਗੁਨ ਹਮ ਆਜੁ ਪਛਾਨਾ।।**
**ਪੱਛਮ ਦਿਸਿ ਹਮ ਸੁਨੀ ਬਨੈਯਤ।। ਹਮਰੇ ਦੇਸ ਨ ਢੂੰਡੀ ਪੈਯਤ।। ੧੧।।**

ਪਦ ਅਰਥ - ਪੱਛਮ ਦਿਸਿ=ਪੱਛਮੀ ਦੇਸ਼ਾਂ। ਬਨੈਯਤ=ਪ੍ਰਯੋਗ। ਪੈਯਤ=ਮਿਲਦਾ।

ਰਾਜੇ ਨੇ ਇਸਤਰੀ ਨੂੰ 'ਧੰਨ ਧੰਨ' ਕਿਹਾ ਅਤੇ ਦੱਸਿਆ ਕਿ ਤੇਰਾ ਗੁਣ ਤਾਂ ਮੈਂ ਅੱਜ ਹੀ ਜਾਣ ਸਕਿਆ ਹਾਂ, ਅਸੀਂ ਤਾਂ ਪਛਮੀ ਦੇਸ਼ਾਂ ਵਿਚ ਇਸ ਤਰ੍ਹਾਂ ਦੇ ਪ੍ਰਯੋਗ ਸੁਣੇ ਸਨ। ਸਾਡੇ ਦੇਸ਼ ਵਿਚ ਤਾਂ ਕਿਤੇ ਲੱਭਣ ਤੇ ਵੀ ਨਹੀਂ ਮਿਲਦਾ।।੧੧।।

**ਤੁਹਿ ਜਾਨਤ ਮੁਹਿ ਕਹਤ ਬਤਾਈ।। ਮਿਮਿਆਈ ਇਹ ਦੇਸ ਬਨਾਈ।।**
**ਕਹਾ ਭਯੋ ਇਕ ਦਾਸ ਸੰਘਾਰਾ।। ਹਮਰੋ ਰੋਗ ਬਡੋ ਤੈਂ ਟਾਰਾ।। ੧੨।। ੧।।**

ਤੂੰ ਤਾਂ ਦੱਸ ਰਹੀ ਹੈਂ ਕਿ ਇਹ ਦਵਾਈ ਆਪਣੇ ਦੇਸ਼ ਵਿਚ ਵੀ ਬਣਾਈ ਜਾ ਸਕਦੀ ਹੈ। ਕੀ ਹੋਇਆ ਜੋ ਇਕ ਦਾਸ ਨੂੰ ਮਾਰ ਦਿੱਤਾ ਗਿਆ, ਮੇਰਾ ਤਾਂ ਤੂੰ ਬਹੁਤ ਵੱਡਾ ਰੋਗ ਸਮਾਪਤ ਕਰ ਦਿੱਤਾ ਹੈ।।੧੨।। ੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚੌਹਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੪।।੫੩੦੧।।ਅਫਜੂੰ।।

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਚੌਹੱਤਰਵੀਂ ਕਥਾ ਸਮਾਪਤ।।੨੭੪।।੫੩੦੧।।ਚਲਦਾ।।

## ਚਲਿੱਤਰ ਦੋ ਸੌ ਪੰਝੱਤਰਵਾਂ

## ਕਥਾ ਹਬਸ਼ਮਤੀ

**ਚੌਪਈ।। ਬੰਦਰ ਬਸ ਤਹ ਬਾਸੀ ਜਹਾਂ।। ਹਬਸ਼ੀ ਰਾਇ ਨਰਾਧਿਪ ਤਹਾਂ।।**
**ਹਬਸ਼ ਮਤੀ ਤਾਕੈ ਘਰ ਰਾਨੀ।। ਜਨੁ ਪੁਰ ਖੋਜਿ ਚੌਦਹੂੰ ਆਨੀ।। ੧।।**

ਪਦ ਅਰਥ - ਨਰਾਧਿਪ=ਰਾਜਾ। ਖੋਜਿ=ਲਭ ਕੇ। ਚੌਂਦਹੂੰ=ਚੌਂਦਾਂ ਲੋਕ।

ਬੰਦਰਬਸ ਨਾਮੀਂ ਬੰਦਰਗਾਹ ਦਾ ਰਾਜਾ ਹਬਸ਼ੀ ਰਾਇ ਸੀ। ਉਸ ਦੀ ਰਾਣੀ ਦਾ ਨਾਂ ਹਬਸ਼ਮਤੀ ਸੀ ਜਿਹੜੀ ਕਿ ਏਨੀ ਸੁੰਦਰ ਸੀ ਜਿਵੇਂ ਚੌਦਾਂ ਲੋਕਾਂ ਵਿਚੋਂ ਸੋਹਣੀ ਲਭ ਕੇ ਲਿਆਂਦੀ ਹੋਵੇ॥੧॥

**ਹਾਸ਼ਿਮ ਖਾਨ ਪਠਾਨ ਇਕ ਤਹਾਂ॥ ਜਾ ਸਮ ਸੁੰਦਰ ਕੋਊ ਨ ਕਹਾਂ॥**
**ਰਾਨੀ ਤਾਹਿ ਨਿਰਖਿ ਉਰਝਾਨੀ॥ ਬਿਰਹ ਬਿਕਲ ਹ੍ਵੈ ਗਈ ਦਿਵਾਨੀ॥੨॥**

ਪਦ ਅਰਥ - ਬਿਰਹ ਬਿਕਲ=ਵੈਰਾਗ ਵਿਚ ਵਿਆਕੁਲ। ਦਿਵਾਨੀ=ਪਾਗਲ।

ਓਥੇ ਇਕ ਹਾਸ਼ਿਮ ਖਾਨ ਨਾਮੀਂ ਪਠਾਨ ਰਹਿੰਦਾ ਸੀ ਜਿਸ ਵਰਗਾ ਹੋਰ ਕੋਈ ਸੁੰਦਰ ਨਹੀਂ ਸੀ । ਰਾਣੀ ਉਸ ਨੂੰ ਵੇਖ ਕੇ ਮੋਹਿਤ ਹੋ ਗਈ ਅਤੇ ਵੈਰਾਗ ਵਿਚ ਵਿਆਕੁਲ ਹੋ ਕੇ ਦੀਵਾਨੀ ਹੋ ਗਈ॥੨॥

**ਰਾਨੀ ਜਤਨ ਅਨੇਕ ਬਨਾਏ॥ ਛਲਬਲ ਸੌ ਗ੍ਰਿਹਿ ਮਿੱਤ੍ਰ ਬੁਲਾਏ॥**
**ਕਾਮ ਭੋਗ ਤਿਹ ਸੰਗ ਕਮਾਨਾ॥ ਆਸਨ ਚੁੰਬਨ ਕੀਏ ਪ੍ਰਮਾਨਾ॥ ੩॥**

ਪਦ ਅਰਥ - ਛਲ ਬਲ=ਵਲ ਛਲ। ਗ੍ਰਿਹਿ=ਮਿੱਤਰ।

ਰਾਣੀ ਨੇ ਅਨੇਕਾਂ ਯਤਨ ਕੀਤੇ ਅਤੇ ਆਖਿਰ ਵਲ ਛਲ ਨਾਲ ਉਸ ਨੂੰ ਘਰ ਬੁਲਾਇਆ। ਉਸ ਨਾਲ ਕਾਮ ਭੋਗ ਕੀਤਾ ਅਤੇ ਕਈ ਪ੍ਰਕਾਰ ਦੇ ਆਸਣ ਚੁੰਮਣ ਕੀਤੇ॥੩॥

**ਦੋਹਰਾ॥ ਅਨਿਕ ਭਾਂਤਿ ਭਜਿ ਮਿੱਤ੍ਰ ਕਹ ਗਰੇ ਰਹੀ ਲਪਟਾਇ॥**
**ਜਾਨੁ ਨਿਰਧਨੀ ਪਾਇ ਧਨ ਰਹਯੋ ਹੀਯ ਸੌ ਲਾਇ॥ ੪॥**

ਪਦ ਅਰਥ - ਹੀਯ=ਹਿੱਕ। ਜਾਨੁ=ਜਿਵੇਂ।

ਮਿੱਤਰ ਨਾਲ ਖੁਸ਼ ਹੋਕੇ ਅਨੇਕਾਂ ਪ੍ਰਕਾਰ ਨਾਲ ਰਮਣ ਕੀਤਾ। ਇਸ ਤਰ੍ਹਾਂ ਲੱਗ ਰਿਹਾ ਸੀ। ਜਿਵੇਂ ਕੋਈ ਨਿਰਧਨ ਧਨ ਪਾਕੇ ਉਸ ਨੂੰ ਆਪਣੇ ਗਲ ਨਾਲ ਲਾ ਰਿਹਾ ਹੋਵੇ॥੪॥

**ਚੌਪਈ॥ ਤਬ ਰਾਜਾ ਤਾਕੇ ਗ੍ਰਿਹ ਆਯੋ॥ ਨਿਰਖਿ ਸੇਜ ਪਰ ਤਾਹਿ ਰਿਸਾਯੋ॥**
**ਅਸਿ ਗਹਿ ਧਯੋ ਹਾਥ ਗਹਿ ਨਾਰੀ॥ ਇਹ ਬਿਧਿ ਸੌ ਹਸਿ ਬਾਤ ਉਚਾਰੀ॥੫॥**

ਪਦ ਅਰਥ - ਰਿਸਾਯੋ=ਗੁੱਸੇ ਵਿਚ ਆ ਗਿਆ। ਅਸਿ=ਤਲਵਾਰ।

ਤਦ ਰਾਜਾ ਉਸ ਦੇ ਘਰ ਆ ਗਿਆ ਅਤੇ ਪਠਾਨ ਨੂੰ ਸੇਜ ਉਤੇ ਬੈਠਾ ਵੇਖ ਕੇ ਕ੍ਰੋਧ ਵਿਚ ਆ ਗਿਆ। ਉਹ ਤਲਵਾਰ ਕੱਢ ਕੇ ਟੁੱਟ ਕੇ ਪੈ ਗਿਆ, ਪਰ ਰਾਣੀ ਨੇ ਉਸ ਦਾ ਹੱਥ ਫੜਕੇ ਹੱਸਦਿਆਂ ਹੋਇਆ ਕਿਹਾ॥੫॥

Namdhari Elibrary NamdhariElibrary@gmail.com

**ਤੈਂ ਰਾਜਾ ਇਹ ਭੇਦ ਨ ਜਾਨਾ॥ ਬਿਨੁ ਬੂਝੇ ਅਸਿ ਕੋਪ ਪ੍ਰਮਾਨਾ॥**
**ਪ੍ਰਥਮਹਿ ਬਾਤ ਜਾਨਿਯੈ ਯਾਕੀ॥ ਬਹੁਰੋ ਸੁਧਿ ਲੀਜੈ ਕਛੁ ਤਾਕੀ॥ ੬॥**

ਹੇ ਰਾਜਾ ਜੀ ਤੁਸੀ ਅਸਲ ਭੇਦ ਨਹੀਂ ਜਾਣਿਆ, ਸਮਝਣ ਤੋਂ ਬਗੈਰ ਹੀ ਏਨੇ ਗੁੱਸੇ ਵਿਚ ਆ ਗਏ ਹੋ। ਪਹਿਲਾਂ ਇਸ ਦੀ ਗੱਲ ਨੂੰ ਸਮਝੋ ਅਤੇ ਬਾਅਦ ਵਿਚ ਇਸ ਦੀ ਖਬਰ ਲਵੋ॥ ੬॥

**ਇਹ ਹੈ ਮਿੱਤ੍ਰ ਮੱਛਿੰਦਰ ਰਾਜਾ॥ ਆਯੋ ਨਜਾਇ ਲਹਨ ਤਵ ਕਾਜਾ॥**
**ਤਪਸਜਾ ਬਲ ਆਯੋ ਇਹ ਠੌਰਾ॥ ਹੈ ਸਭ ਤਪਸਿਨ ਕਾ ਸਿਰਮੌਰਾ॥ ੭॥**

ਪਦ ਅਰਥ - ਕਾਜਾ=ਇਨਸਾਫ, ਕਾਰਜ। ਤਪਸਜਾ ਬਲ=ਤਪੱਸਿਆ ਦੀ ਸ਼ਕਤੀ ਨਾਲ। ਸਿਰਮੌਰਾ=ਸ਼ਿਰੋਮਣੀ।

"ਇਹ ਤਾਂ ਮਿੱਤਰ ਮਛੰਦਰ ਨਾਥ ਜੋਗੀ ਹੈ ਜੋ ਤੁਹਾਡਾ ਇਨਸਾਫ ਵੇਖਣ ਆਇਆ ਹੈ। ਇਹ ਤਾਂ ਤਪਸਿਆ ਦੀ ਸ਼ਕਤੀ ਨਾਲ ਏਥੇ ਆਇਆ ਹੈ ਅਤੇ ਸ਼ਿਰੋਮਣੀ ਤਪੱਸਵੀ ਹੈ॥੭॥

**ਯਾ ਸੰਗ ਮਿੱਤ੍ਰਾਚਾਰ ਕਰੀਜੈ॥ ਭੁਗਤਿ ਜੁਗਤਿ ਬਹੁ ਬਿਧਿ ਤਿਹ ਦੀਜੈ॥**
**ਭਲੀ ਭਲੀ ਤੁਹਿ ਕ੍ਰਿਯਾ ਸਿਖੈਹੈ॥ ਰਾਜ ਜੋਗ ਬੈਠੇ ਗ੍ਰਿਹਿ ਪੈਹੈ॥ ੮॥**

ਇਹਦੇ ਨਾਲ ਮਿੱਤਰਾਂ ਵਾਲਾ ਸਲੂਕ ਕਰੋ ਅਤੇ ਇਸ ਨੂੰ ਦਾਨ ਦੇਵੋ। ਇਹ ਤੁਹਾਨੂੰ ਬਹੁਤ ਚੰਗੀਆਂ ਭੁਗਤੀਆਂ ਜੁਗਤੀਆਂ ਅਤੇ ਵਿੱਧੀਆਂ ਦੇਣਗੇ ਅਤੇ ਕਈ ਪ੍ਰਕਾਰ ਦੀਆਂ ਕਿਰਆਵਾਂ ਸਿਖਾਉਣਗੇ ਅਤੇ ਤੁਸੀਂ ਘਰ ਵਿਚ ਬੈਠੇ ਹੀ ਰਾਜ ਯੋਗ ਪਾਓਗੇ"॥੮॥

**ਨ੍ਰਿਪ ਏ ਬਚਨ ਸੁਨਤ ਪਗ ਪਰਾ॥ ਮਿਤ੍ਰਾਚਾਰ ਤਵਨ ਸੰਗ ਕਰਾ॥**
**ਤਾਹਿ ਮਛਿੰਦ੍ਰਾ ਨਾਥ ਪਛਾਨਜੋ॥ ਮੂਰਖ ਭੇਵ ਅਭੇਵ ਨ ਜਾਨਜੋ॥ ੯॥**

ਪਦ ਅਰਥ - ਪਗ ਪਰਾ=ਪੈਰੀਂ ਪੈ ਗਿਆ। ਮਿਤ੍ਰਾਚਾਰ=ਮਿੱਤਰਤਾ।

ਰਾਜਾ ਇਹ ਸੁਣਕੇ ਉਸ ਦੇ ਚਰਨਾਂ ਵਿਚ ਢਹਿ ਪਿਆ ਅਤੇ ਉਸਨੇ ਉਹਦੇ ਨਾਲ ਮਿੱਤਰਾਂ ਵਾਲਾ ਵਰਤਾਓ ਕੀਤਾ। ਉਸ ਨੂੰ ਮਛੰਦਰ ਨਾਥ ਮੰਨ ਲਿਆ ਅਤੇ ਮੂਰਖ ਸੱਚ ਨ ਪਛਾਣ ਸਕਿਆ॥੯॥

**ਬਹੁ ਬਿਧਿ ਤਨ ਪੂਜਾ ਤਿਹ ਕਰੈ॥ ਬਾਰੰਬਾਰ ਪਾਇ ਪਸੁ ਪਰੈ॥**
**ਤਾਹਿ ਸਹੀ ਰਿਖਿਰਾਜ ਪਛਾਨਾ॥ ਸ੍ਰੁਤਿ ਬਚਨ ਤ੍ਰਿਯ ਕੌ ਕਰਿ ਜਾਨਾ॥ ੧੦॥**

ਉਸ ਦੀ ਚੰਗੀ ਤਰ੍ਹਾਂ ਪੂਜਾ ਕਰਨ ਲੱਗਾ ਅਤੇ ਬਾਰ ਬਾਰ ਉਹ ਮੂਰਖ ਉਸ ਦੇ ਪੈਰੀਂ ਪੈਣ ਲੱਗਾ। ਸਖੀਆਂ ਅਤੇ ਦਾਸੀਆਂ ਨੇ ਵੀ ਰਾਣੀ ਦੀ ਗੱਲ ਨੂੰ ਸੱਚ ਮੰਨ ਕੇ ਉਸ ਨੂੰ ਜੋਗੀਰਾਜ ਹੀ ਸਮਝਿਆ॥੧੦॥

**ਤਾਹਿ ਮਛਿੰਦਰ ਕਰਿ ਠਹਰਾਯੋ।। ਤ੍ਰਿਯ ਕਹ ਸੌਂਪਿ ਤਾਹਿ ਉਠਿ ਆਯੋ।।**
**ਵਹ ਤਾਸੌ ਨਿਤਿ ਭੋਗ ਕਮਾਵੈ।। ਮੂਰਖ ਬਾਤ ਨ ਰਾਜਾ ਪਾਵੈ।।੧੧।।**

ਉਸ ਨੂੰ ਮਛੰਦਰ ਨਾਥ ਮੰਨ ਕੇ ਰਾਜਾ ਉਸ ਨੂੰ ਆਪਣੀ ਇਸਤਰੀ ਨੂੰ ਸੌਂਪ ਕੇ ਚਲੇ ਗਿਆ। ਉਹ ਰੋਜ਼ ਉਸ ਨਾਲ ਭੋਗ ਬਿਲਾਸ ਕਰਨ ਲੱਗਾ, ਪਰ ਮੂਰਖ ਰਾਜਾ ਇਸ ਤੱਥ ਨੂੰ ਨਹੀਂ ਸਮਝ ਰਿਹਾ ਸੀ।।੧੧।।

**ਇਹ ਛਲ ਸਾਥ ਜਾਰ ਭਜਿ ਗਯੋ।। ਅਤਿ ਬਿਸਮੈ ਰਾਜਾ ਕੌ ਭਯੋ।।**
**ਤਬ ਰਾਨੀ ਰਾਜਾ ਢਿਗ ਆਈ।। ਜੋਰਿ ਹਾਥ ਅਸ ਬਿਨੈ ਸੁਨਾਈ।। ੧੨।।**

ਪਦ ਅਰਥ – ਬਿਸਮੈ=ਹੈਰਾਨੀ। ਢਿਗ=ਪਾਸ। ਹਾਥ=ਹੱਥ। ਬਿਨੈ ਸੁਨਾਈ=ਬੇਨਤੀ ਕੀਤੀ।

ਇਹ ਚਲਿੱਤਰ ਕਰਕੇ ਬਾਅਦ ਵਿਚ ਉਹ ਯਾਰ ਭੱਜ ਗਿਆ। ਤਦ ਰਾਜੇ ਨੂੰ ਬਹੁਤ ਹੈਰਾਨੀ ਹੋਈ। ਫਿਰ ਰਾਣੀ ਰਾਜੇ ਕੋਲ ਗਈ ਅਤੇ ਹੱਥ ਜੋੜ ਕੇ ਉਸ ਪ੍ਰਾਰਥਨਾਂ ਕੀਤੀ।।੧੨।।

**ਜਿਨ ਨ੍ਰਿਪ ਰਾਜ ਆਪਨਾ ਤਜਾਗਾ।। ਜੋਗ ਕਰਨ ਕੇ ਰਸ ਅਨੁਰਾਗਾ।।**
**ਸੋ ਤੇਰੀ ਪਰਵਾਹਿ ਨ ਰਾਖੈ।। ਇਮਿ ਰਾਨੀ ਰਾਜਾ ਤਨ ਭਾਖੈ।।੧੩।।**

ਫਿਰ ਰਾਣੀ ਰਾਜੇ ਨੂੰ ਇਸ ਤਰ੍ਹਾਂ ਕਹਿਣ ਲੱਗੀ," ਜਿਸ ਰਾਜੇ ਨੇ ਆਪਣਾ ਰਾਜ ਤਕ ਤਿਆਗ ਦਿੱਤਾ ਅਤੇ ਜੋਗੀ ਬਣ ਗਿਆ ਉਹ ਤੁਹਾਡੀ ਪ੍ਰਵਾਹ ਨਹੀਂ ਕਰੇਗਾ"।।੧੩।।

**ਸੱਤਿ ਸੱਤਿ ਤਬ ਰਾਜਾ ਬਖਾਨਾ।। ਤਾਕੋ ਦਰਸ ਸਫਲ ਕਰਿ ਮਾਨਾ।।**
**ਭੇਦ ਅਭੇਦ ਜੜ੍ਹ ਕਛੂ ਨ ਪਾਯੋ।। ਤ੍ਰਿਯ ਸੰਗ ਚੌਗੁਨ ਨੇਹ ਬਢਾਯੋ।। ੧੪।। ੧।।**

ਪਦ ਅਰਥ – ਬਖਾਨਾ=ਬੋਲਿਆ। ਦਰਸ=ਦਰਸ਼ਨ। ਚੌਗੁਨ=ਚੌਗਣਾ।

ਰਾਜੇ ਨੇ ਉਸ ਨੂੰ 'ਸੱਚ ਸੱਚ' ਕਿਹਾ ਅਤੇ ਉਸ ਦੇ ਦਰਸ਼ਨਾਂ ਨੂੰ ਹੀ ਆਪਣੇ ਧੰਨ ਭਾਗ ਸਮਝਿਆ। ਉਹ ਮੂਰਖ ਭੇਤ ਅਭੇਤ ਕੁਝ ਨਹੀਂ ਸਮਝਿਆ ਅਤੇ ਰਾਣੀ ਨਾਲ ਚਾਰ ਗੁਣਾਂ ਪਿਆਰ ਵੱਧਾ ਲਿਆ।।੧੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਪਛੱਤਰਹਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੫।।੫੩੧੫।।ਅਫਜੂੰ।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਪੰਛੱਤਰਵੀਂ ਕਥਾ ਸਮਾਪਤ।।੨੭੫।।੫੩੧੫।।

# ਚਲਿੱਤਰ ਦੋ ਸੌ ਛਿਹੱਤਰਵਾਂ

## ਕਥਾ ਰੁਦਰ ਮਤੀ

**ਚੌਪਈ।। ਸ਼ੰਕ੍ਰਾਵਤੀ ਨਗਰ ਇਕ ਰਾਜਤ।। ਜਨੁ ਸ਼ੰਕਰ ਕੇ ਲੋਕ ਬਿਰਾਜਤ।।**
**ਸ਼ੰਕਰਸੈਨ ਤਹਾ ਕੋ ਰਾਜਾ।। ਜਾ ਸਮ ਦੁਤਿਯ ਨ ਬਿਧਨਾ ਸਾਜਾ।। ੧।।**

ਪਦ ਅਰਥ - ਰਾਜਤ=ਸੋਭਦਾ ਸੀ। ਬਰਾਜਤ=ਬਰਾਜਮਾਨ ਸੀ। ਬਿਧਨਾ=ਵਿਧਾਤਾ। ਸਾਜਾ= ਪੈਦਾ ਕੀਤਾ।

ਸ਼ੰਕਰ ਵਤੀ ਨਾਮੀਂ ਇਕ ਸੁੰਦਰ ਨਗਰ ਸੀ ਜਿਹੜਾ ਏਨਾ ਆਲੀਸ਼ਾਨ ਸੀ ਕਿ ਮਾਨੋਂ ਸ਼ੰਕਰ ਦਾ ਹੀ ਸਵਰਗਲੋਕ ਹੋਵੇ। ਸ਼ੰਕਰ ਸੈਨ ਉੱਥੋਂ ਦਾ ਰਾਜਾ ਸੀ ਜਿਸ ਨੂੰ ਵਿਧਾਤਾ ਨੇ ਵਚਿੱਤਰ ਰੂਪ ਬਖਸ਼ਿਆ ਸੀ।।੧।।

**ਸ਼ੰਕਰ ਦੇ ਤਾਕੀ ਬਰ ਨਾਰੀ।। ਜਨੁਕ ਆਪੁ ਜਗਦੀਸ ਸਵਾਰੀ।।**
**ਰੁਦ੍ਰਮਤੀ ਦੁਹਿਤਾ ਤਿਹਂ ਸੋਹੈ।। ਸੁਰ ਨਰ ਨਾਗ ਅਸੁਰ ਮਨ ਮੋਹੈ।। ੨।।**

ਪਦ ਅਰਥ - ਬਰ ਨਾਰੀ=ਸ਼੍ਰੇਸ਼ਟ ਇਸਤਰੀ। ਜਗਦੀਸ=ਪਰਮਾਤਮਾ। ਦੁਹਿਤਾ=ਪੁੱਤਰੀ। ਮਨ ਮੋਹੈ=ਮਨ ਮੋਹਦੀ ਸੀ।

ਸ਼ੰਕਰ ਦੇਵੀ ਉਸ ਦੀ ਸ੍ਰੇਸ਼ਟ ਰਾਣੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਪਰਮਾਤਮਾ ਨੇ ਖੁਦ ਬਣਾਈ ਹੋਵੇ। ਉਸ ਦੀ ਪੁੱਤਰੀ ਦਾ ਨਾਂ ਰੁਦਰਮਤੀ ਸੀ ਜਿਹੜੀ ਏਨੀ ਰੂਪਵੰਤ ਸੀ ਕਿ ਦੇਵ-ਦਾਨਵ ਨਰ ਨਾਗ ਸਭ ਦਾ ਮਨ ਮੋਹਦੀ ਸੀ।।੨।।

**ਤਹਾਂ ਛਬੀਲ ਦਾਸ ਥੋ ਛੱਤ੍ਰੀ।। ਰੂਪਵਾਨ ਛਬਿ ਮਾਨ ਅਤਿ ਅੱਤ੍ਰੀ।।**
**ਤਾਂ ਪਰ ਅਟਕ ਕੁਅਰਿ ਕੀ ਭਈ।। ਆਠ ਟੂਕ ਵਾ ਪਰ ਹ੍ਵੈ ਗਈ।। ੩।।**

ਪਦ ਅਰਥ - ਛੱਤ੍ਰੀ=ਖੱਤਰੀ। ਛਬਿ ਮਾਨ=ਸੁੰਦਰ ਸ਼ਕਲ।

ਉੱਥੇ ਛਬੀਲ ਦਾਸ ਖੱਤਰੀ ਰਹਿੰਦਾ ਸੀ ਜਿਹੜਾ ਬਹੁਤ ਖੂਬਸੂਰਤ ਸੀ। ਰਾਜ ਕੁਮਾਰੀ ਉਸ ਤੇ ਮੋਹਿਤ ਹੋ ਗਈ ਅਤੇ ਅੱਠ ਟੋਟੇ ਹੋ ਕੇ ਉਸ ਤੋਂ ਬਲਿਹਾਰ ਹੋ ਗਈ।।੩।।

**ਦੋਹਰਾ।। ਲਗਨ ਨਿਗੋਡੀ ਲਗਿ ਗਈ ਛੂਟਤ ਛੁਟਾਈ ਨਾਹਿ।।**
**ਮੱਤ ਭਈ ਜਨੁ ਮਦ ਪੀਆ ਮੋਹਿ ਰਹੀ ਮਨ ਮਾਹਿ।। ੪।।**

ਇਹ ਚੰਦਰਾ ਇਸ਼ਕ ਜਿਥੇ ਇੱਕ ਵਾਰ ਲੱਗ ਜਾਏ ਫਿਰ ਹਟਾਇਆਂ ਵੀ ਹੱਟਦਾ ਨਹੀਂ। ਉਹ ਇਕ ਸ਼ਰਾਬੀ ਵਾਂਗ ਮਦਮਸਤ ਹੋ ਗਈ ਅਤੇ ਉਸ ਦੇ ਪਿਆਰ ਵਿਚ ਖੀਵੀ ਹੋ ਗਈ।।੪।।

Namdhari Elibrary NamdhariElibrary@gmail.com

ਚੌਪਈ।। ਏਕ ਸਹਚਰੀ ਤਹਾਂ ਪਠਾਈ।। ਚਿਤ ਜੁ ਹੁਤੀ ਕਹਿ ਤਾਹਿ ਸੁਨਾਈ।।
ਸੋ ਚਲਿ ਸਖੀ ਸਜਨ ਪਹਿ ਗਈ।। ਬਹੁ ਬਿਧਿ ਤਾਹਿ ਪ੍ਰਬੋਧਤ ਭਈ।। ੫।।

ਉਸਨੇ ਇਕ ਦਾਸੀ ਨੂੰ ਉਸ ਪਾਸ ਭੇਜਿਆ ਅਤੇ ਆਪਣੇ ਮਨ ਦੀ ਸਾਰੀ ਗੱਲ ਉਸ ਨੂੰ ਦੱਸੀ। ਉਹ ਦਾਸੀ ਉਸ ਦੇ ਮਿੱਤਰ ਪਾਸ ਪੁੱਜੀ ਅਤੇ ਕਈ ਪ੍ਰਕਾਰ ਦੀਆਂ ਉਸ ਨਾਲ ਗੱਲਾਂ ਕਰਕੇ ਉਸ ਨੂੰ ਸਮਝਾਉਣ ਲੱਗੀ।।੫।।

ਅੜਿੱਲ।। ਤਬੈ ਛਬੀਲੋ ਛੈਲ ਤਹਾਂ ਚਲਿ ਆਇਯੋ।।
ਰਮਯੋ ਤਰੁਨ ਬਹੁ ਭਾਂਤਿ ਕੁਅਰਿ ਸੁਖ ਪਾਇਯੋ।।
ਲਪਟਿ ਲਪਟਿ ਤਰ ਜਾਇ ਪਿਯਰਵਹਿ ਭੁਜਨ ਭਰਿ।।
ਹੋ ਦ੍ਰਿੜ ਆਸਨ ਦੈ ਰਹਯੋ ਨ ਇਤ ਉਤ ਜਾਤਿਟਰਿ।। ੬।।

ਪਦ ਅਰਥ - ਛਬੀਲੋ=ਛੈਲ ਛਬੀਲਾ, ਗਭਰੂ। ਕੁਅਰਿ=ਕੁਮਾਰੀ। ਲਪਟਿ ਪਲਟਿ=ਲਿਪਟ ਲਿਪਟ ਕੇ। ਪਿਯਰਵਹਿ=ਪਿਆਰੇ।

ਫਿਰ ਉਹ ਛੈਲ ਛਬੀਲਾ ਛਬੀਲ ਦਾਸ ਉਸ ਦੇ ਘਰ ਆ ਗਿਆ ਅਤੇ ਰਾਜ ਕੁਮਾਰੀ ਨੇ ਕਈ ਭਾਂਤ ਉਸ ਨਾਲ ਰਮਣ ਕਰਕੇ ਸੁਖ ਪ੍ਰਾਪਤ ਕੀਤਾ। ਆਪਣੇ ਪਿਆਰੇ ਨੂੰ ਉਹ ਆਪਣੀਆਂ ਬਾਹਾਂ ਵਿਚ ਬਾਰ ਬਾਰ ਘੁੱਟਦੀ ਸੀ। ਉਸ ਵੀ ਬੜੀ ਦ੍ਰਿੜਤਾ ਨਾਲ ਆਸਣ ਬਣਾਇਆ ਹੋਇਆ ਸੀ ਅਤੇ ਇੱਧਰ ਉੱਧਰ ਰਤਾ ਭਰ ਵੀ ਹਿੱਲ ਨਹੀਂ ਰਿਹਾ ਸੀ।।੬।।

ਦੋਹਰਾ।। ਏਕ ਸੁਘਰ ਦੂਜੇ ਤਰੁਨਿ ਤ੍ਰਿਤੀਏ ਸੁੰਦਰ ਮੀਤ।।
ਬਸਯੋ ਰਹਤ ਨਿਸ ਦਿਨ ਸਦਾ ਪਲ ਪਲ ਚਿਤ ਜਿਮਿ ਚੀਤਿ।।੭।।

ਪਦ ਅਰਥ - ਸੁਘਰ=ਸੁਘੜ, ਅਕਲਮੰਦ, ਚੱਤਰ। ਤਰੁਨਿ=ਜਵਾਨ। ਚੀਤ=ਚਿੱਤ।

ਇਕ ਤਾਂ ਸੁੱਘਰ, ਦੂਸਰਾ ਨੌਜਵਾਨ ਅਤੇ ਤੀਸਰਾ ਉਹ ਬਹੁਤ ਸੁੰਦਰ ਸੀ। ਉਹ ਹਰ ਪੱਲ ਉਸ ਦੇ ਦਿਲ ਵਿਚ ਵਸਦਾ ਜਾਂਦਾ ਸੀ।।੭।।

ਚੌਪਈ।। ਇਕ ਦਿਨ ਮਿਤਿ ਇਮਿ ਬਚਨ ਬਖਾਨਾ।। ਤਵ ਪਿਤ ਕੇ ਹੌ ਤ੍ਰਾਸ ਤ੍ਰਸਾਨਾ।।
ਜੌ ਤੁਹਿ ਭਜਤ ਨ੍ਰਿਪਤਿ ਮੁਹਿ ਪਾਵੈ।। ਪਕਰਿ ਕਾਲ ਕੇ ਧਾਮ ਪਠਾਵੈ।। ੮।।

ਇਕ ਦਿਨ ਉਸ ਦੇ ਮਿੱਤਰ ਨੇ ਕਿਹਾ ਕਿ ਤੁਹਾਡੇ ਪਿਤਾ ਦੇ ਡਰ ਕਰਕੇ ਮੈਂ ਬਹੁਤ ਭੈਭੀਤ ਹਾਂ। ਤੁਹਾਡੇ ਨਾਲ ਰਮਣ ਕਰਦੇ ਨੂੰ ਜੇ ਰਾਜੇ ਮੈਨੂੰ ਫੜ ਲਿਆ ਤਾਂ ਝਟ ਜਮਲੋਕ ਪਹੁੰਚਾ ਦੇਵੇਗਾ।।੮।।

ਬਿਹਸਿ ਕੁਅਰਿ ਅਸ ਤਾਹਿ ਬਖਾਨਾ।। ਤੈ ਇਸਤ੍ਰਿਨ ਕੇ ਚਰਿਤ ਨ ਜਾਨਾ।।

ਪੁਰਖ ਭੇਖ ਤੁਹਿ ਸੇਜ ਬੁਲਾਊ।। ਤੌ ਮੈਂ ਤੁਮਰੀ ਯਾਰ ਕਹਾਊਂ।। ੯।।

ਤਦ ਰਾਜ ਕੁਮਾਰੀ ਨੇ ਹੱਸ ਕੇ ਕਿਹਾ ਕਿ ਤੁਸੀਂ ਇਸਤਰੀਆਂ ਦੇ ਚਲਿੱਤਰਾਂ ਨੂੰ ਨਹੀਂ ਜਾਣਦੇ। ਪੁਰਖ ਭੇਸ ਵਿਚ ਹੀ ਮੈਂ ਤੈਨੂੰ ਆਪਣੀ ਸੇਜ ਤੇ ਬੁਲਾਵਾਂਗੀ ਅਤੇ ਫਿਰ ਤੇਰੀ ਸੱਚੀ ਪ੍ਰੇਮਕਾ ਕਹਾਵਾਂਗੀ।। ੯ ।।

ਰੋਮਨਾਸਨੀ ਤਾਹਿ ਲਗਾਈ।। ਸਕਲ ਸਮਸ ਤਿਹ ਦੂਰਿ ਕਰਾਈ।।
ਕਰ ਮਹਿ ਤਾਂਹਿ ਤੰਬੂਰਾ ਦੀਯਾ।। ਗਾਇਨ ਭੇਸ ਸਜਨ ਕੋ ਕੀਯਾ।। ੧੦।।

ਪਦ ਅਰਥ - ਰੋਮਨਾਸਨੀ=ਬਾਲ ਸਫਾ ਦਵਾਈ। ਸਕਲ ਸਮਸ=ਸਾਰੀਆਂ ਮੁੱਛਾਂ। ਦੂਰ ਕਰਾਈ=ਸਾਫ ਕਰਵਾ ਦਿੱਤੀਆਂ। ਗਾਇਨ ਭੇਸ=ਗਾਉਣ ਵਾਲੀ ਦਾ ਰੂਪ।

ਬਾਲ ਸਫਾ ਉਸ ਦਵਾਈ ਮੰਗਵਾਈ ਅਤੇ ਉਸ ਦੀ ਮੁਛਾਂ ਨੂੰ ਲਾਕੇ, ਮੁਛਾਂ ਸਾਫ ਕਰ ਦਿੱਤੀਆਂ। ਉਸ ਦੇ ਹੱਥ ਵਿਚ ਤੰਬੂਰਾ ਫੜਾਇਆ ਅਤੇ ਸਜਨ ਨੂੰ ਇਕ ਗਾਉਣ ਵਾਲੀ ਬਣਾ ਦਿੱਤਾ।। ੧੦।।

ਪਿਤਿ ਬੈਠੇ ਤਿਹ ਬੋਲਿ ਪਠਾਯੋ।। ਭਲੇ ਭਲੇ ਗੀਤਾਨ ਗਵਾਯੋ।।
ਸੁਨਿ ਧੁਨਿ ਨਾਦ ਰੀਝਿ ਨ੍ਰਿਪ ਰਹਿਯੋ।। ਭਲੀ ਭਲੀ ਗਾਇਨ ਇਹ ਕਹਿਯੋ।। ੧੧।।

ਫਿਰ ਉਸ ਆਪਣੇ ਪਿਤਾ ਨੂੰ ਬੁਲਾ ਲਿਆ ਅਤੇ ਸੁੰਦਰ ਸੁੰਦਰ ਭਜਨ ਅਤੇ ਗੀਤ ਸੁਣਾਏ। ਸੰਗੀਤ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਉਸ ਦੇ ਗਾਇਨ ਦੀ ਸ਼ਲਾਘਾ ਕਰਨ ਲੱਗਾ।। ੧੧।।

ਸ਼ੰਕਰ ਦੇ ਇਹ ਭਾਂਤਿ ਉਚਾਰੀ। ਸੁਨ ਗਾਇਨ ਤੈਂ ਬਾਤ ਹਮਾਰੀ।।
ਪੁਰਖ ਭੇਸ ਧਰਿ ਤੁਮ ਨਿਤਿ ਐਯਹੁ।। ਇਹ ਠਾਂ ਗੀਤਿ ਮਧੁਰਿ ਧੁਨਿ ਗੈਯਹੁ।। ੧੨।।

ਰਾਜਾ ਸ਼ੰਕਰ ਦੇਵ ਕਹਿਣ ਲੱਗਾ ਕਿ ਹੇ ਗਾਇਕ ! ਮੇਰੀ ਇਕ ਗੱਲ ਸੁਣ। ਤੁਸੀਂ ਪੁਰਖ ਭੇਸ ਧਾਰ ਕੇ ਰੋਜ਼ ਇੱਥੇ ਆਇਆ ਕਰੋ ਅਤੇ ਸੁੰਦਰ ਧੁੰਨਾਂ ਅਤੇ ਗੀਤ ਸੁਣਾਇਆ ਕਰੋ।। ੧੨।।

ਯੌ ਸੁਨਿ ਪੁਰਖ ਭੇਸ ਤਿਨ ਧਰਾ।। ਪ੍ਰਾਚੀ ਦਿਸਾ ਚਾਂਦ ਜਨ ਚਰਾ।।
ਸਕਲ ਲੋਗ ਇਸਤ੍ਰੀ ਤਿਹ ਜਾਨੈ।। ਤ੍ਰਿਯਾ ਚਰਿੱਤ੍ਰ ਨ ਮੂੜ੍ਹ ਪਛਾਨੈ।। ੧੩।।

ਪਦ ਅਰਥ - ਪ੍ਰਾਚੀ=ਪੂਰਬ। ਚਰਾ=ਚੜ੍ਹਿਆ। ਮੂੜ੍ਹ=ਮੂਰਖ।

ਇਹ ਸੁਣ ਕੇ ਉਸ ਮਿੱਤਰ ਨੇ ਪੁਰਖ ਭੇਸ ਧਾਰਣ ਕਰ ਲਿਆ। ਹੁਣ ਉਹ ਇਸ ਤਰ੍ਹਾਂ ਲਗਿਆ ਜਿਵੇਂ ਕਿ ਪੂਰਬ ਵਾਲੇ ਪਾਸੇ ਚੰਦ ਚੜ੍ਹ ਪਿਆ ਹੋਵੇ। ਸਾਰੇ ਲੋਕ ਉਸ ਨੂੰ ਇਸਤਰੀ ਸਮਝ ਰਹੇ ਸਨ ਅਤੇ ਤਿਰੀਆ ਚਲਿੱਤਰ ਨੂੰ ਨਹੀਂ ਜਾਣ ਰਹੇ ਸਨ।। ੧੩।।

ਅੜਿੱਲ।। ਮਿੱਤ੍ਰ ਪੁਰਖ ਕੌ ਭੇਸ ਧਰੇ ਨਿਤ ਆਵਈ।।

ਆਨ ਕੁਅਰਿ ਸੌ ਕਾਮ ਕਲੋਲ ਕਮਾਵਈ।।
ਕੋਊ ਨ ਤਾਕਹ ਰੋਕਤ ਗਾਇਨ ਜਾਨਿਕੈ।।
ਹੋ ਤ੍ਰਿਯ ਚਰਿਤ੍ਰ ਕਹ ਮੂੜ੍ਹ ਨ ਸਕਹਿ ਪਛਾਨਿਕੈ।। ੧੪।।

ਉਹ ਮਿੱਤਰ ਮਨੁੱਖੀ ਬਾਣਾ ਪਾਕੇ ਰੋਜ਼ ਆਉਂਦਾ ਸੀ ਅਤੇ ਆਕੇ ਰਾਜਕੁਮਾਰੀ ਨਾਲ ਰਮਣ ਕਰਿਆ ਕਰਦਾ ਸੀ। ਸਾਰੇ ਉਸ ਨੂੰ ਗਾਇਕ ਸਮਝਕੇ ਨਹੀਂ ਰੋਕਦੇ ਸਨ ਅਤੇ ਇਸਤਰੀ ਦੇ ਚਲਿੱਤਰ ਨੂੰ ਨਹੀਂ ਪਛਾਣ ਰਹੇ ਸਨ।।੧੪।।

ਦੋਹਰਾ।। ਇਹ ਛਲ ਸੌ ਤਾਸੌ ਸਦਾ ਨਿਸੁ ਦਿਨ ਕਰਤ ਬਿਹਾਰ।।
ਦਿਨ ਦੇਖਤ ਸਭ ਕੋ ਛਲੈ ਕੋਊ ਨ ਸਕੈ ਬਿਚਾਰ।। ੧੫।।

ਇਸ ਚਲਿੱਤਰ ਨਾਲ ਉਹ ਰਾਤ ਦਿਨ ਉਸ ਨਾਲ ਭੋਗ ਕਰਦੀ ਸੀ ਅਤੇ ਦਿਨ ਦਿਹਾੜੇ ਉਹ ਸਾਰਿਆਂ ਨੂੰ ਛਲ ਜਾਂਦਾ ਸੀ। ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਇਥੇ ਕੋਈ ਮਾੜਾ ਕਰਮ ਵੀ ਹੋ ਰਿਹਾ ਹੈ।।੧੫।।

ਚੌਪਈ।।ਸ਼ੰਕਰ ਦੇਵ ਨ ਤਾਹਿ ਪਛਾਨੈ।।ਦੁਹਿਤਾ ਕੀ ਗਾਇਨ ਤਿਹ ਮਾਨੈ।।
ਅਤਿ ਸਜਾਨਪ ਤੇ ਕੈਫਨ ਖਾਵੈ।। ਮਹਾਂ ਮੂੜ ਨਿਤਿ ਮੂੰਡ ਮੁੰਡਾਵੈ।। ੧੬।।

ਸ਼ੰਕਰ ਦੇਵ ਉਸ ਨੂੰ ਪਛਾਣ ਨਹੀਂ ਸਕਿਆ ਅਤੇ ਲੜਕੀ ਦੀ ਗਾਇਕਾ ਹੀ ਸਮਝਦਾ ਰਿਹਾ। ਅਤਿ ਚੱਤਰਤਾ ਨਾਲ ਉਹ ਨਸ਼ੀਲੇ ਪਦਾਰਥ ਖਾਂਦਾ ਸੀ ਅਤੇ ਉਸ ਮਹਾਂ ਮੂਰਖ ਨੂੰ ਕੁਝ ਪਤਾ ਨਹੀਂ ਲੱਗਦਾ ਸੀ।।੧੬।।

ਕਹਾ ਭਯੋ ਜੋ ਚਤੁਰ ਕਹਾਇਸਿ।। ਭੂਲਿ ਭਾਂਗ ਭੌਦੂ ਨ ਚੜ੍ਹਾਇਸਿ।।
ਅਮਲੀ ਭਲੋ ਖਤਾ ਜੁ ਨ ਖਾਵੈ।।ਮੂੰਡ ਮੂੰਡ ਸੋਫਿਨ ਕੋ ਜਾਵੈ।।੧੭।।

ਪਦ ਅਰਥ – ਭੌਦੂ=ਮੂਰਖ। ਭੂਲਿ=ਭੁਲ ਕੇ ਵੀ। ਅਮਲੀ ਭਲੋ=ਅਮਲੀ ਚੰਗਾ ਹੈ। ਖਤਾ=ਧੋਖਾ।

ਕੀ ਹੋਇਆ ਜੇ ਉਹ ਆਪਣੇ ਆਪ ਨੂੰ ਚਾਤਰ ਕਹਾਉਂਦਾ ਸੀ ਅਤੇ ਭੁਲ ਕੇ ਕਿਤੇ ਭੰਗ ਨਹੀਂ ਪੀਂਦਾ ਸੀ, ਪਰ ਉਸ ਨਾਲੋਂ ਤਾਂ ਇਕ ਸ਼ਰਾਬੀ ਚੰਗਾ ਹੈ ਜਿਹੜਾ ਧੋਖਾ ਨਹੀਂ ਖਾਂਦਾ ਅਤੇ ਸੋਫੀਆਂ ਨੂੰ ਠੱਗ ਕੇ ਖਾਂਦਾ ਹੈ।।੧੭।।

ਸ਼ੰਕਰ ਸੈਨ ਨ੍ਰਿਪਹਿ ਅਸ ਛਲਾ।। ਕਹ ਕਿਯ ਚਰਿਤ ਸ਼ੰਕਰਾ ਕਲਾ।।
ਤਿਹ ਗਾਇਨ ਕੀ ਦੁਹਿਤਾ ਗਨਿਯੋ।। ਮੂਰਖ ਭੇਦ ਅਭੇਦ ਨ ਜਨਿਯੋ।। ੧੮।। ੧।।

ਸ਼ੰਕਰ ਸੈਨ ਰਾਜੇ ਨੂੰ ਉਸ ਇਸ ਢੰਗ ਨਾਲ ਹੀ ਛਲਿਆ ਅਤੇ ਇਸ ਤਰ੍ਹਾਂ ਰੁਦਰ ਕਲਾ

ਨੇ ਚਲਿੱਤਰ ਖੇਡਿਆ। ਰਾਜਾ ਪੁੱਤਰੀ ਦੇ ਮਿੱਤਰ ਨੂੰ ਉਸ ਦੀ ਗਾਇਕਾ ਸਮਝ ਬੈਠਾ ਅਤੇ ਕੋਈ ਵੀ ਭੇਤ ਅਭੇਤ ਨ ਸਮਝ ਸਕਿਆ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੈ ਛਿਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੭੬॥੫੩੩੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਛਿਹੱਤਰਵੀਂ ਕਥਾ ਸਮਾਪਤ॥੨੭੬॥੫੩੩੩॥ ਚਲਦਾ॥

# ਚਲਿੱਤਰ ਦੋ ਸੌ ਸਤੱਤਰਵਾਂ

## ਕਥਾ ਸੌਂਕਣ

**ਅੜਿੱਲ॥ ਸ਼ਹਿਰ ਮੁਰਾਦਾਬਾਦ ਮੁਗਲ ਕੀ ਚੰਚਲਾ॥**
**ਹੀਨ ਕਰੀ ਜਿਹ ਰੂਪ ਚੰਦ੍ਰਮਾਕੀ ਕਲਾ॥**
**ਰੂਪਮਤੀ ਤਾਕੇ ਸਮ ਸੋਈ ਜਾਨਿਯੈ॥**
**ਹੋ ਤਿਹ ਸਮਾਨ ਤਿਹੁ ਲੋਕ ਨ ਔਰ ਪ੍ਰਮਾਨਿਯੈ॥ ੧॥**

ਪਦ ਅਰਥ - ਚੰਚਲਾ=ਇਸਤਰੀ। ਹੀਨ=ਘਟੀਆ।

ਮੁਰਾਦਾਬਾਦ ਸ਼ਹਿਰ ਵਿਚ ਇੱਕ ਮੁਗਲ ਦੀ ਇਸਤਰੀ ਸੀ। ਉਸ ਵਰਗੀ ਸੁੰਦਰ ਉਹ ਆਪ ਹੀ ਸੀ ਅਤੇ ਤਿੰਨਾਂ ਲੋਕਾਂ ਵਿਚ ਹੋਰ ਕੋਈ ਇਸਤਰੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀ ਸੀ॥੧॥

**ਚੌਪਈ॥ ਦੂਸਰਿ ਏਕ ਤਿਸੀ ਕੀ ਨਾਰੀ॥ ਤਿਹ ਸਮ ਹੋਤ ਨ ਤਾਹਿ ਪਿਯਾਰੀ॥**
**ਤਿਨ ਇਹ ਜਾਨਿ ਰੋਸ ਜਿਯ ਠਾਨੋ॥ ਔਰ ਪੁਰਖ ਸੰਗ ਕੀਯਾ ਯਰਾਨੋ॥ ੨॥**

ਪਦ ਅਰਥ - ਰੋਸ ਜਿਯ ਠਾਨੋ=ਦਿਲ ਵਿਚ ਗੁੱਸਾ ਕੀਤਾ। ਯਰਾਨੋ=ਦੋਸਤੀ।

ਉਸ ਦੀ ਇੱਕ ਹੋਰ ਇਸਤਰੀ ਸੀ ਪਰ ਉਹ ਉਸ ਨੂੰ ਉਸ ਵਾਂਗ ਪਿਆਰੀ ਨਹੀਂ ਸੀ। ਦੂਸਰੀ ਨੇ ਇਹ ਵੇਖਕੇ ਮਨ ਵਿਚ ਕ੍ਰੋਧ ਕੀਤਾ ਅਤੇ ਇਕ ਹੋਰ ਪੁਰਖ ਨਾਲ ਆਪਣੀ ਦੋਸਤੀ ਲਾ ਲਈ॥੨॥

**ਦੋਹਰਾ॥ ਜੈਸੇ ਵਾਂ ਤ੍ਰਿਯ ਕੀ ਹੁਤੀ ਸਵਤਿਨ ਕੀ ਅਨਹਾਰਿ॥**
**ਤੈਸੋ ਈ ਤਿਨ ਖੋਜਿ ਨਰ ਤਿਹ ਸੰਗ ਕੀਯਾ ਪਜਾਰ॥ ੩॥**

ਜਿਸ ਤਰ੍ਹਾਂ ਦੀ ਉਸ ਦੀ ਸੌਂਕਣ ਦੀ ਸ਼ਕਲ ਸੂਰਤ ਸੀ, ਉਸੇ ਮਹਾਂਦਰੇ ਦਾ ਇਕ ਮਰਦ ਲਭ ਕੇ ਉਸ ਨਾਲ ਪਿਆਰ ਪਾ ਲਿਆ॥੩॥

************************************************************

**ਚੌਪਈ।। ਤ੍ਰਿਯ ਇਕ ਦਿਨ ਤਿਹ ਧਾਮ ਬੁਲਾਇਸਿ।। ਕਾਮ ਕੇਲ ਤਿਹ ਸੰਗ ਕਮਾਇਸਿ।।**
**ਸਵਤਿਹ ਫਾਸਿ ਡਾਰਿ ਗਰ ਮਾਰਜੋ।। ਜਾਇ ਮੁਗਲ ਤਨ ਐਸ ਉਚਾਰਜੋ।। ੪।।**

ਪਦ ਅਰਥ - ਗਰ=ਗਲ। ਫਾਸਿ ਡਾਰਿ=ਫਾਂਸੀ ਪਾ ਕੇ।

ਉਸ ਇਸਤਰੀ ਨੇ ਇੱਕ ਦਿਨ ਉਸ ਨੂੰ ਆਪਣੇ ਘਰ ਬੁਲਾਇਆ ਅਤੇ ਉਸ ਨਾਲ ਭੋਗ ਬਿਲਾਸ ਕੀਤਾ। ਸੌਕਣ ਦੇ ਗਲ ਵਿਚ ਫਾਂਸੀ ਪਾ ਕੇ ਮਾਰ ਦਿੱਤੀ ਅਤੇ ਮੁਗਲ ਨੂੰ ਜਾਕੇ ਇਹ ਦੱਸਿਆ।।੪।।

**ਅਦਭੁਤ ਬਾਤ ਨਾਥ ਇਕ ਭਈ।। ਤੁਮਰੀ ਨਾਰ ਪੁਰਖੁ ਹ੍ਵੈ ਗਈ।।**
**ਐਸੀ ਬਾਤ ਸੁਨੀ ਨਹਿ ਹੇਰੀ।। ਜੋ ਗਤਿ ਭਈ ਨਾਰਿ ਕੀ ਤੇਰੀ।। ੫।।**

ਪਦ ਅਰਥ - ਅਦਭੁਤ=ਅਸਚਰਜ, ਹੈਰਾਨ ਜਨਕ। ਸੁਨੀ ਨਹਿ ਹੇਰੀ=ਸੁਣੀ ਨ ਵੇਖੀ।

"ਹੇ ਮਾਲਕ ! ਇੱਕ ਅਨੋਖੀ ਗੱਲ ਹੋਈ ਹੈ, ਤੁਹਾਡੀ ਇਸਤਰੀ ਮਰਦ ਬਣ ਗਈ ਹੈ। ਜੋ ਹਾਲਤ ਤੁਹਾਡੀ ਇਸਤਰੀ ਦੀ ਹੋਈ ਹੈ ਇਹੋ ਜੇਹੀ ਗੱਲ ਤੇ ਕਦੀ ਵੇਖਣ ਸੁਣਨ ਵਿਚ ਵੀ ਨਹੀਂ ਆਈ ਹੈ।।੫।।

**ਸੁਨਿ ਏ ਬਚਨ ਚਕ੍ਰਿਤ ਜੜ੍ਹ ਭਯੋ।। ਉਠਿ ਤਿਹ ਆਪੁ ਬਿਲੋਕਨ ਗਯੋ।।**
**ਤਾਕੇ ਲਿੰਗ ਛੋਰਿ ਜੌ ਲਹਾ।। ਕਹਜੋ ਭਯੋ ਜੋ ਮੁਹਿ ਤ੍ਰਿਯ ਕਹਾ।। ੬।।**

ਪਦ ਅਰਥ - ਚਕ੍ਰਿਤ=ਹੈਰਾਨ। ਬਿਲੋਕਨ=ਵੇਖਣ।

ਉਹ ਮੂਰਖ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਖੁਦ ਉਠਕੇ ਉਸ ਨੂੰ ਵੇਖਣ ਗਿਆ। ਜਦ ਉਸ ਦਾ ਲਿੰਗ ਖੁਲਵਾ ਕੇ ਵੇਖਿਆ ਤਾਂ ਜੋ ਇਸਤਰੀ ਨੇ ਕਿਹਾ ਸੀ, ਉਹ ਠੀਕ ਨਿਕਲਿਆ।।੬।।

**ਅਤਿ ਚਿੰਤਾਤੁਰ ਚਿਤ ਮਹਿ ਭਯੋ।। ਬੂਡਿ ਸ਼ੋਕ ਸਾਗਰ ਮਹਿ ਗਯੋ।।**
**ਐ ਇਲਾਹ ਤੈ ਇਹ ਕਸ ਕੀਨਾ।। ਇਸਤ੍ਰੀ ਕੌ ਮਾਨਸ ਕਰ ਦੀਨਾ।। ੭।।**

ਪਦ ਅਰਥ - ਬੂਡਿ=ਡੁੱਬ। ਸ਼ੋਕ ਸਾਗਰ=ਦੁਖ ਦੇ ਸਮੁੰਦਰ। ਮਾਨਸ=ਮਨੁੱਖ।

ਉਹ ਚਿੰਤਾਂ ਦੇ ਸਮੁੰਦਰ ਵਿਚ ਡੁੱਬ ਗਿਆ ਅਤੇ ਬਹੁਤ ਹੀ ਫਿਕਰਮੰਦ ਹੋਇਆ। ਉਹ ਕਹਿਣ ਲੱਗਾ," ਹੇ ਅੱਲਾਹ ਇਹ ਤੂੰ ਕੀ ਕੀਤਾ ਹੈ ਜੋ ਇਸਤਰੀ ਤੋਂ ਇਸਨੂੰ ਮਰਦ ਬਣਾ ਦਿੱਤਾ ਹੈ"।।੭।।

**ਯਹ ਮੋਕੋ ਥੀ ਅਧਿਕ ਪਿਯਾਰੀ।।ਅਬ ਇਹ ਦੈਵ ਪੁਰਖ ਕਰਿ ਡਾਰੀ।।**
**ਦੂਸਰ ਨਾਰਿ ਇਸੈ ਦੈ ਡਾਰੂੰ।। ਭੇਦ ਨ ਦੂਸਰ ਪਾਸ ਉਚਾਰੂੰ।। ੮।।**

ਇਹ ਤਾਂ ਮੇਰੀ ਬਹੁਤ ਪਿਆਰੀ ਇਸਤਰੀ ਸੀ ਅਤੇ ਇਸ ਨੂੰ ਹੁਣ ਰੱਬ ਨੇ ਪੁਰਖ ਬਣਾ ਦਿੱਤਾ ਹੈ। ਹੁਣ ਮੈਂ ਦੂਸਰੀ ਇਸਤਰੀ ਏਸੇ ਨੂੰ ਦੇ ਦੇਵਾਂ ਅਤੇ ਕਿਸੇ ਨੂੰ ਭੇਤ ਵੀ ਨ ਲੱਗਣ ਦੇਵਾਂ॥੮॥

**ਨਿਸਚੈ ਬਾਤ ਇਹੈ ਠਹਰਈ॥ ਪਹਿਲੀ ਨਾਰਿ ਤਿਸੈ ਲੈ ਦਈ॥**
**ਭੇਦ ਅਭੇਦ ਜੜ ਕਛੂ ਨ ਪਾਯੋ॥ ਇਹ ਛਲ ਅਪਨੋ ਮੂੰਡ ਮੁੰਡਾਯੋ॥ ੯॥**

ਉਸਨੇ ਇਹੋ ਨਿਸਚਾ ਕਰ ਲਿਆ ਅਤੇ ਪਹਿਲੀ ਇਸਤਰੀ ਉਸ ਨੂੰ ਦੇ ਦਿੱਤੀ। ਉਹ ਮੂਰਖ ਭੇਤ ਅਭੇਤ ਕੁਝ ਵੀ ਨ ਸਮਝ ਸਕਿਆ ਅਤੇ ਇਸ ਚਲਿੱਤਰ ਨਾਲ ਛਲਿਆ ਗਿਆ॥੯॥

**ਦੋਹਰਾ॥ ਪੁਰਖ ਭਈ ਨਿਜੁ ਨਾਰਿ ਲਹਿ ਤਾਂਹਿ ਦਈ ਨਿਜੁ ਨਾਰਿ॥**
**ਭੇਦ ਅਭੇਦ ਕੀ ਬਾਤ ਕੌ ਸਕਾ ਨ ਮੂੜ ਬਿਚਾਰਿ॥ ੧੦॥**

ਆਪਣੀ ਇਸਤਰੀ ਨੂੰ ਮਰਦ ਬਣਿਆ ਵੇਖ ਕੇ ਉਸ ਨੂੰ ਆਪਣੀ ਇਸਤਰੀ ਦੇ ਦਿੱਤੀ ਅਤੇ ਉਹ ਮੂਰਖ ਕੋਈ ਵੀ ਭੇਤ ਨ ਜਾਣ ਸਕਿਆ॥੧੦॥

**ਚੌਪਈ॥ ਇਸਤ੍ਰੀ ਪੁਰਖੁ ਭਈ ਠਹਿਰਾਈ॥ ਇਸਤ੍ਰੀ ਤਾਕਹ ਦਈ ਬਨਾਈ॥**
**ਦੁਤਿਯ ਨ ਪੁਰਖਹਿ ਭੇਦ ਜਤਾਯੋ॥ ਇਹ ਛਲ ਅਪਨੋ ਮੂੰਡ ਮੁੰਡਾਯੋ॥ ੧੧॥ ੧॥**

ਪਦ ਅਰਥ - ਦੁਤਿਯ=ਦੂਸਰੇ। ਜਤਾਯੋ=ਦਸਿਆ।

ਮੂਰਖ ਨੇ ਔਰਤ ਨੂੰ ਮਰਦ ਬਣਿਆ ਮੰਨ ਲਿਆ ਅਤੇ ਬਣਾ ਸਵਾਰ ਕੇ ਆਪਣੀ ਇਸਤਰੀ ਉਸ ਨੂੰ ਦੇ ਦਿੱਤੀ । ਹੋਰ ਕਿਸੇ ਵਿਅਕਤੀ ਨੂੰ ਇਸ ਬਾਰੇ ਨ ਦਸਿਆ ਅਤੇ ਇਸ ਤਰ੍ਹਾਂ ਛਲ ਨਾਲ ਠਗਿਆ ਗਿਆ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸਤਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੭੭॥੫੩੪੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਸਤੱਤਰਵੀਂ ਕਥਾ ਸਮਾਪਤ॥੨੭੭॥੫੩੪੪॥ਚਲਦਾ॥

## ਚਲਿੱਤਰ ਦੋ ਸੌ ਅਠੱਤਰਵਾਂ

## ਕਥਾ ਰੌਸ਼ਨ ਆਰਾ

**ਚੌਪਈ॥ ਸ਼ਹਰ ਜਹਾਨਾਬਾਦ ਬਸਤ ਜਹ॥ ਸ਼ਾਹਿਜਹਾਂ ਜੂ ਰਾਜ ਕਰਤ ਤਹ॥**
**ਦੁਹਿਤਾ ਰਾਇ ਰੌਸ਼ਨਾ ਤਾਕੇ॥ ਔਰ ਨਾਰਿ ਸਮ ਰੂਪ ਨ ਵਾਕੇ॥ ੧॥**

ਪਦ ਅਰਥ - ਬਸੰਤ ਜਹ=ਜਿਥੇ ਵੱਸਦਾ ਹੈ। ਰਾਜ ਕਰਤ ਤਹ=ਰਾਜ ਕਰਦਾ ਹੈ।

ਜਹਾਨਾਂਬਾਦ ਸ਼ਹਿਰ ਵਿਚ ਸ਼ਾਹਜਹਾਨ ਬਾਦਸ਼ਾਹ ਰਾਜ ਕਰਦਾ ਸੀ। ਉਸ ਦੀ ਪੁੱਤਰੀ ਦਾ ਨਾਂ ਰੌਸ਼ਨ ਆਰਾ ਸੀ ਜਿਸ ਵਰਗੀ ਹੋਰ ਕੋਈ ਵੀ ਸੁੰਦਰ ਇਸਤਰੀ ਨਹੀਂ ਸੀ।।੧।।

**ਸ਼ਾਹਿਜਹਾਂ ਜਬ ਹੀ ਮਰਿ ਗਏ।। ਔਰੰਗਸ਼ਾਹ ਪਾਤਿਸ਼ਾਹ ਭਏ।।**
**ਸੈਫਦੀਨ ਸੰਗ ਯਾਕੋ ਪਯਾਰਾ।। ਪੀਰ ਅਪਨ ਕਰਿ ਤਾਂਹਿ ਬਿਚਾਰਾ।। ੨।।**

ਜਦ ਸ਼ਾਹ ਜਹਾਨ ਮਰ ਗਿਆ ਅਤੇ ਔਰੰਗਜੇਬ ਬਾਦਸ਼ਾਹ ਬਣਿਆ ਤਾਂ ਰੌਸ਼ਨਆਰਾ ਦਾ ਪੀਰ ਸੈਫਦੀਨ ਨਾਲ ਪਿਆਰ ਹੋ ਗਿਆ, ਪਰ ਉਹ ਉਸ ਨੂੰ ਆਪਣਾ ਪੀਰ ( ਗੁਰੂ ) ਮੰਨਦੀ ਸੀ।।੨।।

**ਤਾਕੇ ਸੰਗ ਰੌਸ਼ਨਾ ਰਾਈ।। ਬਿਬਿਧ ਬਿਧਨ ਤਨ ਪ੍ਰੀਤੁਪਜਾਈ।।**
**ਕਾਮ ਭੋਗ ਤਿਹ ਸੰਗ ਕਮਾਯੋ।। ਤਾਹਿ ਪੀਰ ਅਪਨੋ ਠਹਿਰਾਯੋ।। ੩।।**

ਪਦ ਅਰਥ - ਬਿਬਿਧ=ਬਹੁਤ ਤਰ੍ਹਾਂ ਪ੍ਰੀਤੁ ਪਜਾਈ=ਪਿਆਰ ਕੀਤਾ।

ਰੌਸ਼ਨ ਆਰਾ ਨੇ ਉਸ ਨਾਲ ਕਈ ਢੰਗਾਂ ਨਾਲ ਪਿਆਰ ਕੀਤਾ। ਉਸ ਨਾਲ ਰਮਣ ਕੀਤਾ ਅਤੇ ਉਸ ਨੂੰ ਆਪਣਾ ਪੀਰ ਮੰਨ ਲਿਆ।।੩।।

**ਔਰੰਗਸ਼ਾਹ ਭੇਦ ਨਹਿ ਜਾਨੈ।। ਵਹੈ ਮੁਰੀਦ ਭਈ ਤਿਹ ਮਾਨੈ।।**
**ਪੀਯ ਸਮੁਝਿ ਤਿਹ ਭੋਗ ਕਮਾਵੈ।। ਪੀਰ ਭਾਖਿ ਸਭਹੂੰਨ ਸੁਨਾਵੈ।। ੪।।**

ਪਦ ਅਰਥ - ਪੀਯ=ਪਿਆਰਾ। ਪੀਰ ਭਾਖਿ=ਪੀਰ ਕਹਿੰਦੀ ਸੀ।

ਔਰੰਗਜੇਬ ਵੀ ਅਸਲ ਭੇਤ ਨੂੰ ਨਹੀਂ ਸਮਝ ਰਿਹਾ ਸੀ ਅਤੇ ਇਹੋ ਮੰਨਦਾ ਸੀ ਕਿ ਉਹ ਉਸ ਪੀਰ ਦੀ ਮੁਰੀਦ ਬਣ ਗਈ ਹੈ। ਉਹ ਉਸ ਨਾਲ ਭੋਗ ਬਿਲਾਸ ਤਾਂ ਕਰਦੀ ਸੀ ਪਰ ਸਭ ਦੇ ਸਾਹਮਣੇ ਉਸ ਨੂੰ ਆਪਣਾ ਪੀਰ ਕਹਿੰਦੀ ਸੀ।।੪।।

**ਇਕ ਦਿਨ ਪੀਰ ਗਯੋ ਅਪਨੇ ਘਰ।। ਤਾਹਿ ਬਿਨਾ ਤਿਹ ਪਰਤ ਨ ਛਿਨਕਰ।।**
**ਰੋਗਨਿ ਤਨ ਅਪਨੇ ਠਹਰਾਈ।। ਵਾ ਪਹਿ ਬੈਠਿ ਸਾਂਢਨੀ ਆਈ।। ੫।।**

ਪਦ ਅਰਥ - ਰੋਗਨਿ=ਰੋਗੀ। ਤਨ=ਸਰੀਰ। ਸਾਂਢਨੀ=ਊਠਣੀ।

ਇਕ ਦਿਨ ਪੀਰ ਆਪਣੇ ਘਰ ਚਲਾ ਗਿਆ ਤਾਂ ਉਸ ਨੂੰ ਇਕ ਪੱਲ ਵੀ ਚੈਨ ਨਹੀਂ ਆ ਰਿਹਾ ਸੀ। ਉਹ ਬਿਮਾਰ ਹੋਣ ਦਾ ਬਹਾਨਾ ਕਰਕੇ ਊਠਣੀ ਤੇ ਚੜ੍ਹਕੇ ਉਸ ਪਾਸ ਚਲੇ ਗਈ।।੫।।

**ਤਾਕੇ ਰਹਤ ਬਹੁਤ ਦਿਨ ਭਈ।। ਬਹੁਰੌ ਸ਼ਹਿਰ ਦਿੱਲੀ ਮਹਿ ਗਈ।।**
**ਭਈ ਅਰੋਗਨਿ ਭਾਖਿ ਅਨਾਈ।। ਬਾਤ ਭੇਦ ਕੀ ਕਿਨੂੰ ਨ ਪਾਈ।। ੬।।**

ਉਸ ਪਾਸ ਬਹੁਤ ਦਿਨ ਰਹਿਕੇ ਉਹ ਫਿਰ ਦਿੱਲੀ ਵਾਪਿਸ ਆ ਗਈ। ਉਸਨੇ ਆਕੇ ਕਿਹਾ

ਕਿ ਉਹ ਹੁਣ ਬਿਲਕੁਲ ਤੰਦਰੁਸਤ ਹੋ ਗਈ ਹੈ, ਪਰ ਉਸ ਦਾ ਭੇਤ ਕੋਈ ਵੀ ਨ ਪਾ ਸਕਿਆ।।੬।।

**ਭ੍ਰਾਤ ਭਏ ਇਹ ਭਾਂਤਿ ਉਚਾਰੀ।। ਰੋਗ ਬਡਾ ਪ੍ਰਭੁ ਹਰੀ ਹਮਾਰੀ।।**
**ਬੈਦਨ ਅਧਿਕ ਇਨਾਮ ਦਿਲਾਯੋ।। ਭੇਦ ਅਭੇਦ ਨ ਔਰੰਗ ਪਾਯੋ।।੭।।੧।।**

ਪਦ ਅਰਥ - ਬੈਦਨ=ਵੈਦਾਂ। ਭ੍ਰਾਤ=ਭਰਾ।

ਭਰਾ ਦੇ ਕੋਲ ਆ ਕੇ ਕਿਹਾ ਕਿ ਅੱਲਾਹ ਤਾਲਾ ਨੇ ਮੇਰੀ ਬਹੁਤ ਵੱਡੀ ਬਿਮਾਰੀ ਠੀਕ ਕਰ ਦਿੱਤੀ ਹੈ ਅਤੇ ਵੈਦ ਨੂੰ ਬਹੁਤ ਇਨਾਮ ਦਵਾਇਆ। ਔਰੰਗਜ਼ੇਬ ਇਸ ਭੇਤ ਨੂੰ ਨ ਸਮਝ ਸਕਿਆ।।੭।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਅਠਾਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੮।। ੫੩੫੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਅਠੱਤਰਵੀਂ ਕਥਾ ਸਮਾਪਤ।।੨੭੮।।੫੩੫੧।। ਚਲਦਾ।।

## ਚਲਿੱਤਰ ਦੋ ਸੌ ਉਣਾਸੀਵਾਂ

## ਕਥਾ ਪ੍ਰੇਮ ਮੰਜਰੀ

**ਚੌਪਈ।। ਪ੍ਰੇਮਾਵਤੀ ਨਗਰ ਇਕ ਰਾਜਤ।। ਪ੍ਰੇਮਸੈਨ ਜਹ ਨ੍ਰਿਪਤਿ ਬਿਰਾਜਤ।।**
**ਪ੍ਰੇਮ ਮੰਜਰੀ ਤਿਹ ਗ੍ਰਿਹਿ ਦਾਰਾ।। ਜਾ ਸਮ ਦਿਤਿ ਨ ਅਦਿੱਤਿ ਕੁਮਾਰਾ।।੧।।**

ਪਦ ਅਰਥ - ਦਾਰਾ=ਇਸਤਰੀ। ਦਿਤਿ=ਦੈਂਤ। ਕੁਮਾਰਾ=ਕੁਮਾਰੀਆਂ।

ਪ੍ਰੇਮਾਵਤੀ ਨਾਮੀਂ ਇਕ ਸੁੰਦਰ ਸ਼ਹਿਰ ਸੀ ਜਿਥੇ ਪ੍ਰੇਮ ਸੈਨ ਨਾਮੀਂ ਰਾਜਾ ਰਾਜ ਕਰਦਾ ਸੀ। ਉਸ ਦੀ ਇਸਤਰੀ ਪ੍ਰੇਮ ਮੰਜਰੀ ਸੀ ਜਿਸ ਵਰਗੀ ਸੁੰਦਰ ਕਿਸੇ ਦੇਵ-ਦਾਨਵ ਦੀ ਇਸਤਰੀ ਵੀ ਨਹੀਂ ਸੀ।।੧।।

**ਤਹਾ ਸ਼ਾਹੁ ਕੇ ਪੂਤ ਸੁਘਰ ਅਤਿ।। ਜਾ ਸਮ ਰਾਜ ਕੁਅਰਿ ਨ ਕਹੂੰ ਕਤ।।**
**ਜਾਕੀ ਪ੍ਰਭਾ ਕਨਨ ਨਹਿ ਆਵੈ।। ਹੇਰੈ ਪਲਕ ਨ ਜੋਰੀ ਜਾਵੈ।।੨।।**

ਪਦ ਅਰਥ - ਪ੍ਰਭਾ=ਸੁੰਦਰਤਾ। ਕਨਨ=ਬਿਆਨ, ਵਰਣਨ। ਹੇਰੈ=ਵੇਖ ਕੇ।

ਓਥੇ ਇਕ ਸ਼ਾਹ ਦਾ ਪੁੱਤਰ ਬੜਾ ਚੱਤਰ ਅਤੇ ਸੁੰਦਰ ਸੀ। ਉਸ ਵਰਗਾ ਕਿਤੇ ਕੋਈ ਰਾਜਕੁਮਾਰ ਵੀ ਨਹੀਂ ਸੀ। ਉਸ ਦੀ ਸੁੰਦਰਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਉਸ ਨੂੰ ਇਕ ਵਾਰ ਵੇਖ ਲੈਂਦਾ ਸੀ ਫਿਰ ਪਲਕ ਵੀ ਨਹੀਂ ਝਮਕ ਸਕਦਾ ਸੀ।।੨।।

**ਜਬ ਰਾਨੀ ਤਿਹ ਕੀ ਦੁਤਿ ਲਹੀ॥ ਐਸੀ ਭਾਂਤਿ ਚਿੱਤ ਮਹਿ ਕਹੀ॥**
**ਕੈ ਇਹ ਕੇ ਸੰਗ ਭੋਗ ਕਮਾਊਂ॥ ਨਾ ਤਰ ਹ੍ਵੈ ਜੋਗਨਿ ਬਨ ਜਾਊਂ॥ ੩॥**

ਪਦ ਅਰਥ - ਦੁਤਿ ਲਹੀ=ਸੁੰਦਰਤਾ ਨੂੰ ਵੇਖਿਆ। ਨਾ ਤਰ=ਨਹੀਂ ਤਾਂ।

ਜਦ ਰਾਣੀ ਨੇ ਉਸ ਦੀ ਸੁੰਦਰ ਸ਼ਕਲ ਵੇਖੀ ਤਾਂ ਉਸ ਮਨ ਵਿਚ ਪੱਕਾ ਵਿਚਾਰ ਕੀਤਾ ਕਿ ਜਾਂ ਤਾਂ ਇਸ ਨਾਲ ਕਾਮ ਕ੍ਰੀੜਾ ਕਰਾਂਗੀ ਨਹੀਂ ਤਾਂ ਜੋਗਨ ਹੋ ਜਾਵਾਂਗੀ॥੩॥

**ਏਕ ਸਹਚਰੀ ਤਹਾਂ ਪਠਾਈ॥ ਤਾਹਿ ਪ੍ਰਬੋਧਿ ਤਹਾਂ ਲੈ ਆਈ॥**
**ਬਨਿ ਠਨਿ ਬੈਠ ਚੰਚਲਾ ਜਹਾਂ॥ ਲੈ ਆਈ ਸਹਚਰਿ ਤਿਹ ਜਹਾਂ॥ ੪॥**

ਉਸ ਇਕ ਦਾਸੀ ਨੂੰ ਭੇਜਿਆ ਜਿਹੜੀ ਉਸ ਨੂੰ ਸਮਝਾ ਕੇ ਰਾਣੀ ਦੇ ਕੋਲ ਲੈ ਆਈ। ਦਾਸੀ ਉਸ ਨੂੰ ਉੱਥੇ ਲੈ ਆਈ ਜਿੱਥੇ ਉਹ ਇਸਤਰੀ ਬਣ ਠਣ ਕੇ ਬੈਠੀ ਸੀ॥੪॥

**ਆਤੁਰ ਕੁਅਰ ਤਾਹਿ ਲਪਟਾਈ॥ ਬਹੁ ਬਿਧਿ ਭਜ੍ਯੋ ਮਿੱਤ੍ਰ ਸੁਖਦਾਈ॥**
**ਚਤੁਰ ਪਹਰ ਰਜਨੀ ਰਤਿ ਮਾਨੀ॥ ਕਰਤ ਕਾਮ ਕੀ ਕੇਲ ਕਹਾਨੀ॥ ੫॥**

ਕਾਮ ਤੋਂ ਦੁਖੀ ਹੋਈ ਰਾਣੀ ਉਸ ਮਿੱਤਰ ਨਾਲ ਲਿਪਟ ਗਈ ਅਤੇ ਕਈ ਪ੍ਰਕਾਰ ਨਾਲ ਆਪਣੇ ਸੁਖ ਦਾਤਾ ਮਿੱਤਰ ਨਾਲ ਭੋਗ ਬਿਲਾਸ ਕੀਤਾ। ਕਾਮ ਕ੍ਰੀੜਾ ਦੀ ਇਹ ਕਹਾਣੀ ਸੀ ਕਿ ਉਹ ਚਾਰ ਪਹਿਰ ਰਾਤ ਭੋਗ ਬਿਲਾਸ ਕਰਦੇ ਰਹੀ॥੫॥

**ਅਟਕਿ ਗਈ ਅਬਲਾ ਤਿਹ ਸੰਗਾ॥ ਰੰਗਿਤ ਭਈ ਉਹੀ ਕੇ ਰੰਗਾ॥**
**ਤਾਕਹ ਐਸ ਪ੍ਰਬੋਧ ਦ੍ਰਿੜਾਯੋ॥ ਆਪੁ ਨ੍ਰਿਪਹਿ ਚਲਿ ਸੀਸ ਝੁਕਾਯੋ॥ ੬॥**

ਪਦ ਅਰਥ - ਅਟਕਿ=ਫਸ ਗਈ। ਰੰਗਿਤ=ਰੰਗੀ ਗਈ। ਪ੍ਰਬੋਧ=ਸਮਝਾਇਆ।

ਰਾਣੀ ਦਾ ਉਸ ਨਾਲ ਬਹੁਤ ਪਿਆਰ ਹੋ ਗਿਆ ਅਤੇ ਉਹ ਉਸ ਦੇ ਰੰਗ ਵਿਚ ਹੀ ਰੰਗੀ ਗਈ। ਉਸ ਨੂੰ ਕੁਝ ਸਮਝਾ ਕੇ ਫਿਰ ਉਸ ਰਾਜੇ ਦੇ ਸਾਹਮਣੇ ਆ ਕੇ ਸਿਰ ਝੁਕਾਇਆ॥੬॥

**ਜੋ ਮੁਹਿ ਭਯੋ ਸੁਪਨ ਸੁਨੁ ਰਾਈ॥ ਸੋਵਤ ਰੁਦ੍ਰ ਜਗਾਇ ਪਠਾਈ॥**
**ਆਠ ਬਰਿਸ ਹਮ ਸੌਂ ਤੁਮ ਸੋਵੌ॥ ਰੈਨਿ ਦਿਵਸ ਮੋਰੇ ਗ੍ਰਿਹਿ ਖੋਵੌ॥ ੭॥**

ਉਹ ਬੋਲੀ," ਹੇ ਰਾਜਨ! ਜੋ ਮੈਨੂੰ ਸੁਪਨਾ ਆਇਆ ਹੈ ਉਹ ਸੁਣੋ। ਮੈਨੂੰ ਸ਼ਿਵਜੀ ਨੇ ਜਗਾ ਕੇ ਤੁਹਾਡੇ ਪਾਸ ਭੇਜਿਆ ਹੈ ਅਤੇ ਉਸ ਹੁਕਮ ਕੀਤਾ ਹੈ ਕਿ ਤੁਸੀਂ ਅੱਠ ਸਾਲ ਤਕ ਮੇਰੇ ਘਰ ਸੌਂਵੋ ਅਤੇ ਰਾਤ ਦਿਨ ਮੇਰੇ ਘਰ ਰਹੋ॥੭॥

Namdhari Elibrary NamdhariElibrary@gmail.com

ਪਟੀ ਬਾਂਧਿ ਦ੍ਰਿਗਨ ਦੁਹੂੰ ਸੋਵੌ।।ਆਠ ਬਰਸਿ ਲਗਿ ਜਗਹਿ ਨ ਜੋਵੌ।।
ਉਪਜੋ ਪੂਤ ਧਾਮ ਬਿਨ ਸਾਸਾ।। ਸਕਲ ਖਲਨ ਕੋ ਹ੍ਵੈਹੈ ਨਾਸਾ।। ੮।।

ਪਦ ਅਰਥ - ਦ੍ਰਿਗਨ=ਅੱਖਾਂ। ਜੋਵੌ=ਖੋਲਣਾ। ਧਾਮ=ਘਰ। ਬਿਨ ਸਾਸਾ=ਸਾਹ ਤੇ ਬਗੈਰ। ਖਲਨ=ਵੈਰੀ।

ਤੁਸੀਂ ਦੋਵਾਂ ਅੱਖਾਂ ਤੇ ਪੱਟੀ ਬੰਨ੍ਹ ਕੇ ਸੌਂਵੋ ਅਤੇ ਅੱਠ ਸਾਲ ਤਕ ਇਸ ਨੂੰ ਖੋਲ੍ਹਣਾ ਨਹੀਂ। ਤੁਹਾਡੇ ਘਰ ਇਕ ਬਿਨਾਂ ਸਾਹ ਦੇ ਪੁੱਤਰ ਪੈਦਾ ਹੋਵੇਗਾ, ਜਿਹੜਾ ਸਾਰੇ ਦੁਸ਼ਮਣਾਂ ਦਾ ਨਾਸ ਕਰ ਦੇਵੇਗਾ।।੮।।

ਕਿਲਬਿਖ ਏਕ ਨ ਤਵ ਤਨ ਰਹੈ।। ਮੁਹਿ ਸ਼ਿਵ ਸੁਪਨ ਬਿਖੈ ਇਮਿ ਕਹੈ।।
ਅੱਪ੍ਰਮਾਨ ਧਨ ਭਰੇ ਭੰਡਾਰਾ।। ਸਕਲ ਕਾਜ ਸਭ ਹੋਇ ਤਿਹਾਰਾ।। ੯।।

ਪਦ ਅਰਥ - ਕਿਲਬਿਖ=ਦੁਖ, ਕਸ਼ਟ। ਬਿਖੈ=ਵਿਚ। ਅੱਪ੍ਰਮਾਨ=ਬੇਅੰਤ।

ਤੁਹਾਡੇ ਸਰੀਰ ਦੇ ਸਭ ਦੁੱਖ ਦੂਰ ਹੋ ਜਾਣਗੇ. ਇਹ ਸ਼ਿਵਜੀ ਨੇ ਮੈਨੂੰ ਸੁਪਨੇ ਵਿਚ ਦਸਿਆ ਹੈ। ਤੁਹਾਡੇ ਸਾਰੇ ਭੰਡਾਰੇ ਬੇਅੰਤ ਧਨ ਨਾਲ ਭਰ ਜਾਣਗੇ ਅਤੇ ਤੁਹਾਡੇ ਸਾਰੇ ਕੰਮ ਸੌਰ ਜਾਣਗੇ।।੯।।

ਰਾਜੈ ਸੱਤਿ ਇਹੀ ਦ੍ਰਿੜ ਕੀਨੀ।। ਪੱਟੀ ਬਾਂਧਿ ਦੁਹੂੰ ਦ੍ਰਿਗ ਲੀਨੀ।।
ਆਠ ਬਰਸ ਰਾਨੀ ਸੰਗ ਸੋਯੋ।। ਚਿੱਤ ਜੁ ਹੁਤੋ ਸਕਲ ਦੁਖੁ ਖੋਯੋ।। ੧੦।।

ਰਾਜੇ ਨੇ ਇਸ ਨੂੰ ਸੱਚ ਮੰਨ ਲਿਆ ਅਤੇ ਦੋਹਾਂ ਅੱਖਾਂ ਤੇ ਪੱਟੀ ਬੰਨ੍ਹ ਲਈ। ਅੱਠ ਸਾਲ ਤਕ ਉਹ ਰਾਣੀ ਪਾਸ ਸੁੱਤਾ ਅਤੇ ਉਸ ਦੇ ਚਿੱਤ ਦੇ ਸਾਰੇ ਦੁੱਖ ਦੂਰ ਹੋ ਗਏ।।੧੦।।

ਆਂਖੈ ਬਾਂਧਿ ਤਹਾਂ ਨ੍ਰਿਪ ਸੋਵੈ।। ਆਵਤ ਜਾਤ ਨ ਕਾਹੂ ਜੋਵੈ।।
ਉਤ ਰਾਨੀ ਕਹ ਜੋ ਨਰ ਭਾਵੈ।। ਤਾਂਹਿ ਤੁਰਤੁ ਗ੍ਰਿਹਿ ਬੋਲਿ ਪਠਾਵੈ।। ੧੧।।

ਪਦ ਅਰਥ - ਜੋਵੈ=ਵੇਖਣਾ। ਭਾਵੈ=ਭਾਉਂਦਾ ਸੀ। ਗ੍ਰਿਹਿ=ਘਰ। ਬੋਲ ਪਠਾਵੈ=ਬੁਲਾ ਲੈਂਦੀ ਸੀ।

ਰਾਜਾ ਅੱਖਾਂ ਬੰਨ੍ਹ ਕੇ ਉਥੇ ਸੌਂਦਾ ਸੀ ਅਤੇ ਆਉਂਦੇ ਜਾਂਦੇ ਕਿਸੇ ਨੂੰ ਵੀ ਨਹੀਂ ਵੇਖ ਸਕਦਾ ਸੀ। ਦੂਸਰੇ ਪਾਸੇ ਰਾਣੀ ਜਿਸ ਮਰਦ ਨੂੰ ਵੀ ਚਾਹੁੰਦੀ ਸੀ ਆਪਣੇ ਕੋਲ ਬੁਲਾ ਲੈਂਦੀ ਸੀ।।੧੧।।

ਬਹੁ ਬਿਧਿ ਕਰੈ ਕੇਲ ਸੰਗ ਤਾਕੇ।। ਜੋ ਨਰ ਰੁਚੈ ਚਿੱਤ ਤ੍ਰਿਯ ਵਾਕੇ।।
ਬਾਤ ਕਰਤ ਪਤਿ ਸੋ ਇਤ ਜਾਵੈ।। ਉਤੈ ਜਾਰ ਤਰ ਪਰੀ ਠੁਕਾਵੈ।। ੧੨।।

ਰਾਣੀ ਨੂੰ ਜਿਹੜਾ ਵੀ ਵਿਅਕਤੀ ਚੰਗਾ ਲੱਗਦਾ ਸੀ ਉਸ ਨਾਲ ਬਹੁਤ ਵਿਧੀਆ ਅਨੁਸਾਰ

Namdhari Elibrary NamdhariElibrary@gmail.com

ਕਾਮ ਕ੍ਰੀੜਾ ਕਰਦੀ ਸੀ। ਏਧਰ ਉਹ ਪਤੀ ਨਾਲ ਗੱਲਾਂ ਕਰਦੀ ਰਹਿੰਦੀ ਸੀ ਅਤੇ ਓਧਰ ਥੱਲੇ ਪਈ ਆਪਣੇ ਯਾਰ ਨਾਲ ਕਾਮ ਕ੍ਰੀੜਾ ਕਰੀ ਜਾਂਦੀ ਸੀ।।੧੨।।

**ਜੋ ਤ੍ਰਿਯ ਚਹੈ ਵਹੈ ਤਹ ਆਵੈ।। ਖੈਂਚਿ ਤਰੁਨਿ ਤਰੁ ਐਂਚਿ ਬਜਾਵੈ।।**
**ਬਹੁ ਨਰ ਜਾਸੋਂ ਭੋਗ ਕਮਾਹੀ।। ਏਕੋ ਪੂਤ ਹੋਇ ਗ੍ਰਿਹ ਨਾਹੀ।।੧੩।।**

ਇਸਤਰੀ ਜਿਸ ਨੂੰ ਵੀ ਚਾਹੁੰਦੀ ਸੀ ਉਹ ਉਥੇ ਆ ਜਾਂਦਾ ਸੀ ਅਤੇ ਉਸ ਜਵਾਨ ਇਸਤਰੀ ਨੂੰ ਖਿੱਚ ਕੇ ਉਸ ਨਾਲ ਰਮਣ ਕਰਦਾ ਸੀ। ਜਿਸ ਇਸਤਰੀ ਨਾਲ ਬਹੁਤ ਲੋਕ ਭੋਗ ਕਰਦੇ ਹਨ ਉਸ ਦੇ ਘਰ ਕਦੀ ਪੁੱਤਰ ਪੈਦਾ ਨਹੀਂ ਹੁੰਦਾ।।੧੩।।

**ਕਿਤਕ ਦਿਨਨ ਮਹਿ ਸੁਤ ਇਕ ਜਾਯੋ।। ਨ੍ਰਿਪ ਕੋ ਸਾਚ ਹਿਯੇ ਮਹਿ ਆਯੋ।।**
**ਆਗੈ ਜੋ ਤ੍ਰਿਯ ਕਹੈ ਸੁ ਮਾਨੈ।। ਭੇਦ ਅਭੇਦ ਨ ਮੂੜ੍ਹ ਪਛਾਨੈ।। ੧੪।। ੧।।**

ਪਦ ਅਰਥ - ਕਿਤਕ ਦਿਨਨ=ਕਾਫੀ ਸਮੇਂ ਬਾਅਦ। ਸੁਤ=ਪੁੱਤਰ। ਨ੍ਰਿਪ=ਰਾਜਾ।

ਕਈ ਸਾਲਾਂ ਬਾਅਦ ਉਸ ਦੇ ਇਕ ਪੁੱਤਰ ਪੈਦਾ ਹੋਇਆ ਜਿਸ ਨਾਲ ਰਾਜੇ ਨੂੰ ਸਚਾਈ ਤੇ ਯਕੀਨ ਹੋ ਗਿਆ। ਹੁਣ ਇਸਤਰੀ ਜੋ ਵੀ ਕਹਿੰਦੀ ਸੀ, ਉਹ ਮੰਨਦਾ ਸੀ ਅਤੇ ਮੂਰਖ ਭੇਤ ਅਭੇਤ ਨੂੰ ਨਹੀਂ ਸਮਝਦਾ ਸੀ।।੧੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਉਨਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੭੯।।੫੩੬੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਉਣਾਸੀਵੀਂ ਕਥਾ ਸਮਾਪਤ।।੨੭੯।।੫੩੬੫।।ਚਲਦਾ।।

## ਚਲਿੱਤਰ ਦੋ ਸੌ ਅੱਸੀਵਾਂ

## ਕਥਾ ਜੁਗਰਾਜ ਮੰਜਰੀ

**ਚੌਪਈ।। ਬਿਸ਼ਨ ਚੰਦ ਇਕ ਨ੍ਰਿਪਤਿ ਫਿਰੰਗਾ।। ਜਾਕੇ ਦਿਪਤ ਅਧਿਕ ਛਬਿ ਅੰਗਾ।।**
**ਸ੍ਰੀ ਜੁਗਰਾਜ ਮੰਜਰੀ ਰਾਨੀ।। ਸੁੰਦਰਿ ਭਵਨ ਚਤੁਰ ਦਸ ਜਾਨੀ।। ੧।।**

ਪਦ ਅਰਥ - ਫਿਰੰਗਾ=ਫਰੰਗੀ। ਦਿਪਤ=ਝਲਕਣਾ, ਚਮਕਣਾ। ਛਬਿ=ਸੁੰਦਰਤਾ। ਚਤੁਰ ਦਸ=ਚੌਦਾਂ।

ਬਿਸ਼ਨ ਚੰਦ ਇਕ ਫਰੰਗੀ ਰਾਜਾ ਸੀ ਜਿਸਦੇ ਅੰਗ ਅੰਗ ਵਿਚ ਸੁੰਦਰਤਾ ਝਲਕਦੀ ਸੀ। ਜੁਗਰਾਜ ਮੰਜਰੀ ਉਸ ਦੀ ਰਾਣੀ ਸੀ ਜਿਸ ਨੂੰ ਚੌਦਾਂ ਭਵਨਾਂ ਵਿਚ ਸੁੰਦਰ ਮੰਨਿਆ ਜਾਂਦਾ ਸੀ।।੧।।

ਸੁਕ੍ਰਿਤ ਨਾਥ ਜੋਗੀ ਤਹਾਂ॥ ਸ੍ਰੀ ਜੁਗਰਾਜ ਮਤੀ ਤ੍ਰਿਯ ਜਹਾਂ॥
ਜੋਗੀ ਦ੍ਰਿਸ਼ਟਿ ਜਬੈ ਤਿਹ ਆਯੋ॥ ਸਦਨ ਚੰਚਲੇ ਬੋਲਿ ਪਠਾਯੋ॥ ੨॥

ਪਦ ਅਰਥ - ਦ੍ਰਿਸ਼ਟਿ=ਨਜ਼ਰ। ਚੰਚਲੇ=ਇਸਤਰੀ ਨੇ।

ਉਥੇ ਇਕ ਸੁਕਿਰਤ ਨਾਥ ਜੋਗੀ ਰਹਿੰਦਾ ਸੀ। ਰਾਣੀ ਜੁਗਰਾਜ ਮੰਜਰੀ ਨੇ ਜਦ ਉਸ ਜੋਗੀ ਨੂੰ ਵੇਖਿਆ ਤਾਂ ਉਸ ਨੂੰ ਆਪਣੇ ਘਰ ਬੁਲਵਾ ਲਿਆ॥੨॥

ਦੋਹਰਾ॥ ਕਾਮ ਭੋਗ ਤਾਸੋ ਕਿਯੋ ਹ੍ਰਿਦੈ ਹਰਖ ਉਪਜਾਇ॥
ਪਕਰਿ ਭੁਜਨ ਆਸਨ ਤਰੇਂ ਜਾਤ ਭਈ ਲਪਟਾਇ॥ ੩॥

ਪਦ ਅਰਥ - ਹ੍ਰਿਦੈ=ਦਿਲ ਵਿਚ। ਹਰਖ=ਪ੍ਰਸੰਨ।

ਉਸ ਨੇ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਉਸ ਨਾਲ ਭੋਗ ਬਿਲਾਸ ਕੀਤਾ ਅਤੇ ਉਸ ਦੀਆਂ ਬਾਹਾਂ ਫੜਕੇ ਉਸ ਨਾਲ ਲਿਪਟ ਜਾਂਦੀ ਸੀ॥੩॥

ਚੌਪਈ॥ ਬਹੁ ਬਿਧਿ ਭੋਗ ਤਾਂਹਿ ਤਿਨ ਕੀਯਾ॥ ਮੋਹਿ ਹ੍ਰਿਦੈ ਰਾਨੀ ਕੋ ਲੀਯਾ॥
ਤ੍ਰਿਯ ਤਾਸੌ ਅਤਿ ਹਿਤ ਉਪਜਾਯੋ॥ ਰਾਜਾ ਕਹ ਚਿਤ ਤੇ ਬਿਸਰਾਯੋ॥ ੪॥

ਪਦ ਅਰਥ - ਹਿਤ=ਪਿਆਰ। ਬਿਸਰਾਯੋ=ਵਿਸਾਰ ਦਿੱਤਾ।

ਉਸ ਦੇ ਨਾਲ ਉਸ ਕਈ ਭਾਂਤ ਭੋਗ ਕੀਤਾ ਅਤੇ ਰਾਣੀ ਦੇ ਦਿਲ ਨੂੰ ਮੋਹ ਲਿਆ। ਰਾਣੀ ਦਾ ਉਸ ਨਾਲ ਬਹੁਤ ਪ੍ਰੇਮ ਹੋ ਗਿਆ ਅਤੇ ਉਸ ਰਾਜੇ ਨੂੰ ਦਿਲੋਂ ਭੁਲਾ ਦਿੱਤਾ॥੪॥

ਤ੍ਰਿਯ ਐਸੀ ਬਿਧਿ ਚਿਤਹਿ ਬਿਚਾਰਾ॥ ਇਹ ਰਾਜਾ ਕਹ ਚਹਿਯਤ ਮਾਰਾ॥
ਲੈ ਤਿਹ ਰਾਜ ਜੋਗਿਯਹਿ ਦੀਜੈ॥ ਕਛੂ ਚਰਿੱਤ੍ਰ ਐਸਿ ਬਿਧਿ ਕੀਜੈ॥ ੫॥

ਪਦ ਅਰਥ - ਚਿਤਹਿ=ਚਿੱਤ ਵਿਚ। ਚਹਿਯਤ ਮਾਰਾ=ਮਾਰ ਦੇਣਾ ਚਾਹੀਦਾ ਹੈ।

ਇਸਤਰੀ ਨੇ ਫਿਰ ਮਨ ਵਿਚ ਇਹ ਸੋਚਿਆ ਕਿ ਇਸ ਰਾਜੇ ਨੂੰ ਜਾਨ ਤੋਂ ਮਾਰ ਦੇਣਾ ਚਾਹੀਦਾ ਹੈ। ਇਸ ਤੋਂ ਰਾਜ ਲੈ ਕੇ ਜੋਗੀ ਨੂੰ ਦੇ ਦਿੱਤਾ ਜਾਵੇ ਅਤੇ ਇਸ ਵਾਸਤੇ ਕੋਈ ਚਲਿੱਤਰ ਕਿਸੇ ਢੰਗ ਨਾਲ ਕਰਨਾ ਚਾਹੀਦਾ ਹੈ॥੫॥

ਸੋਵਤ ਸਮੈ ਨ੍ਰਿਪਤਿ ਕਹ ਮਾਰਜੋ॥ ਗਾਡਿ ਤਾਹਿ ਇਹ ਭਾਂਤਿ ਉਚਾਰਜੋ॥
ਰਾਜੈ ਰਾਜ ਜੋਗਿਯਹਿ ਦੀਨਾ॥ ਆਪਨ ਭੇਸ ਜੋਗ ਕੋ ਲੀਨਾ॥ ੬॥

ਉਸ ਸੁਤੇ ਹੋਏ ਰਾਜੇ ਨੂੰ ਮਾਰ ਦਿੱਤਾ ਅਤੇ ਟੋਆ ਪੁਟ ਕੇ ਜ਼ਮੀਨ ਵਿਚ ਦੱਬ ਕੇ ਇਹ ਕਹਿ ਦਿੱਤਾ ਕਿ ਰਾਜੇ ਨੇ ਆਪਣਾ ਰਾਜ ਜੋਗੀ ਨੂੰ ਦੇ ਦਿੱਤਾ ਹੈ ਅਤੇ ਰਾਜੇ ਨੇ ਖੁਦ ਜੋਗੀ ਦਾ ਭੇਸ

ਧਾਰਣ ਕਰ ਲਿਆ ਹੈ।।੬।।

**ਜੋਗ ਭੇਸ ਧਾਰਤ ਨ੍ਰਿਪ ਭਏ।। ਦੈ ਇਹ ਰਾਜ ਬਨਹਿ ਉਠ ਗਏ।।**
**ਹਮਹੂੰ ਰਾਜ ਜੋਗਿਯਹਿ ਦੈਹੈ।। ਨਾਥ ਗਏ ਜਿਤ ਤਹੀ ਸਿਧੈਹੈ।।੭।।**

ਪਦ ਅਰਥ –ਬਨਹਿ=ਜੰਗਲ ਵਿਚ।ਜੋਗਿਯਹਿ=ਜੋਗੀ ਨੂੰ।ਨਾਥ=ਰਾਜਾ,ਮਾਲਕ।ਸਿਧੈਹੈ=ਚਲੀ ਜਾਵਾਂਗੀ।

ਰਾਜਾ ਜੋਗੀ ਬਣ ਗਿਆ ਹੈ ਅਤੇ ਇਸ ਨੂੰ ਰਾਜ ਦੇ ਕੇ ਜੰਗਲਾਂ ਨੂੰ ਚਲੇ ਗਿਆ ਹੈ। ਮੈਂ ਵੀ ਰਾਜ ਜੋਗੀ ਨੂੰ ਦੇ ਦੇਵਾਂਗੀ ਅਤੇ ਜਿਸ ਪਾਸੇ ਮੇਰੇ ਮਾਲਕ ਗਏ ਹਨ ਉਸ ਪਾਸੇ ਚਲੀ ਜਾਵਾਂਗੀ।।੭।।

**ਸੱਤਿ ਸੱਤਿ ਸਭ ਪ੍ਰਜਾ ਬਖਾਨਜੋ।। ਜੋ ਨ੍ਰਿਪ ਕਹਿਯੋ ਵਹੈ ਹਮ ਮਾਨਜੋ।।**
**ਸਭਹਿਨ ਰਾਜ ਜੋਗਯਹਿ ਦੀਨਾ।। ਭੇਦ ਅਭੇਦ ਮੂੜ੍ਹ ਨਹਿ ਚੀਨਾ।। ੮।।**

ਸਾਰੀ ਪਰਜਾ ਨੇ 'ਸੱਚ ਸੱਚ' ਦਾ ਉਚਾਰਣ ਕੀਤਾ ਅਤੇ ਕਿਹਾ ਕਿ ਜੋ ਰਾਜੇ ਨੇ ਕਿਹਾ ਹੈ ਅਸੀਂ ਉਸ ਨੂੰ ਮੰਨਦੇ ਹਾਂ। ਸਾਰੇ ਮੂਰਖਾਂ ਨੇ ਅਸਲ ਭੇਦ ਨੂੰ ਨ ਸਮਝਿਆ ਅਤੇ ਰਾਜ ਜੋਗੀ ਨੂੰ ਦੇ ਦਿੱਤਾ।।੮।।

**ਦੋਹਰਾ।। ਮਾਰਿ ਨ੍ਰਿਪਤਿ ਕਹ ਚੰਚਲੈ ਕਿਯੋ ਆਪਨੇ ਕਾਜ।।**
**ਸਕਲ ਪ੍ਰਜਾ ਡਾਰੀ ਪਗਨ ਦੈ ਜੋਗੀ ਕਹ ਰਾਜ।। ੯।।**

ਰਾਜੇ ਨੂੰ ਮਾਰ ਕੇ ਇਸਤਰੀ ਨੇ ਆਪਣਾ ਕੰਮ ਕਰ ਲਿਆ ਅਤੇ ਜੋਗੀ ਨੂੰ ਰਾਜ ਦੇ ਕੇ ਸਾਰੀ ਪਰਜਾ ਨੂੰ ਉਸ ਦੇ ਪੈਰੀਂ ਪੁਆ ਦਿੱਤਾ।।੯।।

**ਚੌਪਈ।। ਇਹ ਬਿਧਿ ਰਾਜ ਜੋਗਿਯਹਿ ਦੀਯਾ। ਇਹ ਛਲ ਸੌ ਪਤਿ ਕੋ ਬਧ ਕੀਯਾ।।**
**ਮੂਰਖ ਅਬ ਲਗ ਭੇਦ ਨ ਪਾਵੈ।। ਅਬ ਤਕ ਆਇ ਸੁ ਰਾਜ ਕਮਾਵੈ।। ੧੦।। ੧।।**

ਪਦ ਅਰਥ – ਇਹ ਬਿਧਿ=ਇਸ ਵਿਧੀ ਅਨੁਸਾਰ। ਪਤਿ=ਪਤੀ। ਬਧ ਕੀਯਾ= ਮਾਰ ਦਿੱਤਾ। ਅਬ ਲੱਗ=ਹਾਲੇ ਤਕ।

ਇਸ ਤਰ੍ਹਾਂ ਜੋਗੀ ਨੂੰ ਰਾਜ-ਦੇ ਦਿੱਤਾ ਅਤੇ ਛਲ ਕਰਕੇ ਪਤੀ ਨੂੰ ਵੀ ਮਾਰ ਦਿੱਤਾ। ਮੂਰਖ ਹਾਲੇ ਤਕ ਉਸ ਦਾ ਭੇਤ ਨਹੀਂ ਪਾ ਸਕੇ ਅਤੇ ਉਹ ਯੋਗੀ ਹਾਲੇ ਤਕ ਰਾਜ ਕਰ ਰਿਹਾ ਹੈ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੈ ਅਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੮੦।।੫੩੭੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਅੱਸੀਵੀਂ ਕਥਾ ਸਮਾਪਤ।।੨੮੦।।੫੩੭੫।।ਚਲਦਾ।।

# ਚਲਿੱਤਰ ਦੋ ਸੌ ਇੱਕਾਸੀਵਾਂ

## ਕਥਾ ਰਾਣੀ ਬਿਜੈਮਤੀ

**ਚੌਪਈ।। ਬਿਜੈ ਨਗਰ ਇਕ ਰਾਇ ਬਖਨਿਯਤ। ਜਾਕੋ ਤ੍ਰਾਸ ਭੇਸ ਸਭ ਮਨਿਯਤ।।**
**ਬਿਜੈ ਸੈਨ ਜਿਹ ਨਾਮ ਨ੍ਰਿਪਤਿ ਬਰ।। ਬਿਜੈਮਤੀ ਰਾਨੀ ਜਿਹ ਕੇ ਘਰ। ੧।।**

ਬਿਜੈ ਨਗਰ ਵਿਚ ਇਕ ਰਾਜਾ ਰਹਿੰਦਾ ਸੀ ਜਿਸਦਾ ਭੈਅ ਸਭ ਮੰਨਦੇ ਸਨ। ਉਸ ਉੱਤਮ ਰਾਜੇ ਦਾ ਨਾਂ ਬਿਜੈ ਸੈਨ ਸੀ ਅਤੇ ਉਸ ਦੇ ਘਰ ਵਿਚ ਬਿਜੈਮਤੀ ਨਾਮੀ ਰਾਣੀ ਸੀ।।੧।।

**ਅਜੈਮਤੀ ਦੂਸਰਿ ਤਿਹ ਰਾਨੀ।। ਜਾਕੇ ਕਰ ਨ੍ਰਿਪ ਦੇਹਿ ਬਿਕਾਨੀ।।**
**ਬਿਜੈਮਤੀ ਕੇ ਸੁਤ ਇਕ ਧਾਮਾ।। ਸ੍ਰੀ ਸੁਲਤਾਨ ਸੈਨ ਤਿਹ ਨਾਮਾ।। ੨।।**

ਪਦ ਅਰਥ - ਬਿਕਾਨੀ=ਵਿੱਕਿਆ ਹੋਇਆ। ਜਾਕੇ ਕਰ=ਜਿਸ ਦੇ ਹੱਥ।

ਉਸ ਦੀ ਇਕ ਦੂਸਰੀ ਰਾਣੀ ਅਜੈਮਤੀ ਸੀ, ਜਿਸ ਦੇ ਹੱਥ ਰਾਜਾ ਵਿਕਿਆ ਹੋਇਆ ਸੀ। ਬਿਜੈਮਤੀ ਦੇ ਘਰ ਇਕ ਪੁੱਤਰ ਸੀ ਜਿਸ ਦਾ ਨਾਂ ਸੁਲਤਾਨ ਸੈਨ ਸੀ।।੨।।

**ਬਿਜੈਮਤੀ ਕੋ ਰੂਪ ਅਪਾਰਾ।। ਜਾ ਸੰਗ ਨਹੀ ਨ੍ਰਿਪਤਿ ਕੋ ਪਜਾਰਾ।।**
**ਅਜੈਮਤੀ ਕੀ ਸੁੰਦਰਿ ਕਾਯਾ।। ਜਿਨ ਰਾਜਾ ਕੋ ਚਿੱਤ ਲੁਭਾਯਾ।। ੩।।**

ਪਦ ਅਰਥ - ਕਾਯਾ=ਸਰੀਰ। ਚਿੱਤ ਲੁਭਾਯਾ=ਦਿਲ ਨੂੰ ਮੋਹਿਤ ਕੀਤਾ ਹੋਇਆ ਸੀ।

ਬਿਜੈਮਤੀ ਰਾਣੀ ਨਾਲ ਰਾਜੇ ਦਾ ਪਿਆਰ ਨਹੀਂ ਸੀ, ਪਰ ਉਸ ਦਾ ਰੂਪ ਅਪਾਰ ਸੀ। ਅਜੈ ਮਤੀ ਰਾਣੀ ਦਾ ਸਰੀਰ ਬੜਾ ਸੁੰਦਰ ਸੀ ਜਿਸ ਨੇ ਰਾਜੇ ਦੇ ਦਿਲ ਨੂੰ ਮੋਹਿਤ ਕੀਤਾ ਹੋਇਆ ਸੀ।।੩।।

**ਤਾਕੇ ਰਹਤ ਰੈਨਿ ਦਿਨ ਪਰਾ। ਜੈਸੀ ਭਾਂਤਿ ਗੋਰ ਮਹਿ ਮਰਾ।।**
**ਦੁਤਿਯ ਨਾਰਿ ਕੇ ਧਾਮ ਨ ਜਾਵੈ।। ਤਾਂਤੇ ਤਰੁਨਿ ਅਧਿਕ ਕੁਰਰਾਵੈ।। ੪।।**

ਪਦ ਅਰਥ - ਗੋਰ=ਕਬਰ। ਤਰੁਨਿ=ਜਵਾਨ ਇਸਤਰੀ। ਅਧਿਕ=ਬਹੁਤ। ਕੁਰਰਾਵੈ=ਕੁੜ੍ਹਦੀ ਸੀ।

ਰਾਜਾ ਰਾਤ ਦਿਨ ਉਸ ਦੇ ਘਰ ਇਸ ਤਰ੍ਹਾਂ ਪਿਆ ਰਹਿੰਦਾ ਕਿ ਜਿਵੇਂ ਕਬਰ ਵਿਚ ਪਿਆ ਹੋਵੇ। ਉਹ ਦੂਸਰੀ ਰਾਣੀ ਦੇ ਘਰ ਕਦੇ ਨਹੀਂ ਜਾਂਦਾ ਸੀ ਜਿਸ ਕਰਕੇ ਉਹ ਬਹੁਤ ਕੁੜ੍ਹਦੀ ਸੀ।।੪।।

**ਆਗਜਾ ਚਲਤ ਤਵਨ ਕੀ ਦੇਸਾ।। ਰਾਨੀ ਭਈ ਨ੍ਰਿਪਤਿ ਕੇ ਭੇਸਾ।।**

ਯਹਿ ਰਿਸਿ ਨਾਰਿ ਦੁਤਿਯ ਜਿਯ ਰਾਖੀ।। ਬੋਲਿਕ ਬੈਦ ਪ੍ਰਗਟ ਅਸਿ ਭਾਖੀ।। ੫।।

ਉਸ ਰਾਣੀ ਦਾ ਹੁਕਮ ਹੀ ਦੇਸ਼ ਤੇ ਚਲਦਾ ਸੀ ਅਤੇ ਰਾਣੀ ਹੀ ਰਾਜੇ ਦੇ ਭੇਸ ਵਿਚ ਰਾਜ ਕਰਦੀ ਸੀ । ਇਸ ਸਾੜੇ ਅਤੇ ਜਲਨ ਨੂੰ ਦੂਸਰੀ ਰਾਣੀ ਨੇ ਆਪਣੇ ਮਨ ਵਿਚ ਰਖਿਆ ਅਤੇ ਇਕ ਵੈਦ ਨੂੰ ਬੁਲਾ ਕੇ ਕਹਿਣ ਲੱਗੀ।।੫।।

ਯਾ ਰਾਜਾ ਕਹ ਜੁ ਤੈਂ ਖਪਾਵੈ।। ਮੁਖ ਮਾਂਗੈ ਮੋ ਤੇ ਸੋ ਪਾਵੈ।।
ਤਬ ਚਲਿ ਬੈਦ ਨ੍ਰਿਪਤਿ ਪਹਿ ਗਯੋ।। ਰੋਗੀ ਬਪੁ ਤਿਹਕੋ ਠਹਰਯੋ।। ੬।।

ਪਦ ਅਰਥ - ਖਪਾਵੈ=ਮਾਰ ਦੇਵੇ। ਬੈਦ=ਵੈਦ।

ਜੇ ਤੂੰ ਇਸ ਰਾਜੇ ਨੂੰ ਖਤਮ ਕਰ ਦੇਵੇਂ ਤਾਂ ਮੈਥੋਂ ਮੂੰਹ ਮੰਗਿਆ ਇਨਾਮ ਪਾਵੀਂ। ਤਦ ਵੈਦ ਚੱਲਕੇ ਰਾਜੇ ਕੋਲ ਗਿਆ ਅਤੇ ਉਸ ਰਾਜੇ ਨੂੰ ਦਸਿਆ ਕਿ ਤੈਨੂੰ ਕਈ ਬਿਮਾਰੀਆਂ ਲੱਗੀਆਂ ਹੋਈਆਂ ਹਨ।।੬।।

ਜੋ ਤੁਮ ਕਹੋ ਤੁ ਕਰੋ ਉਪਾਈ।। ਜਜੋਂ ਤਜੋਂ ਕਹਿ ਤਿਹ ਬਰੀ ਖਵਾਈ।।
ਰੋਗੀ ਭਯੋ ਅਰੋਗੀ ਤਨ ਸੌ।। ਭੇਦ ਅਭੇਦ ਨ ਪਾਵਤ ਜੜ੍ਹ ਸੌ।। ੭।।

ਪਦ ਅਰਥ - ਬਰੀ=ਜੜੀ ਬੂਟੀ। ਜੜ੍ਹ=ਮੂਰਖ।

ਉਸ ਰਾਜੇ ਪਾਸੋਂ ਪੁਛਿਆ ਕਿ ਜੇ ਤੁਸੀਂ ਕਹੋ ਤੇ ਮੈਂ ਤੁਹਾਡਾ ਇਲਾਜ ਕਰਾਂ ਅਤੇ ਜਿਵੇਂ ਤਿਵੇਂ ਕਹਿ ਕੇ ਉਸ ਨੂੰ ਇਕ ਜੜੀ ਬੂਟੀ ਖੁਆ ਦਿੱਤੀ। ਅਰੋਗ ਰਾਜਾ ਰੋਗੀ ਹੋ ਗਿਆ ਅਤੇ ਉਹ ਮੂਰਖ ਭੇਤ ਨੂੰ ਨ ਸਮਝ ਸਕਿਆ।।੭।।

ਭੱਛਤ ਬਰੀ ਪੇਟ ਤਿਹ ਛੂਟਾ।। ਸਾਵਨ ਜਾਨ ਪਨਾਰਾ ਫੂਟਾ।।
ਦੂਸਰਿ ਬਰੀ ਥੰਭ ਕੇ ਕਾਜੈ।। ਜੋਰਾਵਰੀ ਖਵਾਈ ਰਾਜੈ।। ੮।।

ਪਦ ਅਰਥ - ਭੱਛਤ ਬਰੀ=ਜੜੀ ਬੂਟੀ ਖਾ ਕੇ। ਛੂਟਾ=ਦਸਤ ਲੱਗ ਗਏ। ਪਨਾਰਾ=ਪਰਨਾਲਾ। ਥੰਭ=ਰੋਕਣ। ਜੋਰਾਵਰੀ=ਜ਼ਬਰਦਸਤੀ।

ਦਵਾ ਖਾਂਦਿਆਂ ਹੀ ਰਾਜੇ ਦੇ ਢਿੱਡ ਵਿਚ ਗੜਬੜ ਹੋ ਗਈ ਅਤੇ ਸਾਵਣ ਦੇ ਪਰਨਾਲਿਆਂ ਵਾਂਗ ਦਸਤ ਵਹਿ ਤੁਰੇ। ਹੁਣ ਇਨ੍ਹਾਂ ਦਸਤਾਂ ਨੂੰ ਬੰਦ ਕਰਨ ਵਾਸਤੇ ਰਾਜੇ ਨੂੰ ਜ਼ਬਰਦਸਤੀ ਇਕ ਹੋਰ ਦਵਾਈ ਖਵਾ ਦਿੱਤੀ।।੮।।

ਤਾਤੇ ਅਧਿਕ ਪੇਟ ਛੁਟਿ ਗਯੋ।। ਜਾਤੇ ਬਹੁ ਬਿਹਬਲ ਨ੍ਰਿਪ ਭਯੋ।।
ਸੰਨ ਭਯੋ ਇਹ ਬੈਦ ਉਚਾਰਾ।। ਇਹ ਬਿਧ ਕਿਯ ਉਪਚਾਰ ਬਿਚਾਰਾ।। ੯।।

ਉਸ ਦਵਾਈ ਨਾਲ ਦਸਤ ਹੋਰ ਤੇਜ਼ ਹੋ ਗਏ ਅਤੇ ਰਾਜਾ ਬਹੁਤ ਨਿਢਾਲ ਹੋ ਗਿਆ। ਵੈਦ ਨੇ ਕਿਹਾ ਕਿ ਰਾਜੇ ਨੂੰ ਸੰਨਪਾਤ ਹੋ ਗਿਆ ਹੈ ਅਤੇ ਇਸ ਦਾ ਇਲਾਜ ਵੀ ਇਸ ਵਿੱਧੀ ਅਨੁਸਾਰ ਕਰਦੇ ਹਾਂ।।੯।।

**ਦਸ ਤੋਲੇ ਅਹਿਫੇਨ ਮੰਗਾਈ।। ਬਹੁ ਬਿਖਿ ਵਾਕੇ ਸੰਗ ਮਿਲਾਈ।।**
**ਧੂਰਾ ਕੀਯਾ ਤਵਨ ਕੇ ਅੰਗ੍ਰਾ।। ਚਾਮ ਗਯੋ ਤਾਕੇ ਤਿਹ ਸੰਗਾ।।੧੦।।**

ਪਦ ਅਰਥ - ਅਹਿਫੇਨ=ਅਫੀਮ। ਬਿਖਿ=ਜ਼ਹਿਰ। ਧੂਰਾ=ਧੂੜਾ।

ਉਸ ਨੇ ਦਸ ਤੋਲੇ ਅਫੀਮ ਮੰਗਵਾਈ ਅਤੇ ਉਹਦੇ ਨਾਲ ਬਹੁਤ ਸਾਰਾ ਜ਼ਹਿਰ ਮਿਲਾ ਦਿੱਤਾ।।ਉਸ ਦਵਾਈ ਨੂੰ ਫਿਰ ਰਾਜੇ ਦੇ ਸਰੀਰ ਤੇ ਧੂੜ ਦਿੱਤਾ ਜਿਸ ਨਾਲ ਰਾਜੇ ਦੀ ਸਾਰੀ ਚਮੜੀ ਉਤਰ ਗਈ।।੧੦।।

**ਹਾਇ ਹਾਇ ਰਾਜਾ ਜਬ ਕਰੈ।। ਤਿਮਿ ਤਿਮਿ ਬੈਦ ਇਹ ਭਾਂਤਿ ਉਚਰੈ।।**
**ਯਾਕਹੁ ਅਧਿਕ ਨ ਬੋਲਨ ਦੇਹੂ।। ਮੂੰਦਿ ਬਦਨ ਰਾਜਾ ਕੋ ਲੇਹੂ।। ੧੧।।**

ਜਿਵੇਂ ਜਿਵੇਂ ਰਾਜਾ 'ਹਾਏ ਹਾਏ' ਕਰਦਾ ਸੀ ਤਿਵੇਂ ਤਿਵੇਂ ਵੈਦ ਕਹਿੰਦਾ ਸੀ ਕਿ ਇਸ ਨੂੰ ਬੋਲਣ ਨ ਦਿਉ ਅਤੇ ਇਸ ਦਾ ਮੂੰਹ ਹੱਥ ਦੇ ਕੇ ਬੰਦ ਰਖੋ।।੧੧।।

**ਜਿਮਿ ਜਿਮਿ ਧੂਰੋ ਤਿਹ ਤਨ ਪਰੈ।। ਹਾਇ ਹਾਇ ਤਿਮ ਨ੍ਰਿਪਤਿ ਉਚਰੈ।।**
**ਭੇਦ ਅਭੇਦ ਨ ਕਿਨਹੂੰ ਚੀਨੋ।। ਇਹ ਛਲ ਪ੍ਰਾਨ ਤਵਨ ਕੋ ਲੀਨੋ।।੧੨।।**

ਜਿਵੇਂ ਜਿਵੇਂ ਦਵਾਈ ਦਾ ਧੂੜਾ ਰਾਜੇ ਨੂੰ ਲੱਗਦਾ ਸੀ ਤਿਵੇਂ ਤਿਵੇਂ ਰਾਜਾ 'ਹਾਏ ਹਾਏ' ਦਾ ਉਚਾਰਣ ਕਰਦਾ ਸੀ। ਕੋਈ ਵੀ ਭੇਤ ਨੂੰ ਸਮਝ ਨ ਸਕਿਆ ਅਤੇ ਇਸ ਤਰ੍ਹਾਂ ਉਸ ਰਾਜੇ ਦੇ ਪ੍ਰਾਣ ਲੈ ਲਏ।।੧੨।।

**ਇਹ ਛਲ ਸਾਥ ਨ੍ਰਿਪਤਿ ਕਹ ਮਾਰਾ।।ਅਪਨੇ ਛਤ੍ਰ ਪੁੱਤ੍ਰ ਸਿਰ ਢਾਰਾ।।**
**ਸਭ ਸੌਅਨ ਕਹ ਦੇਤ ਨਿਕਾਰਜੋ।। ਭੇਦ ਅਭੇਦ ਨ ਕਿਨੂ ਬਿਚਾਰਜੋ।। ੧੩।। ੧।।**

ਇਸ ਛੱਲ ਨਾਲ ਰਾਜੇ ਨੂੰ ਮਾਰ ਦਿੱਤਾ ਅਤੇ ਆਪਣੇ ਪੁੱਤਰ ਨੂੰ ਰਾਜ ਤਿਲਕ ਦੇ ਦਿੱਤਾ। ਸਾਰੀਆਂ ਸੌਂਕਣਾਂ ਨੂੰ ਕੱਢ ਦਿੱਤਾ ਅਤੇ ਕੋਈ ਵੀ ਇਸ ਭੇਤ ਨੂੰ ਸਮਝ ਨ ਸਕਿਆ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੮੧।।੫੩੮੮।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਇਕਾਸੀਵੀਂ ਕਥਾ ਸਮਾਪਤ।।੨੮੧।। ।।ਚਲਦਾ।।

# ਚਲਿੱਤਰ ਦੋ ਸੌ ਬਿਆਸੀਵਾਂ

## ਕਥਾ ਅਮਰ ਕਲਾ

**ਚੌਪਈ।। ਅਮੀਕਰਨ ਇਕ ਸੁਨਾ ਨ੍ਰਿਪਾਲਾ।। ਅਮਰ ਕਲਾ ਜਾਕੇ ਗ੍ਰਿਹਿ ਬਾਲਾ।।**
**ਗੜ੍ਹ ਸਿਰਾਜ ਕੋ ਰਾਜ ਕਮਾਵੈ।। ਸੀਰਾਜੀ ਜਗ ਨਾਮ ਕਹਾਵੈ।।੧।।**

ਪਦ ਅਰਥ - ਨ੍ਰਿਪਾਲ =ਰਾਜਾ। ਬਾਲਾ=ਇਸਤਰੀ।

ਅਮੀ ਕਰਨ ਨਾਮੀਂ ਇਕ ਰਾਜਾ ਸੀ ਜਿਸਦੇ ਘਰ ਵਿਚ ਅਮਰ ਕਲਾ ਨਾਮੀਂ ਇਸਤਰੀ ਸੀ। ਉਹ ਸਿਰਾਜ ਗੜ੍ਹ ਤੇ ਰਾਜ ਕਰਦਾ ਸੀ ਅਤੇ ਸਾਰੇ ਲੋਕ ਉਸ ਨੂੰ ਸੀਰਾਜੀ ਦੇ ਨਾਂ ਨਾਲ ਜਾਣਦੇ ਸਨ।।੧।।

**ਅਸੁਰਕਲਾ ਦੂਸਰਿ ਤਾਕੀ ਤ੍ਰਿਯ।। ਨਿਸਿ ਦਿਨ ਰਹਤ ਨ੍ਰਿਪਤਿ ਜਾਮੈ ਜਿਯ।।**
**ਅਮਰਕਲਾ ਜਿਯ ਮਾਂਝ ਰਿਸਾਵੈ।। ਅਸੁਰ ਕਲਹਿ ਪਿਯ ਰੋਜ਼ ਬੁਲਾਵੈ।। ੨।।**

ਪਦ ਅਰਥ - ਰਿਯ ਮਾਂਝ ਰਿਸਾਵੈ=ਦਿਲ ਵਿਚ ਗੁੱਸਾ ਕਰਦੀ ਸੀ।

ਉਸ ਦੀ ਦੂਸਰੀ ਇਸਤਰੀ ਦਾ ਨਾਂ ਅਸੁਰ ਕਲਾ ਸੀ ਜਿਹੜੀ ਰਾਤ ਦਿਨ ਰਾਜੇ ਦੇ ਦਿਲ ਵਿਚ ਵਸਦੀ ਸੀ। ਅਮਰ ਕਲਾ ਇਹ ਵੇਖ ਕੇ ਸੜਦੀ ਸੀ ਕਿ ਰਾਜਾ ਰੋਜ਼ ਅਸੁਰਕਲਾ ਨੂੰ ਬੁਲਾਉਂਦਾ ਸੀ।।੨।।

**ਏਕ ਬਨਿਕ ਕੌ ਲਯੋ ਬੁਲਾਈ।। ਮਦਨ ਕ੍ਰੀੜ ਤਿਹ ਸਾਥ ਕਮਾਈ।।**
**ਅਨਦ ਕੁਅਰਿ ਤਿਹ ਨਰ ਕੋ ਨਾਮਾ।। ਜਾਕੌ ਭਜਾ ਨ੍ਰਿਪਤਿ ਕੀ ਬਾਮਾ।। ੩।।**

ਪਦ ਅਰਥ - ਬਨਿਕ=ਬਾਣੀਏ। ਮਦਨ ਕ੍ਰੀੜ=ਕਾਮ ਕ੍ਰੀੜਾ।

ਉਸ ਨੇ ਇਕ ਬਾਣੀਏ ਨੂੰ ਬੁਲਾਇਆ ਅਤੇ ਉਸ ਨਾਲ ਕਾਮ ਕ੍ਰੀੜਾ ਕੀਤੀ। ਉਸ ਵਿਅਕਤੀ ਦਾ ਨਾਂ ਅਨੰਦ ਕੁਮਾਰ ਸੀ ਜਿਸ ਨਾਲ ਰਾਜੇ ਦੀ ਰਾਣੀ ਕਾਮ ਕ੍ਰੀੜਾ ਕਰਿਆ ਕਰਦੀ ਸੀ।।੩।।

**ਅਸੁਰ ਕਲਾ ਕੌ ਨਿਜੁ ਕਰ ਘਾਯੋ।।ਮਰੀ ਨਾਰਿ ਤਵ ਪਤਿਹਿ ਸੁਨਾਯੋ।।**
**ਤਰ ਤਖਤਾ ਕੇ ਮਿੱਤ੍ਰਹਿ ਧਰਾ।। ਤਾ ਪਰ ਬਡੋ ਅਡੰਬਰ ਕਰਾ।। ੪।।**

ਪਦ ਅਰਥ - ਨਿਜੁ ਕਰ ਘਾਯੋ=ਆਪਣੇ ਹੱਥਾਂ ਨਾਲ ਮਾਰਿਆ। ਅਡੰਬਰ=ਚਲਿੱਤਰ।

ਇਕ ਦਿਨ ਉਸ ਅਸੁਰਕਲਾ ਨੂੰ ਆਪਣੇ ਹੱਥਾਂ ਨਾਲ ਮਾਰ ਦਿੱਤਾ ਅਤੇ ਫਿਰ ਜਾ ਕੇ ਪਤੀ ਨੂੰ ਦੱਸ ਦਿੱਤਾ ਕਿ ਉਹ ਇਸਤਰੀ ਮਰ ਗਈ ਹੈ। ਲੱਕੜ ਦੇ ਇਕ ਫੱਟੇ ਥਲੇ ਮਿੱਤਰ ਨੂੰ ਲੁਕਾ

Namdhari Elibrary NamdhariElibrary@gmail.com

ਦਿੱਤਾ ਅਤੇ ਫਿਰ ਇਕ ਵੱਡਾ ਚਲਿੱਤਰ ਕੀਤਾ॥੪॥

**ਤਰ ਤਖਤਾ ਕੇ ਮਿੱਤ੍ਰ ਦੁਰਾਯੋ॥ ਤਾ ਪਰ ਸਵਤਿ ਲੋਥ ਕਹਿ ਪਾਯੋ॥**
**ਭੇਦ ਅਭੇਦ ਨ ਕਿਨੂੰ ਬਿਚਾਰਾ॥ ਇਹ ਛਲ ਅਪਨੋ ਯਾਰ ਨਿਕਾਰਾ॥ ੫॥**

ਪਦ ਅਰਥ - ਮਿੱਤ੍ਰ ਦੁਰਾਯੋ=ਮਿੱਤਰ ਲੁਕਾ ਦਿੱਤਾ। ਸਵਤਿ=ਸੌਂਕਣ।

ਫੱਟੇ ਦੇ ਥੱਲੇ ਮਿੱਤਰ ਨੂੰ ਲੁਕਾ ਦਿੱਤਾ ਅਤੇ ਫੱਟੇ ਉਤੇ ਸੌਂਕਣ ਦੀ ਲਾਸ਼ ਪਾ ਦਿੱਤੀ। ਕਿਸੇ ਨੇ ਵੀ ਭੇਤ ਨੂੰ ਨ ਸਮਝਿਆ ਅਤੇ ਇਸ ਤਰ੍ਹਾਂ ਉਸ ਆਪਣਾ ਮਿੱਤਰ ਕੱਢ ਦਿੱਤਾ॥੫॥

**ਦੋਹਰਾ॥ ਸਵਤਿ ਸੰਘਾਰੀ ਪਤਿ ਛਲਾ ਮਿੱਤ੍ਰਹਿ ਲਯੋ ਉਬਾਰਿ॥**
**ਭੇਦ ਕਿਸੂ ਪਾਯੋ ਨਹੀ ਧੰਨ ਸੁ ਅਮਰ ਕੁਮਾਰਿ॥ ੬॥ ੧॥**

ਸੌਕਣ ਨੂੰ ਮਾਰ ਦਿੱਤਾ, ਪਤੀ ਨੂੰ ਛਲ ਕੇ ਮਿੱਤਰ ਨੂੰ ਵੀ ਬਚਾ ਲਿਆ। ਕਿਸੇ ਨੂੰ ਵੀ ਪਤਾ ਨ ਲੱਗਾ. ਅਮਰ ਕਲਾ ਧੰਨ ਹੈ॥੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਬਯਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੨॥੫੩੯੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਬਿਆਸੀਵੀਂ ਕਥਾ ਸਮਾਪਤ॥੨੮੨॥੫੩੯੪॥ਚਲਦਾ॥

## ਚਲਿੱਤਰ ਦੋ ਸੌ ਤਿਰਾਸੀਵਾਂ

## ਕਥਾ ਰਾਣੀ ਕਿੰਨਰ ਮਤੀ

**ਚੌਪਈ॥ ਸ਼ਹਿਰ ਪਲਾਊ ਏਕ ਨ੍ਰਿਪਾਰਾ॥ ਜਿਹ ਧਨਿ ਭਰੇ ਸਕਲ ਭੰਡਾਰਾ॥**
**ਕਿੰਨ੍ਰਮਤੀ ਤਿਹ ਰਾਜ ਦੁਲਾਰੀ॥ ਜਾਨੁਕ ਚੰਦ੍ਰ ਲਈ ਉਜਿਯਾਰੀ॥ ੧॥**

ਪਲਾਊ ਸ਼ਹਿਰ ਵਿਚ ਇਕ ਰਾਜਾ ਸੀ ਜਿਸ ਦੇ ਭੰਡਾਰ ਧਨ ਨਾਲ ਭਰੇ ਹੋਏ ਸਨ। ਕਿੰਨਰ ਮਤੀ ਉਸ ਦੀ ਰਾਣੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਚੰਦ ਨੇ ਪ੍ਰਕਾਸ਼ ਉਸ ਪਾਸੋਂ ਉਧਾਰਾ ਲਿਆ ਹੋਵੇ॥੧॥

**ਬਿਕ੍ਰਮ ਸਿੰਘ ਸ਼ਾਹੁ ਸੁਤ ਇਕ ਤਹ॥ ਜਾ ਸਮ ਸੁੰਦਰ ਦੁਤਿਯ ਨ ਮਹਿ ਮਹ॥**
**ਅੱਪ੍ਰਮਾਨ ਤਿਹ ਪ੍ਰਭਾ ਬਿਰਾਜੈ॥ ਸੁਰ ਨਰ ਅਸੁਰ ਨਿਰਖਿ ਮਨ ਲਾਜੈ॥ ੨॥**

ਉਥੇ ਬਿਕਰਮ ਸਿੰਘ ਨਾਮੀਂ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ ਜਿਸ ਵਰਗਾ ਸੁੰਦਰ ਧਰਤੀ ਤੇ ਹੋਰ ਕੋਈ ਨਹੀਂ ਸੀ। ਉਸ ਦੀ ਸ਼ੋਭਾ ਅਪਾਰ ਸੀ ਅਤੇ ਦੇਵ-ਦਾਨਵ ਅਤੇ ਨਾਗ ਸਭ ਉਸ ਨੂੰ

Namdhari Elibrary NamdhariElibrary@gmail.com

ਵੇਖ ਲਜਿੱਤ ਹੁੰਦੇ ਸਨ॥੨॥

**ਕਿੰਨ੍ਰਮਤੀ ਵਾਸੌ ਹਿਤ ਕਿਯੋ॥ ਤਾਹਿ ਬੋਲਿ ਗ੍ਰਿਹਿ ਅਪਨੇ ਲਿਯੋ॥**
**ਕਾਮ ਭੋਗ ਤਾਸੌ ਦ੍ਰਿੜ੍ਹ ਕਿਯਾ॥ ਚਿਤ ਕੋ ਸ਼ੋਕ ਦੂਰਿ ਕਰਿ ਦਿਯਾ॥ ੩॥**

ਕਿੰਨਰਮਤੀ ਨੂੰ ਉਸ ਨਾਲ ਪ੍ਰੇਮ ਹੋ ਗਿਆ ਅਤੇ ਉਸ ਨੂੰ ਆਪਣੇ ਘਰ ਬੁਲਾ ਲਿਆ। ਉਸ ਨਾਲ ਰੁਚੀ ਪੂਰਵਕ ਕਾਮ ਕ੍ਰੀੜਾ ਕਰਕੇ ਉਸ ਆਪਣੇ ਦਿਲ ਦੇ ਦੁਖ ਨੂੰ ਦੂਰ ਕਰ ਲਿਆ॥੩॥

**ਰਾਨੀ ਭੋਗ ਮਿੱਤ੍ਰ ਕੋ ਰਸਿਕੈ॥ ਇਹ ਬਿਧਿ ਬਚਨ ਬਖਾਨਜੋ ਹਸਿਕੈ॥**
**ਤੁਮ ਹਮ ਕਹ ਲੈ ਸੰਗ ਸਿਧਾਵਹੁ॥ ਪਿਯ ਚਰਿਤ੍ਰ ਕਛੁ ਐਸ ਬਨਾਵਹੁ॥ ੪॥**

ਰਾਣੀ ਨੇ ਆਪਣੇ ਰਸੀਏ ਮਿੱਤਰ ਨੂੰ ਹੱਸ ਕੇ ਕਿਹਾ ਕਿ ਕੋਈ ਇਸ ਤਰ੍ਹਾਂ ਦਾ ਚਲਿੱਤਰ ਕਰੋ ਕਿ ਮੈਨੂੰ ਲੈ ਕੇ ਕਿਸੇ ਹੋਰ ਥਾਂ ਚਲੇ ਚੱਲੋ॥੪॥

**ਮਿੱਤ੍ਰ ਕਹਿਯੋ ਮੈਂ ਕਹੌ ਸੁ ਕਰਿਯਹੁ॥ ਭੇਦ ਪੁਰਖ ਦੂਸਰ ਨ ਉਚਰਿਯਹੁ॥**
**ਰੁਦ੍ਰ ਭਵਨ ਪੂਜਨ ਤੁਮ ਜੈਹੌ॥ ਤਬਹੀ ਹਿਤੂ ਹਿਤੂ ਕਹ ਪੈਹੌ॥ ੫॥**

ਮਿੱਤਰ ਨੇ ਕਿਹਾ ਕਿ ਜਿਸ ਤਰ੍ਹਾਂ ਮੈਂ ਕਹਾਂ ਉਸ ਤਰ੍ਹਾਂ ਕਰਨਾ ਅਤੇ ਇਹ ਭੇਤ ਹੋਰ ਕਿਸੇ ਨੂੰ ਨਹੀਂ ਦਸਣਾ। ਜਦ ਤੂੰ ਸ਼ਿਵਜੀ ਦੀ ਪੂਜਾ ਲਈ ਮੰਦਰ ਜਾਵੇਂਗੀ ਤਾਂ ਉਥੇ ਹੀ ਤੂੰ ਆਪਣੇ ਹਿਤੂ ਮਿੱਤਰ ਨੂੰ ਪਾਵੇਂਗੀ॥੫॥

**ਪਤਿ ਤਨ ਭਾਖਿ ਦੇਹਰੇ ਗਈ॥ ਤਹ ਤੇ ਜਾਤ ਮਿੱਤ੍ਰ ਸੰਗ ਭਈ॥**
**ਕਿਨਹੂੰ ਪੁਰਖ ਭੇਦ ਨਹਿ ਜਾਨਾ॥ ਅਸ ਰਾਜਾ ਤਨ ਬਚਨ ਬਖਾਨਾ॥ ੬॥**

ਪਦ ਅਰਥ - ਪਤਿ=ਪਤੀ। ਭਾਖਿ=ਕਹਿਕੇ। ਦੇਹਰੇ=ਮੰਦਰ।

ਪਤੀ ਨੂੰ ਦੱਸਕੇ ਉਹ ਮੰਦਰ ਗਈ ਅਤੇ ਉੱਥੋਂ ਹੀ ਮਿੱਤਰ ਦੇ ਨਾਲ ਨਿਕਲ ਗਈ। ਕਿਸੇ ਵੀ ਵਿਅਕਤੀ ਨੂੰ ਇਸ ਭੇਤ ਦਾ ਪਤਾ ਨ ਲੱਗਾ ਅਤੇ ਉਸ ਆਦਮੀ ਨੇ ਰਾਜੇ ਨੂੰ ਆ ਕੇ ਇਸ ਤਰ੍ਹਾਂ ਕਿਹਾ॥੬॥

**ਰਾਨੀ ਰੁੱਦ੍ਰ ਭਵਨ ਜਬ ਗਈ॥ ਸ਼ਿਵਜੂ ਬਿਖੈ ਲੀਨ ਸੋ ਭਈ॥**
**ਤਿਨ ਸਾਜੁਜ ਮੁਕਤਿ ਕਹ ਪਾਯੋ॥ ਜਨਮ ਮਰਨ ਕੋ ਤਾਪ ਮਿਟਾਯੋ॥ ੭॥**

ਪਦ ਅਰਥ – ਰੁੱਦ੍ਰ ਭਵਨ=ਸ਼ਿਵਜੀ ਦੇ ਮੰਦਰ। ਸ਼ਿਵਜੂ ਬਿਖੈ=ਸ਼ਿਵਜੀ ਵਿਚ। ਲੀਨ ਭਈ=ਸਮਾ ਗਈ। ਸਾਜੁਜ=ਉਪਾਸਨਾ ਕਾਂਡ ਅਨੁਸਾਰ ਇਕ ਪ੍ਰਕਾਰ ਦੀ ਮੁਕਤੀ ਜੋ ਉਪਾਸ਼ਕ ਨੂੰ ਉਪਾਸਯ ਦੇ ਨਾਲ ਜੋੜ ਦਿੰਦੀ ਹੈ. ਇਸ ਮੁਕਤੀ ਨਾਲ ਅਭੇਦਤਾ ਨਹੀਂ ਹੁੰਦੀ. ਭੇਦ ਬਣਿਆ ਰਹਿੰਦਾ ਹੈ ਭਾਵ

Namdhari Elibrary NamdhariElibrary@gmail.com

ਜਿਸ ਦੇਵਤਾ ਦੀ ਕੋਈ ਪੂਜਾ ਕਰਦਾ ਹੋਵੇ ਅਤੇ ਪੂਜਾ ਕਰਦਾ ਉਸ ਵਿਚ ਸਮਾ ਜਾਵੇ ਤਾਂ ਉਸ ਨੂੰ ਸਾਜ਼ੁਜ ਮੁਕਤੀ ਕਹਿੰਦੇ ਹਨ। ਤਾਪ=ਸੰਤਾਪ, ਦੁੱਖ।

ਰਾਣੀ ਜਦ ਸ਼ਿਵ ਮੰਦਰ ਗਈ ਤਾਂ ਉਥੇ ਉਹ ਸ਼ਿਵਜੀ ਵਿਚ ਲੀਨ ਹੋ ਗਈ। ਉਥੇ ਹੀ ਉਸ ਸਾਜ਼ੁਜ–ਮੁਕਤੀ ਪ੍ਰਾਪਤ ਕਰ ਲਈ ਅਤੇ ਜਨਮ ਮਰਨ ਦੇ ਦੁੱਖ ਤੋਂ ਰਹਿਤ ਹੋ ਗਈ।।੭।।

**ਨ੍ਰਿਪ ਸੁਨਿ ਰੁਦ੍ਰ ਭਗਤਿ ਅਨੁਰਾਗਾ।। ਧਨਿ ਧਨਿ ਤ੍ਰਿਯਹਿ ਬਖਾਨਨ ਲਾਗਾ।।**
**ਦੁਹਕਰ ਕਰਮ ਕੀਆ ਜਿਨ ਦਾਰਾ।। ਪਲਿ ਪਲਿ ਪ੍ਰਤਿ ਤਾਕੇ ਬਲਿਹਾਰਾ।।੮।।੧।।**

ਪਦ ਅਰਥ - ਅਨੁਰਾਗਾ=ਪ੍ਰਸੰਨ ਹੋਇਆ। ਦੁਹਕਰ=ਮੁਸ਼ਕਿਲ, ਔਖਾ।

ਰਾਜਾ ਵੀ ਇਹ ਸੁਣਕੇ ਸ਼ਿਵਜੀ ਦੀ ਭਗਤੀ ਵਿਚ ਲੀਨ ਹੋ ਗਿਆ ਅਤੇ ਇਸਤਰੀ ਨੂੰ 'ਧੰਨ ਧੰਨ' ਕਹਿਣ ਲੱਗਾ। ਜਿਸ ਇਸਤਰੀ ਨੇ ਏਡਾ ਵਡਾ ਕਾਰਜ ਕੀਤਾ ਹੈ ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।।੮।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤਰਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੮੩।।੫੪੦੨।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਤਿਰਾਸੀਵੀਂ ਕਥਾ ਸਮਾਪਤ।।੨੮੩।।੫੪੦੨।।ਚਲਦਾ।।

## ਚਲਿੱਤਰ ਦੋ ਸੌ ਚੌਰਾਸੀਵਾਂ

## ਕਥਾ ਦੱਖਣ ਦੇਵੀ

**ਚੌਪਈ।। ਦੱਛਨਿ ਸੈਨ ਦੱਛਨੀ ਰਾਜਾ।। ਦੱਛਨਿ ਦੇ ਰਾਨੀ ਸਿਰਤਾਜਾ।।**
**ਜਾ ਸਮ ਔਰ ਨ ਦੂਜੀ ਰਾਨੀ।। ਦੱਛਿਨਵਤੀ ਬਸਤ ਰਜਧਾਨੀ।।੧।।**

ਦੱਖਣ ਦੇਸ ਵਿਚ ਇਕ ਦੱਖਣ ਸੈਨ ਰਾਜਾ ਸੀ ਜੋ ਆਪਣੀ ਦੱਖ਼ਣ ਦੇਵੀ ਨਾਮੀਂ ਰਾਣੀ ਦਾ ਸਿਰਤਾਜ ਸੀ ਉਸ ਦੀ ਰਾਜਧਾਨੀ ਦੱਖਣਵਤੀ ਵਿਚ ਉਸ ਵਰਗੀ ਹੋਰ ਕੋਈ ਰਾਣੀ ਨਹੀਂ ਸੀ।।੧।।

**ਦੱਛਿਨੀ ਰਾਇ ਏਕ ਤਹ ਚਾਕਰ।। ਰੂਪਮਾਨ ਜਨੁ ਦੁਤਿਯ ਦਿਵਾਕਰ।।**
**ਤਾਕੀ ਜਾਤ ਪ੍ਰਭਾ ਨਹਿ ਕਹੀ।। ਜਾਨੁਕ ਫੂਲਿ ਚੰਬੇਲੀ ਰਹੀ।।੨।।**

ਪਦ ਅਰਥ – ਚਾਕਰ=ਨੌਕਰ। ਦੁਤਿਯ ਦਿਵਾਕਰ=ਦੂਸਰਾ ਸੂਰਜ। ਤਾਕੀ=ਉਸ ਦੀ। ਪ੍ਰਭਾ=ਸ਼ੋਭਾ, ਸੁੰਦਰਤਾ।

ਦੌਂਥਣ ਰਾਏ ਨਾਮੀਂ ਇਕ ਨੌਕਰ ਸੀ ਜਿਹੜਾ ਰੂਪ ਸੁੰਦਰਤਾ ਵਿਚ ਮਾਨੋਂ ਦੂਸਰਾ ਸੂਰਜ ਸੀ। ਉਸ ਦੀ ਸ਼ੋਭਾ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਚੰਬੇਲੀ ਦਾ ਫੁਲ ਖਿੜ ਰਿਹਾ ਹੋਵੇ।।੨।।

**ਰੂਪ ਤਵਨ ਕੋ ਦਿਪਤ ਅਪਾਰਾ।। ਤਿਹ ਆਗੇ ਕਜਾ ਸੂਰ ਬਿਚਾਰਾ।।**
**ਸੋਭਾ ਕਹੀ ਨ ਹਮਤੇ ਜਾਈ।। ਸਕਲ ਤ੍ਰਿਯਾ ਲਖਿ ਰਹਤ ਬਿਕਾਈ।। ੩।।**

ਪਦ ਅਰਥ - ਦਿਪਤ=ਪ੍ਰਕਾਸ਼ ਮਈ। ਸੂਰ=ਸੂਰਜ। ਬਿਕਾਈ=ਵਿੱਕ ਗਈ।

ਉਸ ਦੇ ਅਪਾਰ ਰੂਪ ਅੱਗੇ ਸੂਰਜ ਵਿਚਾਰਾ ਵੀ ਕੀ ਸੀ, ਮੈਂ ਉਸ ਦੀ ਸੁੰਦਰਤਾ ਵਰਣਨ ਨਹੀਂ ਕਰ ਸਕਦਾ। ਸਾਰੀਆਂ ਇਸਤਰੀਆਂ ਉਸ ਨੂੰ ਵੇਖ ਕੇ ਉਸਦੀਆਂ ਹੀ ਹੋ ਜਾਂਦੀਆਂ ਸਨ।।੩।।

**ਰਾਨੀ ਦਰਸ ਤਵਨ ਕੋ ਪਾਯੋ।। ਪਠੈ ਸਹਚਰੀ ਧਾਮ ਬੁਲਾਯੋ।।**
**ਕਾਮਕੇਲ ਤਾਸੌ ਹਸਿ ਮਾਨੀ।। ਰਮਤ ਰਮਤ ਸਭ ਨਿਸਾ ਬਿਹਾਨੀ।। ੪।।**

ਪਦ ਅਰਥ - ਦਰਸ=ਦਰਸ਼ਨ। ਨਿਸਾ ਬਿਹਾਨੀ=ਰਾਤ ਬੀਤ ਗਈ।

ਜਦ ਰਾਣੀ ਨੇ ਉਸ ਦੇ ਦਰਸ਼ਨ ਕੀਤੇ ਤਾਂ ਇਕ ਦਾਸੀ ਨੂੰ ਭੇਜ ਕੇ ਉਸ ਨੂੰ ਘਰ ਬੁਲਾ ਲਿਆ। ਉਸ ਨਾਲ ਹੱਸ ਹੱਸ ਕੇ ਭੋਗ ਬਿਲਾਸ ਕੀਤਾ ਅਤੇ ਰਮਣ ਕਰਦਿਆਂ ਹੀ ਸਾਰੀ ਰਾਤ ਬੀਤ ਗਈ।।੪।।

**ਜੈਸੋ ਹੁਤੋ ਨ੍ਰਿਪਤਿ ਕੇ ਰੂਪਾ।। ਤੈਸੋ ਤਾਕੋ ਹੁਤੋ ਸਰੂਪਾ।।**
**ਜਾਸੌ ਅਟਕ ਕੁਅਰਿ ਕੀ ਭਈ।। ਨ੍ਰਿਪ ਕੀ ਬਾਤ ਬਿਸਰਿ ਕਰਿ ਗਈ।। ੫।।**

ਜਿਸ ਤਰ੍ਹਾਂ ਦੀ ਰਾਜੇ ਦੀ ਸ਼ਕਲ ਸੀ ਉਸ ਤਰ੍ਹਾਂ ਦੀ ਹੀ ਇਸ ਦੀ ਸ਼ਕਲ ਸੀ। ਜਿਸ ਦਿਨ ਤੋਂ ਰਾਣੀ ਦਾ ਉਸ ਨਾਲ ਪਿਆਰ ਪਿਆ, ਉਸ ਦਿਨ ਤੋਂ ਰਾਣੀ ਰਾਜੇ ਬਾਰੇ ਬਿਲਕੁਲ ਭੁਲ ਗਈ।।੫।।

**ਤਾਸੌ ਹਿਤ ਰਾਨੀ ਕੋ ਭਯੋ।। ਰਾਜਾ ਸਾਥ ਹੇਤੁ ਤਜਿ ਦਯੋ।।**
**ਮਦਰਾ ਅਧਿਕ ਨ੍ਰਿਪਤਿ ਕਹ ਪਜਾਯੋ।। ਰਾਜ ਸਿੰਘਾਸਨ ਜਾਰ ਬੈਠਾਯੋ।। ੬।।**

ਰਾਣੀ ਦਾ ਹੁਣ ਉਸ ਨਾਲ ਪ੍ਰੇਮ ਹੋ ਗਿਆ ਅਤੇ ਉਸ ਨੇ ਰਾਜੇ ਦਾ ਸਾਥ ਛੱਡ ਦਿੱਤਾ। ਰਾਜੇ ਨੂੰ ਬਹੁਤ ਸ਼ਰਾਬ ਪਿਆਈ ਅਤੇ ਆਪਣੇ ਯਾਰ ਨੂੰ ਰਾਜ ਸਿੰਘਾਸਨ ਤੇ ਬੈਠਾ ਦਿੱਤਾ।।੬।।

**ਮੱਤ ਭਏ ਨ੍ਰਿਪ ਸੋ ਧਨ ਪਾਯੋ।। ਬਾਂਧਿ ਮ੍ਰਿਤ ਕੇ ਧਾਮ ਪਠਾਯੋ।।**
**ਤਾਕੋ ਪ੍ਰਜਾ ਨ੍ਰਿਪਤਿ ਕਰਿ ਮਾਨਾ।। ਰਾਜਾ ਕਹ ਚਾਕਰ ਪਹਿਚਾਨਾ।। ੭।।**

ਮਦਮਸਤ ਰਾਜੇ ਨੂੰ ਬੰਨ੍ਹ ਕੇ ਜਮ ਲੋਕ ਭੇਜ ਦਿੱਤਾ। ਪਰਜਾ ਨੇ ਨੋਕਰ ਨੂੰ ਰਾਜਾ ਸਮਝ ਲਿਆ ਅਤੇ ਰਾਜੇ ਨੂੰ ਨੌਕਰ ਮੰਨ ਲਿਆ॥੭॥

**ਦੁਹੂੰਅਨ ਕੀ ਏਕੈ ਅਨੁਹਾਰਾ॥ ਰਾਵ ਰੰਕ ਨਹਿ ਜਾਤ ਬਿਚਾਰਾ॥**
**ਤਾਕੌ ਲੋਗ ਨ੍ਰਿਪਤਿ ਕਰਿ ਮਾਨੈ॥ ਲੱਜਤ ਬਚਨ ਨ ਨ੍ਰਿਪਤਿ ਬਖਾਨੈ॥੮॥**

ਪਦ ਅਰਥ - ਅਨੁਹਾਰ=ਨੁਹਾਰ, ਸ਼ਕਲ। ਬਖਾਨੈ=ਕਹਿੰਦਾ ਸੀ।

ਦੋਹਾਂ ਦਾ ਮੁਹਾਂਦਰਾ ਇਕੋ ਜਿਹਾ ਹੋਣ ਕਰਕੇ ਰਾਜੇ ਅਤੇ ਨਿਰਧਨ ਨੌਕਰ ਵਿਚ ਕੋਈ ਅੰਤਰ ਨਹੀਂ ਸੀ ਦਿਸਦਾ। ਲੋਕ ਉਸੇ ਨੂੰ ਰਾਜਾ ਮੰਨਦੇ ਸਨ ਅਤੇ ਰਾਜਾ ਸ਼ਰਮ ਦਾ ਮਾਰਿਆ ਕੁਝ ਨਹੀਂ ਕਹਿੰਦਾ ਸੀ॥੮॥

**ਦੋਹਰਾ॥ ਰੰਕ ਰਾਜ ਐਸੇ ਕਰਾ ਦਿਯਾ ਰੰਕ ਕੌ ਰਾਜ॥**
**ਹ੍ਵੈ ਅਤੀਤ ਪਤਿ ਬਨ ਗਯੋ ਤਜਿ ਗਜੋ ਸਕਲ ਸਮਾਜ॥੯॥੧॥**

ਰੰਕ ਅਤੇ ਰਾਜੇ ਨਾਲ ਉਸ ਇਸ ਤਰ੍ਹਾਂ ਕੀਤਾ ਅਤੇ ਰੰਕ ਨੂੰ ਰਾਜ ਦੇ ਦਿੱਤਾ। ਹੁਣ ਪਤੀ ਸਾਧੂ ਬਣ ਕੇ ਸਾਰਾ ਸਮਾਜ ਛੱਡ ਕੇ ਜੰਗਲ ਵਿਚ ਚਲਾ ਗਿਆ॥੯॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚੌਰਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੪॥੫੪੧੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਚੌਰਾਸੀਵੀਂ ਕਥਾ ਸਮਾਪਤ॥੨੮੪॥੫੪੧੧॥ਚਲਦਾ॥

## ਚਲਿੱਤਰ ਦੋ ਸੌ ਪਚਾਸੀਵਾਂ

## ਕਥਾ ਸ਼ਮਤ ਮਤੀ

## ਭੁਜੰਗ ਪ੍ਰਯਾਤ ਛੰਦ॥

**ਹੁਤੋ ਏਕ ਰਾਜਾ ਪ੍ਰਜਾ ਸੈਨ ਨਾਮਾ॥ ਪ੍ਰਜਾ ਪਾਲਨੀ ਧਾਮ ਤਾਂਕੇ ਸੁ ਬਾਮਾ॥**
**ਪ੍ਰਜਾ ਲੋਗ ਜਾਕੀ ਸਭੈ ਆਨਿ ਮਾਨੈ॥ ਤਿਸੈ ਦੂਸਰੋ ਜਾਨ ਰਾਜਾ ਪ੍ਰਮਾਨੈ॥੧॥**

ਪਰਜਾ ਸੈਨ ਨਾਮੀਂ ਇਕ ਰਾਜਾ ਸੀ ਜਿਸਦੇ ਘਰ ਪਰਜਾ ਪਾਲਨੀ ਨਾਮੀਂ ਸੁੰਦਰ ਔਰਤ ਸੀ। ਪਰਜਾ ਵੀ ਉਸ ਇਸਤਰੀ ਦਾ ਉਦੇਸ਼ ਮੰਨਦੀ ਸੀ ਅਤੇ ਉਸ ਨੂੰ ਦੂਸਰਾ ਰਾਜਾ ਸਮਝਦੀ ਸੀ॥੧॥

**ਸੁਧਾ ਸੈਨ ਨਾਮਾ ਰਹੈ ਭ੍ਰਿਤ ਤਾਕੇ॥ ਰਹੈ ਰੀਝਿ ਬਾਲਾ ਲਖੈਂ ਨੈਨ ਵਾਕੇ॥**

**********************************************************

## ਨ ਹ੍ਵੈਹੈ ਨ ਹੈਨਾ ਬਿਧਾਤਾ ਬਨਾਯੋ।। ਨਰੀ ਨਾਗਨੀ ਗੰਧ੍ਰਬੀ ਕੋ ਨ ਜਾਯੋ।। ੨।।

ਪਦ ਅਰਥ - ਭ੍ਰਿਤ=ਨੌਕਰ। ਰੀਝਿ=ਮੋਹਤ।

ਉਸ ਦੇ ਕੋਲ ਇਕ ਸੁਧਾਸੈਨ ਨਾਮੀਂ ਇਕ ਨੌਕਰ ਸੀ। ਉਸਦੀਆਂ ਅੱਖਾਂ ਵੇਖ ਕੇ ਉਹ ਇਸਤਰੀ ਉਸ ਤੇ ਮੋਹਿਤ ਹੋ ਗਈ ਸੀ। ਉਸ ਵਰਗਾ ਨ ਕੋਈ ਹੈ, ਨ ਹੀ ਹੋਵੇਗਾ ਅਤੇ ਨ ਹੀ ਵਿਧਾਤਾ ਨੇ ਹੋਰ ਕੋਈ ਬਣਾਇਆ ਹੈ। ਨਰੀ, ਨਾਗਨੀ ਅਤੇ ਗੰਧਰਬੀ ਕਿਸੇ ਇਸਤਰੀ ਨੇ ਵੀ ਅਜਿਹਾ ਖੂਬਸੂਰਤ ਮਨੁੱਖ ਪੈਦਾ ਨਹੀਂ ਸੀ ਕੀਤਾ।।੨।।

## ਚੌਪਈ।। ਬਨਿਕ ਏਕ ਧਨਵਾਨ ਰਹਤ ਤਹ।। ਪ੍ਰਜਾ ਸੈਨ ਨ੍ਰਿਪ ਰਾਜ ਕਰਤ ਜਹ।।
## ਸੁਮਤਿ ਮਤੀ ਤਾਕੀ ਇਕ ਕੰਨਜਾ।। ਧਰਨੀ ਤਲ ਕੇ ਭੀਤਰ ਧੰਨਜਾ।। ੩।।

ਪਦ ਅਰਥ - ਧਰਨੀ=ਧਰਤੀ। ਭੀਤਰ=ਵਿਚ।

ਜਿਥੇ ਰਾਜਾ ਪਰਜਾ ਸੈਨ ਰਾਜ ਕਰਦਾ ਸੀ ਉਥੇ ਇਕ ਧਨਵਾਨ ਵਿਅਕਤੀ ਰਹਿੰਦਾ ਸੀ। ਉਸ ਦੀ ਸੁਮੱਤ ਮਤੀ ਨਾਮੀਂ ਇਕ ਲੜਕੀ ਸੀ, ਜਿਸਨੂੰ ਧਰਤੀ ਉਤੇ 'ਧੰਨ ਧੰਨ' ਕਿਹਾ ਜਾਂਦਾ ਸੀ।।੩।।

## ਸੁਧਾ ਸੈਨ ਤਿਨ ਜਬੈ ਨਿਹਾਰਾ।। ਹਰਿ ਅਰਿ ਸਰ ਤਾਕੇ ਤਨ ਮਾਰਾ।।
## ਪਠੌ ਸਹਚਰੀ ਤਾਂਹਿ ਬੁਲਾਯੋ।। ਸੋ ਨਰ ਧਾਮ ਨ ਵਾਂਕੇ ਆਯੋ।। ੪।।

ਪਦ ਅਰਥ - ਨਿਹਾਰਾ=ਵੇਖਿਆ। ਅਰਿ=ਕਾਮ ਦਾ ਤੀਰ। ਧਾਮ=ਘਰ।

ਸੁਧਾ ਸੈਨ ਨੂੰ ਜਦ ਉਸ ਵੇਖਿਆ ਤਾਂ ਕਾਮਦੇਵ ਨੇ ਉਸ ਨੂੰ ਕਾਮਬਾਣ ਮਾਰਿਆ। ਉਸ ਲੜਕੀ ਨੇ ਦਾਸੀ ਭੇਜ ਕੇ ਉਸ ਨੂੰ ਬੁਲਵਾਇਆ ਪਰ ਉਹ ਵਿਅਕਤੀ ਉਸ ਦੇ ਘਰ ਨ ਆਇਆ।।੪।।

## ਨਾਹਿ ਨਾਹਿ ਜਿਮਿ ਜਿਮਿ ਵਹ ਕਹੈ।। ਤਿਮਿ ਤਿਮਿ ਹਠਿ ਇਸਤ੍ਰੀ ਕਰ ਗਹੈ।।
## ਅਧਿਕ ਦੂਤਕਾ ਤਹਾਂ ਪਠਾਵੈ।। ਕਜੋਂਹੂੰ ਧਾਮ ਮਿੱਤ੍ਰ ਨਹਿ ਆਵੈ।। ੫।।

ਜਿਵੇਂ ਜਿਵੇਂ ਉਹ 'ਨਹੀਂ ਨਹੀਂ' ਕਰੀ ਜਾਂਦਾ ਸੀ ਇਸਤਰੀ ਦਾ ਹੱਠ ਹੋਰ ਵੀ ਵੱਧਦਾ ਜਾਂਦਾ ਸੀ। ਉਸ ਕਈ ਦਾਸੀਆਂ ਉਸ ਕੋਲ ਭੇਜੀਆ ਪਰ ਉਹ ਮਿੱਤਰ ਘਰ ਨ ਆਇਆ।।੫।।

## ਜਜੋਂ ਜਜ਼ੋਂ ਮਿੱਤ੍ਰ ਨ ਆਵੈ ਧਾਮਾ।। ਤਜੋਂ ਤਜੋਂ ਅਤਿ ਬਜਾਕੁਲ ਹ੍ਵੈ ਬਾਮਾ।।
## ਬਹੁ ਦੂਤਿਨ ਤੇ ਧਾਮ ਲੁਟਾਵੈ।। ਪਲ ਪਲ ਪ੍ਰਤਿ ਤਿਹ ਧਾਮ ਪਠਾਵੈ।। ੬।।

ਜਿਵੇਂ ਜਿਵੇਂ ਉਹ ਮਿੱਤਰ ਘਰ ਨਹੀਂ ਆ ਰਿਹਾ ਸੀ ਤਿਵੇਂ ਤਿਵੇਂ ਉਹ ਇਸਤਰੀ ਵਿਆਕੁਲ ਹੁੰਦੀ ਜਾ ਰਹੀ ਸੀ। ਅਨੇਕ ਦਾਸੀਆਂ ਨੂੰ ਉਸ ਦੇ ਘਰ ਭੇਜਿਆ ਪਰ ਉਹ ਸਭ ਨੂੰ ਮੋੜ ਦਿੰਦਾ ਸੀ। ਪਰ ਉਹ ਹਰ ਪੱਲ ਕਿਸੇ ਨ ਕਿਸੇ ਦਾਸੀ ਨੂੰ ਉਸ ਦੇ ਘਰ ਭੇਜਣ ਲੱਗੀ।।੬।।

Namdhari Elibrary NamdhariElibrary@gmail.com

**ਸ਼ਾਹ ਸੁਤਾ ਬਹੁ ਬਿਧਿ ਕਰਿ ਹਾਰੀ।। ਸੁਧਾ ਸੈਨ ਸੌ ਭਈ ਨ ਯਾਰੀ।।**
**ਤਬ ਅਬਲਾ ਇਹ ਮੰਤ੍ਰ ਪਕਾਯੋ।। ਇਕ ਦੂਤੀ ਕਹ ਤਹਾਂ ਪਠਾਯੋ।। ੭।।**

ਸ਼ਾਹ ਦੀ ਪੁੱਤਰੀ ਅਨੇਕਾਂ ਯਤਨ ਕਰਕੇ ਹਾਰ ਗਈ ਪਰ ਸੁਧਾਸੈਨ ਨੂੰ ਉਹ ਆਪਣਾ ਮਿੱਤਰ ਨ ਬਣਾ ਸਕੀ। ਤਦ ਉਸ ਇਸਤਰੀ ਨੇ ਇਕ ਚਲਿੱਤਰ ਬਾਰੇ ਵਿਚਾਰ ਕੀਤਾ ਅਤੇ ਆਪਣੀ ਇਕ ਦਾਸੀ ਨੂੰ ਉਸ ਪਾਸ ਭੇਜਿਆ।।੭।।

**ਚਲੀ ਚਲੀ ਸਹਚਰਿ ਤਹ ਗਈ।। ਜਿਹ ਗ੍ਰਿਹਿ ਸੁਧਿ ਮਿਤਵਾ ਕੀ ਭਈ।।**
**ਪਕਰਿ ਭੁਜਾ ਤੇ ਸੋਤ ਜਗਾਯੋ।। ਚਲਹੁ ਅਬੈ ਨ੍ਰਿਪ ਤ੍ਰਿਯਹਿ ਬੁਲਾਯੋ।। ੮।।**

ਉਹ ਦਾਸੀ ਚਲਦੀ ਚਲਦੀ ਉਥੇ ਪਹੁੰਚੀ ਜਿਥੇ ਕਿ ਉਸ ਨੂੰ ਮਿੱਤਰ ਦੇ ਹੋਣ ਬਾਰੇ ਖਬਰ ਮਿਲੀ। ਉਸ ਨੂੰ ਬਾਂਹ ਤੋਂ ਫੜਕੇ ਸੁਤੇ ਨੂੰ ਜਗਾਇਆ ਅਤੇ ਰੋਅਬ ਨਾਲ ਕਹਿਣ ਲੱਗੀ ਕਿ ਹੁਣੇ ਚੱਲੋ ਤੁਹਾਨੂੰ ਰਾਣੀ ਨੇ ਬੁਲਾਇਆ ਹੈ।।੮।।

**ਮੂਰਖ ਕਛੂ ਬਾਤ ਨਹਿ ਪਾਈ।। ਸਹਚਰਿ ਤਹਾਂ ਸੰਗ ਕਰਿ ਲਜਾਈ।।**
**ਬੈਠੀ ਸੁਤਾ ਸ਼ਾਹੁ ਕੀ ਜਹਾਂ।। ਲੈ ਆਈ ਮਿਤਵਾ ਕਹ ਤਹਾਂ।। ੯।।**

ਉਹ ਮੂਰਖ ਕੁਝ ਨਹੀਂ ਸਮਝਿਆ ਅਤੇ ਉਹ ਦਾਸੀ ਉਸ ਨੂੰ ਆਪਣੇ ਨਾਲ ਉਥੇ ਲੈ ਆਈ ਜਿਥੇ ਸ਼ਾਹ ਦੀ ਪੁੱਤਰੀ ਬੈਠੀ ਸੀ।।੯।।

**ਵਹਿ ਮੂਰਖ ਐਸੋ ਜਿਯ ਜਾਨਾ।। ਸ਼ਾਹੁ ਸੁਤਾ ਕੋ ਛਲ ਨ ਪਛਾਨਾ।।**
**ਰਾਨੀ ਅਟਕਿ ਸੁ ਮੁਹਿ ਪਰ ਗਈ।। ਤਾਂਤੇ ਹਮੈ ਬੁਲਾਵਤ ਭਈ।। ੧੦।।**

ਉਹ ਮੂਰਖ ਸੱਚ ਸਮਝ ਗਿਆ ਅਤੇ ਸ਼ਾਹ ਦੀ ਪੁੱਤਰੀ ਦੇ ਛੱਲ ਨੂੰ ਨ ਪਛਾਣ ਸਕਿਆ। ਉਸ ਸੋਚਿਆ ਕਿ ਰਾਣੀ ਮੇਰੇ ਤੇ ਮੋਹਿਤ ਹੋ ਗਈ ਹੈ, ਇਸ ਲਈ ਉਸ ਮੈਨੂੰ ਬੁਲਾਇਆ ਹੈ।।੧੦।।

**ਤਾਕੇ ਸਾਥ ਭੋਗ ਮੈਂ ਕਰਿਹੋ।। ਭਾਂਤਿ ਭਾਂਤਿ ਕੇ ਆਸਨ ਧਰਿਹੌਂ।।**
**ਨ੍ਰਿਪਨਾਰੀ ਕਹ ਅਧਿਕ ਰਿਝੈਹੌਂ।। ਜੋ ਮੁਖਿ ਮੰਗਿਹੌ ਸੋਈ ਪੈਹੌਂ।।੧੧।।**

ਉਹ ਸੋਚਣ ਲੱਗਾ ਕਿ ਮੈਂ ਰਾਣੀ ਨਾਲ ਰਮਣ ਕਰਾਂਗਾ ਅਤੇ ਭਾਂਤ ਭਾਂਤ ਦੇ ਆਸਣ ਧਾਰਾਂਗਾ। ਰਾਣੀ ਨੂੰ ਬਹੁਤ ਖੁਸ਼ ਕਰਾਂਗਾ ਅਤੇ ਜੋ ਮੂੰਹ ਤੋਂ ਮੰਗਾਂਗਾ ਸੋਈ ਪਾਵਾਂਗਾ।।

**ਸ਼ਾਹ ਸੁਤਾ ਸੋ ਕੀਨਾ ਸੰਗਾ।। ਲਖਤ ਭਯੋ ਨ੍ਰਿਪ ਕੀ ਅਰਧੰਗਾ।।**
**ਮੂਰਖ ਭੇਦ ਅਭੇਦ ਨ ਪਾਯੋ।। ਇਹ ਛਲ ਅਪਨੋ ਮੂੰਡ ਮੁਡਾਯੋ।। ੧੨।।**

ਪਦ ਅਰਥ - ਸ਼ਾਹ ਸੁਤਾ=ਸ਼ਾਹ ਦੀ ਪੁੱਤਰੀ। ਲਖਤ=ਸਮਝਿਆ। ਅਰਧੰਗਾ=ਇਸਤਰੀ।

ਸ਼ਾਹ ਦੀ ਪੁੱਤਰੀ ਨਾਲ ਉਸ ਰਮਣ ਕੀਤਾ ਅਤੇ ਉਸ ਨੂੰ ਰਾਜੇ ਦੀ ਰਾਣੀ ਮੰਨਣ ਲੱਗਾ। ਮੂਰਖ ਅਸਲ ਭੇਤ ਨ ਸਮਝਿਆ ਅਤੇ ਛਲਿਆ ਗਿਆ॥੧੨॥

**ਦੋਹਰਾ॥ ਸ਼ਾਹੁ ਸੁਤਾ ਕੌ ਨ੍ਰਿਪ ਤ੍ਰਿਯਾ ਜਾਨਤ ਭਜੋ ਮਨ ਮਾਹਿ॥**
**ਹਰਖ ਮਾਨ ਤਾਕੌ ਭਜਾ ਭੇਵ ਪਛਾਨਾ ਨਾਹਿ॥ ੧੩॥ ੧॥**

ਉਹ ਸ਼ਾਹ ਦੀ ਪੁੱਤਰੀ ਨੂੰ ਰਾਜੇ ਦੀ ਇਸਤਰੀ ਸਮਝ ਰਿਹਾ ਸੀ ਅਤੇ ਭੇਤ ਪਛਾਣੇ ਬਗੈਰ ਉਸ ਨਾਲ ਰਮਣ ਕਰਦਾ ਰਿਹਾ॥੧੩॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੈ ਪਚਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੫॥੫੪੨੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੈ ਪਚਾਸੀਵੀਂ ਕਥਾ ਸਮਾਪਤ॥੨੮੫॥੫੪੨੪॥ਚਲਦਾ॥

## ਚਲਿੱਤਰ ਦੋ ਸੌ ਛਿਆਸੀਵਾਂ

## ਕਥਾ ਬਿਖਿਆ

**ਭੁਜੰਗ ਪ੍ਰਯਾਤ ਛੰਦ॥ ਦਿਸਾ ਬਾਰੁਣੀ ਮੈ ਰਹੈ ਏਕ ਰਾਜਾ॥**
**ਸੁਵਾ ਤੁੱਲਿ ਦੂਜੋ ਬਿਧਾਤੈ ਨ ਸਾਜਾ॥**
**ਬਿਖਜਾ ਨਾਮ ਤਾਕੀ ਸੁਤਾ ਏਕ ਸੋਹੈ॥**
**ਸੁਰੀ ਆਸੁਰੀ ਨਾਗਿਨੀ ਤੁੱਲਿ ਕੋ ਹੈ॥ ੧॥**

ਪਦ ਅਰਥ -ਸੁਰੀ=ਦੇਵ ਇਸਤਰੀ। ਅਸੁਰੀ=ਦੈਂਤ ਇਸਤਰੀ। ਨਾਗਿਨੀ=ਨਾਗ ਇਸਤਰੀ।

ਬਾਰਣੀ ਦਿਸ਼ਾ ਵਿਚ ਇਕ ਰਾਜਾ ਰਹਿੰਦਾ ਸੀ। ਉਹ ਏਨਾ ਸੁੰਦਰ ਸੀ ਕਿ ਉਸ ਵਰਗਾ ਪ੍ਰਭੂ ਨੇ ਹੋਰ ਕੋਈ ਨਹੀਂ ਬਣਾਇਆ ਸੀ। ਬਿਖਿਆ ਨਾਂ ਦੀ ਉਸ ਦੀ ਇਕ ਪੁੱਤਰੀ ਸੀ ਜਿਸ ਵਰਗੀ ਕੋਈ ਵੀ ਦੇਵ-ਦਾਨਵ ਜਾਂ ਨਾਗ ਇਸਤਰੀ ਨਹੀਂ ਸੀ॥੧॥

**ਪ੍ਰਭਾ ਸੈਨ ਨਾਮਾ ਰਹੈ ਤਾਹਿ ਤਾਤਾ॥ ਤਿਹੂੰ ਲੋਕ ਮੈ ਬੀਰ ਬਾਂਕੋ ਬਿਖਜਾਤਾ॥**
**ਤਹਾ ਏਕ ਆਯੋ ਬਡੋ ਛੱਤ੍ਰਧਾਰੀ॥ ਸਭੈ ਸ਼ਸਤ੍ਰ ਬੇਤਾ ਸੁ ਬਿਦਜਾਧਿਕਾਰੀ॥੨॥**

ਪਦ ਅਰਥ - ਤਾਤਾ=ਪਿਆਰਾ। ਬਿਖਜਾਤਾ=ਪਰਗਟ, ਉਜਾਗਰ। ਛਤ੍ਰੱਧਾਰੀ=ਰਾਜਾ। ਬੇਤਾ=ਮਾਹਰ।

ਪ੍ਰਭਾ ਸੈਨ ਨਾਮੀਂ ਇਕ ਰਾਜਾ ਰਹਿੰਦਾ ਸੀ, ਜਿਹੜਾ ਤਿੰਨਾਂ ਲੋਕਾਂ ਵਿਚ ਇਕ ਬਾਂਕੇ ਸੂਰਬੀਰ

ਦੇ ਤੌਰ ਤੇ ਮਸ਼ਹੂਰ ਸੀ। ਉਥੇ ਇਕ ਵੱਡਾ ਛੱਤਰ ਧਾਰੀ ਰਾਜਾ ਆਇਆ ਜਿਹੜਾ ਸ਼ਸਤਰ ਵਿਦਿਆ ਅਤੇ ਹੋਰ ਵਿਦਿਆਵਾਂ ਵਿਚ ਨਿਪੁੰਨ ਸੀ।।੨।।

**ਪ੍ਰਭਾ ਸੈਨ ਆਯੋ ਜਹਾਂ ਬਾਗ ਨੀਕੋ।। ਪ੍ਰਭਾ ਹੇਰਿ ਜਾਕੀ ਬਢਜੋ ਨੰਦ ਜੀਕੋ।।**
**ਤਹਾਂ ਬੋਲਿ ਸੂਰਹਿ ਰਥਹਿ ਠਾਢ ਕੀਨੋ।। ਪਿਯਾਦੇ ਭਯੋ ਪੈਂਡ ਤਾਕੋ ਸੁ ਲੀਨੋ।। ੩।।**

ਇਕ ਦਿਨ ਪ੍ਰਭਾ ਸੈਨ, ਆਪਣੇ ਸੁੰਦਰ ਬਾਗ਼ ਵਿਚ ਆਇਆ ਅਤੇ ਬਾਗ਼ ਦੀ ਸ਼ੋਭਾ ਵੇਖਕੇ ਉਸ ਦਾ ਮਨ ਅਨੰਦ ਮਈ ਹੋ ਗਿਆ। ਸੂਰਬੀਰਾਂ ਨੂੰ ਕਹਿ ਕੇ ਉਥੇ ਰੱਥ ਰੁਕਵਾਇਆ ਅਤੇ ਬਾਗ ਵਿਚ ਪੈਦਲ ਹੀ ਚੱਲ ਪਿਆ।।੩।।

**ਜਬੈ ਬਾਗ ਨੀਕੋ ਸੁ ਤੌਨੌ ਨਿਹਾਰਜੋ।। ਇਹੈ ਆਪਨੇ ਚਿੱਤ ਮਾਹੀ ਬਿਚਾਰਜੋ।।**
**ਕਛੂ ਕਾਲ ਈਹਾਂ ਅਬੈ ਸੈਨ ਕੀਜੈ।। ਘਰੀ ਦ੍ਵੈਕ ਕੌ ਗ੍ਰਾਮ ਕੋ ਪੰਥ ਲੀਜੈ।।੪।।**

ਪਦ ਅਰਥ – ਨੀਕੋ=ਸੁੰਦਰ। ਪੰਥ=ਰਾਹ।

ਜਦ ਉਸ ਸੁੰਦਰ ਬਾਗ ਨੂੰ ਵੇਖਿਆ ਤਾਂ ਇਹ ਸੋਚਿਆ ਕਿ ਕੁਝ ਸਮੇਂ ਲਈ ਇਥੇ ਆਰਾਮ ਕੀਤਾ ਜਾਵੇ ਅਤੇ ਦੋ ਇਕ ਘੜੀਆਂ ਦੇ ਬਾਅਦ ਨਗਰ ਵਲ ਜਾਇਆ ਜਾਵੇ।।੪।।

**ਖਰੇ ਬਾਜ ਕੀਨੇ ਘਰੀ ਦ੍ਵੈਕ ਸੋਯੋ।। ਸਭੈ ਆਪਨੇ ਚਿੱਤ ਕੋ ਸ਼ੋਕ ਖੋਯੋ।।**
**ਤਹਾਂ ਰਾਜ ਕੰਨਜਾ ਬਿਖਜਾ ਨਾਮ ਆਈ।। ਬਿਲੋਕਜੋ ਤਿਸੈ ਸੁਧਿ ਤੌਨੈ ਨ ਪਾਈ।।੫।।**

ਪਦ ਅਰਥ – ਖਰੇ ਬਾਜ ਕੀਨੇ=ਘੋੜੇ ਖੜੇ ਕੀਤੇ। ਬਿਲੋਕਜੋ=ਵੇਖਿਆ।

ਘੋੜਿਆਂ ਨੂੰ ਰੋਕ ਕੇ ਉਹ ਦੋ ਘੜੀ ਸੁੱਤਾ ਅਤੇ ਆਪਣੇ ਮਨ ਦੇ ਦੁਖ ਨੂੰ ਦੂਰ ਕੀਤਾ। ਉਥੇ ਇਕ ਬਿਖਆ ਨਾਂ ਦੀ ਰਾਜ ਕੁਮਾਰੀ ਆਈ ਅਤੇ ਉਸ ਨੂੰ ਵੇਖ ਕੇ ਸੁੱਧ ਬੁੱਧ ਭੁਲ ਗਈ।।੫।।

**ਤਬੈ ਰਾਜ ਕੰਨਜਾ ਹ੍ਰਿਦੈ ਯੌ ਬਿਚਾਰਜੋ।। ਪ੍ਰਭਾਸੈਨ ਕੌ ਸੋਵਤੇ ਜੌ ਨਿਹਾਰਜੋ।।**
**ਤ੍ਰਿਯਾ ਮੈ ਇਸੀ ਕੀ ਇਹੈ ਨਾਥ ਮੋਰੋ।। ਬਰੌਂਗੀ ਇਸੈ ਮੈਂ ਭਈ ਆਜੁ ਚੇਰੋ।। ੬।।**

ਪ੍ਰਭਾ ਸੈਨ ਨੂੰ ਸੁੱਤਾ ਵੇਖਕੇ ਰਾਜ ਕੁਮਾਰੀ ਨੇ ਇਹ ਵਿਚਾਰ ਕੀਤਾ ਕਿ ਮੈਂ ਤਾਂ ਏਸੇ ਦੀ ਇਸਤਰੀ ਹਾਂ ਅਤੇ ਇਹ ਮੇਰਾ ਸਵਾਮੀ ਹੈ। ਮੈਂ ਏਸੇ ਨਾਲ ਵਿਆਹ ਕਰਾਂਗੀ।।੬।।

**ਨ੍ਰਿਸੰਸੈ ਇਹੈ ਚਿੱਤ ਮੈ ਬਾਲ ਆਨੀ।। ਇਸੀ ਕੌ ਬਰੌ ਕੈ ਤਜੌ ਰਾਜਧਾਨੀ।।**
**ਤਹਾਂ ਏਕ ਪੱਤ੍ਰੀ ਸੁ ਡਾਰੀ ਨਿਹਾਰੀ।। ਇਹੈ ਚੰਚਲਾ ਚਿੱਤ ਮਾਹੀ ਬਿਚਾਰੀ।। ੭।।**

ਉਸ ਇਸਤਰੀ ਨੇ ਇਹ ਪੱਕਾ ਵਿਚਾਰ ਬਣਾ ਲਿਆ ਕਿ ਜਾਂ ਤਾਂ ਏਸੇ ਨਾਲ ਵਿਆਹ ਕਰਾਂਗੀ ਨਹੀਂ ਤਾਂ ਰਾਜਧਾਨੀ ਛੱਡ ਕੇ ਚਲੀ ਜਾਵਾਂਗੀ। ਫਿਰ ਉਹ ਉਥੇ ਇਕ ਪੱਤਰ ਪਿਆ ਹੋਇਆ ਵੇਖ

Namdhari Elibrary NamdhariElibrary@gmail.com

**********************************************************************
ਕੇ ਡੂੰਘੀ ਸੋਚ ਵਿਚ ਪੈ ਗਈ। ੭॥

ਚਹਜੋ ਪੱਤ੍ਰਕਾ ਕੌ ਸੁ ਬਾਚੌ ਉਘਾਰੌ॥ ਡਰੌ ਬੇਦ ਕੀ ਸਾਸਨਾ ਕੌ ਬਿਚਾਰੌ॥
ਪਰੀ ਪੱਤ੍ਰਿਕਾ ਕੌ ਜੁ ਕੋਊ ਉਘਾਰੈ॥ ਬਿਧਾਤਾ ਉਸੈ ਨਰਕ ਕੈ ਮਾਂਝ ਡਾਰੈ॥ ੮॥

ਪਦ ਅਰਥ - ਸਾਸਨਾ=ਤਾੜਨਾ। ਨਰਕ ਮਾਂਝ=ਨਰਕ ਵਿਚ।

ਉਹ ਚਾਹੁੰਦੀ ਸੀ ਕਿ ਪੱਤਰ ਖੋਲ੍ਹ ਕੇ ਪੜ੍ਹੇ ਪਰ ਵੇਦ ਨਿਯਮ ਭੰਗ ਹੋਣ ਤੋਂ ਡਰਦੀ ਸੀ। ਪਿਆ ਹੋਇਆ ਪੱਤਰ ਜੋ ਕੋਈ ਖੋਲ੍ਹ ਕੇ ਪੜ੍ਹੇ ਤਾਂ ਵਿਧਾਤਾ ਉਸ ਨੂੰ ਨਰਕ ਵਿਚ ਸੁੱਟਦਾ ਹੈ॥੮॥

ਰਹੀ ਸ਼ੰਕਿ ਲੀਨੀ ਤਊ ਹਾਥ ਪਾਤੀ॥ ਲਈ ਲਾਇਕੈ ਮਿੱਤ੍ਰ ਕੀ ਜਾਨਿ ਛਾਤੀ॥
ਕਬੈ ਹਾਥ ਮਾਂਹੀ ਛਿਪਾਵੈ ਉਘਾਰੈ॥ ਮਨੋ ਨਿਰਧਨੀ ਦ੍ਰਬ ਪਾਯੋ ਨਿਹਾਰੈ॥ ੯॥

ਪਦ ਅਰਥ - ਉਘਾਰੈ=ਖੋਲੇ। ਮਨੋਂ=ਜਿਵੇਂ। ਨਿਰਧਨ=ਗਰੀਬ। ਦ੍ਰਬ=ਧਨ।

ਸ਼ੰਕਾ ਵਿਚ, ਉਸ ਪੱਤਰ ਨੂੰ ਆਪਣੇ ਹੱਥ ਵਿਚ ਫੜ ਲਿਆ ਅਤੇ ਮਿੱਤਰ ਦਾ ਆਦਰ ਮਾਨ ਕਰਦੀ ਹੋਈ ਨੇ ਉਸ ਨੂੰ ਛਾਤੀ ਨਾਲ ਲਾ ਲਿਆ। ਕਦੀ ਉਹ ਚਿੱਠੀ ਨੂੰ ਹੱਥ ਵਿਚ ਲਕਾਉਂਦੀ ਸੀ ਅਤੇ ਕਦੇ ਵੇਖਦੀ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਨਿਰਧਨ ਧਨ ਪਾ ਕੇ ਵੇਖ ਰਿਹਾ ਹੋਵੇ॥੯॥

ਤਬੈ ਚੰਚਲਾ ਚਿਤ ਮੈ ਯੌ ਬਿਚਾਰੀ॥ ਤਿਸੈ ਜਾਨਿਕੈ ਨਾਥ ਪਾਤੀ ਉਘਾਰੀ॥
ਜੋਊ ਨਾਥ ਕੀ ਜਾਨਿ ਪਾਤੀ ਉਘਾਰੈ॥ ਨ ਤਾਕੌਂ ਬਿਧਾਤਾ ਮਹਾਂ ਨਰਕ ਡਾਰੈ॥ ੧੦॥

ਤਦ ਉਸ ਇਸਤ੍ਰੀ ਨੇ ਵਿਚਾਰ ਕੀਤਾ ਅਤੇ ਉਸ ਪੱਤਰ ਨੂੰ ਖੋਲ੍ਹ ਲਿਆ। ਉਹ ਸੋਚਣ ਲੱਗੀ ਕਿ ਜਿਹੜਾ ਆਪਣੇ ਪਿਆਰੇ ਦਾ ਪੱਤਰ ਖੋਲ੍ਹਦਾ ਹੈ ਉਹ ਨਰਕ ਵਿਚ ਨਹੀਂ ਜਾਂਦਾ॥੧੦॥

ਹੁਤੋ ਏਕ ਰਾਜਾ ਤਹਾਂ ਛੱਤ੍ਰਧਾਰੀ॥ ਪ੍ਰਭਾ ਸੈਨ ਕੇ ਪ੍ਰਾਨ ਕੋ ਹੰਤ ਕਾਰੀ॥
ਤਿਨਿਛਿਆ ਇਹੈ ਚਿੱਤ ਕੇ ਮਾਂਝ ਕੀਨੀ॥ ਸੋਈ ਲਿਖਜ ਕੈ ਪੱਤ੍ਰ ਕੇ ਮੱਧਿ ਦੀਨੀ॥ ੧੧॥

ਇਕ ਛੱਤਰਧਾਰੀ ਰਾਜਾ ਸੀ ਜਿਹੜਾ ਪ੍ਰਭਾ ਸੈਨ ਨੂੰ ਮਾਰਨਾ ਚਾਹੁੰਦਾ ਸੀ। ਉਸਨੇ ਇਕ ਇੱਛਾ ਪਰਗਟ ਕੀਤੀ ਸੀ ਜਿਹੜੀ ਉਸ ਇਸ ਚਿੱਠੀ ਵਿਚ ਲਿਖ ਦਿੱਤੀ ਸੀ॥੧੧॥

ਬਿਖਜਾ ਨਾਮ ਜਾਕੀ ਸਪੁੱਤ੍ਰੀ ਅਪਾਰਾ॥ ਤਿਸੀ ਓਰ ਲਿਖਿ ਪੱਤ੍ਰਿਕੈ ਮਾਂਝ ਡਾਰਾ॥
ਪ੍ਰਭਾ ਸੈਨ ਆਯੋ ਜਬੈ ਜਾਨਿ ਲੀਜੋ॥ ਬਿਖੈ ਲੈ ਤਿਸੀ ਕਾਲ ਮੈ ਤਾਸੁ ਦੀਜੋ॥ ੧੨॥

ਬਿਖਿਆ ਜਿਸ ਰਾਜੇ ਦੀ ਪੁੱਤਰੀ ਸੀ ਉਸ ਵੱਲ ਹੀ ਇਹ ਪੱਤਰ ਲਿਖਿਆ ਗਿਆ ਸੀ ਕਿ ਪ੍ਰਭਾ ਸੈਨ ਰਾਜਾ ਜਦ ਤੇਰੇ ਪਾਸ ਆਵੇ ਤਾਂ ਇਸ ਨੂੰ ਬਿਖ (ਜ਼ਹਿਰ) ਦੇ ਦੇਣਾ॥੧੨॥

**ਰਹੀ ਪਤ੍ਰਿਕੋ ਬਾਚਿ ਕੈ ਚੌਕਿ ਚਿੱਤੈ॥ ਕਿਯੋ ਮੰਤ੍ਰ ਇਕ ਮਿੱਤ੍ਰ ਕੀ ਰੱਛ ਹਿੱਤੈ॥**
**ਲਿਯੋ ਆਂਜਿ ਕੈ ਅੰਜਨੈਂ ਹਾਥ ਪਜਾਰੀ॥ ਬਿਖਜਾ ਬਿਖਿ ਕੈ ਦੈਨ ਤਾਕੌ ਸੁ ਡਾਰੀ॥੧੩॥**

ਉਹ ਚਿੱਠੀ ਨੂੰ ਪੜ੍ਹਕੇ ਚੌਂਕ ਪਈ ਅਤੇ ਉਸ ਵਿਚਾਰ ਬਣਾਇਆ ਕਿ ਕਿਸੇ ਤਰ੍ਹਾਂ ਵੀ ਮਿੱਤਰ ਦੀ ਰੱਖਿਆ ਕੀਤੀ ਜਾਵੇ। ਅੱਖਾਂ ਦਾ ਸੁਰਮਾਂ ਉਸ ਆਪਣੇ ਹੱਥ ਨੂੰ ਲਾਇਆ ਅਤੇ ਬਿਖਿਆ ਨੇ ਪੱਤਰ ਵਿਚ ਬਿਖ ਸ਼ਬਦ ਨੂੰ ਬਿਖਆ ਬਣਾ ਦਿੱਤਾ॥੧੩॥

**ਰਹੀ ਜਾਤ ਬਾਲਾ ਤਬੈ ਰਾਜ ਜਾਗੇ॥ ਵਹੈ ਪੱਤ੍ਰਿਕਾ ਹਾਥ ਲੈਕੈ ਨੁਰਾਗੇ॥**
**ਪਿਤਾ ਤੌਨ ਕੇ ਹਾਥ ਲੈਕੈ ਸੁ ਦੀਨੀ॥ ਸੁਨਜੋ ਮਿੱਤ੍ਰ ਕੋ ਨਾਮੁ ਲੈ ਭੂਪ ਚੀਨੀ॥ ੧੪॥**

ਜਦ ਉਹ ਕੰਨਿਆਂ ਜਾਣ ਲੱਗੀ ਤਾਂ ਰਾਜਾ ਜਾਗ ਪਿਆ ਅਤੇ ਉਸ ਉਹ ਪੱਤਰ ਪ੍ਰੇਮ ਪੂਰਵਕ ਫੜ ਲਿਆ। ਉਸ ਨੇ ਉਹ ਪੱਤਰ ਬਿਖਿਆ ਦੇ ਪਿਤਾ ਨੂੰ ਦੇ ਦਿੱਤਾ ਜਿਸ ਨੂੰ ਉਸ ਦੇ ਪਿਤਾ ਨੇ ਮਿੱਤਰ ਦਾ ਲਿਖਿਆ ਹੋਇਆ ਵੇਖ ਕੇ ਪਛਾਣ ਲਿਆ॥੧੪॥

**ਜਬੈ ਪੱਤ੍ਰਿਕਾ ਛੋਰਿਕੈ ਭੂਪ ਬਾਚੀ॥ ਇਹੈ ਬਾਤ ਰਾਜੈ ਲਿਖੀ ਮਿੱਤ੍ਰ ਸਾਚੀ॥**
**ਬਿਖਜਾ ਬਾਂਚਿ ਪੱਤ੍ਰੀ ਉਸੀ ਕਾਲ ਦੀਜੋ॥ ਘਰੀ ਏਕ ਬੇਲੰਬ ਰਾਜਾ ਨ ਕੀਜੋ॥ ੧੫॥**

ਪਦ ਅਰਥ - ਬਿਖਜਾ=ਜ਼ਹਿਰ, ਲੜਕੀ ਦਾ ਨਾਂ। ਬੇਲੰਬ=ਦੇਰ।

ਜਦ ਰਾਜੇ ਨੇ ਪੱਤਰ ਖੋਲ੍ਹ ਕੇ ਪੜ੍ਹਿਆ ਤਾਂ ਉਸ ਵੇਖਿਆ ਕਿ ਮਿੱਤਰ ਨੇ ਇਕ ਬਹੁਤ ਜ਼ਰੂਰੀ ਗੱਲ ਲਿਖੀ ਸੀ। ਉਸ ਵਿਚ ਲਿਖਿਆ ਸੀ ਕਿ ਪੱਤਰ ਪੜ੍ਹਦੇ ਹੀ ਬਿਖਆ ਨੂੰ ਦੇ ਦੇਵੇਂ ਅਤੇ ਇਕ ਘੜੀ ਦੀ ਵੀ ਦੇਰ ਨਹੀਂ ਕਰਨੀਂ॥੧੫॥

**ਬਿਖਜਾ ਰਾਜ ਕੰਨਜਾ ਮਹਾਰਾਜ ਦੀਨੀ॥ ਕਹਾ ਚੰਚਲਾ ਚੇਸ਼ਟਾ ਚਾਰ ਕੀਨੀ॥**
**ਕਛੂ ਭੇਦ ਤਾਕੋ ਸੁ ਰਾਜੈ ਨ ਪਾਯੋ॥ ਪ੍ਰਭਾ ਸੈਨ ਰਾਜਾ ਤਿਸੈ ਬਜਾਹਿ ਲਜਾਯੋ॥ ੧੬॥ ੧॥**

ਰਾਜੇ ਨੇ ਪੱਤਰ ਦੀ ਪਾਲਣਾ ਕਰਦੇ ਹੋਏ ਰਾਜਕੁਮਾਰੀ ਬਿਖਿਆ ਉਸ ਨੂੰ ਦੇ ਦਿੱਤੀ ਅਤੇ ਪ੍ਰਭਾ ਸੈਨ ਨੇ ਕਿਹਾ ਕਿ ਇਸਤਰੀ ਨੇ ਤਾਂ ਬਹੁਤ ਸੁੰਦਰ ਉਪਾਅ ਕੀਤਾ ਹੈ। ਰਾਜੇ ਨੂੰ ਉਸ ਭੇਤ ਦਾ ਕੁਝ ਵੀ ਪਤਾ ਨ ਲੱਗਾ ਅਤੇ ਪ੍ਰਭਾ ਸੈਨ ਰਾਜਾ ਉਸ ਨੂੰ ਵਿਆਹ ਕੇ ਲੈ ਗਿਆ॥੧੬॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛਿਆਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੬॥੫੪੪੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਛਿਆਸੀਵੀਂ ਕਥਾ ਸਮਾਪਤ॥੨੮੬॥੫੪੪੦॥ਚਲਦਾ॥

# ਚਲਿੱਤਰ ਦੋ ਸੌ ਸਤਾਸੀਵਾਂ

## ਕਥਾ ਮਰੀਅਮ ਬੇਗਮ

ਦੋਹਰਾ।। ਘਾਟਮ ਪੁਰ ਕੁਰਰੇ ਬਿਖੈਂ ਏਕ ਮੁਗਲ ਕੀ ਬਾਲ।।
ਭ੍ਰਾਤਾ ਸਾਥ ਚਰਿੱਤ੍ਰ ਤਿਨ ਕਿਯੋ ਸੁ ਸੁਨਹੁ ਨ੍ਰਿਪਾਲ।। ੧।।

ਘਾਟਮਪੁਰ ਨਾਮੀਂ ਸ਼ਹਿਰ ਵਿਚ ਜੋ ਚਲਿੱਤਰ ਇਕ ਭੈਣ ਨੇ ਆਪਣੇ ਸਕੇ ਭਰਾ ਨਾਲ ਕੀਤਾ ਉਸ ਬਾਰੇ ਹੇ ਰਾਜਨ ਹੁਣ ਸੁਣੋ।।੧।।

ਚੌਪਈ।। ਸੌਦਾ ਨਿਮਿਤ ਭ੍ਰਾਤ ਤਿਹ ਗਯੋ।। ਖਾਟਿ ਕਮਾਇ ਅਧਿਕ ਧਨ ਲਯੋ।।
ਨਿਸਿ ਕਹ ਧਾਮ ਭਗਨਿ ਕੇ ਆਯੋ।। ਕੰਠ ਲਾਗਿ ਤਿਨ ਮੋਹ ਜਤਾਯੋ।। ੨।।

ਪਦਅਰਥ-ਭ੍ਰਾਤ=ਭਰਾ।ਅਧਿਕ ਧਨ ਲਯੋ=ਬਹੁਤ ਧਨ ਲਿਆਂਦਾ।ਨਿਸਿ=ਰਾਤ।ਭਗਨਿ=ਭੈਣ। ਕੰਠ ਲਾਗਿ=ਗਲ ਨਾਲ ਲੱਗਕੇ।

ਉਸ ਭੈਣ ਦਾ ਭਰਾ ਵਪਾਰ ਵਾਸਤੇ ਬਾਹਰ ਗਿਆ ਸੀ ਅਤੇ ਖੱਟ ਕਮਾ ਕੇ ਉਸ ਬਹੁਤ ਧਨ ਜੋੜ ਲਿਆ। ਉਹ ਰਾਤ ਰਹਿਣ ਵਾਸਤੇ ਆਪਣੀ ਭੈਣ ਦੇ ਘਰ ਆਇਆ। ਭੈਣ ਨੇ ਉਸ ਨੂੰ ਗਲ ਨਾਲ ਲਾ ਕੇ ਬਹੁਤ ਪ੍ਰੇਮ ਜਤਾਇਆ।।੨।।

ਅਪਨੀ ਸਕਲ ਬ੍ਰਿਥਾ ਤਿਨ ਭਾਖੀ।। ਜੋ ਜੋ ਬਿਤਈ ਸੋ ਸੋ ਆਖੀ।।
ਜੁ ਧਨ ਹੁਤੋ ਸੰਗ ਖਾਟਿ ਕਮਾਯੋ।। ਸੋ ਭਗਨੀ ਕਹ ਸਕਲ ਦਿਖਾਯੋ।। ੩।।

ਭਰਾ ਨੇ ਵਪਾਰ ਸਬੰਧੀ ਉਸ ਨੂੰ ਆਪਣੀ ਪੂਰੀ ਕਹਾਣੀ ਸੁਣਾਈ ਅਤੇ ਜੋ ਕੁਝ ਉਸ ਨਾਲ ਹੋਇਆ ਬੀਤਿਆ ਸੀ, ਸਭ ਕੁਝ ਦੱਸ ਦਿੱਤਾ। ਜਿਹੜਾ ਧਨ ਉਹ ਕਮਾ ਕੇ ਲਿਆਇਆ ਸੀ ਉਹ ਵੀ ਭੈਣ ਨੂੰ ਵਿਖਾ ਦਿੱਤਾ।।੩।।

ਮਰਿਯਮ ਬੇਗਮ ਤਾਕੋ ਨਾਮਾ।। ਭਾਈ ਕੌ ਮਾਰਾ ਜਿਨ ਬਾਮਾ।।
ਸਭ ਹੀ ਦਰਬ ਛੀਨਿ ਕਰਿ ਲੀਨਾ।। ਆਪੁ ਚਰਿੱਤ੍ਰ ਸੁ ਐਸੇ ਕੀਨਾ।। ੪।।

ਉਸ ਮੁਗਲ ਦੀ ਇਸਤਰੀ ਦਾ ਨਾਂ ਮਰੀਅਮ ਬੇਗਮ ਸੀ, ਜਦ ਉਸ ਭਰਾ ਦੇ ਧਨ ਨੂੰ ਵੇਖਿਆ ਤਾਂ ਉਸ ਭਰਾ ਨੂੰ ਮਾਰ ਦਿੱਤਾ। ਫਿਰ ਇਕ ਚਲਿੱਤਰ ਕੀਤਾ ਅਤੇ ਸਾਰਾ ਧਨ ਹੜੱਪ ਲਿਆ।।੪।।

ਦੋਹਰਾ।। ਭਗਨੀ ਦਰਬ ਬਿਲੋਕਿ ਕੈ ਲੋਭ ਸਿੰਧ ਕੈ ਮਾਹਿ।।
ਨਖ ਸਿਖ ਲੌ ਬੂਡਤ ਭਈ ਸੁਧਿ ਨ ਰਹੀ ਜਿਯ ਮਾਹਿ।। ੫।।

Namdhari Elibrary NamdhariElibrary@gmail.com

ਪਦ ਅਰਥ – ਦਰਬ ਬਿਲੋਕਿ ਕੈ=ਧਨ ਵੇਖ ਕੇ। ਲੋਭ ਸਿੰਧ=ਲੋਭ ਦੇ ਸਮੁੰਦਰ। ਨਖ ਸਿਖ=ਪੈਰਾਂ ਤੋਂ ਸਿਰ ਤੱਕ।

ਭੈਣ ਧਨ ਨੂੰ ਵੇਖਕੇ ਲੋਭ ਦੇ ਸਮੁੰਦਰ ਵਿਚ ਡੁੱਬ ਗਈ। ਉਹ ਪੈਰਾਂ ਤੋਂ ਲੈ ਕੇ ਸਿਰ ਤਕ ਲੋਭ ਵਿਚ ਡੁੱਬ ਗਈ ਅਤੇ ਉਸ ਨੂੰ ਕੋਈ ਸੁੱਧ ਬੁੱਧ ਨ ਰਹੀ॥੫॥

**ਚੌਪਈ॥ ਭ੍ਰਾਤਵਾਤ ਭਗਨੀ ਨ ਬਿਚਾਰਾ॥ ਫਾਂਸੀ ਡਾਰਿ ਕੰਠਿ ਮਹਿ ਮਾਰਾ॥**
**ਲੀਨਾ ਲੂਟਿ ਸਕਲ ਤਿਹ ਧਨ ਕੌ॥ ਕਰਜੋ ਅਮੋਹ ਆਪਨੇ ਮਨ ਕੌ॥੬॥**

ਉਸ ਨੂੰ ਇਹ ਵੀ ਭੁਲ ਗਿਆ ਕਿ ਇਹ ਮੇਰਾ ਭਰਾ ਹੈ ਅਤੇ ਉਸ ਦੇ ਗਲ ਵਿਚ ਰਸਾ ਪਾ ਕੇ ਫਾਂਸੀ ਲਾਕੇ ਮਾਰ ਦਿੱਤਾ। ਆਪਣੇ ਮਨ ਤੋਂ ਮੋਹ ਹਟਾ ਕੇ ਉਸ ਦਾ ਸਾਰਾ ਧਨ ਲੁੱਟ ਲਿਆ॥੬॥

**ਪ੍ਰਾਤ ਭਏ ਰੋਵੈ ਤਬ ਲਾਗੀ॥ ਜਬ ਸਭ ਪ੍ਰਜਾ ਗਾਂਵ ਕੀ ਜਾਗੀ॥**
**ਮ੍ਰਿਤਕ ਬੰਧੁ ਤਬ ਸਭਨ ਦਿਖਾਯੋ॥ ਮਰਜੋ ਆਜੁ ਇਹ ਸਾਂਪ ਚਬਾਯੋ॥੭॥**

ਪਦ ਅਰਥ – ਮ੍ਰਿਤਕ ਬੰਧੁ=ਮੁਰਦਾ ਭਰਾ। ਸਾਂਪ ਚਬਾਯੋ=ਸੱਪ ਲੜ ਕੇ।

ਸਵੇਰ ਹੁੰਦਿਆਂ ਹੀ ਪਿੰਡ ਦੇ ਲੋਕਾਂ ਦੇ ਜਾਗ ਪੈਣ ਤੇ ਉਹ ਰੋਣ ਪਿੱਟਣ ਲੱਗ ਪਈ। ਮਰਿਆ ਹੋਇਆ ਭਰਾ ਸਭ ਨੂੰ ਵਿਖਾਇਆ ਅਤੇ ਕਿਹਾ ਕਿ ਇਹ ਸੱਪ ਲੜਨ ਨਾਲ ਮਰ ਗਿਆ ਹੈ॥੭॥

**ਭਲੀ ਭਾਂਤ ਤਨ ਤਾਂਹਿ ਗਡਾਯੋ॥ ਯੌ ਕਾਜੀ ਤਨ ਆਪੁ ਜਤਾਯੋ॥**
**ਸਾਜ ਬਾਜਿ ਇਕ ਯਾਕੋ ਘੋਰੋ॥ ਔਰ ਜੁ ਕਛੁ ਯਾਕੌ ਧਨੁ ਥੋਰੋ॥੮॥**

ਬੜੇ ਚੰਗੇ ਢੰਗ ਨਾਲ ਕਬਰ ਪੁੱਟ ਕੇ ਉਸ ਨੂੰ ਦਫਨਾ ਦਿੱਤਾ ਅਤੇ ਕਾਜ਼ੀ ਨੂੰ ਜਾਕੇ ਕਿਹਾ ਕਿ ਇਸ ਦਾ ਇਕ ਘੋੜਾ ਅਤੇ ਥੋੜਾ ਧਨ ਮੇਰੇ ਪਾਸ ਪਿਆ ਹੈ॥੮॥

**ਸੋ ਇਹ ਤ੍ਰਿਯਹਿ ਪਠਾਵਨ ਕੀਜੈ॥ ਫਾਰਖਤੀ ਹਮ ਕੌਂ ਲਿਖਿ ਦੀਜੈ॥**
**ਕਬੁਜ ਲਿਖਾ ਕਾਜੀ ਤੇਂ ਲਈ॥ ਕਛੁ ਧਨ ਮ੍ਰਿਤਕ ਤ੍ਰਿਯਾ ਕਹ ਦਈ॥੯॥**

ਪਦ ਅਰਥ – ਫਾਰਖਤੀ=ਬੇਬਾਕੀ ਪੱਤਰ। ਕਬੁਜ=ਬੇਬਾਕੀ ਪੱਤਰ।

ਇਹ ਸਭ ਕੁਝ ਇਸ ਦੀ ਪਤਨੀ ਪਾਸ ਭੇਜ ਦੇਵੋ ਅਤੇ ਮੈਨੂੰ ਬੇਬਾਕੀ ਪੱਤਰ ਲਿਖ ਦੇਵੋ। ਬੇਬਾਕੀ ਪੱਤਰ ਕਾਜ਼ੀ ਪਾਸੋਂ ਲਿਖਵਾ ਲਿਆ ਅਤੇ ਥੋੜਾ ਜਹਾ ਧਨ ਭਰਾ ਦੀ ਇਸਤਰੀ ਨੂੰ ਦੇ ਦਿੱਤਾ॥੯॥

**ਦੋਹਰਾ॥ ਇਹ ਛਲ ਅਪਨੋ ਭ੍ਰਾਤ ਹਤਿ ਲੀਨੀ ਕਬੁਜ ਲਿਖਾਇ॥**
**ਨਿਸਾ ਕਰੀ ਤਿਹ ਨਾਰਿ ਕੀ ਸਭ ਧਨ ਗਈ ਪਚਾਇ॥੧੦॥੧॥**

Namdhari Elibrary NamdhariElibrary@gmail.com

ਇਸ ਤਰ੍ਹਾਂ ਛੱਲ ਨਾਲ ਭਰਾ ਨੂੰ ਮਾਰ ਕੇ ਬੇਬਾਕੀ ਪੱਤਰ ਲਿਖਵਾ ਲਿਆ। ਭਰਾ ਦੀ ਇਸਤਰੀ ਦੀ ਵੀ ਤਸੱਲੀ ਕਰਵਾ ਦਿੱਤੀ ਅਤੇ ਸਾਰਾ ਧਨ ਬਚਾ ਲਿਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸਤਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੭॥੫੪੫੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਸਤਾਸੀਵੀਂ ਕਥਾ ਸਮਾਪਤ॥੨੮੭॥੫੪੫੦॥ਚਲਦਾ॥

# ਚਲਿੱਤਰ ਦੋ ਸੌ ਅਠਾਸੀਵਾਂ
## ਕਥਾ ਛੈਲ ਦੇਵੀ

**ਚੌਪਈ॥ ਯੂਨਾ ਸ਼ਹਿਰ ਰੂਮ ਮਹਿ ਜਹਾਂ॥ ਦੇਵ ਛੱਤ੍ਰ ਰਾਜਾ ਇਕ ਤਹਾਂ॥**
**ਛੈਲ ਦੇਇ ਦੁਹਿਤਾ ਤਾਕੇ ਇਕ॥ ਪੜ੍ਹੀ ਬਜਾਕਰਨ ਕੋਕ ਸ਼ਾਸਤ੍ਰਨਿਕ॥੧॥**

ਰੂਮ ਦੇਸ਼ ਵਿਚ ਇਕ ਯੂਨਾ ਨਾਮੀਂ ਸ਼ਹਿਰ ਸੀ ਜਿਥੇ ਰਾਜਾ ਦੇਵ ਛੱਤਰ ਰਾਜ ਕਰਦਾ ਸੀ। ਛੈਲ ਦੇਵੀ ਉਸ ਰਾਜੇ ਦੀ ਪੁੱਤਰੀ ਸੀ ਜਿਹੜੀ ਵਿਆਕਰਣ ਕੋਕ ਸ਼ਾਸਤ੍ਰ ਆਦਿ ਪੜ੍ਹੀ ਹੋਈ ਸੀ॥੧॥

**ਅਜਿਤ ਸੈਨ ਤਿਹ ਠਾਂ ਇਕ ਛੱਤ੍ਰੀ॥ ਤੇਜਵਾਨ ਬਲਵਾਨ ਧਰੱਤ੍ਰੀ॥**
**ਰੂਪਵਾਨ ਬਲਵਾਨ ਅਪਾਰਾ॥ ਪੂਰੇ ਪੁਰਖ ਜਗਤ ਉਜਿਯਾਰਾ॥੨॥**

ਅਜੀਤ ਸੈਨ ਉਥੇ ਇਕ ਬੜਾ ਤੇਜਸਵੀ ਅਤੇ ਬਲਵਾਨ ਖੱਤਰੀ ਸੀ। ਉਹ ਰੂਪਵੰਤ, ਸੁੰਦਰ ਅਤੇ ਸ਼ਕਤੀਸ਼ਾਲੀ ਸੀ। ਉਹ ਇਕ ਪਰਮ ਪੁਰਖ ਅਤੇ ਜਗਤ ਦਾ ਉਜਾਲਾ ਸੀ॥੨॥

**ਤੇਜਵਾਨ ਦੁਤਿਵਾਨ ਅਤੁਲ ਬਲ॥ ਅਰਿ ਅਨੇਕ ਜੀਤੇ ਜਿਨ ਦਲਿ ਮਲਿ॥**
**ਆਵਤ ਤਾਂਹਿ ਬਿਲੋਕਜੋ ਰਾਨੀ॥ ਦੁਹਿਤਾ ਸੋ ਇਹ ਭਾਂਤਿ ਬਖਾਨੀ॥੩॥**

ਪਦ ਅਰਥ – ਦੁਤਿਵਾਨ=ਸੁੰਦਰ। ਅਤੁਲ ਬਲ=ਬਹੁਤ ਬਲਵਾਨ।

ਉਹ ਅਤਿ ਤੇਜਵਾਨ, ਸੁੰਦਰ ਅਤੇ ਬਲਵਾਨ ਸੀ ਜਿਸਨੇ ਦੁਸ਼ਮਣਾਂ ਦੇ ਅਨੇਕਾਂ ਦਲਾਂ ਨੂੰ ਜਿਤਿਆ ਸੀ। ਰਾਣੀ ਨੇ ਉਸ ਨੂੰ ਆਉਂਦਾ ਵੇਖਕੇ ਪੁੱਤਰੀ ਨੂੰ ਇਹ ਕਿਹਾ॥੩॥

**ਜੌ ਇਹ ਧਾਮ ਨ੍ਰਿਪਤਿ ਕੇ ਹੋਤੋ॥ ਤੌ ਤੁਮਰੇ ਲਾਇਕ ਬਰ ਕੋ ਥੋ॥**
**ਅਬ ਮੈਂ ਅਸ ਕਹ ਕਰੌ ਉਪਾਊ॥ ਐਸੋ ਬਰ ਤੁਹਿ ਆਨ ਮਿਲਾਊਂ॥੪॥**

ਜੇ ਇਹ ਕਿਸੇ ਰਾਜੇ ਦੇ ਘਰ ਪੈਦਾ ਹੋਇਆ ਹੁੰਦਾ ਤਾਂ ਤੇਰੇ ਵਾਸਤੇ ਯੋਗ ਵਰ ਸੀ। ਹੁਣ ਮੈਂ ਇਸ ਤਰ੍ਹਾਂ ਕਰਦੀ ਹਾਂ ਕਿ ਤੈਨੂੰ ਇਸ ਤਰ੍ਹਾਂ ਦਾ ਵਰ ਭਾਲ ਕੇ ਦਿੰਦੀ ਹਾਂ।।੪।।

**ਅੜਿੱਲ।। ਤਨਿਕ ਕੁਅਰਿ ਕੇ ਧੁਨਿ ਜਬ ਅਸਿ ਕਾਨਨ ਪਰੀ।।**
**ਦੇਖਿ ਰਹੀ ਤਹਿ ਓਰ ਮੈਨ ਅਰੁ ਮਦ ਭਰੀ।।**
**ਮੋਹਿ ਰਹੀ ਮਨ ਮਾਂਹਿ ਨ ਪ੍ਰਗਟ ਜਤਾਇਯੋ।।**
**ਹੋ ਪਲ ਪਲ ਬਲਿ ਬਲਿ ਜਾਤੀ ਦਿਵਸ ਗਵਾਇਯੋ।। ੫।।**

ਪਦ ਅਰਥ - ਕੁਅਰਿ=ਕੁਮਾਰੀ। ਕਾਨਨ=ਕੰਨਾਂ ਵਿਚ। ਮੈਨ=ਕਾਮ। ਬਲਿ ਬਲਿ=ਬਲਿਹਾਰ।

ਰਾਜ ਕੁਮਾਰੀ ਨੇ ਜਦ ਇਹ ਗੱਲ ਸੁਣੀ ਤਾਂ ਮਦਮਸਤ ਹੋ ਕੇ ਉਸ ਵਲ ਵੇਖਣ ਲੱਗੀ। ਉਹ ਮਨ ਹੀ ਮਨ ਵਿਚ ਉਸ ਤੇ ਮੋਹਿਤ ਹੋ ਗਈ ਪਰ ਉਸ ਇਸ ਬਾਰੇ ਕਿਸੇ ਨੂੰ ਜਤਾਇਆ ਨਹੀਂ ਅਤੇ ਉਸ ਤੇ ਬਲਿਹਾਰ ਵਾਰਨੇ ਜਾਂਦੀ ਹੋਈ ਨੇ ਸਾਰਾ ਦਿਨ ਗਵਾ ਦਿੱਤਾ।।੫।।

**ਚੌਪਈ।।ਰੈਨਿ ਭਏ ਸਹਚਰੀ ਬੁਲਾਈ।। ਚਿੱਤ ਬ੍ਰਿਥਾ ਤਿਹ ਸਕਲ ਸੁਨਾਈ।।**
**ਜੌ ਤਿਹ ਦੈ ਮਿਲਾਇ ਮੁਹਿ ਪਜਾਰੀ।। ਤੌ ਜਾਨੌ ਤੂੰ ਹਿਤੂ ਹਮਾਰੀ।। ੬।।**

ਪਦ ਅਰਥ - ਰੈਨਿ=ਰਾਤ। ਚਿੱਤ ਬ੍ਰਿਥਾ=ਦਿਲ ਦੀ ਵਿਥਿਆ।

ਰਾਤ ਨੂੰ ਉਸ ਦਾਸੀ ਨੂੰ ਬੁਲਾਇਆ ਅਤੇ ਆਪਣੇ ਮਨ ਦੀ ਸਾਰੀ ਵਿਥਿਆ ਸੁਣਾਈ। ਉਹ ਕਹਿਣ ਲੱਗੀ ਕਿ ਜੇ ਤੂੰ ਮੈਨੂੰ ਉਸ ਨਾਲ ਮਿਲਾ ਦੇਵੇਂ ਤਾਂ ਮੈਂ ਤੈਨੂੰ ਆਪਣੀ ਹਿਤੂ ਸਮਝਾਂਗੀ।।੬।।

**ਕਹਜੋ ਕੁਅਰਿ ਸਹਚਰਿ ਸੌ ਜਾਨਾ।। ਭੇਦ ਨ ਦੂਸਰ ਕਾਨ ਬਖਾਨਾ।।**
**ਤਤ ਛਿਨ ਦੌਰ ਤਵਨ ਪਹਿ ਗਈ।। ਬਹੁ ਬਿਧਿ ਤਾਂਹਿ ਪ੍ਰਬੋਧਤ ਭਈ।। ੭।।**

ਰਾਜ ਕੁਮਾਰੀ ਨੇ ਇਹ ਗੱਲ ਕੇਵਲ ਆਪਣੀ ਦਾਸੀ ਨੂੰ ਦੱਸੀ ਹੋਰ ਕਿਸੇ ਨਾਲ ਉਸ ਗੱਲ ਨ ਕੀਤੀ। ਦਾਸੀ ਝੱਟ ਭੱਜ ਕੇ ਉਸ ਦੇ ਘਰ ਗਈ ਅਤੇ ਉਸ ਨੂੰ ਸਭ ਕੁਝ ਸਮਝਾਇਆ।।੭।।

**ਬਹੁ ਬਿਧਿ ਤਾਹਿ ਪ੍ਰਬੋਧ ਜਤਾਈ।।ਜਜੋ ਤਜੋ ਤਾਂਹਿ ਤਹਾਂ ਲੈ ਆਈ।।**
**ਮਾਰਗ ਕੁਅਰਿ ਬਿਲੋਕਤ ਜਹਾਂ।। ਲੈ ਪਹੁਚੀ ਮਿਤਵਾ ਕਹ ਤਹਾਂ।। ੮।।**

ਕਈ ਪ੍ਰਕਾਰ ਨਾਲ ਉਸ ਦਾਸੀ ਨੇ ਉਸ ਨੂੰ ਸਮਝਾਇਆ ਅਤੇ ਜਿਵੇਂ ਕਿਵੇਂ ਉਸ ਨੂੰ ਉਥੇ ਲੈ ਆਈ। ਜਿਥੇ ਰਾਜਕੁਮਾਰੀ ਉਸ ਦਾ ਰਾਹ ਵੇਖ ਰਹੀ ਸੀ ਉਹ ਮਿੱਤਰ ਨੂੰ ਲੈਕੇ ਉਸ ਦੇ ਕੋਲ ਆ ਗਈ।।੮।।

Namdhari Elibrary NamdhariElibrary@gmail.com

ਲਖਿ ਤਿਹ ਕੁਅਰਿ ਪ੍ਰਫੁੱਲਿਤ ਭਈ।। ਜਨੁਕ ਰਾਂਕ ਨਵੋ ਨਿਧਿ ਪਈ।।
ਬਿਹਸਿ ਬਿਹਸਿ ਤਿਹ ਕੰਠ ਲਗਾਯੋ।। ਮਨ ਮਾਨਤ ਕੋ ਭੋਗ ਕਮਾਯੋ।। ੯।।

ਪਦ ਅਰਥ - ਪ੍ਰਫੁੱਲਿਤ=ਖੁਸ਼। ਰਾਂਕ=ਗਰੀਬ। ਨਵੋ ਨਿਧਿ=ਨੌ ਨਿਧ ਖਜ਼ਾਨਾ।

ਕੁਮਾਰੀ ਉਸ ਨੂੰ ਵੇਖਕੇ ਬਹੁਤ ਖੁਸ਼ ਹੋਈ ਜਿਵੇਂ ਕਿ ਕਿਸੇ ਨਿਰਧਨ ਨੂੰ ਨੌ ਨਿਧ ਖਜ਼ਾਨਾ ਮਿਲ ਗਿਆ ਹੋਵੇ। ਉਸ ਨੂੰ ਹੱਸ ਹੱਸ ਕੇ ਗਲ ਨਾਲ ਲਾਇਆ ਅਤੇ ਮਨ ਚਾਹਿਆ ਉਸ ਨਾਲ ਭੋਗ ਬਿਲਾਸ ਕੀਤਾ।।੯।।

ਤਾਕੋ ਦੂਰ ਦਰਿੱਦ੍ਰ ਦਿਯਾ ਕਰਿ।। ਸੀਸ ਰਹੀ ਧਰ ਸਖੀ ਪਗਨ ਪਰ।।
ਤਵ ਪ੍ਰਸਾਦ ਮੈ ਮਿੱਤ੍ਰਹਿ ਲਹਜੋ।। ਕਹਾਂ ਕਹੋ ਤੁਹਿ ਜਾਤ ਨ ਕਹਜੋ।।੧੦।।

ਪਦ ਅਰਥ - ਦਰਿੱਦ੍ਰ=ਦਲਿਦਰ, ਗ਼ਰੀਬੀ। ਤਵ ਪ੍ਰਸਾਦ=ਤੇਰੀ ਕਿਰਪਾ ਨਾਲ।

ਉਸ ਦਾਸੀ ਨੂੰ ਬਹੁਤ ਸਾਰਾ ਧਨ ਦੇ ਕੇ ਉਹਦੀ ਗ਼ਰੀਬੀ ਦੂਰ ਕੀਤੀ ਅਤੇ ਬਾਅਦ ਵਿਚ ਉਹਦੇ ਪੈਰਾਂ ਤੇ ਸਿਰ ਰਖ ਕੇ ਕਿਹਾ ਕਿ ਤੇਰੀ ਕਿਰਪਾ ਨਾਲ ਹੀ ਮੈਂ ਪਿਆਰਾ ਪ੍ਰੀਤਮ ਪਾਇਆ ਹੈ। ਕੀ ਦੱਸਾਂ ਕੁਝ ਕਿਹਾ ਨਹੀਂ ਜਾਂਦਾ।।੧੦।।

ਅਬ ਕਛੁ ਐਸ ਚਰਿੱਤ੍ਰ ਬਨੈਯੈ।। ਜਾਤੇ ਸਦਾ ਮਿੱਤ੍ਰ ਕਹ ਪੈਯੈ।।
ਸੋਵੈ ਸਦਾ ਸੰਗ ਲੈ ਤਾਕੌ।। ਚੀਨਿ ਸਕੈ ਕੋਊ ਨਹਿ ਵਾਕੌਂ।। ੧੧।।

ਉਹ ਕਹਿਣ ਲੱਗੀ ਕਿ ਹੁਣ ਕੋਈ ਅਜੇਹਾ ਚਲਿੱਤਰ ਖੇਡਿਆ ਜਾਵੇ ਜਿਸ ਨਾਲ ਇਹ ਮਿੱਤਰ ਹਮੇਸ਼ਾਂ ਲਈ ਪਾਇਆ ਜਾ ਸਕੇ। ਰੋਜ਼ ਉਸ ਨਾਲ ਸੇਜ ਤੇ ਸੌਂ... ਅਤੇ ਇਸ ਗੱਲ ਦਾ ਕਿਸੇ ਨੂੰ ਪਤਾ ਵੀ ਨ ਲੱਗੇ।।੧੧।।

ਤ੍ਰਿਯ ਚਰਿੱਤ੍ਰ ਅਸ ਚਿੱਤ ਬਿਚਾਰੇ।। ਸੁ ਮੈਂ ਕਹਤ ਹੋ ਸੁਨਹੁ ਪਯਾਰੇ।।
ਤਾਹਿ ਛਪਾਇ ਸਦਨ ਮਹਿ ਰਾਖਾ।। ਰਾਨੀ ਸੌ ਐਸੀ ਬਿਧਿ ਭਾਖਾ।। ੧੨।।

ਉਸ ਇਸਤਰੀ ਨੇ ਮਨ ਵਿਚ ਇਕ ਐਸਾ ਚਲਿੱਤਰ ਸੋਚਿਆ, ਜਿਸ ਬਾਰੇ ਮੈਂ ਹੁਣ ਦੱਸਦਾ ਹਾਂ। ਉਸ ਮਿੱਤਰ ਨੂੰ ਘਰ ਵਿਚ ਲੁਕਾ ਲਿਆ ਅਤੇ ਆਪਣੀ ਰਾਣੀ ਨੂੰ ਕਿਹਾ।।੧੨।।

ਰਾਨੀ ਜੋ ਤੁਮ ਪੁਰਖ ਸਰਾਹਾ।। ਤਾਕਹ ਸ੍ਰੀ ਬਿਸਨਾਥਨ ਚਾਹਾ।।
ਵਾਕੋ ਕਾਲੀ ਕਾਲ ਹ੍ਵੈ ਗਯੋ।। ਯਾ ਸਖਿ ਕੇ ਮੁਖ ਤੇ ਸੁਨਿਲਯੋ।।੧੩।।

ਪਦ ਅਰਥ - ਸਰਾਹਾ=ਸ਼ਲਾਘਾ ਕੀਤੀ। ਸ੍ਰੀ ਬਿਸਨਾਥਨ=ਭਗਵਾਨ।

ਹੇ ਰਾਣੀ ਮਾਂ ਜਿਸ ਆਦਮੀ ਦੀ ਤੁਸੀਂ ਸ਼ਲਾਘਾ ਕੀਤੀ ਸੀ ਉਹ ਭਗਵਾਨ ਨੂੰ ਪਿਆਰਾ ਹੋ ਗਿਆ ਹੈ। ਤੁਸੀਂ ਇਸ ਸਖੀ ਤੋਂ ਸੁਣ ਲਵੋ ਉਹ ਮਰ ਗਿਆ ਹੈ।। ੧੩।।

**ਹਮ ਸਭਹਿਨ ਜੋ ਤਾਹਿ ਸਰਾਹਾ।। ਤਾਤੇ ਤਿਸੁ ਬਿਸੁਨਾਥਨ ਚਾਹਾ।।**
**ਜਨਿਯਤ ਦ੍ਰਿਸ਼ਟਿ ਤ੍ਰਿਯਨ ਕੀ ਲਾਗੀ।। ਤਾਤੇ ਤਾਹਿ ਮ੍ਰਿਤੁ ਲੈ ਭਾਗੀ।। ੧੪।।**

ਪਦ ਅਰਥ – ਹਮ ਸਭਹਿਨ=ਸਾਡੇ ਸਾਰਿਆ ਦੇ ਸਾਹਮਣੇ। ਜਨਿਯਤ=ਜਿਵੇਂ। ਦ੍ਰਿਸ਼ਟਿ=ਨਜ਼ਰ। ਤ੍ਰਿਯਨ=ਇਸਤਰੀਆਂ।

ਜਿਸ ਦੀ ਤੁਸੀਂ ਸਾਡੇ ਸਾਰਿਆਂ ਦੇ ਸਾਹਮਣੇ ਸ਼ਲਾਘਾ ਕੀਤੀ ਸੀ, ਉਹ ਭਗਵਾਨ ਨੂੰ ਵੀ ਚੰਗਾ ਲੱਗਾ ਹੈ ਜਿਵੇਂ ਉਸ ਨੂੰ ਇਸਤਰੀਆਂ ਦੀ ਨਜ਼ਰ ਲੱਗ ਗਈ ਹੋਵੇ, ਉਸ ਨੂੰ ਮੌਤ ਲੈ ਕੇ ਭੱਜ ਗਈ ਹੈ।।।੧੪।।

**ਰਾਨੀ ਸ਼ੋਕ ਤਵਨ ਕੋ ਕਿਯੋ।। ਤਾ ਦਿਨ ਅੰਨ ਨ ਪਾਨੀ ਪਿਯੋ।।**
**ਸਾਚ ਮਰਜੋ ਜਨਜੋ ਜਿਯ ਤਾਕੌ।। ਭੇਦ ਅਭੇਦ ਨ ਪਾਯੋ ਯਾਕੌ।। ੧੫।।**

ਰਾਣੀ ਨੇ ਇਸ ਗੱਲ ਦਾ ਬਹੁਤ ਦੁਖ ਮਨਾਇਆ ਅਤੇ ਸਾਰਾ ਦਿਨ ਅੰਨ੍ਹ ਪਾਣੀ ਨਾ ਖਾਧਾ। ਉਸ ਭੇਦ ਨੂੰ ਨ ਸਮਝਿਆ ਅਤੇ ਉਸ ਦਾ ਕਹਿਣਾ ਸੱਚ ਮੰਨ ਲਿਆ।।੧੫।।

**ਜਸ ਤੁਮ ਸੁੰਦਰ ਯਾਹਿ ਨਿਹਾਰਜੋ।। ਭਯੋ ਨ ਹੈ ਹ੍ਵੈਹੈ ਨ ਬਿਚਾਰਜੋ।।**
**ਯਾਕੀ ਬਹਿਨਿ ਏਕ ਤਿਹ ਘਰ ਮੈ।। ਛਾਡਿ ਅਯੋ ਜਿਹ ਭ੍ਰਾਤ ਨਗਰ ਮੈ ।।੧੬।।**

ਪਦ ਅਰਥ – ਭਯੋ ਨ=ਨ ਹੋਇਆ। ਹੈ=ਨ ਹੁਣ ਹੈ। ਹ੍ਵੈ ਹੈ ਨ=ਨ ਹੀ ਅੱਗੇ ਕੋਈ ਐਸਾ ਹੋਵੇਗਾ।

ਜਿਸ ਤਰ੍ਹਾਂ ਉਹ ਸੁੰਦਰ ਸੀ ਵੈਸਾ ਨ ਕੋਈ ਹੋਇਆ ਹੈ ਅਤੇ ਨ ਹੀ ਅੱਗੇ ਹੋਵੇਗਾ। ਉਸ ਦੀ ਇਕ ਭੈਣ ਹੈ ਜਿਸਨੂੰ ਉਹ ਪਿੱਛੇ ਨਗਰ ਵਿਚ ਛੱਡ ਆਇਆ ਹੈ।।੧੬।।

**ਮੁਹਿ ਤੁਮ ਕਹੋ ਤੁ ਤਹ ਮੈ ਜਾਊਂ ।। ਵਾਕੀ ਖੋਜਿ ਬਹਿਨਿ ਮੈਂ ਲਯਾਊਂ।।**
**ਸੋ ਅਤਿ ਚਤੁਰਿ ਸਭਨ ਗੁਨ ਆਗਰਿ।। ਆਣਿ ਦਿਖਾਊਂ ਤੁਹਿ ਨ੍ਰਿਪ ਨਾਗਰਿ ।।੧੭।।**

ਦਾਸੀ ਨੇ ਕਿਹਾ ਜੇ ਤੁਸੀਂ ਕਹੋ ਤਾਂ ਮੈਂ ਉਥੇ ਜਾਵਾਂ ਅਤੇ ਉਸ ਦੀ ਭੈਣ ਨੂੰ ਲੱਭ ਕੇ ਲੈ ਆਵਾਂ, ਉਹ ਬਹੁਤ ਚੱਤਰ ਅਤੇ ਗੁਣਵਾਨ ਹੈ। ਮੈਂ ਉਸ ਨੂੰ ਲਿਆ ਕੇ ਤੁਹਾਨੂੰ ਵਖਾਉਂਦੀ ਹਾਂ।।੧੭।।

**ਭਲੀ ਭਲੀ ਸਭ ਤ੍ਰਿਜ ਬਖਾਨੀ ।। ਭੇਦ ਅਭੇਦ ਗਤਿ ਕਿਨੂੰ ਨ ਜਾਨੀ ।।**
**ਖਰਚੀ ਅਧਿਕ ਤਵਨ ਕਹ ਦਈ ।। ਤਤ ਛਿਨ ਕਰਿਕੈ ਬਿਦਾ ਪਠਈ ।।੧੮।।**

ਸਾਰੀਆਂ ਇਸਤਰੀਆਂ ਨੇ "ਠੀਕ ਹੈ ਠੀਕ ਹੈ" ਕਿਹਾ ਪਰ ਅਸਲ ਭੇਤ ਨੂੰ ਕੋਈ ਵੀ ਨ ਸਮਝ ਸਕਿਆ। ਉਸ ਨੂੰ ਖਰਚੇ ਵਾਸਤੇ ਬਹੁਤ ਸਾਰਾ ਧਨ ਦਿੱਤਾ ਅਤੇ ਤੁਰੰਤ ਭੇਜ ਦਿੱਤਾ॥੧੮॥

**ਦੋਹਰਾ॥ ਬਿਦਾ ਭਈ ਬਹੁ ਦਰਬ ਲੈ ਗਈ ਕੁਅਰਿ ਕੇ ਧਾਮ ॥**
**ਆਠ ਮਾਸ ਦੁਰਿ ਤਹ ਰਹੀ ਲਖੀ ਨ ਦੂਸਰ ਬਾਮ॥੧੯॥**

ਪਦ ਅਰਥ - ਦੁਰਿ ਤਹ ਰਹੀ=ਓਥੇ ਲੁਕੀ ਰਹੀ। ਲਖੀ=ਗਈ। ਬਾਮ=ਇਸਤਰੀ।

ਉਹ ਉਥੋਂ ਚੱਲੀ ਅਤੇ ਪੈਸੇ ਲੈ ਕੇ ਕੁਮਾਰੀ ਦੇ ਪਾਸ ਪਹੁੰਚ ਗਈ। ਅੱਠ ਮਹੀਨੇ ਉਥੇ ਲੁਕੀ ਰਹੀ ਅਤੇ ਕਿਸੇ ਜ਼ਨਾਨੀ ਨੂੰ ਵੀ ਆਪਣਾ ਮੂੰਹ ਨਹੀਂ ਵਿਖਾਇਆ॥੧੯॥

**ਚੌਪਈ॥ ਨਵਮੋ ਮਾਸ ਚੜਤ ਜਬ ਭਯੋ॥ ਤਾਕਹ ਭੇਸ ਨਾਰਿ ਕੋ ਕਯੋ॥**
**ਲੈ ਰਾਨੀ ਕਹ ਤਾਹਿ ਦਿਖਾਯੋ॥ ਸਭਹਿੰਨ ਹੇਰਿ ਹਿਯੋ ਹੁਲਸਾਯੋ॥੨੦॥**

ਜਦ ਨੌਂਵਾਂ ਮਹੀਨਾਂ ਚੜ੍ਹਿਆ ਤਾਂ ਉਸ ਵਿਅਕਤੀ ਨੂੰ ਇਸਤਰੀ ਦੇ ਕੱਪੜੇ ਪੁਆ ਦਿੱਤੇ ਅਤੇ ਇਕ ਸੁੰਦਰ ਨਾਰੀ ਬਣਾ ਦਿੱਤੀ। ਉਸ ਨੂੰ ਲਿਆਕੇ ਰਾਣੀ ਨੂੰ ਵਿਖਾ ਦਿੱਤਾ ਜਿਸ ਨੂੰ ਵੇਖ ਕੇ ਸਭ ਪ੍ਰਸੰਨ ਹੋ ਗਏ॥੨੦॥

**ਜੋ ਮੈ ਕਹੋ ਸੁਨਹੁ ਨ੍ਰਿਪ ਨਾਰੀ॥ ਇਹ ਸੌਪਹੁ ਤੁਮ ਅਪਨਿ ਦੁਲਾਰੀ॥**
**ਰਾਜਾ ਸਾਥ ਨ ਭੇਦ ਬਖਾਨੋ॥ ਮੇਰੋ ਬਚਨ ਸੱਤਿ ਕਰਿ ਮਾਨੋ ॥੨੧॥**

ਦਾਸੀ ਕਹਿਣ ਲੱਗੀ ਹੇ ਰਾਜੇ ਦੀ ਰਾਣੀ ! ਮੇਰੀ ਗੱਲ ਸੁਣੋ, ਇਸ ਇਸਤਰੀ ਨੂੰ ਰਾਜਕੁਮਾਰੀ ਦੇ ਹਵਾਲੇ ਕਰ ਦੇਵੋ। ਰਾਜੇ ਨੂੰ ਬਿਲਕੁਲ ਨਹੀਂ ਦੱਸਣਾ ਅਤੇ ਮੇਰਾ ਕਿਹਾ ਸੱਚ ਹੋਇਆ ਵੇਖ ਲੈਣਾ॥੨੧॥

**ਜੋ ਇਸ ਕੌ ਰਾਜਾ ਲਹਿ ਲੈਹੈ॥ ਭੂਲਿ ਤਿਹਾਰੋ ਧਾਮ ਨ ਐਹੈ॥**
**ਲੈ ਯਾਕੌ ਕਰਿ ਹੈ ਨਿਜੁ ਨਾਰੀ॥ ਮੁਖ ਬਾਏਂ ਰਹਿ ਹੋ ਤੁਮ ਪਜਾਰੀ ॥੨੨॥**

ਜੇ ਰਾਜਾ ਇਸਨੂੰ ਵੇਖ ਲਵੇਗਾ ਤਾਂ ਅਪਣੀ ਇਸਤਰੀ ਬਣਾ ਲਵੇਗਾ ਅਤੇ ਤੁਸੀਂ ਮੂੰਹ ਅੱਡ ਕੇ ਵੇਖਦੇ ਹੀ ਰਹਿ ਜਾਵੋਗੇ, ਉਹ ਦੁਬਾਰਾ ਤੁਹਾਡੇ ਘਰ ਭੁਲ ਕੇ ਵੀ ਨਹੀਂ ਜਾਵੇਗੀ॥੨੨॥

**ਭਲੀ ਕਹੀ ਤੁਹਿ ਤਾਂਹਿ ਬਖਾਨੀ॥ ਤ੍ਰਿਯ ਚਰਿੱਤ੍ਰ ਗਤਿ ਕਿਨੂੰ ਨ ਜਾਨੀ॥**
**ਤਿਹ ਕੋ ਭਵਨ ਸੁਤਾ ਕੇ ਰਾਖਾ॥ ਭੇਦ ਨ ਮੂਲ ਨ੍ਰਿਪਤਿ ਤਨ ਭਾਖਾ॥੨੩॥**

ਸਾਰਿਆਂ ਕਿਹਾ ਕਿ ਬਹੁਤ ਚੰਗਾ ਹੋਇਆ ਤੂੰ ਇਹ ਸਭ ਕੁਝ ਦੱਸ ਦਿੱਤਾ ਹੈ। ਇਸਤਰੀ ਦੇ ਚਲਿੱਤਰ ਨੂੰ ਕੋਈ ਵੀ ਸਮਝ ਨ ਸਕਿਆ। ਉਸ ਨੂੰ ਪੁੱਤਰੀ ਦੇ ਘਰ ਛੱਡ ਦਿੱਤਾ ਅਤੇ ਰਾਜੇ ਨੂੰ ਇਸ ਗੱਲ ਦਾ ਪਤਾ ਵੀ ਨ ਲੱਗਣ ਦਿੱਤਾ॥੨੩॥

Namdhari Elibrary NamdhariElibrary@gmail.com

**ਚਹਤ ਹੁਤੀ ਨ੍ਰਿਪ ਸੁਤਾ ਸੁ ਭਈ।। ਇਹ ਛਲ ਸੋ ਸਹਚਰਿ ਛਲਿ ਗਈ।।**
**ਤਾਕਹ ਪ੍ਰਗਟ ਧਾਮ ਮਹਿ ਰਾਖਾ।। ਨ੍ਰਿਪਹਿ ਭੇਦ ਕੋਊ ਤ੍ਰਿਯਹਿ ਨ ਭਾਖਾ।। ੨੪।।**

ਪਦ ਅਰਥ - ਚਹਤ ਹੁਤੀ=ਜੋ ਚਾਹੁੰਦੀ ਸੀ। ਸਹਚਰਿ=ਦਾਸੀ। ਕੋਊ ਤ੍ਰਿਯਹਿ ਨ=ਕਿਸੇ ਇਸਤਰੀ ਵੀ ਨ।

ਰਾਜੇ ਦੀ ਲੜਕੀ ਜੋ ਕੁਝ ਚਾਹੁੰਦੀ ਸੀ, ਓਹੋ ਕੁਝ ਹੋ ਗਿਆ। ਇਸ ਛਲ ਨਾਲ ਦਾਸੀ ਰਾਣੀ ਨੂੰ ਛਲ ਗਈ। ਉਸ ਨੂੰ ਖੁਲ੍ਹੇ ਆਮ ਘਰ ਵਿਚ ਰੱਖਿਆ ਅਤੇ ਰਾਜੇ ਨੂੰ ਇਸ ਭੇਦ ਬਾਰੇ ਕਿਸੇ ਇਸਤਰੀ ਵੀ ਨ ਦੱਸਿਆ।। ੨੪।।

**ਦੋਹਰਾ।। ਇਹ ਚਰਿਤ੍ਰ ਤਿਹ ਚੰਚਲਾ ਲਹਜੋ ਆਪਨੋ ਯਾਰ।।**
**ਸਭ ਤ੍ਰਿਯ ਮੁਖ ਬਾਏਂ ਰਹੀ ਸਕਾ ਨ ਕੋਊ ਬਿਚਾਰ।। ੨੫।।**

ਇਸ ਚਲਿੱਤਰ ਨਾਲ ਉਸ ਇਸਤਰੀ ਨੇ ਆਪਣਾ ਪ੍ਰੇਮੀ ਪਾ ਲਿਆ ਅਤੇ ਸਾਰੀਆਂ ਮੂਰਖ ਇਸਤਰੀਆਂ ਵੇਖਦੀਆਂ ਰਹਿ ਗਈਆਂ, ਅਸਲ ਭੇਤ ਨੂੰ ਕੋਈ ਨ ਜਾਣ ਸਕਿਆ।।੨੫।।

**ਸੁਰ ਮੁਨਿ ਨਾਗ ਭੁਜੰਗ ਸਭ ਨਰ ਬਪੁਰੇ ਕਿਨ ਮਾਹਿ।।**
**ਦੇਵ ਅਦੇਵ ਤ੍ਰਿਯਾਨ ਕੇ ਭੇਦ ਪਛਾਨਤ ਨਾਹਿ।। ੨੬।। ੧।।**

ਦੇਵ, ਮੁਨੀ, ਨਾਗ, ਭੁਜੰਗ ਆਦਿ ਕਿੱਸ ਖੇਤ ਦੀ ਮੂਲੀ ਹਨ। ਵੱਡੇ ਵੱਡੇ ਦੇਵ-ਦਾਨਵ ਵੀ ਇਸਤਰੀਆਂ ਦੇ ਚਲਿੱਤਰਾਂ ਨੂੰ ਨਹੀਂ ਸਮਝ ਸਕੇ।।੧੬।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੈ ਅਠਾਸੀ ਚਰਿਤ੍ਰ ਸਮਾਪਤਮ ਸੁਤ ਸੁਭਮ ਸਤੁ।।੨੮੮।।੫੪੭੬।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਅਠਾਸੀਵੀਂ ਕਥਾ ਸਮਾਪਤ।।੨੮੮।।੫੪੭੬।।ਚਲਦਾ।।

## ਚਲਿੱਤਰ ਦੋ ਸੌ ਉਣਾਨੇਵਾਂ

## ਕਥਾ ਦਖਣ ਦੇਵੀ

**ਦੋਹਰਾ ।। ਸੁਨਾ ਸ਼ਹਿਰ ਬਗਦਾਦ ਕੇ ਦੱਛਿਨ ਸੈਨ ਨਰੇਸ।।**
**ਦੱਛਿਨ ਦੇ ਤਾਕੇ ਤਰੁਨ ਰਹਤ ਸੁ ਰਤਿ ਕੇ ਭੇਸ।। ੧।।**

ਸੁਣਿਆ ਹੈ ਕਿ ਬਗਦਾਦ ਦਾ ਦਖਣ ਸੈਨ ਨਾਮੀਂ ਇਕ ਰਾਜਾ ਸੀ। ਉਸ ਦੀ ਇਸਤਰੀ ਦਾ ਨਾਂ ਦਖਣ ਦੇਵੀ ਸੀ ਜਿਹੜੀ ਕਿ ਕਾਮਦੇਵ ਦੀ ਇਸਤਰੀ ਰੱਤੀ ਵਾਂਗ ਸੁੰਦਰ ਸੀ।।੧।।

ਚੌਪਈ॥ ਕਮਲ ਕੇਤੁ ਇਕ ਸ਼ਾਹੁ ਬਸਤ ਤਹੇ॥ ਜਾ ਸਮ ਦੂਸਰ ਭਯੋ ਨ ਮਹਿ ਮਹ॥
ਤੇਜਵਾਨ ਬਲਵਾਨ ਧੱਰੜ੍ਹੀ॥ ਜਾਹਿਰ ਚਹੂੰ ਓਰ ਮਹਿ ਛੱੜ੍ਹੀ॥ ੨॥

ਉਥੇ ਕਮਲ ਕੇਤ ਨਾਮੀਂ ਇਕ ਧਨੀ ਰਹਿੰਦਾ ਸੀ ਜਿਸ ਵਰਗਾ ਦੂਸਰਾ ਕੋਈ ਦੁਨੀਆਂ ਵਿਚ ਨਹੀਂ ਸੀ। ਉਹ ਤੇਜਵਾਨ, ਬਲਵਾਨ, ਅਸਤਰਾਂ ਸ਼ਸਤਰਾਂ ਨੂੰ ਧਾਰਣ ਕਰਨ ਵਾਲਾ ਅਤੇ ਚਾਰੇ ਪਾਸੇ ਪ੍ਰਸਿੱਧ ਸੀ॥੨॥

ਦੋਹਰਾ॥ ਜਬ ਰਾਨੀ ਤਿਹ ਕੁਅਰ ਕੋ ਰੂਪ ਬਿਲੋਕਾ ਨੈਨ॥
ਰਹੀ ਮਗਨ ਹ੍ਵੈ ਮੈਨ ਮਦ ਬਿਸਰ ਗਈ ਸੁਨਿ ਐਨ॥ ੩॥

ਪਦ ਅਰਥ - ਰੂਪ ਬਿਲੋਕਾ=ਰੂਪ ਵੇਖਿਆ। ਮੈਨ=ਕਾਮ। ਐਨ=ਘਰ।

ਰਾਣੀ ਨੇ ਜਦ ਉਸ ਕੁਮਾਰ ਦੇ ਸੁੰਦਰ ਸਰੂਪ ਨੂੰ ਵੇਖਿਆ ਤੇ ਉਹ ਉਸ ਤੇ ਮੋਹਿਤ ਹੋ ਗਈ ਅਤੇ ਆਪਣੀ ਸਾਰੀ ਸੁੱਧ ਬੁੱਧ ਭੁੱਲ ਗਈ॥੩॥

ਚੌਪਈ॥ਚਤੁਰ ਸਹਚਰੀ ਕੁਅਰ ਹਕਾਰੀ॥ਆਨਿ ਕੁਅਰਿ ਤਨ ਕੀਅਸ ਜੁਹਾਰੀ॥
ਚਿਤ ਕੋ ਭੇਦ ਸਕਲ ਤਿਹਂ ਦੀਯੋ॥ ਵਾਕੇ ਤੀਰ ਪਠਾਵਨ ਕੀਯੋ॥ ੪॥

ਪਦ ਅਰਥ - ਹਕਾਰੀ=ਬੁਲਾਈ। ਜੁਹਾਰੀ=ਨਮਸਕਾਰ। ਭੇਦ ਸਕਲ=ਸਾਰਾ ਭੇਤ।

ਉਸ ਇਕ ਚੱਤਰ ਦਾਸੀ ਨੂੰ ਬੁਲਾਇਆ ਜਿਸ ਤੁਰੰਤ ਆ ਕੇ ਨਮਸ਼ਕਾਰ ਬੁਲਾਈ। ਉਸ ਦੇ ਸਾਹਮਣੇ ਆਪਣੇ ਦਿਲ ਦੀ ਸਾਰੀ ਗੱਲ ਬਾਤ ਕਰਕੇ ਉਸ ਨੂੰ ਕੁਮਾਰ ਦੇ ਪਾਸ ਭੇਜਿਆ॥੪॥

ਬਾਰ ਨ ਲਗੀ ਸਖੀ ਤਹ ਆਈ॥ਆਨ ਕੁਅਰਿ ਤਨ ਬ੍ਰਿਥਾ ਜਤਾਈ॥
ਕੋ ਪਰ ਅਟਕਤ ਨ੍ਰਿਪ ਤ੍ਰਿਯ ਭਈ॥ ਛੂਟਹ ਕਸਬ ਲਗਨ ਲਗਿ ਗਈ॥ ੫॥

ਝਟ ਹੀ ਸਖੀ ਉਥੇ ਪਹੁੰਚ ਗਈ ਅਤੇ ਉਸ ਕੁਮਾਰ ਨੂੰ ਸਾਰੀ ਵਿਥਿਆ ਸੁਣਾਈ। ਤੁਹਾਡੇ ਉਤੇ ਰਾਜੇ ਦੀ ਇਸਤਰੀ ਮੋਹਿਤ ਹੋ ਗਈ ਹੈ। ਉਹ ਇਸ ਲਗਨ ਨਾਲ ਸਭ ਕੰਮ ਕਾਜ ਭੂਲ ਗਈ ਹੈ॥੫॥

ਅਬ ਵਹ ਧਾਮ ਕ੍ਰਿਤਾਰਥ ਕੀਜੈ॥ ਹਯਾਂ ਤੇ ਚਲਿ ਵਹਿ ਗ੍ਰਿਹਿ ਪਗੁ ਦੀਜੈ॥
ਉਠਹੁ ਕੁਅਰ ਜੂ ਬਿਲਮ ਨ ਲੈਯੈ॥ ਰਾਜ ਤਰੁਨ ਕੀ ਸੇਜ ਸੁਹੈਯੈ॥ ੬॥

ਹੁਣ ਛੇਤੀ ਇਸ ਘਰ ਤੋਂ ਚੱਲੋ ਤੇ ਉਸ ਘਰ ਵਿਚ ਆਪਣੇ ਚਰਨ ਪਾਵੋ। ਉਠੋ ਅਤੇ ਛੇਤੀ ਨਾਲ ਚਲ ਕੇ ਉਸ ਰਾਜ ਇਸਤਰੀ ਦੇ ਸੇਜ ਦੀ ਸ਼ੋਭਾ ਵਧਾਓ॥੬॥

Namdhari Elibrary NamdhariElibrary@gmail.com

**ਜਿਹ ਤਿਹ ਬਿਧ ਤਾਕੋ ਮਨ ਲੀਨਾ।। ਆਨਿ ਮਿਲਾਇ ਕੁਅਰਿ ਕਹ ਦੀਨਾ।।**
**ਭਾਂਤਿ ਭਾਂਤਿ ਤਿਨ ਤਾਹਿ ਰਿਝਾਯੋ।। ਚਾਰਿ ਪਹਰ ਨਿਸਿ ਭੋਗ ਕਮਾਯੋ।। ੭।।**

ਉਸ ਦਾਸੀ ਨੇ ਜਿਵੇਂ ਕਿਵੇਂ ਉਸ ਦਾ ਦਿਲ ਜਿੱਤ ਲਿਆ ਅਤੇ ਉਸ ਨੂੰ ਰਾਣੀ ਨਾਲ ਮਿਲਾ ਦਿੱਤਾ। ਉਸ ਨੂੰ ਕਈ ਪ੍ਰਕਾਰ ਨਾਲ ਪ੍ਰਸੰਨ ਕੀਤਾ ਅਤੇ ਚਾਰ ਪਹਿਰ ਰਾਤ ਉਸ ਨਾਲ ਭੋਗ ਕੀਤਾ।। ੭।।

**ਕੇਲ ਕਰਤ ਨਿਸਿ ਸਕਲ ਬਿਹਾਨੀ।। ਕਰਤ ਕਾਮ ਕੀ ਕੋਟਿ ਕਹਾਨੀ ।।**
**ਭਾਂਤਿ ਭਾਂਤਿ ਕੇ ਆਸਨ ਕਰਿਕੈ।। ਕਾਮ ਤਪਤ ਸਭ ਹੀ ਕਹਿ ਹਰਿਕੈ।। ੮।।**

ਕਾਮ ਕ੍ਰੀੜਾ ਵਿਚ ਸਾਰੀ ਰਾਤ ਬੀਤ ਗਈ ਅਤੇ ਕਾਮ ਲੀਲਾਵਾਂ ਦੀਆਂ ਅਨੇਕ ਕਹਾਣੀਆਂ ਕਹੀਆਂ ਗਈਆਂ। ਕਈ ਪ੍ਰਕਾਰ ਦੇ ਆਸਣ ਬਣਾ ਕੇ ਕਾਮ ਜਵਾਲਾ ਨੂੰ ਸ਼ਾਂਤ ਕੀਤਾ ਗਿਆ।। ੮।।

**ਭੋਰ ਭਯੋ ਰਜਨੀ ਜਬ ਗਈ।। ਭਾਂਤਿ ਭਾਂਤਿ ਚਿਰਈਂ ਚੁਹਚਈ।।**
**ਸ੍ਰਮਿਤ ਭਏ ਦੋਊ ਕੇਲ ਕਮਾਤੇ।। ਏਕਹਿ ਸੇਜ ਸੋਏ ਰਸ ਮਾਤੇ ।। ੯।।**

ਪਦ ਅਰਥ - ਭੋਰ ਭਯੋ=ਸਵੇਰ ਹੋਈ। ਰਜਨੀ=ਰਾਤ। ਚਿਰਈਂ=ਚਿੜੀਆਂ। ਚੁਹਚਈ=ਚਹਿਚਹਾਈਆਂ। ਸ੍ਰਮਿਤ=ਥੱਕ।

ਜਦ ਰਾਤ ਬੀਤ ਗਈ, ਸਵੇਰ ਹੋਈ ਤਾਂ ਭਿੰਨ ਭਿੰਨ ਪ੍ਰਕਾਰ ਦੀਆਂ ਚਿੜੀਆਂ ਚਹਿਕਣ ਲੱਗੀਆਂ। ਭੋਗ ਬਿਲਾਸ ਕਰਦੇ ਜਦ ਥੱਕ ਗਏ ਤਾਂ ਮਸਤ ਹੋਕੇ ਇਕੋ ਸੇਜ ਤੇ ਸੌਂ ਗਏ।। ੯।।

**ਸੋਵਤ ਤਯਾਗ ਨੀਦਿ ਜਬ ਜਗੇ।। ਮਿਲਿ ਕਰਿ ਕੇਲ ਕਰਨ ਤਬ ਲਗੇ।।**
**ਆਸਨ ਕਰਤ ਅਨੇਕ ਪ੍ਰਕਾਰਾ।। ਕੋਕਹੂੰ ਤੇ ਦਸ ਗੁਨ ਬਿਸਤਾਰਾ।। ੧੦।।**

ਸੌਂ ਕੇ ਉਹ ਜਦ ਫਿਰ ਉਠੇ ਤਾਂ ਦੁਬਾਰਾ ਕਾਮ ਕ੍ਰੀੜਾ ਕਰਨ ਲੱਗ ਗਏ। ਹੁਣ ਉਹ ਕੋਕ ਸ਼ਾਸਤਰ ਅਨੁਸਾਰ ਦੱਸੇ ਆਸਣਾਂ ਨਾਲੋਂ ਵੀ ਦਸ ਗੁਣਾਂ ਆਸਣ ਕਰਨ ਲੱਗੇ।। ੧੦।।

**ਕੇਲ ਕਮਾਤ ਅਧਿਕ ਰਸ ਮਾਤੈਂ।। ਭੂਲਿ ਗਈ ਘਰ ਕੀ ਸੁਧਿ ਸਾਤੈਂ।।**
**ਚਿਤ ਅਪਨੋ ਅਸ ਕੀਯਾ ਬਿਚਾਰਾ।। ਪ੍ਰਗਟ ਮਿੱਤ੍ਰ ਕੇ ਸਾਥ ਉਚਾਰਾ।। ੧੧।।**

ਕਾਮ ਕ੍ਰੀੜਾ ਕਰਦਿਆਂ ਉਨ੍ਹਾਂ ਬਹੁਤ ਰਸ ਮਾਣਿਆ ਅਤੇ ਮਸਤ ਹੋਇਆਂ ਨੂੰ ਘਰ ਦੀ ਸਭ ਸੁੱਧ ਭੁਲ ਗਈ। ਉਸ ਦਿਲ ਵਿਚ ਵਿਚਾਰ ਕੀਤਾ ਅਤੇ ਮਿੱਤਰ ਨੂੰ ਦਸਿਆ।। ੧੧।।

**ਸੁਨਹੁ ਬਾਤ ਪਜਾਰੇ ਤੁਮ ਮੇਰੀ।। ਦਾਸੀ ਭਈ ਆਜੁ ਮੈਂ ਤੇਰੀ।।**
**ਮੇਰੇ ਤੋਟ ਦਰਬ ਕੀ ਨਾਹੀ।। ਹਮ ਤੁਮ ਆਵਹੁ ਕਹੂੰ ਸਿਧਾਹੀ।। ੧੨।।**

Namdhari Elibrary NamdhariElibrary@gmail.com

'ਹੇ ਪਿਆਰੇ ਮੇਰੀ ਗੱਲ ਸੁਣੋ। ਮੈਂ ਤਾਂ ਹੁਣ ਤੁਹਾਡੀ ਦਾਸੀ ਹੋ ਗਈ ਹਾਂ। ਮੇਰੇ ਕੋਲ ਧਨ ਦੀ ਘਾਟ ਨਹੀਂ ਹੈ। ਇਸ ਲਈ ਆਓ ਅਸੀਂ ਦੋਵੇਂ ਮਿਲਕੇ ਕਿਤੇ ਨਿਕਲ ਚਲੀਏ"॥੧੨॥

**ਐਸੋ ਜਤਨ ਮਿੱਤ੍ਰ ਕਛੁ ਕਰਿਯੈ॥ ਅਪਨੇ ਲੈ ਮੁਹਿ ਸੰਗ ਸਿਧਰੀਯੈ॥**
**ਅਤਿਥ ਭੇਸ ਦੋਊ ਧਰਿ ਲੈਹੈ॥ ਇਕ ਠਾਂ ਬੈਠ ਖਜਾਨਾ ਖੈਹੈ॥੧੩॥**

*ਪਦ ਅਰਥ* - ਸਿਧਰੀਯੈ=ਲੈ ਚਲੋ। ਅਤਿਥ=ਸਾਧੂ ਸੰਤ।

"ਹੇ ਮਿੱਤਰ! ਕੋਈ ਅਜਿਹਾ ਯਤਨ ਕਰੋ ਕਿ ਮੈਨੂੰ ਨਾਲ ਲੈ ਕੇ ਕਿਤੇ ਨਿਕਲ ਚੱਲੋ। ਦੋਵੇਂ ਸਾਧੂ ਭੇਸ ਧਾਰਨ ਕਰ ਲਵਾਂਗੇ ਅਤੇ ਇਕ ਥਾਂ ਬੈਠੇ ਖਜ਼ਾਨਾਂ ਖਾਂਦੇ ਰਹਾਂਗੇ"॥੧੩॥

**ਜਾਰ ਕਹਜੋ ਅਬਲਾ ਸੌਂ ਐਸੇ॥ ਤੁਹਿ ਨਿਕਸੇ ਲੈ ਕਰਿ ਸੰਗਿ ਕੈਸੇ॥**
**ਠਾਢੇ ਈਹਾਂ ਅਨਿਕ ਰਖਵਾਰੇ॥ ਨਭ ਕੇ ਜਾਤ ਪਖੇਰੂ ਮਾਰੇ॥੧੪॥**

ਯਾਰ ਨੇ ਇਸਤਰੀ ਨੂੰ ਸਮਝਾਇਆ ਕਿ ਤੈਨੂੰ ਲੈ ਕੇ ਮੈਂ ਕਿਸ ਤਰ੍ਹਾਂ ਨਿਕਲਾਂਗਾ। ਇਥੇ ਤਾਂ ਏਨੇ ਪਹਿਰੇਦਾਰ ਹਨ ਕਿ ਅਕਾਸ਼ ਦੇ ਪੰਛੀ ਵੀ ਮਾਰ ਦਿੱਤੇ ਜਾਂਦੇ ਹਨ॥੧੪॥

**ਜੌ ਤੁਹਿ ਮੁਹਿ ਕੌ ਨ੍ਰਿਪਤਿ ਨਿਹਾਰੈ॥ ਦੁਹੂੰਅਨ ਠੌਰ ਮਾਰਿ ਕਰ ਡਾਰੈ॥**
**ਤਾਤੇ ਤੁਮ ਅਸ ਕਰਹੁ ਉਪਾਵੈ॥ ਮੁਰ ਤੁਰ ਭੇਦ ਨ ਦੂਸਰ ਪਾਵੈ॥ ੧੫॥**

ਜੇ ਰਾਜਾ ਮੈਨੂੰ ਅਤੇ ਤੁਹਾਨੂੰ ਵੇਖ ਲਵੇਗਾ ਤਾਂ ਉਸੇ ਥਾਂ ਹੀ ਸਾਨੂੰ ਦੋਹਾਂ ਨੂੰ ਮਾਰ ਦੇਵੇਗਾ। ਇਸ ਲਈ ਤੁਸੀਂ ਕੋਈ ਐਸਾ ਉਪਾਅ ਕਰੋ ਕਿ ਮੇਰੇ ਅਤੇ ਤੇਰੇ ਸਿਵਾ ਇਸਨੂੰ ਕੋਈ ਨ ਜਾਣੇ॥੧੫॥

**ਸੂਰ ਸੂਰ ਕਰਿ ਗਿਰੀ ਤਰਨਿ ਧਰਿ॥ ਜਾਨੁਕ ਗਈ ਸਾਚੁ ਦੈਕੈ ਮਰਿ॥**
**ਹਾਇ ਹਾਇ ਕਹ ਨਾਥ ਉਚਾਈ॥ ਬੈਦ ਲਏ ਸਭ ਨਿਕਟਿ ਬੁਲਾਈ॥੧੬॥**

ਇਸਤਰੀ ਨੇ ਇਕ ਚਲਿੱਤਰ ਸੋਚਿਆ। ਉਹ ਸੂਲ ਸੂਲ ਕਹਿੰਦੀ ਹੋਈ ਧਰਤੀ ਤੇ ਡਿੱਗ ਪਈ ਅਤੇ ਇਸ ਤਰ੍ਹਾਂ ਬੇਹੋਸ਼ ਹੋ ਗਈ ਜਿਵੇਂ ਸੱਚ ਮੁੱਚ ਹੀ ਮਰ ਗਈ ਹੋਵੇ। ਫਿਰ ਉਹ ਹਾਏ ਹਾਏ ਕਹਿ ਕੇ ਆਪਣੇ ਪਤੀ ਨੂੰ ਆਵਾਜ਼ਾਂ ਮਾਰਨ ਲੱਗੀ ਅਤੇ ਉਸ ਸਾਰੇ ਵੈਦਾਂ ਨੂੰ ਸੱਦ ਲਿਆ॥੧੬॥

**ਸਭ ਬੈਦਨ ਸੌ ਨ੍ਰਿਪਤਿ ਉਚਾਰਾ॥ ਯਾਕੋ ਕਰਹੁ ਕਛੂ ਉਪਚਾਰਾ॥**
**ਜਾਤੇ ਰਾਨੀ ਮਰੈ ਨ ਪਾਵੈ॥ ਬਹੁਰਿ ਹਮਾਰੀ ਸੇਜ ਸੁਹਾਵੈ॥ ੧੭॥**

ਰਾਜੇ ਨੇ ਸਭ ਵੈਦਾਂ ਨੂੰ ਕਿਹਾ ਕਿ ਇਸ ਦਾ ਚੰਗੀ ਤਰ੍ਹਾਂ ਇਲਾਜ ਕਰੋ ਤਾਂਕਿ ਰਾਣੀ ਬਚ ਜਾਵੇ ਅਤੇ ਮੇਰੀ ਸੇਜ ਦੀ ਸ਼ੋਭਾ ਵਧਾਵੇ॥੧੭॥

**ਬੋਲਤ ਭੀ ਇਕ ਸਖੀ ਸਿਯਾਨੀ॥ ਜਨ ਤ੍ਰਿਯ ਕੀ ਰਤਿ ਕ੍ਰਿਯਾ ਪਛਾਨੀ॥**

**ਏਕ ਨਾਰਿ ਬੈਦਨੀ ਹਮਾਰੇ॥ ਜਿਹ ਆਗੇ ਕਯਾ ਬੈਦ ਬਿਚਾਰੇ॥੧੮॥**

ਇਕ ਸਿਆਣੀ ਦਾਸੀ ਜਿਹੜੀ ਰਾਣੀ ਦੀ ਅਸਲ ਭੇਤਨ ਸੀ ਅਤੇ ਉਸ ਦੀ ਕਾਮ ਕ੍ਰੀੜਾ ਬਾਰੇ ਜਾਣਦੀ ਸੀ, ਕਹਿਣ ਲੱਗੀ ਕਿ ਸਾਡੇ ਏਥੇ ਇਕ ਇਸਤਰੀ ਵੈਦ ਹੈ, ਉਸ ਦੇ ਸਾਹਮਣੇ ਪੁਰਖ ਵੈਦ ਕੁਝ ਵੀ ਨਹੀਂ ਹਨ॥੧੮॥

**ਜੌ ਰਾਜਾ ਤੁਮ ਤਾਹਿ ਬੁਲਾਵੋ॥ ਤਾਹੀ ਤੇਂ ਉਪਚਾਰ ਕਰਾਵੋ॥**
**ਰਾਨੀ ਬਚੈ ਬਿਲੰਬ ਨ ਲਾਵੈ॥ ਬਹੁਰਿ ਤਿਹਾਰੀ ਸੇਜ ਸੁਹਾਵੈ॥੧੯॥**

ਪਦ ਅਰਥ – ਉਪਚਾਰ=ਇਲਾਜ। ਬਿਲੰਬ=ਦੇਰ।

ਇਸ ਲਈ ਉਸ ਵੈਦ ਨੂੰ ਹੀ ਬਲਾਓ ਅਤੇ ਉਸ ਪਾਸੋਂ ਇਲਾਜ ਕਰਵਾਓ। ਇਸ ਤਰ੍ਹਾਂ ਰਾਣੀ ਬਚ ਜਾਵੇਗੀ ਅਤੇ ਤੁਹਾਡੀ ਸੇਜ ਦੀ ਸ਼ੋਭਾ ਵੀ ਵਧਾਵੇਗੀ॥੧੯॥

**ਸੋਈ ਬਾਤ ਰਾਜੈ ਜਬ ਮਾਨੀ॥ ਬੋਲ ਪਠਾਈ ਵਹੈ ਸਯਾਨੀ॥**
**ਜੋ ਤਿਨ ਪੁਰਖ ਨਾਰਿ ਕਰਿ ਭਾਖਾ॥ ਤਾਹੀ ਕਹ ਬੈਦਨਿ ਕਰਿ ਰਾਖਾ॥੨੦॥**

ਰਾਜੇ ਨੇ ਉਸ ਦੀ ਗੱਲ ਮੰਨ ਕੇ ਉਸ ਇਸਤਰੀ ਵੈਦ ਨੂੰ ਹੀ ਬੁਲਾ ਲਿਆ। ਉਸ ਦਾਸੀ ਨੇ ਰਾਣੀ ਦੇ ਮਿੱਤਰ ਨੂੰ ਹੀ ਇਸਤਰੀ ਦਾ ਭੇਸ ਧਾਰਨ ਕਰਵਾਇਆ ਹੋਇਆ ਸੀ ਅਤੇ ਉਹ ਹੀ ਹੁਣ ਇਕ ਇਸਤਰੀ ਵੈਦ ਸੀ॥੨੦॥

**ਸਖੀ ਤਬੈ ਰਾਜਾ ਪਹਿ ਗਈ॥ ਤਾਹਿ ਤਰੁਨਿ ਕਰਿ ਲਜਾਵਤ ਭਈ॥**
**ਜਬ ਤਿਨ ਤ੍ਰਿਯ ਕੀ ਨਾਰਿ ਨਿਹਾਰੀ॥ ਰਾਜਾ ਸੋ ਇਹ ਭਾਂਤਿ ਉਚਾਰੀ॥੨੧॥**

ਤਦ ਦਾਸੀਆਂ ਰਾਜੇ ਦੇ ਪਾਸੋਂ ਗਈਆਂ ਅਤੇ ਉਸ ਇਸਤਰੀ ਵੈਦ ਨੂੰ ਲੈ ਆਈਆਂ। ਜਦ ਉਸ ਨੇ ਰਾਣੀ ਨੂੰ ਵੇਖਿਆ ਤਾਂ ਰਾਜੇ ਨੂੰ ਇਸ ਪ੍ਰਕਾਰ ਕਿਹਾ॥੨੧॥

**ਰਾਜ ਰੋਗ ਰਾਨੀ ਕਹ ਧਰਿਯੋ॥ ਜਾਤਿ ਸਿਤਾਬੀ ਦੂਰਿ ਨ ਕਰਿਯੋ॥**
**ਆਠ ਬਰਿਸ ਲਗਿ ਰਹੈ ਜੁ ਕੋਈ॥ ਯਾਕੋ ਦੂਰਿ ਦੂਖ ਤਬ ਹੋਈ॥੨੨॥**

ਪਦ ਅਰਥ – ਸਿਤਾਬੀ=ਛੇਤੀ।

"ਰਾਣੀ ਨੂੰ ਰਾਜ ਰੋਗ ਹੈ ਜਿਹੜਾ ਕਿ ਛੇਤੀ ਠੀਕ ਨਹੀਂ ਹੋ ਸਕਦਾ, ਅੱਠ ਸਾਲ ਤਕ ਜੇ ਕੋਈ ਇਸ ਦਾ ਇਲਾਜ ਕਰੇ ਤਾਂ ਇਹ ਠੀਕ ਹੋਵੇਗੀ॥੨੨॥

**ਸੋਈ ਸੱਤਿ ਨ੍ਰਿਪਤਿ ਕਰਿ ਮਾਨੀ॥ ਜਿਹ ਬਿਧਿ ਤਾਸੌਂ ਜਾਰ ਬਖਾਨੀ॥**

ਤਾਕੇ ਧਾਮ ਬੈਦਨੀ ਰਾਖੀ॥ ਜੋ ਨਰ ਤੇਂ ਇਸਤ੍ਰੀ ਕਰਿ ਭਾਖੀ॥੨੩॥

ਇਸਤਰੀ ਵੈਦ ਬਣੇ ਉਸ ਦੇ ਮਿੱਤਰ ਨੇ ਜੋ ਕਿਹਾ, ਰਾਜੇ ਨੇ ਉਹੀ ਮੰਨ ਲਿਆ। ਉਸ ਦੇ ਨਿਵਾਸ ਸਥਾਨ ਤੇ ਉਹ ਵੈਦ ਇਸਤਰੀ ਰੱਖ ਦਿੱਤੀ ਜਿਸਨੂੰ ਪੁਰਖ ਹੁੰਦਿਆਂ ਵੀ ਇਸਤਰੀ ਦਸਿਆ ਗਿਆ ਸੀ॥੨੩॥

ਰੈਨਿ ਦਿਵਸ ਤਾਕੇ ਸੋ ਰਹੈ॥ ਭੋਗ ਕਬੈ ਤਰੁਨੀ ਜਬ ਚਹੈ॥
ਮੂਰਖ ਰਾਵ ਭੇਦ ਨਹਿ ਪਾਯੋ॥ ਆਠ ਬਰਿਸ ਲਗਿ ਮੂੰਡ ਮੁੰਡਾਯੋ॥੨੪॥

ਰਾਤ ਦਿਨ ਉਹ ਉਥੇ ਰਹਿੰਦਾ ਸੀ ਅਤੇ ਜਦ ਰਾਣੀ ਚਾਹੁੰਦੀ ਸੀ ਭੋਗ ਬਿਲਾਸ ਕਰਦਾ ਸੀ। ਮੂਰਖ ਰਾਜੇ ਨੇ ਭੇਤ ਨ ਸਮਝਿਆ ਤੇ ਅੱਠ ਸਾਲ ਤਕ ਮੂਰਖ ਬਣਿਆ ਰਿਹਾ॥੨੪॥

ਦੋਹਰਾ॥ ਇਹ ਚਰਿੱਤ੍ਰ ਤਿਨ ਚੰਚਲਾ ਨ੍ਰਿਪ ਕਹ ਛਲਾ ਸੁਧਾਰਿ॥
ਆਠਿ ਬਰਸਿ ਮਿੱਤ੍ਰਹਿ ਭਜਜੋ ਸਕਜੋ ਨ ਮੂੜ੍ਹ ਬਿਚਾਰਿ॥ ੨੫॥ ੧॥

ਇਸ ਚਲਿੱਤਰ ਨਾਲ ਉਸ ਔਰਤ ਨੇ ਰਾਜੇ ਨੂੰ ਛਲ ਲਿਆ ਅਤੇ ਅੱਠ ਸਾਲ ਤਕ ਮਿੱਤਰ ਨਾਲ ਮੌਜ ਮੇਲਾ ਕੀਤਾ ਜਿਸ ਨੂੰ ਉਹ ਮੂਰਖ ਸਮਝ ਨ ਸਕਿਆ॥੨੫॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਨਨਾਂਵਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੮੯॥੫੫੦੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਉਣਾਨੇਵੀਂ ਕਥਾ ਸਮਾਪਤ॥ਚਲਦਾ॥

## ਚਲਿੱਤਰ ਦੋ ਸੌ ਨੱਬੇਵਾਂ

## ਕਥਾ ਪੂਰਬ ਦੇਵੀ

ਚੌਪਈ॥ ਪੂਰਬ ਦੇਸ ਏਕ ਨ੍ਰਿਪ ਰਹੈ॥ ਪੂਰਬ ਸੈਨ ਨਾਮ ਜਗ ਕਹੈ॥
ਪੂਰਬ ਦੇ ਤਾਕੇ ਘਰ ਨਾਰੀ॥ ਜਾ ਸਮ ਲਗਤ ਨ ਦੇਵ ਕੁਮਾਰੀ॥ ੧॥

ਪੂਰਬ ਦੇਸ਼ ਵਿਚ ਇਕ ਰਾਜਾ ਰਹਿੰਦਾ ਸੀ। ਸਾਰਾ ਜੱਗ ਉਸ ਨੂੰ ਪੂਰਬ ਸੈਨ ਦੇ ਨਾਂ ਨਾਲ ਜਾਣਦਾ ਸੀ। ਉਸ ਦੇ ਘਰ ਪੂਰਬ ਦੇਵੀ ਨਾਮੀਂ ਇਸਰਤੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਦੇਵ ਕੁਮਾਰੀਆਂ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਸਨ॥੧॥

ਰੂਪ ਸੈਨ ਛੱਤ੍ਰੀ ਇਕ ਤਹਾਂ॥ ਤਾ ਸਮ ਸੁੰਦਰ ਕਹੂੰ ਨ ਕਹਾਂ॥
ਅੱਪ੍ਰਮਾਨ ਤਿਹ ਤੇਜ ਬਿਰਾਜੈ॥ ਨਰੀ ਨਾਗਨਿਨ ਕੋ ਮਨੁ ਲਾਜੈ॥ ੨॥

Namdhari Elibrary NamdhariElibrary@gmail.com

ਉਥੇ ਇਕ ਰੂਪ ਸੈਨ ਨਾਮੀਂ ਖੱਤਰੀ ਰਹਿੰਦਾ ਸੀ। ਉਸ ਵਰਗਾ ਸੁੰਦਰ ਹੋਰ ਕਿਤੇ ਨਹੀਂ ਸੀ। ਉਸ ਦੇ ਅਪਾਰ ਤੇਜ ਨੂੰ ਵੇਖਕੇ ਨਰ ਨਾਗ ਇਸਤਰੀਆਂ ਵੀ ਲਜਿੱਤ ਹੁੰਦੀਆਂ ਸਨ॥੨॥

**ਰਾਜ ਤਰੁਨਿ ਜਬ ਤਾਂਹਿ ਨਿਹਾਰਾ॥ ਮਨ ਬਚ ਕ੍ਰਮ ਇਹ ਭਾਂਤਿ ਬਿਚਾਰਾ॥**
**ਕੈਸੇ ਕੇਲ ਸੁ ਯਾ ਸੰਗ ਕਰੌ॥ ਨਾਤਰ ਮਾਰਿ ਕਟਾਰੀ ਮਰੌ॥ ੩॥**

ਰਾਜ ਇਸਤਰੀ ਨੇ ਜਦ ਉਸ ਨੂੰ ਵੇਖਿਆ ਤੇ ਮਨ ਬਚਨ ਅਤੇ ਕਰਮ ਕਰਕੇ ਇਸ ਤਰ੍ਹਾਂ ਵਿਚਾਰ ਕੀਤੀ ਕਿ ਜਾਂ ਤਾਂ ਕਿਸੇ ਤਰ੍ਹਾਂ ਵੀ ਇਸ ਨਾਲ ਕੇਲ ਕ੍ਰੀੜਾ ਕਰਾਂਗੀ ਨਹੀਂ ਤਾਂ ਕਟਾਰੀ ਮਾਰ ਕੇ ਮਰ ਜਾਵਾਂਗੀ॥੩॥

**ਮਿੱਤ੍ਰ ਜਾਨਿ ਇਕ ਹਿਤੂ ਹਕਾਰੀ॥ ਤਾ ਪ੍ਰਤਿ ਚਿਤ ਕੀ ਬਾਤ ਉਚਾਰੀ॥**
**ਕੈ ਇਹ ਮੁਹਿ ਤੈਂ ਦੇਹਿ ਮਿਲਾਈ॥ ਨਾਤਰ ਮੁਹਿ ਨ ਨਿਰਖਿ ਹੈਂ ਆਈ॥ ੪॥**

ਪਦ ਅਰਥ - ਮਿੱਤ੍ਰ ਜਾਨਿ=ਮਿੱਤਰ ਸਮਝਕੇ। ਹਕਾਰੀ=ਬੁਲਾਈ। ਨਾਤਰ=ਨਹੀਂ ਤਾਂ।

ਇਕ ਦਾਸੀ ਨੂੰ ਸਹੇਲੀ ਅਤੇ ਆਪਣੀ ਹਿਤੂ ਮੰਨ ਕੇ ਉਸ ਆਪਣੇ ਪਾਸ ਬੁਲਾਇਆ ਅਤੇ ਉਸ ਨੂੰ ਆਪਣੇ ਮਨ ਦੀ ਸਾਰੀ ਗੱਲ ਦੱਸੀ ਅਤੇ ਕਿਹਾ ਜਾਂ ਤਾਂ ਮੈਨੂੰ ਉਸ ਨਾਲ ਮਿਲਾ ਦੇ ਨਹੀਂ ਤਾਂ ਤੂੰ ਮੇਰੀ ਮਰੀ ਹੋਈ ਦਾ ਮੂੰਹ ਵੇਖੇਂਗੀ॥੪॥

**ਦੋਹਰਾ॥ ਕੈ ਸਜਨੀ ਮੁਹਿ ਮਿੱਤ੍ਰ ਕਹ ਅਬ ਹੀ ਦੇਹੁ ਮਿਲਾਇ॥**
**ਨਾਤਰ ਰਾਨੀ ਮ੍ਰਿਤ ਕੌ ਬਹੁਰਿ ਨਿਰਖਿਯਹੁ ਆਇ॥ ੫॥**

ਹੇ ਸਜਣੀ! ਜਾਂ ਤਾਂ ਮੈਨੂੰ ਮਿੱਤਰ ਨਾਲ ਹੁਣੇ ਮਿਲਾ ਦੇ, ਨਹੀਂ ਤਾਂ ਤੂੰ ਰਾਣੀ ਨੂੰ ਮਰੀ ਹੋਈ ਨੂੰ ਵੇਖੇਂਗੀ॥੫॥

**ਚੌਪਈ॥ ਜਬ ਇਹ ਭਾਂਤਿ ਉਚਾਰੇਰਾਨੀ॥ ਜਾਨਿ ਗਈ ਤਬ ਸਖੀ ਸਯਾਨੀ॥**
**ਯਾਕੀ ਲਗਨ ਮਿੱਤ੍ਰ ਸੌ ਲਾਗੀ॥ ਤਾਤੇ ਨੀਦ ਭੂਖ ਸਭ ਭਾਗੀ॥ ੬॥**

ਜਦ ਰਾਣੀ ਨੇ ਉਸ ਨੂੰ ਇਹ ਕੁਝ ਕਿਹਾ ਤਾਂ ਸਿਆਣੀ ਦਾਸੀ ਸਭ ਕੁਝ ਸਮਝ ਗਈ। ਉਹ ਸਮਝਦੀ ਸੀ ਕਿ ਉਸ ਦੀ ਲਗਨ ਮਿੱਤਰ ਨਾਲ ਲੱਗ ਗਈ ਸੀ ਅਤੇ ਹੁਣ ਉਸ ਦੀ ਨੀਂਦ ਭੁਖ ਸਭ ਜਾਂਦੀ ਰਹੀ ਸੀ॥੬॥

**ਅੜਿੱਲ॥ ਤਨਿਕ ਨ ਲਗੀ ਅਵਾਰ ਸਜਨ ਕੈ ਘਰ ਗਈ॥**
**ਬਹੁ ਬਿਧਿ ਤਾਹਿ ਪ੍ਰਬੋਧਤ ਤਹ ਲਜਾਵਤ ਭਈ॥**
**ਜਹ ਆਗੇ ਤ੍ਰਿਯ ਬੈਠੀ ਸੇਜ ਡਸਾਇਕੈ॥**

Namdhari Elibrary NamdhariElibrary@gmail.com

**ਹੋ ਤਹੀ ਤਵਨ ਕਹ ਹਿਤੂ ਨਿਕਾਸਜੋ ਲਜਾਇਕੈ।। ੭।।**

ਉਸ ਦਾਸੀ ਨੇ ਜ਼ਰਾ ਵੀ ਦੇਰ ਨ ਲਾਈ ਅਤੇ ਝਟ ਮਿੱਤਰ ਦੇ ਘਰ ਪਹੁੰਚ ਗਈ। ਉਸ ਨੂੰ ਬਹੁਤ ਸਮਝਾ ਬੁਝਾ ਕੇ ਉਥੇ ਲੈ ਆਈ ਜਿਥੇ ਕਿ ਇਸਤਰੀ ਸੇਜ ਵਿਛਾਕੇ ਬੈਠੀ ਹੋਈ ਸੀ।।੭।।

**ਚੌਪਈ।। ਉਠਿ ਕਰਿ ਕੁਅਰਿ ਅਲਿੰਗਨ ਕਿਯੋ।। ਭਾਂਤਿ ਭਾਂਤਿ ਚੁੰਬਨ ਤਿਹ ਲਿਯੋ।।**
**ਕਾਮਕੇਲ ਰੁਚਿ ਮਾਨ ਕਮਾਯੋ।। ਭਾਂਗਿ ਅਫੀਮ ਸ਼ਰਾਬ ਚੜ੍ਹਾਯੋ।। ੮।।**

ਰਾਣੀ ਉਠ ਕੇ ਉਸ ਨੂੰ ਮਿਲੀ ਅਤੇ ਭਾਂਤ ਭਾਂਤ ਦੇ ਉਸ ਚੁੰਮਣ ਲਏ। ਭੰਗ, ਅਫੀਮ ਅਤੇ ਸ਼ਰਾਬ ਪੀ ਕੇ ਰੁਚੀ ਅਨੁਸਾਰ ਕਾਮ ਕ੍ਰੀੜਾ ਕੀਤੀ।।੮।।

**ਜਬ ਮਦ ਕਰਿ ਮਤਵਾਰਾ ਕਿਯੋ।। ਭੁਜ ਤੇਂ ਪਕਰਿ ਸੇਜ ਪਰ ਦਿਯੋ।।**
**ਅਧਿਕ ਮਾਨਿ ਰੁਚਿ ਗਰੇ ਲਗਾਯੋ।। ਉਛਰਿ ਉਛਰਿ ਕਰਿ ਭੋਗ ਕਮਾਯੋ।। ੯।।**

ਜਦ ਸ਼ਰਾਬ ਪੀ ਕੇ ਉਹ ਮਤਵਾਲਾ ਹੋ ਗਿਆ ਤਾਂ ਉਸ ਬਾਹਾਂ ਤੋਂ ਫੜਕੇ ਸੇਜ ਉਤੇ ਸੁਟ ਲਿਆ। ਬਹੁਤ ਪਿਆਰ ਨਾਲ ਉਸ ਨੂੰ ਗਲ ਨਾਲ ਲਾਇਆ ਅਤੇ ਉੱਛਲ ਉੱਛਲ ਕੇ ਕਾਮ ਕ੍ਰੀੜਾ ਕੀਤੀ।।੯।।

**ਏਕ ਤਰੁਨ ਦੂਸਰ ਮਦ ਮਾਤੋ।। ਤੀਸਰ ਭੋਗ ਤਰੁਨਿ ਕੇ ਰਾਤੋ।।**
**ਦੁਹੂੰਅਨ ਮੱਧ ਹਾਰ ਕੋ ਮਾਨੈ।। ਚਾਰਹੁ ਬੇਦ ਭੇਦ ਇਹ ਜਾਨੈ।।੧੦।।**

ਇਕ ਤਾਂ ਨੌਜਵਾਨ, ਦੂਸਰਾ ਮਦਮਸਤ ਤੀਸਰਾ ਉਹ ਇਕ ਜਵਾਨ ਇਸਰਤੀ ਨਾਲ ਭੋਗ ਕਰ ਰਿਹਾ ਸੀ। ਚਾਰੇ ਵੇਦ ਇਹ ਮੰਨਦੇ ਹਨ ਕਿ ਹੁਣ ਇਨ੍ਹਾਂ ਦੋਹਾਂ ਵਿਚੋਂ ਕੌਣ ਹਾਰ ਮੰਨਣ ਵਾਲਾ ਸੀ।।੧੦।।

**ਜਬ ਤ੍ਰਿਯ ਤਰੁਨਿ ਤਰੁਨ ਕਹ ਪਾਵੈ।। ਛਿਨ ਛਤਿਯਾ ਤੇ ਛੋਰਿ ਨ ਭਾਵੈ।।**
**ਗਹਿ ਗਹਿ ਤਾਂਕਰ ਗਰੇ ਲਗਾਵੈ।। ਚਾਰਿ ਪਹਿਰ ਨਿਸਿ ਭੋਗ ਕਮਾਵੈ।। ੧੧।।**

ਪਦ ਅਰਥ - ਗਹਿ ਗਹਿ=ਫੜ ਫੜ। ਗਰੇ=ਗਲ ਨਾਲ।

ਜਦ ਇਕ ਜਵਾਨ ਇਸਤਰੀ ਜਵਾਨ ਮਰਦ ਨੂੰ ਪਾਉਂਦੀ ਹੈ ਤਾਂ ਇਕ ਪੱਲ ਵੀ ਆਪਣੀ ਛਾਤੀ ਨਾਲੋਂ ਵੱਖ ਨਹੀਂ ਕਰਨਾ ਚਾਹੁੰਦੀ। ਫੜ ਫੜ ਕੇ ਉਸ ਨੂੰ ਗਲ ਨਾਲ ਲਾਉਂਦੀ ਸੀ ਅਤੇ ਸਾਰੀ ਰਾਤ ਉਸ ਨਾਲ ਰਮਣ ਕਰਦੀ ਰਹੀ।।੧੧।।

**ਭੋਗ ਕਰਤ ਤਰੁਨੀ ਬਸਿ ਭਈ।। ਪਰ ਕੀ ਤੇ ਵਾਕੀ ਹ੍ਵੈ ਗਈ।।**
**ਛਿਨ ਇਕ ਛੈਲ ਨ ਛੋਰਜੋ ਜਾਵੈ।। ਛੈਲਿਯਹਿ ਯਾਰ ਛਬੀਲੋ ਭਾਵੈ।।੧੨।।**

ਪਦ ਅਰਥ - ਪਰ ਕੀ ਤੇ ਵਾਕੀ ਹ੍ਵੈ ਗਈ=ਪਰਾਈ ਇਸਤਰੀ ਦੀ ਥਾਂ ਆਪਣੀ ਹੋ ਗਈ।

ਭੋਗ ਕਰਦੀ ਕਰਦੀ ਉਹ ਇਸਤਰੀ ਉਸ ਦੀ ਹੋ ਗਈ। ਹੁਣ ਉਹ ਪਰਾਈ ਇਸਤਰੀ ਦੀ ਥਾਂ ਉਸ ਦੀ ਆਪਣੀ ਇਸਤਰੀ ਬਣ ਗਈ। ਇਕ ਪੱਲ ਲਈ ਵੀ ਉਹ ਗਭਰੂ ਛੱਡਿਆ ਨਹੀਂ ਜਾ ਰਿਹਾ ਸੀ ਅਤੇ ਉਸ ਨੌਜਵਾਨ ਇਸਤਰੀ ਨੂੰ ਉਹ ਛਬੀਲਾ ਬਹੁਤ ਚੰਗਾ ਲੱਗਾ ਸੀ।।੧੨।।

**ਕੋਕਸਾਰ ਕੇ ਮਤਨ ਉਚਾਰੈ।। ਅਮਲ ਪਾਨ ਕਰਿ ਦ੍ਰਿੜ੍ਹ ਰਤਿ ਧਾਰੈ।।**
**ਆਨ ਪੁਰਖ ਕੀ ਕਾਨਿ ਨ ਕਰਹੀਂ।। ਭਾਂਤਿ ਭਾਂਤਿ ਕੇ ਭੋਗਨ ਭਰਹੀਂ।। ੧੩।।**

ਕੋਕ ਸ਼ਾਸਤਰ ਦੇ ਅਸੂਲਾਂ ਨੂੰ ਬੋਲਦੇ ਹੋਏ, ਨਸ਼ਾ ਪੀ ਕੇ ਮਨ ਚਾਹਿਆ ਭਿੰਨ ਭਿੰਨ ਪ੍ਰਕਾਰ ਨਾਲ ਭੋਗ ਬਿਲਾਸ ਕਰ ਰਹੇ ਸਨ। ਹੁਣ ਉਨ੍ਹਾਂ ਨੂੰ ਕਿਸੇ ਦੀ ਵੀ ਸ਼ਰਮ ਨਹੀਂ ਸੀ ਅਤੇ ਨ ਹੀ ਕਿਸੇ ਦੂਸਰੇ ਵਿਅਕਤੀ ਦਾ ਕੋਈ ਡਰ ਸੀ।।੧੩।।

**ਪੋਸਤ ਭਾਂਗ ਅਫੀਮ ਮੰਗਾਵੈ।। ਏਕ ਖਾਟ ਪਰ ਬੈਠਿ ਚੜ੍ਹਾਵੈ।।**
**ਹਸਿ ਹਸਿ ਕਰਿ ਦੋਊ ਜਾਂਘਨ ਲੇਹੀ।। ਰਾਜ ਤਰੁਨਿ ਕੌ ਬਹੁ ਸੁਖ ਦੇਹੀ।। ੧੪।।**

ਪੋਸਤ, ਭੰਗ, ਅਫੀਮ ਮੰਗਾ ਕੇ ਇਕੋ ਪਲੰਘ ਤੇ ਬੈਠ ਕੇ ਪੀਂਦੇ ਸਨ। ਹੱਸ ਹੱਸ ਕੇ ਦੋਹਾਂ ਲੱਤਾਂ ਨੂੰ ਫੜ ਕੇ ਉਹ ਰਾਜ ਇਸਤਰੀ ਨੂੰ ਬਹੁਤ ਸੁਖ ਦੇ ਰਿਹਾ ਸੀ।।੧੪।।

**ਭੋਗ ਕਰਤ ਨਿਸਿ ਸਕਲ ਬਿਤਾਵੈਂ।। ਸੋਇ ਰਹੈ ਉਠਿ ਕੇਲਿ ਕਮਾਵੈਂ।।**
**ਫਿਰਿ ਫਿਰਿ ਤ੍ਰਿਯ ਆਸਨ ਕਹ ਲੈਕੈ।। ਭਾਂਤਿ ਭਾਂਤਿ ਕੈ ਚੁੰਬਨ ਕੈਕੈ।। ੧੫।।**

ਉਹ ਕਾਮ ਕ੍ਰੀੜਾ ਕਰਦੇ ਹੀ ਸਾਰੀ ਰਾਤ ਬਤੀਤ ਕਰ ਦਿੰਦੇ ਸਨ ਅਤੇ ਸੌਂ ਕੇ ਜਦ ਉਠਦੇ ਸਨ ਤਾਂ ਫਿਰ ਕਾਮ ਕ੍ਰੀੜਾ ਕਰਨ ਲੱਗ ਜਾਂਦੇ ਸਨ। ਉਹ ਕਈ ਪ੍ਰਕਾਰ ਦੇ ਆਸਣ ਬਣਾਉਂਦੇ ਸਨ ਅਤੇ ਕਈ ਪ੍ਰਕਾਰ ਦੇ ਚੁੰਮਣ ਲੈਂਦੇ ਸਨ।।੧੫।।

**ਭੋਗ ਕਰਤ ਤਰੁਨਿਯਹਿ ਰਿਝਾਯੋ।। ਭਾਂਤਿ ਅਨਿਕ ਤਿਨ ਕੇਲ ਮਚਾਯੋ।।**
**ਇਹ ਬਿਧਿ ਹੌ ਹਸਿ ਤਾਹਿ ਉਚਾਰੋ।। ਕਹੌ ਜੁ ਤੁਮ ਸੋਂ ਸੁਨਹੁ ਪਯਾਰੋ।। ੧੬।।**

ਭੋਗ ਕਰਕੇ ਉਸ ਇਸਤਰੀ ਨੂੰ ਬਹੁਤ ਪ੍ਰਸੰਨ ਕੀਤਾ ਅਤੇ ਉਸ ਨਾਲ ਕਈ ਭਾਂਤ ਰਮਣ ਕੀਤਾ। ਇਸ ਤਰ੍ਹਾਂ ਉਹ ਉਸ ਨੂੰ ਹੱਸ ਕੇ ਕਹਿਣ ਲੱਗੀ ਕਿ ਹੇ ਮੇਰੇ ਪਿਆਰੇ ਜੋ ਮੈਂ ਕਹਾਂ ਉਹ ਸੁਣੋ।

**ਜਬ ਤਰੁਨੀ ਸੰਗ ਦ੍ਰਿੜ ਰਤਿ ਕਰੀ।। ਭਾਂਤਿ ਭਾਂਤਿ ਕੇ ਭੋਗਨ ਭਰੀ।।**
**ਰੀਝਿ ਤਰੁਨਿ ਇਹ ਭਾਂਤਿ ਉਚਾਰੀ।। ਮਿੱਤ੍ਰ ਭਈ ਮੈਂ ਦਾਸ ਤਿਹਾਰੀ।।੧੭।।**

ਜਦ ਉਸ ਇਸਤਰੀ ਨਾਲ ਬੜੀ ਦ੍ਰਿੜਤਾ ਨਾਲ ਕਾਮ ਕ੍ਰੀੜਾ ਕੀਤੀ ਅਤੇ ਕਈ ਪ੍ਰਕਾਰ

ਦੇ ਭੋਗ ਬਿਲਾਸ ਕੀਤੇ, ਤਾਂ ਪ੍ਰਸੰਨ ਹੋਕੇ ਇਸਤਰੀ ਉਸ ਨੂੰ ਕਹਿਣ ਲੱਗੀ ਕਿ ਹੇ ਮੇਰੇ ਮਿੱਤਰ ਮੈਂ ਹੁਣ ਤੇਰੀ ਦਾਸੀ ਹੋ ਗਈ ਹਾਂ।।੧੭।।

**ਅਬ ਜੌ ਕਹੋ ਨੀਰ ਭਰਿ ਲਜਾਊਂ।। ਬਾਰ ਅਨੇਕ ਬਜਾਰ ਬਿਕਾਊਂ।।**
**ਜੇ ਤੁਮ ਕਹੋ ਵਹੈ ਮੈ ਕਰਿਹੌਂ।। ਔਰ ਕਿਸੂ ਤੇ ਨੈਕੁ ਨ ਡਰਿਹੈ।।੧੮।।**

ਹੁਣ ਜੇ ਤੁਸੀਂ ਹੁਕਮ ਕਰੋ ਤਾਂ ਮੈਂ ਤੁਹਾਡਾ ਪਾਣੀ ਭਰ ਲਿਆਵਾਂ ਜਾਂ ਤੁਹਾਡੀ ਖਾਤਰ ਬਾਜ਼ਾਰ ਵਿਚ ਜਾਕੇ ਵਿੱਕ ਜਾਵਾਂ। ਜੋ ਤੁਸੀਂ ਹੁਣ ਮੈਨੂੰ ਕਹੋਗੇ ਮੈਂ ਉਹੋ ਕੁਝ ਕਰਾਂਗੀ ਅਤੇ ਕਿਸੇ ਤੋਂ ਵੀ ਜ਼ਰਾ ਭਰ ਵੀ ਨਹੀਂ ਡਰਾਂਗੀ।।੧੮।।

**ਮਿੱਤ੍ਰ ਬਿਹਸਿ ਇਹ ਭਾਂਤਿ ਉਚਾਰਾ।। ਅਬ ਮੈਂ ਭਯੋ ਗੁਲਾਮ ਤਿਹਾਰਾ।।**
**ਤੇ ਸੀ ਤਰੁਨਿ ਭੋਗ ਕਹ ਪਾਈ।। ਪੂਰਨ ਭਈ ਮੇਰਿ ਭਗਤਾਈ।। ੧੯।।**

ਪਦ ਅਰਥ - ਬਿਹਸਿ=ਹੱਸ ਕੇ। ਇਹ ਭਾਂਤਿ=ਇਸ ਤਰ੍ਹਾਂ। ਤੇ ਸੀ=ਤੇਰੇ ਵਰਗੀ। ਭਗਤਾਈ=ਭਗਤੀ।

ਮਿੱਤਰ ਨੇ ਫਿਰ ਹੱਸ ਕੇ ਕਿਹਾ ਕਿ ਮੈਂ ਹੁਣ ਤੁਹਾਡਾ ਗ਼ੁਲਾਮ ਹੋ ਗਿਆ ਹਾਂ। ਤੁਹਾਡੇ ਵਰਗੀ ਸੁੰਦਰ ਇਸਤਰੀ ਮੈਨੂੰ ਭੋਗ ਕਰਨ ਵਾਸਤੇ ਮਿਲੀ ਹੈ, ਮੇਰੀ ਤਾਂ ਭਗਤੀ ਪੂਰੀ ਹੋ ਗਈ ਹੈ।।੧੯।।

**ਅਬ ਇਹ ਬਾਤ ਚਿਤ ਮੈ ਮੇਰੇ।। ਸੋ ਮੈਂ ਕਹਤ ਯਾਰ ਸੰਗ ਤੇਰੇ।।**
**ਅਬ ਕਛੁ ਐਸ ਉਪਾਵ ਬਨੈਯੈ।। ਜਾਤੇ ਤੋਕਹ ਸਦਾ ਹੰਢੈਯੈ।।੨੦।।**

ਮੇਰੇ ਦਿਲ ਵਿਚ ਇਕ ਗੱਲ ਹੈ ਜੋ ਮੈਂ ਤੁਹਾਨੂੰ ਕਹਿੰਦਾ ਹਾਂ। ਹੁਣ ਕੋਈ ਐਸਾ ਉਪਾਅ ਕੀਤਾ ਜਾਵੇ, ਜਿਸ ਕਰਕੇ ਮੈਂ ਸਦਾ ਤੁਹਾਡੇ ਨਾਲ ਭੋਗ ਕਰ ਸਕਾਂ।।੨੦।।

**ਅਬ ਤੁਮ ਐਸ ਚਰਿੱਤ੍ਰ ਬਨਾਵਹੁ।। ਜਾਤੇ ਮੋਹਿ ਸਦਾ ਤੁਮ ਪਾਵਹੁ।।**
**ਭੇਦ ਦੂਸਰੋ ਪੁਰਖ ਨ ਪਾਵੈ।। ਲਹੈ ਨ ਸ੍ਵਾਨ ਨ ਭੂਸਨ ਆਵੈ।।੨੧।।**

ਪਦ ਅਰਥ - ਲਹੈ ਨ ਸ੍ਵਾਨ=ਨ ਕੁੱਤਾ ਵੇਖੇ। ਨ ਭੂਸਨ ਆਵੇ=ਨ ਉਹ ਭੌਂਕੇ।

ਹੁਣ ਤੁਸੀਂ ਕੋਈ ਐਸਾ ਚਲਿੱਤਰ ਖੇਡੋ ਜਿਸ ਨਾਲ ਤੂੰ ਮੈਨੂੰ ਸਦਾ ਹੀ ਪਾ ਲਵੇਂ। ਇਸ ਭੇਤ ਨੂੰ ਕੋਈ ਦੂਸਰਾ ਵਿਅਕਤੀ ਨ ਜਾਣ ਸਕੇ ਤਾਂਕਿ ਨ ਕੁਤਾ ਵੇਖੇ ਅਤੇ ਨ ਹੀ ਉਹ ਭੌਂਕੇ।।੨੧।।

**ਰਾਨੀ ਸੁਨੀ ਬਾਤ ਐਸੀ ਜਬ।। ਬਚਨ ਕਹਾ ਹਸਿ ਕਰਿ ਪਿਯ ਸੌ ਤਬ।।**
**ਰੋਮ ਨਾਸ ਤੁਮ ਬਦਨ ਲਗਾਵਹੁ।। ਸਕਲ ਨਾਰਿ ਕੋ ਭੇਸ ਬਨਾਵਹੁ।।੨੨।।**

ਪਦ ਅਰਥ - ਰੋਮ ਨਾਸ=ਬਾਲ ਸਫਾ। ਬਦਨ=ਸਰੀਰ।

Namdhari Elibrary NamdhariElibrary@gmail.com

ਜਦ ਰਾਣੀ ਇਹ ਗੱਲ ਸੁਣੀ ਤਾਂ ਹੱਸ ਕੇ ਕਹਿਣ ਲੱਗੀ ਕਿ ਤੁਸੀਂ ਬਾਲ ਸਫਾ ਦਵਾਈ ਆਪਣੀ ਦਾੜੀ ਅਤੇ ਮੁੱਛਾਂ ਨੂੰ ਲਾਵੋ ਅਤੇ ਬਾਲ ਸਾਫ ਹੋ ਜਾਣ ਤੇ ਨਾਰੀ ਦੇ ਕੱਪੜੇ ਪਾ ਕੇ, ਪੂਰਨ ਰੂਪ ਵਿਚ ਨਾਰੀ ਬਣ ਜਾਵੋ।।੨੨।।

**ਰੋਮਾਂਤਕ ਰਾਨਿਯਹਿ ਮਗਾਯੋ।। ਤਾਕੇ ਬਦਨ ਸਾਰ ਲੈ ਲਾਯੋ।।**
**ਸਭ ਹੀ ਕੇਸ ਦੂਰਿ ਜਬ ਭਏ।। ਤਾਕਹ ਬਸਤ੍ਰ ਨਾਰਿ ਕੇ ਦਏ।।੨੩।।**

ਰਾਣੀ ਨੇ ਬਾਲ ਸਫਾ ਦਵਾਈ ਮੰਗਵਾਈ ਅਤੇ ਉਸ ਦੇ ਮੂੰਹ ਅਤੇ ਸਾਰੇ ਸਰੀਰ ਤੇ ਮਲ ਦਿੱਤੀ। ਜਦ ਉਸ ਦੇ ਸਾਰੇ ਵਾਲ ਲੱਥ ਗਏ ਤਾਂ ਉਸ ਨੂੰ ਇਸਤਰੀ ਦੇ ਕਪੜੇ ਪਵਾ ਦਿੱਤੇ।।੨੩।।

**ਬੀਨਾ ਦਈ ਕੰਧਤਾ ਕੈ ਪਰ।। ਸੁਨਨ ਨਮਿਤਿ ਰਾਖਜੋ ਤਾਕੌਂ ਘਰ।।**
**ਜਬ ਰਾਜਾ ਤਾਕੇ ਗ੍ਰਿਹਿ ਆਵੈ।। ਤਬ ਤੰਤ੍ਰੀ ਸੌਂ ਬੈਠਿ ਬਜਾਵੈ।।੨੪।।**

ਪਦ ਅਰਥ - ਬੀਨਾ=ਵੀਣਾ। ਸੁਨਨ ਨਮਿਤਿ= ਸੁਣਨ ਖਾਤਰ।

ਉਸਨੇ ਉਹਦੇ ਮੋਢੇ ਉਤੇ ਵੀਣਾ ਰਖਵਾ ਦਿੱਤੀ ਅਤੇ ਸੰਗੀਤ ਸੁਣਨ ਵਾਸਤੇ ਉਸ ਨੂੰ ਆਪਣੇ ਘਰ ਹੀ ਰੱਖ ਲਿਆ। ਜਦ ਰਾਜਾ ਉਸ ਦੇ ਘਰ ਆਉਂਦਾ ਤਾਂ ਉਹ ਤੰਤਰੀ ਵਾਦਨ ਵਜਾਉਂਦੀ ਸੀ।।੨੪।।

**ਰਾਜ ਬੀਨ ਸੁਨਿ ਤ੍ਰਿਯ ਤਿਹ ਮਾਨੈਂ।। ਪੁਰਖ ਵਾਹਿ ਇਸਤ੍ਰੀ ਪਹਿਚਾਨੈਂ।।**
**ਤਾਕੋ ਹੇਰਿ ਰੂਪ ਲਲਚਾਨਾ।। ਘਰ ਬਾਹਰ ਤਜਿ ਭਯੋ ਦਿਵਾਨਾ।।੨੫।।**

ਰਾਜਾ ਉਸ ਦੀ ਵੀਣਾ ਸੁਣਕੇ ਉਸ ਨੂੰ ਇਸਤਰੀ ਮੰਨਦਾ ਸੀ ਅਤੇ ਪੁਰਖ ਨੂੰ ਇਸਤਰੀ ਪਹਿਚਾਣਦਾ ਸੀ। ਉਹ ਉਸ ਦਾ ਰੂਪ ਦੇਖਕੇ ਲਲਚਾ ਗਿਆ ਅਤੇ ਘਰ ਬਾਰ ਦਾ ਖਿਆਲ ਛੱਡ ਉਸ ਤੇ ਦੀਵਾਨਾ ਹੋ ਗਿਆ।।੨੫।।

**ਇਕ ਦੂਤੀ ਤਬ ਰਾਇ ਬੁਲਾਇਸਿ।। ਅਧਿਕ ਦਰਬ ਦੈ ਤਹਾਂ ਪਠਾਇਸਿ।।**
**ਜਬ ਰਾਨੀ ਐਸੇ ਸੁਨਿ ਪਾਈ।। ਬਚਨ ਕਹਾ ਤਾਸੋ ਮੁਸਕਾਈ।।੨੬।।**

ਰਾਜੇ ਨੇ ਇਕ ਦਾਸੀ ਨੂੰ ਬੁਲਾਇਆ ਅਤੇ ਬਹੁਤ ਸਾਰਾ ਧਨ ਦੇ ਕੇ ਉਸ ਦੇ ਪਾਸ ਭੇਜਿਆ। ਜਦ ਰਾਣੀ ਨੇ ਇਹ ਗੱਲ ਸੁਣੀ ਤਾਂ ਉਹ ਹੱਸ ਕੇ ਕਹਿਣ ਲੱਗੀ।।੨੬।।

**ਜਿਨਿ ਤੋਕੋ ਰਾਜਾ ਯਹ ਬਰੈ।। ਹਮ ਸੋ ਨੇਹੁ ਸਕਲ ਤਜਿ ਡਰੈ।।**
**ਮੈਂ ਅਪਨੇ ਸੰਗ ਲੈ ਤੁਹਿ ਸੈਹੈਂ।। ਚਿਤਕੇ ਸਕਲ ਸ਼ੋਕ ਕਹ ਖ੍ਵੈਹੋਂ।।੨੭।।**

ਕਿਤੇ ਐਸਾ ਨ ਹੋ ਜਾਵੇ ਕਿ ਰਾਜਾ ਤੇਰੇ ਨਾਲ ਵਿਆਹ ਕਰ ਲਵੇ ਅਤੇ ਮੇਰੇ ਨਾਲ ਸਨੇਹ

**************************************************************

ਕਰਨਾ ਛੱਡ ਦੇਵੇ, ਮੈਂ ਤੈਨੂੰ ਆਪਣੇ ਨਾਲ ਲੈਕੇ ਸੌਂਵਾਂਗੀ ਅਤੇ ਦਿਲ ਦਾ ਦੁਖ ਦੂਰ ਕਰਾਂਗੀ।।੨੭।।

**ਜੋ ਤਾਪਹਿ ਨ੍ਰਿਪ ਸਖੀ ਪਠਾਵੈ।। ਸੋ ਚਲਿ ਤੀਰ ਤਵਨ ਕੇ ਆਵੈ।।**
**ਰਾਨੀ ਕੇ ਸੰਗ ਸੋਤ ਨਿਹਾਰੈ।। ਇਹ ਬਿਧਿ ਨ੍ਰਿਪ ਸੋ ਜਾਇ ਉਚਾਰੈ।।੨੮।।**

ਰਾਜਾ ਜਦ ਵੀ ਕਿਸੇ ਦਾਸੀ ਨੂੰ ਭੇਜਦਾ ਅਤੇ ਜਦ ਉਹ ਰਾਣੀ ਪਾਸ ਆਉਂਦੀ ਅਤੇ ਵੇਖਦੀ ਰਾਣੀ ਉਸ ਦੇ ਨਾਲ ਹੀ ਸੁੱਤੀ ਪਈ ਹੈ, ਤਾਂ ਉਹ ਉਹੋ ਕੁਝ ਰਾਜੇ ਨੂੰ ਜਾ ਦੱਸਦੀ।।੨੮।।

**ਰਾਨੀ ਨ੍ਰਿਪਤਿ ਭੇਦ ਲਖ ਗਈ।। ਤਾਤੇ ਵਹਿ ਛੋਰਤ ਨਹਿ ਭਈ।।**
**ਅਪਨੇ ਸੰਗ ਤਾਹਿ ਲੈ ਸੋਈ।। ਹਮਰੋ ਦਾਵ ਨ ਲਾਗਤ ਕੋਈ।।੨੯।।**

ਰਾਜਾ ਇਹ ਸਮਝ ਗਿਆ ਕਿ ਰਾਣੀ ਉਸ ਦੇ ਭੇਤ ਨੂੰ ਜਾਣ ਗਈ ਹੈ ਇਸ ਲਈ ਉਹ ਉਸ ਨੂੰ ਇਕੱਲਿਆਂ ਛੱਡ ਨਹੀਂ ਰਹੀ। ਇਸੇ ਕਰਕੇ ਉਹ ਉਸ ਨੂੰ ਆਪਣੇ ਨਾਲ ਸਵਾਲਦੀ ਹੈ ਅਤੇ ਮੇਰਾ ਦਾਅ ਨਹੀਂ ਲੱਗ ਰਿਹਾ ਹੈ।।੨੯।।

**ਜਬ ਇਹ ਭਾਂਤਿ ਨ੍ਰਿਪਤਿ ਸੁਨਿ ਪਾਵੈ।। ਤਹ ਤਿਹ ਆਪੁ ਬਿਲੋਕਨ ਆਵੈ।।**
**ਤ੍ਰਿਯ ਸੋ ਸੋਤ ਜਾਰ ਕੋ ਹੇਰੈ।। ਨਿਹਫਲ ਜਾਇ ਤਿਨੈ ਨਾਹਿ ਛੇਰੈ। ੩੦।।**

*ਪਦ ਅਰਥ – ਆਪੁ ਬਿਲੋਕਨ ਆਵੈ=ਆਪ ਵੇਖਣ ਆਉਂਦਾ ਸੀ। ਹੇਰੈ=ਵੇਖਦਾ ਸੀ। ਨਿਹਫਲ=ਬੇ ਫਾਇਦਾ।*

ਜਦ ਰਾਜਾ ਇਹ ਸੁਣਦਾ ਤਾਂ ਖੁਦ ਵੇਖਣ ਆਉਂਦਾ। ਜਦ ਉਹ ਆਪਣੀ ਇਸਤਰੀ ਨੂੰ ਯਾਰ ਦੇ ਨਾਲ ਸੁੱਤੀ ਵੇਖਦਾ ਤਾਂ ਉਹ ਉਸ ਨੂੰ ਨ ਛੇੜਦਾ ਅਤੇ ਉਸ ਦੀ ਸਾਰੀ ਕੋਸ਼ਿਸ਼ ਬੇਕਾਰ ਜਾਂਦੀ।।੩੦।।

**ਮਾਥੋ ਧੁਨਜੋ ਨ੍ਰਿਪਤਿ ਯੌ ਕਹਿਯੋ।। ਹਮਰੋ ਭੇਦ ਰਾਨਿਯਹਿ ਲਹਿਯੋ।।**
**ਤਾਤੇ ਯਾਹਿ ਸੰਗ ਲੈ ਸੋਈ। ਮੇਰੀ ਘਾਤ ਨ ਲਾਗਤ ਕੋਈ।। ੩੧।।**

ਰਾਜੇ ਨੂੰ ਸ਼ੱਕ ਹੋ ਗਿਆ ਕਿ ਰਾਣੀ ਨੂੰ ਉਸ ਦੇ ਭੇਤ ਦਾ ਪਤਾ ਲੱਗ ਗਿਆ ਹੈ, ਏਸੇ ਕਰਕੇ ਇਹ ਇਸ ਨੂੰ ਨਾਲ ਲੈ ਕੇ ਸੁੱਤੀ ਹੈ ਅਤੇ ਮੈਨੂੰ ਮੌਕਾ ਹੀ ਨਹੀਂ ਮਿਲ ਰਿਹਾ ਹੈ।।੩੧।।

**ਉਨ ਰਾਨੀ ਐਹੋ ਤਬ ਕੀਯੋ।। ਭੇਦ ਭਾਖਿ ਸਖਿਯਨ ਸਭ ਦੀਯੋ।।**
**ਜੋ ਇਹ ਸੋਤ ਅਨਤ ਨ੍ਰਿਪ ਪਾਵੈ।। ਪਕਰਿ ਭੋਗਬੇ ਕਾਜ ਮੰਗਾਵੈ।। ੩੨।।**

ਤਦ ਉਸ ਰਾਣੀ ਨੇ ਸਭ ਦਾਸੀਆਂ ਨੂੰ ਇਹ ਭੇਤ ਦੱਸ ਦਿੱਤਾ ਕਿ ਰਾਜਾ ਇਸ ਨੂੰ ਸੁੱਤੀ ਨੂੰ ਵੇਖੇਗਾ ਤਾਂ ਕਾਮ ਕ੍ਰੀੜਾ ਕਰਨ ਲਈ ਇਸਨੂੰ ਫੜਕੇ ਮੰਗਵਾ ਲਵੇਗਾ।।੩੨।।

**ਮੈਂ ਸੋਵਤ ਤਾਤੇ ਇਹ ਸੰਗਾ।। ਅਪਨੇ ਜੋਰ ਅੰਗ ਸੋ ਅੰਗ ।।**

Namdhari Elibrary NamdhariElibrary@gmail.com

**ਭਲੀ ਭਲੀ ਇਸਤ੍ਰਿਨ ਸਭ ਭਾਖੀ॥ ਜਸੋਂ ਤਸੋਂ ਨਾਰਿ ਨਾਹ ਤੇ ਰਾਖੀ॥ ੩੩॥**

ਇਸ ਲਈ ਮੈਂ ਇਸ ਦੇ ਅੰਗਾਂ ਨਾਲ ਅੰਗ ਜੋੜਕੇ ਸੌਂਦੀ ਹਾਂ। ਸਾਰੀਆਂ ਦਾਸੀਆਂ ਨੇ 'ਠੀਕ ਹੈ ਠੀਕ ਹੈ' ਕਿਹਾ ਅਤੇ ਕਿਸੇ ਤਰ੍ਹਾਂ ਵੀ ਉਸ ਇਸਤਰੀ ਬਣੇ ਮਰਦ ਨੂੰ ਰਾਜੇ ਤੋਂ ਬਚਾਇਆ॥੩੩॥

**ਦਿਨ ਦੇਖਤ ਰਾਨੀ ਤਿਹ ਸੰਗਾ॥ ਸੋਵਤ ਜੋਰ ਅੰਗ ਸੋ ਅੰਗਾ॥**
**ਮੂਰਖ ਰਾਵ ਭੇਦ ਨਹਿ ਪਾਵੈ॥ ਕੋਰੋ ਅਪਨੋ ਮੂੰਡ ਮੁਡਾਵੈ॥ ੩੪॥ ੧॥**

ਹੁਣ ਰਾਣੀ ਦਿਨ ਦਿਹਾੜੇ ਉਸ ਨਾਲ ਅੰਗ ਨਾਲ ਅੰਗ ਜੋੜਕੇ ਸੌਂਦੀ ਸੀ। ਮੂਰਖ ਰਾਜਾ ਰਹਿਸ ਨਹੀਂ ਸਮਝ ਰਿਹਾ ਸੀ ਅਤੇ ਖੁੱਦ ਮੂਰਖ ਬਣ ਰਿਹਾ ਸੀ॥੩੪॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਨੱਬੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੦॥੫੫੩੫॥ਅਫਜੂੰ॥

ਸ੍ਰੀ ਚਲਿਤੱਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਨੱਬੇਵੀਂ ਕਥਾ ਸਮਾਪਤ॥੨੯੦॥੫੫੩੫॥ਚਲਦਾ॥

## ਚਲਿੱਤਰ ਦੋ ਸੌ ਇਕਾਨੇਵਾਂ

## ਕਥਾ ਪਛਮ ਦੇਵੀ

**ਚੌਪਈ॥ ਪਛਿਮਾਵਤੀ ਨਗਰ ਇਕ ਸੋਹੈ॥ ਪਸਚਿਮ ਸੈਨ ਨ੍ਰਿਪਤਿ ਤਹ ਕੋ ਹੈ॥**
**ਪਸਚਿਮ ਦੇ ਰਾਨੀ ਤਾਕੇ ਘਰ॥ ਰਹਤ ਪੰਡਿਤਾ ਸਕਲ ਲੋਭਿ ਕਰਿ॥ ੧॥**

ਪਦ ਅਰਥ - ਪੰਡਿਤਾ=ਵਿਦਵਾਨ। ਸਕਲ=ਸਭ। ਲੋਭਿ=ਲਾਲਚ।

ਪਛਮਾਵਤੀ ਨਾਮੀਂ ਨਗਰ ਵਿਚ ਇਕ ਪਛਮਸੈਨ ਨਾਮੀਂ ਰਾਜਾ ਸੀ। ਉਸ ਦੀ ਰਾਣੀ ਦਾ ਨਾਂ ਪਛਮ ਦੇਵੀ ਸੀ ਜਿਸਨੂੰ ਵੇਖ ਕੇ ਵਿਦਵਾਨ ਲਲਚਾਇਆ ਕਰਦੇ ਸਨ॥੧॥

**ਅਧਿਕ ਰੂਪ ਰਾਨੀ ਕੋ ਰਹੈ॥ ਜਗ ਤਿਹ ਦੁਤਿਯ ਚੰਦ੍ਰਮਾ ਕਹੈ॥**
**ਤਾ ਪਰ ਰੀਝਿ ਨ੍ਰਿਪਤਿ ਕੀ ਭਾਰੀ॥ ਜਾਨਤ ਊਚ ਨੀਚਿ ਪਨਿਹਾਰੀ॥ ੨॥**

ਪਦ ਅਰਥ - ਦੁਤਿਯ=ਦੂਸਰਾ। ਰੀਝਿ=ਪਿਆਰ।

ਰਾਣੀ ਬਹੁਤ ਰੂਪਵਾਨ ਸੀ ਅਤੇ ਸਾਰੇ ਲੋਕ ਉਸ ਨੂੰ ਦੂਸਰਾ ਚੰਦਰਮਾਂ ਸਮਝਦੇ ਸਨ। ਅਮੀਰ ਗ਼ਰੀਬ ਸਭ ਜਾਣਦੇ ਸਨ ਕਿ ਰਾਜਾ ਉਸ ਨੂੰ ਬਹੁਤ ਪਿਆਰ ਕਰਦਾ ਸੀ॥੨॥

**ਤਹ ਹੁਤੋ ਰਾਇ ਦਿਲਵਾਲੀ॥ ਜਾਨਕ ਦੂਸਰ ਸਾਹੈ ਮਾਲੀ॥**

Namdhari Elibrary NamdhariElibrary@gmail.com

**ਸੋ ਪਹਿ ਜਾਤ ਨ ਪ੍ਰਭਾ ਬਖਾਨੀ।। ਉਰਝਿ ਰਹੀ ਦੁਤਿ ਹੇਰਤ ਰਾਨੀ।। ੩।।**

ਉਥੇ ਇਕ ਦਿਲਵਾਲੀ ਰਾਏ ਨਾਂ ਦਾ ਵਿਅਕਤੀ ਰਹਿੰਦਾ ਸੀ, ਜਿਹੜਾ ਕਿ ਦੂਸਰਾ ਹਿਮਾਲਾ ਪਰਬਤ ਸੀ। ਮੇਰੇ ਪਾਸੋਂ ਉਸ ਦੀ ਸ਼ੋਭਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਰਾਣੀ ਉਸ ਦੀ ਸੁੰਦਰ ਸ਼ਕਲ ਵੇਖ ਕੇ ਉਸ ਤੇ ਮੋਹਿਤ ਹੋ ਗਈ।।੩।।

**ਤਾਸੌਂ ਅਧਿਕ ਸਨੇਹ ਬਢਾਯੋ।। ਏਕ ਦਿਵਸ ਗ੍ਰਿਹਿ ਬੋਲਿ ਪਠਾਯੋ।।**
**ਸੋ ਤਬ ਹੀ ਸੁਨਿ ਬਚ ਪਹ ਗਯੋ।। ਭੇਟਤ ਰਾਜ ਕੁਅਰਿ ਕਹ ਭਯੋ।। ੪।।**

ਪਦ ਅਰਥ - ਸਨੇਹ=ਪਿਆਰ। ਪਠਾਯੋ=ਬੁਲਾਇਆ, ਸਦਿਆ।

ਉਸ ਨਾਲ ਬਹੁਤ ਪਿਆਰ ਵਧਾਇਆ ਅਤੇ ਇਕ ਦਿਨ ਉਸ ਨੂੰ ਆਪਣੇ ਘਰ ਬੁਲਾਇਆ। ਉਹ ਬਚਨ ਸੁਣਕੇ ਤੁਰੰਤ ਗਿਆ ਅਤੇ ਰਾਣੀ ਨੂੰ ਜਾ ਕੇ ਮਿਲਿਆ।।੪।।

**ਪੋਸਤ ਭਾਂਗ ਅਫੀਮ ਮੰਗਾਈ।। ਏਕ ਸੇਜ ਪਰ ਬੈਠਿ ਚੜ੍ਹਾਈ।।**
**ਜਬ ਮਦ ਸੋ ਮਤਵਾਰੇ ਭਏ।। ਤਬ ਹੀ ਸ਼ੋਕ ਬਿਸਰਿ ਸਭ ਗਏ।। ੫।।**

ਪੋਸਤ, ਭੰਗ ਅਤੇ ਅਫੀਮ ਮੰਗਵਾਈ ਗਈ ਅਤੇ ਦੋਹਾਂ ਇਕ ਹੀ ਪਲੰਘ ਤੇ ਬੈਠ ਕੇ ਪੀਤੀ। ਜਦ ਦੋਵੇਂ ਮਦਮਸਤ ਹੋ ਗਏ ਤਾਂ ਦੋਹਾਂ ਦੇ ਸਭ ਦੁਖ ਨਵਿਰਤ ਹੋ ਗਏ।।੫।।

**ਏਕ ਸੇਜ ਪਰ ਬੈਠਿ ਕਲੋਲਹਿ।। ਰਸ ਕੀ ਕਥਾ ਰਸਿਕ ਮਿਲਿ ਬੋਲਹਿ।।**
**ਚੁੰਬਨ ਔਰ ਅਲਿੰਗਨ ਕਰਹੀਂ।। ਭਾਂਤਿ ਭਾਂਤਿ ਕੇ ਭੋਗਨ ਭਰਹੀਂ।। ੬।।**

ਪਦ ਅਰਥ - ਕਲੋਲਹਿ=ਕਾਮ ਕਲੋਲਾਂ ਕਰਦੇ ਸਨ।

ਉਹ ਇਕ ਹੀ ਪਲੰਘ ਤੇ ਬੈਠ ਕੇ ਕਾਮ ਕੇਲ ਕਰਨ ਲੱਗੇ ਅਤੇ ਰਸ ਦੀ ਕਥਾ ਵਾਰਤਾ ਕਹਿਣ ਲੱਗੇ। ਚੁੰਮਣ ਅਤੇ ਆਲਿੰਗਣ ਕਰਦੇ ਹੋਏ ਉਹ ਕਈ ਪ੍ਰਕਾਰ ਨਾਲ ਭੋਗ ਬਿਲਾਸ ਕਰਨ ਲੱਗੇ।।੬।।

**ਰਾਨੀ ਰਮਤ ਅਧਿਕ ਉਰਝਾਈ।। ਭੋਗ ਗਏ ਦਿਲਵਾਲੀ ਰਾਈ।।**
**ਚਿਤ ਅਪਨੈ ਇਹ ਭਾਂਤਿ ਬਿਚਾਰੋ।। ਮੈਂ ਯਾਹੀ ਕੇ ਸੰਗ ਸਿਧਾਰੋ।। ੭।।**

ਪਦ ਅਰਥ - ਸਿਧਾਰੋ=ਜਾਵਾਂ। ਬਿਚਾਰੋ=ਵਿਚਾਰ ਕੀਤੀ।

ਰਾਣੀ ਦਿਲਵਾਲੀ ਰਾਏ ਨਾਲ ਭੋਗ ਕਰਦੇ ਸਮੇਂ ਅਤਿ ਪ੍ਰਸੰਨ ਹੋ ਗਈ। ਉਸ ਮਨ ਵਿਚ ਸੋਚਿਆ ਕਿ ਇਸ ਨਾਲ ਹੀ ਚਲੀ ਜਾਵਾਂਗੀ।।੭।।

**ਰਾਜ ਪਾਟ ਮੇਰੇ ਕਿਂਹ ਕਾਜਾ।। ਮੋਕਹ ਨਹੀ ਸੁਹਾਵਤ ਰਾਜਾ।।**

ਮੈਂ ਸਾਜਨ ਕੇ ਸਾਥ ਸਿਧੈਹੌਂ।। ਭਲੀ ਬੁਰੀ ਸਿਰ ਮਾਂਝ ਸਹੈਹੌਂ।। ੮।।

ਰਾਜ ਪਾਟ ਮੇਰੇ ਕਿਸ ਕੰਮ ਹੈ। ਮੈਨੂੰ ਇਹ ਰਾਜ ਚੰਗਾ ਨਹੀਂ ਲੱਗਦਾ ਹੈ। ਮੈਂ ਤਾਂ ਸਜਣ ਦੇ ਨਾਲ ਹੀ ਜਾਵਾਂਗੀ ਅਤੇ ਜੋ ਵੀ ਭਲਾ ਬੁਰਾ ਹੋਵੇਗਾ ਆਪਣੇ ਸਿਰ ਸਹਾਰਾਂਗੀ।।੮।।

ਜਹਾ ਸਿੰਘ ਮਾਰਤ ਬਨ ਮਾਹੀ।। ਸੁਨਾ ਦੋਹਰਾ ਏਕ ਤਹਾਂ ਹੀ।।
ਚੜਿ ਝੰਪਾਨ ਤਿਹ ਠੌਰ ਸਿਧਾਈ।। ਮਿੱਤ੍ਰਹਿ ਤਹੀ ਸਹੇਟ ਬਤਾਈ।। ੯।।

ਪਦ ਅਰਥ - ਚੜਿ ਝੰਪਾਨ=ਪਾਲਕੀ ਵਿਚ ਚੜ੍ਹਕੇ। ਸਹੇਟ=ਮਿਲਣ ਦੀ ਥਾਂ।

ਜਿਥੇ ਜੰਗਲ ਵਿਚ ਸ਼ੇਰ ਆਦਿ ਰਹਿੰਦੇ ਸਨ ਉਥੇ ਇਕ ਮੰਦਰ ਸੀ। ਪਾਲਕੀ ਵਿਚ ਬੈਠ ਕੇ ਉਥੇ ਚਲੇ ਗਈ ਅਤੇ ਮਿੱਤਰ ਨੂੰ ਵੀ ਉਥੇ ਹੀ ਬੁਲਾ ਲਿਆ।।੯।।

ਮਹਾਂ ਗਹਿਰ ਬਨ ਮੈ ਜਬ ਗਈ।। ਲਘੁ ਇੱਛਾ ਕਹ ਉਤਰਤ ਭਈ।।
ਤਹ ਤੇ ਗਈ ਮਿੱਤ੍ਰ ਕੇ ਸੰਗਾ।। ਛਿਤ ਮੈ ਡਾਰਿ ਸ੍ਰੋਣ ਕੇ ਰੰਗਾ।।੧੦।।

ਜਦ ਸੰਘਣੇ ਜੰਗਲ ਵਿਚ ਗਈ ਤਾਂ ਪਿਸ਼ਾਬ ਕਰਨ ਦੇ ਬਹਾਨੇ ਪਾਲਕੀ ਵਿਚੋਂ ਉੱਤਰੀ। ਉਥੋਂ ਹੀ ਮਿੱਤਰ ਨਾਲ ਨਿਕਲ ਗਈ ਅਤੇ ਧਰਤੀ ਉਤੇ ਲਹੂ ਵਰਗਾ ਰੰਗ ਡੋਲ੍ਹ ਗਈ।।੧੦।।

ਜਬ ਤ੍ਰਿਯ ਸਾਥ ਸਜਨ ਕੇ ਗਈ।। ਤਬ ਅਸ ਸਖੀ ਪੁਕਾਰਤ ਭਈ।।
ਲਏ ਸਿੰਘ ਰਾਨੀ ਕਹ ਜਾਈ।। ਕੋਊ ਆਨਿ ਲੇਹੁ ਛੁਟਕਾਈ।।੧੧।।

ਜਦ ਉਹ ਸਜਣ ਨਾਲ ਚਲੀ ਗਈ ਤਾਂ ਇਸਤਰੀਆਂ ਚੀਕਾਂ ਮਾਰਨ ਲਗੀਆਂ "ਸ਼ੇਰ ਰਾਣੀ ਨੂੰ ਲੈ ਗਿਆ ਹੈ ਕੋਈ ਆ ਕੇ ਛਡਾਵੋ"।।੧੧।।

ਸੂਰਨ ਸਿੰਘ ਨਾਮ ਸੁਨਿ ਪਾਯੋ।। ਤ੍ਰਸਤ ਭਏ ਅਸ ਕਰਨ ਉਚਾਯੋ।।
ਜਾਇ ਭੇਦ ਰਾਜਾ ਤਨ ਦਯੋ।। ਲੈ ਕਰਿ ਸਿੰਘ ਰਾਨਿਯਹਿ ਗਯੋ।। ੧੨।।

ਪਦ ਅਰਥ - ਤ੍ਰਸਤ ਭਏ=ਡਰ ਗਏ। ਸਿੰਘ=ਸ਼ੇਰ।

ਸੂਰਮਿਆਂ ਨੇ ਜਦੋਂ ਸ਼ੇਰ ਦਾ ਨਾਂ ਸੁਣਿਆ ਤਾਂ ਡਰ ਗਏ। ਉਨ੍ਹਾਂ ਜਾ ਕੇ ਰਾਜੇ ਨੂੰ ਕਿਹਾ ਕਿ ਰਾਣੀ ਨੂੰ ਸ਼ੇਰ ਲੈ ਗਿਆ ਹੈ।।੧੨।।

ਨ੍ਰਿਪ ਧੁਨਿ ਸੀਸ ਬਾਇ ਮੁਖ ਰਹਾ।। ਹੋਨਹਾਰ ਭਜੋ ਹੋਤ ਸੁ ਕਹਾ।।
ਭੇਦ ਅਭੇਦ ਕਛੂ ਨਹਿ ਪਾਯੋ।। ਲੈ ਰਾਨੀ ਕਹ ਜਾਰ ਸਿਧਾਯੋ।। ੧੩।। ੧।।

ਰਾਜਾ ਸਿਰ ਫੜ ਕੇ ਮੂੰਹ ਅੱਡ ਕੇ ਖਲੋਤਾ ਰਿਹਾ ਅਤੇ ਕਹਿਣ ਲੱਗਾ ਕਿ ਹੋਣੀ ਬਲਵਾਨ

ਹੈ ਇਸ ਨੂੰ ਕੌਣ ਰੋਕ ਸਕਦਾ ਸੀ। ਉਹ ਅਸਲ ਭੇਤ ਨੂੰ ਨ ਸਮਝ ਸਕਿਆ ਅਤੇ ਪ੍ਰੇਮੀ ਰਾਣੀ ਨੂੰ ਲੈ ਕੇ ਚਲਦਾ ਬਣਿਆ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕ੍ਯਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੯੧।।੫੫੪੮।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਇਕਾਨੇਂਵੀ ਕਥਾ ਸਮਾਪਤ।।੨੯੧।।੫੫੪੮।।ਚਲਦਾ।।

# ਚਲਿੱਤਰ ਦੋ ਸੌ ਬਾਨੇਵਾਂ

# ਕਥਾ ਉੱਤਰ ਮਤੀ

**ਚੌਪਈ।। ਉੱਤਰ ਸਿੰਘ ਨ੍ਰਿਪਤਿ ਇਕ ਭਾਰੋ।। ਉੱਤਰ ਦਿਸਿ ਕੋ ਰਹਤ ਨ੍ਰਿਪਾਰੋ।।**
**ਉੱਤਰ ਮਤੀ ਧਾਮ ਤਿਹ ਨਾਰੀ।। ਜਾ ਸਮ ਕਾਨ ਸੁਨੀ ਨ ਨਿਹਾਰੀ।। ੧।।**

ਪਦ ਅਰਥ - ਸੁਨੀ ਨ ਨਿਹਾਰੀ=ਸੁਣੀ ਨ ਵੇਖੀ।

ਉੱਤਰ ਦਿਸ਼ਾ ਵਿਚ ਉੱਤਰ ਸਿੰਘ ਨਾਮੀਂ ਇਕ ਭਾਰੀ ਰਾਜਾ ਰਹਿੰਦਾ ਸੀ। ਉਸ ਦੇ ਘਰ ਉੱਤਰ ਮਤੀ ਨਾਮੀਂ ਇਕ ਨਾਰੀ ਸੀ ਜਿਸ ਵਰਗੀ ਸੁੰਦਰ ਹੋਰ ਕੋਈ ਇਸਤਰੀ ਵੇਖੀ ਸੁਣੀ ਨਹੀਂ ਗਈ ਸੀ।।੧।।

**ਤਹਾਂ ਲਹੌਰੀ ਰਾਇਕ ਆਯੋ।। ਰੂਪਵਾਨ ਸਭ ਗੁਨਨ ਸਿਵਾਯੋ।।**
**ਜਬ ਅਬਲਾ ਤਿਹ ਹੇਰਤ ਭਈ।। ਤਤ ਛਿਨ ਸਭ ਸੁਧਿ ਬੁਧਿ ਤਜਿ ਦਈ।। ੨।।**

ਉਥੇ ਇਕ ਲਾਹੌਰੀ ਰਾਏ ਨਾਮੀਂ ਵਿਅਕਤੀ ਆਇਆ, ਜਿਹੜਾ ਰੂਪ ਅਤੇ ਗੁਣਾਂ ਨਾਲ ਭਰਪੂਰ ਸੀ। ਜਦ ਰਾਣੀ ਨੇ ਉਸ ਨੂੰ ਵੇਖਿਆ ਤਾਂ ਤਤਕਾਲ ਸੁੱਧ ਬੁੱਧ ਭੁੱਲ ਗਈ।।੨।।

**ਉਰ ਅੰਚਰਾ ਅੰਗਿਯਾ ਨ ਸੰਭਾਰੈ।। ਕਹਬ ਕਛੂ ਹੈ ਕਛੂ ਉਚਾਰੈ।।**
**ਪਿਯ ਪਿਯ ਰਟਤ ਸਦਾ ਮੁਖ ਰਹੈ।। ਨਿਸ ਦਿਨ ਜਲ ਅਖਿਯਾਂ ਤੇ ਬਹੈ।। ੩।।**

ਪਦ ਅਰਥ - ਉਰ ਅੰਚਰਾ=ਛਾਤੀ ਦਾ ਕੱਪੜਾ। ਅੰਗਿਯਾ=ਅੰਗੀ। ਰਟਤ=ਰਟਦੀ ਸੀ।

ਉਸ ਪਾਸੋਂ ਚੁੰਨੀ ਅਤੇ ਛਾਤੀ ਦਾ ਕੱਪੜਾ ਨਹੀਂ ਸੰਭਲ ਰਿਹਾ ਸੀ ਅਤੇ ਉਸ ਕਹਿਣਾ ਕੁਝ ਹੁੰਦਾ ਸੀ ਤੇ ਕਹਿ ਕੁਝ ਜਾਂਦੀ ਸੀ। ਸਾਰਾ ਦਿਨ ਮੂੰਹ ਤੋਂ "ਪ੍ਰੀਤਮ ਪ੍ਰੀਤਮ" ਬੋਲਦੀ ਰਹਿੰਦੀ ਸੀ ਅਤੇ ਅੱਖਾਂ ਵਿਚੋਂ ਅੱਥਰੂ ਵਗਦੇ ਰਹਿੰਦੇ ਸਨ।।੩।।

**ਪੂਛਨ ਤਾਹਿ ਰਾਇ ਜਬ ਆਵੈ।। ਮੁਹੌਂ ਨ ਭਾਖਿ ਉੱਤਰਹਿ ਦਜਾਵੈ।।**

**ਝੂਮ ਝੂਮਿ ਝਟ ਦੈ ਛਿਤ ਝਰੈ॥ ਬਾਰ ਬਾਰ ਪਿਯ ਸ਼ਬਦ ਉਚਰੈ॥੪॥**

ਪਦ ਅਰਥ - ਛਿਤ=ਧਰਤੀ। ਝਰੈ=ਡਿੱਗਣਾ।

ਜਦ ਰਾਜਾ ਉਸ ਨੂੰ ਕੁਝ ਪੁੱਛਣ ਆਉਂਦਾ ਤਾਂ ਉਹ ਕਿਸੇ ਹੋਰ ਨੂੰ ਦੱਸ ਕੇ ਉੱਤਰ ਭੇਜ ਦਿੰਦੀ ਸੀ। ਝੂਮ ਝੂਮ ਕੇ ਉਹ ਧਰਤੀ ਉਤੇ ਡਿੱਗ ਪੈਂਦੀ ਸੀ ਅਤੇ ਬਾਰ ਬਾਰ ਪ੍ਰੀਤਮ ਸ਼ਬਦ ਦਾ ਉਚਾਰਣ ਕਰਿਆ ਕਰਦੀ ਸੀ॥੪॥

**ਅਦਭੁਤ ਹੇਰਿ ਰਾਇ ਹ੍ਵੈ ਰਹੈ॥ ਸਖਿਯਨ ਸੌ ਐਸੀ ਬਿਧਿ ਕਹੈ॥**
**ਯਾ ਅਬਲਾ ਕੌ ਕਸ ਹ੍ਵੈ ਗਯੋ॥ ਜਾਤੇ ਹਾਲ ਐਸ ਇਹ ਭਯੋ॥੫॥**

ਰਾਜਾ ਇਹ ਵੇਖ ਕੇ ਹੈਰਾਨ ਰਹਿ ਜਾਂਦਾ ਸੀ ਅਤੇ ਦਾਸੀਆਂ ਤੋਂ ਪੁੱਛਦਾ ਸੀ ਕਿ ਇਸ ਨੂੰ ਕੀ ਹੋ ਗਿਆ ਹੈ ਜਿਸ ਕਾਰਨ ਇਸ ਦਾ ਇਹ ਹਾਲ ਹੋ ਗਿਆ ਹੈ॥੫॥

**ਯਾਕੌ ਕੌਨ ਜਤਨ ਤਬ ਕਰੈ॥ ਜਾਤੇ ਯਹ ਰਾਨੀ ਨਹਿ ਮਰੈ॥**
**ਜੋ ਵਹ ਮਾਂਗੈ ਸੋ ਮੈਂ ਦੈਹੌ॥ ਰਾਨੀ ਨਿਮਿਤਿ ਕਰਵਤਹਿ ਲੈਹੌਂ॥੬॥**

ਪਦ ਅਰਥ - ਨਿਮਿਤ=ਵਾਸਤੇ। ਕਰਵਤਹਿ ਲੈ ਹੌਂ=ਆਰੇ ਨਾਲ ਚੀਰੇ ਜਾਣ ਨੂੰ ਤਿਆਰ ਹਾਂ, ਪੁਰਾਣੇ ਜ਼ਮਾਨੇ ਵਿਚ ਕਾਂਸ਼ੀ ਅਤੇ ਪ੍ਰਯਾਗ ਵਿਚ ਇੱਕ ਆਰਾ ਸੀ, ਜਿਸ ਹੇਠ ਅਨੇਕਾਂ ਲੋਕ ਮੁਕਤੀ ਪ੍ਰਾਪਤ ਕਰਨ ਲਈ ਕੱਟ ਮਰਦੇ ਸਨ।

ਕਿਹੜਾ ਇਹ ਪ੍ਰਬੰਧ ਕਰ ਸਕਦਾ ਹੋਵੇ ਕਿ ਜਿਸ ਨਾਲ ਰਾਣੀ ਨ ਮਰੇ। ਉਹ ਜੋ ਕੁਝ ਮੰਗੇਗਾ ਮੈਂ ਉਹੋ ਕੁਝ ਦੇ ਦਵਾਂਗਾ ਅਤੇ ਰਾਣੀ ਖਾਤਰ ਮੈਂ ਆਰੇ ਨਾਲ ਚੀਰੇ ਜਾਣ ਲਈ ਵੀ ਤਿਆਰ ਹਾਂ॥੬॥

**ਸਿਰ ਕਰਿ ਤਿਹ ਆਗੈ ਜਲ ਭਰੌ॥ ਬਾਰ ਬਾਰ ਤਾਕੇ ਪਗ ਪਰੌ॥**
**ਜੋ ਰਾਨੀ ਕਾ ਰੋਗ ਮਿਟਾਵੈ॥ ਰਾਨੀ ਸਹਿਤ ਰਾਜ ਕਹ ਪਾਵੈ॥੭॥**

ਇਸ ਖਾਤਰ ਮੈਂ ਸਿਰ ਤੇ ਚੁੱਕ ਕੇ ਪਾਣੀ ਭਰਾਂਗਾ ਅਤੇ ਬਾਰ ਬਾਰ ਉਸ ਦੇ ਪੈਰੀਂ ਪਵਾਂਗਾ। ਜੋ ਰਾਣੀ ਦਾ ਰੋਗ ਮਿਟਾ ਦੇਵੇਗਾ ਉਸ ਨੂੰ ਮੈਂ ਰਾਣੀ ਸਮੇਤ ਰਾਜ ਦੇ ਦੇਵਾਂਗਾ॥੭॥

**ਜੋ ਰਾਨੀ ਦਾ ਰੋਗੁ ਮਿਟਾਵੈ॥ ਸੋ ਨਰ ਹਮ ਕਹ ਬਹੁਰਿ ਜਿਯਾਵੈ॥**
**ਅਰਧ ਰਾਜ ਰਾਨੀ ਜੁਤ ਲੇਈ॥ ਏਕ ਗਾਤ੍ਰ ਹਮ ਕਹ ਤ੍ਰਿਯ ਦੇਈ॥੮॥**

ਜਿਹੜਾ ਵਿਅਕਤੀ ਰਾਣੀ ਦਾ ਰੋਗ ਮਿਟਾ ਦੇਵੇਗਾ ਉਹ ਸਮਝੋ ਮੈਨੂੰ ਇਕ ਨਵਾਂ ਜੀਵਨ ਦੇਵੇਗਾ। ਇਸ ਇਸਤਰੀ ਨੂੰ ਜਿਹੜਾ ਠੀਕ ਕਰਕੇ ਦੇ ਦੇਵੇ ਤਾਂ ਮੈਂ ਰਾਣੀ ਸਮੇਤ ਉਸ ਨੂੰ ਅੱਧਾ ਰਾਜ ਦੇ ਦਵਾਂਗਾ॥੮॥

Namdhari Elibrary NamdhariElibrary@gmail.com

ਏਕ ਦਿਵਸ ਵਹੁ ਰਾਜ ਕਰਾਵੈ॥ ਰਾਨੀ ਕੇ ਸੰਗ ਭੋਗ ਕਮਾਵੈ॥
ਦੂਸਰ ਦਿਨ ਹਮ ਰਾਜ ਕਮਾਵਹਿ॥ ਲੈ ਅਪਨੀ ਇਸਤ੍ਰਿਯਹਿ ਬਜਾਵਹਿ॥੯॥

ਜਿਹੜਾ ਵੀ ਰਾਣੀ ਨੂੰ ਠੀਕ ਕਰ ਦੇਵੇ, ਉਹ ਇਕ ਦਿਨ ਰਾਜ ਕਰੇ ਅਤੇ ਰਾਣੀ ਨਾਲ ਰਮਣ ਕਰੇ। ਦੂਸਰੇ ਦਿਨ ਰਾਜ ਅਸੀਂ ਲੈ ਲਵਾਂਗੇ ਅਤੇ ਆਪਣੀ ਰਾਣੀ ਨਾਲ ਭੋਗ ਬਿਲਾਸ ਕਰਾਂਗੇ॥੯॥

ਜਬ ਬਹੁ ਬਿਧਿ ਨ੍ਰਿਪ ਐਸ ਉਚਰਾ॥ ਸਹਚਰਿ ਏਕ ਜੋਰ ਦੋਊ ਕਰਾ॥
ਯੌ ਰਾਜਾ ਸੌ ਬਚਨ ਉਚਾਰੇ॥ ਸੁ ਮੈਂ ਕਹਤ ਹੌ ਸੁਨਹੁ ਪਯਾਰੇ॥੧੦॥

ਜਦ ਰਾਜੇ ਨੇ ਇਸ ਤਰ੍ਹਾਂ ਬਹੁਤ ਬਾਰ ਕਿਹਾ ਤਾਂ ਇਕ ਦਾਸੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਪਿਆਰੇ ਰਾਜਨ ! ਮੇਰੀ ਗੱਲ ਸੁਣੋ, ਇਸ ਬਾਰੇ ਮੈਂ ਦਸਦੀ ਹਾਂ॥੧੦॥

ਏਕ ਬੈਦ ਤੁਮ ਤਾਹਿ ਬੁਲਾਵੌਂ॥ ਤਾਂਤੇ ਇਹ ਉਪਚਾਰ ਕਰਾਵੋ॥
ਸੋ ਛਿਨ ਮੈ ਯਾਕੋ ਦੁਖ ਹਰਿਹੈ॥ ਰੋਗਨਿ ਤੇਂ ਸੁ ਅਰੋਗਿਨਿ ਕਰਿਹੈ॥੧੧॥

ਪਦ ਅਰਥ - ਉਪਚਾਰ=ਇਲਾਜ। ਦੁਖ ਹਰਿ ਹੈ=ਦੁਖ ਦੂਰ ਕਰੇਗਾ।

ਤੁਸੀਂ ਇਕ ਵੈਦ ਬੁਲਾਵੋ ਅਤੇ ਉਸ ਪਾਸੋਂ ਇਸ ਦਾ ਇਲਾਜ ਕਰਵਾਓ। ਉਹ ਇਕ ਛਿਣ ਵਿਚ ਇਸ ਦਾ ਰੋਗ ਦੂਰ ਕਰਕੇ ਇਸ ਨੂੰ ਨਿਰੋਗ ਕਰ ਦੇਵੇਗਾ॥੧੧॥

ਜਬ ਰਾਜੇ ਐਸੇ ਸੁਨਿ ਪਾਵਾ॥ ਤਤ ਛਿਨ ਤਾਕਹ ਬੋਲਿ ਪਠਾਵਾ॥
ਰਾਨੀ ਕੀ ਨਾਟਿਕਾ ਦਿਖਾਈ॥ ਬੋਲਾ ਬੈਦ ਦੇਖਿ ਸੁਖਦਾਈ॥੧੨॥

ਜਦ ਰਾਜੇ ਨੇ ਇਹ ਸੁਣਿਆ ਤਾਂ ਤਤਕਾਲ ਉਸ ਨੂੰ ਬੁਲਾ ਲਿਆ। ਰਾਣੀ ਦੀ ਨਾੜ ਵੇਖਕੇ ਸੁਖ ਦੇਣ ਵਾਲੇ ਵੈਦ ਨੇ ਕਿਹਾ॥੧੨॥

ਦੁਖ ਜੌਨੈ ਇਹ ਤਰੁਨਿ ਦੁਖਾਈ॥ ਸੋ ਦੁਖ ਤੁਮ ਸੋ ਕਹਜੋ ਨ ਜਾਈ॥
ਜਾਨ ਮਾਫ ਹਮਰੀ ਜੋ ਕੀਜੈ॥ ਪਾਛੇ ਬਾਤ ਸਕਲ ਸੁਨਿ ਲੀਜੈ॥੧੩॥

ਜਿਸ ਦੁਖ ਨਾਲ ਇਹ ਇਸਤਰੀ ਦੁਖੀ ਹੈ ਉਹ ਦੁਖ ਮੈਥੋਂ ਕਿਹਾ ਨਹੀਂ ਜਾ ਸਕਦਾ। ਪਹਿਲਾਂ ਮੈਨੂੰ ਪ੍ਰਾਣਦਾਨ ਬਖਸ਼ੋ ਅਤੇ ਫਿਰ ਮੇਰੀ ਗੱਲ ਸੁਣੋ॥੧੩॥

ਯਾ ਰਾਨੀ ਕਹ ਕਾਮ ਸੰਤਾਯੋ॥ ਤੁਮ ਨਹਿ ਇਹ ਸੰਗ ਭੋਗ ਕਮਾਯੋ॥
ਤਾਤੇ ਯਹਿ ਰੋਗ ਗਹਿ ਲੀਨਾ॥ ਹਮ ਤੇ ਜਾਤ ਉਪਾਵ ਨ ਕੀਨਾ॥੧੪॥

ਇਸ ਰਾਣੀ ਨੂੰ ਕਾਮ ਦੁਖੀ ਕਰ ਰਿਹਾ ਹੈ ਅਤੇ ਤੁਸੀਂ ਇਸ ਨਾਲ ਭੋਗ ਨਹੀਂ ਕੀਤਾ ਹੈ। ਇਸ ਕਰਕੇ ਇਸ ਨੂੰ ਰੋਗ ਨੇ ਜਕੜ ਲਿਆ ਹੈ। ਮੇਰੇ ਪਾਸੋਂ ਹੁਣ ਇਸ ਦਾ ਉਪਾਅ ਨਹੀਂ ਕੀਤਾ

Namdhari Elibrary NamdhariElibrary@gmail.com

ਜਾ ਸਕਦਾ।।੧੪।।

**ਯਹ ਮਦ ਮੱਤ ਮੈਨ ਤ੍ਰਿਯ ਭਰੀ।। ਤੁਮ ਕ੍ਰੀੜਾ ਇਹ ਸਾਥ ਨ ਕਰੀ।।**
**ਅਬ ਯਹ ਅਧਿਕ ਭੋਗ ਜਬ ਪਾਵੈ।। ਯਾਕੋ ਸੋਗ ਦੂਰ ਹ੍ਵੈ ਜਾਵੈ।। ੧੫।।**

ਪਦ ਅਰਥ - ਮਦ ਮੱਤ=ਮਦ ਮਸਤ। ਮੈਨ ਭਰੀ=ਕਾਮ ਦੀ ਭਰੀ।

ਇਹ ਇਸਤਰੀ ਤਾਂ ਭਿਆਨਕ ਰੂਪ ਵਿਚ ਮਦਮਸਤ ਹੈ ਅਤੇ ਕਾਮ ਤੋਂ ਦੁਖੀ ਹੈ। ਹੁਣ ਜਦ ਇਸ ਨਾਲ ਜ਼ਿਆਦਾ ਭੋਗ ਕੀਤਾ ਜਾਵੇਗਾ ਤਾਂ ਇਸ ਦਾ ਕਸ਼ਟ ਦੂਰ ਹੋ ਜਾਵੇਗਾ।।੧੫।।

**ਇਹ ਤੁਮ ਤਬ ਉਪਚਾਰ ਕਰਾਵੋ।। ਬਚਨ ਹਾਥ ਮੋਰੇ ਪਰ ਦਜਾਵੋ।।**
**ਜਬ ਇਹ ਦੁਖ ਮੈਂ ਦੂਰ ਕਰਾਊਂ।। ਅਰਧ ਰਾਜ ਰਾਨੀ ਜੁਤ ਪਾਊਂ।। ੧੬।।**

ਤੁਸੀਂ ਮੈਨੂੰ ਬਚਨ ਦੇ ਕੇ ਇਸ ਦਾ ਇਹੋ ਇਲਾਜ ਕਰਵਾਓ ਜਦ ਮੈਂ ਇਸ ਦਾ ਇਹ ਦੁਖ ਦੂਰ ਕਰ ਦੇਵਾਂਗਾ ਤਦ ਹੀ ਰਾਣੀ ਸਮੇਤ ਅੱਧਾ ਰਾਜ ਪ੍ਰਾਪਤ ਕਰਾਂਗਾ।।੧੬।।

**ਭਲੀ ਭਲੀ ਰਾਜੈ ਤਬ ਭਾਖੀ।। ਹਮਹੂੰ ਇਹ ਹਿਰਦੈ ਮਥਿ ਰਾਖੀ।।**
**ਪ੍ਰਥਮ ਰੋਗ ਤੁਮ ਯਾਹਿ ਮਿਟਾਵੋ।। ਅਰਧ ਰਾਜ ਰਾਨੀ ਜੁਤ ਪਾਵੋ।। ੧੭।।**

ਪਦ ਅਰਥ - ਭਾਖੀ=ਆਖੀ, ਕਿਹਾ। ਹਿਰਦੈ ਮਥਿ ਰਾਖੀ=ਹਿਰਦੇ ਵਿਚ ਮਿੱਥ ਰੱਖੀ ਹੈ।

ਰਾਜੇ ਨੇ "ਠੀਕ ਠੀਕ" ਕਹਿ ਕੇ ਕਿਹਾ ਕਿ ਮੈਂ ਵੀ ਦਿਲ ਵਿਚ ਇਹੋ ਸੋਚ ਰੱਖਿਆ ਸੀ। ਪਹਿਲਾਂ ਤੁਸੀਂ ਇਸ ਦਾ ਰੋਗ ਨਸ਼ਟ ਕਰੋ ਅਤੇ ਫਿਰ ਰਾਣੀ ਸਮੇਤ ਅੱਧਾ ਰਾਜ ਪ੍ਰਾਪਤ ਕਰੋ।।੧੭।।

**ਪ੍ਰਥਮਹਿ ਬਚਨ ਨ੍ਰਿਪਤਿ ਤੇ ਲਿਯਾ।। ਪੁਨਿ ਉਪਚਾਰ ਤਰੁਨਿ ਕੋ ਕਿਯਾ।।**
**ਭੋਗ ਕਿਯੋ ਤ੍ਰਿਯ ਰੋਗ ਮਿਟਾਯੋ।। ਅਰਧ ਰਾਜ ਰਾਨੀ ਜੁਤ ਪਾਯੋ।। ੧੮।।**

ਪਹਿਲਾਂ ਰਾਜੇ ਤੋਂ ਬਚਨ ਲਿਆ ਅਤੇ ਫਿਰ ਇਸਤਰੀ ਨਾਲ ਭੋਗ ਬਿਲਾਸ ਕੀਤਾ। ਰਮਣ ਕਰਕੇ ਇਸਤਰੀ ਦਾ ਰੋਗ ਮਿਟਾ ਦਿੱਤਾ ਅਤੇ ਅੱਧਾ ਰਾਜ ਪ੍ਰਾਪਤ ਕਰ ਲਿਆ।।੧੮।।

**ਅਰਧ ਰਾਜ ਇਹ ਛਲ ਤਿਹ ਦਿਯੋ।। ਰਾਨੀ ਭੋਗ ਮਿੱਤ੍ਰ ਸੰਗ ਕਿਯੋ।।**
**ਮੂਰਖ ਨਾਹ ਨਾਹਿ ਛਲ ਪਾਯੋ।। ਪ੍ਰਗਟ ਆਪਨੋ ਮੂੰਡ ਮੁੰਡਾਯੋ।। ੧੯।।**

ਪਦ ਅਰਥ - ਨਾਹ=ਖਸਮ, ਪਤੀ। ਮੂੰਡ ਮੁੰਡਾਯੋ=ਸਿਰ ਮੁੰਨਾ ਬੈਠਾ, ਠਗਿਆ ਗਿਆ।

ਇਹ ਛਲ ਕਰਕੇ ਇਸਤਰੀ ਨੇ ਅੱਧਾ ਰਾਜ ਆਪਣੇ ਮਿੱਤਰ ਨੂੰ ਦਵਾ ਦਿੱਤਾ ਅਤੇ ਮਿੱਤਰ ਨਾਲ ਰਮਣ ਵੀ ਕੀਤਾ।ਮੂਰਖ ਪਤੀ ਇਸਤਰੀ ਦੇ ਚਲਿੱਤਰ ਨੂੰ ਨ ਸਮਝ ਸਕਿਆ ਅਤੇ ਪਰਗਟ ਰੂਪ ਵਿਚ ਠੱਗਿਆ ਗਿਆ।।੧੯।।

**ਦੋਹਰਾ॥ ਇਹ ਛਲ ਰਾਨੀ ਨ੍ਰਿਪ ਛਲਾ ਰਮੀ ਮਿੱਤ੍ਰ ਕੇ ਸਾਥ॥**
**ਅਰਧ ਰਾਜ ਤਾਕੋ ਦਿਯਾ ਭੇਦ ਨ ਪਾਯੋ ਨਾਥ॥ ੨੦॥**

ਇਸ ਛਲ ਨਾਲ ਰਾਣੀ ਨੇ ਰਾਜੇ ਨੂੰ ਛਲ ਲਿਆ ਅਤੇ ਮਿੱਤਰ ਦੇ ਨਾਲ ਰਮਣ ਕੀਤਾ। ਉਸ ਨੂੰ ਅੱਧਾ ਰਾਜ ਦੇ ਦਿੱਤਾ ਅਤੇ ਉਸ ਦਾ ਸਵਾਮੀ ਉਸ ਦਾ ਰਹਿਸ ਨ ਜਾਣ ਸਕਿਆ॥੨੦॥

**ਚੌਪਈ॥ ਇਹ ਬਿਧਿ ਅਰਧ ਰਾਜ ਤਿਹ ਦੀਯੋ॥ ਮੂਰਖ ਪਤਿ ਕਹ ਅਸਿ ਛਲਿ ਲੀਯੋ॥**
**ਇਕ ਦਿਨ ਰਨਿਯਹਿ ਜਾਰ ਬਜਾਵੈ॥ ਅਰਧ ਰਾਜ ਤਿਹ ਆਪ ਕਮਾਵੈ॥ ੨੧॥**

ਇਸ ਤਰ੍ਹਾਂ ਅੱਧਾ ਰਾਜ ਉਸ ਨੂੰ ਦੇ ਦਿੱਤਾ ਅਤੇ ਮੂਰਖ ਪਤੀ ਨੂੰ ਛਲ ਲਿਆ। ਇਕ ਦਿਨ ਯਾਰ ਰਾਣੀ ਨਾਲ ਰਮਣ ਕਰਦਾ ਸੀ ਅਤੇ ਰਾਜ ਵੀ ਕਰਦਾ ਸੀ॥੨੧॥

**ਇਕ ਦਿਨ ਆਵੈ ਨ੍ਰਿਪ ਕੈ ਧਾਮਾ॥ ਇਕ ਦਿਨ ਭਜੈ ਜਾਰ ਕੌ ਬਾਮਾ॥**
**ਇਕ ਦਿਨ ਰਾਜ ਕਮਾਵੈ॥ ਜਾਰ ਛੱਤ੍ਰ ਦਿਨ ਦੁਤਿਯ ਢਰਾਵੈ॥ ੨੨॥ ੧॥**

ਇਕ ਦਿਨ ਰਾਣੀ ਰਾਜੇ ਦੇ ਘਰ ਆਉਂਦੀ ਅਤੇ ਇਕ ਦਿਨ ਯਾਰ ਪਾਸ ਜਾਂਦੀ ਸੀ। ਇਕ ਦਿਨ ਰਾਜਾ ਰਾਜ ਕਰਦਾ ਸੀ ਅਤੇ ਦੂਸਰੇ ਦਿਨ ਯਾਰ ਛੱਤਰ ਝੁਲਵਾਉਂਦਾ ਸੀ॥੨੨॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਬਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੨॥੫੫੭੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਬਾਨੇਵੀਂ ਕਥਾ ਸਮਾਪਤ॥੨੯੨॥੫੫੭੧॥ਚਲਦਾ॥

## ਚਲਿੱਤਰ ਦੋ ਸੌ ਤਿਰਾਨੇਵਾਂ

## ਕਥਾ ਰਾਜਦੇਵੀ

**ਚੌਪਈ॥ ਰਾਜਪੁਰੀ ਨਗਰੀ ਹੈ ਜਹਾਂ॥ ਰਾਜ ਸੈਨ ਰਾਜਾ ਇਕ ਤਹਾਂ॥**
**ਰਾਜਦਈ ਤਾਕੇ ਗ੍ਰਿਹਿ ਨਾਰੀ॥ ਚੰਦ੍ਰ ਲਈ ਜਾਤੇ ਉਜਿਯਾਰੀ॥ ੧॥**

ਰਾਜਪੁਰੀ ਨਾਮੀਂ ਨਗਰੀ ਵਿਚ ਰਾਜ ਸੈਨ ਨਾਮੀਂ ਰਾਜਾ ਰਾਜ ਕਰਦਾ ਸੀ। ਉਸ ਦੇ ਘਰ ਰਾਜਦੇਵੀ ਨਾਮੀ ਇਸਤਰੀ ਸੀ, ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਚੰਦਰਮਾਂ ਨੇ ਵੀ ਉਸ ਤੋਂ ਰੌਸ਼ਨੀ ਲਈ ਹੋਵੇ॥੧॥

Namdhari Elibrary NamdhariElibrary@gmail.com

ਨ੍ਰਿਪ ਸੌ ਅਤਿ ਤ੍ਰਿਯ ਕੋ ਹਿਤ ਰਹੈ॥ ਸੋਈ ਕਰਤ ਜੁ ਰਾਨੀ ਕਹੈ॥
ਔਰ ਨਾਰਿ ਕੇ ਧਾਮ ਨ ਜਾਵੈ॥ ਅਧਿਕ ਨਾਰ ਕੇ ਤ੍ਰਾਸ ਤ੍ਰਸਾਵੈ॥ ੨॥

ਰਾਜੇ ਨੂੰ ਆਪਣੀ ਇਸਤਰੀ ਨਾਲ ਬਹੁਤ ਪਿਆਰ ਸੀ ਅਤੇ ਉਹ ਉਹੋ ਕੁਝ ਕਰਦਾ ਸੀ ਜੋ ਉਸ ਦੀ ਇਸਤਰੀ ਕਹਿੰਦੀ ਸੀ। ਉਹ ਕਿਸੇ ਹੋਰ ਇਸਤਰੀ ਦੇ ਘਰ ਨਹੀਂ ਜਾਂਦਾ ਸੀ ਅਤੇ ਉਸ ਇਸਤਰੀ ਪਾਸੋਂ ਸਭ ਡਰਦੇ ਸਨ॥੨॥

ਰਾਨੀ ਕੀ ਆਗਜਾ ਸਭ ਮਾਨੈ॥ ਰਾਜਾ ਕੋ ਕਰਿ ਕਛੂ ਨ ਜਾਨੈ॥
ਮਾਰਜੋ ਚਹਤ ਨਾਰਿ ਤਿਹ ਮਾਰੈ॥ ਜਿਹ ਜਾਨੈ ਤਿਹ ਪ੍ਰਾਨ ਉਬਾਰੈ॥ ੩॥

ਸਾਰੇ ਰਾਣੀ ਦੀ ਆਗਿਆ ਮੰਨਦੇ ਸਨ ਅਤੇ ਰਾਜੇ ਨੂੰ ਕੁਝ ਵੀ ਨਹੀਂ ਸਮਝਦੇ ਸਨ। ਰਾਣੀ ਜਿਸਨੂੰ ਮਾਰਨਾ ਚਾਹੁੰਦੀ ਮਾਰ ਦਿੰਦੀ ਸੀ ਅਤੇ ਜਿਸ ਨੂੰ ਬਚਾਉਣਾ ਚਾਹੁੰਦੀ ਸੀ ਬਚਾ ਲੈਂਦੀ ਸੀ॥੩॥

ਬੇਸ੍ਵਾ ਏਕ ਠੌਰ ਤਿਹ ਆਈ॥ ਤਿਹ ਪਰ ਰਹੇ ਨ੍ਰਿਪਤਿ ਉਰਝਾਈ॥
ਚਹਤ ਚਿੱਤ ਮਹਿ ਤਾਹਿ ਬੁਲਾਵੈ॥ ਨਿਜੁ ਨਾਰੀ ਕੈ ਤ੍ਰਾਸ ਤ੍ਰਸਾਵੈ॥ ੪॥

ਉਸ ਥਾਂ ਇਕ ਵੇਸਵਾ ਆਈ ਜਿਸ ਨੂੰ ਵੇਖ ਰਾਜਾ ਉਸ ਉਤੇ ਮੋਹਿਤ ਹੋ ਗਿਆ। ਉਹ ਹੁਣ ਚਾਹੁੰਦਾ ਸੀ ਕਿ ਉਸ ਨੂੰ ਆਪਣੇ ਘਰ ਬੁਲਾਉਂਦਾ ਪਰ ਆਪਣੀ ਇਸਤਰੀ ਤੋਂ ਬਹੁਤ ਡਰਦਾ ਸੀ॥੪॥

ਜਬ ਰਾਨੀ ਐਸੇ ਸੁਨਿ ਪਾਈ॥ ਇਹੈ ਚਿੱਤ ਅਪਨੇ ਠਹਰਾਈ॥
ਜੋ ਮੈਂ ਧਾਮ ਜਾਰ ਕੇ ਜਾਊਂ॥ ਨ੍ਰਿਪਨ ਕਹੈ ਕਛੁ ਮਾਫ ਕਰਾਊਂ॥ ੫॥

ਜਦ ਰਾਣੀ ਨੇ ਇਹ ਸਭ ਕੁਝ ਸੁਣਿਆ ਤਾਂ ਉਸ ਵੀ ਆਪਣੇ ਮਨ ਵਿਚ ਇਹ ਗੱਲ ਪੱਕੀ ਕੀਤੀ ਕਿ ਉਹ ਵੀ ਹੁਣ ਕਿਸੇ ਯਾਰ ਦੇ ਘਰ ਜਾਇਆ ਕਰੇਗੀ ਅਤੇ ਰਾਜੇ ਦੀ ਇਸ ਆਦਤ ਨੂੰ ਘੱਟ ਕਰਵਾਇਗੀ॥੫॥

ਰੈਨਿ ਸਮੈ ਜਬ ਤਹ ਨ੍ਰਿਪ ਆਏ॥ ਇਹ ਬਿਧਿ ਰਾਨੀ ਬਚਨ ਸੁਨਾਏ॥
ਮੋ ਤੇ ਤਾਹਿ ਸੁੰਦਰਿ ਤਿਹ ਜਾਨੌ॥ ਜਾਸੋ ਪ੍ਰੀਤਿ ਰਾਇ ਤੁਮ ਠਾਨੌ॥ ੬॥

ਰਾਤ ਸਮੇਂ ਜਦ ਰਾਜਾ ਘਰ ਆਇਆ ਤਾਂ ਰਾਣੀ ਨੇ ਕਿਹਾ ਕਿ ਤੁਸੀਂ ਉਸ ਔਰਤ ਨੂੰ ਮੇਰੇ ਨਾਲੋਂ ਜ਼ਿਆਦਾ ਸੋਹਣੀ ਸਮਝਦੇ ਹੋ ਜਿਸ ਕਰਕੇ ਤੁਸੀਂ ਉਸ ਨਾਲ ਏਨੀ ਪ੍ਰੀਤ ਪਾਈ ਹੈ॥੬॥

ਤਾਤੇ ਅਧਿਕ ਰੋਖ ਮੁਹਿ ਭਯੋ॥ ਬੇਸ੍ਵਾ ਕੇ ਰਾਜਾ ਗ੍ਰਿਹਿ ਗਯੋ॥
ਇਹ ਅਪਨੀ ਭਗਨਿਯਹਿ ਨ ਭਜੋ॥ ਮੋਸੋ ਪ੍ਰੀਤਿ ਨਤਰ ਤੁਮ ਤਜੋ॥ ੭॥

Namdhari Elibrary NamdhariElibrary@gmail.com

ਪਦ ਅਰਥ – ਭਗਨਿਯਹਿ=ਇਸਤਰੀ। ਨਤਰ=ਨਹੀਂ ਤਾਂ।

ਇਸ ਗੱਲ ਤੇ ਮੈਨੂੰ ਬਹੁਤ ਗੁੱਸਾ ਆਇਆ ਹੈ ਕਿ ਇਕ ਰਾਜਾ ਹੋ ਕੇ ਇਕ ਵੇਸਵਾ ਦੇ ਘਰ ਜਾਂਦਾ ਹੈ। ਤੁਸੀਂ ਇਸ ਵੇਸਵਾ ਨਾਲ ਭੋਗ ਨ ਕਰੋ ਜਾਂ ਫਿਰ ਮੇਰੇ ਨਾਲ ਪਿਆਰ ਕਰਨਾ ਛੱਡ ਦੇਵੋ॥੭॥

**ਜੌ ਤੁਮ ਬੇਸ੍ਵਾ ਕੇ ਗ੍ਰਿਹਿ ਜੈਹੋ॥ ਕਾਮ ਭੋਗ ਤਿਹ ਸਾਥ ਕਮੈਹੋ॥**
**ਤਬ ਮੈ ਧਾਮ ਜਾਰ ਕੇ ਜੈਹੋ॥ ਤੇਰੇ ਫੂਲਿ ਡਾਰਿ ਸਿਰ ਐਹੋ॥੮॥**

ਪਦ ਅਰਥ – ਮੈ ਧਾਮ ਜਾਰ ਕੇ ਜੈਹੋ=ਮੈਂ ਮਿੱਤਰ ਦੇ ਘਰ ਜਾਵਾਂਗੀ। ਤੇਰੇ ਫੂਲਿ ਡਾਰਿ ਸਿਰ ਐਹੋ= ਤੇਰੇ ਸਿਰ ਧੁਆਹ ਪਾ ਕੇ ਆਵਾਂਗੀ।

ਜੇ ਤੁਸੀਂ ਵੇਸਵਾ ਦੇ ਘਰ ਜਾਉਗੇ ਅਤੇ ਉਸ ਨਾਲ ਪ੍ਰੇਮ ਕ੍ਰੀੜਾ ਕਰੋਗੇ ਤਾਂ ਮੈਂ ਆਪਣੇ ਯਾਰ ਦੇ ਘਰ ਜਾਵਾਂਗੀ ਅਤੇ ਉਸ ਨਾਲ ਪ੍ਰੇਮ ਪਿਆਰ ਕਰਕੇ ਤੁਹਾਡੇ ਸਿਰ ਸੁਆਹ ਪਾਵਾਂਗੀ॥੮॥

**ਪ੍ਰਥਮ ਬਾਤ ਮੁਹਿ ਯਹ ਲਿਖਿ ਦਜਾਵਹੁ॥ ਜਿਹ ਜਾਨਹੁ ਤਿਹ ਬਹੁਰਿ ਬੁਲਾਵਹੁ॥**
**ਜਿਹ ਚਾਹੈ ਤਿਹ ਹੌਹੂੰ ਬੁਲਾਵੌਂ॥ ਕਾਮ ਕੇਲ ਤਿਹ ਸਾਥ ਕਮਾਵੌਂ॥੯॥**

ਪਹਿਲਾਂ ਮੈਨੂੰ ਇਹ ਗੱਲ ਲਿਖ ਦੇਵੋ ਅਤੇ ਫਿਰ ਜਿਸ ਨੂੰ ਚਾਹੋ ਆਪਣੇ ਘਰ ਬੁਲਾਓ। ਜਿਸ ਨੂੰ ਮਰਜ਼ੀ ਆਪਣੇ ਘਰ ਬੁਲਾਓ ਅਤੇ ਉਸ ਨਾਲ ਭੋਗ ਬਿਲਾਸ ਕਰੋ॥੯॥

**ਜਬ ਇਹ ਭਾਂਤਿ ਸੁਨੇ ਨ੍ਰਿਪ ਬੈਨਾ॥ ਜੋਰਿ ਰਹਾ ਨੈਨਨ ਸੋ ਨੈਨਾ॥**
**ਚੁਪ ਹ੍ਵੈ ਰਹਾ ਕਛੂ ਨਹਿ ਕਹਜੋ॥ ਤਵਨ ਭੇਦ ਇਸਤ੍ਰੀ ਇਨ ਲਹਜੋ॥੧੦॥**

ਰਾਜੇ ਨੇ ਜਦ ਇਹ ਗੱਲ ਸੁਣੀ ਅਤੇ ਜਦ ਉਸ ਉਸਦੀਆਂ ਅੱਖਾਂ ਵਿਚ ਅੱਖਾਂ ਪਾਈਆਂ ਤਾਂ ਚੁਪ ਰਿਹਾ ਅਤੇ ਕੋਈ ਗੱਲ ਨ ਕੀਤੀ। ਉਹ ਸਮਝ ਗਿਆ ਕਿ ਇਸਤਰੀ ਉਸ ਦੇ ਭੇਤ ਨੂੰ ਜਾਣ ਗਈ ਹੈ॥੧੦॥

**ਮੋਰੀ ਲਗਨ ਉਤੈ ਲਗਿ ਗਈ॥ ਤਬ ਰਾਨੀ ਅਸਿ ਬਾਤ ਠਟਈ॥**
**ਤਾਕੋ ਕਰਿਯੈ ਕਵਨ ਉਪਾਈ॥ ਮੁਹਿ ਤੇ ਤਜੀ ਨ ਬੇਸ੍ਵਾ ਜਾਈ॥੧੧॥**

ਰਾਜੇ ਸੋਚਿਆ ਕਿ ਮੇਰੀ ਲਗਨ ਵੇਸਵਾ ਨਾਲ ਲੱਗ ਗਈ ਹੈ, ਏਸੇ ਕਰਕੇ ਰਾਣੀ ਨੇ ਅਜੇਹੀ ਗੱਲ ਕੀਤੀ ਹੈ। ਇਸ ਦਾ ਹੁਣ ਕੋਈ ਉਪਾਅ ਕਰਨਾ ਚਾਹੀਦਾ ਹੈ ਕਿਉਂਕਿ ਵੇਸਵਾ ਨੂੰ ਮੈਥੋਂ ਛਡਿਆ ਨਹੀਂ ਜਾ ਸਕੇਗਾ॥੧੧॥

**ਅਬ ਯਹ ਬਾਤ ਰਾਨਿਯਹਿ ਗਹੀ॥ ਮੋਰਿ ਪ੍ਰੀਤਿ ਬੇਸ੍ਵਾ ਸੰਗ ਲਹੀ॥**

Namdhari Elibrary NamdhariElibrary@gmail.com

**ਵਾ ਬਿਨੁ ਮੋਸੋ ਰਹਜੋ ਨ ਜਾਈ॥ ਤਾਹਿ ਭਜੇ ਕਰ ਤੇ ਤ੍ਰਿਯ ਜਾਈ॥੧੨॥**

ਪਦ ਅਰਥ - ਗਹੀ=ਫੜ ਲਈ। ਬੇਸ੍ਵਾ=ਵੇਸਵਾ। ਕਰ=ਹੱਥੋਂ।

ਹੁਣ ਰਾਣੀ ਨੇ ਮੇਰੀ ਵੇਸਵਾ ਨਾਲ ਪ੍ਰੀਤ ਵਾਲੀ ਗੱਲ ਨੂੰ ਫੜ ਲਿਆ ਹੈ। ਪਰ ਮੇਰੇ ਪਾਸੋਂ ਵੇਸਵਾ ਨਾਲ ਪ੍ਰੀਤ ਕੀਤੇ ਬਿਨਾਂ ਰਿਹਾ ਨਹੀਂ ਜਾਣਾ, ਪਰ ਉਸ ਨਾਲ ਪ੍ਰੇਮ ਕ੍ਰੀੜਾ ਕਰਦਾ ਹਾਂ ਤਾਂ ਆਪਣੀ ਇਸਤਰੀ ਗਵਾਉਂਦਾ ਹਾਂ॥੧੨॥

**ਜਬ ਨ੍ਰਿਪ ਫਿਰਿ ਰਾਨੀ ਕੇ ਆਯੋ॥ ਤਬ ਰਾਨੀ ਇਹ ਭਾਂਤਿ ਸੁਨਾਯੋ॥**
**ਤੁਹਿ ਬੇਸ੍ਵਾ ਕੇ ਗਜੋ ਸੁਨਿ ਪੈਹੌਂ॥ ਤਬ ਮੈਂ ਭੋਗ ਜਾਰ ਸੌ ਕੈਹੌਂ॥੧੩॥**

ਜਦ ਰਾਜਾ ਰਾਣੀ ਪਾਸ ਦੁਬਾਰਾ ਆਇਆ ਤਾਂ ਰਾਣੀ ਨੇ ਇਸ ਤਰ੍ਹਾਂ ਸੁਣਾ ਕੇ ਉਸ ਨੂੰ ਕਿਹਾ, " ਜੇ ਮੈਨੂੰ ਪਤਾ ਲੱਗਾ ਕਿ ਤੁਸੀਂ ਦੁਬਾਰਾ ਵੇਸਵਾ ਪਾਸ ਗਏ ਹੋ ਤਾਂ ਮੈਂ ਫਿਰ ਆਪਣੇ ਯਾਰ ਪਾਸ ਚਲੀ ਜਾਵਾਂਗੀ॥੧੩॥

**ਅਬ ਤੁਮ ਹ੍ਵੈ ਨ੍ਰਿਧਾਤ ਪਿਯ ਗਏ॥ ਤਾਤੇ ਸੁਤ ਗ੍ਰਿਹਿ ਹੋਤ ਨ ਭਏ॥**
**ਜਬ ਭਜਿ ਹੈ ਜੁ ਲੋਗ ਇਹ ਬਾਮਾ॥ ਹ੍ਵੈ ਹੈ ਪੂਤ ਤਿਹਾਰੋ ਧਾਮਾ॥੧੪॥**

ਪਦ ਅਰਥ - ਨ੍ਰਿਧਾਤ=ਨਿਪੁੰਸਿਕ। ਬਾਮਾ=ਔਰਤ।

ਰਾਣੀ ਨੇ ਕਿਹਾ ਕਿ ਤੁਸੀਂ ਹੁਣ ਨਿਪੁੰਨਸਿਕ ਹੋ ਗਏ ਹੋ, ਏਸੇ ਕਰਕੇ ਤੁਹਾਡੇ ਘਰ ਕੋਈ ਪੁੱਤਰ ਪੈਦਾ ਨਹੀਂ ਹੋ ਰਿਹਾ ਹੈ। ਜਦ ਤੁਹਾਡੀ ਇਸ ਪਤਨੀ ਨਾਲ ਗ਼ੈਰ ਮਰਦ ਕਾਮ ਕ੍ਰੀੜਾ ਕਰਨਗੇ ਤਦ ਹੀ ਤੁਹਾਡੇ ਘਰ ਵਿਚ ਕੋਈ ਪੁੱਤਰ ਪੈਦਾ ਹੋਵੇਗਾ॥੧੪॥

**ਤਬ ਰਾਜੈ ਯੌ ਹ੍ਰਿਦੈ ਬਿਚਾਰੀ॥ ਭਲੀ ਬਾਤ ਰਾਨਿਯਹਿ ਉਚਾਰੀ॥**
**ਤਾਕੌ ਭੋਗ ਮਾਫ ਲਿਖਿ ਦੀਯੋ॥ ਆਪ ਗਵਨ ਬੇਸ੍ਵਾ ਕੇ ਕੀਯੋ॥੧੫॥**

ਜਦ ਰਾਜੇ ਨੇ ਇਹ ਸੋਚਿਆ ਕਿ ਰਾਣੀ ਠੀਕ ਹੀ ਕਹਿ ਰਹੀ ਹੈ ਤਾਂ ਉਸ ਨੇ ਰਾਣੀ ਨੂੰ ਪਰਾਏ ਮਰਦ ਨਾਲ ਭੋਗ ਬਿਲਾਸ ਦੀ ਮੁਆਫੀ ਦੇ ਦਿੱਤੀ ਅਤੇ ਖੁਦ ਵੇਸਵਾ ਦੇ ਘਰ ਚਲਾ ਗਿਆ॥੧੫॥

**ਜਬ ਰਾਜਾ ਬੇਸ੍ਵਾ ਕੇ ਜਾਵੈ॥ ਜਿਹ ਚਾਹੈ ਤਿਹ ਨਾਰਿ ਬੁਲਾਵੈ॥**
**ਕਾਮ ਭੋਗ ਤੋਸੌ ਦ੍ਰਿੜ ਕਰਈ॥ ਹ੍ਰਿਦੈ ਨ੍ਰਿਪਤਿ ਕੀ ਸ਼ੰਕ ਨ ਧਰਈ॥੧੬॥**

ਜਦ ਰਾਜਾ ਵੇਸਵਾ ਦੇ ਘਰ ਚਲਾ ਜਾਂਦਾ ਤਾਂ ਇਸਤਰੀ ਆਪਣੀ ਮਨ ਮਰਜ਼ੀ ਦੇ ਮਰਦਾਂ ਨੂੰ ਘਰ ਬੁਲਾਉਣ ਲੱਗ ਪਈ। ਹੁਣ ਉਹ ਉਨ੍ਹਾਂ ਨਾਲ ਕਿਸੇ ਭੈਅ ਤੋਂ ਬਗ਼ੈਰ ਕਾਮ ਕ੍ਰੀੜਾ ਕਰਦੀ ਸੀ॥੧੬॥

**ਰਾਨੀ ਬੇਸ੍ਹਹਿ ਆਪੁ ਬੁਲਾਯੋ॥ ਇਹ ਛਲ ਰਾਜਾ ਤੇ ਲਿਖਿਵਾਯੋ॥
ਜਿਹ ਚਾਹੈ ਤਿਹ ਬੋਲਿ ਪਠਾਵੈ॥ ਕਾਮ ਭੋਗਿ ਰੁਚਿ ਮਾਨਿ ਕਮਾਵੈ॥੧੭॥**

ਰਾਣੀ ਨੇ ਅਸਲ ਵਿਚ ਵੇਸਵਾ ਨੂੰ ਖੁਦ ਆਪਣੇ ਘਰ ਬੁਲਾਇਆ ਸੀ ਅਤੇ ਛੱਲ ਕਰਕੇ ਰਾਜੇ ਤੋਂ ਬਚਨ ਲਿਖਵਾ ਲਿਆ ਸੀ। ਉਹ ਜਿਸ ਨੂੰ ਚਾਹੁੰਦੀ ਸੀ, ਬੁਲਾ ਲੈਂਦੀ ਸੀ ਅਤੇ ਆਪਣੀ ਮਰਜ਼ੀ ਅਨੁਸਾਰ ਕਾਮ ਕ੍ਰੀੜਾ ਕਰਦੀ ਸੀ॥੧੭॥

**ਮੂਰਖ ਭੇਦ ਨ ਰਾਜੈ ਪਾਯੋ॥ ਇਹ ਛਲ ਅਪਨੋ ਮੂੰਡ ਮੁਡਾਯੋ॥
ਅਬਲਾ ਐਸੋ ਚਰਿਤ ਬਨਯੋ॥ ਪਤਿ ਤ੍ਰੇ ਭੋਗ ਮਾਫ ਕਰਿ ਲਯੋ॥੧੮॥੧॥**

ਮੂਰਖ ਰਾਜਾ ਖੁਦ ਨ ਸਮਝ ਸਕਿਆ ਅਤੇ ਛਲਿਆ ਗਿਆ। ਇਸਤਰੀ ਨੇ ਇਸ ਤਰ੍ਹਾਂ ਦਾ ਚਲਿੱਤਰ ਖੇਡ ਕੇ ਰਾਜੇ ਪਾਸੋਂ ਦੂਸਰੇ ਮਰਦ ਪਾਸ ਜਾਣ ਦੀ ਮੁਆਫੀ ਲਿਖਵਾ ਲਈ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤਰਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੩॥੫੫੮੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਤਿਰਾਨੋਵੀਂ ਕਥਾ ਸਮਾਪਤ॥੨੯੩॥੫੫੮੯॥ਚਲਦਾ॥

## ਚਲਿੱਤਰ ਦੋ ਸੌ ਚੁਰਾਨਵਾਂ

## ਕਥਾ ਅਨਦਾ ਵਤੀ

**ਚੌਪਈ॥ਅਨਦਾ ਵਤੀ ਨਗਰ ਇਕ ਸੁਨਾ॥ਆਨਦ ਸੈਨ ਨ੍ਰਿਪਤਿ ਬਹੁ ਗੁਨਾ॥
ਅਨਦਾਵਤੀ ਸਦਨ ਤਿਹ ਬਾਲਾ॥ ਜਗਤ ਭਯੋ ਤਾਤੇ ਉਜਿਯਾਲਾ॥ ੧॥**

ਅਨਾਦਾਵਤੀ ਇਕ ਨਗਰ ਸੁਣਿਆ ਜਾਂਦਾ ਹੈ, ਜਿਥੋਂ ਦਾ ਰਾਜਾ ਆਨਦ ਸੈਨ ਬਹੁਤ ਗੁਣਵਾਨ ਸੀ। ਉਸ ਦੇ ਘਰ ਅਨਦਾਵਤੀ ਨਾਮੀਂ ਇਸਤਰੀ ਸੀ ਜਿਹੜੀ ਏਨੀ ਖੂਬਸੂਰਤ ਸੀ ਕਿ ਮਾਨੋਂ ਦੁਨੀਆਂ ਨੇ ਉਸ ਪਾਸੋਂ ਪ੍ਰਕਾਸ਼ ਲਿਆ ਹੋਵੇ॥੧॥

**ਅਧਿਕ ਰੂਪ ਬਿਧਿਨਾ ਤਿਹ ਕੀਨਾ॥ ਜਾ ਸਮ ਰੂਪ ਨ ਦੂਸਰ ਦੀਨਾ॥
ਆਯੋ ਪੁਰਖ ਏਕ ਤਬ ਬਨੋ॥ ਰਾਨੀ ਤੇ ਸੁੰਦਰਿ ਥੋ ਘਨੋ॥ ੨॥**

ਪਦ ਅਰਥ - ਬਿਧਿਨਾ=ਵਿਧਾਤਾ। ਘਨੋ=ਬਹੁਤ , ਜ਼ਿਆਦਾ।

ਵਿਧਾਤਾ ਨੇ ਉਸ ਨੂੰ ਬਹੁਤ ਰੂਪ ਦਿੱਤਾ ਸੀ ਅਤੇ ਸੰਸਾਰ ਵਿਚ ਉਸ ਵਰਗਾ ਹੋਰ ਕੋਈ

Namdhari Elibrary NamdhariElibrary@gmail.com

ਨਹੀਂ ਸੀ। ਉਥੇ ਇਕ ਵਿਅਕਤੀ ਆਇਆ ਜਿਹੜਾ ਉਸ ਰਾਣੀ ਨਾਲੋਂ ਵੀ ਜ਼ਿਆਦਾ ਸੁੰਦਰ ਸੀ।।੨।।

**ਜਬ ਅਬਲਾ ਤਿਹ ਰੂਪ ਨਿਹਾਰਾ।। ਮਦਨ ਬਾਨ ਤਾਕੇ ਤਨ ਮਾਰਾ।।**
**ਰੀਝਿ ਰਹੀ ਸੁੰਦਰਿ ਮਨ ਮਾਹੀ।। ਘਰ ਬਾਹਰ ਕੀ ਕਛੁ ਸੁਧਿ ਨਾਹੀ।। ੩।।**

ਜਦ ਰਾਣੀ ਨੇ ਉਸ ਦੇ ਸੁੰਦਰ ਸਰੂਪ ਨੂੰ ਵੇਖਿਆ ਤਾਂ ਉਹ ਝਟ ਕਾਮ ਦੇ ਤੀਰਾਂ ਨਾਲ ਵਿੰਨ੍ਹੀ ਗਈ। ਉਹ ਉਸ ਤੇ ਆਸ਼ਿਕ ਹੋ ਗਈ ਅਤੇ ਘਰ ਬਾਰ ਦੀ ਸਭ ਸੁੱਧ ਬੁੱਧ ਭੁਲ ਗਈ।।੩।।

**ਪਠੈ ਹਿਤੂ ਇਕ ਤਾਹਿ ਬੁਲਾਵਾ।। ਕਾਮ ਭੋਗ ਤਿਹ ਸਾਥ ਕਮਾਵਾ।।**
**ਮਨ ਮਾਨਤ ਆਸਨ ਤਿਹ ਦਏ।। ਚੁੰਬਨ ਔਰ ਅਲਿੰਗਨ ਲਏ।। ੪।।**

ਆਪਣੀ ਇਕ ਹਿਤੂ ਸਖੀ ਨੂੰ ਭੇਜ ਕੇ ਮਿੱਤਰ ਨੂੰ ਬੁਲਾ ਲਿਆ ਅਤੇ ਉਸ ਨਾਲ ਕਾਮ ਕ੍ਰੀੜਾ ਕੀਤੀ। ਚੁੰਮੀਆਂ ਲਈਆਂ ਅਤੇ ਜੱਫੀਆਂ ਪਾਈਆਂ ਅਤੇ ਮਨ ਭਾਉਂਦੇ ਆਸਣ ਪ੍ਰਧਾਨ ਕੀਤੇ।।੪।।

**ਅਧਿਕ ਮਿੱਤ੍ਰ ਰਾਨੀ ਕਹ ਭਾਯੋ।। ਇਹ ਬਿਧਿ ਤਾਹਿ ਪ੍ਰਬੋਧ ਜਨਾਯੋ।।**
**ਕਹਾ ਉਜਾਰਿ ਜਹਾਂ ਬਡ ਅੱਹੀ।। ਆਸਨ ਲਾਇ ਬੈਠਿਯੋ ਤੱਹੀ।। ੫।।**

ਪਦ ਅਰਥ - ਭਾਯੋ=ਚੰਗਾ ਲੱਗਾ। ਪ੍ਰਬੋਧ ਜਨਾਯੋ=ਸਮਝਾਇਆ। ਉਜਾਰਿ=ਜੰਗਲ ਬੀਆਬਾਨ।

ਰਾਣੀ ਨੂੰ ਉਹ ਮਿੱਤਰ ਬਹੁਤ ਚੰਗਾ ਲੱਗਾ ਅਤੇ ਰਾਣੀ ਨੇ ਉਸ ਨੂੰ ਸਮਝਾਇਆ ਕਿ ਜਿਥੇ ਉਜਾੜ ਬੀਆਬਾਨ ਹੋਵੇ ਉਥੇ ਆਸਣ ਜਮਾ ਕੇ ਬੈਠ ਜਾਵੇਂ।।੫।।

**ਸਭ ਹੀ ਅੰਗ ਬਿਭੂਤਿ ਚੜੈਯਹੁ।। ਦ੍ਰੁਮ ਤਰ ਬੈਠੇ ਧਯਾਨ ਲਗੈਯਹੁ।।**
**ਰਾਜਾ ਸਹਿਤ ਤਹਾਂ ਹਮ ਐਹੈਂ।। ਤੁਮੈਂ ਧਾਮ ਜਯੋਂ ਤਯੋਂ ਲੈ ਜੈਹੈਂ।। ੬।।**

ਸਾਰੇ ਸਰੀਰ ਨੂੰ ਸਵਾਹ ਮਲ ਕੇ ਦਰੱਖਤ ਦੇ ਥਲੇ ਸਮਾਧੀ ਲਾ ਕੇ ਬੈਠ ਜਾਵੇਂ। ਮੈਂ ਰਾਜੇ ਸਮੇਤ ਉਥੇ ਆਵਾਂਗੀ ਅਤੇ ਮੈਂ ਜਿਵੇਂ ਵੀ ਤੈਨੂੰ ਲੈ ਆਵਾਂਗੀ।।੬।।

**ਮਾਨਿ ਜਾਰ ਸੋਈ ਬਚ ਲਯੋ।। ਭੇਖ ਅਤਿਥ ਕੋ ਧਾਰਤ ਭਯੋ।।**
**ਆਸਨ ਏਕ ਬ੍ਰਿੱਛ ਤਰ ਮਾਰਾ।। ਯੌ ਰਾਜਾ ਸੌ ਨਾਰਿ ਉਚਾਰਾ।। ੭।।**

ਪਦ ਅਰਥ - ਬਚ=ਬਚਨ। ਭੇਖ ਅਤਿਥ=ਸਾਧੂ ਦਾ ਭੇਸ।

ਮਿੱਤਰ ਨੂੰ ਜਿਸ ਤਰ੍ਹਾਂ ਸਮਝਾਇਆ ਗਿਆ ਸੀ, ਉਸ ਨੇ ਉਸ ਤਰ੍ਹਾਂ ਕੀਤਾ ਅਤੇ ਫਕੀਰੀ ਬਾਣਾ ਪਾ ਲਿਆ ਅਤੇ ਇਕ ਰੁੱਖ ਦੇ ਥੱਲੇ ਜਾ ਕੇ ਆਸਣ ਜਮਾ ਲਿਆ। ਦੂਸਰੇ ਪਾਸੇ ਰਾਣੀ ਨੇ ਰਾਜੇ ਨੂੰ ਕਿਹਾ।।੭।।

Namdhari Elibrary NamdhariElibrary@gmail.com

**ਸੋਵਤ ਹੁਤੀ ਸੁਪਨ ਮੈਂ ਪਾਯੋ॥ ਮਹਾਂ ਰੁਦ੍ਰ ਮੇਰੇ ਗ੍ਰਿਹਿ ਆਯੋ॥**
**ਪਾਵ ਸਾਥ ਤਿਨ ਮੋਹਿ ਜਗਾਯੋ॥ ਅਧਿਕ ਕ੍ਰਿਪਾ ਕਰਿ ਬਚਨ ਸੁਨਾਯੋ॥ ੮॥**

'ਰਾਤ ਨੂੰ ਸੁਤਿਆ ਹੋਇਆਂ ਮੈਂ ਸੁਪਨੇ ਵਿਚ ਵੇਖਿਆ ਹੈ ਕਿ ਸ਼ਿਵਜੀ ਸਾਡੇ ਘਰ ਆਏ ਹਨ। ਉਨ੍ਹਾਂ ਨੇ ਆਪਣਾ ਪੈਰ ਮਾਰ ਕੇ ਮੈਨੂੰ ਜਗਾਇਆ ਅਤੇ ਅਤਿ ਕਿਰਪਾ ਪੂਰਬਕ ਮੈਨੂੰ ਕਿਹਾ॥੮॥

**ਤੁਮ ਰਾਜਾ ਜੂ ਸਾਥ ਉਚਰਿਯਹੁ॥ਏਕ ਬਾਤ ਚਿਤ ਭੀਤਰਿ ਧਰਿਯਹੁ॥**
**ਏਕ ਰਖੀਸੁਰ ਬਨ ਮਹਿ ਸੁਨਾ॥ ਤਾ ਸਮ ਭਯੋ ਨ ਹੈ ਕਹੂੰ ਮੁਨਾ॥ ੯॥**

ਤੂੰ ਇਹ ਗੱਲ ਮਨ ਵਿਚ ਰੱਖ ਕੇ ਰਾਜੇ ਨੂੰ ਕਹੋ ਕਿ ਇਕ ਰਿਸ਼ੀ ਜੰਗਲ ਵਿਚ ਆਇਆ ਹੈ ਅਤੇ ਉਸ ਵਰਗਾ ਹੋਰ ਕੋਈ ਰਿਸ਼ੀ ਮੁਨੀ ਨਹੀਂ ਹੋਇਆ ਹੈ॥੯॥

**ਰਾਜਾ ਸਹਿਤ ਜਾਇ ਤਿਹ ਲਜੈਯਹੁ॥ਦ੍ਵਾਦਸ ਬਰਖ ਸੰਗ ਲੈ ਸ੍ਵੈਯਹੁ॥**
**ਨਿਹਸੰਸੈ ਘਰ ਮੈ ਸੁਤ ਹੋਈ॥ ਯਾ ਮੈ ਬਾਤ ਨ ਦੂਜੀ ਕੋਈ॥ ੧੦॥**

ਰਾਜੇ ਨੂੰ ਨਾਲ ਲੈ ਕੇ ਉਥੇ ਜਾਓ ਅਤੇ ਉਸ ਰਿਸ਼ੀ ਨੂੰ ਘਰ ਵਿਚ ਲਿਆਵੋ। ਬਾਰਾਂ ਸਾਲ ਤਕ ਉਸ ਨਾਲ ਸੇਜ ਮਾਣੋ ਫਿਰ ਤੁਹਾਡੇ ਘਰ ਅਵੱਸ਼ ਇਕ ਪੁੱਤਰ ਪੈਦਾ ਹੋਵੇਗਾ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਹੈ॥੧੦॥

**ਮਹਾਂ ਜਤੀ ਤਿਹ ਮੁਨਿ ਕੋ ਜਾਨਹੁ॥ ਕਹੂੰ ਨ ਬਿਨਸਾ ਤਾਹਿ ਪਛਾਨਹੁ॥**
**ਰੰਭਾਦਿਕ ਇਸਤ੍ਰੀ ਪਚਿਹਾਰੀ॥ ਬ੍ਰਤ ਤੇ ਟਰਾ ਨ ਰਿਖਿ ਬ੍ਰਤ ਧਾਰੀ॥ ੧੧॥**

ਉਸ ਰਿਸ਼ੀ ਨੂੰ ਮਹਾਨ ਜਤੀ ਸਮਝੋ ਅਤੇ ਇਹ ਜਾਣ ਲਵੋ ਕਿ ਉਹ ਕਦੀ ਵੀ ਨਸ਼ਟ ਹੋਣ ਵਾਲਾ ਨਹੀਂ। ਰੰਭਾ ਵਰਗੀਆਂ ਅਪੱਛਰਾਵਾਂ ਵੀ ਯਤਨ ਕਰਕੇ ਹਾਰ ਗਈਆਂ ਹਨ, ਪਰ ਕੋਈ ਵੀ ਉਸ ਦੇ ਜਤੀ ਵਰਤ ਨੂੰ ਭੰਗ ਨਹੀਂ ਕਰ ਸਕਿਆ॥੧੧॥

**ਹਮ ਤੁਮ ਸਾਥ ਤਹਾਂ ਦੋਊ ਜਾਵੈਂ॥ ਜਜੋਂ ਤਜੋਂ ਮੁਨਹਿ ਪਾਇ ਪਰ ਲਜਾਵੈਂ॥**
**ਬਾਰਹ ਬਰਿਸ ਮੋਰਿ ਸੰਗ ਸ੍ਵਾਵਹੁ॥ ਨਿਹਸੰਸੈ ਘਰ ਮੈ ਸੁਤ ਪਾਵਹੁ॥ ੧੨॥**

ਇਸ ਲਈ ਅਸੀਂ ਦੋਵੇਂ ਉਥੇ ਚਲੀਏ ਅਤੇ ਕਿਸੇ ਤਰ੍ਹਾਂ ਵੀ ਸਮਝਾ ਕੇ, ਮਿੰਨਤ ਤਰਲਾ ਕਰਕੇ ਉਸ ਨੂੰ ਇਥੇ ਲੈ ਆਈਏ। ਬਾਰਾਂ ਸਾਲ ਉਸ ਨੂੰ ਮੇਰੇ ਨਾਲ ਸੌਣ ਦੇਵੋ ਅਤੇ ਕਿਸੇ ਡਰ ਸ਼ੱਕ ਤੋਂ ਰਹਿਤ ਹੋ ਕੇ ਪੁੱਤਰ ਦੀ ਪ੍ਰਾਪਤੀ ਕਰੋ॥੧੨॥

**ਸੁਨਿ ਬਚ ਨ੍ਰਿਪ ਉਠਿ ਠਾਢੋ ਭਯੋ॥ਰਾਨੀ ਸਹਿਤ ਤਵਨ ਬਨ ਗਯੋ॥**
**ਜਹ ਦ੍ਵੈ ਬ੍ਰਿਛ ਗਗਨ ਤਨ ਰਹੇ॥ ਘੋਰ ਭਯਾਨਕ ਜਾਤ ਨ ਕਹੇ॥ ੧੩॥**

Namdhari Elibrary NamdhariElibrary@gmail.com

ਪਦ ਅਰਥ – ਠਾਢੋ ਭਯੋ=ਉੱਠ ਕੇ ਖਲੋ ਗਿਆ। ਗਗਨ=ਆਕਾਸ਼।

ਇਹ ਗੱਲ ਸੁਣ ਕੇ ਰਾਜਾ ਉਠ ਕੇ ਖੜਾ ਹੋ ਗਿਆ ਅਤੇ ਰਾਣੀ ਦੇ ਨਾਲ ਉਸ ਜੰਗਲ ਵਿਚ ਚਲੇ ਗਿਆ ਜਿਥੇ ਭਿਆਨਕ ਉਚੇ ਉਚੇ ਦਰੱਖਤ ਅਕਾਸ਼ ਨੂੰ ਛੂਹ ਰਹੇ ਸਨ।।੧੩।।

**ਰਾਨੀ ਸਹਿਤ ਰਾਵ ਤਹ ਗਯੋ।। ਹੇਰਤ ਤਵਨ ਮੁਨੀਸਹਿ ਭਯੋ।।**
**ਨਾਰਿ ਸਹਿਤ ਪਾਇਨ ਤਿਹ ਪਰਿਯੋ।। ਚਿਤ ਮੈ ਇਹੈ ਬਿਚਾਰ ਬਿਚਾਰਿਯੋ।। ੧੪।।**

ਰਾਣੀ ਸਮੇਤ ਰਾਜਾ ਉਥੇ ਗਿਆ ਅਤੇ ਓਥੇ ਜਾ ਕੇ ਉਸ ਮੁਨੀ ਨੂੰ ਵੇਖਿਆ। ਆਪਣੀ ਇਸਤਰੀ ਸਮੇਤ ਉਹ ਉਸ ਦੇ ਪੈਰੀਂ ਪੈ ਗਿਆ ਅਤੇ ਦਿਲ ਵਿਚ ਇਹ ਵਿਚਾਰ ਬਣਾ ਲਿਆ।।੧੪।।

**ਜੋ ਸ਼ਿਵ ਸੁਪਨ ਸਮੈਂ ਕਹਿ ਗਯੋ।। ਸੋ ਹਮ ਸਾਚੁ ਦ੍ਰਿਗਨ ਲਹਿ ਲਯੋ।।**
**ਜਜੋਂ ਤਜੋਂ ਕਰਿ ਇਹ ਗ੍ਰਿਹ ਲੈ ਜਾਊਂ।। ਲੈ ਰਾਨੀ ਕੇ ਸਾਥ ਸੁਵਾਊਂ।। ੧੫।।**

ਪਦ ਅਰਥ – ਦ੍ਰਿਗਨ=ਅੱਖਾਂ। ਲਹਿ ਲਯੋ=ਵੇਖ ਲਿਆ ਹੈ।

ਜੋ ਸ਼ਿਵਜੀ ਸੁਪਨੇ ਵਿਚ ਕਹਿ ਗਿਆ ਹੈ, ਉਹੋ ਕੁਝ ਸੱਚ ਮੁਚ ਅਜ ਮੈਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ । ਜਿਵੇਂ ਕਿਵੇਂ ਇਸ ਨੂੰ ਮੈਂ ਅਜ ਘਰ ਲੈ ਜਾਵਾਂ ਅਤੇ ਜਾਕੇ ਅਜ ਰਾਣੀ ਦੇ ਨਾਲ ਸੁਵਾਵਾਂ।।੧੫।।

**ਜਜੋਂ ਜਜੋਂ ਨ੍ਰਿਪ ਪਾਇਨ ਪਰ ਪਰੈ।। ਤਜੋਂ ਤਜੋਂ ਮੁਨਿ ਆਂਖੈਂ ਨ ਉਘਰੈ।।**
**ਤਜੋਂ ਰਾਜਾ ਸੀਸਹਿ ਨਿਹੁਰਾਵੈ।। ਤਾਕਹ ਮਹਾਂ ਮੁਨੀ ਠਹਰਾਵੈ।। ੧੬।।**

ਪਦ ਅਰਥ – ਉਘਰੈ=ਅੱਖ ਨਹੀਂ ਖੋਲ੍ਹਦਾ ਸੀ। ਸੀਸਹਿ ਨਿਹੁਰਾਵੈ=ਸੀਸ ਨਵਾਉਂਦਾ ਸੀ।

ਪਰ ਜਿਵੇਂ ਜਿਵੇਂ ਰਾਜਾ ਉਸ ਦੇ ਪੈਰੀਂ ਪੈਂਦਾ ਸੀ ਅਤੇ ਪੈਰਾਂ ਤੇ ਮੱਥਾ ਰਗੜਦਾ ਸੀ ਉਹ ਮੁਨੀ ਅੱਖ ਹੀ ਨਹੀਂ ਖੋਲ੍ਹਦਾ ਸੀ। ਫਿਰ ਰਾਜਾ ਹੋਰ ਸਿਰ ਨੀਂਵਾਂ ਕਰਦਾ ਸੀ ਅਤੇ ਮਹਾਂ ਮੁਨੀ ਵਲ ਤਰਲੇ ਭਰੀਆਂ ਅੱਖਾਂ ਨਾਲ ਵੇਖਦਾ ਸੀ।।੧੬।।

**ਜਬ ਨ੍ਰਿਪ ਅਨਿਕ ਬਾਰ ਪਗ ਪਰਾ।। ਤਬ ਆਂਖੈ ਮੁਨਿ ਦੂਹੂੰ ਉਘਰਾ।।**
**ਤਾਸੋਂ ਕਹਾ ਕਿਹ ਨਮਿਤਿ ਆਯੋ।। ਕਿਹ ਕਾਰਨ ਇਸਤ੍ਰੀ ਸੰਗ ਲਜਾਯੋ।। ੧੭।।**

ਜਦੋਂ ਰਾਜਾ ਬਹੁਤ ਵਾਰ ਉਸ ਦੇ ਪੈਰੀਂ ਪਿਆ ਤਦ ਉਸ ਮੁਨੀ ਨੇ ਦੋਵੇਂ ਅੱਖਾਂ ਖੋਲ੍ਹੀਆਂ। ਮੁਨੀ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਮੇਰੇ ਕੋਲ ਕੀ ਲੈਣ ਆਇਆ ਹੈਂ ਅਤੇ ਕਿਸ ਕਾਰਨ ਇਸ ਇਸਤਰੀ ਨੂੰ ਨਾਲ ਲੈ ਕੇ ਆਏ ਹੋ।।੧੭।।

**ਹਮ ਹੈਂ ਮੁਨਿ ਕਾਨਨ ਕੇ ਬਾਸੀ।। ਏਕ ਨਾਮ ਜਾਨਤ ਅਬਿਨਾਸੀ।।**

Namdhari Elibrary NamdhariElibrary@gmail.com

ਰਾਜਾ ਪ੍ਰਜਾ ਬਸਤ ਕਿਹ ਠੌਰਾ।। ਹਮ ਪ੍ਰਭ ਕੇ ਰਾਚੇ ਰਸ ਬੌਰਾ।। ੧੮।।

ਪਦ ਅਰਥ - ਕਾਨਨ ਕੇ ਬਾਸੀ=ਜੰਗਲ ਵਾਸੀ। ਅਬਿਨਾਸੀ=ਨਾਸ ਰਹਿਤ, ਪ੍ਰਭੂ।

ਅਸੀਂ ਤਾਂ ਜੰਗਲਾਂ ਦੇ ਵਾਸੀ, ਕੇਵਲ ਇਕ ਪ੍ਰਭੂ ਨੂੰ ਮੰਨਣ ਵਾਲੇ ਹਾਂ (ਪੱਥਰਾਂ ਨੂੰ ਨਹੀਂ) ਅਸੀਂ ਕੁਝ ਨਹੀਂ ਜਾਣਦੇ ਕਿ ਰਾਜਾ ਪਰਜਾ ਕਿਥੇ ਵਸਦੇ ਹਨ। ਅਸੀਂ ਪ੍ਰਭੂ ਦੇ ਰਸ ਵਿਚ ਬਾਵਰੇ ਹੋਏ ਹਾਂ।।੧੮।।

ਯਹ ਸੰਪਤਿ ਹਮਰੇ ਕਿਹ ਕਾਜਾ।। ਜੋ ਲੈ ਹਮੈਂ ਦਿਖਾਵਤ ਰਾਜਾ।।
ਹਮ ਨਹਿ ਧਾਮ ਕਿਸੂਕੇ ਜਾਹੀਂ।। ਬਨ ਹੀ ਮਹਿ ਹਰਿ ਧਜਾਨ ਲਗਾਹੀਂ।। ੧੯।।

ਇਹ ਸੰਪਤੀਆਂ, ਜਾਇਦਾਦਾਂ ਸਾਡੇ ਕਿਸੇ ਕੰਮ ਨਹੀਂ ਜਿਨ੍ਹਾਂ ਬਾਰੇ ਸਾਨੂੰ ਦੱਸ ਰਹੇ ਹੋ। ਅਸੀਂ ਕਿਸੇ ਦੇ ਘਰ ਨਹੀਂ ਜਾਂਦੇ ਅਤੇ ਵਣ ਵਿਚ ਹੀ ਸਮਾਧੀ ਲਾਉਂਦੇ ਹਾਂ।।੧੯।।

ਕ੍ਰਿਪਾ ਕਰਹੁ ਨ੍ਰਿਪ ਧਾਮ ਪਧਾਰੋ।। ਹਮਰੇ ਬਡੇ ਅਘਨ ਕਹ ਟਾਰੋ।।
ਬਾਰਹ ਬਰਿਸ ਕ੍ਰਿਪਾ ਕਰਿ ਰਹਿਯੈ।। ਬਹੁਰੋ ਮਗ ਬਨ ਹੀ ਕੋ ਗਹਿਯੈ।। ੨੦।।

ਪਦ ਅਰਥ - ਨ੍ਰਿਪ ਧਾਮ=ਰਾਜੇ ਦੇ ਘਰ। ਅਘਨ=ਪਾਪ। ਟਾਰੋ=ਦੂਰ ਕਰੋ।

ਕਿਰਪਾ ਕਰਕੇ ਰਾਜੇ ਦੇ ਘਰ ਚਲੋ ਅਤੇ ਸਾਡੇ ਪਾਪ ਦਾ ਵਿਨਾਸ਼ ਕਰੋ। ਬਾਰਾਂ ਸਾਲ ਤਕ ਕਿਰਪਾ ਪੂਰਵਕ ਸਾਡੇ ਘਰ ਰਹੋ ਅਤੇ ਬਾਅਦ ਵਿਚ ਜੰਗਲ ਦਾ ਰਸਤਾ ਫੜ ਲੈਣਾ।।੨੦।।

ਜਬ ਨ੍ਰਿਪ ਅਧਿਕ ਨਿਹੋਰਾ ਕਿਯੋ।। ਤਬ ਇਹ ਬਿਧਿ ਉੱਤਰਿ ਰਿਖਿ ਦਿਯੋ।।
ਹਮਰੋ ਕਹਾਂ ਧਾਮ ਤਵ ਕਾਜਾ।। ਬਾਰ ਬਾਰ ਪਕਰਤ ਪਗ ਰਾਜਾ।। ੨੧।।

ਪਦ ਅਰਥ - ਨਿਹੋਰਾ ਕਿਯੋ=ਉਲਾਮਾ ਦਿੱਤਾ। ਪਗ=ਪੈਰ।

ਜਦ ਰਾਜਾ ਨੇ ਜ਼ਿਆਦਾ ਹੀ ਨਿਹੋਰੇ ਦਿੱਤੇ ਤਾਂ ਫਿਰ ਰਿਸ਼ੀ ਨੇ ਇਸ ਪ੍ਰਕਾਰ ਉੱਤਰ ਦਿੱਤਾ। "ਮੇਰੇ ਬਾਰ ਬਾਰ ਪੈਰ ਕਿਉਂ ਫੜ ਰਹੇ ਹੋ ਮੇਰਾ ਤੁਹਾਡੇ ਘਰ ਕੀ ਕੰਮ ਹੈ"।।੨੧।।

ਹਮ ਕਹ ਸ਼ਿਵ ਤੁਹਿ ਆਪੁ ਬਤਾਯੋ।।ਸੋਵਤ ਇਹਾਂ ਜਗਾਇ ਪਠਾਯੋ।।
ਤਾਂਤੇ ਮਾਨਿ ਸ਼ੰਭੁ ਕੋ ਕਹੋ।। ਬਾਰਹ ਬਰਖ ਹਮਾਰੇ ਰਹੋ।। ੨੨।।

ਮੈਨੂੰ ਸ਼ਿਵਜੀ ਮਹਾਰਾਜ ਨੇ ਤੁਹਾਡੇ ਬਾਰੇ ਸਭ ਕੁਝ ਦੱਸਿਆ ਹੈ ਅਤੇ ਉਨ੍ਹਾਂ ਨੇ ਸੁਤਿਆਂ ਹੋਇਆਂ ਨੂੰ ਮੈਨੂੰ ਜਗਾ ਕੇ ਭੇਜਿਆ ਹੈ। ਸ਼ਿਵਜੀ ਦਾ ਕਹਿਣਾ ਮੰਨੋ ਅਤੇ ਸਾਡੇ ਕੋਲ ਆ ਕੇ ਬਾਰਾਂ ਸਾਲ ਤਕ ਰਹੋ।।੨੨।।

ਸ਼ਿਵ ਕੀ ਸੁਨਤ ਭਯੋ ਜਬ ਬਾਨੀ।। ਤਬ ਮੁਨਿ ਸਾਥ ਚਲਨ ਕੀ ਮਾਨੀ।।

**ਰਾਜਾ ਕੇ ਹ੍ਵੈ ਸੰਗ ਸਿਧਾਰਾ।। ਰਾਨੀ ਸਹਿਤ ਸਦਨ ਪਗ ਧਾਰਾ।। ੨੩।।**

ਜਦ ਮੁਨੀ ਨੇ ਸ਼ਿਵਜੀ ਬਾਰੇ ਗੱਲ ਸੁਣੀ ਤਾਂ ਉਹ ਉਨ੍ਹਾਂ ਨਾਲ ਚਲਣ ਲਈ ਤਿਆਰ ਹੋ ਗਿਆ। ਉਹ ਫਿਰ ਰਾਜੇ ਦੇ ਨਾਲ ਚਲ ਪਿਆ ਅਤੇ ਰਾਣੀ ਸਮੇਤ ਮਹਿਲਾਂ ਵਿਚ ਪ੍ਰਵੇਸ਼ ਕਰ ਗਿਆ।।੨੩।।

**ਖਾਨ ਪਾਨ ਆਗੈ ਨ੍ਰਿਪ ਧਰਾ।। ਤਾਂਹਿ ਨਿਰਖਿ ਰਿਖਿ ਐਸ ਉਚਰਾ।।**
**ਇਹ ਭੋਜਨ ਹਮਰੇ ਕਿਹ ਕਾਜਾ।। ਏ ਹੈ ਇਨ ਗ੍ਰਿਹਸਤਨ ਕੇ ਸਾਜਾ।।੨੪।।**

ਰਾਜੇ ਨੇ ਖਾਣ ਪੀਣ ਦੀ ਸਮੱਗਰੀ ਉਸ ਦੇ ਅੱਗੇ ਰੱਖੀ ਤਾਂ ਰਿਸ਼ੀ ਉਸ ਨੂੰ ਵੇਖਕੇ ਕਹਿਣ ਲੱਗਾ ਕਿ ਇਹ ਭੋਜਨ ਸਾਡੇ ਕਿਸ ਕੰਮ ਹੈ, ਇਹ ਤਾਂ ਕੇਵਲ ਗ੍ਰਿਸਤੀਆਂ ਦਾ ਹੀ ਸਾਜ ਸਮਾਨ ਹੈ।।੨੪।।

**ਹਮ ਇਸਤ੍ਰਿਨ ਤਨ ਨੈਨ ਨ ਲਾਵਹਿ।। ਇਨ ਰਸ ਕਸਨ ਭੂਲ ਨਹਿ ਖਾਵਹਿ।।**
**ਬਿਨ ਹਰਿ ਨਾਮ ਕਾਮ ਨਹਿ ਆਵੈ।। ਬੇਦ ਕਤੇਬ ਯੌ ਭੇਦ ਬਤਾਵੈ।। ੨੫।।**

ਅਸੀਂ ਤਾਂ ਇਸਤਰੀਆਂ ਵਲ ਭੁਲ ਕੇ ਵੀ ਨਹੀਂ ਵੇਖਦੇ ਅਤੇ ਇਨ੍ਹਾਂ ਰਸ ਦਾਰ ਪਦਾਰਥਾਂ ਨੂੰ ਭੁਲ ਕੇ ਵੀ ਨਹੀਂ ਖਾਂਦੇ। ਪ੍ਰਭੂ ਦੇ ਨਾਮ ਤੋਂ ਬਗੈਰ ਕੋਈ ਵਸਤੂ ਵੀ ਕੰਮ ਨਹੀਂ ਆਉਂਦੀ। ਸਾਰੇ ਪਵਿੱਤਰ ਗ੍ਰੰਥ ਵੇਦ ਅਤੇ ਕੁਰਾਨ ਇਹੋ ਕੁਝ ਦਸਦੇ ਹਨ।।੨੫।।

**ਤਬ ਨ੍ਰਿਪ ਤਾਹਿ ਸਹੀ ਮੁਨਿ ਮਾਨਾ।। ਭੇਦ ਅਭੇਦ ਨ ਮੂੜ ਪਛਾਨਾ।।**
**ਨਿਜੁ ਰਾਨੀ ਤਨ ਤਾਹਿ ਸੁਵਾਯੋ।। ਮੂਰਖ ਅਪਨੋ ਮੂੰਡ ਮੁੜਾਯੋ।। ੨੬।।**

ਇਹ ਗੱਲਾਂ ਸੁਣ ਕੇ ਰਾਜੇ ਨੇ ਉਸ ਨੂੰ ਅਸਲੀ ਮੁਨੀ ਮੰਨਿਆ, ਪਰ ਮੂਰਖ ਭੇਤ ਅਭੇਤ ਕੁਝ ਵੀ ਨ ਪਛਾਣ ਸਕਿਆ। ਆਪਣੀ ਰਾਣੀ ਨੂੰ ਉਸ ਦੇ ਨਾਲ ਸੁਵਾਇਆ ਅਤੇ ਆਪ ਮੂਰਖ ਛਲਿਆ ਗਿਆ।।੨੬।।

**ਨਿਜੁ ਕਰ ਮੂਰਖ ਸੇਜ ਬਿਛਾਵੈ।। ਤਾਹਿ ਤ੍ਰਿਯਾ ਕੇ ਸਾਥ ਸੁਵਾਵੈ।।**
**ਅਧਿਕ ਜਤੀ ਤਾਕਹ ਪਹਿਚਾਨੈ।। ਭੇਦ ਅਭੇਦ ਨ ਮੂਰਖ ਜਾਨੈ।। ੨੭।।**

ਪਦ ਅਰਥ - ਨਿਜੁ ਕਰ=ਆਪਣੇ ਹੱਥ ਨਾਲ। ਜਤੀ=ਜਤ ਸਤ ਵਾਲਾ।

ਆਪਣੇ ਹੱਥੀਂ ਉਸ ਦੀ ਸੇਜ ਵਛਾਉਂਦਾ ਸੀ ਅਤੇ ਫਿਰ ਆਪਣੀ ਇਸਤਰੀ ਨੂੰ ਸੁਵਾਉਂਦਾ ਸੀ। ਉਸ ਨੂੰ ਮਹਾਨ ਜਤੀ ਮੰਨਦਾ ਸੀ ਪਰ ਅਸਲੀ ਭੇਦ ਨੂੰ ਬਿਲਕੁਲ ਨਹੀਂ ਸੀ ਜਾਣਦਾ।।੨੭।।

**ਜਬ ਪਤਿ ਨਹਿ ਹੇਰਤ ਤ੍ਰਿਯ ਜਾਨੈ।। ਕਾਮ ਭੋਗ ਤਾਸੋ ਦ੍ਰਿੜ ਠਾਨੈ।।**

**************************************************

**ਭਾਂਗ ਅਫੀਮ ਅਧਿਕ ਤਿਹ ਖ੍ਵਾਰੀ॥ ਚਾਰਿ ਪਹਰ ਰਤਿ ਕਰੀ ਪਯਾਰੀ॥ ੨੮॥**

ਜਦੋਂ ਇਸਤਰੀ ਇਹ ਸਮਝ ਲੈਂਦੀ ਸੀ ਕਿ ਪਤੀ ਨਹੀਂ ਵੇਖ ਰਿਹਾ ਹੈ ਤਾਂ ਉਹ ਉਸ ਨਾਲ ਮਨ ਭਾਉਂਦੀ ਕਾਮ ਕ੍ਰੀੜਾ ਕਰਦੀ ਸੀ।ਉਸ ਨੂੰ ਭੰਗ ਅਤੇ ਅਫੀਮ ਖਵਾ ਕੇ ਚਾਰ ਪਹਿਰ ਤਕ ਉਸ ਨਾਲ ਕਾਮ ਕ੍ਰੀੜਾ ਕਰਦੀ॥੨੮॥

**ਭੋਗ ਕਰਤ ਇਕ ਕ੍ਰਿਯਾ ਬਿਚਾਰੀ॥ ਊਪਰ ਏਕ ਤੁਲਾਈ ਡਾਰੀ॥**
**ਨ੍ਰਿਪ ਬੈਠੋ ਮੂਕਿਯੈ ਲਗਾਵੈ॥ ਸੋ ਅੰਤਰ ਰਾਨਿਯਹਿ ਬਜਾਵੈ॥੨੯॥**

ਭੋਗ ਕਰਦੇ ਸਮੇਂ ਉਸ ਇਕ ਕਿਰਿਆ ਸੋਚੀ ਅਤੇ ਆਪਣੇ ਉਤੇ ਇਕ ਰਜਾਈ ਲੈ ਲਈ। ਰਾਜਾ ਬਹਿ ਕੇ ਉਸ ਦੇ ਪੈਰ ਦਬਾਉਂਦਾ ਅਤੇ ਉਹ ਅੰਦਰ ਰਾਣੀ ਦੇ ਨਾਲ ਰਮਣ ਕਰਦਾ॥੨੯॥

**ਇਹ ਛਲ ਸੌ ਮਿੱਤ੍ਰਹਿ ਤਿਨ ਪਾਵਾ॥ ਮੂਰਖ ਭੂਪ ਨ ਭੇਵ ਜਤਾਵਾ॥**
**ਪਾਂਵਦ ਬੈਠਿ ਮੂਕਿਯਨ ਮਾਰੈ॥ ਉਤ ਰਾਨੀ ਸੰਗ ਜਾਰ ਬਿਹਾਰੈ॥ ੩੦॥**

ਪਦ ਅਰਥ - ਪਾਂਵਦ=ਪੈਂਦ। ਮੂਕਿਯਨ ਮਾਰੈ=ਮੁੱਠੀਆਂ ਭਰਦਾ ਸੀ।

ਇਸ ਚਲਿੱਤਰ ਨਾਲ ਇਸਤਰੀ ਨੇ ਆਪਣੇ ਮਿੱਤਰ ਨੂੰ ਪਾ ਲਿਆ। ਮੂਰਖ ਰਾਜਾ ਭੇਤ ਨ ਪਾ ਸਕਿਆ। ਮੰਜੇ ਦੀ ਪੈਂਦ ਵਲ ਬੈਠ ਕੇ ਉਹ ਮੁੱਠੀਆਂ ਭਰਦਾ ਸੀ ਅਤੈ ਮਿੱਤਰ ਰਾਣੀ ਦੇ ਨਾਲ ਭੋਗ ਕਰਦਾ ਸੀ॥੩੦॥

**ਇਹ ਛਲ ਸੌ ਰਾਨੀ ਪਤਿ ਛਰਿਯੋ॥ ਜਾਰ ਗਵਨ ਤ੍ਰਿਯਿ ਦੇਖਤ ਕਰਿਯੋ॥**
**ਮੂਰਖ ਭੇਦ ਅਭੇਦ ਨ ਪਾਯੋ॥ ਸੋ ਇਸਤ੍ਰੀ ਤੇ ਮੂੰਡ ਮੁਡਾਯੋ॥ ੩੧॥ ੧॥**

ਪਦ ਅਰਥ - ਗਵਨ=ਕਾਮ ਕ੍ਰੀੜਾ। ਭੇਂਦ ਅਭੇਦ=ਰਹਿਸ।

ਇਸ ਛਲ ਨਾਲ ਰਾਣੀ ਨੇ ਪਤੀ ਨੂੰ ਛਲ ਲਿਆ ਅਤੇ ਮਿੱਤਰ ਰਾਜੇ ਦੇ ਵੇਖਦਿਆਂ ਵੇਖਦਿਆਂ ਹੀ ਰਾਣੀ ਨਾਲ ਕਾਮ ਕ੍ਰੀੜਾ ਕਰਦਾ ਸੀ।ਮੂਰਖ ਰਾਜਾ ਭੇਤ ਨ ਸਮਝਿਆ ਅਤੇ ਠੱਗਿਆ ਗਿਆ॥੩੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਦੋਇ ਸੈ ਚੁਰਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੪॥੫੬੨੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਚਰਾਨੇਵੀਂ ਕਥਾ ਸਮਾਪਤ॥੨੯੪॥੫੬੨੦॥ਚਲਦਾ॥

Namdhari Elibrary NamdhariElibrary@gmail.com

# ਚਲਿੱਤਰ ਦੋ ਸੌ ਪਚਾਨੇਵਾਂ

## ਕਥਾ ਚੰਚਲ ਦੇਵੀ

**ਚੌਪਈ।। ਚੰਚਲ ਸੈਨ ਨ੍ਰਿਪਤਿ ਇਕ ਨਰਵਰ।। ਅਵਰ ਨ੍ਰਿਪਤਿ ਤਾਕੀ ਨਹਿ ਸਰਬਰ।।**
**ਚੰਚਲ ਦੇ ਤਾਕੇ ਘਰ ਦਾਰਾ।। ਤਾ ਸਮ ਦੇਵ ਨ ਦੇਵ ਕੁਮਾਰਾ।। ੧ ।।**

ਪਦ ਅਰਥ - ਸਰਬਰ=ਬਰਾਬਰ। ਚੰਚਲ ਦੇ = ਚੰਚਲ ਦੇਵੀ। ਦਾਰਾ=ਇਸਤਰੀ।

ਚੰਚਲ ਸੈਨ ਨਾਮੀਂ ਇਕ ਰਾਜਾ ਸੀ ਜਿਸ ਦੇ ਬਰਾਬਰ ਹੋਰ ਕੋਈ ਰਾਜਾ ਨਹੀਂ ਸੀ। ਚੰਚਲ ਦੇਵੀ ਉਸ ਦੀ ਇਸਤਰੀ ਸੀ ਜਿਸ ਦੇ ਬਰਾਬਰ ਦੇਵਤਿਆਂ ਦੀ ਵੀ ਕੋਈ ਇਸਤਰੀ ਨਹੀਂ ਸੀ।।੧।।

**ਸੁੰਦਰਿਤਾ ਇਹ ਕਹੀ ਨ ਆਵੈ।। ਜਾਕੋ ਮਦਨ ਹੇਰਿ ਲਲਚਾਵੈ।।**
**ਜੋਬਨ ਜੇਬ ਅਧਿਕ ਤਿਹ ਧਰੀ।। ਮੈਨ ਸੁ ਨਾਰ ਭਰਤ ਜਨੁ ਭਰੀ।। ੨ ।।**

ਅਰਥ-ਮਦਨ=ਕਾਮਦੇਵ। ਹੇਰਿ=ਵੇਖਕੇ। ਜੋਬਨ ਜੇਬ=ਸ਼ਕਲ ਸੂਰਤ। ਮੈਨ=ਕਾਮ।

ਉਸ ਦੀ ਸੁੰਦਰਤਾ ਬਿਆਨ ਨਹੀਂ ਕੀਤੀ ਜਾ ਸਕਦੀ ਸੀ। ਉਸ ਨੂੰ ਵੇਖਕੇ ਤਾਂ ਕਾਮਦੇਵ ਵੀ ਲਲਚਾ ਉੱਠਦਾ ਸੀ। ਉਸ ਦਾ ਜੋਬਨ ਬਹੁਤ ਜ਼ਿਆਦਾ ਸੀ ਅਤੇ ਉਹ ਕਾਮ ਨਾਲ ਭਰਪੂਰ ਸੀ।।੨।।

**ਤਾਕੇ ਏਕ ਧਾਮ ਸੁਤ ਭਯੋ।। ਬੀਸ ਬਰਿਸ ਕੋ ਹ੍ਵੈ ਮਰਿ ਗਯੋ।।**
**ਰਨਿਯਹਿ ਬਾਢਾ ਸ਼ੋਕ ਅਪਾਰਾ।। ਜਾਂਤੇ ਸਭ ਬਿਸਰਾ ਘਰ ਬਾਰਾ।। ੩ ।।**

ਉਸ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜਿਹੜਾ ਵੀਹ ਸਾਲਾਂ ਦਾ ਹੋ ਕੇ ਮਰ ਗਿਆ। ਰਾਣੀ ਬਹੁਤ ਦੁਖੀ ਹੋਈ ਅਤੇ ਘਰ ਬਾਰ ਦੀ ਸੁੱਧ ਭੁਲ ਗਈ।।੩।।

**ਤਹ ਇਕ ਪੂਤ ਸ਼ਾਹ ਕੋ ਆਯੋ।। ਤੇਜਵਾਨ ਦੁਤਿ ਕੋ ਜਨੁ ਜਾਯੋ।।**
**ਜੈਸੋ ਤਿਹ ਸੁਤ ਕੋ ਥੋ ਰੂਪਾ।। ਤੈਸੋ ਈ ਤਿਹ ਲਗਤ ਸਰੂਪਾ।। ੪ ।।**

ਉਥੇ ਇਕ ਸ਼ਾਹ ਦਾ ਪੁੱਤਰ ਆਇਆ। ਉਹ ਏਨਾਂ ਤੇਜਵਾਨ ਸੀ ਕਿ ਮਾਨੋਂ ਪ੍ਰਕਾਸ਼ ਦਾ ਪੁੱਤਰ ਹੋਵੇ। ਜਿਸ ਤਰ੍ਹਾਂ ਦਾ ਰਾਣੀ ਦੇ ਪੁੱਤਰ ਦਾ ਰੂਪ ਸੀ, ਉਸ ਤਰ੍ਹਾਂ ਦਾ ਹੀ ਉਸ ਦਾ ਵੀ ਸਰੂਪ ਸੀ।।੪।।

**ਜਬ ਰਾਨੀ ਸੋ ਪੁਰਖ ਨਿਹਾਰਾ।। ਲਾਜ ਸਾਜ ਤਜ ਹ੍ਰਿਦੈ ਬਿਚਾਰਾ।।**
**ਯਾਸੌ ਕਾਮ ਭੋਗ ਅਬ ਕਰਿਯੈ।। ਨਾਤਰ ਮਾਰਿ ਛੁਰਕਿਆ ਮਰਿਯੈ।। ੫ ।।**

************************************************************

ਜਦ ਰਾਣੀ ਨੇ ਉਸ ਲੜਕੇ ਨੂੰ ਵੇਖਿਆ ਤਾਂ ਉਸ ਸਭ ਲਾਜ ਸ਼ਰਮ ਤਿਆਗ ਕੇ ਇਹ ਸੋਚਿਆ ਕਿ ਜਾਂ ਤਾਂ ਇਸ ਨਾਲ ਹੁਣ ਭੋਗ ਬਿਲਾਸ ਕਰਾਂਗੀ ਨਹੀਂ ਤਾਂ ਕਟਾਰੀ ਮਾਰ ਕੇ ਮਰ ਜਾਵਾਂਗੀ।।੫।।

**ਜਬ ਵਹੁ ਕੁਅਰ ਰਾਹ ਤਿਹ ਆਵੈ।। ਚੰਚਲ ਦੇਖਨ ਕੌ ਤਿਹ ਜਾਵੈ।।**
**ਇਕ ਦਿਨ ਤਾਕੇ ਨਾਥ ਨਿਹਾਰੀ।। ਇਹ ਬਿਧਿ ਸੌ ਤਿਹ ਬਾਤ ਉਚਾਰੀ।। ੬।।**

ਜਦ ਉਹ ਕੰਵਰ ਰਾਹ ਥਾਣੀਂ ਲੰਘਦਾ ਸੀ ਤਾਂ ਉਹ ਔਰਤ ਉਸ ਨੂੰ ਵੇਖਣ ਜਾਂਦੀ ਸੀ। ਇਕ ਦਿਨ ਉਸ ਰਾਣੀ ਨੂੰ ਵੇਖਦੀ ਹੋਈ ਨੂੰ ਰਾਜੇ ਨੇ ਵੇਖ ਲਿਆ। ਰਾਜੇ ਨੇ ਉਸ ਨੂੰ ਇਸ ਤਰ੍ਹਾਂ ਕਿਹਾ।।੬।।

**ਕਿਹ ਨਿਮਿਤਿ ਇਹ ਠਾਂ ਤੂੰ ਆਈ।। ਹੇਰਿ ਰਹੀ ਕਿਹ ਕਹ ਦ੍ਰਿਗ ਲਾਈ।।**
**ਤਬ ਰਾਨੀ ਇਹ ਭਾਂਤਿ ਉਚਾਰੋ।। ਸੁਨਹੁ ਨ੍ਰਿਪਤਿ ਤੁਮ ਬਚਨ ਹਮਾਰੋ।। ੭।।**

ਪਦ ਅਰਥ - ਦ੍ਰਿਗ=ਅੱਖਾਂ। ਇਹ ਭਾਂਤਿ ਉਚਾਰੋ=ਇਸ ਤਰ੍ਹਾਂ ਕਿਹਾ।

"ਤੂੰ ਕਿਸ ਕਰਕੇ ਇਸ ਥਾਂ ਆਈ ਏਂ ਅਤੇ ਕਿਸ ਨੂੰ ਅੱਖਾਂ ਲਾ ਕੇ ਵੇਖ ਰਹੀ ਏ।" ਤਦ ਰਾਣੀ ਨੇ ਕਿਹਾ ਕਿ ਹੇ ਰਾਜਨ ! ਮੇਰੀ ਇਕ ਗੱਲ ਸੁਣੋ।।੭।।

**ਜਸ ਤਵ ਸੁਤ ਸੁਰ ਲੋਕ ਸਿਧਾਯੋ।। ਸੋ ਧਰਿ ਰੂਪ ਦੁਤਿਯ ਜਨੁ ਆਯੋ।।**
**ਤਿਹ ਤੁਮ ਮੁਰਿ ਢਿਗ ਸੇਜ ਸੁਵਾਵੋ।। ਹਮਰੇ ਚਿਤ ਕੋ ਤਾਪ ਮਿਟਾਵੋ।। ੮।।**

ਪਦ ਅਰਥ - ਢਿਗ=ਪਾਸ। ਤਾਪ=ਦੁਖ। ਮਿਟਾਵੋ=ਦੂਰ ਕਰੋ।

ਜਦੋਂ ਦਾ ਤੁਹਾਡਾ ਪੁੱਤਰ ਸਵਰਗ ਲੋਕ ਵਿਚ ਚਲਾ ਗਿਆ ਹੈ, ਇਹ ਲੜਕਾ ਮਾਨੋਂ ਉਸੇ ਦਾ ਰੂਪ ਧਾਰ ਕੇ ਆ ਗਿਆ ਹੈ। ਇਸਨੂੰ ਤੁਸੀਂ ਮੇਰੇ ਕੋਲ ਸੁਵਾਇਆ ਕਰੋ ਅਤੇ ਮੇਰਾ ਦੁਖ ਦੂਰ ਕਰੋ।।੮।।

**ਮੂਰਖ ਭੇਦ ਅਭੇਦ ਨ ਪਾਯੋ।। ਤਾਹਿ ਬੁਲਾਇ ਆਪੁ ਲੈ ਆਯੋ।।**
**ਨ੍ਰਿਪ ਪੁਨਿ ਤਿਹ ਭਰੁਆਪਨ ਕਰਿਯੋ।। ਭਲੋ ਬੁਰੋ ਨ ਬਿਚਾਰਿ ਬਿਚਰਿਯੋ।। ੯।।**

ਮੂਰਖ ਰਾਜਾ ਭੇਤ ਅਭੇਤ ਨ ਪਾ ਸਕਿਆ ਅਤੇ ਉਸ ਲੜਕੇ ਨੂੰ ਆਪ ਬੁਲਾ ਕੇ ਲੈ ਆਇਆ। ਰਾਜੇ ਨੇ ਆਪ ਭੜੂਏ ਦਾ ਕਾਰਜ ਕੀਤਾ ਅਤੇ ਉਹ ਬੁਰੇ ਭਲੇ ਬਾਰੇ ਕੁਝ ਵੀ ਵਿਚਾਰ ਨ ਸਕਿਆ।।੯।।

**ਭਰੂਆ ਕੀ ਕਿਰਯਾ ਕਹ ਕਰਿਯੋ।। ਚਾਰਿ ਬਿਚਾਰ ਕਛੂ ਨ ਬਿਚਰਿਯੋ।।**
**ਦੂਤੀ ਪਠਵਨ ਤੇ ਤ੍ਰਿਯ ਬਚੀ।। ਭੂਪਤਿ ਕੀ ਦੂਤੀ ਕਰਿ ਰਚੀ।।੧੦।।**

ਉਸ ਭੜੂਏ ਦਾ ਕੰਮ ਕੀਤਾ ਅਤੇ ਚੰਗਾ ਮਾੜਾ ਕੁਝ ਵੀ ਵਿਚਾਰ ਨ ਸਕਿਆ। ਰਾਣੀ ਕਿਸੇ

ਦਾਸੀ ਨੂੰ ਭੋਜਣ ਤੋਂ ਬਚ ਗਈ ਅਤੇ ਦਾਸੀ ਦਾ ਕੰਮ ਖੁਦ ਰਾਜੇ ਹੀ ਕਰ ਦਿੱਤਾ॥੧੦॥

ਤਾਹਿ ਸੇਜ ਕੇ ਨਿਕਟ ਸੁਵਾਵੈ॥ ਭਲੋ ਭਲੋ ਭੋਜਨ ਤਿਹ ਖੁਵਾਵੈ॥
ਕਹੈ ਸੁ ਸੁਤ ਮੁਰ ਕੀ ਅਨੁਹਾਰਾ॥ ਤਾਤੇ ਯਾ ਸੰਗ ਹਮਰੋ ਪਯਾਰਾ॥ ੧੧॥

ਪਦ ਅਰਥ - ਅਨੁਹਾਰਾ=ਸ਼ਕਲ ਵਰਗਾ, ਇਕ ਮੁਹਾਂਦਰਾ। ਸੁਤ=ਪੁੱਤਰ।

ਉਸ ਨੂੰ ਆਪਣੇ ਸੇਜ ਦੇ ਪਾਸ ਸਵਾਉਂਦੀ ਸੀ ਅਤੇ ਵਧੀਆ ਤੋਂ ਵਧੀਆ ਭੋਜਣ ਖਵਾਉਂਦੀ ਸੀ। ਉਹ ਕਹਿੰਦੀ ਸੀ ਕਿ ਇਹ ਮੇਰੇ ਪੁੱਤਰ ਵਰਗਾ ਹੈ, ਏਸੇ ਕਰਕੇ ਇਸ ਦਾ ਸੰਗ ਮੈਨੂੰ ਬਹੁਤ ਚੰਗਾ ਲੱਗਦਾ ਹੈ॥੧੧॥

ਜੋ ਤ੍ਰਿਯ ਤਾਕੌਂ ਭੋਜੁ ਖੁਵਾਰੈ॥ ਰਾਨੀ ਝਝਕਿ ਤਾਹਿ ਤ੍ਰਿਯ ਡਾਰੈ॥
ਇਹ ਮੋਰੇ ਸੁਤ ਕੀ ਅਨੁਹਾਰਾ॥ ਭਲੋ ਭਲੋ ਚਹਿਯਤ ਤਿਹ ਖ੍ਵਾਰਾ॥ ੧੨॥

ਜਿਹੜੀ ਇਸਤਰੀ ਉਸ ਲੜਕੇ ਅੱਗੇ ਖਾਣਾ ਪਰੋਸਦੀ ਸੀ, ਰਾਣੀ ਉਸ ਨੂੰ ਝਿੜਕ ਕੇ ਕਹਿੰਦੀ ਸੀ ਕਿ ਇਹ ਮੇਰੇ ਪੁੱਤਰ ਵਰਗਾ ਹੈ ਇਸ ਲਈ ਇਸ ਨੂੰ ਚੰਗਾ ਖਾਣਾ ਖਵਾਉਣਾ ਚਾਹੀਦਾ ਹੈ॥੧੨॥

ਨਿਕਟਿ ਆਪਨੇ ਤਾਹਿ ਸੁਵਾਵੈ॥ ਤਿਹ ਢਿਗ ਅਪਨੀ ਸੇਜ ਬਿਛਾਵੈ॥
ਜਬ ਤਾਂ ਸੰਗ ਨ੍ਰਿਪਤਿ ਸ੍ਵੈ ਜਾਵੈ॥ ਤਬ ਤ੍ਰਿਯ ਤਾ ਸੰਗ ਭੋਗ ਕਮਾਵੈ॥ ੧੩॥

ਉਹ ਉਸ ਨੂੰ ਆਪਣੇ ਕੋਲ ਸੁਵਾਉਂਦੀ ਸੀ ਅਤੇ ਉਸ ਦੇ ਲਾਗੇ ਆਪਣੀ ਸੇਜ ਵਛਾਉਂਦੀ ਸੀ। ਜਦ ਰਾਜਾ ਸੌ ਜਾਂਦਾ ਸੀ ਤਾਂ ਉਹ ਇਸਤਰੀ ਉਸ ਲੜਕੇ ਨਾਲ ਭੋਗ ਬਿਲਾਸ ਕਰਦੀ ਸੀ॥੧੩॥

ਕਸਿਕਸਿ ਰਮੈ ਜਾਰ ਕੇ ਸੰਗਾ॥ ਦਲਿ ਮਲਿ ਤਾਂਹਿ ਕਰੈ ਸਰਬੰਗਾ॥
ਭਾਂਤਿ ਭਾਂਤਿ ਤਨ ਭੋਗ ਕਮਾਈ॥ ਸੋਇ ਰਹੈ ਤਜੋਂ ਹੀ ਲਪਟਾਈ॥ ੧੪॥

ਕੱਸ ਕੱਸ ਕੇ ਉਹ ਮਿੱਤਰ ਦੇ ਨਾਲ ਰਮਣ ਕਰਦੀ ਸੀ ਅਤੇ ਉਸ ਦੇ ਸਾਰੇ ਅੰਗਾਂ ਨੂੰ ਦਲ ਮਲ ਕਰ ਦਿੰਦੀ ਸੀ। ਕਈ ਪ੍ਰਕਾਰ ਉਸ ਨਾਲ ਭੋਗ ਕਰਦੀ ਸੀ ਅਤੇ ਜੱਫੀ ਪਾ ਕੇ ਨਾਲ ਸੁੱਤੀ ਰਹਿੰਦੀ ਸੀ॥੧੪॥

ਇਕ ਦਿਨ ਗਈ ਜਾਰ ਪਹਿ ਰਾਨੀ॥ ਸੋਵਤ ਜਗਾ ਨ੍ਰਿਪਤਿ ਅਭਿਮਾਨੀ॥
ਮੁਖ ਚੁੰਬਨ ਤਿਹ ਤਾਹਿ ਨਿਹਾਰਾ॥ ਧ੍ਰਿਗ ਧ੍ਰਿਗ ਬਚ ਹੈ ਕੋਪ ਉਚਾਰਾ॥ ੧੫॥

ਪਦ ਅਰਥ - ਧ੍ਰਿਗ ਧ੍ਰਿਗ=ਧਿਰਕਾਰ। ਕ੍ਰੋਪ=ਗੁੱਸਾ।

ਇਕ ਦਿਨ ਜਦ ਰਾਣੀ ਆਪਣੇ ਮਿੱਤਰ ਪਾਸ ਗਈ ਤਾਂ ਅਭਿਮਾਨੀ ਰਾਜਾ ਵੀ ਸੁੱਤਾ ਹੋਇਆ ਜਾਗ ਪਿਆ। ਉਸ ਨੂੰ ਮੂੰਹ ਚੁੰਮਦੀ ਨੂੰ ਵੇਖ ਲਿਆ ਅਤੇ ਗੁੱਸੇ ਵਿਚ ਆ ਕੇ ਕਹਿਣ ਲੱਗਾ ਕਿ

ਧ੍ਰਿਗ ਲਾਅਨਤ ਹੈ॥੧੫॥

**ਦੋਹਰਾ॥ ਮੈਂ ਇਹ ਬੋਲੀ ਪੂਤ ਕਰਿਯਾ ਸੰਗ ਅਤਿ ਮੁਰਪਜਾਰ॥ ਤਾਤੇ ਮੁਖ ਚੁੰਬਤ ਹੁਤੀ ਸੁਤਕੀ ਜਨੁ ਅਨੁਹਾਰ॥ ੧੬॥**

ਰਾਣੀ ਕਹਿਣ ਲੱਗੀ ਮੈਂ ਇਸ ਨੂੰ ਆਪਣਾ ਪੁੱਤਰ ਕਿਹਾ ਹੈ ਅਤੇ ਇਸ ਵੀ ਮੇਰੇ ਨਾਲ ਬਹੁਤ ਪਿਆਰ ਕੀਤਾ ਹੈ। ਮੈਂ ਵੀ ਇਸਨੂੰ ਆਪਣੇ ਪੁੱਤਰ ਦਾ ਰੂਪ ਜਾਣ ਕੇ ਇਸ ਦਾ ਮੂੰਹ ਚੁੰਮ ਰਹੀ ਸੀ॥੧੬॥

**ਚੌਪਈ॥ ਨ੍ਰਿਪ ਕੇ ਸਾਚ ਇਹੈ ਜਿਯ ਆਈ॥ ਪੂਤ ਜਾਨਿ ਚੁੰਬਨ ਮੁਖ ਧਾਈ॥ ਕੋਪ ਜੁ ਬਢਾ ਹੁਤਾ ਤਜਿ ਦੀਨਾ॥ ਭੇਦ ਅਭੇਦ ਕਛੂ ਨਹਿ ਚੀਨਾ॥ ੧੭॥**

ਰਾਜੇ ਨੇ ਵੀ ਇਹੋ ਸੱਚ ਲਿਆ ਕਿ ਇਹ ਪੁੱਤਰ ਸਮਝ ਕੇ ਹੀ ਇਸ ਦਾ ਮੂੰਹ ਚੁੰਮ ਰਹੀ ਹੈ। ਉਸ ਆਪਣਾ ਗੁੱਸਾ ਤਿਆਗ ਦਿੱਤਾ ਅਤੇ ਭੇਤ ਅਭੇਤ ਕੁਝ ਵੀ ਨ ਸਮਝ ਸਕਿਆ॥੧੭॥

**ਦੋਹਰਾ॥ ਇਹ ਛਲ ਬੰਗਸਰਾਇ ਕਹ ਰਾਖਾ ਅਪਨੇ ਧਾਮ॥ ਦਿਨ ਕਹ ਪੂਤ ਉਚਾਰਈ ਨਿਸਿ ਕਹ ਭੋਗੈ ਬਾਮ॥ ੧੮॥ ੧॥**

ਇਸ ਤਰ੍ਹਾਂ ਚਲਿੱਤਰ ਕਰਕੇ ਰਾਣੀ ਨੇ ਬੰਗਸ ਰਾਏ ਨੂੰ ਆਪਣੇ ਘਰ ਰੱਖ ਲਿਆ। ਦਿਨ ਵੇਲੇ ਉਹ ਉਸ ਨੂੰ ਆਪਣਾ ਪੁੱਤਰ ਕਹਿੰਦੀ ਸੀ ਅਤੇ ਰਾਤ ਨੂੰ ਉਹ ਉਸ ਇਸਤਰੀ ਨਾਲ ਰਮਣ ਕਰਿਆ ਕਰਦਾ ਸੀ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਪੰਚਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੫॥੫੬੩੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਪਚਾਨੋਵੀਂ ਕਥਾ ਸਮਾਪਤ॥੨੯੫॥੫੬੩੮॥ਚਲਦਾ॥

## ਚਲਿੱਤਰ ਦੋ ਸੌ ਛਿਆਨੇਵਾਂ

## ਕਥਾ ਮੰਗਲਾ ਦੇਵੀ

**ਚੌਪਈ॥ ਬੰਗਸ ਸੈਨ ਬੰਗਸੀ ਰਾਜਾ॥ ਸਦਨੁ ਭਰੇ ਜਾ ਕੇ ਸਭ ਸਾਜਾ॥ ਬੰਗਸ ਦੇ ਤਾਕੋ ਘਰ ਰਾਨੀ॥ ਜਿਹ ਲਖਿ ਨਾਰਿ ਤ੍ਰਿਲੋਕ ਰਿਸਾਨੀ॥ ੧॥**

ਬੰਗ ਦੇਸ਼ ਦੇ ਰਾਜੇ ਦਾ ਨਾਂ ਬੰਗਸ ਸੈਨ ਸੀ ਜਿਸ ਦੇ ਸਾਰੇ ਭੰਡਾਰ ਧਨ ਨਾਲ ਭਰੇ ਰਹਿੰਦੇ ਸਨ। ਬੰਗਸ ਦੇਵੀ ਉਸ ਦੀ ਰਾਣੀ ਸੀ, ਜਿਸਦੀ ਸੁੰਦਰਤਾ ਨੂੰ ਵੇਖ ਕੇ ਤਿੰਨਾਂ ਲੋਕਾਂ ਦੀਆਂ ਇਸਤਰੀਆਂ

ਈਰਖਾ ਕਰਦੀਆਂ ਸਨ॥੧॥

**ਤਹਾਂ ਬਸਤ ਇਕ ਸ਼ਾਹ ਦੁਲਾਰੀ॥ਰੂਪਮਾਨ ਗਤਿ ਮਾਨ ਉਜਜਾਰੀ॥**
**ਤਾਹਿ ਮੰਗਲਾ ਦੇਈ ਨਾਮਾ॥ ਜਾ ਸਮ ਨਹੀ ਕਾਮ ਕੀ ਕਾਮਾ॥੨॥**

ਉਥੇ ਇਕ ਰਾਜ ਕੁਮਾਰੀ ਸੀ ਜੋ ਬਹੁਤ ਰੂਪਮਾਨ, ਬੁੱਧੀਵਾਨ ਅਤੇ ਪ੍ਰਕਾਸ਼ ਸਰੂਪ ਸੀ। ਉਸ ਦਾ ਨਾਂ ਮੰਗਲਾ ਦੇਵੀ ਸੀ ਅਤੇ ਕਾਮਦੇਵ ਦੀ ਇਸਤਰੀ ਰੱਤੀ ਵੀ ਉਸ ਬਰਾਬਰ ਸੁੰਦਰ ਨਹੀਂ ਸੀ॥੨॥

**ਤਹ ਇਕ ਆਇ ਗਯੋ ਬਨਿਜਾਰਾ॥ ਮੋਤਿਨ ਲਾਦੇ ਉਸ਼ਟ ਹਜਾਰਾ॥**
**ਔਰ ਦਰਬੁ ਕੀ ਤੋਟਿ ਨ ਕੋਈ॥ ਲਖੈ ਸੁ ਰਹਤ ਰੀਝਿ ਕਰਿ ਸੋਈ॥ ੩॥**

ਪਦ ਅਰਥ - ਉਸ਼ਟ=ਊਠ। ਦਰਬੁ=ਧਨ।

ਉਥੇ ਇਕ ਵਿਉਪਾਰੀ ਆਇਆ ਜਿਹੜਾ ਆਪਣੇ ਨਾਲ ਹਜ਼ਾਰਾਂ ਊਠ ਹੀਰੇ ਮੋਤੀਆਂ ਦੇ ਲੱਦ ਕੇ ਲਿਆਇਆ। ਉਸ ਪਾਸ ਧਨ ਦੀ ਕੋਈ ਘਾਟ ਨਹੀਂ ਸੀ ਅਤੇ ਜਿਹੜਾ ਵੀ ਉਸ ਨੂੰ ਵੇਖਦਾ ਸੀ ਉਹੀ ਉਸ ਉਤੇ ਰੀਝ ਪੈਂਦਾ ਸੀ॥੩॥

**ਅੜਿੱਲ॥ ਜਬੈ ਮੰਗਲਾ ਦੇਵਿ ਸੁ ਸ਼ਾਹੁ ਨਿਹਾਰਿਯੋ॥**
**ਇਹੈ ਆਪਨੇ ਚਿਤ ਮਹਿ ਚਤੁਰਿ ਬਿਚਾਰਿਯੋ॥**
**ਕਰਤ ਵਈ ਮਿਜਮਾਨੀ ਸਦਨ ਬੁਲਾਇਕੈ॥**
**ਹੋ ਭ੍ਰਾਤ ਤਵਨ ਕੇ ਆਯੋ ਦਿਯੋ ਉਡਾਇਕੈ॥ ੪॥**

ਜਦ ਮੰਗਲਾ ਦੇਵੀ ਨੇ ਉਸ ਧਨੀ ਨੂੰ ਵੇਖਿਆ ਤਾਂ ਆਪਣੇ ਦਿਲ ਵਿਚ ਸੋਚ ਸਮਝ ਕੇ ਕੁਝ ਵਿਚਾਰਿਆ। ਉਸ ਨੂੰ ਘਰ ਵਿਚ ਬੁਲਾ ਕੇ ਪ੍ਰਾਹੁਣਾਚਾਰੀ ਕੀਤੀ ਅਤੇ ਇਹ ਖਬਰ ਸਾਰੇ ਫੈਲਾ ਦਿੱਤੀ ਕਿ ਉਸ ਦਾ ਭਰਾ ਆਇਆ ਹੈ॥੪॥

**ਭਾਂਤਿ ਭਾਂਤਿ ਕੇ ਭੋਜਨ ਕਰੇ ਬਨਾਇਕੈ॥**
**ਤਰਹ ਤਰਹ ਕੇ ਆਨੇ ਅਮਲ ਛਿਨਾਇਕੈ॥**
**ਆਨਿ ਤਵਨ ਢਿਗਰਾਖੇ ਕੰਚਨ ਥਾਰ ਭਰਿ॥**
**ਹੋ ਸਾਤਬਾਰ ਮਦਿਯਨ ਤੈਂ ਮਦਹਿ ਚੁਆਇ ਕਰਿ॥ ੫॥**

ਪਦ ਅਰਥ - ਮਦਿਯਨ=ਸ਼ਰਾਬ।

ਭਿੰਨ ਭਿੰਨ ਪ੍ਰਕਾਰ ਦੇ ਭੋਜਣ ਤਿਆਰ ਕਰਵਾਏ ਗਏ ਅਤੇ ਕਈ ਪ੍ਰਕਾਰ ਦੇ ਨਸ਼ੇ ਮੰਗਵਾਏ

ਗਏ। ਸਾਰੇ ਪਦਾਰਥ ਸੋਨੇ ਦੇ ਥਾਲ ਵਿਚ ਭਰ ਕੇ ਉਸ ਦੇ ਅੱਗੇ ਰੱਖ ਦਿੱਤੇ। ਸ਼ਰਾਬ ਅਜਿਹੀ ਹੈ ਕਿ ਉਸ ਨੂੰ ਸਤ ਵਾਰ ਕੱਢਿਆ ਗਿਆ ਸੀ ।।੫।।

**ਪ੍ਰਥਮ ਕਰਜੋ ਤਿਨ ਭੋਜਨ ਬਿਜਿਯਾ ਪਾਨ ਕਰਿ।।**
**ਬਹੁਰਿ ਪਿਯੋ ਮਦ ਬਡੇ ਬਡੋ ਪਜਾਲਾਨ ਭਰਿ।।**
**ਜਬ ਰਸ ਮਸ ਭੇ ਤਰੁਨਿ ਤਬੈ ਐਸੋ ਕੀਯੋ।।**
**ਹੋ ਪਕਰਿ ਭੁਜਾ ਤੇ ਸ਼ਾਹੁ ਸੇਜ ਊਪਰਿ ਲੀਯੋ।। ੬।।**

ਪਹਿਲਾਂ ਤਾਂ ਉਸ ਭੰਗ ਪੀ ਕੇ ਭੋਜਨ ਕੀਤਾ ਅਤੇ ਫਿਰ ਵੱਡੇ ਵੱਡੇ ਪਿਆਲਿਆਂ ਵਿਚ ਪਾਕੇ ਸ਼ਰਾਬ ਪੀਤੀ। ਜਦ ਉਸ ਨੂੰ ਦੋਵੇਂ ਨਸ਼ੇ ਚੜ੍ਹ ਗਏ ਤਾਂ ਨੌਜਵਾਨ ਇਸਤਰੀ ਨੇ ਉਸ ਧਨੀ ਨੂੰ ਬਾਹਾਂ ਤੋਂ ਫੜ ਕੇ ਆਪਣੀ ਸੇਜ ਤੇ ਸੁੱਟ ਲਿਆ।।੬।।

**ਤਾ ਸੌ ਕਹਾ ਕਿ ਆਉ ਕਾਮ ਕ੍ਰੀੜਾ ਕਰੈਂ।।**
**ਭਾਂਤਿ ਭਾਂਤਿ ਤਨ ਤਾਪ ਮਦਨ ਕੋ ਹਮ ਹਰੈਂ।।**
**ਮੈਂ ਤਰੁਨੀ ਤੈਂ ਤਰੁਨ ਕਹਾਂ ਚਕਿਚਿਤ ਰਹਜੋ।।**
**ਹੋ ਹਮ ਤੁਮ ਰਮਹਿ ਸੁ ਆਜੁ ਚੰਚਲਾ ਅਸ ਕਹਜੋ।। ੭।।**

ਉਸ ਨੂੰ ਕਹਿਣ ਲੱਗੀ ਕਿ ਆਓ ਅਸੀਂ ਕਾਮ ਕ੍ਰੀੜਾ ਕਰੀਏ ਅਤੇ ਕਾਮ ਦਾ ਸੰਤਾਪ ਦੂਰ ਕਰੀਏ। ਇਸਤਰੀ ਨੇ ਕਿਹਾ ਕਿ ਤੁਸੀਂ ਹੈਰਾਨ ਕਿਉਂ ਹੋ. ਮੈਂ ਮਟਿਆਰ ਹਾਂ ਤੁਸੀਂ ਗਭਰੂ ਹੋ ਇਸ ਲਈ ਆਓ ਅਸੀਂ ਦੋਵੇਂ ਰਮਣ ਕਰੀਏ।।੭।।

**ਚੌਪਈ।। ਸ਼ਾਹੁ ਤਵਨ ਕੀ ਬਾਤ ਨ ਮਾਨੀ।। ਅਧਿਕ ਮੰਗਲਾ ਭਈ ਖਿਸਾਨੀ।।**
**ਅਧਿਕ ਕੋਪ ਕਰਿ ਹੇਤੁ ਬਿਸਾਰਾ।। ਅਰਧਾ ਅਰਧ ਚੀਰ ਤਿਹ ਡਾਰਾ।। ੮।।**

ਪਰ ਉਸ ਵਿਉਪਾਰੀ ਨੇ ਉਸ ਦੀ ਗੱਲ ਨਹੀਂ ਮੰਨੀ ਅਤੇ ਮੰਗਲ ਦੇਵੀ ਖਿੱਝ ਗਈ ਅਤੇ ਬਹੁਤ ਗੁੱਸੇ ਵਿਚ ਆ ਕੇ ਉਸ ਪਿਆਰ ਨੂੰ ਤਿਆਗ ਦਿੱਤਾ ਅਤੇ ਉਸ ਨੂੰ ਚੀਰ ਕੇ ਦੋ ਟੁਕੜੇ ਕਰ ਦਿੱਤਾ।।੮।।

**ਲੂਟਿ ਲਯੋ ਤਾਂਕੋ ਸਭ ਹੀ ਧਨ।। ਘੋਰ ਅਪ੍ਰਾਧ ਕਿਯੋ ਪਾਪੀ ਇਨ।।**
**ਯਾ ਕਹ ਚੀਰਿ ਮੱਤ ਗਜ ਡਾਰਾ।। ਕਿਨਹੂੰ ਪੁਰਖ ਨ ਕਰੀ ਨਿਵਾਰਾ।। ੯।।**

ਉਸ ਇਸਤਰੀ ਨੇ ਉਸ ਦਾ ਸਾਰਾ ਧਨ ਲੁੱਟ ਲਿਆ ਅਤੇ ਪਾਪਣ ਨੇ ਘੋਰ ਅਪ੍ਰਾਧ ਕੀਤਾ। ਉਸ ਲੋਕਾਂ ਨੂੰ ਇਹ ਕਹਿ ਦਿੱਤਾ ਕਿ ਇਸ ਨੂੰ ਮਦਮਸਤ ਹਾਥੀ ਨੇ ਚੀਰ ਦਿੱਤਾ ਹੈ। ਕੋਈ ਵੀ

Namdhari Elibrary NamdhariElibrary@gmail.com

************************************************************
ਵਿਅਕਤੀ ਅਸਲ ਗੱਲ ਨੂੰ ਨ ਜਾਣ ਸਕਿਆ॥੯॥

**ਵਾਰਸ ਭਈ ਆਪੁ ਤਾਕੀ ਤਿਯ॥ ਮਾਤ੍ਰਾ ਲਈ ਮਾਰਿ ਤਾਕੋ ਜਿਯ॥**
**ਭੇਦ ਅਭੇਦ ਨ ਕਿਨੂੰ ਬਿਚਾਰਾ॥ ਭੋਗ ਨ ਕਿਯਾ ਤਿਸੈ ਕੌ ਮਾਰਾ॥ ੧੦॥**

ਉਹ ਖੁਦ ਹੀ ਉਸ ਦੀ ਵਾਰਿਸ ਵੀ ਬਣ ਗਈ ਅਤੇ ਉਸ ਨੂੰ ਮਾਰ ਕੇ ਉਸ ਦਾ ਧਨ ਵੀ ਲੁਟ ਲਿਆ। ਕੋਈ ਵੀ ਅਸਲ ਭੇਤ ਨੂੰ ਨ ਸਮਝ ਸਕਿਆ ਕਿ ਵਿਉਪਾਰੀ ਭੋਗ ਕਰਨ ਲਈ ਨਹੀਂ ਮੰਨਿਆ ਸੀ ਇਸ ਕਰ ਕੇ ਮਾਰ ਦਿੱਤਾ ਗਿਆ ਹੈ॥੧੦॥

**ਦੋਹਰਾ॥ ਇਹ ਛਲ ਮਾਰਾ ਤਾਹਿ ਕੌ ਜੌ ਨ ਰਮਾ ਤਿਹ ਸੰਗ॥**
**ਸੁ ਕਬਿ ਸਜਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ॥ ੧੧॥ ੧॥**

ਇਸ ਤਰ੍ਹਾਂ ਜਿਸ ਵਿਅਕਤੀ ਨੇ ਉਸ ਨਾਲ ਭੋਗ ਨਹੀਂ ਕੀਤਾ ਉਸ ਨੂੰ ਉਸ ਇਸਤਰੀ ਨੇ ਮਾਰ ਦਿੱਤਾ। ਕਵੀ ਸ਼ਿਆਮ ਅਨੁਸਾਰ ਇਹ ਕਥਾ ਪ੍ਰਸੰਗ ਪੂਰਾ ਹੋਇਆ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰ, ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛਯਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੬॥੫੬੪੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਛਿਆਨੇਵੀਂ ਕਥਾ ਸਮਾਪਤ॥੨੯੬॥੫੬੪੯॥ਚਲਦਾ॥

## ਚਲਿੱਤਰ ਦੋ ਸੌ ਸਤਾਨੇਵਾਂ

## ਕਥਾ ਸਕਚਮਤੀ

**ਚੌਪਈ॥ ਬਿਜੈਸੂਰ ਖੱਤ੍ਰੀ ਇਕ ਰਹੈ॥ ਸਿੱਧ ਪਾਲ ਤਾਕਹ ਜਗ ਕਹੈ॥**
**ਸ਼ਮਸਦੀਨ ਦਿਲੀਸ ਦਿਵਾਨਾ॥ ਜਾਨਤ ਸਕਲ ਰਾਵ ਅਰੁ ਰਾਨਾ॥ ੧॥**

ਬਿਜੈ ਸੂਰ ਇਕ ਖੱਤਰੀ ਰਹਿੰਦਾ ਸੀ ਜਿਸ ਨੂੰ ਸਾਰੇ ਸਿੱਧ ਪਾਲ ਕਹਿੰਦੇ ਸਨ। ਸ਼ਮਸ ਦੀਨ ਦਿਲੀ ਦਾ ਬਾਦਸ਼ਾਹ ਸੀ ਜਿਸ ਨੂੰ ਸਾਰੇ ਰਾਜਾ ਅਤੇ ਰੰਕ ਜਾਣਦੇ ਸਨ॥੧॥

**ਲਛਿਮਨ ਸੈਨ ਧਾਮ ਸੁਤ ਸੁਭ ਮਤਿ॥ ਬੱਜ੍ਰਸੈਨ ਦੂਸਰੇ ਬਿਕਟ ਮਤਿ॥**
**ਸਕੁਚ ਮਤੀ ਦੁਹਿਤਾ ਇਕ ਤਾਕੇ॥ ਨਰੀ ਨਾਗਨੀ ਸਮ ਨਹਿ ਜਾਕੇ॥ ੨॥**

ਉਸ ਦੇ ਘਰ ਲਛਮਣ ਸੈਨ ਨਾਮੀਂ ਸ਼ੁਭ ਬੱਧੀ ਵਾਲਾ ਅਤੇ ਬਜਰ ਸੈਨ ਨਾਮੀਂ ਭੈੜੀ ਬੁੱਧੀ ਵਾਲਾ ਦੋ ਪੁੱਤਰ ਸਨ ਉਸ ਦੇ ਘਰ ਸਕੁਚ ਮਤੀ ਨਾਮੀਂ ਇਕ ਪੁੱਤਰੀ ਸੀ, ਜਿਸ ਵਰਗੀ ਸੁੰਦਰ ਨਰ ਨਾਗ ਕੋਈ ਵੀ ਇਸਤਰੀ ਨਹੀਂ ਸੀ॥੨॥

Namdhari Elibrary NamdhariElibrary@gmail.com

ਸ਼ਮਸਦੀਨ ਦਿਲੀਸ ਜੁਵਾਨਾ।। ਮਾਨਤ ਆਨਿ ਦੇਸ ਜਿਹ ਨਾਨਾ।।
ਏਕ ਦਿਵਸ ਵਹੁ ਗਯੋ ਸ਼ਿਕਾਰਾ।। ਜਾਂ ਦਿਸ ਹੁਤੀ ਕੇਹਰੀ ਬਾਰਾ।। ੩।।

ਪਦ ਅਰਥ - ਕੇਹਰੀ ਬਾਰਾ=ਸ਼ੇਰਾਂ ਦਾ ਜੰਗਲ। ਦਿਲੀਸ=ਦਿੱਲੀ ਦਾ।

ਸ਼ਮਸ ਦੀਨ ਦਿਲੀ ਦਾ ਜਵਾਨ ਬਾਦਸ਼ਾਹ ਸੀ ਅਤੇ ਦੇਸ਼ ਵਾਸੀ ਉਸ ਤੋਂ ਡਰਦੇ ਸਨ। ਇਕ ਦਿਨ ਉਹ ਉਥੇ ਸ਼ਿਕਾਰ ਖੇਡਣ ਗਿਆ ਜਿਥੇ ਇਕ ਸ਼ੇਰਨੀ ਰਹਿੰਦੀ ਸੀ।।੩।।

ਤਹੀ ਦਿਲੀਸ ਆਪੁ ਚਲਿ ਗਯੋ।। ਜਹਾਂ ਸਿੰਘਨੀ ਚਿਤਵਤ ਭਯੋ।।
ਸਿੱਧਪਾਲ ਲੀਏ ਅਪਨੇ ਸੰਗਾ।। ਔਰ ਲੀਏ ਅਨਗਨ ਚਤੁਰੰਗਾ।। ੪।।

[illegible] ਦੇ ਬਾਦਸ਼ਾਹ ਨੇ ਜਿਥੇ ਸ਼ੇਰਨੀ ਵੇਖੀ ਸੀ ਉਥੇ ਉਹ ਖ਼ੁਦ ਚੱਲ ਕੇ ਗਿਆ। ਉਹ ਸਿੱਧ ਪਾਲ ਅਤੇ ਹੋਰ ਚੱਤਰ ਵਿਅਕਤੀਆਂ ਨੂੰ ਆਪਣੇ ਨਾਲ ਲੈ ਗਿਆ।।੪।।

ਤਾ ਪਰ ਕਰੀ ਝੁਕਾਵਤ ਭਯੋ।। ਕੇਹਰਿ ਸਮੈ ਜਨਮ ਤਬ ਲਯੋ।।
ਅਰਧ ਰਹਾ ਤਨ ਮਾਤ ਕੁਖੂਤਰ।। ਅਰਧਹ ਨਾਕਰ ਗਜ ਮਸਤਕ ਪਰ।। ੫।।

ਪਦ ਅਰਥ - ਕਰੀ=ਹਾਥੀ। ਅਰਧਹ=ਅੱਧਾ ਮਾਰਿਆ।

ਉਸ ਨੇ ਉਸ ਸ਼ੇਰਨੀ ਵਲ ਆਪਣੇ ਹਾਥੀ ਨੂੰ ਵਧਾਇਆ। ਉਸੇ ਸਮੇਂ ਸ਼ੇਰਨੀ ਨੇ ਇਕ ਬੱਚੇ ਨੂੰ ਜਨਮ ਦਿੱਤਾ। ਬੱਚੇ ਦਾ ਅੱਧਾ ਸਰੀਰ ਹਾਲੇ ਮਾਂ ਦੀ ਕੁਖ ਵਿਚ ਹੀ ਸੀ ਕਿ ਸ਼ੇਰ ਦੇ ਬੱਚੇ ਨੇ ਆਪਣੇ ਦੋਵੇਂ ਪੰਜੇ ਹਾਥੀ ਦੇ ਮੱਥੇ ਨੂੰ ਲਾ ਦਿੱਤੇ।।੫।।

ਤਨ ਇਕ ਭਾਟ ਕੌਤਕ ਅਸ ਲਹਾ।। ਹਜਰਤਿ ਸੁਨਤ ਦੋਹਰਾ ਕਹਾ।।
ਸੁ ਮੈਂ ਕਹਤ ਹੋ ਸੁਨਹੁ ਪਯਾਰੇ।। ਜੋ ਤਿਨ ਸ਼ਾਹ ਨ ਚਿਤ ਤੇ ਟਾਰੇ।। ੬।।

ਇਕ ਭੱਟ ਨੇ ਇਹ ਕੌਤਕ ਵੇਖਿਆ ਅਤੇ ਉਸ ਬਾਦਸ਼ਾਹ ਨੂੰ ਸੁਣਾਉਂਦਿਆਂ ਹੋਇਆਂ ਇਕ ਦੋਹਰਾ ਕਿਹਾ। ਉਹ ਦੋਹਰਾ ਹੁਣ ਮੈਂ ਕਹਿੰਦਾ ਹਾਂ ਜਿਹੜਾ ਉਸ ਬਾਦਸ਼ਾਹ ਨੇ ਕਦੀ ਨ ਭੁਲਾਇਆ।।੬।।

ਦੋਹਰਾ।। ਸਿੰਘ ਸਾਪੁਰਸ਼ ਪਦਮਿਨੀ ਇਨਕਾ ਇਹੈ ਸੁਭਾਉ।।
ਜਜੋਂ ਜਜੋ ਦੁਖ ਗਾੜ੍ਹੋ ਪਰੈ ਤਜੋਂ ਤਜੋਂ ਆਗੈ ਪਾਉ।। ੭।।

ਸ਼ੇਰ, ਮਰਦ ਅਤੇ ਪਦਮਣੀ ਦਾ ਇਹ ਸੁਭਾ ਹੁੰਦਾ ਹੈ ਕਿ ਜਿਵੇਂ ਜਿਵੇਂ ਇਨ੍ਹਾਂ ਉਤੇ ਦੁਖ ਪੈਂਦਾ ਹੈ ਇਹ ਅੱਗੇ ਹੀ ਅੱਗੇ ਕਦਮ ਵਧਾਉਂਦੇ ਜਾਂਦੇ ਹਨ।।੭।।

ਚੌਪਈ।। ਭਾਟ ਜਬੈ ਇਹ ਭਾਂਤਿ ਉਚਾਰਾ।। ਹਜਰਤਿ ਬਚਨ ਸ੍ਰਵਨ ਇਹ ਧਾਰਾ।।

**ਜਬ ਅਪਨੇ ਮਹਲਨ ਮਹਿ ਆਯੋ॥ ਸਿੱਧਪਾਲ ਕਹ ਬੋਲ ਪਠਾਯੋ॥ ੮॥**

ਭੱਟ ਨੇ ਜਦ ਇਹ ਦੋਹਰਾ ਸੁਣਾਇਆ ਤਾਂ ਬਾਦਸ਼ਾਹ ਨੇ ਇਸ ਨੂੰ ਸੁਣਿਆ। ਜਦ ਉਹ ਆਪਣੇ ਮਹੱਲਾਂ ਵਿਚ ਆ ਗਿਆ ਤਾਂ ਉਸ ਸਿੱਧ ਪਾਲ ਨੂੰ ਬੁਲਾਇਆ॥੮॥

**ਤਾਸੋ ਇਹ ਬਿਧਿ ਨਾਥ ਬਖਾਨਾ॥ ਤੈਹੈ ਮੋਰ ਵਜੀਰ ਸਯਾਨਾ॥**
**ਅਬ ਕਛੁ ਅਸ ਤੁਮ ਕਰਹੁ ਉਪਾਈ॥ ਜਾਤੇ ਮਿਲੈ ਪਦੁਮਿਨਿ ਆਈ॥ ੯॥**

ਬਾਦਸ਼ਾਹ ਨੇ ਉਸ ਨੂੰ ਕਿਹਾ ਕਿ ਤੁਸੀਂ ਮੇਰੇ ਸਿਆਣੇ ਮੰਤਰੀ ਹੋ ਤੁਸੀਂ ਕੋਈ ਐਸਾ ਉਪਾਅ ਕਰੋ ਕਿ ਮੈਨੂੰ ਪਦਮਣੀ ਇਸਤਰੀ ਮਿਲ ਜਾਵੇ॥੯॥

**ਸਿੱਧਪਾਲ ਇਹ ਭਾਂਤਿ ਉਚਾਰਾ॥ ਸੁਨ ਹਜਰਤਿ ਜੂ ਬਚਨ ਹਮਾਰਾ॥**
**ਸਭ ਅਪਨੀ ਤੁਮ ਸੈਨ ਬੁਲਾਵੋ॥ ਮੋਹਿ ਸਿੰਗਲਾਦੀਪ ਪਠਾਵੋ॥ ੧੦॥**

ਸਿੱਧਪਾਲ ਨੇ ਕਿਹਾ ਕਿ ਹੇ ਬਾਦਸ਼ਾਹ ਮੇਰੀ ਇਕ ਗੱਲ ਸੁਣੋ, ਤੁਸੀਂ ਆਪਣੀ ਸਾਰੀ ਫੌਜ ਬੁਲਾਓ ਅਤੇ ਮੈਨੂੰ ਸਿੰਗਲਾਦੀਪ ਭੇਜੋ॥੧੦॥

**ਜੌ ਤੁਮਰੀ ਆਗਜਾ ਕਹ ਪਾਊਂ॥ ਅਮਿਤ ਸੈਨ ਲੈ ਤਹਾਂ ਸਿਧਾਊਂ॥**
**ਖੜਗ ਸਿੰਗਲਾਦੀਪ ਮਚੈਹੋ॥ ਜਯੋਂ ਤਯੋਂ ਕੈ ਪਦੁਮਿਨਿ ਲੈ ਐਹੋ॥ ੧੧॥**

ਜੇ ਤੁਹਾਡੀ ਆਗਿਆ ਹੋਵੇ ਤੇ ਕਾਫੀ ਸੈਨਾਂ ਲੈ ਕੇ ਉਥੇ ਜਾਵਾਂ। ਉਥੇ ਸਿੰਗਲਾਦੀਪ ਵਿਚ ਯੁੱਧ ਕਰਾਂਗਾ ਅਤੇ ਜਿਵੇਂ ਕਿਵੇਂ ਪਦਮਣੀ ਨੂੰ ਲੈ ਆਵਾਂਗਾ॥੧੧॥

**ਯੌਂ ਕਹਿ ਗਯੋ ਧਾਮ ਜਬ ਰਾਜਾ॥ ਬਾਜਤ ਭਾਂਤ ਅਨੇਕਨ ਬਾਜਾ॥**
**ਬੈਰੀਹੁਤੋ ਤਹਾਂ ਇਕ ਤਾਕੋ॥ ਭੇਦ ਕਹਾ ਹਜਰਤਿ ਪੈ ਵਾਕੋ॥ ੧੨॥**

ਇਹ ਕਹਿ ਕੇ ਰਾਜਾ ਜਦ ਆਪਣੇ ਘਰ ਗਿਆ ਤਾਂ ਕਈ ਪ੍ਰਕਾਰ ਦੇ ਵਾਜੇ ਵੱਜਣ ਲੱਗੇ। ਉਥੇ ਇਕ ਸਿੱਧ ਪਾਲ ਦਾ ਦੁਸ਼ਮਣ ਰਹਿੰਦਾ ਸੀ। ਉਸ ਨੇ ਬਾਦਸ਼ਾਹ ਨੂੰ ਉਸ ਦਾ ਭੇਤ ਦੱਸ ਦਿੱਤਾ॥੧੨॥

**ਏਕ ਧਾਮ ਦੁਹਿਤਾ ਹੈ ਯਾਕੇ॥ ਪਰੀ ਪਦਮਿਨਿ ਤੁੱਲਿ ਨ ਤਾਕੇ॥**
**ਪਠੈ ਮਨੁੱਛ ਤਿਹ ਹੇਰਿ ਮੰਗਾਵਹੁ॥ ਤਿਹ ਪਾਛੇ ਪਦੁਮਿਨਿ ਖੁਜਾਵਹੁ॥ ੧੩॥**

ਇਸ ਦੇ ਘਰ ਇਕ ਪੁੱਤਰੀ ਹੈ ਜਿਸ ਦੇ ਬਰਾਬਰ ਹੋਰ ਕੋਈ ਪਰੀ ਜਾਂ ਪਦਮਣੀ ਨਹੀਂ ਹੈ। ਇਕ ਵਿਅਕਤੀ ਭੇਜ ਕੇ ਉਸ ਨੂੰ ਬੁਲਾ ਲਵੋ ਅਤੇ ਬਾਅਦ ਵਿਚ ਪਦਮਣੀ ਲੱਭਣ ਵਾਸਤੇ ਕਹਿਣਾ॥੧੩॥

**ਹਜਰਤਿ ਸੁਨਤ ਜਬੈ ਸੇ ਭਯੋ॥ ਤਤ ਛਿਨ ਦੂਤੀ ਤਹਾਂ ਪਠਯੋ॥**

**ਚਤੁਰਿ ਚਿਤੇਰੀ ਰੂਪ ਉਜਿਯਾਰੀ॥ ਬਿਸੁਕਰਮਾ ਕੀ ਜਾਨ ਕੁਮਾਰੀ॥੧੪॥**

ਬਾਦਸ਼ਾਹ ਨੇ ਸੁਣਦਿਆਂ ਹੀ ਤੁਰੰਤ ਇਕ ਦੂਤੀ ਨੂੰ ਉਧਰ ਭੇਜ ਦਿੱਤਾ। ਉਹ ਚੱਤਰ ਚਿਤਰਕਲਾ ਵਿਚ ਨਿਪੁੰਨ ਅਤੇ ਸੁੰਦਰ ਸਰੂਪ ਸੀ ਅਤੇ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਵਿਸ਼ਕਰਮਾਂ ਦੀ ਪੁੱਤਰੀ ਹੋਵੇ॥੧੪॥

**ਇਕ ਚਤੁਰਾ ਅਰੁ ਦੁਤਿਯ ਚਿਤੇਰੀ॥ ਪ੍ਰਤਿਮਾ ਦੁਤਿਯ ਮਦਨ ਜਨ ਕੇਰੀ॥**
**ਗੋਰਬਰਨ ਅਰੁ ਖਾਏ ਪਾਨਾ॥ ਜਾਨੁਕ ਚੜ੍ਹਾਚੰਦ ਅਸਮਾਨਾ॥੧੫॥**

ਪਦ ਅਰਥ - ਪ੍ਰਤਿਮਾ ਦੁਤਿਯ=ਦੂਸਰੀ ਮੂਰਤੀ। ਮਦਨ=ਕਾਮਦੇਵ।

ਉਹ ਚੱਤਰ ਇਸਤਰੀ ਕਾਮ ਦੇਵ ਦਾ ਦੂਸਰਾ ਰੂਪ ਸੀ। ਗੋਰਾ ਬਦਨ ਅਤੇ ਪਾਨ ਖਾਂਦੀ ਹੋਈ ਇਸ ਤਰ੍ਹਾਂ ਲੱਗਦੀ ਜਿਵੇਂ ਅਕਾਸ਼ ਵਿਚ ਚੰਦ ਨਿਕਲਿਆ ਹੋਵੇ॥੧੫॥

**ਤਾਕੇ ਧਾਮ ਚਿਤੇਰਨਿ ਗਈ॥ ਲਿਖਿ ਲਜਾਵਤ ਪ੍ਰਤਿਮਾ ਤਿਹ ਭਈ॥**
**ਜਬ ਲੈ ਕਰਿ ਕਰ ਸ਼ਾਹ ਨਿਹਾਰੀ॥ ਜਾਨੁਕ ਤਾਨਿ ਕਟਾਰੀ ਮਾਰੀ॥੧੬॥**

ਉਸ ਦੇ ਘਰ ਉਹ ਚਿਤਰਕਲਾ ਵਿਚ ਨਿਪੁੰਨ ਦੂਤੀ ਗਈ ਅਤੇ ਉਸ ਦੇ ਚਿੱਤਰ ਬਣਾ ਕੇ ਲੈ ਆਈ। ਜਦ ਬਾਦਸ਼ਾਹ ਨੇ ਉਸ ਚਿੱਤਰ ਨੂੰ ਵੇਖਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਨਿਸ਼ਾਨਾ ਬੰਨ੍ਹ ਕੇ ਕਿਸੇ ਨੇ ਕਟਾਰ ਮਾਰ ਦਿੱਤੀ ਹੋਵੇ॥੧੬॥

**ਸਭ ਸੁਧਿ ਗਈ ਮੱਤ ਹ੍ਵੈ ਝੂਮਾ॥ ਘਾਇਲਗੇ ਘਾਯਲ ਜਨੁ ਘੂੰਮਾ॥**
**ਤਨ ਕੀ ਰਹੀ ਨ ਤਨਿਕ ਸੰਭਾਰਾ॥ ਜਨੁ ਡਸਿ ਗਯੋ ਨਾਗ ਕੌਂਡਿਯਾਰਾ॥੧੭॥**

ਪਦ ਅਰਥ - ਘਾਇਲਗੇ=ਜ਼ਖਮੀ ਹੋਕੇ। ਕੌਂਡਿਯਾਰਾ=ਕੌਂਤੀਆਂ ਵਾਲਾ।

ਉਹ ਸਭ ਸੁੱਧ ਬੁੱਧ ਗਵਾ ਬੈਠਾ ਅਤੇ ਜ਼ਖਮੀ ਹੋ ਕੇ ਘੁੰਮਣ ਲੱਗਾ। ਉਸ ਨੂੰ ਸਰੀਰ ਦੀ ਰਤਾ ਭਰ ਵੀ ਹੋਸ਼ ਨ ਰਹੀ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਉਸ ਨੂੰ ਕੌਡੀਆਂ ਵਾਲਾ ਸੱਪ ਲੜ ਗਿਆ ਹੋਵੇ॥੧੭॥

**ਇਕ ਦਿਨ ਕਰੀ ਸ਼ਾਹ ਮਿਜਮਾਨੀ॥ ਸਭ ਪੁਰ ਨਾਰਿ ਧਾਮ ਮਹਿ ਆਨੀ॥**
**ਸਿੱਧ ਪਾਲ ਕੀ ਸੁਤਾ ਜਬਾਈ॥ ਸਕਲ ਦੀਪ ਜਜੋਂ ਸਭਾ ਸੁਹਾਈ॥੧੮॥**

ਇਕ ਦਿਨ ਬਾਦਸ਼ਾਹ ਨੇ ਮਹਿਮਾਨੀ ਕੀਤੀ ਅਤੇ ਸ਼ਹਿਰ ਦੀਆਂ ਸਾਰੀਆਂ ਇਸਤਰੀਆਂ ਨੂੰ ਬੁਲਾਇਆ। ਸਿੱਧ ਪਾਲ ਦੀ ਪੁੱਤਰੀ ਜਦ ਆਈ ਤਾਂ ਮਾਨੋਂ ਸਾਰੀ ਸਭਾ ਹੀ ਸੁਭਾਇਮਾਨ ਹੋ ਗਈ॥੧੮॥

**ਛਿੱਦ੍ਰ ਬੀਚ ਕਰਿ ਤਾਂਹਿ ਨਿਹਾਰਾ॥ ਹਜਰਤਿ ਭਯੋ ਤਬੈ ਮਤਵਾਰਾ॥**

*****************************************************************

**ਮਨ ਤਰੁਨੀ ਕੇ ਰੂਪ ਬਿਕਾਨਜੋ।। ਮ੍ਰਿਤਕ ਸੋ ਤਨੁ ਰਹਜੋ ਪਛਾਨਜੋ।।੧੯।।**

ਪਦ ਅਰਥ - ਛਿੱਦ੍ਰ=ਛੇਕ। ਮ੍ਰਿਤਕ=ਮੁਰਦੇ।

ਇਕ ਮੋਰੀ ਦੇ ਵਿਚੋਂ ਦੀ ਬਾਦਸ਼ਾਹ ਨੇ ਉਸ ਨੂੰ ਵੇਖਿਆ ਅਤੇ ਵੇਖਦਿਆਂ ਹੀ ਮਤਵਾਲਾ ਹੋ ਗਿਆ। ਉਸ ਦਾ ਮਨ ਉਸ ਮੁਟਿਆਰ ਦੇ ਹੱਥੀਂ ਵਿਕ ਚੁਕਾ ਸੀ ਅਤੇ ਤਨ ਮਾਨੋਂ ਇਕ ਲਾਸ਼ ਵਾਂਗ ਅਹਿੱਲ ਹੋ ਗਿਆ ਸੀ।।੧੯।।

**ਹਜਰਤਿ ਸਕਲ ਪਠਾਨ ਬੁਲਾਏ।। ਸਿੱਧਪਾਲ ਕੈ ਧਾਮ ਪਠਾਏ।।**
**ਕੈ ਅਪਨੀ ਦੁਹਿਤਾ ਮੁਹਿ ਦੀਜੈ।। ਨਾਤਰ ਮੀਚ ਮੂੰਡ ਪਰ ਲੀਜੈ।।੨੦।।**

ਬਾਦਸ਼ਾਹ ਨੇ ਸਾਰੇ ਪਠਾਣ ਬੁਲਾਏ ਅਤੇ ਉਨ੍ਹਾਂ ਨੂੰ ਇਹ ਕਹਿ ਕੇ ਸਿੱਧ ਪਾਲ ਦੇ ਘਰ ਭੇਜਿਆ ਕਿ ਜਾਂ ਤਾਂ ਮੈਨੂੰ ਆਪਣੀ ਪੁੱਤਰੀ ਦੇ ਦੇਵੋ ਜਾਂ ਮੌਤ ਕਬੂਲ ਕਰ ਲਵੋ।।੨੦।।

**ਸਕਲ ਪਠਾਨ ਤਵਨ ਕੇ ਗਏ।। ਹਜਰਤਿ ਕਹੀ ਸੁ ਭਾਖਤ ਭਏ।।**
**ਸਿੱਧਪਾਲ ਧੰਨ ਭਾਗ ਤਿਹਾਰੇ।। ਗ੍ਰਿਹਿ ਆਵਹਿਗੇ ਸ਼ਾਹ ਸਵਾਰੇ।।੨੧।।**

ਬਾਦਸ਼ਾਹ ਦੇ ਭੇਜੇ ਪਠਾਣ ਉੱਥੇ ਗਏ ਅਤੇ ਬਾਦਸ਼ਾਹ ਨੇ ਜੋ ਕੁਝ ਉਨ੍ਹਾਂ ਨੂੰ ਕਿਹਾ ਸੀ, ਉਨ੍ਹਾਂ ਸਿੱਧ ਪਾਲ ਨੂੰ ਕਹਿ ਸੁਣਾਇਆ। ਉਹ ਕਹਿਣ ਲੱਗੇ ਕਿ ਸਿੱਧ ਪਾਲ ਤੁਹਾਡੇ ਧੰਨ ਭਾਗ ਹਨ ਕਿ ਬਾਦਸ਼ਾਹ ਇਥੇ ਸ਼ਾਹੀ ਸਵਾਰੀ ਲੈ ਕੇ ਆਉਣਗੇ।।੨੧।।

**ਸਿੱਧਪਾਲ ਐਸੋ ਜਬ ਸੁਨਾ।। ਅਧਿਕ ਦੁਖਿਤ ਹ੍ਵੈ ਮਸਤਕ ਧੁਨਾ।।**
**ਦੈਵ ਕਵਨ ਗਤਿ ਕਰੀ ਹਮਾਰੀ।। ਗ੍ਰਿਹਿ ਅਸਿ ਉਪਜੀ ਸੁਤਾ ਦੁਖਾਰੀ।।੨੨।।**

ਪਦ ਅਰਥ - ਉਪਜੀ ਸੁਤਾ ਦੁਖਾਰੀ=ਦੁਖਦਾਇਕ ਪੁੱਤਰੀ ਪੈਦਾ ਹੋਈ ਹੈ।

ਸਿੱਧ ਪਾਲ ਨੇ ਜਦ ਇਹ ਸੁਣਿਆਂ ਤਾਂ ਦੁਖੀ ਹੋ ਕੇ ਆਪਣੇ ਮੱਥੇ ਨੂੰ ਹੱਥ ਮਾਰ ਕੇ ਰਹਿ ਗਿਆ। ਉਹ ਕਹਿਣ ਲੱਗਾ,"ਹੇ ਭਗਵਾਨ ! ਤੂੰ ਮੇਰੇ ਨਾਲ ਇਹ ਕੀ ਕੀਤਾ, ਜਿਹੜੀ ਏਨੀ ਦੁਖਦਾਇਕ ਪੁੱਤਰੀ ਮੈਨੂੰ ਦਿੱਤੀ ਹੈ।।੨੨।।

**ਜੌਂ ਨਹਿ ਦੇਤ ਤੁ ਬਿਗਰਤ ਕਾਜਾ।। ਜਾਤ ਦਏ ਛੱਤ੍ਰਿਨ ਕੀ ਲਾਜਾ।।**
**ਮੁਗਲ ਪਠਾਨ ਤੁਰਕ ਘਰ ਮਾਹੀ।। ਅਬ ਲਗਿ ਗੀ ਛੱਤ੍ਰਾਨੀ ਨਾਹੀ।।੨੩।।**

ਜੇ ਮੈਂ ਇਸ ਨੂੰ ਨਹੀਂ ਦਿੰਦਾ ਤਾਂ ਸ਼ਾਹ ਵਿਗੜਦਾ ਹੈ ਅਤੇ ਜੇ ਦਿੰਦਾ ਹਾਂ ਤਾਂ ਖੱਤਰੀਆਂ ਨੂੰ ਲਾਜ ਲੱਗਦੀ ਹੈ ਅਤੇ ਆਣ ਮਰਯਾਦਾ ਭੰਗ ਹੁੰਦੀ ਹੈ। ਅਜ ਤਕ ਮੁਗਲ ਪਠਾਣਾਂ ਦੇ ਘਰ ਕੋਈ ਖੱਤਰਾਣੀ ਨਹੀਂ ਗਈ ਹੈ।।੨੩।।

**ਛੱਤ੍ਰਿਨ ਕੇ ਅਬ ਲਗੇ ਨ ਭਈ।। ਦੁਹਿਤਾ ਕਾਢਿ ਤੁਰਕ ਕਹ ਦਈ।।**
**ਰਜਪੂਤਨ ਕੇ ਹੋਤਹ ਆਈ।। ਪੁੱਤ੍ਰੀ ਧਾਮ ਮਲੇਛ ਪਠਾਈ।। ੨੪।।**

ਹੁਣ ਤਕ ਇਸ ਤਰ੍ਹਾਂ ਨਹੀਂ ਹੋਇਆ ਕਿ ਖੱਤਰੀਆਂ ਨੇ ਆਪਣੀ ਪੁੱਤਰੀ ਤੁਰਕਾਂ ਨੂੰ ਦਿੱਤੀ ਹੋਵੇ। ਰਾਜਪੂਤਾਂ ਵਿਚ ਇਹ ਹੁੰਦਾ ਆਇਆ ਹੈ ਕਿ ਉਨ੍ਹਾਂ ਨੇ ਆਪਣੀਆਂ ਪੁੱਤਰੀਆਂ ਮਲੇਛਾਂ ਨੂੰ ਦਿੱਤੀਆਂ ਹਨ।। ੨੪।।

**ਹਾਡਨ ਏਕ ਦੂਸਰਨ ਖੱਤ੍ਰੀ।। ਤੁਰਕਨ ਕਹ ਇਨ ਦਈ ਨ ਪੁੱਤ੍ਰੀ।।**
**ਜੋ ਛੱਤ੍ਰੀ ਅਸ ਕਰਮ ਕਮਾਵੈ।। ਕੁੰਭੀ ਨਰਕ ਦੇਹ ਜੁਤ ਜਾਵੈ।। ੨੫।।**

ਪਦ ਅਰਥ - ਹਾਡਨ=ਹਾੜਾ ਵੰਸ਼। ਛੱਤ੍ਰੀ=ਖੱਤਰੀ।

ਇਹ ਇਕ ਤਾਂ ਹਾੜਾ ਵੰਸ਼ ਨਾਲ ਸਬੰਧਤ ਹੈ ਅਤੇ ਦੂਸਰੀ ਖੱਤਰੀਆਂ ਦੀ ਲੜਕੀ ਹੈ, ਇਨ੍ਹਾਂ ਲੋਕਾਂ ਨੇ ਤਾਂ ਕਦੀ ਵੀ ਆਪਣੀਆਂ ਪੁੱਤਰੀਆਂ ਤੁਰਕਾਂ ਨੂੰ ਨਹੀਂ ਦਿੱਤੀਆਂ ਹਨ। ਜੋ ਖੱਤਰੀ ਐਸਾ ਕਰਮ ਕਰਦਾ ਹੈ ਉਹ ਕੁੰਭੀ ਨਰਕ ਵਿਚ ਜਾਵੇਗਾ।। ੨੫।।

**ਜੋ ਨਰ ਤੁਰਕਹਿ ਦੇਤ ਦੁਲਾਰੀ।। ਧ੍ਰਿਗ ਧ੍ਰਿਗ ਜਗ ਤਿਹ ਕਰਤ ਉਚਾਰੀ।।**
**ਲੋਕ ਪ੍ਰਲੋਕ ਤਾਹਿ ਕੋ ਜੈਹੈ।। ਛੱਤ੍ਰੀ ਸੁਤਾ ਤੁਰਕ ਕਹ ਦੈਹੈ।। ੨੬।।**

ਪਦ ਅਰਥ - ਦੁਲਾਰੀ ਧੀ।। ਧ੍ਰਿਗ ਧ੍ਰਿਗ=ਧਿਰਕਾਰ ਧਿਰਕਾਰ।

ਜਿਹੜਾ ਵਿਅਕਤੀ ਤੁਰਕ ਨੂੰ ਆਪਣੀ ਪੁੱਤਰੀ ਦਿੰਦਾ ਹੈ ਉਸ ਨੂੰ ਸਾਰਾ ਸੰਸਾਰ ਫਿਟਕਾਰਦਾ ਹੈ। ਜੋ ਖੱਤਰੀ ਤੁਰਕ ਨੂੰ ਆਪਣੀ ਪੁੱਤਰੀ ਦੇਵੇਗਾ ਉਸ ਦਾ ਲੋਕ ਪਰਲੋਕ ਗਰਕ ਹੋ ਜਾਵੇਗਾ।। ੨੬।।

**ਹਾਡਿਯਨ ਸੁਤਾ ਤੁਰਕ ਨਹਿ ਦਈ।। ਛੱਤ੍ਰਾਨੀ ਤੁਰਕਨੀ ਨ ਭਈ।।**
**ਕਛ ਰਜਪੂਤਨ ਲਾਜ ਗਵਾਈ।। ਰਾਨੀ ਤੇ ਬੇਗਮਾ ਕਹਾਈ।। ੨੭।।**

ਹਾੜਾ ਵੰਸ਼ ਵਾਲਿਆਂ ਅਜ ਤਕ ਆਪਣੀ ਕੋਈ ਪੁੱਤਰੀ ਤੁਰਕਾਂ ਨੂੰ ਨਹੀਂ ਦਿੱਤੀ ਅਤੇ ਕੋਈ ਖੱਤਰਾਣੀ ਅੱਜ ਤਕ ਮੁਸਲਮਾਨੀ ਨਹੀਂ ਬਣੀ ਹੈ। ਕੁਝ ਹੀ ਨਿਰਲੱਜ ਰਾਜਪੂਤ ਇਸਤਰੀਆਂ ਨੇ ਆਪਣੇ ਆਪ ਨੂੰ ਰਾਣੀ ਦੇ ਥਾਂ ਬੇਗਮ ਕਹਾਉਣਾ ਪਸੰਦ ਕੀਤਾ ਹੈ।। ੨੭।।

**ਅਬ ਮੈਂ ਧਰੈ ਇਹੌ ਨਿਜੁ ਬੁੱਧਾ।। ਮੰਡੌ ਬੀਰ ਖੇਤ ਮਹਿ ਕ੍ਰੁੱਧਾ।।**
**ਪਹਿਰਿ ਕੌਚ ਕਰਿ ਖੜਗ ਸੰਭਾਰੌ।। ਚੁਨਿ ਚੁਨਿ ਆਜੁ ਪਖਰਿਯਾ ਮਾਰੌ।। ੨੮।।**

ਪਦ ਅਰਥ - ਮੰਡੌ ਬੀਰ ਖੇਤ=ਸੂਰਬੀਰਾਂ ਵਾਂਗ ਯੁੱਧ। ਪਹਿਰਿ ਕੌਚ=ਕਵਚ ਪਾ ਕੇ। ਪਖਰਿਯਾ=ਸੂਰਮੇ।

Namdhari Elibrary NamdhariElibrary@gmail.com

**************************************************************

ਹੁਣ ਤਾਂ ਮੈਂ ਇਹੋ ਫੈਸਲਾ ਕਰਦਾ ਹਾਂ ਕਿ ਕ੍ਰੋਧ ਵਿਚ ਆ ਕੇ ਯੁੱਧ ਕੀਤਾ ਜਾਵੇ। ਕਵਚ ਪਾਇਆ ਜਾਵੇ, ਤਲਵਾਰ ਸੰਭਾਲੀ ਜਾਵੇ ਅਤੇ ਚੁਣ ਚੁਣ ਕੇ ਸੂਰਬੀਰਾਂ ਨੂੰ ਮਾਰਿਆ ਜਾਵੇ।।੨੮।।

**ਤਬ ਕੰਨਜਾ ਨਿਜੁ ਪਿਤਾ ਹਕਾਰਾ।। ਇਹ ਬਿਧਿ ਤਾਸੋ ਮੰਤ੍ਰ ਉਚਾਰਾ।।**
**ਤਾਤ ਤਨਿਕ ਚਿੰਤਾ ਨਹਿ ਕਰੀਯੈ।। ਸਨਮੁਖ ਪਾਤਿਸ਼ਾਹ ਸੌ ਲਰੀਯੈ।।੨੯।।**

ਤਦ ਉਸ ਦੀ ਪੁੱਤਰੀ ਨੇ ਵੀ ਕਹਿ ਦਿੱਤਾ ਕਿ ਤੁਸੀਂ ਚਿੰਤਾ ਨ ਕਰੋ ਅਤੇ ਬਾਦਸ਼ਾਹ ਦੇ ਸਾਹਮਣੇ ਹੋ ਕੇ ਲੜਈ ਕਰੋ।।੨੯।।

**ਅੜਿੱਲ।। ਬੋਲ ਸਦਾ ਥਿਰ ਰਹੈ ਦਿਵਸਰੇ ਜਾਂਇ ਹੈਂ।।**
**ਕਰੇ ਕਰਮ ਛੱਤ੍ਰਿਨ ਕੇ ਚਾਰਣ ਗਾਇ ਹੈਂ।।**
**ਤਾ ਤਨ ਮੋਕੋ ਦੀਜੈ ਆਹਵ ਕੀਜਿਯੈ।।**
**ਹੋ ਦਾਨ ਕ੍ਰਿਪਾਨ ਦੁਹੂੰ ਜਗ ਮੈ ਜਸ ਲੀਜਿਯੈ।। ੩੦।।**

ਦਿਨ ਬੀਤ ਜਾਣਗੇ ਪਰ ਗੱਲਾਂ ਸਦਾ ਹੁੰਦੀਆਂ ਰਹਿਣਗੀਆਂ ਅਤੇ ਕੀਤੇ ਹੋਏ ਬਹਾਦਰੀ ਦੇ ਕੰਮਾਂ ਬਾਰੇ ਭੱਟ ਸਦਾ ਵਾਰਾਂ ਬਣਾ ਕੇ ਗਾਉਂਦੇ ਰਹਿਣਗੇ। ਇਸ ਲਈ ਹੇ ਪਿਤਾ ਜੀ ਮੈਨੂੰ ਬਾਦਸ਼ਾਹ ਪਾਸ ਨ ਦੇਵੋ ਅਤੇ ਯੁੱਧ ਕਰਕੇ, ਕਿਰਪਾਨ ਚਲਾ ਕੇ ਸੰਸਾਰ ਵਿਚ ਜੱਸ ਖਟੋ।।੩੦।।

**ਖੜਗ ਹਾਥ ਜਿਨਿ ਤਜਹੁ ਖੜਗਧਾਰਾ ਸਹੋ।।**
**ਭਾਜਿ ਨ ਚਲਿਯਹੁ ਤਾਤ ਮੰਡਿ ਰਨ ਕੌਂ ਰਹੋ।।**
**ਪਠੇ ਪਖਰਿਯਾ ਹਨਿਯਹੁ ਬਿਸਿਖ ਪ੍ਰਹਾਰ ਕਰਿ।।**
**ਹੋ ਮਾਰਿ ਅਰਿਨ ਕੌਂ ਮਰਿਯਹੁ ਹਮਰਿ ਸੰਘਾਰਿ ਕਰਿ।। ੩੧।।**

ਹੱਥ ਵਿਚੋਂ ਕਿਰਪਾਨ ਨੂੰ ਮਤ ਛਡੋ ਅਤੇ ਕਿਰਪਾਨ ਦੀ ਧਾਰ ਨੂੰ ਸਹਿਣ ਦਾ ਹੌਂਸਲਾ ਕਾਇਮ ਕਰੋ। ਹੇ ਪਿਤਾ ਜੀ ! ਯੁਧ ਨੂੰ ਅਰੰਭ ਕਰੋ ਅਤੇ ਫਿਰ ਭੱਜਣਾ ਬਿਲਕੁਲ ਨਹੀਂ। ਵੈਰੀਆਂ ਨੂੰ ਤੀਰ ਚਲਾ ਕੇ ਮਾਰ ਦੇਣਾ। ਵੈਰੀ ਦਾ ਨਾਸ ਕਰਕੇ ਮੈਨੂੰ ਵੀ ਮਾਰ ਦੇਣਾ ਅਤੇ ਫਿਰ ਆਪ ਵੀ ਮਰ ਜਾਣਾ, ਪਰ ਬਾਦਸ਼ਾਹ ਦੀ ਇਸ ਮੰਗ ਨੂੰ ਸਵੀਕਾਰ ਕਦੀ ਨ ਕਰਨਾ।।੩੧।।

**ਚੌਪਈ।। ਸੁਨਹੁ ਪਿਤਾ ਇਕ ਕਰਹੁ ਉਪਾਈ।। ਸ਼ਮਸ਼ਦੀਨ ਕਹ ਲੇਹੁ ਬੁਲਾਈ।।**
**ਜਬ ਆਵੈ ਤਬ ਪਕਰਿ ਸੰਘਰਿਯਹੁ।। ਬਹੁਰੌ ਨਿਕਸਿ ਜੁੱਧ ਕੌ ਕਰਿਯਹੁ।। ੩੨।।**

ਹੇ ਪਿਤਾ ਮੇਰੀ ਇਕ ਗੱਲ ਸੁਣੋ, ਮੈਂ ਤੁਹਾਨੂੰ ਇਕ ਉਪਾਅ ਦਸਦੀ ਹਾਂ ਕਿ ਸ਼ਮਸ਼ ਦੀਨ ਨੂੰ ਬੁਲਾ ਲਵੋ। ਜਦ ਉਹ ਏਥੇ ਆਵੇ ਤਾਂ ਫੜ ਕੇ ਮਾਰ ਦੇਣਾ ਅਤੇ ਫਿਰ ਨਿਕਲ ਕੇ ਦੁਸ਼ਮਣ

ਨਾਲ ਯੁੱਧ ਕਰਨਾ।।੩੨।।

**ਸਿੰਧਪਾਲ ਤਬ ਐਸ ਬਿਚਾਰੀ।। ਭਲੀ ਬਾਤ ਇਨ ਸੁਤਾ ਉਚਾਰੀ।।**
**ਅੰਤਹਪੁਰ ਤੇ ਬਾਹਰਿ ਆਯੋ।।ਬੋਲਿ ਪਠਾਨਨ ਐਸ ਜਤਾਯੋ।।੩੩।।**

ਸਿਧ ਪਾਲ ਨੇ ਸੋਚਿਆ ਕਿ ਪੁੱਤਰੀ ਨੇ ਠੀਕ ਹੀ ਕਿਹਾ ਹੈ। ਉਹ ਅੰਤਪੁਰ ਤੋਂ ਬਾਹਰ ਆਇਆ ਅਤੇ ਪਠਾਣਾਂ ਨੂੰ ਇਸ ਤਰ੍ਹਾਂ ਕਿਹਾ।।੩੩।।

**ਏ ਹੈ ਪ੍ਰਭੁ ਕੇ ਬਡੇ ਬਨਾਏ।। ਹਮ ਤੁਮ ਏ ਇਨ ਕੇ ਪਗ ਲਾਏ।।**
**ਜੋ ਇਨ ਕਹਾ ਵਹੈ ਮਨ ਮਾਨਾ।। ਸਿਰ ਪਰ ਹੁਕਮ ਸ਼ਾਹ ਕੋ ਆਨਾ।।੩੪।।**

'ਇਹ ਬਾਦਸ਼ਾਹ ਤਾਂ ਪ੍ਰਭੂ ਵਲੋਂ ਹੀ ਵੱਡੇ ਬਣਾਏ ਗਏ ਹਨ ਅਸੀਂ ਤੁਸੀਂ ਤਾਂ ਹਮਾਤੜ ਉਸ ਦੇ ਪੈਰਾਂ ਵਰਗੇ ਹਾਂ। ਜੋ ਉਨ੍ਹਾਂ ਨੇ ਕਿਹਾ ਹੈ ਮੈਂ ਮੰਨਦਾ ਹਾਂ ਅਤੇ ਬਾਦਸ਼ਾਹ ਦਾ ਹੁਕਮ ਸਿਰ ਮੱਥੇ ਹੈ।।੩੪।।

**ਤਬ ਮਿਲਿ ਖਾਨ ਸ਼ਾਹ ਕੇ ਗਏ।। ਅਤਿ ਹੀ ਹ੍ਰਿਦੈ ਅਨੰਦਿਤ ਭਏ।।**
**ਤੁਰਕਹਿ ਛੱਤ੍ਰਿਨ ਸੁਤਾ ਨ ਦਈ।। ਹਸਿ ਹੈ ਇਨੈ ਭਲੀ ਇਹ ਭਈ।।੩੫।।**

ਤਦ ਪਠਾਣ ਇਕੱਠੇ ਹੋ ਕੇ ਬਾਦਸ਼ਾਹ ਦੇ ਕੋਲ ਗਏ ਅਤੇ ਦਿਲ ਵਿਚ ਬਹੁਤ ਪ੍ਰਸੰਨ ਹੋਏ। ਖੱਤਰੀਆਂ ਨੇ ਕਦੇ ਆਪਣੀ ਪੁੱਤਰੀ ਤੁਰਕਾਂ ਨੂੰ ਨਹੀਂ ਦਿੱਤੀ ਪਰ ਇਹ ਖਿੜੇ ਮੱਥੇ ਮੰਨ ਗਿਆ ਹੈ।।੩੫।।

**ਦੁਹਿਤਾ ਇਤੈ ਪਿਤਹਿ ਸਮੁਝਾਵੈ।। ਛੱਤ੍ਰੀ ਜਨਮੁ ਫੇਰਿ ਨਹਿ ਆਵੈ।।**
**ਅਬ ਲੌ ਐਸੀ ਬਾਤ ਨ ਭਈ।। ਤੁਰਕਨ ਕੇ ਛੱਤ੍ਰਾਨੀ ਗਈ।।੩੬।।**

ਦੂਸਰੇ ਪਾਸੇ ਪੁੱਤਰੀ ਪਿਤਾ ਨੂੰ ਸਮਝਾਉਣ ਲੱਗੀ ਕਿ ਖੱਤਰੀ ਜਨਮ ਦੁਬਾਰਾ ਨਹੀਂ ਮਿਲੇਗਾ। ਅਜ ਤਕ ਇਸ ਤਰ੍ਹਾਂ ਨਹੀਂ ਹੋਇਆ ਕਿ ਖਤਰਾਣੀ ਤੁਰਕ ਪਾਸ ਗਈ ਹੋਵੇ।।੩੬।।

**ਤਾਤੇ ਮੋਹਿ ਨ ਦੀਜੈ ਤਾਤਾ।। ਮੰਡਹੁ ਜੁੱਧ ਹੋਤ ਹੀ ਪ੍ਰਾਤਾ।।**
**ਚਲਿ ਹੈ ਕਥਾ ਸਦਾ ਜਗ ਮਾਹੀ।। ਪ੍ਰਾਤ ਪਠਾਨ ਕਿ ਛੱਤ੍ਰੀ ਨਾਹੀ।। ੩੭।।**

ਇਸ ਲਈ ਪਿਤਾ ਜੀ ਮੈਨੂੰ ਬਾਦਸ਼ਾਹ ਦੇ ਹਵਾਲੇ ਮੱਤ ਕਰੋ ਅਤੇ ਸਵੇਰ ਹੁੰਦਿਆਂ ਹੀ ਯੁੱਧ ਕਰੋ। ਇਹ ਕਥਾ ਜੁਗਾਂ ਤਕ ਚਲਦੀ ਰਹੇਗੀ। ਕਲ ਸਵੇਰ ਨੂੰ ਜਾਂ ਤਾਂ ਪਠਾਣ ਨਹੀਂ ਰਹਿਣਗੇ ਜਾਂ ਖੱਤਰੀ ਨਹੀਂ ਹੋਣਗੇ।।੩੭।।

**ਪਹਿਰਹੁ ਕੌਚ ਬਜਾਇ ਨਗਾਰੇ।। ਪੀ ਪੀ ਅਮਲ ਹੋਹੁ ਮਤਵਾਰੇ।।**
**ਪ੍ਰਾਤ ਮਚਤ ਹੈ ਜੁੱਧ ਅਪਾਰਾ।। ਹ੍ਵੈ ਹੈ ਅੰਧ ਧੁੰਧ ਬਿਕਰਾਰਾ।।੩੮।।**

Namdhari Elibrary NamdhariElibrary@gmail.com

ਨਗਾਰੇ ਵਜਾ ਕੇ ਕਵਚ ਪਹਿਣ ਲਵੋ ਅਤੇ ਨਸ਼ਾ ਪੀ ਕੇ ਸਾਰੇ ਮਸਤ ਹੋ ਜਾਵੋ। ਸਵੇਰੇ ਵਿਕਰਾਲ ਰੂਪ ਵਿਚ ਅੰਨ੍ਹੇਵਾਹ ਯੁੱਧ ਹੋਵੇਗਾ।।੩੮।।

**ਪਾਤਿਸ਼ਾਹ ਸੰਗ ਹੈ ਸੰਗ੍ਰਾਮਾ।। ਸਭ ਹੀ ਕਰਹੁ ਕੇਸਰੀ ਜਾਮਾ।।**
**ਟਾਂਕਿ ਆਫੂਐਂ ਤੁਰੈ ਨਚਾਵੈਂ।।ਸਾਂਗ ਝਲਕਤੀ ਹਾਥ ਫਿਰਾਵੈਂ।।੩੯।।**

ਪਦ ਅਰਥ – ਸੰਗ੍ਰਾਮਾ=ਜੰਗ, ਲੜਾਈ। ਆਫੂਐਂ=ਅਫੀਮ। ਤੁਰੈ ਨਚਾਵੈਂ=ਘੋੜੇ ਨਚਾਵੋ। ਸਾਂਗ ਝਲਕਤੀ=ਲਿਸ਼ਕਦੀਆਂ ਬਰਛੀਆਂ।

ਕਿਉਂਕਿ ਬਾਦਸ਼ਾਹ ਦੇ ਨਾਲ ਯੁੱਧ ਹੈ ਇਸ ਲਈ ਸਾਰੇ ਕੇਸਰੀ ਬਾਣੇ ਪਾ ਲਵੋ। ਅਫੀਮ ਆਦਿ ਖਾ ਕੇ ਘੋੜਿਆਂ ਨੂੰ ਨਚਾਵੋ ਅਤੇ ਲਿਸ਼ਕਦੀਆਂ ਬਰਛੀਆਂ ਨੂੰ ਹੱਥਾਂ ਵਿਚ ਘੁਮਾਓ।।੩੯।।

**ਪ੍ਰਥਮ ਤਜਾਗਿ ਪ੍ਰਾਨਨ ਕੀ ਆਸਾ।। ਬਾਹਹੁ ਖੜਗ ਸਕਲ ਤਜਿ ਤ੍ਰਾਸਾ।।**
**ਪੋਸਤ ਭਾਂਗ ਅਫੀਮ ਚੜ੍ਹਾਵੋ।। ਰੇਤੀ ਮਾਂਝ ਚਰਿੱਤ੍ਰ ਦਿਖਾਵੋ।।੪੦।।**

ਪ੍ਰਾਣਾਂ ਦੀ ਆਸ ਛੱਡ ਕੇ ਨਿਰਭੈ ਹੋ ਕੇ ਤਲਵਾਰ ਚਲਾਓ। ਪੋਸਤ, ਭੰਗ ਜਾਂ ਅਫੀਮ ਖਾ ਲਵੋ ਅਤੇ ਇਸ ਰੇਤਲੀ ਧਰਤੀ ਤੇ ਆਪਣੇ ਕਰਤਵ ਵਖਾਓ।।੪੦।।

**ਹਜਰਤਿ ਜੋਰਿ ਤਹਾਂ ਦਲ ਆਯੋ।। ਸਕਲ ਬਜਾਹ ਕੋ ਸਾਜ ਬਨਾਯੋ।।**
**ਸਿੱਧਪਾਲ ਕੇ ਜਬ ਘਰਿ ਆਏ।। ਪੁਨਿ ਕੰਨਜਾ ਅਸ ਬਚਨ ਸੁਨਾਏ।।੪੧।।**

ਉਧਰ ਬਾਦਸ਼ਾਹ ਫੌਜ ਲੈ ਕੇ ਆ ਪਹੁੰਚਿਆ, ਉਸ ਨੇ ਵਿਆਹ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਜਦ ਉਹ ਸਿੱਧ ਪਾਲ ਦੇ ਘਰ ਆਇਆ ਤਾਂ ਕੰਨਿਆਂ ਨੇ ਫਿਰ ਕਿਹਾ।।੪੧।।

**ਅੜਿੱਲ।। ਗ੍ਰਿਹਿ ਆਵੈ ਜੋ ਸ਼ਤ੍ਰੁ ਨ ਤਾਹਿ ਸੰਘਾਰਿਯੈ।।**
**ਧਾਮ ਗਏ ਇਹੁ ਮਾਰਹੁ ਮੰਤ੍ਰ ਬਿਚਾਰਿਯੈ।।**
**ਲਛਿਮਨ ਪੁਤ੍ਰਹਿ ਡਾਰਿ ਡੋਰਿ ਦਿਯ ਤ੍ਰਿਯ ਉਚਰਿ।।**
**ਹੋ ਸੰਗ ਸਤ ਸੈ ਖਤਿਰੇਟਾ ਗਜੋ ਤ੍ਰਿਯ ਭੇਸ ਧਰਿ।। ੪੨।।**

ਘਰ ਵਿਚ ਜੇ ਦੁਸ਼ਮਣ ਵੀ ਆ ਜਾਵੇ ਤਾਂ ਉਸ ਨੂੰ ਮਾਰਨਾ ਨਹੀਂ ਚਾਹੀਦਾ। ਜਦ ਉਹ ਘਰ ਤੋਂ ਜਾਵੇ ਤਾਂ ਉਸ ਨੂੰ ਮਾਰ ਦੇਵੋ। ਪੁੱਤਰ ਲਛਮਣ ਨੂੰ ਇਸਤਰੀ ਦੇ ਕੱਪੜੇ ਪਵਾ ਕੇ ਅਤੇ ਡੋਲੀ ਵਿਚ ਬਿਠਾ ਕੇ ਉਸ ਨਾਲ ਸਤ ਸੌ ਜਵਾਨਾਂ ਨੂੰ ਇਸਤਰੀਆਂ ਦੇ ਭੇਸ ਵਿਚ ਨਾਲ ਤੋਰ ਦਿੱਤਾ।।੪੨।।

**ਚੌਪਈ।। ਜਬ ਤੇ ਜਾਤ ਧਾਮ ਤੇ ਭਏ।। ਤਬ ਤਾਕੇ ਮੰਦਰ ਮੋ ਅਏ।।**

ਲੁਬਧਮਾਨ ਹੈ ਹਾਥ ਚਲਾਯੋ॥ ਲਛਿਮਨ ਕਾਢਿ ਕਟਾਰੀ ਘਾਯੋ॥੪੩॥

ਪਦ ਅਰਥ - ਲੁਬਧਮਾਨ=ਪਿਆਰ ਵਿਚ। ਕਟਾਰੀ ਘਾਯੋ=ਕਟਾਰ ਮਾਰ ਕੇ ਮਾਰ ਦਿੱਤਾ।

ਜਦੋਂ ਉਹ ਘਰ ਤੋਂ ਨਿਕਲੇ ਤਾਂ ਮੰਦਰ ਵਿਚ ਆਏ, ਬਾਦਸ਼ਾਹ ਨੇ ਬੜੇ ਪਿਆਰ ਨਾਲ ਆਪਣਾ ਹੱਥ ਇਸਤਰੀ ਬਣੇ ਲਛਮਣ ਵਲ ਵਧਾਇਆ ਤਾਂ ਲਛਮਣ ਨੇ ਕਟਾਰ ਕੱਢ ਕੇ ਉਸ ਨੂੰ ਮਾਰ ਦਿੱਤਾ॥੪੩॥

ਤਾਕਹ ਐਸ ਕਟਾਰੀ ਮਾਰਾ॥ ਬਹੁਰਿ ਨ ਹਜਰਤਿ ਬੈਨ ਉਚਾਰਾ॥
ਤਾਕਹ ਮਾਰਿ ਭੇਸ ਨਰ ਧਾਰੋ॥ ਲੋਗਨ ਮਹਿ ਇਹ ਭਾਂਤਿ ਉਚਾਰੋ॥੪੪॥

ਉਸ ਨੂੰ ਐਸੀ ਕਟਾਰ ਮਾਰੀ ਕਿ ਬਾਦਸ਼ਾਹ ਮੂੰਹ ਵਿਚੋਂ ਕੋਈ ਗੱਲ ਵੀ ਨ ਕਰ ਸਕਿਆ। ਉਸ ਨੂੰ ਮਾਰ ਕੇ ਉਹ ਨਰ ਵੇਸ਼ ਵਿਚ ਪਰਗਟ ਹੋ ਗਿਆ ਅਤੇ ਲੋਕਾਂ ਨੂੰ ਕਹਿਣ ਲੱਗਾ॥੪੪॥

ਮੋਹਿ ਅਮਲ ਕੇ ਕਾਜ ਪਠਾਵਾ॥ ਤੁਮ ਤਨ ਇਹ ਬਿਧਿ ਆਪੁ ਕਹਾਵਾ॥
ਧਾਮ ਆਵਨੇ ਕੋਈ ਨ ਪਾਵੈ॥ ਜੋ ਆਵੈ ਸੋ ਜਾਨ ਗਵਾਵੈ॥੪੫॥

ਮੈਨੂੰ ਇਥੇ ਇਸ ਕੰਮ ਲਈ ਭੇਜਿਆ ਗਿਆ ਹੈ ਅਤੇ ਤੁਹਾਨੂੰ ਸਾਰਿਆਂ ਨੂੰ ਇਹ ਕਹਿਣ ਲਈ ਕਿਹਾ ਗਿਆ ਹੈ ਕਿ ਕੋਈ ਵਿਅਕਤੀ ਵੀ ਮੰਦਰ ਵਿਚ ਨ ਆਵੇ। ਜਿਹੜਾ ਵੀ ਆਵੇਗਾ ਉਹ ਆਪਣੀ ਜਾਨ ਤੋਂ ਹੱਥ ਧੋ ਬੈਠੇਗਾ॥੪੫॥

ਇਹ ਛਲ ਲਾਘਿ ਡਵਢੀਯਨ ਆਯੋ॥ ਚੋਬਦਾਰ ਨਹਿ ਕਿਨੀ ਹਟਾਯੋ॥
ਜਬਹੀ ਕੁਮਕ ਆਪਨੀ ਗਯੋ॥ ਤਬ ਹੀ ਅਮਿਤ ਕੁਲਾਹਲ ਭਯੋ॥੪੬॥

ਪਦ ਅਰਥ - ਡਵਢੀਯਨ=ਡਿਉੜੀ। ਕੁਮਕ=ਸਹਾਇਕ ਫੌਜ। ਕੁਲਾਹਲ=ਸ਼ੋਰ ਸ਼ਰਾਬਾ, ਕੁਰਲਾਹਟ।

ਉਹ ਛਾਲ ਮਾਰ ਕੇ ਡਿਉੜੀ ਲੰਘ ਆਇਆ ਅਤੇ ਕਿਸੇ ਚੋਬਦਾਰ ਨੇ ਉਸ ਨੂੰ ਰੋਕਿਆ ਨਹੀਂ। ਤਦ ਮਦਦ ਦੇ ਵਾਸਤੇ ਸਾਰੀ ਸੈਨਾ ਆ ਗਈ ਅਤੇ ਫਿਰ ਬਹੁਤ ਕੁਰਲਾਹਟ ਮੱਚ ਗਈ॥੪੬॥

ਬਾਜੈ ਲਗੇ ਤਹਾਂ ਸ਼ਦਿਯਾਨੇ॥ ਬਾਚਤ ਤਿਹੂੰ ਭਵਨ ਮਹਿ ਜਾਨੇ॥
ਢੋਲ ਮ੍ਰਿਦੰਗ ਮੁਚੰਗਨਹਾਰੇ॥ ਮੰਦਲ ਤੂਰ ਉਪੰਗ ਅਪਾਰੇ॥੪੭॥

ਉਥੇ ਕਈ ਪ੍ਰਕਾਰ ਦੇ ਵਾਜੇ ਵੱਜਣ ਲੱਗੇ ਜਿਹੜੇ ਇੰਝ ਲੱਗਦੇ ਸਨ ਕਿ ਓਸੇ ਮੰਦਰ ਵਿਚ ਵੱਜ ਰਹੇ ਹੋਣ। ਓਥੇ ਢੋਲ, ਮ੍ਰਿਦੰਗ, ਮੁਚੰਗ ਅਤੇ ਤੁਰੀਆਂ ਵੱਜਣ ਲੱਗੀਆਂ॥੪੭॥

ਦੋਹਰਾ॥ ਬਜੈ ਦਮਾਮਾ ਜਬ ਲਗੇ ਸੁਨਿ ਮਾਰੂ ਧੁਨਿ ਕਾਨ॥

**ਖਾਨ ਖਵੀਨ ਜਿਤੇ ਹੁਤੇ ਟੂਟਿ ਪਰੇ ਤਹ ਆਨਿ॥ ੪੮॥**

ਜਦ ਮਾਰੂ ਵਾਜੇ ਵੱਜਣ ਲੱਗੇ ਤਾਂ ਜਿੰਨੇ ਉਥੇ ਖਾਨ ਪਠਾਣ ਸਨ ਸਭ ਟੁੱਟ ਕੇ ਪੈ ਗਏ॥੪੮॥

**ਚੌਪਈ॥ ਐਸੋ ਕਵਨ ਦ੍ਵੈਖਨੀ ਜਾਯੋ॥ ਜਿਨੈ ਜੁਝਊਆ ਇਹਾਂ ਬਜਾਯੋ॥**
**ਐਸਾ ਭਯੋ ਕਵਨ ਮਤਵਾਲਾ॥ ਜਹ ਮੂਰਖ ਨਹਿ ਸੂਝਤ ਚਾਲਾ॥ ੪੯॥**

ਐਸਾ ਕਿਹੜਾ ਦੋਖੀ ਪੁੱਤਰ ਹੈ ਜਿਸ ਮਾਰੂ ਵਾਜੇ ਵਜਾ ਦਿਤੇ ਹਨ ? ਐਸਾ ਕੌਣ ਮਤਵਾਲਾ ਹੈ ਜਿਸ ਮੂਰਖ ਨੂੰ ਸਮਝ ਨਹੀਂ ਆ ਰਹੀ ਕਿ ਅਸੀਂ ਕਿੰਨੀ ਵੱਡੀ ਗਿਣਤੀ ਵਿਚ ਹਾਂ ਅਤੇ ਕਿਸ ਕੰਮ ਲਈ ਏਥੇ ਆਏ ਹਾਂ॥੪੯॥

**ਇਹ ਬਿਧਿ ਭਾਖਿ ਖਾਨ ਸਭ ਧਾਏ॥ ਬਾਂਧੇ ਚੁੰਗ ਚੌਪਤਨ ਆਏ॥**
**ਸ਼ਮਸਦੀਨ ਲਛਿਮਨ ਜਹ ਘਾਯੋ॥ ਤਿਹ ਠਾਂ ਸਕਲ ਸੈਨ ਮਿਲਿ ਆਯੋ॥ ੫੦॥**

ਇਹ ਸੁਣਕੇ ਸਾਰੇ ਪਠਾਣ ਚੁੰਗੀਆਂ ਭਰਦੇ ਅਤੇ ਛਾਲਾਂ ਮਾਰਦੇ ਭੱਜਦੇ ਹੋਏ ਉਥੇ ਆ ਗਏ। ਸ਼ਮਸਦੀਨ ਨੂੰ ਜਿਥੇ ਲਛਮਣ ਨੇ ਮਾਰਿਆ ਸੀ ਉਥੇ ਸਾਰੇ ਆ ਕੇ ਇਕੱਠੇ ਹੋ ਗਏ॥੫੦॥

**ਲੋਦੀ ਸੂਰ ਨਯਾਜੀ ਚਲੇ॥ ਲੀਨੇ ਸੰਗ ਸੂਰਮਾ ਭਲੇ॥**
**ਦਾਓ ਜਈ ਰੁਹੇਲੇ ਆਏ॥ ਆਫਰੀ ਦਿਯਨ ਤੁਰੈ ਨਚਾਏ॥ ੫੧॥**

ਲੋਧੀ ਅਤੇ ਨਿਆਜੀ ਚੰਗੇ ਸੂਰਮਿਆਂ ਨੂੰ ਲੈ ਕੇ ਚਲ ਪਏ। ਦਾਊ, ਜਈ, ਰੁਹੇਲੇ ਅਤੇ ਅਫਰੀਦੀਆਂ ਨੇ ਘੋੜੇ ਨਚਾਏ॥੫੧॥

**ਦੋਹਰਾ॥ ਬਾਵਨ ਖੇਲ ਪਠਾਨ ਤਹ ਸਭੈ ਪਰੇ ਅਰਿਰਾਇ॥**
**ਭਾਂਤਿ ਭਾਂਤਿ ਬਾਨਾ ਬਧੇ ਗਨਨਾ ਗਨੀ ਨ ਜਾਇ॥ ੫੨॥**

ਪਦ ਅਰਥ - ਗਨਨਾ ਗਨੀ ਨ ਜਾਈ=ਗਿਣਤੀ ਨਹੀਂ ਕੀਤੀ ਜਾ ਸਕਦੀ।

ਬਾਬਨ, ਖੇਲ, ਪਠਾਣ ਸਾਰੇ ਚੀਕਾਂ ਮਾਰਦੇ ਟੁੱਟ ਕੇ ਪੈ ਗਏ। ਉਨ੍ਹਾਂ ਨੇ ਭਿੰਨ ਭਿੰਨ ਪ੍ਰਕਾਰ ਦੇ ਪੋਸ਼ਾਕੇ ਪਾਏ ਹੋਏ ਸਨ ਅਤੇ ਉਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਸੀ॥੫੨॥

**ਚੌਪਈ॥ ਪਖਰਿਯਾਰੇ ਦ੍ਵਾਰਨ ਨਹਿ ਮਾਵੈਂ॥ ਜਹਾਂ ਤਹਾਂ ਭਟ ਤੁਰੰਗ ਨਚਾਵੈਂ॥**
**ਬਾਨਨ ਕੀ ਆਂਧੀ ਤਹ ਆਈ॥ ਹਾਥ ਪਸਾਰਾ ਲਖਾ ਨ ਜਾਈ॥ ੫੩॥**

ਸੂਰਮੇ ਦਰਵਾਜ਼ੇ ਰਾਹੀਂ ਲੰਘ ਨਹੀਂ ਸਨ ਰਹੇ ਅਤੇ ਜਿਥੇ ਕਿਤੇ ਸਨ ਉਥੇ ਹੀ ਘੋੜੇ ਨਚਾ ਰਹੇ ਸਨ। ਉਥੇ ਤੀਰਾਂ ਦੀ ਹਨ੍ਹੇਰੀ ਚਲ ਪਈ ਸੀ ਜਿਸ ਕਰਕੇ ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ॥੫੩॥

Namdhari Elibrary NamdhariElibrary@gmail.com

ਇਹ ਬਿਧਿ ਸ਼ੋਰ ਨਗਰ ਮੈ ਪਯੋ॥ ਜਨੁ ਰਵਿ ਉਲਟਿ ਪਲਟਿ ਹ੍ਵੈ ਗਯੋ॥
ਜੈਸੇ ਜਲਧਿ ਬਾਰਿ ਪਰਹਰੈ॥ ਉਛਰਿ ਉਛਰਿ ਮਖਰੀ ਜਜੋਂ ਮਰੈ॥ ੫੪॥

ਪਦ ਅਰਥ - ਰਵਿ=ਸੂਰਜ। ਉਲਟਿ ਪਲਟਿ=ਉਲਟਾ ਪੁਲਟਾ।

ਨਗਰ ਵਿਚ ਇਸ ਤਰ੍ਹਾਂ ਕੁਰਲਾਹਟ ਮੱਚ ਗਈ ਕਿ ਜਿਵੇਂ ਸੂਰਜ ਉਲਟ ਗਿਆ ਹੋਵੇ ਜਾਂ ਸਮੁੰਦਰ ਆਪਣਾ ਪਾਣੀ ਉਛਾਲ ਕੇ ਬਾਹਰ ਸੁੱਟ ਰਿਹਾ ਹੋਵੇ ਅਤੇ ਮਛੀਆਂ ਭੁੜਕ ਭੁੜਕ ਕੇ ਮਰ ਰਹੀਆਂ ਹੋਣ॥੫੪॥

ਜਿਹ ਬਿਧਿ ਨਾਵ ਨਦੀ ਕੀ ਧਾਰਾ॥ ਬਹੀ ਜਾਤ ਕੋਊ ਨਹਿ ਰਖਵਾਰਾ॥
ਤੈਸੀ ਦਸ਼ਾ ਨਗਰ ਕੀ ਭਈ॥ ਜਨੁ ਬਿਨੁ ਸੱਕ੍ਰ ਸਚੀ ਹ੍ਵੈ ਗਈ॥ ੫੫॥

ਪਦ ਅਰਥ - ਸੱਕ੍ਰ=ਇੰਦਰ। ਸਚੀ=ਇੰਦਰ ਦੀ ਇਸਤਰੀ।

ਜਿਸ ਤਰ੍ਹਾਂ ਨਦੀ ਦੇ ਵਹਿਣ ਵਿਚ ਬੇੜੀ ਡੁਬਦੀ ਜਾ ਰਹੀ ਹੋਵੇ ਅਤੇ ਉਸ ਨੂੰ ਕੋਈ ਬਚਾਉਣ ਵਾਲਾ ਨ ਹੋਵੇ। ਇਸ ਤਰ੍ਹਾਂ ਸਾਰੇ ਨਗਰ ਦੀ ਏਨੀ ਬੁਰੀ ਹਾਲਤ ਹੋਈ ਕਿ ਜਿਵੇਂ ਸੱਚੀ ਇੰਦਰ ਤੋਂ ਬਗੈਰ ਹੋ ਗਈ ਹੋਵੇ॥੫੫॥

ਦੋਹਰਾ॥ ਇਹਿ ਦਿਸਿ ਸਭ ਛੱਤ੍ਰੀ ਚੜ੍ਹੇ ਉਹਿ ਦਿਸਿ ਚੜ੍ਹੇ ਪਠਾਨ॥
ਸੁਨਹੁ ਸੰਤ ਚਿਤ ਦੈ ਸਭੈ ਜਿਹ ਬਿਧਿ ਭਯੋ ਨਿਦਾਨ॥ ੫੬॥

ਇਕ ਪਾਸਿਓਂ ਖੱਤਰੀ ਚੜ੍ਹ ਆਏ ਅਤੇ ਦੂਸਰੇ ਪਾਸਿਓਂ ਪਠਾਣ ਆ ਪਏ। ਹੇ ਸੰਤ ਜੀ ਜੋ ਕੁਝ ਹੋਇਆ ਉਸ ਨੂੰ ਚਿੱਤ ਲਾ ਕੇ ਸੁਣੋ॥੫੬॥

## ਭੁਜੰਗ ਪ੍ਰਯਾਤ ਛੰਦ॥

ਜਬੈ ਜੋਰਿ ਬਾਨਾ ਅਨੀ ਖਾਨ ਆਏ॥ ਇਤੈ ਛੋਭਿ ਛੱਤ੍ਰੀ ਸਭੈ ਬੀਰ ਧਾਏ॥
ਚਲੇ ਬਾਨ ਐਸੇ ਦੁਹੂੰ ਓਰ ਭਾਰੇ॥ ਲਗੈ ਅੰਗ ਜਾਕੇ ਨ ਜਾਂਹੀ ਨਿਕਾਰੇ॥ ੫੭॥

ਜਦ ਤੀਰਾਂ ਦੀ ਵਾਛੜ ਕਰਦੀ ਹੋਈ ਉਸ ਪਾਸਿਓਂ ਪਠਾਣਾਂ ਦੀ ਫੌਜ ਆਈ ਤਾਂ ਦੂਸਰੇ ਪਾਸਿਓਂ ਖੱਤਰੀਆਂ ਦੀ ਫੌਜ ਵੀ ਇਕੱਠੀ ਹੋ ਕੇ ਆ ਪਈ। ਦੋਵਾਂ ਪਾਸਿਆਂ ਤੋਂ ਏਨੇ ਭਾਰੇ ਤੀਰ ਚਲ ਰਹੇ ਸਨ ਕਿ ਜਿਸ ਦੇ ਇਕ ਵਾਰ ਵੱਜੇ ਉਸ ਪਾਸੋਂ ਸਰੀਰ ਵਿਚੋਂ ਕੱਢੇ ਨਹੀਂ ਜਾ ਰਹੇ ਸਨ॥੫੭॥

ਤਬੈ ਲ਼ਛਿਮਨ ਕੁਮਾਰ ਜੂ ਕੋਪ ਕੈਕੈ॥ ਹਨੇ ਖਾਨ ਬਾਨੀ ਸਭੈ ਸ਼ਸਤ੍ਰ ਲੈਕੈ॥
ਕਿਤੇ ਖੇਤ ਮਾਰੇ ਪਰੇ ਬੀਰ ਐਸੇ॥ ਬਿਰਾਜੈ ਕਟੇ ਇੰਦ੍ਰਕੇ ਕੇਤ ਜੈਸੇ॥ ੫੮॥

ਤਦ ਲਛਮਣ ਕੁਮਾਰ ਨੇ ਗੁੱਸੇ ਵਿਚ ਆ ਕੇ ਵੱਡੇ ਵੱਡੇ ਖਾਨ ਲੋਕਾਂ ਨੂੰ ਸ਼ਸਤਰਾਂ ਨਾਲ ਮਾਰ ਦਿੱਤਾ। ਕਈ ਥਾਈਂ ਸੂਰਮੇ ਇੰਝ ਕਟੇ ਹੋਏ ਪਏ ਸਨ ਕਿ ਜਿਵੇਂ ਇੰਦਰ ਦੇ ਝੰਡੇ ਕਟ ਕੇ ਸੁੱਟ ਦਿੱਤੇ ਹੋਣ।।੫੮।।

**ਪੀਏਂ ਜਾਨੁ ਭੰਗੈ ਮਲੰਗੈਂ ਪਰੇ ਹੈਂ।। ਕਹੂੰ ਕੋਟਿ ਸੌਂਡੀਨ ਸੀਸੈਂ ਝਰੇ ਹੈਂ।।**
**ਕਹੂੰ ਉਸ਼ਟ ਮਾਰੇ ਸੁ ਲੈ ਭੂਮਿ ਤੋਪੈਂ।। ਕਹੂੰ ਖੇਤ ਖਾਂਡੇ ਲਸੈਂ ਨਗਨ ਧੋਪੈਂ।। ੫੯।।**

ਉਹ ਪਏ ਹੋਏ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਮਲੰਗ ਲੋਕ ਭੰਗ ਪੀ ਕੇ ਪਏ ਹੁੰਦੇ ਹਨ। ਕਿਤੇ ਹਾਥੀਆਂ ਦੇ ਵੱਢੇ ਹੋਏ ਸਿਰ ਅਤੇ ਕਿਤੇ ਮਰੇ ਹੋਏ ਊਠ ਜ਼ਮੀਨ ਤੇ ਪਏ ਸਨ। ਕਿਤੇ ਤਲਵਾਰ ਦੇ ਵਾਰ ਨਾਲ ਮਰੇ ਹੋਏ ਨੰਗੇ ਸੂਰਮੇ ਪਏ ਸਨ।।੫੯।।

**ਕਹੂੰ ਬਾਨ ਕਾਟੇ ਪਰੇ ਭੂਮਿ ਐਸੇ।। ਬੁਯੋ ਕੋ ਕ੍ਰਿਸਾਨੈ ਕਢੋ ਈਖ ਜੈਸੇ।।**
**ਕਹੂੰ ਲਹਿਲ ਹੈਂ ਪੇਟ ਮੈ ਯੋ ਕਟਾਰੀ।। ਮਨੋ ਮਛ ਸੋਹੈਂ ਬਧੇ ਬੀਚ ਜਾਰੀ।। ੬੦।।**

ਕਿਤੇ ਤੀਰਾਂ ਨਾਲ ਵੱਢੇ ਹੋਏ ਸੂਰਬੀਰ ਇਸ ਤਰ੍ਹਾਂ ਪਏ ਸਨ ਜਿਸ ਤਰ੍ਹਾਂ ਕਿਸਾਨ ਬੀਜੀ ਹੋਈ ਗੰਨੇ ਦੀ ਫਸਲ ਨੂੰ ਵੱਢ ਕੇ ਸੁੱਟ ਦਿੰਦਾ ਹੈ। ਕਈਆਂ ਦੇ ਢਿੱਡਾਂ ਵਿਚ ਕਟਾਰਾਂ ਇਸ ਤਰ੍ਹਾਂ ਫਸੀਆਂ ਪਈਆਂ ਸਨ ਜਿਵੇਂ ਕਿ ਮੱਛੀ ਜਾਲ ਵਿਚ ਫਸ ਜਾਂਦੀ ਹੈ।।੬੦।।

**ਕਿਤੈ ਪੇਟ ਪਾਟੇ ਪਰੇ ਖੇਤ ਬਾਜੀ।। ਕਹੂੰ ਮੱਤ ਦੰਤੀ ਫਿਰੈਂ ਛੂਛ ਤਾਜੀ।।**
**ਕਹੂੰ ਮੂੰਡ ਮਾਲੀ ਪੁਐ ਮੁੰਡ ਮਾਲਾ।। ਕਹੂੰ ਭੂਤ ਔ ਪ੍ਰੇਤ ਨਾਚੈ ਬਿਤਾਲਾ।। ੬੧।।**

ਪਦ ਅਰਥ - ਪਰੇ ਖੇਤ ਬਾਜੀ=ਖੇਤ ਵਿਚ ਘੋੜੇ ਪਏ ਸਨ। ਮੱਤ ਦੰਤੀ=ਮਸਤ ਹਾਥੀ। ਛੂਛ ਤਾਜੀ=ਸਵਾਰਾਂ ਤੋਂ ਬਗੈਰ ਘੋੜੇ।

ਕਿਤੇ ਪਾਟੇ ਹੋਏ ਢਿੱਡਾਂ ਵਾਲੇ ਘੋੜੇ ਮਰੇ ਪਏ ਸਨ। ਕਿਤੇ ਮਦਮਸਤ ਹਾਥੀ ਅਤੇ ਸਵਾਰਾਂ ਤੋਂ ਬਗੈਰ ਘੋੜੇ ਭੱਜ ਰਹੇ ਸਨ। ਕਿਤੇ ਸਿਰਾਂ ਦੀ ਮਾਲਾ ਪਰੋਈ ਜਾ ਰਹੀ ਸੀ ਅਤੇ ਕਿਤੇ ਭੂਤ, ਪ੍ਰੇਤ ਅਤੇ ਬੇਤਾਲ ਨਾਚ ਕਰ ਰਹੇ ਸਨ।।੬੧।।

**ਕਹੂੰ ਦੈਤ ਕਾਢੇ ਫਿਰੈ ਦਾਂਤ ਭਾਰੇ।। ਬਮੈ ਸ੍ਰੌਨ ਕੇਤੇ ਪਰੇ ਖੇਤ ਮਾਰੇ।।**
**ਕਹੂੰ ਤਾਜਿ ਡਾਰੇ ਜਿਰਹ ਖੋਲ ਐਸੇ।। ਬਗੇ ਬਜੋਤ ਭਾਰੇ ਸਮੈਂ ਸੀਤ ਜੈਸੇ।। ੬੨।।**

ਪਦ ਅਰਥ - ਬਮੈ ਸ੍ਰੌਨ=ਲਹੂ ਵੱਗਦਾ ਸੀ। ਤਾਜਿ=ਰਾਜਿਆਂ ਦੇ ਤਾਜ। ਜਿਰਹ=ਜਿਰਾ ਬਕਤਰ।

ਕਿਤੇ ਵੱਡੇ ਵੱਡੇ ਦੈਂਤ ਵੱਡੇ ਵੱਡੇ ਦੰਦ ਕੱਢ ਕੇ ਫਿਰ ਰਹੇ ਸਨ ਅਤੇ ਕਈ ਲਹੂ ਲੁਹਾਨ ਹੋਏ ਖੇਤ ਵਿਚ ਮਰੇ ਪਏ ਸਨ। ਕਿਤੇ ਤਾਜ ਅਤੇ ਕਿਤੇ ਜਿਰਾ ਬਕਤਰ ਇਸ ਤਰ੍ਹਾਂ ਪਏ ਸਨ ਕਿ

Namdhari Elibrary NamdhariElibrary@gmail.com

ਜਿਵੇਂ ਠੰਡੇ ਮੌਸਮ ਵਿਚ ਹਨ੍ਹੇਰੀ ਚਲਦੀ ਹੈ।।੬੨।।

**ਤਹਾਂ ਬਾਜ ਹਾਥੀਨ ਕੀ ਸ੍ਰੋਨ ਧਾਰੈਂ।। ਪਰੈ ਜਜੋਂ ਫੁਹਾਰਾਨਹੂੰ ਕੀ ਫੁਹਾਰੈਂ।।**
**ਪ੍ਰਲੈ ਕਾਲ ਸੋ ਜਾਨ ਚੂਜ੍ਰੋ ਭਯੋ ਹੈ।। ਜਹਾਂ ਕੋਟਿ ਸੂਰਾਨ ਸੂਰਾ ਖਯੋ ਹੈ।। ੬੩।।**

ਉਥੇ ਘੋੜਿਆਂ ਅਤੇ ਹਾਥੀਆਂ ਦੇ ਲਹੂ ਦੀਆਂ ਧਾਰਾਂ ਇਸ ਤਰ੍ਹਾਂ ਵਗ ਰਹੀਆਂ ਸਨ ਜਿਵੇਂ ਫੁਹਾਰੇ ਚਲ ਰਹੇ ਹੋਣ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪਰਲੋ ਆ ਗਈ ਹੋਵੇ ਅਤੇ ਜਿਸ ਵਿਚ ਕਰੋੜਾਂ ਸੂਰਮੇ ਮਰ ਕੇ ਪਏ ਹੋਣ।।੬੩।।

**ਤਹਾਂ ਕੋਟਿ ਸੌਡੀਨ ਕੇ ਸੁੰਡ ਕਾਟੇ।। ਕਹੂੰ ਬੀਰ ਮਾਰੇ ਗਿਰੇ ਕੇਤ ਫਾਟੇ।।**
**ਕਹੂੰ ਖੇਤ ਨਾਚੈਂ ਪਠੇ ਪਖਰਿਯਾਰੇ।। ਕਹੂੰ ਮਾਰ ਬਾਜੈ ਉਠੈਂ ਨਾਦ ਭਾਰੇ।। ੬੪।।**

ਪਦ ਅਰਥ - ਸੌਡੀਨ=ਹਾਥੀਆਂ ਦੀ। ਫਾਟੇ=ਫਟੜ ਹੋਏ।

ਕਿਤੇ ਅਨੇਕ ਹਾਥੀਆਂ ਦੀਆਂ ਸੁੰਡਾਂ ਕਟੀਆਂ ਪਈਆਂ ਸਨ ਅਤੇ ਕਿਤੇ ਸੂਰਮੇ ਮਾਰੇ ਗਏ - ਸਨ ਜਾਂ ਕਿਤੇ ਫਟੜ ਹੋ ਕੇ ਡਿੱਗੇ ਪਏ ਸਨ। ਕਿਤੇ ਵੀਰ ਯੁੱਧ ਵਿਚ ਘੋੜਿਆਂ ਨੂੰ ਨਚਾ ਰਹੇ ਸਨ ਅਤੇ ਕਿਤੇ ਮਾਰ ਹੀ ਮਾਰ ਦੀ ਧੁੰਨ ਵੱਜ ਰਹੀ ਸੀ ਅਤੇ ਕਿਤੇ ਘਨਘੋਰ ਵਾਜਿਆਂ ਦਾ ਨਾਦ ਉੱਠ ਰਿਹਾ ਸੀ।।੬੪।।

**ਕਹੂੰ ਸੰਖ ਭੇਰੀ ਤਹਾਂ ਨਾਦ ਬਾਜੈਂ।। ਹਸੈਂ ਗਰਜਿ ਠੋਕੈ ਭੁਜਾ ਭੂਪ ਗਾਜੈਂ।।**
**ਨਗਾਰੇ ਨਫੀਰੀ ਬਜੈਂ ਝਾਂਝ ਭਾਰੀ।। ਹਠੇ ਰੋਸ ਕੈਕੈ ਤਹਾਂ ਛੱਤ੍ਰਧਾਰੀ।। ੬੫।।**

ਕਿਤੇ ਸੰਖ ਅਤੇ ਭੇਰੀ ਦੇ ਨਾਦ ਹੋ ਰਹੇ ਸਨ ਅਤੇ ਕਿਤੇ ਬਾਹਾਂ ਹਲਾ ਕੇ ਯੋਧੇ ਗੱਜ ਰਹੇ ਸਨ। ਕਿਤੇ ਨਗਾਰੇ ਨਫੀਰੀਆਂ ਅਤੇ ਭਾਰੀ ਵਾਜੇ ਵਜ ਰਹੇ ਸਨ ਅਤੇ ਕਿਤੇ ਛੱਤਰਧਾਰੀ ਗੁੱਸੇ ਵਿਚ ਆ ਕੇ ਅੜੇ ਹੋਏ ਸਨ।।੬੫।।

**ਹੂੰ ਭੀਮ ਭੇਰੀ ਬਜੈ ਰਾਗ ਮਾਰੂ।। ਨਫੀਰੀ ਕਹੂੰ ਨਾਇ ਨਾਦੈ ਨਗਾਰੂ।।**
**ਕਹੂੰ ਬੇਨੁ ਔ ਬੀਨ ਬਾਜੈ ਸੁਰੰਗਾ।। ਰੁਚੰਗਾ ਮ੍ਰਿਦੰਗਾ ਉਪੰਗਾ ਮੁਚੰਗਾ।। ੬੬।।**

ਕਿਤੇ ਭੀਮ ਭੇਰੀਆਂ ਮਾਰੂ ਰਾਗ ਵਜਾ ਰਹੀਆਂ ਸਨ ਅਤੇ ਕਿਤੇ ਨਫੀਰੀਆਂ ਅਤੇ ਨਗਾਰੇ ਵੱਜ ਰਹੇ ਸਨ। ਕਿਤੇ ਵੀਣਾ ਅਤੇ ਬਾਂਸਰੀ ਬਹੁਤ ਸੁੰਦਰ ਧੁਨ ਵਿਚ ਵੱਜ ਰਹੀ ਸੀ। ਕਿਤੇ ਮ੍ਰਦੰਗ, ਉਪੰਗ, ਅਤੇ ਮ੍ਰਦੰਗ ਵਾਜੇ ਵੱਜ ਰਹੇ ਸਨ।।੬੬।।

**ਝਰੋਖਾ ਤਰੇ ਜੋ ਮਚੀ ਮਾਰਿ ਐਸੀ।। ਭਈ ਦੇਵ ਦਾਨਵਾਨ ਕੀ ਹੈ ਨ ਤੈਸੀ।।**
**ਨ ਸ੍ਰੀ ਰਾਮ ਔ ਰਾਵਨੈ ਜੁੱਧ ਐਸੋ।। ਕਿਯੋ ਭੀ ਮਹਾਂਭਾਰਥੈ ਮੈ ਸੁ ਤੈਸੋ।। ੬੭।।**

ਝਰੋਖੇ ਦੇ ਥੱਲੇ ਤਾਂ ਐਸੀ ਲੜਾਈ ਮੱਚੀ ਕਿ ਉਸ ਤਰ੍ਹਾਂ ਦੀ ਲੜਾਈ ਦੇਵ ਦਾਨਵਾਂ ਵਿਚਕਾਰ ਵੀ ਨਹੀਂ ਮੱਚੀ ਸੀ। ਸ੍ਰੀ ਰਾਮ ਅਤੇ ਰਾਵਣ ਅਤੇ ਮਹਾਂ ਭਾਰਤ ਦਾ ਯੁੱਧ ਵੀ ਇਸ ਤਰ੍ਹਾਂ ਦਾ ਨਹੀਂ ਹੋਇਆ ਸੀ॥੬੭॥

**ਤਹਾ ਬੀਰ ਕੇਤੇ ਖਰੇ ਗਾਲ੍ਹ ਮਾਰੈਂ॥ ਕਿਤੇ ਬਾਨ ਛੋਡੈਂ ਕਿਤੈਂ ਸ਼ਸਤ੍ਰ ਧਾਰੈਂ॥**
**ਕਿਤੇ ਨਾਰਿ ਕੇ ਭੇਸ ਕੌ ਸਾਜ ਲੈਕੈ॥ ਚਲੈ ਛੋਰਿ ਬਾਜੀ ਹਠੀ ਭਾਜ ਕੈਕੈ॥੬੮॥**

ਉਥੇ ਕਈ ਸੂਰਮੇ ਖੜੇ ਹੋ ਕੇ ਗਾਲ੍ਹਾਂ ਕਢ ਰਹੇ ਸਨ, ਕੋਈ ਤੀਰ ਛੱਡ ਰਿਹਾ ਸੀ ਅਤੇ ਕੋਈ ਸ਼ਸਤਰ ਧਾਰਨ ਕਰ ਰਿਹਾ ਸੀ। ਕਿਤੇ ਨਾਰ ਦਾ ਭੇਸ ਧਾਰਣ ਕਰਕੇ ਹੱਠੀ ਸੂਰਮੇ ਸਾਜ ਬਾਜ ਛੱਡ ਕੇ ਭੱਜ ਰਹੇ ਸਨ॥੬੮॥

**ਕਿਤੇ ਖਾਨ ਖੇਦੇ ਕਿਤੇ ਖੇਤ ਮਾਰੇ॥ ਕਿਤੇ ਖੇਤ ਮੈ ਖਿੰਗ ਖੱਤ੍ਰੀ ਲਤਾਰੇ॥**
**ਜਹਾਂ ਬੀਰ ਬਾਂਕੇ ਹਠੀ ਪੂਤ ਘਾਏ॥ ਤਹੀ ਗੋਲ ਬਾਂਧੇ ਚਲੇ ਸਿਖ ਆਏ॥੬੯॥**

ਕਿੰਨੇ ਹੀ ਖਾਨ ਭੱਜਾ ਦਿੱਤੇ ਗਏ ਅਤੇ ਕਿੰਨੇ ਹੀ ਰਣਖੇਤਰ ਵਿਚ ਮਾਰ ਦਿੱਤੇ ਗਏ ਅਤੇ ਕਿੰਨੇ ਹੀ ਖੱਤਰੀਆਂ ਨੂੰ ਯੁੱਧ ਵਿਚ ਕੁਚਲ ਦਿੱਤਾ ਗਿਆ। ਜਿਥੇ ਸੂਰਬੀਰ ਹੱਠੀ ਪੁਤਰਾਂ ਨੂੰ ਮਾਰਿਆ ਗਿਆ ਸੀ ਉਥੇ ਅਨੇਕਾਂ ਹੀ ਸਿੱਖ ਗੋਲ ਦਾਇਰਾ ਬਣਾ ਕੇ ਆ ਪਏ॥੬੯॥

**ਜਬੈ ਸਿੱਧਪਾਲੈ ਪਠਾਨੌ ਨਿਹਾਰਾ॥ ਕਿਨੀ ਹਾਥ ਲੈ ਨ ਹਥਜਾਰੈ ਸੰਭਾਰਾ॥**
**ਕਿਤੇ ਭਾਜਿ ਚਾਲੇ ਕਿਤੇ ਖੇਤ ਮਾਰੇ॥ ਪੁਰਾਨੇ ਪਲਾਸੀ ਮਨੋ ਰਾਇ ਡਾਰੇ॥੭੦॥**

ਜਦ ਪਠਾਣਾਂ ਨੇ ਸਿੱਧ ਪਾਲ ਨੂੰ ਵੇਖਿਆ ਤਾਂ ਕੋਈ ਵੀ ਆਪਣੇ ਹੱਥ ਵਿਚ ਸ਼ਸਤਰ ਸੰਭਾਲ ਨ ਸਕਿਆ। ਕਿੰਨੇ ਹੀ ਭੱਜ ਗਏ ਅਤੇ ਕਿੰਨੇ ਹੀ ਮਾਰ ਦਿੱਤੇ ਗਏ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਪੁਰਾਣੇ ਪਲਾਸੀ ਦੇ ਰੁੱਖ ਡਿੱਗ ਰਹੇ ਹੋਣ॥੭੦॥

**ਹਠੇ ਜੇ ਜੁਝੇ ਸੇ ਸਭੈ ਖੇਤ ਮਾਰੇ॥ ਕਿਤੇ ਖੋਦਿ ਕੈ ਕੋਟ ਕੇ ਮੱਧਿ ਡਾਰੇ॥**
**ਕਿਤੇ ਬਾਂਧਿ ਲੈਕੈ ਕਿਤੇ ਛੋਰਿ ਦੀਨੇ॥ ਕਿਤੇ ਜਾਨ ਮਾਰੇ ਕਿਤੇ ਰਾਖਿ ਲੀਨੇ॥੭੧॥**

ਜਿਨ੍ਹਾਂ ਹੱਠੀ ਸੂਰਬੀਰਾਂ ਨੇ ਯੁਧ ਕੀਤਾ ਸਾਰੇ ਮਾਰ ਦਿੱਤੇ ਗਏ ਅਤੇ ਕਈਆਂ ਨੂੰ ਧਰਤੀ ਪੁਟ ਕੇ ਵਿਚ ਗੱਡ ਦਿੱਤਾ ਗਿਆ। ਕਈਆਂ ਨੂੰ ਬੰਨ੍ਹ ਲਿਆ ਗਿਆ ਅਤੇ ਕਈਆਂ ਨੂੰ ਛੱਡ ਦਿੱਤਾ ਗਿਆ। ਕਈਆਂ ਨੂੰ ਜਾਨ ਤੋਂ ਮਾਰ ਦਿੱਤਾ ਗਿਆ ਅਤੇ ਕਈਆਂ ਨੂੰ ਰੱਖ ਲਿਆ ਗਿਆ॥੭੧॥

**ਤਿਸੀ ਕੌ ਹਨਾ ਖਗ ਜੌਨੈ ਉਚਾਯੋ॥ ਸੋਈ ਜੀਵ ਬਾਚਾ ਜੁਈ ਭਾਜਿ ਆਯੋ॥**
**ਕਹਾਂ ਲੌ ਗਨਾਊਂ ਭਯੋ ਜੁੱਧ ਭਾਰੀ॥ ਲਖੇ ਲੋਹ ਮਾਚਾ ਕੁਪੇ ਛੱਤ੍ਰ ਧਾਰੀ॥੭੨॥**

ਜਿਸ ਨੇ ਵੀ ਤਲਵਾਰ ਚੁਕੀ ਉਸ ਨੂੰ ਮਾਰ ਦਿੱਤਾ ਗਿਆ ਅਤੇ ਉਹੀ ਬਚਿਆ ਜਿਹੜਾ

++++++++++++++++++++++++++++++++++++++++++++++++++++++++++++

ਭੱਜ ਖੜਾ ਹੋਇਆ। ਕਿਥੋਂ ਤਕ ਦੱਸਾਂ, ਬਹੁਤ ਸਖਤ ਯੁੱਧ ਹੋਇਆ ਅਤੇ ਛੱਤਰਧਾਰੀ ਰਾਜੇ ਕ੍ਰੋਧ ਵਿਚ ਆ ਗਏ ਅਤੇ ਬਹੁਤ ਲੋਹਾ ਖੜਕਿਆ॥੭੨॥

**ਕਿਤੇ ਨਾਦ ਨਾਦੈ ਕਿਤੇ ਨਾਦ ਪੂਰੈ॥ ਕਿਤੇ ਜ੍ਵਾਨ ਜੂਝੈ ਬਰੈ ਹੇਰਿ ਸੂਰੈ॥**
**ਕਿਤੇ ਆਨਿ ਕੈਕੈ ਕ੍ਰਿਪਾਨੈ ਚਲਾਵੈ॥ ਕਿਤੇ ਆਨਿ ਗਾਜੈ ਕਿਤੇ ਭਾਜਿ ਜਾਵੈ॥ ੭੩॥**

ਕਿਤੇ ਘਨਘੋਰ ਨਾਦ ਹੋ ਰਿਹਾ ਸੀ, ਕਿਤੇ ਜਵਾਨ ਜੂਝ ਰਹੇ ਸਨ ਅਤੇ ਪਰੀਆਂ ਸੂਰਮਿਆਂ ਨੂੰ ਲੱਭ ਲੱਭ ਕੇ ਵਰ ਰਹੀਆਂ ਸਨ। ਕਈ ਆ ਕੇ ਗੱਜ ਰਹੇ ਸਨ ਅਤੇ ਕਈ ਡਰਪੋਕ ਭੱਜ ਰਹੇ ਸਨ॥੭੩॥

**ਜਬੈ ਸਿੱਧਪਾਲੈ ਸਭੈ ਖਾਨ ਮਾਰੇ॥ ਲਏ ਛੀਨ ਕੈ ਤਾਜ ਬਾਜੀ ਨਗਾਰੇ॥**
**ਹੁਤੇ ਦੂਰਿ ਬਾਸੀ ਤਿਤੇ ਖਾਨ ਘਾਏ॥ ਘਿਰਜੋ ਸਿੱਧਪਾਲੈ ਕਰੀ ਮੱਤ ਨਜਾਏ॥ ੭੪॥**

ਜਦ ਸਿੱਧ ਪਾਲ ਨੇ ਸਾਰੇ ਖਾਨ ਮਾਰ ਦਿੱਤੇ ਅਤੇ ਉਨ੍ਹਾਂ ਦੇ ਤਾਜ ਬਾਜ ਅਤੇ ਨਗਾਰੇ ਜਿੱਤ ਲਏ ਅਤੇ ਦੂਰ ਦੂਰ ਤਕ ਸਭ ਖਾਨ ਮਾਰ ਦਿੱਤੇ ਤਾਂ ਫਿਰ ਸਿੱਧ ਪਾਲ ਆਪ ਇਕ ਮਸਤ ਹਾਥੀ ਵਾਂਗ ਚਾਰੇ ਪਾਸਿਆਂ ਤੋਂ ਘਿਰ ਗਿਆ॥੭੪॥

**ਜਿਤੇ ਖਾਨ ਭਾਜੇ ਤਿਤੇ ਫੇਰਿ ਢੂਕੇ॥ ਚਹੂੰ ਓਰ ਗਾਜੈ ਹਥੀ ਸਿੱਧ ਜੂਕੇ॥**
**ਕਹਾਂ ਜਾਇਗੋ ਛੱਡ੍ਰਿ ਜਾਨੇ ਨ ਦੈਹੈਂ॥ ਇਹੀ ਛੇਤ੍ਰ ਮੈ ਛਿੱਪ੍ਰ ਤੁਹਿ ਆਜੁ ਛੈਹੈ॥ ੭੫॥**

ਜਿੰਨੇ ਖਾਨ ਭੱਜੇ ਸਨ, ਓਨੇ ਹੀ ਹੋਰ ਆ ਗਏ ਅਤੇ ਸਿੱਧ ਪਾਲ ਦੇ ਹਾਥੀ ਦੇ ਆਲੇ ਦੁਆਲੇ ਗੱਜਣ ਲੱਗੇ, ਉਹ ਕਹਿਣ ਲੱਗੇ, "ਹੇ ਖੱਤਰੀ ਹੁਣ ਕਿਥੇ ਜਾਵੇਂਗਾ ? ਤੈਨੂੰ ਹੁਣ ਜਾਣ ਨਹੀਂ ਦੇਵਾਂਗੇ ਅਤੇ ਏਸੇ ਰਣਖੇਤਰ ਵਿਚ ਤੈਨੂੰ ਖਤਮ ਕਰਾਂਗੇ"॥੭੫॥

**ਸੁਨੇ ਬੈਨ ਐਸੇ ਭਰਿਯੋ ਕੋਪ ਸੂਰੋ॥ ਸਭੈ ਸ਼ਸਤ੍ਰ ਸੌਂਡੀ ਮਹਾ ਲੋਹ ਪੂਰੋ॥**
**ਦਯੋ ਸੈਨ ਕੌ ਆਇਸੈ ਆਪੁਹੀ ਯੋ॥ ਕਪੀ ਬਾਹਨੀ ਕੌ ਕਹਯੋ ਰਾਮਜੀ ਯੋ॥ ੭੬॥**

ਉਨ੍ਹਾਂ ਦੀਆਂ ਇਹ ਗੱਲਾਂ ਸੁਣ ਕੇ ਸੂਰਮਾਂ ਬਹੁਤ ਗੁਸੇ ਵਿਚ ਆ ਗਿਆ। ਉਹ ਸਾਰੇ ਸ਼ਸਤਰਾਂ ਨਾਲ ਲੈਸ ਇਕ ਮਹਾਂਬਲੀ ਸੀ। ਉਸ ਸੈਨਾਂ ਨੂੰ ਉਸ ਤਰ੍ਹਾਂ ਹੀ ਹੁਕਮ ਕੀਤਾ ਜਿਵੇਂ ਕਿ ਰਾਮ ਜੀ ਨੇ ਬਾਨਰ ਸੈਨਾਂ ਨੂੰ ਕੀਤਾ ਸੀ॥੭੬।

**ਸੁਨੇ ਬੈਨ ਸੈਨਾ ਚਲੀ ਕੋਪ ਕੈਕੈ॥ ਸਭੈ ਸ਼ਸਤ੍ਰ ਅਸਤ੍ਰਾਨ ਕੌ ਹਾਥ ਲੈ ਕੈ॥**
**ਜਿਤੇ ਖਾਨ ਆਏ ਤਿਤੇ ਖੇਤ ਮਾਰੇ॥ ਕਿਤੇ ਖੇਦਿ ਕੈ ਕੋਟਿ ਕੀ ਓਟ ਡਾਰੇ॥ ੭੭॥**

ਉਸ ਦਾ ਹੁਕਮ ਸੁਣਦਿਆਂ ਹੀ ਸਾਰੀ ਸੈਨਾਂ ਸਾਰੇ ਅਸਤਰ ਸ਼ਸਤਰ ਲੈ ਕੇ ਚਲ ਪਈ। ਜਿੰਨੇ ਵੀ ਖਾਨ ਪਠਾਣ ਰਾਹ ਵਿਚ ਆਏ ਸਾਰੇ ਹੀ ਮਾਰ ਦਿੱਤੇ ਗਏ ਅਤੇ ਕਈਆਂ ਨੂੰ ਖਦੇੜ ਕੇ

ਕਿਲ੍ਹੇ ਦੀ ਓਟ ਵਿਚ ਸੁੱਟ ਦਿੱਤਾ।।੭੭।।

**ਕਿਤੇ ਬੀਰ ਬਾਨੈਤ ਬਾਜੀ ਪਲੱਟੈ।। ਕਿਤੇ ਬੀਰ ਬਾਨੀਨ ਸੋ ਆਨਿ ਜੁੱਟੈ।।**
**ਕਿਤੇ ਖੱਗ ਲੈ ਖਿੰਗ ਖੱਤ੍ਰੀ ਉਮੰਗੈ।। ਜਹਾਂ ਜੰਗ ਜੋਧਾ ਜਗੇ ਜੋਰ ਜੰਗੈ।। ੭੮।।**

ਕਿਤੇ ਵੱਡੇ ਸੂਰਮੇ ਘੋੜਿਆਂ ਸਮੇਤ ਪਲਟ ਗਏ ਅਤੇ ਕਿਤੇ ਸੂਰਮੇ ਬਾਣਾਂ ਸਮੇਤ ਆ ਕੇ ਜੁਟ ਪਏ। ਕਿਤੇ ਤਲਵਾਰਾਂ ਲੈ ਕੇ ਖੱਤਰੀ ਬੜੀਆਂ ਉਮੰਗਾਂ ਲੈ ਕੇ ਉਥੇ ਆ ਰਹੇ ਸਨ ਜਿਥੇ ਕਿ ਯੋਧੇ ਬੜੇ ਜ਼ੋਰ ਨਾਲ ਯੁੱਧ ਕਰ ਰਹੇ ਸਨ।।੭੮।।

**ਘੁਰੈਂ ਘੋਰ ਬਾਦਿੱਤ੍ਰ ਮਾਰੂ ਨਗਾਰੇ।। ਮਚੇ ਆਨਿ ਕੈਕੈ ਮਹਾਂ ਭੂਪ ਭਾਰੇ।।**
**ਖੁਲੇ ਖੱਗ ਖੱਤ੍ਰੀ ਉਠੇ ਭਾਂਤਿ ਐਸੀ।। ਮਨੋ ਬਹਨਿ ਜ੍ਵਾਲਾ ਪ੍ਰਲੈ ਕਾਲ ਜੈਸੀ।। ੭੯।।**

ਪਦ ਅਰਥ - ਘੋਰ ਬਾਦਿੱਤ੍ਰ=ਭਿਆਨਕ ਵਾਜੇ। ਮਹਾਂ ਭੂਪ=ਵੱਡੇ ਵੱਡੇ ਸੂਰਮੇ। ਬਹਨਿ=ਵਹਿ ਤੁਰੀ।

ਘਨਘੋਰ ਨਗਾਰੇ ਬੜ ਬੜਾ ਰਹੇ ਸਨ ਅਤੇ ਵੱਡੇ ਵੱਡੇ ਰਾਜੇ ਯੁੱਧ ਕਰ ਰਹੇ ਸਨ। ਖੱਤਰੀਆਂ ਦੀਆਂ ਨੰਗੀਆਂ ਤਲਵਾਰਾਂ ਇੰਝ ਲੱਗ ਰਹੀਆਂ ਸਨ ਜਿਵੇਂ ਪਰਲੋ ਕਾਲ ਵਿਚ ਜਵਾਲਾ ਵਹਿ ਰਹੀ ਹੋਵੇ।।੭੯।।

**ਕਹੂੰ ਟੀਕ ਕਾਟੇ ਗਿਰੇ ਟੋਪ ਟੂਟੇ।। ਕਹੂੰ ਤਾਜ ਧਾਰੀ ਪਰੇ ਬਰਮ ਛੂਟੇ।।**
**ਕਹੂੰ ਚਰਮ ਕਾਟੇ ਪਰੇ ਖੇਤ ਐਸੇ।। ਕਹੂੰ ਚੌਰ ਸੋਹੈ ਮਨੋ ਹੰਸ ਜੈਸੇ।। ੮੦।।**

ਕਿਤੇ ਕੋਈ ਵੱਢਿਆ ਜਾ ਰਿਹਾ ਸੀ ਅਤੇ ਕਿਤੇ ਕੋਈ ਟੋਪ ਟੁਟ ਰਿਹਾ ਸੀ। ਕਿਤੇ ਮੁਕਟਧਾਰੀ ਅਤੇ ਉਨ੍ਹਾਂ ਦੇ ਖੁਲ੍ਹੇ ਹੋਏ ਕਵਚ ਪਏ ਸਨ। ਕਿਤੇ ਜ਼ਖਮੀ ਹੋਏ ਸੂਰਮੇ ਰਣਖੇਤਰ ਵਿਚ ਪਏ ਸਨ। ਕਿਤੇ ਚੌਰ ਪਏ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਕਿ ਹੰਸ ਬੈਠੇ ਹੋਣ।।੮੦।।

**ਕਹੂੰ ਕੇਤ ਕਾਟੇ ਲਸੇ ਭੂਮ ਐਸੇ।। ਮਨੋ ਬਾਯ ਤੋਰੇ ਮਹਾਂ ਬ੍ਰਿਛ ਜੈਸੇ।।**
**ਕਹੂੰ ਅਰਧ ਕਾਟੇ ਤੁਰੰਗੈ ਝਰੇ ਹੈ।। ਕਹੂੰ ਟੂਕ ਟੂਕ ਹ੍ਵੈ ਮਤੰਗੈ ਪਰੇਹੈ।। ੮੧।।**

ਕਿਤੇ ਝੰਡੇ ਇਕੱਠੇ ਹੋ ਕੇ ਧਰਤੀ ਤੇ ਇੰਝ ਸ਼ੋਭ ਰਹੇ ਸਨ ਜਿਵੇਂ ਕਿ ਹਨੇਰੀ ਨੇ ਵੱਡੇ ਵੱਡੇ ਰੁੱਖਾਂ ਨੂੰ ਪੁਟ ਕੇ ਸੁਟ ਦਿੱਤਾ ਹੋਵੇ। ਕਿਤੇ ਅੱਧੇ ਵੱਢੇ ਘੋੜੇ ਪਏ ਸਨ ਅਤੇ ਕਿਤੇ ਟੋਟੇ ਟੋਟੇ ਹੋਏ ਹਾਥੀ ਪਏ ਸਨ।।੮੧।।

**ਕਿਤੇ ਡੋਬ ਡੂਬੇ ਗਿਰੇ ਘੂੰਮ ਘੂੰਮੈਂ।। ਗਜੈਂ ਰਾਜ ਬਾਜੀ ਹਨੇ ਭੂੰਮਿ ਝੂੰਮੈਂ।।**
**ਕਿਤੇ ਊਠਿ ਭਾਜੇ ਦੁਰੇ ਬੂਟ ਮਾਹੀ।। ਲਗੈਂ ਘਾਵ ਪੀਠੈਂ ਕਢੈ ਮੂੰਡ ਨਾਹੀ।। ੮੨।।**

Namdhari Elibrary NamdhariElibrary@gmail.com

**********************************************************

ਕਿੰਨੇ ਹੀ ਡੁਬ ਡੁਬ ਕੇ ਮਰ ਗਏ ਅਤੇ ਕਿੰਨੇ ਹੀ ਘੁੰਮ ਘੁੰਮ ਕੇ ਡਿੱਗ ਪਏ। ਰਾਜੇ ਅਤੇ ਘੋੜੇ ਗੱਜ ਰਹੇ ਸਨ ਅਤੇ ਝੂਮ ਝੂਮ ਕੇ ਮਾਰੇ ਜਾ ਰਹੇ ਸਨ। ਕਿਤੇ ਉਠ ਭੱਜ ਕੇ ਦਰੱਖਤਾਂ ਦੇ ਝੁੰਡਾਂ ਵਿਚ ਜਾ ਲੁਕੇ ਸਨ ਪਰ ਜ਼ਖਮੀ ਹੋਣ ਕਾਰਨ ਮੂੰਹ ਨਹੀਂ ਖੋਲ ਰਹੇ ਸਨ॥੯੨॥

**ਕਿਤਜੋ ਕੇਸੁ ਫਾਂਸੇ ਦ੍ਰੂਮੇ ਜਾਤ ਜੋਰੈਂ॥ ਹਹਾ ਮੋਹਿ ਛਾਡੈ ਕਹੈ ਸ਼ੱਤ੍ਰ ਭੋਰੈਂ॥**
**ਨਿਕਾਰੈ ਕ੍ਰਿਪਾਨੈ ਨ ਪਾਛੈ ਨਿਹਾਰੈ॥ ਭਜੇ ਜਾਂਹਿ ਕਾਜੀ ਨ ਬਾਜੀ ਸੰਭਾਰੈ॥੯੩॥**

ਕਈਆਂ ਦੇ ਕੇਸ ਦਰੱਖਤਾਂ ਦੀਆਂ ਟਾਹਣੀਆਂ ਨਾਲ ਫਸੇ ਹੋਏ ਸਨ ਅਤੇ ਕਈ ਦੁਸ਼ਮਨਾਂ ਪਾਸ ਛਡਣ ਲਈ ਤਰਲੇ ਕਰ ਰਹੇ ਸਨ। ਕਿਰਪਾਨਾਂ ਕੱਢ ਕੇ ਪਿਛੇਂ ਨਹੀਂ ਵੇਖ ਰਹੇ ਸਨ ਅਤੇ ਘੋੜਿਆਂ ਨੂੰ ਸੰਭਾਲੇ ਬਗੈਰ ਹੀ ਕਾਜ਼ੀ ਭੱਜੇ ਜਾ ਰਹੇ ਸਨ॥੯੩॥

**ਕਿਤੇ ਖਾਨ ਤੋਰੇ ਨ ਘੋਰੇ ਸੰਭਾਰੈ॥ ਕਿਤੇ ਛੋਰਿ ਜੋਰੇ ਤ੍ਰਿਯਾ ਭੇਸ ਧਾਰੈ।**
**ਕਿਤੇ ਦੈ ਅਕੋਰੈ ਨਿਹੋਰੈ ਤਿਸੀ ਕੌਂ॥ ਲਏ ਹਾਥ ਮੈ ਤੇਗ ਦੇਖੈ ਜਿਸੀ ਕੌਂ॥੯੪।**

ਕਈ ਖਾਨਾਂ ਨੂੰ ਤਰੋੜ ਮਰੋੜ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਘੋੜੇ ਸੰਭਾਲ ਨਹੀਂ ਰਹੇ ਸਨ। ਕਈਆਂ ਨੂੰ ਇਸਤਰੀ ਵੇਸ ਧਾਰ ਲੈਣ ਕਾਰਨ ਛੱਡਿਆ ਜਾ ਰਿਹਾ ਸੀ। ਕਈ ਜਿਸ ਦੇ ਹੱਥ ਵੀ ਤਲਵਾਰ ਵੇਖਦੇ ਸਨ ਉਸ ਨੂੰ ਮੰਤ ਕਰਕੇ ਭੇਟਾ ਦੇ ਰਹੇ ਸਨ॥੯੪॥

**ਕਿਤੇ ਜੀਵ ਲੈਕੈ ਸਿਪਾਹੀ ਸਿਧਾਏ॥ ਕਿਤੈ ਚੁੰਗ ਬਾਂਧੈ ਚਲੈ ਖੇਤ ਆਏ॥**
**ਕਿਤਜੋ ਪ੍ਰਾਨ ਹੋਮੇ ਰਨਹਿ ਜ੍ਵਾਲ ਮਾਹੀ॥ ਮਰੈ ਟੂਕਟੂਕ ਹ੍ਵੈ ਭਜੈ ਪੈ ਗੁਨਾ ਹੀ॥੯੫॥**

ਕਿਤੇ ਜਾਨ ਬਚਾ ਕੇ ਸਪਾਹੀ ਭੱਜ ਰਹੇ ਸਨ ਅਤੇ ਕਿਤੇ ਇਕੱਠੇ ਹੋ ਕੇ ਫਿਰ ਰਣ ਖੇਤਰ ਵਿਚ ਆ ਗਏ ਸਨ। ਕਈਆਂ ਨੇ ਰਣ ਜਵਾਲਾ ਵਿਚ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦਿੱਤੀ ਅਤੇ ਕਈ ਭਜਣ ਨੂੰ ਗੁਨਾਹ ਸਮਝ ਕੇ ਟੁਕੜੇ ਟੁਕੜੇ ਹੋ ਕੇ ਮਰ ਗਏ॥੯੫॥

**ਤਹਾਂ ਲੈ ਅਪੱਛ੍ਰਾਨ ਕੇਤੇ ਬਰੇ ਹੈ॥ ਜਿਤੇ ਸਾਮੁਹੇ ਜੁੱਧ ਕੈਕੈ ਮਰੇ ਹੈ॥**
**ਕਿਤੇ ਨਰਕ ਬਾਸੀ ਤਿਸੀ ਕਾਲ ਹੂਏ॥ ਜਿਤੇ ਸੂਮ ਸੋਫੀ ਭਜੇ ਜਾਤ ਮੂਏ॥੯੬॥**

ਜਿਹੜੇ ਯੁੱਧ ਵਿਚ ਸਾਹਮਣੇ ਹੋ ਕੇ ਲੜ ਕੇ ਮਰ ਗਏ ਉਨ੍ਹਾਂ ਨੂੰ ਪਰੀਆਂ ਨੇ ਵਰ ਲਿਆ ਅਤੇ ਉਹ ਸੁਰ ਲੋਕ ਨੂੰ ਚਲੇ ਗਏ। ਕਈ ਉਥੇ ਹੀ ਨਰਕਵਾਸੀ ਹੋ ਗਏ ਅਤੇ ਕਈ ਨਸ਼ਾ ਨ ਪੀਣ ਕਰਕੇ ਭੱਜਦੇ ਹੋਏ ਹੀ ਮਰ ਗਏ॥੯੬॥

**ਕਿਤੇ ਭੀਰ ਜੋਧਾ ਮਰੇ ਬਾਜ ਮਾਰੇ॥ ਗਿਰੇ ਤ੍ਰਾਸ ਕੈਕੈ ਬਿਨਾ ਬਾਨ ਡਾਰੇ॥**
**ਕਿਤਜੋ ਅਗਮਨੈ ਆਨਿ ਕੈ ਪ੍ਰਾਨ ਦੀਨੇ॥ ਕਿਤਜੇ ਦੇਵ ਕੇ ਲੋਕ ਕੋ ਪੰਥ ਲੀਨੇ॥੯੭॥**

ਪਦ ਅਰਥ – ਅਗਮਨੈ ਆਨਿ ਕੈ=ਅੱਗੇ ਆ ਕੇ। ਦੇਵ ਲੋਕ ਪੰਥ ਲੀਨੋ=ਸਵਰਗ ਲੋਕ

Namdhari Elibrary NamdhariElibrary@gmail.com

ਦਾ ਰਾਹ ਫੜਿਆ।

ਕਈ ਡਰਪੋਕ ਯੋਧੇ ਇਕ ਘੋੜਾ ਤਕ ਮਾਰੇ ਬਿਨਾਂ ਹੀ ਮਰ ਗਏ ਅਤੇ ਕਈ ਬਿਨਾਂ ਤੀਰ ਚਲਾਏ ਹੀ ਡਰ ਕੇ ਡਿੱਗ ਪਏ। ਕਈ ਅੱਗੇ ਵਧ ਕੇ ਪ੍ਰਾਣ ਤਿਆਗ ਗਏ ਅਤੇ ਕਈ ਸਵਰਗ ਲੋਕ ਨੂੰ ਚਲੇ ਗਏ॥੮੭॥

**ਜਿਤੇ ਸੂਮ ਸੋਫੀ ਭਜੇ ਜਾਤ ਮਾਰੌ॥ ਤਿਤੇ ਭੂਮਿ ਭੋਗੈ ਨਹੀ ਬੰਨਿ ਜਾਰੇ॥**
**ਭਈ ਭੀਰ ਗਾਢੀ ਮਚਜੋ ਜੁੱਧ ਭਾਰੀ॥ ਲਖੇ ਬੀਰ ਠਾਢੇਂ ਕਪੈ ਦੇਹ ਸਾਰੀ॥੮੮॥**

ਜਿਨੇਂ ਸੂਮ ਸੋਫੀ ਸਨ ਉਹ ਭੱਜੇ ਜਾਂਦੇ ਹੀ ਮਾਰੇ ਗਏ ਕਈਆਂ ਨੂੰ ਭੂਮੀ ਖਾ ਗਈ ਅਤੇ ਕਈਆਂ ਨੂੰ ਬੰਨ੍ਹ ਕੇ ਮਾਰ ਦਿੱਤਾ ਗਿਆ। ਸਾਰੇ ਆਪਾ - ਧਾਪੀ ਮੱਚ ਗਈ ਅਤੇ ਵੇਖ ਕੇ ਲੋਕ ਕੰਬ ਜਾਂਦੇ ਸਨ॥੮੮॥

**ਜਹਾਂ ਸਿੱਧਪਾਲੈ ਘਨੇ ਸ਼ਤ੍ਰ ਕੂਟੇ॥ ਤਹਾਂ ਦੇਖਿ ਜੋਧਾਨ ਤੈ ਕੋਟਿ ਛੂਟੇ॥**
**ਚਲੇ ਭਾਜਿ ਕੈ ਨਾ ਹਥਜਾਰੈ ਸੰਭਾਰਜੋ॥ ਲਖੈਂ ਸ਼ਮਸ਼ਦੀਨੈ ਪਰਜੋ ਭੂੰਮਿ ਮਾਰਜੋ॥੮੯॥**

ਜਿਥੇ ਸਿੱਧ ਪਾਲ ਨੇ ਅਨੇਕਾਂ ਦੁਸ਼ਮਣਾਂ ਨੂੰ ਵੱਢਿਆ ਉਥੇ ਯੋਧੇ ਕਿਲ੍ਹੇ ਨੂੰ ਛੱਡ ਕੇ ਭੱਜ ਗਏ। ਸ਼ਮਸਦੀਨ ਨੂੰ ਜ਼ਮੀਨ ਉਤੇ ਮਾਰਿਆ ਹੋਇਆ ਵੇਖ ਕੇ ਸਾਰੇ ਹਥਿਆਰ ਸੰਭਾਲੇ ਬਿਨਾਂ ਹੀ ਭੱਜ ਗਏ॥੮੯॥

**ਤਹਾਂ ਭਾਟ ਢਾਢੀ ਖਰੇ ਗੀਤ ਗਾਵੈ॥ ਸੁਨਾਵੈਂ ਪ੍ਰਭੈ ਬੈਰ ਬਿੰਦ੍ਰੈ ਤ੍ਰਸਾਵੈ॥**
**ਕਹੂੰ ਨਾਦ ਬਾਜੈਂ ਨਫੀਰੀ ਨਗਾਰੇ॥ ਹਸੈ ਕਰਜਿ ਠੋਕੈਂ ਭੁਜਾ ਭੂਪ ਭਾਰੇ॥੯੦॥**

ਪਦ ਅਰਥ - ਬ੍ਰਿੰਦੇ ਤ੍ਰਸਾਵੈ=ਵੈਰੀਆਂ ਨੂੰ ਡਰਾਉਂਦੇ ਸਨ।

ਉਥੇ ਭੱਟ ਅਤੇ ਢਾਡੀ ਖੜੇ ਗੀਤ ਗਾ ਰਹੇ ਸਨ ਅਤੇ ਦੁਸ਼ਮਣਾਂ ਨੂੰ ਡਰਾ ਰਹੇ ਸੀ। ਕਿਤੇ ਨਾਦ ਨਫੀਰੀ ਅਤੇ ਨਗਾਰੇ ਵੱਜ ਰਹੇ ਸਨ ਅਤੇ ਵੱਡੇ ਵੱਡੇ ਰਾਜੇ ਬਾਹਾਂ ਨੂੰ ਉਤਾਹ ਚੁਕ ਕੇ ਗੱਜ ਰਹੇ ਸਨ ਅਤੇ ਹੱਸ ਰਹੇ ਸਨ॥੯੦॥

**ਜਬੈ ਖਾਨ ਜੂਝੈ ਸਭੈ ਖੇਤ ਮਾਹੀ॥ ਬਡੇ ਐਂਠਿਯਾਰੇ ਬਚਜੋ ਏਕ ਨਾਹੀ॥**
**ਲਈ ਛੀਨਿ ਦਿੱਲੀ ਦਿਲੀਸੈ ਸੰਘਾਰਜੋ॥ ਤਬੈ ਆਪਨੇ ਸੀਸ ਪੈ ਛੱਤ੍ਰ ਢਾਰਜੋ॥੯੧॥**

ਜਦ ਸਾਰੇ ਖਾਨ ਯੁੱਧ ਵਿਚ ਮਾਰੇ ਗਏ ਅਤੇ ਇਕ ਵੀ ਬਾਕੀ ਨ ਬਚਿਆ ਤਾਂ ਦਿਲੀ ਦੇ ਬਾਦਸ਼ਾਹ ਨੂੰ ਮਾਰ ਕੇ ਉਸ ਦਿੱਲੀ ਤੇ ਕਬਜ਼ਾ ਕਰ ਲਿਆ ਅਤੇ ਆਪਣੇ ਸਿਰ ਤੇ ਸ਼ਾਹੀ ਛੱਤਰ ਝੁਲਵਾ ਲਿਆ॥੯੧॥

**ਜਬੈ ਸਿੱਧਪਾਲੈ ਘਨੀ ਸੈਨ ਕੂਟੀ॥ ਬਚੇ ਪ੍ਰਾਨ ਲੈਕੈ ਚਹੂੰ ਓਰ ਫੂਟੀ॥**

**ਲਈ ਪਾਤਿਸ਼ਾਹੀ ਸਿਰੈ ਛੱਤ੍ਰ ਢਾਰਜੋ॥ ਪਰਜੋ ਪਾਸੁ ਬਾਚਜੋ ਅਰਜੋ ਸੋ ਸੰਘਾਰਜੋ॥ ੯੨॥**

ਜਦ ਸਿੱਧਪਾਲ ਨੇ ਸੈਨਾਂ ਨੂੰ ਕੁੱਚਲ ਦਿੱਤਾ ਅਤੇ ਜਿਹੜੀ ਸੈਨਾ ਬਚੀ ਵੀ ਚਾਰੇ ਪਾਸੇ ਭੱਜ ਗਈ ਤਾਂ ਉਸਨੇ ਬਾਦਸ਼ਾਹਤ ਲੈਕੇ ਸਿਰ ਤੇ ਛੱਤਰ ਝੁਲਵਾ ਲਿਆ। ਜਿਹੜਾ ਸ਼ਰਨ ਵਿਚ ਆ ਗਿਆ ਉਹ ਬਚ ਗਿਆ ਅਤੇ ਜਿਹੜਾ ਅੜ ਗਿਆ ਉਹ ਮਾਰ ਦਿੱਤਾ ਗਿਆ॥੯੨॥

**ਲਈ ਪਾਤਿਸ਼ਾਹੀ ਹ੍ਰਿਦੈ ਯੌ ਬਿਚਾਰਾ॥ ਕਰਜੋ ਕਾਜ ਨੀਕੋ ਨ ਰਾਹੈ ਸੰਘਾਰਾ॥**
**ਜਗਜੋ ਰੈਨਿ ਸਾਰੀ ਧਰਜੋ ਧਜਾਨ ਤਾਕੋ॥ ਦਿਯੋ ਪਾਤਿਸ਼ਾਹੀ ਮਿਲੈ ਪ੍ਰਾਤ ਵਾਕੋ॥ ੯੩॥**

ਰਾਜ ਪ੍ਰਾਪਤ ਕਰਕੇ ਉਸ ਦਿਲ ਵਿਚ ਸੋਚਿਆ ਕਿ ਰਾਹ ਜਾਂਦੇ ਨੂੰ ਮਾਰ ਕੇ ਮੈਂ ਚੰਗਾ ਕੰਮ ਨਹੀਂ ਕੀਤਾ ਹੈ। ਉਸਨੇ ਸਾਰੀ ਰਾਤ ਇਸ ਬਾਰੇ ਵਿਚਾਰ ਕੀਤਾ ਕਿ ਜਿਹੜਾ ਵੀ ਸਵੇਰੇ ਮਿਲ ਜਾਵੇ ਉਸ ਨੂੰ ਹੀ ਰਾਜ ਦੇ ਦਿੱਤਾ ਜਾਵੇ॥੯੩॥

**ਕਸਾਈਨ ਕੌ ਦਾਸ ਤਹ ਏਕ ਆਯੋ॥ ਨਦੀ ਡਾਰਬੇ ਓਝਰੀ ਲੈ ਸਿਧਾਯੋ॥**
**ਗਹਿਯੋ ਜਾਇ ਤਾਕੋ ਦਈ ਪਾਤਿਸ਼ਾਹੀ॥ ਧਰਜੋ ਜੈਨ ਆਲਾਵਦੀ ਨਾਮ ਤਾਹੀ॥ ੯੪॥**

ਸਵੇਰ ਉਥੇ ਇਕ ਕਸਾਈ ਦਾ ਗੁਲਾਮ ਆ ਗਿਆ ਜਿਹੜਾ ਨਦੀ ਵਿਚ ਕੁਝ ਗੰਦਗੀ ਸੁੱਟਣ ਜਾ ਰਿਹਾ ਸੀ। ਉਸ ਨੂੰ ਜਾ ਫੜਿਆ ਅਤੇ ਰਾਜ ਦੇ ਦਿੱਤਾ ਅਤੇ ਉਸ ਦਾ ਨਾਂ ਜੈਨ ਆਲਾਵਦੀ ਰਖ ਦਿੱਤਾ॥੯੪॥

**ਚੌਪਈ॥ ਜਬ ਹੀ ਰਾਜ ਤਵਨ ਕਹ ਦਯੋ॥ ਸੁਤਾ ਸਹਿਤ ਬਨ ਮਾਰਗ ਲਯੋ॥**
**ਬਦ੍ਰਕਾਸ਼ਿ ਮਹਿ ਕਿਯਾ ਪ੍ਰਵੇਸਾ॥ ਦੁਹਿਤਾ ਸਹਿਤ ਅਤਿਥ ਕੇ ਭੇਸਾ॥ ੯੫॥**

ਪਦ ਅਰਥ - ਬਨ ਮਾਰਗ=ਵਣ ਦਾ ਰਾਹ=ਪ੍ਰਵੇਸਾ= ਚਲਾ ਗਿਆ। ਅਤਿਥ ਕੇ ਭੇਸਾ=ਸਾਧੂ ਦੇ ਭੇਸ ਵਿਚ।

ਜਦ ਉਸ ਨੂੰ ਰਾਜ ਦੇ ਦਿੱਤਾ ਤਾਂ ਪੁਤੱਰੀ ਸਮੇਤ ਜੰਗਲ ਦਾ ਰਸਤਾ ਫੜਿਆ। ਪੁਤੱਰੀ ਸਹਿਤ ਸਾਧੂ ਭੇਸ ਵਿਚ ਬਦਰਕਾਸ਼ੀ ਵਿਚ ਜਾ ਪ੍ਰਵੇਸ਼ ਕੀਤਾ॥੯੫॥

**ਦੋਹਰਾ॥ ਜਬ ਬਹੁ ਤਹ ਤਪਸਾ ਕਰੀ ਪ੍ਰਗਟ ਭਈ ਜਗ ਮਾਇ॥**
**ਬਰੰਬ੍ਰਹ ਤਾਸੌ ਕਹਯੋ ਜੋ ਤੁਹਿ ਸੁਤਾ ਸੁਹਾਇ॥ ੯੬॥**

ਪਦ ਅਰਥ - ਜਗ ਮਾਇ=ਜਗ ਮਾਤਾ।

ਜਦ ਉਥੇ ਘੋਰ ਤਪੱਸਿਆ ਕੀਤੀ ਤਾਂ ਜਗਤ ਮਾਤਾ ਪਰਗਟ ਹੋਈ ਅਤੇ ਉਸ ਕਿਹਾ ਕਿ ਤੁਹਾਡੀ ਪੁੱਤਰੀ ਨੂੰ ਜਿਹੜਾ ਵੀ ਵਰ ਚੰਗਾ ਲੱਗੇ ਉਸ ਨਾਲ ਇਸ ਦਾ ਵਿਆਹ ਕਰ ਦੇਵੋਂ॥੯੬॥

Namdhari Elibrary NamdhariElibrary@gmail.com

**ਚੌਪਈ।। ਮੈਯਾ ਇਹੈ ਦਾਨੁ ਮੁਹਿ ਦੀਜੈ।। ਰੱਛਾ ਆਪੁ ਹਮਾਰੀ ਕੀਜੈ।।**
**ਛੱਤ੍ਰਾਨੀ ਗ੍ਰਿਹਿ ਤੁਰਕ ਨ ਜਾਇ।। ਮੁਹਿ ਬਰ ਦੇਹੁ ਇਹੈ ਜਗ ਮਾਇ।। ੯੭।।**

ਰਾਜੇ ਨੇ ਕਿਹਾ: ਹੇ ਮਾਂ! ਮੈਨੂੰ ਇਹ ਦਾਨ ਦੇਵੋ ਅਤੇ ਖੁਦ ਮੇਰੀ ਰੱਖਿਆ ਕਰੋ। ਮੇਰੀ ਖੱਤਰਾਣੀ ਪੁੱਤਰੀ ਨੂੰ ਕੋਈ ਤੁਰਕ ਨ ਲੈ ਜਾਵੇ ਅਤੇ ਮੈਨੂੰ ਇਹੋ ਹੀ ਵਰਦਾਨ ਬਖਸ਼ੋ।।੯੭।।

**ਚਰਨਨ ਰਹੈ ਤਿਹਾਰੈ ਚਿੱਤਾ।। ਗ੍ਰਿਹ ਮਹਿ ਹੋਇ ਅਨਗਨਤ ਬਿੱਤਾ।।**
**ਸ਼ੱਤ੍ਰ ਨ ਜੀਤਿ ਹਮੈਂ ਕੋਈ ਜਾਇ।। ਤੁਮ ਮਹਿ ਰਹੈ ਮੋਰ ਮਨ ਮਾਇ।। ੯੮।।**

ਪਦ ਅਰਥ - ਬਿੱਤਾ=ਧਨ। ਸ਼ੱਤ੍ਰ=ਦੁਸ਼ਮਣ।

ਮੇਰਾ ਚਿੱਤ ਹਰ ਵੇਲੇ ਤੁਹਾਡੇ ਚਰਨਾਂ ਵਿਚ ਰਹੇ ਅਤੇ ਮੇਰੇ ਘਰ ਵਿਚ ਅਪਾਰ ਧਨ ਹੋਵੇ। ਮੈਨੂੰ ਕੋਈ ਦੁਸ਼ਮਨ ਨ ਜਿੱਤ ਸਕੇ ਅਤੇ ਮੇਰਾ ਮਨ ਸਦਾ ਤੇਰੇ ਵਿਚ ਲੱਗਾ ਰਹੇ।।੯੮।।

**ਜਗ ਮਾਤੈ ਐਸੇ ਬਰੁ ਦੀਯੋ।। ਤਿਨ ਕਹ ਰਾਜ ਅਸਾਮ ਕੋ ਕੀਯੋ।।**
**ਅਬ ਲਗਿ ਰਾਜ ਤਹਾਂ ਤੈ ਕਰੈਂ।। ਦਿੱਲੀਪਤਿ ਕੀ ਕਾਨਿ ਨ ਧਰੈਂ।। ੯੯।।**

ਜਗਤ ਮਾਤਾ ਨੇ ਉਸ ਨੂੰ ਐਸਾ ਵਰ ਦਿੱਤਾ ਕਿ ਉਸ ਨੂੰ ਆਸਾਮ ਦਾ ਰਾਜਾ ਬਣਾ ਦਿੱਤਾ। ਉਹ ਹੁਣ ਤਕ ਉਥੇ ਰਾਜ ਕਰਦਾ ਹੈ ਅਤੇ ਦਿੱਲੀ ਦੇ ਬਾਦਸ਼ਾਹ ਦੀ ਕੋਈ ਪ੍ਰਵਾਹ ਨਹੀਂ ਕਰਦਾ।।੯੯।।

**ਕਿਨ ਕਹ ਰਾਜ ਭਵਾਨੀ ਦੀਯੋ।। ਤਿਨ ਤੇ ਛੀਨਿ ਨ ਕਿਨਹੂੰ ਲੀਯੋ।।**
**ਅਬ ਲੌ ਕਰਤ ਤਹਾਂ ਕੋ ਰਾਜਾ।। ਰਿੱਧਿ ਸਿੱਧਿ ਸਭ ਹੀ ਘਰ ਸਾਜਾ।।੧੦੦।।**

ਜਿਸ ਨੂੰ ਭਵਾਨੀ ਨੇ ਖੁਦ ਰਾਜ ਦਿੱਤਾ ਹੋਵੇ, ਉਸ ਪਾਸੋਂ ਕੌਣ ਰਾਜ ਖੋ ਸਕਦਾ ਹੈ। ਹੁਣ ਤਕ ਉਹ ਉਥੋਂ ਦਾ ਰਾਜਾ ਹੈ ਅਤੇ ਸਭ ਰਿੱਧੀਆਂ ਸਿੱਧੀਆਂ ਉਸ ਦੇ ਪਾਸ ਹਨ।।੧੦੦।।

**ਪ੍ਰਥਮ ਦਿਲਿਸ ਸੌਂ ਪਿਤਾ ਜੁਝਾਯੋ।। ਪੁਨਿ ਦੇਬੀ ਤੇਂ ਅਸ ਬਰ ਪਾਯੋ।।**
**ਅੰਗ ਦੇਸ ਕੇ ਭਏ ਨ੍ਰਿਪਾਰਾ।। ਇਹ ਛਲ ਅਬਲਾ ਧਰਮ ਉਬਾਰਾ।। ੧੦੧।। ੧।।**

ਪਦ ਅਰਥ - ਦਿਲਿਸ ਸੌਂ ਪਿਤਾ=ਦਿੱਲੀ ਦਾ ਬਾਦਸ਼ਾਹ। ਪੁਨਿ=ਫਿਰ। ਦੇਬੀ=ਦੇਵੀ। ਅੰਗ ਦੇਸ=ਆਸਾਮ। ਅਬਲਾ=ਇਸਤਰੀ। ਧਰਮ ਉਬਾਰਾ=ਧਰਮ ਬਚਾਇਆ।

ਪਹਿਲਾਂ ਦਿਲੀ ਦੇ ਬਾਦਸ਼ਾਹ ਨੂੰ ਮਾਰਿਆ। ਫਿਰ ਦੇਵੀ ਤੋਂ ਵਰਦਾਨ ਪ੍ਰਾਪਤ ਕੀਤਾ ਅਤੇ ਅੰਗਦੇਸ (ਆਸਾਮ) ਦਾ ਰਾਜਾ ਬਣ ਗਿਆ। ਇਸ ਤਰ੍ਹਾਂ ਦਾ ਕਾਰਜ ਕਰਕੇ ਉਸ ਇਸਤਰੀ ਨੇ ਆਪਣਾ ਧਰਮ ਬਚਾਇਆ।।੧੦੧।।੧।।

ਇਤਿ ਸ੍ਰੀ ਚਰਿਤ੍ਰ ਪੰਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋ ਸੌ ਸਤਾਨਵੋਂ ਚਰਿਤ੍ਰ ਸਮਾਪਤਮ

Namdhari Elibrary NamdhariElibrary@gmail.com

**************************************************************

ਸਤੁ ਸੁਭਮ ਸਤੁ॥੨੯੭॥੫੭੫੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਸਤਾਨਵੀਂ ਕਥਾ ਸਮਾਪਤ॥੨੯੭॥੫੭੫੦॥ਚਲਦਾ॥

# ਚਲਿੱਤਰ ਦੋ ਸੌ ਅਠਾਨੇਵਾਂ

# ਕਥਾ ਝਿਲਮਿਲ ਦੇਵੀ

**ਚੌਪਈ॥ ਸੁਨਿਯਤ ਏਕ ਸ਼ਾਹ ਕੀ ਦਾਰਾ॥ ਰੂਪਵਾਨ ਗੁਨਵਾਨ ਅਪਾਰਾ॥**
**ਝਿਲਮਿਲ ਦੇ ਤਿਹ ਨਾਮ ਭਨਿੱਜੈ॥ ਕੋ ਦੂਸਰ ਪਟਤਰ ਤਿਹ ਦਿੱਜੈ॥ ੧॥**

ਇਕ ਸ਼ਾਹ ਦੀ ਪੁੱਤਰੀ ਬਹੁਤ ਗੁਣਵਾਣ ਅਤੇ ਰੂਪਵਾਣ ਸੁਣੀ ਜਾਂਦੀ ਸੀ, ਉਸ ਦਾ ਨਾਂ ਝਿਲਮਿਲ ਦੇਵੀ ਸੀ ਅਤੇ ਉਸ ਵਰਗਾ ਸੁੰਦਰ ਹੋਰ ਕੋਈ ਨਹੀਂ ਸੀ॥੧॥

**ਰੂਪ ਕੇਤ ਰਾਜਾ ਇਕ ਤਹਾਂ॥ ਰੂਪਮਾਨ ਅਰੁ ਸੂਰਾ ਮਹਾਂ॥**
**ਥਰਹਰ ਕੰਪੈ ਸ਼ੱਤ੍ਰੁ ਜਾਕੇ ਡਰ॥ ਪ੍ਰਗਟ ਭਯੋ ਜਨੁ ਦੁਤਿਯ ਨਿਸਾਕਰ॥੨॥**

ਪਦ ਅਰਥ - ਨਿਸਾਕਰ=ਚੰਦ। ਥਰਹਰ ਕੰਪੈ=ਥਰ ਥਰ ਕੰਬਦਾ ਹੈ।

ਉਥੇ ਰੂਪ ਕੇਤ ਨਾਮੀਂ ਇਕ ਰਾਜਾ ਰਹਿੰਦਾ ਸੀ ਜਿਹੜਾ ਕਿ ਬਹੁਤ ਖ਼ੂਬਸੂਰਤ ਅਤੇ ਸੂਰਬੀਰ ਯੋਧਾ ਸੀ ਜਿਸ ਦੇ ਡਰ ਕਾਰਨ ਦੁਸ਼ਮਣ ਥਰ ਥਰ ਕੰਬਦੇ ਸਨ, ਉਹ ਏਨਾ ਪ੍ਰਭਾਵਸ਼ਾਲੀ ਸੀ ਕਿ ਜਿਵੇਂ ਦੂਸਰਾ ਚੰਦ੍ਰਮਾਂ ਪਰਗਟ ਹੋਇਆ ਹੋਵੇ॥੨॥

**ਏਕ ਸਪੂਤ ਪੂਤ ਤਿਨ ਜਯੋ॥ ਜਾ ਸੌ ਔਰ ਨ ਜਗ ਮਹਿ ਭਯੋ॥**
**ਝਿਲਮਿਲ ਦੇ ਤਾਕੌਂ ਲਖਿ ਗਈ॥ ਤਬਹੀਂ ਤੇ ਬਵਰੀ ਸੀ ਭਈ॥ ੩॥**

ਉਸ ਦੇ ਘਰ ਇਕ ਸਪੂਤ ਪੁੱਤਰ ਪੈਦਾ ਹੋਇਆ ਜਿਸ ਵਰਗਾ ਹੋਣਹਾਰ ਹੋਰ ਜਗ ਵਿਚ ਕੋਈ ਨਹੀਂ ਸੀ। ਝਿਲਮਿਲ ਦੇਵੀ ਨੇ ਉਸ ਰਾਜੇ ਦੇ ਪੁੱਤਰ ਨੂੰ ਜਦ ਵੇਖਿਆ ਤਾਂ ਉਹ ਉਸ ਨੂੰ ਵੇਖਦੇ ਸਾਰ ਹੀ ਪਾਗਲ ਹੋ ਗਈ॥੩॥

**ਵਾਸੌਂ ਬਾਂਧਾ ਅਧਿਕ ਸਨੇਹਾ॥ ਦ੍ਵੈ ਤੇ ਕਰੀ ਏਕ ਜਨੁ ਦੇਹਾ॥**
**ਔਰ ਉਪਾਉ ਨ ਚਲਜੋ ਚਲਾਯੋ॥ ਤਬ ਅਬਲਾ ਨਰ ਭੇਸ ਬਨਾਯੋ॥ ੪॥**

ਉਸ ਨੇ ਉਹਦੇ ਨਾਲ ਏਨਾ ਸਨੇਹ ਵਧਾ ਲਿਆ ਕਿ ਮਾਨੋਂ ਇਕ ਆਤਮਾ ਇਕ ਸਰੀਰ ਹੋ ਗਈ ਹੋਵੇ। ਜਦ ਉਸ ਨੂੰ ਪ੍ਰਾਪਤ ਕਰਨ ਦਾ ਹੋਰ ਕੋਈ ਉਪਾਅ ਨ ਚਲਿਆ ਤਾਂ ਉਸ ਪੁਰਖ ਦਾ ਭੇਸ ਧਾਰਨ ਕਰ ਲਿਆ॥੪॥

ਦੋਹਰਾ।। ਧਰਿ ਕਰਿ ਭੇਸ ਕਰੌਲ ਕੌ ਗਈ ਤਵਨ ਕੇ ਧਾਮ।।
ਸਭ ਕੋ ਨਰ ਜਾਨੇ ਤਿਸੈ ਕੋਈ ਨ ਜਾਨੈ ਬਾਮ।। ੫।।

ਪਦ ਅਰਥ - ਕਰੌਲ=ਸ਼ਿਕਾਰੀ। ਬਾਮ=ਇਸਤਰੀ।

ਉਹ ਇਕ ਸ਼ਿਕਾਰੀ ਦਾ ਭੇਸ ਧਾਰ ਕੇ ਉਸ ਦੇ ਘਰ ਗਈ। ਸਾਰੇ ਉਸ ਨੂੰ ਪੁਰਖ ਹੀ ਸਮਝਦੇ ਸਨ. ਇਸਤਰੀ ਕੋਈ ਨਹੀਂ ਸੀ ਸਮਝਦਾ।।੫।।

ਚੌਪਈ।। ਕੁਅਰਹਿ ਰੋਜ ਸ਼ਿਕਾਰ ਖਿਲਾਵੈ।। ਭਾਂਤਿ ਭਾਂਤਿ ਤਨ ਮ੍ਰਿਗਹਿ ਹਨਾਵੈ।।
ਇਕੱਲੀ ਫਿਰੈ ਸਜਨ ਕੇ ਸੰਗਾ।। ਪਹਿਰੇ ਪੁਰਖ ਭੇਸ ਕਹ ਅੰਗਾ।। ੬।।

ਉਹ ਕੁਮਾਰ ਦੇ ਨਾਲ ਰੋਜ਼ ਸ਼ਿਕਾਰ ਖੇਡਣ ਜਾਂਦੀ ਸੀ ਅਤੇ ਵੱਖ ਵੱਖ ਢੰਗਾਂ ਨਾਲ ਹਿਰਨਾਂ ਦਾ ਸ਼ਿਕਾਰ ਕਰਦੀ ਸੀ। ਉਹ ਆਪਣੇ ਪਿਆਰੇ ਦੇ ਨਾਲ ਪੁਰਸ਼ ਦੇ ਭੇਸ ਵਿਚ ਇਕੱਲੀ ਹੀ ਘੁੰਮਦੀ ਰਹਿੰਦੀ ਸੀ।।੬।।

ਇਕ ਦਿਨ ਸਦਨ ਨ ਜਾਤ ਸੁ ਭਈ।। ਪਿਤ ਤਨ ਕਹੀ ਸੁਤਾ ਮਰਿ ਗਈ।।
ਅਪਨੀ ਠਵਰ ਬਕਰਿਯਹਿ ਜਾਰਾ।। ਦੂਸਰ ਪੁਰਖ ਨ ਭੇਦ ਬਿਚਾਰਾ।। ੭।।

ਇਕ ਦਿਨ ਉਹ ਘਰ ਵਾਪਿਸ ਨ ਗਈ ਅਤੇ ਆਪਣੇ ਪਿਤਾ ਨੂੰ ਸਨੇਹਾ ਭਿਜਵਾ ਦਿੱਤਾ ਕਿ ਤੁਹਾਡੀ ਪੁੱਤਰੀ ਮਰ ਗਈ ਹੈ। ਆਪਣੇ ਥਾਂ ਇਕ ਬੱਕਰੀ ਨੂੰ ਸਾੜ ਦਿੱਤਾ ਅਤੇ ਕਿਸੇ ਨੂੰ ਕੁਝ ਪਤਾ ਨ ਲੱਗਾ।।੭।।

ਸ਼ਾਹ ਲਹਿਯੋ ਦੁਹਿਤਾ ਮਰ ਗਈ।। ਯੌ ਨਹੀ ਲਖਜੋ ਕਰੌਲਨ ਭਈ।।
ਸੰਗ ਨਿਤ ਲੈ ਨ੍ਰਿਪ ਸੁਤ ਕੌ ਜਾਵੈ।। ਬਨ ਉਪਬਨ ਭੀਤਰ ਭ੍ਰਮਿ ਆਵੈ।। ੮।।

ਸ਼ਾਹ ਨੇ ਇਹ ਸੋਚਿਆ ਕਿ ਉਸ ਦੀ ਪੁੱਤਰੀ ਮਰ ਗਈ ਹੈ, ਪਰ ਉਸ ਨੂੰ ਇਹ ਨ ਪਤਾ ਲੱਗਾ ਕਿ ਉਸ ਦੀ ਪੁੱਤਰੀ ਸ਼ਿਕਾਰਨ ਹੋ ਗਈ ਹੈ। ਉਹ ਰਾਜੇ ਦੇ ਲੜਕੇ ਨੂੰ ਨਾਲ ਲੈ ਕੇ ਰੋਜ਼ ਜਾਂਦੀ ਅਤੇ ਵਣ, ਉਪਵਣ ਵਿਚ ਘੁੰਮ ਫਿਰ ਕੇ ਆ ਜਾਂਦੀ।।੮।।

ਬਹੁਤ ਕਾਲ ਇਹ ਭਾਂਤਿ ਬਿਤਾਯੋ।। ਰਾਜ ਕੁਅਰ ਕਹ ਬਹੁ ਬਿਰਮਾਯੋ।।
ਸੋ ਤਾਕਹ ਨਹਿ ਨਾਰਿ ਪਛਾਨੈ।। ਭਲੋ ਕਰੌਲ ਤਾਹਿ ਕਰਿ ਮਾਨੈ।। ੯।।

ਪਦ ਅਰਥ - ਬਹੁ ਬਿਰਮਾਯੋ=ਬਹੁਤ ਭਰਮਾਇਆ, ਬਹੁਤ ਖੁਸ਼ ਕੀਤਾ।

ਕਾਫੀ ਸਮਾਂ ਉਸ ਨਾਲ ਰਹਿ ਕੇ ਉਸ ਰਾਜ ਕੁਮਾਰ ਨੂੰ ਬਹੁਤ ਪ੍ਰਸੰਨ ਕਰ ਲਿਆ। ਉਹ ਉਸ ਨੂੰ ਇਸਤਰੀ ਨਹੀਂ ਸਮਝਦਾ ਸੀ ਬਲਕਿ ਇਕ ਚੰਗਾ ਸ਼ਿਕਾਰੀ ਹੀ ਮੰਨਦਾ ਸੀ।।੯।।

**ਇਕ ਦਿਨ ਗਏ ਗਹਿਰ ਬਨ ਦੋਊ ।। ਸਾਥੀ ਦੁਤਿਯ ਨ ਪਹੁਚਾ ਕੋਊ ।।**
**ਅਥਜੋ ਦਿਵਸ ਰਜਨੀ ਹ੍ਵੈ ਆਈ।। ਏਕ ਬ੍ਰਿਛ ਤਰ ਬਸੇ ਬਨਾਈ।। ੧੦।।**

ਪਦ ਅਰਥ - ਰਜਨੀ=ਰਾਤ। ਗਹਿਰ ਬਨ=ਸੰਘਣੇ ਜੰਗਲ ਵਿਚ।

ਇਕ ਦਿਨ ਦੋਵੇਂ ਸੰਘਣੇ ਜੰਗਲ ਵਿਚ ਚਲੇ ਗਏ. ਜਿਥੇ ਉਨ੍ਹਾਂ ਦਾ ਕੋਈ ਦੂਸਰਾ ਸਾਥੀ ਨ ਪਹੁੰਚ ਸਕਿਆ। ਦਿਨ ਬੀਤ ਗਿਆ ਅਤੇ ਰਾਤ ਪੈ ਗਈ। ਉਹ ਦੋਵੇਂ ਇਕ ਰੁੱਖ ਦੇ ਥੱਲੇ ਠਹਿਰ ਗਏ।।੧੦।।

**ਤਹ ਇਕ ਆਯੋ ਸਿੰਘ ਅਪਾਰਾ।। ਕਾਢੇ ਦਾਂਤ ਬਡੇ ਬਿਕਰਾਰਾ।।**
**ਤਾਹਿ ਨਿਰਖਿ ਨ੍ਰਿਪ ਸੁਤ ਡਰਪਾਯੋ।। ਸ਼ਾਹ ਸੁਤਾ ਤਿਹ ਧੀਰ ਬੰਧਾਯੋ।। ੧੧।।**

ਉਥੇ ਇਕ ਬਹੁਤ ਵੱਡਾ ਸ਼ੇਰ ਆਇਆ ਜਿਸ ਦੇ ਵਿਕਰਾਲ ਰੂਪੀ ਵੱਡੇ ਵੱਡੇ ਦੰਦ ਸਨ। ਉਸ ਨੂੰ ਵੇਖ ਕੇ ਰਾਜੇ ਦਾ ਪੁੱਤਰ ਬਹੁਤ ਡਰ ਗਿਆ, ਪਰ ਉਸ ਸ਼ਾਹ ਦੀ ਪੁੱਤਰੀ ਨੇ ਉਸ ਨੂੰ ਦਿਲਾਸਾ ਦਿੱਤਾ।।੧੧।।

**ਤਬ ਤਿਹ ਤਾਕਿ ਤੁਪਕ ਸੌ ਮਾਰਯੋ।। ਨ੍ਰਿਪ ਸੁਤ ਦੇਖਤ ਸਿੰਘ ਪ੍ਰਹਾਰਯੋ।।**
**ਰਾਜ ਕੁਅਰਿ ਅਸ ਬਚਨ ਉਚਾਰੇ।। ਮਾਂਗਹੁ ਜੋ ਜਿਯ ਰੁਚਤ ਤਿਹਾਰੇ।।੧੨।।**

ਉਸਨੇ ਤਾਣ ਕੇ ਬੰਦੂਕ ਦਾ ਨਿਸ਼ਾਨਾ ਲਾਇਆ ਅਤੇ ਰਾਜੇ ਦੇ ਲੜਕੇ ਦੇ ਵੇਖਦਿਆਂ ਵੇਖਦਿਆਂ ਸ਼ੇਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਰਾਜ ਕੁਮਾਰ ਫਿਰ ਬਹੁਤ ਖੁਸ਼ ਹੋ ਗਿਆ ਅਤੇ ਉਸ ਨੂੰ ਕਿਹਾ ਕਿ ਜੋ ਤੂੰ ਚਾਹੇਂ ਮੈਥੋਂ ਮੰਗ ਲੈ।।੧੨।।

**ਤਬ ਤਿਨ ਤਾਸੌ ਬ੍ਰਿਥਾ ਉਚਾਰੀ।। ਰਾਜ ਕੁਅਰ ਮੈਂ ਸ਼ਾਹ ਦੁਲਾਰੀ।।**
**ਤੋ ਸੌ ਮੋਰਿ ਲਗਨਿ ਲਗ ਗਈ।। ਤਾਤੇ ਭੇਸ ਧਰਤ ਇਹ ਭਈ।। ੧੩।।**

ਤਦ ਉਸ ਲੜਕੀ ਨੇ ਸਾਰੀ ਗੱਲ ਦੱਸੀ ਕਿ ਮੈਂ ਤਾਂ ਸ਼ਾਹ ਦੀ ਲਾਡਲੀ ਪੁੱਤਰੀ ਹਾਂ। ਮੈਨੂੰ ਤੇਰੇ ਨਾਲ ਪ੍ਰੇਮ ਹੋ ਗਿਆ ਸੀ. ਇਸ ਲਈ ਮੈਂ ਇਹ ਭੇਸ ਧਾਰਨ ਕੀਤਾ ਸੀ।।੧੩।।

**ਅਬ ਤੁਮ ਹਮਰੇ ਸਾਥ ਬਿਹਾਰੋ।। ਇਸਤ੍ਰੀ ਕਰਿ ਗ੍ਰਿਹਿ ਮਹਿ ਮੁਹਿ ਬਾਰੋ।।**
**ਜਸ ਮੁਰਿ ਲਗਨ ਤੁਮੂ ਪਰ ਲਾਗੀ।। ਤਸ ਤੁਮ ਹੋਹੁ ਮੋਰ ਅਨੁਰਾਗੀ।।੧੪।।**

ਹੁਣ ਤੁਸੀਂ ਮੇਰੇ ਨਾਲ ਰਮਣ ਕਰੋ ਅਤੇ ਇਸਤਰੀ ਸਮਝ ਕੇ ਮੇਰੇ ਨਾਲ ਵਿਆਹ ਕਰਵਾਓ। ਜਿਸ ਤਰ੍ਹਾਂ ਦੀ ਮੇਰੀ ਲਗਨ ਤੁਹਾਡੇ ਨਾਲ ਲੱਗੀ ਹੈ ਇਸ ਤਰ੍ਹਾਂ ਹੀ ਤੁਸੀਂ ਵੀ ਮੇਰੇ ਨਾਲ ਪਿਆਰ ਕਰੋ।।੧੪।।

Namdhari Elibrary NamdhariElibrary@gmail.com

**ਆਨੰਦ ਭਯੋ ਕੁਅਰ ਕੇ ਚੀਤਾ।। ਜਨੁ ਕਰਿ ਮਿਲੀ ਰਾਮ ਕਹ ਸੀਤਾ।।**
**ਭੋਜਨ ਜਾਨੁ ਛੁਧਾਤੁਰ ਮਾਈ।। ਜਨੁ ਨਲ ਮਿਲੀ ਦਮਾਵਤਿ ਆਈ।।੧੫।।**

ਕੁਮਾਰ ਦਾ ਮਨ ਬਹੁਤ ਅਨੰਦ ਮਈ ਹੋ ਗਿਆ, ਜਿਵੇਂ ਕਿ ਰਾਮ ਨੂੰ ਸੀਤਾ ਮਿਲ ਗਈ ਹੋਵੇ। ਜਿਵੇਂ ਕਿ ਭੁੱਖੇ ਨੂੰ ਭੋਜਣ ਮਿਲ ਗਿਆ ਹੋਵੇ ਜਾਂ ਨਲ ਨੂੰ ਦਮਯੰਤੀ ਮਿਲ ਗਈ ਹੋਵੇ।।੧੫।।

**ਉਹੀ ਬ੍ਰਿਛ ਤਰ ਤਾਕੌ ਭਜਾ।। ਭਾਂਤਿ ਭਾਂਤਿ ਆਸਨ ਕਹ ਸਜਾ।।**
**ਤਾਂਹਿ ਸਿੰਘ ਕੋ ਚਰਮ ਨਿਕਾਰੀ।। ਭੋਗ ਕਰੇ ਤਾ ਪਰ ਨਰ ਨਾਰੀ।। ੧੬।।**

ਉਸੇ ਰੁੱਖ ਥੱਲੇ ਭਿੰਨ ਭਿੰਨ ਪ੍ਰਕਾਰ ਦੇ ਆਸਣਾਂ ਰਾਹੀਂ ਉਸ ਨਾਲ ਕਾਮ ਕ੍ਰੀੜਾ ਕੀਤੀ। ਉਸ ਸ਼ੇਰ ਦੀ ਖਲ ਲਾਹ ਕੇ ਉਸ ਉਤੇ ਹੀ ਉਹ ਦੋਵੇਂ ਪ੍ਰੇਮ ਪਿਆਰ ਕਰਨ ਲੱਗੇ।।੧੬।।

**ਤਾਕੋ ਨਾਮ ਅਪੱਛਰਾ ਧਰਾ।। ਕਹੀ ਕਿ ਰੀਝਿ ਮੋਹਿ ਇਹ ਬਰਾ।।**
**ਇਹ ਛਲ ਤਾਹਿ ਨਾਰਿ ਕਰਿ ਲਜਾਯੋ।। ਰੂਪਕੇਤੁ ਪਿਤੁ ਭੇਦ ਨ ਪਾਯੋ।। ੧੭।।**

ਉਸ ਦਾ ਨਾਂ ਅਪੱਛਰਾ ਰਖਿਆ ਅਤੇ ਇਹ ਖਬਰ ਉਡਾ ਦਿੱਤੀ ਕਿ ਇਕ ਪਰੀ ਨੇ ਮੇਰੇ ਤੇ ਮੋਹਿਤ ਹੋ ਕੇ ਮੇਰੇ ਨਾਲ ਵਿਆਹ ਕਰ ਲਿਆ ਹੈ। ਇਸ ਛੱਲ ਨਾਲ ਉਸ ਉਸ ਨੂੰ ਇਸਤਰੀ ਬਣਾ ਕੇ ਘਰ ਲੈ ਆਇਆ, ਰਾਜਾ ਰੂਪ ਕੇਤ ਨੂੰ ਕੁਝ ਵੀ ਪਤਾ ਨ ਲੱਗ ਸਕਿਆ।।੧੭।।

**ਦੋਹਰਾ।। ਇਹ ਛਲ ਤਾਕੌ ਬਜਾਹਿ ਕੈ ਲੈ ਆਯੋ ਨਿਜੁ ਧਾਮ।।**
**ਲੋਕ ਅਪੱਛਰਾਂ ਤਿਹ ਲਖੈ ਕੋਊ ਨ ਜਾਨੈ ਬਾਮ।। ੧੮।।**

ਇਸ ਛੱਲ ਨਾਲ ਉਸ ਨੂੰ ਵਿਆਹ ਕੇ ਘਰ ਲੈ ਆਇਆ। ਸਾਰੇ ਉਸ ਨੂੰ ਪਰੀ ਸਮਝ ਰਹੇ ਸਨ ਅਤੇ ਕੋਈ ਵੀ ਉਸ ਨੂੰ ਇਸਤਰੀ ਨਹੀਂ ਮੰਨ ਰਿਹਾ ਸੀ।।੧੮।।

**ਨ੍ਰਿਪ ਸੁਤ ਬਰਾ ਕਰੌਲ ਹ੍ਵੈ ਭਈ ਅਨਾਥ ਸਨਾਥ।।**
**ਸਭਹੂੰ ਸਿਰ ਰਾਨੀ ਭਈ ਇਹ ਬਿਧਿ ਛਲ ਕੇ ਸਾਥ।। ੧੯।। ੧।।**

ਸ਼ਿਕਾਰੀ ਬਣ ਕੇ ਉਸ ਰਾਜੇ ਦੇ ਪੁੱਤਰ ਨਾਲ ਵਿਆਹ ਕੀਤਾ ਅਤੇ ਅਨਾਥ ਤੋਂ ਸੁਨਾਥ ਹੋ ਗਈ। ਇਸ ਚਲਿੱਤਰ ਨਾਲ ਉਹ ਸਾਰਿਆਂ ਦੇ ਸਿਰ ਤੇ ਰਾਣੀ ਬਣ ਕੇ ਬਹਿ ਗਈ।।੧੯।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋ ਸੌ ਅਠਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੨੯੮।।੫੭੬੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਅਠਾਨੇਵੀਂ ਕਥਾ ਸਮਾਪਤ।।੨੯੮।।੫੭੬੯।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਦੋ ਸੌ ਨੜਿਨਵਾਂ

## ਕਥਾ ਅਛਲ ਦੇਵੀ

**ਚੌਪਈ।। ਚੰਦ੍ਰ ਚੂੜ ਇਕ ਰਹਤ ਭੁਪਾਲਾ।। ਅਮਿਤ ਪ੍ਰਭਾ ਜਾਕੇ ਗ੍ਰਿਹ ਬਾਲਾ।।**
**ਤਾ ਸੀ ਦੂਸਰਿ ਜਗ ਮਹਿ ਨਾਹੀ।। ਨਰੀ ਨਾਗਨੀ ਨਿਰਖਿ ਲਜਾਹੀ।।੧।।**

ਪਦ ਅਰਥ – ਨਰੀ ਨਾਗਨੀ=ਨਰ ਇਸਤਰੀਆਂ, ਨਾਗ ਇਸਤਰੀਆਂ। ਲਜਾਹੀ=ਲੱਜਿਤ ਹੁੰਦੀਆਂ ਸਨ।

ਚੰਦਰ ਚੂੜ ਇਕ ਰਾਜਾ ਸੀ ਜਿਸਦੇ ਘਰ ਅਮਿਤ ਪ੍ਰਭਾ ਨਾਮੀਂ ਇਕ ਰਾਣੀ ਸੀ। ਉਹ ਏਨੀ ਸੁੰਦਰ ਸੀ ਕਿ ਜਗ ਵਿਚ ਉਸ ਵਰਗੀ ਹੋਰ ਕੋਈ ਇਸਤਰੀ ਨਹੀਂ ਸੀ। ਨਰ ਨਾਗਾਂ ਦੀਆਂ ਸੁੰਦਰ ਇਸਤਰੀਆਂ ਉਸ ਨੂੰ ਵੇਖ ਲੱਜਿਤ ਹੁੰਦੀਆਂ ਸਨ।।੧।।

**ਸਾਹਿਕ ਹੁਤੋ ਅਧਿਕ ਧਨਵਾਨਾ।। ਜਾ ਸੌ ਧਨੀ ਨ ਜਗ ਮੇਂ ਆਨਾ।।**
**ਅਛਲ ਦੇਇ ਦੁਹਿਤਾ ਤਾਕੇ ਘਰ।। ਰਹਤ ਪੰਡਿਤਾ ਸਭ ਮਤਿ ਹਰਿ ਕਰਿ।।੨।।**

ਇਕ ਸ਼ਾਹ ਬਹੁਤ ਧਨੀ ਆਦਮੀ ਸੀ ਜਿਸ ਦੇ ਬਰਾਬਰ ਧਨਵਾਨ ਜਗ ਵਿਚ ਹੋਰ ਕੋਈ ਨਹੀਂ ਸੀ। ਉਸ ਦੇ ਘਰ ਅਛਲ ਦੇਵੀ ਨਾਮੀਂ ਇਕ ਪੁੱਤਰੀ ਸੀ ਜਿਸਨੇ ਪੰਡਤਾਂ ਦੀ ਮਤ ਚੁਰਾਈ ਹੋਈ ਸੀ ਭਾਵ ਕਿ ਉਹ ਬਹੁਤ ਚੱਤਰ ਸੀ।।੨।।

**ਚੰਦ੍ਰ ਚੂੜ੍ਹ ਕੋ ਹੁਤੋ ਪੁੱਤ੍ਰ ਇਕ।। ਪੜ੍ਹਾ ਬਜਾਕਰਨ ਅਰੁ ਸ਼ਾਸਤ੍ਰਨਿਕ।।**
**ਤਾਕੋ ਨਾਮ ਨ ਕਹਬੇ ਆਵੈ।। ਲਿਖਤ ਊਖ ਲਿਖਨੀ ਹ੍ਵੈ ਜਾਵੈ।। ੩।।**

ਪਦ ਅਰਥ – ਊਖ=ਗੰਨਾ। ਲਿਖਨੀ ਹ੍ਵੈ ਜਾਵੈ=ਕਲਮ ਜਿੱਡੀ ਹੋ ਜਾਂਦੀ ਹੈ।

ਚੰਦਰ ਚੂੜ ਦਾ ਇਕ ਪੁੱਤਰ ਸੀ ਜਿਹੜਾ ਕਿ ਵਿਆਕਰਣ ਅਤੇ ਸ਼ਾਸਤਰ ਪੜ੍ਹਿਆ ਹੋਇਆ ਸੀ। ਉਸ ਦੀ ਮਹਿਮਾ ਅਤੇ ਉਪਮਾਂ ਲਿਖਣ ਲਗਿਆਂ ਤਾਂ ਗੰਨੇ ਜਿੱਡੀ ਕਲਮ ਵੀ ਘਸ ਕੇ ਆਮ ਕਲਮ ਜਿੱਡੀ ਹੋ ਜਾਂਦੀ ਹੈ।।੩।।

**ਇਕ ਦਿਨ ਕੁਅਰ ਅਖੇਟਕ ਗਯੋ।। ਸ਼ਾਹੁ ਸੁਤਾ ਕੋ ਨਿਰਖਤ ਭਯੋ।।**
**ਵਾਕੀ ਲਗੀ ਲਗਨ ਇਹ ਸੰਗਾ।। ਮਗਨ ਭਈ ਤਰੁਨੀ ਸਰਬੰਗਾ।। ੪।।**

ਪਦ ਅਰਥ – ਅਖਟੇਕ=ਸ਼ਿਕਾਰ। ਨਿਰਖਤ=ਵੇਖ ਲਿਆ। ਸਰਬੰਗਾ=ਤਨੋਂ ਮਨੋਂ, ਪੂਰਨ ਰੂਪ ਵਿਚ।

ਇਕ ਦਿਨ ਰਾਜ ਕੁਮਾਰ ਸ਼ਿਕਾਰ ਖੇਡਣ ਗਿਆ ਅਤੇ ਉਸ ਨੇ ਉਸ ਧਨੀ ਦੀ ਪੁੱਤਰੀ ਨੂੰ ਵੇਖਿਆ। ਉਸ ਲੜਕੀ ਦੀ ਵੀ ਲਗਨ ਉਸ ਨਾਲ ਲੱਗ ਗਈ ਅਤੇ ਉਹ ਪੂਰਨ ਰੂਪ ਵਿਚ ਉਸ ਤੇ ਆਸ਼ਿਕ ਹੋ ਗਈ।।੪।।

**ਚਤੁਰਿ ਦੂਤਿ ਇਕ ਤਹਾਂ ਪਠਾਈ।। ਕਹਿਯਹੁ ਐਸ ਕੁਅਰ ਕਹ ਜਾਈ।।**
**ਏਕ ਦਿਵਸ ਮੋਰੇ ਘਰ ਆਵਹੁ।। ਸਾਥ ਹਮਾਰੇ ਭੋਗ ਮਚਾਵਹੁ।। ੫।।**

ਉਸ ਨੇ ਇਕ ਚਤੱਰ ਦੂਤੀ ਨੂੰ ਉਸ ਦੇ ਪਾਸ ਭੇਜਿਆ, ਜਿਸ ਨੂੰ ਉਸ ਇਹ ਕਹਿ ਭੇਜਿਆ ਕਿ ਇਕ ਦਿਨ ਮੇਰੇ ਘਰ ਆਵੋਂ ਅਤੇ ਮੇਰੇ ਨਾਲ ਰਮਣ ਕਰੋਂ।।੫।।

**ਤਬ ਵਹੁ ਸਖੀ ਕੁਅਰਿ ਪਹਿ ਆਈ।। ਕਹੀ ਕੁਅਰਿ ਸੋ ਤਾਹਿ ਸੁਨਾਈ।।**
**ਬਿਹਸਿ ਸਾਜਨ ਇਹ ਭਾਂਤ ਉਚਾਰੀ।। ਕਹਿਯਹੁ ਜਾਇ ਐਸ ਤੁਮ ਪਜਾਰੀ।। ੬।।**

ਤਦ ਉਹ ਦਾਸੀ ਰਾਜ ਕੁਮਾਰ ਦੇ ਕੋਲ ਗਈ ਅਤੇ ਉਸ ਨੂੰ ਸਭ ਕੁਝ ਕਹਿ ਦਿੱਤਾ। ਉਸ ਦੀ ਗੱਲ ਸੁਣ ਕੇ ਸਜਣ ਨੇ ਹੱਸ ਕੇ ਕਿਹਾ ਕਿ ਤੂੰ ਇਕ ਮੇਰਾ ਸੁਨੇਹਾ ਪਿਆਰੀ ਨੂੰ ਜਾ ਕੇ ਕਹਿ ਦੇਣਾ।।੬।।

**ਇਕ ਅਵਧੂਤ ਸੁ ਛੱਤ੍ਰ ਨ੍ਰਿਪਾਰਾ।। ਸੁਨਿਯਤ ਬਸਤ ਸਮੁਦ ਕੇ ਪਾਰਾ।।**
**ਹੈ ਅਵਧੂਤ ਮਤੀ ਦੁਹਿਤਾ ਤਿਹ।। ਅਵਰ ਨ ਘੜੀ ਬਿਧਾਤਾ ਸਮ ਜਿਹ।। ੭।।**

ਇਕ ਅਵਧੂਤ ਰਾਜਾ ਸਮੁੰਦਰ ਦੇ ਪਾਰ ਰਹਿੰਦਾ ਹੈ ਅਤੇ ਅਵਧੂਤ ਮਤੀ ਉਸ ਦੀ ਇਕ ਸੁੰਦਰ ਪੁੱਤਰੀ ਹੈ ਜਿਸ ਵਰਗਾ ਸੁੰਦਰ ਵਿਧਾਤਾ ਨੇ ਹੋਰ ਕੋਈ ਨਹੀਂ ਬਣਾਇਆ ਹੈ।।੭।।

**ਪ੍ਰਥਮ ਤੂੰ ਤਿਸੈ ਮੋਹਿ ਮਿਲਾਵੈਂ।। ਤਾ ਪਾਛੇ ਮੋਸੌਂ ਪਤਿ ਪਾਵੈਂ।।**
**ਯੌਂ ਜੋ ਕੋਟਿ ਉਪਾਵ ਬਨੈ ਹੈ।। ਤੌਂ ਮੋਸੋ ਨਹਿ ਭੋਗਨ ਪੈਹੈ।। ੮।।**

ਪਹਿਲਾਂ ਤੂੰ ਉਸ ਨੂੰ ਮੈਨੂੰ ਮਿਲਾ ਅਤੇ ਬਾਅਦ ਵਿਚ ਮੇਰੇ ਜੈਸਾ ਪਤੀ ਪ੍ਰਾਪਤ ਕਰੋ। ਉਸ ਤਰ੍ਹਾਂ ਭਾਵੇਂ ਤੂੰ ਕਰੋੜਾਂ ਉਪਾਅ ਕਰ ਲੈ ਪਰ ਮੇਰੇ ਨਾਲ ਰਮਣ ਨਹੀਂ ਕਰ ਸਕੇਂਗੀ।।੮।।

**ਯੌਂਹੀ ਸਖੀ ਜਾਇ ਤਿਹ ਕਹੀ।। ਮਨ ਬਚ ਕੁਅਰਿ ਚਕ੍ਰਿਤ ਹ੍ਵੈ ਰਹੀ।।**
**ਚਿਤ ਮੌਂ ਅਨਿਕ ਚਟਪਟੀ ਲਾਗੀ।। ਤਾਂਤੇ ਨੀਂਦ ਭੂਖ ਸਭ ਭਾਗੀ।। ੯।।**

ਦਾਸੀ ਨੇ ਉਸ ਨੂੰ ਸਾਰੀ ਗੱਲ ਜਾ ਦੱਸੀ, ਜਿਸ ਨੂੰ ਸੁਣ ਕੇ ਰਾਜ ਕੁਮਾਰੀ ਹੈਰਾਨ ਰਹਿ ਗਈ। ਉਸ ਦੇ ਦਿਲ ਵਿਚ ਬਹੁਤ ਬੇਚੈਨੀ ਪੈਦਾ ਹੋ ਗਈ ਅਤੇ ਉਸ ਦੀ ਨੀਂਦ ਤੇ ਭੁਖ ਸਦਾ ਲਈ ਜਾਂਦੀ ਰਹੀ।।੯।।

Namdhari Elibrary NamdhariElibrary@gmail.com

ਸਮੁੰਦ ਪਾਰ ਜਾਯੋ ਨਹਿ ਜਾਵੈ।। ਤਊ ਕੁਅਰਿ ਕੋ ਸ਼ਾਂਤਿ ਨ ਆਵੈ।।
ਸਾਜ ਤਹਾਂ ਚਲਿਬੇ ਕੋ ਕਰਾ।। ਤੀਰਥ ਜਾਤ ਹੌ ਪਿਤਹਿ ਉਚਰਾ।। ੧੦।।

ਜਦ ਤਕ ਸਮੁੰਦਰ ਤੋਂ ਪਾਰ ਨਹੀਂ ਜਾਇਆ ਜਾਵੇਗਾ, ਤਦ ਤਕ ਰਾਜ ਕੁਮਾਰੀ ਨੂੰ ਸ਼ਾਂਤੀ ਨਹੀਂ ਮਿਲੇਗੀ। ਉਥੇ ਅਵੱਸ਼ ਜਾਣ ਖਾਤਰ ਉਸ ਆਪਣੇ ਪਿਤਾ ਨੂੰ ਕਿਹਾ ਕਿ ਉਹ ਤੀਰਥਾਂ ਤੇ ਜਾਣਾ ਚਾਹੁੰਦੀ ਹੈ।।੧੦।।

ਸਾਜ ਬਾਜ ਸਭ ਕੀਆ ਤਯਾਰਾ।। ਤਹ ਹ੍ਵੈ ਚਲੀ ਬਾਜ ਅਸਵਾਰਾ।।
ਸੇਤ ਬੰਧ ਰਾਮੇਸ੍ਵਰ ਗਈ।। ਇਹ ਬਿਧਿ ਹ੍ਰਿਦੈ ਬਿਚਾਰਤ ਭਈ।।੧੧।।

ਸਾਰੀਆਂ ਤਿਆਰੀਆਂ ਮੁਕੰਮਲ ਕਰ ਕੇ ਘੋੜੇ ਤੇ ਸਵਾਰ ਹੋ ਕੇ ਉਹ ਚਲ ਪਈ। ਉਹ ਸੇਤਬੰਧ ਰਾਮੇਸ਼ਵਰ ਪਹੁੰਚ ਗਈ ਅਤੇ ਉਥੋਂ ਅਗੇ ਜਾਣ ਦਾ ਪ੍ਰਬੰਧ ਕਰਨ ਲੱਗੀ।।੧੧।।

ਤਾਤੇ ਹ੍ਵੈ ਜਹਾਜ ਅਸਵਾਰਾ।। ਗਈ ਸਿੰਗਲਾਦੀਪ ਮਝਾਰਾ।।
ਜਹ ਤਿਹ ਸੁਨਾ ਰਾਜ ਕੋ ਧਾਮਾ।। ਜਾਤ ਭਈ ਤਹ ਹੀ ਕੌ ਬਾਮਾ।। ੧੨।।

ਉਥੇ ਜਹਾਜ਼ ਵਿਚ ਚੜ੍ਹ ਕੇ ਉਹ ਸਿੰਗਲਾਦੀਪ ਪਹੁੰਚ ਗਈ। ਉਹ ਵਿਰ ਉਸ ਪਾਸੇ ਹੀ ਚਲ ਪਈ, ਜਿਧਰ ਰਾਜੇ ਦੇ ਮਹਲਾਂ ਬਾਰੇ ਉਸ ਨੂੰ ਪਤਾ ਲੱਗਾ।।੧੨।।

ਤਹ ਗੀ ਪੁਰਖ ਭੇਸ ਕੋ ਕਰਿਕੈ।। ਭਾਂਤਿ ਭਾਂਤਿ ਕੇ ਭੂਖਨ ਧਰਿਕੈ।।
ਜਬ ਅਵਧੂਤ ਮਤੀ ਤਿਹ ਹੇਰਾ।। ਰਾਜ ਕੁਅਰਿ ਜਾਨਜੋ ਕਹੂੰ ਕੇਰਾ।।੧੩।।

ਉਥੇ ਉਹ ਪੁਰਸ਼ ਦੇ ਕੱਪੜੇ ਅਤੇ ਭਾਂਤ ਭਾਂਤ ਦੇ ਗਹਿਣੇ ਪਾ ਕੇ ਗਈ। ਅਵਧੂਤ ਮਤੀ ਨੇ ਜਦ ਉਸ ਨੂੰ ਵੇਖਿਆ ਤਾਂ ਉਸਨੂੰ ਕਿਸੇ ਦੇਸ਼ ਦਾ ਸੁੰਦਰ ਰਾਜਕੁਮਾਰ ਸਮਝਿਆ।।੧੩।।

ਨਿਰਖਤ ਕੁਅਰਿ ਮਦਨ ਬਸਿ ਭਈ।। ਅੰਗ ਅੰਗ ਬਿਹਬਲ ਹ੍ਵੈ ਗਈ।।
ਚਿਤ ਮਹਿ ਕਹਾ ਇਸੀ ਕਹ ਬਰਿਹੌਂ।। ਨਾ ਤਰ ਘਾਇ ਕਟਾਰੀ ਮਰਿਹੌਂ।। ੧੪।।

ਪਦ ਅਰਥ - ਮਦਨ=ਕਾਮ। ਬਿਹਬਲ ਹ੍ਵੈ ਗਈ= ਵਿਆਕੁਲ ਜਾਂ ਕਮਲੀ ਹੋ ਗਈ।

ਰਾਜ ਕੁਮਾਰ ਬਣੀ ਉਸ ਇਸਤਰੀ ਨੂੰ ਵੇਖ ਕੇ ਕੁਮਾਰੀ ਕਾਮ ਵੱਸ ਹੋ ਗਈ ਅਤੇ ਉਸ ਦਾ ਅੰਗ ਅੰਗ ਵਿਆਕੁਲ ਹੋ ਗਿਆ। ਉਸ ਨੇ ਮਨ ਵਿਚ ਸੋਚਿਆ ਕਿ ਜਾਂ ਤਾਂ ਉਹ ਏਸੇ ਨਾਲ ਵਿਆਹ ਕਰੇਗੀ ਜਾਂ ਕਟਾਰੀ ਮਾਰ ਕੇ ਮਰ ਜਾਵੇਗੀ।।੧੪।।

ਦੇਖੈ ਲਗੀ ਸੀਸ ਨਿਹੁਰਾਈ।। ਤਿਹ ਤ੍ਰਿਯ ਘਾਤ ਇਹੈ ਕਰ ਆਈ।।

ਤੁਰੰਗ ਧਵਾਇ ਜਾਤ ਤਹ ਭਈ।। ਸਿੰਘਨਿ ਜਾਨੁ ਮ੍ਰਿਗੀ ਗਹਿ ਲਈ।। ੧੫।।

ਪਦ ਅਰਥ - ਤੁਰੰਗ ਧਵਾਇ=ਘੋੜਾ ਭਜਾ ਕੇ। ਸਿੰਘਨਿ=ਸ਼ੇਰਨੀ।

ਉਹ ਸਿਰ ਝੁਕਾ ਕੇ ਵੇਖਣ ਲੱਗੀ ਅਤੇ ਉਸੇ ਸਮੇਂ ਉਸ ਇਸਤਰੀ ਨੂੰ ਮੌਕਾ ਮਿਲ ਗਿਆ। ਘੋੜਾ ਭਜਾ ਕੇ ਉਹ ਉਥੇ ਇੰਝ ਪਹੁੰਚ ਗਈ ਜਿਵੇਂ ਸ਼ੇਰਨੀ ਨੇ ਹਿਰਨ ਫੜ ਲਿਆ ਹੋਵੇ।।੧੫।।

ਝਟਕਿ ਝਰੋਖਾ ਤੇਂ ਗਹਿ ਲਈ।। ਬਾਂਧਤ ਸਾਥ ਪ੍ਰਿਸਟ ਕੇ ਭਈ।।
ਹਾਹਾ ਭਾਖਿ ਲੋਗ ਪਚਿ ਹਾਰੇ। ਰਾਖਿ ਨ ਸਕੇ ਤਾਂਹਿ ਰਖਵਾਰੇ।।੧੬।।

ਉਸ ਨੂੰ ਝਟਕ ਕੇ ਝਰੋਖੇ ਤੋਂ ਫੜ ਲਿਆ ਅਤੇ ਆਪਣੀ ਪਿੱਠ ਦੇ ਨਾਲ ਬੰਨ੍ਹ ਲਿਆ। ਲੋਕ ਹਾਹਾਕਾਰ ਮਚਾ ਕੇ ਥੱਕ ਗਏ, ਪਰ ਕੋਈ ਵੀ ਪਹਿਰੇਦਾਰ ਉਸ ਨੂੰ ਬਚਾ ਨ ਸਕਿਆ।।੧੬।।

ਬਾਂਧਿ ਪ੍ਰਿਸਟਿ ਤਿਹ ਤੁਰੰਗ ਧਵਾਯੋ।। ਏਕੈ ਬਾਨ ਮਿਲਾ ਸੋ ਘਾਯੋ।।
ਤਾਕਹ ਜੀਤਿ ਧਾਮ ਲੈ ਆਈ।। ਸਖੀ ਕੁਅਰਿ ਕੇ ਧਾਮ ਪਠਾਈ।।੧੭।।

ਪਿੱਠ ਪਿੱਛੇ ਬੰਨ੍ਹ ਕੇ ਉਸ ਘੋੜਾ ਭਜਾ ਲਿਆ ਅਤੇ ਜਿਸ ਵੀ ਉਸ ਦਾ ਪਿੱਛਾ ਕੀਤਾ ਉਸ ਨੂੰ ਇਕ ਹੀ ਤੀਰ ਨਾਲ ਮਾਰ ਦਿੱਤਾ। ਉਸ ਨੂੰ ਜਿੱਤ ਕੇ ਘਰ ਲੈ ਆਈ ਅਤੇ ਫਿਰ ਉਸ ਆਪਣੀ ਦਾਸੀ ਨੂੰ ਰਾਜ ਕੁਮਾਰ ਦੇ ਕੋਲ ਭੇਜਿਆ।।੧੭।।

ਜੋ ਤੁਮ ਕਹਾ ਕਾਜ ਮੈਂ ਕਿਯਾ।। ਅਪਨੋ ਬੋਲ ਨਿਬਾਹਹੁ ਪਿਯਾ।।
ਪ੍ਰਥਮ ਬਜਾਹਿ ਮੋਕੌਂ ਲੈ ਜਾਵੌਂ।। ਤਾ ਪਾਛੇ ਯਾਕਹ ਤੁਮ ਪਾਵੋ।।੧੮।।

ਉਸ ਸੁਨੇਹਾ ਭੇਜਿਆ ਕਿ ਜੋ ਤੂੰ ਕਿਹਾ ਸੀ ਉਹ ਮੈਂ ਕਰ ਦਿੱਤਾ ਹੈ, ਇਸ ਲਈ ਹੁਣ ਤੁਸੀਂ ਆਪਣਾ ਬਚਨ ਨਿਭਾਓ। ਹੁਣ ਪਹਿਲਾਂ ਮੈਨੂੰ ਵਿਆਹ ਕੇ ਖੜੋ ਅਤੇ ਬਾਅਦ ਵਿਚ ਉਸ ਨੂੰ ਪ੍ਰਾਪਤ ਕਰੋ।।੧੮।।

ਰਾਜ ਕੁਅਰ ਤਬ ਹੀ ਤਹ ਆਯੋ।। ਤਾਸੌ ਪ੍ਰਥਮੈ ਬਜਾਹ ਕਰਾਯੋ।।
ਬਹੁਰੌ ਬਜਾਹਿ ਤਾਹਿ ਲੈ ਗਯੋ।। ਅਸਿ ਚਰਿਤ੍ਰ ਚੰਚਲਾ ਦਿਖਯੋ।। ੧੯।।

ਫਿਰ ਰਾਜ ਕੁਮਾਰ ਉਥੇ ਆਇਆ ਅਤੇ ਪਹਿਲਾਂ ਉਸ ਨਾਲ ਵਿਆਹ ਕੀਤਾ ਅਤੇ ਫਿਰ ਦੂਸਰੀ ਨੂੰ ਵਿਆਹ ਕੇ ਲੈ ਗਿਆ, ਇਸ ਤਰ੍ਹਾਂ ਉਸ ਇਸਤਰੀ ਨੇ ਇਸ ਪ੍ਰਕਾਰ ਆਪਣਾ ਚਲਿੱਤਰ ਵਿਖਾਇਆ।।੧੯।।

ਪ੍ਰਥਮਹਿ ਪਾਰ ਸਮੁੰਦ ਕੈ ਗਈ।। ਰਾਜ ਸੁਤਹਿ ਹਰਿ ਲਜਾਵਤ ਭਈ।।
ਬਹੁਰੌ ਮਨ ਭਾਵਤ ਪਤਿ ਕਰਿਯੋ।। ਤ੍ਰਿਯਾ ਚਰਿਤ੍ਰ ਨ ਜਾਤ ਬਿਚਰਿਯੋ।। ੨੦।। ੧।।

ਪਹਿਲਾਂ ਸਮੁੰਦਰ ਪਾਰ ਜਾ ਕੇ ਰਾਜਕੁਮਾਰੀ ਨੂੰ ਲਿਆਈ ਅਤੇ ਫਿਰ ਆਪਣਾ ਮਨ ਭਾਉਂਦਾ ਪਤੀ ਪਾਇਆ। ਤਿਰੀਆ ਚਲਿੱਤਰ ਸਬੰਧੀ ਵਿਚਾਰ ਕਰਨਾ ਵੀ ਕਠਨ ਹੈ॥੨੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋ ਸੌ ਨੰਨਜਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੨੯੯॥੫੭੮੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਦੋ ਸੌ ਨੜਿਨਵੀਂ ਕਥਾ ਸਮਾਪਤ॥੫੭੮੯॥ਚਲਦਾ॥

# ਚਲਿੱਤਰ ਤਿੰਨ ਸੌ ਵਾਂ

## ਕਥਾ ਸਿਆਣੀ ਸਖੀ

**ਚੌਪਈ॥ਸੀਸੀ ਸਾਰਕੇਤ ਇਕ ਰਾਜਾ॥ਜਾਸੋ ਬਿਧਿ ਦੂਸਰ ਨ ਸਾਜਾ॥**
**ਸੀਸੈ ਸਾਰ ਦੇਇ ਤਿਹ ਰਾਨੀ॥ ਜਾ ਸਮ ਦੂਸਰ ਹ੍ਵੈ ਨ ਬਖਾਨੀ॥ ੧॥**

ਸੀਸੀ ਸਾਰਕੇਤ ਇਕ ਮਹਾਨ ਰਾਜਾ ਸੀ, ਪਰਮਾਤਮਾ ਨੇ ਉਸ ਵਰਗਾ ਹੋਰ ਕੋਈ ਨਹੀਂ ਬਣਾਇਆ ਸੀ। ਸੀਸੀ ਸਾਰਦੇਵੀ ਉਸ ਦੀ ਰਾਣੀ ਸੀ, ਉਸ ਵਰਗਾ ਸੁੰਦਰ ਹੋਰ ਕਿਸੇ ਨੂੰ ਨਹੀਂ ਕਿਹਾ ਜਾਂਦਾ ਸੀ॥੧॥

**ਤਾਸੌ ਅਧਿਕ ਨ੍ਰਿਪਤਿ ਕੀ ਪ੍ਰੀਤਾ॥ ਨਿਸ ਦਿਨ ਰਹੈ ਤਰੁਨਿ ਮੈ ਚੀਤਾ॥**
**ਕਿਤਕ ਦਿਨਨ ਰਾਨੀ ਮਰਿ ਗਈ॥ ਰਾਜਾ ਕੀ ਉਦਾਸ ਮਤਿ ਭਈ॥੨॥**

ਰਾਜੇ ਦੀ ਉਸ ਨਾਲ ਬਹੁਤ ਪ੍ਰੀਤ ਸੀ ਅਤੇ ਦਿਨ ਰਾਤ ਉਹ ਇਸਤਰੀ ਉਸ ਦੇ ਮਨ ਵਿਚ ਵਸਦੀ ਸੀ। ਕਈ ਦਿਨਾਂ ਪਿਛੋਂ ਰਾਣੀ ਮਰ ਗਈ ਅਤੇ ਰਾਜਾ ਬਹੁਤ ਉਦਾਸ ਹੋ ਗਿਆ॥੨॥

**ਅਵਰ ਨਾਰਿ ਕੀ ਓਰ ਨ ਹੇਰੈ॥ ਭੂਲ ਨ ਜਾਤ ਕਿਸੀ ਕੇ ਡੇਰੈ॥**
**ਨਾਰੀ ਔਰ ਅਧਿਕ ਦੁਖ ਪਾਵੈਂ॥ ਨਾਥ ਮਿਲੇ ਬਿਨੁ ਮੈਨ ਸੰਤਾਵੈਂ॥ ੩॥**

ਪਦ ਅਰਥ - ਹੇਰੈ=ਵੇਖਦਾ ਸੀ। ਡੇਰੈ=ਘਰ। ਮੈਨ=ਕਾਮ।

ਉਹ ਕਿਸੇ ਹੋਰ ਔਰਤ ਵਲ ਵੇਖਦਾ ਵੀ ਨਹੀਂ ਸੀ ਅਤੇ ਭੁਲ ਕੇ ਕਿਸੇ ਦੇ ਡੇਰੇ ਨਹੀਂ ਜਾਂਦਾ ਸੀ। ਦੂਸਰੀਆਂ ਇਸਤਰੀਆਂ ਬਹੁਤ ਉਦਾਸ ਸਨ ਕਿਉਂਕਿ ਆਪਣੇ ਪ੍ਰੀਤਮ ਨੂੰ ਮਿਲੇ ਬਗੈਰ ਉਨ੍ਹਾਂ ਨੂੰ ਕਾਮ ਬਹੁਤ ਸਤਾਉਂਦਾ ਸੀ॥੩॥

**ਮਿਲਿ ਬੈਠੀ ਇਕ ਦਿਨ ਸਭ ਰਾਨੀ॥ ਆਪੁ ਬਿਖੈਂ ਮਿਲਿ ਕਰਤ ਕਹਾਨੀ॥**
**ਇਹ ਜੜ ਪਤਿ ਮਤਿ ਕਿਨ ਹਰਿ ਲਈ॥ ਕਹਾ ਭਯੋ ਰਾਨੀ ਮਰਿ ਗਈ॥੪॥**

ਇਕ ਦਿਨ ਸਾਰੀਆਂ ਰਾਣੀਆਂ ਇਕੱਠੀਆਂ ਹੋਈਆਂ ਅਤੇ ਆਪਸ ਵਿਚ ਗੱਲਾਂ ਬਾਤਾਂ ਕਰਨ ਲੱਗੀਆਂ। ਉਹ ਕਹਿਣ ਲੱਗੀਆਂ ਇਸ ਮੂਰਖ ਰਾਜੇ ਦੀ ਅਕਲ ਨੂੰ ਪਤਾ ਨਹੀਂ ਕੀ ਹੋ ਗਿਆ ਹੈ, ਕੀ ਹੋਇਆ ਜੇ ਰਾਣੀ ਮਰ ਗਈ ਹੈ।।੪।।

**ਏਤੋ ਸ਼ੋਕ ਕਿਯੋ ਜਾਕੋ ਇਹ।। ਮਤਿ ਹਰਿ ਲਈ ਕਹਾਂ ਯਾਕੀ ਤਿਹ।।**
**ਹੈ ਹੈ ਤ੍ਰਿਯਾ ਨ੍ਰਿਪਨ ਕੇ ਘਨੀ।। ਸਦਾ ਸਲਾਮਤਿ ਚਹਿਯਤ ਧਨੀ।। ੫।।**

ਰਾਜੇ ਨੇ ਉਸ ਇਸਤਰੀ ਦਾ ਏਨਾ ਅਫਸੋਸ ਕੀਤਾ ਹੈ ਕਿ ਇਸ ਦੀ ਅਕਲ ਹੀ ਮਾਰੀ ਗਈ ਹੈ। ਇਸ ਨੂੰ ਆਪ ਸਲਾਮਤ ਰਹਿਣਾ ਚਾਹੀਦਾ, ਇਸਤਰੀਆਂ ਤਾਂ ਅਨੇਕਾਂ ਮਿਲ ਜਾਣਗੀਆਂ।। ੫।।

**ਸਖੀ ਏਕ ਸਜਾਨੀ ਤਹ ਅਹੀ।। ਤਿਹ ਇਹ ਭਾਂਤਿ ਬਿਹਸਿ ਕਰਿ ਕਹੀ।।**
**ਮੈਂ ਨ੍ਰਿਪ ਤੇ ਤ੍ਰਿਯ ਸ਼ੋਕ ਮਿਟੈਹੌਂ।। ਬਹੁਰਿ ਤਿਹਾਰੇ ਸਾਥ ਮਿਲੈਹੌਂ।। ੬।।**

ਉਥੇ ਇਕ ਸਿਆਣੀ ਸਖੀ ਸੀ, ਉਹ ਹੱਸ ਕੇ ਕਹਿਣ ਲੱਗੀ ਕਿ ਮੈਂ ਰਾਜੇ ਦਾ ਦੁਖ ਦੂਰ ਕਰ ਦਵਾਂਗੀ ਅਤੇ ਉਸ ਨੂੰ ਤੁਹਾਡੇ ਨਾਲ ਦੁਬਾਰਾ ਮਿਲਵਾ ਦੇਵਾਂਗੀ।।੬।।

**ਜਾਰਿਕ ਪਕਰਿ ਕਠੋਰੀ ਰਾਖਾ।। ਨ੍ਰਿਪ ਕੇ ਸੁਨਤ ਐਸ ਬਿਧਿ ਭਾਖਾ।।**
**ਧ੍ਰਿਗ ਇਹ ਮੂੜ ਨ੍ਰਿਪ ਕੋ ਜੀਆ।। ਜਿਹ ਅਬਿਬੇਕ ਬਿਬੇਕ ਨ ਕੀਆ।। ੭।।**

ਪਦ ਅਰਥ – ਜਾਰਿਕ=ਇਕ ਯਾਰ। ਕਠੋਰੀ=ਕੋਠੜੀ। ਨ੍ਰਿਪ ਕੇ ਸੁਨਤ=ਰਾਜੇ ਨੂੰ ਸੁਣਾ ਕੇ। ਬਿਬੇਕ=ਕਿਸੇ ਵਸਤੂ ਦੇ ਠੀਕ ਹੋਣ ਦਾ ਨਿਰਣਾ ਕਰਨਾ। ਅਬਿਬੇਕ=ਕਿਸੇ ਵਸਤੂ ਦੇ ਮਾੜੀ ਹੋਣ ਦਾ ਨਿਰਣਾ ਕਰਨਾ।

ਇਕ ਯਾਰ ਨੂੰ ਫੜ ਕੇ ਉਸ ਕੋਠੜੀ ਵਿਚ ਰੱਖ ਲਿਆ ਅਤੇ ਰਾਜੇ ਨੂੰ ਸੁਣਾ ਕੇ ਇਹ ਕਹਿਣ ਲੱਗੀ ਕਿ ਇਸ ਮੂਰਖ ਰਾਜੇ ਨੂੰ ਧਿਕਾਰ ਹੈ ਜਿਸ ਨੂੰ ਬਬੇਕ, ਅਬਬੇਕ ਕੁਝ ਦਾ ਵੀ ਖਿਆਲ ਨਹੀਂ ਰਹਿੰਦਾ ਹੈ।।੭।।

**ਜੁ ਤ੍ਰਿਯਾ ਔਰ ਸੌ ਭੋਗ ਕਮਾਵੈ।। ਬਾਤਨ ਸਾਥ ਪਤਿਹਿ ਉਰਝਾਵੈ।।**
**ਨ੍ਰਿਪ ਜੁ ਕੋਠਰੀ ਛੋਰਿ ਨਿਹਾਰੈ।। ਸਾਚ ਝੂਠ ਤਬ ਆਪੁ ਬਿਚਾਰੈ।। ੮।।**

ਪਦ ਅਰਥ – ਉਰਝਾਵੈ=ਉਲਝਾਉਂਦੀ ਹੈ। ਛੋਰ ਨਿਹਾਰੈ=ਖੋਲ ਕੇ ਵੇਖੇ।

ਜਿਹੜੀ ਇਸਤਰੀ ਕਿਸੇ ਹੋਰ ਨਾਲ ਭੋਗ ਕਮਾਉਂਦੀ ਸੀ ਅਤੇ ਗੱਲਾਂ ਨਾਲ ਹੀ ਆਪਣੇ ਪਤੀ ਨੂੰ ਖੁਸ਼ ਰਖਦੀ ਸੀ। ਰਾਜਾ ਜੇ ਉਸ ਦੀ ਕੋਠੜੀ ਖੋਲ੍ਹ ਕੇ ਵੇਖ ਲਵੇ ਤਾਂ ਸੱਚ ਝੂਠ ਦਾ ਆਪੇ ਹੀ ਨਿਸਤਾਰਾ ਹੋ ਜਾਵੇਗਾ।।੮।।

ਨ੍ਰਿਪ ਕੇ ਸ੍ਰਵਨਨ ਧੁਨਿ ਇਹ ਪਰੀ।। ਤੁਰਤੁ ਕੁਠਰੀਯਾ ਜਾਇ ਉਘਰੀ।।
ਹੇਰਾ ਜਬ ਵਹੁ ਮਨੁੱਛ ਬਨਾਈ।। ਤਬ ਐਸੇ ਤਿਹ ਕਹਾ ਰਿਸਾਈ।। ੯।।

ਜੱਦ ਰਾਜੇ ਦੇ ਕੰਨਾਂ ਵਿਚ ਇਹ ਗੱਲ ਪਈ ਤਾਂ ਝਟ ਜਾ ਕੇ ਕੋਠੜੀ ਦਾ ਦਰਵਾਜ਼ਾ ਖੋਲ੍ਹ ਦਿੱਤਾ। ਜਦ ਉਥੇ ਉਸ ਇਕ ਵਿਅਕਤੀ ਨੂੰ ਵੇਖਿਆ ਤਾਂ ਗੁੱਸੇ ਵਿਚ ਆ ਕੇ ਇਸ ਤਰ੍ਹਾਂ ਕਹਿਣ ਲੱਗਾ।।੯।।

ਇਤੋ ਸ਼ੋਕ ਹਮ ਕੀਯੋ ਨਿਕਾਜਾ।। ਇਹ ਨ ਲਹਤ ਥੋ ਐਸ ਨਿਲਾਜਾ।।
ਅਬ ਮੈਂ ਰਨਿਯਨ ਅਵਰ ਬਿਹਾਰੌਂ।। ਰਾਨੀ ਮਰੀ ਨ ਫੇਰਿ ਚਿਤਾਰੌਂ।। ੧੦।।

ਮੈਂ ਫਜ਼ੂਲ ਵਿਚ ਏਨਾ ਦੁਖ ਮਨਾਇਆ ਅਤੇ ਇਹ ਨ ਵੇਖਿਆ ਕਿ ਉਹ ਕਿੰਨੀ ਬੇਸ਼ਰਮ ਸੀ। ਮੈਂ ਹੁਣ ਹੋਰ ਰਾਣੀਆਂ ਨਾਲ ਪਿਆਰ ਕਰਾਂਗਾ ਅਤੇ ਮਰੀ ਹੋਈ ਰਾਣੀ ਦਾ ਕਦੇ ਨਾਂ ਵੀ ਨਹੀਂ ਲਵਾਂਗਾ।।੧੦।।

ਔਰ ਤ੍ਰਿਯਨ ਕੇ ਸਾਥ ਬਿਹਾਰਾ।। ਵਾ ਰਾਨੀ ਕਹ ਨ੍ਰਿਪਤਿ ਬਿਸਾਰਾ।।
ਇਹ ਛਲ ਤ੍ਰਿਯਨ ਨਰਿੰਦ੍ਰਹਿ ਛਰਾ।। ਤ੍ਰਿਯ ਚਰਿੱਤ੍ਰ ਅਤਿਭੁਤ ਇਹ ਕਰਾ।। ੧੧।।੧।।

ਰਾਜਾ ਹੋਰ ਇਸਤਰੀਆਂ ਨਾਲ ਰਮਣ ਕਰਨ ਲੱਗਾ ਅਤੇ ਮਰੀ ਹੋਈ ਰਾਣੀ ਨੂੰ ਬਿਲਕੁਲ ਭੁਲ ਗਿਆ। ਇਸ ਛੱਲ ਨਾਲ ਇਸਤਰੀ ਨੇ ਰਾਜੇ ਨੂੰ ਛੱਲ ਲਿਆ ਅਤੇ ਇਸ ਪ੍ਰਕਾਰ ਇਕ ਵਚਿਤਰ ਚਲਿੱਤਰ ਬਣਾਇਆ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਰਿਤ ਸਮਾਪਤਮ ਸਤੁ ਸੁਭਮ ਸਤੁ।।੩੦੦।।੫੮੦੦।।ਅਫਜ਼ੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌਵੀਂ ਕਥਾ ਸਮਾਪਤ।।੩੦੦।।੫੮੦੦।।

## ਚਲਿੱਤਰ ਤਿੰਨ ਸੌ ਇਕਵਾਂ

## ਕਥਾ ਇਸ਼ਟ ਮਤੀ

ਚੌਪਈ।। ਇੱਛਜਾਵਤੀ ਨਗਰ ਇਕ ਸੁਨਾ।। ਇੱਛਸੈਨ ਰਾਜਾ ਬਹੁ ਗੁਨਾ।।
ਇਸ਼ਟ ਮਤੀ ਤਾਕੇ ਘਰ ਨਾਰੀ।। ਇਸ਼ਟ ਦੇਵਕਾ ਰਹਤ ਦੁਲਾਰੀ।। ੧।।

ਇੱਛਆਵਤੀ ਇਕ ਨਗਰ ਸੁਣਿਆ ਜਾਂਦਾ ਹੈ, ਉਥੋਂ ਦਾ ਰਾਜਾ ਇੱਛ ਸੈਨ ਬੜਾ ਗੁਣਵਾਨ ਸੀ। ਉਸ ਦੇ ਘਰ ਇਸ਼ਟਮਤੀ ਰਾਣੀ ਸੀ ਅਤੇ ਇਸ਼ਟ ਦੇਵਕਾ ਉਨ੍ਹਾਂ ਦੀ ਪੁੱਤਰੀ ਸੀ।।੧।।

Namdhari Elibrary NamdhariElibrary@gmail.com

ਅਜੈਸੈਨ ਖਤਰੇਟਾ ਤਹਾਂ॥ ਆਵਤ ਭਯੋ ਧਾਮ ਤ੍ਰਿਯ ਜਹਾਂ॥
ਰਾਣੀ ਤਾ ਕੋ ਰੂਪ ਨਿਹਾਰਾ॥ ਗਿਰੀ ਧਰਨਿ ਜਨੁ ਲਗਜੋ ਕਟਾਰਾ॥੨॥

ਉਥੇ ਅਜੈ ਸੈਨ ਨਾਮੀਂ ਇਕ ਖੱਤਰੀ ਦਾ ਪੁੱਤਰ ਸੀ ਜਿਹੜਾ ਉਥੇ ਆਇਆ ਜਿਥੇ ਇਸਤਰੀਆਂ ਰਹਿੰਦੀਆਂ ਸਨ। ਜਦ ਰਾਣੀ ਨੇ ਉਸ ਦੀ ਸੁੰਦਰਤਾ ਨੂੰ ਵੇਖਿਆ ਤਾਂ ਉਹ ਬੇਹੋਸ਼ ਹੋ ਕੇ ਧਰਤੀ ਉਤੇ ਇੰਝ ਡਿੱਗ ਪਈ ਜਿਵੇਂ ਸੀਨੇ ਵਿਚ ਕਟਾਰ ਵੱਜੀ ਹੋਵੇ॥੨॥

ਉੜਦਾ ਬੇਗ ਨਿਪੁੰਸਕ ਬਨੇ॥ ਪਠੈ ਦਏ ਰਾਨੀ ਤਹ ਘਨੇ॥
ਗਹਿ ਕਰਿ ਤਾਹਿ ਲੈ ਗਏ ਤਹਾਂ॥ ਤਰਨੀ ਪੰਥ ਬਿਲੋਕਤ ਜਹਾਂ॥ ੩॥

ਪਦ ਅਰਥ - ਗਹਿ ਕਰਿ=ਫੜ ਕੇ। ਤਰਨੀ ਪੰਥ ਬਿਲੋਕਤ= ਇਸਤਰੀ ਰਾਹ ਵੇਖ ਰਹੀ ਸੀ।

ਉੜਦਾ ਬੇਗ ਅਤੇ ਕਈ ਹੋਰ ਖੁਸਰਿਆਂ ਨੂੰ ਉਸ ਦੇ ਕੋਲ ਭੇਜਿਆ ਜਿਹੜੇ ਉਸ ਨੂੰ ਫੜ ਕੇ ਉਥੇ ਲੈ ਆਏ ਜਿਥੇ ਰਾਣੀ ਉਸ ਦਾ ਰਾਹ ਵੇਖ ਰਹੀ ਸੀ॥੩॥

ਕਾਮ ਭੋਗ ਤਾਸੌ ਰਾਨੀ ਕਰਿ॥ ਪੌਢੇ ਦੋਊ ਜਾਇ ਪਲਘਾ ਪਰ॥
ਤਬ ਲਗਿ ਆਇ ਨ੍ਰਿਪਤਿ ਤਹ ਗਏ॥ ਸੋਵਤ ਦੁਹੂੰ ਬਿਲੋਕਤ ਭਏ॥੪॥

ਰਾਣੀ ਉਸ ਦੇ ਨਾਲ ਭੋਗ ਬਿਲਾਸ ਕਰਕੇ ਉਹ ਦੇ ਨਾਲ ਪਲੰਘ ਤੇ ਸੌਂ ਗਈ। ਤਦ ਤਕ ਰਾਜਾ ਵੀ ਉਥੇ ਆ ਗਿਆ ਅਤੇ ਉਸ ਦੋਵਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਿਆ॥੪॥

ਭਰਭਰਾਇ ਤ੍ਰਿਯ ਜਗੀ ਦੁਖਾਤਰ॥ ਡਾਰਿ ਦਯੋ ਦੁਪਟਾ ਪਤਿ ਮੁਖ ਪਰ॥
ਜਬ ਲੌ ਕਰਤ ਦੂਰਿ ਨ੍ਰਿਪ ਭਯੋ॥ ਤਬ ਲੌ ਜਾਰਿ ਭਾਜਿ ਕਰਿ ਗਯੋ॥੫॥

ਪਦ ਅਰਥ - ਭਰਭਰਾਇ=ਘਬਰਾ ਕੇ। ਜਬ ਲੌ=ਜਦ ਤਕ।

ਰਾਣੀ ਘਬਰਾ ਕੇ ਇਕ ਦਮ ਉੱਠੀ ਅਤੇ ਦੁਖੀ ਹੋਈ ਨੇ ਝਟ ਆਪਣਾ ਦੁਪੱਟਾ ਰਾਜੇ ਦੇ ਸਿਰ ਉਤੇ ਸੁਟ ਦਿੱਤਾ। ਜਦ ਤਕ ਰਾਜੇ ਨੇ ਦੁਪੱਟਾ ਸਿਰ ਤੋਂ ਲਾਂਭੇ ਕੀਤਾ ਉਸ ਨੇ ਆਪਣੇ ਯਾਰ ਨੂੰ ਭਜਾ ਦਿੱਤਾ॥੫॥

ਦੁਪਟਾ ਦੂਰਿ ਕਰਾ ਨ੍ਰਿਪ ਜਬੈ॥ ਪਕਰ ਲਿਯੋ ਰਾਨੀ ਕਹ ਤਬੈ॥
ਕਹਾਂ ਗਯੋ ਵਹੁ ਜੁ ਮੈਂ ਨਿਹਾਰਾ॥ ਬਿਨੁ ਨ ਕਹੇ ਭ੍ਰਮ ਮਿਟੈ ਹਮਾਰਾ॥੬॥

ਜਦ ਰਾਜੇ ਨੇ ਦੁਪੱਟਾ ਦੂਰ ਕੀਤਾ ਤਾਂ ਉਸ ਰਾਣੀ ਨੂੰ ਫੜ ਲਿਆ। ਉਹ ਕਹਿਣ ਲੱਗਾ ਉਹ ਕਿਥੇ ਗਿਆ ਜਿਸ ਨੂੰ ਮੈਂ ਵੇਖਿਆ ਸੀ। ਉਸ ਨਾਲ ਗੱਲ ਕੀਤੇ ਬਿਨਾਂ ਮੇਰਾ ਭਰਮ ਦੂਰ ਨਹੀਂ ਹੋਵੇਗਾ॥੬॥

Namdhari Elibrary NamdhariElibrary@gmail.com

ਪ੍ਰਥਮੈ ਜਾਨ ਮਾਫ ਮੁਰ ਕੀਜੈ॥ ਬਹੁਰੌ ਬਾਤ ਸਾਚ ਸੁਨਿ ਲੀਜੈ॥
ਬਚਨ ਦੇਹੁ ਮੇਰੇ ਜੌ ਹਾਥਾ॥ ਬਹੁਰਿ ਲੇਹੁ ਬਿਨਤੀ ਸੁਨਿ ਨਾਥਾ॥ ੭॥

ਰਾਣੀ ਕਹਿਣ ਲੱਗੀ ਕਿ ਪਹਿਲਾਂ ਮੈਨੂੰ ਪ੍ਰਾਣਾਂ ਦੀ ਮੁਆਫੀ ਦੇਵੋ ਫਿਰ ਮੈਥੋਂ ਸੱਚੀ ਗੱਲ ਸੁਣ ਲਵੋ, ਪਹਿਲਾਂ ਮੈਨੂੰ ਬਚਨ ਦੇਵੋ ਫਿਰ ਮੇਰੀ ਗੱਲ ਸੁਣ ਲਵੋ॥੭॥

ਭੈਂਗੇ ਨੇਤ੍ਰ ਤੋਰਿ ਬਿਧਿ ਕਰੇ॥ ਇਕ ਤੈਂ ਜਾਤ ਦੋਇ ਲਖ ਪਰੇ॥
ਤੁਮ ਕਹ ਕਛੂ ਝਾਂਵਰੋ ਆਯੋ॥ ਮੁਹਿ ਕੋ ਦਿਖਿ ਲਖਿ ਕਰਿ ਦ੍ਵੈ ਪਾਯੋ॥ ੮॥

ਵਿਧਾਤਾ ਨੇ ਤੁਹਾਡੀਆਂ ਅੱਖਾਂ ਭੈਂਗੀਆਂ ਕਰ ਦਿੱਤੀਆਂ ਹਨ ਜਿਸ ਕਰਕੇ ਤੁਹਾਨੂੰ ਇਕ ਦੀ ਥਾਂ ਦੋ ਵਿਖਾਈ ਦਿੰਦੇ ਹਨ। ਤੁਹਾਨੂੰ ਕੁਝ ਭਰਮ ਹੋਇਆ ਹੈ ਜਿਸ ਕਰਕੇ ਇਕ ਦੇ ਥਾਂ ਦੋ ਨੂੰ ਵੇਖਿਆ ਹੈ॥੮॥

ਨ੍ਰਿਪ ਸੁਨਿ ਬਚਨ ਚਕ੍ਰਿਤ ਹ੍ਵੈ ਰਹਾ॥ ਤ੍ਰਿਯ ਸੌ ਬਹੁਰਿ ਬਚਨ ਨਹਿ ਕਹਾ॥
ਮੁਖ ਮੂੰਦੇ ਘਰ ਕੌ ਫਿਰਿ ਆਯੋ॥ ਕਰਮ ਰੇਖ ਕਹ ਦੋਸ਼ ਲਗਾਯੋ॥ ੯॥ ੧॥

ਪਦ ਅਰਥ - ਚਕ੍ਰਿਤ=ਹੈਰਾਨ। ਮੁਖ ਮੂੰਦੇ=ਮੂੰਹ ਬੰਦ ਕਰਕੇ।

ਰਾਜਾ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਇਸਤਰੀ ਨੂੰ ਦੁਬਾਰਾ ਕੁਝ ਨਹੀਂ ਕਿਹਾ। ਮੂੰਹ ਬੰਦ ਕਰਕੇ ਵਾਪਿਸ ਆ ਗਿਆ ਅਤੇ ਆਪਣੇ ਕਰਮਾਂ ਨੂੰ ਦੋਸ਼ ਦੇਣ ਲੱਗਾ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੦੧॥੫੮੦੯॥ਅਫੰਜੂ॥

ਸ੍ਰੀ ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕਵੀਂ ਕਥਾ ਸਮਾਪਤ॥੩੦੧॥੫੮੦੯॥

## ਚਲਿੱਤਰ ਤਿੰਨ ਸੌ ਦੂਸਰਾ
## ਕਥਾ ਛੱਤਰ ਦੇਵੀ

ਚੌਪਈ॥ ਸੋਰਠ ਸੈਨ ਏਕ ਭੂਪਾਲਾ॥ ਤੇਜਵਾਨ ਬਲਵਾਨ ਛਿਤਾਲਾ॥
ਸੋਰਠ ਦੇ ਤਾਕੈ ਘਰ ਰਾਨੀ॥ ਸੁੰਦਰ ਸਕਲ ਭਵਨ ਮਹਿ ਜਾਨੀ॥ ੧॥

ਸੋਰਠਸੈਨ ਇਕ ਬਲਵਾਨ ਅਤੇ ਤੇਜਵਾਨ ਛੱਤਰਧਾਰੀ ਰਾਜਾ ਸੀ। ਉਸ ਦੇ ਘਰ ਵਿਚ ਸੋਰਠ ਦੇਵੀ ਰਾਣੀ ਸੀ ਜਿਸ ਨੂੰ ਚੌਂਦਾਂ ਭਵਨਾਂ ਵਿਚ ਸੁੰਦਰ ਮੰਨਿਆ ਜਾਂਦਾ ਸੀ॥੧॥

**ਛੱਤ੍ਰ ਸੈਨ ਤਹ ਸ਼ਾਹ ਭਨਿੱਜੈ॥ ਛੱਤ੍ਰ ਦੇਇ ਇਕ ਸੁਤਾ ਕਹਿੱਜੈ॥**
**ਭੂਤ ਭਵਾਨ ਭਵਿੱਖਜ ਮਝਾਰੀ॥ ਭਈ ਨ ਹੈ ਹ੍ਵੈ ਹੈ ਨ ਕੁਮਾਰੀ॥ ੨॥**

ਪਦ ਅਰਥ - ਸੁਤਾ=ਪੁੱਤਰੀ। ਭਵਾਨ=ਵਰਤਮਾਨ।

ਛੱਤਰ ਸੈਨ ਨਾਮੀ ਇਕ ਸ਼ਾਹ ਸੀ ਜਿਸ ਦੀ ਪੁੱਤਰੀ ਛੱਤਰਦੇਵੀ ਦੇ ਨਾਂ ਨਾਲ ਜਾਣੀ ਜਾਂਦੀ ਸੀ। ਭੂਤ, ਭਵਿਖ ਅਤੇ ਵਰਤਮਾਨ ਵਿਚ ਇਸ ਤਰ੍ਹਾਂ ਦੀ ਸੁੰਦਰ ਕੁਮਾਰੀ ਕੋਈ ਨਹੀਂ ਹੋਈ ਹੈ॥੨॥

**ਜਬ ਵਹੁ ਤਰੁਨਿ ਚੰਚਲਾ ਭਈ॥ ਲਰਿਕਾਪਨ ਕੀ ਸੁਧਿ ਬੁਧਿ ਗਈ॥**
**ਛਤਿਯਾ ਕੁਚਨ ਤੰਬੈ ਉਠਿ ਆਏ॥ ਮਦਨ ਭਰਤਿਯਾ ਭਰਤ ਭਰਾਏ॥ ੩॥**

ਜਦ ਉਹ ਲੜਕੀ ਜਵਾਨ ਹੋਈ, ਉਸ ਨੂੰ ਬਚਪਨ ਦੀ ਸੁੱਧ ਬੁੱਧ ਭੁਲ ਗਈ। ਜਦ ਉਸਦੀਆਂ ਛਾਤੀਆਂ ਕੁਝ ਭਾਰੀਆਂ ਹੋਈਆਂ ਤਾਂ ਕਾਮਦੇਵ ਨੇ ਉਸ ਨੂੰ ਵਿਆਕੁਲ ਕਰ ਦਿੱਤਾ॥੩॥

**ਅਭਰਨ ਸੈਨ ਕੁਅਰ ਤਿਨ ਲਹਾ॥ ਤੇਜਵਾਨ ਕਛੁ ਜਾਤ ਨ ਕਹਾ॥**
**ਲਾਗੀ ਲਗਨ ਛੂਟਿ ਨਹਿ ਗਈ॥ ਸੁਕ ਨਲਨੀ ਕੀ ਸੀ ਗਤਿ ਭਈ॥ ੪॥**

ਉਸ ਨੇ ਬੜੇ ਤੇਜੱਸਵੀ ਗਭਰੂ ਅਭਰਨ ਸੈਨ ਨੂੰ ਵੇਖਿਆ ਤਾਂ ਉਸ ਦੀ ਲਗਨ ਉਸ ਨਾਲ ਹੀ ਲੱਗ ਗਈ ਅਤੇ ਉਸ ਦੀ ਸੁਕ ਨਲਨੀ ਵਰਗੀ ਹਾਲਤ ਬਣ ਗਈ॥੪॥

**ਤਾਸੌ ਲਗੀ ਲਗਨ ਬਹੁ ਭਾਤਾ॥ ਕਿਹ ਬਿਧਿ ਬਰਨ ਸੁਨਾਊਂ ਬਾਤਾ॥**
**ਨਿਤਿਪ੍ਰਤਿ ਤਾਕਹ ਬੋਲਿ ਪਠਾਵੈ॥ ਕਾਮ ਭੋਗ ਰੁਚਿ ਮਾਨ ਕਮਾਵੈ॥ ੫॥**

ਪਦ ਅਰਥ - ਨਿਤਿਪ੍ਰਤਿ=ਹਰ ਰੋਜ਼, ਸਦਾ। ਬੋਲ ਪਠਾਵੈ=ਬਲਾਉਂਦੀ ਸੀ। ਰੁਚਿਮਾਨ=ਰੁਚੀ ਅਨੁਸਾਰ।

ਉਸ ਨਾਲ ਉਸ ਦੀ ਲਗਨ ਕਈ ਢੰਗਾਂ ਨਾਲ ਲੱਗ ਗਈ। ਮੈਂ ਉਸ ਦੀਆਂ ਗੱਲਾਂ ਦਾ ਭਲਾ ਕੀ ਬਿਆਨ ਕਰਾਂ ? ਉਹ ਰੋਜ਼ ਉਸ ਨੂੰ ਬੁਲਾਉਂਦੀ ਸੀ ਅਤੇ ਰੁਚੀ ਅਨੁਸਾਰ ਕਾਮ ਕ੍ਰੀੜਾ ਕਰਦੀ ਸੀ॥੫॥

**ਤਾਕੇ ਲਏ ਨਾਥ ਕਹ ਮਾਰਾ॥ ਤਨ ਮੈ ਰਾਂਡ ਭੇਸ ਕੋ ਧਾਰਾ॥**
**ਜਬ ਗ੍ਰਿਹਿ ਅਪਨੇ ਜਾਰ ਬੁਲਾਯੋ॥ ਸਭ ਪ੍ਰਸੰਗ ਕਹਿ ਤਾਹਿ ਸੁਨਾਯੋ॥ ੬॥**

ਉਸ ਦੇ ਵਾਸਤੇ ਉਸ ਆਪਣੇ ਪਤੀ ਨੂੰ ਮਾਰ ਕੇ ਵਿਧਵਾ ਦਾ ਭੇਸ ਧਾਰਣ ਕਰ ਲਿਆ। ਜਦ ਉਸ ਨੇ ਆਪਣੇ ਘਰ ਆਪਣੇ ਮਿੱਤਰ ਨੂੰ ਬੁਲਾਇਆ ਤਾਂ ਉਸ ਨੂੰ ਸਾਰਾ ਭੇਤ ਸਮਝਾ ਦਿੱਤਾ॥੬॥

**ਸੁਨਿਕੈ ਜਾਰ ਬਚਨ ਅਸ ਡਰਾ॥ ਧ੍ਰਿਗ ਧ੍ਰਿਗ ਬਚ ਤਿਹ ਤ੍ਰਿਯਹਿ ਉਚਰਾ॥**
**ਜਿਨ ਅਪਨੋ ਪਤਿ ਆਪੁ ਸੰਘਰਿਯੋ॥ ਮੁਹਿ ਕਸ ਚਹਤ ਭਲਾਈ ਕਰਿਯੋ॥ ੭॥**

Namdhari Elibrary NamdhariElibrary@gmail.com

ਯਾਰ ਉਸਦੀਆਂ ਗੱਲਾਂ ਸੁਣ ਕੇ ਬਹੁਤ ਡਰ ਗਿਆ ਅਤੇ ਸੋਚਣ ਲੱਗਾ ਕਿ ਇਸ ਜ਼ਨਾਨੀ ਨੂੰ ਲਾਹਨਤ ਹੈ ਜਿਸ ਆਪਣਾ ਪਤੀ ਹੀ ਮਾਰ ਦਿੱਤਾ ਹੈ। ਹੁਣ ਭਲਾ ਇਹ ਮੇਰੀ ਕੀ ਭਲਾਈ ਕਰੇਗੀ।।੭।।

**ਪਤਿ ਮਾਰਜੋ ਜਾਕੋ ਹਿਤ ਗਯੋ।। ਸੋ ਭੀ ਅੰਤ ਨ ਤਾਕੋ ਭਯੋ।।**
**ਐਸੋ ਮਿੱਤ੍ਰ ਕਛੂ ਨਹੀ ਕਰਿਯੋ।। ਇਹ ਰਾਖੇ ਤੇ ਭਲੋ ਸੰਘਰਿਯੋ।। ੮।।**

ਜਿਸ ਵਾਸਤੇ ਉਸ ਆਪਣੇ ਪਤੀ ਨੂੰ ਮਾਰਿਆ ਉਹ ਵੀ ਹੁਣ ਉਸ ਦਾ ਨ ਹੋਇਆ। ਇਹੋ ਜਿਹੇ ਮਿੱਤਰ ਨੂੰ ਰਖਣਾ ਨਹੀਂ ਚਾਹੀਦਾ ਅਤੇ ਮਾਰ ਦੇਣਾ ਚਹੀਦਾ ਹੈ।।੮।।

**ਕਰ ਮਹਿ ਕਾਢਿ ਭਗੌਤੀ ਲਈ।। ਦੂਹੂੰ ਹਾਥ ਤਾਕੋ ਸਿਰ ਦਈ।।**
**ਹਾਇ ਹਾਇ ਜਿਮਿ ਭੂਪ ਪੁਕਾਰੈ।। ਤਜੋਂ ਤਜੋਂ ਨਾਰਿ ਕ੍ਰਿਪਾਨਨ ਮਾਰੈ।। ੯।।**

ਉਸ ਨੇ ਤਲਵਾਰ ਖਿੱਚ ਕੇ ਦੋਵਾਂ ਹੱਥਾਂ ਨਾਲ ਫੜ ਕੇ ਸਾਰੇ ਜ਼ੋਰ ਨਾਲ ਉਸ ਦੇ ਸਿਰ ਤੇ ਮਾਰੀ। ਹੁਣ ਉਹ ਜਿਵੇਂ ਜਿਵੇਂ 'ਹਾਏ ਹਾਏ' ਕਰਦਾ ਸੀ ਇਸਤਰੀ ਤਿਵੇਂ ਤਿਵੇਂ ਤਲਵਾਰ ਦਾ ਵਾਰ ਕਰਦੀ ਜਾਂਦੀ ਸੀ।।੯।।

**ਦ੍ਵੈ ਦਿਨ ਭਏ ਨ ਪਤਿ ਕੇ ਮਰੈ।। ਐਸੀ ਲਗੇ ਅਬੈ ਏ ਕਰੈ।।**
**ਧ੍ਰਿਗ ਜਿਯਬੋ ਪਿਯ ਬਿਨੁ ਜਗ ਮਾਹੀ।। ਜਾਰ ਚੋਰ ਜਿਹ ਹਾਥ ਚਲਾਹੀ।। ੧੦।।**

ਉਹ ਕਹਿਣ ਲੱਗੀ ਕਿ ਹਾਏ ਮੇਰੇ ਪਤੀ ਨੂੰ ਮਰੇ ਨੂੰ ਦੋ ਦਿਨ ਹੀ ਹੋਏ ਹਨ ਅਤੇ ਇਹ ਇਸ ਤਰ੍ਹਾਂ ਕਰ ਰਿਹਾ ਹੈ। ਇਸ ਸੰਸਾਰ ਵਿਚ ਪ੍ਰੀਤਮ ਤੋਂ ਬਗੈਰ ਜੀਉਣਾਂ ਲਾਹਨਤ ਹੈ। ਜਿਥੇ ਚੋਰ, ਯਾਰ ਸਾਰੇ ਹੀ ਹੱਥ ਚੁਕਦੇ ਹਨ।।੧੦।।

**ਮਰਜੋ ਨਿਰਖਿ ਤਿਹ ਸਭਨ ਉਚਾਰਾ।। ਭਲਾ ਕਰਾ ਤੈ ਜਾਰ ਸੰਘਾਰਾ।।**
**ਚਾਦਰ ਕੀ ਲੱਜਾ ਤੈਂ ਰਾਖੀ।। ਧੰਨਜ ਧੰਨਜ ਪੁਤ੍ਰੀ ਤੂੰ ਭਾਖੀ।। ੧੧।। ੧।।**

ਪਦ ਅਰਥ - ਭਲਾ ਕਰਾ=ਚੰਗਾ ਕੀਤਾ। ਸੰਘਾਰਾ=ਮਾਰਿਆ। ਚਾਦਰ ਦੀ ਲੱਜਾ=ਆਪਣੀ ਇੱਜ਼ਤ।

ਉਸ ਨੂੰ ਮਰਿਆ ਵੇਖ ਕੇ ਸਾਰਿਆਂ ਨੇ ਇਹ ਕਿਹਾ ਕਿ ਤੂੰ ਬਹੁਤ ਚੰਗਾ ਕੀਤਾ ਹੈ, ਜਿਹੜਾ ਯਾਰ ਨੂੰ ਮਾਰ ਦਿੱਤਾ ਅਤੇ ਆਪਣੀ ਇੱਜ਼ਤ ਬਚਾ ਲਈ। ਸਭ ਕਹਿਣ ਲੱਗੇ," ਹੇ ਪੁੱਤਰੀ ਤੂੰ ਧੰਨ ਹੈ"।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਦੋਇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੦੨।।੫੮੨੦।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਦੂਸਰੀ ਕਥਾ ਸਮਾਪਤ।।੩੦੨।।੫੮੨੦।।ਚਲਦਾ।।

# ਚਲਿੱਤਰ ਤਿੰਨ ਸੌ ਤੀਸਰਾ

# ਕਥਾ ਅਭਰਨ ਦੇਵੀ

**ਚੌਪਈ।। ਅਭਰਨ ਸਿੰਘ ਸੁਨਾ ਇਕ ਨ੍ਰਿਪ ਬਰ।। ਲਜਤ ਹੋਤ ਜਿਹ ਨਿਰਖਿ ਦਿਵਾਕਰ।।**
**ਅਭਰਨ ਦੇਇ ਸਦਨ ਮਹਿ ਨਾਰੀ।। ਮਥਿ ਅਭਰਨ ਜਣੁ ਸਕਲ ਨਿਕਾਰੀ।। ੧।।**

ਪਦ ਅਰਥ - ਦਿਵਾਕਰ=ਸੂਰਜ। ਸਦਨ=ਘਰ। ਮਥਿ ਅਭਰਨ। ਦੁੱਧ ਦੇ ਸਮੁੰਦਰ ਨੂੰ ਰਿੜਕ ਕੇ। ਨਿਕਾਰੀ=ਕੱਢੀ ਗਈ।

ਅਭਰਨ ਸਿੰਘ ਇਕ ਬੜਾ ਤੇਜੱਸਵੀ ਰਾਜਾ ਸੀ ਜਿਸ ਨੂੰ ਵੇਖ ਕੇ ਸੂਰਜ ਵੀ ਲੱਜਿਤ ਹੁੰਦਾ ਸੀ। ਅਭਰਨ ਦੇਵੀ ਉਸ ਦੀ ਬਹੁਤ ਸੁੰਦਰ ਇਸਤਰੀ ਸੀ ਜਿਸਨੂੰ ਕਿ ਮਾਨੋਂ ਦੁੱਧ ਨੂੰ ਰਿੜਕ ਕੇ ਕਢਿਆ ਹੋਵੇ।।੧।।

**ਰਾਨੀ ਹੁਤੀ ਮਿੱਤ੍ਰ ਸੇਤੀ ਰਤਿ।। ਭੋਗਤ ਹੁਤੀ ਤਵਨ ਕਹ ਨਿਤਿਪ੍ਰਤਿ।।**
**ਇਕ ਦਿਨ ਭੇਦ ਰਾਵ ਲਖਿ ਪਾਯੋ।। ਤ੍ਰਿਯ ਕੇ ਧਾਮ ਬਿਲੋਕਨ ਆਯੋ।। ੨।।**

ਰਾਣੀ ਇਕ ਮਿੱਤਰ ਨਾਲ ਫਸੀ ਹੋਈ ਸੀ ਅਤੇ ਰੋਜ਼ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ। ਇਕ ਦਿਨ ਰਾਜੇ ਨੂੰ ਇਸ ਭੇਤ ਦਾ ਪਤਾ ਲੱਗ ਗਿਆ ਅਤੇ ਉਹ ਰਾਣੀ ਦੇ ਨਿਵਾਸ ਤੇ ਉਸ ਨੂੰ ਵੇਖਣ ਗਿਆ।।੨।।

**ਤਹ ਤੇ ਲਯੋ ਪਕਰਿ ਇਕ ਜਾਰਾ।। ਤੌਨੈ ਠੌਰਿ ਮਾਰਿ ਕਰਿ ਡਾਰਾ।।**
**ਇਸਤ੍ਰੀ ਜਾਨਿ ਨ ਇਸਤ੍ਰੀ ਮਾਰੀ।। ਚਿਤ ਅਪਨੇ ਤੇ ਦਈ ਬਿਸਾਰੀ।। ੩।।**

ਉਸ ਨੇ ਉਸ ਦੇ ਯਾਰ ਨੂੰ ਉਥੋਂ ਫੜ ਲਿਆ ਅਤੇ ਉਸ ਥਾਂ ਤੇ ਹੀ ਉਸ ਨੂੰ ਮਾਰ ਦਿੱਤਾ। ਇਸਤਰੀ ਨੂੰ ਇਸਤਰੀ ਸਮਝ ਕੇ ਨਹੀਂ ਮਾਰਿਆ, ਪਰ ਆਪਣੇ ਮਨ ਵਿਚੋਂ ਉਸ ਨੂੰ ਵਿਸਾਰ ਦਿੱਤਾ।।੩।।

**ਬੀਤਤ ਬਰਖ ਅਧਿਕ ਜਬ ਭਏ।। ਰਾਨੀ ਬਹੁ ਉਪਚਾਰ ਬਨਏ।।**
**ਰਾਜਾ ਤਾਕੇ ਧਾਮ ਨ ਆਯੋ।। ਤਬ ਇਕ ਔਰੁਪਚਾਰ ਬਨਾਯੋ।। ੪।।**

ਪਦ ਅਰਥ - ਬੀਤਤ=ਬੀਤ ਗਏ। ਬਰਖ=ਸਾਲ। ਉਪਚਾਰ=ਉਪਾਅ। ਔਰੁਪਚਾਰ=ਹੋਰ ਯਤਨ।

ਜਦ ਕਈ ਸਾਲ ਬੀਤ ਗਏ ਅਤੇ ਰਾਣੀ ਨੇ ਅਨੇਕਾਂ ਉਪਾਅ ਕੀਤੇ ਪਰ ਰਾਜਾ ਉਸ ਦੇ ਘਰ ਨਹੀਂ ਆਇਆ। ਆਖਰ ਰਾਣੀ ਨੇ ਇਕ ਹੋਰ ਉਪਾਅ ਸੋਚਿਆ।।੪।।

**************************************************************

## ਰਾਨੀ ਭੇਸ ਸੰਨਜਾਸਿਨਿ ਕੋ ਧਰਿ।। ਜਾਤ ਭਈ ਤਜਿ ਧਾਮ ਨਿਕਰਿ ਕਰਿ।।
## ਖੇਲਤ ਨ੍ਰਿਪਤਿ ਅਖਿਟ ਜਬ ਆਯੋ।। ਏਕ ਹਰਿਨ ਲਖਿ ਤੁਰੰਗ ਧਵਾਯੋ।। ੫।।

ਪਦ ਅਰਥ - ਅਖਿਟ=ਸ਼ਿਕਾਰ। ਤੁਰੰਗ ਧਵਾਯੋ=ਘੋੜਾ ਭਜਾਇਆ।

ਰਾਣੀ ਨੇ ਇਕ ਸੰਨਿਆਸਣ ਦਾ ਭੇਸ ਧਾਰਣ ਕਰ ਲਿਆ ਅਤੇ ਘਰ ਤੋਂ ਨਿਕਲ ਗਈ। ਰਾਜਾ ਜਦ ਸ਼ਿਕਾਰ ਖੇਡਣ ਆਇਆ ਤਾਂ ਉਸ ਇਕ ਹਿਰਨ ਵੇਖ ਕੇ ਘੋੜਾ ਉਸ ਦੇ ਪਿੱਛੇ ਲਾ ਦਿੱਤਾ।।੫।।

## ਜੋਜਨ ਕਿਤਕ ਨਗਰ ਤੇ ਗਯੋ।। ਪਹੁਚਤ ਜਹ ਨ ਮਨੁੱਛ ਇਕ ਭਯੋ।।
## ਉਤਰਜੋ ਬਿਕਲ ਬਾਗ ਮੈ ਜਾਈ।। ਰਾਨੀ ਇਕਲ ਪਹੂਚੀ ਆਈ।। ੬।।

ਪਦ ਅਰਥ - ਜੋਜਨ=ਚਾਰ ਕੋਹ ਦੇ ਬਰਾਬਰ ਫਾਸਲਾ. ਅਸਲ ਵਿਚ ਜੋਜਨ ਦਾ ਮੂਲ ਜੋਤਣਾ ਹੈ, ਪੁਰਾਣੇ ਜ਼ਮਾਨੇ ਵਿਚ ਬੌਲਦਾਂ ਦੀ ਇਕ ਜੋਤ ਜਿਥੋਂ ਤਕ ਗੱਡਾ ਲੈ ਜਾਂਦੀ ਸੀ, ਓਨੀ ਲੰਬਾਈ ਨੂੰ ਯੋਜਨ ਆਖਿਆ ਜਾਂਦਾ ਸੀ। ਕੋਹ ਅਤੇ ਯੋਜਨ ਦੇ ਭੇਤ ਦੇਸ਼ ਦੀ ਹਾਲਤ ਅਨੁਸਾਰ ਹੋਇਆ ਕਰਦੇ ਸਨ। ਮਗਧ ਦੇਸ਼ ਵਾਲਿਆਂ ਨੇ ਸੋਲਾਂ ਹਜ਼ਾਰ ਹੱਥ (ਅੱਠ ਹਜ਼ਾਰ ਗਜ਼) ਦਾ ਯੋਜਨ ਮੰਨਿਆ ਹੈ। ਲੀਲਾਵਤੀ ਵਿਚ ਬੱਤੀ ਹਜ਼ਾਰ ਹੱਥ ਦਾ ਯੋਜਨ ਮੰਨਿਆ ਹੈ। ਚੀਨੀ ਯਾਤਰੀਆਂ ਨੇ ਸੋਲਾਂ ਲੀ, ਤੀਹ ਲੀ ਅਤੇ ਚਾਲੀਹ ਲੀ ਦਾ ਯੋਜਨ ਦੱਸਿਆ ਹੈ। ਸਰ ਕਨਿੰਗਮ ਅਨੁਸਾਰ ਛੇ ਲੀ ਦਾ ਇਕ ਮੀਲ ਹੁੰਦਾ ਹੈ।

ਉਹ ਨਗਰ ਤੋਂ ਕਈ ਕੋਹ ਦੂਰ ਨਿਕਲ ਗਿਆ ਜਿਥੇ ਕਿ ਕੋਈ ਜੀਅ ਪਰਿੰਦਾ ਵੀ ਨਹੀਂ ਸੀ। ਉਹ ਵਿਆਕੁਲ ਹੋ ਕੇ ਇਕ ਬਾਗ਼ ਵਿਚ ਪਹੁੰਚਿਆ ਜਿਥੇ ਸੰਨਿਆਸਣ ਬਣੀ ਰਾਣੀ ਵੀ ਆ ਪੁਜੀ।।੬।।

## ਸੰਨਜਾਸਿਨਿ ਕੋ ਭੇਸ ਬਨਾਏ।। ਸੀਸ ਜਟਨ ਕੋ ਜੂਟ ਛਕਾਏ।।
## ਜੋ ਨਰੁ ਤਾਕੋ ਰੂਪ ਨਿਹਾਰੈ।। ਉਰਝਿ ਰਹੈ ਨਹਿ ਸ਼ੰਕ ਬਿਚਾਰੈ।। ੭।।

ਉਸ ਨੇ ਸੰਨਿਆਸਣ ਦਾ ਭੇਸ ਬਣਾਇਆ ਹੋਇਆ ਸੀ ਅਤੇ ਆਪਣੀਆਂ ਜਟਾਵਾਂ ਵੀ ਵਧਾਈਆਂ ਹੋਈਆਂ ਸਨ। ਜਿਹੜਾ ਵਿਅਕਤੀ ਵੀ ਉਸ ਦੇ ਰੂਪ ਨੂੰ ਵੇਖਦਾ ਸੀ. ਉਸ ਵਿਚ ਹੀ ਫਸ ਕੇ ਰਹਿ ਜਾਂਦਾ ਸੀ।।੭।।

## ਉਤਰਤ ਬਾਗ ਤਿੱਹੀਂ ਤ੍ਰਿਯ ਭਈ।। ਉਹਿ ਰਾਜਾ ਤਨ ਭੇਟਨ ਹੁਈ।।
## ਨਿਰਖਤ ਰੂਪ ਉਰਝਿ ਨ੍ਰਿਪ ਰਹਿਯੋ।। ਨਰੀ ਨਾਗਨੀ ਕੋ ਇਹ ਕਹਿਯੋ।। ੮।।

ਉਹ ਰਾਣੀ ਬਾਗ ਵਿਚ ਆਈ ਅਤੇ ਰਾਜੇ ਨੂੰ ਮਿਲੀ। ਰਾਜਾ ਉਸ ਦਾ ਰੂਪ ਵੇਖ ਕੇ ਮੋਹਤ

ਹੋ ਗਿਆ ਅਤੇ ਸੋਚਣ ਲੱਗਾ ਕਿ ਨਰ, ਨਾਗ ਇਸਤਰੀਆਂ ਵਿਚੋਂ ਇਹ ਕੌਣ ਹੈ ?॥੮॥

**ਕਵਨ ਰੂਪ ਰਾਨੀ ਤੁਮ ਹੋਜੂ॥ ਕਿਧੋ ਅਪੱਛਰਾਂ ਸਾਚ ਕਹੋਜੂ॥**
**ਕੈ ਤੁਮਹੋ ਰਤਿ ਪਤ ਕੀ ਨਾਰੀ॥ ਕੈ ਨਿਸਿ ਪਤਿ ਕੀ ਅਹਰੁ ਕੁਮਾਰੀ॥ ੯॥**

ਪਦ ਅਰਥ - ਰਤਿ ਪਤ=ਰਤੀ ਦਾ ਪਤੀ, ਕਾਮਦੇਵ। ਨਿਸਿ ਪਤਿ=ਚੰਦ।

ਉਹ ਪੁਛਣ ਲੱਗਾ," ਹੇ ਰੂਪ ਦੀ ਰਾਣੀ, ਦੱਸ ਤੂੰ ਕੌਣ ਏਂ ? ਕੀ ਤੂੰ ਕੋਈ ਪਰੀ ਤਾਂ ਨਹੀਂ? ਕੀ ਤੂੰ ਕਾਮ ਦੀ ਇਸਤਰੀ ਰੱਤੀ ਜਾਂ ਚੰਦਰ ਕੁਮਾਰੀ ਏਂ?॥੯॥

**ਭਾਂਤਿ ਭਾਂਤਿ ਤਨ ਚਰਚਾ ਕਰੀ॥ ਬੇਦ ਬਜਾਕਰਨ ਕੋਕ ਉਚਰੀ॥**
**ਜਜੋਂ ਤਜੋਂ ਚਿਤ ਤਾਕੋ ਹਰਿ ਲੀਨਾ॥ ਬਿਨਾ ਘਾਇ ਘਾਯਲ ਪਤਿ ਕੀਨਾ॥੧੦॥**

ਉਸ ਨੇ ਕਈ ਪ੍ਰਕਾਰ ਦੀ ਚਰਚਾ ਕੀਤੀ ਅਤੇ ਵੇਦ ਵਿਆਕਰਣ ਆਦਿ ਦੀਆਂ ਵੀ ਗੱਲਾਂ ਕੀਤੀਆਂ। ਜਿਵੇਂ ਕਿਵੇਂ ਉਸ ਇਸਤਰੀ ਨੇ ਰਾਜੇ ਦਾ ਦਿਲ ਚੁਰਾ ਲਿਆ ਅਤੇ ਪ੍ਰੇਮ ਦੇ ਤੀਰਾਂ ਨਾਲ ਆਪਣੇ ਹੀ ਪਤੀ ਨੂੰ ਘਾਇਲ ਕਰ ਦਿੱਤਾ॥੧੦॥

**ਮਗਨ ਭਯੋ ਚਿਤ ਭੀਤਰ ਭੂਪਾ॥ ਨਿਰਖਿ ਨਾਰਿ ਕੋ ਰੂਪ ਅਨੂਪਾ॥**
**ਏਕ ਬਾਰ ਕਹ ਜੌ ਇਹ ਪਾਊਂ॥ ਜਨਮ ਅਨੇਕ ਲਗੇ ਬਲਿ ਜਾਊਂ॥ ੧੧॥**

ਨਾਰੀ ਦਾ ਸੁੰਦਰ ਰੂਪ ਵੇਖ ਕੇ ਰਾਜਾ ਮਨ ਵਿਚ ਮਗਨ ਹੋ ਗਿਆ। ਉਹ ਸੋਚਣ ਲੱਗਾ ਕਿ ਜੇ ਇਕ ਵਾਰ ਇਸ ਨੂੰ ਪਾ ਲਵਾਂ ਤਾਂ ਫਿਰ ਅਨੇਕਾਂ ਜਨਮਾਂ ਤਕ ਇਸ ਤੋਂ ਬਲਿਹਾਰ ਹੁੰਦਾ ਰਹਾਂ॥੧੧॥

**ਨ੍ਰਿਪਹੁ ਨਾਰਿ ਕਹ ਅਧਿਕ ਰਿਝਾਯੋ॥ ਭਾਂਤਿ ਅਨਿਕ ਸੇਤੀ ਉਰਝਾਯੋ॥**
**ਭਜੌ ਯਾਹਿ ਮਨ ਮਾਹਿ ਬਿਚਾਰਜੋ॥ ਇਹ ਬਿਧਿ ਤਾਸੌ ਬਚਨ ਉਚਾਰਜੋ॥ ੧੨॥**

ਰਾਜੇ ਨੇ ਵੀ ਇਸਤਰੀ ਨੂੰ ਬਹੁਤ ਪ੍ਰਸੰਨ ਕੀਤਾ ਅਤੇ ਅਨੇਕ ਢੰਗਾਂ ਨਾਲ ਉਸ ਨੂੰ ਉਲਝਾ ਲਿਆ। ਉਸਨੇ ਉਹਦੇ ਨਾਲ਼ ਰਮਣ ਕਰਨ ਦੀ ਗੱਲ ਸੋਚ ਕੇ ਉਸ ਨੂੰ ਕਿਹਾ॥੧੨॥

**ਹਮ ਤੁਮ ਆਉ ਰਮੈਂ ਮਿਲਿ ਦੋਊ॥ ਔਰ ਨ ਲਖ਼ਤ ਹਮੈ ਹਜਾਂ ਕੋਊ॥**
**ਕਜੋਂ ਤਰੁਨਾਪਨ ਬ੍ਰਿਥਾ ਗਵਾਵਤ॥ ਰਾਨੀ ਹ੍ਵੈ ਕਿਨ ਸੇਜ ਸੁਹਾਵਤ॥ ੧੩॥**

ਆਓ ਅਸੀਂ ਦੋਵੇਂ ਰਮਣ ਕਰੀਏ। ਏਥੇ ਸਾਨੂੰ ਕੋਈ ਵੀ ਵੇਖਣ ਵਾਲਾ ਨਹੀਂ ਹੈ। ਕਿਉਂ ਆਪਣੀ ਜਵਾਨੀ ਵਿਅਰਥ ਗਵਾ ਰਹੀ ਏ ? ਰਾਣੀ ਬਣ ਕੇ ਕਿਉਂ ਨਹੀਂ ਮੇਰੇ ਸੇਜ ਦੀ ਸ਼ੋਭਾ ਵਧਾਉਂਦੀ॥੧੩॥

Namdhari Elibrary NamdhariElibrary@gmail.com

ਅਸ ਤਨ ਸੁੰਦਰਿ ਧੂਰਿ ਨ ਲਾਵਹੁ।। ਜੋਬਨ ਜਾਲ ਨ ਬ੍ਰਿਥਾ ਗਵਾਵਹੁ।।
ਬਿਰਧਾਪਨੋ ਆਇ ਜਬ ਜੈਹੈ।। ਇਹ ਜ੍ਵਾਨੀ ਕਹ ਤਬ ਪਛਤੈਹੈ।। ੧੪।।

ਇਸ ਤਰ੍ਹਾਂ ਸਰੀਰ ਨੂੰ ਮਿੱਟੀ ਘਟਾ ਨਾ ਲਾ ਅਤੇ ਆਪਣੇ ਜੋਬਨ ਨੂੰ ਵਿਅਰਥ ਨ ਗਵਾ। ਜਦ ਤੂੰ ਬੁਢੀ ਹੋ ਜਾਵੇਂਗੀ ਤਾਂ ਫਿਰ ਇਸ ਜਵਾਨੀ ਵਾਸਤੇ ਪਛਤਾਵੇਂਗੀ।।੧੪।।

ਇਹ ਜੋਬਨ ਕੇ ਕਹਾ ਗੁਮਾਨਾ।। ਜੋ ਕਾਹੂ ਪਰ ਥਿਰ ਨ ਰਹਾਨਾ।।
ਆਉ ਕਰੈ ਦੋਊ ਭੋਗ ਬਿਲਾਸਾ।। ਕਹਾ ਕਰਤ ਯਾਕੋ ਭਰਵਾਸਾ।। ੧੫।।

ਇਸ ਜੋਬਨ ਦਾ ਕੀ ਘੁਮੰਡ ਕਰਨਾ ਹੈ ਜਿਹੜਾ ਕਿ ਕਿਸੇ ਦੇ ਪਾਸ ਵੀ ਸਦਾ ਨਹੀਂ ਰਹਿੰਦਾ। ਆ ਅਸੀਂ ਦੋਵੇਂ ਭੋਗ ਬਿਲਾਸ ਕਰੀਏ, ਜਿੰਦਗੀ ਦਾ ਕੋਈ ਭਰੋਸਾ ਨਹੀਂ ਹੈ।।੧੫।।

ਅੜਿੱਲ।। ਧਨ ਜੋਬਨ ਕੋ ਕਹਾ ਗੁਮਾਨ ਨ ਕੀਜਿਯੈ।।
ਸੁਖ ਹਮ ਕੌ ਦੈ ਤਰੁਨਿ ਆਪਿ ਸੁਖੁ ਲੀਜਿਯੈ।।
ਬਿਰਧਾਪਨੁ ਐਹੈ ਤਰਨਾਪਨ ਜਾਇ ਹੈ।।
ਹੋ ਤਬ ਇਹ ਸਮੈਂ ਸੰਭਾਰਿ ਅਧਿਕ ਪਛੁਤਾਇ ਹੈ।। ੧੬।।

ਪਦ ਅਰਥ – ਤਰੁਨਿ=ਜੁਆਨ ਇਸਤਰੀ, ਮੁਟਿਆਰ। ਬਿਰਧਾਪਨੁ=ਬੁਢੇਪਾ। ਤਰਨਾਪਨ=ਜਵਾਨ ਉਮਰ।

ਧਨ ਜੋਬਨ ਦਾ ਕਦੇ ਵੀ ਘੁਮੰਡ ਨਹੀਂ ਕਰਨਾ ਚਾਹੀਦਾ। ਤੂੰ ਮੈਨੂੰ ਸੁਖ ਦੇ ਅਤੇ ਆਪ ਵੀ ਸੁਖ ਪ੍ਰਾਪਤ ਕਰ। ਜਵਾਨੀ ਚਲੇ ਜਾਵੇਗੀ ਅਤੇ ਬੁਢਾਪਾ ਆ ਜਾਵੇਗਾ। ਤਦ ਫਿਰ ਤੂੰ ਇਸ ਸਮੇਂ ਨੂੰ ਯਾਦ ਕਰਕੇ ਪਛਤਾਵੇਂਗੀ।। ੧੬।।

ਚੌਪਈ।। ਪ੍ਰਥਮ ਕਹੀ ਮੇਰੀ ਜੋ ਕਰੈ।। ਤਿਹ ਪਾਛੈ ਮੁਹਿ ਸਾਥ ਬਿਹਰੈ।।
ਬਚਨ ਦੀਜਿਐ ਮੋਰੋ ਹਾਥਾ।। ਤੌ ਮੈ ਮਾਨੌ ਬਚ ਤੈਂ ਨਾਥਾ।। ੧੭।।

ਰਾਣੀ ਕਹਿਣ ਲੱਗੀ, "ਪਹਿਲਾਂ ਤੁਸੀਂ ਮੇਰੀ ਇਕ ਗੱਲ ਮੰਨੋਂ, ਫਿਰ ਮੇਰੇ ਨਾਲ ਰਮਣ ਕਰਨਾ। ਪਹਿਲਾਂ ਮੈਨੂੰ ਇਕ ਬਚਨ ਦੇਵੋ, ਤਦ ਮੈਂ ਤੁਹਾਡਾ ਕਿਹਾ ਮੰਨਾਂਗੀ।। ੧੭।।

ਅੜਿੱਲ।। ਪ੍ਰਿਥਮ ਤ੍ਰਿਯਾ ਕੋ ਦੋਖ ਛਿਮਾਪਨ ਕੀਜਿਯੈ।।
ਤਿਹ ਪਾਛੇ ਮੋਰਾ ਮਨ ਨ੍ਰਿਪਬਰ ਲੀਜਿਯੈ।।
ਦੋਖ ਛਿਮਾਪਨ ਕੀਨ ਬਚਨ ਤ੍ਰਿਯ ਕੋ ਤਬੈ।।

*************************************************************

**ਹੋ ਸੁਨੇ ਸੰਨਜਾਸਿਨਿ ਬੈਨ ਸ੍ਰਵਨ ਭੀਤਰ ਜਬੈ।। ੧੮।।**

ਆਪਣੀ ਪਹਿਲੀ ਇਸਤਰੀ ਦੇ ਸਾਰੇ ਦੋਸ਼ ਮੁਆਫ ਕਰ ਦੇਵੇਂ ਅਤੇ ਬਾਅਦ ਵਿਚ ਮੇਰਾ ਮਨ ਤਨ ਸਵੀਕਾਰ ਕਰੋ।" ਸੰਨਿਆਸਣ ਨੇ ਫਿਰ ਆਪਣੇ ਕੰਨਾਂ ਨਾਲ ਸੁਣਿਆ ਕਿ ਰਾਜੇ ਨੇ ਆਪਣੀ ਪਹਿਲੀ ਇਸਤਰੀ ਦੇ ਸਾਰੇ ਦੋਸ਼ ਮੁਆਫ ਕਰ ਦਿੱਤੇ ਹਨ।।੧੮।।

**ਚੌਪਈ।। ਏਕ ਦਿਵਸ ਤ੍ਰਿਯ ਕੇ ਗ੍ਰਿਹ ਆਵੈ।। ਦੁਤਿਯ ਦਿਵਸ ਤਾਕੇ ਘਰ ਜਾਵੈ।।**
**ਰਾਨੀ ਭੇਸ ਸੰਨਜਾਸਿਨਿ ਧਰੈ।। ਕਾਮ ਭੋਗ ਰਾਜਾ ਤਨ ਕਰੈ।। ੧੯।।**

ਹੁਣ ਇਕ ਦਿਨ ਆਪਣੀਆਂ ਇਸਤਰੀਆਂ ਪਾਸ ਜਾਂਦਾ ਸੀ ਅਤੇ ਇਕ ਦਿਨ ਉਸ ਸੰਨਿਆਸਣ ਬਣੀ ਰਾਣੀ ਪਾਸ ਆਉਂਦਾ ਸੀ। ਰਾਣੀ ਹੀ ਸੰਨਿਆਸਣ ਦਾ ਭੇਸ ਧਾਰਣ ਕਰਕੇ ਰਾਜੇ ਨਾਲ ਰਮਣ ਕਰਦੀ ਸੀ।।੧੯।।

**ਤਿਹ ਨ੍ਰਿਪ ਦੁਤਿਯ ਨਾਰਿ ਕਰਿ ਜਾਨੈ।। ਭੇਦ ਅਭੇਦ ਨ ਮੂੜ੍ਹ ਪਛਾਨੈ।।**
**ਇਸਤ੍ਰੀ ਚਰਿੱਤ੍ਰ ਨਹੀ ਲਖਿ ਪਾਵੈ।। ਨਿਤਪ੍ਰਤਿ ਅਪਨੋ ਮੂੰਡ ਮੁੰਡਾਵੈ।। ੨੦।। ੧।।**

ਰਾਜਾ ਉਸ ਨੂੰ ਦੂਸਰੀ ਇਸਤਰੀ ਸਮਝਦਾ ਸੀ ਅਤੇ ਮੂਰਖ ਭੇਤ ਅਭੇਤ ਕੁਝ ਵੀ ਸਮਝ ਨਹੀਂ ਰਿਹਾ ਸੀ। ਉਹ ਇਸਤਰੀ ਦੇ ਚਲਿੱਤਰ ਨੂੰ ਨਹੀਂ ਸਮਝ ਰਿਹਾ ਸੀ ਅਤੇ ਮੂਰਖ ਰੋਜ਼ ਠਗਿਆ ਜਾਂਦਾ ਸੀ।।੨੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੀਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੦੩।।੫੮੪੦।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤੀਸਰੀ ਕਥਾ ਸਮਾਪਤ।।੩੦੩।।੫੮੪੦।।ਚਲਦਾ।।

## ਚਲਿੱਤਰ ਤਿੰਨ ਸੌ ਚੌਥਾ
## ਕਥਾ ਵਿਦਿਆ ਮਤੀ

**ਚੌਪਈ।। ਬਿਧੀਸੈਨ ਰਾਜਾ ਇਕ ਸੂਰੋ।। ਤੇਗ ਦੇਗ ਦੁਹੂੰਅਨਿ ਕਰਿ ਪੂਰੋ।।**
**ਤੇਜਵਾਨ ਦੁਤਿਵਾਨ ਅਤੁਲ ਬਲ।। ਅਰਿ ਅਨੇਕ ਜੀਤੇ ਜਿਨ ਦਲਿ ਮਲਿ।। ੧।।**

ਬਿਧੀਸੈਨ ਨਾਮੀ ਇਕ ਸੂਰਬੀਰ ਰਾਜਾ ਸੀ ਜਿਹੜਾ ਦੇਗ ਅਤੇ ਤੇਗ ਦੋਹਾਂ ਵਿਚ ਪੂਰਾ ਸੀ। ਉਹ ਬੜਾ ਤੇਜੱਸਵੀ ਅਤੇ ਸੁੰਦਰ ਸੀ ਅਤੇ ਉਸ ਅਨੇਕਾਂ ਵੈਰੀਆਂ ਨੂੰ ਦਲ ਮਲ ਕੇ ਜਿੱਤਿਆ ਸੀ।।੧।।

**ਬਿੱਧਜਮਤੀ ਦੁਹਿਤਾ ਇਕ ਤਾਕੇ।। ਨਰੀ ਨਾਗਨੀ ਸਮ ਨਹਿ ਜਾਕੇ।।**

ਅਪ੍ਰਮਾਨ ਤਿਹ ਸੇਜ ਸੁਹਾਵੈ॥ ਰਵਿ ਸਸਿ ਰੋਜ ਬਿਲੋਕਨ ਆਵੈ॥ ੨॥

ਪਦ ਅਰਥ - ਅਪ੍ਰਮਾਨ=ਅਪਾਰ, ਬਹੁਤ। ਰਵਿ=ਸੂਰਜ। ਬਿਲੋਕਨ=ਵੇਖਣ।

ਵਿਦਿਆ ਮਤੀ ਉਸ ਦੀ ਇਕ ਪੁੱਤਰੀ ਸੀ ਜਿਸ ਵਰਗੀ ਸੁੰਦਰ ਨਰ ਨਾਗ ਕੋਈ ਇਸਤਰੀ ਵੀ ਨਹੀਂ ਸੀ। ਉਸ ਦੀ ਸ਼ਕਲ ਅਪਾਰ ਸੁੰਦਰ ਅਤੇ ਪ੍ਰਭਾਵਸ਼ਾਲੀ ਸੀ ਜਿਸਨੂੰ ਚੰਦ ਸੂਰਜ ਵੀ ਵੇਖਣ ਆਉਂਦੇ ਸਨ॥੨॥

ਤਾਕੋ ਲਗਯੋ ਏਕ ਸੰਗ ਨੇਹਾ॥ ਜਯੋਂ ਸਾਵਨ ਕੋ ਬਰਿਸਤ ਮੇਹਾ॥
ਚਤੁਰ ਕੁਅਰ ਤਿਹ ਨਾਮ ਭਨਿੱਜੈ॥ ਕਵਨ ਪੁਰਖ ਪਟਤਰ ਤਿਹ ਦਿੱਜੈ॥ ੩॥

ਉਸ ਦਾ ਸਾਵਣ ਮਹੀਨੇ ਦੀ ਬਾਰਸ਼ ਵਾਂਗ ਕਿਸੇ ਨਾਲ ਪਿਆਰ ਹੋ ਗਿਆ। ਉਸ ਦੇ ਆਸ਼ਿਕ ਦਾ ਨਾਂ ਚੱਤਰ ਕੁਮਾਰ ਸੀ। ਉਹ ਵੀ ਏਨਾ ਸੁੰਦਰ ਸੀ ਕਿ ਉਸ ਦੀ ਤੁਲਨਾਂ ਹੁਣ ਕਿਸ ਨਾਲ ਕੀਤੀ ਜਾਵੇ॥੩॥

ਬਿੱਧਜਾ ਦੇਈ ਇਕ ਦਿਨ ਰਸਿਕੈ॥ ਬੋਲਿ ਲਿਯਾ ਪ੍ਰੀਤਮ ਕਹ ਕਸਿਕੈ॥
ਕਾਮ ਭੋਗ ਤਿਹ ਸਾਥ ਕਮਾਯੋ॥ ਤਰੁਨੀ ਤਰੁਨ ਅਧਿਕ ਸੁਖ ਪਾਯੋ॥ ੪॥

ਇਕ ਦਿਨ ਵਿਦਿਆਮਤੀ ਨੇ ਆਪਣੇ ਮਿੱਤਰ ਨੂੰ ਬੁਲਾ ਲਿਆ। ਉਨਾਂ ਦੋਹਾਂ ਨੇ ਕਾਮ ਕ੍ਰੀੜਾ ਕੀਤੀ ਅਤੇ ਕੁੜੀ ਮੁੰਡੇ ਦੋਹਾਂ ਨੇ ਬੜਾ ਸੁਖ ਪ੍ਰਾਪਤ ਕੀਤਾ॥੪॥

ਬਿਧੀਸੈਨ ਸੌਂ ਕਿਨਹਿ ਜਤਾਈ॥ ਤੋਰਿ ਸੁਤਾ ਗ੍ਰਿਹਿ ਜਾਰ ਬੁਲਾਈ॥
ਕਾਮ ਭੋਗ ਤਿਹ ਸਾਥ ਕਰਤ ਹੈ॥ ਤੋ ਤੇ ਨ੍ਰਿਪ ਨਹਿ ਨੈਕੁ ਡਰਤ ਹੈ॥ ੫॥

ਕਿਸੇ ਨੇ ਜਾ ਕੇ ਰਾਜਾ ਬਿਧੀ ਸੈਨ ਨੂੰ ਦੱਸ ਦਿੱਤਾ ਕਿ ਤੁਹਾਡੀ ਪੁੱਤਰੀ ਨੇ ਘਰ ਵਿਚ ਯਾਰ ਨੂੰ ਬੁਲਾਇਆ ਹੈ। ਉਹ ਉਸ ਨਾਲ ਰੋਜ਼ ਭੋਗ ਬਿਲਾਸ ਕਰਦੀ ਹੈ ਅਤੇ ਤੁਹਾਡੇ ਪਾਸੋਂ ਬਿਲਕੁਲ ਨਹੀਂ ਡਰਦੀ ਹੈ॥੫॥

ਤਬ ਨ੍ਰਿਪ ਸਾਥ ਤਿਸੀ ਕੋ ਲੈਕੈ॥ ਜਾਤ ਭਯੋ ਤਹ ਅਧਿਕ ਰਿਸੈਕੈ॥
ਬਿੱਧਜਾ ਮਤੀ ਜਬੈ ਸੁਨਿ ਪਾਈ॥ ਮੀਤ ਸਹਿਤ ਜਿਯ ਮੈ ਡਰਪਾਈ॥ ੬॥

ਤਦ ਰਾਜਾ ਉਸ ਵਿਅਕਤੀ ਨੂੰ ਨਾਲ ਲੈ ਕੇ ਗੁੱਸੇ ਵਿਚ ਭਰਿਆ ਉਸ ਪਾਸੇ ਚੱਲ ਪਿਆ। ਜਦ ਵਿਦਿਆਮਤੀ ਨੇ ਇਹ ਸੁਣਿਆ ਤਾਂ ਉਹ ਮਿੱਤਰ ਸਹਿਤ ਬਹੁਤ ਡਰ ਗਈ॥੬॥

ਖੋਦਿ ਛਾਤ ਦ੍ਵੈ ਛੇਦ ਸਵਾਰੇ॥ ਜਿਹ ਆਵਤ ਵੈਰਾਹ ਬਿਚਾਰੇ॥
ਤਿਹ ਮਗ ਹ੍ਵੈ ਬਿਸ਼ਟਾ ਦੁਹੂੰ ਕਰਾ॥ ਦੂਤ ਸਹਿਤ ਨ੍ਰਿਪ ਕੇ ਸਿਰ ਪਰਾ॥ ੭॥

Namdhari Elibrary NamdhariElibrary@gmail.com

ਪਦ ਅਰਥ - ਦ੍ਵੈ ਛੇਦ=ਦੋ ਛੇਕ। ਮਗ=ਰਸਤੇ। ਬਿਸ਼ਟਾ=ਮਲ ਮੂਤਰ।

ਉਸ ਨੇ ਛੱਤ ਪੁੱਟ ਕੇ ਉਸ ਵਿਚ ਦੋ ਛੇਕ ਕੀਤੇ ਅਤੇ ਉਸ ਰਾਹੀਂ ਦੋਹਾਂ ਨੇ ਮਲ ਮੂਤਰ ਕਰ ਦਿੱਤਾ ਜਿਹੜਾ ਕਿ ਰਾਜੇ ਅਤੇ ਦੂਤ ਦੇ ਸਿਰ ਵਿਚ ਪਿਆ।।੭।।

**ਅੰਧ ਗਏ ਹ੍ਵੈ ਸੂਝਨ ਆਯੋ।। ਤਿਸੀ ਪੈਂਡ ਗ੍ਰਿਹਿ ਜਾਰ ਪਠਾਯੋ।।**
**ਰਾਜਾ ਭੇਦ ਅਭੇਦ ਨ ਲਹਾ।। ਦੁਹਿਤਾ ਕਾਮ ਕੈ ਗਈ ਕਹਾ।। ੮।।**

ਉਹ ਦੋਵੇਂ ਵੇਖਣ ਵਿਚ ਅਸਮਰਥ ਹੋ ਗਏ ਅਤੇ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਲੱਗਦਾ ਸੀ। ਉਸ ਨੇ ਉਸੇ ਰਸਤੇ ਆਪਣੇ ਯਾਰ ਨੂੰ ਘਰ ਭੇਜ ਦਿੱਤਾ। ਰਾਜਾ ਭੇਤ ਅਭੇਤ ਕੁਝ ਨ ਸਮਝ ਸਕਿਆ ਅਤੇ ਇਹ ਸੋਚਿਆ ਕਿ ਪੁੱਤਰੀ ਕਿਸੇ ਕੰਮ ਬਾਹਰ ਗਈ ਹੈ।।੮।।

**ਬਿਸਟਾ ਰਹੀ ਦੁਹੂੰ ਕੇ ਲਗਿਕੈ।। ਸੁਘਰ ਗਯੋ ਤਿਹ ਕੇ ਸਿਰ ਹਗਿ ਕੈ।।**
**ਘਰੀਕ ਲਗੀ ਧੋਵਤੇ ਬਦਨਨ।। ਬਹੁਰਿ ਗਏ ਦੁਹਿਤਾ ਕੈ ਸਦਨਨ।। ੯।।**

ਪਦ ਅਰਥ - ਘਰੀਕ=ਇਕ ਘੜੀ। ਬਦਨਨ=ਸਰੀਰ। ਸਦਨਨ=ਘਰ।

ਮਲ ਮੂਤਰ ਦੋਹਾਂ ਨੂੰ ਲੱਗਾ ਅਤੇ ਉਹ ਬੁਧਿਮਾਨ ਦੋਹਾਂ ਦੇ ਸਿਰ ਉਤੇ ਟੱਟੀ ਕਰਕੇ ਚਲਾ ਗਿਆ। ਉਨ੍ਹਾਂ ਨੂੰ ਮੂੰਹ ਹੱਥ ਸਿਰ ਧੋਣ ਵਿਚ ਇਕ ਘੜੀ ਲੱਗ ਗਈ। ਬਾਅਦ ਵਿਚ ਉਹ ਦੋਵੇਂ ਪੁੱਤਰੀ ਦੇ ਘਰ ਆਏ।।੯।।

**ਤਹਾਂ ਜਾਇ ਜੌ ਨ੍ਰਿਪਤਿ ਨਿਹਰਾ।। ਜਾਰਵਾਰ ਕਛੁ ਦਿਸ਼ਟਿ ਨ ਪਰਾ।।**
**ਤਬ ਨ੍ਰਿਪ ਉਲਟਿ ਤਿਸੀ ਕੋ ਮਰਿਯੋ।। ਬਿਸ਼ਟਾ ਪ੍ਰਥਮ ਜਾਂਹਿ ਸਿਰ ਪਰਿਯੋ।। ੧੦।।**

ਪਦ ਅਰਥ - ਜਾਰਵਾਰ=ਯਾਰ ਯੂਰ। ਉਲਟਿ=ਉਲਟਾ।

ਉਥੇ ਜਾ ਕੇ ਜਦ ਰਾਜੇ ਨੇ ਵੇਖਿਆ ਤਾਂ ਮਿੱਤਰ ਆਦਿ ਕਿਤੇ ਵਿਖਾਈ ਨ ਦਿੱਤਾ। ਤਦ ਰਾਜੇ ਨੇ ਗੁੱਸੇ ਵਿਚ ਆ ਕੇ ਉਸ ਦੂਤ ਨੂੰ ਹੀ ਮਾਰ ਦਿੱਤਾ, ਜਿਸ ਦੇ ਸਿਰ ਉਤੇ ਪਹਿਲਾ ਮਲ ਮੂਤਰ ਡਿਗਿਆ ਸੀ।।੧੦।।

**ਇਹ ਛਲ ਸੌ ਤ੍ਰਿਯ ਪਿਯਹਿ ਉਬਾਰਜੋ।। ਤਿਨਕੇ ਮੁਖ ਬਿਸ਼ਟਾ ਕੌ ਡਾਰਜੋ।।**
**ਭਲਾ ਬੁਰਾ ਭੂਪਤਿ ਨ ਬਿਚਾਰਾ।। ਭੇਦਦਾਇ ਕਹਿ ਪਕਰਿ ਪਛਾਰਾ।।੧੧।।੧।।**

ਇਸ ਚਲਿੱਤਰ ਨਾਲ ਇਸਤਰੀ ਨੇ ਆਪਣੇ ਪ੍ਰੀਤਮ ਨੂੰ ਬਚਾਇਆ ਅਤੇ ਉਨ੍ਹਾਂ ਉਤੇ ਮਲ ਮੂਤਰ ਸੁਟਵਾਇਆ। ਰਾਜੇ ਨੇ ਭਲਾ ਬੁਰਾ ਕੁਝ ਨ ਸੋਚਿਆ ਅਤੇ ਭੇਤ ਦੇਣ ਵਾਲੇ ਨੂੰ ਹੀ ਉਲਟਾ ਮਾਰ ਦਿੱਤਾ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਾਰ ਚਰਿਤ੍ਰ ਸਮਾਪਤਮ

ਸਤੁ ਸੁਭਮ ਸਤੁ॥੩੦੪॥੫੮੫੧। ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚੌਥੀ ਕਥਾ ਸਮਾਪਤ॥੩੦੪॥੫੮੫੧॥ਚਲਦਾ॥

# ਚਲਿੱਤਰ ਤਿੰਨ ਸੌ ਪੰਜਵਾਂ

# ਕਥਾ ਤ੍ਰਿਪੁਰ ਮਤੀ

**ਚੌਪਈ॥ ਤ੍ਰਿਪੁਰਾ ਸ਼ਹਿਰ ਬਸਤ ਹੈ ਜਹਾਂ॥ ਤ੍ਰਿਪੁਰ ਪਾਲ ਰਾਜਾ ਥੋ ਤਹਾਂ॥**
**ਤ੍ਰਿਪੁਰ ਮਤੀ ਤਾਕੀ ਬਰ ਨਾਰੀ॥ ਕਨਕ ਅਵਟਿ ਸਾਂਚੇ ਜਨੁ ਢਾਰੀ॥ ੧॥**

ਪਦ ਅਰਥ - ਕਨਕ=ਸੋਨਾ। ਸਾਂਚੇ ਢਾਰੀ=ਸੱਚੇ ਵਿਚ ਢਾਲੀ।

ਤ੍ਰਿਪੁਰਾ ਨਾਮੀਂ ਸ਼ਹਿਰ ਵਿਚ ਇਕ ਤ੍ਰਿਪਰਪਾਲ ਨਾਮੀਂ ਰਾਜਾ ਰਾਜ ਕਰਦਾ ਸੀ। ਉਸ ਦੀ ਰਾਣੀ ਦਾ ਨਾਂ ਤ੍ਰਿਪੁਰਮਤੀ ਸੀ ਜਿਹੜੀ ਕਿ ਏਨੀ ਸੁੰਦਰ ਸੀ ਕਿ ਜਿਵੇਂ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਈ ਹੋਵੇ॥੧॥

**ਫੂਲਮਤੀ ਦੂਸਰਿ ਤਿਹ ਸਵਤਿਨਿ॥ ਜਨੁ ਤਿਹ ਹੁਤਾ ਆਂਖਿ ਮੈਂ ਸੌ ਕਨਿ॥**
**ਤਾਸੌ ਤਾਹਿ ਸਿਪਰਧਾ ਰਹੈ॥ ਚਿਤ ਭੀਤਰ ਮੁਖ ਤੇ ਨਹਿ ਕਹੈ॥ ੨॥**

ਪਦ ਅਰਥ - ਸਵਿਨਿ=ਸੌਕਨ। ਸਿਪਰਧਾ ਰਹੈ=ਈਰਖਾ ਰਖਦੀ ਸੀ।

ਫੂਲਮਤੀ ਨਾਮੀਂ ਇਕ ਉਸ ਦੀ ਸੌਕਣ ਸੀ ਜਿਹੜੀ ਅੱਖ ਵਿਚ ਰੋੜ ਵਾਂਗ ਸਦਾ ਉਸ ਨੂੰ ਰੜਕਦੀ ਰਹਿੰਦੀ ਸੀ। ਉਹ ਦਿਲ ਵਿਚ ਉਸ ਨਾਲ ਬਹੁਤ ਈਰਖਾ ਰਖਦੀ ਸੀ ਪਰ ਮੂੰਹ ਤੋਂ ਕੁਝ ਨਹੀਂ ਬੋਲਦੀ ਸੀ॥੨॥

**ਤ੍ਰਿਪੁਰਾ ਮਤੀ ਏਕ ਦਿਜ ਊਪਰ॥ ਅਟਕੀ ਰਹੈ ਅਧਿਕ ਹੀ ਚਿਤ ਕਰਿ॥**
**ਰੈਨਿ ਦਿਵਸ ਗ੍ਰਿਹਿ ਤਾਹਿ ਬੁਲਾਵੈ॥ ਕਾਮ ਕੇਲ ਰੁਚਿ ਮਾਨ ਮਚਾਵੈ॥ ੩॥**

ਤ੍ਰਿਪਰਮਤੀ ਮਨ ਹੀ ਮਨ ਵਿਚ ਇਕ ਬ੍ਰਹਮਣ ਨਾਲ ਫਸੀ ਹੋਈ ਸੀ । ਉਹ ਉਸ ਨੂੰ ਰਾਤ ਦਿਨ ਘਰ ਬੁਲਾਉਂਦੀ ਸੀ ਅਤੇ ਆਪਣੀ ਮਰਜ਼ੀ ਅਨੁਸਾਰ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ॥੩॥

**ਏਕ ਨਾਰਿ ਤਿਨ ਬੋਲਿ ਪਠਾਈ॥ ਅਧਿਕ ਦਰਬ ਦੈ ਐਸਿ ਸਿਖਾਈ॥**
**ਜਬ ਹੀ ਜਾਇ ਪ੍ਰਭਾ ਸਭ ਸੋਈ॥ ਊਚ ਸ਼ਬਦ ਉਠਿਯਹੁ ਤਬ ਰੋਈ॥ ੪॥**

ਇਕ ਦਿਨ ਉਸ ਇਕ ਇਸਤਰੀ ਬੁਲਾਈ ਅਤੇ ਉਸ ਨੂੰ ਬਹੁਤ ਸਾਰਾ ਧਨ ਦੇ ਕੇ ਕਹਿਣ ਲੱਗੀ ਕਿ ਰਾਤ ਨੂੰ ਜਦ ਸਾਰੇ ਲੋਕ ਸੌਂ ਜਾਣ ਤਾਂ ਤੂੰ ਉੱਚੀ ਉੱਚੀ ਰੋਣ ਲੱਗ ਜਾਈਂ॥੪॥

***************************************************************

ਯੌ ਕਹਿ ਜਾਇ ਨ੍ਰਿਪਤਿ ਤਨ ਸੋਈ॥ ਆਧੀ ਰਾਤਿ ਅੰਧੇਰੀ ਹੋਈ॥
ਅਧਿਕ ਦੁਖਿਤ ਹ੍ਵੈ ਨਾਰਿ ਪੁਕਾਰੀ॥ ਨ੍ਰਿਪ ਕੇ ਪਰੀ ਕਾਨ ਧੁਨਿ ਭਾਰੀ॥ ੫॥

ਇਹ ਕਹਿ ਕੇ ਉਹ ਰਾਜੇ ਦੇ ਨਾਲ ਸੌਂ ਗਈ ਅਤੇ ਉਸ ਜ਼ਨਾਨੀ ਨੇ ਅੱਧੀ ਰਾਤ ਬੀਤ ਜਾਣ ਤੇ ਬੜੀ ਦੁਖੀ ਸਵਰ ਵਿਚ ਉੱਚੀ ਉੱਚੀ ਰੋਣਾ ਚੀਕਣਾ ਅਰੰਭ ਕਰ ਦਿੱਤਾ। ਰਾਜੇ ਵੀ ਉਸ ਦੀ ਉੱਚੀ ਆਵਾਜ਼ ਨੂੰ ਸੁਣਿਆ॥੫॥

ਰਾਣੀ ਲਈ ਸੰਗ ਅਪਨੇ ਕਰਿ॥ ਹਾਥ ਬਿਖੈ ਅਪਨੇ ਅਸ ਕੌ ਧਰਿ॥
ਦੋਊ ਚਲਿ ਤੀਰ ਤਵਨ ਕੇ ਗਏ॥ ਇਹ ਬਿਧਿ ਸੌ ਪੂਛਤ ਤਿਹ ਭਏ॥ ੬॥

ਰਾਜੇ ਨੇ ਹੱਥ ਵਿਚ ਤਲਵਾਰ ਫੜ ਕੇ ਉਸ ਰਾਣੀ ਨੂੰ ਆਪਣੇ ਨਾਲ ਲੈ ਲਿਆ। ਦੋਵੇਂ ਉਸ ਦੇ ਕੋਲ ਗਏ ਅਤੇ ਉਸ ਨੂੰ ਪੁਛਣ ਲੱਗੇ॥੬॥

ਦੋਹਰਾ॥ ਕੋ ਹੈ ਰੀ ਤੂੰ ਰੋਤ ਕਜੋਂ ਕਹਾਂ ਲਗਜੋ ਦੂਖ ਤੋਹਿ॥
ਮਾਰਤ ਹੌ ਨਹਿ ਠੌਰ ਤੁਹਿ ਸਾਚ ਬਤਾਵਹੁ ਮੋਹਿ॥ ੭॥

" ਤੂੰ ਕੌਣ ਏਂ ਅਤੇ ਕਿਉਂ ਰੋ ਰਹੀ ਏਂ ? ਤੈਨੂੰ ਕੀ ਦੁਖ ਹੈ ਤੂੰ ਸੱਚ ਦੱਸ ਨਹੀਂ ਤਾਂ ਹੁਣੇ ਤੈਨੂੰ ਜਾਨ ਤੋਂ ਮਾਰ ਦੇਵਾਂਗਾ"॥੭॥

ਚੌਪਈ॥ ਮੁਹਿ ਅਰਬਲਾ ਨ੍ਰਿਪਤਿ ਕੀ ਜਾਨਹੁ॥ ਭੂਪਤਿ ਭੋਰ ਕਾਲ ਪਹਿਚਾਨਹੁ॥
ਤਾਤੇ ਮੈਂ ਰੋਵਤ ਦੁਖਿਯਾਰੀ॥ ਸਭੈ ਬਿਛੁਰਿ ਹੈ ਨਿਸੁਪਤਿ ਪਜਾਰੀ॥ ੮॥

ਉਹ ਕਹਿਣ ਲੱਗੀ ਕਿ ਮੈਨੂੰ ਰਾਜਾ ਦੀ ਉਮਰ ਹੀ ਸਮਝੋ। ਰਾਜੇ ਨੂੰ ਸਵੇਰੇ ਕਾਲ ਪਛਾਣ ਕੇ ਲੈ ਜਾਵੇਗਾ। ਇਸ ਕਰਕੇ ਮੈਂ ਬਹੁਤ ਦੁਖੀ ਹਾਂ ਕਿ ਸਾਰੇ ਹੀ ਸਵੇਰੇ ਇਸ ਚੰਦਰਮੁਖੀ ਰਾਜੇ ਤੋਂ ਵਿਛੜ ਜਾਣਗੇ॥੮॥

ਕਿਹ ਬਿਧਿ ਬਚੈਂ ਨ੍ਰਿਪਤਿ ਕੇ ਪ੍ਰਾਨਾ॥ ਪ੍ਰਾਤ ਕੀਜਿਯੈ ਸੋਈ ਬਿਧਾਨਾ॥
ਤਹ ਤ੍ਰਿਯ ਕਹਿਯੋ ਕ੍ਰਿਯਾ ਇਕ ਕਰੈ॥ ਤਬ ਮਰਬੇ ਤੇ ਨ੍ਰਿਪਤਿ ਉਪਰੈ॥ ੯॥

ਕੋਈ ਐਸਾ ਉਪਾਅ ਕੀਤਾ ਜਾਵੇ ਜਿਸ ਨਾਲ ਰਾਜੇ ਦੇ ਪ੍ਰਾਣ ਬਚ ਜਾਣ। ਉਸ ਇਸਤਰੀ ਨੇ ਤਦ ਕਿਹਾ ਕਿ ਇਕ ਕੰਮ ਕਰੋ, ਜਿਸ ਨਾਲ ਰਾਜਾ ਮਰਨ ਤੋਂ ਬਚ ਸਕਦਾ ਹੈ॥੯॥

ਤ੍ਰਿਪੁਰ ਮਤੀ ਦਿਜਬਰ ਕਹ ਦੇਹੂ॥ ਡੋਰੀ ਨਿਜੁ ਕਾਂਧੇ ਕਰਿ ਲੇਹੂ॥
ਦਰਬ ਸਹਿਤ ਤਿਹ ਗ੍ਰਿਹਿ ਪਹੁਚਾਵੈ॥ ਤਬ ਨ੍ਰਿਪ ਨਿਕਟ ਕਾਲ ਨਹਿ ਆਵੈ॥ ੧੦॥

ਪਦ ਅਰਥ - ਦਿਜਬਰ=ਬ੍ਰਾਹਮਣ। ਗ੍ਰਿਹਿ=ਘਰ।

ਤ੍ਰਿਪਰਮਤੀ ਰਾਣੀ ਤਾਂ ਬ੍ਰਾਹਮਣ ਨੂੰ ਦਾਨ ਕਰ ਦੇਵੋ ਅਤੇ ਖੁਦ ਗਲ ਵਿਚ ਜਨੇਊ ਪਾ ਲਵੋ। ਜੇ ਧਨ ਸਮੇਤ ਉਸ ਨੂੰ ਉਸ ਪੰਡਤ ਦੇ ਘਰ ਭੇਜ ਦੇਵੋਗੇ ਤਾਂ ਫਿਰ ਕਾਲ ਤੁਹਾਡੇ ਨੇੜੇ ਨਹੀਂ ਆ ਸਕਦਾ।।੧੦।।

## ਫੂਲਿ ਦੇਇ ਜੁ ਦੁਤਿਯ ਤ੍ਰਿਯ ਘਰ ਮੈ।। ਤਿਹ ਦੇਵੈ ਚੰਡਾਰਹਿ ਕਰ ਮੈ।।
## ਤ੍ਰਿਪੁਰਮਤੀ ਕਹ ਗ੍ਰਹਨ ਬੁਲਾਵੈ।। ਤਾਕੌ ਫੇਰਿ ਨ ਬਦਨ ਦਿਖਾਵੈ।। ੧੧।।

ਪਦ ਅਰਥ - ਚੰਡਾਰਹਿ=ਚੰਡਾਲ। ਬਦਨ=ਮੂੰਹ।

ਫੂਲ ਦੇਵੀ ਜਿਹੜੀ ਤੁਹਾਡੀ ਦੂਸਰੀ ਰਾਣੀ ਹੈ ਉਸ ਨੂੰ ਚੰਡਾਲ ਨੂੰ ਦਾਨ ਕਰ ਦੇਵੋ ਅਤੇ ਤ੍ਰਿਪਰਮਤੀ ਨੂੰ ਫਿਰ ਵਾਪਸ ਘਰ ਨ ਬੁਲਾਇਆ ਜਾਵੇ ਅਤੇ ਨ ਹੀ ਉਹ ਫਿਰ ਤੁਹਾਨੂੰ ਮੂੰਹ ਵਿਖਾਵੇ।।੧੧।।

## ਦੋਹਰਾ।। ਪ੍ਰਾਤ ਆਇ ਅਪਨੇ ਸਦਨ ਵਹੈ ਕ੍ਰਿਪਾ ਨ੍ਰਿਪ ਕੀਨ।।
## ਇਕ ਰਾਨੀ ਦਿਜਬਰ ਦਈ ਦੁਤਿਯ ਚੰਡਾਰਹਿ ਦੀਨ।। ੧੨।।

ਸਵੇਰੇ ਹੀ ਰਾਜੇ ਨੇ ਆਪਣੇ ਘਰ ਵਿਚ ਆ ਕੇ ਇਹੋ ਕੰਮ ਕੀਤਾ। ਇਕ ਰਾਣੀ ਬ੍ਰਾਹਮਣ ਨੂੰ ਦੇ ਦਿੱਤੀ ਅਤੇ ਇਕ ਚੰਡਾਲ ਨੂੰ ਸੌਂਪ ਦਿੱਤੀ।।੧੨।।

## ਭੇਦ ਅਭੇਦ ਤ੍ਰਿਯਾਨ ਕੇ ਮੂਢ ਨ ਸਕਜੋ ਬਿਚਾਰਿ।।
## ਦਈ ਦੋਊ ਤ੍ਰਿਯ ਪੁੰਨਜ ਕਰਿ ਜਿਯ ਕੋ ਤ੍ਰਾਸ ਨਿਵਾਰਿ।। ੧੩।। ੧।।

ਪਦ ਅਰਥ - ਤ੍ਰਿਯਨਿ=ਇਸਤਰੀਆਂ। ਮੂਢ=ਮੂਰਖ। ਤ੍ਰਾਸ ਨਿਵਾਰਿ=ਡਰ ਦੂਰ ਕਰਕੇ।

ਉਹ ਮੂਰਖ ਰਾਜਾ ਇਸਤਰੀਆਂ ਦੇ ਰਹਿਸ ਨੂੰ ਨ ਸਮਝ ਸਕਿਆ ਅਤੇ ਮਨ ਦਾ ਡਰ ਦੂਰ ਕਰਨ ਵਾਸਤੇ ਉਸ ਅਪਣੀਆਂ ਦੋਵੇਂ ਇਸਤਰੀਆਂ ਦਾਨ ਵਿਚ ਦੇ ਦਿੱਤੀਆਂ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਾਂਚ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੦੫।।੫੮੬੪।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਜਵੀਂ ਕਥਾ ਸਮਾਪਤ।।੩੦੫।।੫੮੬੪।।ਚਲਦਾ।।

# ਚਲਿੱਤਰ ਤਿੰਨ ਸੌ ਛੇਵਾਂ
# ਕਥਾ ਦੁਦੰਬ ਦੇਵੀ

## ਚੌਪਈ।। ਬਹੜਾਇਚਿ ਕੋ ਦੇਸ ਬਸਤ ਜਹ।। ਧੁੰਧਪਾਲ ਨ੍ਰਿਪ ਬਸਤ ਹੋਤ ਤਹ।।

Namdhari Elibrary NamdhariElibrary@gmail.com

**ਦੁੰਦਬ ਦੇ ਤਾਕੇ ਘਰ ਰਾਨੀ॥ ਜਾਕੀ ਸਮ ਸੁੰਦਰਿ ਨ ਸੱਕ੍ਰਾਨੀ॥ ੧॥**

ਪਦ ਅਰਥ - ਦੁੰਦਬ ਦੇ=ਦੁੰਦਬ ਦੇਵੀ। ਸੱਕ੍ਰਾਨੀ=ਇੰਦਰ ਦੀ ਇਸਤਰੀ।

ਜਿਥੇ ਬਹੜਾਇਚ ਦੇਸ਼ ਵੱਸਦਾ ਸੀ ਉਥੇ ਰਾਜਾ ਧੁੰਧਪਾਲ ਰਹਿੰਦਾ ਸੀ। ਉਸ ਦੇ ਘਰ ਦੁੰਦਬ ਦੇਵੀ ਰਾਣੀ ਸੀ ਜਿਸ ਵਰਗੀ ਇੰਦਰ ਦੀ ਵੀ ਇਸਤਰੀ ਨਹੀਂ ਸੀ॥੧॥

**ਤਹਿਕ ਸੁ ਲੱਛਨ ਰਾਇ ਬਖਨਿਯਤ॥ ਛੱਤ੍ਰੀ ਕੋ ਤਿਹ ਪੂਤ ਪ੍ਰਮਨਿਯਤ॥**
**ਤਾਕੇ ਤਨ ਸੁੰਦਰਤਾ ਘਨੀ॥ ਮੋਰ ਬਦਨ ਤੇ ਜਾਤ ਨ ਭਨੀ॥ ੨॥**

ਪਦ ਅਰਥ - ਘਨੀ=ਬਹੁਤ। ਬਦਨ=ਮੂੰਹ ਤੋਂ। ਭਨੀ=ਆਖੀ।

ਉਥੇ ਇਕ ਸੁਲੱਖਣ ਰਾਏ ਨਾਮੀਂ ਖੱਤਰੀ ਪੁੱਤਰ ਜਾਣਿਆ ਜਾਂਦਾ ਸੀ। ਉਹ ਏਨਾ ਸੁੰਦਰ ਸੀ ਕਿ ਮੈਂ ਉਸ ਦਾ ਬਿਆਨ ਨਹੀਂ ਕਰ ਸਕਦਾ॥੨॥

**ਤਾਸੌ ਬਧੀ ਕੁਅਰਿ ਕੀ ਪ੍ਰੀਤਾ॥ ਜੈਸੀ ਭਾਂਤਿ ਰਾਮ ਸੋ ਸੀਤਾ॥**
**ਰੈਨਿ ਦਿਵਸ ਤਿਹ ਬੋਲਿ ਪਠਾਵੈ॥ ਸ਼ੰਕ ਤਜਾਗ ਤ੍ਰਿਯ ਭੋਗ ਮਚਾਵੈ॥ ੩॥**

ਉਸ ਰਾਣੀ ਦੀ ਉਸ ਨਾਲ ਅਜਿਹੀ ਪ੍ਰੀਤ ਹੋ ਗਈ ਜਿਵੇਂ ਸੀਤਾ ਅਤੇ ਰਾਮ ਦੀ ਸੀ। ਉਹ ਰਾਤ ਦਿਨ ਉਸ ਨੂੰ ਬੁਲਵਾ ਲੈਂਦੀ ਸੀ ਅਤੇ ਬਗੈਰ ਕਿਸੇ ਸੰਕੋਚ ਦੇ ਉਸ ਨਾਲ ਰਮਣ ਕਰਦੀ ਸੀ॥੩॥

**ਇਕ ਦਿਨ ਖਬਰਿ ਨ੍ਰਿਪਤਿ ਕਹ ਭਈ॥ ਭੇਦੀ ਕਿਨਹਿ ਬ੍ਰਿਥਾ ਕਹਿ ਦਈ॥**
**ਅਧਿਕ ਕੋਪ ਕਰਿ ਗਯੋ ਨ੍ਰਿਪਤਿ ਤਹ॥ ਭੋਗਤ ਹੁਤੀ ਜਾਰ ਕਹ ਤ੍ਰਿਯ ਜਹ॥ ੪॥**

ਇਕ ਦਿਨ ਰਾਜੇ ਨੂੰ ਕਿਸੇ ਸੂਹੀਏ ਦੁਆਰਾ ਇਹ ਖਬਰ ਪਹੁੰਚ ਗਈ। ਰਾਜਾ ਬਹੁਤ ਗੁੱਸੇ ਵਿਚ ਆ ਕੇ ਉਥੇ ਪਹੁੰਚ ਗਿਆ ਜਿਥੇ ਇਸਤਰੀ ਆਪਣੇ ਪ੍ਰੇਮੀ ਨਾਲ ਭੋਗ ਕਰ ਰਹੀ ਸੀ॥੪॥

**ਰਾਨੀ ਭੇਦ ਪਾਇ ਅਸ ਕੀਯਾ॥ ਬਾਂਧਿ ਔਧ ਸਿਹਜਾ ਤਰ ਲੀਯਾ॥**
**ਰਾਵ ਸਹਿਤ ਊਪਰਹਿ ਬਹਿਠੀ॥ ਭਾਂਤਿ ਭਾਂਤਿ ਤਨ ਹੋਇ ਇਕਠੀ॥ ੫॥**

ਰਾਣੀ ਨੂੰ ਜਦ ਪਤਾ ਲੱਗਾ ਤਾਂ ਉਸ ਆਪਣੇ ਮਿਤੱਰ ਨੂੰ ਪਲੰਘ ਦੇ ਥੱਲੇ ਮੂਧਾ ਬੰਨ੍ਹ ਲਿਆ। ਹੁਣ ਉਹ ਰਾਜਾ ਸਮੇਤ ਪਲੰਘ ਤੇ ਬੈਠ ਗਈ ਅਤੇ ਕਈ ਪ੍ਰਕਾਰ ਨਾਲ ਉਸ ਨੂੰ ਜੱਫੀਆਂ ਪਾਉਣ ਲੱਗੀ॥੫॥

**ਰਤਿ ਮਾਨੀ ਨ੍ਰਿਪ ਸਾਥ ਬਨਾਈ॥ ਮੂਰਖ ਕੰਤ ਬਾਤ ਨਹਿ ਪਾਈ॥**
**ਰੀਝਿ ਰਹਾ ਅਬਲਾ ਕਹ ਭਜਿਕੈ॥ ਭਾਂਤਿ ਭਾਂਤਿ ਕੇ ਆਸਨ ਸਜਿਕੈ॥ ੬॥**

ਰਾਜੇ ਨਾਲ ਉਸ ਕਾਮ ਕ੍ਰੀੜਾ ਕੀਤੀ, ਪਰ ਮੂਰਖ ਰਾਜਾ ਕੁਝ ਵੀ ਸਮਝ ਨ ਸਕਿਆ। ਉਹ ਇਸਤਰੀ ਨਾਲ ਭਿੰਨ ਭਿੰਨ ਪ੍ਰਕਾਰ ਦੇ ਆਸਣਾਂ ਰਾਹੀਂ ਰਮਣ ਕਰਕੇ ਬਹੁਤ ਖੁਸ਼ ਹੋ ਗਿਆ॥੬॥

**ਭੋਗ ਕਮਾਤ ਅਧਿਕ ਥਕਿ ਗਯੋ॥ ਸੋਵਤ ਸੇਜ ਤਿਸੀ ਪਰ ਭਯੋ॥**
**ਜੌ ਨ੍ਰਿਚੇਸ਼ਟ ਤ੍ਰਿਯ ਪਿਯ ਲਖਿ ਪਾਯੋ॥ ਜਾਰਿ ਕਾਢਿ ਕਰਿ ਧਾਮ ਪਠਾਯੋ॥੭॥**

ਪਦ ਅਰਥ – ਨ੍ਰਿਚੇਸ਼ਟ=ਸੌਂ ਗਿਆ। ਲਖਿ ਪਾਯੋ=ਵੇਖਿਆ। ਧਾਮ ਪਠਾਯੋ=ਘਰ ਭੇਜ ਦਿੱਤਾ।

ਜਦ ਕਾਮ ਕ੍ਰੀੜਾ ਕਰਦਾ ਥੱਕ ਗਿਆ ਤਾਂ ਉਸੇ ਪਲੰਘ ਦੇ ਉਤੇ ਸੌਂ ਗਿਆ। ਜਦ ਇਸਤਰੀ ਨੇ ਵੇਖਿਆ ਕਿ ਰਾਜਾ ਸੌਂ ਗਿਆ ਹੈ ਤਾਂ ਯਾਰ ਨੂੰ ਹੇਠੋਂ ਕਢ ਕੇ ਘਰ ਭੇਜ ਦਿੱਤਾ॥੭॥

**ਦੋਹਰਾ॥ ਜਾਗਿ ਖੋਜਿ ਨ੍ਰਿਪ ਘਰ ਥਕਾ ਜਾਰਨ ਲਹਿਯੋ ਨਿਕਾਰਿ॥**
**ਭੇਦ ਦਿਯੋ ਜਿਹ ਜਾਨ ਤਿਹ ਝੂਠੋ ਹਨਜੋ ਗਵਾਰ॥ ੮॥ ੧॥**

ਪਦ ਅਰਥ - ਜਾਰ ਨ ਲਹਿਯੋ ਨਿਕਾਰਿ=ਯਾਰ ਨੂੰ ਨ ਲੱਭ ਸਕਿਆ। ਹਨਜੋ=ਮਾਰ ਦਿੱਤਾ। ਗਵਾਰ=ਮੂਰਖ।

ਜਾਗ ਕੇ ਰਾਜੇ ਨੇ ਬਹੁਤ ਖੋਜ ਭਾਲ ਕੀਤੀ, ਪਰ ਯਾਰ ਉਸ ਨੂੰ ਕਿਤੇ ਨ ਲੱਭਾ। ਜਿਸ ਸੂਹੀਏ ਨੇ ਉਸ ਨੂੰ ਭੇਤ ਦਿੱਤਾ ਸੀ ਉਸ ਨੂੰ ਹੀ ਮੂਰਖ ਨੇ ਫਜ਼ੂਲ ਵਿਚ ਮਾਰ ਦਿੱਤਾ॥੮॥੧॥

ਇਤਿ ਸੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛੈ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੦੬॥੫੮੭੨॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛੇਵੀਂ ਕਥਾ ਸਮਾਪਤ॥੩੦੬॥੫੮੭੨॥

## *ਚਲਿੱਤਰ ਤਿੰਨ ਸੌ ਸਤਵਾਂ*

## *ਕਥਾ ਸੁਘਨਾਮਤੀ*

**ਚੌਪਈ॥ ਭੈਰੋਪਾਲ ਸੁਨਾ ਇਕ ਰਾਜਾ॥ ਰਾਜ ਪਾਟ ਤਾਹੀ ਕਹ ਛਾਜਾ॥**
**ਚਪਲਾਵਤੀ ਸੁਨੀ ਤਿਹ ਤ੍ਰਿਯ ਬਰ॥ ਹੁਤੀ ਪੰਡਿਤਾ ਸਕਲ ਹੁਨਰ ਕਰਿ॥੧॥**

ਭੈਰੋਪਾਲ ਇਕ ਰਾਜਾ ਸੀ ਜਿਸ ਦਾ ਰਾਜ ਪਾਟ ਚਾਰੇ ਪਾਸੇ ਛਾਇਆ ਹੋਇਆ ਸੀ। ਉਸ ਦੀ ਸ੍ਰੇਸ਼ਟ ਇਸਤਰੀ ਦਾ ਨਾਂ ਚਪਲਾਵਤੀ ਸੀ ਜਿਹੜੀ ਕਿ ਸਾਰੀਆਂ ਕਲਾਵਾਂ ਵਿਚ ਨਿਪੁੰਨ ਸੀ॥੧॥

**ਅੱਦ੍ਰਪਾਲ ਇਕ ਨ੍ਰਿਪਤਿ ਪਰੋਸਾ॥ ਦੇਗ ਤੇਗ ਕੋ ਜਾਹਿ ਭਰੋਸਾ॥**

**ਸੁਘਨਾਵਤੀ ਸੁਤਾ ਇਕ ਤਾਕੀ।। ਰੋਸ਼ਨ ਭਯੋ ਜੋਤਿ ਸਸਿ ਵਾਕੀ।। ੨।।**

ਪਦ ਅਰਥ - ਪਰੋਸ=ਪੜੋਸੀ, ਗੁਆਂਢੀ। ਸਸਿ ਵਾਕੀ=ਚੰਦ ਵਰਗਾ।

ਗਵਾਂਢ ਵਿਚ ਹੀ ਇਕ ਅਦਰਪਾਲ ਨਾਮੀਂ ਰਾਜਾ ਰਾਜ ਕਰਦਾ ਸੀ ਜਿਹੜਾ ਕਿ ਦੇਗ ਤੇਗ਼ ਦਾ ਪੂਰਾ ਧਨੀ ਸੀ। ਉਸ ਦੀ ਇਕ ਪੁੱਤਰੀ ਸੁਘਨਾਵਤੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋ ਚੰਦ ਵੀ ਉਸ ਤੋਂ ਰੌਸ਼ਨੀ ਲੈਂਦਾ ਹੋਵੇ।।੨।।

**ਇਕ ਦਿਨ ਨਿਕਸਾ ਨ੍ਰਿਪਤਿ ਸ਼ਿਕਾਰਾ।।ਲਏ ਸ੍ਵਾਨ ਸੀਚਾਨ ਹਜਾਰਾ।।**
**ਚੀਤਾ ਔਰ ਜਾਰਿਯਨ ਲੀਨੇ।। ਸਜਾਹ ਗੋਸ ਨਹਿ ਜਾਂਹਿ ਸੁ ਚੀਨੇ।। ੩।।**

ਪਦ ਅਰਥ - ਸ੍ਵਾਨ=ਕੁੱਤੇ। ਸੀਚਾਨ=ਬਾਜ਼। ਜਾਰਿਯਨ=ਮਸਾਲਾਂ। ਸਜਾਹ ਗੋਸ=ਕਾਲੇ ਕੰਨਾਂ ਵਾਲੇ।

ਇਕ ਦਿਨ ਰਾਜਾ ਹਜ਼ਾਰਾਂ ਕੁੱਤੇ ਅਤੇ ਬਾਜ਼ ਲੈ ਕੇ ਸ਼ਿਕਾਰ ਖੇਡਣ ਗਿਆ। ਉਸ ਆਪਣੇ ਨਾਲ ਪਾਲਤੂ ਚੀਤੇ, ਮਸਾਲਾਂ ਬਾਲਣ ਵਾਲੇ ਵਿਅਕਤੀ ਅਤੇ ਹੋਰ ਕਾਲੇ ਕੰਨਾਂ ਵਾਲੇ ਸ਼ਿਕਾਰੀ ਜਾਨਵਰ ਨਾਲ ਲੈ ਲਏ।।੩।।

**ਲਗਰ ਝਗਰ ਜੁਰਰਾ ਅਰੁ ਬਾਜਾ।। ਬਹਰੀ ਕੁਹੀ ਸਿਚਾਨ ਸਮਾਜਾ।।**
**ਬਾਸੇ ਔਰ ਬਸੀਨੈ ਘਨੀ।। ਚਿਪਕ ਧੂਤਿਯੈਂ ਜਾਂਹਿ ਨ ਗਨੀ।। ੪।।**

ਉਸ ਅਨੇਕਾਂ ਪ੍ਰਕਾਰ ਦੇ ਬਾਜ਼ ਲਏ ਜਿਨ੍ਹਾਂ ਵਿਚ ਲਗਰ, ਬਹਿਰੀ, ਕੂਹੀ, ਸੀਚਾਨ ਆਦਿ ਵੀ ਸ਼ਾਮਲ ਸਨ। ਇਸ ਤੋਂ ਉਪਰੰਤ ਉਸ ਬਾਸ, ਬਸੀਨ, ਚਿਪਕ, ਧੂਤੀਏ ਆਦਿ ਅਣਗਿਣਤ ਪਸ਼ੂ ਅਤੇ ਪੰਛੀ ਲਏ।।੪।।

**ਭਾਂਤਿ ਭਾਂਤਿ ਤਨ ਖੇਲ ਸ਼ਿਕਾਰਾ।। ਅਧਿਕ ਮ੍ਰਿਗਨ ਕਹ ਖੇਦਿ ਪਛਾਰਾ।।**
**ਤਬ ਲਗਿ ਦ੍ਰਿਸ਼ਟਿ ਬਰਾਹਿਕ ਆਯੋ।। ਤਿਹ ਪਾਛੇ ਤਿਹ ਤੁਰੰਗ ਧਵਾਯੋ।। ੫।।**

ਕਈ ਢੰਗਾਂ ਨਾਲ ਸ਼ਿਕਾਰ ਖੇਡ ਕੇ ਉਸ ਹਿਰਨਾਂ ਨੂੰ ਭੱਜਾ ਕੇ ਮਾਰ ਦਿੱਤਾ। ਫਿਰ ਇਕ ਸੂਰ ਨਜ਼ਰੀਂ ਪਿਆ, ਉਸ ਦੇ ਪਿਛੇ ਉਸ ਆਪਣਾ ਘੋੜਾ ਲਾ ਦਿੱਤਾ।।੫।।

**ਜਾਤ ਭਯੋ ਤਾਹੀ ਕੇ ਦੇਸਾ।। ਹਾਂਕਿ ਤੁਰੰਗ ਪਵਨ ਕੇ ਭੇਸਾ।।**
**ਸੁਘਨਾਵਤੀ ਲਖਾ ਜਬ ਤਾਕੌਂ।।ਲਯੋ ਬੁਲਾਇ ਤਹੀ ਤੇ ਵਾਕੌਂ।।੬।।**

ਹੁਣ ਉਹ ਹਵਾ ਦੀ ਰਫਤਾਰ ਨਾਲ ਘੋੜੇ ਨੂੰ ਭਜਾਉਂਦਾ ਹੋਇਆ ਆਪਣੇ ਗੁਆਂਢੀ ਦੇਸ਼ ਵਿਚ ਹੀ ਪਹੁੰਚ ਗਿਆ। ਜਦ ਉਹ ਰਾਜੇ ਦੀ ਲੜਕੀ ਸੁਘਨਾਵਤੀ ਦੇ ਮਹੱਲ ਦੇ ਲਾਗੇ ਦੀ ਲੰਘਿਆ ਤਾਂ ਸੁਘਨਾਵਤੀ ਨੇ ਉਸ ਨੂੰ ਵੇਖ ਕੇ ਬੁਲਾ ਲਿਆ।।੬।।

*************************************************************

**ਧੌਲਰ ਤਰ ਕਮੰਦ ਲਰਕਾਈ।। ਲਯੋ ਤਿਸੌ ਤਿਹ ਪੈਂਡ ਚੜ੍ਹਾਈ।।**
**ਕਾਮ ਭੋਗ ਅਤਿ ਰੁਚ ਕਰਿ ਮਾਨਾ।। ਭੇਦ ਦੂਸਰੇ ਮਨੁੱਖ ਨ ਜਾਨਾ।। ੭।।**

ਪਦ ਅਰਥ - ਧੌਲਰ=ਮਹਿਲ। ਕਮੰਦ=ਰਸਾ। ਲਰਕਾਈ=ਲਮਕਾਇਆ। ਪੈਂਡ=ਖਿੱਚ ਕੇ।

ਮਹਲ ਦੇ ਥੱਲੇ ਕਮੰਦ ਸੁਟ ਕੇ ਰਾਜੇ ਨੂੰ ਖਿੱਚ ਕੇ ਉੱਪਰ ਚੜ੍ਹਾ ਲਿਆ। ਉਸ ਨਾਲ ਰੁਚੀ ਅਨੁਸਾਰ ਕਾਮ ਕ੍ਰੀੜਾ ਕੀਤੀ ਅਤੇ ਦੂਸਰੇ ਨੂੰ ਪਤਾ ਵੀ ਨ ਲੱਗ ਸਕਿਆ।।੭।।

**ਤਬ ਤਿਹ ਪਿਤ ਯੌਂ ਹ੍ਰਿਦੈ ਬਿਚਾਰਾ।। ਨਿਜੁ ਰਾਨੀ ਕੇ ਸਾਥ ਉਚਾਰਾ।।**
**ਹਮ ਤੁਮ ਆਉ ਸੁਤਾ ਕੇ ਜਾਹੀ।। ਦੁਹਿਤਾ ਹੋਇ ਖੁਸ਼ੀ ਮਨ ਮਾਹੀ।। ੮।।**

ਤਦ ਉਸ ਦੇ ਪਿਤਾ ਨੇ ਮਨ ਵਿਚ ਵਿਚਾਰ ਕਰਕੇ ਰਾਣੀ ਨੂੰ ਕਿਹਾ ਕਿ ਅਜ ਅਸੀਂ ਪੁੱਤਰੀ ਦੇ ਘਰ ਚਲੀਏ, ਉਹ ਸਾਨੂੰ ਵੇਖ ਕੇ ਖੁਸ਼ ਹੋ ਜਾਵੇਗੀ।।੮।।

**ਤਬ ਵੈ ਦੋਊ ਸੁਤਾ ਕੇ ਗਏ।। ਤਾਕੇ ਪ੍ਰਾਪਤਿ ਦ੍ਵਾਰ ਪਰ ਭਏ।।**
**ਸੁਘਨਾ ਮਤੀ ਤਿਹ ਲਖਿ ਦੁਖ ਪਾਯੋ।। ਅਧਿਕ ਅਸ਼ਰਫੀ ਕਾਢਿ ਮੰਗਾਯੋ।। ੯।।**

ਤਦ ਉਹ ਦੋਵੇਂ ਪੁੱਤਰੀ ਦੇ ਦਰਵਾਜ਼ੇ ਤੇ ਪਹੁੰਚ ਗਏ। ਸੁਘਨਾਵਤੀ ਨੇ ਜਦ ਉਨ੍ਹਾਂ ਨੂੰ ਵੇਖਿਆ ਤਾਂ ਉਹ ਬਹੁਤ ਦੁਖੀ ਹੋਈ। ਤਦ ਉਸ ਕਾਫੀ ਅਸ਼ਰਫੀਆਂ ਮੰਗਵਾਈਆਂ।।੯।।

**ਔਰ ਅਧਿਕ ਤਿਨ ਅਤਿਥ ਬੁਲਾਏ।। ਏਕ ਏਕ ਦੈ ਮੁਹਰ ਪਠਾਏ।।**
**ਤਿਨ ਕੇ ਮਾਂਹਿ ਨ੍ਰਿਪਤਿ ਕਰ ਮੰਗਨਾ।। ਦੈ ਸਤ ਮੁਹਰ ਨਿਕਾਰਯੋ ਅੰਗਨਾ।। ੧੦।।**

ਪਦ ਅਰਥ - ਅਤਿਥ ਬੁਲਾਏ=ਸਾਧੂ ਬੁਲਾਏ। ਪਠਾਏ=ਭੇਜ ਦਿੱਤੇ।

ਉਸ ਸਾਧ ਸੰਤਾਂ ਨੂੰ ਮੰਗਵਾਇਆ ਅਤੇ ਸਭ ਨੂੰ ਇਕ ਇਕ ਅਸ਼ਰਫੀ ਦੇ ਕੇ ਤੋਰ ਦਿੱਤਾ। ਉਨ੍ਹਾਂ ਦੇ ਵਿਚ ਹੀ ਉਸ ਰਾਜੇ ਨੂੰ ਵੀ ਫਕੀਰ ਬਣਾ ਕੇ ਸਤ ਮੁਹਰਾਂ ਦੇ ਕੇ ਵਿਦਾ ਕਰ ਦਿੱਤਾ।।੧੦।।

**ਮੁਰ ਪਰਵਾਰ ਲਖਜੋ ਇਨ ਰਾਜਾ।। ਏਤੋ ਦਯੋ ਦਰਬ ਬਿਨੁ ਕਾਜਾ।।**
**ਤਾਤੇ ਦੁਗੁਨ ਤਵਨ ਕਹ ਦਯੋ।। ਭੇਦ ਅਭੇਦ ਨ ਜਾਨਤ ਭਯੋ।। ੧੧।।**

ਉਸ ਦੇ ਪਿਤਾ ਨੇ ਸੋਚਿਆ ਕਿ ਇਹ ਮੇਰੇ ਪਰਿਵਾਰ ਦੀ ਰਾਜ ਕੁਮਾਰੀ ਹੈ, ਇਸ ਕਰਕੇ ਇਸ ਏਨਾ ਧਨ ਫਜ਼ੂਲ ਹੀ ਦਾਨ ਕਰ ਦਿੱਤਾ ਹੈ। ਮੂਰਖ ਨੇ ਅਸਲ ਭੇਤ ਨੂੰ ਸਮਝਣ ਤੋਂ ਬਗੈਰ ਹੀ ਉਸ ਨੂੰ ਦੁਗਣਾ ਧਨ ਦੇ ਦਿੱਤਾ।।੧੧।।

**ਦੋਹਰਾ।। ਰਾਜ ਸੁਤਾ ਪਿਯ ਮਿੱਤ੍ਰ ਕੌ ਇਹ ਛਲ ਅਤਿਥ ਬਨਾਇ।।**

*************************************************************
ਦੈ ਅਸ਼ਰਫੀ ਨਿਕਾਰਿਯੋ ਭੇਦ ਨ ਜਾਨਾ ਰਾਇ।। ੧੨।।

ਰਾਜਕੁਮਾਰੀ ਨੇ ਆਪਣੇ ਪਿਆਰੇ ਮਿੱਤਰ ਨੂੰ ਛੱਲ ਕਰਕੇ ਸਾਧੂ ਫਕੀਰ ਬਣਾ ਕੇ ਅਸ਼ਰਫੀਆਂ ਦਾਨ ਕਰਕੇ ਕੱਢ ਦਿੱਤਾ ਅਤੇ ਰਾਜਾ ਵੀ ਇਸ ਛੱਲ ਨੂੰ ਸਮਝ ਨਹੀਂ ਸਕਿਆ।।੧੨।।

ਮਨ ਮਾਨਤ ਕੋ ਭੋਗ ਕਰਿ ਪਿਤ ਅਰੁ ਮਾਤ ਦਿਖਾਇ।।
ਇਹ ਛਲ ਸੌ ਕਾਢਾ ਤਿਸੈ ਤਿਸੈ ਨ ਗਹਜੋ ਬਨਾਇ।। ੧੩।। ੧।।

ਮਨ ਮਰਜ਼ੀ ਨਾਲ ਭੋਗ ਬਿਲਾਸ ਕਰਕੇ ਆਪਣੇ ਮਾਤਾ ਪਿਤਾ ਦੇ ਸਾਹਮਣੇਂ ਹੀ ਛੱਲ ਕਰਕੇ ਉਸ ਨੂੰ ਕੱਢ ਦਿੱਤਾ ਅਤੇ ਉਸ ਨੂੰ ਕੋਈ ਵੀ ਨ ਫੜ ਸਕਿਆ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਾਤ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੦੭।।੫੮੮੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਵੀਂ ਕਥਾ ਸਮਾਪਤ।।੩੦੭।।੫੮੮੫।।ਚਲਦਾ।।

## ਚਲਿੱਤੰਰ ਦੋ ਸੌ ਅੱਠਵਾਂ
## ਕਥਾ ਫੁਟ ਬੇਸਰੀ ਦੇਵੀ

ਚੌਪਈ।। ਕੋਚ ਬਿਹਾਰ ਸ਼ਹਿਰ ਜਹ ਬਸੈ।। ਅਮਰਾਵਤੀ ਪੁਰੀ ਕਹ ਹਸੈ।।
ਬ੍ਰਿੱਧਕੇਤ ਤਿਹ ਭੂਪ ਭਨਿੱਜੈ।। ਕੋ ਰਾਜਾ ਪਟਤਰ ਤਿਹ ਦਿੱਜੈ।। ੧।।

ਪਦ ਅਰਥ - ਪਟਤਰ=ਬਰਾਬਰ। ਭਨਿੱਜੈ=ਕਿਹਾ ਜਾਂਦਾ ਸੀ, ਸੁਣਿਆ ਜਾਂਦਾ ਸੀ।

ਕੂਚ ਬਿਹਾਰ ਨਾਮੀਂ ਸ਼ਹਿਰ ਏਨਾ ਸੁੰਦਰ ਸੀ ਕਿ ਅਮਰਵਤੀ (ਸਵਰਗ) ਵੀ ਉਸ ਦੇ ਸਾਹਮਣੇ ਤੁਛ ਸੀ। ਬ੍ਰਹਦਕੇਤ ਉਥੋਂ ਦਾ ਰਾਜਾ ਸੀ ਜਿਸ ਦੇ ਬਰਾਬਰ ਹੋਰ ਕੋਈ ਰਾਜਾ ਨਹੀਂ ਸੀ। ਕੋਈ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ।।੧।।

ਸ੍ਰੀ ਫੁਟ ਬੇਸਰਿ ਦੇ ਤਹ ਦਾਰਾ।। ਜਿਹ ਸਮ ਦੇਵ ਨ ਦੇਵ ਕੁਮਾਰਾ।।
ਤਾਕੋ ਜਾਤ ਨ ਰੂਪ ਉਚਾਰਾ।। ਦਿਵਸ ਭਯੋ ਤਾਤੇ ਉਜਿਯਾਰਾ।।੨।।

ਉਸ ਦੀ ਪਤਨੀ ਫੁਟਬੇਸਰੀ ਦੇਵੀ ਸੀ ਜਿਸ ਦੀ ਸੁੰਦਰਤਾ ਦਾ ਮੁਕਾਬਲਾ ਕੋਈ ਦੇਵ ਇਸਤਰੀ ਵੀ ਨਹੀਂ ਕਰ ਸਕਦੀ ਸੀ। ਉਸ ਦੇ ਰੂਪ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਲਗਦਾ ਸੀ ਜਿਵੇਂ ਦਿਨ ਦੀ ਰੌਸ਼ਨੀ ਵੀ ਉਸੇ ਕਰਕੇ ਹੋਵੇ।।੨।।

ਹਾਜੀ ਰਾਇ ਤਹਾਂ ਖਤਿਰੇਟਾ।। ਇਸ਼ਕ ਮੁਸ਼ਕ ਕੇ ਸਾਥ ਲਪੇਟਾ।।

Namdhari Elibrary NamdhariElibrary@gmail.com

**ਤਾਕੀ ਜਾਤ ਨ ਪ੍ਰਭਾ ਉਚਾਰੀ॥ ਫੂਲਿ ਰਹੀ ਜਾਨੁਕ ਫੁਲਵਾਰੀ॥ ੩॥**

ਉਥੇ ਇਕ ਹਾਜੀ ਰਾਏ ਨਾਮੀਂ ਖੱਤਰੀ ਰਹਿੰਦਾ ਸੀ ਜਿਹੜਾ ਇਸ਼ਕ ਮੁਸ਼ਕ ਵਿਚ ਗਲਤਾਨ ਰਹਿੰਦਾ ਸੀ। ਉਸ ਦੀ ਸੁੰਦਰ ਸ਼ਕਲ ਬਾਰੇ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਇਸ ਤਰ੍ਹਾਂ ਮਨਮੋਹਣਾਂ ਸੀ ਜਿਵੇ ਕਿ ਫੁਲਵਾੜੀ ਖਿੜੀ ਹੋਵੇ॥੩॥

**ਸ੍ਰੀ ਫੁਟ ਬੇਸਰਿ ਦੇ ਤਿਹ ਲਹਾ॥ ਇਹ ਬਿਧਿ ਚਿਤ ਅਪਨੇ ਮਹਿ ਕਹਾ॥**
**ਕੈ ਅਬ ਮਰੌ ਕਟਾਰੀ ਹਨਿਕੈ॥ ਕੈ ਇਹ ਭਜੌਂ ਆਜੁ ਬਨਿ ਠਨਿਕੈ॥ ੪॥**

ਰਾਣੀ ਫੁਟਬੇਸਰੀ ਦੇਵੀ ਨੇ ਜਦ ਉਸ ਨੂੰ ਵੇਖਿਆ ਤਾਂ ਮਨ ਵਿਚ ਸੋਚਿਆ ਕਿ ਜਾਂ ਤਾਂ ਅਜ ਹੀ ਕਟਾਰ ਮਾਰ ਕੇ ਮਰ ਜਾਵਾਂਗੀ ਜਾਂ ਅਜ ਹੀ ਬਣ ਠਣ ਕੇ ਇਸ ਨਾਲ ਰਮਣ ਕਰਾਂਗੀ॥੪॥

**ਦੋਹਰਾ॥ ਮਸਿ ਭੀਜਤ ਤਿਹ ਬਦਨ ਪਰ ਅਤਿ ਸੁੰਦਰ ਸਰਬੰਗ॥**
**ਕਨਕ ਅਵਟਿ ਸਾਂਚੇ ਢਰਜੋ ਲੂਟੀ ਪ੍ਰਭਾ ਅਨੰਗ॥ ੫॥**

ਪਦ ਅਰਥ - ਮਸਿ ਭੀਜਤ=ਮੁੱਛ ਫੁਟ। ਕਨਕ=ਸੋਨਾ। ਪ੍ਰਭਾ=ਆਭਾ, ਸੋਭਾ, ਸੁੰਦਰਤਾ। ਅਨੰਗ= ਕਾਮਦੇਵ।

ਹਾਲੇ ਉਸਦੀਆਂ ਮੁੱਛਾਂ ਫੁਟ ਹੀ ਰਹੀਆਂ ਸਨ ਅਤੇ ਉਹ ਅਪਾਰ ਸੁੰਦਰ ਸੀ। ਉਹ ਮਾਨੋ ਸੋਨੇ ਦੇ ਸੱਚੇ ਵਿਚ ਢਾਲਿਆ ਗਿਆ ਹੋਵੇ ਅਤੇ ਉਸ ਨੇ ਜਿਵੇਂ ਕਾਮ ਦੇਵ ਦੀ ਸੁੰਦਰਤਾ ਵੀ ਲੁੱਟ ਲਈ ਹੋਵੇ॥੫॥

**ਚੌਪਈ॥ ਸੁਘਰਿ ਸਹਚਰੀ ਤਹਾਂ ਪਠਾਈ॥ ਛਲ ਸੌ ਤਾਂਹਿ ਤਹਾਂ ਲੈ ਆਈ॥**
**ਜਬ ਤਿਹ ਹਾਥ ਚਲਾਯੋ ਰਾਨੀ॥ ਹਾਜੀ ਰਾਇ ਬਾਤ ਨਹਿ ਮਾਨੀ॥ ੬॥**

ਉਸ ਨੇ ਉਹਦੇ ਪਾਸ ਇਕ ਸਿਆਣੀ ਦਾਸੀ ਭੇਜੀ ਜਿਹੜੀ ਉਸ ਨੂੰ ਛੱਲ ਨਾਲ ਰਾਣੀ ਕੋਲ ਲੈ ਆਈ, ਜਦ ਰਾਣੀ ਨੇ ਉਹਦੇ ਵਲ ਹੱਥ ਵਧਾਇਆ ਤਾਂ ਹਾਜੀ ਰਾਏ ਨੇ ਬਿਲਕੁਲ ਇਨਕਾਰ ਕਰ ਦਿੱਤਾ॥੬॥

**ਅਬਲਾ ਕੋਟਿ ਜਤਨ ਕਰਿ ਹਾਰੀ॥ ਦਜੋਹੂੰ ਨ ਭਜੀ ਤਾਹਿ ਨ੍ਰਿਪ ਨਾਰੀ॥**
**ਹਾਇ ਹਾਇ ਗਿਰਿ ਭੂਮ ਉਚਾਰਾ॥ ਮੁਰ ਕਰੇਜ ਡਾਇਨੀ ਨਿਹਾਰਾ॥ ੭॥**

ਉਹ ਇਸਤਰੀ ਬਹੁਤ ਜ਼ੋਰ ਲਾ ਹੱਟੀ, ਪਰ ਉਹ ਖੱਤਰੀ ਕਿਸੇ ਤਰ੍ਹਾਂ ਵੀ ਉਸ ਰਾਣੀ ਨਾਲ ਰਮਣ ਕਰਨਾ ਨ ਮੰਨਿਆ। ਉਹ ਰਾਣੀ ਫਿਰ ਧਰਤੀ ਉਤੇ ਡਿੱਗ ਕੇ 'ਹਾਏ ਹਾਏ' ਕਰਨ ਲੱਗੀ ਅਤੇ ਕਹਿਣ ਲੱਗੀ ਕਿ ਮੈਨੂੰ ਡੈਣ ਨੇ ਕਲੇਜੇ ਉਤੇ ਚੜ੍ਹ ਕੇ ਦਬਾ ਲਿਆ ਹੈ॥੭॥

ਤਿਹ ਤ੍ਰਿਯ ਬਸਤ੍ਰ ਹੁਤੇ ਪਹਿਰਾਏ।। ਡਾਇਨ ਸੁਨਤ ਲੋਗ ਉਠਿ ਧਾਏ।।
ਜਬ ਗਹਿ ਤਾਹਿ ਬਹੁਤ ਬਿਧਿ ਮਾਰਾ।। ਤਬ ਤਿਨ ਮਨਾ ਜੁ ਤ੍ਰਿਯਾ ਉਚਾਰਾ।। ੮।।

ਉਸ ਖਤਰੀ ਨੂੰ ਰਾਣੀ ਨੇ ਇਸਤਰੀ ਦੇ ਕੱਪੜੇ ਪਵਾਏ ਹੋਏ ਸਨ। ਡੈਣ ਦੀ ਗੱਲ ਸੁਣ ਕੇ ਸਾਰੇ ਲੋਕ ਭੱਜੇ ਆਏ ਅਤੇ ਉਸ ਖੱਤਰੀ ਨੂੰ ਡੈਣ ਸਮਝ ਕੇ ਬਹੁਤ ਮਾਰਿਆ ਅਤੇ ਉਸ ਇਸਤਰੀ ਨੇ ਜੋ ਕਿਹਾ ਉਸ ਨੂੰ ਸੱਚ ਮੰਨ ਲਿਆ।।੮।।

ਤਬ ਲਗਿ ਤਹਾਂ ਨ੍ਰਿਪਤਿ ਹੂੰ ਆਯੋ।। ਸੁਨਿ ਕਰੇਜ ਤ੍ਰਿਯ ਹਰਜੋ ਰਿਸਾਯੋ।।
ਇਹ ਡਾਇਨਿ ਕਹ ਕਹਾਂ ਸੰਘਾਰੋ।। ਕੈ ਅਬ ਹੀ ਰਾਨੀਯਹਿ ਜਿਯਾਰੋ।। ੯।।

ਤਦ ਰਾਜਾ ਉਥੇ ਆ ਗਿਆ ਅਤੇ ਕਲੇਜਾ ਚੁਰਾ ਲੈਣ ਦੀ ਗੱਲ ਸੁਣ ਕੇ ਬੜੇ ਗੁੱਸੇ ਵਿਚ ਆ ਗਿਆ। ਉਸ ਆਖਿਆ ਜਾਂ ਇਸ ਡੈਣ ਨੂੰ ਹੁਣੇ ਹੀ ਮਾਰ ਦੇਵੇਂ ਜਾਂ ਇਹ ਰਾਣੀ ਨੂੰ ਹੁਣੇ ਠੀਕ ਕਰੇ।।੯

ਤਬ ਤਿਨ ਦੂਰਿ ਠਾਢ ਨ੍ਰਿਪ ਕੀਏ।। ਰਾਨੀ ਕੇ ਚੁੰਬਨ ਤਿਨ ਲੀਏ।।
ਰਾਜਾ ਲਖੈ ਕਰੇਜੋ ਡਾਰੈ।। ਭੇਦ ਅਭੇਦ ਨਹਿ ਮੂੜ੍ਹ ਬਿਚਾਰੈ।। ੧੦।।

ਤਦ ਹਾਜੀ ਰਾਏ ਨੇ ਰਾਜੇ ਨੂੰ ਦੂਰ ਖੜਾ ਕਰਕੇ ਰਾਣੀ ਦੇ ਚੁੰਮਣ ਲਏ, ਜਿਸ ਬਾਰੇ ਰਾਜਾ ਸਮਝ ਰਿਹਾ ਸੀ ਕਿ ਡੈਣ ਕਲੇਜਾ ਪਾ ਰਹੀ ਹੈ। ਉਹ ਮੂਰਖ ਅਸਲ ਭੇਤ ਨੂੰ ਨਹੀਂ ਸਮਝ ਰਿਹਾ ਸੀ।।੧੦।।

ਸਭ ਤਬ ਹੀ ਲੋਗਾਨ ਹਟਾਯੋ।। ਅਧਿਕ ਨਾਰਿ ਸੌ ਭੋਗ ਮਚਾਯੋ।।
ਰਾਖੈ ਜੋ ਮੁਰਿਕਹਿ ਪ੍ਰਿਯ ਪ੍ਰਾਨਾ।। ਤੁਮ ਸੌ ਰਮੌਂ ਸਦਾ ਬਿਧਿ ਨਾਨਾ।। ੧੧।।

ਫਿਰ ਉਸ ਸਭ ਲੋਕਾਂ ਨੂੰ ਹਟਾ ਦਿੱਤਾ ਅਤੇ ਉਸ ਇਸਤਰੀ ਨਾਲ ਖੂਬ ਰਮਣ ਕੀਤਾ। ਉਹ ਕਹਿਣ ਲੱਗੀ ਕਿ ਤੂੰ ਮੇਰੇ ਪ੍ਰਾਣ ਬਚਾਏ ਹਨ ਮੈਂ ਸਦਾ ਹੀ ਤੇਰੇ ਨਾਲ ਭਿੰਨ ਭਿੰਨ ਪ੍ਰਕਾਰ ਨਾਲ ਕਾਮ ਕ੍ਰੀੜਾ ਕਰਦੀ ਰਹਾਂਗੀ।।੧੧।।

ਅਧਿਕ ਭੋਗ ਤਾਸੌ ਤ੍ਰਿਯ ਕਰਿਕੈ।। ਧਾਇ ਭੇਸ ਦੈ ਦਯੋ ਨਿਕਰਿਕੈ।।
ਭਾਖਤ ਜਾਇ ਪਤਿਹਿ ਅਸ ਭਈ।।ਦੇਇ ਕਰਿਜਵਾ ਡਾਇਨਿ ਗਈ।।੧੨।।

ਉਸ ਇਸਤਰੀ ਨਾਲ ਕਾਫੀ ਸਮਾਂ ਕਾਮ ਕ੍ਰੀੜਾ ਕਰਕੇ ਅਤੇ ਭੇਸ ਬਦਲ ਕੇ ਨਿਕਲ ਗਿਆ। ਹੁਣ ਉਸ ਰਾਣੀ ਨੇ ਪਤੀ ਨੂੰ ਜਾ ਕੇ ਕਿਹਾ ਕਿ ਡੈਣ ਮੈਨੂੰ ਕਲੇਜਾ ਦੇ ਗਈ ਹੈ।।੧੨।।

ਦਿਤ ਮੁਹਿ ਪ੍ਰਥਮ ਕਰਿਜਵਾ ਭਈ।। ਪੁਨਿ ਵਹ ਅੰਤ੍ਰਧਜਾਨ ਹ੍ਵੈ ਗਈ।।
ਨ੍ਰਿਪਬਰ ਦ੍ਰਿਸ਼ਟਿ ਨ ਹਮਰੀ ਆਈ।।ਕਜਾ ਜਨਿਯੈ ਕਿਹ ਦੇਸ ਸਿਧਾਈ।।੧੩।।

ਉਸ ਰਾਜੇ ਨੂੰ ਕਿਹਾ ਕਿ ਪਹਿਲਾਂ ਉਸ ਮੈਨੂੰ ਕਲੇਜਾ ਦਿੱਤਾ ਅਤੇ ਫਿਰ ਅੰਤਰ ਧਿਆਨ ਹੋ ਗਈ। ਇਸ ਤਰ੍ਹਾਂ ਉਹ ਅਲੋਪ ਹੋ ਗਈ ਅਤੇ ਪਤਾ ਨਹੀਂ ਕਿਸ ਦੇਸ਼ ਵਿਚ ਚਲੇ ਗਈ ਹੈ॥੧੩॥

**ਸੱਤਿ ਸੱਤਿ ਤਬ ਨ੍ਰਿਪਤਿ ਉਚਾਰਾ॥ ਭੇਦ ਅਭੇਦ ਨ ਮੂੜ੍ਹ ਬਿਚਾਰਾ॥**
**ਨਿਰਖਤ ਥੋ ਤ੍ਰਿਯ ਜਾਰ ਬਜਾਈ॥ ਇਹ ਚਰਿੱਤ੍ਰ ਗਜੋ ਆਂਖਿ ਚੁਰਾਈ॥ ੧੪॥**

ਰਾਜੇ ਨੇ 'ਸੱਚ ਸੱਚ' ਕਿਹਾ ਅਤੇ ਮੂਰਖ ਅਸਲ ਭੇਤ ਨੂੰ ਨ ਸਮਝ ਸਕਿਆ। ਉਸ ਦੇ ਵੇਖਦੇ ਵੇਖਦੇ ਮਿੱਤਰ ਰਾਣੀ ਨਾਲ ਕਾਮ ਕ੍ਰੀੜਾ ਕਰ ਗਿਆ ਅਤੇ ਛੱਲ ਨਾਲ ਅੱਖ ਬਚਾ ਕੇ ਭੱਜ ਵੀ ਗਿਆ॥੧੪॥

**ਪ੍ਰਥਮ ਮਿੱਤ੍ਰ ਤ੍ਰਿਯ ਬੋਲਿ ਪਠਾਯੋ॥ ਕਹਜੋ ਨ ਕਿਯ ਤ੍ਰਿਯ ਤ੍ਰਾਸ ਦਿਖਾਯੋ॥**
**ਬਹੁਰਿ ਭਜਾ ਇਹ ਚਰਿਤ ਲਖਾਯਾ॥ ਠਾਢ ਨ੍ਰਿਪਤਿ ਜੜ ਮੂੰਡ ਮੁੰਡਾਯਾ॥ ੧੫॥੧॥**

ਪਦ ਅਰਥ - ਤ੍ਰਾਸ=ਡਰ। ਠਾਢ=ਖੜਾ ਖਲੋਤਾ। ਜੜ=ਮੂਰਖ। ਮੂੰਡ ਮੁੰਡਾਯਾ=ਸਿਰ ਮੁੰਨਵਾ ਲਿਆ, ਠਗਿਆ ਗਿਆ।

ਪਹਿਲਾਂ ਉਸ ਇਸਤਰੀ ਨੇ ਮਿੱਤਰ ਨੂੰ ਬੁਲਾਇਆ, ਫਿਰ ਕਿਸੇ ਨੂੰ ਦੱਸੇ ਬਗੈਰ ਉਸ ਨੂੰ ਡਰਾਇਆ, ਫਿਰ ਚਲਿੱਤਰ ਖੇਡ ਕੇ ਉਸ ਨਾਲ ਭੋਗ ਕੀਤਾ ਅਤੇ ਰਾਜਾ ਮੂਰਖ ਖਲੋਤੇ ਦਾ ਖਲੋਤਾ ਰਹਿ ਗਿਆ॥੧੫॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਆਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੦੮॥੫੯੦੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅੱਠਵੀਂ ਕਥਾ ਸਮਾਪਤ॥੩੦੮॥੫੯੦੦॥

## ਚਲਿੱਤਰ ਤਿੰਨ ਸੌ ਨੌਵਾਂ

## ਕਥਾ ਅਪੂਰਬ ਦੇਵੀ

**ਚੌਪਈ॥ ਕਰਨਾਟਕ ਕੋ ਦੇਸ ਬਸਤ ਜਹ॥ ਸ੍ਰੀ ਕਰਨਾਟਕ ਸੈਨ ਨ੍ਰਿਪਤਿ ਤਹ॥**
**ਕਰਨਾਟਕ ਦੇਈ ਗ੍ਰਿਹਿ ਨਾਰੀ॥ ਜਾਤੇ ਲਿਯ ਰਵਿ ਸਸਿ ਉਜਿਯਾਰੀ॥ ੧॥**

ਕਰਨਾਟਕ ਦੇਸ਼ ਵਿਚ ਕਰਨਾਟਕ ਸੈਨ ਨਾਮੀਂ ਰਾਜਾ ਰਾਜ ਕਰਦਾ ਸੀ। ਉਸ ਦੇ ਘਰ ਕਰਨਾਟਕ ਮਤੀ ਨਾਮੀਂ ਰਾਣੀ ਸੀ। ਉਹ ਏਨੀ ਸੁੰਦਰ ਸੀ ਕਿ ਜਿਵੇਂ ਸੂਰਜ ਚੰਦ ਨੇ ਵੀ ਉਸ ਪਾਸੋਂ ਪ੍ਰਕਾਸ਼ ਲਿਆ ਹੋਵੇ॥੧॥

ਤਹ ਇਕ ਸ਼ਾਹ ਬਸਤ ਥੋ ਨੀਕੋ।। ਜਾਂਹਿ ਨਿਰਖਿ ਸੁਖ ਉਪਜਤ ਜੀ ਕੋ।।
ਤਾਕੇ ਸੁਤਾ ਹੁਤੀ ਇਕ ਧਾਮਾ।। ਥਕਿਤ ਰਹਤ ਨਿਰਖਤ ਜਿਹ ਬਾਮਾ।। ੨।।

ਪਦ ਅਰਥ – ਨੀਕੋ=ਨੇਕ, ਚੰਗਾ। ਸੁਖ ਉਪਜਤ=ਸੁਖ ਪ੍ਰਾਪਤ ਹੁੰਦਾ ਸੀ। ਬਾਮਾ=ਇਸਤਰੀਆਂ।

ਉਥੇ ਇਕ ਸੁੰਦਰ ਸ਼ਾਹ ਵੱਸਦਾ ਸੀ ਜਿਸ ਨੂੰ ਵੇਖ ਕੇ ਦਿਲ ਨੂੰ ਸੁਖ ਪ੍ਰਾਪਤ ਹੁੰਦਾ ਸੀ। ਉਸ ਦੇ ਘਰ ਇਕ ਪੁੱਤਰੀ ਸੀ ਜਿਸ ਨੂੰ ਵੇਖਦੀਆਂ ਇਸਤਰੀਆਂ ਥੱਕ ਜਾਂਦੀਆਂ ਸਨ।।੨।।

ਸੁਤਾ ਅਪੂਰਬ ਦੇ ਤਿਹ ਨਾਮਾ।। ਜਿਹ ਸੀ ਕਹੂੰ ਕੋਊ ਨਹਿ ਬਾਮਾ।।
ਏਕ ਸ਼ਾਹ ਕੇ ਸੁਤ ਕਹ ਬਜਾਹੀ।। ਬੀਰਜ ਕੇਤ ਨਾਮ ਤਿਹ ਆਹੀ।। ੩।।

ਉਸ ਪੁੱਤਰੀ ਦਾ ਨਾਂ ਅਪੂਰਬ ਦੇਵੀ ਸੀ ਅਤੇ ਉਸ ਵਰਗੀ ਸੁੰਦਰ ਹੋਰ ਕੋਈ ਇਸਤਰੀ ਨਹੀਂ ਸੀ। ਉਹ ਇਕ ਸ਼ਾਹ ਦੇ ਪੁੱਤਰ ਨਾਲ ਵਿਆਹੀ ਸੀ ਜਿਸ ਦਾ ਨਾਂ ਬੀਰਜ ਕੇਤ ਸੀ।।੩।।

ਜਬ ਵਹੁ ਬਜਾਹਿ ਤਾਹਿ ਲੈ ਗਯੋ।। ਨਿਜੁ ਸਦਨਨ ਲੈ ਪ੍ਰਾਪਤਿ ਭਯੋ।।
ਏਕ ਪੁਰਖ ਤਿਨ ਨਾਰਿ ਨਿਹਾਰਾ।। ਜਾਕੀ ਸਰ ਨਹਿ ਰਾਜ ਕੁਮਾਰਾ।। ੪।।

ਜਦ ਉਹ ਵਿਆਹ ਕੇ ਆਪਣੇ ਘਰ ਪਹੁੰਚਿਆ ਤਾਂ ਉਸ ਦੀ ਇਸਤਰੀ ਨੇ ਇਕ ਆਦਮੀ ਨੂੰ ਵੇਖਿਆ। ਉਹ ਵਿਅਕਤੀ ਏਨਾ ਸੁੰਦਰ ਸੀ ਕਿ ਉਸ ਵਰਗਾ ਕੋਈ ਰਾਜ ਕੁਮਾਰ ਵੀ ਨਹੀਂ ਸੀ।।੪।।

ਨਿਰਖਤ ਤਾਂਹਿ ਲਗਨ ਤਿਹ ਲਗੀ।। ਨੀਂਦ ਭੂਖਿ ਤਬ ਹੀ ਤੇ ਭਗੀ।।
ਪਠੈ ਸਹਚਰੀ ਤਾਹਿ ਬੁਲਾਵੈ।। ਕਾਮ ਭੋਗ ਰੁਚਿ ਮਾਨ ਕਮਾਵੈ।। ੫।।

ਉਸ ਨੂੰ ਵੇਖਦਿਆਂ ਹੀ ਉਸ ਦੀ ਲਗਨ ਉਸ ਨਾਲ ਲੱਗ ਗਈ ਅਤੇ ਉਸ ਦੀ ਨੀਂਦ ਭੁਖ ਸਭ ਮਰ ਗਈ। ਹੁਣ ਉਹ ਦਾਸੀ ਭੇਜ ਕੇ ਉਸ ਨੂੰ ਬੁਲਾਉਂਦੀ ਸੀ ਅਤੇ ਉਸ ਨਾਲ ਭੋਗ ਬਿਲਾਸ ਰੁਚੀ ਪੂਰਬਕ ਕਰਦੀ ਸੀ।।੫।।

ਸੰਗ ਤਾਕੇ ਬਹੁ ਬਧਾ ਸਨੇਹਾ।। ਰਾਂਝਨ ਔਰ ਹੀਰ ਕੋ ਜੇਹਾ।।
ਬੀਰਜਕੇਤਹ ਯਾਦਿ ਨ ਲਜਾਵੈ।। ਧਰਮ ਭ੍ਰਾਤ ਕਹਿ ਤਾਂਹਿ ਬੁਲਾਵੈ।। ੬।।

ਪਦ ਅਰਥ – ਬਧਾ ਸਨੇਹਾ=ਪਿਆਰ ਵਧਾ ਲਿਆ।

ਉਸ ਦਾ ਉਸ ਨਾਲ ਐਸਾ ਸਨੇਹ ਬਣ ਗਿਆ ਜਿਸ ਤਰ੍ਹਾਂ ਦਾ ਕਿ ਹੀਰ ਰਾਂਝੇ ਦਾ ਪਿਆਰ ਸੀ। ਬੀਰਜਕੇਤ ਨੂੰ ਉਹ ਯਾਦ ਵੀ ਨਹੀਂ ਕਰਦੀ ਸੀ ਅਤੇ ਉਸ ਨੂੰ ਧਰਮ ਦਾ ਭਰਾ ਕਹਿ ਕੇ ਬੁਲਾ ਲੈਂਦੀ ਸੀ।।੬।।

Namdhari Elibrary NamdhariElibrary@gmail.com

**ਭੇਦ ਸਸੁਰ ਕੇ ਲੋਗ ਨ ਜਾਨੈ।। ਧਰਮ ਭ੍ਰਾਤ ਤਿਹ ਤ੍ਰਿਯ ਪਹਿਚਾਨੈ।।**
**ਭੇਦ ਅਭੇਦ ਨ ਮੂਰਖ ਲਹਹੀ।। ਭ੍ਰਾਤਾ ਜਾਨ ਕਛੂ ਨਹਿ ਕਹਹੀ।। ੭।।**

ਸੌਹਰਿਆਂ ਵਾਲੇ ਉਸ ਦੇ ਰਹਿਸ ਨੂੰ ਨਹੀਂ ਸਮਝਦੇ ਸਨ ਅਤੇ ਉਸ ਵਿਅਕਤੀ ਨੂੰ ਧਰਮ ਭਰਾ ਹੀ ਮੰਨਦੇ ਸਨ। ਉਸ ਨੂੰ ਭਰਾ ਸਮਝ ਕੇ ਕੁਝ ਕਹਿੰਦੇ ਵੀ ਨਹੀਂ ਸਨ।।੭।।

**ਇਕ ਦਿਨ ਤ੍ਰਿਯ ਇਹ ਭਾਂਤਿ ਉਚਾਰਾ।। ਨਿਜੁ ਪਤਿ ਕੌ ਦੈਕੈ ਬਿਖੁ ਮਾਰਾ।।**
**ਭਾਂਤਿ ਭਾਂਤਿ ਸੌ ਰੋਦਨ ਕਰੈ।। ਲੋਗ ਲਖਤ ਸਿਰ ਕੇਸ ਉਪਰੈ।। ੮।।**

*ਪਦ ਅਰਥ* - ਨਿਜੁ ਪਤਿ=ਆਪਣੇ ਪਤੀ ਨੂੰ। ਬਿਖੁ=ਜ਼ਹਿਰ। ਰੋਦਨ=ਰੋਣਾ। ਕੇਸ ਉਪਰੈ=ਵਾਲ ਪੁਟਦੀ ਸੀ।

ਇਕ ਦਿਨ ਇਸਤਰੀ ਨੇ ਇਸ ਤਰ੍ਹਾਂ ਕੀਤਾ ਕਿ ਆਪਣੇ ਪਤੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਫਿਰ ਬੜੀ ਵਿਆਕੁਲ ਹੋ ਕੇ ਉਹ ਰੋਣ ਲੱਗੀ ਅਤੇ ਲੋਕਾਂ ਨੂੰ ਵਿਖਾ ਕੇ ਆਪਣੇ ਸਿਰ ਦੇ ਵਾਲ ਪੁਟਣ ਲੱਗੀ।।੮।।

**ਅਬ ਮੈ ਧਾਮ ਕਵਨ ਕੇ ਰਹੋ।। ਮੈਂ ਪਿਯ ਸ਼ਬਦ ਕਵਨ ਸੌ ਕਹੋ।।**
**ਨਜਾਇ ਨਹੀ ਹਰਿਕੇ ਘਰਿ ਭੀਤਰਿ।। ਇਹ ਗਤਿ ਕਰੀ ਮੋਰਿ ਅਵਨੀ ਤਰ।। ੯।।**

*ਪਦ ਅਰਥ* - ਹਰਿਕੇ ਘਰ=ਪ੍ਰਭੂ ਦੇ ਘਰ। ਅਵਨੀ=ਗਰੀਬ।

ਹੁਣ ਮੈਂ ਕਿਸ ਦੇ ਘਰ ਰਹਾਂ ਅਤੇ ਆਪਣਾ ਪ੍ਰੀਤਮ ਕਿਸ ਨੂੰ ਕਹਾਂ। ਪਰਮਾਤਮਾ ਦੇ ਘਰ ਵੀ ਨਿਆਂ ਨਹੀਂ ਹੈ। ਮੇਰੀ ਇਸ ਧਰਤੀ ਤੇ ਕੀ ਹਾਲਤ ਬਣਾ ਦਿੱਤੀ ਹੈ।।੯।।

**ਗ੍ਰਿਹਿ ਕੋ ਦਰਬ ਸੰਗ ਕਰਿ ਲੀਨਾ।। ਮਿੱਤ੍ਰਹਿ ਸੰਗ ਪਯਾਨਾ ਕੀਨਾ।।**
**ਧਰਮ ਭਾਇ ਜਾਕੌ ਕਰਿ ਭਾਖਾ।। ਇਹ ਛਲ ਨਾਥ ਧਾਮ ਕਰਿ ਰਾਖਾ।।੧੦।।**

ਉਸਨੇ ਘਰ ਦਾ ਸਾਰਾ ਧਨ ਚੋਰੀ ਕਰ ਲਿਆ ਅਤੇ ਆਪਣੇ ਮਿੱਤਰ ਦੇ ਨਾਲ ਨਿਕਲ ਗਈ। ਜਿਸ ਨੂੰ ਉਹ ਧਰਮ ਭਰਾ ਕਹਿੰਦੀ ਸੀ ਉਸ ਨੂੰ ਹੀ ਉਸ ਆਪਣਾ ਖਸਮ ਬਣਾ ਲਿਆ।।੧੦।।

**ਲੋਗ ਸਭੈ ਇਹ ਭਾਂਤਿ ਉਚਾਰਾ।।ਆਪੁ ਬਿਖੈ ਮਿਲਿ ਕਰਤ ਬਿਚਾਰਾ।।**
**ਕਹਾ ਕਰੈ ਇਹ ਨਾਰਿ ਬਿਚਾਰੀ।। ਜਾਕੀ ਦੈਵ ਐਸ ਗਤਿ ਧਾਰੀ।। ੧੧।।**

ਲੋਕ ਸਾਰੇ ਵਿਚਾਰ ਕਰਨ ਲੱਗੇ ਅਤੇ ਕਹਿਣ ਲੱਗੇ ਕਿ ਇਹ ਵਿਚਾਰੀ ਇਸਤਰੀ ਕੀ ਕਰੇ ਜਿਸ ਦੀ ਪਰਮਾਤਮਾ ਨੇ ਇਹ ਹਾਲਤ ਬਣਾ ਰਖੀ ਹੈ।।੧੧।।

**ਤਾ ਤੇ ਲੈ ਸਭ ਹੀ ਧਨ ਧਾਮਾ।। ਅਪੁਨੇ ਗਈ ਭਾਇ ਕੇ ਬਾਮਾ।।**

**ਭੇਦ ਅਭੇਦ ਨ ਸਕਤ ਬਿਚਰਿਕੈ।। ਗਈ ਜਾਰ ਕੇ ਨਾਥ ਸੰਘਰਿਕੈ।।੧੨।।੧।।**

ਪਦ ਅਰਥ - ਧਨ ਧਾਮਾ= ਘਰ ਦਾ ਧਨ। ਨਾਥ=ਪਤੀ।

ਇਹ ਹੁਣ ਧਨ ਦੌਲਤ ਲੈ ਕੇ ਆਪਣੇ ਭਰਾ ਦੀ ਪਤਨੀ ਕੋਲ ਰਹਿਣ ਲਈ ਗਈ ਹੈ। ਪਰ ਅਸਲ ਭੇਤ ਕੋਈ ਨ ਜਾਣ ਸਕਿਆ ਅਤੇ ਉਹ ਇਸਤਰੀ ਆਪਣੇ ਪਤੀ ਨੂੰ ਮਾਰ ਕੇ ਯਾਰ ਦੇ ਨਾਲ ਨਿਕਲ ਗਈ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨੌ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੦੯।।੫੯੧੨।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ, ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਨਾਵੀਂ ਕਥਾ ਸਮਾਪਤ।।੩੦੯।।੫੯੧੨।।

## ਚਲਿੱਤਰ ਤਿੰਨ ਸੌ ਦਸਵਾਂ

## ਕਥਾ ਰਸਤਿਲਕ ਦੇਵੀ

**ਚੌਪਈ।। ਪੁਨਿ ਮੰਤ੍ਰੀ ਇਹ ਭਾਂਤਿ ਉਚਾਰਾ।। ਸੁਨਹੁ ਨ੍ਰਿਪਤਿ ਜੂ ਬਚਨ ਹਮਾਰਾ।।**
**ਗਾਰਵ ਦੇਸ ਬਸਤ ਹੈ ਜਹਾਂ।। ਗੌਰਸੈਨ ਰਾਜਾ ਥੋ ਤਹਾਂ।। ੧।।**

ਫਿਰ ਮੰਤਰੀ ਨੇ ਇਸ ਪ੍ਰਕਾਰ ਕਿਹਾ ਕਿ ਹੇ ਰਾਜਨ ਮੇਰੀ ਅਗਲੀ ਗੱਲ ਸੁਣੋ। ਜਿਥੇ ਗਾਰਵ ਨਾਮੀਂ ਦੇਸ਼ ਵੱਸਦਾ ਹੈ, ਉਥੇ ਗੌਰਸੈਨ ਨਾਮੀਂ ਰਾਜਾ ਰਾਜ ਕਰਦਾ ਸੀ।।੧।।

**ਸ੍ਰੀ ਰਸ ਤਿਲਕ ਦੇਇ ਤਿਹ ਦਾਰਾ।। ਚੰਦ੍ਰ ਲਿਯੋ ਜਾਤੇ ਉਜਿਯਾਰਾ।।**
**ਸਾਮੁੰਦ੍ਰਕ ਲੱਛਨ ਤਾਮੈ ਸਬ।। ਛਬਿ ਉਚਾਰ ਤਿਹ ਸਕੈ ਕਵਨ ਕਬਿ।।੨।।**

ਪਦ ਅਰਥ - ਸਾਮੁੰਦ੍ਰਕ=ਜੋਤਸ਼ ਦੇ ਗ੍ਰੰਥ ਵਿਚ। ਲੱਛਣ=ਗੁਣ। ਕਵਨ ਕਬਿ=ਕਿਹੜਾ ਕਵੀ।

ਉਸ ਦੀ ਇਸਤਰੀ ਦਾ ਨਾਂ ਰਸਤਿਲਕ ਦੇਵੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਜਿਵੇਂ ਚੰਦ ਨੇ ਉਸ ਪਾਸੋਂ ਪ੍ਰਕਾਸ਼ ਲਿਆ ਹੋਵੇ। ਜੋਤਸ਼ ਦੇ ਗ੍ਰੰਥ ਵਿਚ ਜੋ ਇਕ ਚੰਗੀ ਇਸਤਰੀ ਦੇ ਲੱਛਣ ਦਰਜ ਹਨ, ਉਸ ਇਸਤਰੀ ਵਿਚ ਸਭ ਮੌਜੂਦ ਸਨ ਅਤੇ ਉਸ ਦੀ ਸ਼ਕਲ ਦਾ ਵਰਣਨ ਕੋਈ ਵੀ ਨਹੀਂ ਕਰ ਸਕਦਾ ਸੀ।।੨।।

**ਤਹ ਇਹ ਹੁਤੋ ਸ਼ਾਹ ਕੋ ਪੂਤਾ।। ਭੂਤਲ ਕੋ ਜਾਨੁਕ ਪੁਰਹੂਤਾ।।**
**ਅਧਿਕ ਤਰੁਨ ਕੋ ਤੇਜ ਬਿਰਾਜੈ।। ਨਰੀ ਨਾਗਨੀ ਕੋ ਮਨ ਲਾਜੈ।। ੩।।**

ਪਦ ਅਰਥ. - ਭੂਤਲ=ਧਰਤੀ। ਜਾਨੁਕ=ਜਿਵੇਂ। ਪੁਰਹੂਤਾ=ਇੰਦਰ।

ਉਥੇ ਇਕ ਸ਼ਾਹ ਦਾ ਪੁੱਤਰ ਸੀ ਜਿਹੜਾ ਕਿ ਮਾਨੋਂ ਧਰਤੀ ਉਤੇ ਦੂਸਰਾ ਇੰਦਰ ਹੋਵੇ। ਉਸ ਗਭਰੂ ਦੇ ਅਥਾਹ ਤੇਜ ਨੂੰ ਵੇਖ ਕੇ ਨਰ ਨਾਗ ਇਸਤਰੀਆਂ ਵੀ ਲੱਜਿਤ ਹੁੰਦੀਆਂ ਸਨ।।੩।।

**ਜਬ ਰਾਨੀ ਤਿਹ ਪ੍ਰਭਾ ਨਿਹਾਰੀ।। ਤਬ ਤੇ ਭਈ ਅਧਿਕ ਮਤਵਾਰੀ।।**
**ਨਿਰਖਿ ਮਿੱਤ੍ਰ ਕੇ ਨੈਨ ਬਿਕਾਨੀ।। ਤਬ ਹੀ ਤੇ ਹ੍ਵੈ ਗਈ ਦਿਵਾਨੀ।। ੪।।**

ਜਦ ਰਾਣੀ ਨੇ ਉਸ ਦੀ ਸੁੰਦਰ ਸ਼ਕਲ ਨੂੰ ਵੇਖਿਆ ਤਾਂ ਉਹ ਬਹੁਤ ਮਤਵਾਲੀ ਹੋ ਗਈ। ਮਿੱਤਰ ਦੇ ਨੈਣਾਂ ਨੂੰ ਵੇਖ ਕੇ ਉਸ ਦੀ ਹੀ ਹੋ ਗਈ ਅਤੇ ਝਟਪਟ ਦੀਵਾਨੀ ਹੋ ਗਈ।।੪।।

**ਤਬ ਤਿਹ ਬੋਲਿ ਲੀਯੋ ਅਪਨੇ ਘਰ।। ਕਾਮ ਕੇਲ ਕੀਨਾ ਅਤਿ ਰੁਚਿ ਕਰਿ।।**
**ਭਾਂਤਿ ਭਾਂਤਿ ਤਿਹ ਗਰੇ ਲਗਾਯੋ।। ਅਬਲਾ ਅਧਿਕ ਹ੍ਰਿਦੈ ਸੁਖੁ ਪਾਯੋ।। ੫।।**

ਫਿਰ ਉਸ ਉਸ ਨੂੰ ਆਪਣੇ ਘਰ ਬੁਲਾ ਲਿਆ ਅਤੇ ਰੁਚੀ ਅਨੁਸਾਰ ਕਾਮ ਕ੍ਰੀੜਾ ਕੀਤੀ। ਉਸ ਨੂੰ ਕਈ ਪ੍ਰਕਾਰ ਨਾਲ ਆਪਣੇ ਗਲ ਨਾਲ ਲਾਇਆ ਅਤੇ ਉਸ ਇਸਤਰੀ ਨੇ ਬਹੁਤ ਸੁਖ ਪ੍ਰਾਪਤ ਕੀਤਾ।।੫।।

**ਤਬ ਲਗ ਆਇ ਨ੍ਰਿਪਤਿ ਤਹ ਗਯੋ।। ਤਤ ਛਿਨ ਡਾਰਿ ਮਹਲ ਤੇ ਦਯੋ।।**
**ਮਰਿ ਗਯੋ ਨ੍ਰਿਪਤਿ ਨ ਭੇਦ ਬਿਚਾਰਾ।। ਜੋ ਜਨ ਅਰਧ ਉਰਧ ਤੇਂ ਪਾਰਾ।। ੬।।**

ਤਦ ਤਕ ਓਥੇ ਰਾਜਾ ਆ ਗਿਆ, ਰਾਣੀ ਝਟ ਉਠੀ ਅਤੇ ਰਾਜੇ ਨੂੰ ਫੜ ਕੇ ਮਹਲ ਤੋਂ ਥਲੇ ਡੇਗ ਦਿੱਤਾ। ਰਾਜਾ ਮਰ ਗਿਆ ਅਤੇ ਉਪਰੋਂ ਥੱਲੇ ਡਿੱਗ ਪਿਆ।।੬।।

**ਆਪ ਰੋਤ ਇਹ ਭਾਂਤਿ ਉਚਾਰਾ।। ਦੇਵ ਪਕਰਿ ਕਰਿ ਨ੍ਰਿਪਤਿ ਪਛਾਰਾ।।**
**ਮੋਰੇ ਸਾਥ ਕਿਯੋ ਥੋ ਸੰਗਾ।। ਤਾਤੇ ਭਯੋ ਅਪਵਿੱਤ੍ਰ ਸ੍ਰਬੰਗਾ।। ੭।।**

ਫਿਰ ਉਹ ਇਸਤਰੀ ਰੋ ਕੇ ਕਹਿਣ ਲੱਗੀ ਕਿ ਰਾਜੇ ਨੂੰ ਕਿਸੇ ਦੈਂਤ ਨੇ ਫੜ ਕੇ ਥੱਲੇ ਸੁੱਟ ਦਿੱਤਾ ਹੈ। ਰਾਜੇ ਨੇ ਮੇਰੇ ਨਾਲ ਸੰਗ ਕੀਤਾ ਸੀ ਇਸ ਕਰਕੇ ਉਹ ਪੂਰਣ ਰੂਪ ਵਿਚ ਅਪਵਿਤਰ ਹੋ ਗਿਆ ਸੀ।।੭।।

**ਦੋਹਰਾ।। ਇਹ ਛਲ ਜਾਰ ਨਿਕਾਰਯੋ ਨਿਜੁ ਨਾਇਕਹਿ ਸੰਘਾਰਿ।।**
**ਭੇਦ ਅਭੇਦ ਮੂਰਖ ਕਿਛੂ ਸਕਾ ਨ ਨੈਕ ਬਿਚਾਰਿ।। ੮।।**

ਪਦ ਅਰਥ - ਨਿਜੁ ਨਾਇਕ=ਆਪਣੇ ਪਤੀ। ਨੈਕ=ਜ਼ਰਾ ਵੀ।

ਇਸ ਛੱਲ ਨਾਲ ਉਸ ਆਪਣੇ-ਪਤੀ ਨੂੰ ਮਾਰ ਕੇ ਆਪਣੇ ਮਿਤਰ ਨੂੰ ਕੱਢ ਦਿੱਤਾ। ਉਹ ਮੂਰਖ ਭੇਤ ਅਭੇਤ ਕੁਝ ਵੀ ਨ ਸਮਝ ਸਕਿਆ।।੮।।

**ਨਿਜੁ ਨਾਇਕ ਕੌ ਮਹਲ ਤੇ ਤਿਹ ਹਿਤ ਦਿਯੋ ਗਿਰਾਇ॥**
**ਯਾਰ ਬਚਾਯੋ ਆਪਨੋ ਨੈਕ ਨ ਰਹੀ ਲਜਾਇ॥ ੯॥ ੧॥**

ਉਸ ਪ੍ਰੇਮੀ ਵਾਸਤੇ ਆਪਣੇ ਪਤੀ ਨੂੰ ਮਹਲ ਤੋਂ ਥਲੇ ਡੇਗ ਦਿੱਤਾ, ਆਪਣੇ ਯਾਰ ਨੂੰ ਬਚਾ ਲਿਆ ਅਤੇ ਬੇਸ਼ਰਮ ਨੂੰ ਜ਼ਰਾ ਵੀ ਸ਼ਰਮ ਨ ਆਈ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਦਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੦॥੫੯੨੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ ਤਿੰਨ ਸੌ ਦਸਵੀਂ ਕਥਾ ਸਮਾਪਤ॥੩੧੦॥੫੯੨੧॥ ਚਲਦਾ॥

## ਚਲਿੱਤਰ ਤਿੰਨ ਸੌ ਗਿਆਰਵਾਂ
## ਕਥਾ ਬਿਰਤ ਸੈਨ

**ਚੌਪਈ॥ਬਿਰਤ ਸੈਨ ਇਕ ਨ੍ਰਿਪਤਿ ਸੁਜਾਨਾ॥ਮਾਨਤ ਆਨਿ ਦੇਸ ਜਿਹ ਨਾਨਾ॥**
**ਬਿਰਹ ਮੰਜਰੀ ਤਾਕੀ ਰਾਨੀ॥ ਸੁੰਦਰਿ ਭਵਨ ਚਤ੍ਰਦਸ ਜਾਨੀ॥ ੧॥**

ਪਦ ਅਰਥ - ਸੁਜਾਨਾ=ਚੱਤਰ, ਅਕਲਮੰਦ, ਦਾਨਾ।

ਬਿਰਤਸੇਨ ਇਕ ਸੁਜਾਨ ਰਾਜਾ ਸੀ ਜਿਸ ਦੀ ਈਨ ਸਾਰੇ ਦੇਸ਼ ਮੰਨਦੇ ਸਨ। ਬਿਰਹਾ ਮੰਜਰੀ ਉਸ ਦੀ ਰਾਣੀ ਦਾ ਨਾਂ ਸੀ ਜਿਹੜੀ ਚੌਂਦਾਂ ਭਵਨਾਂ ਵਿਚ ਸੁੰਦਰ ਮੰਨੀ ਜਾਂਦੀ ਸੀ॥੧॥

**ਤਾਕੈ ਧਾਮ ਏਕ ਸੁਤ ਭਯੋ॥ ਜਾਨਕ ਰਵਿ ਦੁਤਿਯੋ ਪ੍ਰਗਟਯੋ॥**
**ਸੁੰਦਰਿਤਾ ਤਿਹ ਕਹੀ ਨ ਆਵੈ॥ ਨਿਰਖਤ ਪਲਕ ਨ ਜੋਰੀ ਜਾਵੈ॥ ੨॥**

ਉਸ ਦੇ ਘਰ ਇਕ ਪੁੱਤਰ ਪੈਦਾ ਹੋਇਆ ਜਿਹੜਾ ਕਿ ਮਾਨੋਂ ਦੂਸਰਾ ਸੂਰਜ ਸੀ। ਉਸ ਦੀ ਸੁੰਦਰਤਾ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਨੂੰ ਵੇਖ ਕੇ ਅੱਖਾਂ ਬੰਦ ਨਹੀਂ ਹੁੰਦੀਆਂ ਸਨ॥੨॥

**ਤਹ ਇਕ ਤਰਨਿ ਸ਼ਾਹ ਕੀ ਜਾਈ॥ ਜਾਕੀ ਛਬਿ ਨਹਿ ਜਾਤ ਬਤਾਈ॥**
**ਕੈ ਸਸਿ ਤੇ ਰੋਹਨਿ ਇਹ ਜਈ॥ ਆਗੇ ਹ੍ਵੈ ਹੈ ਨ ਪਾਛੇ ਭਈ॥ ੩॥**

ਪਦ ਅਰਥ - ਛਬਿ=ਸੁੰਦਰ ਸ਼ਕਲ। ਰੋਹਨਿ=ਰੋਹਨੀ ਇਸਤਰੀ।

ਉਥੇ ਇਕ ਸ਼ਾਹ ਦੀ ਨੌਜਵਾਨ ਪੁੱਤਰੀ ਸੀ ਜਿਸ ਦੀ ਸ਼ੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਏਨੀ ਤੇਜੱਸਵੀ ਸੀ ਕਿ ਮਾਨੋਂ ਚੰਦਰਮਾਂ ਤੋਂ ਰੋਹਣੀ ਨਛੱਤਰ ਦੇ ਰੂਪ ਵਿਚ ਪੈਦਾ ਹੋਈ ਹੋਵੇ। ਉਸ ਵਰਗਾ ਨ ਤਾਂ ਕੋਈ ਪਹਿਲਾਂ ਪੈਦਾ ਹੋਇਆ ਸੀ ਅਤੇ ਨਾ ਹੀ ਅੱਗੇ ਪੈਦਾ ਹੋਵੇਗਾ॥੩॥

Namdhari Elibrary NamdhariElibrary@gmail.com

**************************************************************

ਰਾਜ ਕੁਅਰ ਜਬ ਤਵਨ ਨਿਹਾਰਯੋ।। ਮਦਨ ਬਾਨ ਤਨ ਤਾਹਿ ਪ੍ਰਹਾਰਯੋ।।
ਲਗੀ ਅਟਕਿ ਸੁਧਿ ਬੁਧਿ ਛੁਟ ਗਈ।। ਤਬਹਿ ਤਰੁਨਿ ਮਤਵਾਰੀ ਭਈ।। ੪।।

ਰਾਜ ਕੁਮਾਰ ਨੂੰ ਜਦ ਉਸ ਵੇਖਿਆ ਤਾਂ ਝਟ ਉਸ ਨੂੰ ਕਾਮ ਬਾਣ ਵੱਜਾ। ਉਸ ਦੀ ਸੁੱਧ ਬੁੱਧ ਜਾਂਦੀ ਰਹੀ ਅਤੇ ਨੌਜਵਾਨ ਇਸਤਰੀ ਮਤਵਾਲੀ ਹੋ ਗਈ।।੪।।

ਭਾਂਤਿ ਭਾਂਤਿ ਤਨ ਦਰਬੁ ਲੁਟਾਈ।। ਅਧਿਕ ਸਖਿਨ ਕਹ ਰਹੀ ਪਠਾਈ।।
ਰਾਜ ਕੁਅਰਿ ਕਯੋਂ ਹੂੰ ਨਹਿ ਆਏ।। ਤਾਸੌ ਕਰੇ ਨ ਮਨ ਕੇ ਭਾਏ।। ੫।।

ਉਸ ਅਨੇਕਾਂ ਪ੍ਰਕਾਰ ਨਾਲ ਧਨ ਲੁਟਾਇਆ ਅਤੇ ਸਖੀਆਂ ਨੂੰ ਭੇਜਿਆ ਪਰ ਰਾਜ ਕੁਮਾਰ ਆਉਣਾ ਨਹੀਂ ਸੀ ਮੰਨ ਰਿਹਾ ਅਤੇ ਉਸ ਨਾਲ ਮਨ ਚਾਹਿਆ ਰਮਣ ਨਹੀਂ ਸੀ ਕਰ ਰਿਹਾ।।੫।।

ਕਰਿ ਕਰਿ ਜਤਨ ਕੁਅਰ ਬਹੁ ਹਾਰੀ।। ਕੈਸ ਹੂੰ ਭਜੀ ਮਿੱਤ੍ਰ ਨਹਿ ਪਜਾਰੀ।।
ਘਾਯਲ ਫਿਰੈ ਕੁਅਰਿ ਮਤਵਾਰੀ।। ਜਾਨੁਕ ਮ੍ਰਿਗੀ ਬਿਸਿਖ ਤਨ ਮਾਰੀ।। ੬।।

ਪਦ ਅਰਥ - ਕੁਅਰਿ=ਰਾਜ ਕੁਮਾਰੀ। ਬਿਸਿਖ=ਤੀਰ।

ਉਹ ਕੁਮਾਰੀ ਯਤਨ ਕਰ ਕਰਕੇ ਹਾਰ ਗਈ ਪਰ ਕਿਸੇ ਵੀ ਤਰ੍ਹਾਂ ਮਿੱਤਰ ਦੇ ਨਾਲ ਰਮਣ ਨ ਕਰ ਸਕੀ। ਉਹ ਮਤਵਾਲੀ ਇਸ ਤਰ੍ਹਾਂ ਜ਼ਖਮੀ ਹੋਈ ਘੁੰਮ ਰਹੀ ਸੀ ਜਿਵੇਂ ਹਿਰਨੀ ਤੀਰ ਵੱਜਣ ਨਾਲ ਘਾਇਲ ਹੋ ਕੇ ਘੁੰਮਦੀ ਹੈ।।੬।।

ਰੋਵਤ ਕੁਅਰਿ ਕਬੂੰ ਉਠਿ ਗਾਵੈ।। ਨਾਚਤ ਕਬਹੂੰ ਬਚਨ ਸੁਨਾਵੈ।।
ਮਿੱਤ੍ਰ ਮਿਲਾਇ ਦੇਇ ਮੁਹਿ ਕੋਈ।। ਜੋ ਮੁਖ ਮਾਂਗੈ ਦਯੋ ਤਿਹ ਸੋਈ।। ੭।।

ਉਹ ਰੋਂਦੀ ਰੋਂਦੀ ਕਦੀ ਉਠ ਕੇ ਗਾਉਣ ਲੱਗ ਜਾਂਦੀ ਸੀ ਅਤੇ ਕਦੀ ਨਚੱਦੀ ਨਚੱਦੀ ਗੱਲਾਂ ਕਰਨ ਲੱਗ ਜਾਂਦੀ ਸੀ। ਉਹ ਕਹਿੰਦੀ ਸੀ ਕਿ ਮੈਨੂੰ ਕੋਈ ਮਿੱਤਰ ਨਾਲ ਮਿਲਾ ਦੇਵੇ ਉਹ ਜੋ ਵੀ ਮੰਗੇਗਾ ਮੈਂ ਦੇ ਦਵਾਂਗੀ।।੭।।

ਏਕ ਸਖੀ ਇਹ ਭਾਂਤਿ ਉਚਾਰੋ।। ਸੁਨਹੁ ਮਿੱਤ੍ਰਨੀ ਬਚਨ ਹਮਾਰੋ।।
ਜੋ ਤੁਹਿ ਕੌ ਤਵ ਮਿੱਤ੍ਰ ਮਿਲਾਊਂ।। ਤਊ ਕਹਾਂ ਤੁਮਤੇ ਬਰ ਪਾਊਂ।। ੮।।

ਇਕ ਦਿਨ ਉਸ ਦੀ ਇਕ ਸਖੀ ਨੇ ਕਿਹਾ ਕਿ ਹੇ ਸਹੇਲੀ ਮੈਨੂੰ ਦੱਸ ਜੇ ਮੈਂ ਤੈਨੂੰ ਤੇਰਾ ਮਿੱਤਰ ਮਿਲਾ ਦੇਵਾਂ ਤਾਂ ਤੂੰ ਮੈਨੂੰ ਕੀ ਦੇਵੇਗੀਂ?।।੮।।

ਸ਼ਾਹ ਸੁਤਾ ਜਬ ਯੌ ਸੁਨਿ ਪਾਵਾ।। ਜਨਕ ਬਹੁਰਿ ਬਪੁ ਮੈ ਜਿਯ ਆਵਾ।।

ਨਿਧਨੀ ਅਧਿਕ ਮਨਹੁ ਧਨ ਪਾਯੋ।। ਜਨੁ ਕਰ ਅੰਮ੍ਰਿਤ ਮ੍ਰਿਤ ਕੇ ਆਯੋ।। ੯।।

ਸ਼ਾਹ ਦੀ ਪੁੱਤਰੀ ਨੇ ਜਦ ਇਹ ਗੱਲ ਸੁਣੀ ਤਾਂ ਉਸ ਅਨੁਭਵ ਕੀਤਾ ਕਿ ਜਿਵੇਂ ਉਸ ਦੇ ਸਰੀਰ ਵਿਚ ਪ੍ਰਾਣ ਵਾਪਸ ਆ ਗਏ ਹੋਣ। ਮਾਨੋਂ ਜਿਵੇ ਕਿਸੇ ਨਿਰਧਨ ਨੂੰ ਨੌ ਨਿਧ ਖਜ਼ਾਨਾਂ ਮਿਲ ਗਿਆ ਹੋਵੇ ਜਾਂ ਕਿਸੇ ਮਰ ਰਹੇ ਨੂੰ ਅੰਮ੍ਰਿਤ ਨਸੀਬ ਹੋ ਗਿਆ ਹੋਵੇ।।੯।।

ਤਾਸੌਂ ਲਗਨ ਕੁਅਰਿ ਕੀ ਹੁਤੀ।। ਤਾਸੈਂ ਭੇਸ ਧਾਰਿ ਕੈ ਸੁਤੀ।।
ਰਾਜ ਗ੍ਰਿਹਨ ਮੈ ਕਿਯਾ ਪਿਯਾਨਾ।। ਭਾਖਤ ਭਈ ਬਚਨ ਬਿਧਿ ਨਾਨਾ।। ੧੦।।

ਉਸ ਦੀ ਕੁਮਾਰੀ ਨਾਲ ਬਹੁਤ ਮਿੱਤਰਤਾ ਸੀ ਇਸ ਲਈ ਉਸੇ ਦਾ ਭੇਸ ਧਾਰ ਕੇ ਰਾਜ ਮਹਲ ਵਿਚ ਚਲੇ ਗਈ ਅਤੇ ਭਿੰਨ ਭਿੰਨ ਪ੍ਰਕਾਰ ਦੀਆਂ ਗੱਲਾਂ ਕਰਨ ਲੱਗੀ।।੧੦।।

ਨ੍ਰਿਪ ਸੁਤ ਤ੍ਰਿਯ ਜੁ ਤਿਹਾਰੇ ਭਈ।। ਮੈਂ ਤਿਨ ਤੁਮਰੇ ਧਾਮ ਪਠਈ।।
ਤੁਮ ਤਿਹ ਤ੍ਰਿਯ ਕੋ ਚਿੱਤ ਚੁਰਾਯੋ।। ਅਬ ਚਲਿ ਕੁਅਰ ਕਰੋ ਮਨ ਭਾਯੋ।। ੧੧।।

ਉਹ ਕਹਿਣ ਲੱਗੀ ਕਿ ਹੇ ਰਾਜ ਕੁਮਾਰ ਜੋ ਆਪਣੇ ਆਪ ਨੂੰ ਤੁਹਾਡੀ ਪਤਨੀ ਮੰਨ ਚੁਕੀ ਹੈ, ਉਸ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਤੁਸੀਂ ਉਸ ਦਾ ਦਿਲ ਚੁਰਾ ਲਿਆ ਹੈ ਹੁਣ ਤੁਸੀਂ ਉਸ ਦੇ ਨਾਲ ਮਨ ਚਾਹਿਆ ਪ੍ਰੇਮ ਕਰੋ।।੧੧।।

ਜਬ ਨ੍ਰਿਪ ਸੁਤ ਐਸੇ ਸੁਨਿ ਪਾਈ।। ਚਲਯੋ ਨ ਪਨਹੀਂ ਪਾਇ ਚੜ੍ਹਾਈ।।
ਭੇਦ ਅਭੇਦ ਜੜ ਕਛੁ ਨ ਬਿਚਾਰਾ।। ਆਯੋ ਸ਼ਾਹ ਸੁਤਾ ਕੈ ਦ੍ਵਾਰਾ।। ੧੨।।

ਪਦ ਅਰਥ - ਨ੍ਰਿਪ ਸੁਤ=ਰਾਜੇ ਦੇ ਲੜਕੇ। ਪਨਹੀਂ=ਜੁੱਤੀ।

ਜਦ ਰਾਜ ਕੁਮਾਰ ਨੇ ਇਹ ਸੁਣਿਆ ਤਾਂ ਬਿਨਾਂ ਜੁਤੀ ਪਾਏ ਹੀ ਚਲ ਪਿਆ। ਉਹ ਮੂਰਖ ਅਸਲ ਭੇਤ ਨੂੰ ਨ ਸਮਝ ਸਕਿਆ ਅਤੇ ਉਸ ਸ਼ਾਹ ਦੀ ਪੁੱਤਰੀ ਦੇ ਦਰਵਾਜ਼ੇ ਤੇ ਆ ਗਿਆ।।੧੨।।

ਦਿਯਾ ਬੁਝਾਇ ਦਯੋ ਆਗੇ ਤ੍ਰਿਯ।। ਆਵਤ ਭਯੋ ਅੰਧੇਰੇ ਘਰ ਪਿਯ।।
ਚਿਤ ਅਟਕਾ ਜਾਸੌਂ ਸੋ ਜਾਨੀ।। ਕਾਮ ਕ੍ਰਿਯਾ ਤਾਸੌਂ ਕਸਿ ਠਾਨੀ।। ੧੩।।

ਉਸ ਦੇ ਆਉਣ ਤੇ ਇਸਤਰੀ ਨੇ ਦੀਵਾ ਬੁਝਾ ਦਿੱਤਾ ਅਤੇ ਪ੍ਰੀਤਮ ਹਨੇਰੇ ਘਰ ਵਿਚ ਦਾਖਿਲ ਹੋਇਆ। ਜਿਸ ਨਾਲ ਉਸ ਦਾ ਦਿਲ ਲਗਿਆ ਹੋਇਆ ਸੀ ਉਸ ਨਾਲ ਬਹੁਤ ਪ੍ਰੇਮ ਨਾਲ ਕਾਮ ਕ੍ਰੀੜਾ ਕੀਤੀ।।੧੩।।

ਕਾਮ ਭੋਗ ਕਰਿ ਧਾਮ ਸਿਧਾਰਜੋ।। ਮੂਰਖ ਕਛੁ ਨ ਬਿਚਾਰ ਬਿਚਾਰਜੋ।।
ਦਿਯਾ ਬੁਝਾਇ ਤ੍ਰਿਯ ਰੋਜ ਬੁਲਾਵੈ।। ਕਾਮ ਕੇਲ ਕਰਿ ਕੁਵਤਿ ਕਮਾਵੈ।। ੧੪।।

***********************************************************************

ਰਮਣ ਕਰਨ ਤੋਂ ਬਾਅਦ ਉਹ ਘਰ ਚਲੋ ਗਿਆ ਅਤੇ ਮੂਰਖ ਨੇ ਕੁਝ ਵੀ ਵਿਚਾਰ ਨ ਕੀਤਾ। ਦੀਵਾ ਬੁਝਾ ਕੇ ਉਹ ਇਸਤਰੀ ਉਸ ਨੂੰ ਰੋਜ ਬਲਾਉਂਦੀ ਅਤੇ ਉਸ ਨਾਲ ਰਮਣ ਕਰਦੀ ਸੀ॥੧੪॥

**ਦੇਨ ਕਹਾ ਸੁ ਦੂਤਿਯਹਿ ਦੀਨਾ॥ ਕਾਮ ਭੋਗ ਨ੍ਰਿਪ ਸੁਤ ਤਨ ਕੀਨਾ॥**
**ਜਿਨ ਜੜ੍ਹ ਭੇਦ ਅਭੇਦ ਨ ਪਾਯੋ॥ ਇਹ ਛਲ ਅਪਨੋ ਮੂੰਡ ਮੁੰਡਾਯੋ॥ ੧੫॥ ੧॥**

ਜੋ ਉਸ ਸਖੀ ਨੂੰ ਦੇਣ ਦਾ ਵਾਅਦਾ ਕੀਤਾ ਉਹ ਉਸ ਨੂੰ ਦੇ ਦਿੱਤਾ ਅਤੇ ਰਾਜੇ ਦੇ ਪੁੱਤਰ ਨਾਲ ਭੋਗ ਬਿਲਾਸ ਕੀਤਾ। ਉਹ ਮੂਰਖ ਅਸਲ ਭੇਤ ਨ ਸਮਝਿਆ ਅਤੇ ਇਸ ਤਰ੍ਹਾਂ ਠਗਿਆ ਜਾਂਦਾ ਰਿਹਾ॥੧੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਗਯਾਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੧॥੫੯੩੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਗਿਆਰਵੀਂ ਕਥਾ ਸਮਾਪਤ॥੩੧੧॥੫੯੩੭॥

## ਚਲਿੱਤਰ ਤਿੰਨ ਸੌ ਬਾਰ੍ਹਵਾਂ
## ਕਥਾ ਜਟ ਦੀ ਇਸਤਰੀ

**ਚੌਪਈ॥ ਜੋਗਸੈਨ ਰਾਜਾ ਇਕ ਅਤਿ ਬਲ॥ ਅਰਿ ਅਨੇਕ ਜੀਤੇ ਜਿਨ ਦਲਮਲਿ॥**
**ਸ੍ਰੀ ਸੰਨਜਾਸ ਮਤੀ ਦਾਰਾ ਘਰ॥ ਅਧਿਕ ਚਤੁਰਿ ਤ੍ਰਿਯ ਹੁਤੀ ਗੁਨਨ ਕਰਿ॥ ੧॥**

ਪਦ ਅਰਥ - ਬਲ=ਬਲਵਾਨ। ਦਲ ਮਲਿ=ਟੁਕੜੇ ਟੁਕੜੇ ਕਰਕੇ ।

ਜੋਗ ਸੈਨ ਇਕ ਰਾਜਾ ਸੀ ਜਿਸ ਅਨੇਕਾਂ ਵੈਰੀਆਂ ਨੂੰ ਦਲ ਮਲ ਕੇ ਉਨ੍ਹਾਂ ਨੂੰ ਜਿਤਿਆ ਸੀ। ਸੰਨਿਆਸ ਮਤੀ ਉਸ ਦੀ ਇਸਤਰੀ ਸੀ ਜਿਹੜੀ ਕਿ ਬਹੁਤ ਚੱਤਰ ਅਤੇ ਗੁਣਵਾਨ ਸੀ॥੧॥

**ਕੇਤਿਕ ਦਿਨਨ ਜਨਤ ਸੁਤ ਭਈ॥ ਸਿੱਖਜਾ ਰਾਮ ਬਿਰਾਗੀ ਦਈ॥**
**ਬਢਤ ਬਢਤ ਸੋ ਭਯੋ ਤਰੁਨ ਜਬ॥ ਅਤ ਹੀ ਸੁੰਦਰਿ ਹੋਤ ਭਯੋ ਤਬ॥ ੨॥**

ਕਾਫੀ ਸਮੇਂ ਬਾਅਦ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ ਜਿਸ ਨੂੰ ਰਾਮ ਅਤੇ ਵੈਰਾਗ ਦੀ ਸਿਖਿਆ ਦਿੱਤੀ ਗਈ। ਵਧਦਾ ਵਧਦਾ ਜਦ ਉਹ ਜਵਾਨ ਹੋਇਆ ਤਾਂ ਬਹੁਤ ਸੁੰਦਰ ਲੱਗਣ ਲੱਗਾ॥੨॥

**ਤਹ ਇਕ ਹੁਤੀ ਜਾਟ ਕੀ ਦਾਰਾ॥ ਅਟਕਿ ਰਹੀ ਲਖਿ ਰਾਜ ਕੁਮਾਰਾ॥**
**ਨਿਸੁ ਦਿਨ ਸਦਨ ਤਵਨ ਕੇ ਜਾਵੈ॥ ਨ੍ਰਿਪ ਸੁਤ ਤਾਹਿ ਚਿੱਤ ਨਹਿ ਲਜਾਵੈ॥ ੩॥**

ਪਦ ਅਰਥ - ਨਿਸੁ ਦਿਨ=ਰਾਤ ਦਿਨ। ਨ੍ਰਿਪ ਸੁਤ=ਰਾਜੇ ਦਾ ਲੜਕਾ।

ਉਥੇ ਇਕ ਜੱਟ ਦੀ ਇਸਤਰੀ ਸੀ ਜਿਹੜੀ ਰਾਜਕੁਮਾਰ ਨੂੰ ਵੇਖ ਕੇ ਉਸੇ ਵਿਚ ਉਲਝ ਗਈ। ਉਹ ਰੋਜ਼ ਉਸ ਦੇ ਘਰ ਆਉਂਦੀ ਸੀ. ਪਰ ਰਾਜੇ ਦਾ ਲੜਕਾ ਉਸ ਵਲ ਧਿਆਨ ਨਹੀਂ ਦਿੰਦਾ ਸੀ।।੩।।

**ਤਾਤੇ ਤਰੁਨਿ ਦੁਖਿਤ ਅਤਿ ਭਈ।। ਚਿਤ ਮੈ ਚਰਿਤ ਬਿਚਾਰੇ ਕਈ।।**
**ਤਬ ਤਨ ਇਹੈ ਬਿਚਾਰ ਬਿਚਾਰਾ।। ਨਿਜੁ ਤਨ ਭੇਸ ਜੋਗ ਕੋ ਧਾਰਾ।। ੪।।**

ਪਦ ਅਰਥ - ਬਿਚਾਰਾ=ਵਿਚਾਰ ਕੀਤੀ। ਨਿਜੁ ਤਨ=ਆਪਣੇ ਸਰੀਰ ਤੇ।

ਇਸ ਕਰਕੇ ਉਹ ਜਵਾਨ ਇਸਤਰੀ ਬਹੁਤ ਦੁਖੀ ਹੋਈ ਅਤੇ ਉਸ ਮਨ ਵਿਚ ਅਨੇਕਾਂ ਚਲਿੱਤਰ ਸੋਚੇ। ਤਦ ਮਨ ਵਿਚ ਉਸ ਸੋਚ ਵਿਚਾਰ ਕੇ ਇਕ ਜੋਗੀ ਦਾ ਭੇਸ ਧਾਰਨ ਕਰ ਲਿਆ।।੪।।

**ਜੋਗ ਭੇਸ ਧਰਿ ਤਿਹ ਗ੍ਰਿਹਿ ਗਈ।। ਜੰਤ੍ਰ ਮੰਤ੍ਰ ਸਿਖਵਤ ਬਹੁ ਭਈ।।**
**ਤਾਕੋ ਲਯੋ ਚੋਰ ਕਰਿ ਚਿੱਤਾ।। ਔਰ ਹਰਾ ਗ੍ਰਿਹਿ ਕੋ ਸਭ ਬਿੱਤਾ।। ੫।।**

ਪਦ ਅਰਥ - ਚੋਰ ਕਰ ਚਿੱਤਾ=ਦਿਲ ਚੁਰਾ ਲਿਆ। ਹਰਾ=ਚੁਰਾਇਆ। ਬਿੱਤਾ=ਧਨ।

ਜੋਗੀ ਦਾ ਭੇਸ ਧਾਰ ਕੇ ਉਹ ਉਸ ਦੇ ਘਰ ਆਈ ਅਤੇ ਅਨੇਕਾਂ ਜੰਤਰ ਮੰਤਰ ਕਰਨ ਲੱਗੀ। ਉਸ ਜੋਗੀ ਬਣੀ ਇਸਤਰੀ ਨੇ ਰਾਜੇ ਦਾ ਦਿਲ ਅਤੇ ਘਰ ਦਾ ਸਾਰਾ ਧਨ ਚੁਰਾ ਲਿਆ।।੫।।

**ਇਕ ਦਿਨ ਯੌ ਤਿਹ ਸਾਥ ਉਚਾਰੋ।। ਜਾਨਤ ਜੋਗੀ ਸਵਹਿ ਉਠਾਰੋ।।**
**ਇਕ ਦਿਨ ਇਕਲ ਜੁ ਮੋਸੌ ਚਲੈ।। ਕੌਤਕ ਲਖਹੁ ਸਕਲ ਤੁਮ ਭਲੈ।। ੬।।**

ਇਕ ਦਿਨ ਉਹ ਰਾਜੇ ਦੇ ਪੁੱਤਰ ਨੂੰ ਕਹਿਣ ਲੱਗੀ ਕਿ ਮੈਂ ਭੂਤ ਵੀ ਜਗਾ ਸਕਦੀ ਹਾਂ। ਇਕ ਦਿਨ ਤੁਸੀਂ ਮੇਰੇ ਨਾਲ ਚਲੋ ਅਤੇ ਭਲੀ ਪ੍ਰਕਾਰ ਇਸ ਕੌਤਕ ਨੂੰ ਵੇਖੋ।।੬।।

**ਦੋਹਰਾ।। ਅਬ ਲਗਿ ਜਗਤ ਮਸਾਨ ਕੋ ਨਾਹਿ ਨਿਹਾਰਾ ਨੈਨ।।**
**ਅਬ ਜੁਗਿਯਾ ਕੇ ਹੇਤ ਤੇ ਦਿਖਿਹੈਂ ਭਾਖੇ ਬੈਨ।। ੭।।**

ਰਾਜੇ ਦਾ ਲੜਕਾ ਸੋਚਣ ਲੱਗਾ ਕਿ ਹੁਣ ਤਕ ਉਸ ਭੂਤ ਜਗਦਾ ਨਹੀਂ ਵੇਖਿਆ ਇਸ ਜੋਗੀ ਦੀ ਕਿਰਪਾ ਨਾਲ ਉਹ ਇਹ ਵੀ ਵੇਖ ਲਵੇਗਾ।।੭।।

**ਚੌਪਈ।। ਜਬ ਨਿਸੁ ਭਈ ਅਰਧ ਅੰਧਜਾਰੀ।। ਤਬ ਨ੍ਰਿਪ ਸੁਤ ਇਹ ਭਾਂਤਿ ਬਿਚਾਰੀ।।**
**ਇਕਲੋ ਜੋਗੀ ਸਾਥ ਸਿਧੈਹੈਂ।। ਉਠਤ ਮਸਾਨ ਨਿਰਖਿ ਘਰ ਐਹੈਂ।। ੮।।**

ਪਦ ਅਰਥ - ਸਿਧੈਹੈਂ=ਚਲੋਂ। ਉਠਤ ਮਸਾਨ ਨਿਰਖਿ=ਮਸਾਣ ਉਠਦਾ ਵੇਖਕੇ।

**************************************************************

ਜਦ ਅੱਧੀ ਰਾਤ ਬੀਤ ਗਈ ਅਤੇ ਮੁਕੰਮਲ ਹਨੇਰਾ ਹੋ ਗਿਆ ਤਾਂ ਰਾਜ ਕੁਮਾਰ ਨੇ ਸੋਚਿਆਂ ਕਿ ਮੈਂ ਇਕੱਲਾ ਹੀ ਜੋਗੀ ਦੇ ਨਾਲ ਜਾਵਾਂਗਾ ਅਤੇ ਭੂਤ ਉਠਦਾ ਵੇਖ ਕੇ ਵਾਪਸ ਘਰ ਆ ਜਾਵਾਂਗਾ।।੮।।

**ਚਲਤ ਭਯੋ ਜੋਗੀ ਕੇ ਸੰਗਾ।। ਤ੍ਰਿਯ ਚਰਿਤ੍ਰ ਕੋ ਲਖ੍ਯੋ ਨ ਢੰਗਾ।।**
**ਹ੍ਵੈ ਏਕਲੋ ਗਯੋ ਤਿਹ ਸਾਥਾ।। ਸ਼ਸਤ੍ਰ ਅਸਤ੍ਰ ਗਹਿ ਲਯੋ ਨ ਹਾਥਾ।। ੯।।**

ਉਹ ਜੋਗੀ ਦੇ ਨਾਲ ਚਲੋ ਗਿਆ ਅਤੇ ਇਸਤਰੀ ਦੇ ਚਲਿੱਤਰ ਬਾਰੇ ਨ ਸੋਚ ਸਕਿਆ। ਇਕੱਲਾ ਹੀ ਉਸ ਦੇ ਨਾਲ ਗਿਆ ਅਤੇ ਹੱਥ ਵਿਚ ਕੋਈ ਸ਼ਸਤਰ ਅਸਤਰ ਵੀ ਨ ਲਿਆ।।੯।।

**ਜਬ ਦੋਊ ਗਏ ਗਹਰ ਬਨ ਮਾਹੀ।। ਜਹ ਕੋਊ ਮਨੁੱਖ ਤੀਸਰੋ ਨਾਹੀ।।**
**ਤਬ ਅਬਲਾ ਇਹ ਭਾਂਤਿ ਉਚਾਰਾ।। ਸੁਨਹੁ ਕੁਅਰਿ ਜੂ ਬਚਨ ਹਮਾਰਾ।। ੧੦।।**

ਜਦ ਦੋਵੇਂ ਸੰਘਣੇ ਜੰਗਲ ਵਿਚ ਚਲੇ ਗਏ ਜਿਥੇ ਕਿ ਹੋਰ ਕੋਈ ਤੀਸਰਾ ਵਿਅਕਤੀ ਨਹੀਂ ਸੀ, ਤਾਂ ਉਸ ਜ਼ਨਾਨੀ ਨੇ ਰਾਜ ਕੁਮਾਰ ਨੂੰ ਇਸ ਤਰ੍ਹਾਂ ਕਿਹਾ।।੧੦।।

**ਤ੍ਰਿਯ ਬਾਚ।। ਕੈ ਜੜ ਪ੍ਰਾਨਨ ਕੀ ਆਸਾ ਤਜੁ।। ਕੈ ਰੁਚਿ ਮਾਨਿ ਆਉ ਮੁਹਿ ਕੌ ਭਜੁ।।**
**ਕੈ ਤੁਹਿ ਕਾਟਿ ਕਰੈ ਸਤ ਖੰਡਾ।। ਕੈ ਦੈ ਮੋਰਿ ਭਗ ਬਿਖੈ ਲੰਡਾ।। ੧੧।।**

ਪਦ ਅਰਥ - ਕੈ ਜੜ=ਜਾਂ ਤਾਂ ਮੂਰਖ। ਸਤ ਖੰਡਾ=ਸਤ ਟੁਕੜੇ

ਉਹ ਕਹਿਣ ਲੱਗੀ ਹੇ ਮੂਰਖ ਜਾਂ ਤਾਂ ਆਪਣੇ ਪ੍ਰਾਣਾਂ ਦੀ ਆਸ ਛਡ ਦੇ ਜਾਂ ਰੁਚੀ ਪੂਰਬਕ ਮੇਰੇ ਨਾਲ ਭੋਗ ਕਰ। ਜਾਂ ਮੈਂ ਤੇਰੇ ਸਤ ਟੁਕੜੇ ਕਰ ਦੇਵਾਂਗੀ ਜਾਂ ਮੇਰੇ ਨਾਲ ਭੋਗ ਕਰ।।੧੧।।

**ਰਾਜ ਕੁਅਰ ਅਤ ਹੀ ਤਬ ਡਰਾ।। ਕਾਮ ਭੋਗ ਤਿਹ ਤ੍ਰਿਯ ਸੰਗ ਕਰਾ।।**
**ਇਹ ਛਲ ਸੈ ਵਾਕੋ ਛਲਿ ਗਈ।। ਰਾਇ ਬਿਰਾਗਿਯਹਿ ਭੋਗਤ ਭਈ।।੧੨।।**

ਰਾਜ ਕੁਮਾਰ ਉਸ ਦੀ ਇਹ ਗੱਲ ਸੁਣ ਕੇ ਬਹੁਤ ਡਰ ਗਿਆ ਅਤੇ ਉਸ ਨੇ ਉਸ ਇਸਤਰੀ ਨਾਲ ਕਾਮ ਭੋਗ ਕੀਤਾ। ਇਸ ਚਲਿੱਤਰ ਨਾਲ ਉਸ ਰਾਜ ਕੁਮਾਰ ਨੂੰ ਛੱਲ ਲਿਆ ਅਤੇ ਜੋਗੀ ਬਣ ਕੇ ਉਸ ਨਾਲ ਸੰਭੋਗ ਕੀਤਾ।।੧੨।।

**ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ।। ਬਿਧਨਾ ਸਿਰਜਿ ਬਹੁਰਿ ਪਛੁਤਾਯੋ।।**
**ਜਿਨ ਇਹ ਕਿਯੋ ਸਕਲ ਸੰਸਾਰੋ।। ਵਹੈ ਪਛਾਨਿ ਭੇਦ ਤ੍ਰਿਯ ਹਾਰੋ।। ੧੩।। ੧।।**

ਇਸਤਰੀ ਦੇ ਰਹਿਸ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਇਨ੍ਹਾਂ ਨੂੰ ਬਣਾ ਕੇ ਤਾਂ ਵਿਧਾਤਾ ਵੀ ਪਛਤਾਉਂਦਾ ਸੀ। ਜਿਸ ਪ੍ਰਭੂ ਨੇ ਇਹ ਸਾਰਾ ਸੰਸਾਰ ਬਣਾਇਆ ਹੈ ਉਹ ਵੀ ਇਸ ਦੇ ਰਹਿਸ ਦੇ ਸਾਹਮਣੇ ਹਾਰ ਗਿਆ ਹੈ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੨॥੫੯੪੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ ਤਿੰਨ ਸੌ ਬਾਰਵੀਂ ਕਥਾ ਸਮਾਪਤ॥੩੧੨॥੫੯੪੯॥ਚਲਦਾ॥

# ਚਲਿੱਤਰ ਤਿੰਨ ਸੌ ਤੇਰ੍ਹਵਾਂ

## ਕਥਾ ਨੈਣ

**ਚੌਪਈ॥ ਸ੍ਵਰਨ ਸੈਨ ਇਕ ਸੁਨਾ ਨ੍ਰਿਪਾਲਾ॥ ਜਾਕੇ ਸਦਨ ਆਠ ਸੈ ਬਾਲਾ॥**
**ਬਿੱਸ੍ਰਮਤੀ ਤਾ ਕੇ ਇਕ ਨਾਰੀ॥ ਜਾਤ ਨ ਜਿਹ ਕੀ ਪ੍ਰਭਾ ਉਚਾਰੀ॥ ੧॥**

ਪਦ ਅਰਥ - ਸਦਨ=ਘਰ। ਆਠ ਸੈ ਬਾਲਾ=ਅੱਠ ਸੌ ਇਸਤਰੀਆਂ।

ਸਵਰਨ ਸੈਨ ਇਕ ਰਾਜਾ ਸੁਣਿਆ ਜਾਂਦਾ ਹੈ ਜਿਸ ਦੇ ਘਰ ਅੱਠ ਸੌ ਰਾਣੀਆਂ ਸਨ। ਬਿਸਵ ਮਤੀ ਉਸ ਦੀ ਇਕ ਰਾਣੀ ਸੀ ਜਿਸ ਦੀ ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ॥੧॥

**ਨਾਇਨੇਕ ਤਿਨ ਨ੍ਰਿਪਤਿ ਨਿਹਾਰੀ॥ ਰੂਪਮਾਨ ਗੁਨ ਮਾਨ ਬਿਚਾਰੀ॥**
**ਤਾਕਹ ਪਕਰਿ ਸਦਨ ਲੈ ਆਯੋ॥ ਕਾਮ ਭੋਗ ਤਿਹ ਸਾਥ ਕਮਾਯੋ॥ ੨॥**

ਰਾਜੇ ਨੇ ਇਕ ਨੈਣ ਨੂੰ ਵੇਖਿਆ ਅਤੇ ਉਸ ਨੂੰ ਬਹੁਤ ਰੂਪਵਾਨ ਅਤੇ ਗੁਣਵਾਨ ਸਮਝਿਆ। ਉਸ ਨੂੰ ਫੜ ਕੇ ਘਰ ਲੈ ਆਇਆ ਅਤੇ ਉਹਦੇ ਨਾਲ ਭੋਗ ਬਿਲਾਸ ਕੀਤਾ॥੨॥

**ਤਾਕੋ ਲੈ ਇਸਤ੍ਰੀ ਨ੍ਰਿਪ ਕਰੋ॥ ਭਾਂਤਿ ਭਾਂਤਿ ਤਿਹ ਸਾਥ ਬਿਹਰੋ॥**
**ਤਾ ਤ੍ਰਿਯ ਕੀ ਕੁਟੇਵ ਨਹਿ ਜਾਈ॥ ਅਵਰਨ ਸਾਥ ਰਮੈਂ ਲਪਟਾਈ॥ ੩॥**

ਰਾਜੇ ਨੇ ਉਸ ਨੂੰ ਅਪਣੀ ਇਸਤਰੀ ਬਣਾ ਲਿਆ ਅਤੇ ਭਿੰਨ ਭਿੰਨ ਪ੍ਰਕਾਰ ਨਾਲ ਉਸ ਨਾਲ ਭੋਗ ਬਿਲਾਸ ਕੀਤਾ। ਪਰ ਉਸ ਇਸਤਰੀ ਦੀ ਬੁਰੀ ਆਦਤ ਨ ਗਈ ਅਤੇ ਹੋਰ ਬੰਦਿਆਂ ਨਾਲ ਵੀ ਭੋਗ ਬਿਲਾਸ ਕਰਦੀ॥੩॥

**ਇਕ ਦਿਨ ਅਰਧ ਨਿਸਾ ਜਬ ਭਈ॥ ਜਾਰ ਧਾਮ ਨਾਇਨਿ ਵਹ ਗਈ॥**
**ਚੌਕੀਦਾਰਨ ਗਹਿ ਤਾਕੌ ਲਿਯ॥ ਨਾਕ ਕਾਟਿ ਕਰ ਬਹੁਰਿ ਛਾਡਿ ਦਿਯ॥ ੪॥**

ਪਦ ਅਰਥ - ਅਰਧ ਨਿਸਾ=ਅੱਧੀ ਰਾਤ। ਗਹਿ=ਫੜ ਲਿਆ।

ਇਕ ਦਿਨ ਜਦ ਅੱਧੀ ਰਾਤ ਬੀਤ ਗਈ ਤਾਂ ਉਹ ਨੈਣ ਯਾਰ ਦੇ ਘਰ ਨੂੰ ਚਲੀ ਗਈ। ਚੌਂਕੀਦਾਰਾਂ ਨੇ ਉਸ ਨੂੰ ਫੜ ਲਿਆ ਅਤੇ ਨੱਕ ਕੱਟ ਕੇ ਛੱਡ ਦਿੱਤਾ॥੪॥

Namdhari Elibrary NamdhariElibrary@gmail.com

*************************************************************

**ਨਾਇਨਿ ਕਟੀ ਨਾਕ ਲੈਕੈ ਕਰ॥ ਫਿਰਿ ਆਈ ਨ੍ਰਿਪ ਕੇ ਭੀਤਰ ਘਰ॥**
**ਤਬ ਨ੍ਰਿਪ ਰੋਮ ਮੂੰਡਬੇ ਕਾਜਾ॥ ਮਾਂਗਜੋ ਤੁਰਤੁ ਉਸਤਰਾ ਰਾਜਾ॥ ੫॥**

ਨੈਣ ਕੱਟੀ ਨੱਕ ਹੱਥ ਵਿਚ ਫੜ ਕੇ ਫਿਰ ਰਾਜੇ ਦੇ ਘਰ ਅੰਦਰ ਆ ਗਈ। ਤਦ ਰਾਜੇ ਨੇ ਵਾਲ ਕੱਟਣ ਵਾਸਤੇ ਉਸ ਪਾਸੋਂ ਉਸਤਰਾ ਮੰਗਿਆ॥੫॥

**ਤਬ ਤਿਨ ਵਹੈ ਉਸਤਰਾ ਦੀਯੋ॥ ਜਾ ਪਰ ਬਾਢਿ ਨ ਕਬਹੂੰ ਕੀਯੋ॥**
**ਨਿਰਖਿ ਨ੍ਰਿਪਤਿ ਤਿਹ ਅਧਿਕ ਰਿਸਾਯੋ॥ ਗਹਿ ਤਾ ਤ੍ਰਿਯ ਕੀ ਓਰ ਚਲਾਯੋ॥ ੬॥**

ਫਿਰ ਉਸ ਰਾਜੇ ਨੂੰ ਉਹ ਉਸਤਰਾ ਦਿੱਤਾ ਜਿਸ ਨਾਲ ਕਿ ਪਹਿਲਾਂ ਕਦੀ ਹਜਾਮਤ ਬਣਾਈ ਨਹੀਂ ਗਈ ਸੀ। ਰਾਜੇ ਨੇ ਜਦ ਉਸ ਉਸਤਰੇ ਨੂੰ ਵੇਖਿਆ ਤਾਂ ਬਹੁਤ ਗੁੱਸੇ ਵਿਚ ਆ ਗਿਆ ਅਤੇ ਫੜ ਕੇ ਜ਼ੋਰ ਨਾਲ ਇਸਤਰੀ ਵਲ ਸੁਟਿਆ॥੬॥

**ਤਬ ਤ੍ਰਿਯ ਹਾਇ ਹਾਇ ਕਹਿ ਉਠੀ॥ ਕਾਟਿ ਨਾਕ ਰਾਜਾ ਜੂ ਸੁਟੀ॥**
**ਤਬ ਰਾਜਾ ਹੇਰਨ ਤਿਹ ਧਾਯੋ॥ ਸ੍ਰੋਨ ਪੁਲਤ ਲਖਿ ਮੁਖ ਬਿਸਮਾਯੋ॥ ੭॥**

ਤਦ ਇਸਤਰੀ 'ਹਾਏ ਹਾਏ' ਕਹਿਣ ਲੱਗੀ ਅਤੇ ਬੋਲੀ ਕਿ ਰਾਜੇ ਨੇ ਮੇਰਾ ਨੱਕ ਹੀ ਵੱਢ ਦਿੱਤਾ ਹੈ। ਫਿਰ ਰਾਜਾ ਉਸ ਨੂੰ ਵੇਖਣ ਵਾਸਤੇ ਆਇਆ ਅਤੇ ਉਸ ਦੇ ਲਹੂ ਨਾਲ ਭਿੱਜੇ ਮੂੰਹ ਨੂੰ ਵੇਖ ਕੇ ਹੈਰਾਨ ਰਹਿ ਗਿਆ॥੭॥

**ਹਾਹਾ ਪਦ ਤਬ ਨ੍ਰਿਪਤਿ ਉਚਾਰਾ॥ ਮੈਂ ਨਹਿ ਐਸੋ ਭੇਦ ਬਿਚਾਰਾ॥**
**ਨਿਰਖਹੁ ਤਾ ਤ੍ਰਿਯ ਕੀ ਚਤੁਰਈ॥ ਰਾਜਾ ਮੂੰਡ ਬੁਰਾਈ ਦਈ॥ ੮॥**

'ਹਾਏ ਹਾਏ' ਕਹਿ ਕੇ ਰਾਜਾ ਇੰਝ ਕਹਿਣ ਲੱਗਾ ਕਿ ਮੈਂ ਇਸ ਗੱਲ ਨੂੰ ਵਿਚਾਰਿਆ ਨਹੀਂ ਸੀ। ਉਸ ਇਸਤਰੀ ਦੀ ਚਤਰਾਈ ਵੇਖੋ ਕਿ ਉਸ ਸਾਰੀ ਬੁਰਾਈ ਰਾਜੇ ਨੂੰ ਦੇ ਦਿੱਤੀ॥੮॥

**ਦੋਹਰਾ॥ ਭੇਦ ਅਭੇਦ ਕੌਂ ਤਿਨ ਨ੍ਰਿਪਤਿ ਕਿਯਾ ਨ ਹਿਦ੍ਰੈ ਬਿਚਾਰ॥**
**ਤਾਹਿ ਬੁਰਾਈ ਸਿਰ ਦਈ ਨਾਕ ਕਟਾਈ ਨਾਰਿ॥ ੯॥ ੧॥**

ਰਾਜੇ ਨੇ ਭੇਤ ਅਭੇਤ ਬਾਰੇ ਵਿਚਾਰ ਨ ਕੀਤੀ। ਉਸ ਇਸਤਰੀ ਨੇ ਨੱਕ ਕਿਤੇ ਹੋਰ ਥਾਂ ਕਟਵਾਈ ਸੀ ਅਤੇ ਨਾਂ ਰਾਜੇ ਦਾ ਲਾ ਦਿੱਤਾ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੇਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੩॥੫੯੫੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤੇਰਵੀ ਕਥਾ ਸਮਾਪਤ॥੩੧੩॥੫੯੫੯॥ਚਲਦਾ॥

# ਚਲਿੱਤਰ ਤਿੰਨ ਸੌ ਚੌਦ੍ਹਵਾਂ
## ਕਥਾ ਸੁਕਮਾਰ ਦੇਵੀ

**ਚੌਪਈ।।ਦੱਛਿਨ ਸੈਨ ਸੁ ਦੱਛਿਨ ਨ੍ਰਿਪ ਇਕ।।ਸ਼ਾਸਤ੍ਰ ਸਿੰਮ੍ਰਿਤ ਜਾਨਤ ਥੋ ਨਿਕ।।
ਸਦਨ ਸੁਦੱਛਿਨ ਦੇ ਤਿਹ ਦਾਰਾ।। ਜਨੁ ਸਸਿ ਚੜ੍ਹਿਯੋ ਗਗਨ ਮੰਝਾਰਾ।।੧।।**

ਦੱਖਣ ਦੇਸ਼ ਵਿਚ ਇਕ ਦੱਖਣ ਸੈਨ ਰਾਜਾ ਰਾਜ ਕਰਦਾ ਸੀ। ਉਹ ਸ਼ਾਸਤਰ ਅਤੇ ਸਿਮਰਤੀਆਂ ਦਾ ਗਿਆਤਾ ਸੀ। ਉਸ ਦੇ ਘਰ ਸੁਦੱਖਣ ਦੇਵੀ ਨਾਮੀਂ ਇਸਤਰੀ ਸੀ ਜਿਹੜੀ ਕਿ ਏਨੀ ਸੁੰਦਰ ਸੀ ਜਿਵੇਂ ਕਿ ਚੰਦ ਚੜ੍ਹਿਆ ਹੋਵੇ।।੧।।

**ਅੱਪ੍ਰਮਾਨ ਰਾਨੀ ਕੀ ਥੀ ਛਬਿ।। ਨਿਰਖਿ ਪ੍ਰਭਾ ਜਿਹ ਰਹਤ ਭਾਨ ਦਬਿ।।
ਰਾਜਾ ਅਧਿਕ ਆਸਕਤ ਤਾ ਪਰਿ।। ਜਿਹ ਬਿਧਿ ਅਲਿ ਪੰਖੁਰੀ ਕਮਲ ਕਰਿ।।੨।।**

ਪਦ ਅਰਥ - ਛਬਿ=ਸ਼ਕਲ ਸੂਰਤ। ਭਾਨ=ਸੂਰਜ। ਅਲਿ=ਭੌਰਾ।

ਰਾਣੀ ਦੀ ਸ਼ਕਲ ਸੂਰਤ ਅਪਾਰ ਸੀ. ਉਸ ਨੂੰ ਵੇਖ ਕੇ ਸੂਰਜ ਵੀ ਦਬਿਆ ਦਬਿਆ ਰਹਿੰਦਾ ਸੀ। ਰਾਜਾ ਉਹਦੇ ਨਾਲ ਏਨਾ ਪਿਆਰ ਕਰਦਾ ਸੀ ਕਿ ਜਿਵੇਂ ਭੌਰਾ ਕੰਵਲ ਦੇ ਫੁਲ ਨਾਲ ਪ੍ਰੇਮ ਕਰਦਾ ਹੈ।।੨।।

**ਤਹਾਂ ਸ਼ਾਹ ਕੀ ਹੁਤੀ ਦੁਲਾਰੀ।। ਤਿਨ ਰਾਜਾ ਕੀ ਪ੍ਰਭਾ ਨਿਹਾਰੀ।।
ਸ੍ਰੀ ਸੁਕੁਮਾਰ ਦੇਇ ਤਿਹ ਨਾਮਾ।। ਜਿਹ ਸੀ ਭਈ ਨ ਮਹਿ ਮਹਿ ਬਾਮਾ।।੩।।**

ਉਥੇ ਇਕ ਸ਼ਾਹ ਦੀ ਪੁੱਤਰੀ ਰਹਿੰਦੀ ਸੀ ਜਿਸ ਇਕ ਦਿਨ ਰਾਜੇ ਦੀ ਸੁੰਦਰ ਸ਼ਕਲ ਵੇਖੀ। ਉਸ ਇਸਤਰੀ ਦਾ ਨਾਂ ਸੁਕਮਾਰ ਦੇਵੀ ਸੀ. ਉਸ ਵਰਗੀ ਸੰਸਾਰ ਤੇ ਹੋਰ ਕੋਈ ਇਸਤਰੀ ਨਹੀਂ ਸੀ।।੩।।.

**ਚਿਤ ਮਹਿ ਸ਼ਾਹ ਸੁਤਾ ਯੌ ਕਹਿਯੋ।। ਜਬ ਤਿਹ ਹੇਰਿ ਅਟਕ ਮਨ ਰਹਿਯੋ।।
ਕੌਨ ਜਤਨ ਜਾਤੇ ਨ੍ਰਿਪ ਪਾਊਂ।। ਚਿਤ ਤੇਂ ਤ੍ਰਿਯ ਪਹਿਲੀ ਬਿਸਰਾਊਂ।।੪।।**

ਜਦ ਤੋਂ ਹੀ ਸ਼ਾਹ ਦੀ ਪੁੱਤਰੀ ਨੇ ਰਾਜੇ ਨੂੰ ਵੇਖਿਆ ਸੀ ਤਾਂ ਉਹ ਦਿਲ ਵਿਚ ਹਰ ਵੇਲੇ ਇਹੋ ਸੋਚਦੀ ਰਹਿੰਦੀ ਸੀ ਕਿ ਕੀ ਜਤਨ ਕਰਕੇ ਮੈਂ ਰਾਜੇ ਨੂੰ ਪਾ ਲਵਾਂ ਅਤੇ ਉਸ ਦੀ ਪਹਿਲੀ ਇਸਤਰੀ ਨੂੰ ਉਸ ਦੇ ਮਨ ਵਿਚੋਂ ਕੱਢ ਦੇਵਾਂ।।੪।।

**ਬਸਤ੍ਰਿਤਿ ਉਤਮ ਸਕਲ ਉਤਾਰੇ।। ਮੇਖਲਾਦਿ ਤਨ ਮੋ ਪਟ ਧਾਰੇ।।
ਤਾਕੇ ਧੂਮ ਦ੍ਵਾਰ ਪਰ ਡਾਰਿਯੋ।। ਇਸਤ੍ਰੀ ਪੁਰਖ ਨ ਕਿਨੂੰ ਬਿਚਾਰਿਯੋ।।੫।।**

ਉਸ ਨੇ ਆਪਣੇ ਸੋਹਣੇ ਅਤੇ ਕੀਮਤੀ ਕਪੜੇ ਉਤਾਰ ਦਿੱਤੇ ਅਤੇ ਖਫ਼ਣੀ ਆਦਿ ਸਰੀਰ ਤੇ ਧਾਰਨ ਕਰ ਲਏ। ਫਿਰ ਉਸ ਜਾ ਕੇ ਰਾਜੇ ਦੇ ਮਹਿਲਾਂ ਦੇ ਦਰਵਾਜ਼ੇ ਤੇ ਧੂਣੀ ਲਾ ਲਈ। ਇਸ ਗੱਲ ਨੂੰ ਕਿਸੇ ਵੀ ਇਸਤਰੀ ਪੁਰਖ ਨੇ ਨ ਵਿਚਾਰਿਆ॥੫॥

**ਕੇਤਿਕ ਦਿਵਸ ਬੀਤ ਜਬ ਗਏ॥ ਲਖਨ ਨਗਰ ਨਿਕਸਤ ਪ੍ਰਭ ਭਏ॥**
**ਭਾਖਾ ਸੁਨਨ ਸਭਨ ਕੀ ਕਾਜਾ॥ ਅਤਿਥ ਭੇਸ ਧਰਿ ਨਿਕਸ੍ਯੋ ਰਾਜਾ॥ ੬॥**

ਜਦ ਕਈ ਦਿਨ ਬੀਤ ਗਏ ਤਾਂ ਰਾਜਾ ਫਕੀਰ ਦਾ ਭੇਸ ਧਾਰ ਕੇ ਲੋਕਾਂ ਦੀਆਂ ਗੱਲਾਂ ਸੁਣਨ ਵਾਸਤੇ ਸ਼ਹਿਰ ਵਿਚ ਨਿਕਲਿਆ॥੬॥

**ਤਿਨ ਤ੍ਰਿਯ ਭੇਸ ਅਤਿਥ ਕੋ ਧਰਿਕੈ॥ ਬਚਨ ਉਚਾਰਿਯੋ ਨ੍ਰਿਪਹਿ ਨਿਹਰਿਕੈ॥**
**ਕਹ ਭਯੋ ਰਾਜਾ ਮੂਰਖ ਮਤਿ ਕੌ॥ ਭਲੀ ਬੁਰੀ ਜਾਨਤ ਨਹਿ ਗਤਿ ਕੌ॥ ੭॥**

ਪਦ ਅਰਥ - ਭੇਸ ਅਤਿਥ=ਸਾਧੂ ਦਾ ਭੇਸ। ਨ੍ਰਿਪਹਿ ਨਿਹਰਿਕੈ=ਰਾਜੇ ਨੂੰ ਵੇਖਕੇ।

ਫਕੀਰ ਬਣੀ ਉਸ ਇਸਤਰੀ ਨੇ ਰਾਜੇ ਨੂੰ ਵੇਖ ਕੇ ਇਸ ਤਰ੍ਹਾਂ ਕਿਹਾ। ਰਾਜੇ ਦੀ ਮੂਰਖ ਮਤ ਨੂੰ ਭਲਾ ਕੀ ਹੋ ਗਿਆ ਹੈ ਜਿਹੜਾ ਕਿ ਭਲੇ ਬੁਰੇ ਦੀ ਪਹਿਚਾਨ ਹੀ ਭੁਲ ਗਿਆ ਹੈ॥੭॥

**ਦੁਰਾਚਾਰ ਰਾਨੀ ਜੁ ਕਮਾਵੈ॥ ਤਾਕੇ ਧਾਮ ਨਿੱਤਜ ਨ੍ਰਿਪ ਜਾਵੈ॥**
**ਜੜ ਇਹ ਲਖਤ ਮੋਰਿ ਹਿਤ ਕਾਰਨਿ॥ ਸੋ ਨਿਤ ਸੋਤ ਸੰਗ ਲੈ ਯਾਰਨਿ॥ ੮॥**

ਜਿਸ ਰਾਣੀ ਨੂੰ ਇਹ ਏਨਾ ਪਿਆਰ ਕਰਦਾ ਹੈ. ਉਹ ਰੋਜ਼ ਆਪਣੇ ਯਾਰ ਨਾਲ ਸੌਂਦੀ ਹੈ। ਜਿਹੜੀ ਰਾਣੀ ਏਨਾ ਦੁਰਾਚਾਰ ਕਮਾਉਂਦੀ ਹੈ ਰਾਜਾ ਫਿਰ ਵੀ ਨਿੱਤ ਉਸ ਦੇ ਘਰ ਜਾਂਦਾ ਹੈ॥੮॥

**ਨ੍ਰਿਪ ਯਹ ਧੁਨਿ ਸ੍ਰਵਨਨ ਸੁਨਿ ਪਾਈ॥ ਪੂਛਤ ਭਯੋ ਤਿਸੀ ਕਹ ਜਾਈ॥**
**ਅਥਿਤ ਨ੍ਰਿਪਤਿ ਹਜਾਂ ਕੋ ਕਜਾ ਕਰੈ॥ ਜੋ ਤੁਮ ਕਹਹੁ ਸੋ ਬਿਧਿ ਪਰਹਰੈ॥ ੯॥**

ਜਦ ਰਾਜੇ ਨੇ ਇਹ ਗੱਲ ਆਪਣੇ ਕੰਨਾਂ ਨਾਲ ਸੁਣੀ ਤਾਂ ਉਹ ਉਸ ਨੂੰ ਜਾ ਕੇ ਪੁਛਣ ਲੱਗਾ। ਹੇ ਸਾਧੂ ਮਹਾਰਾਜ ਇਥੋਂ ਦਾ ਰਾਜਾ ਕੀ ਕਰੇ ਕਿ ਜੋ ਤੁਸੀਂ ਦੱਸ ਰਹੇ ਹੋ ਉਸ ਤੋਂ ਦੂਰ ਹੋ ਜਾਵੇ॥੯॥

**ਇਹ ਨ੍ਰਿਪ ਜੋਗ ਨ ਐਸੀ ਨਾਰੀ॥ ਚਹਿਯਤ ਹਨੀ ਕਿ ਤੁਰਤੁ ਨਿਕਾਰੀ॥**
**ਭਲੋ ਨ ਗਵਨ ਕਰੋ ਤਾਕੇ ਛਿਨ॥ ਦੁਰਾਚਾਰ ਤ੍ਰਿਯ ਕਰਤ ਜੁ ਨਿਸਦਿਨ॥ ੧੦॥**

ਇਹ ਰਾਣੀ ਰਾਜੇ ਦੇ ਯੋਗ ਨਹੀਂ ਹੈ, ਰਾਜੇ ਨੂੰ ਚਾਹੀਦਾ ਹੈ ਕਿ ਇਸ ਨੂੰ ਤੁਰੰਤ ਮਾਰ ਦੇਵੇ / ਜਾਂ ਘਰ ਵਿਚੋਂ ਕੱਢ ਦੇਵੇ। ਭਲਾ ਤਾਂ ਏਸੇ ਗੱਲ ਵਿਚ ਹੈ ਕਿ ਉਸ ਪਾਸ ਇਕ ਛਿਣ ਵੀ ਨ ਜਾਇਆ ਜਾਵੇ ਜਿਹੜੀ ਮਾੜੇ ਕੰਮਾ ਵਿਚ ਏਨੀ ਗਲਤਾਨ ਹੈ॥੧੦॥

ਇਨ ਕੇ ਜੋਗ ਏਕ ਤ੍ਰਿਯ ਅਹੀ॥ ਏਕ ਸ਼ਾਹ ਕੇ ਜਾਈ ਕਹੀ॥
ਜਸੋਂ ਇਹ ਨ੍ਰਿਪ ਪੁਰਖਨ ਕੋ ਰਾਜਾ॥ ਤਸੋਂ ਵਹੁ ਨਾਰਿ ਤ੍ਰਿਯਨ ਸਿਰਤਾਜਾ॥ ੧੧॥

ਰਾਜੇ ਦੇ ਯੋਗ ਇਕ ਇਸਤਰੀ ਹੈ ਜਿਹੜੀ ਇਥੇ ਹੀ ਕਿਸੇ ਸ਼ਾਹ ਦੇ ਘਰ ਪੈਦਾ ਹੋਈ ਹੈ। ਜਿਵੇ ਇਹ ਰਾਜਾ. ਪੁਰਖਾਂ ਦਾ ਰਾਜਾ ਹੈ ਉਸ ਤਰ੍ਹਾਂ ਉਹ ਇਸਤਰੀ ਨਾਰੀਆਂ ਦੀ ਸਿਰਤਾਜ ਹੈ॥੧੧॥

ਜੌ ਵਾਕੌ ਰਾਜਾ ਗ੍ਰਿਹਿ ਲਜਾਵੈ॥ ਰਾਜ ਪਾਟ ਤਬ ਸਕਲ ਸੁਹਾਵੈ॥
ਤਾਹਿ ਲਖੇ ਤ੍ਰਿਯ ਸਭ ਦੁਰਿ ਜਾਹੀਂ॥ ਜਿਮਿ ਉਡਗਨ ਰਵਿ ਕੀ ਪਰਛਾਹੀਂ॥ ੧੨॥

ਪਦ ਅਰਥ - ਰਾਜ ਪਾਟ=ਤਖਤ। ਦੁਰਿ=ਦੜ। ਸੁਹਾਵੈ=ਸ਼ੋਭਾ ਵੱਧ ਜਾਵੇ। ਉਡਗਨ=ਉੱਡ ਜਾਂਦੇ ਹਨ।

ਜੇ ਰਾਜਾ ਉਸ ਨੂੰ ਆਪਣੇ ਘਰ ਲੈ ਆਵੇ ਤਾਂ ਉਸ ਦੇ ਰਾਜ ਪਾਟ ਦੀ ਸ਼ੋਭਾ ਵੱਧ ਜਾਵੇਗੀ। ਉਸ ਨੂੰ ਵੇਖ ਕੇ ਸਭ ਇਸਤਰੀਆਂ ਇਸ ਤਰ੍ਹਾਂ ਲੁਕ ਜਾਣਗੀਆਂ ਜਿਵੇਂ ਸੂਰਜ ਦੀਆਂ ਰਿਸ਼ਮਾਂ ਨੂੰ ਵੇਖ ਕੇ ਤਾਰੇ ਲੁੱਕ ਜਾਂਦੇ ਹਨ॥੧੨॥

ਜਬ ਰਾਜੈ ਇਹ ਬਿਧਿ ਸੁਨ ਪਾਯੋ॥ ਇਹੈ ਮਤੋ ਜਿਯ ਮਾਂਝ ਪਕਾਯੋ॥
ਦੁਰਾਚਾਰ ਇਸਤ੍ਰੀ ਪਰਹਰੌਂ॥ ਨਿਜੁ ਤ੍ਰਿਯ ਸ਼ਾਹ ਸੁਤਾ ਲੈ ਕਰੌਂ॥੧੩॥

ਜਦ ਰਾਜੇ ਨੇ ਸੰਤ ਪਾਸੋਂ ਇਹ ਵਿਧੀ ਸੁੱਣੀ ਤਾਂ ਮਨ ਵਿਚ ਇਹੋ ਵਿਚਾਰ ਪੱਕਾ ਕਰ ਲਿਆ ਕਿ ਆਪਣੀ ਦੁਰਾਚਾਰ ਇਸਤਰੀ ਤੋਂ ਦੂਰ ਰਹੋ ਅਤੇ ਸ਼ਾਹ ਦੀ ਪੁੱਤਰੀ ਆਪਣੀ ਇਸਤਰੀ ਬਣਾ ਲਵੇਂ॥੧੩॥

ਪ੍ਰਾਤੈਕਾਲ ਧਾਮ ਜਬ ਆਯੋ॥ ਨੇਗੀ ਮਹ ਤਨ ਬੋਲਿ ਪਠਾਯੋ॥
ਸ਼ਾਹ ਸੁਤਾ ਜਿਹ ਤਿਹ ਬਿਧਿ ਲਈ॥ ਰਾਨੀ ਡਾਰਿ ਹ੍ਰਿਦੈ ਤੇ ਦਈ॥੧੪॥

ਪਦ ਅਰਥ - ਨੇਗੀ=ਨੌਕਰ, ਏਲਚੀ। ਬੋਲ ਪਠਾਯੋ=ਬੁਲਵਾ ਲਈ।

ਜਦ ਸਵੇਰੇ ਰਾਜਾ ਘਰ ਆਇਆ ਤਾਂ ਉਸ ਇਕ ਲਾਗੀ ਨੂੰ ਭੇਜ ਕੇ ਸ਼ਾਹ ਦੀ ਪੁੱਤਰੀ ਨੂੰ ਬੁਲਾ ਲਿਆ। ਸ਼ਾਹ ਦੀ ਪੁੱਤਰੀ ਦੇ ਨਾਲ ਉਸ ਪ੍ਰੇਮ ਪਾ ਲਿਆ ਅਤੇ ਰਾਣੀ ਨੂੰ ਦਿਲ ਵਿਚੋਂ ਕੱਢ ਦਿੱਤਾ॥੧੪॥

ਦੋਹਰਾ॥ ਇਹ ਚਰਿੱਤ੍ਰ ਤਹ ਚੰਚਲਾ ਤਾਕੋ ਚਰਿਤ ਦਿਖਾਇ॥
ਨਿਜੁ ਤ੍ਰਿਯ ਸਾਥ ਤੁਰਾਇ ਤਿਹ ਆਪਨ ਭਜਜੋ ਬਨਾਇ॥ ੧੫॥ ੧॥

ਇਸ ਚਲਿੱਤਰ ਨਾਲ ਉਸ ਔਰਤ ਨੇ ਰਾਜੇ ਨੂੰ ਚਲਿੱਤਰ ਵਿਖਾ ਕੇ ਰਾਜੇ ਦੀ ਨਿਜੀ ਇਸਤਰੀ

ਨਾਲੋਂ ਪਿਆਰ ਤੁੜਵਾ ਦਿੱਤਾ ਅਤੇ ਆਪ ਰਾਜੇ ਨਾਲ ਮਨ ਭਾਉਂਦੀ ਪ੍ਰੇਮ ਕ੍ਰੀੜਾ ਕਰਨ ਲੱਗੀ।।੧੫।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਦਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੧੪।।੫੯੭੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਰਾਜਾ ਮੰਤਰੀ ਵਾਰਤਾਲਾਪ, ਤਿੰਨ ਸੌ ਚੌਦ੍ਹਵੀਂ ਕਥਾ ਸਮਾਪਤ।।੩੧੪।।੫੯੭੩।।ਚਲਦਾ।।

## ਚਲਿੱਤਰ ਤਿੰਨ ਸੌ ਪੰਦਰ੍ਹਵਾਂ
## ਕਥਾ ਪੱਛਮ ਦੇਵੀ

**ਚੌਪਈ।।ਸ਼ਹਿਰ ਇਟਾਵਾ ਗੰਗ ਤੀਰ ਜਹ।।ਪਾਲ ਸੁਪੱਛਿਮ ਹੁਤੇ ਨ੍ਰਿਪਤਿ ਤਹ।।**
**ਨਾਰਿ ਸੁ ਪੱਛਿਮਦੇ ਤਾਕੇ ਘਰ।। ਸੁਰੀ ਨਾਗਨੀ ਨਰੀ ਨ ਸਰਬਰ।। ੧।।**

ਗੰਗਾ ਦੇ ਕੰਢੇ ਇਟਾਵਾ ਸ਼ਹਿਰ ਵਿਚ ਪਛਮਪਾਲ ਨਾਮੀਂ ਇਕ ਰਾਜਾ ਰਾਜ ਕਰਦਾ ਸੀ ਪਛਮ ਦੇਵੀ ਨਾਮੀਂ ਉਸ ਦੀ ਇਕ ਸੁੰਦਰ ਇਸਤਰੀ ਸੀ। ਉਸ ਵਰਗੀ ਕੋਈ ਨਰ ਨਾਗ ਜਾਂ ਦੇਵਤਾ ਇਸਤਰੀ ਵੀ ਨਹੀਂ ਸੀ।।੧।।

**ਬਾਢੀ ਏਕ ਰਾਨਿਯਹਿ ਹੇਰਾ।। ਮਦਨ ਦੇਹ ਤਬ ਹੀ ਤਿਹ ਘੇਰਾ।।**
**ਅਧਿਕ ਨੇਹ ਤਿਹ ਸਾਥ ਬਢਾਯੋ।। ਰਾਜਾ ਕੋ ਚਿਤ ਤੇ ਬਿਸਰਾਯੋ।। ੨।।**

ਪਦ ਅਰਥ - ਬਾਢੀ=ਤਰਖਾਣ। ਹੇਰਾ=ਵੇਖਿਆ।

ਰਾਣੀ ਨੇ ਇਕ ਦਿਨ ਇਕ ਤਰਖਾਣ ਨੂੰ ਵੇਖਿਆ ਅਤੇ ਵੇਖਦੇ ਸਾਰ ਹੀ ਕਾਮ ਸਕਤ ਹੋ ਗਈ। ਉਸ ਨੇ ਉਸ ਤਰਖਾਣ ਨਾਲ ਬਹੁਤ ਪਿਆਰ ਪਾ ਲਿਆ ਅਤੇ ਰਾਜੇ ਨੂੰ ਆਪਣੇ ਦਿਲ ਵਿਚੋਂ ਕੱਢ ਦਿੱਤਾ।।੨।।

**ਐਸੀ ਰਸਿਗੀ ਤਾ ਸੌ ਨਾਰੀ।। ਜਾਂਤੇ ਪਤਿ ਤਨ ਪ੍ਰੀਤਿ ਬਿਸਾਰੀ।।**
**ਗੇਰੂ ਘੋਰਿ ਪਾਨ ਕਰਿ ਲੀਯੋ।। ਮੁਖ ਤੇ ਡਾਰਿ ਲਖਤ ਨ੍ਰਿਪ ਦੀਯੋ।। ੩।।**

ਉਹ ਇਸਤਰੀ ਉਸ ਤਰਖਾਣ ਦੇ ਪਿਆਰ ਵਿਚ ਏਨੀ ਲੀਨ ਹੋ ਗਈ ਕਿ ਉਸ ਪਤੀ ਪ੍ਰੇਮ ਨੂੰ ਭੁਲਾ ਦਿੱਤਾ। ਉਸ ਇਕ ਦਿਨ ਲਾਲ ਮਿੱਟੀ ਘੋਲ ਕੇ ਪੀ ਲਈ ਅਤੇ ਰਾਜੇ ਦੇ ਵੇਖਦੇ ਵੇਖਦੇ ਉਸ ਦੀ ਉਲਟੀ ਕਰ ਦਿੱਤੀ।।੩।।

**ਜਾਨਾ ਸ੍ਰੋਣ ਬਦਨ ਤੇ ਬਮਾ।। ਨ੍ਰਿਪ ਮਨ ਮੈ ਇਹ ਸੂਲਨ ਛਮਾ।।**
**ਅਤਿ ਆਤੁਰ ਹ੍ਵੈ ਬੈਦ ਬੁਲਾਏ।। ਚਿਹਨ ਰੋਗ ਤਿਹ ਨਾਰਿ ਸੁਨਾਏ।। ੪।।**

ਰਾਜੇ ਨੇ ਸੋਚਿਆ ਕਿ ਇਸ ਨੂੰ ਲਹੂ ਦੀ ਉਲਟੀ ਆਈ ਹੈ ਅਤੇ ਇਸ ਦੇ ਢਿਡ ਵਿਚ ਸੂਲ ਦੀ ਪੀੜ ਹੋਈ ਹੈ। ਉਹ ਬਹੁਤ ਵਿਆਕੁਲ ਹੋ ਗਿਆ ਅਤੇ ਉਸ ਚੰਗੇ ਚੰਗੇ ਵੈਦਾਂ ਨੂੰ ਬੁਲਾਇਆ ਅਤੇ ਉਨ੍ਹਾਂ ਸਾਰਿਆਂ ਨੇ ਰੋਗ ਦੇ ਲੱਛਣ ਦੱਸੇ।।੪।।

**ਤਬ ਤਿਨ ਪੀ ਗੇਰੂ ਪੁਨਿ ਡਾਰਾ।। ਸ੍ਰੋਣ ਬਮਾ ਸਭਹੂਨ ਬਿਚਾਰਾ।।**
**ਤਬ ਪਤਿ ਸੋ ਇਮ ਨਾਰਿ ਉਚਾਰੋ।। ਅਬ ਰਾਨੀ ਕਹ ਮਰੀ ਬਿਚਾਰੋ।।੫।।**

ਉਸ ਇਸਤਰੀ ਨੇ ਦੁਬਾਰਾ ਲਾਲ ਗੇਰੂ ਪੀਤਾ ਅਤੇ ਉਸ ਦੀ ਉਲਟੀ ਕਰਕੇ ਸਾਰਿਆਂ ਦੀ ਤਸੱਲੀ ਕਰਵਾ ਦਿੱਤੀ ਕਿ ਉਸ ਨੂੰ ਖ਼ੂਨ ਦੀ ਉਲਟੀ ਆਈ ਹੈ। ਤਦ ਇਸਤਰੀ ਨੇ ਆਪਣੇ ਪਤੀ ਨੂੰ ਕਿਹਾ ਕਿ ਮੈਨੂੰ ਹੁਣ ਤੁਸੀਂ ਮਰੀ ਸਮਝੋ।।੫।।

**ਰਾਨੀ ਕਹਤ ਨ੍ਰਿਪਤਿ ਸੋ ਕਰਿਯਹੁ।। ਮੇਰੋ ਬਹੁਰਿ ਨ ਬਦਨ ਨਿਹਰਿਯਹੁ।।**
**ਔਰ ਸਖੀ ਕਾਹੂ ਨ ਦਿਖੈਯੋ।। ਰਾਨੀ ਜਾਇ ਜਾਰ ਘਰਿ ਐਯੋ।।੬।।**

ਰਾਣੀ ਨੇ ਆਪਣੇ ਪਤੀ ਨੂੰ ਕਿਹਾ ਕਿ ਤੁਸੀਂ ਹੁਣ ਮੇਰਾ ਮੂੰਹ ਦੁਬਾਰਾ ਨਹੀਂ ਵੇਖ ਸਕੋਗੇ। ਉਹ ਫਿਰ ਕਿਸੇ ਹੋਰ ਨੂੰ ਨਾ ਦਿੱਸੀ ਅਤੇ ਬੜੀ ਆਸਾਨੀ ਨਾਲ ਆਪਣੇ ਯਾਰ ਦੇ ਘਰ ਚਲੀ ਗਈ।।੬।।

**ਸਾਚ ਬਚਨ ਜੜ੍ਹ ਸੁਨਤ ਉਚਰਿਕੈ।। ਦਮ ਕਹ ਰੋਕਿ ਗਈ ਜਨੁ ਮਰਿਕੈ।।**
**ਆਂਸੂ ਪੁਲਿਤ ਅਖੀਆਂ ਪਤਿ ਭਈ।। ਤਬ ਹੀ ਜਾਰ ਸਾਥ ਉਠਿ ਗਈ।।੭।।**

ਪਦ ਅਰਥ - ਆਂਸੂ ਪੁਲਿਤ=ਅੱਥਰੂ ਨਿਕਲੇ। ਜਨੁ ਮਰਿਕੈ=ਜਿਵੇਂ ਮਰ ਗਈ ਹੋਵੇ।।

ਮੂਰਖ ਰਾਜਾ ਰਾਣੀ ਦੇ ਸੱਚੇ ਬਚਨਾਂ ਨੂੰ ਫਿਰ ਬੋਲਣ ਲੱਗਾ ਕਿ ਰਾਣੀ ਮਰ ਕੇ ਵੀ ਮੇਰੇ ਲਈ ਸਾਹ ਰੋਕ ਕੇ ਰੱਖੀ ਹੋਈ ਸੀ। ਜਦ ਰਾਜੇ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ ਅਤੇ ਉਹ ਆਪਣੀ ਸੁੱਧ ਗਵਾ ਬੈਠਾ ਤਾਂ ਰਾਣੀ ਉਠ ਕੇ ਆਪਣੇ ਯਾਰ ਪਾਸ ਚਲੀ ਗਈ।।੭।।

**ਆਂਖਿ ਪੂੰਛਿ ਨ੍ਰਿਪ ਹੇਰੈ ਕਹਾ।। ਊਹਾਂ ਨ ਅੰਗ ਤਵਨ ਕੋ ਰਹਾ।।**
**ਤਬ ਸਖਿਯਨ ਇਹ ਭਾਂਤਿ ਉਚਾਰਜੋ।। ਭੇਦ ਅਭੇਦ ਪਸੁ ਨ੍ਰਿਪ ਨ ਬਿਚਾਰਜੋ।।੮।।**

ਰਾਜਾ ਅੱਖਾਂ ਪੂੰਝ ਕੇ ਵੇਖਣ ਲੱਗਾ ਕਿ ਉਹ ਕਿਥੇ ਗਈ ਹੈ, ਕਿਉਂਕਿ ਉਹ ਉਥੇ ਨਹੀਂ ਸੀ। ਫਿਰ ਦਾਸੀਆਂ ਨੇ ਜੋ ਕਿਹਾ ਉਸ ਨੂੰ ਮੂਰਖ ਰਾਜਾ ਸਮਝ ਨ ਸਕਿਆ।।੮।।

**ਰਾਨੀ ਗਈ ਸਦੇਹ ਸ੍ਵਰਗ ਕਹ।। ਛੋਰਿ ਗਈ ਹਮ ਕੌ ਕਤ ਮਹਿ ਮਹ।।**
**ਮੂਰਖ ਸਾਚੁ ਇਹੈ ਲਹਿ ਲਈ।। ਦੇਹ ਸਹਿਤ ਸੁਰਪੁਰ ਤ੍ਰਿਯ ਗਈ।।੯।।**

ਉਹ ਕਹਿਣ ਲਗੀਆਂ ਰਾਣੀ ਸਿਧੀ ਸਵਰਗ ਚਲੀ ਗਈ ਹੈ ਅਤੇ ਪਤਾ ਨਹੀਂ ਸਾਨੂੰ ਕਿਉਂ

ਇਸ ਧਰਤੀ ਤੇ ਛੱਡ ਗਈ ਹੈ। ਰਾਜੇ ਮੂਰਖ ਨੇ ਇਸ ਗੱਲ ਨੂੰ ਸਚ ਮੰਨ ਲਿਆ ਕਿ ਰਾਣੀ ਇਥੋਂ ਸਿੱਧੀ ਸਵਰਗਾਂ ਨੂੰ ਚਲੀ ਗਈ ਹੈ॥੯॥

**ਜੇ ਜੇ ਪੁੰਨਜਵਾਨ ਹੈਂ ਲੋਗਾ॥ ਤੇ ਤੇ ਹੈਂ ਇਹ ਗਤਿ ਕੇ ਜੋਗਾ॥**
**ਜਿਨ ਇਕ ਚਿਤ ਹ੍ਵੈ ਕੈ ਹਰਿ ਧਜਾਯੋ॥ ਤਾਕੇ ਕਾਲ ਨਿਕਟ ਨਹਿ ਆਯੋ॥੧੦॥**

ਜਿਹੜੇ ਲੋਕ ਪੁੰਨ ਕਰਦੇ ਹਨ ਉਨ੍ਹਾਂ ਨੂੰ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਇਸਦੇ ਯੋਗ ਵੀ ਹੁੰਦੇ ਹਨ। ਜਿਸ ਕਿਸੇ ਵੀ ਇਕ ਮਨ ਨਾਲ ਪ੍ਰਭੂ ਦਾ ਧਿਆਨ ਕੀਤਾ, ਕਾਲ ਕਦੀ ਵੀ ਉਸ ਦੇ ਨੇੜੇ ਨਹੀਂ ਆਉਂਦਾ॥੧੦॥

**ਇਕ ਚਿਤ ਜੋ ਧਜਾਵਤ ਹਰਿ ਭਏ॥ ਦੇਹ ਸਹਤ ਸੁਰਪੁਰ ਤੇ ਗਏ॥**
**ਭੇਦ ਅਭੇਦ ਕੀ ਕ੍ਰਿਯਾ ਨ ਪਾਈ॥ ਮੂਰਖ ਸੱਤਿ ਇਹੈ ਠਹਰਾਈ॥੧੧॥੧॥**

ਜਿਹੜੇ ਇਕ ਮਨ ਨਾਲ ਪ੍ਰਭੂ ਦਾ ਸਿਮਰਨ ਕਰਦੇ ਹਨ ਉਹ ਸਿੱਧੇ ਸਵਰਗ ਜਾਂਦੇ ਹਨ। ਮੂਰਖ ਅਸਲ ਭੇਦ ਨ ਸਮਝ ਸਕਿਆ ਅਤੇ ਇਸ ਗੱਲ ਨੂੰ ਸੱਚ ਮੰਨਦਾ ਰਿਹਾ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੰਦ੍ਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੫॥੫੯੮੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਦਰਵੀਂ ਕਥਾ ਸਮਾਪਤ॥੩੧੫॥੫੯੮੪॥ਚਲਦਾ॥

## ਚਲਿੱਤਰ ਤਿੰਨ ਸੌ ਸੋਲ੍ਹਵਾਂ
## ਕਥਾ ਬੰਗਦੇਵੀ

**ਚੌਪਈ॥ ਸ਼ਹਿਰ ਸੁਨਾਰ ਗਾਂਵ ਸੁਨਿਯਤ ਜਹ॥ ਰਾਇ ਬੰਗਾਲੀ ਸੈਨ ਬਸਤ ਤਹ॥**
**ਸ੍ਰੀ ਬੰਗਾਲਮਤੀ ਤਿਹ ਰਾਨੀ॥ ਸੁੰਦਰਿ ਭਵਨ ਚੱਤ੍ਰਦਸ ਜਾਨੀ॥੧॥**

ਸੁਨਾਰ ਗਾਵਾਂ ਨਾਮੀਂ ਇਕ ਸ਼ਹਿਰ ਸੁਣਿਆ ਜਾਂਦਾ ਹੈ, ਉਥੇ ਰਾਜਾ ਬੰਗਾਲੀ ਸੈਨ ਰਾਜ ਕਰਦਾ ਸੀ। ਉਸ ਦੀ ਰਾਣੀ ਬੰਗਾਲਮਤੀ ਚੌਦਾਂ ਭਵਨਾਂ ਵਿਚ ਸੁੰਦਰ ਮੰਨੀ ਜਾਂਦੀ ਸੀ॥੧॥

**ਬੰਗਦੇਇ ਦੁਹਿਤਾ ਇਕ ਤਾਕੇ॥ ਔਰ ਸੁੰਦਰੀ ਸਮ ਨਹਿ ਜਾਕੇ॥**
**ਤਿਨ ਇਕ ਪੁਰਖ ਨਿਹਾਰੋ ਜਬਹੀ॥ ਕਾਮਦੇਵ ਕੇ ਬਸਿ ਭੀ ਤਬਹੀ॥੨॥**

ਉਨ੍ਹਾਂ ਦੇ ਘਰ ਬੰਗਦੇਵੀ ਨਾਮੀਂ ਪੁੱਤਰੀ ਸੀ, ਜਿਸ ਵਰਗਾ ਦੁਨਿਆਂ ਉਤੇ ਹੋਰ ਕੋਈ ਸੁੰਦਰ ਨਹੀਂ ਸੀ। ਉਸ ਸੁੰਦਰ ਲੜਕੀ ਨੇ ਜਦ ਇਕ ਬੰਦੇ ਨੂੰ ਵੇਖਿਆ ਤਾਂ ਇਕ ਦਮ ਕਾਮ ਸਕਤ ਹੋ

***************************************************************
ਗਈ॥੨॥

**ਸੂਰ ਸੂਰ ਕਹਿ ਭੂ ਪਰ ਪਰੀ॥ ਜਨੁ ਗਜ ਬੇਲ ਬਾਵ ਕੀ ਹਰੀ॥**
**ਸੁਛਬਿ ਰਾਇ ਸੁਧਿ ਪਾਇ ਬੁਲਾਇਸਿ॥ ਕਾਮ ਭੋਗ ਰੁਚਿ ਮਾਨ ਮਚਾਇਸਿ॥੩॥**

ਪਦ ਅਰਥ - ਸੂਰ ਸੂਰ=ਸੂਲ ਸੂਲ, ਪੀੜ ਪੀੜ। ਭੂ=ਧਰਤੀ।

'ਸੂਲ ਸੂਲ' ਕਹਿੰਦੀ ਹੋਈ ਧਰਤੀ ਤੇ ਇੰਝ ਡਿੱਗ ਪਈ ਜਿਵੇਂ ਹਵਾ ਨੇ ਕਿਸੇ ਵੇਲ ਨੂੰ ਤੋੜ ਕੇ ਸੁੱਟ ਦਿੱਤਾ ਹੋਵੇ। ਹੋਸ਼ ਅਉਣ ਉਤੇ ਉਸ ਸੁਛੱਬ ਰਾਏ ਨੂੰ ਬੁਲਾਇਆ ਅਤੇ ਰੁਚੀ ਅਨੁਸਾਰ ਉਸ ਨਾਲ ਕਾਮ ਭੋਗ ਕੀਤਾ॥੩॥

**ਬਧਿ ਗੀ ਕੁਅਰਿ ਸਜਨ ਕੇ ਨੇਹਾ॥ ਜਿਮਿ ਲਾਗਤ ਸਾਵਨ ਕੋ ਮੇਹਾ॥**
**ਸੂਰ ਸੂਰ ਕਹਿ ਗਿਰੀ ਪ੍ਰਿਥੀ ਪਰ॥ ਤਾਤ ਮਾਤ ਆਈ ਸਖਿ ਸਭ ਘਰ॥੪॥**

ਰਾਜਕੁਮਾਰੀ ਆਪਣੇ ਸਜਣ ਦੇ ਪ੍ਰੇਮ ਵਿਚ ਇਸ ਤਰ੍ਹਾਂ ਬੱਝ ਗਈ ਜਿਵੇਂ ਸਾਵਣ ਦਾ ਮੀਂਹ ਧਰਤੀ ਦੇ ਪ੍ਰੇਮ ਵਿਚ ਵਰ੍ਹਦਾ ਹੈ। ਉਹ "ਸੂਲ ਸੂਲ" ਕਹਿੰਦੀ ਹੋਈ ਧਰਤੀ ਤੇ ਡਿੱਗ ਪਈ ਅਤੇ ਉਸ ਦੇ ਨਿਵਾਸ ਸਥਾਨ ਤੇ ਉਸ ਦੇ ਮਾਂ ਪਿਓ ਅਤੇ ਹੋਰ ਰਿਸ਼ਤੇਦਾਰ ਇਕੱਠੇ ਹੋ ਗਏ॥੪॥

**ਮਾਤ ਪਰੀ ਦੁਹਿਤਾ ਕਹ ਜਨਿਯਹੁ॥ ਤਾ ਤਨ ਜੀਏ ਕੁਅਰਿ ਪ੍ਰਮਨਿਯਹੁ॥**
**ਜੋ ਮੈਂ ਕਹਤ ਤੁਮੈ ਸੋ ਕਰਿਯਹੁ॥ ਛੋਰਿ ਕਫਨ ਮੁਖ ਨਹਿਨ ਨਿਹਰਿਯਹੁ॥੫॥**

ਸਖੀਆਂ ਨੇ ਕਿਹਾ ਕਿ ਤੁਹਾਡੀ ਪੁੱਤਰੀ ਪਰੀ ਹੈ ਅਤੇ ਇਹ ਪਰੀ ਦੇ ਸਰੀਰ ਵਿਚ ਹੀ ਜੀਉਂਦੀ ਰਹਿ ਸਕੇਗੀ। ਜੋ ਅਸੀਂ ਕਹੀਏ ਉਹੋ ਕੁਝ ਕਰਨਾ ਅਤੇ ਇਸ ਦਾ ਖਫਨ ਚੁਕ ਕੇ ਇਸ ਦਾ ਮੂੰਹ ਵੀ ਨਹੀਂ ਵੇਖਣਾ॥੫॥

**ਤੁਮ ਕੌ ਤਾਤ ਮਾਤ ਦੁਖ ਹ੍ਵੈ ਹੈ॥ ਤੁਮਰੀ ਸੁਤਾ ਅਧੋਗਤ ਜੈ ਹੈ॥**
**ਹਮਰੋ ਕਛੂ ਨ ਸ਼ੋਕਹਿ ਧਰਿਯਹੁ॥ ਛਮਾ ਪਰਾਧ ਹਮਾਰੋ ਕਰਿਯਹੁ॥੬॥**

ਪਦ ਅਰਥ - ਤਾਤ ਮਾਤ= ਮਾਤਾ ਪਿਤਾ। ਅਧੋਗਤ=ਗਤੀ ਰਹਿਤ।

ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਤੁਹਾਡੀ ਪੁੱਤਰੀ ਦੁਖੀ ਹੋਵੇਗੀ ਅਤੇ ਉਸ ਦੀ ਗੱਤੀ ਨਹੀਂ ਹੋਵੇਗੀ। ਸਾਡਾ ਖਿਆਲ ਨਹੀਂ ਕਰਨਾ ਤੇ ਸਾਡਾ ਅਪਰਾਧ ਮੁਆਫ ਕਰ ਦੇਣਾ॥੬॥

**ਰਵਿ ਸਸਿ ਕੌ ਮੈਂ ਮੁਖ ਨ ਦਿਖਾਰਾ॥ ਅਬ ਹੇਰੈ ਕਸ ਅੰਗ ਨ ਹਮਾਰਾ॥**
**ਸਾਸ ਘੂਟਿ ਜਨੁ ਕਰਿ ਮਰਿ ਗਈ॥ ਸਖਿਯਨ ਲਪਿਟਿ ਬਸਤ੍ਰ ਮਹਿ ਲਈ॥੭॥**

ਅਸੀਂ ਤਾਂ ਸੂਰਜ ਚੰਦ ਨੂੰ ਵੀ ਅੰਗ ਨਹੀਂ ਵਿਖਾਇਆ ਹੈ। ਇਹ ਭਲਾ ਹੁਣ ਕਿਸ ਤਰ੍ਹਾਂ

Namdhari Elibrary NamdhariElibrary@gmail.com

**************************************************************

ਵੇਖ ਲੈਣਗੇ। ਇਸ ਤਰ੍ਹਾਂ ਲਗਿਆ ਜਿਵੇ ਉਹ ਸਾਹ ਰੋਕ ਕੇ ਮਰ ਗਈ ਹੋਵੇ। ਸਖੀਆਂ ਨੇ ਉਸ ਨੂੰ ਕਪੜਿਆਂ ਵਿਚ ਲਪੇਟ ਲਿਆ॥੭॥

**ਬਕਰੀ ਬਾਂਧ ਸਿਰ੍ਰੀ ਮਧਿ ਦੀਨੀ॥ਛੋਰ ਬਸਤ੍ਰ ਪਿਤੁ ਮਾਤ ਨ ਚੀਨੀ॥**
**ਦੁਹੂੰ ਸੁਤਾ ਕੋ ਬਚਨ ਸੰਭਾਰਾ॥ ਸਲ ਕੇ ਮਾਂਝ ਬਕਰਿਯਹਿ ਜਾਰਾ॥ ੮॥**

ਸਿਰ ਦੇ ਥਾਂ ਇਕ ਬੱਕਰੀ ਦਾ ਸਿਰ ਬੰਨ੍ਹ ਦਿੱਤਾ ਅਤੇ ਮਾਤਾ ਪਿਤਾ ਨੇ ਕੱਪੜਾ ਚੁੱਕ ਕੇ ਨਹੀਂ ਵੇਖਿਆ। ਦੋਵਾਂ ਨੇ, ਪੁੱਤਰੀ ਦੇ ਬਚਨ ਨੂੰ ਮੰਨਿਆ ਅਤੇ ਚਿਤਾ ਵਿਚ ਬੱਕਰੀ ਨੂੰ ਸਾੜ ਦਿੱਤਾ॥੮॥

**ਗਈ ਜਾਰ ਸੰਗ ਰਾਜ ਕੁਮਾਰੀ॥ ਭੇਦ ਅਭੇਦ ਕਿਨ੍ਹੀ ਨ ਬਿਚਾਰੀ॥**
**ਦੁਹਿਤਾ ਮਰੀ ਜਾਰਿ ਜਨੁ ਦੀਨੀ॥ ਤ੍ਰਿਯ ਚਰਿਤ੍ਰ ਕੀ ਕ੍ਰਿਯਾ ਨ ਚੀਨੀ॥ ੯॥ ੧॥**

ਰਾਜ ਕੁਮਾਰੀ ਆਪਣੇ ਯਾਰ ਨਾਲ ਚਲੀ ਗਈ ਅਤੇ ਕਿਸੇ ਨੇ ਵੀ ਇਸ ਭੇਤ ਨੂੰ ਨ ਸਮਝਿਆ। ਉਨ੍ਹਾਂ ਨੇ ਇਹੋ ਸਮਝਿਆ ਕਿ ਮਰੀ ਹੋਈ ਪੁੱਤਰੀ ਨੂੰ ਸਾੜ ਦਿੱਤਾ, ਪਰ ਉਸ ਦੇ ਚਲਿੱਤਰ ਨੂੰ ਨ ਪਹਿਚਾਣ ਸਕੇ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਸੋਲਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੬॥੫੯੯੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸੋਲ੍ਹਵੀਂ ਕਥਾ ਸਮਾਪਤ॥੩੧੬॥੫੯੯੩॥ਚਲਦਾ॥

## ਚਲਿੱਤਰ ਤਿੰਨ ਸੌ ਸਤਾਰ੍ਹਵਾਂ

## ਕਥਾ ਪੁਸ਼ਪ ਪ੍ਰਭਾ

**ਚੌਪਈ॥ ਮੰਤ੍ਰੀ ਕਥਾ ਉਚਾਰੀ ਔਰੈ॥ ਰਾਜਾ ਦੇਸ ਬੰਗਲਾ ਗੌਰੈ॥**
**ਸਮਨ ਪ੍ਰਭਾ ਤਾਕੀ ਪਟਰਾਨੀ॥ ਜਿਹ ਸਮ ਸੁਨੀ ਨ ਕਿਨੀ ਬਖਾਨੀ॥ ੧॥**

ਮੰਤਰੀ ਨੇ ਫਿਰ ਇਕ ਹੋਰ ਕਥਾ ਸਣਾਈ ਕਿ ਗੌੜ ਬੰਗਲਾਂ ਦੇਸ਼ ਦਾ ਇਕ ਰਾਜਾ ਸੀ, ਉਸ ਦੀ ਪਟਰਾਣੀ ਦਾ ਨਾਂ ਸੁਮਨ ਪ੍ਰਭਾ ਸੀ, ਉਸ ਵਰਗੀ ਸੁੰਦਰ ਹੋਰ ਕੋਈ ਰਾਣੀ ਕਹੀ ਸੁਣੀ ਨਹੀਂ ਗਈ ਸੀ॥੧॥

**ਪੁਹਪ ਪ੍ਰਭਾ ਇਕ ਰਾਜ ਦੁਲਾਰੀ॥ਬਹੁਰਿ ਬਿਧਾਤਾ ਤਸਿ ਨ ਸਵਾਰੀ॥**
**ਤਾਕੀ ਆਭਾ ਜਾਤ ਨ ਕਹੀ ॥ ਜਨੁ ਕਰਿ ਫੂਲਿ ਅਬਾਸੀ ਰਹੀ॥ ੨॥**

ਪਦ ਅਰਥ – ਫੂਲਿ ਅਬਾਸੀ=ਗੁਲਾਬਾਸੀ ਦਾ ਫੁੱਲ।

ਉਨ੍ਹਾਂ ਦੀ ਇਕ ਪੁੱਤਰੀ ਪੁਸ਼ਪ ਪ੍ਰਭਾ ਸੀ। ਵਿਧਾਤਾ ਨੇ ਉਸ ਨੂੰ ਬਹੁਤ ਸਵਾਰ ਕੇ ਬਣਾਇਆ ਸੀ ਜਿਵੇ ਕਿ ਗੁਲਾਬਾਸੀ ਦਾ ਫੁਲ ਖਿੜਿਆ ਹੋਵੇ॥੨॥

**ਭੂਮਿ ਗਿਰੀ ਤਾਕੀ ਸੁੰਦ੍ਰਾਈ॥ ਤਾਂਤੇ ਅਬਾਸੀ ਲਈ ਲਲਾਈ॥**
**ਗਾਲ੍ਹਨ ਤੇ ਜੋ ਰਸ ਚੁਇ ਪਰਾ॥ ਭਯੋ ਗੁਲਾਬ ਤਿਸੀ ਤੇ ਹਰਾ॥ ੩॥**

ਪਦ ਅਰਥ - ਅਬਾਸੀ ਲਈ ਲਲਾਈ=ਜਿਵੇਂ ਗੁਲਾਬਾਸੀ ਦੇ ਫੁੱਲ ਨੇ ਉਸ ਪਾਸੋਂ ਲਾਲੀ ਲਈ ਹੋਵੇ।

ਲੱਗਦਾ ਸੀ ਕਿ ਜਿਵੇਂ ਉਸਦੀਆਂ ਗਲ੍ਹਾਂ ਦੀ ਸੁਰਖੀ ਧਰਤੀ ਤੇ ਡਿੱਗਣ ਨਾਲ ਗੁਲਾਬਾਸੀ ਫੁੱਲ ਨੇ ਉਸ ਪਾਸੋਂ ਲਾਲੀ ਲਈ ਹੋਵੇ ਅਤੇ ਉਸਦੀਆਂ ਗਲ੍ਹਾਂ ਤੋਂ ਚੋਣ ਵਾਲੇ ਰਸ ਤੋਂ ਗੁਲਾਬ ਨੇ ਹਰਿਆਵਲ ਲਈ ਹੋਵੇ॥੩॥

**ਜੋਬਨ ਜਬ ਆਯੋ ਅੰਗ ਤਾਂਕੇ॥ ਸ਼ਾਹ ਏਕ ਆਯੋ ਤਬ ਵਾਕੇ॥**
**ਏਕ ਪੁੱਤ੍ਰ ਸੁੰਦਰਿ ਤਿਹ ਸੰਗਾ॥ ਜਨ ਮਨਸਾ ਦ੍ਵੈ ਜਏ ਅਨੰਗਾ॥ ੪॥**

ਜਦ ਉਸ ਦੇ ਅੰਗ ਅੰਗ ਵਿਚ ਜੋਬਨ ਆਇਆ ਤਾਂ ਉਥੇ ਇਕ ਸ਼ਾਹ ਆਇਆ। ਸ਼ਾਹ ਦੇ ਨਾਲ ਉਸ ਦਾ ਪੁੱਤਰ ਸੀ ਜਿਹੜਾ ਏਨਾਂ ਸੁੰਦਰ ਸੀ ਕਿ ਮਾਨੋਂ ਕਾਮਦੇਵ ਦਾ ਪੁੱਤਰ ਮਨੁੱਖੀ ਜਾਮੇ ਵਿਚ ਆਇਆ ਹੋਵੇ॥੪॥

**ਗਾਜੀ ਰਾਇ ਨਾਮ ਤਿਹ ਨਰ ਕੋ॥ ਕੰਕਨ ਜਾਨ ਕਾਮ ਕੇ ਕਰ ਕੋ॥**
**ਭੂਖਨ ਕੋ ਭੂਖਨ ਤਿਹ ਮਾਨੋ॥ ਦੂਖਨ ਕੋ ਦੂਖਨ ਪਹਿਚਾਨੋ॥ ੫॥**

ਉਸ ਲੜਕੇ ਦਾ ਨਾਂ ਗਾਜੀ ਰਾਏ ਸੀ, ਉਹ ਏਨਾ ਸੁੰਦਰ ਸੀ ਕਿ ਜਿਵੇਂ ਕਾਮਦੇਵ ਦੇ ਹੱਥ ਵਿਚ ਪਿਆ ਕੜਾ ਹੋਵੇ। ਉਸ ਨੂੰ ਸਭ ਗਹਿਣਿਆਂ ਵਿਚੋਂ ਸੁੰਦਰ ਗਹਿਣਾ ਅਤੇ ਦੁਖਾਂ ਨੂੰ ਦੂਰ ਕਰਨ ਵਾਲਾ ਸਮਝੋ॥੫॥

**ਪੁਹਪ ਪ੍ਰਭਾ ਤਾਕੋ ਜਬ ਲਹਾ॥ ਮਨ ਬਚ ਕ੍ਰਮ ਐਸੇ ਕਰ ਕਹਾ॥**
**ਐਸਿ ਕਰੌ ਮੈਂ ਕਵਨ ਉਪਾਈ॥ ਮੋਰਿ ਇਹੀ ਸੰਗ ਹੋਇ ਸਗਾਈ॥ ੬॥**

ਪੁਸ਼ਪ ਪ੍ਰਭਾ ਨੇ ਜਦ ਉਸ ਨੂੰ ਵੇਖਿਆ ਤਾਂ ਮਨ ਬਚਨ ਅਤੇ ਕਰਮ ਨਾਲ ਇਸ ਤਰ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਕੋਈ ਉਪਾਅ ਕੀਤਾ ਜਾਵੇ ਜਿਸ ਨਾਲ ਮੇਰੀ ਇਸ ਲੜਕੇ ਨਾਲ ਸਗਾਈ ਹੋ ਸਕੇ॥੬॥

**ਪ੍ਰਾਤਹਿਕਾਲ ਸੁਯੰਬਰ ਕਿਯਾ॥ ਕੁੰਕਮ ਡਾਰਿ ਤਿਸੀ ਪਰ ਦਿਯਾ॥**

ਅਰੁ ਪੁਹਪਨ ਤੈ ਡਾਰਿਸਿ ਹਾਰਾ।। ਹੇਰਿ ਰਹੇ ਮੁਖ ਭੂਪ ਅਪਾਰਾ।। ੭।।

ਪਦ ਅਰਥ - ਕੁੰਕਮ=ਕੇਸਰ। ਪੁਹਪਨ=ਫੁੱਲ। ਡਾਰਿਸਿ=ਪਾਇਆ।

ਛੇਤੀ ਹੀ ਉਸ ਸੁਅੰਬਰ ਰਚਾਇਆ ਅਤੇ ਉਸ ਦੇ ਉੱਤੇ ਹੀ ਕੇਸਰ ਸੁੱਟਕੇ ਉਸ ਦੇ ਗਲ ਵਿਚ ਫੁੱਲਾਂ ਦਾ ਹਾਰ ਪਾ ਦਿੱਤਾ। ਬਾਕੀ ਆਏ ਅਨੇਕਾਂ ਰਾਜੇ ਮੂੰਹ ਵੇਖਦੇ ਰਹਿ ਗਏ।।੭।।

ਤਿਹ ਨ੍ਰਿਪ ਸੁਤ ਸਭਹੂੰ ਕਰਿ ਜਾਨਾ।।ਸ਼ਾਹ ਪੁੱਤ੍ਰ ਕਿਨਹੂੰ ਨ ਪਛਾਨਾ।।
ਮਾਤ ਪਿਤਾ ਨਹਿ ਭੇਦ ਬਿਚਰਾ।। ਇਹ ਛਲ ਕੁਅਰਿ ਸਭਨ ਕਹ ਛਰਾ।। ੮।। ੧।।

ਉਸ ਨੂੰ ਸਾਰਿਆਂ ਨੇ ਰਾਜ ਪੁੱਤਰ ਮੰਨ ਲਿਆ ਅਤੇ ਕੋਈ ਵੀ ਨ ਜਾਣ ਸਕਿਆ ਕਿ ਇਹ ਸ਼ਾਹ ਦਾ ਪੁੱਤਰ ਹੈ। ਮਾਤਾ ਪਿਤਾ ਨੇ ਵੀ ਇਸ ਅਭੇਤ ਬਾਰੇ ਵਿਚਾਰ ਨ ਕੀਤਾ ਅਤੇ ਇਸ ਤਰ੍ਹਾਂ ਰਾਜ ਕੁਮਾਰੀ ਨੇ ਚਲਿੱਤਰ ਕਰਕੇ ਸਾਰਿਆਂ ਨੂੰ ਛੱਲ ਲਿਆ।।੮।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤ੍ਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੧੭।।੬੦੦੧।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਾਰ੍ਹਵੀਂ ਕਥਾ ਸਮਾਪਤ।।੩੧੭।।੬੦੦੧।।ਚਲਦਾ।।

## ਚਲਿੱਤਰ ਤਿੰਨ ਸੌ ਅਠਾਰ੍ਹਵਾਂ

## ਕਥਾ ਮਰਗਜ ਦੇਵੀ

ਚੌਪਈ।।ਮਰਗਜ ਸੈਨ ਹੁਤੋ ਇਕ ਨ੍ਰਿਪ ਬਰ।।ਮਰਗਜ ਦੇਇ ਨਾਰਿ ਜਾਕੇ ਘਰ।।
ਰੂਪਵਾਨ ਧਨਵਾਨ ਬਿਸਾਲਾ।। ਭਿਛਕ ਕਲਪਤਰੁ ਦੂਜਨਨ ਕਾਲਾ।।੧।।

ਪਦ ਅਰਥ - ਭਿਛਕ=ਮੰਗਤਿਆਂ। ਦੂਜਨਨ=ਭੈੜੇ ਵਿਅੱਕਤੀਆਂ।

ਮਰਗਜ ਸੈਨ ਇਕ ਸ੍ਰੇਸ਼ਟ ਰਾਜਾ ਸੀ ਜਿਸ ਦੀ ਇਸਤਰੀ ਦਾ ਨਾਂ ਮਰਗਜ ਦੇਵੀ ਸੀ। ਉਹ ਰਾਜਾ ਬੜਾ ਬਲਵਾਨ, ਰੂਪਵਾਨ ਅਤੇ ਧਨਵਾਨ ਸੀ। ਸਾਧੂ ਸੰਤਾਂ ਵਾਸਤੇ ਉਹ ਦੇਵਤਾ ਸੀ ਅਤੇ ਭੈੜੇ ਲੋਕਾਂ ਵਾਸਤੇ ਮੌਤ ਸੀ।।੧।।

ਮੂੰਗੀ ਪਟਨਾ ਦੇਸ ਤਵਨ ਕੋ।। ਜੀਤਿ ਕਵਨ ਰਿਪ ਸਕਤ ਜਵਨ ਕੋ।।
ਅੱਪ੍ਰਮਾਨ ਤਿਹ ਪ੍ਰਭਾ ਬਿਰਾਜੈ।। ਸੁਰ ਨਰ ਨਾਗ ਅਸੁਰ ਮਨ ਲਾਜੈ।। ੨।।

ਪਦ ਅਰਥ - ਰਿਪ ਸਕਤ ਜਵਨ ਕੋ=ਐਸਾ ਵੈਰੀ ਕਿਹੜਾ ਸੀ ਜਿਹੜਾ ਉਸ ਨੂੰ ਜਿੱਤ ਸਕਦਾ।

Namdhari Elibrary NamdhariElibrary@gmail.com

ਉਸ ਦਾ ਦੇਸ਼ ਮੂੰਗੀ ਪਟਨਾ ਸੀ ਜਿਸ ਨੂੰ ਕੋਈ ਦੁਸਮਣ ਜਿੱਤ ਨਹੀਂ ਸਕਦਾ ਸੀ। ਉਸ ਦੀ ਸ਼ਕਲ ਅਪਾਰ ਸੁੰਦਰ ਸੀ ਅਤੇ ਦੇਵ-ਦਾਨਵ, ਨਾਗ ਨਰ ਸਾਰੇ ਉਸ ਦੇ ਸਾਹਮਣੇ ਤੁਛ ਸਨ।।੨।।

**ਏਕ ਪੁਰਖ ਰਾਨੀ ਲਖਿ ਪਾਯੋ।। ਤੇਜਮਾਨ ਗੁਨਮਾਨ ਸਵਾਯੋ।।**
**ਪੁਹਪ ਰਾਜ ਜਨੁ ਮਧਿ ਪੁਹਪਨ ਕੇ।। ਚੋਰਿ ਲੇਤਿ ਜਨੁ ਚਿਤ ਇਸਤ੍ਰਿਨ ਕੇ।। ੩।।**

ਪਦ ਅਰਥ - ਪੁਹਪਨ=ਫੁੱਲ। ਸਵਾਯੋ=ਬਹੁਤ। ਚੋਰਿ ਲੇਤਿ=ਚੁਰਾ ਲੈਂਦਾ ਸੀ।

ਰਾਣੀ ਨੇ ਇਕ ਆਦਮੀ ਨੂੰ ਵੇਖਿਆ ਜਿਹੜਾ ਰਾਜੇ ਨਾਲੋਂ ਵੀ ਜ਼ਿਆਦਾ ਤੇਜਵਾਨ ਅਤੇ ਗੁਣਵਾਨ ਸੀ। ਉਹ ਫੁੱਲਾਂ ਦਾ ਰਾਜਾ ਸੀ ਅਤੇ ਇਸਤਰੀਆਂ ਦਾ ਚਿੱਤ ਚੋਰ ਸੀ।।੩।।

**ਸੋਰਠਾ।। ਰਾਨੀ ਲਯੋ ਬੁਲਾਇ ਤਵਨ ਪੁਰਖ ਅਪਨੇ ਸਦਨ।।**
**ਅਤਿ ਰੁਚਿ ਅਧਿਕ ਬਢਾਇ ਤਾਸੌ ਰਤਿ ਮਾਨਤ ਭਈ।। ੪।।**

ਰਾਣੀ ਨੇ ਉਸ ਮਨੁੱਖ ਨੂੰ ਅਪਣੇ ਘਰ ਬੁਲਾਇਆ ਅਤੇ ਆਪਣੀ ਰੁਚੀ ਅਨੁਸਾਰ ਉਸ ਨਾਲ ਭੋਗ ਬਿਲਾਸ ਕੀਤਾ।।੪।।

**ਚੌਪਈ।। ਤਬ ਲਗਿ ਨਾਥ ਧਾਮ ਤਿਹ ਆਯੋ।। ਮਨਹਾਂ ਤਰ ਤ੍ਰਿਯ ਜਾਰ ਛਪਾਯੋ।।**
**ਬਹੁ ਬੁਗਚਾ ਆਗੇ ਦੈ ਡਾਰੇ।। ਤਾਕੇ ਜਾਤ ਨ ਅੰਗ ਨਿਹਾਰੇ।। ੫।।**

ਉਸ ਸਮੇਂ ਉਸ ਦਾ ਪਤੀ ਘਰ ਆ ਗਿਆ, ਇਸਤਰੀ ਨੇ ਉਸ ਮਨੁੱਖ ਨੂੰ ਪਲੰਘ ਦੇ ਥੱਲੇ ਲੁਕਾ ਦਿੱਤਾ। ਉਸ ਦੇ ਅਗੇ ਬੋਰੀਆਂ ਰੱਖ ਦਿੱਤੀਆਂ ਤਾਂਕਿ ਉਹ ਵਿਖਾਈ ਨ ਦੇਵੇ।।੫।।

**ਬਹੁ ਚਿਰ ਤਹ ਬੈਠਾ ਨ੍ਰਿਪ ਰਹਾ।। ਭਲਾ ਬੁਰਾ ਕਛੂ ਭੇਦ ਨ ਲਹਾ।।**
**ਜਬ ਹੀ ਉਠਿ ਅਪਨੋ ਘਰ ਆਯੋ।। ਤਬ ਹੀ ਤ੍ਰਿਯ ਘਰ ਮੀਤ ਪਠਾਯੋ।। ੬।। ੧।।**

ਰਾਜਾ ਉਥੇ ਬਹੁਤ ਚਿਰ ਬੈਠਾ ਰਿਹਾ ਅਤੇ ਭਲਾ ਬੁਰਾ ਕੁਝ ਵੀ ਨ ਜਾਣ ਸਕਿਆ। ਜਦ ਰਾਜਾ ਉਠ ਕੇ ਅਪਣੇ ਘਰ ਚਲਾ ਗਿਆ ਤਾਂ ਇਸਤਰੀ ਨੇ ਆਪਣੇ ਮਿਤਰ ਨੂੰ ਪਲੰਘ ਹੇਠੋਂ ਕੱਢ ਕੇ ਘਰ ਭੇਜ ਦਿੱਤਾ।।੬।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਅਠਾਰਹ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੧੮।।੬੦੦੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਾਰਵੀਂ ਕਥਾ ਸਮਾਪਤ।।੩੧੮।।੬੦੦੭।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਉਨ੍ਹੀਵਾਂ

## ਕਥਾ ਮੁਨੀਰਾਜ ਮਤੀ

**ਚੌਪਈ।। ਸੁਨੋ ਨ੍ਰਿਪਤਿ ਮੈਂ ਭਾਖਤ ਕਥਾ।। ਜਹ ਮਿਲਿ ਦੇਵ ਸਮੁੱਦ ਕਹ ਮਥਾ।।**
**ਤਹਾ ਸੁਬ੍ਰਤ ਨਾਮਾ ਮੁਨਿ ਰਹੈ।। ਅਧਿਕ ਬ੍ਰਤੀ ਜਾਕਹ ਜਗ ਕਹੈ।। ੧।।**

ਹੇ ਰਾਜਣ ! ਸੁਣੋ, ਮੈਂ ਤੁਹਾਨੂੰ ਇਕ ਹੋਰ ਕਥਾ ਸੁਣਾਉਂਦਾ ਹਾਂ। ਜਿਥੇ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਸੀ, ਉਥੇ ਇਕ ਸੁਬਰਤ ਨਾਮੀਂ ਮੁਨੀ ਰਹਿੰਦਾ ਸੀ। ਸਾਰਾ ਜਗ ਉਸ ਨੂੰ ਅਧਿਕ ਬਿਰਤੀ ਵਾਲਾ ਮੰਨਦਾ ਸੀ।।੧।।

**ਤ੍ਰਿਯ ਮੁਨਿ ਰਾਜ ਮਤੀ ਤਿਹ ਰਹੈ।। ਰੂਪ ਅਧਿਕ ਜਾਕੋ ਸਭ ਕਹੈ।।**
**ਅਸਿ ਸੁੰਦਰਿ ਨਹਿ ਔਰ ਉਤਰੀ।। ਹੈ ਹ੍ਵੈ ਹੈ ਨ ਬਿਧਾਤਾ ਕਰੀ।। ੨।।**

ਮੁਨੀਰਾਜ ਮਤੀ ਉਸ ਦੀ ਇਸਤਰੀ ਸੀ ਜਿਹੜੀ ਸੰਸਾਰ ਵਿਚ ਬਹੁਤ ਸੁੰਦਰ ਮੰਨੀ ਜਾਂਦੀ ਸੀ। ਉਸ ਵਰਗੀ ਸੁੰਦਰ ਕੋਈ ਇਸਤਰੀ ਨਹੀਂ ਸੀ ਅਤੇ ਨ ਹੀ ਵਿਧਾਤਾ ਨੇ ਉਹੋ ਜਹੀ ਹੋਰ ਕੋਈ ਸੁੰਦਰ ਬਣਾਈ ਹੈ।।੨।।

**ਸਾਗਰ ਮਥਨ ਦੇਵ ਜਬ ਲਾਗੇ।।ਮਥਜੋ ਨ ਜਾਇ ਸਗਲ ਦੁਖ ਪਾਗੇ।।**
**ਤਬ ਤਿਨ ਤ੍ਰਿਯ ਇਹ ਭਾਂਤਿ ਉਚਾਰੋ।। ਸੁਨੋ ਦੇਵਤਿਯੋ ਬਚਨ ਹਮਾਰੋ।। ੩।।**

ਦੇਵਤੇ ਜਦ ਸਾਗਰ ਰਿੜਕਨ ਲੱਗੇ ਤਾਂ ਸਾਗਰ ਰਿੜਕਿਆ ਨਹੀਂ ਜਾ ਰਿਹਾ ਸੀ ਅਤੇ ਉਹ ਬਹੁਤ ਦੁਖੀ ਹੋ ਗਏ। ਤਦ ਉਸ ਇਸਤਰੀ ਨੇ ਕਿਹਾ ਕਿ ਹੇ ਦੇਵਤਿਓ ਮੇਰੀ ਇਕ ਗੱਲ ਸੁਣੋ।।੩।।

**ਜੋ ਬਿਧਿ ਧਰੈ ਸੀਸ ਪਰ ਝਾਰੀ।। ਪਾਨਿ ਭਰੈ ਜਲ ਰਾਸਿ ਮੰਝਾਰੀ।।**
**ਮੇਰੋ ਧੂਰਿ ਪਗਨ ਕੀ ਧੋਵੈ।। ਤਬ ਯਹ ਸਫਲ ਮਨੋਰਥ ਹੋਵੈ।। ੪।।**

ਜੇ ਬ੍ਰਹਮਾ ਸਿਰ ਤੇ ਘੜਾ ਚੁਕ ਕੇ ਪਾਣੀ ਭਰੇ ਅਤੇ ਮੇਰੇ ਚਰਨਾਂ ਦੀ ਮੈਲ ਸਾਫ ਕਰੇ ਤਦ ਤੁਹਾਡੇ ਲੋਕਾਂ ਦਾ ਮਨੋਰਥ ਪੂਰਾ ਹੋਵੇਗਾ।।੪।।

**ਬ੍ਰਹਮ ਅਤਿ ਆਤੁਰ ਕਛੁ ਨ ਬਿਚਰਾ।। ਝਾਰੀ ਰਾਖਿ ਸੀਸ ਜਲ ਭਰਾ।।**
**ਦੇਖਹੁ ਇਹ ਇਸਤ੍ਰਿਨ ਕੇ ਚਰਿਤਾ।। ਇਹ ਬਿਧਿ ਚਰਿਤ ਦਿਖਾਯੋ ਕਰਤਾ।। ੫।।੧।।**

ਬ੍ਰਹਮਾ ਨੇ ਵਿਆਕੁਲ ਹੋਏ ਨੇ ਕੁਝ ਨਹੀਂ ਵਿਚਾਰਿਆ ਅਤੇ ਘੜਾ ਸਿਰ ਤੇ ਰੱਖ ਕੇ ਪਾਣੀ ਭਰਿਆ। ਇਨ੍ਹਾਂ ਇਸਤਰੀਆਂ ਦੇ ਚਲਿੱਤਰ ਵੇਖੋ ਕਿ ਕਿਸ ਤਰ੍ਹਾਂ ਬ੍ਰਹਮਾ ਨੂੰ ਵੀ ਚਲਿੱਤਰ ਵਿਖਾ

Namdhari Elibrary NamdhariElibrary@gmail.com

ਦਿੱਤਾ॥੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੧੯॥੬੦੧੨॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਨ੍ਹੀਵੀਂ ਕਥਾ ਸਮਾਪਤ॥੩੧੯॥੬੦੧੨॥

# ਚਲਿੱਤਰ ਤਿੰਨ ਸੌ ਵੀਹਵਾਂ

# ਕਥਾ ਰੁਕਮਣੀ

**ਚੌਪਈ॥ ਭੂਮਿ ਭਾਰ ਤੇਂ ਅਤਿ ਦੁਖ ਪਾਯੋ॥ ਬ੍ਰਹਮਾ ਪੈ ਦੁਖ ਰੋਇ ਸੁਨਾਯੋ॥**
**ਬ੍ਰਹਮਾ ਕਰੀ ਬਿਸ਼ਨ ਕੀ ਸੇਵਾ॥ ਤਾਤੇ ਭਏ ਕ੍ਰਿਸ਼ਨ ਜਗ ਦੇਵਾ॥ ੧॥**

ਜਦ ਧਰਤੀ ਭਾਰ ਨਾਲ ਦੱਬ ਗਈ ਤਾਂ ਉਹ ਅਤਿ ਦੁਖੀ ਹੋ ਕੇ ਬ੍ਰਹਮਾ ਦੇ ਕੋਲ ਗਈ ਅਤੇ ਆਪਣਾ ਦੁਖ ਦੱਸਿਆ, ਬ੍ਰਹਮਾਂ ਨੇ ਫਿਰ ਵਿਸ਼ਨੂੰ ਦੀ ਸੇਵਾ ਕੀਤੀ ਤਾਂ ਸੰਸਾਰ ਵਿਚ ਕ੍ਰਿਸ਼ਨ ਪੈਦਾ ਹੋਇਆ॥੧॥

**ਮੁਰ ਦਾਨਵ ਕੋ ਕੰਸਵਤਾਰਾ॥ ਕਰਤ ਪੂਰਬ ਲੌ ਦ੍ਰੋਹ ਸੰਭਾਰਾ॥**
**ਵਾਕੇ ਕਰਤ ਹਨਨ ਕੇ ਦਾਵੈ॥ ਨਿਤਪ੍ਰਤਿ ਆਸੁਰਨ ਤਹਾਂ ਪਠਾਵੈ॥੨॥**

ਪਦ ਅਰਥ - ਵਾਕੇ ਕਰਤ=ਮਾਰਣ ਦੇ ਪ੍ਰਬੰਧ। ਤਹਾਂ ਪਠਾਵੈ=ਓਥੇ ਭੇਜਦਾ ਸੀ।

ਕੰਸ ਮੁਰ ਦੈਂਤ ਦਾ ਅਵਤਾਰ ਸੀ ਜਿਸ ਦੀ ਪਿਛਲੇ ਜਨਮ ਦੀ ਹੀ ਦੁਸ਼ਮਣੀ ਸੀ। ਕ੍ਰਿਸ਼ਨ ਨੂੰ ਮਾਰਨ ਵਾਸਤੇ ਉਹ ਸਦਾ ਹੀ ਦੈਂਤਾਂ ਨੂੰ ਉਹਦੇ ਕੋਲ ਭੇਜਦਾ ਸੀ॥੨॥

**ਪ੍ਰਥਮ ਪੂਤਨਾ ਕ੍ਰਿਸ਼ਨ ਸੰਘਾਰੀ॥ ਪੁਨਿ ਸਕਟਾਸੁਰ ਦੇਹ ਉਧਾਰੀ॥**
**ਬਹੁਰਿ ਬਕਾਸੁਰ ਅਸੁਰ ਸੰਘਾਰਜੋ॥ ਬ੍ਰਿਖਭਾਸੁਰ ਕੇ ਬ੍ਰਿਖਨ ਉਪਾਰਜੋ॥੩॥**

ਪਹਿਲਾਂ ਕ੍ਰਿਸ਼ਨ ਨੇ ਪੂਤਨਾ ਨੂੰ ਮਾਰਿਆ ਅਤੇ ਫਿਰ ਛਕਟਾਸੁਰ ਨੂੰ ਜਮ ਲੋਕ ਭੇਜ ਦਿੱਤਾ। ਫਿਰ ਬਕਾਸੁਰ ਨੂੰ ਮਾਰਿਆ, ਬ੍ਰਿਖਭਾਸਰ ਦੈਂਤ ਦੇ ਰੁੱਖ ਪੁੱਟ ਦਿੱਤੇ॥੩॥

**ਆਘਾਸੁਰ ਕੋ ਅਘ ਨਿਵਰਤ ਕਰਿ॥ ਪੁਨਿ ਕੇਸੀ ਮਾਰਜੋ ਚਰਨਨ ਧਰਿ॥**
**ਬਹੁਰਿ ਬ੍ਰਹਮ ਕਹ ਚਰਿਤ ਦਿਖਾਯੋ॥ ਧਰਿ ਕਰਿ ਪਰ ਗਿਰ ਇੰਦ੍ਰਹ ਰਾਯੋ॥੪॥**

ਅਘਾਸੁਰ ਦੈਂਤ ਦੇ ਪਾਪ ਦੂਰ ਕੀਤੇ ਅਤੇ ਫਿਰ ਕੇਸ਼ੀ ਨੂੰ ਚਰਨਾਂ ਵਿਚ ਪਟਕਾ ਕੇ ਮਾਰ ਦਿੱਤਾ। ਫਿਰ ਬ੍ਰਹਮਾਂ ਨੂੰ ਕੌਤਕ ਵਿਖਾਇਆ ਅਤੇ ਹੱਥ ਉਤੇ ਪਹਾੜ ਚੁਕ ਕੇ ਇੰਦਰ ਨੂੰ ਵਿਖਾ ਦਿੱਤਾ॥੪॥

Namdhari Elibrary NamdhariElibrary@gmail.com

**ਨੰਦਹਿ ਛੀਨ ਬਰਨ ਤੇ ਲਜਾਯੋ।। ਸੰਦੀਪਨ ਕੇ ਸੁਤਹਿ ਮਿਲਾਯੋ।।**
**ਦਾਵਾਨਲ ਤੇ ਗੋਪ ਉਬਾਰੇ।। ਗੋਪਨ ਸੌ ਬ੍ਰਿਜ ਕਰੇ ਅਖਾਰੇ।। ੫।।**

ਨੰਦ ਨੂੰ ਵਰੁਣ ਪਾਸੋਂ ਖੋ ਕੇ ਲਿਆਂਦਾ ਅਤੇ ਸੰਦੀਪਨ ਨੂੰ ਉਸ ਦੇ ਪੁੱਤਰ ਨਾਲ ਮਿਲਾ ਦਿੱਤਾ। ਗੋਪੀਆਂ ਨੂੰ ਦਾਵਾਨਲ ਤੋਂ ਬਚਾਇਆ ਅਤੇ ਬ੍ਰਿਜ ਵਿਚ ਗੋਪੀਆਂ ਦਾ ਅਖਾੜਾ ਬਣਵਾਇਆ।।੫।।

**ਕੁਬਲਜਾ ਗਜ ਕੋ ਦਾਂਤ ਲਯੋ ਹਰਿ।। ਚਾਂਡੂਰਹਿ ਮੁਸਟਕਹਿ ਪ੍ਰਹਰਿ ਕਰਿ।।**
**ਪਕਰਿ ਕੇਸ ਤੇ ਕੰਸ ਪਛਾਰਾ।। ਉੱਗ੍ਰਸੈਨ ਸਿਰ ਛੱਤ੍ਰਹਿ ਢਾਰਾ।। ੬।।**

ਕੁਬਲਿਆ ਹਾਥੀ ਦੇ ਦੰਦ ਚੁਰਾ ਲਏ ਅਤੇ ਚੰਡੂਰ ਉਤੇ ਮੁੱਕੀ ਦਾ ਪ੍ਰਹਾਰ ਕੀਤਾ। ਕੰਸ ਨੂੰ ਕੇਸਾਂ ਤੋਂ ਫੜ ਕੇ ਮਾਰ ਦਿੱਤਾ ਅਤੇ ਉਗਰ ਸੈਨ ਦੇ ਸਿਰ ਉਤੇ ਛੱਤਰ ਝੁਲਾ ਦਿੱਤਾ।।੬।।

**ਜਰਾ ਸਿੰਧੁ ਕੀ ਚਮੂੰ ਸੰਘਾਰੀ।। ਸੰਖ ਲਯੋ ਸੰਖਾਸੁਰ ਮਾਰੀ।।**
**ਨਗਰ ਦ੍ਵਾਰਿਕਾ ਕੀਯਾ ਪ੍ਰਵੇਸ਼ਾ ।। ਦੇਸ ਦੇਸ ਕੇ ਜੀਤਿ ਨਰੇਸ਼ਾ।। ੭।।**

ਜਰਾਸਿੰਧ ਦੀ ਚਤਰੰਗਣੀ ਸੈਨਾਂ ਨੂੰ ਮਾਰਿਆ ਅਤੇ ਸੰਖਾਸਰ ਨੂੰ ਮਾਰ ਕੇ ਉਸ ਪਾਸੋਂ ਸੰਖ ਖੋ ਲਿਆ। ਦੇਸ਼ਾਂ ਦੇਸ਼ਾਂ ਦੇ ਰਾਜਿਆਂ ਨੂੰ ਜਿੱਤ ਕੇ ਦਵਾਰਕਾ ਨਗਰ ਵਿਚ ਪ੍ਰਵੇਸ਼ ਕੀਤਾ।।੭।।

**ਦੰਤ ਬੱਕ੍ਰ ਨਰਕਾਸੁਰ ਘਾਯੋ।। ਸੋਰਹ ਸਹਸ ਬਧੂ ਬਰਿ ਲਜਾਯੋ।।**
**ਪਾਰਜਾਤ ਸੁਰ ਪੁਰ ਤੇ ਲਜਾਯਾ।। ਬਿੰਦ੍ਰਾਬਨ ਮਹਿ ਖੇਲ ਦਿਖਾਯਾ।। ੮।।**

ਪਦ ਅਰਥ – ਸੋਰਹ ਸਹਸ ਬਧੂ=ਸੋਲਾਂ ਹਜ਼ਾਰ ਇਸਤਰੀਆਂ। ਪਾਰਜਾਤ=ਕਲਪ ਰੁਖ. ਸਮੁੰਦਰ ਤੋਂ ਪੈਦਾ ਹੋਇਆ ਦੇਵਤਿਆਂ ਦਾ ਇਕ ਰੁੱਖ. ਪੁਰਾਣ ਕਥਾ ਅਨੁਸਾਰ ਸਮੁੰਦਰ ਰਿੜਕਣ ਸਮੇਂ ਇਹ ਦਰੱਖਤ ਨਿਕਲਿਆ ਅਤੇ ਇੰਦਰ ਦੇਵਤਾ ਨੂੰ ਦਿੱਤਾ ਗਿਆ. ਇੰਦਰ ਦੀ ਇਸਤਰੀ 'ਸ਼ਚੀ' ਇਸ ਨੂੰ ਬਹੁਤ ਪਸੰਦ ਕਰਦੀ ਸੀ। ਜਦ ਕ੍ਰਿਸ਼ਨ ਜੀ, ਇੰਦਰ ਨੂੰ ਮਿਲਣ ਵਾਸਤੇ ਸਵਰਗ ਲੋਕ ਗਏ ਤਾਂ ਉਨ੍ਹਾਂ ਦੀ ਰਾਣੀ ਸੱਤਭਾਮਾ ਨੇ ਆਪਣੇ ਪਤੀ ਨੂੰ ਪਾਰਜਾਤ ਦਰੱਖਤ ਦਵਾਰਕਾ ਖੜਨ ਵਾਸਤੇ ਕਿਹਾ। ਜਿਸ ਕਰਕੇ ਇੰਦਰ ਅਤੇ ਕ੍ਰਿਸ਼ਨ ਦਾ ਘੋਰ ਯੁੱਧ ਹੋਇਆ. ਅੰਤ ਵਿਚ ਇੰਦਰ ਹਾਰ ਗਿਆ ਅਤੇ ਕ੍ਰਿਸ਼ਨ ਨੇ ਪਾਰਜਾਤ ਦਰੱਖਤ ਨੂੰ ਸਤੱਭਾਮਾ ਦੇ ਵਿਹੜੇ ਵਿਚ ਲਾ ਦਿੱਤਾ। ਕ੍ਰਿਸ਼ਨ ਦੇ ਮਰਨ ਉਪਰੰਤ ਇਹ ਰੁੱਖ ਖੁਦ ਹੀ ਸਵਰਗ ਲੋਕ ਚਲਾ ਗਿਆ।

ਸਕਰਦੰਤ ਤੇ ਨਰਕਾਸੁਰ ਦੈਂਤਾਂ ਨੂੰ ਮਾਰਿਆ ਅਤੇ ਸੋਲਾ ਹਜ਼ਾਰ ਇਸਤਰੀਆਂ ਨਾਲ ਵਿਆਹ ਕੀਤਾ। ਸਵਰਗ ਵਿਚੋਂ ਪਾਰਜਾਤ ਦਰੱਖਤ ਲਿਆਂਦਾ ਅਤੇ ਬਿੰਦਰਾਬਣ ਵਿਚ ਰਾਸ ਲੀਲ੍ਹਾ ਰਚਾਈ।।੮।।

**ਪੰਡ੍ਵਨ ਕੀ ਜਿਨ ਕਰੀ ਜਿਤਾਰੀ।। ਦ੍ਰੁਪਦ ਸੁਤਾ ਕੀ ਲਾਜ ਉਬਾਰੀ।।**
**ਸਭ ਕੌਰਵ ਕੇ ਦਲਹਿ ਖਪਾਈ।। ਸੰਤਹਿ ਆਂਚ ਨ ਲਾਗਨ ਪਾਈ।।। ੯।।**

ਉਸ ਪਾਂਡਵਾਂ ਨੂੰ ਜਿਤਾਇਆ ਅਤੇ ਦਰੋਪਦੀ ਦੀ ਲਾਜ ਰੱਖੀ। ਉਸ ਕੌਰਵਾਂ ਦੇ ਸਾਰੇ ਦਲਾਂ ਨੂੰ ਨਸ਼ਟ ਕਰ ਦਿੱਤਾ ਪਰ ਸਾਧੂ ਸੰਤਾ ਨੂੰ ਆਂਚ ਨ ਲੱਗਣ ਦਿੱਤੀ॥੯॥

**ਸਭ ਸੂਚਨਤਾ ਜੌ ਕਰਿ ਜੈਯੈ॥ ਗ੍ਰੰਥ ਬਢਨ ਤੇ ਅਧਿਕ ਡਰੈਯੈ॥**
**ਤਾਤੇ ਥੋਰੀ ਕਥਾ ਉਚਾਰੀ॥ ਚੂਕ ਹੋਇ ਕਬਿ ਲੇਹੁ ਸੁਧਾਰੀ॥ ੧੦॥**

ਜੇ ਸਾਰੀਆਂ ਸੂਚੀਆਂ ਬਣਾਈਆਂ ਜਾਣ ਤਾਂ ਇਸ ਗ੍ਰੰਥ ਦਾ ਆਕਾਰ ਵੱਧ ਜਾਣ ਦਾ ਡਰ ਹੈ। ਇਸ ਲਈ ਮੈਂ ਥੋੜੀ ਗੱਲ ਕਹੀ ਹੈ. ਭੁਲ ਹੋ ਜਾਣ ਤੇ ਕਵੀਜਣ ਇਸ ਨੂੰ ਸੋਧ ਲੈਣ॥੧੦॥

**ਅਬ ਮੈਂ ਕਹਤ ਕਥਾ ਰੁਕਮਨੀ॥ ਜਿਹ ਛਲ ਬਰਜੋ ਕ੍ਰਿਸ਼ਨ ਸੋ ਧਨੀ॥**
**ਲਿਖਿ ਪਤਿਯਾ ਦਿਜ ਹਾਥ ਪਠਾਈ॥ ਕਹਿਯਹੁ ਮਹਾਰਾਜ ਤਨ ਜਾਈ॥੧੧॥**

ਹੁਣ ਮੈਂ ਰੁਕਮਣੀ ਦੀ ਕਥਾ ਕਹਿੰਦਾ ਹਾਂ ਕਿ ਉਸ ਕਿਸ ਛੱਲ ਨਾਲ ਕ੍ਰਿਸ਼ਨ ਨਾਲ ਵਿਆਹ ਕਰਵਾਇਆ। ਉਸ ਚਿੱਠੀ ਲਿਖ ਕੇ ਇਕ ਬ੍ਰਹਮਣ ਰਾਹੀਂ ਕ੍ਰਿਸ਼ਨ ਪਾਸ ਭੇਜੀ ਅਤੇ ਇਹ ਦੱਸਣ ਲਈ ਕਿਹਾ॥੧੧॥

**ਸਵੈਯਾ॥ ਬਜਾਹ ਬਦਜੋ ਸਿਸਪਾਲ ਭਏ ਸੁਈ ਜੋਰਿ ਬਰਾਤ ਬਿਯਾਹਨ ਆਏ॥**
**ਹੌ ਅਟਕੀ ਮਧਸੂਦਨ ਸੌ ਜਿਨ ਕੀ ਛਬਿ ਹਾਟਕ ਹੇਰਿ ਹਿਰਾਏ॥**
**ਚਾਤ੍ਰਿਕ ਕੀ ਜਿਮਿ ਪਜਾਸ ਘਟੈ ਨ ਬਿਨਾ ਘਨ ਸੇ ਘਨ ਸਜਾਮ ਸੁਹਾਏ॥**
**ਹਾਰੀ ਗਿਰੀ ਨ ਹਿਰਜੋ ਹਿਯ ਕੋ ਦੁਖ ਹੇਰਿ ਰਹੀ ਨ ਹਹਾ ਹਰਿ ਆਏ॥ ੧੨॥**

ਮੇਰਾ ਵਿਆਹ ਸ਼ਿਸ਼ੂਪਾਲ ਨਾਲ ਤਹਿ ਹੋ ਗਿਆ ਹੈ ਅਤੇ ਉਹ ਬਾਰਾਤ ਲੈ ਕੇ ਉਥੇ ਆ ਗਿਆ ਹੈ। ਮੈਂ ਤਾਂ ਮਧੂਸੂਦਨ ਦੀ ਸ਼ਕਲ ਤੇ ਮੋਹਤ ਹੋਈ ਹਾਂ ਉਸ ਦੀ ਸ਼ਕਲ ਵੇਖ ਕੇ ਤਾਂ ਸੋਣ ਦੀ ਵੀ ਸੰਭਾਲ ਨਹੀਂ ਰਹਿੰਦੀ. ਜਿਵੇਂ ਕਿ ਚਾਤ੍ਰਕ ਬਦਲਾ ਨੂੰ ਵੇਖਣ ਬਗੈਰ ਪਿਆਸ ਨਹੀਂ ਮਿਟਦੀ। ਮੈਂ ਤਾਂ ਵੇਖਦੀ ਥੱਕ ਗਈ ਹਾਂ ਪਰ ਮੇਰੇ ਹਰੀ ਕ੍ਰਿਸ਼ਨ ਹਾਲੇ ਤਕ ਨਹੀਂ ਆਏ ਹਨ॥੧੨॥

**ਚੌਪਈ॥ ਪਤਿਯਾ ਬਾਚਿ ਚੜ੍ਹੇ ਹਰਿ ਰਥੈ॥ ਮਾਨਹੁ ਲੂਟ ਲਯੋ ਮਨਮਥੈ॥**
**ਉਤ ਸਿਸੁਪਾਲ ਜੋਰਿ ਦਲ ਆਯੋ॥ ਕੁੰਦਨ ਪੁਰੀ ਨਗਰ ਨਿਯਰਾਯੋ॥੧੩॥**

ਪਦ ਅਰਥ - ਪਤਿਯਾ ਬਾਚਿ=ਪੱਤਰ ਪੜ੍ਹ ਕੇ। ਲੂਟ ਲਯੋ ਮਨਮਥੇ=ਜਿਵੇਂ ਕਾਮ ਨੇ ਲੁਟ ਲਿਆ ਹੋਵੇ।

ਚਿੱਠੀ ਪੜ੍ਹਕੇ ਕ੍ਰਿਸ਼ਨ ਰੱਥ ਉਤੇ ਚੜ੍ਹ ਗਿਆ ਜਿਵੇਂ ਉਸ ਨੂੰ ਕਾਮ ਨੇ ਲੁਟ ਲਿਆ ਹੋਵੇ। ਉਧਰ ਸ਼ਸ਼ੂਪਾਲ ਵੀ ਸੈਨਾ ਇਕੱਠੀ ਕਰ ਕੇ ਕੁੰਦਰਨਪੁਰੀ ਦੇ ਨੇੜੇ ਆ ਗਿਆ॥੧੩॥

Namdhari Elibrary NamdhariElibrary@gmail.com

ਭੇਦ ਕਹਾ ਰੁਕਮਿਨੀ ਬਿਪ੍ਰ ਸਜੋਂ।। ਪ੍ਰਾਨ ਨਾਥ ਸੇਤੀ ਕਹਿਯਹੁ ਯੋਂ।।
ਜਬ ਮੈਂ ਗੌਰਿ ਪੂਜਬੈ ਐਹੋਂ।। ਤਬ ਤਵ ਦਰਸ ਚੰਦ੍ਰ ਸੋ ਪੈਹੋਂ।। ੧੪।।

ਰੁਕਮਣੀ ਨੇ ਬ੍ਰਾਹਮਣ ਨੂੰ ਕਿਹਾ ਕਿ ਕ੍ਰਿਸ਼ਨ ਨੂੰ ਕਹਿਣਾ ਕਿ ਜਦ ਮੈਂ ਗੌਰੀ ਪੂਜਾ ਵਾਸਤੇ ਜਾਵਾਂਗੀ ਤਾਂ ਤੁਹਾਡੇ ਸੋਹਣੇ ਮੁ ੱਤੇ ਦੇ ਦਰਸ਼ਨ ਕਰਾਂਗੀ।।੧੪।।

ਦੋਹਰਾ।। ਤਬ ਤੁਮ ਹਮ ਕੌ ਭੁਜਾ ਭਰਿ ਲੀਜਹੁ ਰਥਹਿ ਚੜ੍ਹਾਇ।।
ਨਿਜੁ ਨਾਰੀ ਲੈ ਕੀਜਿਯਹੁ ਦੁਸ਼ਟ ਸਭਨ ਕੋ ਘਾਇ।। ੧੫।।

ਪਦ ਅਰਥ - ਭੁਜਾ ਭਰ=ਬਾਹਾਂ ਤੋਂ ਫੜ ਕੇ। ਨਿਜੁ ਨਾਰੀ=ਆਪਣੀ ਇਸਤਰੀ। ਘਾਇ= ਮਾਰ ਕੇ

ਤਦ ਤੁਸੀਂ ਮੈਨੂੰ ਬਾਂਹ ਤੋਂ ਫੜ ਕੇ ਰੱਥ ਉਤੇ ਚੜ੍ਹਾ ਲੈਣਾ ਅਤੇ ਸਾਰੇ ਵੈਰੀਆਂ ਨੂੰ ਮਾਰ ਕੇ ਮੈਨੂੰ ਆਪਣੀ ਪਤਨੀ ਬਣਾ ਲੈਣਾ।।੧੫।।

ਚੌਪਈ।। ਰੁਕਮ ਬਜਾਹ ਕੀ ਸੌਜ ਬਨਾਈ।। ਭਾਂਤਿ ਭਾਂਤਿ ਪਕਵਾਨ ਮਿਠਾਈ।।
ਫੂਲਜੋ ਫਿਰਤ ਤ੍ਰਿਯਨ ਕੇ ਗਨ ਮੈ।। ਮੂੰਡ ਮੂੰਡੇ ਕੀ ਖਬਰਿ ਨ ਮਨ ਮੈ।। ੧੬।।

ਰਾਜਾ ਰੁਕਮ ਨੇ ਵਿਆਹ ਦੀ ਤਿਆਰੀ ਕੀਤੀ ਅਤੇ ਭਾਂਤ ਭਾਂਤ ਦੇ ਪਕਵਾਨ ਤਿਆਰ ਕਰਵਾਏ। ਉਹ ਇਸਤਰੀਆਂ ਦੇ ਇਕੱਠ ਵਿਚ ਖੁਸ਼ੀ ਖੁਸ਼ੀ ਘੁੰਮ ਰਿਹਾ ਸੀ ਅਤੇ ਉਸ ਨੂੰ ਜ਼ਰਾ ਵੀ ਪਤਾ ਨਹੀਂ ਸੀ ਕਿ ਉਹ ਅੱਜ ਠਗਿਆ ਜਾਵੇਗਾ।।੧੬।।

ਗੌਰਿ ਪੂਜਨੇ ਬਹਿਨਿ ਪਠਾਈ।। ਤਹ ਤੇ ਹਰੀ ਕ੍ਰਿਸ਼ਨ ਸੁਖਦਾਈ।।
ਦੁਸ਼ਟ ਲੋਗ ਮੁਖ ਬਾਇ ਰਹਤ ਭੇ।। ਹਾਇ ਹਾਇ ਇਹ ਭਾਂਤਿ ਕਹਤ ਭੇ।। ੧੭।।

ਉਸ ਨੇ ਆਪਣੀ ਭੈਣ ਨੂੰ ਗੌਰੀ ਪੂਜਾ ਵਾਸਤੇ ਭੇਜਿਆ ਅਤੇ ਉਥੋ ਹੀ ਸੁਖਦਾਈ ਕ੍ਰਿਸ਼ਨ ਨੇ ਉਸ ਨੂੰ ਨਾਲ ਲੈ ਲਿਆ। ਦੁਸ਼ਟ ਲੋਕ ਮੂੰਹ ਪਾੜ ਕੇ ਵੇਖਦੇ ਰਹੇ ਅਤੇ 'ਹਾਏ ਹਾਏ' ਕਰਦੇ ਰਹੇ।।੧੭।।

ਭੁੰਜਗ ਛੰਦ।। ਚਲਜੋ ਕ੍ਰਿਸ਼ਨ ਤਾਕੌ ਰਥੈ ਡਾਰਿ ਲੈਕੈ।। ਤਬੈ ਬੀਰ ਧਾਏ ਸਭੈ ਕੋਪ ਹ੍ਵੈਕੈ।।
ਜਰਾਸਿੰਧੁ ਤੇ ਆਦਿ ਲੈ ਬੀਰ ਜੇਤੇ।। ਹਥੈ ਲੈ ਪਟੈਲੈ ਚਲੇ ਡਾਰਿ ਤੇਤੇ।। ੧੮।।

ਕ੍ਰਿਸ਼ਨ ਜਦ ਉਸ ਨੂੰ ਰੱਥ ਵਿਚ ਚੜ੍ਹਾ ਕੇ ਚਲ ਪਿਆ ਤਾਂ ਸੂਰਮੇ ਕਰੋਧ ਵਿਚ ਆ ਕੇ ਟੁਟ ਕੇ ਪੈ ਗਏ। ਜਰਾਸਿੰਧ ਸਮੇਤ ਸਾਰੇ ਸੂਰਮੇ ਹੱਥਾਂ ਵਿਚ ਸ਼ਸਤਰ ਲੈ ਕੇ ਚਲ ਪਏ।।੧੮।।

ਕਿਤੇ ਪਾਖਰੈਂ ਡਾਰਿਕੈ ਬਾਜਿਯੋ ਪੈ।। ਕਿਤੇ ਚਾਰ ਜਾਮੇ ਚੜ੍ਹੇ ਤਾਜਿਯੋ ਪੈ।।

ਮਘੋਲੇ ਧੱਧੋਲੇ ਬੁੰਦੇਲੇ ਚੰਦੇਲੇ।। ਕਛ੍ਵਾ ਹੇਰ ਠੌਰੇ ਬਘੇਲੇ ਖੰਡੇਲੇ।। ੧੯।।

ਕਈ ਘੋੜਿਆਂ ਉਤੇ ਜੀਨਾਂ ਕਸ ਕੇ ਅਤੇ ਕਈ ਸੁੰਦਰ ਕੱਪੜੇ ਪਾ ਕੇ ਚਲ ਪਏ। ਮਘੋਲੇ. ਧਧੋਲੇ, ਬੁੰਦੇਲੇ, ਚੰਦੇਲ ਬਘੇਲ ਅਤੇ ਖੰਡੇਲ ਆਦਿ ਸਭ ਚਲ ਪਏ।।੧੯।।

ਤਬੈ ਰੁਕਮ ਰੁਕਮੀ ਸਭੈ ਭਾਇ ਲੈਕੈ।। ਚਲਜੋ ਸੈਨ ਬਾਕੀ ਹਠੀ ਗੋਲ ਕੈਕੈ।।
ਤਹਾਂ ਬਾਨ ਤੀਖੇ ਛੁਟੇ ਓਰ ਚਾਰੂ।। ਮੰਡੇ ਆਨਿ ਜੋਧਾ ਬਜਜੋ ਰਾਗ ਮਾਰੂ।। ੨੦।।

ਫਿਰ ਰੁਕਮ ਅਤੇ ਰੁਕਮੀ ਵੀ ਭਾਰੀ ਸੈਨਾ ਲੈ ਕੇ ਚਲ ਪਏ। ਚਾਰੇ ਪਾਸੇ ਤਿੱਖੇ ਤੀਰ ਚਲਣ ਲੱਗੇ ਅਤੇ ਜੋਧਿਆਂ ਵਿਚਕਾਰ ਰਣ ਮੰਡਲ ਵਿਚ ਘੋਰ ਨਾਦ ਦੀ ਆਵਾਜ਼ ਦੇ ਨਾਲ ਨਾਲ ਯੁੱਧ ਹੋਣ ਲੱਗਾ।।੨੦।।

ਕਹੀ ਭੀਮ ਭੇਰੀ ਬਜੈਂ ਸੰਖ ਭਾਰੇ।। ਕਹੂੰ ਨਾਦ ਨਾਫੀਰਿਯੈਂ ਔ ਨਗਾਰੇ।।
ਪਰੀ ਮਾਰਿ ਬਾਨਾਨ ਕੀ ਭਾਂਤਿ ਐਸੀ।। ਉਠੀ ਅਗਨਿ ਜ੍ਵਾਲਾ ਪ੍ਰਲੈ ਕਾਲ ਜੈਸੀ।। ੨੧।।

ਭੀਮ ਭੇਰੀਆਂ ਅਤੇ ਭਾਰੀ ਸੰਖ ਵਜਣ ਲੱਗੇ, ਕਿਤੇ ਨਫੀਰੀਆਂ ਅਤੇ ਨਗਾਰੇ ਵੱਜਣ ਲੱਗੇ। ਬਾਣਾਂ ਦੀ ਮਾਰ ਐਸੀ ਪੈਣ ਲੱਗੀ ਕਿ ਜਿਵੇਂ ਪਰਲੋ ਕਾਲ ਵਿਚ ਅਗਨੀ ਜਵਾਲਾ ਦੀਆਂ ਲਾਟਾਂ ਨਿਕਲ ਰਹੀਆਂ ਹੋਣ।।੨੧।।

ਚਲੈਂ ਸ਼ੀਘ੍ਰਤਾ ਸੌ ਖਹੈ ਬਾਨ ਬਾਨੇ।। ਉਠੈਂ ਅਗਨਿ ਜ੍ਵਾਲਾ ਲਸੈਂ ਜਜੋਂ ਟਨਾਨੇ।।
ਕਹੂੰ ਚਰਮ ਬਰਮੈਂ ਪਰੇ ਮਰਮ ਭੇਦੇ।। ਕਹੂੰ ਮਾਸ ਕੇ ਗੀਧ ਲੈਗੇ ਲਬੇਦੇ।। ੨੨।।

ਬੜੇ ਜ਼ੋਰ ਨਾਲ ਛੱਡੇ ਹੋਏ ਤੀਰ ਜਦ ਦੂਸਰੇ ਤੀਰਾਂ ਨਾਲ ਟਕਰਾਉਂਦੇ ਸਨ ਤਾਂ ਅੱਗ ਦੀਆਂ ਚਿੰਗਾੜੀਆਂ ਇਸ ਤਰ੍ਹਾਂ ਲਗਦੀਆਂ ਸਨ ਜਿਵੇਂ ਜੁਗਨੂੰ ਘੁੰਮ ਰਹੇ ਹੋਣ। ਕਿਤੇ ਚਰਮ ਅਤੇ ਕਿਤੇ ਲੋਹੇ ਦੇ ਕਵਚ ਪਏ ਸਨ ਅਤੇ ਕਿਤੇ ਇੱਲਾਂ ਮਾਸ ਦੇ ਲੋਥੜੇ ਚੁਕ ਕੇ ਲੈ ਜਾ ਰਹੀਆਂ ਸਨ।।੨੨।।

ਕਹੂੰ ਅੰਗੁਲਿੱਤ੍ਰਾਣ ਕਾਟੇ ਪਰੇ ਹੈਂ।। ਕਹੂੰ ਅੰਗੁਲੀ ਕਾਟਿ ਰਤਨੈਂ ਝਰੇ ਹੈਂ।।
ਰਹੀ ਹਾਥ ਹੀ ਮੈ ਕ੍ਰਿਪਾਨੈਂ ਕਟਾਰੇ।। ਗਿਰੈ ਜੂਝਿ ਕੈਕੈ ਪਰੇ ਭੂਮ ਮਾਰੇ।। ੨੩।।

ਕਿਤੇ ਕਟੀਆਂ ਹੋਈਆਂ ਉਂਗਲੀਆਂ ਪਈਆਂ ਸਨ ਅਤੇ ਕਿਤੇ ਕਟੀਆਂ ਉਂਗਲੀਆਂ ਵਿਚ ਪਈਆਂ ਅੰਗੂਠੀਆਂ ਦੇ ਨਗ ਪਏ ਸਨ। ਕਈਆਂ ਦੀਆਂ ਤਲਵਾਰਾਂ ਅਤੇ ਕਟਾਰਾਂ ਹੱਥ ਵਿਚ ਹੀ ਰਹਿ ਗਈਆਂ ਸਨ ਅਤੇ ਉਹ ਸੂਰਮੇ ਮੈਦਾਨੇ ਜੰਗ ਵਿਚ ਮਰੇ ਪਏ ਸਨ।।੨੩।।

ਤਬੈ ਕੋਪ ਕੈਕੈ ਚੰਦੇਲੇ ਸਿਧਾਏ।। ਬੱਧੇ ਚੁੰਗ ਚੁੰਗੀ ਚਲੇ ਖੇਤ ਆਏ।।
ਚਹੂੰ ਓਰ ਘੇਰਜੋ ਹਰੀ ਕਿਸ਼ਨ ਕੌ ਯੌ।। ਗੜੇ ਦਾਰ ਮਾਨੋ ਕਰੀ ਮੱਤ ਕੀ ਜਜੋਂ।। ੨੪।।

ਫਿਰ ਚੰਦੇਲ ਕਰੋਧ ਵਿਚ ਆ ਕੇ ਛਾਲਾਂ ਮਾਰਦੇ ਮੈਦਾਨ ਵਿਚ ਆ ਨਿੱਤਰੇ। ਉਨ੍ਹਾਂ ਸਾਰਿਆਂ ਨੇ ਚੌਹਾਂ ਪਾਸਿਆਂ ਤੋਂ ਕ੍ਰਿਸ਼ਨ ਨੂੰ ਇੰਝ ਘੇਰ ਲਿਆ ਜਿਵੇਂ ਸ਼ਿਕਾਰੀਆਂ ਨੇ ਹਾਥੀ ਨੂੰ ਘੇਰ ਲਿਆ ਹੋਵੇ।।੨੪।।

**ਤਬੈ ਕੋਪ ਕੈ ਕ੍ਰਿਸ਼ਨ ਮਾਰੇ ਚੰਦੇਲੇ।। ਮਘੇਲੇ ਧੱਧੇਲੇ ਬਘੇਲੇ ਬੁੰਦੇਲੇ।।**
**ਚੰਦੇਰੀਸ ਹੂੰ ਕੌ ਤਬੈ ਬਾਨ ਮਾਰਾ।। ਗਿਰਜੋ ਭੂਮਿ ਪੈ ਨ ਹਥਜਾਰੈ ਸੰਭਾਰਾ।।੨੫।।**

ਫਿਰ ਕ੍ਰਿਸ਼ਨ ਨੇ ਵੀ ਗੁੱਸੇ ਵਿਚ ਆ ਕੇ ਚੰਦੇਲਾਂ, ਮਘੇਲਾਂ, ਧੱਧੇਲਾਂ, ਬਘੇਲਾਂ ਅਤੇ ਬੁੰਦੇਲਾਂ ਨੂੰ ਮਾਰ ਦਿੱਤਾ। ਫਿਰ ਚੰਦਰੀਸ ਨੂੰ ਇਕ ਤੀਰ ਮਾਰਿਆ ਅਤੇ ਸ਼ਿਸ਼ੂਪਾਲ ਸ਼ਸਤਰ ਛੱਡ ਕੇ ਧਰਤੀ ਤੇ ਡਿੱਗ ਪਿਆ।।੨੫।।

**ਚੌਪਈ।। ਜਰਾਸਿੰਧ ਕਹਿ ਪੁਨਿ ਸਰ ਮਾਰਾ।। ਭਾਗਿ ਚਲਜੋ ਨ ਹਥਜਾਰ ਸੰਭਾਰਾ।।**
**ਭਿਰੇ ਸੁ ਮਰੇ ਬਚੇ ਤੇ ਹਾਰੇ।। ਚੰਦੇਰਿਯਹਿ ਚੰਦੇਲ ਸਿਧਾਰੇ।।੨੬।।**

ਫਿਰ ਜਰਾਸਿੰਧ ਨੂੰ ਇਕ ਤੀਰ ਮਾਰਿਆ, ਜਿਹੜਾ ਸ਼ਸਤਰ ਸੰਭਾਲੇ ਬਗੈਰ ਹੀ ਭੱਜ ਗਿਆ। ਜਿਹੜੇ ਭਿੜ ਪਏ ਉਹ ਮਰ ਗਏ, ਜਿਹੜੇ ਬਚ ਗਏ ਉਹ ਹਾਰ ਮੰਨ ਗਏ। ਸਾਰੇ ਚੰਦੇਲੇ ਚੰਦੇਰੀ ਵਲ ਭੱਜ ਗਏ।।੨੬।।

**ਤਬ ਰੁਕਮੀ ਪਹੁਚਤ ਭਜੋ ਜਾਈ।। ਅਧਿਕ ਕ੍ਰਿਸ਼ਨ ਸੌ ਕਰੀ ਲਰਾਈ।।**
**ਭਾਂਤਿ ਭਾਂਤਿ ਤਨ ਬਿਸਿਖ ਪ੍ਰਹਾਰੇ।। ਹਾਰਜੋ ਵਹੈ ਕ੍ਰਿਸ਼ਨ ਨਹਿ ਹਾਰੇ।।੨੭।।**

ਤਦ ਰੁਕਮਣੀ ਦਾ ਇਕ ਭਰਾ ਆ ਗਿਆ ਅਤੇ ਉਸ ਨੇ ਕ੍ਰਿਸ਼ਨ ਨਾਲ ਘੋਰ ਯੁੱਧ ਕੀਤਾ। ਉਸ ਬਹੁਤ ਤੀਰ ਚਲਾਏ ਪਰ ਉਹੀ ਹਾਰਿਆ, ਕ੍ਰਿਸ਼ਨ ਨਹੀਂ ਹਰਿਆ।।੨੭।।

**ਚਿਤ ਮੈ ਅਧਿਕ ਠਾਨਿਕੈ ਕ੍ਰੁੱਧਾ।। ਮਾਂਡਤ ਭਯੋ ਕ੍ਰਿਸ਼ਨ ਸੌਂ ਜੁੱਧਾ।।**
**ਏਕ ਬਾਨ ਤਬ ਸਜਾਮ ਪ੍ਰਹਾਰਾ।। ਗਿਰਜੋ ਪ੍ਰਿਥੀ ਪਰ ਜਾਨੁ ਸੰਘਾਰਾ।।੨੮।।**

ਦਿਲ ਵਿਚ ਬਹੁਤ ਗੁੱਸੇ ਵਿਚ ਆ ਕੇ ਉਹ ਕ੍ਰਿਸ਼ਨ ਨਾਲ ਯੁੱਧ ਕਰਨ ਲੱਗਾ। ਫਿਰ ਕ੍ਰਿਸ਼ਨ ਨੇ ਉਸ ਨੂੰ ਇਕ ਤੀਰ ਮਾਰਿਆ ਤਾਂ ਉਹ ਧਰਤੀ ਤੇ ਇੰਝ ਡਿੱਗ ਪਿਆ ਜਿਵੇਂ ਮਰ ਗਿਆ ਹੋਵੇ।।੨੮।।

**ਸਰ ਸੌ ਮੂੰਡਿ ਪ੍ਰਥਮ ਤਿਹ ਸੀਸਾ।। ਬਾਂਧਿ ਲਯੋ ਰਥ ਸੌ ਜਦੁਈਸਾ।।**
**ਭ੍ਰਾਤ ਜਾਨਿ ਰੁਕਮਿਨੀ ਛਡਾਯੋ।। ਲਜਤ ਧਾਮ ਸਿਸਪਾਲ ਸਿਧਾਯੋ।।੨੯।।**

ਪਦ ਅਰਥ – ਸਰ ਸੌ ਮੂੰਡ=ਸਿਰ ਮੁੰਨ ਲਿਆ। ਜਦੁਈਸਾ=ਸ੍ਰੀ ਕ੍ਰਿਸ਼ਨ। ਲਜਤ=ਸ਼ਰਮਿੰਦਾ ਹੋ ਕੇ।

Namdhari Elibrary NamdhariElibrary@gmail.com

ਉਸ ਦਾ ਸਿਰ ਮੁੰਨ ਕੇ ਕ੍ਰਿਸ਼ਨ ਨੇ ਉਸ ਨੂੰ ਰੱਥ ਨਾਲ ਬੰਨ੍ਹ ਦਿੱਤਾ। ਉਸ ਨੂੰ ਭਰਾ ਸਮਝ ਕੇ ਰੁਕਮਣੀ ਨੇ ਛੁਡਾ ਦਿੱਤਾ, ਜਿਹੜਾ ਸ਼ਰਮਸ਼ਾਰ ਹੋ ਕੇ ਸ਼ਿਸ਼ੂਪਾਲ ਦੇ ਕੋਲ ਚਲਾ ਗਿਆ॥੨੯॥

**ਕਿਨੂੰ ਚੰਦੇਲਨ ਕੇ ਸਿਰ ਤੂਟੇ॥ ਕਈਕ ਗਏ ਮੂੰਡ ਘਰ ਟੂਟੇ॥**
**ਸਕਲ ਚੰਦੇਲੇ ਲਾਜ ਲਜਾਏ॥ ਨਾਰਿ ਗਵਾਇ ਚੰਦੇਰੀ ਆਏ॥੩੦॥**

ਕਿੰਨਿਆਂ ਹੀ ਚੰਦੇਲਾਂ ਦੇ ਸਿਰ ਪਾਟ ਗਏ ਅਤੇ ਕਈ ਸਿਰ ਮੁੰਨਵਾ ਕੇ ਘਰ ਚਲੇ ਗਏ। ਸਾਰੇ ਚੰਦੇਲ ਸ਼ਰਮਿੰਦੇ ਸਨ ਕਿਉਂਕਿ ਇਸਤਰੀ ਗਵਾ ਕੇ ਉਹ ਵਾਪਸ ਚੰਦੇਰੀ ਆਏ ਸਨ॥੩੦॥

**ਦੋਹਰਾ॥ ਗਏ ਚੰਦੇਲ ਚੰਦੇਰਿਯਹਿ ਕਰ ਤੇ ਨਾਰਿ ਗਵਾਇ॥**
**ਇਹ ਚਰਿਤ੍ਰ ਤਨ ਰੁਕਮਨੀ ਬਰਤ ਭਈ ਜਦੁਰਾਇ॥ ੩੧॥ ੧॥**

ਚੰਦੇਲੇ ਇਸਤਰੀ ਗਵਾ ਕੇ ਵਾਪਸ ਚੰਦੇਰੀ ਚਲੇ ਗਏ ਅਤੇ ਇਸ ਚਲਿੱਤਰ ਨਾਲ ਰੁਕਮਣੀ ਨੇ ਕ੍ਰਿਸ਼ਨ ਨਾਲ ਵਿਆਹ ਕਰ ਲਿਆ॥੩੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਬੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੨੦॥੬੦੪੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਵੀਹਵੀਂ ਕਥਾ ਸਮਾਪਤ॥੩੨੦॥੬੦੪੩॥ਚਲਦਾ॥

## ਚਲਿੱਤਰ ਤਿੰਨ ਸੌ ਇੱਕੀਵਾਂ

## ਕਥਾ ਦੇਵਜਾਨੀ

**ਚੌਪਈ॥ ਸੁੱਕ੍ਰਾਚਾਰਜ ਦਾਨ੍ਵਨ ਕੋ ਗੁਰ॥ ਸੁੱਕ੍ਰਾਵਤੀ ਬਸਤ ਜਾਕੋ ਪੁਰ॥**
**ਮਾਰਿ ਦੇਵ ਜਾਕੌ ਰਨ ਜਾਵੈ॥ ਪੜ੍ਹਿ ਸੰਜੀਵਨਿ ਤਾਹਿ ਜਿਯਾਵੈ॥ ੧॥**

ਪਦ ਅਰਥ - ਸੁੱਕ੍ਰਾਚਾਰਜ=ਸ਼ੁਕਰਾਚਾਰੀਆ। ਪੜ੍ਹਿ ਸੰਜੀਵਨਿ=ਸੰਜੀਵਨੀ ਵਿਦਿਆ ਪੜ੍ਹ ਕੇ। ਜਿਯਾਵੈ=ਜੀਉਂਦਾ ਕਰ ਦਿੰਦਾ ਸੀ।

ਸ਼ੁਕਰਾਚਾਰੀਆਂ ਦੈਂਤਾਂ ਦਾ ਗੁਰੂ ਸੀ ਅਤੇ ਉਹ ਸ਼ੁਕਰਵਤੀ ਨਾਮੀ ਨਗਰ ਵਿਚ ਰਹਿੰਦਾ ਸੀ। ਦੇਵਤੇ ਜਿਸ ਨੂੰ ਵੀ ਯੁੱਧ ਵਿਚ ਮਾਰ ਦਿੰਦੇ ਸਨ, ਉਹ ਸੰਜੀਵਣੀ ਵਿਦਿਆ ਪੜ੍ਹ ਕੇ ਉਨ੍ਹਾਂ ਨੂੰ ਜੀਉਂਦੇ ਕਰ ਦਿੰਦਾ ਸੀ॥੧॥

**ਦੇਵਜਾਨਿ ਇਕ ਸੁਤਾ ਤਵਨ ਕੀ॥ ਅੱਪ੍ਰਮਾਨ ਛਬਿ ਹੁਤੀ ਜਵਨ ਕੀ॥**
**ਕਚਮਾਨਾ ਦੇਵਨ ਕੋ ਦਿਜਬਰ॥ ਆਵਤ ਭਯੋ ਸੁੱਕ੍ਰ ਕੇ ਤਬ ਘਰ॥ ੨॥**

**************************************************************

ਦੇਵਜਾਨ ਨਾਮੀਂ ਉਸ ਦੀ ਇਕ ਪੁੱਤਰੀ ਸੀ ਜਿਸ ਦੀ ਸੁੰਦਰਤਾ ਅਪਰ ਅਪਾਰ ਸੀ। ਕਚ ਦੇਵਤਿਆਂ ਦਾ ਪਰੋਹਤ ਮੰਨਿਆ ਜਾਂਦਾ ਸੀ, ਉਹ ਇਕ ਦਿਨ ਸ਼ੁਕਰਾਚਾਰੀਆ ਦੇ ਘਰ ਆਇਆ॥੨॥

**ਦੇਵਜਾਨਿ ਸੰਗਿ ਕਿਯਾ ਅਧਿਕ ਹਿਤ॥ ਹਰਿ ਲੀਨੋ ਜਜੋਂ ਤਜੋਂ ਤ੍ਰਿਯ ਕੋ ਚਿਤ॥**
**ਮੰਤ੍ਰਹਿ ਲੇਨ ਸੰਜੀਵਨ ਕਾਜਾ॥ ਇਹ ਛਲ ਪਠਜੋ ਦੇਵਤਨ ਰਾਜਾ॥ ੩॥**

ਉਸ ਦੇਵਜਾਨ ਨਾਲ ਪਿਆਰ ਵਧਾ ਕੇ ਜਿਵੇਂ ਕਿਵੇਂ ਉਸ ਦਾ ਦਿਲ ਚੁਰਾ ਲਿਆ। ਉਸ ਨੂੰ ਸੰਜੀਵਨੀ ਮੰਤਰ ਸਿੱਖਣ ਵਾਸਤੇ ਦੇਵਤਿਆਂ ਦੇ ਰਾਜੇ ਨੇ ਭੇਜਿਆ ਸੀ॥੩॥

**ਦੈਤ ਭੇਦ ਪਾਵਤ ਜਬ ਭਏ॥ ਤਾਕੋ ਡਾਰਿ ਨਦੀ ਹਨਿ ਗਏ॥**
**ਬਿਲਮ ਲਗੀ ਵਹ ਧਾਮ ਨ ਆਯੋ॥ ਦੇਵਜਾਨਿ ਅਤਿ ਹੀ ਦੁਖ ਪਾਯੋ॥ ੪॥**

ਦੈਂਤਾਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਕਚ ਨੂੰ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ। ਜਦ ਕਾਫੀ ਸਮਾਂ ਲੰਘ ਗਿਆ ਅਤੇ ਕਚ ਵਾਪਸ ਘਰ ਨ ਆਇਆ ਤਾਂ ਦੇਵਜਾਨ ਬਹੁਤ ਦੁਖੀ ਹੋਈ॥੪॥

**ਭਾਖਿ ਪਿਤਾ ਤਨ ਬਹੁਰਿ ਜਿਯਾਯੋ॥ ਦੈਤਨ ਦੇਖ ਅਧਿਕ ਦੁਖ ਪਾਯੋ॥**
**ਨਿਤਿਪ੍ਰਤਿ ਮਾਰਿ ਤਾਂਹਿ ਉਠਿ ਜਾਵੈ॥ ਪੁਨਿ ਪੁਨਿ ਤਾਕੌ ਸੁੱਕ੍ਰ ਜਿਯਾਵੈ॥ ੫॥**

ਪਿਤਾ ਨੂੰ ਕਹਿ ਕੇ ਉਸ ਉਸ ਨੂੰ ਦੁਬਾਰਾ ਜੀਉਂਦਾ ਕਰਵਾ ਲਿਆ ਜਿਸ ਨੂੰ ਵੇਖ ਕੇ ਦੈਂਤਾਂ ਨੂੰ ਬਹੁਤ ਗੁੱਸਾ ਆਇਆ। ਉਹ ਉਸ ਨੂੰ ਮਾਰ ਦਿੰਦੇ ਸਨ ਅਤੇ ਸ਼ੁਕਰਾਚਾਰੀਆਂ ਉਸ ਨੂੰ ਜੀਉਂਦਾ ਕਰ ਲੈਂਦਾ ਸੀ॥੫॥

**ਤਬ ਤਿਹ ਮਾਰਿ ਮੱਦਜ਼ ਮਹਿ ਡਾਰਜੋ॥ ਬਚਤ ਭੂੰਜਿ ਨਿਜੁ ਗੁਰਹਿ ਖਵਾਰਜੋ॥**
**ਦੇਵਜਾਨਿ ਜਬ ਤਾਹਿ ਨ ਲਹਾ॥ ਅਧਿਕ ਦੁਖਿਤ ਹੈ ਪਿਤ ਪ੍ਰਤਿ ਕਹਾ॥ ੬॥**

ਤਦ ਉਨ੍ਹਾਂ ਨੇ ਉਸ ਨੂੰ ਮਾਰ ਕੇ ਸਾੜ ਦਿੱਤਾ ਅਤੇ ਉਸ ਦੀ ਸਵਾਹ ਸ਼ਰਾਬ ਵਿਚ ਘੋਲ ਦਿੱਤੀ ਅਤੇ ਜੋ ਬਚਿਆ ਉਸ ਨੂੰ ਭੁੰਨ ਕੇ ਗੁਰੂ ਨੂੰ ਖਵਾ ਦਿੱਤਾ। ਦੇਵ ਜਾਨ ਨੇ ਜਦ ਉਸ ਨੂੰ ਨ ਵੇਖਿਆ ਤਾਂ ਬਹੁਤ ਦੁਖੀ ਹੋ ਕੇ ਪਿਤਾ ਨੂੰ ਕਹਿਣ ਲੱਗੀ॥੬॥

**ਅਬ ਲੌ ਕਚ ਜੁ ਧਾਮ ਨਹਿ ਆਯੋ॥ ਜਨਿਯਤ ਕਿਨਹੂੰ ਅਸੁਰ ਚਬਾਯੋ॥**
**ਤਾਤੇ ਪਿਤੁ ਤਿਹ ਬਹੁਰਿ ਜਿਯਾਵੋ॥ ਹਮਰੇ ਮਨ ਕੋ ਸ਼ੋਕ ਮਿਟਾਵੋ॥ ੭॥**

ਕਚ ਹੁਣ ਤਕ ਘਰ ਨਹੀਂ ਆਇਆ ਹੈ, ਲੱਗਦਾ ਹੈ ਕਿਸੇ ਦੈਂਤ ਨੇ ਉਸ ਨੂੰ ਖਾ ਲਿਆ ਹੈ। ਇਸ ਲਈ ਹੇ ਪਿਤਾ ਜੀ! ਉਸ ਨੂੰ ਜਿਉਂਦਾ ਕਰੋ ਅਤੇ ਮੇਰੇ ਮਨ ਦਾ ਦੁਖ ਦੂਰ ਕਰੋ॥੭॥

**ਤਬ ਹੀ ਸੁੱਕ੍ਰ ਧਜਾਨ ਮਹਿ ਗਏ।। ਤਿਹ ਨਿਜੁ ਪੇਟ ਬਿਲੋਕਤ ਭਏ।।**
**ਮੰਤ੍ਰ ਸਜੀਵਨ ਕੌ ਕਿਹ ਦੈ ਕਰਿ।। ਕਾਢਤ ਭਯੋ ਉਦਰ ਅਪਨੋ ਫਰਿ।। ੮।।**

ਪਦ ਅਰਥ - ਧਜਾਨ ਮਹਿ ਗਏ=ਅੰਤਰ ਧਿਆਨ ਹੋਏ। ਨਿਜ ਪੇਟ=ਆਪਣੇ ਢਿੱਡ ਵਿਚ। ਬਿਲੋਕਤ ਭਏ=ਵੇਖ ਲਿਆ। ਉਦਰ=ਢਿੱਡ ਪਾੜ ਕੇ।

ਤਦ ਸ਼ੁਕਰਾਚਾਰੀਆ ਨੇ ਧਿਆਨ ਲਾ ਕੇ ਉਸ ਨੂੰ ਆਪਣੇ ਢਿੱਡ ਵਿਚ ਵੇਖਿਆ। ਫਿਰ ਉਸ ਨੂੰ ਸੰਜੀਵਨੀ ਮੰਤਰ ਸਿੱਖਾ ਕੇ ਆਪਣਾ ਪੇਟ ਪਾੜ ਕੇ ਬਾਹਰ ਕਢਿਆ।।੮।।

**ਕਾਢਤ ਤਾਹਿ ਸੁੱਕ੍ਰ ਮਰਿ ਗਯੋ।। ਬਹੁਰਿ ਮੰਤ੍ਰ ਬਲ ਕਚਹਿ ਜਿਯਯੋ।।**
**ਸ੍ਰਾਪ ਦਯੋ ਮਦਰਾ ਕੋ ਤਿਹ ਤਹ।। ਤਾਤੇ ਪਿਯਤ ਨ ਯਾਕਹ ਕੋਊ ਕਹ।। ੯।।**

ਉਸ ਦੇ ਨਿਕਲਦਿਆਂ ਹੀ ਸ਼ੁਕਰਾਚਾਰੀਆ ਮਰ ਗਿਆ ਅਤੇ ਕਚ ਨੇ ਮੰਤਰ ਪੜ੍ਹ ਕੇ ਉਸ ਨੂੰ ਜੀਉਂਦਾ ਕਰ ਲਿਆ। ਤਦ ਤੋਂ ਉਸ ਸ਼ਰਾਬ ਨੂੰ ਸਰਾਪ ਦੇ ਦਿੱਤਾ ਕਿ ਅਜ ਤੋਂ ਮੈਂ ਤੈਨੂੰ ਨਹੀਂ ਪੀਵਾਂਗਾ।।੯।।

**ਦੇਵਿਜਾਨ ਪੁਨਿ ਐਸ ਬਿਚਾਰਾ।। ਯੌ ਕਚ ਤਨ ਤਜਿ ਲਾਜ ਉਚਾਰਾ।।**
**ਕਾਮ ਭੋਗ ਮੋਸੌ ਤੈ ਕਰੁ ਰੇ।। ਹਮਰੇ ਮਦਨ ਤਾਪ ਕਹ ਹਰੁ ਰੇ।। ੧੦।।**

ਦੇਵ ਜਾਨ ਨੇ ਫਿਰ ਵਿਚਾਰ ਕੀਤਾ ਅਤੇ ਸ਼ਰਮ ਤਿਆਗ ਕੇ ਉਸ ਨੂੰ ਕਿਹਾ ਕਿ ਮੇਰੇ ਨਾਲ ਕਾਮ ਕ੍ਰੀੜਾ ਕਰੋ ਅਤੇ ਮੇਰੀ ਕਾਮ ਅੱਗਨੀ ਨੂੰ ਸ਼ਾਂਤ ਕਰੋ।।੧੦।।

**ਤਿਨ ਰਤਿ ਕਰੀ ਨ ਤਾਤੇ ਸੰਗਾ।। ਬਜਪਿ ਰਹਿਯੋ ਤਿਹ ਜਦਪਿ ਅਨੰਗਾ।।**
**ਦੇਵਜਾਨਿ ਤਬ ਅਧਿਕ ਰਿਸਾਈ।। ਮੋਹਿ ਨ ਭਜਜੋ ਯਾਹਿ ਦੁਖਦਾਈ।। ੧੧।।**

ਭਾਵੇਂ ਉਹਦੇ ਅੰਗਾਂ ਵਿਚ ਕਾਮ ਵਿਆਕੁਲ ਸੀ ਪਰ ਕਚ ਨੇ ਉਹਦੇ ਨਾਲ ਕਾਮ ਕ੍ਰੀੜਾ ਨ ਕੀਤੀ। ਫਿਰ ਦੇਵ ਜਾਨੀ ਬਹੁਤ ਗੁੱਸੇ ਵਿਚ ਆ ਗਈ ਕਿ ਇਸ ਦੁਖ ਦੇਣ ਵਾਲੇ ਨੇ ਮੇਰੇ ਨਾਲ ਰਮਣ ਨਹੀਂ ਕੀਤਾ ਹੈ।।੧੧।।

**ਇਹ ਬਿਧਿ ਸ੍ਰਾਪ ਦੇਤ ਤਿਹ ਭਈ।। ਕਥਾ ਚਉਪਈ ਸੁ ਮੈ ਬਨਈ।।**
**ਪਾਪੀ ਫੁਰੈਮੰਤ੍ਰ ਤਵ ਨਾਹੀ।। ਤੋ ਤੇ ਸੁਰ ਨ ਜਿਵਾਏ ਜਾਂਹੀ।। ੧੨।।**

ਪਦ ਅਰਥ-ਫੁਰੈਮੰਤ੍ਰ ਤਵ ਨਾਹੀ=ਤੁਹਾਡਾ ਮੰਤਰ ਨਹੀਂ ਚਲੇਗਾ।ਸੁਰ ਨ ਜਵਾਏ ਜਾਂਹੀ=ਦੇਵਤਿਆਂ ਨੂੰ ਜੀਉਂਦਾ ਨਹੀਂ ਕਰ ਸਕੋਗੇ।

ਉਸ ਨੇ ਉਸ ਨੂੰ ਇਸ ਪ੍ਰਕਾਰ ਸਰਾਪ ਦੇ ਦਿੱਤਾ ਜਿਸ ਤਰ੍ਹਾਂ ਕਿ ਇਸ ਕਥਾ ਨੂੰ ਮੈਂ ਚੌਪਈ

ਵਿਚ ਕਿਹਾ ਹੈ। ਹੇ ਪਾਪੀ ਤੈਨੂੰ ਮੰਤਰ ਸਮੇਂ ਸਿਰ ਯਾਦ ਨਹੀਂ ਆਵੇਗਾ ਅਤੇ ਤੁਸੀਂ ਦੇਵਤਿਆਂ ਨੂੰ ਜੀਉਂਦਾ ਨਹੀਂ ਕਰ ਸਕੋਗੇ॥੧੨॥

**ਪ੍ਰਥਮ ਜਿਯਾਯੋ ਤਾਂਹਿ ਕਸ਼ਟ ਕਰਿ॥ ਰਮਜੋ ਨ ਸੋ ਸ੍ਰਾਪਜੋ ਤਬ ਰਿਸਿ ਭਰਿ॥**
**ਪਿਤਾ ਭਏ ਇਹ ਭਾਂਤਿ ਸੁਨਾਯੋ॥ ਦੇਵਰਾਜ ਇਹ ਕਚਹਿ ਜਯਾਯੋ॥ ੧੩॥**

ਪਹਿਲਾਂ ਤਾਂ ਕਈ ਕਸ਼ਟ ਝਲ ਕੇ ਉਸ ਨੂੰ ਜੀਉਂਦਿਆਂ ਕਰਦੀ ਰਹੀ ਅਤੇ ਜਦ ਉਸ ਰਮਣ ਨ ਕੀਤਾ ਤਾਂ ਉਸ ਨੂੰ ਸਰਾਪ ਦੇ ਦਿੱਤਾ। ਫਿਰ ਉਸ ਆਪਣੇ ਪਿਤਾ ਨੂੰ ਕਿਹਾ ਕਿ ਇਹ ਦੇਵਰਾਜ ਨੂੰ ਜੀਉਂਦਾ ਕਰ ਲਵੇਗਾ॥੧੩॥

**ਤਾਤ ਬਾਤ ਕਹੋ ਮੈ ਸੋ ਕਰੋ॥ ਮੰਤ੍ਰ ਸਜੀਵਨ ਇਹ ਨਨੁਸਰੋ॥**
**ਜਬ ਇਹ ਸੀਖਿ ਮੰਤ੍ਰ ਕਹ ਜੈਹੈਂ॥ ਦੇਵਰਾਜ ਫਿਰਿ ਹਾਥ ਨ ਐਹੈਂ॥ ੧੪॥**

ਇਸ ਲਈ ਪਿਤਾ ਜੀ ਜੋ ਮੈਂ ਕਹਿੰਦੀ ਹਾਂ ਉਹੋ ਕਰੋ ਅਤੇ ਇਸ ਦਾ ਸੰਜੀਵਨੀ ਮੰਤਰ ਨਸ਼ਟ ਕਰ ਦੇਵੋ। ਜਦ ਇਹ ਮੰਤਰ ਸਿੱਖ ਕੇ ਚਲਾ ਜਾਵੇਗਾ ਤਾਂ ਦੇਵਰਾਜ ਇੰਦਰ ਸਾਡੇ ਹੱਥ ਕਿਵੇਂ ਲੱਗੇਗਾ॥੧੪॥

**ਮੰਤ੍ਰ ਨ ਫੁਰੈ ਸ੍ਰਾਪ ਇਹ ਦੀਜੈ॥ ਮੇਰੋ ਬਚਨ ਮਾਨਿ ਪਿਤੁ ਲੀਜੈ॥**
**ਭੇਦ ਅਭੇਦ ਕਛੁ ਸੁੱਕ੍ਰ ਨ ਪਾਯੋ॥ ਮੰਤ੍ਰ ਨਿਫਲ ਕੋ ਸ੍ਰਾਪੁ ਦਿਵਾਯੋ॥ ੧੫॥**

ਇਸ ਲਈ ਪਿਤਾ ਜੀ ਮੇਰਾ ਕਿਹਾ ਮੰਨ ਕੇ ਇਸ ਨੂੰ ਸਰਾਪ ਦੇ ਦੇਵੋ ਕਿ ਇਸਨੂੰ ਮੰਤਰ ਯਾਦ ਨ ਰਹੇ। ਸ਼ੁਕਰਚਾਰੀਆ ਅਸਲ ਭੇਤ ਨੂੰ ਨ ਸਮਝ ਸਕਿਆ ਅਤੇ ਮੰਤਰ ਦੀ ਨਿਸਫਲਤਾ ਦਾ ਉਸ ਨੂੰ ਸਰਾਪ ਦੇ ਦਿੱਤਾ॥੧੫॥

**ਤਾਂਹਿ ਮਰੋ ਬਹੁ ਬਾਰ ਜਿਯਾਯੋ॥ ਤਬ ਸ੍ਰਾਪਜੋ ਜਬ ਭੋਗ ਨ ਪਾਯੋ॥**
**ਤ੍ਰਿਯ ਚਰਿਤ੍ਰ ਗਤਿ ਕਿਨੂੰ ਨ ਪਾਈ॥ ਜਿਨਿ ਬਿਧਨ ਇਹ ਨਾਰਿ ਬਨਾਈ॥ ੧੬॥੧॥**

ਪਦ ਅਰਥ - ਬਹੁ ਬਾਰ=ਬਹੁਤ ਵਾਰ। ਜਯਾਯੋ=ਜ਼ਿੰਦਾ ਕੀਤਾ। ਜਿਨਿ ਬਿਧਨ=ਜਿਸ ਵਿੱਧੀ ਨਾਲ।

ਉਸ ਮਰੇ ਹੋਏ ਨੂੰ ਪਹਿਲਾਂ ਬਹੁਤ ਵਾਰ ਜੀਉਂਦਾ ਕੀਤਾ ਫਿਰ ਕਾਮ ਕ੍ਰੀੜਾ ਨ ਕਰਨ ਕਰਕੇ ਉਸ ਨੂੰ ਸਰਾਪ ਦੇ ਦਿੱਤਾ। ਇਸਤਰੀਆਂ ਦੇ ਚਲਿੱਤਰਾਂ ਦੀ ਗੱਤੀ ਨੂੰ ਕੋਈ ਨਹੀਂ ਸਮਝ ਸਕਿਆ ਹੈ। ਉਹ ਵ੍ਹੀ ਨਹੀਂ ਸਮਝ ਸਕਿਆ ਹੈ ਜਿਸ ਵਿਧਾਤਾ ਨੇ ਇਸ ਨੂੰ ਆਪ ਬਣਾਇਆ ਹੈ॥੧੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੨੧॥੬੦੫੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇੱਕੀਵੀਂ

Namdhari Elibrary NamdhariElibrary@gmail.com

ਕਥਾ ਸਮਾਪਤ॥੩੨੧॥੬੦੫੭॥ਚਲਦਾ॥

# ਚਲਿੱਤਰ ਤਿੰਨ ਸੌ ਬਾਈਵਾਂ

## ਕਥਾ ਮਕਰਾਛ ਮਤੀ

**ਚੌਪਈ॥ ਸੁਨੁ ਪ੍ਰਭੁ ਔਰ ਬਖਾਨੋ ਕਥਾ॥ ਐਹੈ ਚਿੱਤ ਹਮਾਰੇ ਜਥਾ॥**
**ਛਜਕਰਨਨ ਕੋ ਦੇਸ ਬਸਤ ਜਹ॥ ਸੁਛਬਿ ਕੇਤ ਇਕ ਹੁਤੋ ਨ੍ਰਿਪਤਿ ਤਹ॥੧॥**

ਹੇ ਰਾਜਾ ਜੀ! ਮੇਰੇ ਧਿਆਨ ਵਿਚ ਇਕ ਹੋਰ ਕਥਾ ਆਈ ਹੈ ਉਹ ਮੈਂ ਤੁਹਾਨੂੰ ਸਣਾਉਂਦਾ ਹਾਂ। ਜਿਥੇ ਛਜਕਰਨਣ ਨਾਮੀਂ ਦੇਸ਼ ਵਜਦਾ ਹੈ, ਓਸੇ ਇਕ ਸੁਛਬ ਕੇਤ ਨਾਮੀਂ ਰਾਜਾ ਰਹਿੰਦਾ ਸੀ॥੧॥

**ਅਚਰਜ ਦੇ ਤਾਕੇ ਇਕ ਨਾਰੀ॥ ਕਨਕ ਅਵਟਿ ਸਾਂਚੇ ਜਨੁ ਢਾਰੀ॥**
**ਸ੍ਰੀ ਮਕਰਾਛ ਮਤੀ ਦੁਹਿਤਾ ਤਿਹ॥ ਛੀਨਿ ਕਰੀ ਸਸਿ ਅੰਸ ਸਕਲ ਜਿਹ॥੨॥**

ਉਸ ਦੇ ਘਰ ਅਚਰਜ ਦੇਵੀ ਨਾਮੀਂ ਇਕ ਨਾਰੀ ਸੀ ਜਿਹੜੀ ਏਨੀ ਸੁੰਦਰ ਸੀ ਜਿਵੇਂ ਕਿ ਸੋਨੇ ਦੇ ਸੱਚੇ ਵਿਚ ਢਾਲੀ ਹੋਵੇ। ਮਕਰਾਛ ਮਤੀ ਉਨ੍ਹਾਂ ਦੀ ਇਕ ਪੁੱਤਰੀ ਸੀ. ਜਿਹੜੀ ਏਨੀ ਸੁੰਦਰ ਅਤੇ ਗੁਣਵਾਨ ਸੀ ਕਿ ਜਿਵੇਂ ਉਸ ਸਾਰੀਆਂ ਕਲਾਵਾਂ ਨੂੰ ਚੁਰਾ ਕੇ ਆਪਣੇ ਵਿਚ ਸਮੇਟ ਲਿਆ ਹੋਵੇ॥੨॥

**ਜਬ ਬਰ ਜੋਗ ਭਈ ਵਹੁ ਦਾਰਾ॥ ਸ਼ਾਹੁ ਪੂਤ ਤਨ ਕਿਯਾ ਪਯਾਰਾ॥**
**ਕਾਮਕੇਲ ਤਿਹ ਸਾਥ ਕਮਾਵੈ॥ ਭਾਂਤਿ ਅਨਿਕ ਤਨ ਤਾਹਿ ਰਿਝਾਵੈ॥੩॥**

ਜਦ ਉਹ ਲੜਕੀ ਵਰ ਦੇ ਯੋਗ ਹੋਈ ਤਾਂ ਉਸ ਇਕ ਸ਼ਾਹ ਦੇ ਪੁੱਤਰ ਨਾਲ ਪਿਆਰ ਪਾ ਲਿਆ। ਉਹ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ ਅਤੇ ਅਨੇਕਾਂ ਪ੍ਰਕਾਰ ਨਾਲ ਉਸ ਨੂੰ ਖੁਸ਼ ਕਰਦੀ ਸੀ॥੩॥

**ਨ੍ਰਿਪ ਤਨ ਭੇਸ ਕਿਸੂ ਨਰ ਭਾਖਾ॥ ਤਬ ਤੇ ਤਾਂਹਿ ਧਾਮ ਅਸਿ ਰਾਖਾ॥**
**ਜਹਾਂ ਨ ਪੰਛੀ ਕਰੈ ਪ੍ਰਵੇਸਾ॥ ਜਾਇ ਨ ਜਹਾਂ ਪਵਨ ਕੋ ਵੇਸਾ॥੪॥**

ਇਸ ਭੇਤ ਬਾਰੇ ਰਾਜੇ ਨੂੰ ਕਿਸੇ ਨੇ ਦੱਸ ਦਿੱਤਾ, ਤਦ ਰਾਜੇ ਨੇ ਉਸ ਰਾਜ ਕੁਮਾਰੀ ਨੂੰ ਐਸੇ ਥਾਂ ਰੱਖਿਆ, ਜਿਥੇ ਪੰਛੀ ਵੀ ਦਾਖਲ ਨ ਹੋ ਸਕੇ ਅਤੇ ਹਵਾ ਵੀ ਨ ਜਾ ਸਕੇ॥੪॥

**ਕੁਅਰਿ ਮਿੱਤ੍ਰ ਬਿਨੁ ਬਹੁ ਦੁਖੁ ਪਾਯੋ॥ ਬੀਰ ਹਾਂਕਿ ਇਕ ਨਿਕਟ ਬੁਲਾਯੋ॥**
**ਤਾਸੌਂ ਕਹਾ ਤਹਾਂ ਤੁਮ ਜਾਈ॥ ਲਜਾਹੁ ਸਜਨ ਕੀ ਖਾਟਿ ਉਚਾਈ॥੫॥**

ਪਦ ਅਰਥ - ਬੀਰ=ਭੂਤ। ਨਿਕਟ ਬੁਲਾਯੋ=ਕੋਲ ਸੱਦਿਆ। ਖਾਟ ਉਚਾਈ=ਮੰਜੀ ਚੁਕ ਲਿਆਵੇਂ।

ਕੁਮਾਰੀ ਆਪਣੇ ਮਿੱਤਰ ਤੋਂ ਬਗੈਰ ਬਹੁਤ ਦੁਖੀ ਹੋਈ, ਉਸ ਇਕ ਸੂਰਬੀਰ (ਭੂਤ) ਨੂੰ ਬੁਲਾਇਆ ਅਤੇ ਉਸ ਨੂੰ ਕਿਹਾ ਕਿ ਤੂੰ ਮੇਰੇ ਸੱਜਣ ਨੂੰ ਪਲੰਘ ਸਮੇਤ ਏਥੇ ਲੈ ਆ।।੫।।

**ਸੁਨਤ ਬਚਨ ਤਹ ਬੀਰ ਸਿਧਯੋ।। ਖਾਟ ਉਚਾਇ ਲਯਾਵਤ ਭਯੋ।।**
**ਕਾਮ ਭੋਗ ਕਰਿ ਕੁਅਰਿ ਕੁਅਰ ਸੰਗ।। ਪਹੁਚਾਯੋ ਗ੍ਰਿਹਿ ਤਾਹਿ ਤਿਸੀ ਢੰਗ।। ੬।।**

ਪਦ ਅਰਥ - ਬੀਰ ਸਿਧਯੋ=ਭੂਤ ਗਿਆ। ਖਾਟ=ਮੰਜੀ।

ਬੀਰ ਇਹ ਬਚਨ ਸੁਣ ਕੇ ਚਲ ਪਿਆ ਅਤੇ ਉਸ ਦੇ ਸੱਜਣ ਨੂੰ ਪਲੰਘ ਸਮੇਤ ਲੈ ਆਇਆ। ਰਾਜ ਕੁਮਾਰੀ ਨੇ ਕੁਮਾਰ ਨਾਲ ਕਾਮ ਭੋਗ ਕੀਤਾ ਅਤੇ ਉਸ ਨੂੰ ਫਿਰ ਓਸੇ ਢੰਗ ਨਾਲ ਘਰ ਵਾਪਸ ਭੇਜ ਦਿੱਤਾ।।੬।।

**ਦੋਹਰਾ।। ਏਕ ਦਿਵਸ ਤਾਕੌ ਪਿਤਾ ਗਯੋ ਸੁਤਾ ਕੇ ਗ੍ਰੇਹ।।**
**ਸੇਜ ਦੇਖਿ ਕਰਿ ਦਲਮਲੀ ਚਿਤ ਮਹਿ ਬਢਾ ਸੰਦੇਹ।। ੭।।**

ਪਦ ਅਰਥ - ਦਲਮਲੀ=ਦਰੜੀ ਮਰੜੀ, ਵੱਟੋ ਵਟ। ਸੰਦੇਹ=ਸ਼ੱਕ।

ਇਕ ਦਿਨ ਰਾਜਕੁਮਾਰੀ ਦਾ ਪਿਤਾ ਉਸ ਦੇ ਮਹਲ ਵਿਚ ਆਇਆ ਅਤੇ ਸੇਜ ਨੂੰ ਉਲਟੀ ਪੁਲਟੀ ਵੇਖ ਕੇ ਉਸ ਦੇ ਮਨ ਵਿਚ ਸ਼ੱਕ ਵਧਿਆ।।੭।।

**ਚੌਪਈ।। ਚਿੰਤਾਤੁਰ ਘਰ ਕੋ ਫਿਰਿ ਆਯੋ।। ਸ਼ਹਿਰ ਢੰਢੋਰਾ ਐਸ ਦਿਲਾਯੋ।।**
**ਜੇ ਕੋਈ ਪੁਹਪ ਖਰੀਦਨ ਆਵੈ।। ਮੁਹਿ ਨਿਰਖੇ ਬਿਨੁ ਲੇਨ ਨ ਪਾਵੈ।। ੮।।**

ਉਹ ਫਿਕਰਮੰਦ ਹੋ ਕੇ ਵਾਪਿਸ ਆਪਣੇ ਘਰ ਚਲਾ ਗਿਆ ਅਤੇ ਉਸ ਸ਼ਹਿਰ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਕੋਈ ਮਨੁਖ ਫੁਲ ਖਰੀਦਣ ਵਾਸਤੇ ਆਵੇ ਤਾਂ ਮੈਨੂੰ ਮਿਲੇ ਬਗੈਰ ਨ ਖਰੀਦੇ।।੮।।

**ਪੁਹਪਨ ਸਮੈ ਬਿਕਨ ਜਬ ਭਯੋ।। ਤਬ ਤਹ ਨ੍ਰਿਪਤਿ ਬਿਲੋਕਨ ਅਯੋ।।**
**ਜੋਗੀ ਏਕ ਤਹਾਂ ਤਬ ਆਯੋ।। ਪੁਹਪ ਪਾਂਚ ਮਨ ਮੋਲ ਚੁਕਾਯੋ।। ੯।।**

ਫੁੱਲਾਂ ਦੇ ਵਿਕਣ ਦਾ ਜਦ ਸਮਾਂ ਹੋਇਆ ਤਾਂ ਰਾਜਾ ਖੁਦ ਉਥੇ ਵੇਖਣ ਗਿਆ।।ਤਦ ਉਥੇ ਇਕ ਜੋਗੀ ਆਇਆ ਤਾਂ ਉਸ ਪੰਜ ਮਣ ਫੁੱਲ ਖਰੀਦੇ।।੯।।

**ਆਇ ਸੁ ਫੂਲ ਮੋਲ ਲੈ ਗਯੋ।। ਪਾਛੋ ਗਹਤ ਨ੍ਰਿਪਤਿ ਤਿਹ ਭਯੋ।।**
**ਜਾਤ ਜਾਤ ਦੋਊ ਗਏ ਗਹਿਰ ਬਨ।। ਜਹ ਲਖਿ ਜਾਤ ਤੀਸਰੋ ਮਨੁਛ ਨ।। ੧੦।।**

ਜੋਗੀ ਜਦ ਫੁੱਲ ਲੈ ਕੇ ਚਲਾ ਗਿਆ ਤਾਂ ਰਾਜਾ ਵੀ ਉਹਦੇ ਪਿੱਛੇ ਪਿੱਛੇ ਚਲ ਪਿਆ। ਚਲਦਾ

ਚਲਦਾ ਉਹ ਸੰਘਣੇਂ ਜੰਗਲ ਵਿਚ ਚਲਾ ਗਿਆ, ਜਿਥੇ ਕੋਈ ਤੀਸਰਾ ਵਿਅੱਕਤੀ ਦਿਖਾਈ ਨਹੀਂ ਦਿੰਦਾ ਸੀ।।੧੦।।

**ਤਬ ਜੋਗੀ ਸਰ ਜਟਾ ਉਘਾਰੀ।। ਤਿਨ ਭੀਤਰ ਤੇਂ ਨਾਰਿ ਨਿਕਾਰੀ।।**
**ਭਾਂਤਿ ਭਾਂਤਿ ਤਾਸੌ ਰਤਿ ਕਰਿਕੈ।। ਸੋਯੋ ਤਾਪ ਮਦਨ ਕੌ ਹਰਿਕੈ।। ੧੧।।**

ਪਦ ਅਰਥ - ਜਟਾ ਉਘਾਰੀ=ਜੜਾਵਾਂ ਖੋਲ੍ਹੀਆਂ। ਨਾਰ ਨਿਕਾਰੀ=ਇਸਤਰੀ ਕੱਢੀ। ਮਦਨ ਕੌ ਹਰਿਕੈ=ਕਾਮ ਠੰਡਾ ਕਰਕੇ।

ਤਦ ਜੋਗੀ ਨੇ ਸਿਰ ਦੀਆਂ ਜੜਾਵਾਂ ਖੋਲ੍ਹ ਦਿੱਤੀਆਂ ਅਤੇ ਜੜਾਵਾਂ ਵਿਚੋਂ ਇਕ ਇਸਤਰੀ ਨਿਕਲੀ। ਉਹ ਉਸ ਨਾਲ ਕਈ ਪ੍ਰਕਾਰ ਨਾਲ ਕਾਮ ਕ੍ਰੀੜਾ ਕਰਕੇ, ਸ਼ਾਂਤ ਹੋ ਕੇ ਸੌਂ ਗਿਆ।।੧੧।।

**ਜਬ ਹੀ ਸੋਇ ਸੰਨਜਾਸੀ ਗਯੋ।। ਜੂਤ ਜਟਨ ਤਿਹ ਨਾਰਿ ਛੁਰਯੋ।।**
**ਤਹ ਤੇ ਪੁਰਖ ਏਕ ਤਿਹ ਕਾਢਾ।। ਕਾਮ ਭੋਗ ਤਾਸੌ ਕਰਿ ਗਾਢਾ।। ੧੨।।**

ਜਦ ਸੰਨਿਆਸੀ ਸੌਂ ਗਿਆ ਤਾਂ ਇਸਤਰੀ ਨੇ ਉਸਦੀਆਂ ਜੜਾਵਾਂ ਨੂੰ ਛੇੜਿਆ ਅਤੇ ਉਸ ਵਿਚੋਂ ਇਕ ਮਨੁੱਖ ਨਿਕਲਿਆ। ਉਸ ਪੁਰਖ ਨੇ ਉਸ ਇਸਤਰੀ ਨਾਲ ਦ੍ਰਿੜਤਾ ਨਾਲ ਕਾਮ ਕ੍ਰੀੜਾ ਕੀਤੀ।।੧੨।।

**ਨ੍ਰਿਪ ਠਾਢੋ ਤਿਹ ਚਰਿਤ ਨਿਹਾਰਾ।। ਜੋਰਿ ਹਾਥ ਜੋਗਿਯਹਿ ਉਚਾਰਾ।।**
**ਮੋ ਗ੍ਰਿਹਿ ਕਾਲ ਕ੍ਰਿਪਾ ਕਰਿ ਐਯੋ।। ਜਥਾ ਸ਼ਕਤਿ ਭੋਜਨ ਕਰਿ ਜੈਯੋ।। ੧੩।।**

ਰਾਜੇ ਨੇ ਖਲੋ ਕੇ ਇਹ ਸਾਰਾ ਦ੍ਰਿਸ਼ ਵੇਖਿਆ ਅਤੇ ਹੱਥ ਜੋੜ ਕੇ ਜੋਗੀ ਨੂੰ ਕਹਿਣ ਲੱਗਾ ਕਿ ਕਿਰਪਾ ਕਰਕੇ ਕਲ੍ਹ ਨੂੰ ਮੇਰੇ ਘਰ ਆਵੋ ਅਤੇ ਯਥਾਸ਼ਕਤ ਭੋਜਣ ਸੇਵਨ ਕਰੋ।।੧੩।।

**ਪ੍ਰਾਤ ਗਯੋ ਸੰਨਜਾਸੀ ਤਿਹ ਘਰ।। ਭਗਵਾ ਭੇਸ ਸਕਲ ਤਨ ਮੈ ਧਰਿ।।**
**ਭਾਂਤਿ ਭਾਂਤਿ ਤਨ ਪ੍ਰਭਾ ਬਨਾਈ।। ਮਹਾਂ ਧਰਮ ਸੋ ਜਨਿਯੋ ਜਾਈ।। ੧੪।।**

ਅਗਲੇ ਦਿਨ ਸਵੇਰੇ ਜੋਗੀ ਭੰਗਵੇਂ ਕਪੜੇ ਪਾ ਕੇ ਰਾਜੇ ਦੇ ਘਰ ਆ ਗਿਆ। ਉਸ ਆਪਣੇ ਸਰੀਰ ਨੂੰ ਭਿੰਨ ਭਿੰਨ ਤਰੀਕਿਆਂ ਨਾਲ ਸਜਾਇਆ ਜਿਸ ਨਾਲ ਉਹ ਇਕ ਵੱਡਾ ਮਹਾਤਮਾ ਲੱਗਦਾ ਸੀ।।੧੪।।

**ਸੰਨਜਾਸੀ ਕਹ ਨ੍ਰਿਪ ਆਗੇ ਧਰਿ।। ਦੁਹਿਤਾ ਕੇ ਰਾਜਾ ਆਯੋ ਘਰ।।**
**ਤੀਨ ਥਾਲ ਭੋਜਨ ਕੇ ਭਰਿਕੈ।। ਆਗੇ ਰਾਖੇ ਬਚਨ ਉਚਰਿਕੈ।। ੧੫।।**

ਸੰਨਿਆਸੀ ਨੂੰ ਅੱਗੇ ਅੱਗੇ ਲੈ ਕੇ ਰਾਜਾ ਪੁੱਤਰੀ ਦੇ ਘਰ ਆਇਆ, ਅਤੇ ਉਸ ਤਿੰਨਾਂ ਥਾਲਾਂ ਵਿਚ ਭੋਜਨ ਪਰੋਸ ਕੇ ਉਸ ਦੇ ਅੱਗੇ ਰਖਿਆ।।੧੫।।

Namdhari Elibrary NamdhariElibrary@gmail.com

****************************************************************

ਇਹ ਬਿਧਿ ਬਚਨ ਕਹੇ ਸੰਨਜਾਸੀ।। ਕਹਾ ਕਰਤ ਹੈ ਮੁਹਿ ਤਨ ਹਾਸੀ।।
ਏਕ ਮਨੁੱਛ ਹੌ ਇਤਨੌ ਭੋਜਨ।। ਖਾਯੋ ਜਾਇ ਕਵਨ ਬਿਧਿ ਮੋ ਤਨ।। ੧੬।।

ਸੰਨਿਆਸੀ ਨੇ ਕਿਹਾ ਕਿ ਤੁਸੀਂ ਮੇਰੇ ਨਾਲ ਮਜ਼ਾਕ ਕਿਉਂ ਕਰ ਰਹੇ ਹੋ? ਮੈਂ ਇਕ ਹਾਂ ਅਤੇ ਏਨਾ ਭੋਜਣ ਕਿਵੇਂ ਖਾ ਸਕਾਂਗਾ?।।੧੬।।

ਏਕ ਥਾਰ ਭੋਜਨ ਤੁਮ ਕਰੋ।। ਦੁਤਿਯ ਜਟਨ ਮੇ ਤਿਹ ਅਨਸਰੋ।।
ਜਿਹ ਤਿਹ ਭਾਂਤਿ ਜਟਾ ਛੁਰਵਾਇ।। ਤਹ ਤੇ ਨਾਰਿ ਨਿਕਾਸੀ ਰਾਇ।। ੧੭।।

ਰਾਜੇ ਨੇ ਕਿਹਾ ਕਿ ਇਕ ਥਾਲ ਭੋਜਣ ਤੁਸੀਂ ਖਾਵੋ ਅਤੇ ਦੂਸਰੇ ਦੋ ਥਾਲ ਜੜਾਵਾਂ ਵਿਚ ਪਾ ਲਵੋ। ਜਿਵੇ ਕਿਵੇਂ ਉਸਦੀਆਂ ਜੜਾਵਾਂ ਖੁਲ੍ਹਵਾ ਕੇ ਰਾਜੇ ਨੇ ਉਸ ਵਿਚੋਂ ਇਸਤਰੀ ਨੂੰ ਕਢਿਆ।।੧੭।।

ਤ੍ਰਿਤਿਯ ਥਾਰ ਆਗੇ ਤਿਹ ਰਾਖਾ।। ਬਿਹਸਿ ਬਚਨ ਤਾਸੌ ਨ੍ਰਿਪ ਭਾਖਾ।।
ਕੇਸ ਫਾਂਸ ਤੇ ਪੁਰਖ ਨਿਕਾਰਹੁ।। ਯਹ ਭੋਜਨ ਤੁਮ ਤਾਕਹ ਖ੍ਵਾਰਹੁ।। ੧੮।।

ਤੀਸਰਾ ਥਾਲ ਉਸ ਦੇ ਅਗੇ ਰੱਖਕੇ ਰਾਜੇ ਨੇ ਹੱਸ ਕੇ ਕਿਹਾ,'ਆਪਣੀਆਂ ਜੜਾਵਾਂ ਵਿਚ ਪੁਰਖ ਨੂੰ ਵੀ ਕੱਢੋ ਅਤੇ ਤੀਸਰਾ ਥਾਲ ਉਸ ਨੂੰ ਖਵਾਓ।।੧੮।।

ਜਿਹ ਤਿਹ ਬਿਧਿ ਤਾਕੋ ਸੁ ਨਿਕਾਰਜੋ।। ਬਹੁਰਿ ਸੁਤਾ ਸੌ ਬਚਨ ਉਚਾਰਜੋ।।
ਤੀਨ ਥਾਰ ਆਗੇ ਤਿਹ ਰਾਖੇ।। ਤੀਨੋ ਭਖਹੁ ਯਾਹਿ ਬਿਧਿ ਭਾਖੇ।। ੧੯।।

ਉਸਨੇ ਜਿਵੇਂ ਕਿਵੇਂ ਮਨੁੱਖ ਨੂੰ ਵੀ ਬਾਹਰ ਕਢਿਆ ਅਤੇ ਫਿਰ ਆਪਣੀ ਪੁੱਤਰੀ ਨੂੰ ਕਿਹਾ ਕਿ ਤਿੰਨੇ ਥਾਲ ਇਨ੍ਹਾਂ ਦੇ ਅੱਗੇ ਰਖੋ ਅਤੇ ਇਨ੍ਹਾਂ ਨੂੰ ਖਾਣ ਵਾਸਤੇ ਕਹੋ।।੧੯।।

ਦੁਹਕਰ ਕਰਮ ਲਖਿਯੋ ਪਿਤ ਕੋ ਜਬ।। ਚੱਕ੍ਰਿਤ ਭਈ ਚਿਤ ਮਾਂਝ ਕੁਅਰਿ ਤਬ।।
ਜਾਰ ਸਹਿਤ ਵਹ ਬੀਰ ਬੁਲਾਯੋ।। ਆਪਨ ਸਹਿਤ ਭੋਜ ਵਹ ਖਾਯੋ।। ੨੦।।

ਪਦ ਅਰਥ - ਦੁਹਕਰ ਕਰਮ=ਭੈੜਾ ਕੰਮ। ਚਿਤ ਮਾਂਝ=ਦਿਲ ਵਿਚ।

ਆਪਣੇ ਪਿਤਾ ਦੇ ਇਸ ਅਸਚਰਜ ਕੰਮ ਨੂੰ ਵੇਖਕੇ ਕੁਮਾਰੀ ਆਪਣੇ ਮਨ ਵਿਚ ਬਹੁਤ ਹੈਰਾਨ ਹੋ ਗਈ। ਉਸ ਯਾਰ ਸਮੇਤ ਉਸ ਸੁਰਬੀਰ ਭੂਤ ਨੂੰ ਬੁਲਾਇਆ ਅਤੇ ਤਿੰਨਾਂ ਨੇ ਭੋਜਣ ਖਾਧਾ।।੨੦।।

ਤ੍ਰਾਸ ਚਿਤ ਮੈ ਅਧਿਕ ਬਿਚਾਰਾ।। ਇਨ ਰਾਜੈ ਸਭ ਚਰਿਤ ਨਿਹਾਰਾ।।
ਕਵਨ ਉਪਾਇ ਆਜੁ ਹਜਾਂ ਕਰਿਯੈ।। ਕਛੁਕ ਖੇਲਿ ਕਰਿ ਚਰਿਤ ਨਿਕਰਿਯੈ।। ੨੧।।

ਉਸ ਨੂੰ ਚਿੱਤ ਵਿਚ ਬਹੁਤ ਅਫਸੋਸ ਹੋਇਆ ਕਿ ਰਾਜੇ ਨੇ ਉਸ ਦੇ ਚਲਿੱਤਰ ਨੂੰ ਵੇਖ

ਲਿਆ ਹੈ। ਉਹ ਸੋਚਣ ਲੱਗੀ ਕਿ ਕੋਈ ਉਪਾਅ ਕੀਤਾ ਜਾਵੇ ਜਿਸ ਕਰਕੇ ਇਸ ਜਵਾਬੀ ਚਲਿੱਤਰ ਤੋਂ ਬਚਿਆ ਜਾ ਸਕੇ॥੨੧॥

**ਬੀਰ ਹਾਕਿ ਅਸ ਮੰਤ੍ਰ ਉਚਾਰਾ॥ ਪਿਤ ਜੁਤ ਅੰਧ ਤਿਨੈ ਕਰਿ ਡਾਰਾ॥**
**ਗਈ ਮਿੱਤ੍ਰ ਕੇ ਸਾਥ ਨਿਕਰਿ ਕਰਿ॥ ਭੇਦ ਸਕਾ ਨਹਿ ਕਿਨੂੰ ਬਿਚਰਿ ਕਰਿ॥ ੨੨॥**

ਪਦ ਅਰਥ - ਅੰਧ ਤਿਨੈ ਕਰਿ ਡਾਰਾ=ਅੰਨ੍ਹਾ ਕਰ ਦਿੱਤਾ। ਨਿਕਿਰਿ ਕਰਿ=ਨਿਕਲ ਕੇ। ਕਿਨੂੰ ਬਿਚਰਿ ਕਰਿ=ਕਿਸੇ ਨੂੰ ਪਤਾ ਨਾ ਲੱਗਾ।

ਉਸ ਨੇ ਭੂਤ ਨੂੰ ਬੁਲਾ ਕੇ ਐਸਾ ਮੰਤਰ ਚਲਾਇਆ ਕਿ ਰਾਜੇ ਨੂੰ ਅੰਨ੍ਹਾਂ ਕਰ ਦਿੱਤਾ। ਉਹ ਮਿੱਤਰ ਦੇ ਨਾਲ ਨਿਕਲ ਕੇ ਚਲੇ ਗਈ ਅਤੇ ਕਿਸੇ ਨੂੰ ਇਸ ਭੇਤ ਦਾ ਪਤਾ ਨ ਲੱਗਾ॥੨੨॥

**ਅੰਧ ਭਏ ਤੇ ਲੋਗ ਸਭੈ ਜਬ॥ ਇਹ ਬਿਧਿ ਬਚਨ ਬਖਾਨਾ ਨ੍ਰਿਪ ਤਬ॥**
**ਆਛਿ ਬੈਦ ਕੋਊ ਲੇਹੁ ਬੁਲਾਇ॥ ਜੋ ਆਂਖਿਨ ਕੋ ਕਰੈ ਉਪਾਇ॥ ੨੩॥**

ਜਦ ਸਾਰੇ ਲੋਕ ਅੰਨ੍ਹੇ ਹੋ ਗਏ ਤਦ ਰਾਜੇ ਨੇ ਕਿਹਾ ਕਿ ਕੋਈ ਚੰਗਾ ਵੈਦ ਬੁਲਾਵੋ ਜਿਹੜਾ ਅੱਖਾਂ ਦਾ ਇਲਾਜ ਕਰੇ॥੨੩॥

**ਦੁਹਿਤਾ ਬੈਦ ਭੇਸ ਤਹ ਧਰਿਕੈ॥ ਰੋਗ ਨ੍ਰਿਪਤਿ ਅਖਿਅਨ ਕੌ ਹਰਿਕੈ॥**
**ਮਾਂਗਿ ਲਯੋ ਪਿਤ ਤੇ ਸੋਈ ਪਤਿ॥ ਖਚਿਤ ਹੁਤੀ ਜਾਕੇ ਭੀਤਰ ਮਤਿ॥ ੨੪॥**

ਰਾਜ ਕੁਮਾਰੀ ਨੇ ਆਪ ਹੀ ਵੈਦ ਦਾ ਭੇਸ ਧਾਰਨ ਕੀਤਾ ਅਤੇ ਪਿਤਾ ਦਾ ਇਲਾਜ ਕਰਕੇ ਉਸ ਨੂੰ ਠੀਕ ਕਰ ਦਿੱਤਾ। ਪਿਤਾ ਨੇ ਜਦ ਖੁਸ਼ ਹੋ ਕੇ ਕੁਝ ਮੰਗਣ ਲਈ ਕਿਹਾ ਤਾਂ ਪੁੱਤਰੀ ਨੇ ਉਹੀ ਵਰ ਮੰਗ ਲਿਆ ਜਿਸ ਨਾਲ ਉਸ ਦੀ ਯਾਰੀ ਸੀ॥੨੪॥

**ਇਹ ਛਲ ਬਰਜੋ ਬਾਲ ਪਤਿ ਤੌਨੈ॥ ਮਨ ਮਹਿ ਚੁਭਯੋ ਚਤੁਰਿ ਕੇ ਜੌਨੈ॥**
**ਇਨ ਇਸਤ੍ਰਿਨ ਕੇ ਚਰਿਤ ਅਪਾਰਾ॥ ਸਜਿ ਪਛੁਤਾਨਯੋ ਇਨ ਕਰਤਾਰਾ॥ ੨੫॥ ੧॥**

ਇਸ ਚਲਿੱਤਰ ਨਾਲ ਉਸ ਆਪਣੇ ਮਨ ਭਾਉਂਦੇ ਵਿਅੱਕਤੀ ਨੂੰ ਪਤੀ ਬਣਾ ਲਿਆ, ਜਿਹੜਾ ਕਿ ਉਸ ਦੇ ਮਨ ਵਿਚ ਸਮਾਇਆ ਹੋਇਆ ਸੀ। ਇਨ੍ਹਾਂ ਇਸਤਰੀਆਂ ਦੇ ਚਲਿੱਤਰ ਅਪਾਰ ਹਨ। ਇਨ੍ਹਾਂ ਨੂੰ ਬਣਾਕੇ ਤਾਂ ਵਿਧਾਤਾ ਵੀ ਪਛਤਾਇਆ ਹੈ॥੨੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੨੨॥੬੦੮੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਾਈਵੀਂ ਕਥਾ ਸਮਾਪਤ॥੩੨੨॥੬੦੮੪॥ਚਲਦਾ॥

Namdhari Elibrary NamdhariElibrary@gmail.com

************************************************************

# ਚਲਿੱਤਰ ਤਿੰਨ ਸੌ ਤੇਈਵਾਂ

## ਕਥਾ ਭੱਦਰ ਸੈਨ

**ਚੌਪਈ।। ਭੱਦ੍ਰ ਸੈਨ ਰਾਜਾ ਇਕ ਅਤਿ ਬਲ।। ਅਰਿ ਅਨੇਕ ਜੀਤੇ ਜਿਨ ਦਲਮਲਿ।।**
**ਸ਼ਹਿਰ ਭੇਹਰਾ ਮੇ ਅਸਥਾਨਾ।। ਜਿਨ ਕੌ ਭਰਤ ਦੰਡ ਨ੍ਰਿਪ ਨਾਨਾ।। ੧।।**

ਭਦਰ ਸੈਨ ਇਕ ਅਤਿ ਬਲਵਾਨ ਰਾਜਾ ਸੀ ਜਿਸ ਨੇ ਅਨੇਕਾਂ ਵੈਰੀਆਂ ਨੂੰ ਦਲਮਲ ਕੇ ਜਿਤਿਆ ਸੀ। ਭੇਰਾ ਸ਼ਹਿਰ ਵਿਚ ਉਹ ਰਹਿੰਦਾ ਸੀ ਅਤੇ ਅਨੇਕਾਂ ਰਾਜੇ ਉਸ ਨੂੰ ਡਨ ਭਰਦੇ ਸਨ।।੧।।

**ਕੁਮਦਨਿ ਦੇ ਤਾਕੇ ਘਰ ਨਾਰੀ।। ਆਪੁ ਜਨੁਕ ਜਗਦੀਸ ਸਵਾਰੀ।।**
**ਤਾਕੀ ਜਾਤ ਨ ਪ੍ਰਭਾ ਉਚਾਰੀ।। ਫੂਲ ਰਹੀ ਜਨੁ ਕਰਿ ਫੁਲਵਾਰੀ।। ੨।।**

ਕੁਮਦਨੀ ਦੇਵੀ ਉਸ ਦੀ ਇਸਤਰੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਬ੍ਰਹਮਾਂ ਨੇ ਆਪ ਬਣਾਈ ਹੋਵੇ। ਉਸ ਦੀ ਸ਼ੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ. ਉਹ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਕਿ ਫੁਲਵਾੜੀ ਖਿੜੀ ਹੋਵੇ।।੨।।

**ਪ੍ਰਮੁਦ ਸੈਨ ਸੁਤ ਗ੍ਰਿਹਿ ਅਵਤਰਿਯੋ।।ਮਦਨ ਰੂਪ ਦੂਸਰ ਜਨੁ ਧਰਿਯੋ।।**
**ਜਾਕੀ ਜਾਤ ਨ ਪ੍ਰਭਾ ਬਖਾਨੀ।। ਅਟਿਕ ਰਹਤ ਲਖਿ ਰੰਕਰੁ ਰਾਨੀ।। ੩।।**

ਉਸ ਦੇ ਘਰ ਪਰਮੁਦ ਸੈਨ ਨਾਮੀਂ ਪੁੱਤਰ ਪੈਦਾ ਹੋਇਆ ਜਿਹੜਾ ਏਨਾ ਸੁੰਦਰ ਸੀ ਕਿ ਮਾਨੋਂ ਦੂਸਰਾ ਕਾਮ ਦੇਵ ਹੋਵੇ। ਉਸ ਦੀ ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਉਸ ਨੂੰ ਵੇਖ ਕੇ ਰਾਜ ਅਤੇ ਰੰਕ ਇਸਤਰੀਆਂ ਉਸ ਵਿਚ ਹੀ ਉਲਝ ਜਾਂਦੀਆਂ ਸਨ।।੩।।

**ਜਬ ਵਹ ਤਰੁਨ ਕੁਅਰ ਅਤਿ ਭਯੋ।। ਠੌਰਹਿ ਠੌਰ ਅਵਰ ਹ੍ਵੈ ਗਯੋ।।**
**ਬਾਲਪਨੇ ਕਿ ਤਗੀਰੀ ਆਈ।। ਅੰਗ ਅੰਗ ਫਿਰੀ ਅਨੰਗ ਦੁਹਾਈ।। ੪।।**

ਜਦ ਉਹ ਕੁਮਾਰ ਜਵਾਨ ਹੋਇਆ ਤਾਂ ਵੇਖਦਿਆਂ ਵੇਖਦਿਆਂ ਹੋਰ ਦਾ ਹੋਰ ਹੋ ਗਿਆ। ਬਚਪਨ ਜਾਂਦਾ ਰਿਹਾ ਅਤੇ ਅੰਗ ਅੰਗ ਵਿਚ ਕਾਮਦੇਵ ਛਾ ਗਿਆ।।੪।।

**ਤਹ ਇਕ ਸੁਤਾ ਸ਼ਾਹ ਕੀ ਅਹੀ।। ਕੁਅਰ ਬਿਲੋਕ ਥਕਿਤ ਹ੍ਵੈ ਰਹੀ।।**
**ਹੌਸ ਮਿਲਨ ਕੀ ਹ੍ਰਿਦੈ ਬਢਾਈ।। ਏਕ ਸਹਚਰੀ ਤਹਾਂ ਪਠਾਈ।। ੫।।**

ਉਥੇ ਇਕ ਸ਼ਾਹ ਦੀ ਪੁੱਤਰੀ ਸੀ ਜਿਹੜੀ ਕੁਮਾਰ ਨੂੰ ਵੇਖ ਕੇ ਵਿਆਕੁਲ ਹੋ ਗਈ। ਉਸ ਮਿਲਣ ਦੀ ਲਾਲਸਾ ਨਾਲ ਇਕ ਦਾਸੀ, ਕੁਮਾਰ ਪਾਸ ਭੇਜੀ।।੫।।

Namdhari Elibrary NamdhariElibrary@gmail.com

ਸਖੀ ਕੁਅਰ ਤਨ ਬ੍ਰਿਥਾ ਜਨਾਈ।। ਸ਼ਾਹ ਸੁਤਾ ਤਵ ਹੇਰਿ ਲੁਭਾਈ।।
ਕਰਹੁ ਸਜਨ ਤਿਹ ਧਾਮ ਪਯਾਨਾ।। ਭੋਗ ਕਰੋ ਵਾਸੌ ਬਿਧਿ ਨਾਨਾ।। ੬।।

ਦਾਸੀ ਨੇ ਕੁਮਾਰ ਨੂੰ ਕਿਹਾ ਕਿ ਸ਼ਾਹ ਦੀ ਪੁੱਤਰੀ ਤੁਹਾਡੇ ਤੇ ਮੋਹਿਤ ਹੋ ਗਈ ਹੈ। ਤੁਸੀਂ ਉਸ ਦੇ ਘਰ ਚਲੋ ਅਤੇ ਕਈ ਪ੍ਰਕਾਰ ਨਾਲ ਉਸ ਨਾਲ ਭੋਗ ਕਰੋ।।੬।।

ਦ੍ਵੈਹੈਂਗੇ ਇਹ ਨਗਰ ਖੁਦਾਈ।। ਤਿਨ ਦੂਹੂੰਅਨ ਮੌ ਰਾਰਿ ਬਢਾਈ।।
ਜੋ ਤੂੰ ਦੂਹੂੰ ਜਿਯਨ ਤੈਂ ਮਾਰੈ।। ਬਹੁਰਿ ਹਮਾਰੋ ਸਾਥ ਬਿਹਾਰੈ।। ੭।।

ਰਾਜ ਕੁਮਾਰ ਨੇ ਸ਼ਾਹ ਦੀ ਪੁੱਤਰੀ ਉੱਤਰ ਦਿੱਤਾ ਕਿ ਏਥੇ ਦੋ ਮੁਸਲਮਾਨ ਹਨ, ਉਨ੍ਹਾਂ ਨਾਲ ਮੇਰਾ ਝਗੜਾ ਹੋ ਗਿਆ ਹੈ, ਜੇ ਤੂੰ ਇਨ੍ਹਾਂ ਦੋਹਾਂ ਨੂੰ ਮਾਰ ਦੇਵੇਂ ਤਾਂ ਫਿਰ ਮੇਰੇ ਨਾਲ ਰਮਣ ਕਰੀਂ।।੭।।

ਸੁਨਿ ਬਚ ਭੇਸ ਤੁਰਕ ਤ੍ਰਿਯ ਧਰਾ।। ਬਾਨਾ ਵਹੈ ਆਪਨੋ ਕਰਾ।।
ਗਹਿ ਕ੍ਰਿਪਾਨ ਤਹ ਕਿਯੋ ਪਯਾਨਾ।। ਜਹਾਂ ਨਿਮਾਜੀ ਪੜ੍ਹਤ ਦੁਗਾਨਾ।। ੮।।

ਇਹ ਸੁਣ ਕੇ ਇਸਤਰੀ ਨੇ ਤੁਰਕੀ ਬਾਣਾ ਪਾ ਲਿਆ। ਕਿਰਪਾਨ ਲੈ ਕੇ ਉਹ ਉਥੇ ਪਹੁੰਚ ਗਈ ਜਿਥੇ ਨਮਾਜ਼ੀ ਨਮਾਜ਼ ਪੜ੍ਹ ਰਹੇ ਸਨ।।੮।।

ਜਬ ਹੀ ਪੜ੍ਹੀ ਨਿਮਾਜ ਤਿਨੋ ਸਬ।। ਸਿਜਦਾ ਬਿਖੈ ਸੁ ਗਏ ਤੁਰਕ ਜਬ।।
ਤਬ ਤਿਹ ਘਾਤ ਭਲੀ ਕਰਿ ਪਾਈ।। ਕਾਟਿ ਮੂੰਡ ਦੂਹੂੰਅਨ ਕੇ ਆਈ।। ੯।।

ਜਦ ਉਹ ਸਾਰੇ ਨਮਾਜ਼ ਪੜ੍ਹਦੇ ਸਜਦਾ ਕਰਨ ਲਈ ਝੁਕੇ ਤਦ ਉਸ ਮੌਕਾ ਪਾ ਕੇ ਦੋਵਾਂ ਦੇ ਸਿਰ ਵੱਢ ਦਿੱਤੇ।।੯।।

ਇਹ ਬਿਧਿ ਦੋਊ ਖੁਦਾਈ ਮਾਰੇ।। ਰਮੀ ਆਨਿ ਕਰਿ ਸਾਥ ਪਯਾਰੇ।।
ਭੇਦ ਅਭੇਦ ਨ ਕਿਨੀ ਬਿਚਾਰਾ।। ਕਿਨਹੀ ਦੁਸ਼ਟ ਕਹਿਯੋ ਇਨ ਮਾਰਾ।। ੧੦।।

ਇਸ ਪ੍ਰਕਾਰ ਦੋਹਾਂ ਮੁਸਲਮਾਨਾਂ ਨੂੰ ਮਾਰ ਕੇ ਉਹ ਰਾਜਕੁਮਾਰ ਨੂੰ ਮਿਲ ਪਈ ਅਤੇ ਉਸ ਨਾਲ ਰਮਣ ਕੀਤਾ। ਕਿਸੇ ਨੇ ਵੀ ਇਸ ਭੇਦ ਨੂੰ ਨ ਸਮਝਿਆ ਅਤੇ ਸਾਰੇ ਇਹੋ ਸਮਝਦੇ ਰਹੇ ਕਿ ਉਨ੍ਹਾਂ ਨੂੰ ਕਿਸੇ ਦੁਸ਼ਟ ਨੇ ਮਾਰ ਦਿੱਤਾ ਹੈ।।੧੦।।

ਦੋਹਰਾ।। ਮਾਰਿ ਖੁਦਾਇਨ ਦੂਹੂੰ ਕਹ ਬਰਜ਼ੋ ਆਨ ਕਰਿ ਮਿੱਤ।।
ਦੇਵ ਅਦੇਵ ਨ ਪਾਵਹੀ ਅਬਲਾਨ ਕੇ ਚਰਿਤ।। ੧੧।। ੧।।

ਦੋਹਾਂ ਖੁਦਾ ਦੇ ਬੰਦਿਆਂ ਨੂੰ ਮਾਰ ਕੇ ਫਿਰ ਮਿੱਤਰ ਨਾਲ ਵਿਆਹ ਕਰਵਾ ਲਿਆ। ਦੇਵ-ਦਾਨਵ ਕੋਈ ਵੀ ਇਸਤਰੀਆਂ ਦੇ ਚਲਿੱਤਰਾਂ ਨੂੰ ਨਹੀਂ ਸਮਝ ਸਕਿਆ ਹੈ।।੧੧।।੧।।

Namdhari Elibrary NamdhariElibrary@gmail.com

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੇਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੩।।੬੦੯੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤੇਈਵੀਂ ਕਥਾ ਸਮਾਪਤ।।੩੨੩।।੬੦੯੫।।

# ਚਲਿੱਤਰ ਤਿੰਨ ਸੌ ਚਵੀਵਾਂ

## ਕਥਾ ਅਪਸਰ ਮਤੀ

**ਚੌਪਈ।। ਮੰਤ੍ਰੀ ਕਥਾ ਉਚਾਰਨ ਲਾਗਾ।। ਜਾਕੇ ਰਸ ਰਾਜਾ ਅਨੁਰਾਗਾ।।**
**ਸੂਰਤਿ ਸੈਨ ਨ੍ਰਿਪਤਿ ਇਕ ਸੂਰਤਿ।। ਜਾਨੁਕ ਦੁਤਿਯ ਮੈਨ ਕੀ ਮੂਰਤਿ।।੧।।**

ਪਦ ਅਰਥ - ਅਨੁਰਾਗਾ=ਪ੍ਰਸੰਨ ਹੋਇਆ। ਜਾਨੁਕ=ਜਿਵੇਂ। ਦੁਤਿਯ ਮੈਨ ਕੀ ਮੂਰਤਿ=ਕਾਮਦੇਵ ਦੀ ਦੂਸਰੀ ਮੂਰਤ।

ਮੰਤਰੀ ਫਿਰ ਇਕ ਹੋਰ ਕਹਾਣੀ ਕਹਿਣ ਲੱਗਾ ਜਿਸਦੇ ਰਸ ਵਿਚ ਰਾਜਾ ਬਹੁਤ ਲੀਨ ਸੀ। ਸੂਰਤ ਸ਼ਹਿਰ ਵਿਚ ਇਕ ਸੂਰਤ ਸੈਨ ਨਾਮੀਂ ਰਾਜਾ ਰਹਿੰਦਾ ਸੀ ਜਿਹੜਾ ਕਿ ਮਾਨੋਂ ਕਾਮਦੇਵ ਦੀ ਦੂਸਰੀ ਸ਼ਕਲ ਸੀ।।੧।।

**ਅੱਛ੍ਰਾ ਦੇਇ ਸਦਨ ਤਿਹ ਨਾਰੀ।। ਕਨਕ ਅਵਟਿ ਸਾਂਚੈ ਜਨ ਢਾਰੀ।।**
**ਅਪਸਰ ਮਤੀ ਸੁਤਾ ਤਿਹ ਸੋਹੈ।। ਸੁਰ ਨਰ ਨਾਗ ਅਸੁਰ ਮਨ ਮੋਹੈ।। ੨।।**

ਅਛਰਦੇਵੀ ਉਸ ਦੀ ਇਸਤਰੀ ਸੀ ਜਿਹੜੀ ਕਿ ਮਾਨੋਂ ਸੋਨੇ ਦੇ ਸੱਚੇ ਵਿਚ ਢਾਲੀ ਹੋਵੇ। ਅਪਸਰ ਮਤੀ ਉਨ੍ਹਾਂ ਦੀ ਪੁੱਤਰੀ ਸੀ, ਜਿਹੜੀ ਸੁਰ, ਨਰ, ਨਾਗ ਸਾਰੀਆਂ ਦੇ ਮਨਾਂ ਨੂੰ ਮੋਹ ਲੈਣ ਵਾਲੀ ਸੀ।।੨।।

**ਸੁਰਿਦ ਸੈਨ ਇਕ ਸ਼ਾਹ ਪੁੱਤ੍ਰ ਤਹ।। ਜਿਹ ਸਮ ਦੂਸਰ ਭਯੋ ਨ ਮਹਿ ਮਹ।।**
**ਰਾਜ ਸੁਤਾ ਤਿਹ ਊਪਰ ਅਟਕੀ।। ਬਿਸਰਿ ਗਈ ਸਭ ਹੀ ਸੁਧਿ ਘਟ ਕੀ।।੩।।**

ਸੁਰਦ ਸੈਨ ਉਥੇ ਇਕ ਸ਼ਾਹ ਦਾ ਪੁੱਤਰ ਸੀ। ਉਹ ਏਨਾਂ ਸੋਹਣਾ ਸੀ ਕਿ ਉਸ ਵਰਗਾ ਹੋਰ ਕੋਈ ਨਹੀਂ ਸੀ। ਰਾਜ ਕੁਮਾਰੀ ਉਸ ਨੂੰ ਵੇਖ ਕੇ ਉਸ ਤੇ ਮੋਹਿਤ ਹੋ ਗਈ ਅਤੇ ਸਾਰੀ ਸੁੱਧ ਬੁੱਧ ਭੁਲ ਗਈ।।੩।।

**ਚਤੁਰਿ ਸਹਚਰੀ ਤਹਾਂ ਪਠਾਈ।। ਨਾਰਿ ਭੇਸ ਕਰਿ ਤਿਹ ਲੈ ਆਈ।।**
**ਜਬ ਵਹੁ ਤਰੁਨ ਤਰੁਨਿਯਹਿ ਪਾਯੋ।। ਭਾਂਤਿ ਭਾਂਤਿ ਭਜਿ ਗਰੇ ਲਗਾਯੋ।।।੪।।**

ਇਕ ਚਤੱਰ ਸਹੇਲੀ ਨੂੰ ਉਹਦੇ ਪਾਸ ਭੇਜਿਆ ਜਿਹੜੀ ਉਸ ਨੂੰ ਜਨਾਨਾ ਕਪੜੇ ਪਵਾ ਕੇ ਉਸ ਪਾਸ ਲੈ ਆਈ। ਜਦ ਉਸ ਗਭਰੂ ਨੇ ਉਸ ਮੁਟਿਆਰ ਨੂੰ ਪਾਇਆ ਤਾਂ ਭਿੰਨ ਭਿੰਨ ਢੰਗ ਨਾਲ ਇਕ ਦੂਸਰੇ ਨੂੰ ਗਲ ਨਾਲ ਲਾਇਆ॥੪॥

**ਭਾਂਤਿ ਭਾਂਤਿ ਕੇ ਆਸਨ ਲੈਕੈ॥ ਭਾਂਤਿ ਭਾਂਤਿ ਤਨ ਚੁੰਬਨ ਕੈਕੈ॥**
**ਤਿਹ ਤਿਹ ਬਿਧਿ ਤਾਕੋ ਬਿਰਮਾਯੋ॥ ਗ੍ਰਿਹਿ ਜੈਬੋ ਤਿਨਹੂੰ ਸੁ ਭੁਲਾਯੋ॥੫॥**

ਭਿੰਨ ਭਿੰਨ ਪ੍ਰਕਾਰ ਦੇ ਉਨ੍ਹਾਂ ਆਸਣ ਬਣਾਏ ਅਤੇ ਭਿੰਨ ਭਿੰਨ ਢੰਗ ਨਾਲ ਚੁੰਮਣ ਲਏ। ਸ਼ਾਹ ਦੇ ਪੁੱਤਰ ਨੂੰ ਭਿੰਨ ਭਿੰਨ ਢੰਗ ਨਾਲ ਭਰਮਾਇਆ ਅਤੇ ਉਹ ਏਨਾ ਪ੍ਰਸੰਨ ਹੋ ਗਿਆ ਕਿ ਮੁੜ ਘਰ ਜਾਣਾ ਹੀ ਭੁਲ ਗਿਆ॥੫॥

**ਸਖੀ ਭੇਸ ਕਹ ਧਾਰੇ ਰਹੈ॥ ਸੋਈ ਕਰੈ ਜੁ ਅਬਲਾ ਕਹੈ॥**
**ਰੋਜ ਭਜੈ ਆਸਨ ਤਿਹ ਲੈ ਕੈ॥ ਭਾਂਤਿ ਭਾਂਤਿ ਤਾਕਹੁ ਸੁਖ ਦੈਕੈ॥੬॥**

ਉਹ ਸਖੀ ਦੇ ਭੇਸ ਵਿਚ ਸੀ ਅਤੇ ਉਹੋ ਕੁਝ ਕਰਦਾ ਸੀ ਜਿਵੇਂ ਉਹ ਕਹਿੰਦੀ ਸੀ। ਉਸ ਨਾਲ ਆਸਣਾਂ ਰਾਹੀਂ ਰੋਜ਼ ਰਮਣ ਕਰਦਾ ਸੀ ਅਤੇ ਵੱਖ ਵੱਖ ਪ੍ਰਕਾਰ ਨਾਲ ਉਸ ਨੂੰ ਸੁੱਖ ਦਿੰਦਾ ਸੀ॥੬॥

**ਪਿਤ ਤਿਹ ਨਿਰਖੈ ਭੇਦ ਨ ਜਾਨੈ॥ ਦੁਹਿਤਾ ਕੀ ਤਿਹ ਸਖੀ ਪ੍ਰਮਾਨੈ॥**
**ਭੇਦ ਅਭੇਦ ਜੜ੍ਹ ਕੋਇ ਨ ਲਹਹੀ॥ ਵਾਕੀ ਤਾਂਹਿ ਖਵਾਸਿਨਿ ਕਹਹੀ॥੭॥**

ਪਦ ਅਰਥ - ਖਵਾਸਿਨਿ=ਦਾਸੀ। ਸਖੀ ਪ੍ਰਮਾਨੈ=ਸਹੇਲੀ ਸਮਝਦਾ ਸੀ।

ਪਿਤਾ ਉਸ ਨੂੰ ਵੇਖ ਕੇ ਅਸਲ ਭੇਤ ਸਮਝਦਾ ਨਹੀਂ ਸੀ ਅਤੇ ਉਸ ਨੂੰ ਆਪਣੀ ਪੁੱਤਰੀ ਦੀ ਸਹੇਲੀ ਹੀ ਮੰਨਦਾ ਸੀ। ਕੋਈ ਵੀ ਮੂਰਖ ਅਸਲ ਭੇਤ ਨਹੀਂ ਸਮਝਦਾ ਸੀ ਅਤੇ ਸਾਰੇ ਹੀ ਉਸ ਨੂੰ ਦਾਸੀ ਹੀ ਸਮਝਦੇ ਸਨ॥੭॥

**ਇਕ ਦਿਨ ਦੁਹਿਤਾ ਪਿਤਾ ਨਿਹਾਰਤ॥ ਭਈ ਖੇਲ ਕੇ ਬੀਚ ਮਹਾਂ ਰਤ॥**
**ਤਵਨ ਪੁਰਖ ਕਹ ਪੁਰਖ ਉਚਰਿਕੈ॥ ਭਰਤਾ ਕਰਾ ਸੁਯੰਬਰ ਕਰਿਕੈ॥੮॥**

ਇਕ ਦਿਨ ਉਸ ਆਪਣੇ ਪਿਤਾ ਦੇ ਵੇਖਦਿਆਂ ਹੀ ਉਸ ਮਨੁੱਖ ਨੂੰ ਮਨੁੱਖ ਕਹਿ ਕੇ ਖੇਡ ਖੇਡ ਵਿਚ ਹੀ ਉਸ ਨਾਲ ਸੁਅੰਬਰ ਰਚ ਕੇ ਉਸ ਨੂੰ ਆਪਣਾ ਪਤੀ ਬਣਾ ਲਿਆ॥੮॥

**ਬੈਠੀ ਬਹੁਰਿ ਸ਼ੋਕ ਮਨ ਧਰਿਕੈ॥ ਸੁਨਤ ਮਾਤ ਪਿਤ ਬਚਨ ਉਚਰਿਕੈ॥**
**ਕਹ ਇਹ ਕਰੀ ਲਖਹੁ ਹਮਰੀ ਗਤਿ॥ ਮੁਹਿ ਇਨ ਦੀਨ ਸਹਚਰੀ ਕਰਿ ਪਤਿ॥੯॥**

Namdhari Elibrary NamdhariElibrary@gmail.com

ਫਿਰ ਉਹ ਮਨ ਵਿਚ ਬਹੁਤ ਦੁਖੀ ਹੋ ਕੇ ਬੈਠ ਗਈ ਅਤੇ ਮਾਤਾ ਪਿਤਾ ਨੂੰ ਸੁਣਾ ਕੇ ਕਹਿਣ ਲੱਗੀ ਕਿ ਵੇਖੋ ਮੇਰੀ ਕੀ ਹਾਲਤ ਹੋ ਗਈ ਹੈ ਕਿ ਮੈਂ ਇਸ ਸਹੇਲੀ ਨੂੰ ਹੀ ਆਪਣਾ ਪਤੀ ਬਣਾ ਲਿਆ ਹੈ।।੯।।

**ਅਬ ਮੁਹਿ ਭਈ ਇਹੈ ਸਹਚਰਿ ਪਤਿ।। ਖੇਲਤ ਦਈ ਲਰਿਕਵਨ ਸੁਭ ਮਤਿ।।**
**ਅਬ ਜੌ ਹੈ ਮੋਰੈ ਸਤ ਮਾਂਹੀ।। ਤੌ ਇਹ ਨਾਰਿ ਪੁਰਖ ਹ੍ਵੈ ਜਾਹੀਂ।। ੧੦।।**

ਪਦ ਅਰਥ - ਸਹਿਚਰਿ ਪਤਿ=ਦਾਸੀ ਨੂੰ ਪਤੀ ਦੇ ਰੂਪ ਵਿਚ ਦਿੱਤਾ ਜਾਵੇ। ਲਰਿਕਵਨ=ਬਚਪਨ।

ਬਚਪਨ ਤੋਂ ਹੀ ਇਹ ਮੇਰੇ ਨਾਲ ਖੇਡਦੀ ਆਈ ਹੈ। ਹੁਣ ਇਹ ਸਹੇਲੀ ਹੀ ਮੇਰਾ ਪਤੀ ਹੋ ਗਈ ਹੈ। ਜੇ ਮੇਰੇ ਵਿਚ ਸਤੀ ਧਰਮ ਹੋਵੇਗਾ ਤਾਂ ਇਹ ਇਸਤਰੀ ਹੀ ਮਰਦ ਬਣ ਜਾਵੇਗੀ।।੧੦।।

**ਤ੍ਰਿਯ ਤੇ ਇਹੈ ਪੁਰਖ ਹ੍ਵੈ ਜਾਹੀ।। ਜੌ ਕਛੁ ਸਤ ਮੋਰੇ ਮਹਿ ਆਹੀ।।**
**ਯਹ ਅਬ ਜੂਨਿ ਪੁਰਖ ਕੀ ਪਾਵੈ।। ਮਦਨ ਭੋਗ ਮੁਰਿ ਸੰਗ ਕਮਾਵੈ।। ੧੧।।**

ਪਦ ਅਰਥ - ਸਤ=ਪਤੀਬ੍ਰਤਾ ਧਰਮ। ਮਦਨ ਭੋਗ=ਕਾਮ ਕ੍ਰੀੜਾ।

ਜੇ ਮੇਰੇ ਵਿਚ ਕੋਈ ਸ਼ਕਤੀ ਹੋਵੇਗੀ ਤਾਂ ਇਹ ਨਾਰੀ ਤੋਂ ਮਰਦ ਬਣ ਜਾਵੇਗੀ। ਇਹ ਹੁਣੇ ਹੀ ਮਨੁੱਖ ਦੀ ਜੂਨ ਪ੍ਰਾਪਤ ਕਰੇਗੀ ਅਤੇ ਮੇਰੇ ਨਾਲ ਰਮਣ ਕਰੇਗੀ।।੧੧।।

**ਚੱਕ੍ਰਿਤ ਭਯੋ ਰਾਜਾ ਇਨ ਬਚਨਨ।। ਰਾਨੀ ਸਹਿਤ ਬਿਚਾਰ ਕਿਯੋ ਮਨ।।**
**ਦੁਹਿਤਾ ਕਹਾਂਕਹਤ ਬੈਨਨ ਕਹ।। ਅਚਰਜ ਸੋ ਆਵਤ ਹੈ ਜਿਯ ਮਹ।। ੧੨।।**

ਪਦ ਅਰਥ - ਚਕ੍ਰਿੱਤ=ਹੈਰਾਨ। ਦੁਹਿਤਾ=ਪੁੱਤਰੀ। ਬੈਨਨ=ਬੋਲ। ਜਿਯ ਮਹ=ਦਿਲ ਵਿਚ।

ਰਾਜਾ ਇਹ ਬਚਨ ਸੁਣ ਕੇ ਹੈਰਾਨ ਹੋ ਗਿਆ ਅਤੇ ਉਸ ਨੇ ਰਾਣੀ ਸਮੇਤ ਵਿਚਾਰ ਕੀਤਾ ਕਿ ਪੁੱਤਰੀ ਕਿਸ ਤਰ੍ਹਾਂ ਦੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰ ਰਹੀ ਹੈ।।੧੨।।

**ਜਬ ਤਿਹ ਬਸਤ੍ਰ ਛੋਰਿ ਨ੍ਰਿਪਲਹਾ।। ਨਿਕਸਯੋ ਵਹੈ ਜੁ ਦੁਹਿਤਾ ਕਹਾ।।**
**ਅਧਿਕ ਸਤੀ ਤਾਕਹਿ ਕਰਿ ਜਾਨਾ।। ਭਲਾ ਬੁਰਾ ਨਹਿ ਮੂੜ੍ਹ ਪਛਾਨਾ।। ੧੩।। ੧।।**

ਜਦ ਰਾਜੇ ਨੇ ਉਸ ਦੇ ਕੱਪੜੇ ਖੁਲ੍ਹਵਾ ਕੇ ਵੇਖੇ ਤਾਂ ਜੋ ਪੁੱਤਰੀ ਨੇ ਕਿਹਾ ਸੀ ਸੋ ਸੱਚ ਨਿਕਲਿਆ। ਉਸ ਆਪਣੀ ਲੜਕੀ ਨੂੰ ਬਹੁਤ ਧਰਮੀ ਮੰਨਿਆ ਪਰ ਮੂਰਖ ਨੇ ਭਲਾ ਬੁਰਾ ਕੁਝ ਨ ਪਛਾਣਿਆ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਬੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੪।।੬੧੦੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚੌਵੀਵੀਂ

ਕਥਾ ਸਮਾਪਤ।। ੩੨੪।।੬੧੦੮।।ਚਲਦਾ।।

# ਚਲਿੱਤਰ ਤਿੰਨ ਸੌ ਪੰਝੀਹਵਾਂ

## ਕਥਾ ਸੁਲਤਾਨ ਕੁਮਾਰੀ

**ਚੌਪਈ।। ਸ੍ਰੀ ਤੁਲਤਾਨ ਸੈਨ ਇਕ ਰਾਜਾ।। ਜਾ ਸਮ ਦੁਤਿਯ ਨ ਬਿਧਨਾ ਸਾਜਾ।।**
**ਸ੍ਰੀ ਸੁਲਤਾਨ ਦੇਇ ਤਿਹ ਨਾਰੀ।। ਰੂਪਵਾਨ ਗੁਨਵਾਨ ਉਜਾਰੀ।। ੧।।**

ਸੁਲਤਾਨ ਸੈਨ ਇਕ ਰਾਜਾ ਸੀ, ਜਿਸ ਵਰਗਾ ਵਿਧਾਤਾ ਨੇ ਹੋਰ ਕੋਈ ਨਹੀਂ ਬਣਾਇਆ ਸੀ। ਉਸ ਦੀ ਇਸਤਰੀ ਸੁਲਤਾਨ ਦੇਵੀ, ਬਹੁਤ ਰੂਪਵਾਨ ਅਤੇ ਗੁਣਵਾਨ ਸੀ।।੧।।

**ਤਾਕੇ ਭਵਨ ਭਈ ਇਕ ਬਾਲਾ।। ਜਾਨੁਕ ਸਿਥਰ ਅਗਨਿ ਕੀ ਜ੍ਵਾਲਾ।।**
**ਸ੍ਰੀ ਸੁਲਤਾਨ ਕੁਅਰਿ ਉਜਿਯਾਰੀ।। ਕਨਕ ਅਵਟਿ ਸਾਂਚੇ ਜਨ ਢਾਰੀ।। ੨।।**

ਪਦ ਅਰਥ - ਅਗਨਿ ਜਵਾਲਾ=ਅੱਗ ਦੀ ਲਾਟ।

ਉਸ ਦੇ ਘਰ ਇਕ ਪੁੱਤਰੀ ਸੀ ਜਿਹੜੀ ਕਿ ਮਾਨੋਂ ਅੱਗ ਦੀ ਜਵਾਲਾ ਸੀ। ਉਸ ਦਾ ਨਾਂ ਸੁਲਤਾਨ ਕੁਮਾਰੀ ਸੀ ਅਤੇ ਉਹ ਏਨੀ ਸੁੰਦਰ ਸੀ ਕਿ ਮਾਨੋਂ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਈ ਹੋਵੇ।।੨।।

**ਜੋਬਨੰਗ ਤਾਕੇ ਜਬ ਭਯੋ।। ਬਾਲਾਪਨ ਤਬ ਹੀ ਸਭ ਗਯੋ।।**
**ਅੰਗ ਅੰਗ ਦਯੋ ਅਨੰਗ ਦਮਾਮਾ।। ਜਾਹਿਰ ਭਈ ਜਗਤ ਮਹਿ ਬਾਮਾ।। ੩।।**

ਪਦ ਅਰਥ - ਜੋਬਨੰਗ=ਜੋਬਨ ਜਵਾਨੀ। ਬਾਲਾਪਨ=ਬਚਪਨ। ਅਨੰਗ ਦਮਾਮਾ=ਕਾਮ ਨੇ ਆ ਦਮਾਮਾ ਵਜਾਇਆ।

ਜਦ ਜੋਬਨ ਉਸ ਦੇ ਸਰੀਰ ਵਿਚ ਆਇਆ ਅਤੇ ਉਸ ਦਾ ਬਚਪਨਾ ਬੀਤ ਗਿਆ ਤਾਂ ਕਾਮ ਉਸ ਦੇ ਅੰਗ ਅੰਗ ਵਿਚ ਛਾ ਗਿਆ ਅਤੇ ਉਸ ਦੇ ਰੂਪ ਦੀ ਚਰਚਾ ਸਾਰੇ ਜਗ ਵਿਚ ਹੋਣ ਲੱਗੀ।।੩।।

**ਸੁਨਿ ਸੁਨਿ ਪ੍ਰਭਾ ਕੁਅਰ ਤਹ ਆਵੈ।। ਦ੍ਵਾਰੇ ਭੀਰ ਬਾਰ ਨਹਿ ਪਾਵੈ।।**
**ਏਕ ਤਰੁਨ ਤਰੁਨੀ ਕੌ ਭਾਯੋ।। ਜਾਨੁਕ ਮਦਨ ਰੂਪ ਧਰਿ ਆਯੋ।। ੪।।**

ਉਸ ਦੀ ਸੁੰਦਰਤਾ ਬਾਰੇ ਸੁਣਕੇ ਦੂਰ ਦੂਰ ਤੋਂ ਰਾਜਕੁਮਾਰ ਉਸ ਨੂੰ ਵੇਖਣ ਆਉਂਦੇ ਸਨ ਅਤੇ ਉਸ ਦੇ ਦਰਵਾਜ਼ੇ ਉਤੇ ਉਨ੍ਹਾਂ ਦੀ ਭੀੜ ਲੱਗੀ ਰਹਿੰਦੀ ਸੀ। ਉਸ ਨੌਜਵਾਨ ਇਸਤਰੀ ਨੂੰ ਇਕ ਮਰਦ ਪਸੰਦ ਆ ਗਿਆ । ਉਹ ਮਰਦ ਏਨਾ ਸੁੰਦਰ ਸੀ ਕਿ ਮਾਨੋਂ ਕਾਮਦੇਵ ਦਾ ਰੂਪ ਧਾਰ ਕੇ ਆਇਆ ਸੀ।।੪।।

Namdhari Elibrary NamdhariElibrary@gmail.com

**ਸੋਇ ਕੁਅਰਿ ਤਰੁਨੀ ਕੌ ਭਾਯੋ॥ ਪਠੈ ਸਹਚਰੀ ਬੋਲਿ ਪਠਾਯੋ॥**
**ਕ੍ਰੀੜਾ ਕਰੀ ਬਹੁਤ ਬਿਧਿ ਵਾ ਸੋ॥ ਕੀਨੋ ਪ੍ਰਾਤ ਸੁਯੰਬਰ ਤਾ ਸੋ॥ ੫॥**

ਰਾਜ ਕੁਮਾਰੀ ਨੂੰ ਜਿਹੜਾ ਗਭਰੂ ਚੰਗਾ ਲੱਗਾ ਉਸ ਨੂੰ ਉਸ ਇਕ ਦਾਸੀ ਭੇਜ ਕੇ ਮੰਗਵਾ ਲਿਆ, ਉਸ ਨਾਲ ਭਿੰਨ ਭਿੰਨ ਪ੍ਰਕਾਰ ਨਾਲ ਕਾਮ ਕ੍ਰੀੜਾ ਕੀਤੀ ਅਤੇ ਸੁਅੰਬਰ ਰਚ ਕੇ ਉਸ ਨਾਲ ਵਿਆਹ ਕਰ ਲਿਆ॥੫॥

**ਜਬ ਹੀ ਬਜਾਹ ਤਵਨ ਸੌ ਕੀਯੋ॥ ਬਹੁਤਿਕ ਬਰਿਸ ਨ ਜਾਨੇ ਦੀਯੋ॥**
**ਕ੍ਰੀੜਾ ਕਰੈ ਭਾਂਤਿ ਭਾਂਤਿਨ ਤਨ॥ ਹਰਖ ਬਢਾਇ ਬਢਾਇ ਅਧਿਕ ਮਨ॥ ੬॥**

ਜਦ ਉਸ ਨਾਲ ਵਿਆਹ ਕਰ ਲਿਆ ਤਾਂ ਕਈ ਸਾਲਾਂ ਤਾ. ਉਸ ਨੂੰ ਜਾਣ ਨ ਦਿੱਤਾ। ਉਹ ਮਨ ਵਿਚ ਪ੍ਰਸੰਨ ਹੋ ਕੇ ਉਸ ਨਾਲ ਭਿੰਨ ਭਿੰਨ ਪ੍ਰਕਾਰ ਨਾਲ ਕਾਮ ਕ੍ਰੀੜਾ ਕਰਦੀ ਸੀ॥੬॥

**ਭੋਗ ਬਹੁਤ ਦਿਨ ਤਾ ਸੰਗ ਕਯੋ॥ ਤਾਕੋ ਬਲ ਸਭ ਹੀ ਹਰਿ ਲਯੋ॥**
**ਜਬੈ ਨ੍ਰਿਧਾਤ ਕੁਅਰ ਵਹ ਭਯੋ॥ ਤਬ ਹੀ ਡਾਰਿ ਹ੍ਰਿਦੈ ਤੇ ਦਯੋ॥ ੭॥**

ਪਦ ਅਰਥ - ਬਲ ਹਰਿ ਲਯੋ=ਤਾਕਤ ਖੋ ਲਈ। ਨ੍ਰਿਧਾਤ=ਕਮਜ਼ੋਰ। ਡਾਰਿ ਹ੍ਰਿਦੈ ਤੇ ਦਯੋ=ਦਿਲ ਵਿਚੋਂ ਕੱਢ ਦਿੱਤਾ।

ਉਸ ਨਾਲ ਬਹੁਤ ਚਿਰ ਤਕ ਭੋਗ ਕਰਕੇ ਉਸ ਦੀ ਸਾਰੀ ਤਾਕਤ ਸਮਾਪਤ ਕਰ ਦਿੱਤੀ। ਜਦ ਉਹ ਰਾਜ ਕੁਮਾਰ ਬੀਰਜ ਰਹਿਤ ਹੋ ਗਿਆ ਤਾਂ ਉਸ ਨੂੰ ਮਨ ਵਿਚੋਂ ਭੁਲਾ ਦਿੱਤਾ॥੭॥

**ਔਰਨ ਸਾਥ ਕਰੈ ਤਬ ਪ੍ਰੀਤਾ॥ ਨਿਸੁ ਦਿਨ ਕਰੈ ਕਾਮ ਕੀ ਰੀਤਾ॥**
**ਪਤਿਹਿ ਤੋਰਿ ਖੋਜਾ ਕਰਿ ਡਾਰਾ॥ ਆਪੁ ਅਵਰ ਸੋ ਕੇਲ ਮਚਾਰਾ॥ ੮॥**

ਹੁਣ ਉਹ ਦੂਸਰੇ ਮਰਦਾਂ ਨਾਲ ਪ੍ਰੀਤ ਕਰਨ ਲੱਗੀ ਅਤੇ ਰਾਤ ਦਿਨ ਕਾਮ ਕ੍ਰੀੜਾ ਕਰਦੀ। ਪਤੀ ਨਾਲ ਪਿਆਰ ਕਰਨਾਂ ਛੱਡ ਦਿੱਤਾ ਅਤੇ ਦੂਸਰਿਆਂ ਦੇ ਨਾਲ ਕੇਲ ਕ੍ਰੀੜਾ ਕਰਨ ਲੱਗੀ॥੮॥

**ਬਿਰਹ ਰਾਇ ਤਾਕੋ ਥੋ ਯਾਰਾ॥ ਜਾਸੋ ਬਧਜੋ ਕੁਅਰ ਕੋ ਪਜਾਰਾ॥**
**ਤਾ ਪਰ ਰਹੀ ਹੋਇ ਸੋ ਲਟਕਨ॥ ਤਿਹ ਹਿਤ ਮਰਤ ਪਜਾਸ ਅਰੁ ਭੂਖਨ॥ ੯॥**

ਰਾਜ ਕੁਮਾਰੀ ਦਾ ਪਿਆਰ ਇਕ ਬਿਰਹਾ ਰਾਏ ਨਾਮੀਂ ਵਿਅਕਤੀ ਨਾਲ ਬਹੁਤ ਵੱਧ ਗਿਆ। ਉਹ ਉਸ ਨਾਲ ਬੁਰੀ ਤਰ੍ਹਾਂ ਫਸ ਗਈ ਅਤੇ ਉਹਦੇ ਪਿਆਰ ਵਿਚ ਹੀ ਭੁਖੀ ਪਿਆਸੀ ਰਹਿਣ ਲੱਗੀ॥੯॥

**ਇਕ ਦਿਨ ਭਾਂਗ ਮਿੱਤ੍ਰ ਤਿਹ ਲਈ॥ ਪੋਸਤ ਸਹਿਤ ਅਫੀਮ ਚੜ੍ਹਈ॥**

**ਬਹੁ ਰਤਿ ਕਰੀ ਨ ਬੀਰਜ ਗਿਰਾਈ॥ ਆਠ ਪਹਿਰ ਲਗਿ ਕੁਅਰਿ ਬਜਾਈ॥ ੧੦॥**

ਇਕ ਦਿਨ ਉਸ ਦੇ ਮਿੱਤਰ ਨੇ ਪੋਸਤ, ਅਫੀਮ ਅਤੇ ਭੰਗ ਛਕ ਕੇ ਬਿਨਾਂ ਖਿਲਾਸ ਹੋਏ ਅੱਠ ਪਹਿਰ ਉਹਦੇ ਨਾਲ ਕਾਮ ਕ੍ਰੀੜਾ ਕੀਤੀ॥੧੦॥

**ਸਭ ਨਿਸਿ ਨਾਰਿ ਭੋਗ ਜਬ ਪਾਯੋ॥ ਬਹੁ ਆਸਨ ਕਰਿ ਹਰਖ ਬਢਾਯੋ॥**
**ਤਾ ਪਰ ਤਰੁਨਿ ਚਿਤ ਤੇ ਅਟਕੀ॥ ਭੂਲਿ ਗਈ ਸਭ ਹੀ ਸੁਧਿ ਘਟ ਕੀ॥ ੧੧॥**

ਪਦ ਅਰਥ - ਅਟਕੀ=ਪਿਆਰ ਹੋ ਗਿਆ। ਸੁਧਿ ਘਟ ਕੀ=ਹੋਸ਼ ਭੂਲ ਗਈ।

ਜਦ ਸਾਰੀ ਰਾਤ ਉਹ ਨਾਰੀ ਨਾਲ ਭੋਗ ਕਰਦਾ ਰਿਹਾ ਅਤੇ ਭਿੰਨ ਭਿੰਨ ਆਸਣ ਬਣਾ ਕੇ ਉਸ ਨੂੰ ਬਹੁਤ ਸੁਖ ਦਿੱਤਾ ਤਾਂ ਉਹ ਇਸਤਰੀ ਦਿਲੋਂ ਹੁਣ ਉਸ ਦੀ ਹੀ ਹੋ ਗਈ ਅਤੇ ਘਰ ਬਾਹਰ ਦੀ ਸਭ ਸੁੱਧ ਬੁੱਧ ਭੁਲ ਗਈ॥੧੧॥

**ਦ੍ਵੈ ਘਟਿਕਾ ਜੋ ਭੋਗ ਕਰਤ ਨਰ॥ ਤਾ ਪਰ ਰੀਝਤ ਨਾਰਿ ਬਹੁਤ ਕਰਿ॥**
**ਚਾਰਿ ਪਹਰ ਜੋ ਕੇਲ ਕਮਾਵੈ॥ ਸੋ ਕਿ ਨ ਤ੍ਰਿਯ ਕੈ ਚਿੱਤ ਚੁਰਾਵੈ॥ ੧੨॥**

ਪਦ ਅਰਥ - ਦ੍ਵੈ ਘਟਿਕਾ=ਦੋ ਘੜੀਆਂ।

ਜੋ ਮਰਦ ਦੋ ਘੜੀਆਂ ਤਕ ਇਸਤਰੀ ਨਾਲ ਭੋਗ ਬਿਲਾਸ ਕਰਦਾ ਰਹਿੰਦਾ ਹੈ, ਇਸਤਰੀਆਂ ਉਸ ਤੇ ਜ਼ਿਆਦਾ ਰੀਝਦੀਆਂ ਹਨ। ਜਿਹੜਾ ਆਦਮੀ ਚਾਰ ਪਹਿਰ ਤਕ ਕਾਮ ਕ੍ਰੀੜਾ ਕਰਦਾ ਹੈ, ਉਹ ਭਲਾ ਇਸਰਤੀ ਦਾ ਚਿੱਤ ਕਿਉਂ ਨਹੀਂ ਚੁਰਾਏਗਾ॥੧੨॥

**ਰੈਨਿ ਸਕਲ ਤਿਨ ਤਰੁਨਿ ਬਜਾਈ॥ ਭਾਂਤਿ ਭਾਂਤਿ ਕੇ ਸਾਥ ਹੰਢਾਈ॥**
**ਆਸਨ ਕਰੇ ਤਰੁਨਿ ਬਹੁ ਚਾਰਾ॥ ਚੁੰਬਨਾਦਿ ਨਖ ਘਾਤ ਅਪਾਰਾ॥ ੧੩॥**

ਉਸ ਨੇ ਸਾਰੀ ਰਾਤ ਭਿੰਨ ਭਿੰਨ ਢੰਗਾਂ ਨਾਲ ਇਸਤਰੀ ਨਾਲ ਭੋਗ ਕੀਤਾ। ਉਸ ਬਹੁਤ ਪ੍ਰਕਾਰ ਦੇ ਆਸਣ ਬਣਾਏ ਅਤੇ ਭਿੰਨ ਭਿੰਨ ਪ੍ਰਕਾਰ ਨਾਲ ਚੁੰਮਣ ਆਦਿ ਕੀਤੇ॥੧੩॥

**ਭਾਂਤਿ ਭਾਂਤਿ ਕੇ ਚਤੁਰਾਸਨ ਕਰਿ॥ ਭਜਜੋ ਤਾਂਹਿ ਤਰ ਦਾਬਿ ਭੁਜਨ ਭਰਿ॥**
**ਚੁੰਬਨ ਆਸਨ ਕਰਤ ਬਿਚੱਛਨ॥ ਕੋਕ ਕਲਾ ਕੋਬਿਦ ਸਭ ਲੱਛਨ॥ ੧੪॥**

ਉਨ੍ਹਾਂ ਨੇ ਭਾਂਤ ਭਾਂਤ ਦੇ ਚੱਤਰਤਾ ਪੂਰਵਕ ਆਸਣ ਕੀਤੇ ਅਤੇ ਉਸਦੀਆਂ ਬਾਹਾਂ ਨੂੰ ਦਬਾ ਕੇ ਉਸ ਨਾਲ ਰਮਣ ਕੀਤਾ। ਉਹ ਕੋਕ ਸ਼ਾਸਤਰ ਦੇ ਲੱਛਣਾਂ ਅਨੁਸਾਰ ਵਲਿੱਖਣ ਪ੍ਰਕਾਰ ਦੇ ਚੁੰਮਣ ਆਸਣ ਕਰਦੇ ਰਹੇ॥੧੪॥

**ਦੋਹਰਾ॥ ਪੋਸਤ ਸ਼੍ਰਾਬ ਅਫੀਮ ਬਹੁ ਘੋਟਿ ਚੜ੍ਹਾਵਤ ਭੰਗ॥**

ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ।। ੧੫।।

ਉਸ ਆਦਮੀ ਨੇ ਪੋਸਤ, ਭੰਗ, ਅਫੀਮ, ਅਤੇ ਸ਼ਰਾਬ ਪੀ ਕੇ ਚਾਰ ਪਹਿਰ ਤਕ ਉਸ ਨਾਲ ਰਮਣ ਕੀਤਾ ਪਰ ਫਿਰ ਵੀ ਉਸ ਦਾ ਕਾਮ ਸ਼ਾਂਤ ਨ ਹੋਇਆ।।੧੫।।

ਚੌਪਈ।। ਭੋਗ ਕਰਤ ਸਭ ਰੈਨਿ ਬਿਤਾਵਤ।। ਦਲਿਮਲਿ ਸੇਜ ਮਿਲਿਨ ਹ੍ਵੈ ਜਾਵਤ।।
ਹੋਤ ਦਿਵਾਕਰ ਕੀ ਅਨੁਰਾਈ।। ਛੈਲ ਸੇਜ ਮਿਲਿ ਬਹੁਰਿ ਬਿਛਾਈ।। ੧੬।।

ਭੋਗ ਕਰਦੇ ਕਰਦੇ ਸਾਰੀ ਰਾਤ ਬੀਤ ਜਾਂਦੀ ਅਤੇ ਸੇਜ ਦਾ ਬੁਰਾ ਹਾਲ ਹੋ ਜਾਂਦਾ। ਸਵੇਰ ਹੁੰਦਿਆਂ ਹੀ ਉਹ ਆਪਣੇ ਮਿੱਤਰ ਨਾਲ ਮਿਲ ਕੇ ਦੁਬਾਰਾ ਸੇਜ ਵਿਛਾ ਲੈਂਦੀ ਸੀ।।੧੬।।

ਪੌਢਿ ਪ੍ਰਜੰਕ ਅੰਕ ਭਰਿ ਸੋਊ।। ਭਾਂਗ ਅਫੀਮ ਪਿਯਤ ਮਿਲਿ ਦੋਊ।।
ਬਹੁਰਿ ਕਾਮ ਕੀ ਕੇਲ ਮਚਾਵੈਂ।। ਕੋਕ ਸਾਰ ਮਤ ਪ੍ਰਗਟ ਦਿਖਾਵੈਂ।। ੧੭।।

ਪਲੰਘ ਉਤੇ ਦੋਵੇਂ ਇਕ ਦੂਸਰੇ ਨਾਲ ਲੱਗ ਕੇ ਸੌਂਦੇ ਸਨ ਅਤੇ ਦੋਵੇਂ ਅਫੀਮ ਅਤੇ ਭੰਗ ਪੀਂਦੇ ਸਨ। ਫਿਰ ਕਾਮ ਕ੍ਰੀੜਾ ਕਰਦੇ ਅਤੇ ਕੋਕ ਸ਼ਾਸਤਰ ਦੀ ਸਿਖਿਆ ਤੇ ਚਰਚਾ ਕਰਦੇ ਸਨ।।੧੭।।

ਕੈਫਨ ਸਾਥ ਰਸਮਸੇ ਹ੍ਵੈ ਕਰਿ।। ਪ੍ਰੌਢਿ ਪ੍ਰਜੰਕ ਰਹਤ ਦੋਊ ਸ੍ਵੈ ਕਰਿ।।
ਬਹੁਰਿ ਜਗੈ ਰਸ ਰੀਤਿ ਮਚਾਵੈਂ।। ਕਵਿਤ ਉਚਾਰਹਿ ਧੁਰਪਦ ਗਾਵੈਂ।।੧੮।।

ਨਸ਼ਿਆਂ ਵਿਚ ਗਲਤਾਨ ਹੋ ਕੇ ਦੋਵੇਂ ਪਲੰਘ ਤੇ ਸੁੱਤੇ ਰਹਿੰਦੇ ਸਨ। ਜਦ ਜਾਗ ਆਉਂਦੀ ਸੀ ਫਿਰ ਕਾਮ ਕ੍ਰੀੜਾ ਕਰਦੇ ਸਨ ਅਤੇ ਕਵਿਤਾ ਪੜ੍ਹ ਕੇ ਧੁਰਪਦ ਗਾਉਂਦੇ ਸਨ।।੧੮।।

ਤਬ ਲਗਿ ਬਿਰਹਨਟਾ ਤਾਕੋ ਪਤਿ।। ਨਿਕਸਜੋ ਆਇ ਤਹਾਂ ਮੂਰਖ ਮਤਿ।।
ਤਬ ਤ੍ਰਿਯ ਚਤੁਰ ਚਰਿਤ੍ਰ ਬਿਚਰਿਕੈ।। ਹਨਜੋ ਤਾਹਿ ਫਾਂਸੀ ਗਰ ਡਰਿਕੈ।।੧੯।।

ਤਦ ਤਕ ਬਿਰਹਾਨਟ ਨਾਮੀਂ ਉਸ ਦਾ ਪਤੀ ਉਥੇ ਆ ਗਿਆ। ਤਦ ਚੱਤਰ ਇਸਤਰੀ ਨੇ ਚਲਿੱਤਰ ਕਰਕੇ ਉਸ ਨੂੰ ਫਾਂਸੀ ਲਾ ਕੇ ਮਾਰ ਦਿੱਤਾ।।੧੯।।

ਏਕ ਕੋਠਰੀ ਮਿੱਤ੍ਰ ਛਪਾਯੋ।। ਪਤਿਹਿ ਮਾਰਿ ਸੁਰ ਊਚ ਉਘਾਯੋ।।
ਰਾਜਾ ਪ੍ਰਜਾ ਸ਼ਬਦ ਸੁਨਿ ਧਾਏ।। ਦੁਹਿਤਾ ਕੇ ਮੰਦਰਿ ਚਲਿ ਆਏ।। ੨੦।।

ਇਕ ਮਕਾਨ ਵਿਚ ਮਿੱਤਰ ਨੂੰ ਲੁਕਾ ਦਿੱਤਾ ਅਤੇ ਪਤੀ ਨੂੰ ਮਾਰ ਕੇ ਉੱਚੀ ਉੱਚੀ ਰੋਣ ਲੱਗੀ। ਉਸਦੀਆਂ ਚੀਕਾਂ ਸੁਣ ਕੇ ਰਾਜਾ ਪਰਜਾ ਸਾਰੇ ਹੀ ਉਸ ਦੇ ਨਿਵਾਸ ਸਥਾਨ ਤੇ ਆ ਗਏ।।੨੦।।

ਮ੍ਰਿਤਕ ਪਰਜੋ ਤਾਕੌ ਭਰਤਾਰਾ।। ਰਾਵ ਰੰਕ ਸਭਹੂੰਨ ਨਿਹਾਰਾ।।

**ਪੂਛਤ ਵਯੋ ਤਿਸੀ ਕਹ ਰਾਜਨ॥ ਕਹਾ ਭਈ ਯਾਕੀ ਗਤਿ ਕਾਮਨਿ॥੨੧॥**

ਰਾਜਾ ਪਰਜਾ ਸਭ ਨੇ ਉਸ ਦੇ ਮਰੇ ਪਏ ਪਤੀ ਨੂੰ ਵੇਖਿਆ। ਰਾਜੇ ਨੇ ਉਸ ਨੂੰ ਪੁਛਿਆ ਕਿ ਇਹ ਕਿਵੇਂ ਮਰ ਗਿਆ ਹੈ॥੨੧॥

**ਸੁਨਹੁ ਪਿਤਾ ਮੈਂ ਕਛੂ ਨਾ ਜਾਨੋ॥ ਰੋਗ ਯਾਹਿ ਜੋ ਤੁਮੈ ਬਖਾਨੋ॥**
**ਅਕਸਮਾਤ੍ਰ ਯਾਕਹ ਕਛੁ ਭਯੋ॥ ਜੀਵਤ ਹੁਤੋ ਮ੍ਰਿਤਕ ਹ੍ਵੈ ਗਯੋ॥ ੨੨॥**

ਇਸਤਰੀ ਨੇ ਉੱਤਰ ਦਿੱਤਾ ਕਿ ਇਸ ਬਾਰੇ ਮੈਂ ਕੁਝ ਨਹੀਂ ਜਾਣਦੀ, ਇਸਨੂੰ ਕੋਈ ਰੋਗ ਲੱਗਾ ਹੁੰਦਾ ਤਾਂ ਮੈਂ ਦੱਸਦੀ। ਇਸਨੂੰ ਅਚਣਚੇਤ ਹੀ ਕੁਝ ਹੋਇਆ ਅਤੇ ਇਹ ਮਰ ਗਿਆ॥੨੨॥

**ਅਰੁ ਜੌ ਅਬ ਮੋ ਮੈ ਕਛੁ ਸਤ ਹੈ॥ ਅਰੁ ਜੌ ਸੱਤਜ ਬੇਦ ਕੌ ਮਤ ਹੈ॥**
**ਅਬ ਮੈਂ ਰੁਦ੍ਰ ਤਪੱਸਜਾ ਕਰਿਹੌਂ॥ ਯਾਹਿ ਜਿਯਾਊਂ ਕੈ ਜਰਿ ਮਰਿਹੌਂ॥੨੩॥**

ਹੁਣ ਜੇ ਮੇਰਾ ਸਤੀ ਧਰਮ ਸੱਚਾ ਹੈ ਅਤੇ ਵੇਦਾਂ ਦਾ ਮੱਤ ਵੀ ਸੱਚਾ ਹੈ ਤਾਂ ਮੈਂ ਸ਼ਿਵਜੀ ਦੀ ਪੂਜਾ ਕਰਾਂਗੀ, ਜਾਂ ਤਾਂ ਮੈਂ ਇਸ ਨੂੰ ਜੀਉਂਦਾ ਕਰ ਲਵਾਂਗੀ ਜਾਂ ਆਪ ਵੀ ਇਸ ਨਾਲ ਸੜ ਕੇ ਮਰ ਜਾਵਾਂਗੀ॥੨੩॥

**ਤੁਮਹੂੰ ਬੈਠ ਯਾਹਿ ਅੰਗਨਾ ਅਬ॥ ਪੂਜਾ ਕਰਹੁ ਸਦਾ ਸ਼ਿਵ ਕੀ ਸਬ॥**
**ਮੈਂ ਯਾਕੌ ਇਹ ਘਰ ਲੈ ਜੈਹੌਂ॥ ਪੂਜਿ ਸਦਾ ਸ਼ਿਵ ਬਹੁਰਿ ਜਿਵੈਹੌਂ॥ ੨੪॥**

ਤੁਸੀਂ ਵੀ ਸਾਰੇ ਇਸ ਵਿਹੜੇ ਵਿਚ ਬੈਠੋ ਅਤੇ ਸ਼ਿਵਜੀ ਦੀ ਪੂਜਾ ਕਰੋ। ਮੈਂ ਇਸ ਲਾਸ਼ ਨੂੰ ਘਰ ਦੇ ਅੰਦਰ ਲੈ ਜਾਂਦੀ ਹਾਂ ਅਤੇ ਸ਼ਿਵਜੀ ਦੀ ਪੂਜਾ ਕਰਕੇ ਇਸ ਨੂੰ ਜੀਉਂਦਾ ਕਰ ਲਵਾਂਗੀ॥੨੪॥

**ਮਾਤ ਪਿਤਾ ਅੰਗਨਾ ਬੈਠਾਏ॥ ਨੈਬੀ ਮਹਤਾ ਸਗਲ ਬੁਲਾਏ॥**
**ਲੈ ਸੰਗ ਗਈ ਮ੍ਰਿਤਕ ਕਹ ਤਿਹ ਘਰ॥ ਰਾਖਜੋ ਥੋ ਜਹਾਂ ਜਾਰ ਛਪਾ ਕਰਿ॥ ੨੫॥**

ਪਦ ਅਰਥ – ਅੰਗਨਾ=ਵਿਹੜੇ ਵਿਚ। ਨੈਬੀ ਮਹਤਾ=ਲਾਗੀ, ਸੇਵਕ।

ਉਸ ਮਾਤਾ ਪਿਤਾ ਨੂੰ ਵਿਹੜੇ ਵਿਚ ਬਿਠਾਇਆ ਅਤੇ ਸਾਰੇ ਸੇਵਕਾਂ ਨੂੰ ਬੁਲਾ ਲਿਆ। ਉਹ ਮੁਰਦੇ ਨੂੰ ਉਥੇ ਲੈ ਗਏ ਜਿਥੇ ਕਿ ਉਸ ਔਰਤ ਦਾ ਯਾਰ ਲੁਕਿਆ ਹੋਇਆ ਸੀ॥੨੫॥

**ਤਿਹ ਘਰ ਜਾਇ ਪਾਟ ਦ੍ਰਿੜ੍ਹ ਦੈ ਕਰਿ॥ ਰਮੀ ਜਾਰ ਕੇ ਸਾਥ ਬਿਹਸਿ ਕਰਿ॥**
**ਨ੍ਰਿਪ ਜੁਤ ਬੈਠ ਲੋਗ ਦ੍ਵਾਰਾ ਪਰਿ॥ ਭੇਦ ਅਭੇਦ ਨ ਸਕਤ ਬਿਚਰਿ ਕਰਿ॥੨੬॥**

ਉਸ ਮਕਾਨ ਵਿਚ ਪਹੁੰਚ ਕੇ ਉਸ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ ਅਤੇ ਖੁਸ਼ੀ ਖੁਸ਼ੀ ਯਾਰ ਨਾਲ ਰਮਣ ਕਰਨ ਲੱਗੀ। ਰਾਜਾ ਹੋਰ ਲੋਕਾਂ ਨਾਲ ਦਰਵਾਜ਼ੇ ਦੇ ਬਾਹਰ ਬੈਠਿਆ ਸੀ

Namdhari Elibrary NamdhariElibrary@gmail.com

ਅਤੇ ਭੇਤ ਅਭੇਤ ਕੁਝ ਵੀ ਸਮਝ ਨਹੀਂ ਰਿਹਾ ਸੀ॥੨੬॥

**ਤੇ ਸਭਹੀ ਜਿਯ ਮੈ ਅਸ਼ ਜਾਨੈ॥ ਸੁਤਾ ਸ਼ਿਵਤ ਪੂਜਤ ਅਨੁਮਾਨੈ॥**
**ਯਾਕੀ ਆਜੁ ਸੱਤਤਾ ਲਹਿ ਹੈਂ॥ ਭਲਾ ਬੁਰੀ ਬਤਿਯਾ ਤਬ ਕਹਿ ਹੈਂ॥੨੭॥**

ਪਦ ਅਰਥ - ਸੁਤਾ ਸਿਵਤ ਪੂਜਤ=ਲੜਕੀ ਸ਼ਿਵਜੀ ਦੀ ਪੂਜਾ ਕਰ ਰਹੀ ਹੈ।

ਉਹ ਸਾਰੇ ਆਪਣੇ ਮਨਾਂ ਵਿਚ ਪੁੱਤਰੀ ਦੁਆਰਾ ਸਿਵਜੀ ਦੀ ਪੂਜਾ ਦਾ ਅਨੁਮਾਨ ਲਾ ਰਹੇ ਸਨ। ਉਹ ਸਾਰੇ ਸੋਚ ਰਹੇ ਸਨ ਕਿ ਅਜ ਇਸ ਦਾ ਪਤੀ ਬਰਤਾ ਧਰਮ ਵੇਖਿਆ ਜਾਵੇਗਾ ਅਤੇ ਭਲੇ ਬੁਰੇ ਦਾ ਨਿਰਨਾ ਹੋ ਜਾਵੇਗਾ॥੨੭॥

**ਜੋ ਯਹ ਕੁਅਰਿ ਰੁੱਦ੍ਰ ਸੋਂ ਰਤ ਹੈ॥ ਜੌ ਯਹ ਤਿਹ ਚਰਨਨ ਮੈ ਮਤ ਹੈ॥**
**ਤੌ ਪਤਿ ਜੀਵਤ ਬਾਰ ਨ ਲਗਿ ਹੈ॥ ਸ਼ਿਵ ਸ਼ਿਵ ਭਾਖਿ ਮ੍ਰਿਤਕ ਪੁਨਿ ਜਗਿ ਹੈ॥੨੮॥**

ਜੇ ਉਹ ਸ਼ਿਵਜੀ ਦੀ ਪੂਜਾ ਵਿਚ ਲੱਗੀ ਹੋਈ ਹੈ ਅਤੇ ਉਸ ਦੇ ਚਰਣਾਂ ਵਿਚ ਲੀਨ ਹੈ ਤਾਂ ਪਤੀ ਨੂੰ ਜੀਉਂਦਾ ਹੋਣ ਵਿਚ ਦੇਰ ਨਹੀਂ ਲੱਗੇਗੀ ਅਤੇ ਮੁਰਦਾ 'ਸ਼ਿਵ ਸ਼ਿਵ' ਕਹਿ ਕੇ ਜਿਉਂਦਾ ਹੋ ਜਾਵੇਗਾ॥੨੮॥

**ਇਤ ਤੇ ਦ੍ਵਾਰ ਬਿਚਾਰ ਬਿਚਾਰਤ॥ ਉਸ ਤ੍ਰਿਯ ਸੰਗ ਭੀ ਜਾਰ ਮਹਾ ਰਤ॥**
**ਜਯੋਂ ਜਯੋਂ ਲਪਟਿ ਚੋਟ ਚਟਕਾਵੈ॥ ਤੇ ਜਾਨੇ ਵਹ ਗਾਲ੍ਹ ਬਜਾਵੈ॥ ੨੯॥**

ਇਧਰ ਦਰਵਾਜ਼ੇ ਦੇ ਬਾਹਰ ਸਾਰੇ ਇਹ ਵਿਚਾਰ ਬਣਾ ਰਹੇ ਸਨ ਅਤੇ ਓਧਰ ਦਰਵਾਜ਼ੇ ਦੇ ਅੰਦਰ ਇਸਤਰੀ ਆਪਣੇ ਯਾਰ ਨਾਲ ਕਾਮ ਕ੍ਰੀੜਾ ਕਰ ਰਹੀ ਸੀ। ਜਿਵੇਂ ਜਿਵੇਂ ਲਿਪਟ ਲਿਪਟ ਕੇ ਉਹ ਚਟਖਾਰੇ ਮਾਰਦੇ ਸਨ ਤਾਂ ਬਾਹਰ ਵਾਲੇ ਇਹ ਸੋਚਦੇ ਸਨ ਕਿ ਇਸਤਰੀ ਮੂੰਹ ਵਿਚੋਂ ਬਕਰੇ ਵਰਗੀ ਆਵਾਜ਼ ਕੱਢ ਕੇ ਸ਼ਿਵਜੀ ਨੂੰ ਪ੍ਰਸੰਨ ਕਰ ਰਹੀ ਹੈ॥੨੯॥

**ਤਹਾਂ ਖੋਦਿ ਭੂ ਤਾਕੋ ਗਾਡਾ॥ ਬਾਹਰ ਹਾਡ ਗੋਡ ਨਹਿ ਛਾਡਾ॥**
**ਅਪਨੇ ਸਾਥ ਜਾਰ ਕਹ ਧਰਿਕੈ॥ ਲੈ ਆਈ ਇਹ ਭਾਂਤਿ ਉਚਰਿਕੈ॥੩੦॥**

ਪਦ ਅਰਥ - ਖੋਦਿ ਭੂ=ਟੋਆ ਪੁੱਟ ਕੇ। ਤਾਕੋ ਗਾਡੋ=ਉਸ ਨੂੰ ਦਬਾ ਦਿੱਤਾ। ਜਾਰ=ਯਾਰ। ਇਹ ਭਾਤ ਉਚਰਿਕੈ=ਇਸ ਤਰ੍ਹਾਂ ਕਹਿ ਕੇ।

ਉਥੇ ਉਨ੍ਹਾਂ ਟੋਆ ਪੁੱਟ ਕੇ ਪਤੀ ਨੂੰ ਜ਼ਮੀਨ ਹੇਠਾਂ ਦੱਬ ਦਿੱਤਾ ਅਤੇ ਬਾਹਰ ਕੁਝ ਨ ਰਖਿਆ, ਫਿਰ ਆਪਣੇ ਯਾਰ ਨੂੰ ਇਹ ਕਹਿੰਦੀ ਹੋਈ ਬਾਹਰ ਲੈ ਆਈ॥੩੦॥

**ਜਬ ਮੈਂ ਧਯਾਨ ਰੁੱਦ੍ਰ ਕੋ ਧਰਿਯੋ॥ ਤਬ ਸ਼ਿਵ ਅਸ ਮੁਰ ਸਾਥ ਉਚਰਿਯੋ॥**

**ਬਰੰਬ੍ਰਹ ਪੁੱਤ੍ਰੀ ਮਨ ਭਾਵਤ।। ਜੋ ਇਹ ਸਮੈਂ ਹ੍ਰਿਦੈ ਮਹਿ ਆਵਤ।। ੩੧।।**

ਜਦੋਂ ਮੈਂ ਸ਼ਿਵਜੀ ਵਿਚ ਧਿਆਨ ਲਾਇਆ ਤਾਂ ਸ਼ਿਵਜੀ ਨੇ ਮੈਨੂੰ ਇਸ ਤਰ੍ਹਾਂ ਕਿਹਾ," ਹੇ ਪੁੱਤਰੀ! ਇਸ ਵਕਤ ਜੋ ਮਨ ਵਿਚ ਆਵੇ ਮੰਗ ਲੈ"।।੩੧।।

**ਤਬ ਮੈਂ ਕਹਿਯੋ ਜਿਯਾਇ ਦੇਹੁ ਪਤਿ।। ਜੋ ਤੁਮਰੇ ਚਰਨਨ ਮਹਿ ਮੁਰ ਮਤਿ।।**
**ਤਬ ਇਹ ਭਾਂਤਿ ਬਖਾਨਜੋ ਸ਼ਿਵ ਬਚ।। ਸੋ ਤੁਮ ਸਮਝਿ ਲੇਹੁ ਭੂਪਤਿ ਸਚ।। ੩੨।।**

ਤਦ ਮੈਂ ਕਿਹਾ ਕਿ ਜੇ ਮੇਰਾ ਤੁਹਾਡੇ ਚਰਨਾਂ ਨਾਲ ਪਿਆਰ ਹੈ ਤਾਂ ਮੇਰੇ ਪਤੀ ਨੂੰ ਜੀਉਂਦਾ ਕਰ ਦੇਵੋਂ। ਮੇਰੀ ਗੱਲ ਸੱਚ ਮੰਨਣਾਂ ਤਦ ਸ਼ਿਵਜੀ ਨੇ ਕਿਹਾ।।੩੨।।

**ਦੋਹਰਾ।। ਤਾਂਤੇ ਅਤਿ ਸੁੰਦਰ ਕਰੋ ਵਾ ਤੇ ਬੈਸ ਕਿਸ਼ੋਰ।।**
**ਨਾਥ ਜੀਯੋ ਸ੍ਰੀ ਸੰਭੁ ਕੀ ਕ੍ਰਿਪਾ ਦ੍ਰਿਸ਼ਟਿ ਕੀ ਕੋਰ।। ੩੩।।**

"ਮੈ ਇਸ ਨੂੰ ਪਹਿਲਾਂ ਨਾਲੋਂ ਵੀ ਸੁੰਦਰ ਅਤੇ ਜਵਾਨ ਬਣਾ ਦਿੰਦਾ ਹਾਂ"। ਇਸ ਤਰ੍ਹਾਂ ਸ਼ਿਵਜੀ ਦੀ ਕਿਰਪਾ ਨਾਲ ਮੇਰਾ ਪਤੀ ਜੀਉਂਦਾ ਹੋ ਗਿਆ ਹੈ।।੩੩।।

**ਚੌਪਈ।। ਸਭਹਿਨ ਬਚਨ ਸੱਤ ਕਰਿ ਜਾਨਾ।। ਸ਼ਿਵ ਕੋ ਸੱਤ ਬਚਨ ਅਨਮਾਨਾ।।**
**ਤਬ ਤੇਂ ਤਜਿ ਸੁੰਦਰ ਜਿਯ ਤ੍ਰਾਸਾ।। ਨਿਤ ਪ੍ਰਤਿ ਤਾਸੌ ਕਰਤ ਬਿਲਾਸਾ।। ੩੪।। ੧।।**

ਸਾਰਿਆਂ ਇਸ ਨੂੰ ਸੱਚਾ ਬਚਨ ਮੰਨ ਲਿਆ ਅਤੇ ਸ਼ਿਵਜੀ ਦੇ ਕਥਨ ਵਾਲੀ ਗੱਲ ਨੂੰ ਵੀ ਸੱਚਾ ਜਾਣ ਲਿਆ। ਫਿਰ ਮਨ ਦਾ ਭੈਅ ਦੂਰ ਕਰਕੇ ਉਸ ਨੂੰ ਅਪਣਾ ਪਤੀ ਬਣਾ ਕੇ ਉਸ ਨਾਲ ਨਿੱਤ ਭੋਗ ਬਿਲਾਸ ਕਰਨ ਲੱਗੀ।।੩੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੫।।੬੧੬੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਝੀਹਵੀਂ ਕਥਾ ਸਮਾਪਤ।।੩੨੫।।੬੧੬੧।।ਚਲਦਾ।।

## ਚਲਿੱਤਰ ਤਿੰਨ ਸੌ ਛੱਬੀਵਾਂ

## ਕਥਾ ਸੁਕਚ ਮਤੀ

**ਚੌਪਈ।। ਗਹਰਵਾਰ ਰਾਜਾ ਇਕ ਅਤਿ ਬਲ।। ਕਬੈ ਨ ਚਲਯਾ ਪੀਰ ਹਲਾਚਲ।।**
**ਗੂੜ੍ਹ ਮਤੀ ਨਾਰੀ ਤਾਕੇ ਘਰ।। ਕਹੀ ਨ ਪਰਤ ਪ੍ਰਭਾ ਤਾਕੀ ਬਰ।। ੧।।**

ਗਹਿਰਵਾਰ ਇਕ ਮਹਾਨ ਬਲੀ ਰਾਜਾ ਸੀ, ਜਿਸ ਨੂੰ ਕਦੀ ਵੀ ਕੋਈ ਕਸ਼ਟ ਜਾਂ ਦੁਖ ਨਹੀਂ

**********************************************************

ਹੋਇਆ ਸੀ। ਉਸ ਦੇ ਘਰ ਗੂੜ੍ਹਮਤੀ ਨਾਮੀਂ ਰਾਣੀ ਸੀ ਜਿਸ ਦੀ ਸੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ।।੧।।

**ਤਹ ਇਕ ਹੁਤੋ ਸ਼ਾਹ ਬਡਭਾਗੀ।। ਰੂਪਵਾਨ ਗੁਨਵਾਨ ਨੁਰਾਗੀ।।**
**ਸੁਕਚਮਤੀ ਦੁਹਿਤਾ ਤਾਕੇ ਘਰ।। ਪ੍ਰਗਟ ਭਈ ਜਨੁ ਕਲਾ ਕਿਰਣਿਧਰ।। ੨।।**

ਉਥੇ ਇਕ ਭਾਗਵਾਨ ਸ਼ਾਹ ਰਹਿੰਦਾ ਸੀ ਜਿਹੜਾ ਕਿ ਬਹੁਤ ਰੂਪਵਾਨ, ਗੁਣਵਾਨ ਅਤੇ ਪ੍ਰੇਮੀ ਸੀ। ਉਸ ਦੀ ਪੁੱਤਰੀ ਦਾ ਨਾਂ ਸੁਕਚਮਤੀ ਜਿਹੜੀ ਮਾਨੋਂ ਚੰਦਰਮਾਂ ਦੀਆਂ ਕਿਰਣਾਂ ਵਾਂਗ ਸੁੰਦਰ ਸੀ।।੨।।

**ਏਕ ਤਹਾਂ ਬੈਪਾਰੀ ਆਯੋ।। ਅਮਿਤ ਦਰਬ ਨਹਿ ਜਾਤ ਗਨਾਯੋ।।**
**ਜਵੱਤ੍ਰਿ ਜਾਇਫਰ ਉਸਟੈ ਭਰੇ।। ਲੌਂਗ ਲਾਯਚੀ ਕਵਨ ਉਚਰੇ।। ੩।।**

ਇਕ ਦਿਨ ਉਥੇ ਅਪਾਰ ਧਨ ਵਾਲਾ ਇਕ ਵਪਾਰੀ ਆਇਆ। ਜਾਵਿਤਰੀ, ਜਾਫਲ, ਲੌਂਗ, ਇਲਾਇਚੀ, ਦੇ ਉਸ ਊਠ ਲੱਦੇ ਹੋਏ ਸਨ। ਇਹ ਸਭ ਕੁਝ ਕਿੰਨੀ ਮਾਤਰਾ ਵਿਚ ਸੀ ਇਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ।।੩।।

**ਉਤਰਤ ਧਾਮ ਤਵਨ ਕੇ ਭਯੋ।। ਮਿਲਬੋ ਕਾਜ ਸ਼ਾਹ ਸੰਗ ਗਯੋ।।**
**ਦੁਹਿਤ ਘਾਤ ਤਵਨ ਕੀ ਪਾਈ।। ਸਕਲ ਦਰਬੁ ਤਿਹ ਲਿਯੋ ਚੁਰਾਈ।। ੪।।**

ਉਹ ਸ਼ਾਹ ਨੂੰ ਮਿਲਣ ਲਈ ਸੁਕਚਮਤੀ ਦੇ ਪਿਤਾ ਦੇ ਘਰ ਹੀ ਠਹਿਰਿਆ। ਸੁਕਚਮਤੀ ਨੇ ਮੌਕਾ ਪਾ ਕੇ ਉਸ ਦਾ ਸਾਰਾ ਮਾਲ ਧਨ ਚੋਰੀ ਕਰ ਲਿਆ।।੪।।

**ਮਾਤ੍ਰਾ ਗ੍ਰਿਹਿ ਕੀ ਸਕਲ ਨਿਕਾਰਿ।।ਦਈ ਬਹੁਰਿ ਤਹ ਆਗਿ ਪ੍ਰਜਾਰ।।**
**ਰੋਵਤ ਸੁਤਾ ਪਿਤਾ ਪਹਿ ਆਈ।। ਜਰਜੋ ਧਾਮ ਕਹਿ ਤਾਂਹਿ ਸੁਨਾਈ।। ੫।।**

ਫਿਰ ਉਸ ਘਰ ਦਾ ਸਾਰਾ ਮਾਲ ਧਨ ਬਾਹਰ ਕੱਢ ਕੇ, ਘਰ ਨੂੰ ਅੱਗ ਲਾ ਦਿੱਤੀ। ਫਿਰ ਉਹ ਰੋਂਦੀ ਹੋਈ ਪਿਤਾ ਦੇ ਕੋਲ ਆਈ ਅਤੇ ਉਸ ਨੂੰ ਦੱਸਿਆ ਕਿ ਸਾਰਾ ਘਰ ਸੜ ਗਿਆ ਹੈ।।੫।।

**ਸੁਨ ਤ੍ਰਿਯ ਬਚਨ ਸ਼ਾਹ ਦ੍ਵੈ ਧਾਏ।। ਘਰ ਕੋ ਮਾਲ ਨਿਕਾਸਨ ਆਏ।।**
**ਆਗੇ ਆਇ ਨਿਹਾਰੈਂ ਕਹਾਂ।। ਨਿਰਖਾ ਢੇਰ ਭਸਮ ਕਾ ਤਹਾਂ।। ੬।।**

ਉਸ ਲੜਕੀ ਦੀ ਗੱਲ ਸੁਣ ਕੇ ਦੋਵੇਂ ਸ਼ਾਹ ਭੱਜੇ ਆਏ ਅਤੇ ਘਰ ਦਾ ਮਾਲ ਕੱਢਣ ਦਾ ਯਤਨ ਕਰਨ ਲੱਗੇ। ਪਰ ਜਦ ਇਨ੍ਹਾਂ ਅਗੇ ਹੋ ਕੇ ਵੇਖਿਆ ਤਾਂ ਸਾਰਾ ਘਰ ਸਵਾਹ ਦਾ ਢੇਰ ਬਣ ਗਿਆ ਸੀ।।੬।।

*******************************************************************

**ਬਹੁਰਿ ਸੁਤਾ ਇਮਿ ਬਚਨ ਉਚਾਰੇ।। ਯਹੈ ਪਿਤਾ ਦੁਖ ਹ੍ਰਿਦੈ ਹਮਾਰੇ।।**
**ਆਪਨਿ ਗਏ ਕਾ ਸ਼ੋਕ ਨ ਆਵਾ।। ਯਾਕੋ ਲਗਤ ਹਮੈਂ ਪਛਤਾਵਾ।। ੭।।**

ਫਿਰ ਪੁੱਤਰੀ ਨੇ ਕਿਹਾ ਕਿ ਹੇ ਪਿਤਾ ਜੀ! ਮੈਨੂੰ ਆਪਣਾ ਮਾਲ ਜਾਣ ਦਾ ਕੋਈ ਦੁਖ ਨਹੀਂ, ਪਰ ਏਨਾਂ ਦੇ ਮਾਲ ਜੋ ਨੁਕਸਾਨ ਹੋਇਆ ਹੈ ਉਸ ਦਾ ਮੈਨੂੰ ਬਹੁਤ ਦੁਖ ਅਤੇ ਪਛਤਾਵਾ ਹੈ।।੭।।

**ਪੁਨਿ ਸੁਤ ਕੌ ਅਸ ਸ਼ਾਹ ਉਚਾਰੇ।। ਸੋਈ ਭਯੋ ਜੁ ਲਿਖਯੋ ਹਮਾਰੇ।।**
**ਤੁਮ ਯਾਕੋ ਕਛੁ ਸ਼ੋਕ ਕਰਹੁ ਜਿਨ।। ਦੈਹੋ ਦਰਬੁ ਜਰਯੋ ਜਿਤਨੋ ਇਨ।। ੮।।**

ਸ਼ਾਹ ਨੇ ਪੁੱਤਰੀ ਨੂੰ ਕਿਹਾ ਜੋ ਹੋਇਆ ਹੈ ਸਾਡੇ ਭਾਗਾਂ ਵਿਚ ਲਿਖਿਆ ਸੀ। ਤੂੰ ਇਸ ਬਾਰੇ ਦੁਖੀ ਨ ਹੋ। ਜਿਸ ਪ੍ਰਭੂ ਨੇ ਇਹ ਧਨ ਸਾੜਿਆ ਹੈ, ਉਹੀ ਵਾਪਿਸ ਇਹ ਧਨ ਫਿਰ ਦੇਵੇਗਾ।।੮।।

**ਭੇਦ ਅਭੇਵ ਨਾ ਕਛੁ ਜੜ੍ਹ ਪਾਯੋ।। ਮੂੰਡ ਮੁੰਡਾਇ ਬਹੁਰਿ ਘਰ ਆਯੋ।।**
**ਕਰਮ ਰੇਖ ਅਪਨੀ ਪਹਿਚਾਨੀ।। ਤ੍ਰਿਯ ਚਰਿੱਤ੍ਰ ਕੀ ਰੀਤਿ ਨ ਜਾਨੀ।। ੯।।**

ਮੂਰਖ ਨੇ ਅਸਲ ਰਹਿਸ ਨੂੰ ਨ ਸਮਝਿਆ ਅਤੇ ਆਪਣੇ ਆਪ ਨੂੰ ਠਗਵਾ ਕੇ ਵਾਪਸ ਘਰ ਆ ਗਿਆ। ਉਸ ਨੇ ਇਸ ਨੂੰ ਆਪਣਾ ਭਾਗ ਹੀ ਸਮਝਿਆ ਅਤੇ ਇਸਤਰੀ ਦੇ ਚਲਿੱਤਰ ਨੂੰ ਨ ਪਹਿਚਾਣ ਸਕਿਆ।।੯।।

**ਸ਼ਾਹੁ ਸੁਤਾ ਇਹ ਛਲ ਧਨ ਹਰਾ।। ਭੇਦ ਨ ਤਾਕੇ ਪਿਤੈਂ ਬਿਚਰਾ।।**
**ਸਜਾਨਾ ਹੁਤੋ ਭੇਦ ਨਹਿ ਪਾਯੋ।। ਬਿਨੁ ਲਾਗੇ ਜਲ ਮੂੰਡ ਮੂੰਡਾਯੋ।। ੧੦।। ੧।।**

ਸ਼ਾਹ ਦੀ ਪੁੱਤਰੀ ਨੇ ਇਸ ਛੱਲ ਨਾਲ ਧਨ ਚੁਰਾ ਲਿਆ ਅਤੇ ਇਸ ਭੇਤ ਨੂੰ ਉਸ ਦਾ ਪਿਤਾ ਵੀ ਨ ਸਮਝ ਸਕਿਆ। ਸਿਆਣਾ ਹੋਣ ਦੇ ਬਾਵਜੂਦ ਵੀ ਉਸ ਭੇਤ ਨਹੀਂ ਸਮਝਿਆ ਅਤੇ ਬਿਨਾਂ ਪਾਣੀ ਲਾਉਣ ਤੋਂ ਹੀ ਸਿਰ ਮੁੰਨਵਾ ਲਿਆ ਭਾਵ ਠਗਿਆ ਗਿਆ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਬੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੬।।੬੧੭੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਭੂਪ ਵਾਰਤਾਲਾਪ, ਤਿੰਨ ਸੌ ਛਬੀਵੀਂ ਕਥਾ ਸਮਾਪਤ।।੩੨੬।।੬੧੭੧।।ਚਲਦਾ।।

## *ਚਲਿੱਤਰ ਤਿੰਨ ਸੌ ਸਤਾਈਵਾਂ*

## *ਕਥਾ ਅਚਲ ਮਤੀ*

**ਚੌਪਈ।। ਅਚਲਾ ਵਤੀ ਨਗਰ ਇਕ ਸੋਹੈ।। ਅਚਲ ਸੈਨ ਰਾਜਾ ਤਹ ਕੋਹੈ।।**

**ਅਚਲ ਦੇਇ ਤਾਕੇ ਘਰ ਰਾਨੀ॥ ਸੁੰਦਰਿ ਭਵਨ ਚਤ੍ਰਦਸ ਜਾਨੀ॥ ੧॥**

ਅਚਲਾ ਵਤੀ ਨਗਰ ਵਿਚ ਅਚਲ ਸੈਨ ਨਾਮੀਂ ਇਕ ਰਾਜਾ ਰਾਜ ਕਰਦਾ ਸੀ। ਉਸ ਦੀ ਰਾਣੀ ਦਾ ਨਾਂ ਅਚਲ ਦੇਵੀ ਸੀ ਜਿਹੜੀ ਕਿ ਚੌਂਦਾਂ ਭਵਨਾਂ ਵਿਚ ਸੁੰਦਰ ਸਮਝੀ ਜਾਂਦੀ ਸੀ॥੧॥

**ਅਚਲ ਮਤੀ ਦੂਸਰ ਤਿਹ ਦਾਰਾ॥ ਤਾਤੇ ਸੁੰਦਰਿ ਹੁਤੀ ਅਪਾਰਾ॥**
**ਤਾਸੌ ਨ੍ਰਿਪ ਕੋ ਨੇਹ ਅਪਾਰਾ॥ ਜਾਨਤ ਊਚ ਨੀਚ ਤਿਹ ਪਜਾਰਾ॥ ੨॥**

ਪਦ ਅਰਥ - ਦੂਸਰ ਤਿਹ ਦਾਰਾ=ਉਸ ਦੀ ਦੂਸਰੀ ਵਹੁਟੀ ਸੀ। ਨੇਹ ਅਪਾਰਾ=ਬਹੁਤ ਪਿਆਰ ਸੀ।

ਅਚਲ ਮਤੀ ਨਾਮੀਂ ਉਸਦੀ ਦੂਸਰੀ ਇਸਤਰੀ ਸੀ, ਜਿਹੜੀ ਕਿ ਅਪਾਰ ਸੁੰਦਰ ਸੀ। ਰਾਜਾ ਉਸਨੂੰ ਬਹੁਤ ਪਿਆਸ ਕਰਦਾ ਸੀ ਅਤੇ ਉਸ ਦੇ ਪਿਆਰ ਰਾਹੀਂ ਹੀ ਉਹ ਊਚ ਨੀਚ ਦੀ ਪਹਿਚਾਣ ਕਰਿਆ ਕਰਦਾ ਸੀ॥੨॥

**ਦੁਤਿਯ ਨਾਰਿ ਅਸ ਚਰਿਤ ਬਿਚਾਰਜੋ॥ ਏਕ ਨਾਰਿ ਕੇ ਸਾਥ ਸਿਖਾਰਜੋ॥**
**ਤਾਕੋ ਭਰਜੋ ਦਰਬ ਸੌ ਧਾਮਾ॥ ਜਾਨਤ ਅਵਰ ਨ ਦੂਜੀ ਬਾਮਾ॥ ੩॥**

ਦੂਸਰੀ ਇਸਤਰੀ ਨੇ ਇਕ ਚਲਿੱਤਰ ਕਰਨ ਦਾ ਵਿਚਾਰ ਕੀਤਾ। ਉਸ ਇਕ ਇਸਤਰੀ ਨੂੰ ਬੁਲਾ ਕੇ ਸਿਖਾਇਆ। ਉਸ ਦਾ ਘਰ ਧਨ ਨਾਲ ਭਰ ਦਿੱਤਾ ਅਤੇ ਪਹਿਲੀ ਇਸਤਰੀ ਨੂੰ ਪਤਾ ਵੀ ਨ ਲੱਗਾ॥੩॥

**ਜਬ ਸਭ ਅਰਧ ਰਾਤ੍ਰਿ ਸ੍ਵੈ ਜਾਂਹਿ॥ ਜਾਗਤ ਰਹੈ ਏਕ ਜਨ ਨਾਹਿ॥**
**ਦੀਪ ਜਰਜੋ ਧੌਲਰ ਜਬ ਲਹਿਯਹੁ॥ ਤਬ ਤੁਮ ਅਸ ਰਾਜਾ ਸੌ ਕਹਿਯਹੁ॥ ੪॥**

ਪਦ ਅਰਥ - ਅਸ ਰਾਜਾ ਸੌ ਕਹਿਯਹੁ=ਰਾਜੇ ਨੂੰ ਇਸ ਤਰ੍ਹਾਂ ਕਹਿਣਾ।

ਉਸ ਰਾਣੀ ਨੇ ਇਸਤਰੀ ਨੂੰ ਸਿਖਾਇਆ ਸੀ ਜਦ ਸਾਰੇ ਅੱਧੀ ਰਾਤ ਨੂੰ ਸੌਂ ਜਾਣ ਅਤੇ ਕੋਈ ਜਾਗਦਾ ਹੋਇਆ ਨ ਹੋਵੇ: ਅਤੇ ਜਦੋਂ ਤੂੰ ਮਹਲ ਉਤੇ ਜਗਦਾ ਹੋਇਆ ਦੀਵਾ ਵੇਖੇਂ ਤਾਂ ਰਾਜੇ ਨੂੰ ਇਸ ਪ੍ਰਕਾਰ ਕਹਿਣਾ॥੪॥

**ਮਾਯਾ ਗਡੀ ਮੋਹਿ ਨ੍ਰਿਪ ਜਾਨੋ॥ ਏਕ ਬਾਤ ਮੈਂ ਤੁਮੈਂ ਬਖਾਨੋ॥**
**ਅਛਲਾ ਦੇ ਤ੍ਰਿਯ ਕੌ ਬਲਿ ਦੈਕੈ॥ ਗ੍ਰਿਹ ਲੈ ਜਾਂਹਿ ਕਾਢਿ ਮੁਹਿ ਲੈਕੈ॥ ੫॥**

'ਹੇ ਰਾਜਨ ! ਤੁਸੀਂ ਮੈਨੂੰ ਮਾਇਆ ਦੀ ਦੇਵੀ ਸਮਝੋ। ਮੈਂ ਤੁਹਾਨੂੰ ਇਕ ਗੱਲ ਦੱਸਦੀ ਹਾਂ, ਤੁਸੀਂ ਆਪਣੀ ਪਹਿਲੀ ਰਾਣੀ ਅਛਲਾ ਦੇਵੀ ਦੀ ਬਲੀ ਦੇ ਕੇ, ਮੈਨੂੰ ਨਾਲ ਲੈ ਕੇ, ਧਨ ਕੱਢ ਕੇ ਲੈ ਆਵੋ॥੫॥

************************************************************

ਅਛਲਾ ਦੇ ਜਬ ਹੀ ਸੁਨਿ ਪਾਯੋ॥ ਉਲਟਿ ਭੇਦ ਤਿਹ ਤ੍ਰਿਯਹਿ ਸਿਖਾਯੋ॥
ਏਕ ਬਾਤ ਮਾਂਗੋ ਮੁਹਿ ਦੇਹੁ॥ ਨ੍ਰਿਪ ਪਹਿ ਨਾਮ ਤਿਸੀ ਕਾ ਲੇਹੁ॥ ੬॥

ਅਛਲਾ ਦੇਵੀ ਨੇ ਜਦ ਇਹ ਸੁਣਿਆ ਤਾਂ ਉਸ ਇਸਤਰੀ ਨੂੰ ਬੁਲਾ ਕੇ ਉਲਟੀ ਗੱਲ ਹੀ ਸਮਝਾ ਦਿੱਤੀ। ਉਸ ਨੂੰ ਕਿਹਾ ਤੂੰ ਮੇਰੇ ਨਾਲ ਵਾਇਦਾ ਕਰ ਕਿ ਤੂੰ ਮੇਰੇ ਬਿਜਾਏ ਉਸ ਦਾ ਨਾਂ ਲਵੇਂਗੀ॥੬॥

ਪ੍ਰਥਮੈ ਅਧਿਕ ਦਰਬੁ ਤਿਹ ਦਿਯਾ॥ ਦੁਗਨੋ ਦਰਬ ਦੇਨ ਤਿਹ ਕਿਯਾ॥
ਤਿਨ ਸਹੇਟ ਉਤ ਦੀਪ ਜਗਾਯੋ॥ ਇਤਿ ਇਸਤ੍ਰੀ ਇਮਿ ਭਾਖਿ ਸੁਨਾਯੋ॥ ੭॥

ਪਦ ਅਰਥ - ਸਹੇਟ=ਦੱਸੀ ਹੋਈ ਥਾਂ ਤੇ। ਭਾਖ ਸੁਨਾਯੋ=ਕਹਿ ਕੇ ਸੁਣਾਇਆ।

ਪਹਿਲੀ ਨੇ ਉਸ ਨੂੰ ਕਾਫੀ ਧਨ ਦਿੱਤਾ ਸੀ, ਪਰ ਉਸ ਉਸ ਨੂੰ ਦੂਣਾਂ ਧਨ ਦੇ ਦਿੱਤਾ। ਉਸ ਇਸਤਰੀ ਨੇ ਮਿਥੇ ਹੋਏ ਥਾਂ ਤੇ ਦੀਵਾ ਜਗਾਇਆ ਅਤੇ ਇਧਰ ਇਸਤਰੀ ਨੇ ਉੱਚੀ ਦਿੱਤੀ ਇਸ ਤਰ੍ਹਾਂ ਕਿਹਾ॥੭॥

ਹੇ ਨ੍ਰਿਪ ਮੁਹਿ ਮਾਯਾ ਤੁਮ ਜਾਨੋ॥ ਬਿਕਟ ਕੇਤਕੀ ਗਡੀ ਪਛਾਨੋ॥
ਅਪਨੀ ਇਸਤ੍ਰੀ ਕਹ ਬਲਿ ਦੈ ਕੈ॥ ਯਾਤੇ ਭਖਹੁ ਕਾਢਿ ਧਨ ਲੈ ਕੈ॥ ੮॥

"ਹੇ ਰਾਜਨ ਤੁਸੀਂ ਮੈਨੂੰ ਲਛਮੀ ਸਮਝੋ, ਜਿਹੜੀ ਕਿ ਇਕ ਖਾਸ ਥਾਂ ਤੇ ਦੱਬੀ ਹੋਈ ਹੈ। ਤੁਸੀਂ ਆਪਣੀ ਇਸਤਰੀ ਦੀ ਬਲੀ ਦੇ ਕੇ ਉਸ ਧਨ ਨੂੰ ਕੱਢ ਕੇ ਇਸਤੇਮਾਲ ਕਰੋ"॥੮॥

ਰਾਨੀ ਸਾਥ ਜਹਾਂ ਨ੍ਰਿਪ ਸੋਯੋ॥ ਅਰਧਿਕ ਰਾਤ੍ਰਿ ਬਚਨ ਤਹ ਹੋਯੋ॥
ਮੁਹਿ ਮਾਯਾ ਕੌਂ ਘਰ ਹੀ ਰਾਖਹੁ॥ ਇਸਤ੍ਰੀ ਦੈ ਅਪਨੀ ਬਲਿ ਭਾਖਹੁ॥ ੯॥

ਪਦ ਅਰਥ - ਅਰਧਿਕ ਰਾਤ੍ਰਿ=ਅੱਧੀ ਰਾਤ। ਬਲਿ ਭਾਖਹੁ=ਬਲੀਦਾਨ ਕਰੋ।

ਜਦ ਰਾਜਾ ਰਾਣੀ ਨਾਲ ਸੌਂ ਗਿਆ ਤਾਂ ਅੱਧੀ ਰਾਤ ਬਾਅਦ ਫਿਰ ਉਹ ਆਵਾਜ਼ ਆਈ। ਮੈਨੂੰ ਮਾਇਆ ਨੂੰ ਆਪਣੇ ਘਰ ਵਿਚ ਹੀ ਰਖੋ ਅਤੇ ਆਪਣੀ ਇਸਤਰੀ ਦਾ ਬਲੀਦਾਨ ਦੇ ਕੇ ਮੈਨੂੰ ਪ੍ਰਾਪਤ ਕਰੋ॥੯॥

ਜਿਨ ਇਸਤ੍ਰੀ ਇਹ ਚਰਿਤ ਬਨਾਯੋ॥ ਤਾਹੀ ਕੋ ਨ੍ਰਿਪ ਨਾਮ ਸੁਨਾਯੋ॥
ਰਾਜਾ ਲੋਭ ਦਰਬ ਕੇ ਮਾਰੇ॥ ਤਿਸੀ ਨਾਰਿ ਕਹ ਬਲਿ ਦੈ ਡਾਰੇ॥ ੧੦॥

ਜਿਸ ਇਸਤਰੀ ਨੇ ਇਹ ਚਲਿੱਤਰ ਰਚਿਆ ਸੀ, ਰਾਜੇ ਨੂੰ ਉਸੇ ਦਾ ਨਾਂ ਕਹਿ ਸੁਣਾਇਆ। ਰਾਜੇ ਨੇ ਧਨ ਦੇ ਲਾਲਚ ਵਿਚ ਉਸੇ ਇਸਤਰੀ ਦੀ ਹੀ ਬਲੀ ਦੇ ਦਿੱਤੀ॥੧੦॥

**ਜਿਨਹੁ ਨਾਰਿ ਕੌ ਮਤੋ ਸਿਖਾਯੋ।। ਪਲਟਿ ਕਾਮ ਤਾਹੀ ਕੇ ਆਯੋ।।**
**ਉਨ ਤ੍ਰਿਯ ਦਰਬ ਤਾਂਹਿ ਬਹੁ ਦਜਾਇ।। ਨਾਰਿ ਤਿਸੀ ਕੌ ਹਨਜੈ ਬਨਾਇ।। ੧੧।।**

ਜਿਸ ਇਸਤਰੀ ਨੇ ਇਹ ਚਲਿੱਤਰ ਉਸ ਨੂੰ ਸਿਖਾਇਆ ਸੀ, ਉਹ ਚਲਿੱਤਰ ਉਸ ਇਸਤਰੀ ਉਤੇ ਹੀ ਵਰ੍ਹ ਗਿਆ। ਜਿਸ ਇਸਤਰੀ ਨੇ ਉਸ ਨੂੰ ਬਹੁਤ ਧਨ ਦੁਆਇਆ, ਉਸ ਨੇ ਉਸੇ ਨੂੰ ਮਾਰ ਦਿੱਤਾ।।੧੧।।

**ਬੁਰੀ ਬਾਤ ਜੋ ਕੋਈ ਬਨਾਵੈ।। ਉਲਟਿ ਕਾਮ ਤਾਹੀ ਕੇ ਆਵੈ।।**
**ਜੈਸਾ ਕਿਯੋ ਤੈਸ ਫਲ ਪਾਯੋ।। ਤਾਂਹਿ ਹਨਤ ਥੀ ਆਪੁ ਹਨਾਯੋ।। ੧੨।। ੧।।**

ਜਿਹੜਾ ਕੋਈ ਬੁਰਾ ਕੰਮ ਕਰਦਾ ਹੈ, ਉਹ ਉਲਟ ਕੇ ਉਸ ਤੇ ਲਾਗੂ ਹੋ ਜਾਂਦਾ ਹੈ। ਉਸ ਜਿਸ ਤਰ੍ਹਾਂ ਕੀਤਾ ਸੀ, ਉਸ ਤਰ੍ਹਾਂ ਦਾ ਹੀ ਫਲ ਪਾ ਲਿਆ। ਉਹ ਦੂਸਰੀ ਨੂੰ ਮਾਰ ਰਹੀ ਸੀ, ਪਰ ਆਪ ਹੀ ਮਾਰੀ ਗਈ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਈ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੭।।੬੧੧੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ,-ਤਿੰਨ ਸੌ ਸਤਾਈਵੀਂ ਕਥਾ ਸਮਾਪਤ।।੩੨੭।।੬੧੧੩।।ਚਲਦਾ।।

## ਚਲਿੱਤਰ ਤਿੰਨ ਸੌ ਅਠਾਈਵਾਂ

## ਕਥਾ ਪੀਰ ਕੁਤਬ ਸ਼ਾਹ

**ਚੌਪਈ।। ਥੰਭਕਰਨ ਇਕ ਥੰਭ੍ਰ ਦੇਖ ਨ੍ਰਿਪ।। ਸਿੱਖਜ ਸਾਧੁ ਕੋ ਦੁਸ਼ਟਨ ਕੋ ਰਿਪੁ।।**
**ਤਾਕੇ ਸ੍ਵਾਨ ਏਕ ਥੋ ਆਛਾ।। ਸੁੰਦਰ ਘਨੋ ਸਿੰਘ ਸੋ ਕਾਛਾ।। ੧।।**

ਪਦ ਅਰਥ - ਰਿਪੁ=ਵੈਰੀ। ਸ੍ਵਾਨ=ਕੁੱਤਾ। ਆਛਾ=ਚੰਗਾ। ਸਿੰਘ=ਸ਼ੇਰ।

ਥੰਭਰ ਦੇਸ਼ ਦਾ ਰਾਜਾ ਥੰਭਕਰਣ ਸਾਧੂਆਂ ਸੰਤਾਂ ਦਾ ਮਿੱਤਰ ਅਤੇ ਦੁਸ਼ਟਾਂ ਦਾ ਵੈਰੀ ਸੀ। ਉਸ ਦੇ ਘਰ ਇਕ ਬਹੁਤ ਹੀ ਚੰਗਾ ਕੁੱਤਾ ਸੀ, ਜਿਹੜਾ ਕਿ ਬੜਾ ਸੁੰਦਰ ਅਤੇ ਸ਼ੇਰ ਨਾਲੋਂ ਵੀ ਬਹਾਦਰ ਸੀ।। ੧।।

**ਇਕ ਦਿਨ ਧਾਮ ਨ੍ਰਿਪਤਿ ਕੇ ਆਯੋ।। ਪਾਹਨ ਹਨਿ ਤਿਹ ਤਾਹਿ ਹਟਾਯੋ।।**
**ਤ੍ਰਿਯ ਕੀ ਹੁਤੀ ਸ੍ਵਾਨ ਸੌ ਪ੍ਰੀਤਾ।। ਪਾਹਨ ਲਗੇ ਭਯੋ ਦੁਖ ਚੀਤਾ।। ੨।।**

ਇਕ ਦਿਨ ਉਹ ਰਾਜੇ ਦੇ ਘਰ ਆਇਆ, ਜਿਸ ਨੂੰ ਉਸ ਪੱਥਰ ਮਾਰ ਕੇ ਭੱਜਾ ਦਿੱਤਾ।

Namdhari Elibrary NamdhariElibrary@gmail.com

ਦੁਖ ਹੋਇਆ।।੨।।

**ਪਾਹਨ ਲਗੇ ਸ੍ਵਾਨ ਮਰਿ ਗਯੋ।। ਰਾਨੀ ਦੋਸ਼ ਨ੍ਰਿਪਤਿ ਕਹ ਦਯੋ।।**
**ਮਰਜੋ ਸ੍ਵਾਨ ਭਜੋ ਕਹਾਂ ਉਚਾਰਾ।। ਐਸੇ ਹਮਰੇ ਪਰੈ ਹਜਾਰਾ।। ੩।।**

ਪੱਥਰ ਲੱਗਣ ਨਾਲ ਕੁੱਤਾ ਮਰ ਗਿਆ ਅਤੇ ਰਾਣੀ ਨੇ ਇਸ ਦਾ ਦੋਸ਼ ਰਾਜੇ ਸਿਰ ਮੜਿਆ। ਕੁੱਤਾ ਮਰ ਜਾਣ ਤੇ ਰਾਜੇ ਨੇ ਕਿਹਾ ਕਿ ਇਹੋ ਜਹੇ ਸਾਡੇ ਪਾਸ ਹਜ਼ਾਰਾਂ ਕੁੱਤੇ ਹੋਰ ਹਨ।।੩।।

**ਅਬ ਤੈਂ ਯਾਕੌ ਪੀਰ ਪਛਾਨਾ।। ਤਾਕੋ ਭਾਂਤਿ ਪੂਜਿ ਹੈ ਨਾਨਾ।।**
**ਕਹਿਯੋ ਸਹੀ ਤਬ ਯਾਹਿ ਪੁਜਾਊਂ।। ਭਲੇ ਭਲੇ ਤੇ ਨੀਰ ਭਰਾਊਂ।। ੪।।**

ਰਾਜੇ ਨੇ ਕਿਹਾ ਕਿ ਤੂੰ ਤਾਂ ਇਸ ਨੂੰ ਹੀ ਪੀਰ ਮੰਨ ਲਿਆ ਹੈ ਅਤੇ ਲੱਗਦਾ ਹੈ ਤੂੰ ਭਲੀ ਪ੍ਰਕਾਰ ਇਸ ਦੀ ਪੂਜਾ ਕਰੇਂਗੀ। ਰਾਣੀ ਨੇ ਕਿਹਾ ਠੀਕ ਹੈ ਮੈਂ ਲੋਕਾਂ ਪਾਸੋਂ ਏਸੇ ਦੀ ਪੂਜਾ ਕਰਾਵਾਂਗੀ ਅਤੇ ਚੰਗੇ ਚੰਗੇ ਲੋਕਾਂ ਪਾਸੋਂ ਇਥੇ ਪਾਣੀ ਭਰਾਵਾਂਗੀ।।੪।।

**ਕੁਤਬ ਸ਼ਾਹ ਰਾਖਾ ਤਿਹ ਨਾਮਾ।। ਤਹੀਂ ਖੋਦਿ ਭੂਅ ਗਾਡਜੋ ਬਾਮਾ।।**
**ਤਾਂ ਕੀ ਗੋਰ ਬਣਾਈ ਐਸੀ।। ਕਿਸੀ ਪੀਰ ਕੀ ਹੋਇ ਨ ਜੈਸੀ।। ੫।।**

ਉਸ ਇਸਤਰੀ ਨੇ ਉਸ ਦਾ ਨਾਂ ਕੁਤਬਸ਼ਾਹ ਰੱਖ ਦਿੱਤਾ ਅਤੇ ਜ਼ਮੀਨ ਪੁੱਟ ਕੇ ਉਸ ਨੂੰ ਦਬਾ ਦਿੱਤਾ। ਫਿਰ ਉਸ ਦੀ ਏਨੀ ਵਧੀਆ ਕਬਰ ਬਣਾਈ ਜਿਹੜੀ ਕਿ ਕਿਸੇ ਪੀਰ ਦੀ ਵੀ ਨਹੀਂ ਸੀ।।੫।।

**ਇਕ ਦਿਨ ਆਪੁ ਤਹਾਂ ਤ੍ਰਿਯ ਗਈ।। ਸਿਰਨੀ ਕਛੂ ਚੜ੍ਹਾਵਤ ਭਈ।।**
**ਮੰਨਤਿ ਮੋਰਿ ਕਹੀ ਬਰ ਆਈ।। ਸੁਪਨਾ ਦਿਯੋ ਪੀਰ ਸੁਖਦਾਈ।। ੬।।**

*ਪਦ ਅਰਥ* – ਸਿਰਨੀ=ਸ਼ੀਰਨੀ। ਮੰਨਤਿ ਬਰ ਆਈ=ਮੁਰਾਦ ਪੂਰੀ ਹੋਈ। ਸੁਪਨਾ ਦਿਯੋ=ਸੁਪਨੇ ਵਿਚ ਆਇਆ।

ਉਹ ਇਸਤਰੀ ਇਕ ਦਿਨ ਖੁਦ ਉਸ ਦੀ ਕ਼ਬਰ ਤੇ ਗਈ ਅਤੇ ਕੁਝ ਪ੍ਰਸ਼ਾਦ ਕ਼ਬਰ ਤੇ ਚੜ੍ਹਾਇਆ । ਉਸ ਕਿਹਾ ਕਿ ਸੁਪਨੇ ਵਿਚ ਪੀਰ ਕੁਤਬ ਸ਼ਾਹ ਨੇ ਮੈਨੂੰ ਦਰਸ਼ਨ ਦਿੱਤੇ ਹਨ ਅਤੇ ਮੇਰੀ ਮੁਰਾਦ ਪੂਰੀ ਹੋ ਗਈ ਹੈ।।੬।।

**ਮੋਹਿ ਸੋਵਤੇਂ ਪੀਰ ਜਗਾਯੋ।। ਆਪੁ ਆਪਨੀ ਕਬੁਰ ਬਤਾਯੋ।।**
**ਤਾਂਤੇ ਮੈਂ ਇਹ ਠੌਰ ਪਛਾਨੀ।। ਜਬ ਹਮਰੀ ਮਨਸਾ ਬਰ ਆਨੀ।। ੭।।**

ਪੀਰ ਨੇ ਮੈਨੂੰ ਸੁੱਤੀ ਪਈ ਨੂੰ ਜਗਾਇਆ ਅਤੇ ਆਪਣੀ ਕਬਰ ਖੁਦ ਵਿਖਾਈ ਹੈ। ਮੇਰੀ

ਮੁਰਾਦ ਪੂਰੀ ਹੋ ਗਈ ਹੈ ਅਤੇ ਇਹ ਜਗਾ ਮੈਂ ਪਹਿਚਾਣ ਲਈ ਹੈ॥੭॥

**ਇਹ ਬਿਧਿ ਜਬ ਪੁਰ ਮੈ ਸੁਨਿ ਪਾਯੋ॥ ਜਜਾਰਤਿ ਸਕਲ ਲੋਗ ਮਿਲਿ ਆਯੋ॥**
**ਭਾਂਤਿ ਭਾਂਤਿ ਸੀਰਨੀ ਚੜ੍ਹਾਵੈਂ॥ ਚੂੰਬਿ ਕਬੁਰ ਕੂਕਰ ਕੀ ਜਾਵੈਂ॥ ੮॥**

ਜਦ ਨਗਰ ਦੇ ਲੋਕਾਂ ਨੇ ਇਹ ਸੁਣਿਆ ਤਾਂ ਸਾਰੇ ਲੋਕ ਉਥੇ ਪੂਜਾ ਕਰਨ ਵਾਸਤੇ ਆ ਪਹੁੰਚੇ। ਭਿੰਨ ਭਿੰਨ ਪ੍ਰਕਾਰ ਦੇ ਪ੍ਰਸ਼ਾਦ ਚੜ੍ਹਾਉਣ ਲੱਗੇ ਅਤੇ ਕੁੱਤੇ ਦੀ ਕਬਰ ਨੂੰ ਚੁੰਮ ਚੁੰਮ ਕੇ ਜਾਣ ਲੱਗੇ॥੮॥

**ਕਾਜੀ ਸ਼ੇਖ ਸੈਯਦ ਤਹ ਆਵੈਂ॥ ਪੜ੍ਹਿ ਫਾਤਜਾ ਸੀਰਨੀ ਬਟਾਵੈਂ॥**
**ਧੂਰਿ ਸਮਸ ਝਾਰੂਅਨ ਉਡਾਹੀ॥ ਚੂੰਮਿ ਕਬੁਰ ਕੂਕਰ ਕੀ ਜਾਹੀ॥ ੯॥**

ਉਥੇ ਕਾਜ਼ੀ, ਸਯਦ ਅਤੇ ਸ਼ੇਖ ਆਉਂਦੇ ਸਨ ਅਤੇ ਫਾਤਿਆ ਪੜ੍ਹਕੇ ਬਹਾਰੀ ਕਰਦੇ ਅਤੇ ਕੁੱਤੇ ਦੀ ਕਬਰ ਨੂੰ ਚੁੰਮ ਚੁੰਮ ਕੇ ਜਾਂਦੇ ਸੀ॥੯॥

**ਦੋਹਰਾ॥ ਇਹ ਛਲ ਅਪਨੈ ਸ੍ਵਾਨ ਕੋ ਚਰਿਤ ਦਿਖਾਯੋ ਬਾਮ॥**
**ਅਬ ਲਗਿ ਕਹ ਜਜਾਰਤਿ ਕਰੈਂ ਸ਼ਾਹੁ ਕੁਤਬ ਦੀ ਨਾਮ॥੧੦॥੧॥**

ਇਸ ਪ੍ਰਕਾਰ ਉਸ ਇਸਤਰੀ ਨੇ ਆਪਣੇ ਕੁੱਤੇ ਲਈ ਚਲਿੱਤਰ ਕੀਤਾ ਅਤੇ ਲੋਕ ਕੁਤਬਸ਼ਾਹ ਦੇ ਨਾਂ ਨਾਲ ਹੁਣ ਤਕ ਤੀਰਥ ਯਾਤਰਾ ਕਰਦੇ ਹਨ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੨੮॥੬੧੯੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਾਈਵੀਂ ਕਥਾ ਸਮਾਪਤ॥੩੨੮॥੬੧੯੩॥ਚਲਦਾ॥

## ਚਲਿੱਤਰ ਤਿੰਨ ਸੌ ਉਣੱਤੀਵਾਂ

## ਕਥਾ ਝੀਊਰੀ

**ਚੌਪਈ॥ ਬਿਜਿਯਾ ਵਤੀ ਨਗਰ ਇਕ ਸੋਹੈ॥ ਬ੍ਰਿਭ੍ਰਮ ਸੈਨ ਨ੍ਰਿਪਤਿ ਤਹ ਕੋਹੈ॥**
**ਬਜਾਘ੍ਰ ਮਤੀ ਤਾਕੇ ਘਰ ਦਾਰਾ॥ ਚੰਦ੍ਰ ਲਯੋ ਤਾਤੇ ਉਜਿਯਾਰਾ॥ ੧॥**

ਬਿਜੇਵਤੀ ਨਾਮੀਂ ਇਕ ਸੁੰਦਰ ਨਗਰੀ ਵਿਚ ਬ੍ਰਿਭਰਮ ਸੈਨ ਨਾਮੀਂ ਇਕ ਰਾਜਾ ਰਾਜ ਕਰਦਾ ਸੀ। ਉਸ ਦੀ ਇਸਤਰੀ ਦਾ ਨਾਂ ਬਿਆਘਰ ਮਤੀ ਸੀ, ਜਿਹੜੀ ਏਨੀ ਸੁੰਦਰ ਸੀ ਜਿਵੇਂ ਚੰਦ ਨੇ ਉਸ ਤੋਂ ਪ੍ਰਕਾਸ਼ ਲਿਆ ਹੋਵੇ॥੧॥

ਤਿਹ ਠਾਂ ਹੁਤੀ ਏਕ ਪਨਿਹਾਰੀ।। ਨ੍ਰਿਪ ਕੇ ਬਾਰ ਭਰਤ ਥੀ ਵਾਰੀ।।
ਤਿਹ ਕੰਚਨ ਕੇ ਭੂਖਨ ਲਹਿਕੈ।। ਡਾਰਿ ਦਏ ਘਟ ਮੈ ਕਰ ਗਹਿਕੈ।। ੨।।

ਉਥੇ ਇਕ ਝੀਊਰੀ ਰਹਿੰਦੀ ਸੀ, ਜਿਹੜੀ ਰਾਜੇ ਦੇ ਦਰਵਾਜ਼ੇ ਤੇ ਪਾਣੀ ਭਰਿਆ ਕਰਦੀ ਸੀ। ਇਕ ਦਿਨ ਉਸ ਉਥੇ ਸੋਨੇ ਦੇ ਗਹਿਣੇ ਵੇਖੇ ਅਤੇ ਫੜ ਕੇ ਆਪਣੇ ਘੜੇ ਵਿਚ ਪਾ ਲਏ।।੨।।

ਊਪਰ ਜਲ ਤਾਕੇ ਤਰ ਭੂਖਨ।। ਕਿਨੂੰ ਨ ਨਰ ਸਮਝਯੋ ਤਿਹ ਦੂਖਨ।।
ਬਹੁ ਪੁਰਖਨ ਤਾਕੋ ਜਲ ਪੀਆ।। ਕਿਨਹੂ ਜਾਨਿ ਭੇਦ ਨਹਿ ਲੀਆ।। ੩।।

ਉਪਰ ਪਾਣੀ ਸੀ ਅਤੇ ਥੱਲੇ ਗਹਿਣੇ ਸਨ, ਪਰ ਕੋਈ ਵੀ ਵਿਅਕਤੀ ਇਸ ਗੱਲ ਨੂੰ ਸਮਝ ਨ ਸਕਿਆ। ਬਹੁਤ ਸਾਰੇ ਲੋਕਾਂ ਨੇ ਉਸ ਪਾਸੋਂ ਪਾਣੀ ਪੀਤਾ ਪਰ ਉਸ ਭੇਤ ਨੂੰ ਨ ਜਾਣ ਸਕੇ।।੩।।

ਰਾਨੀਹੂੰ ਤਿਹ ਘਟਹਿ ਨਿਹਾਰਾ।। ਦ੍ਰਿਸ਼ਟਿ ਨ੍ਰਿਪਤਿ ਕੀ ਤਰ ਸੁ ਨਿਕਾਰਾ।।
ਕਾਹੂੰ ਬਾਤ ਲਖੀ ਨਹਿ ਗਈ।। ਭੂਖਨ ਜਾਤ ਨਾਰਿ ਹਰਿ ਭਈ।। ੪।। ੧।।

ਰਾਣੀ ਨੇ ਵੀ ਉਸ ਘੜੇ ਨੂੰ ਵੇਖਿਆ ਅਤੇ ਰਾਜੇ ਦੀ ਵੀ ਉਹ ਨਜ਼ਰ ਵਿਚੋਂ ਦੀ ਉਹ ਘੜਾ ਲੰਘ ਗਿਆ। ਕੋਈ ਵੀ ਉਨ੍ਹਾਂ ਗਹਿਣਿਆਂ ਨੂੰ ਵੇਖ ਨ ਸਕਿਆ ਅਤੇ ਇਸ ਤਰ੍ਹਾਂ ਉਹ ਇਸਤਰੀ ਗਹਿਣੇ ਚੁਰਾ ਕੇ ਲੈ ਗਈ।।੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੨੯।।੬੧੯੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਣੱਤੀਵੀਂ ਕਥਾ ਸਮਾਪਤ।।੩੨੯।।੬੧੯੭।।ਚਲਦਾ।।

## ਚਲਿੱਤਰ ਤਿੰਨ ਸੌ ਤੀਹਵਾਂ

## ਕਥਾ ਬਿਰਹਾ ਵਤੀ

ਚੌਪਈ।। ਬਿਰਹਾਵਤੀ ਨਗਰ ਇਕ ਦੱਛਿਨ।। ਬਿਰਹ ਸੈਨ ਤਹ ਨ੍ਰਿਪਤਿ ਬਿਚੱਛਨ।।
ਬਿਰਹਾ ਦੇਇ ਸਦਨ ਮਹਿ ਬਾਲਾ।। ਜਨੁ ਕਰਿ ਸਿਖਰ ਅਗਨਿ ਕੀ ਜ੍ਵਾਲਾ।। ੧।।

ਦਖਣ ਦੇ ਬਿਰਹਾਵਤੀ ਦੇਸ਼ ਵਿਚ ਇਕ ਬਿਰਹਾ ਸੈਨ ਨਾਮੀ ਸਮਝਦਾਰ ਰਾਜਾ ਰਹਿੰਦਾ ਸੀ। ਉਸ ਦੇ ਘਰ ਇਕ ਬਿਰਹਾ ਦੇਵੀ ਨਾਮੀਂ ਇਸਤਰੀ ਸੀ ਜਿਹੜੀ ਕਿ ਮਾਨੋਂ ਅੱਗਨੀ ਦੀ ਜਵਾਲਾ ਸਮਾਨ ਸੀ।।੧।।

ਇਸ਼ਕਾ ਦੇ ਤਿਹ ਸੁਤਾ ਭਨਿੱਜੈ।। ਚੰਦ ਸੂਰ ਜਿਹ ਸਮ ਛਬਿ ਦਿੱਜੈ।।

**ਅਵਰ ਨਾਰਿ ਤਿਹ ਸਮ ਨਹਿ ਕੋਈ॥ ਤ੍ਰਿਯ ਕੀ ਉਪਮਾ ਕਹ ਤ੍ਰਿਯ ਸੋਈ॥ ੨॥**

ਉਸ ਦੀ ਪੁੱਤਰੀ ਇਸ਼ਕ ਦੇਵੀ ਦੇ ਨਾਂ ਨਾਲ ਜਾਣੀ ਜਾਂਦੀ ਸੀ. ਜਿਸ ਦੀ ਉਪਮਾਂ ਚੰਦ ਸੂਰਜ ਨਾਲੋਂ ਵੀ ਵੱਧ ਸੀ। ਉਸ ਇਸਤਰੀ ਵਰਗੀ ਹੋਰ ਕੋਈ ਇਸਤਰੀ ਨਹੀਂ ਸੀ ਅਤੇ ਉਸ ਵਰਗੀ ਕੇਵਲ ਉਹ ਆਪ ਹੀ ਸੀ॥੨॥

**ਸੁੰਦਰਤਾ ਤਾਕੇ ਤਨ ਐਸੀ॥ ਸਚੀ ਪਾਰਬਤੀ ਹੋਇ ਨ ਤੈਸੀ॥**
**ਮਾਲਮ ਸਕਲ ਜਗਤ ਉਜਿਯਾਰੀ॥ ਜੱਛ ਗਾਂਧ੍ਰਬੀ ਭੀਤਰ ਪਜਾਰੀ॥ ੩॥**

ਪਦ ਅਰਥ - ਸਚੀ=ਸੱਚੀ, ਇੰਦਰ ਦੀ ਇਸਤਰੀ। ਪਾਰਬਤੀ=ਸ਼ਿਵਜੀ ਦੀ ਇਸਤਰੀ।

ਉਸ ਦੀ ਸ਼ਕਲ ਏਨੀ ਸੁੰਦਰ ਸੀ ਜਿੰਨੀ ਕਿ ਸ਼ੱਚੀ ਅਤੇ ਪਾਰਬਤੀ ਦੀ ਵੀ ਨਹੀਂ ਸੀ। ਉਹ ਸਾਰੇ ਜਹਾਨ ਦਾ ਪ੍ਰਕਾਸ਼ ਸੀ ਅਤੇ ਯੱਕ, ਗੰਧਰਬ ਆਦਿ ਸਭ ਵਿਚ ਪਿਆਰੀ ਸੀ॥੩॥

**ਕੰਚਨ ਸੈਨ ਦੈਤ ਤਹ ਭਾਰੋ॥ ਬੀਰਜਮਾਨ ਦੁਤਿਮਾਨ ਕਰਾਰੋ॥**
**ਨਿਹਕੰਟਕ ਅਸੁਰਾਨ ਕਰਜੋ ਜਿਨ॥ ਸਮੁਹਿ ਭਯੋ ਸੋ ਬਲੀ ਹਨਜੋ ਤਿਨ॥ ੪॥**

ਪਦ ਅਰਥ - ਸਮੁਹਿ ਭਯੋ=ਜਿਹੜਾ ਵੀ ਸਾਹਮਣੇ ਆਇਆ। ਹੰਨਜੋ ਤਿਨ=ਉਸ ਨੂੰ ਹੀ ਮਾਰ ਦਿੱਤਾ।

ਉਥੇ ਇਕ ਕੰਚਨ ਸੈਨ ਨਾਮੀਂ ਇਕ ਵੱਡਾ ਦੈਂਤ ਰਹਿੰਦਾ ਸੀ. ਜਿਹੜਾ ਕਿ ਬੜਾ ਬਲਵਾਨ ਅਤੇ ਸੁੰਦਰ ਸੀ। ਉਸ ਨੇ ਸਾਰੇ ਦੈਂਤਾਂ ਦਾ ਡਰ ਦੂਰ ਕਰ ਦਿੱਤਾ ਸੀ ਅਤੇ ਜਿਹੜਾ ਵੀ ਬਲਵਾਨ ਉਸ ਦੇ ਸਾਹਮਣੇ ਆਉਂਦਾ ਸੀ ਉਸ ਨੂੰ ਮਾਰ ਦਿੰਦਾ ਸੀ॥੪॥

**ਤਿਹ ਪੁਰ ਅਰਧਿ ਰਾਤਿ ਵਹ ਆਵੈ॥ ਏਕ ਪੁਰਖ ਨਿਤਪ੍ਰਤਿ ਭਖਿ ਜਾਵੈ॥**
**ਸਭਹਿੰਨ ਸੋਚ ਬਢਜੋ ਜਿਯ ਮੈ ਅਤਿ॥ ਬੈਠਿ ਬਿਚਾਰ ਕਰਤ ਭੇ ਸੁਭ ਮਤਿ॥ ੫॥**

ਪਦ ਅਰਥ ਭਖਿ ਜਾਵੇ=ਖਾ ਜਾਂਦਾ ਸੀ। ਸੁਭ ਮਤਿ=ਅਕਲ ਮੰਦ. ਸਿਆਣੇ।

ਉਹ ਉਸ ਨਗਰ ਵਿਚ ਅੱਧੀ ਰਾਤ ਨੂੰ ਆਉਂਦਾ ਸੀ ਅਤੇ ਰੋਜ਼ ਇਕ ਵਿਅਕਤੀ ਨੂੰ ਮਾਰ ਕੇ ਖਾ ਜਾਂਦਾ ਸੀ। ਸਾਰੇ ਲੋਕ ਦੁਖੀ ਹੋ ਗਏ ਅਤੇ ਸਿਆਣੇ ਆਦਮੀ ਇਕੱਠੇ ਹੋ ਕੇ ਵਿਚਾਰ ਕਰਨ ਲੱਗੇ॥੫॥

**ਇਹ ਰਾਛਸ ਅਤਿ ਹੀ ਬਲਵਾਨਾ॥ ਮਾਨੁੱਖ ਭਖਤ ਰੈਨਿ ਦਿਨ ਨਾਨਾ॥**
**ਤ੍ਰਾਸ ਕਰਤ ਕਾਹੂ ਨਹਿ ਜਨ ਕੌ॥ ਨਿਰਭੈ ਫਿਰਤ ਹੋਤ ਕਰਿ ਮਨ ਕੌ॥ ੬॥**

ਇਹ ਰਾਕਸ਼ ਬਹੁਤ ਬਲਵਾਨ ਹੈ. ਜਿਹੜਾ ਕਿ ਰਾਤ ਦਿਨ ਮਨੁੱਖਾਂ ਨੂੰ ਖਾਂਦਾ ਰਹਿੰਦਾ ਹੈ।

ਇਹ ਕਿਸੇ ਕੋਲੋਂ ਵੀ ਨਹੀ ਡਰਦਾ ਅਤੇ ਨਿਰਭੈਅ ਹੋ ਕੇ ਘੁੰਮਦਾ ਰਹਿੰਦਾ ਹੈ।।੬।।

**ਬੇਸ੍ਵਾ ਹੁਤੀ ਏਕ ਪੁਰ ਤਵਨੈ।। ਦਾਨਵ ਖਾਤ ਮਨੁਖ ਭੂਅ ਜਵਨੈ।।**
**ਸੋ ਅਬਲਾ ਰਾਜਾ ਪਹ ਆਈ।। ਨਿਰਖ ਰਾਵ ਕੀ ਪ੍ਰਭਾ ਲੁਭਾਈ।। ੭।।**

ਉਸ ਨਗਰ ਵਿਚ ਜਿਥੇ ਕਿ ਦੈਂਤ ਰੋਜ਼ ਮਨੁੱਖਾਂ ਨੂੰ ਖਾ ਜਾਂਦਾ ਸੀ, ਇਕ ਵੇਸਵਾ ਰਹਿੰਦੀ ਸੀ, ਉਹ ਇਸਤਰੀ ਰਾਜੇ ਦੇ ਕੋਲ ਆਈ ਅਤੇ ਰਾਜੇ ਦੀ ਸੁੰਦਰਤਾ ਵੇਖ ਕੇ ਮੋਹਤ ਹੋ ਗਈ।।੭।।

**ਇਹ ਬਿਧਿ ਕਹਿਯੋ ਨ੍ਰਿਪਤਿ ਤਨ ਬੈਨਾ।। ਜੌ ਤੁਮ ਮੁਹਿ ਰਾਖਹੁ ਨਿਜੁ ਐਨਾ।।**
**ਤੌ ਹੌ ਨਾਰਿ ਅਸੁਰ ਕਹ ਆਵੌਂ।। ਯਾ ਪੁਰ ਕੋ ਸਭ ਸ਼ੋਕ ਮਿਟਾਵੌਂ।। ੮।।**

ਪਦ ਅਰਥ - ਨਿਜ ਐਨਾ=ਆਪਣੇ ਘਰ। ਪੁਰ=ਨਗਰ। ਸਭ ਸ਼ੋਕ=ਸਭ ਦੁਖ।

ਉਸ ਰਾਜੇ ਨੂੰ ਇਸ ਤਰ੍ਹਾਂ ਕਿਹਾ ਕਿ ਜੇ ਤੁਸੀਂ ਮੈਨੂੰ ਆਪਣੇ ਘਰ ਵਿਚ ਰਖ ਲਵੋਂ ਤਾਂ ਮੈਂ ਦੈਂਤ ਨੂੰ ਮਾਰ ਦੇਵਾਂਗੀ ਅਤੇ ਇਸ ਨਗਰ ਦਾ ਦੁਖ ਦੂਰ ਕਰ ਦੇਵਾਂਗੀ।।੮।।

**ਤਬ ਮੈਂ ਬਰੌ ਤੋਹਿ ਕੌ ਧਾਮਾ।। ਜਬ ਤੈਂ ਹਨ ਅਸੁਰ ਕਹ ਬਾਮਾ।।**
**ਦੇਸ ਸਭੈ ਅਰੁ ਲੋਗ ਬਸੈਂ ਸੁਖ।। ਮਿਟੈ ਪ੍ਰਜਾ ਕੇ ਚਿਤ ਕੋ ਸਭ ਦੁਖ।। ੯।।**

ਰਾਜੇ ਨੇ ਕਿਹਾ ਕਿ ਜੇ ਤੂੰ ਇਸ ਦੈਂਤ ਨੂੰ ਮਾਰ ਦੇਵੇਂਗੀ ਤਾਂ ਅਵੱਸ਼ ਤੇਰੇ ਨਾਲ ਵਿਆਹ ਕਰ ਲਵਾਂਗਾ। ਇਸ ਤਰ੍ਹਾਂ ਦੇਸ਼ ਦੇ ਸਾਰੇ ਲੋਕ ਸੁਖ ਨਾਲ ਰਹਿਣਗੇ ਅਤੇ ਪਰਜਾ ਦੇ ਚਿੱਤ ਦੀ ਚਿੰਤਾ ਦਾ ਦੁਖ ਦੂਰ ਹੋ ਜਾਵੇਗੀ।।੯।।

**ਬਲੀ ਆਠ ਸੈ ਮਹਿਖ ਮੰਗਾਯੋ।। ਭੱਛ ਭੋਜ ਪਕਵਾਨ ਪਕਾਯੋ।।**
**ਮਦਰਾ ਅਧਿਕ ਤਹਾ ਲੈ ਧਰਾ।। ਸਾਤ ਬਾਰ ਜੁ ਚੁਆਇਨਿ ਕਰਾ।। ੧੦।।**

ਪਦ ਅਰਥ - ਆਠ ਸੈ ਮਹਿਖ=ਅੱਠ ਸੌ ਝੋਟੇ। ਭੱਛ ਭੋਜ=ਖਾਣ ਵਾਸਤੇ ਭੋਜਨ। ਮਦਰਾ=ਸ਼ਰਾਬ। ਸਾਤ ਬਾਰ ਚੁਆਇਨਿ=ਸੱਤ ਵਾਰ ਕੱਢੀ ਹੋਈ।

ਉਸ ਨੇ ਅਠ ਸੌ ਬਲਵਾਨ ਝੋਟੇ ਮੰਗਵਾਏ ਅਤੇ ਅਨੇਕ ਪ੍ਰਕਾਰ ਦੇ ਭੋਜਨ ਅਤੇ ਪਕਵਾਨ ਤਿਆਰ ਕਰਵਾਏ। ਉਸ ਬਹੁਤ ਸਾਰੀ ਐਸੀ ਸ਼ਰਾਬ ਲੈ ਲਈ ਜਿਹੜੀ ਸਤ ਵਾਰ ਕੱਢੀ ਹੋਈ ਸੀ।।੧੦।।

**ਭਲੀ ਭਾਂਤਿ ਸਭ ਅੰਨ ਬਨਾਏ।। ਭਾਂਤਿ ਭਾਂਤਿ ਬਿਖੁ ਸਾਥ ਮਿਲਾਏ।।**
**ਗਰਧਭਾਨ ਬਹੁ ਦਈ ਅਫੀਮੈਂ।। ਬਾਂਧੇ ਆਨਿ ਅਸੁਰ ਕੀ ਸੀਮੈਂ।। ੧੧।।**

ਉਸ ਨੇ ਭਿੰਨ ਭਿੰਨ ਪ੍ਰਕਾਰ ਦੇ ਭੋਜਨ ਭਿੰਨ ਭਿੰਨ ਪ੍ਰਕਾਰ ਦੀਆਂ ਜ਼ਹਿਰਾਂ ਮਿਲਾ ਕੇ ਤਿਆਰ ਕਰਵਾਏ। ਖੋਤਿਆਂ ਨੂੰ ਬਹੁਤ ਅਫੀਮ ਖੁਆ ਕੇ ਦੈਂਤ ਦੀ ਹਦ ਵਿਚ ਆ ਕੇ ਬੰਨ੍ਹ ਦਿੱਤੇ।।੧੧।।

Namdhari Elibrary NamdhariElibrary@gmail.com

**ਆਧੀ ਰਾਤਿ ਦੈਤ ਤਹ ਆਯੋ॥ ਗਰਧਭਾਨ ਮਹਿ ਖਾਨ ਚਬਾਯੋ॥**
**ਭੱਛ ਭੋਜ ਬਹੁਤੇ ਤਬ ਖਾਏ॥ ਭਰਿ ਭਰਿ ਪਜਾਲੇ ਮਦਹਿ ਚੜ੍ਹਾਏ॥ ੧੨॥**

ਅਧੀ ਰਾਤ ਨੂੰ ਦੈਂਤ ਉਥੇ ਆਇਆ ਅਤੇ ਉਹ ਸਾਰੇ ਖੋਤਿਆਂ ਨੂੰ ਚਬਾ ਗਿਆ। ਫਿਰ ਉਸ ਭੋਜਨ ਅਤੇ ਪਕਵਾਨ ਖਾਧੇ ਅਤੇ ਪਿਆਲੇ ਭਰ ਭਰ ਸ਼ਰਾਬ ਪੀਤੀ॥੧੨॥

**ਮਦ ਕੇ ਪੀਏ ਬਿਸੁਧ ਹ੍ਵੈ ਰਹਾ॥ ਆਨਿ ਅਫੀਮ ਗਰੌ ਤਿਹ ਗਹਾ॥**
**ਸੋਇ ਰਹਾ ਸੁਧਿ ਕਛੂ ਨ ਪਾਈ॥ ਨਾਰਿ ਪਛਾਨ ਘਾਤ ਕਹ ਧਾਈ॥ ੧੩॥**

ਪਦ ਅਰਥ - ਬੇਸੁਧ ਹ੍ਵੈ ਰਿਹਾ=ਬੇਹੋਸ਼ ਹੋ ਗਿਆ। ਨਾਰ ਪਛਾਣ=ਇਸਤਰੀ ਵੇਖਕੇ। ਘਾਤ=ਮਾਰਨ ਵਾਸਤੇ।

ਉਹ ਸ਼ਰਾਬ ਪੀ ਕੇ ਬੇ ਸੁਧ ਹੋ ਗਿਆ ਅਤੇ ਅਫੀਮ ਚੜ੍ਹ ਜਾਣ ਕਾਰਨ ਡਿੱਗ ਪਿਆ। ਉਹ ਬੇਹੋਸ਼ ਹੋ ਕੇ ਸੌਂ ਗਿਆ ਅਤੇ ਏਸੇ ਮੌਕੇ ਨੂੰ ਵੇਖ ਕੇ ਉਹ ਇਸਤਰੀ ਉਸ ਨੂੰ ਮਾਰਨ ਵਾਸਤੇ ਆ ਗਈ॥੧੩॥

**ਅਠ ਹਜ਼ਾਰ ਮਨ ਸਿੱਕਾ ਲਯੋ॥ ਤਾ ਪਰ ਅਵਟਿ ਢਾਰਿ ਕਰਿ ਦਯੋ॥**
**ਭਸਮੀ ਭੂਤ ਦੈਤ ਵਹੁ ਕਿਯੋ॥ ਬਿਰਹ ਵਤੀ ਪੁਰ ਕੌ ਸੁਖਦਿਯੋ॥ ੧੪॥**

ਪਦ ਅਰਥ - ਸਿੱਕਾ ਲਯੋ=ਸਿੱਕਾ ਲਿਆ। ਆਵਟਿ ਢਾਰਿ=ਢਾਲ ਕੇ।

ਉਸ ਅੱਠ ਹਜ਼ਾਰ ਮਣ ਸਿਕਾ ਲਿਆ ਅਤੇ ਸਿਕੇ ਨੂੰ ਗਰਮ ਕਰ ਕੇ ਢਾਲ ਕੇ ਉਹਦੇ ਉਤੇ ਪਾ ਦਿੱਤਾ। ਉਸ ਗਰਮ ਸਿੱਕੇ ਕਾਰਨ ਉਹ ਦੈਂਤ ਭਸਮ ਹੋ ਗਿਆ ਅਤੇ ਇਸ ਤਰ੍ਹਾਂ ਬਿਰਹਾ ਵਤੀ ਨਗਰ ਨੂੰ ਸੁਖੀ ਕਰ ਦਿੱਤਾ॥੧੪॥

**ਦੋਹਰਾ॥ ਇਹ ਛਲ ਅਬਲਾ ਅਸੁਰ ਹਨਿ ਨ੍ਰਿਪਹਿ ਬਰਜੋ ਸੁਖ ਪਾਇ॥**
**ਸਕਲ ਪ੍ਰਜਾ ਸੁਖ ਸੌ ਬਸੀ ਹ੍ਰਿਦੈ ਹਰਖ ਉਪਜਾਇ॥ ੧੫॥ ੧॥**

ਇਸ ਚਲਿੱਤਰ ਨਾਲ ਉਸ ਇਸਤਰੀ ਨੇ ਦੈਂਤ ਨੂੰ ਮਾਰ ਕੇ ਰਾਜੇ ਨਾਲ ਸੁਖੀ ਸੁਖੀ ਵਿਆਹ ਕੀਤਾ ਅਤੇ ਸਾਰੀ ਪਰਜਾ ਸੁਖ ਪੂਰਬਕ ਰਹਿਣ ਲੱਗੀ॥੧੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੦॥੬੨੧੨॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤੀਹਵੀਂ ਕਥਾ ਸਮਾਪਤ॥੩੩੦॥੬੨੧੨॥ਚਲਦਾ॥

# ਚਲਿੱਤਰ ਤਿੰਨ ਸੌ ਇਕੱਤੀਵਾਂ

## ਕਥਾ ਵਲੰਦੇਜ ਦੇਵੀ

**ਚੌਪਈ।। ਵਲੰਦੇਜ ਕੋ ਏਕ ਨ੍ਰਿਪਾਲਾ।। ਵਲੰਦੇਜ ਦੇਈ ਘਰ ਬਾਲਾ।।**
**ਤਾ ਪੁਰ ਕੁਪਜੋ ਫਿਰੰਗਰਾਇ ਮਨ।। ਸੈਨ ਚੜ੍ਹਾ ਲੈ ਕਰਿ ਸੰਗ ਅਨ ਗਨ।।੧।।**

ਵਲੰਦੇਜ (ਹਾਲੈਂਡ) ਦੇਸ਼ ਦਾ ਇਕ ਰਾਜਾ ਸੀ ਜਿਸ ਦੀ ਰਾਣੀ ਦਾ ਨਾਂ ਵਲੰਦੇਜ ਦੇਵੀ ਸੀ । ਉਸ ਰਾਜੇ ਨਾਲ ਫਰੰਗੀਆਂ ਦਾ ਬਾਦਸ਼ਾਹ ਗੁੱਸੇ ਹੋ ਗਿਆ ਅਤੇ ਅਣਗਿਣਤ ਸੈਨਾ ਲੈ ਕੇ ਉਸ ਉਤੇ ਚੜ੍ਹਾਈ ਕਰ ਦਿੱਤੀ।।੧।।

**ਨਾਮੁ ਫਿਰੰਗੀ ਰਾਇ ਨ੍ਰਿਪਤਿ ਤਿਹ।। ਅੰਗਰੇਜਨ ਪਰ ਚੜ੍ਹਤ ਕਰੀ ਜਿਹ।।**
**ਅਨਗਨ ਲਏ ਚਮੂੰ ਚਤੁਰੰਗਾ।। ਜਨੁ ਕਰਿ ਉਮਡਿ ਚਲਜੋ ਜਲ ਗੰਗਾ।।੨।।**

ਉਸ ਰਾਜੇ ਦਾ ਨਾਂ ਫਰੰਗੀ ਰਾਏ ਸੀ। ਉਸ ਅਪਾਰ ਚਤਰੰਗਣੀ ਸੈਨਾ ਆਪਣੇ ਨਾਲ ਲਈ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਗੰਗਾਂ ਦੀਆਂ ਲਹਿਰਾਂ ਉਠ ਰਹੀਆਂ ਹੋਣ।।੨।।

**ਵਲੰਦੇਜ ਦੇਈ ਕੇ ਨਾਥਹਿ।। ਪ੍ਰਾਨ ਤਜੇ ਡਰ ਹੀ ਕੇ ਸਾਥਹਿ।।**
**ਰਾਨੀ ਭੇਦ ਨ ਕਾਹੂ ਦਯੋ।। ਤ੍ਰਾਸ ਤ੍ਰਸਤ ਰਾਜਾ ਮਰਿ ਗਯੋ।।੩।।**

ਪਦ ਅਰਥ - ਤ੍ਰਾਸ ਤ੍ਰਸਤ=ਡਰਦਾ ਮਾਰਾ।

ਵਲੰਦੇਜ ਦੇਵੀ ਦੇ ਪਤੀ ਨੇ ਤਾਂ ਭੈਅਭੀਤ ਹੋ ਕੇ ਹੀ ਪ੍ਰਾਣ ਤਿਆਗ ਦਿੱਤੇ। ਰਾਣੀ ਨੇ ਇਹ ਭੇਤ ਕਿਸੇ ਨੂੰ ਨਾ ਦਸਿਆ ਕਿ ਰਾਜਾ ਡਰਦਾ ਹੀ ਮਰ ਗਿਆ ਹੈ।।੩।।

**ਮ੍ਰਿਤਕ ਨਾਥ ਤਿਹ ਸਮੈਂ ਨਿਹਾਰਾ।। ਔਰ ਸੰਗ ਬਹੁ ਸੈਨ ਬਿਚਾਰਾ।।**
**ਇਹੈ ਘਾਤ ਜਿਯ ਮਾਂਹਿ ਬਿਚਾਰੀ।। ਕਾਸਟ ਪੁਤ੍ਰਿਕਾ ਲੱਛ ਸਵਾਰੀ।।੪।।**

ਪਦ ਅਰਥ - ਮ੍ਰਿਤਕ=ਮਰਿਆ ਹੋਇਆ, ਮੁਰਦਾ। ਨਿਹਾਰਾ=ਵੇਖਿਆ। ਕਾਸਟ=ਲਕੜੀ। ਪੁਤ੍ਰਿਕਾ=ਮੂਰਤੀਆਂ। ਲੱਛ=ਲੱਖ।

ਉਸ ਮਰੇ ਹੋਏ ਪਤੀ ਨੂੰ ਵੇਖਿਆ ਅਤੇ ਆਪਣੀ ਸੈਨਾ ਦੇ ਨਾਲ ਵਿਚਾਰ ਕੀਤਾ। ਉਸ ਮਨ ਵਿਚ ਕੁਝ ਵਿਚਾਰ ਕਰਕੇ ਲਕੜੀ ਦੀਆਂ ਇਕ ਲੱਖ ਮੂਰਤੀਆਂ ਬਣਵਾ ਲਈਆਂ।।੪।।

**ਲੱਛ ਹੀ ਹਾਥ ਬੰਦੂਕ ਸਵਾਰੀ।। ਦਾਰੂ ਗੋਲਿਨ ਭਰੀ ਸੁਧਾਰੀ।।**
**ਡਿਵਢਾ ਚੁਨਤ ਭਈ ਤੁਪਖਾਨਾ।। ਤੀਰ ਬੰਦੂਕ ਕਮਾਨ ਅਰੁ ਬਾਨਾ।।੫।।**

************************************************************
ਪਦ ਅਰਥ - ਬੰਦੂਕ ਸਵਾਰੀ=ਬੰਦੂਕਾਂ ਫੜਾ ਦਿੱਤੀਆਂ।

ਗੋਲੀਆਂ ਨਾਲ ਭਰੀਆਂ ਹੋਈਆਂ ਇਕ ਲੱਖ ਬੰਦੂਕਾਂ ਉਨ੍ਹਾਂ ਦੇ ਹੱਥਾਂ ਵਿਚ ਫੜਾ ਦਿੱਤੀਆਂ। ਡੇਢ ਗੁਣਾ ਤੋਪਾਂ, ਤੀਰ ਕਮਾਨ, ਬੰਦੂਕਾਂ ਅਤੇ ਤੀਰ ਲੈ ਲਏ॥੫॥

**ਜਬ ਅਰਿ ਸੈਨ ਨਿਕਟ ਤਿਹ ਆਈ॥ ਸਭਹਿਨ ਗਈ ਪਲੀਤਾ ਲਾਈ॥**
**ਬੀਸ ਹਜ਼ਾਰ ਤੁਪਕ ਇਕ ਬਾਰਾ॥ ਛੁਟਗੀ ਕਛੁ ਨ ਰਹੀ ਸੰਭਾਰਾ॥ ੬॥**

ਪਦ ਅਰਥ - ਅਰਿ ਸੈਨ=ਵੈਰੀ ਦੀ ਫੌਜ। ਬੀਸ ਹਜ਼ਾਰ ਤੁਪਕ=ਵੀਹ ਹਜ਼ਾਰ ਬੰਦੂਕ।

ਜਦ ਦੁਸ਼ਮਨ ਦੀ ਫੌਜ ਨੇੜੇ ਆ ਗਈ ਤਾਂ ਸਭ ਦੇ ਪਲੀਤਿਆਂ ਨੂੰ ਅੱਗ ਲਾ ਦਿੱਤੀ, ਵੀਹ ਹਜ਼ਾਰ ਬੰਦੂਕਾਂ ਇਕ ਵਾਰ ਹੀ ਚਲ ਗਈਆਂ ਅਤੇ ਕੁਝ ਵੀ ਸੰਭਾਲਿਆ ਨ ਜਾ ਸਕਿਆ॥੬॥

**ਜਿਮਿ ਮਖੀਰ ਕੀ ਉਡਤ ਸੁ ਮਾਖੀ॥ ਤਿਮਿ ਹ੍ਵੈ ਚਲੀ ਬੰਦੂਕੈ ਬਾਖੀ॥**
**ਜਾਕੇ ਲਗੇ ਅੰਗ ਮੌ ਬਾਨਾ॥ ਤਤਛਿਨ ਤਿਨ ਭਟ ਤਜੇ ਪਰਾਨਾ॥ ੭॥**

ਜਿਵੇਂ ਛੱਤੇ ਤੋਂ ਸ਼ਹਿਦ ਦੀਆਂ ਮੱਖੀਆਂ ਉੱਡ ਕੇ ਪੈ ਜਾਂਦੀਆਂ ਹਨ, ਇਸ ਤਰ੍ਹਾਂ ਬਾਕੀ ਬੰਦੂਕਾਂ ਵੀ ਚਲ ਗਈਆਂ। ਤੀਰ, ਜਿਸ ਜਿਸ ਸੂਰਮੇ ਨੂੰ ਵੱਜੇ ਉਸ ਤਾਂ ਉਥੇ ਹੀ ਪ੍ਰਾਣ ਤਿਆਗ ਦਿੱਤੇ॥੭॥

**ਤਰਫਰਾਹਿ ਗੋਰਿਨ ਕੇ ਮਾਰੇ॥ ਪਛੁ ਸੁਤ ਓਰਨ ਜਨ ਕੁ ਬਿਦਾਰੇ॥**
**ਰਥੀ ਸੁ ਨਾਗਪਤੀ ਅਰੁ ਬਾਜਾ॥ ਜਮ ਪੁਰ ਗਏ ਸਹਿਤ ਨਿਜੁ ਰਾਜਾ॥ ੮॥**

ਪਦ ਅਰਥ - ਤਰਫਰਾਹਿ=ਤੜਫਾ ਕੇ। ਨਾਗਪਤੀ=ਹਾਥੀਆਂ ਦੀ ਫੌਜ। ਬਾਜਾ=ਘੋੜਿਆਂ ਦੀ ਫੌਜ। ਨਿਜ ਰਾਜਾ=ਆਪਣੇ ਰਾਜੇ ਸਮੇਤ।

ਤੜਫ ਰਹੇ ਗੋਰਿਆਂ ਨੂੰ ਇਸ ਤਰ੍ਹਾਂ ਮਾਰਿਆ ਜਿਵੇਂ ਗਰੜ ਨੇ ਸੱਪ ਨੂੰ ਮਾਰ ਦਿੱਤਾ ਹੋਵੇ। ਰੱਥਵਾਨ, ਹਾਥੀਆਂ ਦੇ ਸੁਆਮੀ ਅਤੇ ਘੋੜੇ ਆਪਣੇ ਰਾਜਾ ਸਮੇਤ ਜਮਪੁਰੀ ਚਲੇ ਗਏ॥੮॥

**ਦੋਹਰਾ॥ ਇਹ ਚਰਿੱਤ੍ਰ ਤਨ ਚੰਚਲਾ ਕੂਟੋ ਕਟਕ ਹਜ਼ਾਰ॥**
**ਅਰਿ ਮਾਰੇ ਰਾਜਾ ਸਹਿਤ ਗਏ ਗ੍ਰਿਹਨ ਕੌ ਹਾਰਿ॥ ੯॥ ੧॥**

ਇਸ ਚਲਿੱਤਰ ਦੁਆਰਾ ਇਸਤਰੀ ਨੇ ਹਜ਼ਾਰਾਂ ਕਟਕ ਫੌਜ ਮਾਰ ਦਿੱਤੀ ਅਤੇ ਸਾਰੇ ਵੈਰੀ ਰਾਜੇ ਸਮੇਤ ਮਾਰੇ ਗਏ ਅਤੇ ਜਿਹੜੇ ਬਚੇ ਉਹ ਹਾਰ ਕੇ ਘਰਾਂ ਨੂੰ ਵਾਪਸ ਮੁੜ ਗਏ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕੱਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੧॥੬੨੨੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕੱਤੀਵੀਂ ਕਥਾ ਸਮਾਪਤ॥੩੩੧॥੬੨੨੧॥ਚਲਦਾ॥

# ਚਲਿੱਤਰ ਤਿੰਨ ਸੌ ਬੱਤੀਵਾਂ

## ਕਥਾ ਪ੍ਰੀਤ ਕਲਾ

**ਚੌਪਈ।। ਸ਼ਹਿਰ ਭੇਹਰੇ ਏਕ ਨ੍ਰਿਪਤਿ ਬਰ।। ਕਾਮਸੈਨ ਤਿਹ ਨਾਮ ਕਹਤ ਨਰ।।**
**ਕਾਮਾਵਤੀ ਤਵਨ ਕੀ ਨਾਰੀ।। ਰੂਪਵਾਨ ਦੁਤਿਵਾਨ ਉਜਯਾਰੀ।। ੧।।**

ਭੇਹਰਾ ਸ਼ਹਿਰ ਦਾ ਇਕ ਚੰਗਾ ਰਾਜਾ ਸੀ ਜਿਸ ਨੂੰ ਸਾਰੇ ਲੋਕ ਕਾਮ ਸੈਨ ਦੇ ਨਾਂ ਨਾਲ ਜਾਣਦੇ ਸਨ ਅਤੇ ਉਸ ਦੀ ਇਸਤਰੀ ਕਾਮਾ ਵਤੀ ਬਹੁਤ ਰੂਪਵਾਨ, ਸੁੰਦਰ ਅਤੇ ਚੰਦ ਦੀਆਂ ਕਿਰਨਾਂ ਵਰਗੀ ਪ੍ਰਕਾਸ਼ਮਈ ਸੀ।।੧।।

**ਤਾਕੇ ਬਹੁਤ ਰਹੈ ਗ੍ਰਿਹ ਬਾਜਿਨ।। ਜਯੋ ਕਰਤ ਤਾਜੀ ਅਰੁ ਤਾਜਿਨ।।**
**ਤਹ ਭਵ ਏਕ ਬਛੇਰਾ ਲਯੋ।। ਭੂਤ ਭਵਿੱਖਜ ਨ ਵੈਸੋ ਭਯੋ।। ੨।।**

ਪਦ ਅਰਥ - ਬਾਜਿਨ=ਘੋੜੇ। ਤਾਜੀ ਅਰੁ ਤਾਜਿਨ=ਘੋੜੇ ਅਤੇ ਘੋੜੀਆਂ। ਭਵ=ਪੈਦਾ ਹੋਇਆ।

ਉਸ ਦੇ ਤਬੇਲੇ ਵਿਚ ਅਨੇਕਾਂ ਘੋੜੇ ਘੋੜੀਆਂ ਸਨ ਅਤੇ ਅਨੇਕਾਂ ਘੋੜੇ ਘੋੜੀਆਂ ਹੋਰ ਪੈਦਾ ਹੁੰਦੇ ਰਹਿੰਦੇ ਸਨ। ਉਥੇ ਇਕ ਵਛੇਰੇ ਨੇ ਜਨਮ ਲਿਆ. ਜਿਸ ਵਰਗਾ ਸੁੰਦਰ ਵਛੇਰਾ ਨਾ ਭੂਤ ਵਿਚ ਸੀ ਅਤੇ ਨ ਹੀ ਭਵਿੱਖ ਵਿਚ ਹੋਵੇਗਾ।।੨।।

**ਤਹ ਇਕ ਹੋਤ ਸ਼ਾਹ ਬਡਭਾਗੀ।। ਰੂਪ ਕੁਅਰ ਨਾਮਾ ਅਨੁਰਾਗੀ।।**
**ਪ੍ਰੀਤਿ ਕਲਾ ਤਿਹ ਸੁਤਾ ਭਨਿੱਜੈ।। ਕੋ ਦੂਸਰ ਪਟਤਰ ਤਿਹ ਦਿੱਜੈ।। ੩।।**

ਉਥੇ ਇਕ ਵੱਡੇ ਭਾਗਾਂ ਵਾਲਾ ਸ਼ਾਹ ਰਹਿੰਦਾ ਸੀ, ਜਿਸ ਦੀ ਇਸਤਰੀ ਦਾ ਨਾਂ ਰੂਪ ਕੁਮਾਰੀ ਸੀ। ਉਨ੍ਹਾਂ ਦੀ ਇਕ ਪੁੱਤਰੀ ਪ੍ਰੀਤ ਕਲਾ ਸੀ ਜਿਸ ਦੀ ਉਪਮਾ ਕਿਸੇ ਦੇ ਨਾਲ ਦੇਣੀ ਸੰਭਵ ਨਹੀਂ ਹੈ।।੩।।

**ਸੌ ਤ੍ਰਿਯ ਏਕ ਚੌਧਰੀ ਸੁਤ ਪਰ।। ਅਟਕਿ ਗਈ ਤਰੁਨੀ ਅਤਿ ਰੁਚਿ ਕਰਿ।।**
**ਮਿਜਮਾਨੀ ਛਲ ਤਾਹਿ ਬੁਲਾਯੋ।। ਭਾਂਤਿ ਭਾਂਤਿ ਭੋਜਨਹਿ ਭੁਜਾਯੋ।। ੪।।**

ਉਹ ਲੜਕੀ ਇਕ ਚੌਧਰੀ ਦੇ ਲੜਕੇ ਤੇ ਮੋਹਿਤ ਹੋ ਗਈ। ਉਸ ਨੇ ਛਲ ਨਾਲ ਉਸ ਨੂੰ ਪ੍ਰੀਤੀ ਭੋਜਨ ਤੇ ਬੁਲਾਇਆ ਅਤੇ ਭਾਂਤ ਭਾਂਤ ਦੇ ਭੋਜਨ ਉਸ ਨੂੰ ਖੁਆਏ।।੪।।

**ਕੀਨਾ ਕੈਫ ਰਸਮ ਸੋ ਜਬ ਹੀ।। ਤਰੁਨੀ ਇਹ ਬਿਧਿ ਉਚਰੀ ਤਬ ਹੀ।।**
**ਅਬ ਤੈਂ ਗਵਨ ਆਇ ਮੋਰੋ ਕਰਿ।। ਕਾਮ ਤਪਤ ਅਬ ਹੀ ਹਮਰੋ ਹਰਿ।। ੫।।**

ਪਰੰਪਰਾ ਅਨੁਸਾਰ ਉਸ ਨੂੰ ਸ਼ਰਾਬ ਪਿਆਈ ਗਈ ਤਾਂ ਉਸ ਨੌਜਵਾਨ ਇਸਤਰੀ ਨੇ ਉਸ ਨੂੰ ਕਿਹਾ ਕਿ ਹੁਣ ਤੁਸੀਂ ਮੇਰੇ ਨਾਲ ਰਮਣ ਕਰੋ ਅਤੇ ਮੇਰੀ ਕਾਮ ਜਵਾਲਾ ਨੂੰ ਸ਼ਾਂਤ ਕਰੋ।।੫।।

**ਤਬ ਇਹ ਬਿਧਿ ਤਿਨ ਪੁਰਖ ਉਚਾਰੀ।। ਯੌ ਨ ਭਜੌ ਤੁਹਿ ਸੁਨਹੁ ਪਯਾਰੀ।।**
**ਜੋ ਰਾਜਾ ਕੇ ਉਪਜਜੋ ਬਾਜੀ।। ਸੋ ਦੈ ਪ੍ਰਥਮ ਆਨਿ ਮੁਹਿ ਤਾਜੀ।। ੬।।**

ਤਦ ਉਸ ਗਭਰੂ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਤੇਰੇ ਨਾਲ ਕਾਮ ਕ੍ਰੀੜਾ ਨਹੀਂ ਕਰ ਸਕਦਾ। ਜਿਹੜਾ ਰਾਜੇ ਦਾ ਨਵਾਂ ਸੁੰਦਰ ਘੋੜਾ ਪੈਦਾ ਹੋਇਆ ਹੈ. ਪਹਿਲਾਂ ਉਹ ਮੈਨੂੰ ਲਿਆ ਕੇ ਦੇ।।੬।।

**ਤਬ ਤਿਨ ਤ੍ਰਿਯ ਬਿਚਾਰ ਅਸ ਕਿਯੋ।। ਕਿਹ ਬਿਧਿ ਜਾਇ ਤੁਰੰਗਮ ਲਿਯੋ।।**
**ਐਸੋ ਕਰਿਯੈ ਕਵਨੁ ਪਚਾਰਾ।। ਜਾਤੇ ਪਰੈ ਹਾਥ ਮੋ ਪਯਾਰਾ।। ੭।।**

ਪਦ ਅਰਥ - ਤੁਰੰਗਮ=ਘੋੜਾ। ਪਚਾਰਾ=ਉਪਾਅ।

ਤਦ ਇਸਤਰੀ ਸੋਚਾਂ ਵਿਚ ਪੈ ਗਈ ਕਿ ਘੋੜਾ ਕਿਸ ਤਰ੍ਹਾਂ ਲਿਆ ਕੇ ਦਿੱਤਾ ਜਾਵੇ ? ਕਿਹੜਾ ਉਪਾਅ ਕੀਤਾ ਜਾਵੇ ਕਿ ਉਹ ਪਿਆਰਾ ਘੋੜਾ ਮੇਰੇ ਹੱਥ ਵਿਚ ਆ ਜਾਵੇ।।੭।।

**ਅਰਧ ਰਾਤ੍ਰਿ ਬੀਤਤ ਭੀ ਜਬੈ।। ਸ੍ਵਾਨ ਭੇਖ ਧਾਰਾ ਤ੍ਰਿਯ ਤਬੈ।।**
**ਕਰ ਮਹਿਂ ਗਹਿ ਕ੍ਰਿਪਾਨ ਇਕ ਲਈ।। ਬਾਜੀ ਹੁਤੋ ਜਹਾਂ ਤਹ ਗਈ।। ੮।।**

ਜਦ ਅੱਧੀ ਰਾਤ ਬੀਤ ਗਈ ਤਾਂ ਇਸਤਰੀ ਨੇ ਕੁੱਤੇ ਦਾ ਭੇਸ ਬਣਾਇਆ। ਹੱਥ ਵਿਚ ਇਕ ਤਲਵਾਰ ਫੜ ਲਈ ਅਤੇ ਜਿਥੇ ਘੋੜਾ ਸੀ ਉਥੇ ਪਹੁੰਚ ਗਈ।।੮।।

**ਸਾਤ ਕੋਟ ਤਹ ਕੂਦਿ ਪਹੂੰਚੀ।। ਦਾਨ ਕ੍ਰਿਪਾਨ ਮਾਨ ਕੀ ਸੂਚੀ।।**
**ਜਿਹ ਜਾਗਤ ਪਹਰੂਅਹਿ ਨਿਹਾਰੈ।। ਤਾਕੋ ਮੂੰਡ ਕਾਟਿ ਕਰਿ ਡਾਰੈ।। ੯।।**

ਪਦ ਅਰਥ - ਪਹਰੂਅਹਿ ਨਿਹਾਰੈ=ਪਹਿਰੇਦਾਰ ਵੇਖੇ। ਮੂੰਡ=ਸਿਰ।

ਉਹ ਦਾਨ, ਮਾਨ ਅਤੇ ਕਿਰਪਾਨ ਦੀ ਮਾਹਰ, ਸਤ ਕਿਲ੍ਹੇ ਟੱਪ ਕੇ ਉਥੇ ਜਾ ਪਹੁੰਚੀ, ਜਿਸ ਪਹਿਰੇਦਾਰ ਨੂੰ ਉਹ ਜਾਗਦਾ ਹੋਇਆ ਵੇਖਦੀ ਉਸ ਦਾ ਹੀ ਸਿਰ ਵੱਢ ਦਿੰਦੀ ਸੀ।।੯।।

**ਅੜਿੱਲ।। ਏਕ ਪਹਰੂਅਹਿ ਮਾਰਿ ਦੁਤਿਯ ਕਹ ਮਾਰਿਯੋ।।**
**ਤ੍ਰਿਤਿਯ ਮਾਰਿ ਚਤੁਰਥ ਕੋ ਸੀਸ ਉਤਾਰਿਯੋ।।**
**ਪੰਚਮ ਖਸਟਮ ਮਾਰਿ ਸਪਤਵੌਂ ਹਤਿ ਕਿਯੋ।।**
**ਹੋ ਅਸ਼ਟਮ ਪੁਰਖ ਸੰਘਾਰਿ ਛੋਰਿ ਬਾਜੀ ਲਿਯੋ।। ੧੦।।**

Namdhari Elibrary NamdhariElibrary@gmail.com

ਇਕ ਪਹਿਰੇਦਾਰ ਨੂੰ ਮਾਰ, ਦੂਸਰੇ ਨੂੰ ਮਾਰ ਕੇ ਤੀਸਰੇ ਨੂੰ ਖਤਮ ਕੀਤਾ ਅਤੇ ਚੌਥੇ ਦਾ ਸਿਰ ਲਾਹ ਲਿਆ। ਪੰਜਵੇਂ ਛੇਵੇਂ ਨੂੰ ਮਾਰ ਕੇ ਸਤਵੇਂ ਨੂੰ ਸਮਾਪਤ ਕੀਤਾ ਅਤੇ ਅੱਠਵੇਂ ਨੂੰ ਕਤਲ ਕਰਕੇ ਘੋੜੇ ਨੂੰ ਖੋਲ੍ਹ ਲਿਆ॥੧੦॥

**ਪਰੀ ਨਗਰ ਮੈ ਰੌਰਿ ਜਬੈ ਤ੍ਰਿਯ ਹੈ ਹਰਜੋ॥**
**ਪਠੈ ਪਖਰਿਯਾ ਕਛਿ ਕਛਿ ਕਹੈ ਕਹਾਂ ਪਰਜੋ॥**
**ਬਾਟ ਘਾਟ ਸਭ ਰੋਕਿ ਗਹੋ ਇਹ ਚੋਰਿ ਕੌ॥**
**ਹੋ ਧਰਿ ਲੀਜੈ ਇਹ ਹੋਨ ਨ ਦੀਜੈ ਭੋਰ ਕੌ॥ ੧੧॥**

ਜਦ ਇਸਤਰੀ ਨੇ ਘੋੜਾ ਚੁਰਾ ਲਿਆ ਤਾਂ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਰਾਜੇ ਨੇ ਉਸ ਨੂੰ ਲੱਭਣ ਵਾਸਤੇ ਘੋੜ ਸਵਾਰ ਭੇਜੇ ਤਾਂਕਿ ਸਾਰਿਆਂ ਘਰਾਂ ਅਤੇ ਰਸਤਿਆਂ ਨੂੰ ਢੂੰਡ ਕੇ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਚੋਰ ਨੂੰ ਫੜਿਆ ਜਾ ਸਕੇ॥੧੧॥

**ਜਿਤ ਜਿਤ ਧਾਵਹਿ ਲੋਗ ਹਰਿਯੋ ਹੈ ਕਹੈ ਕਿਸ॥**
**ਕਢੈ ਕ੍ਰਿਪਾਨੈਂ ਦਿਖਿਯਤ ਧਾਵਤ ਦਸੌਂ ਦਿਸਿ॥**
**ਅਸ ਕਾਰਜ ਜਿਹ ਕਿਯ ਨ ਜਾਨ ਤਿਹ ਦੀਜਿਯੈ॥**
**ਹੋ ਜਜੋਂ ਤਜੋਂ ਜੀਤਿ ਤੁਰੰਗ ਨ੍ਰਿਪਤਿ ਕੋ ਲੀਜਿਯੈ॥ ੧੨॥**

ਜਿਸ ਪਾਸੇ ਵੀ ਲੋਕ ਭੱਜ ਰਹੇ ਸਨ, ਉਹ ਕਹਿ ਰਹੇ ਸਨ ਕਿ ਘੋੜੇ ਨੂੰ ਕਿਸ ਨੇ ਚੁਰਾਇਆ ਹੈ। ਦਸਾਂ ਪਾਸਿਆਂ ਵਿਚ ਉਹ ਕਿਰਪਾਨਾਂ ਲੈ ਕੇ ਫਿਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਜਿਸ ਵੀ ਐਸਾ ਕੰਮ ਕੀਤਾ ਹੈ, ਉਸ ਨੂੰ ਜਾਣ ਨ ਦਿੱਤਾ ਜਾਵੇ। ਕਿਸੇ ਤਰ੍ਹਾਂ ਵੀ ਹੋਵੇ, ਰਾਜੇ ਦਾ ਘੋੜਾ ਜਿੱਤ ਕੇ ਲਿਆਉਣਾ ਚਾਹੀਦਾ ਹੈ॥੧੨॥

**ਬਹੁਤ ਪਹੂੰਚੇ ਨਿਕਟ ਤਰੁਨਿ ਕੇ ਜਾਇਕੈ॥**
**ਫਿਰਿ ਮਾਰੇ ਤਿਨ ਵਹੈ ਤੁਰੰਗ ਨਚਾਇਕੈ॥**
**ਕਰਿ ਕਰਿ ਜਾਹਿ ਚਲਾਕੀ ਬਾਹੀ ਬੇਗ ਤਨ॥**
**ਹੋ ਤਿਨ ਕੀ ਹੌਸ ਨ ਰਾਖੀ ਰਾਖੇ ਏਕ ਬ੍ਰਨ॥ ੧੩॥**

ਕਈ ਲੋਕ ਉਸ ਲੜਕੀ ਦੇ ਕੋਲ ਜਾ ਪਹੁੰਚੇ, ਜਿੰਨ੍ਹਾਂ ਨੂੰ ਉਸ ਘੋੜਾ ਨਚਾ ਕੇ ਮਾਰ ਦਿੱਤਾ। ਸੂਰਮੇ ਬੜੀ ਚਤਰਾਈ ਨਾਲ ਉੱਡ ਕੇ ਉਸ ਦੇ ਕੋਲ ਜਾਂਦੇ ਸਨ, ਪਰ ਉਹ ਵੀ ਉਨ੍ਹਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦੀ ਅਤੇ ਇਕੋ ਵਾਰ ਨਾਲ ਮਾਰ ਹੀ ਦਿੰਦੀ ਸੀ॥੧੩॥

ਚੌਪਈ।। ਕੂਦਕੀਆ ਜਾਕੇ ਪਰਵਾਰਾ।। ਇਕ ਤੇਂ ਤਾਂਹਿ ਦੋਇ ਕਰਿ ਡਾਰਾ।।
ਚੁਨਿ ਚੁਨਿ ਹਨੇ ਪਖਰਿਯਾ ਮਨ ਤੈਂ।। ਦ੍ਵੈ ਦ੍ਵੈ ਗੇ ਹ੍ਵੈ ਇਕ ਇਕ ਤਨ ਤੈਂ।। ੧੪।।

ਜਿਹੜਾ ਵੀ ਉਸ ਦੇ ਨੇੜੇ ਛਾਲ ਮਾਰ ਕੇ ਗਿਆ, ਉਸਨੇ ਉਸ ਨੂੰ ਇਕੋ ਵਾਰ ਨਾਲ ਇਕ ਤੋਂ ਦੋ ਕਰ ਦਿੱਤਾ। ਉਸ ਨੇ ਚੁਣ ਚੁਣ ਕੇ ਘੋੜ ਸਵਾਰਾਂ ਨੂੰ ਮਾਰਿਆ ਅਤੇ ਸਾਰਿਆਂ ਦੇ ਦੋ ਦੋ ਟੋਟੇ ਕਰ ਦਿੱਤੇ।।੧੪।।

ਬਹੁ ਬਿਧਿ ਬੀਰ ਪਖਰਿਯਾ ਮਾਰੈ।। ਇਕ ਇਕ ਤੇਂ ਕਰਿ ਦ੍ਵੈ ਦ੍ਵੈ ਡਾਰੇ।।
ਘੋਰਾ ਸਹਿਤ ਘਾਇ ਜੋ ਘਏ।। ਦ੍ਵੈ ਤੇ ਚਾਰਿ ਟੂਕ ਤੇ ਭਏ।। ੧੫।।

ਉਸ ਅਨੇਕ ਪ੍ਰਕਾਰ ਦੇ ਸੂਰਮਿਆਂ ਨੂੰ ਮਾਰ ਦਿੱਤਾ ਅਤੇ ਇਕ ਇਕ ਦੇ ਦੋ ਦੋ ਟੁਕੜੇ ਕਰ ਦਿੱਤੇ। ਜਿਹੜੇ ਘੋੜਿਆਂ ਸਮੇਤ ਮਾਰੇ ਗਏ ਉਹ ਦੋ ਤੋਂ ਚਾਰ ਟੋਟੇ ਹੋ ਗਏ।।੧੫।।

ਦੋਹਰਾ।। ਇਹ ਬਿਧਿ ਬੀਰ ਬਿਦਾਰ ਬਹੁ ਨਦੀ ਤੁਰੰਗ ਤਰਾਇ।।
ਜਹਾਂ ਮਿੱਤ੍ਰ ਕੋ ਗ੍ਰਿਹਿ ਹੁਤੋ ਤਹੀ ਨਿਕਾਸਜੋ ਆਇ।। ੧੬।।

ਪਦ ਅਰਥ - ਬੀਰ ਬਿਦਾਰ=ਸੂਰਮੇ ਮਾਰ ਕੇ। ਨਿਕਾਸਜੋ=ਕੱਢ ਲਿਆ।

ਇਸ ਤਰ੍ਹਾਂ ਸੂਰਮਿਆਂ ਨੂੰ ਮਾਰ ਕੇ, ਘੋੜੇ ਨੂੰ ਦਰਿਆ ਵਿਚ ਤੈਰਾ ਕੇ ਉਥੇ ਲੈ ਗਈ ਜਿਥੇ ਕਿ ਉਸ ਦੇ ਮਿੱਤਰ ਦਾ ਘਰ ਸੀ।।੧੬।।

ਚੌਪਈ।। ਜਬ ਤਿਹ ਆਨਿ ਤੁਰੰਗਮ ਦੀਯੋ।। ਕਾਮ ਭੋਗ ਤਾਸੈ ਦ੍ਰਿੜ੍ਹ ਕੀਯੋ।।
ਜੌ ਪਾਛੇ ਤਿਨ ਫੌਜ ਨਿਹਾਰੀ।। ਇਹ ਬਿਧਿ ਸੌ ਤਿਹ ਤ੍ਰਿਯਹਿ ਉਚਾਰੀ।। ੧੭।।

ਜਦ ਉਸ ਨੂੰ ਆ ਕੇ ਉਸ ਘੋੜਾ ਦੇ ਦਿੱਤਾ ਤਾਂ ਉਸ ਵੀ ਉਸ ਨਾਲ ਬੜੇ ਪ੍ਰੇਮ ਨਾਲ ਕਾਮ ਕ੍ਰੀੜਾ ਕੀਤੀ। ਉਸ ਦੇ ਪਿਛੇ ਜਦ ਫੌਜ ਨੂੰ ਵੇਖਿਆ ਤਾਂ ਉਸ ਦਾ ਮਿੱਤਰ ਡਰ ਕੇ ਕਹਿਣ ਲੱਗਾ।।੧੭।।

ਅੜਿੱਲ।। ਬੁਰੋ ਕਰਮ ਹਮ ਕਰਜੋ ਤੁਰੰਗ ਨ੍ਰਿਪ ਕੋ ਹਰਜੋ।।
ਆਪੁ ਆਪੁਨੇ ਪਗਨ ਕੁਹਾਰਾ ਕੌ ਮਰਜੋ।।
ਅਬ ਏ ਤੁਰੰਗ ਸਮੇਤ ਪਕਰਿ ਲੈ ਜਾਇ ਹੈਂ।।
ਹੋ ਫਾਂਸੀ ਦੈਹੈਂ ਦੂਹੂੰ ਕਿ ਸੂਰੀ ਦਜਾਇ ਹੈਂ।। ੧੮।।

ਅਸੀਂ ਬਹੁਤ ਬੁਰਾ ਕੀਤਾ ਜਿਹੜਾ ਕਿ ਰਾਜੇ ਦਾ ਘੋੜਾ ਚੁਰਾਇਆ ਹੈ, ਅਸੀਂ ਖੁਦ ਆਪਣੇ ਪੈਰ ਤੇ ਕੁਹਾੜੀ ਮਾਰੀ ਹੈ। ਹੁਣ ਉਹ ਘੋੜੇ ਸਮੇਤ ਸਾਨੂੰ ਫੜ ਲੈਣਗੇ ਅਤੇ ਦੋਹਾਂ ਨੂੰ ਫਾਂਸੀ ਚਾੜ੍ਹ

Namdhari Elibrary NamdhariElibrary@gmail.com

************************************************************
ਦੇਣਗੇ॥੧੮॥

**ਚੌਪਈ॥ ਤ੍ਰਿਯ ਭਾਖ੍ਯੋ ਪਿਯ ਸ਼ੋਕ ਨ ਕਰੋ॥ ਬਾਜ ਸਹਿਤ ਦੋਊ ਬਚੇ ਬਿਚਰੋ॥**
**ਐਸੋ ਚਰਿਤ ਅਬੈ ਮੈਂ ਕਰਿਹੋਂ॥ ਦੁਸ਼ਟਨ ਡਾਰਿ ਸਿਰ ਛਾਰ ਉਬਰਿਹੋਂ॥੧੯॥**

ਪਦ ਅਰਥ - ਦੁਸ਼ਟਨ=ਦੁਸ਼ਟਾਂ। ਛਾਰ=ਸਵਾਹ। ਉਬਰਿਹੋਂ=ਬਚਾਵਾਂਗੀ।

ਲੜਕੀ ਨੇ ਕਿਹਾ ਕਿ ਤੈਨੂੰ ਦੁਖੀ ਹੋਣ ਦੀ ਕੋਈ ਲੋੜ ਨਹੀਂ, ਤੁਸੀਂ ਇਹ ਸਮਝੋ ਅਸੀਂ ਘੋੜੇ ਸਮੇਤ ਬਚੇ ਹੋਏ ਹੀ ਘੁੰਮ ਰਹੇ ਹਾਂ। ਮੈਂ ਹੁਣੇ ਹੀ ਇਕ ਐਸਾ ਚਲਿੱਤਰ ਖੇਡਾਂਗੀ ਕਿ ਦੁਸ਼ਟਾਂ ਦੇ ਸਿਰਾਂ ਵਿਚ ਸਵਾਹ ਪਾ ਕੇ ਅਸੀਂ ਦੋਵੇਂ ਬੱਚ ਜਾਵਾਂਗੇ॥੧੯॥

**ਤਹਾਂ ਪੁਰਖ ਕੋ ਭੇਸ ਬਨਾਇ॥ ਦਲ ਕਹ ਮਿਲੀ ਅਗਮਨੇ ਜਾਇ॥**
**ਕਹੀ ਹਮਾਰੋ ਸਤਰ ਉਬਾਰੋ॥ ਔਰ ਗਾਂਵ ਤੇ ਸਕਲ ਨਿਹਾਰੋ॥੨੦॥**

ਪਦ ਅਰਥ - ਦਲ=ਫੌਜ। ਅਗਮਨੇ=ਅਗੋਂ ਆ ਕੇ।

ਉਸ ਨੇ ਆਦਮੀ ਦੇ ਕੱਪੜੇ ਪਾ ਲਏ ਅਤੇ ਸੈਨਾ ਨੂੰ ਅਗੇ ਹੋ ਕੇ ਜਾ ਮਿਲੀ ਅਤੇ ਕਹਿਣ ਲੱਗੀ ਕਿ ਸਾਡੇ ਤੇ ਕਿਰਪਾ ਕਰੋ ਅਤੇ ਸਾਰੇ ਪਿੰਡ ਦੀ ਤਲਾਸ਼ੀ ਕਰ ਲਵੋ॥੨੦॥

**ਮਿਲਿ ਦਲ ਧਾਮ ਅਗਮਨੇ ਜਾਇ॥ ਬਾਜ ਪਾਇ ਝਾਂਝਰ ਪਹਿਰਾਇ॥**
**ਸਕਲ ਗਾਂਵ ਤਿਨ ਕਹ ਦਿਖਰਾਈ॥ ਫਿਰਿ ਤਿਹ ਠੌਰਿ ਤਿਨੈ ਲੈ ਆਈ॥੨੧॥**

ਫੌਜ ਨੂੰ ਮਿਲਣ ਤੋਂ ਬਾਅਦ ਅੱਗੋਂ ਪਹੁੰਚ ਕੇ ਘੋੜੇ ਨੂੰ ਝਾਂਜਰਾਂ ਪਾ ਦਿੱਤੀਆਂ। ਉਨ੍ਹਾਂ ਨੂੰ ਸਾਰਾ ਪਿੰਡ ਵਿਖਾ ਕੇ ਫਿਰ ਉਸੇ ਥਾਂ ਲੈ ਆਈ॥੨੧॥

**ਪਰਦਾ ਲੇਤ ਤਾਨਿ ਆਗੇ ਤਿਨ॥ ਦੇਖਹੁ ਜਾਇ ਜਨਾਨਾ ਕਹਿ ਜਿਨ॥**
**ਆਗੇ ਕਰਿ ਸਭਹਿਨ ਕੇ ਬਾਜਾ॥ ਇਹ ਛਲ ਬਾਮ ਨਿਕਾਰ੍ਯੋ ਰਾਜਾ॥੨੨॥**

ਉਸਦੇ ਅੱਗੇ ਪੜਦਾ ਕਰ ਦਿੱਤਾ ਤਾਂਕਿ ਕੋਈ ਫੌਜੀ ਇਸਤਰੀਆਂ ਨੂੰ ਨ ਵੇਖ ਲਵੇ। ਘੋੜੇ ਨੂੰ ਸਭ ਦੇ ਅੱਗੇ ਕਰਕੇ ਇਸ ਛਲ ਨਾਲ ਉਸ ਰਾਜੇ ਨੂੰ ਕੱਢ ਦਿੱਤਾ॥੨੨॥

**ਸੋ ਆਂਗਨ-ਲੈ ਤਿਨੈ ਦਿਖਾਵੈ॥ ਆਗੇ ਬਹੁਰਿ ਕਨਾਤ ਤਨਾਵੈ॥**
**ਆਗੇ ਕਰਿ ਕਰਿ ਬਾਜ ਨਿਕਾਰੈ॥ ਨੇਵਰ ਕੇ ਬਾਜਤ ਝਨਕਾਰੈ॥੨੩॥**

ਪਦ ਅਰਥ - ਨੇਵਰ=ਝਾਂਝਰਾਂ। ਝਨਕਾਰੈ=ਖੜਕਦੀਆਂ ਸਨ।

ਇਕ ਵਿਹੜਾ ਉਨ੍ਹਾਂ ਨੂੰ ਵਿਖਾ ਦਿੰਦੀ ਸੀ ਤੇ ਅੱਗੇ ਪਰਦਾ ਲਾ ਦਿੰਦੀ ਸੀ। ਅੱਗੇ ਕਰ ਕਰਕੇ ਉਹ ਘੋੜੇ ਨੂੰ ਹੋਰ ਅੱਗੇ ਕਰੀ ਜਾਂਦੀ ਸੀ। ਉਸ ਦੀ ਝਾਂਜਰ ਦੀ ਝਣਕਾਰ ਸੁਣਾਈ ਦੇ ਰਹੀ

Namdhari Elibrary NamdhariElibrary@gmail.com

ਸੀ।।੨੩।।

**ਬਹੂ ਬਧੂ ਤਿਨਕੀ ਵਹੁ ਜਾਨੈ।। ਬਾਜੀ ਕਹ ਮੂਰਖ ਨ ਪਛਾਨੈ।।**
**ਨੇਵਰ ਕੈ ਬਾਜਤ ਝਨਕਾਰਾ।।ਭੇਦ ਅਭੇਦ ਨ ਜਾਤ ਬਿਚਾਰਾ।।੨੪।।**

ਉਹ ਸਾਰੇ ਉਸ ਘੋੜੇ ਨੂੰ ਉਸ ਦੀ ਵਹੁਟੀ ਸਮਝ ਰਹੇ ਸੀ ਅਤੇ ਮੂਰਖ ਲੋਕ ਘੋੜੇ ਨੂੰ ਨਹੀਂ ਪਹਿਚਾਣ ਰਹੇ ਸਨ। ਝਾਂਜਰ ਦੀ ਝਣਕਾਰ ਵਿਚ ਭੇਤ-ਅਭੇਤ ਦਾ ਪਤਾ ਨਹੀਂ ਲੱਗ ਰਿਹਾ ਸੀ।।੨੪।।

**ਦੁਹਿਤਾ ਬਹੂ ਤਿਨੈ ਕਰਿ ਜਾਨੈ।।ਸੁਨਿ ਸੁਨਿ ਧੁਨਿ ਨੇਵਰ ਕੀ ਕਾਨੈ।।**
**ਭੇਦ ਅਭੇਦ ਕਛੂ ਨ ਬਿਚਾਰੀ।। ਇਹ ਛਲ ਛਲੈ ਪੁਰਖ ਸਭ ਨਾਰੀ।।੨੫।।**

ਝਾਂਜਰ ਦੀ ਝਣਕਾਰ ਕੰਨਾਂ ਵਿਚ ਸੁਣ ਕੇ ਉਹ ਉਸ ਨੂੰ ਉਸ ਦੀ ਪੁੱਤਰੀ ਜਾਂ ਪਤਨੀ ਸਮਝ ਰਹੇ ਸਨ। ਕਿਸੇ ਨੇ ਵੀ ਅਸਲ ਭੇਤ ਨ ਸਮਝਿਆ. ਇਸ ਤਰ੍ਹਾਂ ਇਸ ਚਲਿੱਤਰ ਨਾਲ ਉਸ ਸਾਰੇ ਫੌਜੀਆਂ ਨੂੰ ਛੱਲ ਲਿਆ।।੨੫।।

**ਜਵਨ ਰੁਚਾ ਜਜੋਂ ਤਜੋਂ ਤਿਹ ਭਜਾ।। ਜਿਯ ਜੁ ਨ ਭਾਯੋ ਤਿਹ ਕੌ ਤਜਾ।।**
**ਇਨ ਇਸਤ੍ਰੀਨ ਕੇ ਚਰਿਤ ਅਪਾਰਾ।। ਜਿਨੈ ਨ ਬਿਧਨਾ ਸਕਤ ਬਿਚਾਰਾ।।੨੬।।੧।।**

ਇਸਤਰੀ ਨੂੰ ਜੋ ਕੁਝ ਵੀ ਚੰਗਾ ਲੱਗਦਾ ਹੈ ਉਸ ਨੂੰ ਕਿਸੇ ਵੀ ਢੰਗ ਨਾਲ ਪਾ ਲੈਂਦੀ ਹੈ ਅਤੇ ਜਿਹੜਾ ਚੰਗਾ ਨਹੀਂ ਲੱਗਦਾ ਉਸ ਨੂੰ ਤਿਆਗ ਦਿੰਦੀ ਹੈ। ਇਨ੍ਹਾਂ ਇਸਤਰੀਆਂ ਦੇ ਚਲਿੱਤਰ ਅਪਾਰ ਹਨ, ਜਿਨ੍ਹਾਂ ਨੂੰ ਵਿਧਾਤਾ ਵੀ ਨਹੀਂ ਵਿਚਾਰ ਸਕਦਾ।।੨੬।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੩੨।।੬੨੪੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬੱਤੀਵੀਂ ਕਥਾ ਸਮਾਪਤ।।੩੩੨।।੬੨੪੭।।ਚਲਦਾ।।

## *ਚਲਿੱਤਰ ਤਿੰਨ ਸੌ ਤੇਤੀਵਾਂ*

## *ਕਥਾ ਸ਼ਾਹ ਦੀ ਪੁੱਤਰੀ*

**ਚੌਪਈ।।ਸੁਨਹੋ ਰਾਜ ਕੁਅਰ ਇਕ ਬਾਤਾ।।ਤ੍ਰਿਯ ਚਰਿਤ੍ਰ ਜੋ ਕਿਯ ਬਿਖਯਾਤਾ।।**
**ਪਸਚਿਮ ਦਿਸਾ ਹੁਤੀ ਇਕ ਨਗਰੀ ।। ਹੰਸ ਮਾਲਨੀ ਨਾਮ ਉਜਗਰੀ।।੧।।**

ਹੇ ਰਾਜਨ ! ਮੈਂ ਤੁਹਾਨੂੰ ਇਕ ਐਸੀ ਇਸਤਰੀ ਦੀ ਕਥਾ ਸੁਣਾਉਂਦਾ ਹਾਂ ਜਿਸ ਇਕ ਵਚਿੱਤਰ

ਚਲਿੱਤਰ ਖੇਡਿਆ। ਪੱਛਮ ਵਾਲੇ ਪਾਸੇ ਹੰਸ ਮਾਲਤੀ ਨਾਮੀਂ ਇਕ ਮਸ਼ਹੂਰ ਪਿੰਡ ਸੀ॥੧॥

**ਹੰਸ ਸੈਨ ਜਿਹ ਰਾਜ ਬਿਰਾਜੈ॥ ਹੰਸ ਪ੍ਰਭਾ ਜਾਕੀ ਤ੍ਰਿਯ ਰਾਜੈ॥**
**ਰੂਪਵਾਨ ਗੁਨਵਾਨੁ ਜਿਯਾਰੀ॥ ਜਾਹਿਰ ਲੋਕ ਚੌਦਹੂੰ ਪਜਾਰੀ॥੨॥**

ਉਥੇ ਦਾ ਰਾਜਾ ਹੰਸ ਸੈਨ ਅਤੇ ਉਸ ਦੀ ਇਸਤਰੀ ਦਾ ਨਾਂ ਹੰਸ ਪ੍ਰਭਾ ਸੀ। ਉਹ ਰੂਪਵੰਤ, ਗੁਣਵੰਤ ਅਤੇ ਚੌਦਾਂ ਭਵਨਾਂ ਵਿਚ ਪ੍ਰਸਿਧ ਸੀ॥੨॥

**ਤਹ ਇਕ ਸ਼ਾਹੁ ਸੁਤਾ ਦੁਤਿਮਾਨਾ॥ ਬਹੁਰਿ ਜਿਯਤ ਜਿਹ ਨਿਰਖਿ ਸਮਾਨਾ॥**
**ਜੋਬਨ ਭਯੋ ਅਧਿਕ ਤਿਹ ਜਬਹੀ॥ ਬਹੁਤਨ ਸਾਥ ਬਿਹਾਰਤ ਤਬਹੀ॥ ੩॥**

ਪਦ ਅਰਥ – ਦੁਤਿਮਾਨ=ਚਮਕਦਾਰ, ਪ੍ਰਕਾਸ਼ਮਈ, ਸੁੰਦਰ। ਬਿਹਾਰਤ=ਭੋਗ ਬਿਲਾਸ ਕਰਨਾ।

ਉਥੇ ਇਕ ਸ਼ਾਹ ਦੀ ਪੁੱਤਰੀ ਸੀ, ਉਹ ਏਨੀ ਸੁੰਦਰ ਸੀ ਕਿ ਅਕਾਸ਼ ਵੀ ਉਸ ਨੂੰ ਵੇਖ ਕੇ ਜੀਉਂਦਾ ਸੀ। ਜਦ ਉਹ ਜਵਾਨ ਹੋਈ ਤਾਂ ਅਨੇਕਾਂ ਵਿਅਕਤੀਆਂ ਨਾਲ ਰਮਣ ਕਰਨ ਲੱਗੀ॥੩॥

**ਇਕ ਦਿਨ ਭੇਸ ਪੁਰਖ ਕੋ ਧਾਰਿ॥ ਨਿਜੁ ਪਤਿ ਸਾਥ ਕਰੀ ਬਹੁ ਰਾਰਿ॥**
**ਲਾਤ ਮੁਸ਼ਟ ਕੇ ਕਰਤ ਪ੍ਰਹਾਰ॥ ਸੋ ਤਿਹ ਨਾਰਿ ਨ ਸਕੈ ਬਿਚਾਰਿ॥ ੪॥**

ਪਦ ਅਰਥ – ਨਿਜੁ ਪਤਿ=ਆਪਣੇ ਪਤੀ ਨਾਲ। ਰਾਰਿ=ਲੜਾਈ। ਪ੍ਰਹਾਰ=ਵਾਰ।

ਇਕ ਦਿਨ ਉਸ ਆਦਮੀ ਦਾ ਭੇਸ ਧਾਰ ਕੇ ਆਪਣੇ ਪਤੀ ਨਾਲ ਝਗੜਾ ਕੀਤਾ। ਉਹ ਲਤਾਂ ਅਤੇ ਘਸੁੰਨਾਂ ਨਾਲ ਉਸ ਨੂੰ ਮਾਰ ਰਹੀ ਸੀ ਅਤੇ ਉਸ ਦਾ ਪਤੀ ਆਪਣੀ ਇਸਤਰੀ ਨੂੰ ਪਹਿਚਾਣ ਨਹੀਂ ਸੀ ਰਿਹਾ॥੪॥

**ਤਾਸੌਂ ਲਰਿ ਕਾਜੀ ਪਹਿ ਗਈ॥ ਲੈਇ ਲਾਮ ਪਜਾਦਨ ਸੰਗ ਅਈ॥**
**ਐਂਚ ਪਤਿਹਿ ਲੈ ਤਹਾ ਸਿਧਾਈ॥ ਕੋਤਵਾਰ ਕਾਜੀ ਜਿਹ ਠਾਈ॥ ੫॥**

ਪਦ ਅਰਥ – ਐਚ=ਖਿੱਚਕੇ।

ਉਸ ਨਾਲ ਲੜਾਈ ਕਰਕੇ ਉਹ ਕਾਜ਼ੀ ਦੇ ਕੋਲ ਗਈ ਅਤੇ ਪੈਦਲ ਸਿਪਾਹੀਆਂ ਨੂੰ ਨਾਲ ਲੈ ਕੇ ਆ ਗਈ। ਉਹ ਉਸ ਦੇ ਪਤੀ ਨੂੰ ਖਿੱਚ ਕੇ ਉਥੇ ਲੈ ਗਏ ਜਿਥੇ ਕਾਜ਼ੀ ਅਤੇ ਕੋਤਵਾਲ ਬੈਠੇ ਸਨ॥੫॥

**ਪਜਾਦਨ ਸਾਥ ਦ੍ਵਾਰ ਪਤਿ ਖਿਰ ਕਰਿ॥ ਦਿਨ ਕਹ ਗਈ ਮਿੱਤ੍ਰ ਅਪਨੇ ਘਰ॥**
**ਤਾ ਸੰਗ ਕਰਿ ਕ੍ਰੀੜਾ ਕੀ ਗਾਥਾ॥ ਲੈ ਆਈ ਸ਼ਾਹਿਦ ਕਹਿ ਸਾਥਾ॥ ੬॥**

ਸਿਪਾਹੀਆਂ ਦੇ ਨਾਲ ਪਤੀ ਨੂੰ ਭੇਜ ਕੇ ਉਹ ਦਿਨ ਦੇ ਸਮੇਂ ਹੀ ਆਪਣੇ ਮਿੱਤਰ ਕੋਲ ਚਲੇ

Namdhari Elibrary NamdhariElibrary@gmail.com

ਗਈ। ਉਸ ਨਾਲ ਉਸ ਪ੍ਰੇਮ ਪਿਆਰ ਕੀਤਾ ਅਤੇ ਉਸ ਨੂੰ ਗਵਾਹ ਬਣਾ ਕੇ ਲੈ ਆਈ॥੬॥

**ਅੜਿੱਲ॥ ਜਾਰ ਪਯਾਦਨ ਪਤਿ ਜੁਤਿ ਦ੍ਵਾਰੇ ਠਾਢਿ ਕਰ॥**
**ਦੁਤਿਯ ਮਿੱਤ੍ਰ ਕੇ ਗਈ ਦਿਵਸ ਕਹ ਨਾਰਿ ਘ੍ਰਰ॥**
**ਕਾਮ ਭੋਗ ਤਿਹ ਸਾਥਿ ਕੀਯਾ ਰੁਚਿਮਾਨਿ ਕਰਿ॥**
**ਹੋ ਸ਼ਾਹਿਦ ਕੈ ਲਜਾਈ ਅਪਨੇ ਤਿਹ ਸਾਥ ਧਰਿ॥ ੭॥**

ਆਪਣੇ ਪਹਿਲੇ ਯਾਰ ਨੂੰ ਪਤੀ ਅਤੇ ਸਿਪਾਹੀਆਂ ਦੇ ਕੋਲ ਛੱਡ ਕੇ ਉਹ ਫਿਰ ਦੂਸਰੇ ਯਾਰ ਦੇ ਕੋਲ ਚਲੇ ਗਈ। ਉਸ ਨਾਲ ਵੀ ਰੁਚੀ ਅਨੁਸਾਰ ਕਾਮ ਕ੍ਰੀੜਾ ਕੀਤੀ ਅਤੇ ਉਸ ਨੂੰ ਵੀ ਗਵਾਹ ਬਣਾ ਕੇ ਨਾਲ ਲੈ ਆਈ॥੭॥

**ਚੌਪਈ॥ ਕਹਾਂ ਲਗੇ ਮੈਂ ਕਹੌਂ ਉਚਰਿ ਕਰਿ॥ ਇਹ ਬਿਧਿ ਗਈ ਬਹੂਤਨ ਕੇ ਘਰ॥**
**ਸੰਗ ਸ਼ਾਹਿਦ ਸਭ ਹੀ ਕਰਿ ਲੀਨੇ॥ ਸਕਲ ਰੁਜੂ ਕਾਜੀ ਕੇ ਕੀਨੇ॥ ੮॥**

ਪਦ ਅਰਥ - ਸ਼ਾਹਿਦ=ਗਵਾਹ। ਰੁਜੂ=ਪੇਸ਼।

ਮੈਂ ਕਿਥੋਂ ਤਕ ਦੱਸਾਂ ਇਸ ਤਰ੍ਹਾਂ ਹੀ ਉਹ ਆਪਣੇ ਕਈ ਯਾਰਾਂ ਦੇ ਘਰ ਗਈ ਅਤੇ ਸਾਰੇ ਯਾਰਾਂ ਨੂੰ ਆਪਣੇ ਗ਼ਵਾਹ ਬਣਾ ਕੇ ਕਾਜ਼ੀ ਦੇ ਸਾਹਮਣੇ ਲਿਆ ਖੜੇ ਕੀਤੇ॥੮॥

**ਤਿਹ ਅਪਨੀ ਅਪਨੀ ਤੇ ਮਾਨੈ॥ ਏਕ ਏਕ ਕੋ ਭੇਦ ਨ ਜਾਨੈ॥**
**ਜੁ ਤ੍ਰਿਯ ਕਹਤ ਸੋ ਪੁਰਖ ਬਖਾਨਤ॥ ਆਪੁ ਆਪੁ ਕੀ ਬਾਤ ਨ ਜਾਨਤ॥ ੯॥**

ਸਾਰੇ ਉਸ ਨੂੰ ਆਪਣਾ ਹੀ ਸਮਝਦੇ ਸਨ ਅਤੇ ਇਕ ਦੂਸਰੇ ਦਾ ਭੇਤ ਨਹੀਂ ਜਾਣਦੇ ਸਨ। ਜੋ ਇਸਤਰੀ ਕਹਿੰਦੀ ਸੀ ਉਹ ਸਾਰੇ ਆਦਮੀ ਉਹੋ ਕੁਝ ਕਹਿੰਦੇ ਸਨ ਅਤੇ ਅਸਲ ਗੱਲ ਨਹੀਂ ਜਾਣਦੇ ਸਨ॥੯॥

**ਸਭ ਸ਼ਾਹਿਦ ਜਬ ਨਜਰਿ ਗੁਜਰੇ॥ ਏਕ ਬਚਨ ਵਹ ਤ੍ਰਿਯਾ ਉਚਰੇ॥**
**ਤਬ ਕਾਜੀ ਸਾਚੀ ਇਹ ਕੀਨੋ॥ ਦਰਬ ਬਟਾਇ ਅਰਧ ਤਿਹ ਦੀਨੋ॥੧੦॥**

ਜਦ ਸਾਰੇ ਗਵਾਹ ਵੇਖ ਲਏ ਗਏ ਤਾਂ ਉਸ ਇਸਤਰੀ ਨੇ ਆਪਣੀ ਗੱਲ ਕਹੀ। ਕਾਜ਼ੀ ਨੇ ਉਸ ਨੂੰ ਸੱਚੀ ਮੰਨ ਲਿਆ ਅਤੇ ਅੱਧਾ ਧਨ ਵੰਡ ਕੇ ਉਸ ਨੂੰ ਦੇ ਦਿੱਤਾ॥੧੦॥

**ਕਿਨੂੰ ਨ ਤਾਕੋ ਭੇਦ ਬਿਚਾਰਾ॥ ਕਸ ਚਰਿੱਤ੍ਰ ਇਹ ਨਾਰਿ ਦਿਖਾਰਾ॥**
**ਔਰਨ ਕੀ ਕੋਊ ਕਹਾ ਬਖਾਨੈ॥ ਆਪੁ ਆਪ ਮਹਿ ਤੇਊ ਨ ਜਾਨੈ॥ ੧੧॥**

ਕਿਸੇ ਵੀ ਉਸ ਦੇ ਭੇਤ ਨੂੰ ਨ ਸਮਝਿਆ ਕਿ ਇਸ ਇਸਤਰੀ ਨੇ ਕੀ ਚਲਿੱਤਰ ਕੀਤਾ ਹੈ। ਉਨ੍ਹਾਂ ਬਾਰੇ ਕੋਈ ਕੀ ਕਹੇ, ਉਹ ਤਾਂ ਆਪਸ ਵਿਚ ਵੀ ਕੁਝ ਨਹੀਂ ਜਾਣਦੇ ਸਨ॥੧੧॥

**ਦੋਹਰਾ॥ ਕਹਾਂ ਲਖਾ ਤ੍ਰਿਯ ਕਰਮ ਕਰਿ ਕੈਸੇ ਕਰਮ ਕਮਾਇ॥**
**ਭੇਦ ਅਭੇਦ ਸਭ ਆਪੁ ਮਹਿ ਸਕਾ ਨ ਕੋਊ ਪਾਇ॥੧੨॥੧॥**

ਉਸ ਇਸਤਰੀ ਨੇ ਕੀ ਕੀਤਾ ਅਤੇ ਕੀ ਕਰਮ ਕਮਾਇਆ, ਇਸ ਭੇਤ-ਅਭੇਦ ਨੂੰ ਕੋਈ ਵੀ ਨ ਜਾਣ ਸਕਿਆ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੇਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੩॥੬੨੫੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤੇਤੀਵੀਂ ਕਥਾ ਸਮਾਪਤ॥੩੩੩॥੬੨੫੯॥ਚਲਦਾ॥

## ਚਲਿੱਤਰ ਤਿੰਨ ਸੌ ਚੌਂਤੀਵਾਂ

## ਕਥਾ ਪਿੰਗਲ ਦੇਵੀ

**ਚੌਪਈ॥ ਰਾਜ ਸੈਨ ਇਕ ਰਾਜਾ ਦੱਛਿਨ॥ ਤ੍ਰਿਯ ਤਿਹ ਰਾਜ ਮਤੀ ਸੁਭ ਲੱਛਨ॥**
**ਅਮਿਤ ਦਰਬ ਤਨ ਭਰੇ ਭੰਡਾਰਾ॥ ਜਿਨ ਕੋ ਆਵਤ ਵਾਰ ਨ ਪਾਰਾ॥੧॥**

ਦਖਣ ਵਿਚ ਇਕ ਰਾਜਾ ਰਾਜ ਸੈਨ ਰਹਿੰਦਾ ਸੀ ਜਿਸ ਦੀ ਸੁਲੱਖਣੀ ਇਸਤਰੀ ਦਾ ਨਾਂ ਰਾਜ ਮਤੀ ਸੀ। ਉਨ੍ਹਾਂ ਦੇ ਘਰ ਵਿਚ ਧਨ ਦੇ ਬੇਅੰਤ ਭੰਡਾਰ ਭਰੇ ਸਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਸੀ ਪਾ ਸਕਦਾ॥੧॥

**ਪਿੰਗਲ ਦੇ ਤਹ ਸ਼ਾਹ ਦੁਲਾਰੀ॥ ਜਾਕੀ ਸਮ ਨਹਿ ਦੁਤਿਯ ਕੁਮਾਰੀ॥**
**ਨਿਰਖਿ ਨ੍ਰਿਪਤਿ ਤ੍ਰਿਯ ਭਈ ਦਿਵਾਨੀ॥ ਤਬ ਤੇ ਰੁਚਤ ਖਾਨ ਨਹਿ ਪਾਨੀ॥੨॥**

ਉਥੇ ਇਕ ਸ਼ਾਹ ਦੀ ਪੁੱਤਰੀ ਪਿੰਗਲ ਦੇਵੀ ਸੀ ਜਿਸ ਵਰਗੀ ਸੁੰਦਰ ਹੋਰ ਕੋਈ ਇਸਤਰੀ ਨਹੀਂ ਸੀ। ਉਹ ਰਾਜੇ ਨੂੰ ਵੇਖ ਕੇ ਦਿਵਾਨੀ ਹੋ ਗਈ ਅਤੇ ਉਸ ਨੂੰ ਖਾਣਾ ਪੀਣਾ ਸਭ ਕੁਝ ਵਿੱਸਰ ਗਿਆ॥੨॥

**ਲਗਨਿ ਨ੍ਰਿਪਤਿ ਤਨ ਲਾਗੀ॥ ਛੂਟੈ ਕਹਾ ਅਨੋਖੀ ਜਾਗੀ॥**
**ਚੀਨਿ ਇਕ ਹਿਤੂ ਸਯਾਨੀ॥ ਪਠੈ ਦਈ ਨ੍ਰਿਪ ਕੀ ਰਜਧਾਨੀ॥੩॥**

ਉਸ ਦੀ ਲਗਨ ਰਾਜੇ ਨਾਲ ਲੱਗ ਗਈ ਅਤੇ ਇਹ ਅਨੋਖੀ ਪ੍ਰੀਤ ਹੁਣ ਕਿਵੇਂ ਟੁਟ ਸਕਦੀ

Namdhari Elibrary NamdhariElibrary@gmail.com

ਸੀ। ਉਸ ਇਕ ਸਿਆਣੀ ਸਖੀ ਨੂੰ ਬੁਲਾਇਆ ਅਤੇ ਉਸ ਨੂੰ ਰਾਜੇ ਦੀ ਰਾਜਧਾਨੀ ਵਿਖੇ ਭੇਜ ਦਿੱਤਾ।।੩।।

**ਜਿਮਿ ਤਿਮਿ ਬਦਾ ਮਿਲਨ ਤਿਹ ਸੰਗਾ।। ਤਿਹ ਤਨ ਬਜਾਪਜੋ ਅਧਿਕ ਅਨੰਗਾ।।**
**ਤਿਹ ਭੇਟਨ ਕੌ ਚਿਤ ਲਲਚਾਵੈ।। ਘਾਤ ਨ ਨਿਕਸਨ ਕੀ ਤ੍ਰਿਯ ਪਾਵੈ।। ੪।।**

ਜਿਵੇਂ ਕਿਵੇਂ ਹਰ ਹਾਲਤ ਵਿਚ ਉਹ ਉਸ ਨੂੰ ਮਿਲਣਾ ਚਾਹੁੰਦੀ ਸੀ ਕਿਉਂਕਿ ਉਸ ਦੇ ਸਰੀਰ ਵਿਚ ਕਾਮ ਵਿਆਪਕ ਹੋ ਚੁਕਿਆ ਸੀ। ਉਸ ਨੂੰ ਮਿਲਣ ਲਈ ਉਸ ਦਾ ਦਿਲ ਲਲਚਾ ਰਿਹਾ ਸੀ ਪਰ ਮਿਲਣ ਦਾ ਮੌਕਾ ਹੀ ਨਹੀਂ ਮਿਲ ਰਿਹਾ ਸੀ।।੪।।

**ਕਹਜੋ ਸ਼ਾਹੁ ਇਕ ਭੂਪ ਬੁਲਾਵਤ।। ਸਭ ਅੰਨਨ ਕੋ ਨਿਰਖ ਲਿਖਾਵਤ।।**
**ਬਚਨ ਸੁਨਤ ਤਹ ਸ਼ਾਹੁ ਸਿਧਾਰਾ।। ਭਲੋ ਬੁਰੋ ਨਹਿ ਮੂੜ ਬਿਚਾਰਾ।। ੫।।**

ਉਸ ਸ਼ਾਹ ਨੂੰ ਜਾ ਕੇ ਕਿਹਾ ਕਿ ਤੁਹਾਨੂੰ ਇਕ ਰਾਜਾ ਬੁਲਾ ਰਿਹਾ ਹੈ ਅਤੇ ਉਹ ਸਾਰਿਆਂ ਦੇ ਨਿਰਖ ਪਰਖ ਕੇ ਭਾਵ ਲਿਖ ਰਿਹਾ ਹੈ। ਇਹ ਸੁਣ ਕੇ ਭਲੇ ਬੁਰੇ ਦਾ ਵਿਚਾਰ ਕੀਤੇ ਬਿਨਾਂ ਸ਼ਾਹ ਉਧਰ ਚਲ ਪਿਆ।।੫।।

**ਨਿਕਸਤ ਭਈ ਘਾਤ ਤ੍ਰਿਯ ਪਾਇ।। ਭੋਗ ਕੀਆ ਰਾਜਾ ਸੌਂ ਜਾਇ।।**
**ਰਹਜੋ ਮੂੜ੍ਹ ਪਰ ਦ੍ਵਾਰ ਬਹਿੰਠੋ।। ਭਲਾ ਬੁਰਾ ਕਛੁ ਲਹਜੋ ਨ ਡਿੱਠੋ।। ੬।।**

ਮੌਕਾ ਪਾ ਕੇ ਇਸਤਰੀ ਨਿਕਲ ਗਈ ਅਤੇ ਉਸ ਜਾ ਕੇ ਰਾਜੇ ਨਾਲ ਕਾਮ ਕ੍ਰੀੜਾ ਕੀਤੀ। ਉਹ ਮੂਰਖ ਦੂਸਰੇ ਦੇ ਦਰਵਾਜ਼ੇ ਤੇ ਜਾਕੇ ਬੈਠਾ ਰਿਹਾ ਅਤੇ ਉਸ ਭਲਾ ਬੁਰਾ ਕੁਝ ਵੀ ਨ ਪਛਾਣਿਆ ਅਤੇ ਨ ਹੀ ਵੇਖਿਆ।।੬।।

**ਤ੍ਰਿਯ ਕਰਿ ਕੇਲ ਭੂਪ ਸੌਂ ਆਈ।। ਲਯੋ ਸ਼ਾਹੁ ਘਰ ਬਹੁਰਿ ਬੁਲਾਈ।।**
**ਕਹਜੋ ਪ੍ਰਾਤ ਹਮ ਤੁਮ ਦੋਊ ਜੈਹੈਂ।। ਰਾਜਾ ਕਹਤ ਵਹੈ ਕਰਿ ਐਹੈਂ।। ੭।।**

ਇਸਤਰੀ ਰਾਜੇ ਨਾਲ ਕਾਮ ਕ੍ਰੀੜਾ ਕਰਕੇ ਵਾਪਸ ਆ ਗਈ ਅਤੇ ਉਸ ਸ਼ਾਹ ਨੂੰ ਵਾਪਸ ਘਰ ਬੁਲਾ ਲਿਆ। ਉਹ ਕਹਿਣ ਲੱਗੀ ਕਿ ਸਵੇਰੇ ਅਸੀਂ ਦੋਵੇਂ ਰਾਜੇ ਪਾਸ ਜਾਵਾਂਗੇ ਅਤੇ ਜੋ ਉਹ ਕਹੇਗਾ ਉਹੋ ਕਰਾਂਗੇ।।੭।।

**ਦੋਹਰਾ।। ਇਹ ਛਲ ਮੂਰਖ ਤਿਹ ਛਲਾ ਸਕਜੋ ਨ ਭੇਦ ਬਿਚਾਰ।।**
**ਕਹਾ ਚਰਿਤ ਇਨ ਤ੍ਰਿਯ ਕਿਯਾ ਨ੍ਰਿਪ ਸੰਗ ਰਮੀ ਸੁਧਾਰਿ।। ੮।। ੧।।**

ਇਸ ਚਲਿੱਤਰ ਨਾਲ ਉਹ ਮੂਰਖ ਸ਼ਾਹ ਨੂੰ ਛੱਲ ਗਈ, ਜਿਹੜਾ ਕਿ ਅਸਲ ਰਹਿਸ ਨੂੰ ਨ ਸਮਝ ਸਕਿਆ। ਉਸ ਇਸਤਰੀ ਨੇ ਕਿਸ ਤਰ੍ਹਾਂ ਦਾ ਚਲਿੱਤਰ ਕੀਤਾ ਕਿ ਰਾਜੇ ਨਾਲ ਭਲੀ ਭਾਂਤ ਰਮਣ ਕੀਤਾ।।੮।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੪॥੬੨੬੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚੌਤੀਵੀਂ ਕਥਾ ਸਮਾਪਤ॥੩੩੪॥੬੨੬੭॥ਚਲਦਾ॥

## ਚਲਿੱਤਰ ਤਿੰਨ ਸੌ ਪੈਂਤੀਵਾਂ
## ਕਥਾ ਦਿਮਾਗ ਰੌਸ਼ਨ

**ਦੋਹਰਾ॥ ਸ਼ਹਿਰ ਸਰੋਹੀ ਕੇ ਬਿਖੈ ਬਿਕ੍ਰਤਕਰਨ ਇਕ ਰਾਇ॥**
**ਬੀਰ ਬਡੋ ਬਾਂਕੋ ਰਥੀ ਰਾਖਤ ਸਭ ਕੋ ਭਾਇ॥ ੧॥**

ਸ਼ਹਿਰ ਸਿਰੋਹੀ ਵਿਚ ਇਕ ਬਿਕਰਤ ਕਰਨ ਨਾਮੀਂ ਰਾਜਾ ਸੀ, ਜਿਹੜਾ ਮਹਾਂਬਲੀ, ਬਾਂਕਾ ਰੱਥਵਾਨ ਅਤੇ ਸਾਰਿਆਂ ਨੂੰ ਪ੍ਰੇਮ ਕਰਦਾ ਸੀ॥੧॥

**ਚੌਪਈ॥ ਅਬਲਾ ਦੇ ਰਾਨੀ ਤਾਕੇ ਘਰ॥ ਅਧਿਕ ਪੰਡਿਤਾ ਸਕਲ ਹੁਨਰ ਕਰਿ॥**
**ਬੀਰਮ ਦੇਵ ਪੁੱਤ੍ਰ ਤਿਹ ਜਾਯੋ॥ ਤੇਜਵਾਨ ਬਲਵਾਨ ਸੁਹਾਯੋ॥੨॥**

ਉਸ ਦੀ ਰਾਣੀ ਦਾ ਨਾਂ ਅਬਲਾ ਦੇਵੀ ਸੀ ਜਿਹੜੀ ਕਿ ਸਾਰੀਆਂ ਕਲਾਵਾਂ ਵਿਚ ਨਿਪੁੰਨ ਸੀ। ਉਸ ਨੇ ਬੀਰਮ ਦੇਵ ਨਾਮੀਂ ਪੁੱਤਰ ਨੂੰ ਜਨਮ ਦਿੱਤਾ ਜਿਹੜਾ ਕਿ ਬੜਾ ਤੇਜਵਾਨ ਅਤੇ ਬਲਵਾਨ ਸੀ॥੨॥

**ਤਾਕੀ ਜਾਤ ਨ ਪ੍ਰਭਾ ਬਖਾਨੀ॥ ਰੂਪ ਅਨੰਗ ਧਰਜੋ ਹੈ ਜਾਨੀ॥**
**ਕਹ ਲਗਿ ਪ੍ਰਭਾ ਕਰੈ ਕਵਨੈ ਕਬਿ॥ ਨਿਰਖਿ ਸੂਰ ਸਸਿ ਰਹਤ ਇੰਦ੍ਰ ਦਬਿ॥ ੩॥**

ਉਸ ਦੀ ਸੁੰਦਰਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਉਹ ਮਾਨੋਂ ਕਾਮਦੇਵ ਦਾ ਹੀ ਦੂਸਰਾ ਰੂਪ ਸੀ। ਕਵੀ ਉਸ ਦੀ ਸੁੰਦਰਤਾ ਦਾ ਕੀ ਵਰਣਨ ਕਰ ਸਕਦਾ ਹੈ, ਉਸ ਦੇ ਸਾਹਮਣੇ ਤਾਂ ਸੂਰਜ, ਚੰਦ ਅਤੇ ਇੰਦਰ ਵੀ ਦੱਬੇ ਦੱਬੇ ਰਹਿੰਦੇ ਸਨ॥੩॥

**ਛੈਲ ਛਬੀਲੋ ਕੁਅਰ ਅਪਾਰਾ॥ ਆਪੁ ਘੜਾ ਜਾਨੁਕ ਕਰਤਾਰਾ॥**
**ਕਨਕ ਅਵਟਿ ਸਾਚੇ ਜਨ ਢਾਰਜੋ॥ ਰੀਝਿ ਰਹਤ ਜਿਨ ਬ੍ਰਹਮ ਸਵਾਰਜੋ॥੪॥**

ਇਸ ਛੈਲ ਛਬੀਲੇ ਕੁਮਾਰ ਨੂੰ ਮਾਨੋਂ ਪਰਮਾਤਮਾ ਨੇ ਖੁਦ ਬਣਾਇਆ ਸੀ। ਉਹ ਏਨਾ ਖੂਬਸੂਰਤ ਸੀ ਕਿ ਮਾਨੋਂ ਉਸ ਨੂੰ ਸੋਨੇ ਦੇ ਸੱਚੇ ਵਿਚ ਢਾਲਿਆ ਗਿਆ ਹੋਵੇ। ਬ੍ਰਹਮਾਂ ਵੀ ਉਸ ਨੂੰ ਵੇਖ ਕੇ ਪ੍ਰਸੰਨ ਹੋ ਰਿਹਾ ਸੀ॥੪॥

Namdhari Elibrary NamdhariElibrary@gmail.com

ਨੈਨ ਫਬਤ ਮ੍ਰਿਗ ਸੇ ਕਜਰਾਰੇ॥ ਕੇਸ ਜਾਲ ਜਨੁ ਫਾਂਸ ਸਵਾਰੇ॥
ਜਾਕੇ ਪਰੇ ਗਰੈ ਸੋਈ ਜਾਨੈ॥ ਬਿਨੁ ਬੂਝੈ ਕੋਈ ਕਹਾ ਪਛਾਨੈ॥ ੫॥

ਉਸ ਦੇ ਕਜਰਾਰੇ ਨੈਣ ਹਿਰਨ ਵਾਂਗ ਫੱਬਦੇ ਸਨ ਅਤੇ ਕੇਸ ਜਾਲ ਫਾਂਸੀ ਦੇ ਫੰਦੇ ਵਾਂਗ ਸ਼ੋਭਦੇ ਸਨ। ਇਹ ਕੇਸ ਜਾਲ ਜਿਸ ਦੇ ਗਲ ਪੈਂਦੇ ਹਨ ਉਹ ਹੀ ਜਾਣ ਸਕਦਾ ਹੈ. ਬਿਨ ਜਾਣਿਆਂ ਭਲਾ ਕੋਈ ਕੀ ਪਹਿਚਾਣ ਕਰ ਸਕਦਾ ਹੈ॥੫॥

ਜੇਤਿਕ ਦੇਤ ਪ੍ਰਭਾ ਸਭ ਹੀ ਕਬਿ॥ ਤੇਤਿਕ ਤੁਹੀ ਤਵਨ ਭੀਤਰਿ ਛਬਿ॥
ਪੁਰਖ ਨਾਰਿ ਚਿਤਵਹ ਜੋ ਤਾਂਹਿ॥ ਕਛੁ ਨ ਸੰਭਾਰ ਰਹਤ ਤਬ ਵਾਹਿ॥ ੬॥

ਕਵੀ ਸੁੰਦਰਤਾ ਬਾਰੇ ਜਿੰਨੀਆਂ ਉਪਮਾਵਾਂ ਦਿੰਦੇ ਹਨ, ਉਹ ਸਾਰੀਆਂ ਉਪਮਾਵਾਂ ਉਸ ਦੀ ਸੁੰਦਰਤਾ ਨੂੰ ਪੂਰੇ ਤੌਰ ਤੇ ਬਿਆਨ ਨਹੀਂ ਕਰ ਸਕਦੀਆਂ ਸਨ। ਜਿਹੜਾ ਵੀ ਇਸਤਰੀ ਪੁਰਖ ਉਸ ਨੂੰ ਵੇਖਦਾ ਸੀ. ਉਸ ਨੂੰ ਹੀ ਆਪਣੀ ਹੋਸ਼ ਭੁਲ ਜਾਂਦੀ ਸੀ॥੬॥

ਚੰਚਰੀਟ ਦੁਤਿ ਦੇਖਿ ਬਿਕਾਨੇ॥ ਭਵਰ ਆਜੁ ਲਗਿ ਫਿਰਤਿ ਦਿਵਾਨੇ॥
ਮਹਾਦੇਵ ਤੇ ਨੈਕ ਨਿਹਾਰੇ॥ ਅਬ ਲਗਿ ਬਨ ਮੈ ਬਸਤ ਉਘਰੇ॥ ੭॥

ਪਦ ਅਰਥ - ਚੰਚਰੀਟ=ਮਮੋਲੇ। ਦੁਤਿ=ਸੁੰਦਰਤਾ। ਬਿਕਾਨੇ=ਵਿੱਕ ਗਏ ਸਨ। ਦਿਵਾਨੇ=ਪਾਗਲ। ਨੈਕ=ਜ਼ਰਾ ਵੀ, ਥੋੜਾ। ਉਘਾਰੇ=ਨੰਗਾ।

ਮਭਮੋਲੇ ਉਸ ਦੀ ਸੁੰਦਰਤਾ ਤੇ ਵਿਕੇ ਹੋਏ ਸਨ ਅਤੇ ਭੰਵਰੇ ਉਸ ਦੀ ਸ਼ੋਭਾ ਨੂੰ ਵੇਖ ਕੇ ਦੀਵਾਨੇ ਸਨ। ਮਹਾਂਦੇਵ ਉਸ ਨੂੰ ਵੇਖ ਕੇ ਅਜ ਤਕ ਜੰਗਲ ਵਿਚ ਨੰਗਾ ਹੀ ਘੁੰਮ ਰਿਹਾ ਹੈ॥੭॥

ਅੜਿੱਲ॥ ਚਤੁਰਾਨਨ ਮੁਖ ਚਤੁਰ ਲਖਿ ਯਾਹੀ ਤੇ ਕਰੈਂ॥
ਸਿਖਿ ਬਾਹਨ ਖਟ ਸਦਨ ਸੁ ਯਾਹੀ ਤੇ ਧਰੈਂ॥
ਪੰਚਾਨਨ ਯਾਤੇ ਸ਼ਿਵ ਭਏ ਬਚਾਰਿ ਕਰਿ॥
ਹੋ ਸਹਸਾਨਨ ਨਹੁ ਸਕਾ ਪ੍ਰਭਾ ਕੋ ਸਿੰਧੁ ਤਰਿ॥ ੮॥

ਬ੍ਰਹਮਾ ਨੇ ਉਸ ਨੂੰ ਵੇਖਣ ਵਾਸਤੇ ਹੀ ਚਾਰ ਮੂੰਹ ਬਣਾਏ ਸਨ ਅਤੇ ਕਾਰਤਕ ਨੇ ਏਸੇ ਕਾਰਨ ਛੇ ਮੂੰਹ ਬਣਾਏ ਸਨ। ਸ਼ਿਵਜੀ ਵੀ ਉਸ ਨੂੰ ਵੇਖਣ ਖਾਤਰ ਪੰਜਾਂ ਮੂੰਹਾਂ ਵਾਲੇ ਹੋ ਗਏ ਸਨ ਅਤੇ ਸੌ ਮੂੰਹਾਂ ਵਾਲਾ ਸ਼ੇਸ਼ਨਾਗ ਵੀ ਉਸ ਦੀ ਸਮੁੰਦਰ ਰੂਪੀ ਸੁੰਦਰਤਾ ਦਾ ਅਥਾਹ ਨ ਪਾ ਸਕਿਆ॥੮॥

ਚੌਪਈ॥ ਜੋ ਅਬਲਾ ਤਿਹ ਰੂਪ ਨਿਹਾਰਤ॥ ਲਾਜ ਸਾਜ ਧਨ ਧਾਮ ਬਿਸਾਰਤ॥
ਮਨ ਮੈ ਰਹਤ ਮਗ਼ਨ ਹ੍ਵੈ ਨਾਰੀ॥ ਜਾਨੁ ਬਿਸਿਖ ਤਨ ਮ੍ਰਿਗੀ ਪ੍ਰਹਾਰੀ॥ ੯॥

ਜਿਹੜੀ ਵੀ ਇਸਤ੍ਰੀ ਉਸ ਦਾ ਰੂਪ ਵੇਖਦੀ ਸੀ, ਉਹ ਸ਼ਰਮ, ਧਨ, ਘਰ ਸਭ ਕੁਝ ਭੁੱਲ ਜਾਂਦੀ ਸੀ। ਇਸਤਰੀਆਂ ਉਸ ਨੂੰ ਵੇਖ ਕੇ ਮਨ ਹੀ ਮਨ ਵਿਚ ਇਸ ਤਰ੍ਹਾਂ ਮਸਤ ਹੋ ਜਾਂਦੀਆਂ ਸਨ ਜਿਵੇਂ ਤੀਰ ਲੱਗਣ ਨਾਲ ਹਿਰਨੀ ਹੋਸ਼ ਗਵਾ ਬੈਠਦੀ ਹੈ।।੯।।

**ਸ਼ਾਹਜੈਨ ਅੱਲਾਵਦੀਨ ਜਹ।। ਆਯੋ ਕੁਅਰ ਰਹਨ ਚਾਕਰ ਤਹ।।**
**ਫੂਲਮਤੀ ਹਜਰਤਿ ਕੀ ਨਾਰੀ।। ਤਾਕੇ ਗ੍ਰਿਹਿ ਇਕ ਭਈ ਕੁਮਾਰੀ।।੧੦।।**

ਬਾਦਸ਼ਾਹ ਅਲਾਉਦੀਨ ਪਾਸ ਇਹ ਕੁਮਾਰ ਨੌਕਰੀ ਕਰਨ ਵਾਸਤੇ ਆਇਆ। ਉਸ ਬਾਦਸ਼ਾਹ ਦੀ ਇਸਤਰੀ ਦਾ ਨਾਂ ਫੂਲਮਤੀ ਸੀ ਅਤੇ ਉਨ੍ਹਾਂ ਦੇ ਘਰ ਇਕ ਸ਼ਹਿਜ਼ਾਦੀ ਵੀ ਸੀ।।੧੦।।

**ਸ੍ਰੀ ਦਿਮਾਗ ਰੋਸ਼ਨ ਵਹ ਬਾਰੀ।। ਜਨੁ ਰਤਿ ਪਤਿ ਤੇ ਭਈ ਕੁਮਾਰੀ।।**
**ਜਨੁਕ ਚੀਰਿ ਚੰਦ੍ਰਮਾ ਬਨਾਈ।। ਤਾਹੀ ਤਾ ਤੇ ਮੈ ਅਤਿਤਾਈ।।੧੧।।**

ਉਸ ਸ਼ਹਿਜ਼ਾਦੀ ਦਾ ਨਾਂ ਦਿਮਾਗ ਰੌਸ਼ਨ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਕਾਮ ਦੇਵ ਦੀ ਪੁੱਤਰੀ ਹੋਵੇ। ਇਸ ਤਰ੍ਹਾਂ ਲੱਗਦਾ ਸੀ ਕਿ ਉਹ ਚੰਦ ਨੂੰ ਚੀਰ ਕੇ ਬਣਾਈ ਗਈ ਹੋਵੇ ਅਤੇ ਏਸੇ ਕਰਕੇ ਉਸ ਵਿਚ ਹੰਕਾਰ ਅਤੇ ਆਕੜ ਵੀ ਸੀ।।੧੧।।

**ਬੀਰਮ ਦੇ ਮੁਜਰਾ ਕਹ ਆਯੋ।। ਸ਼ਾਹੁ ਸੁਤਾ ਕੋ ਹ੍ਰਿਦੈ ਚੁਰਾਯੋ।।**
**ਅਨਿਕ ਜਤਨ ਅਬਲਾ ਕਰਿ ਹਾਰੀ।। ਕੈਸਿਹੁ ਮਿਲਾ ਨ ਪ੍ਰੀਤਮ ਪਜਾਰੀ।।੧੨।।**

ਪਦ ਅਰਥ - ਸ਼ਾਹ ਸੁਤਾ=ਬਾਦਸ਼ਾਹ ਦੀ ਲੜਕੀ। ਅਨਿਕ ਜਤਨ=ਕਈ ਯਤਨ।

ਬੀਰਮ ਦੇਵ ਇਕ ਦਿਨ ਜਦ ਮੁਜਰਾ ਵੇਖਣ ਆਇਆ ਤਾਂ ਬਾਦਸ਼ਾਹ ਦੀ ਲੜਕੀ ਦਾ ਉਸ ਦਿਲ ਚੁਰਾ ਲਿਆ। ਉਹ ਇਸਤਰੀ ਬਹੁਤ ਜਤਨ ਕਰਕੇ ਹਾਰ ਗਈ ਪਰ ਕਿਸੇ ਤਰ੍ਹਾਂ ਵੀ ਉਸ ਨੂੰ ਉਸ ਦਾ ਪ੍ਰੀਤਮ ਪਿਆਰਾ ਨ ਮਿਲਿਆ।।੧੨।।

**ਕਾਮਾਤੁਰ ਭੀ ਅਧਿਕ ਬਿਗਮ ਜਬ।। ਪਿਤਾ ਪਾਸ ਤਜਿ ਲਾਜ ਕਹੀ ਤਬ।।**
**ਕੈ ਬਾਬੁਲ ਗ੍ਰਿਹਿ ਗੋਰਿ ਖੁਦਾਓ।। ਕੈ ਬੀਰਮ ਦੇ ਮੁਹਿ ਬਰ ਦਜਾਓ।।੧੩।।**

ਪਦ ਅਰਥ - ਬਾਬੁਲ=ਪਿਤਾ। ਗੋਰਿ=ਕਬਰ। ਖੁਦਾਓ=ਪੁਟਵਾਓ।

ਜਦ ਉਹ ਇਸਤਰੀ ਬਹੁਤ ਜ਼ਿਆਦਾ ਕਾਮ ਗ੍ਰੱਸਤ ਹੋ ਗਈ ਤਾਂ ਉਸ ਸ਼ਰਮ ਤਿਆਗ ਆਪਣੇ ਪਿਤਾ ਨੂੰ ਕਹਿ ਦਿੱਤਾ ਕਿ ਜਾਂ ਤਾਂ ਮੇਰੀ ਕਬਰ ਪੁਟਵਾ ਲਵੋ ਅਤੇ ਜਾਂ ਮੈਨੂੰ ਬੀਰਮ ਦੇਵ ਨਾਲ ਵਿਆਹ ਦੇਵੋ।।੧੩।।

**ਭਲੀ ਭਲੀ ਤਬ ਸ਼ਾਹ ਉਚਾਰੀ।। ਮੁਸਲਮਾਨ ਬੀਰਮ ਕਰ ਪਜਾਰੀ।।**

Namdhari Elibrary NamdhariElibrary@gmail.com

ਬਹੁਰਿ ਤਾਹਿ ਤੁਮ ਕਰੌ ਨਿਕਾਹਾ।। ਜਿਹ ਸੌ ਤੁਮਰੀ ਲਗੀ ਨਿਗਾਹਾ।।੧੪।।

ਬਾਦਸ਼ਾਹ ਨੇ 'ਚੰਗਾ ਚੰਗਾ' ਆਖਦਿਆਂ ਕਿਹਾ ਕਿ ਤੂੰ ਪਹਿਲਾਂ ਬੀਰਮ ਨੂੰ ਮੁਸਲਮਾਨ ਬਣਾ ਲੈ ਫਿਰ ਉਸ ਨਾਲ, ਜਿਸ ਤੇ ਤੇਰੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ, ਨਿਕਾਹ ਕਰਾ ਲਵੀਂ।।੧੪।।

ਬੀਰਮ ਤੀਰ ਵਜ਼ੀਰ ਪਠਾਯੋ।। ਸ਼ਾਹ ਕਹਜੋ ਤਿਹ ਤਾਹਿ ਸੁਨਾਯੋ।।
ਹਮਰੇ ਦੀਨ ਪ੍ਰਥਮ ਤੁਮ ਆਵਹੁ।। ਬਹੁਰਿ ਦਿਲਿਸ ਕੀ ਸੁਤਾ ਬਿਯਾਵਹੁ।।੧੫।।

ਪਦ ਅਰਥ - ਦਿਲਿਸ=ਦਿੱਲੀ ਦੇ ਬਾਦਸ਼ਾਹ। ਹਮਰੇ ਦੀਨ=ਸਾਡੇ ਮਜ਼ਹਬ।

ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਬੀਰਮ ਦੇਵ ਦੇ ਕੋਲ ਭੇਜਿਆ। ਵਜ਼ੀਰ ਨੇ ਜਾ ਕੇ ਬੀਰਮ ਨੂੰ ਸਮਝਾਇਆ ਜਿਵੇਂ ਕਿ ਉਸ ਨੂੰ ਬਾਦਸ਼ਾਹ ਨੇ ਕਿਹਾ ਸੀ। ਉਸ ਕਿਹਾ ਕਿ ਪਹਿਲਾਂ ਤੂੰ ਮੁਸਲਮਾਨ ਬਣ ਜਾ ਅਤੇ ਫਿਰ ਦਿੱਲੀ ਦੀ ਸ਼ਹਿਜ਼ਾਦੀ ਨਾਲ ਆ ਕੇ ਵਿਆਹ ਕਰ ਲੈ।।੧੫।।

ਬੀਰਮ ਦੇਵ ਕਹਾ ਨਹਿ ਮਾਨਾ।। ਕਰਜੋ ਆਪਨੇ ਦੇਸ ਪਯਾਨਾ।।
ਪ੍ਰਾਤੇ ਖਬਰਿ ਦਿਲਿਸ ਜਬ ਪਾਈ।। ਅਮਿਤਿ ਸੈਨ ਅਰਿ ਗਹਨ ਪਠਾਈ।।੧੬।।

ਪਦ ਅਰਥ - ਪਯਾਨਾ=ਚੱਲ ਪਿਆ। ਅਮਿਤ ਸੈਨ=ਬਹੁਤ ਫੌਜ। ਗਹਨ ਪਠਾਈ। ਫੜਨ ਵਾਸਤੇ ਭੇਜੀ।

ਪਰ ਬੀਰਮ ਦੇਵ ਨੇ ਉਸ ਦਾ ਕਿਹਾ ਨ ਮੰਨਿਆ ਅਤੇ ਆਪਣੇ ਦੇਸ਼ ਵਲ ਚਲਾ ਗਿਆ। ਸਵੇਰੇ ਜਦ ਬਾਦਸ਼ਾਹ ਨੂੰ ਪਤਾ ਲੱਗਾ ਤਾਂ ਉਸ ਇਕ ਵੱਡੀ ਸੈਨਾ ਉਸਨੂੰ ਫੜਨ ਦੇ ਵਾਸਤੇ ਭੇਜੀ।।੧੬।।

ਬੀਰਮ ਦੇਵ ਖਬਰਿ ਜਬ ਪਾਈ।। ਪਲਟ ਕਰੀ ਤਿਨ ਸਾਥ ਲਰਾਈ।।
ਭਾਂਤਿ ਭਾਂਤਿ ਭਾਰੀ ਭਟ ਘਾਏ।। ਤਹਾਂ ਨ ਟਿਕੇ ਤਵਨ ਕੇ ਪਾਏ।। ੧੭।।

ਬੀਰਮ ਦੇਵ ਨੂੰ ਜਦ ਇਹ ਪਤਾ ਲੱਗਾ ਤਾਂ ਉਸ ਵੀ ਪਰਤ ਕੇ ਲੜਾਈ ਕੀਤੀ। ਵੱਡੇ ਵੱਡੇ ਸੂਰਮਿਆਂ ਨੂੰ ਮਾਰ ਦਿੱਤਾ ਅਤੇ ਉਸ ਦੇ ਸਾਹਮਣੇ ਕੋਈ ਵੀ ਨ ਟਿੱਕ ਸਕਿਆ।।੧੭।।

ਕਾਂਧਲ ਵਤ ਰਾਜਾ ਥੋ ਜਹਾਂ।। ਬੀਰਮ ਦੇਵ ਜਾਤ ਭਜੋ ਤਹਾਂ।।
ਕਾਂਧਲ ਦੇ ਆਗੇ ਜਹ ਰਾਨੀ।। ਰੂਪਵਾਨ ਗੁਨਵਾਨ ਸਯਾਨੀ।।੧੮।।

ਜਿਥੇ ਕਾਂਧਲ ਵਤ ਰਾਜਾ ਰਾਜ ਕਰਦਾ ਸੀ, ਬੀਰਮ ਦੇਵ ਉਥੇ ਚਲੇ ਗਿਆ। ਉਸ ਰਾਜੇ ਦੀ ਰਾਣੀ ਦਾ ਨਾਂ ਕਾਂਧਲ ਵਤੀ ਸੀ, ਜਿਹੜੀ ਕਿ ਬਹੁਤ ਰੂਪਵੰਤ, ਸਿਆਣੀ ਅਤੇ ਗੁਣਵਾਨ ਸੀ।।੧੮।।

ਅੜਿੱਲ।। ਕਾਂਧਲ ਦੇ ਰਾਨੀ ਤਿਹ ਰੂਪ ਨਿਹਾਰਿਕੈ।।

Namdhari Elibrary NamdhariElibrary@gmail.com

ਗਿਰੀ ਧਰਨਿ ਕੇ ਭੀਤਰ ਹਿਯੇ ਬਿਚਾਰਿਕੈ।।
ਐਸੋ ਇਕ ਪਲ ਕੁਅਰ ਜੁ ਭੇਟਨ ਪਾਈਯੈ।।
ਹੋ ਜਨਮ ਪਚਾਸਿਕ ਲੌ ਸਖੀ ਬਲਿ ਬਲਿ ਜਾਈਯੈ।। ੧੯।।

ਪਦ ਅਰਥ - ਭੇਟਨ=ਮਿਲਾਪ। ਬਲਿ ਬਲਿ ਜਾਈਯੈ=ਬਲਿਹਾਰ ਜਾਈਏ।

ਕਾਂਧਲ ਦੇਵੀ ਉਸ ਦਾ ਰੂਪ ਵੇਖ ਕੇ ਗਸ਼ ਖਾ ਕੇ ਧਰਤੀ ਤੇ ਡਿੱਗ ਪਈ। ਉਹ ਸੋਚਣ ਲੱਗੀ ਕਿ ਇਸ ਤਰ੍ਹਾਂ ਦਾ ਸੁੰਦਰ ਰਾਜ ਕੁਮਾਰ ਜੇ ਇਕ ਪਲ ਲਈ ਵੀ ਮਿਲ ਜਾਵੇ ਤਾਂ ਮੈਂ ਪੰਜਾਹ ਜਨਮਾਂ ਤਕ ਇਸ ਤੋਂ ਬਲਿਹਾਰ ਜਾਵਾਂ।।੧੯।।

ਚੌਪਈ।। ਜਾਇ ਸਖੀ ਬੀਰਮ ਦੇ ਪਾਸਾ।। ਇਹ ਬਿਧਿ ਸਾਥ ਕਰੀ ਅਰਦਾਸਾ।।
ਕੈ ਤੁਮ ਕਾਂਧਲ ਦੇ ਕੌ ਭਜੋ।। ਕੈ ਇਹ ਦੇਸ ਹਮਾਰੋ ਤਜੋ।। ੨੦।।

ਉਸ ਦੀ ਸਖੀ ਨੇ ਬੀਰਮ ਦੇਵ ਨੂੰ ਜਾ ਕੇ ਕਿਹਾ ਕਿ ਜਾਂ ਤਾਂ ਕਾਂਧਲ ਦੇਵੀ ਨਾਲ ਰਮਣ ਕਰੋ ਜਾਂ ਸਾਡਾ ਦੇਸ਼ ਛੱਡ ਜਾਵੋ।।੨੦।।

ਪਾਛੇ ਲਗੀ ਫੌਜ ਤਿਲ ਮਾਨੀ।। ਦੁਤਿਯ ਰਹਨ ਕੀ ਠੌਰ ਨ ਜਾਨੀ।।
ਤਾਕੋ ਦੇਸ ਤਰੁਨ ਨਹਿ ਤਜੋ।। ਕਾਂਧਲ ਦੇ ਰਾਨੀ ਕਹ ਭਜੋ।। ੨੧।।

ਬੀਰਮ ਦੇਵ ਨੇ ਸੋਚਿਆ ਕਿ ਮੇਰੇ ਪਿੱਛੇ ਫੌਜ ਲੱਗੀ ਹੋਈ ਹੈ ਅਤੇ ਹੋਰ ਕਿਸੇ ਥਾਂ ਰਹਿਣ ਦਾ ਟਿਕਾਣਾ ਵੀ ਨਹੀਂ ਹੈ। ਇਸ ਲਈ ਉਸ ਸਖੀ ਨੂੰ ਕਹਿ ਦਿੱਤਾ ਕਿ ਮੈਂ ਦੇਸ਼ ਨਹੀਂ ਛਡਾਂਗਾ ਅਤੇ ਕਾਂਧਲ ਦੇਵੀ ਨਾਲ ਰਮਣ ਕਰਾਂਗਾ।।੨੧।।

ਰਾਨੀ ਰਮੀ ਮਿੱਤ੍ਰ ਕੇ ਭੋਗਾ।। ਚਿਤ ਕੇ ਦਏ ਤਜਾਗਿ ਸਭ ਸੋਗਾ।।
ਸਬ ਲਗਿ ਲਿਖੋ ਸ਼ਾਹ ਕੋ ਆਯੋ।। ਬਾਂਚਿ ਮੰਤ੍ਰਿਯਨ ਭਾਖਿ ਸੁਨਾਯੋ।। ੨੨।।

ਰਾਣੀ ਨੇ ਆਪਣੇ ਮਨ ਭਾਉਂਦੇ ਮਿੱਤਰ ਨਾਲ ਰਮਣ ਕੀਤਾ ਅਤੇ ਆਪਣੇ ਦਿਲ ਦੇ ਸਭ ਦੁਖ ਦੂਰ ਕਰ ਲਏ। ਤਦ ਤਕ ਬਾਦਸ਼ਾਹ ਦਾ ਲਿਖਿਆ ਪਰਵਾਨਾ ਆ ਗਿਆ। ਜਿਹੜਾ ਸਾਰੇ ਮੰਤਰੀਆਂ ਨੇ ਪੜ੍ਹ ਕੇ ਸੁਣਾ ਦਿੱਤਾ।।੨੨।।

ਲਿਖਿ ਸੁ ਲਿਖਾ ਮਹਿ ਯਹੈ ਪਠਾਈ।। ਔਰ ਬਾਤ ਦੂਜੀ ਨ ਜਨਾਈ।।
ਕੈ ਬੀਰਮ ਕਹ ਬਾਂਧਿ ਪਠਾਵਹੁ।। ਕੈ ਮੇਰੇ ਸੰਗ ਜੁੱਧ ਮਚਾਵਹੁ।।੨੩।।

ਪਦ ਅਰਥ - ਬਾਂਧਿ ਪਠਾਵਹੁ=ਬੰਨ੍ਹ ਕੇ ਘਲੋ। ਜੁੱਧ ਮਚਾਵਹੁ=ਯੁੱਧ ਕਰੋ।

ਉਸ ਪਰਵਾਨੇ ਵਿਚ ਕੇਵਲ ਇਹੋ ਲਿਖਿਆ ਹੋਇਆ ਸੀ ਕਿ ਜਾਂ ਤਾਂ ਬੀਰਮ ਦੇਵ ਨੂੰ ਬੰਨ੍ਹ

ਕੇ ਮੇਰੇ ਪਾਸ ਭੇਜ ਦੇਵੋ ਅਤੇ ਜਾਂ ਮੇਰੇ ਨਾਲ ਜੰਗ ਕਰੋ॥੨੩॥

**ਰਾਨੀ ਬਾਂਧਿ ਨ ਬੀਰਮ ਦਯੋ॥ ਪਹਿਰ ਕੌਂਚ ਦੁੰਦਭੀ ਬਜਯੋ॥**
**ਨਿਰਭੈ ਚਲੀ ਜੁੱਧ ਕੇ ਕਾਜਾ॥ ਹੈ ਗੈ ਰਥ ਸਾਜਤ ਸਰ ਸਾਜਾ॥੨੪॥**

ਰਾਣੀ ਨੇ ਬੀਰਮ ਨੂੰ ਨ ਦਿੱਤਾ ਅਤੇ ਕਵਚ ਪਾ ਕੇ ਯੁੱਧ ਦਾ ਨਗਾਰਾ ਵੱਜਾ ਦਿੱਤਾ। ਉਹ ਹਾਥੀ, ਘੋੜੇ ਅਸਤਰ ਸ਼ਸਤਰ ਲੈ ਕੇ, ਨਿਰਭੈਅ ਹੋ ਕੇ ਜੰਗ ਵਾਸਤੇ ਚਲ ਪਈ॥੨੪॥

## *ਭੁਜੰਗ ਪ੍ਰਯਾਤ ਛੰਦ॥*

**ਬਜਜੇ ਰਾਗ ਮਾਰੂ ਮੰਡੇ ਛੱਤ੍ਰਧਾਰੀ॥ ਬਹੈ ਤੀਰ ਤਰਵਾਰ ਕਾਤੀ ਕਟਾਰੀ॥**
**ਕਹੂੰ ਕੇਤ ਫਾਟੇ ਗਿਰੇ ਛੱਤ੍ਰ ਟੂਟੇ॥ ਕਹੂੰ ਮਤ ਦੰਤੀ ਫਿਰੈਂ ਬਾਜ ਛੂਟੇ॥੨੫॥**

ਮਾਰੂ ਜੰਗੀ ਵਾਜੇ ਵੱਜਣ ਲੱਗੇ, ਛੱਤਰਧਾਰੀ ਸਭ ਇਕੱਠੇ ਹੋ ਗਏ ਅਤੇ ਤੀਰ, ਤਲਵਾਰ ਕਟਾਰਾਂ ਚਲਣ ਲੱਗੀਆਂ। ਕਿਤੇ ਛੱਤਰ ਟੁਟਣ ਲੱਗੇ, ਕਿਤੇ ਝੰਡੇ ਫਟਣ ਲੱਗੇ ਅਤੇ ਕਿਤੇ ਮਸਤ ਹਾਥੀ ਅਤੇ ਘੋੜੇ ਭੱਜਣ ਲੱਗੇ॥੨੫॥

**ਕਹੂੰ ਬਾਜ ਜੂਝੇ ਪਰੇ ਹੈਂ ਮਤੰਗੈ॥ ਕਹੂੰ ਨਾਗ ਮਾਰੇ ਬਿਰਾਜੈ ਉਤੰਗੈ॥**
**ਕਹੂੰ ਬੀਰ ਡਾਰੇ ਪਰੇ ਬਰਮ ਫਾਟੇ॥ ਕਹੂੰ ਖੇਤ ਖਾਂਡੇ ਲਸੈ ਚਰਮ ਕਾਟੇ॥੨੬॥**

ਕਿਤੇ ਘੋੜੇ ਹਾਥੀ ਮਰੇ ਪਏ ਹੋਏ ਸਨ ਅਤੇ ਕਿਤੇ ਤੀਰਾਂ ਨਾਲ ਮਾਰੇ ਗਏ ਸੂਰਮੇ ਪਏ ਸਨ। ਕਿਤੇ ਸੂਰਬੀਰ ਫਟੇ ਹੋਏ ਕਵਚਾਂ ਸਮੇਤ ਪਏ ਸਨ ਅਤੇ ਕਿਤੇ ਮੈਦਾਨੇ ਜੰਗ ਵਿਚ ਚਮ ਕਟਣ ਵਾਲੇ ਖੜਗ ਸ਼ੋਭ ਰਹੇ ਸਨ॥੨੬॥

**ਗਿਰੇ ਬੀਰ ਮਾਰੇ ਕਹਾ ਲੌ ਗਨਾਊਂ॥ ਕਹੌ ਜੋ ਸਭੈ ਏਕ ਗ੍ਰੰਥੈ ਬਨਾਊਂ॥**
**ਜਥਾ ਸ਼ਕਤਿ ਕੈ ਅਲਪ ਤਾਂਤੇ ਉਚਾਰੋ॥ ਸੁਨੋ ਕਾਨ ਦੈ ਕੈ ਸਭੈ ਹੀ ਪਿਆਰੋ॥੨੭॥**

ਡਿੱਗੇ ਹੋਏ ਸੂਰਮਿਆਂ ਦੀ ਗਿਣਤੀ ਕਿਥੋਂ ਤਕ ਕਰਾਂ ? ਜੇ ਉਨ੍ਹਾਂ ਦੀ ਗਿਣਤੀ ਕਰਨ ਲੱਗਾਂ ਤਾਂ ਇਕ ਗ੍ਰੰਥ ਹੀ ਬਣ ਜਾਵੇਗਾ। ਇਸ ਲਈ ਯਥਾ ਸ਼ਕਤੀ ਉਨ੍ਹਾਂ ਦਾ ਥੋੜਾ ਜਿਹਾ ਵਰਣਨ ਕਰਦਾ ਹਾਂ। ਹੇ ਪਿਆਰਿਓ ! ਸਾਰੇ ਕੰਨ ਦੇ ਕੇ ਸੁਣੋ॥੨੭॥

**ਇਤੈ ਖਾਨ ਢੂਕੇ ਉਤੈ ਰਾਜ ਨੀਕੇ॥ ਹਠੀ ਰੋਸ ਬਾਢੇ ਸੁ ਗਾਢੇ ਅਨੀਕੇ॥**
**ਲਰੇ ਕੋਪ ਕੈਕੈ ਸੁ ਏਕੈ ਨ ਭਾਜਜੇ॥ ਘਰੀ ਚਾਰਿ ਲੌ ਸਾਰ ਸੌ ਸਾਰ ਬਾਜਜੇ॥੨੮॥**

ਪਦ ਅਰਥ – ਲੌ ਸਾਰ ਸੌ ਸਾਰ=ਲੋਹੇ ਨਾਲ ਲੋਹਾ।

ਏਧਰ ਬਲੀ ਖਾਨ ਅਤੇ ਓਧਰ ਸੁੰਦਰ ਰਾਜੇ ਸਨ। ਘਨਘੋਰ ਸੈਨਾ ਦੇ ਵੀਰ ਬੜੇ ਰੋਹ ਵਿਚ

ਆ ਰਹੇ ਸਨ; ਉਹ ਬਹੁਤ ਗੁੱਸੇ ਵਿਚ ਆ ਕੇ ਲੜੇ ਅਤੇ ਕੋਈ ਵੀ ਭੱਜਿਆ ਨਹੀਂ, ਚਾਰ ਘੜੀਆਂ ਤਕ ਲੋਹੇ ਨਾਲ ਲੋਹਾ ਵੱਜਦਾ ਰਿਹਾ।।੨੮।।

**ਤਹਾ ਸੰਖ ਭੇਰੀ ਘਨੇ ਨਾਦ ਬਾਜੇ।। ਮ੍ਰਿਦੰਗੈਂ ਮੁਚੰਗੈਂ ਉਪੰਗੈਂ ਬਿਰਾਜੇ।।**
**ਕਹੂੰ ਨਾਇ ਨਾਫੀਰਿਯੈਂ ਔ ਨਗਾਰੇ।। ਕਹੂੰ ਝਾਂਝ ਬੀਨਾ ਬਜੈਂ ਘੰਟ ਭਾਰੇ।। ੨੯।।**

ਸੰਖ, ਭੇਰੀ, ਮ੍ਰਿਦੰਗ, ਮੁਚੰਗ, ਆਦਿ ਘਨਘੋਰ ਵਾਜੇ ਵੱਜਣ ਲੱਗੇ। ਕਿਤੇ ਨਫੀਰੀ, ਨਗਾਰੇ, ਝਾਂਝ, ਵੀਣਾ ਅਤੇ ਘੜਿਆਲ ਵੱਜਣ ਲੱਗੇ।।੨੯।।

**ਕਹੂੰ ਟੂਕ ਟੂਕ ਹ੍ਵੈ ਗਿਰੈ ਹੈਂ ਸਿਪਾਹੀ।। ਮਰੇ ਸ੍ਵਾਮ ਕੇ ਕਾਜਹੂੰ ਕੋ ਨਿਬਾਹੀ।।**
**ਤਹਾਂ ਕੌਚ ਧਾਰੇ ਚੜ੍ਹੇ ਛੱਤ੍ਰ ਧਾਰੀ।। ਮਿਲੈ ਮੇਲ ਮਾਨੋ ਮਦਾਰੈ ਮਦਾਰੀ।। ੩੦।।**

ਕਿਤੇ ਘੋੜੇ ਅਤੇ ਸਿਪਾਹੀ ਟੋਟੇ ਟੋਟੇ ਹੋਏ ਪਏ ਸਨ ਅਤੇ ਕਿਤੇ ਮਾਲਕ ਦੇ ਕਾਰਜ ਨੂੰ ਸਿਰੇ ਚਾੜ੍ਹਨ ਲਈ ਸੂਰਮੇ ਮਰ ਰਹੇ ਸਨ। ਕਿਤੇ ਕਵਚ ਧਾਰੀ ਅਤੇ ਛੱਤਰਧਾਰੀ ਆਪਸ ਵਿਚ ਇਸ ਤਰ੍ਹਾਂ ਮਿਲ ਰਹੇ ਸਨ ਜਿਵੇਂ ਮਦਾਰੀ, ਮਦਾਰੀ ਨੂੰ ਮਿਲਦਾ ਹੈ।।੩੦।।

**ਕਿਤੇ ਭੂਮਿ ਲੋਟੈਂ ਸੁ ਹਾਥੈਂ ਉਚਾਏ।। ਡਰੈ ਸੇਖ ਜੈਸੇ ਸਮਾਈ ਸਮਾਏ।।**
**ਜੁਝੇ ਜ੍ਵਾਨ ਜੋਧਾ ਜਗੇ ਜੋਰ ਜੰਗੈ।। ਮਨੋ ਪਾਨ ਕੈ ਭੰਗ ਸੋਏ ਮਲੰਗੈ।। ੩੧।।**

ਕਿਤੇ ਜ਼ਮੀਨ ਉਤੇ ਪਏ ਸੂਰਮੇ ਹੱਥ ਚੁਕ ਰਹੇ ਸਨ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸ਼ੇਖ ਆਦਿ ਧਰਮ ਸੰਕਟ ਵਿਚ ਫਸੇ ਡਰ ਰਹੇ ਹੋਣ। ਸੂਰਮੇ ਜੰਗ ਵਿਚ ਲੜਦੇ ਇਸ ਤਰ੍ਹਾਂ ਬੇਹੋਸ਼ ਹੋ ਹੋ ਡਿੱਗ ਰਹੇ ਸਨ ਜਿਵੇਂ ਕਿ ਭੰਗ ਪੀ ਕੇ ਮਲੰਗ ਸੁਤੇ ਪਏ ਹੋਣ।।੩੧।।

**ਬਹੈਂ ਆਨ ਐਸੇ ਬਚੈ ਬੀਰ ਕੌਨੈ।। ਲਰਿਯੋ ਆਨਿ ਜੋ ਪੈ ਗਯੋ ਜੂਝਿ ਤੌਨੈ।।**
**ਤਹਾਂ ਜੋ ਅਨੰ ਪਾਂਚ ਭਯੋ ਬੀਰ ਖੇਤੰ।। ਬਿਦਾਰੇ ਪਰੇ ਬੀਰ ਬ੍ਰਿੰਦੇ ਬਿਚੇਤੰ।। ੩੨।।**

ਪਦ ਅਰਥ - ਬਿਦਾਰੇ=ਮਰੇ। ਬ੍ਰਿੰਦੇ ਬਿਚੇਤੰ=ਬੇਹੋਸ਼।

ਅਜਿਹੀ ਤੀਰਾਂ ਦੀ ਵਾਛੜ ਵਿਚੋਂ ਕਿਹੜਾ ਸੂਰਮਾਂ ਬਚ ਕੇ ਨਿਕਲ ਸਕਦਾ ਸੀ। ਜਿਹੜਾ ਵੀ ਆ ਕੇ ਲੜਿਆ ਉਹੀ ਪਾਰ ਬੋਲਿਆ। ਉਥੇ ਜਿਹੜੇ ਵੀ ਸੂਰਮੇ ਮਦਮਸਤ ਹੋ ਕੇ ਆਏ, ਉਹ ਸਾਰੇ ਮਰ ਕੇ ਜਾਂ ਬੇਹੋਸ਼ ਹੋ ਕੇ ਡਿੱਗ ਪਏ।।੩੨।।

**ਕਹੂੰ ਬੀਰ ਬੈਤਾਲ ਬੀਨਾ ਬਜਾਵੈਂ।। ਕਹੂੰ ਜੋਗਨੀਯੈਂ ਖਰੀ ਗੀਤ ਗਾਵੈਂ।।**
**ਕਹੂੰ ਲੈ ਬਰੰਗਨਿ ਬਰੈਂਵੈ ਤਿਸੀ ਕੋ।। ਲਹੈਂ ਸਾਮੁਹੇ ਜੁੱਧ ਜੁਝੇ ਜਿਸੀ ਕੋ।। ੩੩।।**

ਪਦ ਅਰਥ - ਬਰੰਗਿਨ=ਪਰੀਆਂ। ਬਰੈਂਵੈ=ਵਰ ਰਹੀਆਂ ਸਨ।

ਕਿਤੇ ਬੇਤਾਲ ਸੂਰਮੇ ਵੀਣਾ ਵਜਾ ਰਹੇ ਸਨ ਅਤੇ ਕਿਤੇ ਜੋਗਣੀਆਂ ਖਲੋ ਕੇ ਗੀਤ ਗਾ ਰਹੀਆਂ ਸਨ। ਜਿਹੜੇ ਯੁੱਧ ਵਿਚ ਆਮੋ ਸਾਹਮਣੇ ਹੋ ਕੇ ਲੜ ਮਰਦੇ ਸਨ, ਪਰੀਆਂ ਉਸੇ ਵੱਲੋਂ ਉਨ੍ਹਾਂ ਨੂੰ ਵਰ ਕੇ ਲੈ ਜਾ ਰਹੀਆਂ ਸਨ।।੩੩।।

**ਚੌਪਈ।। ਜਬ ਹੀ ਸੈਨ ਜੂਝਿ ਸਭ ਗਈ।। ਤਬ ਤ੍ਰਿਯ ਸੁਤਹਿ ਪਠਾਵਤ ਭਈ।।**
**ਸੋਊ ਜੂਝਿ ਜਬ ਸ੍ਵਰਗ ਸਿਧਾਯੋ।। ਦੁਤਿਯ ਪੁੱਤ੍ਰ ਤਹ ਔਰ ਪਠਾਯੋ।। ੩੪।।**

ਜਦ ਸਾਰੀ ਸੈਨਾ ਮਰ ਗਈ ਤਦ ਇਸਤਰੀ ਨੇ ਪੁੱਤਰ ਨੂੰ ਭੇਜਿਆ। ਜਦ ਉਹ ਵੀ ਸੁਰ ਲੋਕ ਪਹੁੰਚ ਗਿਆ ਤਾਂ ਉਸ ਦੂਸਰੇ ਪੁੱਤਰ ਨੂੰ ਭੇਜਿਆ।।੩੪।।

**ਸੋਊ ਗਿਰਯੋ ਜੂਝਿ ਰਨ ਜਬ ਹੀ।। ਤੀਜੇ ਸੁਤਹਿ ਪਠਾਯੋ ਤਬ ਹੀ।।**
**ਸੋਊ ਜੂਝਿ ਜਬ ਗਯੋ ਦਿਵਾਲੈ।। ਚੌਥੇ ਪੂਤ ਪਠਾਯੋ ਬਾਲੈ।। ੩੫।।**

ਜਦ ਉਹ ਵੀ ਰਣਭੂਮੀ ਵਿਚ ਡਿੱਗ ਪਿਆ ਤਾਂ ਉਸ ਤੁਰੰਤ ਤੀਸਰੇ ਪੁੱਤਰ ਨੂੰ ਭੇਜਿਆ। ਜਦ ਉਹ ਵੀ ਸ਼ਹੀਦ ਹ ਗਿਆ ਤਾਂ ਇਸਤਰੀ ਨੇ ਆਪਣੇ ਚੌਥੇ ਪੁੱਤਰ ਨੂੰ ਭੇਜਿਆ।।੩੫।।

**ਚਾਰੌ ਗਿਰੇ ਜੂਝਿ ਸੁਤ ਜਬਹੀ।। ਅਬਲਾ ਚਲੀ ਜੁੱਧ ਕੌ ਤਬਹੀ।।**
**ਸੂਰ ਬਚੇ ਤੇ ਸਕਲ ਬੁਲਾਇਸਿ।। ਲਰਨ ਚਲੀ ਦੁੰਦਭੀ ਬਜਾਇਸਿ।। ੩੬।।**

ਜਦ ਸਾਰੇ ਪੁੱਤਰ ਸ਼ਹੀਦ ਹੋ ਗਏ ਤਾਂ ਉਹ ਇਸਤਰੀ ਖੁਦ ਯੁੱਧ ਵਾਸਤੇ ਚਲ ਪਈ। ਉਸ ਬਚੇ ਹੋਏ ਸਾਰੇ ਸੂਰਮਿਆਂ ਨੂੰ ਬੁਲਾਇਆ ਅਤੇ ਨਗਾਰੇ ਵਜਾਉਂਦੀ ਲੜਨ ਵਾਸਤੇ ਚਲ ਪਈ।।੩੬।।

**ਐਸਾ ਕਰਾ ਬਾਲ ਤਹ ਜੁੱਧਾ।। ਰਹੀ ਨ ਭਟ ਕਾਹੂ ਮਹਿ ਸੁੱਧਾ।।**
**ਮਾਰੇ ਪਰੇ ਬੀਰ ਬਿਕਰਾਰਾ।। ਗੋਮੁਖ ਝਾਂਝਰ ਬਸਤ ਨਗਾਰਾ।। ੩੭।।**

ਉਸ ਇਸਤਰੀ ਨੇ ਇਸ ਤਰ੍ਹਾਂ ਦਾ ਯੁੱਧ ਕੀਤਾ ਕਿ ਕਿਸੇ ਸੂਰਮੇ ਨੂੰ ਵੀ ਹੋਸ਼ ਨ ਰਹੀ। ਵਿਕਰਾਲ ਸੂਰਮੇ ਮਰੇ ਪਏ ਸਨ ਅਤੇ ਉਨ੍ਹਾਂ ਦੇ ਨਾਲ ਹੀ ਗਊਮੁਖ, ਝਾਂਝਰ ਆਦਿ ਵੱਜ ਰਹੇ ਸਨ।।੩੭।।

**ਜਾ ਪਰ ਸਿਮਟਿ ਸਰੋਹੀ ਮਾਰਤਿ।। ਤਾਕੋ ਕਾਟਿ ਭੂਮ ਸਿਰ ਡਾਰਤਿ।।**
**ਜਾਕੇ ਹਨੈਂ ਤਰੁਨਿ ਤਨ ਬਾਨਾ।। ਕਰੈ ਸੁਭਟ ਮ੍ਰਿਤ ਲੋਕ ਪਯਾਨਾ।। ੩੮।।**

ਪਦ ਅਰਥ – ਸਿਮਟਿ=ਇਕੱਠੀ ਹੋ ਕੇ। ਸਰੋਹੀ=ਬਰਛੀ। ਹਨੈਂ=ਮਾਰੇ।

ਸਿਰੋਹੀ ਨਾਮੀਂ ਸ਼ਸਤਰ ਜਦ ਉਹ ਪਿੱਛੇ ਹੱਟ ਕੇ ਕਿਸੇ ਨੂੰ ਮਾਰਦੀ ਤਾਂ ਉਹਦਾ ਸਿਰ ਲੱਥ ਕੇ ਧਰਤੀ ਤੇ ਡਿੱਗ ਪੈਂਦਾ। ਉਸ ਇਸਤਰੀ ਨੇ ਜਿਸ ਨੂੰ ਵੀ ਤੀਰ ਮਾਰਿਆ ਉਹ ਤੁਰੰਤ ਜਮ ਲੋਕ ਪਹੁੰਚ ਗਿਆ।।੩੮।।

ਚੁਨਿ ਚੁਨਿ ਜ੍ਵਾਨ ਪਖਰਿਯਾ ਮਾਰੇ ।। ਇਕ ਇਕ ਤੇ ਦ੍ਵੈ ਦ੍ਵੈ ਕਰਿ ਡਾਰੇ ।।
ਉਠੀ ਧੂਰਿ ਲਾਗੀ ਅਸਮਾਨਾ ।। ਅਸਿ ਚਮਕੈ ਬਿਜੁਰੀ ਪਰਮਾਨਾ ।। ੩੯ ।।

ਸਾਰੇ ਜਵਾਨਾਂ ਨੂੰ ਚੁਣ ਚੁਣ ਕੇ ਮਾਰਿਆ ਅਤੇ ਸਾਰਿਆਂ ਨੂੰ ਇਕ ਤੋਂ ਦੋ ਕਰ ਦਿੱਤਾ। ਘੱਟਾ ਤੇ ਭੂੰਬਲ ਉੱਡ ਕੇ ਅਕਾਸ਼ਾਂ ਨੂੰ ਛੂਹਣ ਲੱਗੀ ਅਤੇ ਇਸ ਤਰ੍ਹਾਂ ਲੱਗਣ ਲੱਗਾ ਕਿ ਜਿਵੇਂ ਬਿਜਲੀ ਚਮਕ ਰਹੀ ਹੋਵੇ।।੩੯।।

ਕਾਟੇ ਸੁਭਟ ਸਰੋਹਿਨ ਪਰੇ ।। ਜਨੁ ਮਾਰੁਤ ਬਰ ਬਿਰਛ ਉਪਰੇ ।।
ਗਜ ਜੂਝੇ ਮਾਰੇ ਬਾਗੀ ਰਨ ।। ਜਨੁ ਕ੍ਰੀੜਾ ਸ਼ਿਵਕੋ ਯਹ ਹੈ ਬਨ ।। ੪੦ ।।

ਤਲਵਾਰਾਂ ਨਾਲ ਵਢੇ ਹੋਏ ਸੂਰਮੇ ਇਸ ਤਰ੍ਹਾਂ ਪਏ ਸਨ ਜਿਵੇਂ ਕਿ ਤੇਜ਼ ਹਨ੍ਹੇਰੀ ਨੇ ਰੁਖ ਪੁੱਟ ਕੇ ਸੁੱਟ ਦਿੱਤੇ ਹੋਣ। ਰਣ ਖੇਤਰ ਵਿਚ ਹਾਥੀ ਅਤੇ ਘੋੜੇ ਮਾਰੇ ਗਏ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇਹ ਸ਼ਿਵਜੀ ਦਾ ਕ੍ਰੀੜਾ ਸਥਾਨ ਹੋਵੇ।।੪੦।।

ਰਨ ਐਸੋ ਅਬਲਾ ਤਿਨ ਕੀਯਾ ।। ਪਾਛੇ ਭਯੋ ਨ ਆਗੇ ਹੂਆ ।।
ਖੰਡ ਖੰਡ ਹ੍ਵੈ ਗਿਰੀ ਧਰਨਿ ਪਰ ।। ਰਨ ਜੂਸੀ ਭਵਸਿੰਧੁ ਗਈ ਤਰਿ ।। ੪੧ ।।

ਪਾਛੇ ਭਯੋ ਨ=ਨ ਕਦੀ ਪਿਛੇ ਇਸ ਤਰ੍ਹਾਂ ਦਾ ਹੋਇਆ ਸੀ। ਨ ਆਗੇ ਹੂਆ=ਨ ਅਗੋ ਕਦੀ ਅਜਿਹਾ ਹੋਵੇਗਾ। ਭਵਸਿੰਧੁ=ਸੰਸਾਰ ਸਮੁੰਦਰ।

ਰਣ ਖੇਤਰ ਵਿਚ ਉਸ ਇਸਤਰੀ ਨੇ ਅਜਿਹਾ ਯੁੱਧ ਕੀਤਾ ਕਿ ਜਿਸ ਤਰ੍ਹਾਂ ਦਾ ਨਾ ਕਿਸੇ ਪਿਛੇ ਕੀਤਾ ਸੀ ਅਤੇ ਨ ਹੀ ਅਗੇ ਅਜਿਹਾ ਕੋਈ ਕਰੇਗਾ। ਉਹ ਟੁਕੜੇ ਟੁਕੜੇ ਹੋ ਕੇ ਧਰਤੀ ਤੇ ਡਿੱਗ ਪਈ ਅਤੇ ਰਣ ਭੂਮੀ ਵਿਚ ਸ਼ਹੀਦ ਹੋ ਕ ਸੰਸਾਰ ਸਮੁੰਦਰ ਪਾਰ ਕਰ ਗਈ।। ੪੧।।

ਖੰਡ ਖੰਡ ਬਾਜੀ ਪਰ ਭਈ ।। ਤਊ ਨ ਛੋਰਿ ਅਯੋਧਨ ਗਈ ।।
ਭੂਤ ਪਿਸਾਚ ਗਏ ਭਖਿ ਤਾਮਾ ।। ਬਾਗਿ ਮੋਰਿ ਤਊ ਭਜੀ ਨ ਬਾਮਾ ।। ੪੨ ।।

ਛੋਰਿ ਅਯੋਧਨ=ਜੰਗ ਛੱਡਕੇ।

ਉਹ ਘੋੜੇ ਉਤੇ ਹੀ ਟੁਕੜੇ ਟੁਕੜੇ ਹੋ ਗਈ ਪਰ ਰਣ ਖੇਤਰ ਨੂੰ ਛੱਡ ਕੇ ਨਹੀਂ ਗਈ। ਉਸ ਦਾ ਮਾਸ ਭੂਤ ਪਿਸਾਚ ਖਾ ਗਏ ਪਰ ਫਿਰ ਵੀ ਉਹ ਇਸਤਰੀ ਲਗਾਮ ਮੋੜ ਕੇ ਪਿਛਾਂਹ ਨਹੀਂ ਹਟੀ।।੪੨।।

ਪ੍ਰਥਮ ਚਾਰਊ ਪੁੱਤ੍ਰ ਜੁਝਾਏ ।। ਬਹੁਰਿ ਆਪੁ ਬੈਰੀ ਬਹੁ ਘਾਏ ।।
ਪ੍ਰਥਮ ਬਾਲ ਕੌ ਜਬੈ ਸੰਘਾਰਯੋ ।। ਤਿਹ ਪਾਛੇ ਬੀਰਮ ਦੇ ਮਾਰਯੋ ।। ੪੩ ।।

Namdhari Elibrary NamdhariElibrary@gmail.com

**********************************************************

ਪਹਿਲਾਂ ਉਸ ਚਾਰੇ ਪੁੱਤਰ ਮਰਵਾ ਦਿੱਤੇ ਅਤੇ ਫਿਰ ਅਨੇਕਾਂ ਵੈਰੀਆਂ ਨੂੰ ਮਾਰਿਆ। ਦੁਸ਼ਮਣ ਨੇ ਪਹਿਲਾਂ ਇਸਤਰੀ ਨੂੰ ਅਤੇ ਫਿਰ ਬੀਰਮ ਦੇਵ ਨੂੰ ਮਾਰਿਆ॥੪੩॥

**ਤਾਕੋ ਮਾਰਿ ਕਾਟਿ ਸਿਰ ਲਿਯੋ॥ ਲੈ ਹਾਜਿਰ ਹਜਰਤਿ ਕੇ ਕਿਯੋ॥**
**ਤਬ ਪਿਤ ਪਠੈ ਸੁਤਾ ਪਹਿ ਦੀਨਾ॥ ਅਧਿਕ ਦੁਖਿਤ ਹ੍ਵੈ ਦਹੁਤਾ ਚੀਨਾ॥੪੪॥**

ਬੀਰਮ ਦੇਵ ਨੂੰ ਮਾਰ ਕੇ ਉਸ ਦਾ ਸਿਰ ਵੱਢ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰ ਦਿੱਤਾ। ਤਦ ਪਿਤਾ ਨੇ ਉਸ ਸਿਰ ਨੂੰ ਪੁੱਤਰੀ ਦੇ ਕੋਲ ਭੇਜ ਦਿੱਤਾ। ਪੁੱਤਰੀ ਨੇ ਬਹੁਤ ਦੁਖੀ ਹੋ ਕੇ ਉਸ ਨੂੰ ਪਛਾਣਿਆ॥੪੪॥

**ਦੋਹਰਾ॥ ਜਬ ਬੇਗਮ ਤਿਹ ਸ੍ਵਾਰ ਕੌ ਦੇਖਾ ਸੀਸ ਉਘਾਰਿ॥**
**ਪਲਟਿ ਪਰਾ ਤਬ ਮੂੰਡ ਨ੍ਰਿਪ ਤਊ ਨ ਕਬੂਲੀ ਨਾਰਿ॥੪੫॥**

ਪਦ ਅਰਥ - ਉਘਾਰਿ=ਅੱਖਾਂ ਖੋਲ੍ਹਕੇ। ਪਲਟਿ=ਮੂੰਹ ਫੇਰ ਲਿਆ।

ਜਦ ਬੇਗਮ ਨੇ ਮੂੰਹ ਨੰਗਾ ਕਰਕੇ ਉਸ ਸਵਾਰ ਦੇ ਸਿਰ ਨੂੰ ਵੇਖਿਆ ਤਾਂ ਰਾਜੇ ਦਾ ਉਹ ਸਿਰ ਵੀ ਪਿਛਾਂਹ ਮੁੜ ਗਿਆ ਅਤੇ ਉਸ ਨੇ ਉਸ ਇਸਤਰੀ ਨੂੰ ਸਵੀਕਾਰ ਨ ਕੀਤਾ॥੪੫॥

**ਚੌਪਈ॥ ਬੇਗਮ ਸ਼ੋਕ ਮਾਨ ਤਬ ਹ੍ਵੈ ਕੈ॥ ਜਮਧਰ ਹਨਾ ਉਦਰ ਕਰ ਲੈ ਕੈ॥**
**ਪ੍ਰਾਨ ਮਿੱਤ੍ਰ ਕੇ ਲੀਨੇ ਦੀਨਾ॥ ਧ੍ਰਿਗ ਮੋਕੌ ਜਿਨ ਅਸ ਕ੍ਰਮ ਕੀਨਾ॥੪੬॥**

ਤਦ ਬਾਦਸ਼ਾਹ ਦੀ ਲੜਕੀ ਨੇ ਹੱਥ ਵਿਚ ਕਟਾਰ ਲੈ ਕੇ ਆਪਣੇ ਢਿੱਡ ਵਿਚ ਮਾਰ ਲਈ। ਉਹ ਕਹਿਣ ਲੱਗੀ ਕਿ ਮੈਨੂੰ ਧਿਰਕਾਰ ਹੈ ਕਿ ਮੈਂ ਆਪਣੇ ਮਿੱਤਰ ਦੇ ਪ੍ਰਾਣ ਲੈ ਲਏ ਹਨ, ਮੈਂ ਇਹ ਬਹੁਤ ਭੈੜਾ ਕੰਮ ਕੀਤਾ ਹੈ॥੪੬॥

**ਦੋਹਰਾ॥ ਬੀਰਮ ਦੇ ਰਾਜਾ ਨਿਮਿਤ ਬੇਗਮ ਤਜੇ ਪਰਾਨ॥**
**ਸੁ ਕਬਿ ਸਜਾਮ ਯਾ ਕਥਾ ਕੋ ਤਬਹੀ ਭਯੋ ਨਿਦਾਨ॥੪੭॥੧॥**

ਇਸ ਤਰ੍ਹਾਂ ਬੇਗਮ ਨੇ ਬੀਮਰ ਦੇਵ ਰਾਜੇ ਲਈ ਪ੍ਰਾਣ ਤਿਆਗ ਦਿੱਤੇ। ਇਸ ਲਈ ਹੀ ਕਵੀ ਸ਼ਿਆਮ ਨੇ ਇਸ ਕਥਾ ਨੂੰ ਆਪਣਾ ਵਿਸ਼ਾ ਬਣਾਇਆ॥੪੭॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੈਂਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੫॥੬੩੬੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੈਂਤੀਵੀਂ ਕਥਾ ਸਮਾਪਤ॥੩੩੫॥੬੩੬੪॥ਚਲਦਾ॥

# ਚਲਿੱਤਰ ਤਿੰਨ ਸੌ ਛੱਤੀਵਾਂ

## ਕਥਾ ਰੰਗਝੜ ਦੇਵੀ

**ਚੌਪਈ।। ਰਾਜ ਸੈਨ ਇਕ ਸੁਨਾ ਨ੍ਰਿਪਤਿ ਬਰ।। ਰਾਜ ਦੇਇ ਰਾਨੀ ਤਾਕੇ ਘਰ।।**
**ਰੰਗਝੜ ਦੇ ਦੁਹਿਤਾ ਤਹ ਸੋਹੈ।। ਸੁਨ ਨਰ ਨਾਗ ਅਸੁਰ ਮਨ ਮੋਹੈ।।੧।।**

ਰਾਜ ਸੈਨ ਨਾਮੀਂ ਇਕ ਰਾਜਾ ਸੁਣਿਆ ਜਾਂਦਾ ਸੀ ਜਿਸ ਦੇ ਘਰ ਵਿਚ ਰਾਜ ਦੇਵੀ ਨਾਮੀ ਰਾਣੀ ਸੀ। ਉਸ ਦੀ ਪੁੱਤਰੀ ਦਾ ਨਾਂ ਰੰਗਝੜ ਦੇਵੀ ਸੀ ਜਿਹੜੀ ਕਿ ਦੇਵਤਾ, ਨਰ, ਨਾਗ ਅਤੇ ਦੈਂਤ ਸਭ ਦਾ ਦਿਲ ਮੋਹਦੀ ਸੀ।।੧।।

**ਬਢਤ ਬਢਤ ਅਬਲਾ ਜਬ ਬਢੀ।। ਮਦਨ ਸੁ ਨਾਰ ਆਪੁ ਜਨੁ ਗਢੀ।।**
**ਮਾਤ ਪਿਤਾ ਚਰਚਾ ਭਈ ਜੋਈ।। ਪ੍ਰਚੁਰ ਭਈ ਜਗ ਭੀਤਰਿ ਸੋਈ।।੨।।**

ਪਦ ਅਰਥ – ਮਦਨ=ਕਾਮਦੇਵ। ਆਪ ਜਨ ਗਢੀ=ਕਾਮਦੇਵ ਰੂਪੀ ਸਨਿਆਰੇ ਨੇ ਜਿਵੇਂ ਆਪ ਘੜੀ ਹੋਵੇ।

ਉਹ ਕੰਨਿਆਂ ਜਦ ਵੱਧਦੀ ਵੱਧਦੀ ਜਵਾਨ ਹੋ ਗਈ ਤਾਂ ਇਸ ਤਰ੍ਹਾਂ ਲੱਗਣ ਲੱਗੀ ਜਿਵੇਂ ਕਾਮਦੇਵ ਨੇ ਉਸ ਨੂੰ ਆਪ ਬਣਾਇਆ ਹੋਵੇ। ਉਸ ਦੇ ਮਾਤਾ ਪਿਤਾ ਦੀ ਚਰਚਾ ਵੀ ਸਾਰੇ ਸੰਸਾਰ ਵਿਚ ਹੋਣ ਲੱਗੀ।।੨।।

**ਮਾਤੈਂ ਕਹੀਂ ਸੁ ਤਾਕੇ ਸੰਗਾ।। ਚੰਚਲਤਾ ਜਿਨ ਕਰੁ ਸੁੰਦ੍ਰੰਗਾ।।**
**ਕਹਾ ਬਿਸੇਸ ਧੁਜਹਿ ਤੂੰ ਬਰਿ ਹੈਂ।। ਤਾਕੋ ਜੀਤਿ ਦਾਸ ਲੈ ਕਰਿ ਹੈਂ।।੩।।**

ਪਦ ਅਰਥ – ਸੁੰਦ੍ਰੰਗਾ=ਸੁੰਦਰ ਅੰਗਾਂ ਵਾਲੀ। ਬਿਸੇਸ ਧੁਜ=ਨਾਂ ਹੈ। ਤੂੰ ਬਰ ਹੈ=ਤੇਰੇ ਨਾਲ ਵਿਆਹ ਕਰੇਗਾ।

ਉਸ ਦੀ ਮਾਂ ਨੇ ਇਕ ਦਿਨ ਉਸ ਨੂੰ ਕਿਹਾ ਤੂੰ ਏਨੀ ਚੰਚਲਤਾ ਨ ਵਿਖਾ, ਬਿਸੇਸ ਧੁਜ ਨੇ ਇਹ ਕਹਿ ਕੇ ਭੇਜਿਆ ਕਿ ਉਹ ਤੇਰੇ ਨਾਲ ਵਿਆਹ ਕਰੇਗਾ ਅਤੇ ਜਿਤ ਕੇ ਤੈਨੂੰ ਅਪਣੀ ਦਾਸੀ ਬਣਾਵੇਗਾ।।੩।।

**ਸੁਨਤ ਬਾਤ ਤਾ ਕਹ ਲਗਿ ਗਈ।। ਰਾਖੀ ਗੂੜ੍ਹ ਨ ਭਾਖਤ ਭਈ।।**
**ਜਬ ਅਬਲਾ ਨਿਸਿ ਕੌ ਘਰ ਆਈ।। ਚਲੀ ਤਹਾਂ ਨਰ ਭੇਸ ਬਨਾਈ।।੪।।**

ਪਦ ਅਰਥ – ਰਾਖੀ ਗੂੜ੍ਹ=ਮਨ ਵਿਚ ਹੀ ਰੱਖੀ। ਨਿਸਿ ਕੌ=ਰਾਤ ਨੂੰ।

ਮਾਂ ਦੀ ਗੱਲ ਉਸ ਦੇ ਦਿਲ ਨੂੰ ਲੱਗ ਗਈ ਪਰ ਉਸ ਨੇ ਉਸ ਨੂੰ ਆਪਣੇ ਮਨ ਵਿਚ

ਹੀ ਰਖਿਆ ਅਤੇ ਕਿਸੇ ਨੂੰ ਨ ਦੱਸਿਆ। ਜਦ ਉਹ ਰਾਤ ਨੂੰ ਘਰ ਆਈ ਤਾਂ ਮਰਦਾਵੇਂ ਕੱਪੜੇ ਪਾ ਕੇ ਚੱਲ ਪਈ।।੪।।

**ਚਲਤ ਚਲਤ ਬਹੁ ਚਿਰ ਤਹ ਗਈ।। ਜਹਾਂ ਬਿਲਾਸਵਤੀ ਨਗਰਈ।।**
**ਤਵਨ ਨਗਰ ਚਲਿ ਜੂਪ ਮਚਾਯੋ।। ਊਚ ਨੀਚ ਸਭ ਹੀ ਠਹਰਾਯੋ।। ੫।।**

ਪਦ ਅਰਥ - ਜੂਪ ਮਚਾਯੋ=ਜੂਆ ਖੇਡਣ ਦੀਆਂ ਧੁੰਮਾਂ ਮਚਾ ਦਿੱਤੀਆਂ।

ਚੱਲਦੀ ਚੱਲਦੀ ਉਹ ਉਥੇ ਪਹੁੰਚ ਗਈ ਜਿਥੇ ਵਿਲਾਸਵਤੀ ਨਗਰੀ ਸੀ। ਉਸ ਉਥੇ ਪਹੁੰਚ ਕੇ ਜੂਆ ਖੇਡਣ ਦੀਆਂ ਧੁੰਮਾਂ ਮਚਾ ਦਿੱਤੀਆਂ ਅਤੇ ਨਿੱਕੇ ਵੱਡੇ ਸਭ ਨੂੰ ਹਰਾ ਦਿੱਤਾ।।੫।।

**ਬਡੇ ਬਡੇ ਜੂਪੀ ਅਬ ਹਾਰੇ।। ਮਿਲਿ ਰਾਜਾ ਕੇ ਤੀਰ ਪੁਕਾਰੇ।।**
**ਇਕ ਹਜਾਂ ਐਸ ਜੁਆਰੀ ਆਯੋ।। ਕਿਸੂ ਪਾਸ ਨਹਿ ਜਾਤ ਹਰਾਯੋ।। ੬।।**

ਵੱਡੇ ਵੱਡੇ ਜੁਆਰੀਏ ਹਾਰ ਕੇ ਰਾਜੇ ਦੇ ਪਾਸ ਗਏ ਅਤੇ ਜਾ ਕੇ ਪੁਕਾਰ ਕਰਨ ਲੱਗੇ ਕਿ ਏਥੇ ਇਕ ਐਸਾ ਜੁਆਰੀਆ ਆਇਆ ਹੈ, ਜਿਹੜਾ ਕਿਸੇ ਪਾਸੋਂ ਵੀ ਨਹੀਂ ਹਾਰਦਾ।। ੬।।

**ਇਹ ਬਿਧਿ ਸੁਨੇ ਬਚਨ ਜਬ ਰਾਜਾ।। ਆਪਨ ਸਜਜੋ ਜੂਪ ਕੋ ਸਾਜਾ।।**
**ਕਹਜੋ ਤਾਂਹਿ ਹਜਾਂ ਲੇਹੁ ਬੁਲਾਇ।। ਜਿਨ ਜੂਪੀ ਸਭ ਲਏ ਹਰਾਇ।। ੭।।**

ਰਾਜੇ ਨੇ ਜਦ ਇਹ ਗੱਲ ਸੁਣੀ ਤਾਂ ਖ਼ੁਦ ਜੂਆ ਖੇਡਣ ਦਾ ਮਨ ਬਣਾਇਆ। ਉਸ ਨੇ ਕਿਹਾ ਕਿ ਉਸ ਨੂੰ ਮੇਰੇ ਪਾਸ ਬੁਲਾ ਲਵੋ, ਜਿਸ ਨੇ ਸਾਰੇ ਜੁਆਰੀਆਂ ਨੂੰ ਹਰਾ ਦਿੱਤਾ ਹੈ।।੭।।

**ਭ੍ਰਿਤ ਸੁਨਿ ਬਚਨ ਪਹੂੰਚੇ ਤਹਾਂ।। ਜੂਪਿਨ ਕੁਅਰਿ ਹਰਾਵਤ ਜਹਾਂ।।**
**ਕਹਜੋ ਤਾਹਿ ਤੁਹਿ ਰਾਇ ਬੁਲਾਯੋ।। ਚਾਹਤ ਤੁਮ ਸੌ ਜੂਪ ਮਚਾਯੋ।। ੮।।**

ਸੇਵਕ ਇਹ ਬਚਨ ਸੁਣ ਕੇ ਉਥੇ ਪਹੁੰਚੇ ਜਿਥੇ ਕੁਮਾਰੀ ਸਾਰੇ ਜੁਆਰੀਆਂ ਨੂੰ ਹਰਾ ਰਹੀ ਸੀ। ਉਹ ਉਸ ਨੂੰ ਕਹਿਣ ਲੱਗੇ ਕਿ ਤੈਨੂੰ ਰਾਜੇ ਨੇ ਬੁਲਾਇਆ ਹੈ ਅਤੇ ਉਹ ਤੇਰੇ ਨਾਲ ਜੂਆ ਖੇਡਣਾ ਚਾਹੁੰਦੇ ਹਨ।।੮।।

**ਨ੍ਰਿਪ ਕੇ ਤੀਰ ਤਰੁਨਿ ਤਬ ਗਈ।। ਬਹੁ ਬਿਧਿ ਜੂਪ ਮਚਾਵਤ ਭਈ।।**
**ਅਧਿਕ ਦਰਬ ਤਿਨ ਭੂਪ ਹਰਾਯੋ।। ਬ੍ਰਹਮਾ ਤੇਂ ਨਹਿ ਜਾਤ ਗਨਾਯੋ।। ੯।।**

ਪਦ ਅਰਥ - ਨ੍ਰਿਪ ਕੇ ਤੀਰ=ਰਾਜੇ ਦੇ ਕੋਲ। ਜੂਪ ਮਚਾਵਤ ਭਈ=ਜੂਆ ਖੇਡਣਾ ਸ਼ੁਰੂ ਕੀਤਾ। ਅਧਿਕ ਦਰਬ=ਬਹੁਤ ਧਨ।

ਇਸਤਰੀ ਜਦ ਰਾਜੇ ਦੇ ਕੋਲ ਪਹੁੰਚੀ ਤਾਂ ਉਸ ਕਈ ਪ੍ਰਕਾਰ ਨਾਲ ਜੂਆ ਖੇਡਣਾ ਸ਼ੁਰੂ ਕੀਤਾ।

Namdhari Elibrary NamdhariElibrary@gmail.com

ਉਸ ਨੇ ਰਾਜੇ ਦਾ ਏਨਾ ਧਨ ਜਿਤਿਆ ਕਿ ਉਸ ਨੂੰ ਬ੍ਰਹਮਾ ਵੀ ਨਹੀਂ ਗਿਣ ਸਕਦਾ ਸੀ॥੯॥

**ਜਬ ਨ੍ਰਿਪ ਦਰਬ ਬਹੁਤ ਬਿਧਿ ਹਾਰਾ॥ਸੁਤ ਊਪਰ ਪਾਸਾ ਤਬ ਢਾਰਾ॥**
**ਵਹੈ ਹਰਾਯੋ ਦੇਸ ਲਗਾਯੋ॥ ਜੀਤਾ ਕੁਅਰਿ ਭਜ੍ਯੋ ਮਨ ਭਾਯੋ॥ ੧੦॥**

ਪਦ ਅਰਥ - ਸੁਤ ਊਪਰ ਪਾਸਾ ਤਬ ਢਾਰਾ=ਆਪਣੇ ਪੁੱਤਰ ਨੂੰ ਦਾਅ ਉਤੇ ਲਾ ਦਿੱਤਾ।

ਜਦ ਰਾਜਾ ਹਰ ਪਖੋਂ ਧਨ ਹਾਰ ਗਿਆ ਤਾਂ ਉਸ ਆਪਣੇ ਪੁੱਤਰ ਨੂੰ ਦਾਅ ਤੇ ਲਾ ਦਿੱਤਾ। ਜਦ ਪੁੱਤਰ ਵੀ ਹਾਰ ਗਿਆ ਤਾਂ ਦਾਅ ਉਤੇ ਆਪਣਾ ਦੇਸ਼ ਲਾ ਦਿੱਤਾ। ਉਹ ਕੁਮਾਰ ਨੂੰ ਜਿੱਤ ਗਈ ਅਤੇ ਉਸ ਨਾਲ ਮਨ ਚਾਹਿਆ ਰਮਣ ਕੀਤਾ॥੧੦॥

**ਦੋਹਰਾ॥ ਜੀਤਿ ਸਕਲ ਧਨ ਤਵਨ ਕੋ ਦੀਨਾ ਦੇਸ ਨਿਕਾਰ॥**
**ਕੁਅਰ ਜੀਤਿ ਕਰਿ ਪਤਿ ਕਰਾ ਬਸੀ ਧਾਮ ਹ੍ਵੈ ਨਾਰ॥ ੧੧॥**

ਰਾਜੇ ਦਾ ਸਾਰਾ ਧਨ ਜਿੱਤ ਕੇ ਉਸ ਦੇਸ਼ ਵਿਚੋਂ ਕੱਢ ਦਿੱਤਾ ਅਤੇ ਕੁਮਾਰ ਨੂੰ ਜਿੱਤ ਕੇ ਉਸ ਨੂੰ ਆਪਣਾ ਪਤੀ ਬਣਾ ਲਿਆ ਅਤੇ ਉਸ ਦੇ ਘਰ ਵਿਚ ਹੀ ਵਸ ਗਈ॥੧੧॥

**ਦੋਹਰਾ॥ ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ॥**
**ਬ੍ਰਹਮ ਬਿਸ਼ਨ ਸ਼ਿਵ ਖਟ ਬਦਨ ਜਿਨ ਸਿਰਜੀ ਕਰਤਾਰ॥ ੧੨॥ ੧॥**

ਇਸਤਰੀ ਦੇ ਚਲਿੱਤਰ ਨੂੰ ਬ੍ਰਹਮਾਂ, ਵਿਸ਼ਨੂੰ, ਸ਼ਿਵਜੀ, ਕਾਰਤਕ ਅਤੇ ਖੁਦ ਪਰਮਾਤਮਾ ਵੀ ਨਹੀਂ ਜਾਣ ਸਕਿਆ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੬॥੬੩੨੬॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛੱਤੀਵੀਂ ਕਥਾ ਸਮਾਪਤ॥੩੩੬॥੬੩੨੬॥ਚਲਦਾ॥

## ਚਲਿੱਤਰ ਤਿੰਨ ਸੌ ਸੈਂਤੀਵਾਂ

## ਕਥਾ ਪਰਜ ਦੇਵੀ

**ਚੌਪਈ॥ਜਮਲ ਸੈਨ ਰਾਜਾ ਬਲਵਾਨਾ॥ਤੀਨ ਲੋਕ ਮਾਨਤ ਜਿਹ ਆਨਾ॥**
**ਜਮਲਾ ਟੋਡੀ ਕੋ ਨਰਪਾਲਾ॥ ਸੂਰਬੀਰ ਅਰੁ ਬੁੱਧਿ ਬਿਸਾਲਾ॥ ੧॥**

ਪਦ ਅਰਥ - ਤੀਨ ਲੋਕ=ਤਿੰਨ ਲੋਕ, ਧਰਤੀ, ਆਕਾਸ਼ ਅਤੇ ਪਾਤਾਲ। ਆਨਾ=ਈਨ। ਬੁਧਿ ਬਿਸਾਲਾ=ਬੁੱਧੀਮਾਨ।

ਜਮਲ ਸੈਨ ਇਕ ਬਲਵਾਨ ਰਾਜਾ ਸੀ। ਤਿੰਨੇ ਲੋਕ ਉਸ ਦੀ ਈਨ ਮੰਨਦੇ ਸਨ। ਜਮਲ ਸੈਨ ਟੌਡੀ ਦਾ ਰਾਜਾ ਸੀ ਅਤੇ ਉਹ ਬੜਾ ਸੂਰਬੀਰ ਅਤੇ ਬੁੱਧੀਮਾਨ ਸੀ॥੧॥

**ਸੋਰਠ ਦੇ ਰਾਨੀ ਤਿਹ ਸੁਨਿਯਤ॥ ਦਾਨ ਸੀਲ ਜਾਕੋ ਜਗ ਗੁਨਿਯਤ॥**
**ਪਰਜ ਮਤੀ ਦੁਹਿਤਾ ਇਕ ਤਾਕੀ॥ ਨਰੀ ਨਾਗਨੀ ਸਮ ਨਹਿ ਜਾਕੀ॥ ੨॥**

ਪਦ ਅਰਥ - ਸੀਲ=ਸੀਤਲ ਸੁਭਾਵ। ਗੁਨਿਯਤ=ਗਿਣਿਆ ਜਾਂਦਾ ਸੀ।

ਸੋਰਠ ਦੇਵੀ ਉਸ ਦੀ ਰਾਣੀ ਸੀ, ਜਿਹੜੀ ਕਿ ਸੰਸਾਰ ਵਿਚ ਬਹੁਤ ਦਾਨੀ ਅਤੇ ਸੀਤਲ ਸੁਭਾਵ ਵਾਲੀ ਮੰਨੀ ਜਾਂਦੀ ਸੀ। ਉਸ ਦੀ ਇਕ ਪੁੱਤਰੀ ਪਰਜ ਮਤੀ ਸੀ ਜਿਸ ਵਰਗੀ ਕੋਈ ਨਰ, ਨਾਗ, ਇਸਤਰੀ ਨਹੀਂ ਸੀ॥੨॥

**ਬਿਸਹਰ ਕੋ ਇਕ ਹੁਤੋ ਨ੍ਰਿਪਾਲਾ॥ ਆਯੋ ਗੜ੍ਹ ਜਮਲਾ ਕਿਹ ਕਾਲਾ॥**
**ਛਾਛ ਕਾਮਨੀ ਕੀ ਪੂਜਾ ਹਿਤ॥ ਮਨ ਕ੍ਰਮ ਬਚਨ ਇਹੈ ਕਰਿ ਕਰਿ ਬ੍ਰਤ॥ ੩॥**

*ਨ੍ਰਿਪਾਲਾ=ਰਾਜਾ। ਗੜ੍ਹ ਜਮਲਾ=ਜਮਲਾ ਦੇ ਕਿਲ੍ਹੇ ਵਿਚ। ਛਾਛ ਕਾਮਨੀ=ਇਸਤਰੀ।

ਬਿਸ ਹਰ ਦਾ ਇਕ ਰਾਜਾ ਸੀ ਜਿਹੜਾ ਕਿ ਇਕ ਦਿਨ ਜਮਲ ਦੇ ਕਿਲ੍ਹੇ ਵਿੱਚ ਆਇਆ। ਉਹ ਸੀਤਲਾ ਦੇਵੀ ਦੀ ਮਨ ਬਚਨ ਅਤੇ ਕਰਮ ਕਰਕੇ ਪੂਜਾ ਕਰਨਾ ਚਾਹੁੰਦਾ ਸੀ॥੩॥

**ਠਾਢਿ ਪਰਜ ਦੇ ਨੀਕ ਨਿਵਾਸਨ॥ ਰਾਜ ਕੁਅਰ ਨਿਰਖਾ ਦੁਖ ਨਾਸਨ॥**
**ਇਹੈ ਚਿਤ ਮੈ ਕੀਅਸਿ ਬਿਚਾਰਾ॥ ਬਰੌ ਯਾਹਿ ਕਰਿ ਕਵਨ ਪ੍ਰਕਾਰਾ॥ ੪॥**

ਪਰਜ ਦੇਵੀ ਆਪਣੇ ਨਿਵਾਸ ਵਿਚ ਖਲੋਤੀ ਸੀ ਅਤੇ ਉਸ ਦੁਖ ਨੂੰ ਦੂਰ ਕਰਨ ਵਾਲੇ ਰਾਜ ਕੁਮਾਰ ਨੂੰ ਵੇਖਿਆ, ਉਸ ਮਨ ਵਿਚ ਵਿਚਾਰ ਕਰ ਲਿਆ ਕਿ ਕਿਸੇ ਵੀ ਤਰ੍ਹਾਂ ਇਸ ਨਾਲ ਵਿਆਹ ਕਰਾਂਗੀ॥੪॥

**ਸਖੀ ਭੇਜਿ ਤਿਹ ਧਾਮ ਬੁਲਾਯੋ॥ ਭਾਂਤਿ ਭਾਂਤਿ ਕੋ ਭੋਗ ਕਮਾਯੋ॥**
**ਇਹ ਉਪਦੇਸ਼ ਤਵਨ ਕਹ ਦਯੋ॥ ਗੌਰਿ ਪੁਜਾਇ ਬਿਦਾ ਕਰਿ ਗਯੋ॥ ੫॥**

ਪਦ ਅਰਥ - ਗੌਰਿ=ਦੇਵੀ। ਪੁਜਾਇ=ਪੂਜਾ ਕਰਕੇ।

ਉਸ ਸਖੀ ਨੂੰ ਭੇਜ ਕੇ ਉਸ ਨੂੰ ਘਰ ਬੁਲਾਇਆ ਅਤੇ ਭਿੰਨ ਭਿੰਨ ਢੰਗਾਂ ਨਾਲ ਉਸ ਨਾਲ ਰਮਣ ਕੀਤਾ, ਉਸ ਨੂੰ ਕੁਝ ਸਮਝਾਇਆ ਅਤੇ ਗੌਰੀ ਦੀ ਪੂਜਾ ਕਰਵਾ ਕੇ ਘਰ ਭੇਜ ਦਿੱਤਾ॥੫॥

**ਬਿਦਾ ਕੀਯਾ ਤਿਹ ਐਸ ਸਿਖਾਇ॥ ਆਪੁ ਨ੍ਰਿਪਤਿ ਸੋ ਕਹੀ ਜਤਾਇ॥**
**ਮਨੀਕਰਨ ਤੀਰਥ ਮੈ ਜੈਹੌਂ॥ ਨ੍ਹਾਇ ਧੋਇ ਜਮਲਾ ਫਿਰਿ ਐਹੌਂ॥ ੬॥**

ਉਸ ਨੂੰ ਸਿਖਾ ਕੇ ਘਰ ਭੇਜ ਦਿੱਤਾ ਅਤੇ ਖੁਦ ਰਾਜੇ ਨੂੰ ਕਿਹਾ ਕਿ ਮੈਂ ਮਨੀਕਰਣ ਤੀਰਥ ਯਾਤਰਾ ਤੇ ਜਾਵਾਂਗੀ ਅਤੇ ਇਸ਼ਨਾਨ ਤੋਂ ਬਾਅਦ ਏਥੇ ਆ ਜਾਵਾਂਗੀ।।੬।।

**ਜਾਤ ਤੀਰਥ ਜਾਤ੍ਰਾ ਕਹ ਭਈ।। ਸ਼ਹਿਰ ਬੇਸ਼ਹਿਰ ਮੋਂ ਚਲਿ ਗਈ।।**
**ਹੋਤ ਤਵਨ ਸੌ ਭੇਦ ਜਤਾਯੋ।। ਮਨ ਮਾਨਤ ਕੇ ਭੋਗ ਕਮਾਯੋ।।੭।।**

ਤੀਰਥ ਯਾਤਰਾ ਦੇ ਥਾਂ ਉਹ ਬੇਸ਼ਹਿਰ ਜਾ ਪਹੁੰਚੀ ਉਸ ਨੂੰ ਸਾਰਾ ਭੇਤ ਦੱਸਿਆ ਅਤੇ ਉਸ ਨਾਲ ਮਨ ਚਾਹੀ ਪ੍ਰੇਮ ਕ੍ਰੀੜਾ ਕੀਤੀ।।੭।।

**ਕਾਮ ਭੋਗ ਕਰਿ ਕੈ ਘਰ ਰਾਖੀ।। ਰੱਛ ਪਾਲਕਨ ਸੋ ਅਸ ਭਾਖੀ।।**
**ਬੇਗਿ ਨਗਰ ਤੇ ਇਨੈ ਨਿਕਾਰਹੁ।। ਹਾਥ ਉਠਾਵੈ ਤਿਹ ਹਨਿ ਮਾਰਹੁ।।੮।।**

ਪਦ ਅਰਥ - ਬੇਗਿ=ਛੇਤੀ। ਹਾਥ ਉਠਾਵੈ=ਹੱਥ ਚੁਕੇ। ਹਨਿ ਮਾਰਹੁ=ਮਾਰ ਦੇਵੋ।

ਉਸ ਨੇ ਪ੍ਰੇਮ ਕ੍ਰੀੜਾ ਕਰਕੇ ਉਸ ਨੂੰ ਘਰ ਰਖ ਲਿਆ ਅਤੇ ਆਪਣੇ ਰਾਖਿਆਂ ਨੂੰ ਕਿਹਾ ਕਿ ਇਸ ਦੇ ਸਾਥੀਆਂ ਨੂੰ ਛੇਤੀ ਸ਼ਹਿਰ ਵਿਚੋਂ ਕੱਢ ਦੇਵੋ ਅਤੇ ਜਿਹੜਾ ਹੱਥ ਚੁਕੇ ਉਸ ਨੂੰ ਮਾਰ ਦੇਵੋ।।੮।।

**ਸੋ ਤਰੁਨੀ ਤਿਹ ਰਸਿ ਰਸਿ ਗਈ।। ਕਾਢਿ ਸਮਿੱਗ੍ਰੀ ਸਿਗਰੀ ਦਈ।।**
**ਇਹ ਛਲ ਸਾਥ ਲਹਾ ਮਨ ਭਾਵਨ।। ਸਕਾ ਚੀਨ ਕੋਊ ਪੁਰਖ ਉਪਾਵਨ।।੯।।**

ਉਹ ਇਸਤਰੀ ਤਾਂ ਪ੍ਰੇਮ ਵਿਚ ਪਾਗਲ ਹੋ ਗਈ ਅਤੇ ਉਸ ਨੇ ਜੋ ਕੁਝ ਵੀ ਘਰੋਂ ਲਿਆਂਦਾ ਸੀ ਉਸ ਨੂੰ ਦੇ ਦਿੱਤਾ ਇਸ ਢੰਗ ਨਾਲ ਉਸ ਮਨ ਭਾਉਂਦੇ ਪਤੀ ਨੂੰ ਪ੍ਰਾਪਤ ਕੀਤਾ ਅਤੇ ਕੋਈ ਵੀ ਇਸ ਭੇਤ ਨੂੰ ਨ ਜਾਣ ਸਕਿਆ।।੯।।

**ਕਾਢਿ ਦਏ ਸਭ ਹੀ ਰਖਵਾਰੇ।। ਲੋਹ ਕਰਾ ਜਿਨ ਤੇ ਹਨਿ ਡਾਰੇ।।**
**ਜਮ ਲੇਸ੍ਵਰ ਨ੍ਰਿਪ ਸੌ ਯੌ ਭਾਖੀ।। ਤੁਮਰੀ ਛੀਨਿ ਸੁਤਾ ਨ੍ਰਿਪ ਰਾਖੀ।।੧੦।।**

ਸਾਰੇ ਸਾਥੀ ਰਾਖਿਆਂ ਨੂੰ ਕੱਢ ਦਿੱਤਾ ਅਤੇ ਜਿਹੜੇ ਅਗੋਂ ਲੜੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਲੋਕਾਂ ਨੇ ਜਮਲ ਸੈਨ ਰਾਜੇ ਨੂੰ ਆ ਕੇ ਕਿਹਾ ਕਿ ਤੇਰੀ ਪੁੱਤਰੀ ਨੂੰ ਬਿਸਹਰ ਦੇ ਰਾਜੇ ਨੂੰ ਖੋਹ ਲਿਆ ਹੈ।।੧੦।।

**ਬੇਸਹਰਾ ਪਰ ਕਛੂ ਨ ਬਸਾਯੋ।। ਸੁਨਤ ਬਾਤ ਨ੍ਰਿਪ ਮੂੰਡ ਢੁਰਾਯੋ।।**
**ਇਹ ਛਲ ਬਰਾ ਕੁਅਰਿ ਵਹੁ ਰਾਜਾ।। ਬਾਇ ਰਹਾ ਮੁਖ ਸਕਲ ਸਮਾਜਾ।।੧੧।।੧।।**

ਰਾਜੇ ਦਾ ਬਿਸਹਰ ਉਤੇ ਕੋਈ ਵੱਸ ਨਹੀਂ ਸੀ ਚਲਦਾ; ਉਹ ਇਹ ਗੱਲ ਸੁਣ ਕੇ ਮੂੰਹ ਲਟਕਾ

Namdhari Elibrary NamdhariElibrary@gmail.com

ਕੇ ਬਹਿ ਗਿਆ। ਇਸ ਚਲਿੱਤਰ ਨਾਲ ਉਸ ਕੁਮਾਰੀ ਨੇ ਉਸ ਰਾਜੇ ਨਾਲ ਵਿਆਹ ਕੀਤਾ ਅਤੇ ਸਮਾਜ ਮੂੰਹ ਵੇਖਦਾ ਹੀ ਰਹਿ ਗਿਆ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸੈਂਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੭॥੬੩੩੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸੈਂਤੀਵੀਂ ਕਥਾ ਸਮਾਪਤ॥੩੩੭॥੬੩੩੭॥ਚਲਦਾ॥

# ਚਲਿੱਤਰ ਤਿੰਨ ਸੌ ਅਠੱਤੀਵਾਂ

## ਕਥਾ ਬਿਵਾਸ ਮਤੀ

**ਦੋਹਰਾ॥ ਨਗਰ ਬਿਭਾਸਾਵਤੀ ਮੈ ਕਰਨ ਬਿਭਾਸ ਨਰੇਸ॥**
**ਜਾਕੇ ਤੇਜਰੁਤ੍ਰਾਸ ਕੌ ਜਾਨਤ ਸਗਰੋ ਦੇਸ॥ ੧॥**

ਬਿਭਾਸਵਤੀ ਨਗਰ ਵਿਚ ਇਕ ਵਿਭਾਸ ਕਰਨ ਨਾਮੀਂ ਰਾਜਾ ਰਾਜ ਕਰਦਾ ਸੀ, ਉਸ ਦੇ ਤੇਜ ਅਤੇ ਭੈਅ ਨੂੰ ਸਾਰਾ ਦੇਸ਼ ਮੰਨਦਾ ਸੀ॥੧॥

**ਚੌਪਈ॥ਮਤੀ ਬਿਵਾਸ ਤਵਨ ਕੀ ਰਾਨੀ॥ਸੁੰਦਰਿ ਭਵਨ ਚੱਤ੍ਰ ਦਸ ਜਾਨੀ॥**
**ਸਾਤ ਸਵਤਿ ਤਾਕੀ ਛਬਿ ਮਾਨ॥ ਜਾਨੁਕ ਸਾਤ ਰੂਪ ਕੀ ਖਾਨ॥ ੨॥**

ਪਦ ਅਰਥ - ਸਾਤ ਸਵਤਿ=ਸੱਤ ਸੌਕਣਾਂ।

ਬਿਵਾਸ ਮਤੀ ਉਸ ਦੀ ਰਾਣੀ ਸੀ ਜਿਹੜੀ ਕਿ ਚੌਦਾਂ ਭਵਨਾਂ ਵਿਚ ਸੁੰਦਰ ਮੰਨੀ ਜਾਂਦੀ ਸੀ। ਉਸ ਦੀਆਂ ਸਤ ਸੌਕਣਾਂ ਏਨੀਆਂ ਸੁੰਦਰ ਸਨ ਕਿ ਜਿਵੇਂ ਰੂਪ ਦੀਆਂ ਖਾਣਾਂ ਹੋਣ॥੨॥

**ਆਯੋ ਤਹਾਂ ਏਕ ਬੈਰਾਗੀ॥ ਰੂਪਵਾਨ ਗੁਨਵਾਨ ਤਿਆਗੀ॥**
**ਸਜਾਮ ਦਾਸ ਤਾਕੋ ਭਨਿ ਨਾਮਾ॥ ਨਿਸ ਦਿਨ ਨਿਰਖਿ ਰਹਤ ਤਿਹ ਬਾਮਾ॥ ੩॥**

ਉਥੇ ਇਕ ਬੈਰਾਗੀ ਆਇਆ ਜਿਹੜਾ ਬਹੁਤ ਰੂਪਵੰਤ ਗੁਣਵੰਤ ਅਤੇ ਤਿਆਗੀ ਸੀ। ਸ਼ਿਆਮ ਦਾਸ ਉਸ ਦਾ ਨਾਂ ਸੀ, ਜਿਸ ਨੂੰ ਦਿਨ ਰਾਤ ਔਰਤਾਂ ਵੇਖਦੀਆਂ ਰਹਿੰਦੀਆਂ ਸਨ॥੩॥

**ਮਤੀ ਬਿਭਾਸ ਤਵਨ ਰਸ ਰਾਚੀ॥ ਕਾਮ ਭੋਗ ਮਿਤਵਾ ਕੇ ਮਾਚੀ॥**
**ਗਵਨ ਕਰੌ ਤਾਸੌ ਮਨ ਭਾਵੈ॥ ਸਵਤਿਨ ਸ਼ੋਕ ਹ੍ਰਿਦੈ ਮਹਿ ਆਵੈ॥ ੪॥**

ਬਿਵਾਸ ਮਤੀ ਉਸ ਦੇ ਪ੍ਰੇਮ ਵਿਚ ਲੀਨ ਸੀ ਅਤੇ ਨਿੱਤ ਆਪਣੇ ਮਿੱਤਰ ਨਾਲ ਭੋਗ ਬਿਲਾਸ ਕਰਦੀ ਰਹਿੰਦੀ ਸੀ। ਉਹ ਉਸ ਨਾਲ ਮਨ ਚਾਹਿਆ ਰਮਣ ਕਰਦੀ ਸੀ ਅਤੇ ਉਸ ਦੀਆਂ ਸੌਕਣਾਂ

***************************************************************

ਇਹ ਵੇਖ ਕੇ ਬਹੁਤ ਦੁਖੀ ਹੁੰਦੀਆਂ ਸਨ।।੪।।

**ਅਹਿਧੁਜ ਦੇ ਝਖਕੇਤ ਮਤੀ ਭਨਿ।।ਪੁਹਪ ਮੰਜਰੀ ਫੂਲ ਮਤੀ ਗਨਿ।।**
**ਨਾਗਰਿ ਦੈ ਨਾਗਨਿ ਦੇ ਰਾਨੀ।। ਨ੍ਰਿੱਤ ਮਤੀ ਸਭ ਹੀ ਜਗ ਜਾਨੀ।।੫।।**

ਉਸ ਦੀ ਇਕ ਸੌਕਣ ਅਹਿਧੁਜ ਦੇਵੀ ਨੇ ਦੂਸਰੀ ਸੌਂਕਣ ਝਖਕੇਤ ਮਤੀ ਨੂੰ ਕਿਹਾ ਅਤੇ ਪੁਸ਼ਪ ਮੰਜਰੀ ਨੇ ਫੁਲਮਤੀ ਨੂੰ ਕੁਝ ਦੱਸਿਆ। ਉਥੇ ਇਕ ਨਾਗਰ ਦੇਵੀ ਅਤੇ ਨਾਗਨ ਦੇਵੀ ਸੀ ਅਤੇ ਨ੍ਰਿਤਮਤੀ ਸਾਰੇ ਜਗ ਵਿਚ ਜਾਣੀ ਜਾਂਦੀ ਸੀ।।੫।।

**ਤਿਨ ਦਿਨ ਏਕ ਕਰੀ ਮਿਜਮਾਨੀ।। ਨਿਵਤਿ ਪਠੀ ਸਭ ਹੀ ਘਰ ਰਾਨੀ।।**
**ਬਿਖੁ ਕੌ ਭੋਜਨ ਸਭਨ ਖਵਾਇ।। ਸਕਲ ਦਈ ਮ੍ਰਿਤ ਲੋਕ ਪਠਾਇ।।੬।।**

ਪਦ ਅਰਥ - ਮਿਜਮਾਨੀ=ਪ੍ਰਾਹੁਣਾਚਾਰੀ, ਰੋਟੀ ਤੇ ਬੁਲਾਉਣਾ। ਨਿਵਤਿ=ਨਿਉਂਦਾ ਦੇ ਕੇ ਬੁਲਾਇਆ।

ਰਾਣੀ ਬਿਵਾਸ ਮਤੀ ਨੇ ਇਕ ਦਿਨ ਪਾਰਟੀ ਦਿੱਤੀ ਅਤੇ ਸਾਰੀਆਂ ਸੌਂਕਣਾਂ ਨੂੰ ਸੱਦਿਆ। ਸਾਰਿਆਂ ਨੂੰ ਜ਼ਹਿਰ ਮਿਲਿਆ ਭੋਜਨ ਖੁਆ ਕੇ ਜਮ ਲੋਕ ਭੇਜ ਦਿੱਤਾ।।੬।।

**ਬਿਖੁ ਕਹ ਖਾਇ ਮਰੀਂ ਸਵਤੈ ਸਬ।।ਰੋਵਤ ਭਈ ਬਿਭਾਸ ਮਤੀ ਤਬ।।**
**ਪਾਪ ਕਰਮ ਕੀਨਾ ਮੈਂ ਭਾਰੋ।। ਧੋਖੇ ਲਵਨ ਇਨੈ ਬਿਖੁ ਖ੍ਵਾਰੋ।।੭।।**

ਪਦ ਅਰਥ - ਧੋਖੇ ਲਵਨ=ਲੂਣ ਦੇ ਭੁਲੇਖੇ।

ਜਦ ਜ਼ਹਿਰ ਖਾ ਕੇ ਸਾਰੀਆਂ ਸੌਕਣਾਂ ਮਰ ਗਈਆਂ ਤਾਂ ਬਿਵਾਸ ਮਤੀ ਰੋਣ ਲੱਗ ਗਈ, ਮੈਥੋ ਬਹੁਤ ਵੱਡਾ ਪਾਪ ਹੋ ਗਿਆ ਹੈ, ਖਾਣੇ ਵਿਚ ਲੂਣ ਦੀ ਥਾਂ ਮੇਥੋਂ ਜ਼ਹਿਰ ਪੈ ਗਿਆ ਹੈ।।੭।।

**ਅਬ ਮੈਂ ਗਰੌ ਹਿਮਾਂਚਲ ਜਾਇ।। ਕੈ ਪਾਵਕ ਮਹਿ ਬਰੌ ਬਨਾਇ।।**
**ਸਹਚਰਿ ਸਹਸ ਹਟਕਿ ਤਿਹ ਰਹੀ।। ਮਾਨਤ ਭਈ ਨ ਤਿਨ ਕੀ ਕਹੀ।।੮।।**

ਪਦ ਅਰਥ - ਗਰੌ=ਗਲ ਜਾਵਾਂ। ਹਿਮਾਚਲ=ਹਿਮਾਲਾ ਪਰਬਤ ਤੇ ਜਾ ਕੇ। ਪਾਵਕ=ਅੱਗ।

ਹੁਣ ਮੈਂ ਹਿਮਾਲੀਆ ਵਿਚ ਜਾ ਕੇ ਗਲ ਜਾਵਾਂਗੀ ਜਾਂ ਅੱਗ ਵਿਚ ਸੜ ਕੇ ਮਰ ਜਾਵਾਂਗੀ। ਉਸ ਨੂੰ ਉਸ ਦੀਆਂ ਸਖੀਆਂ ਮਨਾਉਂਦੀਆਂ ਰਹੀਆਂ ਪਰ ਉਸ ਕਿਸੇ ਦੀ ਇਕ ਨ ਮੰਨੀ।।੮।।

**ਵਹੈ ਸੰਗ ਬੈਰਾਗੀ ਲੀਨਾ।। ਜਾਸੌ ਕਾਮ ਭੋਗ ਕਹ ਕੀਨਾ।।**
**ਲੋਗ ਲਖੈਂ ਤ੍ਰਿਯ ਗਰਬੇ ਗਈ।। ਕਿਨਹੂੰ ਬਾਤ ਜਾਨਿ ਨਹਿ ਲਈ।।੯।।**

ਪਦ ਅਰਥ - ਲੱਗ ਲਖੈਂ=ਲੋਕ ਸਮਝਦੇ ਸਨ। ਗਰਬੇ ਗਈ=ਗਲਣ ਲਈ ਗਈ ਹੈ।

ਉਸ ਨੇ ਉਸੇ ਵੈਰਾਗੀ ਨੂੰ ਜਿਸ ਨਾਲ ਉਹ ਕਾਮ ਭੋਗ ਕਰਦੀ ਸੀ, ਨਾਲ ਲਿਆ ਅਤੇ ਚਲੇ ਗਈ। ਲੋਕਾਂ ਨੇ ਇਹੋ ਸੋਚਿਆ ਕਿ ਇਸਤਰੀ ਗਲਣ ਵਾਸਤੇ ਪਹਾੜਾਂ ਵਲ ਚਲੇ ਗਈ ਹੈ ਅਤੇ ਕੋਈ ਵੀ ਅਸਲ ਭੇਤ ਨੂੰ ਨ ਸਮਝ ਸਕਿਆ॥੯॥

**ਮੂਰਖ ਰਾਇ ਬਾਇ ਮੁਖ ਰਹਾ॥ ਭਲਾ ਬੁਰਾ ਕਛੁ ਤਾਹਿ ਨ ਕਹਾ॥**
**ਨਾਰਿ ਜਾਰਿ ਕੇ ਸਾਥ ਸਿਧਾਈ॥ ਬਾਤ ਭੇਦ ਕੀ ਕਿਨਹੁ ਨ ਪਾਈ॥੧੦॥**

ਮੂਰਖ ਰਾਜਾ ਮੂੰਹ ਅੱਡ ਕੇ ਖਲੋਤਾ ਰਿਹਾ ਅਤੇ ਉਸ ਇਸਤਰੀ ਨੂੰ ਕੁਝ ਵੀ ਭਲਾ ਬੁਰਾ ਨਹੀਂ ਆਖਿਆ। ਉਹ ਇਸਤਰੀ ਆਪਣੇ ਯਾਰ ਨਾਲ ਚਲੇ ਗਈ ਅਤੇ ਭੇਤ ਦੀ ਗੱਲ ਕੋਈ ਵੀ ਨ ਜਾਣ ਸਕਿਆ॥੧੦॥

**ਤ੍ਰਿਯ ਕੋ ਚਰਿਤ ਨ ਬਿਧਨਾ ਜਾਨੈ॥ ਮਹਾਂ ਰੁਦ੍ਰ ਭੀ ਕਛੁ ਨ ਪਛਾਨੈ॥**
**ਇਨ ਕੀ ਬਾਤ ਏਕ ਹੀ ਪਾਈ॥ ਜਿਨ ਇਸਤ੍ਰੀ ਜਗਦੀਸ ਬਨਾਈ॥ ੧੧॥ ੧॥**

ਪਦ ਅਰਥ - ਬਿਧਨਾ=ਵਿਧਾਤਾ।

ਇਸਤਰੀ ਦੇ ਚਲਿੱਤਰਾਂ ਨੂੰ ਬ੍ਰਹਮਾਂ ਵੀ ਨਹੀਂ ਜਾਣ ਸਕਦਾ ਅਤੇ ਸ਼ਿਵਜੀ ਵੀ ਇਨ੍ਹਾਂ ਦੀ ਪਹਿਚਾਣ ਨਹੀਂ ਕਰ ਸਕਦਾ। ਇਨ੍ਹਾਂ ਦੀ ਗੱਲ ਤਾਂ ਕੇਵਲ ਇਕ ਪਰਮਾਤਮਾ ਹੀ ਜਾਣ ਸਕਦਾ ਹੈ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੮॥੬੩੪੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠੱਤੀਵੀ ਕਥਾ ਸਮਾਪਤ॥੩੩੮॥੬੩੪੮॥ਚਲਦਾ॥

# ਚਲਿੱਤਰ ਤਿੰਨ ਸੌ ਉਣਤਾਲੀਵਾਂ

# ਕਥਾ ਰਤਨ ਮਤੀ

**ਚੌਪਈ॥ ਸੁਨਿਯਤ ਇਕ ਨਗਰੀ ਉਜਿਯਾਰੀ॥ ਬਿਸੁਕਰਮਾ ਨਿਜੁ ਹਾਥ ਸਵਾਰੀ॥**
**ਨਾਮੁ ਅਲੂਰਾ ਤਾਕੋ ਸੋਹੈ॥ ਤੀਨੋ ਲੋਕ ਰਚਿਤ ਤਿਨ ਮੋਹੈ॥ ੧॥**

ਪਦ ਅਰਥ - ਬਿਸੁਕਰਮਾ=ਵਿਸ਼ਕਰਮਾਂ, ਮਹਾਨ ਕੋਸ਼ ਅਨਸਾਰ, ਸੰਸਾਰ ਦੀ ਰਚਨਾਂ ਕਰਨ ਵਾਲਾ ਕਰਤਾਰ, ਰਿਗਵੇਦ ਦੇ ਮੰਤਰ੍ਹਾਂ ਵਿਚ ਵਿਸ਼ਕਰਮਾਂ ਦਾ ਜ਼ਿਕਰ ਹੈ ਕਿ ਇਸ ਦੇ ਹਰ ਪਾਸੇ ਮੂੰਹ ਬਾਹਾਂ ਅਤੇ ਪੈਰ ਹਨ ਅਤੇ ਇਸ ਨੂੰ ਸਾਰੇ ਲੋਕਾਂ ਦਾ ਗਿਆਨ ਹੈ, ਬ੍ਰਹਮਾ ਨੂੰ ਵੀ ਵਿਸ਼ਕਰਮਾਂ ਕਿਹਾ ਜਾਂਦਾ ਹੈ, ਮਹਾਂ ਭਾਰਤ ਅਨੁਸਾਰ ਇਸ ਨੂੰ ਦੇਵਤਿਆਂ ਦਾ ਮੁਖ ਇੰਜੀਨੀਅਰ ਸਮਝਿਆ ਜਾਂਦਾ

ਹੈ। ਇਹ ਕੇਵਲ ਦੇਵਤਿਆਂ ਦੇ ਮਕਾਨ ਹੀ ਨਹੀਂ ਬਣਾਉਂਦਾ ਬਲਕਿ ਉਨ੍ਹਾਂ ਦੇ ਅਸਤਰ ਸ਼ਸਤਰ ਵੀ ਘੜਦਾ ਹੈ। ਰਾਮਾਇਣ ਵਿਚ ਲਿਖਿਆ ਹੈ ਕਿ ਵਿਸ਼ਕਰਮਾਂ ਅੱਠਵੇਂ ਵਸੁ ਪ੍ਰਕਾਸ਼ ਦਾ ਪੁੱਤਰ ਅਤੇ ਲਾਵਨਮਤੀ ਦੇ ਪੇਟ ਤੋਂ ਪੈਦਾ ਹੋਇਆ। ਕਿਹਾ ਜਾਂਦਾ ਹੈ ਕਿ ਇਸਦੀ ਪੁੱਤਰੀ ਸੰਜਨਾ ਦਾ ਵਿਆਹ ਸੂਰਜ ਨਾਲ ਹੋਇਆ ਸੀ, ਪਰ ਜਦ ਸੰਜਨਾ ਸੂਰਜ ਦਾ ਤੇਜ ਸਹਾਰ ਨਾ ਸਕੀ, ਤਾਂ ਵਿਸ਼ਕਰਮਾਂ ਨੇ ਸੂਰਜ ਨੂੰ ਆਪਣੇ ਖਰਾਦ ਤੇ ਚਾੜ੍ਹ ਕੇ ਉਸ ਦਾ ਅੱਠਵਾਂ ਭਾਗ ਛਿਲ ਦਿੱਤਾ, ਜਿਸ ਤੋਂ ਸੂਰਜ ਦੀ ਗਰਮੀ ਘਟ ਗਈ। ਸੂਰਜ ਦੀਆਂ ਛਿੱਲੜਾਂ ਤੋਂ ਵਿਸ਼ਕਰਮਾਂ ਨੇ ਵਿਸ਼ਨੂੰ ਦਾ ਚੱਕਰ, ਸ਼ਿਵਜੀ ਦਾ ਤ੍ਰਿਸ਼ੂਲ, ਕਾਰਤਕੇਯ ਦੀ ਬਰਛੀ ਅਤੇ ਹੋਰ ਕਈ ਦੇਵਤਿਆਂ ਦੇ ਸ਼ਸਤਰ ਬਣਾਏ। ਨਿਜੁ ਹਾਥ ਸਵਾਰੀ=ਜਿਵੇਂ ਆਪਣੇ ਹੱਥਾਂ ਨਾਲ ਬਣਾਈ ਹੋਵੇ।

ਸੁਣਿਆ ਜਾਂਦਾ ਹੈ ਕਿ ਇਕ ਬਹੁਤ ਸੁੰਦਰ ਨਗਰੀ ਸੀ, ਇੰਝ ਲੱਗਦਾ ਸੀ ਇਸ ਨਗਰੀ ਨੂੰ ਵਿਸਕਰਮਾਂ ਨੇ ਆਪ ਬਣਾਇਆ ਹੋਵੇ। ਉਸ ਦਾ ਨਾਂ ਇਲੱਗਾ ਸੀ ਜਿਹੜੀ ਤਿੰਨਾਂ ਲੋਕਾਂ ਦਾ ਮਨ ਮੋਹਦੀ ਸੀ॥੧॥

**ਭੂਪ ਭੱਦ੍ਰ ਤਿਹ ਗੜ੍ਹ ਕੋ ਰਾਜਾ॥ ਰਾਜਪਾਟ ਤਾਹੀ ਕਹ ਛਾਜਾ॥**
**ਰਤਨ ਮਤੀ ਤਿਹ ਨ੍ਰਿਪ ਕੀ ਰਾਨੀ॥ ਅਧਿਕ ਕੁਰੂਪ ਜਗਤ ਮਹਿ ਜਾਨੀ॥੨॥**

ਉਸ ਨਗਰੀ ਦਾ ਰਾਜਾ ਭੂਪ ਭਦਰ ਸੀ, ਜਿਸ ਦਾ ਰਾਜ ਪਾਟ ਜਿਵੇਂ ਉਸੇ ਲਈ ਸਿਰਜਿਆ ਹੋਵੇ। ਰਤਨ ਮਤੀ ਉਸ ਰਾਜੇ ਦੀ ਰਾਣੀ ਸੀ ਜਿਸ ਨੂੰ ਸਾਰਾ ਸੰਸਾਰ ਜਾਣਦਾ ਸੀ ਕਿ ਉਹ ਬਹੁਤ ਕਰੂਪ ਸੀ॥੨॥

**ਤਾਕੇ ਨਿਕਟ ਨ ਰਾਜਾ ਜਾਵੈ॥ ਨਿਰਖਿ ਨਾਰਿ ਕੋ ਰੂਪ ਡਰਾਵੈ॥**
**ਅਵਰ ਰਾਨਿਯਨ ਕੇ ਘਰ ਰਹੈ॥ ਤਾਸੌ ਬੈਨ ਨ ਬੋਲਾ ਚਹੈ॥੩॥**

ਰਾਜਾ ਉਹਦੇ ਕੋਲ ਨਹੀਂ ਜਾਂਦਾ ਸੀ ਅਤੇ ਰਾਣੀ ਦਾ ਚਿਹਰਾ ਵੇਖ ਕੇ ਡਰਦਾ ਸੀ। ਉਹ ਹੋਰ ਰਾਣੀਆਂ ਦੇ ਮਹੱਲਾਂ ਵਿਚ ਰਹਿੰਦਾ ਸੀ ਅਤੇ ਉਸ ਰਾਣੀ ਨਾਲ ਗੱਲ ਵੀ ਨਹੀਂ ਕਰਦਾ ਸੀ॥੩॥

**ਯਹ ਦੁਖ ਅਧਿਕ ਨਾਰਿ ਕੇ ਮਨੈ॥ ਚਾਹਤ ਪ੍ਰੀਤਿ ਨ੍ਰਿਪਤਿ ਸੌ ਬਨੈ॥**
**ਏਕ ਜਤਨ ਤਬ ਕਿਯਾ ਪਿਆਰੀ॥ ਸੁਨਹੁ ਕਹਤ ਹੌ ਕਥਾ ਬਿਚਾਰੀ ੪॥**

ਉਸ ਰਾਣੀ ਨੂੰ ਇਸ ਗੱਲ ਦਾ ਬਹੁਤ ਦੁੱਖ ਸੀ ਅਤੇ ਉਹ ਚਾਂਹੁਦੀ ਸੀ ਕਿ ਕਿਸੇ ਤਰ੍ਹਾਂ ਰਾਜੇ ਨਾਲ ਪ੍ਰੀਤ ਪ੍ਰੇਮ ਪ੍ਰਾਪਤ ਕਰ ਲਵੇ। ਫਿਰ ਉਸ ਪਿਆਰੀ ਨੇ ਜਿਹੜਾ ਯਤਨ ਕੀਤਾ ਉਹ ਮੈਂ ਤੁਹਾਨੂੰ ਦੱਸਦਾ ਹਾਂ। ਇਸ ਕਥਾ ਨੂੰ ਜ਼ਰਾ ਪਿਆਰ ਪੂਰਵਕ ਸੁਣੋ ਜੀ॥੪॥

**ਪੂਜਾ ਕਰਤ ਲਖਯੋ ਜਬ ਰਾਜਾ॥ ਤਬ ਤਨ ਸਜਾ ਸਕਲ ਤ੍ਰਿਯ ਸਾਜਾ॥**
**ਮਹਾਂ ਰੁੱਦ੍ਰ ਕੋ ਭੇਸ ਬਨਾਇ॥ ਅਪਨੈ ਅੰਗ ਬਿਭੂਤਿ ਚੜ੍ਹਾਇ॥੫॥**

ਜਦ ਉਸ ਰਾਜੇ ਨੂੰ ਪੂਜਾ ਕਰਦੇ ਵੇਖਿਆ ਤਾਂ ਉਸ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਜਾਇਆ। ਉਸ ਸ਼ਿਵਜੀ ਦਾ ਭੇਸ ਧਾਰਨ ਕੀਤਾ ਅਤੇ ਆਪਣੇ ਅੰਗਾਂ ਤੇ ਸਵਾਹ ਮਲ ਲਈ।।੫।।

**ਕਰਤ ਹੁਤੋ ਰਾਜਾ ਜਪੁ ਜਹਾਂ।। ਸ਼ਿਵ ਬਨਿ ਆਨਿ ਠਾਢਿ ਭੀ ਤਹਾਂ।।**
**ਜਬ ਰਾਜੈ ਤਿਹ ਰੂਪ ਨਿਹਰਾ।। ਮਨ ਕ੍ਰਮ ਈਸ ਜਾਨਿ ਪਗ ਪਰਾ।। ੬।।**

ਪਦ ਅਰਥ - ਆਨਿ ਠਾਢਿ ਭੀ=ਆ ਕੇ ਖਲੋ ਗਈ। ਨਿਹਰਾ=ਵੇਖਿਆ। ਈਸ=ਸ਼ਿਵਜੀ। ਪਗ ਪਰਾ=ਪੈਰੀਂ ਪੈ ਗਿਆ।

ਜਿਥੇ ਰਾਜਾ ਜਾਪ ਕਰ ਰਿਹਾ ਸੀ ਉਥੇ ਉਹ ਸ਼ਿਵਜੀ ਬਣ ਕੇ ਖੜੀ ਹੋ ਗਈ। ਜਦ ਰਾਜੇ ਨੇ ਅੱਖਾਂ ਖੋਲ੍ਹ ਕੇ ਵੇਖਿਆਂ ਤਾਂ ਮਨ, ਬਚਨ ਅਤੇ ਕਰਮ ਕਰਕੇ ਉਸ ਨੂੰ ਸ਼ਿਵਜੀ ਜਾਣਿਆ ਅਤੇ ਉਸ ਦੇ ਪੈਰਾਂ ਤੇ ਢਹਿ ਪਿਆ।।੬।।

**ਸੁਫਲ ਭਯੋ ਅਬ ਜਨਮ ਹਮਾਰਾ।। ਮਹਾਦੇਵ ਕੋ ਦਰਸ ਨਿਹਾਰਾ।।**
**ਕਹਜੋ ਕਰੀ ਮੈਂ ਬਡੀ ਕਮਾਈ।। ਜਾਤੇ ਦੀਨੀ ਰੁੱਦ੍ਰ ਦਿਖਾਈ।। ੭।।**

ਉਹ ਕਹਿਣ ਲੱਗਾ ਕਿ ਮੇਰਾ ਜਨਮ ਸਫਲ ਹੋ ਗਿਆ ਹੈ, ਕਿਉਂਕਿ ਮੈਂ ਮਹਾਂਦੇਵ ਦੇ ਦਰਸ਼ਨ ਕਰ ਲਏ ਹਨ। ਮੈਂ ਬਹੁਤ ਕਮਾਈ ਕੀਤੀ ਹੈ ਜਿਸ ਕਰਕੇ ਮੈਨੂੰ ਸ਼ਿਵਜੀ ਨੇ ਦਰਸ਼ਨ ਦਿੱਤੇ ਹਨ।।੭।।

**ਬਰੰ ਬ੍ਰੂਹ ਤਿਹ ਕਹਾ ਨਾਰਿ ਤਬ।। ਜੌ ਜੜ੍ਹ ਰੁੱਦ੍ਰ ਲਖਜੋ ਜਾਨਾ ਜਬ।।**
**ਤੈਂ ਮੁਰਿ ਕਰੀ ਸੇਵ ਭਾਖਾ ਅਤਿ।। ਤਬ ਤਹਿ ਦਰਸੁ ਦਿਯੋ ਮੈਂ ਸਭ ਮਤਿ।। ੮।।**

ਜਦ ਉਸ ਮੂਰਖ ਨੇ ਉਸ ਨੂੰ ਸ਼ਿਵਜੀ ਮੰਨ ਲਿਆ ਤਾਂ ਉਹ ਇਸਤਰੀ ਕਹਿਣ ਲੱਗੀ ਕਿ ਤੁਸੀਂ ਜੋ ਵਰਦਾਨ ਮੰਗਣਾ ਹੈ, ਮੰਗੋ। ਉਹ ਕਹਿਣ ਲੱਗੀ ਤੁਸੀ ਮੇਰੀ ਬਹੁਤ ਸੇਵਾ ਕੀਤੀ ਹੈ, ਇਸ ਲਈ ਮੈਂ ਤੁਹਾਨੂੰ ਦਰਸ਼ਨ ਦਿੱਤੇ ਹਨ।।੮।।

**ਸੁਨਿ ਬਚ ਨਾਰਿ ਰਾਇ ਹਰਖਾਨਾ।। ਭੇਦ ਅਭੇਦ ਜੜ੍ਹ ਕਛੂ ਨ ਜਾਨਾ।।**
**ਤ੍ਰਿਯ ਕੇ ਚਰਨ ਰਹਾ ਲਪਟਾਈ।। ਨਾਰਿ ਚਰਿਤ ਕੀ ਬਾਤ ਨ ਪਾਈ।। ੯।।**

ਪਦ ਅਰਥ - ਹਰਖਾਨਾ=ਖ਼ੁਸ਼ ਹੋਇਆ। ਲਪਟਾਈ=ਪਿਆ ਰਿਹਾ।

ਇਸਤਰੀ ਦੇ ਬਚਨ ਸੁਣ ਕੇ ਰਾਜਾ ਬਹੁਤ ਖੁਸ਼ ਹੋ ਗਿਆ ਪਰ ਉਸ ਮੂਰਖ ਨੇ ਅਸਲ ਭੇਤ ਨੂੰ ਨ ਸਮਝਿਆ, ਉਹ ਇਸਤਰੀ ਦੇ ਪੈਰਾਂ ਨਾਲ ਜੁੜ ਗਿਆ ਅਤੇ ਉਸ ਦੇ ਚਲਿੱਤਰ ਨੂੰ ਨ ਜਾਣ ਸਕਿਆ।।੯।।

**ਤਬ ਐਸਾ ਤ੍ਰਿਯ ਕਿਯਾ ਉਚਾਰਾ।। ਸੁਨਹੁ ਬਾਤ ਤੁਮ ਰਾਜ ਕੁਮਾਰਾ।।**

Namdhari Elibrary NamdhariElibrary@gmail.com

ਰਤਨ ਮਤੀ ਤੁਮਰੀ ਜੋ ਰਾਨੀ॥ ਯਹ ਮੁਰਿ ਅਤਿ ਸੇਵਕੀ ਪ੍ਰਮਾਨੀ॥੧੦॥

ਤਦ ਰਾਣੀ ਨੇ ਰਾਜੇ ਨੂੰ ਕਿਹਾ, "ਹੇ ਰਾਜ ਕੁਮਾਰ! ਤੁਸੀ ਮੇਰੀ ਗੱਲ ਸੁਣੋ, ਤੁਹਾਡੀ ਜਿਹੜੀ ਰਾਣੀ ਰਤਨ ਮਤੀ ਹੈ ਉਹ ਮੇਰੀ ਪੱਕੀ ਸੇਵਕਾ ਹੈ॥੧੦॥

ਜੌ ਯਾਸੌ ਤੁਮ ਕਰਹੁ ਪਯਾਰਾ॥ ਹ੍ਵੈ ਹੈ ਤੁਮਰੋ ਤਬੈ ਉਧਾਰਾ॥
ਸ਼ੱਤ੍ਰ ਹੋਇਗੋ ਨਾਸ ਤਿਹਾਰੋ॥ ਤਬ ਜਾਨੌ ਤੂੰ ਭਗਤ ਹਮਾਰੋ॥੧੧॥

ਜੇ ਤੁਸੀਂ ਉਸ ਨਾਲ ਪ੍ਰੇਮ ਕਰੋਗੇ ਤਾਂ ਤੁਹਾਡਾ ਉਧਾਰ ਹੋਵੇਗਾ, ਤਦ ਤੁਹਾਡੇ ਵੈਰੀਆਂ ਦਾ ਨਾਸ਼ ਹੋਵੇਗਾ ਅਤੇ ਤੁਸੀਂ ਮੇਰੇ ਭਗਤ ਦੇ ਰੂਪ ਵਿਚ ਜਾਣੇ ਜਾਵੋਗੇ॥੧੧॥

ਯੌ ਕਹਿ ਲੋਕੰਜਨ ਦ੍ਰਿਗ ਡਾਰੀ॥ ਭੇਦ ਭਈ ਲੋਪ ਨਹਿ ਜਾਇ ਨਿਹਾਰੀ॥
ਮੂੜ੍ਹ ਰਾਵ ਤਿਹ ਰੁੱਦ੍ਰ ਪ੍ਰਮਾਨਾ॥ ਭੇਦ ਅਭੇਦ ਕਛੁ ਪਸੂ ਨ ਜਾਨਾ॥੧੨॥

ਇਹ ਕਹਿ ਕੇ ਉਸ ਨੇ ਲੋਕੰਜਨ ਸੁਰਮਾਂ ਅੱਖਾਂ ਵਿਚ ਪਾਇਆ ਅਤੇ ਅਲੋਪ ਹੋ ਗਈ। ਮੂਰਖ ਰਾਜੇ ਨੇ ਉਸ ਨੂੰ ਸ਼ਿਵਜੀ ਮੰਨਿਆ ਅਤੇ ਭੇਤ-ਅਭੇਤ ਕੁਝ ਵੀ ਨ ਜਾਣ ਸਕਿਆ॥੧੨॥

ਤਬ ਤੇ ਤਾਸੌ ਕੀਆ ਪਯਾਰਾ॥ ਤਜਿ ਕਰਿ ਸਕਲ ਸੁੰਦਰੀ ਨਾਰਾ॥
ਇਹ ਛਲ ਛਲਾ ਚੰਚਲਾ ਰਾਜਾ॥ ਆਲੂਰੇ ਗੜ੍ਹ ਕੋ ਸਿਰਤਾਜਾ॥੧੩॥੧॥

ਤਦ ਤੋਂ ਸਾਰੀਆਂ ਸੁੰਦਰ ਰਾਣੀਆਂ ਨੂੰ ਤਿਆਗ ਕੇ ਉਹ ਰਤਨ ਮਤੀ ਨਾਲ ਪਿਆਰ ਕਰਨ ਲੱਗਾ। ਇਸ ਚਲਿੱਤਰ ਨਾਲ ਉਸ ਇਸਤਰੀ ਨੇ ਰਾਜੇ ਨੂੰ ਛਲਿਆ ਜਿਹੜਾ ਕਿ ਆਲੂਰ ਗੜ੍ਹ ਦਾ ਸਿਰਤਾਜ ਸੀ॥੧੩॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਉਨਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੩੯॥੬੩੬੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਣਤਾਲੀਵੀਂ ਕਥਾ ਸਮਾਪਤ॥੩੩੯॥੬੩੬੧॥ਚਲਦਾ॥

## ਚਲਿੱਤਰ ਤਿੰਨ ਸੌ ਚਾਲੀਵਾਂ

## ਕਥਾ ਮਥਰਾ

ਚੌਪਈ॥ ਮਥੁਰਾ ਨਾਮ ਹਮਾਰੇ ਰਹੈ॥ ਜਗ ਤਿਹ ਤ੍ਰਿਯਹਿ ਗੁਲਾਬੋ ਕਹੈ॥
ਰਾਮ ਦਾਸ ਨਾਮਾ ਤਹ ਆਯੋ॥ ਨਿਰਖਿ ਨਾਰਿ ਤਿਹ ਮਦਨ ਸਤਾਯੋ॥੧॥

ਮਥਰਾ ਨਾਮੀਂ ਇਕ ਇਸਤਰੀ ਸਾਡੇ ਕੋਲ ਰਹਿੰਦੀ ਸੀ ਜਿਸ ਨੂੰ ਗੁਲਾਬ ਵਾਂਗ ਸੁੰਦਰ ਮੰਨਦੇ

ਸਨ। ਰਾਮ ਦਾਸ ਨਾਮੀਂ ਇਕ ਵਿਅੱਕਤੀ ਆਇਆ ਜਿਹੜਾ ਇਸਤਰੀ ਨੂੰ ਵੇਖਦੇ ਸਾਰ ਕਾਮਾਸਕਤ ਹੋ ਗਿਆ।।੧।।

**ਬਹੁਤ ਬਰਿਸ ਤਾਸੌ ਵਹੁ ਰਹਾ।। ਪੁਨਿ ਐਸੇ ਤਿਹ ਤ੍ਰਿਯ ਸੌ ਕਹਾ।।**
**ਆਉ ਹੋਹਿ ਹਮਰੀ ਤੈ ਨਾਰੀ।। ਕਸਿ ਦੈਹੈਂ ਤੁਹਿ ਯਹ ਮੁਰਦਾਰੀ।। ੨।।**

ਉਹ ਬਹੁਤ ਸਾਲਾਂ ਤਕ ਉਸ ਇਸਤਰੀ ਨਾਲ ਰਿਹਾ ਅਤੇ ਫਿਰ ਉਹ ਉਸ ਨੂੰ ਕਹਿਣ ਲੱਗਾ ਕਿ ਆਓ ਹੁਣ ਮੇਰੀ ਪਤਨੀ ਬਣ ਜਾਵੋ. ਤੈਨੂੰ ਇਸ ਸੇਵਕਾਈ ਵਿਚ ਭਲਾ ਕੀ ਪ੍ਰਾਪਤ ਹੋਵੇਗਾ।।੨।।

**ਭਲੀ ਭਲੀ ਅਬਲਾ ਤਿਨ ਭਾਖੀ।।ਚਿਤ ਮਹਿ ਰਾਖਿ ਨ ਕਾਹੂ ਆਖੀ।।**
**ਜਬ ਮਥੁਰਾ ਆਯੋ ਤਿਹ ਧਾਮਾ।। ਤਬ ਅਸਿ ਬਚਨ ਬਖਾਨਜੋ ਬਾਮਾ।। ੩।।**

ਉਸ ਇਸਤਰੀ ਨੇ 'ਭਲਾ ਭਲਾ' ਕਿਹਾ ਅਤੇ ਗੱਲ ਦਿਲ ਵਿਚ ਹੀ ਰਖੀ ਅਤੇ ਹੋਰ ਕਿਸੇ ਨੂੰ ਨ ਦੱਸਿਆ। ਜਦ ਮਥਰਾ ਉਸ ਦੇ ਘਰ ਗਈ ਤਾਂ ਉਸ ਇਸਤਰੀ ਨੇ ਇਸ ਤਰ੍ਹਾਂ ਕਿਹਾ।।੩।।

**ਹਰੀ ਚੰਦ ਰਾਜਾ ਜਗ ਭਯੋ।। ਅੰਤ ਕਾਲ ਸੋ ਭੀ ਮਰਿ ਗਯੋ।।**
**ਮਾਨ ਧਾਤ ਪ੍ਰਭ ਭੂਪ ਬਢਾਯੋ।। ਅੰਤ ਕਾਲ ਸੋਊ ਕਾਲ ਖਪਾਯੋ।। ੪।।**

ਰਾਜਾ ਹਰੀਸ਼ ਚੰਦਰ ਹੋਇਆ ਹੈ ਪਰ ਅੰਤ ਵਿਚ ਕਾਲ ਦੀ ਗੋਦ ਵਿਚ ਸਮਾ ਗਿਆ। ਮਾਨ ਧਾਤ ਨਾਮੀਂ ਇਕ ਸਮਰਾਟ ਹੋਇਆ ਹੈ. ਉਹ ਵੀ ਅੰਤ ਵਿਚ ਕਾਲ ਦੀ ਗੋਦ ਵਿਚ ਸਮਾ ਗਿਆ।।੪।।

**ਜੋ ਨਰ ਨਾਰਿ ਭਯੋ ਸੋ ਮਰਾ।। ਯਾ ਜਗ ਮਹਿ ਕੋਊ ਨ ਉਬਰਾ।।**
**ਇਹ ਜਗ ਥਿਰ ਏਕੈ ਕਰਤਾਰਾ।। ਔਰ ਮ੍ਰਿਤਕ ਇਹ ਸਗਲ ਸੰਸਾਰਾ।। ੫।।**

ਜਿਹੜਾ ਵੀ ਇਸਤਰੀ ਪੁਰਖ ਇਸ ਸੰਸਾਰ ਵਿਚ ਪੈਦਾ ਹੋਇਆ ਸਭ ਮਰ ਗਏ. ਇਸ ਸੰਸਾਰ ਤੋਂ ਬਚ ਕੇ ਕੋਈ ਵੀ ਨਹੀਂ ਗਿਆ। ਇਸ ਸੰਸਾਰ ਵਿਚ ਇਕ ਪਰਮਾਤਮਾ ਹੀ ਥਿਰ ਹੈ ਬਾਕੀ ਸਾਰਾ ਸੰਸਾਰ ਮਰਨਸ਼ੀਲ ਹੈ।।੫।।

**ਦੋਹਰਾ।। ਯਾ ਜਗ ਮਹਿ ਸੋਈ ਜਿਯਤ ਪੁੰਨਜ ਦਾਨ ਜਿਨ ਕੀਨ।।**
**ਸਿਖਿਯਨ ਕੀ ਸੇਵਾ ਕਰੀ ਜੋ ਮਾਂਗੈ ਸੋ ਦੀਨ।। ੬।।**

ਇਸ ਸੰਸਾਰ ਵਿਚ ਉਹੀ ਅਮਰ ਹੁੰਦਾ ਹੈ ਜਿਸ ਪੁੰਨ ਦਾਨ ਕੀਤਾ ਹੈ। ਸਿਖਾਂ ਦੀ ਜਿਸ ਸੇਵਾ ਕੀਤੀ ਹੈ ਅਤੇ ਮੂੰਹ ਮੰਗਿਆ ਦਾਨ ਦਿੱਤਾ ਹੈ।।੬।।

**ਚੌਪਈ।। ਯਹ ਉਪਦੇਸ਼ ਸੁਨਤ ਜੜ੍ਹ ਢਰਿਯੋ।। ਬਹੁਰਿ ਨਾਰਿ ਸੌ ਬਚਨ ਉਚਰਿਯੋ।।**
**ਜੋ ਉਪਜੈ ਜਿਯ ਭਲੀ ਤਿਹਾਰੈ।। ਵਹੈ ਕਾਮ ਮੈਂ ਕਰੌ ਸਵਾਰੈ।। ੭।।**

ਉਹ ਉਪਦੇਸ ਸੁਣ ਕੇ ਮੂਰਖ ਹੱਟ ਗਿਆ ਅਤੇ ਇਸਤਰੀ ਨੂੰ ਕਹਿਣ ਲੱਗਾ ਜੋ ਤੇਰੇ ਮਨ ਵਿਚ ਹੋਵੇ, ਮੈਂ ਉਸ ਤਰ੍ਹਾਂ ਹੀ ਕਰਾਂਗਾ॥੭॥

**ਤ੍ਰਿਯ ਬਾਚ॥ਫਟਾ ਬਸਤ੍ਰ ਜਾਕਾ ਲਖਿ ਲੀਜੈ॥ਬਸਤ੍ਰ ਨਵੀਨ ਤੁਰਤ ਤਿਹ ਦੀਜੈ॥ ਜਾਕੈ ਘਰਿ ਮਹਿ ਹੋਇ ਨ ਦਾਰਾ॥ ਤਾਕਹ ਦੀਜੈ ਅਪਨੀ ਨਾਰਾ॥ ੮॥**

ਇਸਤਰੀ ਨੇ ਕਿਹਾ ਜਿਸ ਦੇ ਪਾਟੇ ਕੱਪੜੇ ਵੇਖ ਉਸ ਨੂੰ ਤੁਰੰਤ ਨਵੇਂ ਕੱਪੜੇ ਬਣਾ ਕੇ ਦੇਵੇਂ, ਜਿਸ ਦੇ ਘਰ ਇਸਤਰੀ ਨਾ ਹੋਵੇ ਉਸ ਨੂੰ ਆਪਣੀ ਇਸਤਰੀ ਦੇ ਦੇਵੇਂ॥੮॥

**ਰਾਮ ਦਾਸ ਤਬ ਤਾਹਿ ਨਿਹਾਰਯੋ॥ ਧਨ ਬਿਹੀਨ ਬਿਨੁ ਨਾਰਿ ਬਿਚਾਰਯੋ॥ ਧਨ ਹੂੰ ਦੀਯਾ ਨਾਰਿ ਹੂੰ ਦੀਨੀ॥ ਭਲੀ ਬੁਰੀ ਜੜ੍ਹ ਕਛੂ ਨ ਚੀਨੀ॥ ੯॥**

ਰਾਮ ਦਾਸ ਨੇ ਫਿਰ ਵੇਖਿਆ ਕਿ ਕੁਝ ਲੋਕ ਗ਼ਰੀਬ ਹਨ ਅਤੇ ਕੁਝ ਲੋਕ ਇਸਤਰੀਆਂ ਤੋਂ ਬਗੈਰ ਹਨ। ਨਿਰਧਨਾਂ ਨੂੰ ਉਸ ਧਨ ਦੇ ਦਿੱਤਾ ਅਤੇ ਦੂਸਰਿਆਂ ਨੂੰ ਉਸ ਨੇ ਇਸਤਰੀ ਦੇ ਦਿੱਤੀ। ਇਸ ਪ੍ਰਕਾਰ ਉਸ ਮੂਰਖ ਨੇ ਭਲਾ ਬੁਰਾ ਕੁਝ ਵੀ ਨ ਪਛਾਣਿਆ॥੯॥

**ਇਹ ਛਲ ਗਈ ਜਾਰ ਕੇ ਨਾਰਾ॥ ਬਸਤ੍ਰ ਦਰਬ ਲੈ ਸਾਥ ਅਪਾਰਾ॥ ਇਹ ਆਪਨ ਅਤਿ ਸਾਧ ਪਛਾਨਾ॥ ਭਲੀ ਬੁਰੀ ਕਾ ਭੇਵ ਨ ਜਾਨਾ॥ ੧੦॥ ੧॥**

ਇਸ ਛੱਲ ਨਾਲ ਉਹ ਇਸਤਰੀ ਦੂਸਰੇ ਯਾਰਾਂ ਦੇ ਕੋਲ ਚਲੇ ਗਈ ਅਤੇ ਨਾਲ ਅਪਾਰ ਧਨ ਅਤੇ ਕੱਪੜੇ ਲੈ ਗਈ। ਆਪਣੇ ਆਪ ਨੂੰ ਉਹ ਸਾਧੂ ਮੰਨਣ ਲੱਗਾ ਅਤੇ ਭਲਾ ਬੁਰਾ ਨ ਵਿਚਾਰ ਸਕਿਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੪੦॥੬੩੭੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚਾਲੀਵੀਂ ਕਥਾ ਸਮਾਪਤ॥੩੪੦॥੬੩੭੧॥ਚਲਦਾ॥

## ਚਲਿੱਤਰ ਤਿੰਨ ਸੌ ਇਕਤਾਲੀਵਾਂ

## ਕਥਾ ਅਪੱਛਰਾ ਦੇਵੀ

**ਚੌਪਈ॥ਸੁਕ੍ਰਿਤਾਵਤੀ ਨਗਰ ਇਕ ਸੁਨਾ॥ਸੁਕ੍ਰਿਤ ਸੈਨ ਰਾਜਾ ਬਹੁ ਗੁਨਾ॥ ਸੁਭ ਲੱਛਨਿ ਦੇ ਨਾਰਿ ਬਿਰਾਜੈ॥ ਚੰਦ੍ਰ ਸੂਰ ਕੀ ਲਖਿ ਦੁਤਿ ਲਾਜੈ॥ ੧॥**

ਸੁਕ੍ਰਿਤਾਵਤੀ ਨਗਰ ਵਿਚ ਇਕ ਸੁਕ੍ਰਿਤ ਸੈਨ ਨਾਮੀਂ ਬੜਾ ਗੁਣੀ ਰਾਜਾ ਰਹਿੰਦਾ ਸੀ। ਸ਼ੁਭ

ਲੱਛਣ ਦੇਵੀ ਉਸ ਦੀ ਨਾਰੀ ਸੀ, ਜਿਹੜੀ ਚੰਦ ਸੂਰਜ ਨੂੰ ਵੀ ਵੇਖ ਕੇ ਵੀ ਸ਼ਰਮਾਉਂਦੀ ਸੀ॥੧॥

**ਸ੍ਰੀ ਅਪੱਛਰਾ ਦੇਇ ਸੁ ਬਾਲਾ॥ ਮਾਨਹੁ ਸਕਲ ਰਾਗ ਕੀ ਮਾਲਾ॥**
**ਕਹੀ ਨ ਜਾਤ ਤਵਨ ਕੀ ਸੋਭਾ॥ ਇੰਦ੍ਰ ਚੰਦ੍ਰ ਜਸ ਰਵਿ ਲਖਿ ਲੋਭਾ॥ ੨॥**

ਅਪੱਛਰਾ ਦੇਵੀ ਉਸ ਦੀ ਇਕ ਸੁੰਦਰ ਪੁੱਤਰੀ ਸੀ ਜਿਹੜੀ ਰਾਗਮਾਲਾ ਵਾਂਗ ਸੁੰਦਰ ਸੀ। ਉਸ ਦੀ ਸ਼ੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਅਤੇ ਇੰਦਰ, ਚੰਦਰ ਅਤੇ ਸੂਰਜ ਵੀ ਉਸ ਦੇ ਰੂਪ ਦੇ ਲੋਭੀ ਸਨ॥੨॥

**ਤਹ ਇਕ ਆਇ ਗਯੋ ਸੌਦਾਗਰ॥ ਪੂਤ ਸਾਥ ਤਿਹ ਜਾਨੁ ਪ੍ਰਭਾਕਰ॥**
**ਰਾਜ ਸੁਤਾ ਤਿਹ ਊਪਰ ਅਟਕੀ॥ ਚਟਪਟ ਲਾਜ ਲੋਕ ਕੀ ਸਟਕੀ॥ ੩॥**

ਪਦ ਅਰਥ - ਪ੍ਰਭਾਕਰ=ਸੂਰਜ। ਅਟਕੀ=ਮੋਹਤ ਹੋ ਗਈ।

ਉਥੇ ਇਕ ਸੌਦਾਗਰ ਆਇਆ ਜਿਸ ਨਾਲ ਸੂਰਜ ਵਰਗਾ ਤੇਜਵੰਤ ਉਸ ਦਾ ਪੁੱਤਰ ਵੀ ਸੀ। ਰਾਜ ਕੁਮਾਰੀ ਉਸ ਨੂੰ ਵੇਖ ਕੇ ਮੋਹਤ ਹੋ ਗਈ ਅਤੇ ਉਸ ਲੋਕ ਲਾਜ ਤੁਰੰਤ ਤਿਆਗ ਦਿੱਤੀ॥੩॥

**ਚਤੁਰਿ ਜਾਨਿ ਤਹ ਸਖੀ ਪਠਾਈ॥ ਜਜੋਂ ਜਜੋਂ ਤਹਾਂ ਤਾਹਿ ਲੈ ਆਈ॥**
**ਰਾਜ ਸੁਤਾ ਤਾਸੌ ਰਤਿ ਮਾਨੀ॥ ਕੇਲ ਕਰਤ ਸਭ ਰਾਤਿ ਬਿਹਾਨੀ॥ ੪॥**

ਉਸ ਨੇ ਇਕ ਚੱਤਰ ਸਖੀ ਨੂੰ ਬੁਲਾ ਕੇ ਉਸ ਦੇ ਕੋਲ ਭੇਜਿਆ ਜਿਹੜੀ ਉਸ ਨੂੰ ਜਿਵੇਂ ਕਿਵੇਂ ਉਸ ਦੇ ਕੋਲ ਲੈ ਆਈ। ਰਾਜ ਕੁਮਾਰੀ ਨੇ ਉਸ ਨਾਲ ਰਮਣ ਕੀਤਾ ਅਤੇ ਏਸੇ ਕੰਮ ਵਿਚ ਸਾਰੀ ਰਾਤ ਲੰਘ ਗਈ॥੪॥

**ਬਾਢਾ ਬਿਰਹ ਦੁਹਨ ਕੋ ਐਸਾ॥ ਹਮ ਤੇਂ ਭਾਖਿ ਨ ਜਾਈ ਕੈਸਾ॥**
**ਏਕ ਛੋਰਿ ਇਕ ਅਨਤਨ ਜਾਵੈਂ॥ ਪਲਕ ਓਟ ਜੁਗ ਕੋਟਿ ਬਿਹਾਵੈਂ॥ ੫॥**

ਪਦ ਅਰਥ - ਅਨਤਨ=ਦੂਸਰੇ ਥਾਂ। ਜੁਗ ਕੋਟਿ ਬਿਹਾਵੈਂ=ਕਰੋੜਾਂ ਜੁੱਗ ਬੀਤ ਗਏ ਲੱਗਦੇ ਸਨ।

ਦੋਹਾਂ ਦਾ ਪ੍ਰੇਮ ਏਨਾ ਵਧਿਆ ਕਿ ਮੈਥੋਂ ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਇਕ ਦੂਸਰੇ ਨੂੰ ਛੱਡ ਕੇ ਕੋਈ ਵੀ ਦੂਸਰੇ ਥਾਂ ਨਹੀਂ ਜਾਂਦਾ ਸੀ ਅਤੇ ਪਲ ਭਰ ਵੀ ਦੂਰ ਰਹਿਣਾ ਉਨ੍ਹਾਂ ਨੂੰ ਯੁਗਾਂ ਵਾਂਗ ਲੱਗਦਾ ਸੀ॥੫॥

**ਕਾਮ ਭੋਗ ਕਰਿ ਬਦਾ ਸੰਕੇਤਾ॥ ਲਾਗਜੋ ਸ਼ਾਹ ਪੁੱਤ੍ਰ ਸੋ ਹੇਤਾ॥**
**ਮੁਹਿ ਅਪਨੇ ਲੈ ਸੰਗ ਸਿਧਾਰੋ॥ ਤਬ ਜਾਨੌ ਤੈ ਯਾਰ ਹਮਾਰੋ॥ ੬॥**

ਕਾਮ ਭੋਗ ਤੋਂ ਬਾਅਦ ਉਸ ਸ਼ਾਹ ਦੇ ਪੁੱਤਰ ਨਾਲ ਇਹ ਸ਼ਰਤ ਲੱਗੀ ਕਿ ਮੈਂ ਤਦ ਹੀ ਤੈਨੂੰ ਆਪਣਾ ਪਕਾ ਮਿੱਤਰ ਸਮਝਾਂਗੀ ਜੇ ਤੂੰ ਮੈਨੂੰ ਆਪਣੇ ਨਾਲ ਭਜਾ ਕੇ ਲੈ ਜਾਵੇਂ॥੬॥

**ਤਾਸੌ ਰਤਿ ਕਰਿ ਧਾਮ ਸਿਧਾਯੋ॥ ਕੀਯਾ ਜਤਨ ਜੋ ਹਿਤੂ ਸਿਖਾਯੋ॥**
**ਬਸਤ੍ਰ ਬਹੁਤ ਬਹੁ ਮੋਲ ਪਠਾਏ॥ ਪ੍ਰਥਮ ਨ੍ਰਿਪਤਿ ਕਹ ਸਕਲ ਦਿਖਾਏ॥੭॥**

ਉਹ ਉਸ ਨਾਲ ਕਾਮ ਕ੍ਰੀੜਾ ਕਰਕੇ ਘਰ ਨੂੰ ਚਲੇ ਗਿਆ ਅਤੇ ਜਿਵੇਂ ਉਸ ਨੂੰ ਸਿਖਾਇਆ ਗਿਆ ਸੀ, ਉਸ ਉਸ ਤਰ੍ਹਾਂ ਹੀ ਕੀਤਾ। ਉਸ ਬਹੁਤ ਸਾਰੇ ਕੱਪੜੇ ਮੁਲ ਲਏ ਅਤੇ ਸਾਰੇ ਰਾਜੇ ਨੂੰ ਪੇਸ਼ ਕਰ ਦਿੱਤੇ॥੭॥

**ਪੁਨਿ ਰਨਿਵਾਸਹਿ ਪਠੈ ਬਨਾਏ॥ ਰਾਜ ਸੁਤਹਿ ਅਸ ਗਯੋ ਜਤਾਏ॥**
**ਜੋ ਪਸੰਦ ਇਨ ਮੈ ਤੇ ਕੀਜੈ॥ ਸੋ ਦੇ ਬਸਤ੍ਰ ਮੋਲਿ ਮੁਰਿ ਲੀਜੈ॥੮॥**

ਫਿਰ ਉਸ ਨੂੰ ਰਣਵਾਸ ਵਿਚ ਭੇਜ ਦਿੱਤਾ ਅਤੇ ਰਾਜ ਕੁਮਾਰੀ ਨੂੰ ਵੀ ਦੱਸ ਦਿੱਤਾ। ਉਹ ਕਹਿਣ ਲੱਗਾ ਜਿਹੜੇ ਕੱਪੜੇ ਇਨ੍ਹਾਂ ਵਿਚੋਂ ਪਸੰਦ ਕਰੋ ਉਨ੍ਹਾਂ ਦਾ ਮੁਲ ਮੈਨੂੰ ਦੇ ਦੇਵੋ॥੮॥

**ਅੜਿੱਲ॥ ਰਾਨੀ ਮਾਲੁ ਦਿਖਾਇ ਬਹੁਰਿ ਲੈ ਕੁਅਰ ਦਿਖਾਯੋ॥**
**ਲਪਟਿ ਤਰੁਨਿ ਤਿਹ ਮਾਂਹਿ ਆਪਨੋ ਅੰਗ ਦੁਰਾਯੋ॥**
**ਗਈ ਮਿੱਤ੍ਰ ਕੇ ਧਾਮ ਨ ਭੂਪ ਬਿਚਾਰਿਯੋ॥**
**ਹੋ ਇਹ ਛਲ ਤਿਹ ਲੈ ਸਾਥ ਹਰੀਫ ਸਿਧਾਰਿਯੋ॥੯॥**

ਰਾਣੀ ਨੂੰ ਮਾਲ ਵਿਖਾ ਕੇ ਫਿਰ ਰਾਜਕੁਮਾਰੀ ਨੂੰ ਵਿਖਾਇਆ। ਉਸ ਇਸਤਰੀ ਨੇ ਆਪਣੇ ਅੰਗ ਉਨ੍ਹਾਂ ਕੱਪੜਿਆਂ ਨਾਲ ਹੀ ਢੱਕ ਲਏ। ਫਿਰ ਉਹ ਮਿੱਤਰ ਦੇ ਘਰ ਚਲੇ ਗਏ ਅਤੇ ਰਾਜੇ ਨੇ ਇਸ ਬਾਰੇ ਜ਼ਰਾ ਵੀ ਨ ਸੋਚਿਆ ਅਤੇ ਇਸ ਤਰ੍ਹਾਂ ਦੇ ਛੱਲ ਦੇ ਨਾਲ ਉਹ ਪ੍ਰੇਮੀ ਪ੍ਰੇਮਕਾ ਨੂੰ ਲੈ ਕੇ ਤੁਰਦਾ ਬਣਿਆ॥੯॥

**ਦੋਹਰਾ। ਭਾਂਗਨ ਭੌਂਦੂ ਪਿਯਤ ਥੋ ਰਾਹਤ ਭਯੋ ਪਰਬੀਨ॥**
**ਦੁਹਿਤਾ ਹਰੀ ਹਰੀਫ ਯੌ ਸਕਾ ਨ ਜੜ ਛਲ ਚੀਨ॥੧੦॥੧॥**

ਰਾਜਾ ਜਿਹੜਾ ਆਪਣੇ ਆਪ ਨੂੰ ਬੜਾ ਚੱਤਰ ਸਮਝਦਾ ਸੀ, ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਭੰਗ ਪੀਤੀ ਹੋਈ ਸੀ। ਉਸ ਦੀ ਪੁੱਤਰੀ ਨੂੰ ਉਸ ਦਾ ਮਿੱਤਰ ਕੱਢ ਕੇ ਲੈ ਗਿਆ, ਪਰ ਉਹ ਮੂਰਖ ਇਸ ਗੱਲ ਨੂੰ ਪਹਿਚਾਣ ਨ ਸਕਿਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੪੧॥੬੩੮੧॥ਅਫਜੂੰ॥

++++++++++++++++++++++++++++++++++++++++++++++++++++++++++++++++

ਸ੍ਰੀ ਚਲਿੱਤਰ ਪ੍ਰਸੰਗ. ਤਿਰੀਆ ਚਲਿੱਤਰ. ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਇਕੱਤਾਲੀਵੀਂ ਕਥਾ ਸਮਾਪਤ।।੩੪੧।।੬੩੮੧।।ਚਲਦਾ।।

# ਚਲਿੱਤਰ ਤਿੰਨ ਸੌ ਬਤਾਲੀਵਾਂ

# ਕਥਾ ਬਰੰਗਨਾ ਦੇਵੀ

**ਚੌਪਈ।। ਉੱਤਰ ਦਿਸਾ ਪ੍ਰਗਟ ਇਕ ਨਗਰੀ।। ਸ੍ਰੀ ਬ੍ਰਿਜਰਾਜਵਤੀ ਸੁ ਉਜਗਰੀ।।**
**ਸ੍ਰੀ ਬ੍ਰਿਜਰਾਜ ਸੈਨ ਤਹ ਰਾਜਾ।। ਜਾਕਹ ਨਿਰਖਿ ਇੰਦ੍ਰ ਅਤਿ ਲਾਜਾ।। ੧।।**

*ਪਦ ਅਰਥ* - ਉਜਗਰੀ=ਉਜਾਗਰ, ਪ੍ਰਸਿਧ, ਮਸ਼ਹੂਰ। ਨਿਰਿਖ=ਵੇਖ ਕੇ। ਅਤਿ ਲਾਜਾ=ਬਹੁਤ ਲੱਜਿਤ ਹੁੰਦਾ ਸੀ।

ਉੱਤਰ ਦਿਸ਼ਾ ਵਿਚ ਬ੍ਰਿਜਰਾਜ ਵਤੀ ਨਾਮੀਂ ਇਕ ਪ੍ਰਸਿਧ ਸ਼ਹਿਰ ਸੀ। ਓਥੋਂ ਦਾ ਰਾਜਾ ਬ੍ਰਿਜਰਾਜ ਸੈਨ ਸੀ ਜਿਸ ਨੂੰ ਵੇਖ ਕੇ ਇੰਦਰ ਵੀ ਬਹੁਤ ਲੱਜਿਤ ਹੁੰਦਾ ਸੀ।।੧।।

**ਸ੍ਰੀ ਬ੍ਰਿਜਰਾਜ ਮਤੀ ਤਿਹ ਰਾਨੀ।। ਸੁੰਦਰਿ ਭਵਨ ਚਤਰਦਸ ਜਾਨੀ।।**
**ਸ੍ਰੀ ਬਰੰਗਨਾ ਦੇ ਤਿਹ ਬਾਲਾ।। ਜਨੁ ਨਿਰਧੂਮ ਅਗਨਿ ਕੀ ਜ੍ਵਾਲਾ।। ੨।।**

*ਪਦ ਅਰਥ* - ਨਿਰਧੂਮ=ਧੂੰਆਂ ਰਹਿਤ। ਅਗਨਿ ਜ੍ਵਾਲਾ=ਅੱਗ ਦੀ ਲਾਟ।

ਉਸ ਦੀ ਰਾਣੀ ਦਾ ਨਾਂ ਬ੍ਰਿਜਰਾਜ ਮਤੀ ਸੀ ਜਿਹੜੀ ਚੌਦਾਂ ਲੋਕਾਂ ਵਿਚ ਸਭ ਤੋਂ ਸੁੰਦਰ ਮੰਨੀਂ ਜਾਂਦੀ ਸੀ। ਬਾਰੰਗਨਾ ਦੇਵੀ ਉਸ ਦੀ ਪੁੱਤਰੀ ਸੀ ਜਿਹੜੀ ਮਾਨੋਂ ਧੂਆਂ ਰਹਿਤ ਅੱਗ ਦੀ ਜਵਾਲਾ ਸੀ।।੨।।

**ਚਤੁਰਿ ਸਖੀ ਜਬ ਤਾਹਿ ਨਿਹਾਰੈ।। ਮਧੁਰ ਬਚਨ ਮਿਲਿ ਐਸ ਉਚਾਰੈ।।**
**ਜੈਸੀ ਇਹ ਹੈ ਦੁਤਿਯ ਨ ਜਈ।। ਆਗੇ ਹੋਇ ਨ ਪਾਛੈ ਭਈ।। ੩।।**

ਜਦ ਚੱਤਰ ਸਖੀਆਂ ਉਸ ਨੂੰ ਵੇਖਦੀਆਂ ਸਨ ਤਾਂ ਇਹੋ ਮਿੱਠੇ ਬਚਨ ਬੋਲਦੀਆਂ ਸਨ ਕਿ ਅਜਿਹੀ ਸੁੰਦਰ ਕਿਸੇ ਹਰ ਇਸਤਰੀ ਨੇ ਜਨਮ ਨਹੀਂ ਲਿਆ ਹੈ, ਨ ਤਾਂ ਇਸ ਵਰਗੀ ਕੋਈ ਪਹਿਲਾਂ ਪੈਦਾ ਹੋਈ ਹੈ ਅਤੇ ਨ ਹੀ ਭਵਿਖ ਵਿਚ ਪੈਦਾ ਹੋਵੇਗੀ ਭਾਵ ਕਿ ਉਹ ਬਹੁਤ ਸੁੰਦਰ ਸੀ।। ੩।।

**ਜਬ ਬਰੰਗਨਾ ਦੇਇ ਤਰੁਨਿ ਭੀ।। ਲਰਿਕਾਪਨ ਕੀ ਬਾਤ ਬਿਸਰਿਗੀ।।**
**ਰਾਜਕੁਅਰ ਤਬ ਤਾਹਿ ਨਿਹਾਰਯੋ।। ਤਾ ਪਰ ਤਰੁਨਿ ਪ੍ਰਾਨ ਕਹ ਵਾਰਯੋ।। ੪।।**

ਜਦ ਬਰੰਗਨਾ ਦੇਵੀ ਜਵਾਨ ਹੋਈ ਅਤੇ ਉਸ ਦਾ ਬਚਪਨਾ ਜਾਂਦਾ ਰਿਹਾ, ਤਾਂ ਉਸ ਇਕ ਰਾਜ ਕੁਮਾਰ ਨੂੰ ਵੇਖਿਆ ਅਤੇ ਉਸ ਉਤੇ ਆਪਣੇ ਪ੍ਰਾਣ ਵਾਰ ਦਿੱਤੇ ਭਾਵ ਉਸ ਉੱਤੇ ਮੋਹਿਤ ਹੋ ਗਈ।।੪।।

**ਤਾਸੌ ਕਾਮ ਭੋਗ ਨਿਤ ਮਾਨੈ।। ਦ੍ਵੈ ਤੈ ਏਕ ਦੇਹ ਕਰਿ ਜਾਨੈ।।**
**ਤਬ ਚਤੁਰਾ ਇਹ ਚਰਿਤ ਬਿਚਾਰਜੋ।। ਕਹੋ ਨ੍ਰਿਪਤਿ ਸੋ ਪ੍ਰਗਟ ਉਚਾਰਜੋ।।੫।।**

ਉਹ ਰੋਜ਼ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ ਅਤੇ ਦੋਵੇਂ ਆਪਣਾ ਸਰੀਰ ਇਕੋ ਹੀ ਸਮਝਦੇ ਸਨ। ਤਦ ਉਸ ਚੱਤਰ ਲੜਕੀ ਨੇ ਇਕ ਚਲਿੱਤਰ ਸੋਚਿਆ ਅਤੇ ਰਾਜੇ ਨੂੰ ਕਿਹਾ।।੫।।

**ਮੋ ਕੌ ਸ੍ਰਾਪ ਸਦਾ ਸ਼ਿਵ ਦੀਨਾ।। ਤਾਤੇ ਜਨਮ ਤਿਹਾਰੇ ਲੀਨਾ।।**
**ਸ੍ਰਾਪ ਅਵਧਿ ਪੂਰਨ ਹ੍ਵੈ ਹੈ ਜਬ।। ਪੁਨਿ ਜੈ ਹੌ ਹਰਿ ਲੋਕ ਬਿਖੈ ਤਬ।। ੬।।**

ਪਦ ਅਰਥ - ਸ੍ਰਾਪ ਅਵਧਿ=ਸਰਾਪ ਦਾ ਸਮਾਂ।

"ਹੇ ਪਿਤਾ ਜੀ, ਮੈਨੂੰ ਸ਼ਿਵਜੀ ਨੇ ਸਰਾਪ ਦਿੱਤਾ ਸੀ ਜਿਸ ਕਰਕੇ ਮੈਂ ਤੁਹਾਡੇ ਘਰ ਜਨਮ ਲਿਆ ਸੀ। ਜਦ ਸਰਾਪ ਦੀ ਮਿਆਦ ਪੂਰੀ ਹੋ ਜਾਵੇਗੀ ਤਾਂ ਮੈਂ ਦੁਬਾਰਾ ਸੁਰਲੋਕ ਪਹੁੰਚ ਜਾਵਾਂਗੀ"।।੬।।

**ਇਕ ਦਿਨ ਗਈ ਮਿੱਤ੍ਰ ਕੇ ਸੰਗਾ।। ਲਿਖਿ ਪੱਤ੍ਰਾ ਪਰ ਅਪਨੇ ਅੰਗਾ।।**
**ਸ੍ਰਾਪ ਅਵਧਿ ਪੂਰਨ ਅਬ ਭਈ।। ਸੁਰਪੁਰ ਸੁਤਾ ਤਿਹਾਰੀ ਗਈ।। ੭।।**

ਇਕ ਦਿਨ ਆਪਣੇ ਹੱਥ ਨਾਲ ਚਿੱਠੀ ਲਿਖ ਕੇ ਉਹ ਆਪਣੇ ਮਿੱਤਰ ਨਾਲ ਨਿਕਲ ਗਈ। ਉਸ ਚਿੱਠੀ ਵਿਚ ਲਿਖਿਆ ਕਿ ਸਰਾਪ ਦੀ ਮਿਆਦ ਪੂਰੀ ਹੋ ਗਈ ਹੈ ਅਤੇ ਤੁਹਾਡੀ ਪੁੱਤਰੀ ਸਵਰਗ ਨੂੰ ਚਲੀ ਗਈ ਹੈ।।੭।।

**ਅਬ ਜੋ ਧਾਮ ਹਮਾਰੇ ਮਾਲਾ।। ਸੋ ਦੀਜੈ ਦਿਜ ਕੌ ਤਤਕਾਲਾ।।**
**ਯਾਰ ਅਪਨ ਬ੍ਰਹਮਨ ਠਹਰਾਯੋ।। ਸਕਲ ਦਰਬ ਇਹ ਛਲ ਤਿਹ ਦਜਾਯੋ।। ੮।।**

ਹੁਣ ਜੋ ਮੇਰੇ ਘਰ ਵਿਚ ਧਨ ਹੈ ਉਹ ਜਲਦੀ ਹੀ ਬ੍ਰਾਹਮਣਾਂ ਨੂੰ ਵੰਡ ਦੇਵੋ। ਉਸ ਆਪਣੇ ...ਰ ਨੂੰ ਹੀ ਬ੍ਰਾਹਮਣ ਬਣਾ ਦਿੱਤਾ ਅਤੇ ਛਲ ਨਾਲ ਸਾਰਾ ਧਨ ਲੈ ਲਿਆ।।੮।।

**ਹ ਚਰਿੱਤ੍ਰ ਗੀ ਮਿੱਤ੍ਰਹਿ ਸਾਥਾ।। ਦੈ ਧਨ ਕਿਯਾ ਅਨਾਥ ਸਨਾਥਾ।।**
**ਤ ਪਿਤਾ ਸਭ ਅਸ ਲਖਿ ਲਈ।। ਸ੍ਰਾਪ ਮੁਚਿਤ ਭਜੋ ਸੁਰਪੁਰ ਗਈ।। ੯।। ੧।।**

ਪਦ ਅਰਥ - ਅਨਾਥ ਸਨਾਥ=ਗਰੀਬ ਤੋਂ ਰਾਜਾ ਬਣਾ ਦਿੱਤਾ। ਮੁਚਿਤ ਭਜੋ=ਪੂਰਾ ਹੋ ਗਿਆ।

ਇਸ ਚਲਿੱਤਰ ਨਾਲ ਉਹ ਮਿੱਤਰ ਨਾਲ ਚਲੇ ਗਈ ਅਤੇ ਉਸ ਅਨਾਥ ਨੂੰ ਧਨ ਦੇ ਕੇ ਵਾਨ ਬਣਾ ਦਿੱਤਾ। ਮਾਤਾ ਪਿਤਾ ਨੇ ਇਹ ਮੰਨ ਲਿਆ ਕਿ ਉਸ ਦਾ ਸਰਾਪ ਪੂਰਾ ਹੋ ਗਿਆ ਅਤੇ ਉਹ ਦੇਵ ਲੋਕ ਚਲੀ ਗਈ ਹੈ।।੯।। ੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਤਾਲੀਸ ਚਰਿਤ੍ਰ

++++++++++++++++++++++++++++++++++++++++++++++++++++++++++++++

[illegible] ਸਤ ਸੁਭਮ ਸਤੁ॥੩੪੨॥੬੩੯੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਤਾਲੀਵੀਂ ਕਥਾ ਸਮਾਪਤ॥੩੪੨॥੬੩੯੦॥ਚਲਦਾ॥

# ਚਲਿੱਤਰ ਤਿੰਨ ਸੌ ਤਰਤਾਲੀਵਾਂ

## ਕਥਾ ਸੋਰਠ ਦੇਵੀ ਅਤੇ ਪਰਜ ਦੇਵੀ

**ਸੋਰਠ ਦੇਸ ਬਸਤ ਹੈ ਜਹਾਂ॥ ਦਿਜਬਰ ਸੈਨ ਨਰਾਧਿਪ ਤਹਾਂ॥**
**ਮਤੀ ਸੁਮੇਰ ਤਵਨ ਕੀ ਨਾਰੀ॥ ਦੁਤਿਯ ਨ ਜਗ ਮੈ ਐਸਿ ਕੁਮਾਰੀ॥ ੧॥**

ਸੋਰਠ ਦੇਸ਼ ਵਿਚ ਦਿਜਬਰ ਸੈਨ ਨਾਮੀਂ ਇਕ ਰਾਜਾ ਰਹਿੰਦਾ ਸੀ। ਉਸ ਦੀ ਇਸਤਰੀ ਦਾ ਨਾਂ ਸੁਮੇਰਮਤੀ ਸੀ, ਜਿਸ ਵਰਗੀ ਸੁੰਦਰ ਹੋਰ ਕੋਈ ਇਸਤਰੀ ਨਹੀਂ ਸੀ॥੧॥

**ਸੋਰਠ ਦੇਇ ਸੁਤਾ ਇਕ ਤਾਕੇ॥ ਔਰ ਨਾਰ ਸਮ ਤੁਲਿ ਨ ਵਾਕੇ॥**
**ਦੁਤਿਯ ਪਰਜਦੇ ਭਈ ਕੁਮਾਰੀ॥ ਜਿਹ ਸੀ ਦੁਤਿਯ ਨ ਬ੍ਰਹਮ ਸਵਾਰੀ॥ ੨॥**

ਸੋਰਠ ਦੇਵੀ ਉਨ੍ਹਾਂ ਦੀ ਪੁੱਤਰੀ ਸੀ ਜਿਸ ਵਰਗੀ ਖੂਬਸੂਰਤ ਹੋਰ ਕੋਈ ਇਸਤਰੀ ਨਹੀਂ ਸੀ। ਪਰਜ ਦੇਵੀ ਇਕ ਹੋਰ ਰਾਜਕੁਮਾਰੀ ਸੀ ਜਿਸ ਵਰਗਾ ਬ੍ਰਹਮਾ ਨੇ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ॥੨॥

**ਦੋਊ ਸੁਤਾ ਤਰੁਨਿ ਜਬ ਭਈ॥ ਜਨ ਕਰਿ ਕਿਰਣਿ ਸੂਰ ਸਸਿ ਵਈ॥**
**ਐਸੀ ਪ੍ਰਭਾ ਹੋਤ ਭੀ ਤਿਨਕੀ॥ ਬਾਛਾ ਕਰਤ ਬਿਧਾਤਾ ਜਿਨਕੀ॥ ੩॥**

ਪਦ ਅਰਥ - ਕਿਰਣਿ ਸੂਰ ਸਸਿ ਵਈ=ਜਿਵੇਂ ਸੂਰਜ ਅਤੇ ਚੰਦ ਦੀਆਂ ਕਿਰਨਾ [illegible] ਹੋਣ। ਪ੍ਰਭਾ=ਸੁੰਦਰਤਾ। ਬਾਛਾ=ਇਛਿਆ।

ਦੋਵੇਂ ਰਾਜ ਕੁਮਾਰੀਆਂ ਜਦ ਵੱਡੀਆਂ ਹੋਈਆਂ ਤਾਂ ਇੰਝ ਲੱਗਦੀਆਂ ਸਨ ਜਿਵੇਂ ਸੂਰਜ ਦੀਆਂ ਕਿਰਨਾਂ ਹਣ। ਉਨ੍ਹਾਂ ਦੀ ਸੁੰਦਰਤਾ ਏਨੀ ਵਿਲੱਖਣ ਸੀ ਕਿ ਵਿਧਾਤਾ ਵੀ ਉਨ੍ਹਾਂ ਨੂੰ ਵੇਖਣ ਦੀ ਇੱਛਿਆ ਰਖਦਾ ਸੀ॥੩॥

**ਓਜ ਸੈਨ ਇਕ ਅਨਤ ਨ੍ਰਿਪਤਿ ਬਰ॥ ਜਨੁ ਕਰਿ ਮੈਨ ਪ੍ਰਗਟਿਯੋ ਬਪੁ ਧਰਿ॥**
**ਸੋ ਨ੍ਰਿਪ ਖੇਲਨ ਚੜ੍ਹਾ ਸ਼ਿਕਾਰਾ॥ ਰੋਝ ਰੀਛ ਮਾਰੇ ਝੰਖਾਰਾ॥ ੪॥**

ਪਦ ਅਰਥ - ਅਨਤ=ਹੋਰ। ਨ੍ਰਿਪਤਿ=ਚੰਗਾ ਰਾਜਾ। ਮੈਨ ਪ੍ਰਗਟਿਯ ਬਪੁ ਧਰਿ=ਜਿਵੇਂ ਕਾਮਦੇਵ ਦਾ ਅਵਤਾਰ ਹੋਵੇ।

ਓਜ ਸੈਨ ਇਕ ਹੋਰ ਰਾਜਾ ਸੀ ਜਿਹੜਾ ਏਨਾ ਖੂਬਸੂਰਤ ਸੀ ਕਿ ਜਿਵੇਂ ਕਾਮਦੇਵ ਦਾ ਅਵਤਾਰ

Namdhari Elibrary NamdhariElibrary@gmail.com

ਇਸ ਦੁਨੀਆਂ ਵਿਚ ਪਰਗਟ ਹੋਇਆ ਹੋਵੇ। ਇਕ ਦਿਨ ਰਾਜਾ ਸ਼ਿਕਾਰ ਖੇਡਣ ਗਿਆ ਤਾਂ ਉਸ ਕੁਝ ਰਿੱਛ ਅਤੇ ਹਿਰਨ ਮਾਰੇ॥੪॥

**ਨਿਕਸਜੋ ਤਹਾਂ ਏਕ ਝੰਖਾਰਾ॥ ਦ੍ਵਾਦਸ ਜਾਕੇ ਸੀਂਗ ਅਪਾਰਾ॥**
**ਨ੍ਰਿਪ ਤਿਹ ਨਿਰਖਿ ਤੁਰੰਗ ਧਵਾਵਾ॥ ਪਾਛੇ ਚਲਾ ਕੋਸ ਬਹੁ ਆਵਾ॥੫॥**

ਪਦ ਅਰਥ - ਝੰਖਾਰਾ=ਹਿਰਨ। ਦ੍ਵਾਦਸ=ਬਾਰਾਂ। ਤੁਰੰਗ ਧਵਾਵਾ=ਘੋੜਾ ਭਜਾਇਆ।

ਇਕ ਪਾਸਿਓਂ ਇਕ ਹੋਰ ਹਿਰਨ ਨਿਕਲਿਆ ਜਿਸ ਦੇ ਬਾਰਾਂ ਸਿੰਗ ਸਨ। ਰਾਜੇ ਨੇ ਉਸ ਨੂੰ ਵੇਖਕੇ ਉਸ ਦੇ ਪਿਛੇ ਘੋੜਾ ਭਜਾਇਆ ਅਤੇ ਕਈ ਕੋਹ ਦੂਰ ਨਿਕਲ ਗਿਆ॥੫॥

**ਬਹੁਤ ਕੋਸ ਤਿਹ ਮ੍ਰਿਗਹਿ ਦਖੇਰਾ॥ ਚਾਕਰ ਏਕ ਨ ਪਹੁਚਾ ਨੇਰਾ॥**
**ਆਯੋ ਦੇਸ ਸੋਰਠੀ ਕੇ ਮਹਿ॥ ਨ੍ਰਿਪ ਕੀ ਸੁਤਾ ਅਨ੍ਹਾਤ ਹੁਤੀ ਜਾਹਿ॥੬॥**

ਪਦ ਅਰਥ - ਅਨ੍ਹਾਤ ਹੁਤੀ ਜਹਿ=ਜਿਥੇ ਇਸ਼ਨਾਨ ਕਰ ਰਹੀਆਂ ਸਨ।

ਅਨੇਕਾਂ ਕੋਹਾਂ ਤਕ ਉਹ ਹਿਰਨ ਦਿਸਦਾ ਰਿਹਾ ਅਤੇ ਉਸ ਨਾਲ ਕੋਈ ਸੇਵਕ ਵੀ ਨ ਪਹੁੰਚ ਸਕਿਆ। ਉਹ ਸੋਰਠੀ ਦੇ ਦੇਸ਼ ਵਿਚ ਓਥੇ ਪਹੁੰਚ ਗਿਆ ਜਿਥੇ ਰਾਜੇ ਦੀਆਂ ਕੁੜੀਆਂ ਇਸ਼ਨਾਨ ਕਰ ਰਹੀਆਂ ਸਨ॥੬॥

**ਆਨਿ ਤਹੀ ਝੰਖਾਰ ਨਿਕਾਰਾ॥ ਅਬਲਾ ਦੂਹੂੰ ਨਿਹਾਰਤਿ ਮਾਰਾ॥**
**ਐਸਾ ਬਾਨ ਤਵਨ ਕਹ ਲਾਗਾ॥ ਠੌਰ ਰਹਾ ਪਗ ਦ੍ਵੈਕ ਨ ਭਾਗਾ॥੭॥**

ਹਿਰਨ ਓਥੇ ਪਹੁੰਚ ਗਿਆ ਜਿਥੇ ਕਿ ਉਹ ਦੋਵੇਂ ਰਾਜ ਕੁਮਾਰੀਆ ਰਹਿੰਦੀਆਂ ਸਨ, ਉਨ੍ਹਾਂ ਨੂੰ ਵੇਖਦੇ ਵੇਖਦੇ ਉਸ ਹਿਰਨ ਨੂੰ ਮਾਰ ਦਿੱਤਾ। ਉਸ ਨੂੰ ਇਸ ਤਰ੍ਹਾਂ ਤੀਰ ਵੱਜਿਆ ਕਿ ਹਿਰਨ ਓਥੇ ਹੀ ਬੈਠ ਗਿਆ ਅਤੇ ਦੋ ਕਦਮ ਵੀ ਨ ਭੱਜ ਸਕਿਆ॥੭॥

**ਰਾਜ ਕੁਆਰੀ ਦੂਹੂੰ ਨਿਹਾਰੋ॥ ਦੂਹੂੰ ਹ੍ਰਿਦੈ ਇਹ ਭਾਂਤਿ ਬਿਚਾਰੋ॥**
**ਬਿਨੁ ਪੂਛੇ ਪਿਤੁ ਇਹ ਹਮ ਬਰਿਹੈਂ॥ ਨਾਤਰ ਮਾਰਿ ਕਟਾਰੀ ਮਰਿਹੈਂ॥੮॥**

ਦੋਹਾਂ ਰਾਜ ਕੁਮਾਰੀਆਂ ਨੇ ਜਦ ਉਸ ਨੂੰ ਵੇਖਿਆ ਤਾਂ ਮਨ ਵਿਚ ਸੋਚਿਆ ਕਿ ਪਿਤਾ ਨੂੰ ਦੱਸਣ ਤੋਂ ਬਗੈਰ ਹੀ ਇਸ ਨਾਲ ਵਿਆਹ ਕਰਾਵਾਂਗੀਆ, ਨਹੀਂ ਤਾਂ ਕਟਾਰੀ ਮਾਰ ਕੇ ਮਰ ਜਾਵਾਂਗੀਆਂ॥੮॥

**ਤਬ ਲਗੁ ਭੂਪ ਤ੍ਰਿਖਾਤੁਰ ਭਯੋ॥ ਮ੍ਰਿਗ ਕੇ ਸਹਿਤ ਤਹਾਂ ਚਲਿ ਗਯੋ॥**
**ਸੋ ਮ੍ਰਿਗ ਰਾਜ ਸੁ ਤਨਕਹ ਦੀਯੋ॥ ਤਿਨ ਕੋ ਸੀਤ ਬਾਰਿ ਲੈ ਪੀਯੋ॥੯॥**

ਪਦ ਅਰਥ - ਤ੍ਰਿਖਾਤੁਰ=ਪਿਆਸਾ। ਸੀਤ ਬਾਰਿ=ਠੰਡਾ ਪਾਣੀ।

ਤਦ ਤਕ ਰਾਜੇ ਨੂੰ ਪਿਆਸ ਲੱਗੀ ਅਤੇ ਉਹ ਹਿਰਨ ਸਮੇਤ ਉਨ੍ਹਾਂ ਦੇ ਕੋਲ ਜਾ ਪਹੁੰਚਿਆ। ਰਾਜੇ ਨੇ ਹਿਰਨ ਉਨ੍ਹਾਂ ਨੂੰ ਦੇ ਦਿੱਤਾ ਅਤੇ ਉਨ੍ਹਾਂ ਪਾਸੋਂ ਠੰਡਾ ਪਾਣੀ ਲੈ ਕੇ ਪੀਤਾ।।੯।।

**ਬਾਂਧਾ ਬਾਜ ਏਕ ਦ੍ਰੁਮ ਕੇ ਤਰ।। ਸੋਵਤ ਭਯੋ ਹੈ ਭੂਪ ਸ੍ਰਮਾਤਰ।।**
**ਰਾਜ ਕੁਆਰਨ ਘਾਤ ਪਛਾਨਾ।।ਸਖਿਯਨ ਸੋ ਅਸ ਕਿਯਾ ਬਖਾਨਾ।।੧੦।।**

ਘੋੜੇ ਨੂੰ ਉਸ ਇਕ ਰੁੱਖ ਥੱਲੇ ਬੰਨ੍ਹਿਆ ਅਤੇ ਰਾਜਾ ਥੱਕ ਕੇ ਸੌਂ ਗਿਆ। ਰਾਜ ਕੁਮਾਰੀਆਂ ਨੇ ਮੌਕਾ ਵੇਖ ਕੇ ਆਪਣੀਆਂ ਸਹੇਲੀਆਂ ਨੂੰ ਦੱਸਿਆ।।੧੦।।

**ਮਦਰਾ ਬਹੁ ਦੂਹੂੰ ਕੁਅਰਿ ਮੰਗਾਯੋ।। ਸਾਤਬਾਰ ਜੋ ਹੁਤੋ ਚੁਆਯੋ।।**
**ਅਪਨ ਸਹਿਤ ਸਖਿਯਨ ਕੌ ਪਜਾਇ।।ਅਧਿਕਮੱਤ ਕਰਿ ਦਈ ਸੁਵਾਇ।।੧੧।।**

ਰਾਜ ਕੁਮਾਰੀਆਂ ਨੇ ਬਹੁਤ ਸ਼ਰਾਬ ਮੰਗਾਈ ਜਿਹੜੀ ਕਿ ਸੱਤ ਵਾਰ ਕੱਢੀ ਗਈ ਸੀ। ਉਨ੍ਹਾਂ ਉਹ ਸ਼ਰਾਬ ਆਪਣੇ ਸਹਿਤ ਆਪਣੀਆਂ ਸਖੀਆਂ ਨੂੰ ਪਿਆਈ ਅਤੇ ਬੇਹੋਸ਼ ਕਰਕੇ ਸੁਆ ਦਿੱਤੀਆਂ।।੧੧।।

**ਜਬ ਜਾਨਾ ਤੇ ਭਈ ਦਿਵਾਨੀ।। ਸੋਏ ਸਕਲ ਪਹਰੂਆ ਜਾਨੀ।।**
**ਦੂਹੂੰ ਸਨਾਹੀ ਲਈ ਮੰਗਾਇ।। ਪਹਿਰਿ ਨਦੀ ਮੈ ਧਸੀ ਬਨਾਇ।। ੧੨।।**

ਪਦ ਅਰਥ - ਪਹਰੂਆ=ਪਹਿਰੇਦਾਰ। ਸਨਾਹੀ=ਹਵਾ ਨਾਲ ਭਰੀ ਮਸ਼ਕ. ਇਹ ਮਸ਼ਕਾਂ ਪਾਣੀ ਵਿਚ ਤਰਨ ਲਈ ਸਹਾਇਤਾ ਕਰਦੀਆਂ ਹਨ।

ਜਦ ਉਨ੍ਹਾਂ ਵੇਖਿਆ ਸਾਰੀਆਂ ਸਖੀਆਂ ਬੇਹੋਸ਼ ਹੋ ਗਈਆਂ ਹਨ ਅਤੇ ਪਹਿਰੇਦਾਰ ਸੌਂ ਗਏ ਹਨ ਤਾਂ ਦੋਵਾਂ ਨੇ ਹਵਾ ਨਾਲ ਭਰੀਆਂ ਹੋਈਆਂ ਮਸ਼ਕਾਂ ਲੈ ਲਈਆਂ ਅਤੇ ਉਨ੍ਹਾਂ ਨੂੰ ਪਹਿਨ ਦੇ ਨਦੀ ਵਿਚ ਧੱਸ ਗਈਆਂ।।੧੨।।

**ਤਰਤ ਤਰਤ ਆਈ ਤੇ ਤਹਾਂ।। ਸੋਵਤ ਸੁਤੋ ਨਰਾਧਿਪ ਜਹਾਂ।।**
**ਪਕਰਿ ਪਾਵ ਤਿਹ ਦਿਯਾ ਜਗਾਇ।।ਅਜਾ ਚਰਮ ਪਰ ਲਿਯਾ ਚੜ੍ਹਾਇ।।੧੩।।**

ਪਦ ਅਰਥ - ਅਜਾ ਚਰਮ=ਬਕਰੀ ਦੇ ਚਮੜੇ ਦੀਆਂ ਬਣੀਆਂ ਮਸ਼ਕਾਂ।

ਨਦੀ ਵਿਚ ਤਰ ਕੇ ਉਹ ਓਥੇ ਪਹੁੰਚ ਗਈਆਂ ਜਿਥੇ ਰਾਜਾ ਸੁੱਤਾ ਪਿਆ ਸੀ। ਰਾਜੇ ਨੂੰ ਪੈਰ ਤੋਂ ਫੜ ਕੇ ਜਗਾਇਆ ਅਤੇ ਉਸ ਨੂੰ ਵੀ ਬਕਰੀ ਦੇ ਚੰਮ ਦੀ ਬਣੀ ਮਸ਼ਕ ਉਤੇ ਚੜ੍ਹਾ ਲਿਆ।।੧੩।।

**ਭੂਪਤਿ ਲਿਯਾ ਚੜ੍ਹਾਇ ਸਨਾਈ।। ਸਰਿਤਾ ਬੀਚ ਪਰੀ ਪੁਨਿ ਜਾਈ।।**
**ਤਰਤ ਤਰਤ ਅਪਨੋ ਤਜਿ ਦੇਸਾ।। ਪ੍ਰਾਪਤਿ ਭੀ ਤਿਹ ਦੇਸ ਨਰੇਸਾ।।੧੪।।**

ਰਾਜੇ ਨੂੰ ਮਸ਼ਕ ਤੇ ਚੜ੍ਹਾ ਕੇ ਉਹ ਵੀ ਨਦੀ ਵਿਚ ਵੜ ਗਈਆਂ। ਤਰਦੀਆਂ ਤਰਦੀਆਂ

Namdhari Elibrary NamdhariElibrary@gmail.com

ਉਹ ਆਪਣਾ ਦੇਸ਼ ਛੱਡ ਕੇ ਰਾਜੇ ਦੇ ਦੇਸ਼ ਵਿਚ ਪਹੁੰਚ ਗਈਆਂ॥੧੪॥

**ਜਬ ਕਛੁ ਸੁਧਿ ਸਖਿਯਨ ਤਿਨ ਪਾਈ॥ ਨ੍ਰਿਸੰਦੇਹ ਯੌ ਹੀ ਠਹਰਾਈ॥**
**ਮਦ ਸੌ ਭਈ ਜਾਨੁ ਮਤਵਾਰੀ॥ ਡੂਬਿ ਮੁਈ ਦੋਊ ਰਾਜ ਦੁਲਾਰੀ॥ ੧੫॥**

ਜਦ ਉਨ੍ਹਾਂ ਸਖੀਆਂ ਨੂੰ ਹੋਸ਼ ਆਈ ਤਾਂ ਉਨ੍ਹਾਂ ਨੇ ਸੋਚਿਆ ਕਿ ਮਦਮਸਤ ਹੋ ਕੇ ਦੋਵੇਂ ਰਾਜ ਕੁਮਾਰੀਆਂ ਨਦੀ ਵਿਚ ਡੁੱਬ ਗਈਆਂ ਹਨ॥੧੫॥

**ਦੋਹਰਾ॥ ਵੈ ਦੋਊ ਨ੍ਰਿਪ ਸੰਗ ਗਈ ਅਨਿਕ ਹਿਯੇ ਹਰਖਾਤ॥**
**ਅਜਾ ਚਰਮ ਪਰ ਭੂਪ ਬਰ ਦੁਹੂੰਅਨ ਚਲਾ ਬਜਾਤ॥ ੧੬॥ ੧॥**

ਉਹ ਦੋਵੇਂ ਖੁਸ਼ੀ ਖੁਸ਼ੀ ਰਾਜੇ ਦੇ ਨਾਲ ਚਲੀਆਂ ਗਈਆਂ, ਰਾਜਾ ਵੀ ਉਨ੍ਹਾਂ ਨਾਲ ਰਮਣ ਕਰਦਾ ਹੋਇਆ ਮਸ਼ਕ ਤੇ ਚੜ੍ਹ ਕੇ ਚਲਾ ਗਿਆ॥੧੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤ੍ਰਿਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੪੩॥੬੪੦੯॥ਅਫਜੂੰ॥

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤ੍ਰਿਰਤਾਲੀਵੀਂ ਕਥਾ ਸਮਾਪਤ॥੩੪੩॥ ੬੪੦੯॥ਚਲਦਾ॥

## ਚਲਿੱਤਰ ਤਿੰਨ ਸੌ ਚੁਤਾਲੀਵਾਂ
## ਕਥਾ ਰਸਰੰਗ ਮਤੀ

**ਚੌਪਈ॥ ਹਰਿਦ੍ਵਾਰ ਇਕ ਸੁਨ ਨ੍ਰਿਪਾਲਾ॥ ਤੇਜਿਮਾਨ ਦੁਤਿਮਾਨ ਛਿਤਾਲਾ॥**
**ਸ੍ਰੀ ਰਸਰੰਗ ਮਤੀ ਤਿਹ ਜਾਈ॥ ਜਿਹ ਸਮ ਦੂਸਰਿ ਬਿਧਿ ਨ ਬਨਾਈ॥ ੧॥**

ਪਦ ਅਰਥ - ਦੁਤਿਮਾਨ=ਸੁੰਦਰ। ਛਿਤਾਲਾ=ਸ਼ਕਤੀਸ਼ਾਲੀ।

ਹਰਦਵਾਰ ਦਾ ਇਕ ਰਾਜਾ ਸੁਣਿਆ ਜਾਂਦਾ ਸੀ ਜਿਹੜਾ ਕਿ ਬੜਾ ਤੇਜਸਵੀ, ਸ਼ਕਤੀਸ਼ਾਲੀ ਅਤੇ ਸੁੰਦਰ ਸੀ। ਰਸਰੰਗ ਮਤੀ ਉਸ ਦੀ ਪੁੱਤਰੀ ਸੀ, ਜਿਸ ਵਰਗੀ ਸੁੰਦਰ ਵਿਧਾਤਾ ਨੇ ਹੋਰ ਕੋਈ ਨਹੀਂ ਬਣਾਈ ਸੀ॥੧॥

**ਜਬ ਵੁਹ ਤਰੁਨਿ ਤਰੁਨ ਅਤਿ ਭਈ॥ ਭੂਪ ਸੈਨ ਨ੍ਰਿਪ ਕਹਿ ਪਿਤ ਦਈ॥**
**ਸਿਰੀ ਨਗਰ ਭੀਤਰ ਜਬ ਆਈ॥ ਲਖਿ ਚੰਡਾਲਿਕ ਅਧਿਕ ਲੁਭਾਈ॥ ੨॥**

++++++++++++++++++++++++++++++++++++++++++++++++++++++++++

ਜਦ ਉਹ ਲੜਕੀ ਜਵਾਨ ਹੋ ਗਈ ਤਦ ਉਸ ਦੇ ਪਿਤਾ ਨੇ ਉਸ ਨੂੰ ਰੂਪ ਸੈਨ ਰਾਜੇ ਨੂੰ ਦੇ ਦਿੱਤਾ। ਜਦ ਉਹ ਸ੍ਰੀ ਨਗਰ ਵਿਚ ਆਈ ਤਾਂ ਇਕ ਚੰਡਾਲ ਨੂੰ ਵੇਖ ਕੇ ਉਸ ਤੇ ਰੀਝ ਪਈ।।੨।।

**ਪਠੈ ਸਹਚਰੀ ਲਿਯਾ ਬੁਲਾਈ।। ਨ੍ਰਿਪ ਸੌ ਭੋਗ ਕਥਾ ਬਿਸਰਾਈ।।**
**ਰੈਨਿ ਦਿਵਸ ਤਿਹ ਲੇਤ ਬੁਲਾਈ।। ਰਤਿ ਅਤਿ ਨਿਤਪ੍ਰਤਿ ਕਰਤ ਬਨਾਈ।। ੩।।**

ਇਕ ਦਾਸੀ ਨੂੰ ਭੇਜ ਕੇ ਉਸ ਨੂੰ ਬੁਲਾ ਲਿਆ ਅਤੇ ਰਾਜੇ ਨਾਲ ਰਤਾ ਲੀਲ੍ਹਾ ਨੂੰ ਬਿਲਕੁਲ ਭੁਲ ਗਈ। ਰੋਜ ਉਸ ਨੂੰ ਬੁਲਾ ਲੈਂਦੀ ਸੀ ਅਤੇ ਦਿਨ ਰਾਤ ਬੜੇ ਪ੍ਰੇਮ ਨਾਲ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ।।੩।।

**ਰਸਤ ਰਸਤ ਐਸੀ ਰਸਿ ਗਈ।। ਜਨੁ ਕਰ ਨਾਰਿ ਤਵਨ ਕੀ ਭਈ।।**
**ਸਭ ਬ੍ਰਿਤਾਂਤ ਕਹਿ ਤਾਂਹਿ ਸਿਖਾਯੋ।। ਸੋਵਤਿ ਸਮੈਂ ਭੂਪ ਕਹ ਘਾਯੋ।। ੪।।**

ਐਸੀ ਰਸਦੀ, ਉਸ ਪ੍ਰੇਮ ਰਸ ਵਿਚ ਇਸ ਤਰ੍ਹਾਂ ਰਚ ਗਈ ਜਿਵੇਂ ਉਸ ਦੀ ਵਿਆਹੀ ਹੋਈ ਨਾਰ ਹੋਵੇ। ਉਸ ਇਸਤਰੀ ਨੇ ਉਸ ਨੂੰ ਸਭ ਭੇਤ ਸਮਝਾ ਦਿੱਤਾ ਅਤੇ ਸੁੱਤੇ ਹੋਏ ਰਾਜੇ ਨੂੰ ਮਾਰ ਦਿੱਤਾ।।੪।।

**ਪ੍ਰਾਤ ਜਰਨ ਕੇ ਕਾਜ ਸਿਧਾਈ।। ਆਗੇ ਰਾਖਿ ਲਏ ਨਿਜੁ ਰਾਈ।।**
**ਜਬੈ ਚਿਤਾ ਪਰ ਬੈਠੀ ਜਾਇ।। ਚਹੂੰ ਓਰ ਦਿਯ ਆਗਿ ਲਗਾਇ।। ੫।।**

ਪਦ ਅਰਥ - ਜਰਨ ਕੇ ਕਾਜ=ਸੜਨ ਦੇ ਵਾਸਤੇ। ਨਿਜ ਰਾਈ। ਆਪਣਾ ਰਾਜਾ।

ਸਵੇਰ ਹੁੰਦਿਆਂ ਹੀ ਉਹ ਸਤੀ ਹੋਣ ਵਾਸਤੇ ਚੱਲ ਪਈ ਅਤੇ ਆਪਣੇ ਅੱਗੇ ਰਾਜੇ ਦੀ ਲਾਸ਼ ਨੂੰ ਰੱਖ ਲਿਆ। ਜਦ ਉਹ ਚਿੱਤਾ ਵਿਚ ਬੈਠ ਗਈ ਤਾਂ ਚਾਰੇ ਪਾਸੇ ਅੱਗ ਲਾ ਦਿੱਤੀ।।੫।।

**ਚਾਰੋ ਦਿਸਾ ਅਗਨਿ ਜਬ ਲਾਗੀ।। ਤਬ ਹੀ ਉਤਰਿ ਚਿਤਾ ਪੈ ਭਾਗੀ।।**
**ਲੋਗਨ ਚਰਿਤ ਕ੍ਰਿਯਾ ਨਹਿ ਜਾਨੀ।। ਦੀਨੀ ਤਿਸੀ ਚੰਡਾਰਹਿ ਰਾਨੀ।। ੬।।**

ਜਦ ਚਾਰੇ ਪਾਸੇ ਅੱਗ ਲੱਗ ਗਈ ਤਾਂ ਉਹ ਚਿੱਤਾ ਵਿਚੋਂ ਨਿਕਲ ਕੇ ਭੱਜ ਗਈ। ਲੋਕਾਂ ਨੇ ਉਸ ਦੇ ਚਲਿੱਤਰ ਨੂੰ ਨ ਸਮਝਿਆ ਅਤੇ ਗੁੱਸੇ ਵਿਚ ਆ ਕੇ ਉਸ ਨੂੰ ਉਸੇ ਚੰਡਾਲ ਦੇ ਹਵਾਲੇ ਕਰ ਦਿੱਤਾ।।੬।।

**ਯੌਂ ਛਲਿ ਛੈਲ ਚਿਕਨਿਸਨ ਗਈ।। ਕਿਨੂੰ ਨ ਬਾਤ ਤਾਹਿ ਲਖਿ ਲਈ।।**
**ਨਾਰਿ ਅਧਿਕ ਮਨ ਹਰਖ ਬਢਾਯੋ।। ਚਾਹਤ ਹੁਤੀ ਸੋਇ ਪਤਿ ਪਾਯੋ।। ੭।।**

ਪਦ ਅਰਥ - ਚਿਕਨਿਸਨ=ਚੀਕਨੇ ਤੇ ਕੂਲੇ ਅੰਗ ਵਾਲੀ। ਹਰਖ ਬਢਾਯ=ਪ੍ਰਸੰਨ ਹੋਈ।

Namdhari Elibrary NamdhariElibrary@gmail.com

ਇਸ ਤਰ੍ਹਾਂ ਉਹ ਚੀਕਨੇ ਅਤੇ ਕੂਲੇ ਅੰਗਾਂ ਵਾਲੀ ਛੈਲ ਛਬੀਲੀ ਛੱਲ ਕਰਕੇ ਆਪਣੇ ਯਾਰ ਦੇ ਨਾਲ ਚਲੇ ਗਈ ਅਤੇ ਇਸ ਗੱਲ ਨੂੰ ਕੋਈ ਵੀ ਨ ਸਮਝ ਸਕਿਆ। ਇਸਤਰੀ ਦਿਲ ਵਿਚ ਬਹੁਤ ਖੁਸ਼ ਹੋਈ ਕਿਉਂਕਿ ਜਿਸ ਨੂੰ ਉਹ ਚਾਹੁੰਦੀ ਸੀ ਉਸ ਨੂੰ ਹੀ ਪਤੀ ਦੇ ਰੂਪ ਵਿਚ ਪਾ ਲਿਆ।।੭।।

**ਤਬ ਤੇ ਆਜੁ ਲਗੇ ਉਹ ਦੇਸਾ।। ਮਾਰਤ ਤ੍ਰਿਯ ਕੌ ਪ੍ਰਥਮ ਨਰੇਸਾ।।**
**ਕਾਠ ਤਰੇ ਕਰਿ ਜਾਂਹਿ ਜਰਾਵਤ।। ਭਾਖਿ ਸਕਤਿ ਨਹਿ ਬਾਤ ਲਜਾਵਤ।। ੮।।**

ਉਸ ਸਮੇਂ ਤੋਂ ਅਜ ਤਕ ਉਸ ਦੇਸ਼ ਵਿਚ ਰਾਜੇ ਦੇ ਮਰਨ ਤੋਂ ਪਹਿਲਾਂ ਹੀ ਇਸਤਰੀ ਨੂੰ ਮਾਰ ਦਿੰਦੇ ਹਨ, ਉਸ ਨੂੰ ਲਕੜਾਂ ਪਾ ਕੇ ਸਾੜ ਦਿੰਦੇ ਹਨ ਅਤੇ ਐਸਾ ਕਰਨ ਤੋਂ ਜ਼ਰਾ ਵੀ ਸ਼ਰਮ ਅਨੁਭਵ ਨਹੀਂ ਕਰਦੇ।।੮।।

**ਦੋਹਰਾ।। ਤਿਹ ਰਾਨੀ ਕੇ ਪੁੱਤ੍ਰ ਤਬ ਰਾਜ ਕਰਾ ਤਿਹ ਠਾਵ।।**
**ਆਜੁ ਲਗੇ ਚੰਡਾਲਿਯੈ ਭਾਖਤ ਤਿਨ ਕੋ ਨਾਵ।। ੯।। ੧।।**

ਪਦ ਅਰਥ - ਤਿਹ ਠਾਵ=ਉਸ ਥਾਂ। ਚੰਡਾਲਿਯੈ ਭਾਖਤ ਤਿਨ ਕੌ ਨਾਵ=ਹਾਲੇ ਤਕ ਉਨ੍ਹਾਂ ਦਾ ਨਾਂ ਚੰਡਾਲੀਏ ਪਿਆ ਹੈ।। ੯।। ੧।।

ਤਦ ਉਸ ਰਾਣੀ ਦੇ ਪੁੱਤਰ ਨੇ ਉਥੇ ਰਾਜ ਕੀਤਾ ਅਤੇ ਅਜ ਤਕ ਉਨ੍ਹਾਂ ਦਾ ਨਾਂ ਚੰਡਾਲੀਏ ਪਿਆ ਹੈ।।੯।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਂਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੪੪।।੬੪੧੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚਤਾਲੀਵੀਂ ਕਥਾ ਸਮਾਪਤ।।੩੪੪।।੬੪੧੫।।ਚਲਦਾ।।

## ਚਲਿੱਤਰ ਤਿੰਨ ਸੌ ਪੰਜਤਾਲੀਵਾਂ

## ਕਥਾ ਅੰਗਨਾ ਦੇਵੀ

**ਚੌਪਈ।। ਦੌਲਾ ਕੀ ਗੁਜਰਾਤਿ ਬਸਤ ਜਹ।। ਅਮਰ ਸਿੰਘ ਇਕ ਹੁਤਾ ਨ੍ਰਿਪਤਿ ਤਹ।।**
**ਅੰਗਨਾ ਦੇ ਰਾਨੀ ਤਿਹ ਰਾਜੈ।। ਨਿਰਖਿ ਦਿਵੰਗਨਨ ਕੋ ਮਨ ਲਾਜੈ।। ੧।।**

ਪਦ ਅਰਥ - ਦਿਵੰਗਨਨ=ਦੇਵਤਿਆਂ ਦੀਆਂ ਇਸਤਰੀਆਂ।

ਦੌਲਾ ਦੀ ਗੁਜਰਾਤ ਵਿਚ ਅਮਰ ਸਿੰਘ ਨਾਮੀਂ ਇਕ ਰਾਜਾ ਸੀ। ਉਸ ਰਾਜੇ ਦੀ ਰਾਣੀ

************************************************************
ਦਾ ਨਾਂ ਅੰਗਨਾ ਦੇਵੀ ਸੀ ਜਿਸ ਦੀ ਸੁੰਦਰਤਾ ਨੂੰ ਵੇਖ ਦੇਵਤਿਆਂ ਦੀਆਂ ਇਸਤਰੀਆਂ ਵੀ ਲੱਜਿਤ ਹੁੰਦੀਆਂ ਸਨ।।੧।।

**ਰਾਜਾ ਅਧਿਕ ਪੀਰ ਕਹ ਮਾਨੈ।। ਭਲੀ ਬੁਰੀ ਜੜ੍ਹ ਬਾਤ ਨ ਜਾਨੈ।।**
**ਤਹਾ ਸੁਬਰਨ ਸਿੰਘ ਇਕ ਛੱੜ੍ਰੀ।। ਰੂਪਵਾਨ ਧਨਵਾਨ ਧਰੱੜ੍ਰੀ।।੨।।**

ਰਾਜਾ ਇਕ ਪੀਰ ਨੂੰ ਬਹੁਤ ਮੰਨਦਾ ਸੀ ਅਤੇ ਮੂਰਖ ਭਲੇ ਬੁਰੇ ਦੀ ਪਹਿਚਾਨ ਨਹੀਂ ਕਰਦਾ ਸੀ। ਉਥੇ ਇਕ ਸਵਰਨ ਸਿੰਘ ਨਾਮੀਂ ਇਕ ਖੱਤਰੀ ਸੀ ਜਿਹੜਾ ਰੂਪਵਾਨ, ਧਨਵਾਨ ਅਤੇ ਬੜਾ ਵੱਡਾ ਸੂਰਮਾ ਸੀ।।੨।।

**ਸੁੰਦਰ ਅਧਿਕ ਹੁਤੋ ਖਤਿਰੇਟਾ।। ਜਨੁਕ ਰੂਪ ਸੌ ਸਕਲ ਲਪੇਟਾ।।**
**ਜਬ ਤੇਂ ਨਿਰਖਿ ਨਾਰਿ ਤਿਹ ਗਈ।। ਸੁਧਿ ਬੁਧਿ ਛਾਡਿ ਦਿਵਾਨੀ ਭਈ।। ੩।।**

ਪਦ ਅਰਥ - ਸੁਧਿ ਬੁਧਿ ਛਾਡਿ=ਸੁੱਧ ਬੁੱਧ ਭੁਲ ਕੇ। ਦਿਵਾਨੀ=ਪਾਗਲ।

ਉਹ ਖੱਤਰੀ ਪੁੱਤਰ ਬਹੁਤ ਸੁੰਦਰ ਸੀ, ਉਸ ਨੇ ਮਾਨੋ ਸਾਰੀ ਸੁੰਦਰਤਾ ਹੀ ਆਪਣੇ ਵਿਚ ਸਮੇਟ ਲਈ ਹੋਵੇ। ਜਦ ਰਾਜੇ ਦੀ ਰਾਣੀ ਨੇ ਉਸ ਨੂੰ ਵੇਖਿਆ ਤਾਂ ਉਹ ਸੁੱਧ ਬੁੱਧ ਭੁੱਲ ਕੇ ਉਸ ਦੇ ਪਿਛੇ ਦਿਵਾਨੀ ਹੋ ਗਈ।।੩।।

**ਤਾ ਸੰਗ ਨੇਹ ਸਜਾ ਰੁਚਿ ਮਾਨ।। ਜਾਨਿ ਬੂਝਿ ਹ੍ਵੈ ਗਈ ਅਜਾਨ।।**
**ਦਈ ਸਹਚਰੀ ਤਹਿਕ ਪਠਾਇ।। ਜਜੋਂ ਤਜੋਂ ਤਿਹ ਗ੍ਰਿਹਿ ਲਿਯਾ ਮੰਗਾਇ।।੪।।**

ਉਹ ਉਹਦੇ ਨਾਲ ਪ੍ਰੇਮ ਕਰਨ ਲੱਗੀ ਅਤੇ ਜਾਣ ਬੁਝ ਕੇ ਸਾਰੀਆਂ ਗੱਲਾਂ ਤੋਂ ਅਣਜਾਣ ਬਣ ਗਈ। ਉਸ ਨੇ ਆਪਣੀ ਇਕ ਸਖੀ ਨੂੰ ਉਸ ਪਾਸ ਭੇਜਿਆ ਅਤੇ ਜਿਵੇਂ ਕਿਵੇਂ ਉਸ ਨੂੰ ਆਪਣੇ ਘਰ ਬੁਲਵਾ ਲਿਆ।।੪।।

**ਪੋਸਤ ਭਾਂਗ ਅਫੀਮ ਮੰਗਾਈ।। ਪਾਨਿ ਡਾਰਿ ਕਰਿ ਭਾਂਗ ਘੁਟਾਈ।।**
**ਪਾਨ ਕਿਯਾ ਦੁਹੂੰ ਬੈਠਿ ਪ੍ਰਜੰਕਹਿ।। ਰਤਿ ਮਾਨੀ ਭਰਿ ਭਰਿ ਦ੍ਰਿੜ ਅੰਕਹਿ।। ੫।।**

ਪਦ ਅਰਥ - ਪ੍ਰਜੰਕਹਿ=ਸੇਜ ਤੇ, ਪਲੰਘ ਉੱਤੇ।

ਪੋਸਤ, ਭੰਗ ਅਤੇ ਅਫੀਮ ਮੰਗਵਾਈ ਅਤੇ ਪਾਣੀ ਪਾ ਕੇ ਭੰਗ ਘੁਟਵਾਈ। ਪਲੰਘ ਉਤੇ ਬੈਠ ਕੇ ਦੋਵਾਂ ਨੇ ਭੰਗ ਪੀਤੀ ਅਤੇ ਇਕ ਦੂਸਰੇ ਨਾਲ ਮਿਲ ਕੇ ਕਾਮ ਕ੍ਰੀੜਾ ਕਰਨ ਲੱਗੇ।।੫।।

**ਦੋਹਰਾ।। ਜਬੈ ਟਨਾਨੇ ਕੈਫ ਕੇ ਆਏ ਅਖਿਯਨ ਮਾਹਿ।।**
**ਕਰਹਿ ਬਿਲਾਸ ਪ੍ਰਜੰਕ ਚੜਿ ਹਸਿ ਹਸਿ ਨਾਰਿ ਔ ਨਾਹਿ।। ੬।।**

++++++++++++++++++++++++++++++++++++++++++++++++++++++

ਜਦ ਅਫੀਮ ਦਾ ਨਸ਼ਾ ਅੱਖਾਂ ਵਿਚ ਆ ਗਿਆ ਤਾਂ ਦੋਵੇਂ ਇਸਤਰੀ ਮਰਦ ਪਲੰਘ ਉਤੇ ਚੜ੍ਹ ਕੇ ਹੱਸ ਹੱਸ ਕੇ ਭੋਗ ਬਿਲਾਸ ਕਰਨ ਲੱਗੇ॥੬॥

ਚੌਪਈ॥ ਭਾਂਤਿ ਭਾਂਤਿ ਕੇ ਆਸਨ ਲੈਕੇ॥ ਅਬਲਾ ਕਹ ਬਹੁ ਭਾਂਤਿ ਰਿਝੈ ਕੈ॥
ਆਪਨ ਪਰ ਘਾਯਲ ਕਰਿ ਮਾਰੀ॥ ਮਦਨ ਮੋਹਨੀ ਰਾਜ ਦੁਲਾਰੀ॥ ੭॥

ਕਈ ਪ੍ਰਕਾਰ ਦੇ ਆਸਣ ਬਣਾ ਕੇ ਅਤੇ ਇਸਤਰੀ ਨੂੰ ਅਨੇਕਾਂ ਢੰਗਾਂ ਨਾਲ ਖੁਸ਼ ਕਰਕੇ ਉਸ ਨੇ ਮਨ ਮੋਹਣੀ ਰਾਜ ਕੁਮਾਰੀ ਨੂੰ ਮੋਹ ਲਿਆ॥੭॥

ਅਧਿਕ ਬਢਾਇ ਨਾਰਿ ਸੌ ਹੇਤਾ॥ ਇਹਿ ਬਿਧਿ ਬਾਂਧਤ ਭਏ ਸੰਕੇਤਾ॥
ਧੂੰਈ ਕਾਲਿ ਪੀਰ ਕੀ ਐਯਹੁ॥ ਡਾਰਿ ਭਾਂਗ ਹਲਵਾ ਮਹਿ ਜੈਯਹੁ॥ ੮॥

ਉਸ ਇਸਤਰੀ ਨਾਲ ਬਹੁਤ ਪ੍ਰੇਮ ਵਧਾਇਆ ਅਤੇ ਆਪਸ ਵਿਚ ਮਿਲ ਕੇ ਸਲਾਹ ਕੀਤੀ ਕਿ ਤੁਸੀਂ ਪੀਰ ਦੇ ਮੇਲੇ ਵਾਲੇ ਦਿਨ ਆਉਣਾ ਅਤੇ ਚੂਰਮੇ ਵਿਚ ਭੰਗ ਪਾ ਕੇ ਚਲੇ ਜਾਣਾ॥੮॥

ਸੋਫੀ ਜਬੈ ਚੂਰਮਾ ਖੈਹੈਂ॥ ਜੀਯਤ ਮ੍ਰਿਤਕ ਸਭੈ ਹ੍ਵੈ ਜੈਹੈਂ॥
ਤਹੀਂ ਕ੍ਰਿਪਾ ਕਰਿ ਤੁਮਹੂੰ ਐਯਹੁ॥ ਮੁਹਿ ਲੈ ਸੰਗ ਦਰਬ ਜੁਤ ਜੈਯਹੁ॥ ੯॥

ਨਸ਼ਾ ਨ ਪੀਣ ਵਾਲੇ ਜਦ ਚੂਰਮਾਂ ਖਾਣਗੇ ਤਾਂ ਸਾਰੇ ਹੀ ਜੀਉਂਦੇ ਮਰ ਜਾਣਗੇ। ਤਦ ਤੁਸੀ ਕਿਰਪਾ ਕਰਕੇ ਆ ਜਾਇਓ ਅਤੇ ਧਨ ਸਮੇਤ ਮੈਨੂੰ ਲੈ ਜਾਣਾ॥੯॥

ਜਬ ਹੀ ਦਿਨ ਧੂੰਈ ਕੋ ਆਯੋ॥ ਭਾਂਗਿ ਡਾਰਿ ਚੂਰਮਾ ਪਕਾਯੋ॥
ਸਕਲ ਮੁਰੀਦਨ ਗਈ ਖ੍ਵਾਇ॥ ਰਾਖੇ ਮੂੜ੍ਹ ਮੱਤ ਕਰਿ ਸ੍ਵਾਇ॥੧੦॥

ਜਦ ਮੇਲੇ ਦਾ ਦਿਨ ਆਇਆ ਤਾਂ ਭੰਗ ਮਿਲਾ ਕੇ ਚੂਰਮਾਂ ਤਿਆਰ ਕੀਤਾ ਗਿਆ। ਸਾਰੇ ਭਗਤਾਂ ਨੂੰ ਉਹ ਖੁਆ ਦਿੱਤਾ ਗਿਆ ਅਤੇ ਸਾਰੇ ਬੇਹੋਸ਼ ਹੋ ਕੇ ਸੌਂ ਗਏ॥੧੦॥

ਸੋਫੀ ਭਏ ਜਬੈ ਮਤਵਾਰੇ॥ ਪ੍ਰਿਥਮ ਦਰਬ ਹਰਿ ਬਸਤ੍ਰ ਉਤਾਰੇ॥
ਦੁਹੂੰਅਨ ਲਿਯਾ ਦੇਸ ਕੋ ਪੰਥਾ॥ ਇਹ ਬਿਧਿ ਦੈ ਸਾਜਨ ਕਹ ਸੰਥਾ॥੧੧॥

ਪਦ ਅਰਥ - ਭਏ ਜਬੈ ਮਤਵਾਰੇ=ਜਦ ਮਸਤ ਹੋ ਗਏ। ਦਰਬ ਹਰਿ=ਧਨ ਚੁਰਾਇਆ। ਬਸਤ੍ਰ ਉਤਾਰੇ=ਫਿਰ ਕੱਪੜੇ ਉਤਾਰ ਲਏ।

ਜਦ ਸਾਰੇ ਸੋਫੀ ਬੇਹੋਸ਼ ਹੋ ਗਏ ਤਾਂ ਪਹਿਲਾਂ ਉਨ੍ਹਾਂ ਦਾ ਧਨ ਲੁਟ ਕੇ ਫਿਰ ਕੱਪੜੇ ਲਾਹ ਲਏ। ਫਿਰ ਦੋਹਾਂ ਨੇ ਆਪਣੇ ਦੇਸ਼ ਦਾ ਰਾਹ ਫੜਿਆ ਅਤੇ ਇਸ ਤਰ੍ਹਾਂ ਉਸ ਪੀਰ ਨੂੰ ਸਬਕ ਸਿਖਾਇਆ॥੧੧॥

ਭਯਾ ਪ੍ਰਾਤ ਸੋਫੀ ਸਭ ਜਾਗੇ॥ ਪਗਰੀ ਬਸਤ੍ਰ ਬਿਲੋਕਨ ਲਾਗੇ॥

Namdhari Elibrary NamdhariElibrary@gmail.com

ਸਰਵਰ ਕਹੈ ਕ੍ਰੋਧ ਕਿਯ ਭਾਰਾ।।ਸਭਹਿਨ ਕੌ ਅਸ ਚਰਿਤ ਦਿਖਾਰਾ।।੧੨।।

ਸਵੇਰ ਹੁੰਦਿਆਂ ਸਾਰੇ ਹੀ ਜਾਗ ਪਏ ਅਤੇ ਆਪਣੀਆਂ ਪੱਗਾਂ ਅਤੇ ਕੱਪੜੇ ਲੱਭਣ ਲੱਗੇ। ਸਾਰੇ ਕਹਿਣ ਲੱਗੇ ਕਿ ਸਰਵਰ ਪੀਰ ਨੇ ਗੁੱਸੇ ਵਿਚ ਆ ਕੇ ਸਾਡੇ ਨਾਲ ਇਹ ਚਲਿੱਤਰ ਖੇਡਿਆ ਹੈ।।੧੨।।

ਸਭ ਜੜ੍ਹ ਰਹੇ ਤਹਾ ਮੁਖ ਬਾਈ।। ਲੱਜਾ ਮਾਨ ਮੂੰਡ ਨਿਹੁਰਾਈ।।
ਭੇਦ ਅਭੇਦ ਨ ਕਿਨੂੰ ਪਛਾਨਾ।। ਸਰਵਰ ਕਿਯਾ ਸੁ ਸਿਰ ਪਰ ਮਾਨਾ।। ੧੩।।

ਸਾਰੇ ਮੂਰਖ ਉਥੇ ਮੂੰਹ ਅੱਡੀ ਖਲੋਤੇ ਰਹੇ ਅਤੇ ਸ਼ਰਮ ਦੇ ਮਾਰੇ ਸਿਰ ਹਿਲਾਉਣ ਲੱਗੇ। ਕਿਸੇ ਨੇ ਵੀ ਭੇਤ-ਅਭੇਤ ਨ ਸਮਝਿਆ ਅਤੇ ਜੋ ਸਰਵਰ ਨੇ ਕੀਤਾ ਉਸ ਨੂੰ ਸੱਚ ਮੰਨ ਲਿਆ।।੧੩।।

ਦੋਹਰਾ।। ਭੇਦ ਅਭੇਦ ਤ੍ਰਿਯਾਨ ਕੋ ਸਕਤ ਨ ਕੋਊ ਪਾਇ।।
ਸਭਨ ਲਖੋ ਕੈਸੇ ਛਲਾ ਕਸ ਕਰਿ ਗਈ ਉਪਾਇ।। ੧੪।। ੧।।

ਇਸਤਰੀਆਂ ਦਾ ਚਰਿਤ੍ਰ ਕੋਈ ਵੀ ਨਹੀਂ ਜਾਣ ਸਕਦਾ। ਵੇਖੋ ਉਸ ਇਸਤਰੀ ਨੇ ਕਿਸ ਤਰ੍ਹਾਂ ਸਾਰਿਆਂ ਨੂੰ ਛਲਿਆ ਅਤੇ ਯਾਰ ਨਾਲ ਚਲੀ ਗਈ।।੧੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੈਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੪੫।।੬੪੨੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤ੍ਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਜਤਾਲੀਵੀਂ ਕਥਾ ਸਮਾਪਤ।।੩੪੫।।੬੪੨੯।।ਚਲਦਾ।।

## ਚਲਿੱਤਰ ਤਿੰਨ ਸੌ ਛਿਆਲੀਵਾਂ

## ਕਥਾ ਗਜਗਾਹ ਮਤੀ

ਚੌਪਈ।। ਸੁਨੁ ਰਾਜਾ ਇਕ ਕਹੌਂ ਕਬਿੱਤ।। ਜਿਹ ਬਿਧਿ ਅਬਲਾ ਕਿਯਾ ਚਰਿਤ।।
ਸਭਹਿਨ ਕੌ ਦਿਨ ਹੀ ਮਹਿ ਛਲਾ।। ਨਿਰਖਹੁ ਯਾ ਸੁੰਦਰਿ ਕੀ ਕਲਾ।। ੧।।

ਹੇ ਰਾਜਨ! ਸੁਣੋ, ਤੁਹਾਨੂੰ ਇਕ ਕਬਿੱਤ ਸੁਣਾਉਂਦਾ ਹਾਂ ਕਿ ਜਿਸ ਤਰ੍ਹਾਂ ਇਕ ਇਸਤਰੀ ਨੇ ਚਲਿੱਤਰ ਖੇਡਿਆ। ਉਸ ਸੁੰਦਰੀ ਦੀ ਚਲਾਕੀ ਵੇਖੋ ਕਿ ਉਸ ਦਿਨ ਵੇਲੇ ਹੀ ਸਭ ਨੂੰ ਠੱਗ ਲਿਆ।।੧।।

ਇਸ਼ਕਾਵਤੀ ਨਗਰ ਇਕ ਸੋਹੈ।। ਇਸ਼ਕ ਸੈਨ ਰਾਜਾ ਤਹ ਕੋ ਹੈ।।

**ਸ੍ਰੀ ਗਜਗਾਹ ਮਤੀ ਤਿਹ ਨਾਰੀ।। ਜਾ ਸਮ ਕਹੂੰ ਨ ਰਾਜ ਕੁਮਾਰੀ।। ੨।।**

ਇਸ਼ਕਾਵਤੀ ਨਗਰੀ ਵਿਚ ਇਕ ਇਸ਼ਕ ਸੈਨ ਰਾਜਾ ਰਹਿੰਦਾ ਸੀ। ਗਜਗਾਹ ਮਤੀ ਉਸ ਦੀ ਇਸਤਰੀ ਸੀ ਜਿਸ ਵਰਗੀ ਸੁੰਦਰ ਹੋਰ ਕੋਈ ਰਾਜ ਕੁਮਾਰੀ ਨਹੀਂ ਸੀ।।੨।।

**ਇਕ ਰਣ ਦੂਲਹ ਸੈਨ ਨ੍ਰਿਪਤਿ ਤਿਹ।। ਜਾ ਸਮ ਉਪਜਾ ਦੁਤਿਯ ਨ ਮਹਿ ਮਹਿ।।**
**ਮਹਾ ਸੂਰ ਅਰੁ ਸੁੰਦਰ ਘਨੋ।। ਜਨੁ ਅਵਤਾਰ ਮਦਨ ਕੋ ਬਨੋ।। ੩।।**

ਪਦ ਅਰਥ - ਮਹਿ ਮਹਿ=ਧਰਤੀ ਉਤੇ। ਅਵਤਾਰ ਮਦਨ ਕੇ=ਜਿਵੇਂ ਕਾਮਦੇਵ ਦਾ ਅਵਤਾਰ ਹੋਵੇ।

ਰਣਦੂਲ ਸੈਨ ਇਕ ਹੋਰ ਰਾਜਾ ਸੀ. ਜਿਸ ਵਰਗਾ ਧਰਤੀ ਤੇ ਹੋਰ ਕੋਈ ਰਾਜਾ ਪੈਦਾ ਨਹੀਂ ਸੀ ਹੋਇਆ ਉਹ ਮਹਾਨ ਬਲੀ ਅਤੇ ਅਤਿ ਸੁੰਦਰ ਸੀ ਜਿਵੇਂ ਕਿ ਕਾਮ ਦੇਵ ਦਾ ਦੂਸਰਾ ਅਵਤਾਰ ਹੋਵੇ।।੩।।

**ਸੋ ਨ੍ਰਿਪ ਇਕ ਦਿਨ ਚੜ੍ਹਾ ਸ਼ਿਕਾਰਾ।। ਮਾਰਤ ਰੀਝ ਰੋਝ ਝੰਖਾਰਾ।।**
**ਇਸ਼ਕਾਵਤੀ ਨਗਰ ਤਰ ਨਿਕਸਾ।। ਪ੍ਰਭਾ ਬਿਲੋਕਿ ਨਗਰ ਕੀ ਬਿਗਸਾ।। ੪।।**

ਪਦ ਅਰਥ - ਪ੍ਰਭਾ ਬਿਲੋਕਿ=ਸੁੰਦਰਤਾ ਵੇਖ। ਬਿਗਸਾ-ਪ੍ਰਸੰਨ ਹੋਇਆ।

ਉਹ ਰਾਜਾ ਇਕ ਦਿਨ ਸ਼ਿਕਾਰ ਖੇਡਣ ਗਿਆ ਅਤੇ ਉਸ ਰਿੱਛ. ਨੀਲ ਗਾਏ ਅਤੇ ਹਿਰਨ ਮਾਰੇ. ਉਹ ਇਸ਼ਕਾਮਤੀ ਨਗਰੀ ਦੇ ਲਾਗੇ ਆ ਨਿਕਲਿਆ ਅਤੇ ਨਗਰ ਦੀ ਸੁੰਦਰਤਾ ਵੇਖ ਕੇ ਪ੍ਰਸੰਨ ਹੋ ਗਿਆ।।੪।।

**ਅਸ ਸੁੰਦਰਿ ਜਿਹ ਨ੍ਰਿਪ ਕੀ ਨਗਰੀ।। ਕਸ ਹ੍ਵੈ ਹੈ ਤਿਹ ਨਾਰਿ ਉਜਗਰੀ।।**
**ਜਿਹ ਕਿਹ ਬਿਧਿ ਤਿਹ ਰੂਪ ਨਿਹਰਿਯੈ।। ਨਾਤਰ ਅਤਿਥ ਇਹੀ ਹ੍ਵੈ ਮਰਿਯੈ।। ੫।।**

ਪਦ ਅਰਥ - ਤਿਹ ਨਾਰਿ ਉਜਗਰੀ=ਇਸਤਰੀ ਕਿੰਨੀ ਸੁੰਦਰ ਹੋਵੇਗੀ।

ਉਹ ਸੋਚਣ ਲੱਗਾ ਕਿ ਜਿਸ ਰਾਜੇ ਦੀ ਨਗਰੀ ਏਨੀ ਸੁੰਦਰ ਹੈ, ਉਸ ਦੀ ਇਸਤਰੀ ਕਿੰਨੀ ਸੁੰਦਰ ਹੋਵੇਗੀ। ਕਿਸ ਤਰ੍ਹਾਂ ਵੀ ਉਸ ਨੂੰ ਵੇਖਣਾ ਚਾਹੀਦਾ ਹੈ. ਨਹੀਂ ਤਾਂ ਇਥੇ ਹੀ ਫਕੀਰ ਬਣ ਕੇ ਮਰ ਜਾਣਾ ਚਾਹੀਦਾ ਹੈ।।੫।।

**ਬਸਤ੍ਰ ਉਤਾਰਿ ਮੇਖਲਾ ਡਾਰੀ।। ਭੂਖਨ ਛੋਰਿ ਭਿਭੂਤਿ ਸਵਾਰੀ।।**
**ਸਭ ਤਨ ਭੇਖ ਅਤਿਥ ਕਾ ਧਾਰਾ।। ਆਸਨ ਆਨ ਦ੍ਵਾਰ ਤਿਹ ਮਾਰਾ।। ੬।।**

ਮੇਖਲਾ=ਕਫ਼ਨੀ, ਫਕੀਰੀ ਲਿਬਾਸ। ਭੂਖਨ ਛੋਰਿ=ਗਹਿਣੇ ਲਾਹ ਕੇ। ਭਿਭੂਤਿ=ਸਵਾਹ। ਅਤਿਥ

****************************************************************
ਕਾ ਧਾਰਾ=ਸਾਧੂ ਦਾ ਭੇਸ ਧਾਰ ਲਿਆ।

ਉਸ ਨੇ ਕੱਪੜੇ ਉਤਾਰ ਕੇ, ਕਫ਼ਨੀ ਪਾ ਲਈ ਅਤੇ ਗਹਿਣੇ ਲਾਹ ਕੇ ਸਰੀਰ ਨੂੰ ਸਵਾਹ ਮਲ ਲਈ। ਸਾਧੂ ਦਾ ਸੰਪੂਰਣ ਭੇਸ ਧਾਰ ਕੇ ਉਹ ਰਾਜੇ ਦੇ ਦਰਵਾਜ਼ੇ ਦੇ ਬਾਹਰ ਜਾ ਬੈਠਾ।।੬।।

**ਕੇਤਕ ਬਰਸ ਤਹਾਂ ਬਿਤਾਏ।। ਰਾਜ ਤਰੁਨਿ ਕੇ ਦਰਸ ਨ ਪਾਏ।।**
**ਕਿਤਕ ਦਿਨਨ ਪ੍ਰਤਿਬਿੰਬੁ ਨਿਹਾਰਾ।। ਚਤੁਰ ਭੇਦ ਸਭ ਗਯੋ ਬਿਚਾਰਾ।। ੭।।**

ਪਦ ਅਰਥ - ਕੇਤਕ ਬਰਸ=ਕਈ ਸਾਲ। ਰਾਜ ਤਰੁਨਿ=ਰਾਣੀ। ਪ੍ਰਤਿਬਿੰਬੁ=ਅਕਸ। ਨਿਹਾਰਾ=ਵੇਖਿਆ।

ਉਥੇ ਬੈਠਿਆਂ ਉਸ ਨੂੰ ਕਈ ਸਾਲ ਬੀਤ ਗਏ ਪਰ ਉਹ ਰਾਜਾ ਇਸਤਰੀ ਨੂੰ ਨ ਵੇਖ ਸਕਿਆ। ਕਾਫੀ ਸਮੇਂ ਬਾਅਦ ਉਸ ਰਾਣੀ ਦਾ ਪਾਣੀ ਵਿਚ ਅਕਸ ਵੇਖਿਆ ਉਸ ਨੂੰ ਉਸ ਦੇ ਦਰਸ਼ਨ ਹੋਏ ਅਤੇ ਫਿਰ ਚੱਤਰ ਰਾਜਾ ਸਾਰਾ ਭੇਦ ਸਮਝ ਗਿਆ।।੭।।

**ਤਰੁਨੀ ਖਰੀ ਸਦਨ ਆਨੰਦ ਭਰਿ।। ਜਲ ਪ੍ਰਤਿਬਿੰਬ ਪਰਾ ਤਿਹ ਸੁੰਦਰਿ।।**
**ਤਹੀ ਸੁਘਰ ਤਿਹ ਠਾਢ ਨਿਹਾਰਾ।। ਜਾਨਿ ਗਯੋ ਸਭ ਭੇਦ ਸੁਧਾਰਾ।। ੮।।**

ਉਹ ਇਸਤਰੀ ਖੁਸ਼ੀ ਖੁਸ਼ੀ ਆਪਣੇ ਘਰ ਵਿਚ ਖਲੋਤੀ ਸੀ ਕਿ ਉਸ ਸੁੰਦਰੀ ਦਾ ਪ੍ਰਤਿਬਿੰਬ ਪਾਣੀ ਵਿਚ ਪਿਆ। ਉਸ ਸੁੰਦਰ ਵਿਅੱਕਤੀ ਨੇ ਉਥੇ ਹੀ ਖਲੋ ਕੇ ਵੇਖਿਆ ਅਤੇ ਸਾਰੇ ਭੇਤ ਨੂੰ ਸਮਝ ਗਿਆ।।੭।।

**ਤ੍ਰਿਯਹੁ ਤਾਂਹਿ ਪ੍ਰਤਿਬਿੰਬੁ ਲਖਾ ਜਬ।। ਇਹ ਬਿਧਿ ਕਹਾ ਚਿੱਤ ਭੀਤਰ ਤਬ।।**
**ਇਹੁ ਜਨਿਯਤ ਕੋਈ ਰਾਜ ਕੁਮਾਰਾ।। ਪਾਰਬਤੀਸ ਅਰਿ ਕੋ ਅਵਤਾਰਾ।। ੯।।**

ਇਸਤਰੀ ਨੇ ਵੀ ਜਦ ਉਸ ਦੇ ਪ੍ਰਤਿਬਿੰਬ ਨੂੰ ਪਾਣੀ ਵਿਚ ਵੇਖਿਆ ਤਾਂ ਮਨ ਵਿਚ ਸੋਚਿਆ ਕਿ ਇਹ ਤਾਂ ਕੋਈ ਰਾਜ ਕੁਮਾਰ ਹੈ ਅਤੇ ਇੰਝ ਲੱਗਦਾ ਹੈ ਜਿਵੇਂ ਕਾਮ ਦੇਵ ਦਾ ਅਵਤਾਰ ਹੋਵੇ।।੯।।

**ਰਾਨੀ ਬੋਲਿ ਸੁਰੰਗਿਯਾ ਲੀਨਾ।। ਅਤਿ ਹੀ ਦਰਬ ਗੁਪਤ ਤਿਹ ਦੀਨਾ।।**
**ਨਿਜੁ ਗ੍ਰਿਹਿ ਭੀਤਰਿ ਸੁਰੰਗਿ ਦਿਵਾਈ।। ਕਾਢੀ ਤਹੀ ਨ ਕਿਨਹੂੰ ਪਾਈ।। ੧੦।।**

ਪਦ ਅਰਥ - ਸੁਰੰਗਿਯਾ=ਸੁਰੰਗ। ਨਿਜੁ ਗ੍ਰਿਹਿ=ਆਪਣੇ ਘਰ।

ਰਾਣੀ ਨੇ ਇਕ ਸੁਰੰਗ ਬਣਾਉਣ ਵਾਲੇ ਨੂੰ ਬੁਲਾਇਆ ਅਤੇ ਉਸ ਨੂੰ ਅਪਾਰ ਧਨ ਦਿੱਤਾ। ਆਪਣੇ ਘਰ ਵਿਚ ਹੀ ਸੁਰੰਗ ਬਣਵਾਈ ਅਤੇ ਸੁਰੰਗ ਕੱਢਣ ਦਾ ਕਿਸੇ ਨੂੰ ਪਤਾ ਨ ਲੱਗ ਸਕਿਆ।।੧੦।।

**ਦੋਹਰਾ।। ਸਖੀ ਤਿਸੀ ਮਾਰਗ ਪਠੀ ਤੰਹੀ ਪਹੂੰਚੀ ਜਾਇ।।**

ਗਹਿ ਜਾਂਘਨ ਤੇ ਲੈ ਗਈ ਚਲਾ ਨ ਭੂਪ ਉਪਾਇ।। ੧੧।।

ਉਹ ਰਸਤੇ ਵਿਚ ਇਕ ਸਖੀ ਨੇ ਪ੍ਰੇਮਿਕਾ ਜਿਹੜੀ ਉਸ ਦਾ ਉਸ ਨੂੰ ਲੱਤਾਂ ਤੋਂ ਫੜ ਕੇ ਲੈ ਗਈ ਅਤੇ ਰਾਜੇ ਨੇ ਕੋਈ ਪਤਾ ਵੀ ਨਾ ਲਗਾ ਸਕਿਆ।।੧੧।।

ਚੌਪਈ।। ਗਹਿ ਨ੍ਰਿਪ ਕੋ ਲੈ ਗਈ ਸਖੀ ਤਹ।। ਰਾਨੀ ਹੁਤੀ ਬਿਲੋਕਤਿ ਮਗ ਜਹ।।
ਦਿਯਾ ਮਿਲਾਇ ਮਿੱਤ੍ਰ ਤਾਕੋ ਇਨ।। ਮਨ ਮਾਨਤ ਰਤਿ ਕਰੀ ਦੁਹੂ ਤਿਨ।।੧੨।।

ਉਹ ਸਖੀ ਉਸ ਨੂੰ ਫੜ ਕੇ ਉਥੇ ਲੈ ਗਈ ਜਿਥੇ ਰਾਣੀ ਉਸ ਦਾ ਰਾਹ ਵੇਖ ਰਹੀ ਸੀ। ਉਸ ਨੇ ਉਸ ਨੂੰ ਉਸ ਦਾ ਮਿੱਤਰ ਮਿਲਾ ਦਿੱਤਾ ਅਤੇ ਦੋਹਾਂ ਨੇ ਆਪਣੀ ਮਰਜ਼ੀ ਅਨੁਸਾਰ ਕਾਮ ਕ੍ਰੀੜਾ ਕੀਤੀ।।੧੨।।

ਭਾਂਤਿ ਭਾਂਤਿ ਚੁੰਬਨ ਦੁਹੂੰ ਲੀਨੇ।। ਅਨਿਕ ਅਨਿਕ ਆਸਨ ਤ੍ਰਿਯ ਦੀਨੇ।।
ਅਸ ਲੁਭਧਾ ਰਾਜਾ ਕੋ ਚਿੱਤਾ।। ਜਸ ਗੁਨਿ ਜਨ ਸੁਨਿ ਸ੍ਰਵਨ ਕਬਿੱਤਾ।। ੧੩।।

ਕਈ ਪ੍ਰਕਾਰ ਨਾਲ ਦੋਹਾਂ ਨੇ ਚੁੰਮਣ ਲਏ ਅਤੇ ਅਨੇਕਾਂ ਆਸਣ ਕੀਤੇ। ਇਸ ਤਰ੍ਹਾਂ ਰਾਜੇ ਦਾ ਮਨ ਉਸ ਤਰ੍ਹਾਂ ਮੋਹਿਤ ਹੋ ਗਿਆ ਜਿਵੇਂ ਕਿ ਗਿਆਨਵਾਨ ਪੁਰਸ਼ ਦਾ ਮਨ ਕਵਿਤਾ ਸੁਣ ਕੇ ਲੋਭੀ ਹੋ।।੧੩।।

ਰਾਨੀ ਕਹਤ ਬਚਨ ਸੁਨੁ ਮੀਤਾ।। ਤੌਸੌ ਬਧਾ ਹਮਾਰਾ ਚੀਤਾ।।
ਜਬਤੇ ਤਵ ਪ੍ਰਤਿਬਿੰਬੁ ਨਿਹਾਰਾ।। ਤਬਤੇ ਮਨ ਹਠ ਪਰਜੋ ਹਮਾਰਾ।। ੧੪।।

ਰਾਣੀ ਨੇ ਕਿਹਾ ਕਿ ਮੇਰਾ ਦਿਲ ਹੁਣ ਤੁਹਾਡੇ ਨਾਲ ਜੁੜ ਗਿਆ ਹੈ। ਜਦ ਤੋਂ ਮੈਂ ਤੇਰਾ ਪਾਣੀ ਵਿਚ ਅਕਸ ਵੇਖਿਆ ਹੈ ਉਸ ਸਮੇਂ ਤੋਂ ਮੇਰਾ ਮਨ ਬੇ-ਕਾਬੂ ਹੋ ਕੇ ਹੱਠੀ ਹੋ ਗਿਆ ਹੈ।।੧੪।।

ਨਿਤਿਪ੍ਰਤਿ ਚਹੈ ਤੁਮੀ ਸੰਗ ਜਾਊਂ।। ਮਾਤ ਪਿਤਾ ਕੀ ਕਾਨਿ ਨ ਲਜਾਊਂ।।
ਅਬ ਕਿਛੁ ਅਸ ਪਿਯ ਚਰਿਤ ਬਨੈਯੈ।। ਲਾਜ ਰਹੈ ਤੋਹਿ ਪਤਿ ਪੈਯੈ।। ੧੫।।

ਮੇਰਾ ਮਨ ਸਦਾ ਚਾਹੁੰਦਾ ਹੈ ਕਿ ਮੈਂ ਤੁਹਾਡੇ ਨਾਲ ਜਾਵਾਂ ਅਤੇ ਮਾਤਾ ਪਿਤਾ ਦੀ ਵੀ ਸ਼ਰਮ ਨਾ ਕਰਾਂ। ਹੇ ਮਿੱਤਰਾ ਹੁਣ ਕੋਈ ਐਸਾ ਚਲਿੱਤਰ ਬਣਾਈਏ ਜਿਸ ਕਰਕੇ ਲਾਜ ਵੀ ਰਹਿ ਜਾਵੇ ਅਤੇ ਤੁਹਾਡੇ ਵਰਗਾ ਪਤੀ ਵੀ ਮਿਲ ਜਾਵੇ।।੧੫।।

ਛੋਰਿ ਕਥਾ ਤਿਹ ਭੂਪ ਸੁਨਾਈ।। ਨਿਜੁ ਨ੍ਰਿਪ ਤਾਕੀ ਕਥਾ ਜਤਾਈ।।
ਮੈਂਹੌ ਰਾਸਟ੍ਰ ਦੇਸ ਕੋ ਰਾਜਾ।। ਤਵ ਹਿਤ ਭੇਸ ਅਤਿਥ ਕੋ ਸਾਜਾ।। ੧੬।।

ਉਸ ਰਾਜੇ ਨੇ ਫਿਰ ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ ਅਤੇ ਆਪਣੇ ਰਾਜਾ ਹੋਣ ਬਾਰੇ ਵੀ ਦੱਸਿਆ। ਉਹ ਕਹਿਣ ਲੱਗਾ ਕਿ ਮੈਂ ਰਾਸ਼ਟਰ ਦੇਸ਼ ਦਾ ਰਾਜਾ ਹਾਂ ਅਤੇ ਤੁਹਾਡੇ ਖਾਤਰ

ਮੈਂ ਸਾਧੂ ਦਾ ਭੇਸ ਧਾਰਣ ਕੀਤਾ ਹੈ॥੧੬॥

ਨੇਤ੍ਰ ਲਗੇ ਤੁਮ ਸੌ ਹਮਰੇ ਤਬ॥ ਤਵ ਪ੍ਰਤਿਬਿੰਬੁ ਲਖੇ ਜਲ ਮਹਿ ਜਬ॥
ਤਵ ਮੁਰਿ ਜਬ ਪ੍ਰਤਿਬਿੰਬੁ ਨਿਹਾਰਾ॥ ਗਯੋ ਮਾਰਿ ਤੁਹਿ ਮਦਨ ਕਟਾਰਾ॥੧੭॥

ਮੇਰੀਆਂ ਅੱਖਾਂ ਵੀ ਤੇਰੇ ਨਾਲ ਉਸ ਸਮੇਂ ਤੋਂ ਲੱਗ ਗਈਆਂ ਹਨ ਜਦ ਤੋਂ ਮੈਂ ਤੁਹਾਡਾ ਅਕਸ ਪਾਣੀ ਵਿਚ ਵੇਖਿਆ ਹੈ। ਤੁਸੀਂ ਵੀ ਜਦ ਮੇਰਾ ਅਕਸ ਪਾਣੀ ਵਿਚ ਵੇਖਿਆ ਤਾਂ ਕਾਮਦੇਵ ਤੁਹਾਨੂੰ ਕਟਾਰ ਮਾਰ ਗਿਆ॥੧੭॥

ਮੁਹਿ ਲਖਿ ਧੀਰਜ ਨ ਤੁਮਰਾ ਰਹਾ॥ ਸੁਰੰਗਿ ਖੋਦਿ ਸਖਿਯਨ ਅਸ ਕਹਾ॥
ਸੋ ਗਹਿ ਮੁਹਿ ਰੀ ਤੀਰ ਤਿਹਾਰੀ॥ ਚਹਤ ਜੁ ਥੋ ਸੋ ਭਈ ਪਿਯਾਰੀ॥੧੮॥

ਮੈਨੂੰ ਵੇਖ ਕੇ ਤੂੰ ਵੀ ਧੀਰਜ ਨ ਰੱਖ ਸਕੀ ਅਤੇ ਸੁਰੰਗ ਪੁਟਵਾ ਕੇ ਸਖੀ ਨੂੰ ਭੇਜਿਆ। ਸਖੀ ਮੈਨੂੰ ਫੜਕੇ ਤੇਰੇ ਪਾਸ ਲੈ ਆਈ ਅਤੇ ਫਿਰ ਜੋ ਤੂੰ ਚਾਹੁੰਦੀ ਸੀ ਉਹੀ ਕੁਝ ਹੋਇਆ॥੧੮॥

ਦੂਹੂੰ ਬੈਠ ਇਕ ਮੰਤ੍ਰ ਬਿਚਾਰਾ॥ ਮੈਂ ਰਾਜਾ ਲਖਿ ਗਜੋ ਰਖਵਾਰਾ॥
ਪੀਯ ਪਠਾਇ ਗ੍ਰਿਹਿ ਐਸ ਉਚਾਰੀ॥ ਲੋਨ ਲੇਤ ਨ੍ਰਿਪ ਨਾਰ ਤਿਹਾਰੀ॥੧੯॥

ਫਿਰ ਦੋਹਾਂ ਨੇ ਬਹਿ ਕੇ ਇਕ ਮੰਤਰ ਵਿਚਾਰਿਆ। ਉਸ ਰਾਜੇ ਨੇ ਕਿਹਾ ਕਿ ਮੈਨੂੰ ਪਹਿਰੇਦਾਰ ਵੇਖ ਗਿਆ ਹੈ। ਰਾਣੀ ਨੇ ਆਪਣੇ ਪਿਆਰੇ ਨੂੰ ਬਾਹਰ ਕੱਢ ਕੇ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ ਕਿ ਹੇ ਰਾਜਨ ! ਤੁਹਾਡੀ ਰਾਣੀ ਲੂਣ ਵਿਚ ਗਲ ਕੇ ਮਰ ਜਾਣਾ ਚਾਹੁੰਦੀ ਹੈ॥੧੯॥

ਸੁਨਤ ਸ੍ਰਵਨ ਸਭ ਜਨ ਮਿਲਿ ਆਏ॥ ਆਨਿ ਤਵਨ ਕਹ ਬਚਨ ਸੁਨਾਏ॥
ਕਿਹ ਨਿਮਿੱਤ ਛਾਡਤ ਹੈਂ ਦੇਹੀ॥ ਸੁਨਿ ਰਾਜਾ ਕੀ ਨਾਰਿ ਸਨੇਹੀ॥੨੦॥

ਇਹ ਗੱਲ ਸੁਣ ਕੇ ਸਾਰੇ ਜੁੜੇ ਆਏ ਅਤੇ ਕਹਿਣ ਲੱਗੇ ਕਿ ਹੇ ਰਾਜੇ ਦੀ ਪਿਆਰੀ ਰਾਣੀ ਤੂੰ ਸਰੀਰ ਕਿਉਂ ਛੱਡ ਰਹੀ ਹੈਂ?॥੨੦॥

ਸੁਨੁ ਰਾਜਾ ਇਕ ਦਿਜ ਮਾਰਿਯੋ ਮੁਹਿ॥ ਲੋਨ ਲੇਊਂਗੀ ਸਾਚ ਕਹੂੰ ਤੁਹਿ॥
ਜੋ ਧਨ ਹਮਰੇ ਧਾਮ ਨਿਹਾਰਹੁ॥ ਸੋ ਸਭ ਗਾਡਿ ਗੋਰਿ ਮਹਿ ਡਾਰਹੁ॥੨੧॥

ਪਦ ਅਰਥ – ਦਿਜ ਮਾਰਿਯੋ=ਬ੍ਰਾਹਮਣ ਮਾਰਿਆ ਹੈ। ਲੋਨ ਲੇਊਂਗੀ=ਲੂਣ ਵਿਚ ਗਲ ਜਾਵਾਂਗੀ।

ਰਾਣੀ ਕਹਿਣ ਲੱਗੀ ਕਿ ਮੈਂ ਇਕ ਬ੍ਰਾਹਮਣ ਨੂੰ ਮਾਰ ਦਿੱਤਾ ਹੈ ਇਸ ਲਈ ਮੈਂ ਹਰ ਹਾਲਤ ਵਿਚ ਲੂਣ ਵਿਚ ਗਲ ਜਾਵਾਂਗੀ। ਮੇਰੇ ਘਰ ਜੋ ਵੀ ਧਨ ਹੈ ਉਸ ਨੂੰ ਕਬਰ ਵਿਚ ਦੱਬ ਦੇਵੋ॥੨੧॥

ਹੋਰਿ ਰਹੇ ਸਭ ਏਕ ਨ ਮਾਨੀ॥ ਪਰੀ ਭੋਹਰਾ ਭੀਤਰ ਰਾਨੀ॥

ਆਸ ਪਾਸ ਲੈ ਲੋਨ ਬਿਥਾਰੋ।। ਜੋ ਧਨ ਹੁਤੋ ਗਾਡਿ ਸਭ ਡਾਰੋ।।੨੨।।

ਪਦ ਅਰਥ - ਆਸ ਪਾਸ=ਆਸੇ ਪਾਸੇ। ਬਿਥਾਰੋ=ਖਿਲਾਰ ਲਿਆ।

ਸਾਰੇ ਰੋਕ ਰਹੇ ਸੀ ਪਰ ਉਸ ਇਕ ਵੀ ਨ ਮੰਨੀ ਅਤੇ ਉਹ ਰਾਣੀ ਤਹਿਖਾਨੇ ਵਿਚ ਚਲੀ ਗਈ। ਉਸ ਆਪਣੇ ਚਾਰ ਚੁਫੇਰੇ ਲੂਣ ਪਾ ਲਿਆ ਅਤੇ ਸਾਰਾ ਧਨ ਤਹਿਖਾਨੇ ਵਿਚ ਰੱਖ ਲਿਆ।।੨੨।।

ਸੁਰੰਗਿ ਸੁਰੰਗਿ ਰਾਨੀ ਤਹ ਆਈ।। ਬੈਠੇ ਜਹਾਂ ਮੀਤ ਸੁਖਦਾਈ।।
ਤਾਕੋ ਸੰਗ ਲੈ ਤਹੀ ਸਿਧਾਰੀ।। ਮੂੜ ਲੋਗ ਕਛੂ ਗਤਿ ਨ ਬਿਚਾਰੀ।। ੨੩।। ੧।।

ਸੁਰੰਗ ਰਾਹੀਂ ਰਾਣੀ ਉਥੇ ਜਾ ਪਹੁੰਚੀ ਜਿਥੇ ਉਸ ਦਾ ਸੁਖਦਾਈ ਮਿੱਤਰ ਬੈਠਾ ਸੀ। ਉਹ ਉਸ ਨੂੰ ਲੈ ਕੇ ਉਥੋਂ ਚਲ ਪਈ ਅਤੇ ਮੂਰਖ ਲੋਕ ਉਸ ਦੀ ਚਾਲ ਨੂੰ ਨ ਸਮਝ ਸਕੇ।।੨੩।। ੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੪੬।।੬੪੫੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛਤਾਲੀਵੀਂ ਕਥਾ ਸਮਾਪਤ।।੩੪੬।।੬੪੫੧।।ਚਲਦਾ।।

## ਚਲਿੱਤਰ ਤਿੰਨ ਸੌ ਸੰਤਾਲੀਵਾਂ
## ਕਥਾ ਲਛਮਣੀ

ਚੌਪਈ।। ਜਹ ਹਮ ਦਿਸਾ ਉੱਤਰਾ ਸੁਨੀ।। ਰਾਜਾ ਤਹਿਕ ਬਸਤ ਥੋ ਗੁਨੀ।।
ਕਲਗੀ ਰਾਇ ਜਾਂਹਿ ਜੱਗ ਭਾਖਤ।। ਨਾਨਾ ਦੇਸ ਕਾਨਿ ਤਿਹ ਰਾਖਤ।। ੧।।

ਉਤਰ ਦਿਸ਼ਾ ਵਲ ਇਕ ਬਹੁਤ ਗੁਣੀ ਰਾਜਾ ਰਹਿੰਦਾ ਸੀ। ਉਸ ਨੂੰ ਸੰਸਾਰ ਕਲਗੀ ਰਾਏ ਦੇ ਨਾਂ ਨਾਲ ਜਾਣਦਾ ਸੀ ਅਤੇ ਅਨੇਕਾਂ ਦੇਸ਼ ਉਸ ਦੀ ਈਨ ਮੰਨਦੇ ਸਨ।।੧।।

ਮੀਤ ਮਤੀ ਤਿਹ ਨਾਰਿ ਬਿਰਾਜੈ।। ਜਾਹਿ ਬਿਲੋਕਿ ਚੰਦ੍ਰਮਾ ਲਾਜੈ।।
ਤਾਕੀ ਏਕ ਲੱਛਿਮਿਨਿ ਦਾਸੀ।। ਦੁਰਬਲ ਦੇਹ ਘੜੀ ਅਬਿਨਾਸੀ।। ੨।।

ਉਸ ਦੀ ਸੁੰਦਰ ਇਸਤਰੀ ਦਾ ਨਾਂ ਮੀਤ ਮਤੀ ਸੀ ਜਿਸ ਨੂੰ ਵੇਖ ਕੇ ਚੰਦਰਮਾਂ ਵੀ ਲੱਜਿਤ ਹੁੰਦਾ ਸੀ। ਲਛਮਣੀ ਨਾਮੀਂ ਉਸ ਦੀ ਇਕ ਦਾਸੀ ਸੀ ਜਿਸਦਾ ਸਰੀਰ ਪਰਮਾਤਮਾ ਨੇ ਬਹੁਤ ਦੁਰਬਲ ਬਣਾਇਆ ਸੀ।।੨।।

ਤਾਸੌ ਨਾਰਿ ਹੇਤੁ ਅਤਿ ਮਾਨੈ।। ਮੂੜ੍ਹ ਨ ਰਾਨੀ ਕ੍ਰਿਆ ਪਛਾਨੈ।।
ਗੁਪਤ ਲੇਤ ਦਾਸੀ ਸੁ ਛਿਮਾਹੀ।। ਬੁਰੀ ਬੁਰੀ ਤਿਹ ਦੇਤ ਉਗਾਹੀ।। ੩।।

ਉਹ ਔਰਤ ਰਾਣੀ ਨੂੰ ਬਹੁਤ ਪਿਆਰ ਕਰਦੀ ਸੀ ਪਰ ਮੂਰਖ ਰਾਣੀ ਉਸ ਦੇ ਕਾਰਜ ਨੂੰ ਨਹੀਂ ਜਾਣਦੀ ਸੀ। ਉਹ ਦਾਸੀ ਗੁਪਤ ਤੌਰ ਤੇ ਛਿਮਾਹੀ ਤਨਖਾਹ ਲੈਂਦੀ ਸੀ ਅਤੇ ਰਾਜੇ ਨੂੰ ਸਦਾ ਬੁਰੀਆਂ ਬੁਰੀਆਂ ਖਬਰਾਂ ਸੁਣਾਉਂਦੀ ਸੀ।।੩।।

ਤਿਹ ਰਾਨੀ ਅਪਨੀ ਕਰਿ ਮਾਨੈ।। ਮੂਰਖ ਤਾਂਹਿ ਜਸੂਸ ਨ ਜਾਨੈ।।
ਪਰੈ ਬਾਤ ਤਾਕਹ ਜੇ ਸ੍ਰਵਨਨ।। ਲਿਖਿ ਪਠਵੈ ਤਤਛਿਨ ਰਾਜਾ ਤਨ।। ੪।।

ਰਾਣੀ ਉਸ ਨੂੰ ਆਪਣਾ ਸਮਝਦੀ ਸੀ ਅਤੇ ਮੂਰਖ ਇਹ ਨਹੀਂ ਸੀ ਜਾਣਦੀ ਕਿ ਉਹ ਰਾਜੇ ਦੀ ਜਾਸੂਸ ਸੀ। ਜਿਹੜੀ ਵੀ ਗੱਲ ਉਸ ਦੇ ਕੰਨਾਂ ਵਿਚ ਪੈਂਦੀ ਸੀ, ਉਹ ਝਟ ਲਿਖ ਕੇ ਰਾਜੇ ਨੂੰ ਭੇਜ ਦਿੰਦੀ ਸੀ।।੪।।

ਹੁਤੇ ਦੋਇ ਦਾਸੀ ਕੇ ਭਾਈ।। ਬਿਰਧ ਦੰਤ ਕਛੁ ਕਹਾ ਨ ਜਾਈ।।
ਸਜਾਮ ਬਰਨ ਇਕ ਦੁਤਿਯ ਕੁਰੂਪਾ।। ਆਖੈਂ ਜਾਨੁ ਸੁਰਨ ਕੇ ਕੂਪਾ।। ੫।।

ਉਸ ਦਾਸੀ ਦੇ ਦੋ ਭਰਾ ਸਨ, ਇਕ ਦਾ ਨਾਂ ਬਿਰਧ ਦੰਤ ਸੀ ਜਿਸ ਦੇ ਵੱਡੇ ਵੱਡੇ ਦੰਦਾਂ ਬਾਰੇ ਕਿਹਾ ਨਹੀਂ ਜਾ ਸਕਦਾ। ਦੂਸਰੇ ਦਾ ਨਾਂ ਸਿਆਮ ਬਰਨ ਸੀ ਜਿਹੜਾ ਕਿ ਅਤਿ ਕਰੂਪ ਸੀ ਅਤੇ ਉਸਦੀਆਂ ਅੱਖਾਂ ਖੂਹ ਵਾਂਗ ਡੂੰਘੀਆਂ ਸਨ।।੫।।

ਬਗਲਗੰਧਿ ਤਿਨ ਤੇ ਅਤਿ ਆਵੈ।। ਬੈਠਨ ਨਿਕਟ ਨ ਕੋਈ ਪਾਵੈ।।
ਚੇਰੀ ਭ੍ਰਾਤ ਜਾਨਿ ਹਿਤ ਮਾਨੈ।। ਮੂੜ੍ਹ ਨਾਰਿ ਕਛੁ ਕ੍ਰਿਯਾ ਨ ਜਾਨੈ।। ੬।।

ਉਨ੍ਹਾਂ ਪਾਸੋਂ ਏਨੀ ਬਦਬੂ ਆਉਂਦੀ ਸੀ ਕਿ ਉਨ੍ਹਾਂ ਦੇ ਕੋਲ ਕੋਈ ਬੈਠ ਵੀ ਨਹੀਂ ਸਕਦਾ ਸੀ। ਉਹ ਰਾਣੀ ਉਨ੍ਹਾਂ ਨੂੰ ਦਾਸੀ ਦੇ ਭਰਾ ਸਮਝ ਕੇ ਹਿੱਤ ਕਰਦੀ ਸੀ ਅਤੇ ਇਸ ਤਰ੍ਹਾਂ ਉਹ ਮੂਰਖ ਇਸਤਰੀ ਕੁਝ ਵੀ ਨਹੀਂ ਸਮਝਦੀ ਸੀ।।੬।।

ਤਹ ਇਕ ਹੁਤੀ ਜਾਟਿ ਕੀ ਨਾਰ।।ਮੈ ਨ ਕਹਤ ਤਿਹ ਨਾਮ ਉਚਾਰ।।
ਜਉ ਤਿਹ ਨਾਮ ਚੇਰਿ ਸੁਨਿ ਪਾਵੈ।। ਤਹ ਤੇ ਤਾਂਹਿ ਟੂਕਰਾ ਜਾਵੈ।। ੭।।

ਉਥੇ ਇਕ ਜੱਟ ਦੀ ਇਸਤਰੀ ਸੀ ਜਿਸ ਦਾ ਮੈਂ ਨਾਂ ਨਹੀਂ ਦੱਸਦਾ। ਜਦ ਦਾਸੀ ਉਸ ਨੂੰ ਵੇਖਦੀ ਤਾਂ ਉਸ ਨੂੰ ਕੁਝ ਖਾਣ ਨੂੰ ਦੇਂਦੀ।।੭।।

ਤਿਨ ਇਸਤ੍ਰੀ ਇਹ ਭਾਂਤ ਬਿਚਾਰੀ।।ਦਾਸੀ ਮੂੜ ਹ੍ਰਿਦੈ ਮਹਿ ਧਾਰੀ।।

**ਭਾਇ ਖਰਚੁ ਕਛੁ ਮਾਂਗਤ ਤੇਰੇ।। ਗੁਹਜ ਪਠੈਯੈ ਕਰਿ ਕਰਿ ਮੇਰੇ।। ੮।।**

ਉਸ ਇਸਤਰੀ ਨੇ ਕੁਝ ਸੋਚਿਆ ਅਤੇ ਦਾਸੀ ਨੇ ਉਸ ਗੱਲ ਨੂੰ ਮੰਨ ਲਿਆ। ਉਸ ਨੇ ਕਿਹਾ ਜਦ ਮੈਂ ਤੁਹਾਥੋਂ ਰੋਟੀ ਮੰਗਾਂ ਤਾਂ ਤੂੰ ਲੁਕਾ ਕੇ ਮੇਰੀ ਰਾਹੀਂ ਧਨ ਬਾਹਰ ਭੇਜ ਦਿਆ ਕਰ।।੮।।

**ਤਬ ਚੇਰੀ ਐਸੋ ਤਨ ਕਿਯੋ।। ਡਾਰਿ ਦਰਬ ਭੋਜਨ ਮਹਿ ਦਿਯੋ।।
ਭਾਇ ਨਿਮਿਤ ਖਰਚੀ ਪਠ ਦਈ।। ਸੋ ਲੈ ਨਾਰਿ ਦਰਬੁ ਘਰ ਗਈ।। ੯।।**

ਤਦ ਦਾਸੀ ਨੇ ਇਸ ਤਰ੍ਹਾਂ ਹੀ ਕੀਤਾ ਅਤੇ ਭੋਜਨ ਵਿਚ ਧਨ ਲੁਕਾ ਕੇ ਉਸ ਇਸਤਰੀ ਨੂੰ ਦੇ ਦਿੱਤਾ। ਉਸ ਆਪਣੇ ਭਰਾਵਾਂ ਲਈ ਕੁਝ ਖਰਚਾ ਭੇਜਿਆ ਜਿਸ ਨੂੰ ਲੈ ਕੇ ਉਹ ਇਸਤਰੀ ਆਪਣੇ ਘਰ ਨੂੰ ਚਲੇ ਗਈ।।੯।।

**ਆਧੋ ਧਨ ਤਿਹ ਭ੍ਰਾਤਨ ਦੀਨਾ।।ਆਧੋ ਕਾਢਿ ਆਪਿ ਤ੍ਰਿਯ ਲੀਨਾ।।
ਮੂਰਖ ਚੇਰੀ ਭੇਦ ਨ ਪਾਵੈ।। ਇਹ ਚਰਿਤ੍ਰ ਤਨ ਮੂੰਡ ਮੁੰਡਾਵੈ।। ੧੦।।੧।।**

ਉਸ ਅੱਧਾ ਧਨ ਤਾਂ ਉਸ ਦੇ ਭਰਾਵਾਂ ਨੂੰ ਦੇ ਦਿੱਤਾ ਅਤੇ ਅੱਧਾ ਆਪ ਰੱਖ ਲਿਆ। ਮੂਰਖ ਦਾਸੀ ਭੇਦ ਨਹੀਂ ਪਾ ਰਹੀ ਸੀ ਅਤੇ ਇਸ ਤਰ੍ਹਾਂ ਆਪਣਾ ਸਿਰ ਮੁੰਨਵਾ ਰਹੀ ਸੀ ਭਾਵ ਠੱਗੀ ਜਾ ਰਹੀ ਸੀ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸੰਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੪੭।।੬੪੬੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸੰਤਾਲੀਵੀਂ ਕਥਾ ਸਮਾਪਤ।।੩੪੭।।੬੪੬੧।।ਚਲਦਾ।।

## ਚਲਿੱਤਰ ਤਿੰਨ ਸੌ ਅਠਤਾਲੀਵਾਂ
## ਕਥਾ ਗੌਰਾ ਦੇਵੀ

**ਚੌਪਈ।। ਗੌਰਿ ਪਾਲ ਇਕ ਸੁਨਾ ਨਰੇਸਾ।। ਮਾਨਤ ਆਨਿ ਸਕਲ ਤਿਹ ਦੇਸਾ।।
ਗੌਰਾ ਦੇਈ ਨਾਰਿ ਤਿਹ ਸੋਹੈ।। ਗੌਰਾਵਤੀ ਨਗਰ ਤਿਹ ਕੋਹੈ।। ੧।।**

ਗੌਰੀ ਪਾਲ ਇਕ ਰਾਜਾ ਸੀ, ਜਿਸਦੀ ਈਨ ਸਾਰੇ ਦੇਸ਼ ਮੰਨਦੇ ਸਨ। ਉਸ ਦੀ ਸੁੰਦਰ ਇਸਤਰੀ ਦਾ ਨਾਂ ਗੌਰਾ ਦੇਵੀ ਸੀ ਅਤੇ ਉਸ ਦੇ ਨਗਰ ਦਾ ਨਾਂ ਗੌਰਾਵਤੀ ਸੀ।।੧।।

**ਤਾਕੀ ਤ੍ਰਿਯਾ ਨੀਚ ਸੇਤੀ ਰਤਿ।। ਭਲੀ ਬੁਰੀ ਜਾਨਤ ਨ ਮੂੜ੍ਹ ਮਤਿ।।**

ਇਕ ਦਿਨ ਭੇਦ ਭੂਪ ਲਖਿ ਲਯੋ॥ ਤ੍ਰਾਸਿਤ ਜਾਰੁ ਤੁਰਤੁ ਭਜਿ ਗਯੋ॥ ੨॥

ਉਸ ਦੀ ਇਸਤਰੀ ਇਕ ਨੀਚ ਨਾਲ ਰਲੀ ਹੋਈ ਸੀ ਅਤੇ ਭਲਾ ਬੁਰਾ ਕੁਝ ਵੀ ਨਹੀਂ ਪਛਾਣਦੀ ਸੀ। ਰਾਜੇ ਨੇ ਇਸ ਭੇਤ ਨੂੰ ਵੇਖ ਲਿਆ ਅਤੇ ਉਸ ਦਾ ਯਾਰ ਡਰਦਾ ਮਾਰਾ ਭੱਜ ਗਿਆ॥੨॥

ਗੌਰਾਦੇ ਇਕ ਚਰਿਤ ਬਨਾਯੋ॥ ਲਿਖਾ ਏਕ ਲਿਖਿ ਤਹਾਂ ਪਠਾਯੋ॥
ਇਕ ਰਾਜਾ ਕੀ ਜਾਨ ਸੁ ਰੀਤਾ॥ ਸੋ ਤਾਂਕੋਂ ਠਹਰਾਯੋ ਮੀਤਾ॥ ੩॥

ਗੌਰਾ ਦੇਵੀ ਨੇ ਇਕ ਚਲਿੱਤਰ ਕੀਤਾ ਅਤੇ ਇਕ ਪੱਤਰ ਲਿਖ ਕੇ ਭੇਜ ਦਿੱਤਾ। ਉਸ। ਨੂੰ ਉਸ ਰਾਜੇ ਦੀ ਇਕ ਦਾਸੀ ਦਾ ਮਿੱਤਰ ਦੱਸਿਆ॥੩॥

ਤਿਸੁ ਮੁਖ ਤੇ ਲਿਖਿ ਲਿਖਾ ਪਠਾਈ॥ ਜਹਾਂ ਹੁਤੇ ਅਪਨੇ ਸੁਖਦਾਈ॥
ਕੋ ਦਿਨ ਰਮਤ ਈਹਾਂ ਤੇ ਰਹਨਾ॥ ਦੈਕਰਿ ਪਠਿਵਹੁ ਹਮਰਾ ਲਹਨਾ॥ ੪॥

ਦਾਸੀ ਵਲੋਂ ਪੱਤਰ ਵਿਚ ਲਿਖਿਆ ਗਿਆ ਕਿ ਹੇ ਮੇਰੇ ਮਿੱਤਰ ਮੈਨੂੰ ਏਥੇ ਕਿੰਨੀ ਦੇਰ ਰਹਿਣਾ ਪਵੇਗਾ। ਮੈਥੋਂ ਲਿਆ ਹੋਇਆ ਧਨ ਵਾਪਸ ਕਿਉਂ ਨਹੀਂ ਕਰਦੇ ?॥੪॥

ਸੋ ਪੱਤ੍ਰੀ ਨ੍ਰਿਪ ਕੇ ਕਰ ਆਈ॥ ਜਾਨੀ ਮੋਰਿ ਸੁ ਰੀਤਿ ਪਠਾਈ॥
ਜੜ੍ਹ ਨਿਜੁ ਤ੍ਰਿਯ ਕੋ ਭੇਦ ਨ ਪਾਯੋ॥ ਨੇਹ ਤਜਾਗ ਤਿਹ ਸਾਥ ਗਵਾਯੋ॥ ੫॥

ਉਹ ਪੱਤਰ ਜਦ ਰਾਜੇ ਦੇ ਹੱਥ ਆ ਗਿਆ ਤਾਂ ਉਸ ਸਮਝਿਆ ਕਿ ਇਹ ਮੇਰੀ ਦਾਸੀ ਇਸਤਰੀ ਨੇ ਭੇਜਿਆ ਹੈ, ਮੂਰਖ ਆਪਣੀ ਇਸਤਰੀ ਦਾ ਭੇਤ ਨ ਸਮਝ ਸਕਿਆ ਅਤੇ ਦਾਸੀ ਨਾਲੋਂ ਸਨੇਹ ਖਤਮ ਕਰ ਲਿਆ॥੫॥

ਸੁਘਰ ਹੁਤੌ ਤੌ ਭੇਵ ਪਛਾਨਤ॥ ਤ੍ਰਿਯ ਕੀ ਘਾਤ ਸੱਤਿ ਕਰਿ ਜਾਨਤ॥
ਮੂੜ ਰਾਵ ਕਛੂ ਕ੍ਰਿਯਾ ਨ ਜਾਨੀ॥ ਇਹ ਬਿਧਿ ਮੂੰਡ ਮੂੰਡਿਗੀ ਖਾਨੀ॥ ੬॥ ੧॥

ਜੇ ਉਹ ਅਕਲਮੰਦ ਹੁੰਦਾ ਤਾਂ ਰਹਿਸ ਨੂੰ ਸਮਝਦਾ ਅਤੇ ਇਸਤਰੀ ਦੇ ਦਾਅ ਨੂੰ ਪਹਿਚਾਣ . ਮੂਰਖ ਰਾਜਾ ਕੁਝ ਨ ਸਮਝਿਆ ਅਤੇ ਇਸ ਤਰ੍ਹਾਂ ਉਹ ਉਸ ਨੂੰ ਮੂਰਖ ਬਣਾ ਗਈ॥੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੪੮॥੬੪੬੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਤਾਲੀਵੀਂ ਕਥਾ ਸਮਾਪਤ॥੩੪੮॥੬੪੬੭॥ਚਲਦਾ॥

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਉਣੰਜਵਾਂ

## ਕਥਾ ਉਗਰ ਦੇਵੀ

**ਚੌਪਈ।। ਸੁਨੁ ਰਾਜਾ ਇਕ ਕਥਾ ਪ੍ਰਕਾਸੌਂ।। ਤੁਮਰੇ ਜਿਯ ਕਾ ਭਰਮ ਬਿਨਾਸੌਂ।।**
**ਊੱਗ੍ਰਦੱਤ ਇਕ ਸੁਨਿਯਤ ਰਾਜਾ।। ਊੱਗ੍ਰਾਵਤੀ ਨਗਰ ਜਿਹ ਛਾਜਾ।। ੧।।**

ਪਦ ਅਰਥ - ਭਰਮ ਬਿਨਾਸੌਂ=ਭਰਮ ਦੂਰ ਕਰਾਂ।

ਹੇ ਰਾਜਨ ! ਸੁਣੋ, ਤੁਹਾਨੂੰ ਇਕ ਕਥਾ ਸੁਣਾਉਂਦਾ ਹਾਂ ਅਤੇ ਤੁਹਾਡੇ ਭਰਮ ਨੂੰ ਦੂਰ ਕਰਦਾ ਹਾਂ। ਊੱਗਰਾਵਤੀ ਨਗਰ ਦਾ ਰਾਜਾ ਊੱਗਰ ਦੱਤ ਸੀ।।੧।।

**ਊੱਗ੍ਰਦੇਇ ਤਿਹ ਧਾਮ ਦੁਲਾਰੀ।। ਬ੍ਰਹਮ ਬਿਸ਼ਨ ਸ਼ਿਵ ਤਿਹੂੰ ਸਵਾਰੀ।।**
**ਅਵਰਿ ਨ ਅਸਿ ਕੋਈ ਨਾਰਿ ਬਨਾਈ।। ਜੈਸੀ ਯਹ ਰਾਜਾ ਕੀ ਜਾਈ।। ੨।।**

ਊੱਗਰ ਦੇਵੀ ਉਸ ਦੀ ਪੁੱਤਰੀ ਸੀ ਜਿਸ ਨੂੰ ਮਾਨੋਂ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੇ ਆਪ ਬਣਾਇਆ ਹੋਵੇ, ਜਿਸ ਤਰ੍ਹਾਂ ਦੀ ਇਹ ਰਾਜੇ ਦੀ ਪੁੱਤਰੀ ਸੀ, ਇਹੋ ਜੇਹੀ ਕੋਈ ਹੋਰ ਇਸਤਰੀ ਨਹੀਂ ਬਣਾਈ ਗਈ ਸੀ।।੨।।

**ਅਜਬ ਰਾਇ ਇਕ ਤਹ ਖਤਿਰੇਟਾ।। ਇਸ਼ਕ ਮੁਸ਼ਕ ਕੇ ਸਾਥ ਲਪੇਟਾ।।**
**ਰਾਜ ਸੁਤਾ ਜਬ ਤਿਹ ਲਖਿ ਪਾਯੋ।। ਪਠੈ ਸਹਚਰੀ ਪਕਰਿ ਮੰਗਾਯੋ।। ੩।।**

ਉਥੇ ਇਕ ਅਜਬ ਰਾਏ ਨਾਮੀਂ ਖੱਤਰੀ ਰਹਿੰਦਾ ਸੀ ਜਿਹੜਾ ਕਿ ਇਸ਼ਕ ਮੁਸ਼ਕ ਦੇ ਰੰਗ ਵਿਚ ਰੰਗਿਆ ਹੋਇਆ ਸੀ। ਰਾਜ ਕੁਮਾਰੀ ਨੇ ਜਦ ਉਸ ਨੂੰ ਵੇਖਿਆ ਤਾਂ ਦਾਸੀ ਭੇਜ ਫੜ ਕੇ ਮੰਗਵਾ ਲਿਆ।।੩।।

**ਕਾਮ ਭੋਗ ਮਾਨਾ ਤਿਹ ਸੰਗਾ।। ਲਪਟਿ ਲਪਟਿ ਤਾਕੇ ਤਰ ਅੰਗਾ।।**
**ਇਕ ਛਿਨ ਛੈਲ ਨ ਛੋਰਾ ਭਾਵੈ।। ਮਾਤ ਪਿਤਾ ਤੇਂ ਅਧਿਕ ਡਰਾਵੈ।। ੪।।**

ਉਸ ਦੇ ਅੰਗਾਂ ਦੇ ਨਾਲ ਲਿਪਟ ਲਿਪਟ ਕੇ ਉਸ ਕਾਮ ਕ੍ਰੀੜਾ ਕੀਤੀ। ਉਹ ਇਕ ਦਿਨ ਲਈ ਵੀ ਉਸ ਨੂੰ ਛੱਡਣਾ ਨਹੀਂ ਚਾਹੁੰਦੀ ਸੀ, ਪਰ ਮਾਂ ਪਿਉ ਪਾਸੋਂ ਬਹੁਤ ਡਰਦੀ ਵੀ ਸੀ।।੪।।

**ਇਕ ਦਿਨ ਕਰੀ ਸਭਨ ਮਿਜਮਾਨੀ।। ਸੰਬਲਖਾਰ ਡਾਰਿ ਕਰਿ ਸਜਾਨੀ।।**
**ਰਾਜਾ ਰਾਨੀ ਸਹਿਤ ਬੁਲਾਏ।। ਦੇ ਦੋਊ ਬਿਖਿ ਸ੍ਵਰਗ ਪਠਾਏ।। ੫।।**

ਪਦ ਅਰਥ - ਸਭਨ ਮਿਜਮਾਨੀ=ਸਾਰਿਆਂ ਦੀ ਪ੍ਰਾਹੁਣਾਚਾਰੀ, ਪਾਰਟੀ। ਸੰਬਲਖਾਰ=ਜ਼ਹਿਰ।

************************************************************
ਸੁਰਗ ਪਠਾਏ=ਮਾਰ ਦਿੱਤੇ।

ਇਕ ਦਿਨ ਉਸ ਸਾਰਿਆ ਨੂੰ ਪਾਰਟੀ ਕੀਤੀ ਅਤੇ ਭੋਜਨ ਵਿਚ ਜ਼ਹਿਰ ਮਿਲਾ ਦਿੱਤਾ। ਉਸ ਰਾਜੇ ਅਤੇ ਰਾਣੀ ਨੂੰ ਬੁਲਾਇਆ ਅਤੇ ਦੋਹਾਂ ਨੂੰ ਭੋਜਨ ਖੁਆ ਕੇ ਮਾਰ ਦਿੱਤਾ।।੫।।

**ਆਪੁ ਸਭਨ ਪ੍ਰਤਿ ਐਸ ਉਚਾਰਾ।। ਬਰ ਦੀਨਾ ਮੁਹਿ ਕਹ ਤ੍ਰਿਪੁਰਾਰਾ।।**
**ਰਾਨੀ ਸਹਿਤ ਨਰਾਧਿਪ ਘਾਏ।। ਮੁਰ ਨਰ ਕੇ ਸਭ ਅੰਗ ਬਨਾਏ।। ੬।।**

ਪਦ ਅਰਥ - ਤ੍ਰਿਪੁਰਾਰਾ=ਸ਼ਿਵਜੀ। ਨਰਾਧਿਪ=ਰਾਜਾ।

ਖੁਦ ਉਸ ਸਭ ਨੂੰ ਕਿਹਾ ਕਿ ਸ਼ਿਵਜੀ ਨੇ ਮੈਨੂੰ ਵਰਦਾਨ ਦਿੱਤਾ ਹੈ। ਉਸ ਰਾਜੇ ਸਮੇਤ ਰਾਣੀ ਨੂੰ ਮਾਰ ਦਿੱਤਾ ਹੈ ਅਤੇ ਮੈਨੂੰ ਇਸਤਰੀ ਤੋਂ ਮਰਦ ਬਣਾ ਦਿੱਤਾ ਹੈ।।੬।।

**ਅਧਿਕ ਮਯਾ ਮੋਂ ਪਰ ਸ਼ਿਵ ਕੀਨੀ।। ਰਾਜ ਸਮੱਗ੍ਰੀ ਸਭ ਮੁਹਿ ਦੀਨੀ।।**
**ਭੇਦ ਅਭੇਦ ਨ ਕਾਹੂ ਪਾਯੋ।। ਸੀਸ ਸੁਤਾ ਕੇ ਛੱਤ੍ਰ ਫਿਰਾਯੋ।। ੭।।**

ਸ਼ਿਵਜੀ ਨੇ ਮੇਰੇ ਤੇ ਬਹੁਤ ਕਿਰਪਾ ਕੀਤੀ ਹੈ ਅਤੇ ਰਾਜ ਸਮੱਗਰੀ ਸਭ ਮੈਨੂੰ ਦੇ ਦਿੱਤੀ ਹੈ। ਕਿਸੇ ਨੇ ਵੀ ਅਸਲ ਭੇਤ ਨੂੰ ਨ ਸਮਝਿਆ ਅਤੇ ਪੁੱਤਰੀ ਦੇ ਸਿਰ ਤੇ ਛੱਤਰ ਝੁਲਾ ਦਿੱਤਾ।।੭।।

**ਕਿਤਕ ਦਿਵਸ ਇਹ ਭਾਂਤਿ ਬਿਤਾਈ।। ਰੋਮ ਮਿੱਤ੍ਰ ਕੇ ਦੂਰ ਕਰਾਈ।।**
**ਤ੍ਰਿਯ ਕੇ ਬਸਤ੍ਰ ਸਗਲ ਦੈ ਵਾਕੌਂ।। ਬਰ ਆਨਜੋਂ ਇਸਤ੍ਰੀ ਕਰਿ ਤਾਕੌਂ।। ੮।।**

ਕਾਫੀ ਦਿਨ ਲੰਘਾਉਣ ਤੋਂ ਬਾਅਦ ਉਸ ਆਪਣੇ ਮਿੱਤਰ ਦੇ ਵਾਲ ਸਾਫ ਕਰਵਾ ਦਿੱਤੇ, ਉਸ ਨੂੰ ਇਸਤਰੀ ਦੇ ਕੱਪੜੇ ਪਵਾ ਦਿੱਤੇ ਅਤੇ ਉਸ ਨੂੰ ਇਸਤਰੀ ਬਣਾ ਕੇ ਉਸ ਨਾਲ ਵਿਆਹ ਕਰ ਲਿਆ।।੮।।

**ਦੋਹਰਾ।। ਮਾਤ ਪਿਤਾ ਹਨਿ ਪੁਰਖ ਬਨ ਬਰਜੋ ਮਿੱਤ੍ਰ ਤ੍ਰਿਯ ਸੋਇ।।**
**ਰਾਜ ਕਰਾ ਇਹ ਛਲ ਭਏ ਭੇਦ ਨ ਪਾਵਤ ਕੋਇ।। ੯।। ੧।।**

ਮਾਤਾ ਪਿਤਾ ਨੂੰ ਮਾਰ ਕੇ ਖੁਦ ਪੁਰਸ਼ ਬਣ ਗਈ ਅਤੇ ਮਿੱਤਰ ਨੂੰ ਇਸਤਰੀ ਬਣਾ ਲਿਆ। ਇਸ ਤਰ੍ਹਾਂ ਇਸ ਚਲਿੱਤਰ ਨਾਲ ਰਾਜ ਕੀਤਾ ਅਤੇ ਕਿਸੇ ਨੂੰ ਪਤਾ ਵੀ ਨ ਲੱਗ ਸਕਿਆ।।੯।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਚਾਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੪੯।।੬੪੭੬।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਉਣੰਜਵੀਂ ਕਥਾ ਸਮਾਪਤ।।੩੪੯।।੬੪੭੬।।ਚਲਦਾ।।

# ਚਲਿੱਤਰ ਤਿੰਨ ਸੌ ਪੰਜਾਹਵਾਂ

## ਕਥਾ ਨਵਜੋਬਨ ਦੇਵੀ

**ਚੌਪਈ।। ਸੁਜਨਾਵਤੀ ਨਗਰ ਇਕ ਪੂਰਬ।। ਸਭ ਸ਼ਹਿਰਨ ਤੇ ਹੁਤੋ ਅਪੂਰਬ।।**
**ਸਿੰਘ ਸੁਜਾਨ ਤਹਾਂ ਕੋ ਰਾਜਾ।। ਜਿਹ ਸਮ ਬਿਧਨੈ ਔਰ ਨ ਸਾਜਾ।। ੧।।**

ਪਦ ਅਰਥ - ਅਪੂਰਬ=ਸੁੰਦਰ। ਬਿਧਨੈ=ਵਿਧਾਤਾ।

ਪੂਰਬ ਵਾਲੇ ਪਾਸੇ ਸੁਜਾਨਵਤੀ ਨਾਮੀਂ ਇਕ ਬਹੁਤ ਸੁੰਦਰ ਨਗਰ ਸੀ। ਸੁਜਾਨ ਸਿੰਘ ਉਥੇ ਦਾ ਰਾਜਾ ਸੀ ਜਿਸ ਵਰਗਾ ਪਰਮਾਤਮਾ ਨੇ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ।।੧।।

**ਸ੍ਰੀ ਨਵਜੋਬਨ ਦੇ ਤਿਹ ਨਾਰੀ।। ਘੜੀ ਨ ਜਿਹ ਸੀ ਬ੍ਰਹਮ ਕੁਮਾਰੀ।।**
**ਜੋ ਅਬਲਾ ਤਿਹ ਰੂਪ ਨਿਹਾਰੈਂ।। ਮਨ ਕ੍ਰਮ ਬਚ ਇਹ ਭਾਂਤਿ ਉਚਾਰੈਂ।। ੨।।**

ਨਵਜੋਬਨ ਦੇਵੀ ਉਸ ਦੀ ਇਸਤਰੀ ਸੀ ਜਿਸ ਵਰਗੀ ਸੁੰਦਰ ਬ੍ਰਹਮਾਂ ਨੇ ਹੋਰ ਕੋਈ ਇਸਤਰੀ ਨਹੀਂ ਬਣਾਈ ਸੀ। ਜਿਹੜੀ ਵੀ ਇਸਤਰੀ ਉਸ ਦਾ ਰੂਪ ਵੇਖਦੀ ਸੀ, ਉਹ ਮਨ, ਬਚਨ ਅਤੇ ਕਰਮ ਕਰਕੇ ਕਹਿ ਉਠਦੀ ਸੀ।।੨।।

**ਇੰਦ੍ਰ ਧਾਮ ਹੈ ਐਸ ਨ ਨਾਰੀ।। ਜੈਸੀ ਨ੍ਰਿਪ ਕੀ ਨਾਰਿ ਨਿਹਾਰੀ।।**
**ਅਸ ਸੁੰਦਰ ਇਕ ਸ਼ਾਹ ਸਪੂਤਾ।। ਜਿਹ ਲਖਿ ਪ੍ਰਭਾ ਲਜਤ ਪੁਰਹੂਤਾ।। ੩।।**

ਪਦ ਅਰਥ - ਜਿਹ ਲਖਿ ਪ੍ਰਭਾ=ਜਿਸ ਦੀ ਸੁੰਦਰ ਸ਼ਕਲ ਵੇਖ ਕੇ। ਲਜਤ=ਸ਼ਰਮਿੰਦਾ। ਪੁਰਹੂਤਾ=ਇੰਦਰ ਦੇਵਤਾ।

ਜਿਸ ਤਰ੍ਹਾਂ ਦੀ ਇਸ ਰਾਜੇ ਦੀ ਇਸਤਰੀ ਹੈ ਇਹੋ ਜੇਹੀ ਇਸਤਰੀ ਤਾਂ ਇੰਦਰ ਦੇ ਘਰ ਵੀ ਨਹੀਂ ਹੈ। ਇਕ ਧਨੀ ਦਾ ਸੁੰਦਰ ਪੁੱਤਰ ਸੀ ਜਿਸ ਦੀ ਸ਼ਕਲ ਵੇਖ ਕੇ ਇੰਦਰ ਵੀ ਸ਼ਰਮਿੰਦਾ ਹੁੰਦਾ ਸੀ, ਭਾਵ ਆਪਣੇ ਆਪ ਨੂੰ ਘਟੀਆਂ ਅਨਭਵ ਕਰਦਾ ਸੀ।।੩।।

**ਯਹ ਧੁਨਿ ਪਰੀ ਤਰੁਨਿ ਕੇ ਕਾਨਨ।। ਤਬਤੇਂ ਲਗੀ ਚਟਪਟੀ ਭਾਮਨਿ।।**
**ਜਤਨ ਕਵਨ ਮੈਂ ਆਜੁ ਸੁ ਧਾਰੂੰ।। ਉਹਿ ਸੁੰਦਰ ਕਹ ਨੈਨ ਨਿਹਾਰੂੰ।। ੪।।**

ਉਸ ਲੜਕੇ ਬਾਰੇ ਜਦ ਉਸ ਰਾਣੀ ਨੂੰ ਪਤਾ ਲੱਗਾ ਤਾਂ ਉਸ ਦੇ ਦਿਲ ਵਿਚ ਹਲਚਲ ਮੱਚ ਗਈ, ਉਹ ਸੋਚਣ ਲੱਗੀ ਕਿ ਮੈਂ ਕੀ ਯਤਨ ਕਰਾਂ ਕਿ ਉਸ ਸੁੰਦਰ ਗਭਰੂ ਨੂੰ ਵੇਖ ਸਕਾਂ।।੪।।

Namdhari Elibrary NamdhariElibrary@gmail.com

ਨਗਰ ਢੰਢੋਰਾ ਨਾਰਿ ਫਿਰਾਯੋ।।ਸਭਹਿਨ ਕਹ ਇਹ ਭਾਂਤਿ ਸੁਨਾਯੋ।।
ਊਚਨੀਚ ਕੋਈ ਰਹੈ ਨ ਪਾਵੈ।।ਪ੍ਰਾਤਕਾਲ ਭੋਜਨ ਸਭ ਖਾਵੈ।।੫।।

ਰਾਣੀ ਨੇ ਨਗਰ ਵਿਚ ਢੰਡੋਰਾ ਪਿੱਟਵਾ ਦਿੱਤਾ ਅਤੇ ਇਹ ਕਹਿਲਵਾ ਦਿੱਤਾ ਕਿ ਨਗਰ ਦਾ ਹਰ ਵਿਅੱਕਤੀ, ਊਚ, ਨੀਚ ਭੁਲਾ ਕੇ, ਮੇਰੇ ਘਰ ਪ੍ਰੀਤੀ ਭੋਜਨ ਤੇ ਆਵੇ।।੫।।

ਰਾਜਹਿ ਬਾਤ ਕਛੂ ਨਹਿ ਜਾਨੀ।। ਨਿਵਤਾ ਦਿਯੋ ਲਖਜੋ ਤ੍ਰਿਯ ਮਾਨੀ।।
ਭਾਂਤਿ ਭਾਂਤਿ ਪਕਵਾਨ ਪਕਾਏ।। ਊਚ ਨੀਚ ਸਭ ਨਿਵਤਿ ਬੁਲਾਏ।। ੬।।

ਰਾਜੇ ਨੇ ਮਨ ਵਿਚ ਕੁਝ ਨਹੀਂ ਸੋਚਿਆ ਅਤੇ ਇਹੋ ਸਮਝਿਆ ਕਿ ਉਸ ਦੀ ਇਸਤਰੀ ਨੇ ਸਧਾਰਣ ਹੀ ਸਭ ਨੂੰ ਪ੍ਰੀਤੀ ਭੋਜਨ ਤੇ ਬੁਲਾਇਆ ਹੈ। ਭਾਂਤ ਭਾਂਤ ਦੇ ਪਕਵਾਨ ਤਿਆਰ ਕਰਵਾਏ ਗਏ ਅਤੇ ਊਚ ਨੀਚ ਸਭ ਨੂੰ ਬੁਲਾਇਆ ਗਿਆ।।੬।।

ਭੋਜਨ ਖਾਨ ਜਨਾਵਹਿ ਬਿਗਸਹਿ।। ਤ੍ਰਿਯ ਕੀ ਦ੍ਰਿਸ਼ਟਿ ਤਰੇ ਹ੍ਵੈ ਨਿਕਸਹਿ।।
ਐਂਠੀ ਰਾਇ ਜਬਾਯੋ ਤਹਾਂ।। ਬੈਠਿ ਝਰੋਖੇ ਰਾਨੀ ਜਹਾਂ।। ੭।।

ਭੋਜਨ ਖਾਣ ਵਾਸਤੇ ਜਿੰਨੇ ਵੀ ਲੋਕ ਆ ਰਹੇ ਸਨ, ਉਹ ਸਾਰੇ ਉਸ ਇਸਤਰੀ ਦੀ ਨਜ਼ਰ ਵਿਚੋਂ ਦੀ ਲੰਘ ਰਹੇ ਸਨ। ਫਿਰ ਐਂਠੀ ਰਾਏ ਉਥੇ ਆਇਆ, ਜਿਥੇ ਕਿ ਰਾਣੀ ਝਰੋਖੇ ਵਿਚ ਬੈਠੀ ਸੀ।।੭।।

ਰਾਨੀ ਨਿਰਖਿ ਚੀਨ ਤਿਹ ਗਈ।।ਬਹੁ ਬਿਧਿ ਤਾਂਹਿ ਸਰਾਹਤ ਭਈ।।
ਧੰਨਿ ਧੰਨਿ ਮੁਖ ਤੇ ਬਹੁਰਿ ਉਚਾਰਾ।। ਜਿਨ ਕਰਤੈ ਇਹ ਕੁਅਰ ਸਵਾਰਾ।।੮।।

ਰਾਣੀ ਉਸ ਨੂੰ ਵੇਖ ਕੇ ਪਹਿਚਾਣ ਗਈ ਅਤੇ ਕਈ ਪ੍ਰਕਾਰ ਨਾਲ ਉਸ ਦੀ ਸ਼ਲਾਘਾ ਕਰਨ ਲੱਗੀ। ਉਹ ਉਸ ਕਰਤਾ ਨੂੰ ਧੰਨ ਧੰਨ ਕਹਿਣ ਲੱਗੀ ਜਿਸ ਉਸ ਨੂੰ ਬਣਾਇਆ ਸੀ।।੮।।

ਲੀਨਾ ਸਖੀ ਪਠਾਇ ਤਿਸੈ ਘਰਿ।।ਕਾਮ ਭੋਗ ਕਿਯ ਲਪਟਿ ਲਪਟਿ ਕਰਿ।।
ਏਕ ਤਰੁਨ ਅਰੁ ਭਾਂਗ ਚੜ੍ਹਾਈ।।ਚਾਰ ਪਹਰਿ ਨਿਸਿ ਨਾਰਿ ਬਜਾਈ।।੯।।

ਇਕ ਸਖੀ ਨੂੰ ਭੇਜ ਕੇ ਉਸ ਨੂੰ ਘਰ ਬੁਲਵਾ ਲਿਆ ਅਤੇ ਲਿਪਟ ਲਿਪਟ ਕੇ ਉਸ ਨਾਲ ਕਾਮ ਕ੍ਰੀੜਾ ਕੀਤੀ। ਇਕ ਤਾਂ ਉਹ ਜਵਾਨ ਸੀ ਦੂਸਰਾ ਉਸ ਭੰਗ ਪੀਤੀ ਹੋਈ ਸੀ, ਉਹ ਚਾਰ ਪਹਿਰ ਰਾਤ ਉਸ ਨਾਲ ਭੋਗ ਕਰਦਾ ਰਿਹਾ।।੯।।

ਐਂਠੀ ਸੌ ਬਧਿ ਗਯੋ ਸਨੇਹਾ।। ਜੋ ਮੁਹਿ ਕਹੇ ਨ ਆਵਤ ਨੇਹਾ।।
ਭੇਦ ਸਿਖੈ ਤਿਹ ਧਾਮ ਪਠਾਯੋ।।ਆਧੀ ਰੈਨਿ ਨਰੇਸਹਿ ਘਾਯੋ।।੧੦।।

ਪਦ ਅਰਥ – ਭੇਦ ਸਿਖੈ=ਭੇਤ ਸਿਖਾ ਕੇ। ਧਾਮ ਪਠਾਯੋ=ਘਰ ਭੇਜ ਦਿੱਤਾ। ਆਧੀ ਰੈਨਿ=ਅੱਧੀ ਰਾਤ। ਨਰੇਸਹਿ=ਰਾਜੇ ਨੂੰ। ਘਾਯੋ=ਮਾਰ ਦਿੱਤਾ।

ਉਸ ਦਾ ਐਠੀ ਰਾਏ ਨਾਲ ਏਨਾ ਪਿਆਰ ਵੱਧ ਗਿਆ ਕਿ ਕੁਝ ਕਿਹਾ ਨਹੀਂ ਜਾ ਸਕਦਾ। ਉਸ ਨੂੰ ਭੇਤ ਸਮਝਾ ਕੇ ਘਰ ਨੂੰ ਭੇਜ ਦਿੱਤਾ ਅਤੇ ਅੱਧੀ ਰਾਤ ਨੂੰ ਰਾਜੇ ਨੂੰ ਮਾਰ ਦਿੱਤਾ॥੧੦॥

**ਪ੍ਰਾਤ ਚਲੀ ਜਰਬੇ ਕੇ ਕਾਜਾ॥ ਦਰਬੁ ਲੁਟਾਵਤ ਨਾਰਿ ਨ੍ਰਿਲਾਜਾ॥**
**ਦ੍ਰਿਸ਼ਟ ਬੰਧੁ ਸਭ ਕੀ ਅਸਿ ਕਰੀ॥ ਸਭਹੂ ਲਖਾ ਅਬਲਾ ਜਰਿ ਮਰੀ॥੧੧॥**

ਪਦ ਅਰਥ – ਦ੍ਰਿਸ਼ਟ ਬੰਧੁ ਸਭ ਕੀ ਅਸਿ ਕਰੀ=ਸਾਰਿਆਂ ਦੀ ਨਿਗਾਹ ਇਸ ਤਰ੍ਹਾਂ ਬੰਦ ਕਰ ਦਿੱਤੀ।

ਸਵੇਰ ਹੁੰਦਿਆਂ ਹੀ ਸ਼ਰਮ ਲਾਜ ਤਿਆਗ ਕੇ, ਧਨ ਲੁਟਾ ਕੇ ਰਾਜੇ ਦੇ ਨਾਲ ਸੜਨ ਨੂੰ ਚੱਲ ਪਈ। ਸਾਰਿਆਂ ਦੀ ਨਿਗਾਹ ਇਸ ਤਰ੍ਹਾਂ ਬੰਦ ਕਰ ਦਿੱਤੀ ਕਿ ਸਾਰੇ ਰਿਸ਼ਤੇਦਾਰਾਂ ਅਤੇ ਸੇਵਕਾਂ ਨੂੰ ਇਹ ਲੱਗਾ ਕਿ ਇਸਤਰੀ ਸੜ ਕੇ ਮਰ ਗਈ ਹੈ॥੧੧॥

**ਨਿਕਸਿ ਜਾਰਿ ਸੰਗ ਆਪੁ ਸਿਧਾਰੀ॥ ਭੇਦ ਨ ਲਖੈਂ ਪੁਰਖ ਅਰੁ ਨਾਰੀ॥**
**ਦ੍ਰਿਸ਼ਟਿ ਬੰਦ ਕਰਤ ਅਸ ਭਈ॥ ਮੂੰਡਿ ਮੂੰਡਿ ਸਭਹਿਨ ਕੋ ਗਈ॥ ੧੨॥੧॥**

ਉਹ ਨਿਕਲ ਕੇ ਯਾਰ ਦੇ ਨਾਲ ਚਲੀ ਗਈ. ਨਾਰੀ ਅਤੇ ਪੁਰਸ਼ ਕੋਈ ਵੀ ਇਸ ਭੇਤ ਨੂੰ ਨ ਜਾਣ ਸਕਿਆ। ਉਹ ਸਾਰਿਆਂ ਦੀਆਂ ਅੱਖਾਂ ਵਿਚ ਘਟਾ ਪਾ ਕੇ ਸਭ ਨੂੰ ਠੱਗ ਗਈ ਭਾਵ ਸਾਰਿਆਂ ਨਾਲ ਛੱਲ ਖੇਡ ਗਈ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚਾਸਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੫੦॥੬੪੮੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਜਾਹਵੀਂ ਕਥਾ ਸਮਾਪਤ॥੩੫੦॥੬੪੮੮॥ਚਲਦਾ॥

## ਚਲਿੱਤਰ ਤਿੰਨ ਸੌ ਇਕਵੰਜਵਾਂ

## ਕਥਾ ਬਸਤਰ ਮਤੀ

**ਚੌਪਈ॥ ਸੁਨੋ ਭੂਪ ਇਕ ਕਹੌ ਕਹਾਨੀ॥ ਕਿਨਹੂ ਸੁਨੀ ਨ ਆਗੇ ਜਾਨੀ॥**
**ਭੂਪ ਸੁ ਬਸਤ੍ਰ ਸੈਨ ਇਕ ਸੋਹੈ॥ ਤਾਕੇ ਸਮ ਨ ਨਰਾਧਿਪ ਕੋ ਹੈ॥ ੧॥**

ਪਦ ਅਰਥ – ਭੂਪ=ਰਾਜਾ। ਸੋਹੈ=ਸ਼ੋਭਦਾ ਸੀ। ਨਿਰਾਧਿਪ=ਰਾਜਾ।

ਹੇ ਰਾਜਨ ! ਮੈਂ ਤੁਹਾਨੂੰ ਇਕ ਕਥਾ ਸੁਣਾਉਂਦਾ ਹਾਂ ਜਿਹੜੀ ਕਿ ਪਹਿਲਾਂ ਕਦੇ ਵੀ ਕਹੀ ਸੁਣੀ ਨਹੀਂ ਗਈ ਹੈ। ਬਸਤਰ ਸੈਨ ਇਕ ਰਾਜਾ ਸੀ ਜਿਸ ਦੇ ਤੁਲ ਹੋਰ ਕੋਈ ਰਾਜਾ ਨਹੀਂ ਸੀ।।੧।।

**ਧਾਮ ਸੁ ਬਸਤ੍ਰ ਮਤੀ ਤਿਹ ਨਾਰੀ।। ਬਸਤ੍ਰਵਤੀ ਨਗਰ ਉਜਿਯਾਰੀ।।**
**ਅਵਲ ਚੰਦ ਤਿਹ ਠਾ ਇਕ ਰਾਵਤ।। ਰਾਨੀ ਸੁਨਾ ਏਕ ਦਿਨ ਗਾਵਤ।। ੨।।**

ਉਸ ਦੇ ਘਰ ਬਸਤਰ ਮਤੀ ਉਸ ਦੀ ਇਸਤਰੀ ਸੀ ਜਿਹੜੀ ਕਿ ਬਸਤਰ ਮਤੀ ਨਗਰ ਦਾ ਪ੍ਰਕਾਸ਼ ਸੀ। ਉਥੇ ਇਕ ਅਵਲ ਚੰਦ ਨਾਮੀਂ ਰਾਵਤ ਰਹਿੰਦਾ ਸੀ। ਰਾਣੀ ਨੇ ਇਕ ਦਿਨ ਉਸ ਨੂੰ ਗਾਉਂਦੇ ਹੋਏ ਨੂੰ ਸੁਣਿਆ।।੨।।

**ਬਧਿ ਗਯੋ ਤਾਸੌਂ ਐਸ ਸਨੇਹਾ।। ਜਸ ਸਾਵਨ ਕੋ ਬਰਸਤ ਮੇਹਾ।।**
**ਏਕ ਜਤਨ ਤਿਨ ਨਾਰਿ ਬਨਾਯੋ।। ਪਠੈ ਸਖੀ ਤਿਹ ਬੋਲਿ ਪਠਾਯੋ।। ੩।।**

ਸਾਵਣ ਮਹੀਨੇ ਦੇ ਘਨਘੋਰ ਮੀਂਹ ਵਾਂਗ ਉਸ ਦਾ ਉਸ ਨਾਲ ਪ੍ਰੇਮ ਵੱਧ ਗਿਆ। ਉਸ ਇਸਤਰੀ ਨੇ ਇਕ ਦਿਨ ਇਕ ਸਖੀ ਨੂੰ ਭੇਜ ਕੇ ਉਸ ਨੂੰ ਬੁਲਾ ਲਿਆ।।੩।।

**ਕਾਮ ਭੋਗ ਤਾਸੌਂ ਦ੍ਰਿੜ੍ਹ ਕੀਨਾ।। ਭਾਂਤਿ ਭਾਂਤਿ ਪਿਯ ਕੋ ਰਸ ਲੀਨਾ।।**
**ਰਾਜ ਪਾਟ ਸਭ ਹੀ ਸੁ ਬਿਸਾਰਯੋ।। ਤਾਕੇ ਹਾਥ ਬੇਚਿ ਜੀਯ ਡਾਰਯੋ।। ੪।।**

ਉਸ ਨਾਲ ਬੜੇ ਪ੍ਰੇਮ ਨਾਲ ਕਾਮ ਕ੍ਰੀੜਾ ਕੀਤੀ ਅਤੇ ਭਿੰਨ ਭਿੰਨ ਢੰਗਾ ਨਾਲ ਪ੍ਰੇਮੀ ਦਾ ਪਿਆਰ ਲੁੱਟਿਆ। ਰਾਜ ਪਾਟ ਸਭ ਕੁਝ ਭੁਲਾ ਦਿੱਤਾ ਅਤੇ ਆਪਣਾ ਮਨ ਉਸ ਦੇ ਹੱਥ ਵੇਚ ਦਿੱਤਾ।।੪।।

**ਸਭ ਅਤੀਤ ਗ੍ਰਿਹਿ ਨਿਵਤਿ ਪਠਾਏ।। ਬਸਤ੍ਰ ਭਗੌਹੈਂ ਤਿਸ ਪਹਿਰਾਏ।।**
**ਆਪਹੁ ਬਸਤ੍ਰ ਭਗੌਹੇ ਧਰਿਕੈ।। ਜਾਤ ਭਈ ਤਿਹ ਸਾਥ ਨਿਕਰਿਕੈ।। ੫।।**

ਪਦ ਅਰਥ – ਅਤੀਤ=ਸਾਧੂ ਸੰਤ। ਬਸਤ੍ਰ ਭਗੌਹੈਂ=ਭਗਵੇਂ ਕੱਪੜੇ। ਆਪਹੁ ਬਸਤ੍ਰ ਭਗੌਹੇ ਧਰਿਕੈ=ਆਪ ਵੀ ਭਗਵੇਂ ਕੱਪੜੇ ਪਾ ਕੇ।

ਉਸ ਸਾਰੇ ਸਾਧੂ ਸੰਤਾਂ ਨੂੰ ਆਪਣੇ ਘਰ ਬੁਲਾਇਆ ਅਤੇ ਆਪਣੇ ਪ੍ਰੇਮੀ ਨੂੰ ਵੀ ਭਗਵੇਂ ਕੱਪੜੇ ਪਵਾ ਦਿੱਤੇ। ਖੁਦ ਵੀ ਭਗਵੇਂ ਕੱਪੜੇ ਪਾ ਲਏ ਅਤੇ ਉਨ੍ਹਾਂ ਨਾਲ ਹੀ ਨਿਕਲ ਗਈ।।੫।।

**ਚੋਬਦਾਰ ਕਿਨਹੂੰ ਨ ਹਟਾਈ।। ਸਭਹਿੰਨ ਕਰਿ ਜੋਗੀ ਠਹਰਾਈ।।**
**ਜਬ ਵਹੁ ਜਾਤ ਕੋਸ ਬਹੁ ਭਈ।। ਤਬ ਰਾਜੈ ਪਾਛੈ ਸੁਧ ਲਈ।। ੬।। ੧।।**

ਕਿਸੇ ਵੀ ਪਹਿਰੇਦਾਰ ਨੇ ਰੋਕਿਆ ਨਹੀਂ ਅਤੇ ਸਾਰਿਆਂ ਨੇ ਉਸ ਨੂੰ ਜੋਗੀ ਹੀ ਸਮਝਿਆ.

ਜਦ ਉਹ ਅਨੇਕਾਂ ਕੋਹ ਦੂਰ ਚਲੇ ਗਈ ਤਦ ਜਾ ਕੇ ਰਾਜੇ ਨੂੰ ਪਤਾ ਲੱਗਿਆ॥੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਯਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੫੧॥੬੫੯੪। ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕਵੰਜਵੀਂ ਕਥਾ ਸਮਾਪਤ॥੩੫੧॥੬੫੯੪॥ਚਲਦਾ॥

# ਚਲਿੱਤਰ ਤਿੰਨ ਸੌ ਬਵੰਜਵਾਂ

# ਕਥਾ ਜੇਬਤੁਲ ਨਿਸਾ

**ਚੌਪਈ॥ ਇਸ਼ਕ ਤੰਬੋਲ ਸ਼ਹਿਰ ਜਹ ਸੋਹੈ॥ ਇਸ਼ਕ ਤੰਬੋਲ ਨਰਿਪ ਤਹ ਕੋ ਹੈ॥**
**ਇਸ਼ਕ ਪੇਚ ਦੇ ਤਾਕੀ ਰਾਨੀ॥ ਸੁੰਦਰਿ ਦੇਸ ਦੇਸ ਮਹਿ ਜਾਨੀ॥ ੧॥**

ਇਸ਼ਕ ਤੰਬੋਲ ਨਾਮ ਸ਼ਹਿਰ ਵਿਚ ਇਸ਼ਕ ਤੰਬੋਲ ਨਾਮੀਂ ਰਾਜਾ ਰਹਿੰਦਾ ਸੀ। ਉਸ ਦੀ ਰਾਣੀ ਦਾ ਨਾਂ ਇਸ਼ਕ ਪੇਚ ਦੇਵੀ ਸੀ ਜਿਹੜੀ ਕਿ ਦੇਸ਼ਾਂ ਵਿਦੇਸ਼ਾਂ ਵਿਚ ਸੁੰਦਰ ਮੰਨੀ ਜਾਂਦੀ ਸੀ॥੧॥

**ਕਾਜੀ ਬਸਤ ਏਕ ਤਹ ਭਾਰੋ॥ ਆਰਫ ਦੀਨ ਨਾਮ ਉਜਿਯਾਰੋ॥**
**ਸੁਤਾ ਜੇਬ ਤੁਲ ਨਿਸਾ ਤਵਨ ਕੀ॥ ਸਸਿ ਕੀ ਸੀ ਦੁਤਿ ਲਗਤ ਜਵਨ ਕੀ॥ ੨॥**

ਉਥੇ ਇਕ ਵੱਡਾ ਕਾਜ਼ੀ ਵੀ ਰਹਿੰਦਾ ਸੀ ਜਿਸ ਦਾ ਨਾਂ ਆਰਫ ਦੀਨ ਸੀ। ਜੇਬ ਤੁਲ ਨਿਸਾ ਉਸ ਦੀ ਪੁੱਤਰੀ ਸੀ ਜਿਹੜੀ ਚੰਦਰਮਾਂ ਦੀ ਚਾਨਣੀ ਵਰਗੀ ਸੁੰਦਰ ਸੀ॥੨॥

**ਤਹ ਗੁਲਜਾਰ ਰਾਇ ਇਕ ਨਾਮਾ॥ ਥਕਿਤ ਰਹਤ ਨਿਰਖਤ ਜਿਹ ਬਾਮਾ॥**
**ਸੋ ਕਾਜੀ ਕੀ ਸੁਤਾ ਨਿਹਾਰਾ॥ ਮਦਨ ਬਾਨ ਤਹ ਤਾਂਹਿ ਪ੍ਰਹਾਰਾ॥ ੩॥**

ਉਥੇ ਗੁਲਜ਼ਾਰ ਰਾਏ ਨਾਮੀਂ ਇਕ ਵਿਅੱਕਤੀ ਸੀ, ਜਿਸ ਨੂੰ ਵੇਖ ਵੇਖ ਇਸਤਰੀਆਂ ਥੱਕ ਜਾਂਦੀਆਂ ਸਨ। ਜਦ ਕਾਜ਼ੀ ਦੀ ਕੁੜੀ ਨੇ ਉਸ ਨੂੰ ਵੇਖਿਆ ਤਾਂ ਉਸ ਨੂੰ ਕਾਮਦੇਵ ਤੀਰ ਮਾਰ ਗਿਆ॥੩॥

**ਹਿਤੂ ਜਾਨਿ ਇਕ ਸਖੀ ਬੁਲਾਈ॥ ਤਾਕਹ ਕਹਾ ਭੇਦ ਸਮਝਾਈ॥**
**ਜੌ ਤਾਕਹ ਤੈਂ ਮੋਹਿ ਮਿਲਾਵੈਂ॥ ਮੁਖ ਮਾਂਗੈ ਸੋਈ ਬਰੁ ਪਾਵੈਂ॥ ੪॥**

ਉਸ ਆਪਣੀ ਇਕ ਹਿਤੂ ਸਖੀ ਨੂੰ ਬੁਲਾਇਆ ਅਤੇ ਉਸ ਨੂੰ ਸਾਰਾ ਭੇਤ ਸਮਝਾਇਆ। ਉਹ ਉਸ ਨੂੰ ਕਹਿਣ ਲੱਗੀ ਕਿ ਜੇ ਤੂੰ ਇਕ ਵਾਰ ਉਸ ਨੂੰ ਮੈਨੂੰ ਮਿਲਾ ਦੇਵੇਂ ਤਾਂ ਮੂੰਹ ਮੰਗਿਆ ਇਨਾਮ ਪਾਵੇਂਗੀ॥੪॥

Namdhari Elibrary NamdhariElibrary@gmail.com

ਸਖੀ ਗਈ ਤਬ ਹੀ ਤਾਕੇ ਪ੍ਰਤਿ।। ਆਨਿ ਮਿਲਾਇ ਦਯੋ ਤਿਨ ਸੁਭ ਮਤਿ।।
ਭਾਂਤਿ ਭਾਂਤਿ ਦੁਹੂੰ ਕਰੇ ਬਿਲਾਸਾ।। ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ।। ੫।।

ਸਖੀ ਤੁਰੰਤ ਉਸ ਦੇ ਕੋਲ ਗਈ ਅਤੇ ਉਸਦੇ ਮਿੱਤਰ ਨੂੰ ਲਿਆ ਕੇ ਮਿਲਾ ਦਿੱਤਾ। ਉਨ੍ਹਾਂ ਨੇ ਮਾਂ ਪਿਉ ਦਾ ਭੈਅ ਛੱਡ ਕੇ ਕਈ ਪ੍ਰਕਾਰ ਨਾਲ ਭੋਗ ਬਿਲਾਸ ਕੀਤਾ।।੫।।

ਅਸ ਗੀ ਅਟਕਿ ਤਵਨ ਪਰ ਤਰੁਨੀ।। ਜੋਰਿ ਨ ਸਕਤ ਪਲਕ ਸੈ ਬਰਨੀ।।
ਰੈਨਿ ਦਿਵਸ ਤਿਹ ਪ੍ਰਭਾ ਨਿਹਾਰੈ।। ਧੰਨਜ ਜਨਮ ਕਰਿ ਅਪਨ ਬਿਚਾਰੈ।। ੬।।

ਪਦ ਅਰਥ - ਤਿਹ ਪ੍ਰਭਾ ਨਿਹਾਰੈ=ਉਸ ਦੀ ਸੁੰਦਰ ਸ਼ਕਲ ਵੇਖਦੀ ਰਹਿੰਦੀ ਸੀ। ਧੰਨਜ ਜਨਮ=ਆਪਣਾ ਜਨਮ ਧੰਨ ਸਮਝਦੀ ਸੀ।

ਉਹ ਉਹਦੇ ਉੱਤੇ ਏਨੀ ਮੋਹਿਤ ਹੋ ਗਈ ਕਿ ਉਸ ਨੂੰ ਵੇਖਦੀ ਪਲਕ ਵੀ ਨਹੀਂ ਝਮਕਦੀ ਸੀ। ਰਾਤ ਦਿਨ ਉਸ ਦੀ ਸੁੰਦਰ ਸ਼ਕਲ ਵੇਖਦੀ ਰਹਿੰਦੀ ਸੀ ਅਤੇ ਆਪਣਾ ਜਨਮ ਧੰਨ ਧੰਨ ਸਮਝਦੀ ਸੀ।।੬।।

ਧਨਿ ਧਨਿ ਤਵਨ ਦਿਵਸ ਬਡਭਾਗੀ।। ਜਿਹ ਦਿਨ ਲਗਨ ਤੁਮਾਰੀ ਲਾਗੀ।।
ਅਬ ਕਛੁ ਐਸ ਉਪਾਵ ਬਨੈਯੈ।। ਜਿਹ ਛਲ ਪਿਯ ਕੇ ਸੰਗ ਸਿਧੈਯੈ।। ੭।।

ਉਹ ਕਹਿੰਦੀ ਸੀ ਕਿ ਉਹ ਦਿਨ ਧੰਨ ਸੀ ਜਿਸ ਦਿਨ ਮੇਰੀ ਲਗਨ ਤੇਰੇ ਨਾਲ ਲੱਗ ਗਈ। ਉਹ ਸੋਚਦੀ ਕਿ ਹੁਣ ਕੋਈ ਐਸਾ ਉਪਾਅ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਇਸ ਪਿਆਰੇ ਨਾਲ ਭੱਜ ਜਾਵਾਂ।।੭।।

ਬੋਲਿ ਭੇਦ ਸਭ ਪਿਯਹਿ ਸਿਖਾਯੋ।। ਰੋਮਨਾਸ ਤਿਹ ਬਦਨ ਲਗਾਯੋ।।
ਸਭ ਹੀ ਕੇਸ ਦੂਰ ਕਰਿ ਡਾਰੇ।। ਪੁਰਖ ਨਾਰਿ ਨਹਿ ਜਾਤ ਬਿਚਾਰੇ।। ੮।।

ਉਸ ਆਪਣੇ ਪ੍ਰੀਤਮ ਨੂੰ ਸਭ ਕੁਝ ਸਮਝਾ ਦਿੱਤਾ ਅਤੇ ਉਸ ਦੇ ਸਰੀਰ ਨੂੰ ਬਾਲ ਸਫਾ ਤੇਲ ਲਾ ਕੇ ਵਾਲ ਸਾਫ ਕਰ ਦਿੱਤੇ ਅਤੇ ਉਹ ਹੁਣ ਬਿਲਕੁਲ ਇਕ ਔਰਤ ਹੀ ਲੱਗਦੀ ਸੀ।।੮।।

ਸਭ ਤ੍ਰਿਯ ਭੇਸ ਧਰਾ ਪ੍ਰੀਤਮ ਜਬ।। ਠਾਢਾ ਭਯੋ ਅਦਾਲਤਿ ਮੈ ਤਬ।।
ਕਹਿ ਮੁਰਿ ਚਿਤ ਕਾਜੀ ਸੁਤ ਲੀਨਾ।। ਮੈਂ ਚਾਹਤ ਤਾ ਕੌ ਪਤਿ ਕੀਨਾ।। ੯।।

ਪਦ ਅਰਥ - ਠਾਢਾ ਭਯੋ=ਖੜਾ ਹੋ ਗਿਆ। ਮੁਰਿ ਚਿਤ ਕਾਜੀ ਸੁਤ ਲੀਨਾ=ਮੇਰਾ ਦਿਲ ਕਾਜ਼ੀ ਦੇ ਪੁੱਤਰ ਨੇ ਚੁਰਾ ਲਿਆ ਹੈ।

ਇਸਤਰੀ ਦਾ ਭੇਸ ਧਾਰ ਕੇ ਉਹ ਵਿਅੱਕਤੀ ਅਦਾਲਤ ਵਿਚ ਜਾ ਖਲੋਤਾ। ਉਹ ਕਹਿਣ

ਲੱਗਾ ਕਿ ਮੇਰੇ ਦਿਲ ਨੂੰ ਕਾਜ਼ੀ ਦੇ ਪੁੱਤਰ ਨੇ ਚੁਰਾ ਲਿਆ ਹੈ. ਮੈਂ ਉਸ ਨੂੰ ਆਪਣਾ ਪਤੀ ਬਣਾਉਣਾ ਚਾਹੁੰਦੀ ਹਾਂ॥੯॥

**ਕਾਜੀ ਕਾਢਿ ਕਿਤਾਬ ਨਿਹਾਰੀ॥ ਦੇਖਿ ਦੇਖਿ ਕਰਿ ਇਹੈ ਉਚਾਰੀ॥**
**ਜੋ ਆਵੈਂ ਆਪਨ ਹ੍ਵੈ ਰਾਜੀ॥ ਤਾਕਹ ਕਹਿ ਨ ਸਕਤ ਕਛੁ ਕਾਜੀ॥੧੦॥**

ਕਾਜ਼ੀ ਨੇ ਕਿਤਾਬ ਖੋਲ੍ਹੀ ਅਤੇ ਵੇਖ ਕੇ ਕਿਹਾ ਕਿ ਜਿਹੜੀ ਖੁਦ ਖੁਸ਼ੀ ਨਾਲ ਨਿਕਾਹ ਕਰਨਾ ਚਾਹੁੰਦੀ ਹੈ, ਉਸ ਨੂੰ ਕਾਜ਼ੀ ਰੋਕ ਨਹੀਂ ਸਕਦਾ ਹੈ॥੧੦॥

**ਯਹ ਹਮਰੇ ਸੁਤ ਕੀ ਭੀ ਦਾਰਾ॥ ਹਮ ਯਾਕੀ ਕਰਿ ਹੈਂ ਪ੍ਰਤਿਪਾਰਾ॥**
**ਭੇਦ ਅਭੇਦ ਜੜ੍ਹ ਕਛੂ ਨ ਚੀਨੀ॥ ਨਿਰਖਤਿ ਸ਼ਾਹ ਮੁਹਰ ਕਰਿ ਦੀਨੀ॥੧੧॥**

ਉਹ ਕਹਿਣ ਲੱਗਾ ਕਿ ਇਹ ਹੁਣ ਮੇਰੇ ਪੁੱਤਰ ਦੀ ਪਤਨੀ ਬਣ ਗਈ ਹੈ ਅਤੇ ਹੁਣ ਮੈਂ ਇਸ ਦੀ ਪਾਲਣਾ ਕਰਾਂਗਾ। ਉਹ ਭੇਤ-ਅਭੇਤ ਨੂੰ ਨ ਸਮਝਿਆ ਅਤੇ ਬਾਦਸ਼ਾਹ ਨੇ ਵੀ ਵੇਖਦਿਆਂ ਵੇਖਦਿਆਂ ਮੋਹਰ ਲਾ ਦਿੱਤੀ॥੧੧॥

**ਮੁਹਰ ਕਰਾਇ ਧਾਮ ਵਹ ਗਯੋ॥ ਪੁਰਸ਼ ਭੇਸ ਧਰਿ ਆਵਤ ਭਯੋ॥**
**ਜਬ ਦਿਨ ਦੁਤਿਯ ਕਚਹਿਰੀ ਲਾਗੀ॥ ਪਾਤਸ਼ਾਹ ਬੈਠੇ ਬਡਭਾਗੀ॥੧੨॥**

ਮੋਹਰ ਲਵਾ ਕੇ ਉਹ ਪੁਰਸ਼ ਦੇ ਭੇਸ ਵਿਚ ਘਰ ਆ ਗਿਆ। ਜਦ ਦੂਸਰੇ ਦਿਨ ਕਚਹਿਰੀ ਲੱਗੀ ਤਾਂ ਵੱਡੇ ਭਾਗਾਂ ਵਾਲਾ ਬਾਦਸ਼ਾਹ ਦਰਬਾਰ ਵਿਚ ਆ ਕੇ ਬੈਠ ਗਿਆ॥੧੨॥

**ਕਾਜੀ ਕੋਟਵਾਰ ਥੇ ਜਹਾਂ॥ ਪੁਰਖ ਭੇਸ ਧਰਿ ਆਯੋ ਤਹਾਂ॥**
**ਸੰਗ ਸੁਤਾ ਕਾਜੀ ਕੀ ਆਨੀ॥ ਸ਼ਾਹ ਸੁਨਤ ਇਹ ਭਾਂਤਿ ਬਖਾਨੀ॥੧੩॥**

ਜਿਥੇ ਕਾਜ਼ੀ ਕੋਤਵਾਲ ਬੈਠੇ ਸਨ, ਉਥੇ ਉਹ ਪੁਰਸ਼ ਦੇ ਭੇਸ ਵਿਚ ਆ ਗਿਆ, ਨਾਲ ਹੀ ਉਹ ਕਾਜ਼ੀ ਦੀ ਪੁੱਤਰੀ ਨੂੰ ਲੈ ਆਇਆ ਅਤੇ ਬਾਦਸ਼ਾਹ ਨੂੰ ਸਣਾਉਂਦਾ ਹੋਇਆ ਕਹਿਣ ਲੱਗਾ॥੧੩॥

**ਨਿਰਖਹੁ ਕਾਜਿ ਸੁਤਾ ਮੁਹਿ ਬਰਾ॥ ਆਪਹਿ ਰੀਝਿ ਮਦਨਪਤਿ ਕਰਾ॥**
**ਵਹੈ ਮੁਹਰ ਹਜਰਤਿਹਿ ਦਿਖਾਈ॥ ਜੋ ਇਸਤ੍ਰੀ ਹ੍ਵੈ ਆਪੁ ਕਰਾਈ॥੧੪॥**

ਵੇਖੋ ਜੀ ਕਾਜ਼ੀ ਦੀ ਪੁੱਤਰੀ ਨੇ ਮੇਰੇ ਨਾਲ ਵਿਆਹ ਕਰ ਲਿਆ ਹੈ ਅਤੇ ਖੁਦ ਹੀ ਮੋਹਿਤ ਹੋ ਕੇ ਕਾਮਦੇਵ ਵਰਗਾ ਸੁੰਦਰ ਪਤੀ ਪਾਇਆ ਹੈ। ਉਸ ਵਿਅੱਕਤੀ ਨੇ ਉਹੋ ਮੋਹਰ ਬਾਦਸ਼ਾਹ ਨੂੰ ਵਿਖਾ ਦਿੱਤੀ ਜਿਹੜੀ ਕਿ ਖੁਦ ਇਸਤਰੀ ਬਣ ਕੇ ਲਗਵਾਈ ਸੀ॥੧੪॥

**ਨਿਰਖਤ ਮੁਹਰ ਸਭਾ ਸਭ ਹਸੀ॥ ਕਾਜਿ ਸੁਤਾ ਮਿਤਵਾ ਗ੍ਰਿਹਿ ਬਸੀ॥**

Namdhari Elibrary NamdhariElibrary@gmail.com

ਕਾਜੀ ਹੂੰ ਚੁਪ ਹ੍ਵੈ ਕਰਿ ਰਹਾ।। ਨਜਾਇ ਕਿਯਾ ਤੈਸਾ ਫਲ ਲਹਾ।। ੧੫।।

ਮੋਹਰ ਵੇਖ ਕੇ ਸਾਰੀ ਸਭਾ ਹੱਸ ਪਈ ਅਤੇ ਕਾਜ਼ੀ ਦੀ ਪੁੱਤਰੀ ਆਪਣੇਂ ਮਿੱਤਰ ਨਾਲ ਜਾ ਵਸੀ। ਕਾਜ਼ੀ ਵੀ ਚੁਪ ਰਹਿ ਗਿਆ ਕਿਉਂਕਿ ਜਿਸ ਤਰ੍ਹਾਂ ਉਸ ਫੈਸਲਾ ਕੀਤਾ ਸੀ ਉਹੋ ਉਸ ਨੂੰ ਫਲ ਮਿਲਿਆ।।੧੫।।

ਦੋਹਰਾ।। ਇਹ ਛਲ ਸੌ ਕਾਜੀ ਛਲਾ ਬਸੀ ਮਿੱਤ੍ਰ ਕੇ ਧਾਮ।।
ਲਖਨ ਚਰਿਤ ਚਤੁਰਾਨ ਕੋ ਹੈ ਨ ਕਿਸੀ ਕੋ ਕਾਮ।। ੧੬।। ੧।।

ਇਸ ਚਲਿੱਤਰ ਨਾਲ ਕਾਜ਼ੀ ਨੂੰ ਛਲ ਕੇ ਉਹ ਮਿੱਤਰ ਦੇ ਘਰ ਚਲੇ ਗਈ। ਚੱਤਰ ਜ਼ਨਾਨੀਆਂ ਦੇ ਅਨੇਕਾਂ ਚਲਿੱਤਰ ਹਨ ਅਤੇ ਉਹ ਵੀ ਕਿਸੇ ਨਾਲੋਂ ਘਟ ਨਹੀਂ ਹਨ।।੧੬।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੫੨।।੬੫੦੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਵੰਜਵੀ ਕਥਾ ਸਮਾਪਤ।।੩੫੨।।੬੫੦੯।।ਚਲਦਾ।।

## *ਚਲਿੱਤਰ ਤਿੰਨ ਸੌ ਤਰਵੰਜਵਾਂ*

## *ਕਥਾ ਰਣਝੂਮਕ ਦੇਵੀ*

ਚੌਪਈ।। ਸੁਨਹੁ ਰਾਜ ਇਕ ਕਥਾ ਉਚਾਰੋ।। ਜਿਯ ਤੁਮਰੇ ਕੋ ਭਰਮ ਨਿਵਾਰੋ।।
ਬਿਸ਼ਨਾਵਤੀ ਨਗਰ ਇਕ ਦੱਛਿਨ।। ਬਿਸ਼ਨ ਚੰਦ ਤਹ ਭੂਪ ਬਿਚੱਛਨ।। ੧।।

ਪਦ ਅਰਥ - ਕਥਾ ਉਚਾਰੋ=ਕਥਾ ਸੁਣਾਉਂਦਾ ਹਾਂ। ਬਿਚੱਛਨ=ਅਕਲਮੰਦ, ਚੱਤਰ।

ਹੇ ਰਾਜਨ ! ਸੁਣੋ, ਤੁਹਾਨੂੰ ਇਕ ਕਥਾ ਸੁਣਾਉਂਦਾ ਹਾਂ ਅਤੇ ਤੁਹਾਡੇ ਮਨ ਦੇ ਭਰਮ ਨੂੰ ਦੂਰ ਕਰਦਾ ਹਾਂ। ਦਖਣ ਵਾਲੇ ਪਾਸੇ ਇਕ ਬਿਸ਼ਨਾਵਤੀ ਨਗਰ ਹੈ। ਉਥੋਂ ਦੇ ਵਲਿੱਖਣ ਸਿਆਣਪ ਵਾਲੇ ਰਾਜੇ ਦਾ ਨਾਂ ਬਿਸ਼ਨ ਚੰਦ ਸੀ।।੧।।

ਉਗ੍ਰ ਸਿੰਘ ਤਹ ਸ਼ਾਹੁ ਭਨਿੱਜੈ।। ਕਵਨ ਭੂਪ ਪਟਤਰ ਤਿਹ ਦਿੱਜੈ।।
ਸ੍ਰੀ ਰਨ ਝੂਮਕ ਦੇ ਤਿਹ ਬਾਲਾ।। ਚੰਦ੍ਰ ਲਯੋ ਜਾਤੇ ਉਜਿਯਾਲਾ।। ੨।।

ਉਥੇ ਉੱਗਰ ਸਿੰਘ ਨਾਮੀਂ ਇਕ ਸ਼ਾਹ ਰਹਿੰਦਾ ਸੀ ਜਿਸ ਦੀ ਸੁੰਦਰਤਾ ਦਾ ਮੁਕਾਬਲਾ ਕਿਸੇ ਨਾਲ ਵੀ ਨਹੀਂ ਕੀਤਾ ਜਾ ਸਕਦਾ ਸੀ। ਉਸ ਦੀ ਪੁੱਤਰੀ ਦਾ ਨਾਂ ਰਣਝੂਮਕ ਦੇਵੀ ਸੀ। ਉਹ ਏਨੀ ਸੋਹਣੀ ਸੀ ਕਿ ਜਿਵੇਂ ਚੰਦ ਨੇ ਵੀ ਉਸ ਪਾਸੋਂ ਪ੍ਰਕਾਸ਼ ਲਿਆ ਹੋਵੇ।।੨।।

ਸੁੰਭ ਕਰਨ ਕਹ ਹੁਤੀ ਬਿਵਾਹੀ॥ ਸੋ ਦਿਨ ਏਕ ਨਿਰਖ ਨ੍ਰਿਪ ਚਾਹੀ॥
ਜਤਨ ਥਕ੍ਯੋ ਕਰਿ ਹਾਥ ਨ ਆਈ॥ ਕੋਪ ਬਢਾ ਅਤਿ ਹੀ ਨਰ ਰਾਈ॥ ੩॥

ਪਦ ਅਰਥ - ਬਿਵਾਹੀ=ਵਿਆਹੀ।

ਉਹ ਇਸਤਰੀ ਸੁੰਭ ਕਰਣ ਨਾਮੀਂ ਇਕ ਵਿਅੱਕਤੀ ਨਾਲ ਵਿਆਹੀ ਸੀ। ਇਕ ਦਿਨ ਰਾਜੇ ਨੇ ਜਦ ਉਸ ਨੂੰ ਵੇਖਿਆ ਤਾਂ ਉਹ ਉਸ ਤੋਂ ਮੋਹਿਤ ਹੋ ਗਿਆ। ਉਸ ਰਾਜੇ ਨੇ ਉਸ ਨੂੰ ਪਾਉਣ ਦੇ ਬਹੁਤ ਯਤਨ ਕੀਤੇ ਪਰ ਉਹ ਕੁੜੀ ਉਸ ਦੇ ਹੱਥ ਨ ਆਈ ਅਤੇ ਰਾਜਾ ਬਹੁਤ ਕਰੋਧ ਨਾਲ ਭਰ ਗਿਆ॥੩॥

ਦੇਖਹੁ ਇਹੁ ਅਬਲਾ ਕਾ ਹੀਯਾ॥ ਜਿਹ ਕਾਰਨ ਹਮ ਅਸ ਛਲ ਕੀਯਾ॥
ਰੰਕ ਛੋਰਿ ਕਰਿ ਰਾਵ ਨ ਭਾਯੋ॥ ਬਹੁ ਭ੍ਰਿਤਨ ਕਹ ਤਹਾਂ ਪਠਾਯੋ॥ ੪॥

ਪਦ ਅਰਥ - ਰੰਕ ਛੋਰਿ=ਗਰੀਬ ਛੱਡਕੇ। ਬਹੁ ਭ੍ਰਿੱਤਨ=ਬਹੁਤ ਸੇਵਕਾਂ ਨੂੰ।

ਉਹ ਕਹਿਣ ਲੱਗਾ ਕਿ ਇਸ ਔਰਤ ਦੀ ਹਿੰਮਤ ਵੇਖੋ, ਜਿਸ ਵਾਸਤੇ ਮੈਂ ਏਨੀ ਕੋਸ਼ਿਸ਼ ਕੀਤੀ ਹੈ ਪਰ ਗ਼ਰੀਬ ਨੂੰ ਛੱਡ ਕੇ ਇਸ ਨੂੰ ਰਾਜਾ ਚੰਗਾ ਨਹੀਂ ਲੱਗਾ ਹੈ। ਫਿਰ ਰਾਜੇ ਨੇ ਬਹੁਤ ਸਾਰੇ ਸੇਵਕਾਂ ਨੂੰ ਉਹਦੇ ਪਾਸ ਭੇਜਿਆ॥੪॥

ਸੁਨਤ ਬਚਨ ਚਾਕਰ ਤਹ ਗਏ॥ ਘੇਰ ਲੇਤ ਤਾਕੋ ਘਰ ਭਏ॥
ਤਾਕੇ ਪਤਿ ਕਹ ਹਨਾ ਰਿਸਾਈ॥ ਭਾਜਿ ਗਈ ਤ੍ਰਿਯ ਹਾਥ ਨ ਆਈ॥ ੫॥

ਰਾਜੇ ਦੀ ਗੱਲ ਸੁਣ ਕੇ ਸਾਰੇ ਸੇਵਕ ਉਸ ਪਾਸ ਗਏ ਅਤੇ ਉਸ ਦੇ ਘਰ ਨੂੰ ਘੇਰ ਲਿਆ। ਉਸ ਦੇ ਪਤੀ ਨੂੰ ਗੁੱਸੇ ਵਿਚ ਆਕੇ ਮਾਰ ਦਿੱਤਾ, ਉਹ ਔਰਤ ਭੱਜ ਗਈ ਅਤੇ ਉਨ੍ਹਾਂ ਲੋਕਾਂ ਦੇ ਹੱਥ ਵਿਚ ਨ ਆਈ॥੫॥

ਮ੍ਰਿਤਕ ਨਾਥ ਜਬ ਨਾਰਿ ਨਿਹਾਰ੍ਯੋ॥ ਇਹੈ ਚੰਚਲਾ ਚਰਿਤ ਬਿਚਾਰ੍ਯੋ॥
ਕਵਨ ਜਤਨ ਰਾਜਾ ਕਹ ਮਰਿਯੈ॥ ਅਪਨੇ ਪਤਿ ਕੋ ਬੈਰ ਉਤਰਿਯੈ॥ ੬॥

ਪਦ ਅਰਥ - ਮ੍ਰਿਤਕ=ਮੁਰਦਾ। ਚੰਚਲਾ=ਇਸਤਰੀ।

ਜਦ ਉਸ ਇਸਤਰੀ ਨੂੰ ਆਪਣੇ ਪਤੀ ਦੇ ਕਤਲ ਹੋਣ ਬਾਰੇ ਪਤਾ ਲੱਗਾ ਤਾਂ ਉਸ ਇਸਤਰੀ ਨੇ ਮਨ ਵਿਚ ਸੋਚਿਆ ਕਿ ਕਿਸੇ ਵੀ ਤਰ੍ਹਾਂ ਰਾਜੇ ਨੂੰ ਕਤਲ ਕੀਤਾ ਜਾਵੇ ਅਤੇ ਆਪਣੇ ਪਤੀ ਦੇ ਕਤਲ ਦਾ ਬਦਲਾ ਲਿਆ ਜਾਵੇ॥੬॥

ਲਿਖ ਪਤਿਯਾ ਪਠਈ ਇਕ ਤਹਾਂ॥ ਬੈਠੋ ਹੁਤੋ ਨਰਾਧਿਪ ਜਹਾਂ॥

**ਜੋ ਮੋਕਹ ਰਾਨੀ ਤੁਮ ਕਰਹੁ।। ਤੋ ਮੁਹਿ ਭੂਪ ਆਜੁ ਹੀ ਬਰਹੁ।।੭।।**

ਇਕ ਪੱਤਰ ਲਿਖ ਕੇ ਉਸ ਉਥੇ ਭੇਜਿਆ ਜਿਥੇ ਕਿ ਰਾਜਾ ਬੈਠਾ ਹੋਇਆ ਸੀ। ਪੱਤਰ ਵਿਚ ਉਸ ਲਿਖਿਆ ਕਿ ਹੇ ਰਾਜਨ ! ਜੇ ਤੁਸੀਂ ਮੈਨੂੰ ਰਾਣੀ ਬਣਾਉਨਾ ਚਾਹੁੰਦੇ ਹੋ ਤਾਂ ਅਜ ਹੀ ਮੇਰੇ ਨਾਲ ਵਿਆਹ ਕਰ ਲਵੋ।।੭।।

**ਸੁਨਤ ਬਚਨ ਨ੍ਰਿਪ ਬੋਲਿ ਪਠਾਈ।।ਪਰ ਕੀ ਤ੍ਰਿਯ ਰਾਨੀ ਠਹਰਾਈ।।**
**ਜਿਹ ਤਿਹ ਬਿਧਿ ਤਾਕੋ ਗ੍ਰਿਹਿ ਆਨੋ।। ਭੇਦ ਅਭੇਦ ਜੜ੍ਹ ਕਛੁ ਨ ਪਛਾਨੋ।।੮।।**

ਇਹ ਸੁਣ ਕੇ ਰਾਜੇ ਨੇ ਸੁਨੇਹਾ ਭੇਜ ਦਿੱਤਾ ਅਤੇ ਉਸ ਇਸਤਰੀ ਨਾਲ ਵਿਆਹ ਕਰ ਲਿਆ। ਉਹ ਜਿਵੇਂ ਕਿਵੇਂ ਉਸ ਨੂੰ ਅਪਣੇ ਘਰ ਲੈ ਆਇਆ ਅਤੇ ਮੂਰਖ ਅਸਲ ਭੇਤ ਨ ਸਮਝ ਸਕਿਆ।।੮।।

**ਸੰਗ ਅਪਨੇ ਤਾਕੌ ਲੈ ਸੋਯੋ।। ਚਿਤ ਕੋ ਭਰਮੁ ਸਕਲ ਹੀ ਖੋਯੋ।।**
**ਕਾਮਾਤੁਰ ਹ੍ਵੈ ਹਾਥ ਚਲਾਯੋ।। ਕਾਢਿ ਕ੍ਰਿਪਾਨ ਨਾਰਿ ਤਿਨ ਘਾਯੋ।। ੯।।**

ਉਸ ਨੂੰ ਨਾਲ ਲੈ ਕੇ ਸੁੱਤਾ ਅਤੇ ਦਿਲ ਦਾ ਭਰਮ ਦੂਰ ਕੀਤਾ, ਕਾਮ ਵੱਸ ਹੋ ਕੇ ਉਸ ਹੱਥ ਵਧਾਇਆ, ਪਰ ਇਸਤਰੀ ਨੇ ਤਲਵਾਰ ਕੱਢ ਕੇ ਰਾਜੇ ਨੂੰ ਮਾਰ ਦਿੱਤਾ।।੯।।

**ਨ੍ਰਿਪ ਕਹ ਮਾਰਿ ਵੈਸਹੀ ਡਾਰੀ।। ਤਾ ਪਰ ਤਜੋਂ ਹੀ ਬਸਤ੍ਰ ਸਵਾਰੀ।।**
**ਆਪੁ ਜਾਇ ਨਿਜੁ ਪਤਿ ਤਨ ਜਲੀ।। ਨਿਰਖਹੁ ਚਤੁਰਿ ਨਾਰਿ ਕੀ ਭਲੀ।।੧੦।।**

ਰਾਜੇ ਨੂੰ ਮਾਰ ਕੇ ਸੁੱਟ ਦਿੱਤਾ ਅਤੇ ਫਿਰ ਉਸ ਉਤੇ ਉਸ ਤਰ੍ਹਾਂ ਹੀ ਕੱਪੜੇ ਦੇ ਦਿੱਤੇ। ਉਸ ਇਸਤਰੀ ਦੀ ਚਤਰਾਈ ਵੇਖੋ ਕਿ ਫਿਰ ਆਪਣੇ ਪਤੀ ਦੀ ਚਿੱਖਾ ਵਿਚ ਸੜ ਕੇ ਮਰ ਗਈ।।੧੦।।

**ਦੋਹਰਾ।। ਬੈਰ ਲਿਯਾ ਨਿਜੁ ਨਾਹਿ ਕੋ ਨ੍ਰਿਪ ਕਹ ਦਿਯਾ ਸੰਘਾਰਿ।।**
**ਬਹੁਰਿ ਜਰੀ ਨਿਜੁ ਨਾਥ ਸੌ ਲੋਗਨ ਚਰਿਤ ਦਿਖਾਰਿ।। ੧੧।। ੧।।**

ਆਪਣੇ ਪਤੀ ਦਾ ਬਦਲਾ ਲਿਆ ਅਤੇ ਰਾਜੇ ਨੂੰ ਮਾਰ ਦਿੱਤਾ। ਫਿਰ ਲੋਕਾਂ ਨੂੰ ਚਲਿੱਤਰ ਵਿਖਾ ਕੇ ਆਪਣੇ ਪਤੀ ਦੇ ਨਾਲ ਸੜ ਮਰੀ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤ੍ਰਿਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੫੩।।੬੫੨੦।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤਿਰਵੰਜਵੀ ਕਥਾ ਸਮਾਪਤ।।੩੫੩।।੬੫੨੦।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਚਰਵੰਜਵਾਂ

## ਕਥਾ ਸਿੰਧਲਾ ਦੇਵੀ

**ਚੌਪਈ।। ਸੁਨਹੁ ਭੂਪ ਇਕ ਕਥਾ ਨਵੀਨੀ।। ਕਿਨਹੂੰ ਲਖੀ ਨ ਆਗੇ ਚੀਨੀ।।**
**ਰਾਧਾ ਨਗਰ ਪੂਰਬ ਮੈ ਜਹਾਂ।। ਰੁਕਮ ਸੈਨ ਰਾਜਾ ਇਕ ਤਹਾਂ।। ੧।।**

ਪਦ ਅਰਥ – ਲਖੀ ਨ ਆਗੇ ਚੀਨੀ=ਅਗੇ ਕਿਤੇ ਵੇਖੀ ਸੁਣੀ ਨਹੀਂ।

ਹੇ ਰਾਜਨ ! ਇਕ ਨਵੀਂ ਕਥਾ ਸੁਣੋ, ਜਿਸ ਨੂੰ ਕਿ ਪਹਿਲਾਂ ਕਦੇ ਵੇਖਿਆ ਸੁਣਿਆ ਨਹੀਂ ਗਿਆ ਹੈ। ਪੂਰਬ ਵਿਚ ਜਿੱਥੇ ਰਾਧਾ ਨਗਰੀ ਹੈ, ਉਥੇ ਇਕ ਰੁਕਮ ਸੈਨ ਨਾਮੀਂ ਰਾਜਾ ਰਹਿੰਦਾ ਸੀ।।੧।।

**ਸ੍ਰੀ ਦਲਗਾਹ ਮਤੀ ਤ੍ਰਿਯ ਤਾਕੀ।। ਨਰੀ ਨਾਗਨੀ ਤੁੱਲਿ ਨ ਵਾਕੀ।।**
**ਸੁਤਾ ਸਿੰਧੁਲਾ ਦੇਇ ਭਨਿੱਜੈ।। ਪਰੀ ਪਦਮਨੀ ਪ੍ਰਕ੍ਰਿਤ ਕਹਿੱਜੈ।।੨।।**

ਉਸ ਦੀ ਇਸਤਰੀ ਦਾ ਨਾਂ ਦਿਲਗਾਹ ਮਤੀ ਸੀ, ਜਿਸ ਵਰਗੀ ਸੁੰਦਰ ਨਰ ਜਾਂ ਨਾਗ ਇਸਤਰੀ ਕੋਈ ਵੀ ਨਹੀਂ ਸੀ। ਸਿੰਧਲਾ ਦੇਵੀ ਉਨ੍ਹਾਂ ਦੀ ਪੁੱਤਰੀ ਸੀ ਜਿਹੜੀ ਪਰੀ, ਪਦਮਨੀ ਤਾਸੀਰ ਦੀ ਇਸਤਰੀ ਕਹੀ ਜਾਂਦੀ ਸੀ।।੨।।

**ਤਹਿਕ ਭਵਾਨੀ ਭਵਨ ਭਨੀਜੈ।। ਕੋ ਦੂਸਰ ਪਟਤਰ ਤਿਹਿ ਦੀਜੈ।।**
**ਦੇਸ ਦੇਸ ਏਸ੍ਵਰ ਤਹ ਆਵਤ।। ਆਨਿ ਗਵਰਿ ਕਹ ਸੀਸ ਝੁਕਾਵਤ।। ੩।।**

ਪਦ ਅਰਥ – ਭਵਾਨੀ ਭਵਨ=ਭਵਾਨੀ ਦਾ ਮੰਦਰ। ਪਟਤਰ=ਬਰਾਬਰ। ਏਸ੍ਵਰ=ਰਾਜੇ। ਗਵਰਿ=ਮਾਤਾ ਗੌਰਾਂ।

ਉਥੇ ਇਕ ਭਵਾਨੀ ਦਾ ਮੰਦਰ ਸੀ ਜਿਸ ਵਰਗਾ ਦੂਸਰਾ ਹੋਰ ਕੋਈ ਮੰਦਰ ਨਹੀਂ ਸੀ। ਦੇਸ਼ ਦੇਸ਼ ਦੇ ਉਥੇ ਰਾਜੇ ਆਉਂਦੇ ਸਨ ਅਤੇ ਆ ਕੇ ਗੌਰੀ ਦੇ ਸਾਹਮਣੇ ਸਿਰ ਝੁਕਾਉਂਦੇ ਸਨ।।੩।।

**ਭੁਜਬਲ ਸਿੰਘ ਤਹਾਂ ਨ੍ਰਿਪ ਆਯੋ।। ਭੋਜ ਰਾਜ ਤੇ ਜਨੁਕ ਸਵਾਯੋ।।**
**ਨਿਰਖਿ ਸਿੰਧੁਲਾ ਦੇ ਦੁਤਿ ਤਾਕੀ।। ਮਨ ਬਚ ਕ੍ਰਮ ਚੇਰੀ ਭੀ ਵਾਕੀ।।੪।।**

ਪਦ ਅਰਥ – ਦੁਤਿ=ਸੁੰਦਰਤਾ। ਮਨ ਬਚ ਕ੍ਰਮ=ਮਨ, ਬਚਨ ਅਤੇ ਕਰਮ ਕਰਕੇ। ਚੇਰੀ=ਦਾਸੀ।

ਉਥੇ ਭੁਜਬਲ ਸਿੰਘ ਨਾਮੀਂ ਇਕ ਰਾਜਾ ਆਇਆ ਜਿਹੜਾ ਸ਼ੋਭਾ ਵਿਚ ਭੋਜਰਾਜ ਨਾਲੋਂ ਵੀ ਸਵਾਇਆ ਸੀ। ਸਿੰਧਲਾਂ ਦੇਵੀ ਉਸ ਨੂੰ ਵੇਖ ਕੇ ਮਨ, ਬਚਨ ਅਤੇ ਕਰਮ ਕਰਕੇ ਉਸ ਦੀ ਦਾਸੀ ਹੋ ਗਈ।।੪।।

**ਆਗੇ ਹੁਤੀ ਔਰ ਸੋ ਪਰਨੀ।। ਅਬ ਇਹ ਸਾਥ ਜਾਤ ਨਹਿ ਬਰਨੀ।।**
**ਚਿਤ ਮਹਿ ਅਧਿਕ ਬਿਚਾਰ ਬਿਚਾਰਤ।। ਸਹਚਰਿ ਪਠੀ ਤਹਾਂ ਹ੍ਵੈ ਆਰਤਿ।।੫।।**

ਪਦ ਅਰਥ - ਸੋ ਪਰਨੀ=ਪਹਿਲਾਂ ਵਿਆਹੀ ਸੀ।

ਉਹ ਪਹਿਲਾਂ ਕਿਸੇ ਹੋਰ ਨਾਲ ਵਿਆਹੀ ਹੋਈ ਸੀ। ਹੁਣ ਉਸ ਰਾਜੇ ਨਾਲ ਉਹ ਵਿਆਹੀ ਨਹੀਂ ਜਾ ਸਕਦੀ ਸੀ। ਉਸ ਮਨ ਵਿਚ ਬਹੁਤ ਸੋਚ ਵਿਚਾਰ ਕੇ ਅਤੇ ਬਹੁਤ ਦੁਖੀ ਹੋ ਕੇ ਇਕ ਦਾਸੀ ਨੂੰ ਉਸ ਦੇ ਪਾਸ ਭੇਜਿਆ।।੫।।

**ਸੁਨੁ ਰਾਜਾ ਤੈਂ ਪਰ ਮੈਂ ਅਟਕੀ।। ਭੂਲਿ ਗਈ ਸਭ ਹੀ ਸੁਧਿ ਘਟ ਕੀ।।**
**ਜੌ ਮੁਹਿ ਅਬ ਤੁਮ ਦਰਸ ਦਿਖਾਵੌਂ।। ਅੰਮ੍ਰਿਤ ਡਾਰਿ ਜਨੁ ਮ੍ਰਿਤਕ ਜਿਯਾਵੋ।। ੬।।**

ਉਸ ਰਾਜੇ ਨੂੰ ਕਹਿ ਭੇਜਿਆ ਕਿ ਰਾਜਨ ਮੇਰਾ ਦਿਲ ਹੁਣ ਤੇਰੇ ਨਾਲ ਲੱਗ ਗਿਆ ਹੈ ਅਤੇ ਮੈਂ ਘਰ ਬਾਰ ਦੀ ਸਭ ਸੁੱਧ ਭੁਲ ਗਈ ਹਾਂ। ਜੇ ਤੁਸੀਂ ਮੈਨੂੰ ਆਪਣਾ ਸੁੰਦਰ ਮੁਖੜਾ ਵਿਖਾਵੋਂ ਤਾਂ ਮਾਨੋਂ ਮੁਰਦੇ ਨੂੰ ਅੰਮ੍ਰਿਤ ਦੇ ਕੇ ਜੀਉਂਦਾ ਕਰਨ ਦੇ ਸਮਾਨ ਹੈ।।੬।।

**ਸੁਨਿ ਸਖੀ ਬਚਨ ਕੁਅਰ ਕੇ ਆਤੁਰ।। ਜਾਤ ਭਈ ਰਾਜਾ ਤਹਿ ਸਾਤਿਰ।।**
**ਜੁ ਕਛੁ ਕਹਯੋ ਕਹਿ ਤਾਹਿ ਸੁਨਾਯੋ।। ਸੁਨਿ ਬਚ ਭੂਪ ਅਧਿਕ ਲਲਚਾਯੋ।।੭।।**

ਪਦ ਅਰਥ - ਅਧਿਕ=ਲਲਚਾਯੋ=ਜ਼ਿਆਦਾ ਲਲਚਾ ਗਿਆ।

ਕੁਮਾਰੀ ਦੇ ਦੁਖੀ ਸ਼ਬਦ ਸੁਣ ਕੇ ਸਖੀ ਤੁਰੰਤ ਰਾਜੇ ਦੇ ਪਾਸ ਚਲੇ ਗਈ। ਜੋ ਕੁਝ ਉਸ ਨੂੰ ਸਮਝਾਇਆ ਗਿਆ ਸੀ ਉਹੋ ਕੁਝ ਉਸ ਰਾਜੇ ਨੂੰ ਕਹਿ ਸੁਣਾਇਆ. ਜਿਸ ਨੂੰ ਸੁਣ ਕੇ ਰਾਜਾ ਵੀ ਬਹੁਤ ਲਲਚਾ ਗਿਆ।।੭।।

**ਚਿੰਤ ਕਰੀ ਕਿਹ ਬਿਧਿ ਤਹ ਜੈਯੈ।। ਕਿਹ ਛਲ ਸਯ ਤਾਕੌ ਹਰਿ ਲਜੈਯੈ।।**
**ਸੁਨਿ ਬਚ ਭੂਖਿ ਭੂਪ ਕੀ ਭਾਗੀ।। ਤਬ ਤੇ ਅਧਿਕ ਚਟਪਟੀ ਲਾਗੀ।। ੮।।**

ਉਸ ਮਨ ਵਿਚ ਸੋਚਿਆ ਕਿ ਉਥੇ ਕਿਵੇਂ ਜਾਇਆ ਜਾਵੇ ਅਤੇ ਕਿਹੜੇ ਛੱਲ ਨਾਲ ਉਸ ਨੂੰ ਕੱਢ ਕੇ ਲਿਆਂਦਾ ਜਾਵੇ। ਸਖੀ ਦੀਆਂ ਗੱਲਾਂ ਸੁਣ ਰਾਜੇ ਦੀ ਭੁੱਖ ਪਿਆਸ ਵੀ ਮਾਰੀ ਗਈ ਅਤੇ ਮਨ ਵਿਚ ਅਜੀਬ ਪ੍ਰਕਾਰ ਦੀ ਚਟਪਟੀ ਲੱਗ ਗਈ।।੮।।

**ਭੂਪ ਸਖੀ ਤਬ ਤਹੀ ਪਠਾਈ।। ਇਸਥਿਤ ਹੁਤੀ ਜਹਾਂ ਸੁਖਦਾਈ।।**
**ਕਹਾ ਚਰਿਤ ਕਛੁ ਤੁਮਹਿ ਬਨਾਵਹੁ।। ਜਿਹ ਛਲ ਸਦਨ ਹਮਾਰੇ ਆਵਹੁ।। ੯।।**

ਰਾਜੇ ਨੇ ਫਿਰ ਸਖੀ ਨੂੰ ਉਥੇ ਭੇਜਿਆ ਜਿਥੇ ਕਿ ਉਹ ਪ੍ਰਸੰਨ ਚਿੱਤ ਬੈਠੀ ਸੀ। ਉਸ ਨੂੰ

ਕਿਹਾ ਕਿ ਤੂੰ ਕੋਈ ਚਲਿੱਤਰ ਖੇਡ ਤਾਂਕਿ ਤੂੰ ਮੇਰੇ ਘਰ ਆ ਸਕੇਂ॥੯॥

**ਏਕ ਢੋਲ ਤ੍ਰਿਯ ਕੋਰ ਮੰਗਾਵਾ॥ ਬੈਠਿ ਚਰਮ ਸੌਂ ਬੀਚ ਮੜ੍ਹਾਵਾ॥**
**ਇਸਥਿਤ ਆਪੁ ਤਵਨ ਮਹਿ ਭਈ॥ ਇਹ ਛਲ ਧਾਮ ਮਿੱਤ੍ਰ ਕੇ ਗਈ॥੧੦॥**

ਪਦ ਅਰਥ - ਚਰਮ ਸੌਂ ਬੀਚ ਮੜ੍ਹਾਵਾ=ਚੰਮ ਨਾਲ ਮੜਵਾ ਲਿਆ।

ਇਹ ਸੁਣ ਕੇ ਇਸਤਰੀ ਨੇ ਇਕ ਬਹੁਤ ਵੱਡਾ ਢੋਲ ਮੰਗਵਾਇਆ ਅਤੇ ਉਸ ਨੂੰ ਚਮੜੇ ਨਾਲ ਮੜਵਾ ਦਿੱਤਾ। ਆਪ ਉਸ ਢੋਲ ਵਿਚ ਬੈਠ ਗਈ ਅਤੇ ਇਸ ਤਰ੍ਹਾਂ ਮਿੱਤਰ ਦੇ ਘਰ ਚਲੇ ਗਈ॥੧੦॥

**ਇਹ ਛਲ ਢੋਲ ਬਜਾਵਤ ਚਲੀ॥ ਮਾਤ ਪਿਤਾ ਸਭ ਨਿਰਖਤ ਅਲੀ॥**
**ਭੇਵ ਅਭੇਵ ਨ ਕਿਨਹੂੰ ਪਾਯੋ॥ ਸਭਹੀ ਇਹ ਬਿਧਿ ਮੂੰਡ ਮੁੰਡਾਯੋ॥੧੧॥**

ਇਸ ਚਲਿੱਤਰ ਨਾਲ ਢੋਲ ਵਜਾਉਂਦੀ ਹੋਈ ਚਲੇ ਗਈ ਅਤੇ ਮਾਤਾ ਪਿਤਾ ਸਖੀਆਂ ਆਦਿ ਵੇਖਦੀਆਂ ਹੀ ਰਹਿ ਗਈਆਂ। ਕੋਈ ਭੇਤ-ਅਭੇਤ ਨ ਸਮਝ ਸਕਿਆ ਅਤੇ ਸਾਰੇ ਹੀ ਠੱਗੇ ਗਏ॥੧੧॥

**ਦੋਹਰਾ॥ ਇਹ ਚਰਿੱਤ੍ਰ ਤਨ ਚੰਚਲਾ ਗਈ ਮਿਤ੍ਰ ਕੇ ਧਾਮ॥**
**ਢੋਲ ਢਮਾਕੋ ਦੈ ਗਈ ਕਿਨਹੂੰ ਲਖਾ ਨ ਬਾਮ॥ ੧੨॥ ੧॥**

ਪਦ ਅਰਥ - ਚਰਿੱਤ੍ਰ ਤਨ=ਚਲਿੱਤਰ ਨਾਲ। ਚੰਚਲਾ=ਇਸਤਰੀ। ਧਾਮ=ਘਰ। ਢੋਲ ਢਮਾਕੌ ਦੈ ਗਈ=ਢੋਲ ਢਮੱਕੇ ਵਜਾਉਂਦੀ। ਬਾਮ=ਇਸਤਰੀ।

ਇਸ ਚਲਿੱਤਰ ਨਾਲ ਇਸਤਰੀ ਆਪਣੇ ਮਿੱਤਰ ਦੇ ਘਰ ਚਲੇ ਗਈ, ਉਹ ਢੋਲ ਨਗਾਰੇ ਵਜਾਉਂਦੀ ਚਲੀ ਗਈ ਅਤੇ ਕੋਈ ਵੀ ਉਸ ਇਸਤਰੀ ਨੂੰ ਨ ਵੇਖ ਸਕਿਆ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੫੪॥੬੫੩੨॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚਰਵੰਜਵੀਂ ਕਥਾ ਸਮਾਪਤ॥੩੫੪॥੬੫੩੨॥ਚਲਦਾ॥

## ਚਲਿੱਤਰ ਤਿੰਨ ਸੌ ਪਚਵੰਜਵਾਂ

## ਕਥਾ ਬਿਲਾਸ ਦੇਵੀ

**ਚੌਪਈ॥ ਸੁਨੁ ਰਾਜਾ ਇਕ ਕਥਾ ਅਪੂਰਬ॥ ਜੋ ਛਲ ਕਿਯਾ ਸੁਤਾ ਨ੍ਰਿਪ ਪੂਰਬ॥**

**ਭੁਜੰਗ ਧੁਜਾ ਇਕ ਭੂਪ ਕਹਾਵਤ।। ਅਮਿਤ ਦਰਬ ਬਿੱਪਨ ਪਹ ਦਜਾਵਤ।। ੧।।**

ਹੇ ਰਾਜਨ ! ਇਕ ਪਿਛਲੇ ਸਮੇਂ ਦੀ ਕਹਾਣੀ ਸੁਣੋ ਕਿ ਕਿਵੇਂ ਇਕ ਰਾਜੇ ਦੀ ਲੜਕੀ ਨੇ ਚਲਿੱਤਰ ਖੇਡਿਆ। ਭੁਜੰਗ ਧੁਜਾ ਇਕ ਰਾਜਾ ਸੀ ਜਿਹੜਾ ਬ੍ਰਾਹਮਣਾਂ ਨੂੰ ਬਹੁਤ ਧਨ ਦਾਨ ਵਿਚ ਦਿੰਦਾ ਸੀ।।੧।।

**ਅਜਿਤਾਵਤੀ ਨਗਰ ਤਿਹ ਰਾਜਤ।। ਅਮਰਾਵਤੀ ਨਿਰਖਿ ਜਿਹ ਲਾਜਤ।।**
**ਬਿਮਲਮਤੀ ਤਾਕੇ ਗ੍ਰਿਹਿ ਰਾਨੀ।। ਸੁਤਾ ਬਿਲਾਸ ਦੇਇ ਪਹਿਚਾਨੀ।। ੨।।**

ਪਦ ਅਰਥ – ਅਮਰਾਵਤੀ=ਦੇਵਤਿਆਂ ਦੀ ਪੁਰੀ, ਇੰਦਰ ਦੀ ਰਾਜਧਾਨੀ, ਪੁਰਾਣਾਂ ਵਿਚ ਇਸ ਦਾ ਘੇਰਾ ਅੱਠ ਸੌ ਮੀਲ ਦੱਸਿਆ ਹੈ। ਲਾਜਤ=ਲੱਜਿਤ ਹੁੰਦੀ ਸੀ।

ਅਜਿਤਵਤੀ ਇਕ ਨਗਰੀ ਸੀ ਜਿਸ ਨੂੰ ਵੇਖ ਕੇ ਸਵਰਗ ਦੀ ਅਮਰਾਵਤੀ ਵੀ ਲੱਜਿਤ ਹੁੰਦੀ ਸੀ। ਉਸ ਰਾਜੇ ਦੀ ਇਸਤਰੀ ਦਾ ਨਾਂ ਬਿਮਲ ਵਤੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਂ ਬਿਲਾਸ ਦੇਵੀ ਸੀ।।੨।।

**ਮੰਤ੍ਰ ਜੰਤ੍ਰ ਤਿਨ ਪੜ੍ਹੇ ਅਪਾਰਾ।। ਜਿਹ ਸਮ ਪੜੈ ਨ ਦੂਸਰਿ ਨਾਰਾ।।**
**ਗੰਗ ਸਮੁਦ੍ਰਹਿ ਜਹਾਂ ਮਿਲਾਨੀ।। ਤਹੀ ਹੁਤੀ ਤਿਨਕੀ ਰਾਜਧਾਨੀ।। ੩।।**

ਉਸ ਇਸਤਰੀ ਨੇ ਏਨੇ ਮੰਤਰ ਜੰਤਰ ਪੜ੍ਹੇ ਕਿ ਉਸ ਵਰਗੀ ਕੋਈ ਹੋਰ ਇਸਤਰੀ ਨਹੀਂ ਸੀ। ਗੰਗਾ ਦਰਿਆ ਜਿਥੇ ਜਾਕੇ ਸਮੁੰਦਰ ਨਾਲ ਮਿਲਦਾ ਹੈ, ਉਥੇ ਉਨ੍ਹਾਂ ਦੀ ਰਾਜਧਾਨੀ ਸੀ।।੩।।

**ਨਿਰਖਿ ਪ੍ਰਭਾ ਤਿਹ ਜਾਤ ਨ ਕਹੀ।। ਰਜਧਾਨੀ ਐਸੀ ਤਿਹ ਅਹੀ।।**
**ਊਚ ਧੌਲਹਰ ਤਹਾ ਸੁਧਾਰੇ।। ਜਿਨ ਪਰ ਬੈਠਿ ਪਕਰਿਯਤ ਤਾਰੇ।। ੪।।**

ਪਦ ਅਰਥ – ਊੱਚੇ ਧੌਲਹਰ=ਉਚੇ ਮਹਲ। ਬੈਠਿ ਪਕਰਿਯਤ ਤਾਰੇ=ਉਸ ਉੱਤੇ ਬੈਠ ਕੇ ਤਾਰੇ ਫੜੇ ਜਾ ਸਕਦੇ ਸਨ ਭਾਵ ਉਹ ਬਹੁਤ ਉੱਚੇ ਸਨ।

ਉਸ ਰਾਜਧਾਨੀ ਦੀ ਸ਼ੋਭਾ ਵੇਖ ਕੇ ਬਿਆਨ ਨਹੀਂ ਸੀ ਕੀਤੀ ਜਾ ਸਕਦੀ। ਉਥੇ ਦੇ ਮਹਲ ਚੁਬਾਰੇ ਏਨੇ ਉੱਚੇ ਸਨ ਕਿ ਉਨ੍ਹਾਂ ਉਤੇ ਬਹਿ ਕੇ ਤਾਰਿਆਂ ਨੂੰ ਵੀ ਫੜਿਆ ਜਾ ਸਕਦਾ ਸੀ।।੪।।

**ਮੱਜਨ ਹੇਤ ਤਹਾਂ ਨ੍ਰਿਪ ਆਵਤ।। ਨ੍ਹਾਇ ਪੂਰਬਲੇ ਪਾਪ ਗਵਾਵਤ।।**
**ਤਹ ਇਕ ਨ੍ਹਾਨ ਨਰਾਧਿਪ ਚਲੋ।। ਜੋਬਨਵਾਨ ਸਿਪਾਹੀ ਭਲੋ।। ੫।।**

ਪਦ ਅਰਥ – ਮੱਜਨ=ਇਸ਼ਨਾਨ। ਪੂਰਬਲੇ=ਪਾਪ ਗਵਾਵਤ=ਪਿਛਲੇ ਜਨਮ ਦੇ ਪਾਪਾਂ ਨੂੰ ਦੂਰ ਕਰਦਾ ਸੀ।

Namdhari Elibrary NamdhariElibrary@gmail.com

ਰਾਜਾ ਦਰਿਆ ਤੇ ਇਸ਼ਨਾਨ ਕਰਨ ਆਉਂਦਾ ਸੀ ਅਤੇ ਪਿਛਲੇ ਜਨਮ ਦੇ ਪਾਪਾਂ ਨੂੰ ਦੂਰ ਕਰਦਾ ਸੀ, ਉਥੇ ਇਕ ਦਿਨ ਇਕ ਗਭਰੂ ਸੂਰਬੀਰ ਸਿਪਾਹੀ ਨਹਾਉਣ ਵਾਸਤੇ ਆਇਆ।।੫।।

**ਸੋ ਬਿਲਾਸ ਦੇ ਨੈਨ ਨਿਹਾਰਾ।। ਮਨ ਕ੍ਰਮ ਬਚ ਇਹ ਭਾਂਤਿ ਬਿਚਾਰਾ।।**
**ਕੈ ਮੈਂ ਅਬ ਯਾਹੀ ਕਹ ਬਰਿਹੌਂ।। ਨਾਤਰ ਬੂਡਿ ਗੰਗ ਮਹਿ ਮਰਿਹੌਂ।। ੬।।**

ਬਿਲਾਸ ਦੇਵੀ ਨੇ ਜਦ ਉਸ ਸੂਰਬੀਰ ਨੂੰ ਵੇਖਿਆ, ਤਾਂ ਮਨ, ਬਚਨ ਕਰਕੇ ਇਹ ਵਿਚਾਰ ਬਣਾਇਆ ਕਿ ਜਾਂ ਤਾਂ ਇਸ ਨਾਲ ਵਿਆਹ ਕਰਾਂਗਾ ਅਤੇ ਜਾਂ ਗੰਗਾ ਵਿਚ ਡੁੱਬ ਕੇ ਮਰ ਜਾਵਾਂਗੀ।।੬।।

**ਏਕ ਸਖੀ ਲਖਿ ਹਿਤੂ ਸਿਯਾਨੀ।। ਤਾਸੌਂ ਚਿਤ ਕੀ ਬਾਤ ਬਖਾਨੀ।।**
**ਜੋ ਤਾਕੋ ਤੂੰ ਮੁਝੈ ਮਿਲਾਵੈ।। ਮੁਖ ਮਾਂਗੈ ਜੋ ਤੋ ਧਨ ਪਾਵੈ।। ੭।।**

ਉਸ ਇਕ ਹਿਤੂ ਅਤੇ ਚੱਤਰ ਦਾਸੀ ਨੂੰ ਬੁਲਾਇਆ ਅਤੇ ਉਸ ਨੂੰ ਆਪਣੇ ਮਨ ਦੀ ਸਾਰੀ ਗੱਲ ਸਮਝਾਈ। ਉਹ ਕਹਿਣ ਲੱਗੀ ਕਿ ਜੇ ਤੂੰ ਉਸ ਨੂੰ ਮੈਨੂੰ ਮਿਲਾ ਦੇਵੇਂ ਤਾਂ ਮੂੰਹ ਮੰਗਿਆਂ ਧਨ ਪ੍ਰਾਪਤ ਕਰ ਲਵੀਂ।।੭।।

**ਤਬ ਸਖਿ ਗਈ ਤਵਨ ਕੇ ਗ੍ਰੇਹਾ।। ਪਰ ਪਾਇਨ ਅਸਿ ਦਿਯੋ ਸੰਦੇਹਾ।।**
**ਰਾਜਸੁਤਾ ਤੁਮਰੈ ਪਰ ਅਟਕੀ।। ਭੂਲਿ ਗਈ ਤਾਕਹਿ ਸੁਧਿ ਘਟ ਕੀ।। ੮।।**

ਪਦ ਅਰਥ - ਗ੍ਰੇਹਾ=ਘਰ। ਪਰ ਪਾਇਨ=ਪੈਰੀਂ ਪੈਕੇ। ਸੁਧਿ ਘਟ ਕੀ=ਘਰ ਘਾਟ ਦੀ ਸੁੱਧ ਭੁੱਲ ਗਈ ਹੈ।

ਤਦ ਸਖੀ ਉਸ ਦੇ ਘਰ ਗਈ ਅਤੇ ਉਸ ਦੇ ਪੈਰਾ ਤੇ ਡਿੱਗ ਕੇ ਉਸ ਨੂੰ ਸਾਰੀ ਗੱਲ ਦੱਸੀ ਕਿ ਰਾਜ ਕੁਮਾਰੀ ਤੁਹਾਡੇ ਤੇ ਮੋਹਿਤ ਹੋ ਗਈ ਹੈ ਅਤੇ ਅਪਣੀ ਸਾਰੀ ਸੁੱਧ ਬੁੱਧ ਭੁਲ ਗਈ ਹੈ।।੮।।

**ਸੁਨਿ ਨ੍ਰਿਪ ਬਚਨ ਭਯੋ ਬਿਸਮੈ ਮਨ।। ਇਹ ਬਿਧਿ ਤਾਂਹਿ ਬਖਾਨੇ ਬੈਨਨ।।**
**ਅਸ ਕਿਛੁ ਕਰਿਯੈ ਬਚਨ ਸਯਾਨੀ।। ਸ੍ਰੀ ਬਿਲਾਸ ਦੇ ਹ੍ਵੈ ਮੁਰ ਰਾਨੀ।। ੯।।**

ਪਦ ਅਰਥ - ਬਿਸਮੈ ਮਨ=ਮਨ ਵਿਚ ਹੈਰਾਨ ਹੋਏ। ਹ੍ਵੈ ਮੁਰ ਰਾਨੀ=ਮੇਰੀ ਰਾਣੀ ਬਣ ਜਾਵੇ।

ਸੂਰਬੀਰ ਇਹ ਗੱਲ ਸੁਣ ਕੇ ਖੁਸ਼ ਹੋ ਗਿਆ ਅਤੇ ਸਖੀ ਨੂੰ ਕਹਿਣ ਲੱਗਾ ਕਿ ਕੋਈ ਐਸਾ ਉਪਾਅ ਕਰੋ ਜਿਸ ਨਾਲ ਬਿਲਾਸ ਦੇਵੀ ਮੇਰੀ ਰਾਣੀ ਬਣ ਜਾਵੇ।।੯।।

**ਚੌਪਈ।। ਤੁਮ ਨ੍ਰਿਪ ਭੇਸ ਨਾਰਿ ਕੋ ਧਾਰਹੁ।। ਭੂਖਨ ਬਸਤਰ ਅੰਗ ਸੁ ਧਾਰਹੁ।।**
**ਭੁਜੰਗ ਧੁਜ ਕਹ ਦੈ ਦਿਖਰਾਈ।। ਫੁਨਿ ਅੰਗਨਾ ਮਹਿ ਜਾਹੁ ਛਪਾਈ।। ੧੦।।**

Namdhari Elibrary NamdhariElibrary@gmail.com

ਪਦ ਅਰਥ - ਭੇਸ ਨਾਰਿ ਕੋ ਧਾਰਹੁ=ਇਸਤਰੀ ਭੇਸ ਧਾਰਨ ਕਰੋ। ਭੂਖਨ ਬਸਤ੍ਰ=ਗਹਿਣੇ ਕੱਪੜੇ। ਅੰਗਨਾ ਮਹਿ=ਵਿਹੜੇ ਵਿਚ।

ਉਹ ਕਹਿਣ ਲੱਗੀ ਕਿ ਹੇ ਰਾਜਨ! ਤੁਸੀਂ ਇਸ ਤਰ੍ਹਾਂ ਕਰੋ ਕਿ ਇਸਤਰੀ ਦੇ ਕੱਪੜੇ ਪਾਕੇ, ਗਹਿਣੇ ਪਹਿਨ ਕੇ ਖੂਬ ਹਾਰ ਸ਼ਿੰਗਾਰ ਕਰੋ। ਘਰ ਵਿਚ ਜਾਕੇ ਇਕ ਵਾਰ ਭੁਜੰਗ ਧੁਜਾ ਨੂੰ ਵਿਖਾਲੀ ਦੇ ਕੇ ਫਿਰ ਵਿਹੜੇ ਵਿਚ ਲੁਕ ਜਾਵੇਂ।।੧੦।।

**ਭੂਪਤਿ ਬਸਤ੍ਰ ਨਾਰਿ ਕੇ ਧਾਰੇ।। ਅੰਗ ਅੰਗ ਗਹਿਨਾ ਗ੍ਰਿਹਿ ਡਾਰੇ।।**
**ਭੁਜੰਗ ਧੁਜ ਕਹ ਦਈ ਦਿਖਾਈ।। ਨਿਜੁ ਅੰਗਨਾ ਮਹਿ ਗਯੋ ਲੁਕਾਈ।। ੧੧।।**

ਰਾਜੇ ਨੇ ਇਸ ਤਰ੍ਹਾਂ ਹੀ ਕੀਤਾ, ਉਸ ਇਸਤਰੀ ਦੇ ਕੱਪੜੇ ਪਾ ਕੇ, ਅੰਗ ਅੰਗ ਤੇ ਗਹਿਣੇ ਪਾ ਲਏ, ਭੁਜੰਗ ਧੁਜਾ ਨੂੰ ਵਿਖਾਈ ਦੇ ਕੇ ਉਹ ਵਿਹੜੇ ਵਿਚ ਲੁਕ ਗਿਆ।।੧੧।।

**ਨਿਰਖਿ ਭੂਪ ਤਿਹ ਰਹਾ ਲੁਭਾਇ।। ਵਹੈ ਸਖੀ ਤਹ ਦੇਇ ਪਠਾਇ।।**
**ਪ੍ਰਿਥਮੈ ਨਿਰਖਿ ਤਾਹਿ ਤੁਮ ਆਵਹੁ।। ਬਹੁਰਿ ਬਿਜਾਹ ਕੋ ਬਜੋਤ ਬਨਾਵਹੁ।। ੧੨।।**

ਰਾਜਾ ਭੁਜੰਗ ਧੁਜਾ ਉਸ ਦੇ ਰੂਪ ਨੂੰ ਵੇਖ ਕੇ, ਲਲਚਾ ਗਿਆ ਅਤੇ ਇਕ ਦਾਸੀ ਨੂੰ ਉਹਦੇ ਕੋਲ ਭੇਜਿਆ। ਉਸ ਦਾਸੀ ਨੂੰ ਕਿਹਾ ਕਿ ਪਹਿਲਾਂ ਤੂੰ ਉਸ ਨੂੰ ਵੇਖ ਕੇ ਆ ਅਤੇ ਫਿਰ ਵਿਆਹ ਦਾ ਪ੍ਰਬੰਧ ਕਰ।।੧੨।।

**ਸੁਨਤ ਬਚਨ ਸਹਚਰਿ ਤਹ ਗਈ।। ਟਾਰਿ ਘਰੀ ਦ੍ਵੈ ਆਵਤ ਭਈ।।**
**ਤਿਹ ਮੁਖ ਤੇ ਹ੍ਵੈ ਬਚਨ ਉਚਾਰੇ।। ਸੁਨਹੁ ਸ੍ਰਵਨ ਦੈ ਭੂਪ ਹਮਾਰੇ।। ੧੩।।**

ਪਦ ਅਰਥ - ਟਾਰਿ=ਟਾਲ। ਘਰੀ ਦ੍ਵੈ=ਦੋ ਘੜੀਆਂ।

ਇਹ ਗੱਲ ਸੁਣ ਕੇ ਦਾਸੀ ਉਥੇ ਗਈ ਅਤੇ ਦੋ ਘੜੀਆਂ ਟਾਲ ਕੇ ਵਾਪਸ ਆ ਗਈ। ਰਾਜੇ ਨੂੰ ਆ ਕੇ ਕਹਿਣ ਲੱਗੀ ਕਿ ਹੇ ਰਾਜਨ ! ਮੇਰੀ ਇਕ ਗੱਲ ਸੁਣੋ।।੧੩।।

**ਪ੍ਰਥਮ ਸੁਤਾ ਅਪਨੀ ਤਿਹ ਦੀਜੈ।। ਬਹੁਰੌ ਬਹਿਨਿ ਤਵਨ ਕੀ ਲੀਜੈ।।**
**ਸੁਨਤ ਬੈਨ ਨ੍ਰਿਪ ਫੇਰ ਨ ਕੀਨੋ।। ਦੁਹਿਤਹਿ ਕਾਢਿ ਤਵਨ ਕਹ ਦੀਨੋ।। ੧੪।।**

ਪਹਿਲਾਂ ਆਪਣੀ ਪੁੱਤਰੀ ਉਸ ਨੂੰ ਦੇਵੋ, ਫਿਰ ਉਸ ਦੀ ਭੈਣ ਨੂੰ ਪ੍ਰਾਪਤ ਕਰੋ। ਰਾਜੇ ਨੇ ਇਹ ਸੁਣ ਦੇਰ ਨਹੀਂ ਲਾਈ ਅਤੇ ਪੁੱਤਰੀ ਕੱਢ ਕੇ ਉਸ ਨੂੰ ਦੇ ਦਿੱਤੀ।।੧੪।।

**ਸੁਤਾ ਪ੍ਰਥਮ ਦੈ ਬਜਾਹ ਰਚਾਯੋ।। ਨ੍ਰਿਪ ਕੌ ਬਜਾਹ ਨਾਰਿ ਕਰ ਲਜਾਯੋ।।**
**ਤਬ ਤਿਨ ਬਧਿ ਤਿਹ ਜੜ੍ਹ ਕੋ ਕਿਯੋ।। ਦੁਹਿਤਾ ਸਹਿਤ ਰਾਜ ਹਰ ਲਿਯੋ।। ੧੫।।**

ਪਹਿਲਾਂ ਪੁੱਤਰੀ ਦੇ ਕੇ ਵਿਆਹ ਰਚਾਇਆ ਅਤੇ ਫਿਰ ਰਾਜੇ ਨਾਲ ਵਿਆਹ ਕਰ ਕੇ ਉਸ ਨੂੰ ਇਸਤਰੀ ਬਣਾ ਕੇ ਆਪਣੇ ਘਰ ਲੈ ਆਇਆ। ਫਿਰ ਉਸ ਮੂਰਖ ਰਾਜੇ ਪਾਸੋਂ ਪੁੱਤਰੀ ਸਮੇਤ ਰਾਜ ਖੋਹ ਲਿਆ॥੧੫॥

**ਪ੍ਰਥਮ ਸੁਤਾ ਰਾਜਾ ਕੀ ਹਰੀ॥ ਬਹੁਰਿ ਨਾਸ ਤਿਹ ਤਨ ਕੀ ਕਰੀ॥**
**ਬਹੁਰੌ ਛੀਨਿ ਰਾਜ ਤਿਨ ਲੀਨਾ॥ ਬਰਿ ਬਿਲਾਸ ਦੇਈ ਕਹ ਕੀਨਾ॥ ੧੬॥ ੧॥**

ਪਹਿਲਾ ਰਾਜੇ ਦੀ ਪੁੱਤਰੀ ਨੂੰ ਕੱਢ ਕੇ ਲਿਆਇਆ, ਫਿਰ ਰਾਜੇ ਨੂੰ ਮਾਰ ਦਿੱਤਾ। ਫਿਰ ਰਾਜ ਖੋਹ ਲਿਆ; ਇਸ ਤਰ੍ਹਾਂ ਬਿਲਾਸ ਦੇਵੀ ਨੇ ਇਹ ਸਾਰਾ ਚਲਿੱਤਰ ਕੀਤਾ॥੧੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੫੫॥੬੫੪੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪਚਵੰਜਵੀਂ ਕਥਾ ਸਮਾਪਤ॥੩੫੫॥੬੫੪੮॥ਚਲਦਾ॥

## ਚਲਿੱਤਰ ਤਿੰਨ ਸੌ ਛਪੰਜਵਾਂ

## ਕਥਾ ਦਲ ਥੰਭਨ ਦੇਵੀ

**ਚੌਪਈ॥ ਸੁਨੁ ਨ੍ਰਿਪ ਕਥਾ ਬਖਾਨੈ ਔਰੈ॥ ਜੋ ਭਈ ਏਕ ਰਾਜ ਕੀ ਠੌਰੈ॥**
**ਸ਼ਹਿਰ ਸੁ ਨਾਰ ਗਾਂਵ ਹੈ ਜਹਾਂ॥ ਸਬਲ ਸਿੰਘ ਰਾਜਾ ਇਕ ਤਹਾਂ॥ ੧॥**

ਹੇ ਰਾਜਨ ! ਤੁਹਾਨੂੰ ਇਕ ਹੋਰ ਕਹਾਣੀ ਸੁਣਾਉਂਦਾ ਹਾਂ ਜਿਹੜੀ ਕਿ ਇਕ ਰਾਜੇ ਨਾਲ ਵਾਪਰੀ। ਸੁਨਾਰ ਗਾਂਵ ਨਾਮੀਂ ਸ਼ਹਿਰ ਵਿਚ ਸਬਲ ਸਿੰਘ ਨਾਮੀਂ ਇਕ ਰਾਜਾ ਰਹਿੰਦਾ ਸੀ॥੧॥

**ਦਲ ਥੰਭਨ ਦੇਈ ਤਿਹ ਨਾਰਿ॥ ਜੰਤ੍ਰ ਮੰਤ੍ਰ ਜਿਹ ਪੜ੍ਹੇ ਸੁਧਾਰਿ॥**
**ਜੋਗੀ ਇਕ ਸੁੰਦਰ ਤਹ ਆਯੋ॥ ਜਿਹ ਸਮ ਸੁੰਦਰ ਬਿਧ ਨ ਬਨਾਯੋ॥ ੨॥**

ਦਲ ਥੰਭਨ ਦੇਵੀ ਉਸ ਦੀ ਰਾਣੀ ਸੀ, ਜਿਸ ਸਭ ਜੰਤਰ ਮੰਤਰ ਪੜ੍ਹੇ ਹੋਏ ਸਨ। ਉਥੇ ਇਕ ਜੋਗੀ ਆਇਆ ਜਿਹੜਾ ਏਨਾ ਸੁੰਦਰ ਸੀ ਕਿ ਵਿਧਾਤਾ ਨੇ ਉਹੋ ਜਿਹਾ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ॥੨॥

**ਰਾਨੀ ਨਿਰਖਿ ਰੀਝਿ ਤਿਹ ਰਹੀ॥ ਮਨ ਬਚ ਕ੍ਰਮ ਐਸੀ ਬਿਧਿ ਕਹੀ॥**
**ਜਿਹ ਚਰਿੱਤ੍ਰ ਜੁਗਿਯਾ ਕਹ ਪੈਯੈ॥ ਉਸੀ ਚਰਿੱਤ੍ਰ ਕੌ ਆਜੁ ਬਨੈਯੈ॥ ੩॥**

ਰਾਣੀ ਜੋਗੀ ਨੂੰ ਵੇਖ ਕੇ ਰੀਝ ਪਈ ਅਤੇ ਸੋਚਣ ਲੱਗੀ ਕਿ ਅਜ ਕੋਈ ਅਜਿਹਾ ਚਲਿੱਤ੍ਰ

++++++++++++++++++++++++++++++++++++++++++++++++++++++++++++

ਖੇਡਿਆ ਜਾਵੇ ਜਿਸ ਚਲਿੱਤਰ ਨਾਲ ਇਸ ਜੋਗੀ ਨੂੰ ਪ੍ਰਾਪਤ ਕੀਤਾ ਜਾ ਸਕੇ।।੩।।

**ਬ੍ਰਿਸਟਿ ਬਿਨਾ ਬਦਰਾ ਗਰਜਾਏ।। ਮੰਤ੍ਰ ਸਕਤਿ ਅੰਗਰਾ ਬਰਖਾਏ।।**
**ਸ੍ਰੋਨ ਅਸਥਿ ਪ੍ਰਿਥਮੀ ਪਰ ਪਰੈਂ।। ਨਿਰਖਿ ਲੋਗ ਸਭ ਹੀ ਜਿਯ ਡਰੈਂ।।੪।।**

ਪਦ ਅਰਥ - ਬ੍ਰਿਸਟਿ ਬਿਨਾ ਬਦਰਾ ਗਰਜਾਏ=ਮੀਂਹ ਬਿਨਾਂ ਬੱਦਲ ਗੱਜੇ। ਅੰਗਰਾ ਬਰਖਾਏ=ਅੰਗਾਰਿਆਂ ਦੀ ਵਰਖਾ ਕਰ ਦਿੱਤੀ। ਸ੍ਰੋਨ ਅਸਥਿ=ਲਹੂ ਤੇ ਹੱਡੀਆਂ।

ਉਸਦੀ ਮੰਤਰ ਜੰਤਰ ਦੀ ਸ਼ਕਤੀ ਨਾਲ ਬਿਨਾਂ ਮੀਂਹ ਤੋਂ ਬੱਦਲ ਗੱਜੇ ਅਤੇ ਅੱਗ ਦੇ ਅੰਗਾਰਿਆਂ ਦੀ ਵਰਖਾ ਹੋਈ। ਲਹੂ ਅਤੇ ਹੱਡੀਆਂ ਧਰਤੀ ਤੇ ਡਿੱਗਣ ਲੱਗੀਆਂ ਅਤੇ ਇਹ ਵੇਖ ਕੇ ਸਾਰੇ ਲੋਕ ਭੈਅ ਭੀਤ ਹੋ ਗਏ।।੪।।

**ਭੂਪ ਮੰਤ੍ਰਿਯਨ ਬੋਲਿ ਪਠਾਯੋ।। ਬੋਲਿ ਬਿਪ੍ਰ ਪੁਸਤਕਨ ਦਿਖਾਯੋ।।**
**ਇਨ ਬਿਘਨਨ ਕੋ ਕਹ ਉਪਚਾਰਾ।। ਤੁਮ ਸਭ ਹੀ ਮਿਲਿ ਕਰਹੁ ਬਿਚਾਰਾ।।੫।।**

ਰਾਜੇ ਨੇ ਸਾਰੇ ਮੰਤਰੀਆਂ ਨੂੰ ਬੁਲਾਇਆ ਅਤੇ ਬ੍ਰਾਹਮਣਾਂ ਪਾਸੋਂ ਗ੍ਰੰਥ ਖੁਲ੍ਹਵਾਏ। ਉਹ ਕਹਿਣ ਲੱਗਾ ਕਿ ਦਸੋ ਇਸ ਦਾ ਕੀ ਇਲਾਜ ਹੈ, ਤੁਸੀਂ ਸਾਰੇ ਮਿਲ ਕੇ ਸਲਾਹ ਕਰਕੇ ਦੱਸੋ।।੫।।

**ਤਬ ਲਗਿ ਬੀਰ ਹਾਂਕਿ ਤਿਹ ਰਾਨੀ।। ਇਹ ਬਿਧਿ ਸੌ ਕਹਵਾਈ ਬਾਨੀ।।**
**ਏਕ ਕਾਜ ਉਬਰੇ ਜੋ ਕਰੈ।। ਨਾਤਰ ਪ੍ਰਜਾ ਸਹਿਤ ਨ੍ਰਿਪ ਮਰੈ।।੬।।**

ਪਦ ਅਰਥ - ਏਕ ਕਾਜ ਉਬਰੇ=ਇਕ ਕੰਮ ਨਾਲ ਬਚਾਅ ਹੋ ਸਕਦਾ ਹੈ।

ਤਦ ਉਸ ਰਾਣੀ ਨੇ ਬੀਰਾਂ ਨੂੰ ਬੁਲਾ ਕੇ ਅਕਾਸ਼ ਬਾਣੀ ਕਹਿਲਵਾਈ। ਜੇ ਰਾਜਾ ਇਕ ਉਪਾਅ ਕਰੇ ਤਾਂ ਬਚ ਸਕਦਾ ਹੈ, ਨਹੀਂ ਤਾਂ ਪਰਜਾ ਸਮੇਤ ਰਾਜੇ ਦਾ ਨਾਸ ਹੋ ਜਾਵੇਗਾ।।੬।।

**ਸਭਹਿਨ ਲਖੀ ਗਗਨ ਕੀ ਬਾਨੀ।। ਬੀਰ ਬਾਕਜ ਕਿਨਹੂੰ ਨ ਪਛਾਨੀ।।**
**ਬਹੁਰਿ ਬੀਰ ਤਿਨ ਐਸ ਉਚਾਰੋ।। ਸੁ ਮੈਂ ਕਹਤ ਹੌ ਸੁਨਹੁ ਪਯਾਰੋ।।੭।।**

ਸਾਰਿਆਂ ਨੇ ਉਸ ਨੂੰ ਅਕਾਸ਼ ਬਾਣੀ ਸਮਝਿਆ ਅਤੇ ਬੀਰਾਂ ਦੀਆਂ ਗੱਲਾਂ ਨੂੰ ਨ ਪਹਿਚਾਣਿਆ। ਫਿਰ ਬੀਰ ਨੇ ਕਿਹਾ ਕਿ ਹੇ ਪਿਆਰੇ ਲੋਕੋ ਜੋ ਮੈਂ ਕਹਿੰਦਾ ਹਾਂ ਧਿਆਨ ਨਾਲ ਸੁਣੋ।।੭।।

**ਜੌ ਰਾਜਾ ਅਪਨੀ ਲੈ ਨਾਰੀ।। ਜੁਗਿਯਨ ਦੈ ਧਨ ਸਹਿਤ ਸੁਧਾਰੀ।।**
**ਤਬ ਇਹ ਪ੍ਰਜਾ ਸਹਿਤ ਨਹਿ ਮਰੈ।। ਅਬਿਚਲ ਰਾਜ ਪ੍ਰਿਥੀ ਪਰ ਕਰੈ।।੮।।**

ਜੇ ਇਹ ਰਾਜਾ ਧਨ ਸਮੇਤ ਆਪਣੀ ਰਾਣੀ ਨੂੰ ਜੋਗੀ ਨੂੰ ਦੇ ਦੇਵੇ ਤਾਂ ਫਿਰ ਇਹ ਪਰਜਾ ਸਮੇਤ ਮਰੇਗਾ ਨਹੀਂ ਅਤੇ ਸਦਾ ਪ੍ਰਿਥਵੀ ਤੇ ਰਾਜ ਕਰਦਾ ਰਹੇਗਾ।।੮।।

Namdhari Elibrary NamdhariElibrary@gmail.com

ਪ੍ਰਜਾ ਲੋਕ ਸੁਨਿ ਬਚ ਅਕੁਲਾਏ।। ਜਯੋਂ ਤਯੋਂ ਤਹਾਂ ਨ੍ਰਿਪਹਿ ਲੈ ਆਏ।।
ਜੁਗਿਯਹਿ ਦੇਇ ਦਰਬੁ ਜੁਤ ਹਾਰੀ।। ਭੇਦ ਅਭੇਦ ਕੀ ਗਤਿ ਨ ਬਿਚਾਰੀ।।੯।।

ਲੋਕ ਇਹ ਗੱਲ ਸੁਣ ਕੇ ਦੁਖੀ ਹੋਏ ਪਰ ਜਿਵੇਂ ਕਿਵੇਂ ਰਾਜੇ ਨੂੰ ਉਥੇ ਲੈ ਆਏ। ਇਸਤਰੀ ਸਮੇਤ ਧਨ, ਜੋਗੀ ਨੂੰ ਦੇ ਦਿੱਤੀ ਅਤੇ ਭੇਤ-ਅਭੇਤ ਕੁਝ ਵੀ ਨ ਜਾਣ ਸਕਿਆ।।੯।।

ਦੋਹਰਾ।। ਪ੍ਰਜਾ ਸਹਿਤ ਰਾਜਾ ਛਲਾ ਗਈ ਮਿੱਤ੍ਰ ਕੇ ਨਾਰਿ।।
ਭੇਦ ਅਭੇਦ ਭਲਾ ਬੁਰਾ ਸਕਾ ਨ ਕੋਈ ਬਿਚਾਰਿ।। ੧੦।। ੧।।

ਪਰਜਾ ਸਮੇਤ ਰਾਜੇ ਨੂੰ ਛੱਲ ਕੇ ਇਸਤਰੀ ਜੋਗੀ ਪਾਸ ਚਲੋ ਗਈ ਅਤੇ ਕੋਈ ਵੀ ਅਸਲ ਭੇਤ ਅਤੇ ਭਲੇ ਬੁਰੇ ਨੂੰ ਨ ਜਾਣ ਸਕਿਆ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੫੬।।੬੫੫੮।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛਪੰਜਵੀਂ ਕਥਾ ਸਮਾਪਤ।।੩੫੬।।੬੫੫੮।।ਚਲਦਾ।।

## ਚਲਿੱਤਰ ਦੋ ਸੌ ਸਤਵੰਜਵਾਂ

## ਕਥਾ ਖੰਜਣ ਦੇਵੀ

ਚੌਪਈ।। ਸੁਨੁ ਰਾਜਾ ਇਕ ਔਰ ਪ੍ਰਸੰਗਾ।। ਭਾਖਿ ਸੁਨਾਵਤ ਤੁਮਰੇ ਸੰਗਾ।।
ਅਚਲਾਵਤੀ ਨਗਰ ਇਕ ਰਾਜਤ।। ਸੂਰ ਸਿੰਘ ਤਹ ਭੂਪ ਬਿਰਾਜਤ।। ੧।।

ਹੇ ਰਾਜਨ ! ਇਕ ਹੋਰ ਪ੍ਰਸੰਗ ਸੁਣੋ, ਜਿਹੜਾ ਕਿ ਹੁਣ ਮੈਂ ਤੁਹਾਨੂੰ ਸਣਾਉਂਦਾ ਹਾਂ। ਅਚਲਾਵਤੀ ਨਾਮੀਂ ਇਕ ਨਗਰ ਸੀ ਜਿਥੇ ਸੂਰ ਸਿੰਘ ਨਾਮੀਂ ਇਕ ਰਾਜਾ ਸ਼ੋਭਾਇਮਾਨ ਸੀ।।੧।।

ਅੰਜਨ ਦੇਇ ਤਵਨ ਕੀ ਰਾਨੀ।। ਖੰਜਨਦੇ ਦੁਹਿਤਾ ਤਿਹ ਜਾਨੀ।।
ਅਧਿਕ ਦੁਹੂੰ ਕੀ ਪ੍ਰਭਾ ਬਿਰਾਜੈ।। ਨਿਰਖਿ ਨਰੀ ਨਾਗਿਨਿ ਮਨ ਲਾਜੈ।। ੨।।

ਉਸ ਦੀ ਇਸਤਰੀ ਦਾ ਨਾਂ ਅੰਜਨ ਦੇਵੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਂ ਖੰਜਨ ਦੇਵੀ ਸੀ। ਦੋਵੇਂ ਅਤਿ ਸੁੰਦਰ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਨਰ ਨਾਗ ਇਸਤਰੀਆਂ ਮਨ ਵਿਚ ਲੱਜਿਤ ਹੁੰਦੀਆਂ ਸਨ।।੨।।

ਤਹਾਂਏਕ ਆਯੋ ਸੌਦਾਗਰ।। ਰੂਪਵੰਤੁ ਜਨੁ ਦੁਤਿਯ ਨਿਸਾਕਰ।।

**ਜੋ ਅਬਲਾ ਤਿਹ ਰੂਪ ਨਿਹਾਰੈ॥ ਰਾਜ ਪਾਟ ਤਜਿ ਸਾਥ ਸਿਧਾਰੈ॥ ੩॥**

ਪਦ ਅਰਥ - ਦੁਤਿਯ ਨਿਸਾਕਰ=ਦੂਸਰਾ ਚੰਦ। ਅਬਲਾ=ਇਸਤਰੀ। ਨਿਹਾਰੈ=ਵੇਖਦੀ ਸੀ। ਰਾਜ ਪਾਟ ਤਜਿ=ਘਰ ਬਾਰ ਛੱਡ ਕੇ।

ਉਥੇ ਇਕ ਸੌਦਾਗਰ ਆਇਆ ਜਿਹੜਾ ਏਨਾ ਸੁੰਦਰ ਸੀ ਕਿ ਮਾਨੋਂ ਦੂਸਰਾ ਚੰਦਰਮਾਂ ਹੋਵੇ। ਜਿਹੜੀ ਵੀ ਇਸਤਰੀ ਉਸ ਨੂੰ ਵੇਖਦੀ ਸੀ, ਰਾਜ ਪਾਟ ਛੱਡ ਕੇ ਉਸੇ ਦੀ ਹੋ ਜਾਂਦੀ ਸੀ॥੩॥

**ਸੋ ਆਯੋ ਨ੍ਰਿਪ ਤ੍ਰਿਯ ਕੇ ਘਰ ਤਰ॥ ਰਾਜ ਸੁਤਾ ਨਿਰਖਾ ਤਜਿ ਦ੍ਰਿਗ ਭਰਿ॥**
**ਮਨ ਬਚ ਕ੍ਰਮ ਇਹ ਉਪਰ ਭੂਲੀ॥ ਜਨੁ ਮਦ ਪੀ ਮਤਵਾਰੀ ਝੂਲੀ॥ ੪॥**

ਪਦ ਅਰਥ - ਦ੍ਰਿਗ ਭਰਿ=ਅੱਖਾਂ ਨਾਲ। ਮਦ ਪੀ=ਸ਼ਰਾਬ ਪੀ ਕੇ।

ਇਕ ਦਿਨ ਉਹ ਰਾਣੀ ਦੇ ਮਹਲ ਦੇ ਥੱਲੇ ਆਇਆ ਤਾਂ ਰਾਜ ਕੁਮਾਰੀ ਨੇ ਉਸ ਨੂੰ ਵੇਖ ਲਿਆ। ਉਹ ਮਨ ਬਚਨ ਅਤੇ ਕਰਮ ਕਰਕੇ ਉਸ ਉਤੇ ਇਸ ਤਰ੍ਹਾਂ ਮੋਹਿਤ ਹੋ ਗਈ ਕਿ ਮਾਨੋਂ ਸ਼ਰਾਬ ਪੀ ਕੇ ਮਤਵਾਲੀ ਹੋ ਕੇ ਝੂਮ ਰਹੀ ਹੋਵੇ॥੪॥

**ਸਿੰਘ ਪ੍ਰਚੰਡ ਨਾਮ ਤਿਹ ਨਰ ਕੋ॥ ਜਨੁ ਕਰਿ ਮੁਕਤ ਕਾਮ ਕੇ ਸਿਰਕੋ॥**
**ਸਖੀ ਏਕ ਤਹ ਕੁਅਰਿ ਪਠਾਈ॥ ਕਹਿਯਹੁ ਬ੍ਰਿਥਾ ਸਜਨ ਸੌ ਜਾਈ॥ ੫॥**

ਪਦ ਅਰਥ - ਪਠਾਈ=ਭੇਜੀ। ਬ੍ਰਿਥਾ=ਵਿਥਿਆ।

ਉਸ ਵਿਅਕਤੀ ਦਾ ਨਾਂ ਪ੍ਰਚੰਡ ਸਿੰਘ ਸੀ ਅਤੇ ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿ ਕਾਮ ਵਿਚ ਅੰਨ੍ਹਾ ਹੋਇਆ ਹਾਥੀ ਹੋਵੇ। ਕੁਮਾਰੀ ਨੇ ਇਕ ਸਖੀ ਨੂੰ ਉਥੇ ਭੇਜਿਆ ਤਾਂਕਿ ਉਹ ਕੰਵਰ ਨਾਲ ਮਨ ਦੀ ਗੱਲ ਕਹਿ ਸਕੇ॥੫॥

**ਸਖੀ ਤੁਰਤੁ ਤਿਨ ਤਹ ਪਹੁਚਾਯੋ॥ ਜਸ ਨਾਵਕ ਕੋ ਤੀਰ ਚਲਾਯੋ॥**
**ਸਕਲ ਕੁਅਰਿ ਤਿਨ ਬ੍ਰਿਥਾ ਸੁਨਾਈ॥ ਮਨ ਬਚ ਰੀਝਿ ਰਹਾ ਸੁਖਦਾਈ॥ ੬॥**

ਸਖੀ ਨੇ ਝਟ ਉਥੇ ਸਨੇਹਾ ਭੇਜ ਦਿੱਤਾ ਜਿਵੇਂ ਕਿ ਖੇਵਟ ਬੇੜੀ ਨੂੰ ਕੰਢੇ ਪਹੁੰਚਾ ਦਿੰਦਾ ਹੈ। ਉਸ ਸਖੀ ਨੇ ਕੁਮਾਰੀ ਦੀ ਸਾਰੀ ਵਿਆਕੁਲਤਾ ਉਸ ਨੂੰ ਦੱਸੀ, ਜਿਸ ਨੂੰ ਸੁਣ ਕੇ ਸੌਦਾਗਰ ਵੀ ਮਨ ਬਚਨ ਅਤੇ ਕਰਮ ਕਰਕੇ ਉਸ ਤੇ ਰੀਝ ਪਿਆ॥੬॥

**ਨਦੀ ਬਹਤ ਨ੍ਰਿਪ ਗ੍ਰਿਹਿ ਤਰ ਜਹਾਂ॥ ਠਾਢ ਹੂਜਿਯਹੁ ਨਿਸਿ ਕਹ ਤਹਾਂ॥**
**ਡਾਰਿ ਦੇਗ ਮੈ ਕੁਅਰਿ ਬਹੈ ਹੈਂ॥ ਛਿੱਦ੍ਰ ਮੂੰਦਿ ਤਾਕੋ ਸਭ ਲੈਹੈਂ॥ ੭॥**

ਉਸ ਨੇ ਉਸ ਨੂੰ ਸੁਨੇਹਾ ਦਿੱਤਾ ਕਿ ਰਾਜੇ ਦੇ ਮਹਿਲ ਦੇ ਥੱਲੇ ਜਿਥੇ ਨਦੀ ਵੱਗਦੀ ਹੈ

Namdhari Elibrary NamdhariElibrary@gmail.com

ਤੁਸੀਂ ਰਾਤ ਨੂੰ ਉਥੇ ਖਲੋਤੇ ਰਹਿਣਾਂ। ਮੈਂ ਦੇਗ ਵਿਚ ਪਾ ਕੇ ਕੁਮਾਰੀ ਨੂੰ ਪਾਣੀ ਵਿਚ ਰੋੜ ਦੇਵਾਂਗੀ ਅਤੇ ਇਸ ਦੇਗ ਦਾ ਮੂੰਹ ਬੰਦ ਕਰ ਦਵਾਂਗੀ॥੭॥

**ਊਪਰ ਬਾਂਧਿ ਤੰਬੂਰਾ ਦੈ ਹੈ॥ ਇਹ ਚਰਿੱਤ੍ਰ ਮੁਹਿ ਤਾਹਿ ਮਿਲੈ ਹੈ॥**
**ਜਬ ਤੁਬਰੀ ਲਖਿਯਹੁ ਢਿਗ ਆਈ॥ ਕਾਢਿ ਭੋਗ ਦੀਜਹੁ ਸੁਖਦਾਈ॥ ੮॥**

ਦੇਗ ਦੇ ਉਤੇ ਇਕ ਤੰਬੂਰਾ ਬੰਨ੍ਹ ਦਵਾਂਗੀ ਅਤੇ ਇਸ ਚਲਿੱਤਰ ਨਾਲ ਮੈਂ ਤੁਹਾਨੂੰ ਉਸ ਨਾਲ ਮਿਲਾ ਦੇਵਾਂਗੀ। ਜਦ ਤੂੰਬੀ ਨੂੰ ਨੇੜੇ ਆਉਂਦੇ ਵੇਖਣਾ ਤਾਂ ਦੇਗ ਨੂੰ ਕੱਢ ਲੈਣਾਂ ਅਤੇ ਸੁਖੀ ਸੁਖੀ ਭੋਗ ਕਰਨਾ॥੮॥

**ਇਹ ਬਿਧਿ ਬਦਿ ਤਾਸੌ ਸੰਕੇਤਾ॥ ਦੂਤੀ ਗੀ ਨ੍ਰਿਪ ਤ੍ਰਿਯਜ ਨਿਕੇਤਾ॥**
**ਡਾਰਿ ਦੇਗ ਮੈ ਕੁਅਰਿ ਬਹਾਈ॥ ਬਾਂਧਿ ਤੂੰਬਰੀ ਤਹ ਪਹੁਚਾਈ॥ ੯॥**

ਪਦ ਅਰਥ - ਇਹ ਬਿਧਿ=ਇਸ ਵਿਧੀ ਅਨੁਸਾਰ। ਨਿਕੇਤਾ=ਘਰ।

ਇਹ ਇਸ਼ਾਰਾ ਨਿਸਚਿਤ ਕਰ ਕੇ ਉਹ ਸਖੀ ਰਾਜੇ ਦੇ ਘਰ ਗਈ ਅਤੇ ਦੇਗ ਵਿਚ ਪਾ ਕੇ ਕੁਮਾਰੀ ਨੂੰ ਬਹਾ ਦਿੱਤਾ ਅਤੇ ਤੂੰਬੀ ਬੰਨ੍ਹ ਕੇ ਉਸ ਨੂੰ ਉਥੇ ਭੇਜ ਦਿੱਤਾ॥੯॥

**ਜਬ ਬਹਤੀ ਤੁਬਰੀ ਤਹ ਆਈ॥ ਆਵਤ ਕੁਅਰਿ ਲਖਾ ਸੁਖਦਾਈ॥**
**ਐਂਚਿ ਤਹਾਂ ਤੇ ਦੇਗ ਨਿਕਾਰੀ॥ ਲੈ ਪਲਕਾ ਊਪਰ ਬੈਠਾਰੀ॥ ੧੦॥**

ਪਦ ਅਰਥ - ਐਂਚ=ਖਿੱਚ ਕੇ। ਪਲਕਾ ਊਪਰ ਬੈਠਾਰੀ=ਬਹੁਤ ਆਦਰ ਕੀਤਾ।

ਜਦ ਤੂੰਬੀ ਤਰਦੀ ਹੋਈ ਉਥੇ ਪਹੁੰਚੀ ਤਾਂ ਉਸ ਸੁਖਾਂ ਦੀ ਦਾਤੀ ਕੁਮਾਰੀ ਨੂੰ ਵੇਖਿਆ। ਖਿਚ ਕੇ ਉਸ ਦੇਗ ਨੂੰ ਕੱਢ ਲਿਆ ਅਤੇ ਉਸ ਨੂੰ ਵਿਚੋਂ ਕੱਢ ਕੇ ਪਲਕਾਂ ਤੇ ਬੈਠਾ ਲਿਆ ਭਾਵ ਬਹੁਤ ਸਤਿਕਾਰ ਕੀਤਾ॥੧੦॥

**ਪੋਸਤ ਭਾਂਗ ਅਫੀਮ ਮੰਗਾਈ॥ ਦੂਹੂੰ ਖਾਟ ਪਰ ਬੈਠਿ ਚੜ੍ਹਾਈ॥**
**ਚਾਰਿ ਪਹਰ ਤਾਸੌ ਕਰਿ ਭੋਗਾ॥ ਭੇਦ ਨ ਲਖਾ ਦੂਸਰੇ ਲੋਗਾ॥ ੧੧॥**

ਪੋਸਤ, ਭੰਗ ਅਤੇ ਅਫੀਮ ਮੰਗਵਾਈ ਅਤੇ ਦੋਹਾਂ ਨੇ ਪਲੰਘ ਤੇ ਬੈਠ ਕੇ ਇਨ੍ਹਾਂ ਦਾ ਸੇਵਨ ਕੀਤਾ। ਉਹਦੇ ਨਾਲ ਚਾਰ ਪਹਿਰ ਤਕ ਭੋਗ ਕੀਤਾ ਜਿਸ ਬਾਰੇ ਦੂਸਰੇ ਲੋਕਾਂ ਨੂੰ ਕੋਈ ਭੇਤ ਨ ਲੱਗ ਸਕਿਆ॥੧੧॥

**ਇਹ ਬਿਧਿ ਤਾਸੌ ਰੋਜ ਬੁਲਾਵੈ॥ ਕਾਮ ਭੋਗ ਕਰਿ ਤਾਹਿ ਪਠਾਵੈ॥**
**ਭੂਪ ਸਹਿਤ ਕੋਈ ਭੇਦ ਨ ਪਾਵੈ॥ ਨਿਤਪ੍ਰਤਿ ਅਪਨੋ ਮੂੰਡ ਮੁੰਡਾਵੈ॥ ੧੨॥੧॥**

**************************************************************

ਇਸ ਤਰ੍ਹਾਂ ਉਹ ਰੋਜ਼ ਉਸ ਨੂੰ ਬੁਲਾਉਂਦਾ ਸੀ ਅਤੇ ਕਾਮ ਕ੍ਰੀੜਾ ਕਰਕੇ ਉਸ ਨੂੰ ਭੇਜ ਦਿੰਦਾ ਸੀ। ਰਾਜੇ ਸਮੇਤ ਕਿਸੇ ਨੂੰ ਵੀ ਪਤਾ ਨਹੀਂ ਲੱਗਦਾ ਸੀ ਅਤੇ ਇਸ ਤਰ੍ਹਾਂ ਉਹ ਸਾਰੇ ਠੱਗੇ ਜਾਂਦੇ ਸਨ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੫੭॥੬੫੭੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਵੰਜਵੀਂ ਕਥਾ ਸਮਾਪਤ॥੩੫੭॥੬੫੭੦॥ਚਲਦਾ॥

# ਚਲਿੱਤਰ ਤਿੰਨ ਸੌ ਅਠਵੰਜਵਾਂ

# ਕਥਾ ਸੁੰਦਰ ਦੇਵੀ

**ਚੌਪਈ॥ਸੁਨੁ ਭੂਪਤਿ ਇਕ ਕਥਾ ਨਵੀਨੀ॥ਕਿਨਹੂੰ ਲਖੀ ਨ ਆਗੇ ਚੀਨੀ॥**
**ਸੁੰਦ੍ਰਾਵਤੀ ਨਗਰ ਇਕ ਸੋਹੈ॥ ਸੁੰਦਰ ਸਿੰਘ ਰਾਜਾ ਤਹ ਕੋ ਹੈ॥ ੧॥**

ਹੇ ਰਾਜਨ ! ਤੁਹਾਨੂੰ ਇਕ ਨਵੀਂ ਕਹਾਣੀ ਸੁਣਾਉਂਦਾ ਹਾਂ ਜਿਸ ਨੂੰ ਪਹਿਲਾਂ ਕਿਸੇ ਨੇ ਕਿਹਾ ਸੁਣਿਆ ਨਹੀਂ ਹੈ। ਸੁੰਦਰਵਤੀ ਨਗਰੀ ਦਾ ਇਕ ਸੁੰਦਰ ਸਿੰਘ ਨਾਮੀਂ ਰਾਜਾ ਸੀ॥੧॥

**ਸੁੰਦਰ ਦੇ ਰਾਜਾ ਕੀ ਨਾਰੀ॥ ਆਪੁ ਜਨੁਕ ਜਗਦੀਸ਼ ਸਵਾਰੀ॥**
**ਤਾਕੀ ਜਾਤ ਨ ਪ੍ਰਭਾ ਬਖਾਨੀ॥ਐਸੀ ਹੁਤੀ ਰਾਇ ਕੀ ਰਾਨੀ॥੨॥**

ਉਸ ਰਾਜੇ ਦੀ ਇਸਤਰੀ ਦਾ ਨਾਂ ਸੁੰਦਰ ਦੇਵੀ ਸੀ ਜਿਸ ਨੂੰ ਜਿਵੇਂ ਪਰਮਾਤਮਾ ਨੇ ਖੁਦ ਆਪਣੇ ਹੱਥੀਂ ਬਣਾਇਆ ਹੋਵੇ। ਉਸ ਰਾਜੇ ਦੀ ਰਾਣੀ ਏਨੀ ਸੁੰਦਰ ਸੀ ਕਿ ਉਸ ਦੀ ਸ਼ਕਲ ਦਾ ਵਰਣਨ ਨਹੀਂ ਕੀਤਾ ਜਾ ਸਕਦਾ॥੨॥

**ਤਹਿਕ ਸ਼ਾਹ ਕੋ ਪੂਤ ਅਪਾਰਾ॥ ਕਨਕ ਅਵਟਿ ਸਾਂਚੇ ਜਨੁ ਢਾਰਾ॥**
**ਨਿਰਖਿ ਨਾਕ ਜਿਹ ਸੂਆ ਰਿਸਾਨੋ॥ ਕੰਜ ਜਾਨਿ ਦ੍ਰਿਗ ਭਵਰ ਭੁਲਾਨੋ॥ ੩॥**

ਪਦ ਅਰਥ - ਤਹਿਕ=ਓਥੇ ਇਕ। ਕਨਕ=ਸੋਨਾ। ਸਾਂਚੇ=ਸੱਚੇ।

ਉਥੇ ਇਕ ਧਨੀ ਦਾ ਪੁੱਤਰ ਸੀ ਜਿਹੜਾ ਏਨਾ ਰੂਪਵੰਤ ਸੀ ਕਿ ਜਿਵੇਂ ਉਸ ਨੂੰ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਇਆ ਗਿਆ ਹੋਵੇ। ਉਸ ਦੇ ਸੁੰਦਰ ਨਕ ਨੂੰ ਵੇਖ ਕੇ ਤੋਤਾ ਵੀ ਈਰਖਾ ਕਰਦਾ ਸੀ ਅਤੇ ਉਸ ਦੇ ਸੁੰਦਰ ਨੈਣ ਵੇਖ ਕੇ ਹਿਰਨ ਵੀ ਆਪਣੇ ਆਪ ਵਿਚ ਭੁੱਲੇ ਫਿਰਦੇ ਸਨ॥੩॥

**ਕਟਿ ਕੇਹਰਿ ਲਖਿ ਅਧਿਕ ਰਿਸਾਵਤ॥ ਤਾਤੇ ਫਿਰਤ ਮ੍ਰਿਗਨ ਕਹ ਘਾਵਤ॥**

**********************************************************

**ਸੁਨਿ ਬਾਨੀ ਕੋਕਿਲ ਕੁਕਰਈ॥ ਕ੍ਰੋਧ ਜਰਤ ਕਾਰੀ ਹ੍ਵੈ ਗਈ॥ ੪॥**

ਪਦ ਅਰਥ – ਕੇਹਰਿ=ਸ਼ੇਰ। ਕੋਕਿਲ ਕੁਕਰਈ=ਕੋਇਲ ਕੁਰਲਾਈ। ਕ੍ਰੋਧ ਜਰਤ=ਗੁੱਸਾ ਕਰਕੇ। ਕਾਰੀ=ਕਾਲੀ।

ਸ਼ੇਰ ਵੀ ਉਸਦੀ ਪਤਲੀ ਕਮਰ ਨੂੰ ਵੇਖ ਕੇ ਈਰਖਾ ਕਰਦਾ ਸੀ ਅਤੇ ਗੁੱਸੇ ਦਾ ਮਾਰਿਆ ਜੰਗਲ ਵਿਚ ਹਿਰਨਾਂ ਨੂੰ ਮਾਰਦਾ ਫਿਰਦਾ ਸੀ। ਕੋਇਲ ਉਸ ਦੀ ਸੁਰੀਲੀ ਆਵਾਜ਼ ਸੁਣ ਕੇ ਹੀ ਕ੍ਰੋਧ ਦੀ ਅੱਗ ਵਿਚ ਸੜ ਕੇ ਕਾਲੀ ਹੋ ਗਈ ਸੀ।।੪।।

**ਨੈਨ ਨਿਰਖਿ ਕਰਿ ਜਲਜ ਲਜਾਨਾ॥ ਤਾਂ ਤੇ ਜਲ ਮਹਿ ਕਿਯਾ ਪਯਾਨਾ॥**
**ਅਲਕ ਹੇਰਿ ਨਾਗਿਨਿ ਰਿਸਿ ਭਰੀ॥ ਚਿਤ ਮਹਿ ਲਜਤ ਪਤਾਰਹਿ ਬਰੀ॥੫॥**

ਪਦ ਅਰਥ - ਜਲਜ=ਕੰਵਲ ਫੁਲ। ਜਲ ਮਹਿ ਕਿਯਾ ਪਯਾਨਾ=ਇਸ ਕਰਕੇ ਹੀ ਪਾਣੀ ਵਿਚ ਲੁਕ ਗਿਆ। ਅਲਕ=ਸੁੰਦਰ ਵਾਲ। ਨਾਗਿਨਿ=ਨਾਗਣਾਂ। ਰਿਸਿ ਭਰੀ=ਗੁੱਸੇ ਵਿਚ ਆ ਗਈਆਂ। ਲਜਤ ਪਤਾਰਹਿ ਬਰੀ=ਸ਼ਰਮਸਾਰ ਹੋ ਕੇ ਪਾਤਾਲ ਵਿਚ ਜਾ ਵੜੀ।

ਕੰਵਲ ਫੁਲ ਵੀ ਉਸ ਦੇ ਸੁੰਦਰ ਨੈਣਾਂ ਨੂੰ ਵੇਖ ਕੇ ਸ਼ਰਮਸਾਰ ਹੁੰਦੇ ਸਨ ਅਤੇ ਇਸੇ ਕਰ ਕੇ ਹੀ ਉਹ ਪਾਣੀ ਵਿਚ ਲੁਕ ਗਏ ਸਨ। ਉਸ ਦੇ ਵਾਲਾਂ ਦੇ ਸੁੰਦਰ ਕੁੰਡਲਾਂ ਨੂੰ ਵੇਖ ਕੇ ਨਾਗਣਾਂ ਵੀ ਸ਼ਰਮ ਦੀਆਂ ਮਾਰੀਆਂ ਪਾਤਾਲ ਲੋਕ ਵਿਚ ਜਾ ਲੁਕੀਆਂ ਸਨ।।੫।।

**ਸੋ ਆਯੋ ਰਾਜਾ ਕੇ ਪਾਸਾ॥ ਸੌਦਾ ਕੀ ਜਿਯ ਮੈ ਧਰਿ ਆਸਾ॥**
**ਸੁੰਦਰਿ ਦੇ ਨਿਰਖਤ ਤਿਹ ਕਈ॥ ਸੁਧਿ ਬੁਧਿ ਤਜਿ ਬੌਰੀ ਹ੍ਵੈ ਗਈ॥ ੬॥**

ਵਪਾਰ ਦੀ ਆਸ ਲੈ ਕੇ ਉਹ ਸ਼ਾਹ ਦਾ ਪੁੱਤਰ ਰਾਜੇ ਦੇ ਕੋਲ ਆਇਆ। ਸੁੰਦਰ ਦੇਵੀ ਉਸ ਨੂੰ ਵੇਖਦਿਆਂ ਹੀ ਹੋਸ਼ ਗਵਾ ਕੇ ਪਾਗਲ ਹੋ ਗਈ।।੬।।

**ਪਠੈ ਸਹਚਰੀ ਤਾਹਿ ਬੁਲਾਵਾ॥ ਕਾਮ ਭੋਗ ਕਿਯ ਜਸ ਮਨ ਭਾਵਾ॥**
**ਤਹ ਇਕ ਹੁਤੀ ਨ੍ਰਿਪਤਿ ਕੀ ਚੇਰੀ॥ ਹੇਰਿ ਗਈ ਜਸ ਹੇਰਿ ਅਹੇਰੀ॥੭॥**

ਪਦ ਅਰਥ - ਹੇਰਿ ਗਈ=ਵੇਖ ਗਈ। ਅਹੇਰੀ=ਸ਼ਿਕਾਰੀ ਵਾਂਗ।

ਇਕ ਸਖੀ ਨੂੰ ਭੇਜ ਕੇ ਉਸ ਨੂੰ ਬੁਲਾਇਆ ਅਤੇ ਉਸ ਨਾਲ ਮਨਚਾਹਿਆ ਭੋਗ ਕੀਤਾ। ਉਥੇ ਰਾਜੇ ਦੀ ਇਕ ਦਾਸੀ ਸੀ, ਜਿਹੜੀ ਸ਼ਿਕਾਰੀ ਵਾਂਗ ਸਭ ਕੁਝ ਵੇਖ ਗਈ।।੭।।

**ਪਾਵ ਦਾਬਿ ਨ੍ਰਿਪ ਜਾਇ ਜਗਾਯੋ॥ ਧਾਮ ਤੋਰ ਤਸਕਰਿ ਇਕ ਆਯੋ॥**
**ਰਾਨੀ ਕੇ ਸੰਗ ਕਰਤ ਬਿਲਾਸਾ॥ ਚਲਿ ਦੇਖਹੁ ਤਿਹ ਭੂਪ ਤਮਾਸਾ॥ ੮॥**

************************************************************

ਪਦ ਅਰਥ - ਪਾਵ ਦਾਬਿ=ਪੈਰ ਦੱਬ ਕੇ। ਤਸਕਰ=ਚੋਰ।

ਉਸ ਦਾਸੀ ਨੇ ਪੈਰ ਦਬਾ ਕੇ ਰਾਜੇ ਨੂੰ ਜਗਾ ਦਿੱਤਾ ਅਤੇ ਕਿਹਾ ਕਿ ਤੁਹਾਡੇ ਘਰ ਵਿਚ ਇਕ ਚੋਰ ਆ ਗਿਆ ਹੈ, ਉਹ ਰਾਣੀ ਨਾਲ ਭੋਗ ਕਰ ਰਿਹਾ ਹੈ, ਇਸ ਲਈ ਹੇ ਰਾਜਨ ਤੁਸੀਂ ਖੁਦ ਜਾ ਕੇ ਸਾਰਾ ਤਮਾਸ਼ਾ ਆਪਣੀਆਂ ਅੱਖਾਂ ਨਾਲ ਵੇਖ ਲਵੋ।।੮।।

**ਸੁਮਤ ਬਚਨ ਨ੍ਰਿਪ ਅਧਿਕ ਰਿਸਾਯੋ।। ਖੜਗ ਹਾਥ ਲੈ ਤਹਾਂ ਸਿਧਾਯੋ।।**
**ਜਬ ਅਬਲਾ ਪਤਿ ਕੀ ਸੁਧਿ ਪਾਈ।। ਅਧਿਕ ਧੂੰਮ ਤਹ ਦਿਯਾ ਜਗਾਈ।। ੯।।**

ਪਦ ਅਰਥ - ਅਧਿਕ ਧੂੰਮ=ਬਹੁਤ ਸਾਰਾ ਧੂੰਆਂ।

ਰਾਜਾ ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਅਤੇ ਤਲਵਾਰ ਲੈ ਕੇ ਉਸ ਪਾਸੇ ਚੱਲ ਪਿਆ, ਜਦ ਰਾਣੀ ਨੂੰ ਆਪਣੇ ਪਤੀ ਦੇ ਆਉਣ ਦਾ ਪਤਾ ਲੱਗਾ ਤਾਂ ਉਸ ਘਰ ਵਿਚ ਬਹੁਤ ਧੂੰਆਂ ਕਰ ਦਿੱਤਾ।।੯।।

**ਸਭ ਕੇ ਨੈਨ ਧੂਮ੍ਰ ਸੌ ਭਰੇ।। ਅਸੁਆ ਟੂਟਿ ਬਦਨ ਪਰ ਪਰੇ।।**
**ਜਬ ਰਾਨੀ ਇਹ ਘਾਤ ਪਛਾਨੀ।। ਮਿੱਤ੍ਰ ਲੰਘਾਇ ਹਿਯੇ ਹਰਖਾਨੀ।। ੧੦।।**

ਸਾਰਿਆਂ ਦੀਆਂ ਅੱਖਾਂ ਵਿਚ ਧੂੰ ਭਰ ਗਿਆ ਅਤੇ ਅੱਥਰੂ ਵੱਗਣ ਲੱਗੇ, ਜਦ ਰਾਣੀ ਨੇ ਇਹ ਮੌਕਾ ਵੇਖਿਆ ਤਾਂ ਮਿੱਤਰ ਨੂੰ ਭਜਾ ਕੇ ਖੁਸ਼ ਹੋ ਗਈ।।੧੦।।

**ਆਗੇ ਸੌ ਕਰਿ ਕਾਢਾ ਜਾਰਾ।। ਧੂਮ੍ਰ ਭਰੇ ਦ੍ਰਿਗ ਨ੍ਰਿਪਨ ਨਿਹਾਰਾ।।**
**ਪੌਛ ਨੇਤ੍ਰ ਜਬਹੀ ਗਜੋ ਤਹਾਂ।।ਕੋਊ ਨ ਪੁਰਖ ਨਿਹਾਰਾ ਉਹਾਂ।।੧੧।।**

ਸਾਰਿਆਂ ਦੇ ਸਾਹਮਣੇ ਯਾਰ ਨੂੰ ਕੱਢ ਦਿੱਤਾ ਅਤੇ ਧੂੰ ਨਾਲ ਭਰੀਆਂ ਅੱਖਾਂ ਨਾਲ ਰਾਜੇ ਨੂੰ ਵੇਖਿਆ। ਉਹ ਰਾਜਾ ਵੀ ਜਦ ਅੱਖਾਂ ਪੂੰਝ ਕੇ ਉਥੇ ਗਿਆ ਤਾਂ ਉਥੇ ਉਸ ਕਿਸੇ ਆਦਮੀ ਨੂੰ ਨ ਵੇਖਿਆ।।੧੧।।

**ਉਲਟਿ ਤਿਸੀ ਚੇਰੀ ਕਹ ਘਾਯੋ।। ਇਹ ਰਾਨੀ ਕਹ ਦੋਸ਼ ਲਗਾਯੋ।।**
**ਮੂਰਖ ਭੂਪ ਨ ਭੇਦ ਬਿਚਾਰਾ।। ਆਗੇ ਕਰਿ ਤ੍ਰਿਯ ਮਿੱਤ੍ਰ ਨਿਕਾਰਾ।। ੧੨।। ੧।।**

ਉਲਟਾ ਗੁੱਸੇ ਵਿਚ ਆ ਕੇ ਰਾਜੇ ਨੇ ਓਸੇ ਦਾਸੀ ਨੂੰ ਮਾਰ ਦਿੱਤਾ, ਜਿਸ ਰਾਣੀ ਉੱਤੇ ਅਜਿਹਾ ਇਲਜ਼ਾਮ ਲਾਇਆ ਸੀ। ਮੂਰਖ ਰਾਜਾ ਰਹਿਸ ਨ ਸਮਝ ਸਕਿਆ ਅਤੇ ਇਸਤਰੀ ਨੇ ਉਸ ਦੇ ਸਾਹਮਣੇ ਹੀ ਆਪਣੇ ਮਿੱਤਰ ਨੂੰ ਕੱਢ ਦਿੱਤਾ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੫੮।।੬੫੮੨।।ਅਫਜੂੰ।।

ਸ੍ਰੀ ਚਲਿੱਤਰ, ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਵੰਜਵੀਂ ਕਥਾ ਸਮਾਪਤ।।੩੫੮।।੬੫੮੨।।ਚਲਦਾ।।

# ਚਲਿੱਤਰ ਤਿੰਨ ਸੌ ਉਣਾਠਵਾਂ

## ਕਥਾ ਮਨਮੋਹਨ ਦੇਵੀ

**ਚੌਪਈ।। ਸੁਨੁ ਰਾਜਾ ਇਕ ਔਰ ਚਰਿੱਤ੍ਰ।। ਜਿਹ ਛਲ ਨਾਰਿ ਨਿਕਾਰਾ ਮਿੱਤ੍ਰ।।**
**ਪੂਰਬਦੇਸ ਅਪੂਰਬ ਨਗਰੀ।। ਤਿਹੂੰ ਭਵਨ ਕੇ ਬੀਚ ਉਜਗਰੀ।।੧।।**

ਹੇ ਰਾਜਨ ! ਸੁਣੋ ਤੁਹਾਨੂੰ ਇਕ ਹੋਰ ਚਲਿੱਤਰ ਸੁਣਾਉਂਦਾ ਹਾਂ ਕਿ ਕਿਸ ਤਰ੍ਹਾਂ ਇਕ ਨਾਰ ਆਪਣੇ ਮਿੱਤਰ ਨੂੰ ਛੱਲ ਨਾਲ ਕੱਢ ਦਿੱਤਾ। ਪੂਰਬ ਦੇਸ਼ ਵਿਚ ਇਕ ਪ੍ਰਾਚੀਨ ਨਗਰੀ ਸੀ, ਜਿਹੜੀ ਕਿ ਤਿੰਨਾਂ ਲੋਕਾਂ ਵਿਚ ਮਸ਼ਹੂਰ ਸੀ।।੧।।

**ਸ਼ਿਵ ਪ੍ਰਸਾਦ ਰਾਜਾ ਤਹਕੋ ਹੈ।। ਸਦਾ ਸਰਬਦਾ ਸਿਵਰਤ ਸੋਹੈ।।**
**ਭਾਵਨ ਦੇ ਤਿਹ ਨਾਰਿ ਭਣਿੱਜੈ।। ਮਨ ਮੋਹਨਿ ਦੇ ਸੁਤਾ ਕਹਿੱਜੈ।। ੨।।**

ਉਥੋਂ ਦਾ ਰਾਜਾ ਸ਼ਿਵ ਪ੍ਰਸ਼ਾਦ ਸਦਾ ਸ਼ਿਵਜੀ ਦੀ ਭਗਤੀ ਵਿਚ ਲੀਨ ਰਹਿੰਦਾ ਸੀ। ਉਸ ਦੀ ਇਸਤਰੀ ਦਾ ਨਾਂ ਭਾਵਨ ਦੇਵੀ ਸੀ ਅਤੇ ਉਨ੍ਹਾਂ ਦੀ ਪੁੱਤਰੀ ਮਨਮੋਹਨ ਦੇਵੀ ਸੀ।।੨।।

**ਸ਼ਾਹ ਮਦਾਰ ਪੀਰ ਤਹ ਜਾਹਿਰ।। ਸੇਵਤ ਜਾਂਹਿ ਭੂਪ ਨਰ ਨਾਹਰ।।**
**ਏਕ ਦਿਵਸ ਨ੍ਰਿਪ ਤਹਾਂ ਸਿਧਾਰਾ।। ਦੁਹਿਤਾ ਸਹਿਤ ਲਏ ਸੰਗ ਦਾਰਾ।। ੩।।**

ਉਥੇ ਸ਼ਾਹ ਮਦਾਰ ਨਾਮੀਂ ਇਕ ਬੜਾ ਸ਼ਕਤੀਸ਼ਾਲੀ ਜ਼ਾਹਰਾ ਪੀਰ ਸੀ, ਜਿਸ ਨੂੰ ਸਭ ਰਾਜਾ ਅਤੇ ਪਰਜਾ ਪੂਜਦੇ ਸਨ। ਇਕ ਦਿਨ ਰਾਜਾ ਉਸ ਸਥਾਨ ਤੇ ਗਿਆ, ਉਸ ਦੇ ਨਾਲ ਉਸ ਦੀ ਪਤਨੀ ਅਤੇ ਪੁੱਤਰੀ ਵੀ ਸਨ।।੩।।

**ਅੜਿੱਲ।। ਏਕ ਪੁਰਖ ਨ੍ਰਿਪ ਕੀ ਦੁਹਿਤਾ ਕਹ ਭਾਇਯੋ।।**
**ਪਠੈ ਸਹਚਰੀ ਤਾਕਹ ਤਹੀ ਬੁਲਾਇਯੋ।।**
**ਤਹੀ ਕਾਮ ਕੇ ਕੇਲ ਤਰੁਨਿ ਤਾਸੌ ਕਿਯੋ।।**
**ਹੋ ਹਸਿ ਹਸਿ ਕਰਿ ਆਸਨ ਤਾਕੌ ਕਸਿ ਕਸਿ ਲਿਯੋ।। ੪।।**

ਉਥੇ ਰਾਜ ਕੁਮਾਰੀ ਨੂੰ ਇਕ ਵਿਅੱਕਤੀ ਬਹੁਤ ਚੰਗਾ ਲੱਗਾ, ਉਸ ਨੂੰ ਉਸ ਆਪਣੀ ਇਕ ਸਹੇਲੀ ਭੇਜ ਕੇ ਬੁਲਾ ਲਿਆ। ਮੁਟਿਆਰ ਇਸਤਰੀ ਨੇ ਉਸ ਦੇ ਨਾਲ ਕਾਮ ਕ੍ਰੀੜਾ ਕੀਤੀ ਅਤੇ ਹੱਸ ਹੱਸ ਕੇ ਉਸ ਨਾਲ ਆਸਣ ਬਣਾਏ।।੪।।

Namdhari Elibrary NamdhariElibrary@gmail.com

ਪੀਰ ਚੂਰਮਾ ਹੇਤ ਜੁ ਭੂਪ ਬਨਾਇਯੋ।।
ਅਧਿਕ ਭਾਂਗ ਕੌਂ ਤਾ ਮਹਿ ਤਰੁਨਿ ਮਿਲਾਇਯੋ।।
ਸਭ ਸੋਫੀਤਿਹ ਖਾਇ ਦਿਵਾਨੇ ਹ੍ਵੈ ਪਰੇ।।
ਹੋ ਜਾਨੁ ਪ੍ਰਹਾਰ ਬਿਨਾ ਸਗਰੇ ਆਪੇ ਮਰੇ।। ੫।।

ਰਾਜੇ ਨੇ ਪੀਰ ਦੇ ਚੜ੍ਹਾਉਣ ਵਾਸਤੇ ਜੋ ਚੂਰਮਾ ਬਣਾਇਆ ਸੀ, ਰਾਜ ਕੁਮਾਰੀ ਨੇ ਉਸ ਵਿਚ ਭੰਗ ਮਿਲਾ ਦਿੱਤੀ। ਸਾਰੇ ਲੋਕ ਉਹ ਚੂਰਮਾ ਖਾ ਕੇ ਪਾਗਲ ਹੋ ਕੇ ਡਿੱਗ ਪਏ। ਉਹ ਸਾਰੇ ਬਿਨਾਂ ਕਿਸੇ ਹਥਿਆਰ ਦੇ ਮਾਰੇ ਹੀ ਮਰ ਗਏ।।੫।।

ਚੌਪਈ।। ਸੋਫੀ ਭਏ ਸਭੇ ਮਤਵਾਰੇ।। ਜਨੁ ਕਰ ਪਰੇ ਬੀਰ ਰਨ ਮਾਰੇ।।
ਰਾਜ ਸੁਤਾ ਇਤ ਘਾਤ ਪਛਾਨਾ।। ਉਠ ਪ੍ਰੀਤਮ ਸੰਗ ਕਿਯਾ ਪਯਾਨਾ।। ੬।।

ਸਾਰੇ ਇਸ ਤਰ੍ਹਾਂ ਮਤਵਾਲੇ ਹੋ ਗਏ ਜਿਵੇਂ ਮੈਦਾਨੇ ਜੰਗ ਵਿਚ ਮਰੇ ਪਏ ਹੋਣ, ਰਾਜ ਕੁਮਾਰੀ ਇਹ ਮੌਕਾ ਵੇਖ ਕੇ ਆਪਣੇ ਮਿੱਤਰ ਨਾਲ ਨਿਕਲ ਗਈ।।੬।।

ਸੋਫੀ ਕਿਨੂੰ ਨ ਆਂਖਿ ਉਘਾਰੀ।। ਲਾਤ ਜਾਨੁ ਸ਼ੈਤਾਨ ਪ੍ਰਹਾਰੀ।।
ਭੇਦ ਅਭੇਦ ਨ ਕਿਨਹੂੰ ਪਾਯੋ।। ਰਾਜ ਕੁਅਰਿ ਲੈ ਮੀਤ ਸਿਧਾਯੋ।। ੭।। ੧।।

ਸੋਫੀਆਂ ਵਿਚੋਂ ਕਿਸੇ ਨੇ ਵੀ ਅੱਖ ਨ ਖੋਲੀ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸ਼ੈਤਾਨ ਨੇ ਲੱਤ ਮਾਰ ਕੇ ਸਾਰਿਆਂ ਨੂੰ ਡੇਗ ਦਿੱਤਾ ਹੋਵੇ। ਅਸਲ ਭੇਤ ਕੋਈ ਵੀ ਨ ਜਾਣ ਸਕਿਆ ਅਤੇ ਮਿੱਤਰ ਰਾਜ ਕੁਮਾਰੀ ਨੂੰ ਲੈ ਕੇ ਚਲਾ ਗਿਆ।।੭।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੫੯।।੬੫੮੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਣਾਠਵੀਂ ਕਥਾ ਸਮਾਪਤ।।੩੫੯।।੬੫੮੯।।ਚਲਦਾ।

## ਚਲਿੱਤਰ ਤਿੰਨ ਸੌ ਸੱਠਵਾਂ

## ਕਥਾ ਝਕਝੂਮਕ ਦੇਵੀ

ਚੌਪਈ।। ਸੁਨੁ ਰਾਜਾ ਇਕ ਔਰ ਪ੍ਰਸੰਗਾ।। ਜਸ ਕਿਯ ਸੁਤਾ ਪਿਤਾ ਕੇ ਸੰਗਾ।।
ਪ੍ਰਬਲ ਸਿੰਘ ਰਾਜਾ ਇਕ ਅਤਿ ਬਲ।। ਅਰਿ ਕਾਂਪਤ ਧਾਕੇ ਡਰ ਜਲ ਥਲ।। ੧।।

ਹੇ ਰਾਜਨ ! ਇਕ ਹੋਰ ਪ੍ਰਸੰਗ ਸੁਣੋ ਜਿਸ ਵਿਚ ਇਕ ਪੁੱਤਰੀ ਨੇ ਆਪਣੇ ਪਿਤਾ ਨਾਲ ਕੀ ਛੱਲ ਕੀਤਾ। ਪਰਬਲ ਸਿੰਘ ਇਕ ਬਲਵਾਨ ਰਾਜਾ ਸੀ ਜਿਸ ਦੇ ਡਰ ਨਾਲ ਸਾਰੇ ਵੈਰੀ ਕੰਬਦੇ ਸਨ॥੧॥

**ਸ੍ਰੀ ਝਕਝੂਮਕ ਦੇ ਤਿਹ ਬਾਰਿ॥ ਘੜੀ ਆਪੁ ਜਨੁ ਬ੍ਰਹਮ ਸੁ ਨਾਰ॥**
**ਤਹ ਥੋ ਸੁਘਰ ਸੈਨ ਖਤਿਰੇਟਾ॥ ਇਸ਼ਕ ਮੁਸ਼ਕ ਕੇ ਸਾਥ ਲਪੇਟਾ॥ ੨॥**

ਝਕਝੂਮਕ ਦੇਵੀ ਉਸ ਦੀ ਪੁੱਤਰੀ ਸੀ, ਜਿਸ ਨੂੰ ਜਿਵੇਂ ਬ੍ਰਹਮਾਂ ਨੇ ਖੁਦ ਬਣਾਇਆ ਹੋਵੇ; ਉਥੇ ਇਕ ਖੱਤਰੀ ਪੁੱਤਰ ਸੁਘਰ ਸੈਨ ਰਹਿੰਦਾ ਸੀ, ਜਿਹੜਾ ਕਿ ਇਸ਼ਕ ਮੁਸ਼ਕ ਨਾਲ ਭਰਿਆ ਪਿਆ ਸੀ॥੨॥

**ਜਗੰਨਾਥ ਕਹ ਭੂਪ ਸਿਧਾਯੋ॥ ਪੁੱਤ੍ਰ ਕਲੱਤ੍ਰ ਸੰਗ ਲੈ ਆਯੋ॥**
**ਜਗੰਨਾਥ ਕੋ ਨਿਰਖ ਦਿਵਾਲਾ॥ ਬਚਨ ਬਖਾਨਾ ਭੂਪ ਉਤਾਲਾ॥ ੩॥**

ਪਦ ਅਰਥ - ਜਗੰਨਾਥ=ਜਗਨ ਨਾਥ। ਪੁੱਤ੍ਰ ਕਲੱਤ੍ਰ=ਪੁੱਤਰ ਇਸਤਰੀਆਂ। ਦਿਵਾਲਾ = ਠਾਕਰ ਦੁਆਰਾ।

ਜਦ ਰਾਜਾ ਜਗਨ ਨਾਥ ਪੁਰੀ ਨੂੰ ਗਿਆ ਤਾਂ ਉਹ ਆਪਣੇ ਨਾਲ ਅਪਣੇ ਪੁੱਤਰ ਇਸਤਰੀਆਂ ਅਤੇ ਸਾਰੇ ਪਰਿਵਾਰ ਨੂੰ ਨਾਲ ਲੈ ਗਿਆ: ਜਗਨ ਨਾਥ ਦਾ ਮੰਦਰ ਵੇਖ ਕੇ ਰਾਜੇ ਨੇ ਝਟ ਕਿਹਾ॥੩॥

**ਹਮਰੋ ਪਾਪ ਪੁਰਾਤਨ ਗਯੋ॥ ਸਫਲ ਜਨਮ ਹਮਰੋ ਅਬ ਭਯੋ॥**
**ਜਗੰਨਾਥ ਕੋ ਪਾਯੋ ਦਰਸ਼ਨ॥ ਔਰ ਕਰਾ ਹਾਥਨ ਪਰ ਪਰਸਨ॥ ੪॥**

ਪਦ ਅਰਥ - ਹਾਥਨ ਪਰ ਪਰਸਨ=ਹੱਥਾਂ ਨਾਲ ਚਰਨਾਂ ਨੂੰ ਛੂਹਿਆ ਹੈ।

ਮੇਰੇ ਪਿਛਲੇ ਜਨਮਾਂ ਦੇ ਪਾਪ ਨਸ਼ਟ ਹੋ ਗਏ ਹਨ ਅਤੇ ਮੇਰਾ ਜਨਮ ਸਫਲ ਹੋ ਗਿਆ, ਮੈਂ ਜਗਨ ਨਾਥ ਦਾ ਦਰਸ਼ਨ ਪਾਇਆ ਹੈ ਅਤੇ ਆਪਣੇ ਹੱਥਾਂ ਨਾਲ ਚਰਨਾਂ ਨੂੰ ਛੂਹਿਆ ਹੈ॥੪॥

**ਤਬ ਲਗ ਭੂਪ ਸੁਤਾ ਤਹ ਆਈ॥ ਪਿਤਾ ਸੁਨਤ ਅਸ ਕਹਾ ਸੁਨਾਈ॥**
**ਸੁਨਿ ਮੈਂ ਸੈਨ ਆਜੁ ਹਿਯਾਂ ਕਰਿਹੋ॥ ਜਿਹ ਏ ਕਹੈ ਤਿਸੀ ਕਹ ਬਰਿਹੋ॥ ੫॥**

ਉਸ ਸਮੇਂ ਰਾਜ ਕੁਮਾਰੀ ਵੀ ਆ ਗਈ ਅਤੇ ਉਸ ਪਿਤਾ ਨੂੰ ਸੁਣਾਉਂਦੇ ਹੋਏ ਕਿਹਾ ਕਿ ਅਜ ਮੈਂ ਏਥੇ ਹੀ ਸੌਂਵਾਂਗੀ ਅਤੇ ਭਗਵਾਨ ਜਗਨ ਨਾਥ ਜੋ ਮੈਨੂੰ ਆਦੇਸ਼ ਕਰਨਗੇ, ਮੈਂ ਉਸ ਵਿਅੱਕਤੀ ਨਾਲ ਹੀ ਵਿਆਹ ਕਰਾਵਾਂਗੀ॥੫॥

**ਪ੍ਰਾਤ ਉਠੀ ਤਹ ਤੇ ਸੋਈ ਜਬ॥ ਬਚਨ ਕਹਾ ਪਿਤ ਸੰਗ ਇਹ ਬਿਧਿ ਤਬ॥**
**ਸੁਘਰ ਸੈਨ ਖੱਤ੍ਰੀ ਜੋ ਆਹੀ॥ ਜਗੰਨਾਥ ਦੀਨੀ ਮੈਂ ਤਾਹੀ॥ ੬॥**

************************************************************
ਸਵੇਰੇ ਜਦ ਉਹ ਸੁਤੀ ਉਠੀ ਤਾਂ ਉਸ ਪਿਤਾ ਨੂੰ ਕਿਹਾ ਕਿ ਭਗਵਾਨ ਜਗਨ ਨਾਥ ਨੇ ਮੈਨੂੰ ਸੁਘਰ ਸੈਨ ਖੱਤਰੀ ਨੂੰ ਦੇ ਦਿੱਤਾ ਹੈ॥੬॥

**ਰਾਜੈ ਬਚਨ ਸੁਨਾ ਇਹ ਬਿਧਿ ਜਬ॥ ਐਸ ਕਹਾ ਦੁਹਿਤਾ ਕੇ ਸੰਗ ਤਬ॥**
**ਜਗੰਨਾਥ ਜਾਕਹ ਤੂੰ ਦੀਨੀ॥ ਹਮ ਸੌ ਜਾਤ ਨ ਤਾਸੌ ਲੀਨੀ॥੭॥**

ਰਾਜੇ ਨੇ ਜਦ ਇਹ ਬਚਨ ਸੁਣਿਆ ਤਾਂ ਕਹਿਣ ਲੱਗਾ ਕਿ ਭਗਵਾਨ ਜਗਨ ਨਾਥ ਨੇ ਜੋ ਵਰ ਤੈਨੂੰ ਦੇ ਦਿੱਤਾ ਹੈ, ਹੁਣ ਭਲਾ ਮੈਂ ਉਸ ਤੋਂ ਵਾਪਸ ਕਿਸ ਤਰ੍ਹਾਂ ਲੈ ਸਕਦਾ ਹਾਂ॥੭॥

**ਭੇਦ ਅਭੇਦ ਨ ਕਛੁ ਜੜ੍ਹ ਪਾਯੋ॥ ਇਹ ਛਲ ਅਪਨਾ ਮੂੰਡ ਮੁੰਡਾਯੋ॥**
**ਜਗੰਨਾਥ ਕੋ ਬਚਨ ਪਛਾਨਾ॥ ਰਾਜ ਸੁਤਾ ਲੈ ਮੀਤ ਸਿਧਾਨਾ॥ ੮॥ ੧॥**

ਪਦ ਅਰਥ - ਜੜ੍ਹ=ਮੂਰਖ। ਸਿਧਾਨਾ=ਚਲਾ ਗਿਆ।

ਉਸ ਮੂਰਖ ਰਾਜੇ ਨੇ ਭੇਤ-ਅਭੇਤ ਕੁਝ ਵੀ ਨਹੀਂ ਸਮਝਿਆ ਅਤੇ ਇਸ ਚਲਿੱਤਰ ਰਾਹੀਂ ਠਗਿਆ ਗਿਆ। ਉਸ ਇਸ ਗੱਲ ਨੂੰ ਜਗਨ ਨਾਥ ਦਾ ਬਚਨ ਮੰਨਿਆ ਅਤੇ ਓਧਰ ਮਿੱਤਰ ਸੁਘਰ ਸੈਨ ਰਾਜ ਕੁਮਾਰੀ ਨੂੰ ਲੈ ਕੇ ਚਲਦਾ ਬਣਿਆ॥੮॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੬੦॥੬੫੯੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸੱਠਵੀਂ ਕਥਾ ਸਮਾਪਤ॥੩੬੦॥੬੫੯੭॥ਚਲਦਾ॥

## ਚਲਿੱਤਰ ਤਿੰਨ ਸੌ ਇਕਾਠਵਾਂ

## ਕਥਾ ਗਜ ਗਾਮਨੀ ਦੇਵੀ

**ਚੌਪਈ॥ ਸੁਨੁ ਰਾਜਾ ਇਕ ਕਥਾ ਪੁਰਾਤਨ॥ ਜਿਹ ਬਿਧਿ ਪੰਡਿਤ ਕਹਤ ਮਹਾਂ ਮੁਨਿ॥**
**ਏਕ ਮਹੇਸ੍ਰ ਸਿੰਘ ਰਾਜਾਨਾ॥ ਡੰਡ ਦੇਤ ਜਾਕੋ ਨ੍ਰਿਪ ਨਾਨਾ॥ ੧॥**

ਪਦ ਅਰਥ - ਮਹਾਂ ਮੁਨਿ=ਵੱਡੇ ਵੱਡੇ ਰਿਸ਼ੀਆਂ ਮੁੰਨੀਆਂ। ਡੰਡ ਦੇਤ=ਟੈਕਸ ਦਿੰਦੇ ਸਨ। ਨ੍ਰਿਪ ਨਾਨਾ=ਕਈ ਰਾਜੇ।

ਹੇ ਰਾਜਨ ! ਤੁਹਾਨੂੰ ਇਕ ਪੁਰਾਣੀ ਕਥਾ ਸੁਣਾਉਂਦਾ ਹਾਂ ਜਿਸ ਨੂੰ ਪੰਡਤਾਂ ਅਤੇ ਮੁੰਨੀਆਂ ਨੇ ਵੀ ਕਿਹਾ ਹੈ। ਮਹੇਸ਼ਵਰ ਸਿੰਘ ਇਕ ਰਾਜਾ ਸੀ, ਜਿਸ ਨੂੰ ਅਨੇਕਾਂ ਰਾਜੇ ਟੈਕਸ ਭਰਦੇ ਸਨ॥੧॥

**ਨਗਰ ਮਹੇਸ੍ਰਾਵਤਿ ਤਹ ਰਾਜਤ॥ ਅਮਰਾਵਤਿ ਜਹ ਦੁਤਿਯ ਬਿਰਾਜਤ॥**

ਤਾਕੀ ਜਾਤ ਨ ਉਪਮਾ ਕਹੀ।। ਅਲਕਾ ਨਿਰਖਿ ਥਕਿਤ ਤਿਹ ਰਹੀ।। ੨।।

ਪਦ ਅਰਥ - ਦੁਤਿਯ ਬਿਰਾਜਤ=ਦੂਸਰੀ ਬਿਰਾਜਮਾਨ ਸੀ। ਅਲਕਾ=ਕੁਬੇਰ ਦੇਵਤਾ ਦੀ ਪੁਰੀ, ਜਿਸ ਨੂੰ ਹਿਮਾਲਿਆ ਪਰਬਤ ਉਤੇ ਦੱਸਿਆ ਜਾਂਦਾ ਹੈ।

ਮਹੇਸ਼ਵਰਵਤੀ ਇਕ ਨਗਰੀ ਸੀ, ਜਿਹੜੀ ਕਿ ਏਨੀ ਸੁੰਦਰ ਸੀ ਕਿ ਮਾਨੋਂ ਦੂਸਰੀ ਅਮਰਾਵਤੀ ਸੀ। ਉਸ ਦੀ ਸ਼ੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਅਲਕਾਪੁਰੀ ਵੀ ਉਸ ਨੂੰ ਵੇਖ ਕੇ ਥੱਕ ਜਾਂਦੀ ਸੀ, ਭਾਵ ਉਸਦੇ ਸਾਹਮਣੇ ਤੁੱਛ ਸੀ।।੨।।

ਗਜ ਗਾਮਿਨਿ ਦੇ ਸੁਤਾ ਭਨਿੱਜੈ।। ਚੰਦ੍ਰ ਸੂਰ ਪਟਤਰ ਮੁਖ ਦਿੱਜੈ।।
ਤਾਕੀ ਜਾਤ ਨ ਪ੍ਰਭਾ ਬਖਾਨੀ।। ਥਕਿਤ ਰਹਤ ਰਾਜਾ ਅਰੁ ਰਾਨੀ।। ੩।।

ਪਦ ਅਰਥ - ਪਟਤਰ=ਬਰਾਬਰ। ਚੰਦ੍ਰ ਸੂਰ=ਚੰਦ ਸੂਰਜ।

ਉਸ ਰਾਜਾ ਦੀ ਪੁੱਤਰੀ ਦਾ ਨਾਂ ਗਜ ਗਾਮਨੀ ਦੇਵੀ ਸੀ ਜਿਸ ਦੀ ਤੁਲਨਾਂ ਸੂਰਜ ਚੰਦ ਨਾਲ ਕੀਤੀ ਜਾ ਸਕਦੀ ਸੀ। ਉਸ ਦੀ ਪ੍ਰਭਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਰਾਜਾ ਅਤੇ ਰਾਣੀ ਵੀ ਉਸ ਨੂੰ ਵੇਖ ਵੇਖ ਥੱਕ ਜਾਂਦੇ ਸੀ, ਭਾਵ ਉਸ ਦੇ ਰੂਪ ਤੋਂ ਬਲਿਹਾਰ ਜਾਂਦੇ ਸਨ।।੩।।

ਤਾਕੀ ਲਗਨ ਏਕ ਸੋਂ ਲਾਗੀ।। ਨੀਂਦ ਭੂਖਿ ਜਾਤੇ ਸਭ ਭਾਗੀ।।
ਗਾਜੀ ਰਾਇ ਤਵਨ ਕੋ ਨਾਮਾ।। ਥਕਿਤ ਰਹਤ ਜਾਕੌ ਲਖਿ ਬਾਮਾ।। ੪।।

ਉਸ ਦਾ ਪ੍ਰੇਮ ਇਕ ਵਿਅਕਤੀ ਨਾਲ ਹੋ ਗਿਆ ਅਤੇ ਉਸ ਦੀ ਨੀਂਦ ਭੁੱਖ ਸਭ ਉੱਡ ਗਈ। ਉਸ ਆਦਮੀ ਦਾ ਨਾਂ ਗਾਜ਼ੀ ਰਾਏ ਸੀ, ਜਿਸ ਨੂੰ ਵੇਖ ਵੇਖ ਇਸਤਰੀਆਂ ਥੱਕ ਜਾਂਦੀਆਂ ਸਨ ਭਾਵ ਉਸ ਤੇ ਮੋਹਿਤ ਹੋ ਜਾਂਦੀਆਂ ਸਨ।।੪।।

ਔਰ ਘਾਤ ਜਬ ਹਾਥ ਨ ਆਈ।। ਏਕ ਨਾਵ ਤਵ ਨਿਕਟ ਮੰਗਾਈ।।
ਰਾਜ ਕੁਅਰ ਤਿਹ ਰਾਖਾ ਨਾਮਾ।। ਜਾਨਤ ਸਕਲ ਪੁਰਖ ਅਰੁ ਬਾਮਾ।। ੫।।

ਜਦ ਹੋਰ ਸਾਰੇ ਉਪਾਅ ਕਿਸੇ ਕੰਮ ਨ ਆਏ ਤਾਂ ਗਾਜ਼ੀ ਰਾਏ ਨੇ ਆਪਣੇ ਲਈ ਇਕ ਬੇੜੀ ਮੰਗਵਾਈ, ਉਸ ਬੇੜੀ ਦਾ ਨਾਂ ਰਾਜ ਕੁਮਾਰੀ ਰਖਿਆ ਜਿਸ ਨੂੰ ਸਭ ਇਸਤਰੀ ਪੁਰਖ ਜਾਣਨ ਲੱਗੇ।।੫।।

ਗਾਜੀ ਰਾਇ ਬੈਠਿ ਤਿਹ ਊਪਰ।। ਨਿਕਸਾ ਆਇ ਭੂਪ ਮਹਲਨ ਤਰ।।
ਲੈਨੀ ਹੋਇ ਨਾਵ ਤੌ ਲੀਜੈ।। ਨਾ ਤਰੁ ਮੋਹਿ ਉੱਤਰ ਕਛੁ ਦੀਜੈ।। ੬।।

ਗਾਜੀ ਰਾਏ ਉਸ ਬੇੜੀ ਵਿਚ ਬੈਠਿਆ ਅਤੇ ਰਾਜੇ ਦੇ ਮਹਲਾਂ ਦੇ ਥੱਲੇ ਆ ਨਿਕਲਿਆ, ਉਹ ਕਹਿਣ ਲੱਗਾ ਕਿ ਬੇੜੀ ਲੈਣੀ ਹੋਵੇ ਤਾਂ ਲੈ ਲਵੋ, ਨਹੀਂ ਤਾਂ ਮੈਨੂੰ ਕੋਈ ਜਵਾਬ ਦੇਵੋ।।੬।।

Namdhari Elibrary NamdhariElibrary@gmail.com

**ਮੈਂ ਲੈ ਰਾਜ ਕੁਅਰਿ ਕੌ ਜਾਊਂ।। ਬੇਚੌ ਜਾਇ ਔਰ ਹੀ ਗਾਊਂ।।**
**ਲੈਨੀ ਹੋਇ ਨਾਵ ਤਬ ਲੀਜੈ।। ਨਾ ਤਰ ਹਮੈਂ ਬਿਦਾ ਕਰਿ ਦੀਜੈ।। ੭।।**

ਮੈਂ ਆਪਣੀ ਰਾਜ ਕੁਮਾਰੀ ਨੂੰ ਲੈ ਜਾਵਾਂਗਾ ਅਤੇ ਕਿਸੇ ਹੋਰ ਪਿੰਡ ਵਿਚ ਜਾ ਕੇ ਵੇਚ ਦੇਵਾਂਗਾ। ਇਸ ਲਈ ਜੇ ਤੁਸੀਂ ਇਹ ਬੇੜੀ ਲੈਣੀ ਹੈ ਤਾਂ ਲੈ ਲਵੋ, ਨਹੀਂ ਤਾਂ ਮੈਨੂੰ ਜਵਾਬ ਦੇ ਦੇਵੋ।।੭।।

**ਮੂਰਖ ਭੂਪ ਬਾਤ ਨਹਿ ਪਾਈ।। ਬੀਤਾ ਦਿਨ ਰਜਨੀ ਹ੍ਵੈ ਆਈ।।**
**ਰਾਜ ਸੁਤਾ ਤਬ ਦੇਗ ਮੰਗਾਇ।। ਬੈਠੀ ਬੀਚ ਤਵਨ ਕੇ ਜਾਇ।। ੮।।**

ਪਦ ਅਰਥ - ਰਜਨੀ ਹ੍ਵੈ ਆਈ=ਰਾਤ ਪੈ ਗਈ।

ਮੂਰਖ ਰਾਜਾ ਕੁਝ ਸਮਝਿਆ ਨ ਅਤੇ ਦਿਨ ਬੀਤ ਗਿਆ ਤੇ ਰਾਤ ਪੈ ਗਈ। ਰਾਜ ਕੁਮਾਰੀ ਤਦ ਦੇਗ ਮੰਗਵਾ ਕੇ ਉਸ ਦੇ ਵਿਚ ਜਾ ਬੈਠੀ।।੮।।

**ਛਿਦ੍ਰ ਮੂੰਦਿ ਨੌਕਾ ਤਰ ਬਾਂਧੀ।। ਛੋਰੀ ਤਬੈ ਬਹੀ ਜਬ ਆਂਧੀ ।।**
**ਜਬ ਨ੍ਰਿਪ ਪ੍ਰਾਤ ਦਿਵਾਨ ਲਗਾਯੋ।। ਤਬ ਤਿਨ ਤਹ ਇਕ ਮਨੁਖ ਪਠਾਯੋ।। ੯।।**

ਪਦ ਅਰਥ - ਛਿਦ੍ਰ ਮੂੰਦਿ=ਛੇਕ ਬੰਦ ਕਰਕੇ।

ਮੂੰਹ ਬੰਦ ਕਰਕੇ ਉਸ ਨੂੰ ਬੇੜੀ ਦੇ ਨਾਲ ਬੰਨ੍ਹ ਦਿੱਤਾ ਅਤੇ ਤਦ ਛੱਡਿਆ ਜਦ ਹਨੇਰੀ ਆ ਗਈ। ਜਦ ਰਾਜੇ ਨੇ ਸਵੇਰੇ ਦਰਬਾਰ ਲਾਇਆ ਤਾਂ ਉਸ ਦੇ ਕੋਲ ਇਕ ਬੰਦੇ ਨੂੰ ਭੇਜਿਆ।।੯।।

**ਜੌ ਤੁਮ ਨਾਵ ਨ ਮੋਲ ਚੁਕਾਵਤ।। ਰਾਜ ਕੁਅਰਿ ਲੈ ਬਨਿਕ ਸਿਧਾਵਤ।।**
**ਜਾਨਿ ਦੇਹੁ ਜੋ ਮੋਲ ਨ ਬਨੀ।। ਮੇਰੇ ਘਰ ਨਵਕਾ ਹੈਂ ਘਨੀ।। ੧੦।।**

ਉਹ ਆਦਮੀ ਕਹਿਣ ਲੱਗਾ ਕਿ ਜੇ ਤੁਸੀਂ ਬੇੜੀ ਦਾ ਮੁੱਲ ਨਹੀਂ ਚੁਕਾਉਗੇ ਤਾਂ ਵਪਾਰੀ ਰਾਜ ਕੁਮਾਰੀ ਨੂੰ ਵਾਪਸ ਲੈ ਜਾਵੇਗਾ। ਰਾਜੇ ਨੇ ਕਿਹਾ ਕਿ ਮੇਰੇ ਪਾਸ ਅਨੇਕਾਂ ਬੇੜੀਆਂ ਹਨ, ਉਸ ਨੂੰ ਜਾਣ ਦੇਵੋ, ਸਾਡਾ ਉਸ ਨਾਲ ਭਾਅ ਨਹੀਂ ਬਣੇਗਾ।।੧੦।।

**ਹਰੀ ਕੁਅਰਿ ਰਾਜਾ ਕੌ ਕਹਿਕੈ।। ਮੂਰਖ ਸਕਾ ਭੇਦ ਨਹਿ ਲਹਿਕੈ।।**
**ਪ੍ਰਾਤ ਸੁਤਾ ਕੀ ਜਬ ਸੁਧਿ ਪਾਈ।। ਬੈਠਿ ਰਹਾ ਮੂੰਡੀ ਨਿਹੁਰਾਈ।। ੧੧।। ੧।।**

ਪਦ ਅਰਥ - ਮੂੰਡੀ ਨਿਹੁਰਾਈ=ਸਿਰ ਨਿਵਾ ਕੇ।

ਰਾਜੇ ਨੂੰ ਦੱਸ ਕੇ ਉਸ ਦੀ ਪੁੱਤਰੀ ਨੂੰ ਕੱਢ ਕੇ ਲੈ ਗਿਆ ਅਤੇ ਉਹ ਮੂਰਖ ਭੇਤ ਨ ਜਾਣ ਸਕਿਆ। ਸਵੇਰੇ ਜਦ ਉਸ ਨੂੰ ਪੁੱਤਰੀ ਬਾਰੇ ਖਬਰ ਮਿਲੀ ਤਾਂ ਸਿਰ ਦਾੜ ਕੇ ਬਹਿ ਗਿਆ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਸਠ ਚਰਿਤ੍ਰ

++++++++++++++++++++++++++++++++++++++++++++++++++++++++++++++

ਸਮਾਪਤਮ ਸਤੁ ਸੁਭਮ ਸਤੁ॥੩੬੧॥੬੬੦੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ. ਤਿਰੀਆ ਚਲਿੱਤਰ. ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਇਕਾਠਵੀਂ ਕਥਾ ਸਮਾਪਤ॥੩੬੧॥੬੬੦੮॥ਚਲਦਾ॥

# ਚਲਿੱਤਰ ਤਿੰਨ ਸੌ ਬਾਠਵਾਂ

## ਕਥਾ ਗੁੱਲੋ

**ਚੌਪਈ॥ ਸੁਨੁ ਭੂਪਤਿ ਇਕ ਕਥਾ ਬਚਿੱਤ੍ਰ॥ ਜਿਹ ਬਿਧਿ ਕਿਯ ਇਕ ਨਾਰਿ ਚਰਿੱਤ੍ਰ॥**
**ਗੁੱਲੋ ਇਕ ਖੱਤ੍ਰਾਨੀ ਆਹੀ॥ ਜੇਠ ਮੱਲ ਛੱਤ੍ਰੀ ਕਹ ਬਜਾਹੀ॥ ੧॥**

ਹੇ ਰਾਜਨ ! ਇਕ ਕਥਾ ਸੁਣੋ ਕਿ ਕਿਵੇਂ ਇਕ ਨਾਰੀ ਨੇ ਵਚਿੱਤਰ ਚਲਿੱਤਰ ਖੇਡਿਆ। ਗੁੱਲੋ ਨਾਮੀਂ ਇਕ ਖੱਤਰਾਣੀ ਸੀ ਜਿਹੜੀ ਜੇਠ ਮਲ ਨਾਮੀਂ ਇਕ ਖੱਤਰੀ ਨਾਲ ਵਿਆਹੀ ਹੋਈ ਸੀ॥੧॥

**ਤਾਕੌ ਔਰ ਪੁਰਖ ਇਕ ਭਾਯੋ॥ ਨਿਜੁ ਪਤਿ ਸੇਤੀ ਹੇਤੁ ਭੁਲਾਯੋ॥**
**ਰੈਨਿ ਦਿਵਸ ਤਿਹ ਧਾਮ ਬੁਲਾਵੈ॥ ਕਾਮ ਭੋਗ ਤਿਨ ਸਾਥ ਕਮਾਵੈ॥੨॥**

ਉਸ ਔਰਤ ਦਾ ਇਕ ਹੋਰ ਪੁਰਖ ਨਾਲ ਪਿਆਰ ਹੋ ਗਿਆ ਅਤੇ ਉਸ ਆਪਣੇ ਪਤੀ ਨੂੰ ਬਿਲਕੁਲ ਹੀ ਭੁਲਾ ਦਿੱਤਾ। ਉਹ ਰਾਤ ਦਿਨ ਉਸ ਨੂੰ ਆਪਣੇ ਘਰ ਬੁਲਾਉਂਦੀ ਸੀ ਅਤੇ ਉਸ ਨਾਲ ਕਾਮ ਭੋਗ ਕਰਦੀ ਸੀ॥੨॥

**ਇਕ ਦਿਨ ਸੁਧਿ ਤਾਕੇ ਪਤਿ ਪਾਈ॥ ਬਹੁ ਬਿਧਿ ਤਾ ਸੰਗ ਕਰੀ ਲਰਾਈ॥**
**ਅਨਿਕ ਕਰੀ ਜੂਤਿਨ ਕੀ ਮਾਰਾ॥ ਤਬ ਤਿਨ ਇਹ ਬਿਧਿ ਚਰਿਤ ਬਿਚਾਰਾ॥ ੩॥**

ਇਕ ਦਿਨ ਉਸ ਦੇ ਪਤੀ ਨੂੰ ਪਤਾ ਲੱਗ ਗਿਆ ਅਤੇ ਉਸ ਆਪਣੀ ਔਰਤ ਨਾਲ ਬਹੁਤ ਲੜਾਈ ਝਗੜਾ ਕੀਤਾ, ਉਸ ਨੂੰ ਅਨੇਕ ਜੁੱਤੀਆਂ ਮਾਰੀਆਂ ਅਤੇ ਫਿਰ ਇਸਤਰੀ ਨੇ ਇਕ ਚਲਿੱਤਰ ਸੋਚਿਆ॥੩॥

**ਤਾ ਦਿਨ ਤੇਂ ਨਿਜੁ ਪਤਿ ਕੌ ਤਜਾਗੀ॥ ਸਾਥ ਫਕੀਰਨ ਕੇ ਅਨੁਰਾਗੀ॥**
**ਵਾਹਿ ਅਤਿਥ ਕਰਿ ਕੈ ਸੰਗ ਲੀਨਾ॥ ਔਰੈ ਦੇਸ ਪਯਾਨਾ ਕੀਨਾ॥ ੪॥**

ਉਹ ਉਸੇ ਦਿਨ ਤੋਂ ਆਪਣੇ ਪਤੀ ਨੂੰ ਛੱਡ ਕੇ ਫਕੀਰਾਂ ਨਾਲ ਨਿਕਲ ਗਈ। ਉਨ੍ਹਾਂ ਵੀ ਉਸ ਨੂੰ ਫਕੀਰ ਬਣਾ ਲਿਆ ਅਤੇ ਕਿਸੇ ਦੂਸਰੇ ਦੇਸ਼ ਵਲ ਚਲੇ ਗਏ॥੪॥

**ਜਿਹ ਜਿਹ ਦੇਸ ਆਪੁ ਪਗੁ ਧਾਰੈ॥ ਤਹੀਂ ਤਹੀਂ ਵਹੁ ਸੰਗ ਸਿਧਾਰੈ॥**

Namdhari Elibrary NamdhariElibrary@gmail.com

**ਔਰ ਪੁਰਖੁ ਤਿਹ ਅਤਿਥ ਪਛਾਨੈ॥ ਤ੍ਰਿਯਾ ਚਰਿੱਤ੍ਰ ਨ ਕੋਈ ਜਾਨੈ॥੫॥੧॥**

ਜਿਥੇ ਜਿਥੇ ਉਹ ਪੈਰ ਧਰਦੇ ਸਨ, ਉਥੇ ਉਥੇ ਉਹ ਨਾਲ ਜਾਂਦੀ ਸੀ। ਸਾਰੇ ਉਸ ਨੂੰ ਫਕੀਰ ਹੀ ਸਮਝਦੇ ਸਨ ਅਤੇ ਇਸਤਰੀ ਦੇ ਚਲਿੱਤਰ ਨੂੰ ਕੋਈ ਨਹੀਂ ਜਾਣਦਾ ਸੀ॥੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬ੍ਯਾਸਿਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੬੨॥੬੬੧੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਾਠਵੀਂ ਕਥਾ ਸਮਾਪਤ॥੩੬੨॥੬੬੧੩॥ਚਲਦਾ॥

## ਚਲਿੱਤਰ ਤਿੰਨ ਸੌ ਤਿਰੇਠਵਾਂ

## ਕਥਾ ਪੰਜਾਬ ਦੇਵੀ

**ਚੌਪਈ॥ ਸੁਨ ਰਾਜਾ ਇਕ ਕਥਾ ਨਵੀਨ॥ ਜਸ ਚਰਿੱਤ੍ਰ ਕਿਯ ਨਾਰਿ ਪ੍ਰਬੀਨ॥**
**ਸਿੰਘ ਮਹੇਸ੍ਰ ਸੁਨਾ ਇਕ ਰਾਜਾ॥ ਜਿਹ ਸਮ ਔਰ ਨ ਬਿਧਨਾ ਸਾਜਾ॥੧॥**

ਪਦ ਅਰਥ - ਪ੍ਰਬੀਨ=ਚਤਰ, ਸਿਆਣੀ। ਜਿਹ ਸਮ=ਜਿਸ ਵਰਗਾ।

ਹੇ ਰਾਜਨ ! ਤੁਹਾਨੂੰ ਇਕ ਨਵੀਂ ਕਥਾ ਸੁਣਾਉਂਦਾ ਹਾਂ ਕਿ ਕਿਸ ਤਰ੍ਹਾਂ ਇਕ ਚਤਰ ਇਸਤਰੀ ਨੇ ਚਲਿੱਤਰ ਖੇਡਿਆ। ਮਹੇਸ਼ਵਰ ਸਿੰਘ ਨਾਮੀਂ ਇਕ ਰਾਜਾ ਸੁਣਿਆ ਜਾਂਦਾ ਸੀ, ਜਿਸ ਵਰਗਾ ਪ੍ਰਭੂ ਨੇ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ॥੧॥

**ਨਗਰ ਮਹੇਸ੍ਰਾਵਤਿ ਤਿਹ ਰਾਜਤ॥ ਦੇਵ ਪੁਰੀ ਜਾ ਕੌ ਲਖਿ ਲਾਜਤ॥**
**ਬਿਮਲ ਮਤੀ ਰਾਨੀ ਤਿਹ ਐਨ॥ ਜਾ ਸਮ ਸੁਨੀ ਨ ਨਿਰਖੀ ਨੈਨ॥ ੨॥**

ਮਹੇਸ਼ਵਰਵਤੀ ਇਕ ਨਗਰੀ ਸੀ ਜਿਸ ਨੂੰ ਵੇਖ ਕੇ ਸਵਰਗਪੁਰੀ ਵੀ ਲੱਜਿਤ ਹੁੰਦੀ ਸੀ, ਭਾਵ ਉਸ ਦੇ ਸਾਹਮਣੇ ਕੁਝ ਵੀ ਨਹੀਂ ਸੀ। ਉਸ ਰਾਜੇ ਦੇ ਘਰ ਬਿਮਲ ਮਤੀ ਨਾਮੀਂ ਰਾਣੀ ਸੀ ਜਿਸ ਵਰਗੀ ਸੁੰਦਰ ਕੋਈ ਵੀ ਇਸਤਰੀ ਵੇਖੀ ਸੁਣੀ ਨਹੀਂ ਗਈ ਸੀ॥੨॥

**ਸ੍ਰੀ ਪੰਜਾਬ ਦੇਇ ਤਿਹ ਬੇਟੀ॥ ਜਾ ਸਮ ਇੰਦ੍ਰ ਚੰਦ੍ਰ ਨਹਿ ਭੇਟੀ॥**
**ਅਧਿਕ ਤਵਨ ਕੀ ਪ੍ਰਭਾ ਬਿਰਾਜੈ॥ ਜਿਹ ਦੁਤਿ ਨਿਰਖਿ ਚੰਦ੍ਰਮਾ ਲਾਜੈ॥੩॥**

ਪਦ ਅਰਥ - ਭੇਟੀ=ਮਿਲੀ ਸੀ। ਪ੍ਰਭਾ ਬਿਰਾਜੈ=ਸੁੰਦਰ ਸ਼ਕਲ ਸ਼ੋਭਦੀ ਸੀ।

ਪੰਜਾਬ ਦੇਵੀ ਨਾਮੀਂ ਉਨ੍ਹਾਂ ਦੀ ਇਕ ਬੇਟੀ ਸੀ, ਜਿਸ ਵਰਗੀ ਸੁੰਦਰ ਇਸਤਰੀ ਇੰਦਰ ਅਤੇ ਚੰਦਰ ਨੂੰ ਵੀ ਨਹੀਂ ਮਿਲੀ ਸੀ। ਉਸ ਦੀ ਸੁੰਦਰ ਸ਼ਕਲ ਨੇ ਵੇਖ ਕੇ ਚੰਦਰਮਾਂ ਵੀ ਸ਼ਰਮਸਾਰ ਹੁੰਦਾ

ਸੀ॥੩॥

**ਜਬ ਜੋਬਨ ਤਾਕੇ ਤਨ ਭਯੋ॥ ਅੰਗ ਅੰਗ ਮਦਨ ਦਮਾਮੋ ਦਯੋ॥**
**ਭੂਪ ਬਜਾਹ ਕੋ ਬਿਵਤ ਬਨਾਇ॥ ਸਕਲ ਪ੍ਰੋਹਿਤਨ ਲਿਯਾ ਬੁਲਾਇ॥ ੪॥**

ਪਦ ਅਰਥ - ਮਦਨ ਦਮਾਮੋ ਦਯੋ=ਕਾਮ ਨੇ ਨਗਾਰਾ ਵਜਾਇਆ।

ਜਦ ਉਹ ਭਰ ਜੋਬਨ ਵਿਚ ਆਈ ਤਾਂ ਉਸ ਦੇ ਅੰਗ ਅੰਗ ਵਿਚ ਕਾਮਦੇਵ ਨੇ ਆ ਕੇ ਨਗਾਰੇ ਵਜਾਉਣੇ ਸ਼ੁਰੂ ਕਰ ਦਿੱਤੇ। ਰਾਜੇ ਨੇ ਵਿਆਹ ਦਾ ਪ੍ਰਬੰਧ ਕਰਕੇ ਸਾਰੇ ਪ੍ਰੋਹਤਾਂ ਨੂੰ ਬੁਲਾ ਲਿਆ॥੪॥

**ਸਿੰਘ ਸੁਰੇਸੂ ਭੂਪ ਤਬ ਚੀਨਾ॥ ਜਿਹ ਸਸਿ ਜਾਤ ਨ ਪਟਤਰ ਦੀਨਾ॥**
**ਕਰੀ ਤਵਨ ਕੇ ਸਾਥ ਸਗਾਈ॥ ਦੈ ਸਨਮਾਨ ਬਰਾਤ ਬੁਲਾਈ॥੫॥**

ਰਾਜੇ ਨੇ ਸੁਰੇਸ਼ਵਰ ਸਿੰਘ ਨਾਮੀਂ ਰਾਜੇ ਨੂੰ ਚੁਣਿਆ, ਜਿਸ ਦੀ ਬਰਾਬਰੀ ਚੰਦਰਮਾਂ ਵੀ ਨਹੀਂ ਕਰ ਸਕਦਾ ਸੀ। ਉਸ ਦੇ ਨਾਲ ਸਗਾਈ ਕਰ ਦਿੱਤੀ ਅਤੇ ਬੜੇ ਆਦਰ ਮਾਨ ਨਾਲ ਬਰਾਤ ਬੁਲਾਈ॥੫॥

**ਜੋਰਿ ਸੈਨ ਆਯੋ ਰਾਜਾ ਤਹ॥ ਰਚਾ ਬਜਾਹ ਕੋ ਬਿਵਤਾਰੇ ਜਹ॥**
**ਤਹਾਂ ਬਰਾਤ ਆਇ ਕਰਿ ਨਿਕਸੀ॥ ਰਾਨੀ ਕੰਜ ਕਲੀ ਜਿਮਿ ਬਿਗਸੀ॥੬॥**

ਪਦ ਅਰਥ - ਨਿਕਸੀ=ਨਿਕਲੀ। ਕੰਜ ਕਲੀ=ਕਚੀ ਕਲੀ। ਬਿਗਸੀ=ਪ੍ਰਸੰਨ ਹੋਈ, ਖਿੜ ਗਈ।

ਰਾਜਾ ਸੈਨਾ ਸਮੇਤ ਉਥੇ ਪਹੁੰਚ ਗਿਆ, ਜਿਥੇ ਕਿ ਵਿਆਹ ਦਾ ਪ੍ਰਬੰਧ ਕੀਤਾ ਹੋਇਆ ਸੀ। ਉਥੇ ਹੀ ਬਰਾਤ ਆ ਗਈ ਅਤੇ ਰਾਣੀ ਵੀ ਫੁਲ ਦੀ ਕਲੀ ਵਾਂਗ ਖਿੜ ਗਈ॥੬॥

**ਦੋਹਰਾ॥ ਰਾਜ ਸੁਤਾ ਸੁੰਦਰ ਹੁਤੀ ਤਿਹ ਬਰ ਹੋਤ ਕੁਰੂਪ॥**
**ਬਿਮਨ ਭਈ ਅਬਲਾ ਨਿਰਖਿ ਜਨੁ ਜਿਯ ਹਾਰਾ ਜੂਪ॥ ੭॥**

ਪਦ ਅਰਥ - ਰਾਜ ਸੁਤਾ=ਰਾਜ ਕੁਮਾਰੀ। ਕੁਰੂਪ=ਭੈੜੀ ਸ਼ਕਲ। ਬਿਮਨ ਭਈ=ਉਦਾਸ ਹੋ ਗਈ। ਹਾਰਾ ਜੂਪ=ਜੂਏ ਵਿਚ ਹਾਰ ਗਿਆ ਹੋਵੇ।

ਰਾਜ ਕੁਮਾਰੀ ਬਹੁਤ ਸੰਦਰ ਸੀ, ਪਰ ਉਸ ਦੇ ਮੁਕਾਬਲੇ ਵਿਚ ਉਸ ਦਾ ਵਰ ਏਨਾ ਸੁੰਦਰ ਨਹੀਂ ਸੀ। ਉਹ ਉਸ ਨੂੰ ਵੇਖ ਕੇ ਬਹੁਤ ਉਦਾਸ ਹੋ ਗਈ ਜਿਵੇਂ ਕਿ ਕੋਈ ਜੁਆਰੀਆ ਜੂਏ ਵਿਚ ਹਾਰ ਜਾਂਦਾ ਹੈ॥੭॥

**ਚੌਪਈ॥ ਏਕ ਸ਼ਾਹ ਕੋ ਪੂਤ ਹੁਤੋ ਸੰਗ॥ ਸੁੰਦਰ ਹੁਤੇ ਸਕਲ ਜਾਕੇ ਅੰਗ॥**
**ਰਾਜ ਸੁਤਾ ਲਖ ਤਾਹਿ ਲੁਭਾਈ॥ ਗਿਰੀ ਧਰਨਿ ਜਨੁ ਨਾਗ ਚਬਾਈ॥ ੮॥**

ਰਾਜੇ ਦੇ ਨਾਲ ਇਕ ਸ਼ਾਹ ਦਾ ਪੁੱਤਰ ਵੀ ਸੀ ਜਿਸ ਦੇ ਸਾਰੇ ਅੰਗ ਅਤਿ ਸੁੰਦਰ ਸਨ। ਰਾਜ ਕੁਮਾਰੀ ਉਸ ਉਤੇ ਮੋਹਿਤ ਹੋ ਗਈ ਅਤੇ ਇਸ ਤਰ੍ਹਾਂ ਧਰਤੀ ਤੇ ਡਿੱਗ ਪਈ ਜਿਵੇਂ ਉਸ ਨੂੰ ਨਾਗ ਨੇ ਡੱਸ ਲਿਆ ਹੋਵੇ।।੮।।

**ਸੁਤਾ ਗਿਰੀ ਮੱਇਯਾ ਤਹ ਆਈ।। ਸੀਂਚਿ ਬਾਰਿ ਬਹੁ ਚਿਰੈ ਜਗਾਈ।।**
**ਜਬ ਤਾਕੋ ਬਹੁਰੌ ਸੁਧਿ ਆਈ।। ਉਲਟਿ ਗਿਰੀ ਜਨ ਲਗੀ ਹਵਾਈ।। ੯।।**

ਜਿਥੇ ਪੁੱਤਰੀ ਡਿਗੀ ਪਈ ਸੀ, ਉਥੇ ਉਸ ਦੀ ਮਾਂ ਆ ਗਈ ਅਤੇ ਉਸ ਪਾਣੀ ਛਿੜਕ ਕੇ ਪੁੱਤਰੀ ਨੂੰ ਹੋਸ਼ ਵਿਚ ਲਿਆਂਦਾ। ਜਦ ਉਸ ਨੂੰ ਫਿਰ ਹੋਸ਼ ਆਈ ਤਾਂ ਉਹ ਫਿਰ ਇਸ ਤਰ੍ਹਾਂ ਉਲਟ ਕੇ ਡਿੱਗੀ ਕਿ ਜਿਵੇਂ ਉਸ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ ਹੋਵੇ।।੯।।

**ਪਹਿਰਕ ਬਿਤੇ ਬਹੁਰਿ ਸੁਧਿ ਆਈ।। ਰੋਇ ਮਾਤ ਸੌ ਬਾਤ ਜਨਾਈ।।**
**ਅਗਨਿ ਜਾਰਿ ਮੁਹਿ ਅਬੈ ਜਰਾਵੈਂ।। ਇਹੁ ਕੁਰੂਪ ਕੇ ਧਾਮ ਨ ਦਜਾਵੈਂ।। ੧੦।।**

ਪਦ ਅਰਥ – ਪਹਿਰਕ=ਇਕ ਪਹਿਰ। ਅਗਨਿ ਜਾਰਿ=ਅੱਗ ਬਾਲਕੇ।

ਲੱਗ ਪਗ ਇਕ ਪਹਿਰ ਬੀਤਣ ਤੇ ਜਦ ਉਸ ਨੂੰ ਫਿਰ ਹੋਸ਼ ਆਈ ਤਾਂ ਉਸ ਰੋ ਕੇ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਉਹ ਕਹਿਣ ਲੱਗੀ ਅੱਗ ਲਾ ਕੇ ਮੈਨੂੰ ਹੁਣੇਂ ਹੀ ਸਾੜ ਦੇਵੋ ਪਰ ਇਸ ਕਰੂਪ ਦੇ ਘਰ ਨ ਭੇਜੋ।।੧੦।।

**ਮਾਤਹਿ ਹੁਤੀ ਸੁਤਾ ਅਤਿ ਪਜਾਰੀ।। ਚਿੰਤਾ ਕਰੀ ਚਿੱਤ ਮਹਿ ਭਾਰੀ।।**
**ਜਿਨਿ ਇਹ ਰਾਜ ਸੁਤਾ ਮਰਿ ਜਾਇ।। ਕਹਾ ਕਰੈ ਤਾਕੀ ਤਬ ਮਾਇ।। ੧੧।।**

ਮਾਂ ਨੂੰ ਪੁੱਤਰੀ ਬਹੁਤ ਪਿਆਰੀ ਸੀ, ਉਸ ਨੂੰ ਵੀ ਮਨ ਵਿਚ ਬਹੁਤ ਚਿੰਤਾ ਹੋਈ, ਉਹ ਸੋਚਣ ਲੱਗੀ ਕਿਤੇ ਇਹ ਰਾਜ ਕੁਮਾਰੀ ਮਰ ਹੀ ਨ ਜਾਵੇ, ਫਿਰ ਉਸ ਦੀ ਮਾਂ ਕੀ ਕਰੇਗੀ।।੧੧।।

**ਜਬ ਨ੍ਰਿਪ ਸੁਤਾ ਕਛੂ ਸੁਧਿ ਪਾਈ।। ਰੋਇ ਮਾਤ ਸੌ ਬਾਤ ਸੁਨਾਈ।।**
**ਧ੍ਰਿਗ ਮੁਹਿ ਰਾਜ ਸੁਤਾ ਕਜੋਂ ਭਈ।। ਕਿਸੀ ਸ਼ਾਹ ਕੇ ਧਾਮ ਨ ਗਈ।। ੧੨।।**

ਜਦ ਰਾਜੇ ਦੀ ਪੁੱਤਰੀ ਨੂੰ ਹੋਸ਼ ਆਈ ਤਾਂ ਉਹ ਕਹਿਣ ਲੱਗੀ ਕਿ ਮੈਨੂੰ ਧਿਰਕਾਰ ਹੈ ਕਿ ਮੈਂ ਇਕ ਰਾਜੇ ਦੇ ਘਰ ਜਨਮ ਲਿਆ ਹੈ ਅਤੇ ਇਕ ਰਾਜ ਕੁਮਾਰੀ ਬਣੀ ਹਾਂ। ਜੇ ਮੈਂ ਇਕ ਸ਼ਾਹ ਦੇ ਘਰ ਜਨਮ ਲੈਂਦੀ ਤਾਂ ਸ਼ਾਹ ਦੇ ਘਰ ਜਾਂਦੀ।।੧੨।।

**ਮੋਰੋ ਭਾਗ ਲੋਪ ਹ੍ਵੈ ਗਯੋ।। ਤਾਂਤੇ ਜਨਮ ਭੂਪ ਕੋ ਲਯੋ।।**
**ਅਬ ਐਸੇ ਕੁਰੂਪ ਕੇ ਜੈਹੌਂ।। ਰੈਨਿ ਦਿਵਸ ਸਭ ਰੋਤ ਬਿਤੈਹੌਂ।। ੧੩।।**

ਪਦ ਅਰਥ - ਲੋਪ=ਅਲੋਪ, ਗੁੰਮ। ਬਿਤੈ ਹੌਂ=ਬੀਤਾਵਾਂਗੀ।

ਮੇਰੀ ਕਿਸਮਤ ਹੀ ਬਰਬਾਦ ਹੋ ਗਈ ਹੈ, ਜਿਹੜਾ ਮੈਂ ਇਕ ਰਾਜੇ ਦੇ ਘਰ ਜਨਮ ਲਿਆ ਹੈ, ਜੇ ਹੁਣ ਅਜਿਹੇ ਕਰੂਪ ਨਾਲ ਜਾਂਦੀ ਹਾਂ ਤਾਂ ਦਿਨ ਰਾਤ ਹੀ ਰੋਂਦੀ ਰਹਾਂਗੀ॥੧੩॥

**ਧ੍ਰਿਗ ਮੁਹਿ ਨਾਰਿ ਜੋਨਿ ਕਸ ਧਰੀ॥ ਕਜੌਂ ਭੂਪਤਿ ਕੇ ਧਾਮੌਂਤਰੀ॥**
**ਮਾਂਗੀ ਦੇਤ ਨ ਮ੍ਰਿਤੁ ਬਿਧਾਤਾ॥ ਅਬ ਹੀ ਕਰੌ ਦੇਹਿ ਕੌਂ ਘਾਤਾ॥ ੧੪॥**

ਪਦ ਅਰਥ - ਧਾਮੌਂਤਰੀ=ਜਨਮ ਲਿਆ। ਘਾਤਾ=ਮਾਰ ਦੇਵੇਂ।

ਮੇਰੇ ਨਾਰੀ ਹੋਣ ਤੇ ਵੀ ਧਿਰਕਾਰ ਹੈ, ਮੈਂ ਭਲਾ ਕਿਉਂ ਰਾਜੇ ਦੇ ਘਰ ਜਨਮ ਲਿਆ ? ਮੰਗਣ ਨਾਲ ਤਾਂ ਵਿਧਾਤਾ ਮੌਤ ਵੀ ਨਹੀਂ ਦਿੰਦਾ। ਮੈਂ ਹੁਣੇ ਹੀ ਆਤਮਘਾਤ ਕਰ ਲਵਾਂਗੀ॥੧੪॥

**ਦੋਹਰਾ॥ ਮੁਖ ਮਾਂਗੇ ਜੋ ਪੁਰਖ ਕੋ ਭਲੋ ਬੁਰੋ ਕੁਛ ਹੋਇ॥**
**ਤੌ ਦੁਖਿਯਾ ਇਹ ਜਗਤ ਮੈ ਜਿਯਤ ਨ ਉਬਰੈ ਕੋਇ॥ ੧੫॥**

ਜੇ ਮੂੰਹ ਮੰਗਿਆ ਭਲਾ ਬੁਰਾ ਹੋ ਜਾਵੇ ਤਾਂ ਇਸ ਸੰਸਾਰ ਵਿਚ ਕੋਈ ਵੀ ਦੁਖੀ ਨ ਬਚੇ॥੧੫॥

**ਚੌਪਈ॥ ਅਬ ਮੈਂ ਮਾਰਿ ਕਟਾਰੀ ਮਰਿ ਹੌਂ॥ ਨਾ ਤਰ ਬਸਤ੍ਰ ਭਗੌਹੇ ਧਰਿਹੌਂ॥**
**ਬਰੌ ਤ ਪੂਤ ਸ਼ਾਹ ਕੋ ਬਰੌ॥ ਨਾ ਤਰ ਆਜੁ ਖਾਇ ਬਿਖੁ ਮਰੌ॥ ੧੬॥**

ਹੁਣ ਮੈਂ ਕਟਾਰ ਮਾਰ ਕੇ ਮਰ ਜਾਵਾਂਗੀ ਜਾਂ ਭਗਵੇਂ ਕਪੜੇ ਪਾ ਲਵਾਂਗੀ। ਜੇ ਮੈਂ ਵਿਆਹ ਕਰਾਂਗੀ ਤਾਂ ਸ਼ਾਹ ਦੇ ਪੁੱਤਰ ਨਾਲ ਕਰਾਂਗੀ ਨਹੀਂ ਤਾਂ ਅਜ ਹੀ ਜ਼ਹਿਰ ਖਾ ਕੇ ਮਰ ਜਾਵਾਂਗੀ॥ ੧੬॥

**ਰਾਨੀ ਕੋ ਦੁਹਿਤਾ ਥੀ ਪਜਾਰੀ॥ ਸੋਈ ਕਰੀ ਜੁ ਤਾਹਿ ਉਚਾਰੀ॥**
**ਚੇਰੀ ਕਾਢਿ ਤਵਨ ਕਹ ਦੀਨੀ॥ ਭੂਪ ਸੁਤਾ ਕਰਿ ਤਿਨ ਜੜ੍ਹ ਚੀਨੀ॥ ੧੭॥**

ਰਾਣੀ ਨੂੰ ਆਪਣੀ ਪੁੱਤਰੀ ਨਾਲ ਬਹੁਤ ਪਿਆਰ ਸੀ, ਉਸ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਉਸ ਕਿਹਾ। ਰਾਜੇ ਨਾਲ ਇਕ ਦਾਸੀ ਨੂੰ ਤੋਰ ਦਿੱਤਾ, ਜਿਸਨੂੰ ਮੂਰਖ ਰਾਜਾ ਰਾਜ ਕੁਮਾਰੀ ਹੀ ਸਮਝ ਬੈਠਾ॥੧੭॥

**ਸ਼ਾਹ ਪੁੱਤ੍ਰ ਕਹ ਦਈ ਕੁਨਾਰੀ॥ ਦੁਤਿਯ ਪੁਰਖ ਨਹਿ ਕ੍ਰਿਯਾ ਬਿਚਾਰੀ॥**
**ਲੈ ਚੇਰੀ ਵਹੁ ਭੂਪ ਸਿਧਾਯੋ॥ ਜਾਨਜੋ ਰਾਜ ਸੁਤਾ ਬਰਿ ਲਜਾਯੋ॥ ੧੮॥ ੧॥**

ਪਦ ਅਰਥ - ਕੁਨਾਰੀ=ਰਾਜ ਕੁਮਾਰੀ। ਚੇਰੀ=ਦਾਸੀ। ਭੂਪ ਸਿਧਾਯੋ=ਰਾਜਾ ਚਲਾ ਗਿਆ। ਜਾਨਜੋ=ਸਮਝਿਆ। ਬਰਿ ਲਜਾਯੋ=ਵਿਆਹ ਲਿਆਂਦੀ ਹੈ।

ਸ਼ਾਹ ਦੇ ਪੁੱਤਰ ਨੂੰ ਰਾਜ ਕੁਮਾਰੀ ਦੇ ਦਿੱਤੀ ਜਿਸ ਦੂਸਰੇ ਆਦਮੀ ਨਾਲ ਜਾਣ ਦੀ ਕਿਰਿਆ ਦੀ ਰਤਾ ਵੀ ਪ੍ਰਵਾਹ ਨ ਕੀਤੀ। ਓਧਰ ਉਹ ਰਾਜਾ ਦਾਸੀ ਨੂੰ ਲੈ ਕੇ ਚਲਾ ਗਿਆ ਅਤੇ ਸਮਝ ਰਿਹਾ ਸੀ ਕਿ ਮੈਂ ਰਾਜ ਕੁਮਾਰੀ ਵਿਆਹ ਕੇ ਲਿਆਇਆ ਹਾਂ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤ੍ਰੈਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੬੩॥੬੬੩੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤ੍ਰੇਠਵੀਂ ਕਥਾ ਸਮਾਪਤ॥੩੬੩॥੬੬੩੧॥ਚਲਦਾ॥

## ਚਲਿੱਤਰ ਤਿੰਨ ਸੌ ਚੌਂਠਵਾਂ
## ਕਥਾ ਮਹਿਤਾਬ ਪ੍ਰਭਾ

**ਚੌਪਈ॥ ਗਨਪਤਿ ਸਿੰਘ ਏਕ ਰਾਜਾ ਬਰ॥ ਗਨਪਾ ਵਤੀ ਹੁਤੋ ਜਾਕੇ ਘਰ॥**
**ਸ੍ਰੀ ਮਹਤਾਬ ਪ੍ਰਭਾ ਤਿਹ ਰਾਨੀ॥ ਜਾਹਿ ਨਿਰਖਿ ਕਰਿ ਨਾਰਿ ਲਜਾਨੀ॥ ੧॥**

ਗਨਪਤੀ ਸਿੰਘ ਇਕ ਮਹਾਨ ਰਾਜਾ ਸੀ ਜਿਹੜਾ ਕਿ ਗਨਪਾ ਵਤੀ ਨਾਮੀਂ ਨਗਰੀ ਵਿਚ ਰਹਿੰਦਾ ਸੀ-ਉਸ ਦੀ ਰਾਣੀ ਮਹਿਤਾਬ ਪ੍ਰਭਾ ਸੀ, ਜਿਹੜੀ ਏਨੀ ਸੁੰਦਰ ਸੀ ਕਿ ਉਸ ਨੂੰ ਵੇਖ ਕੇ ਹੋਰ ਇਸਤਰੀਆਂ ਸ਼ਰਮਸਾਰ ਹੁੰਦੀਆਂ ਸਨ॥੧॥

**ਮੁਹਕਮ ਸਿੰਘ ਏਕ ਛੱਤ੍ਰੀ ਜਹ॥ ਜਿਹ ਸਮ ਉਪਜਾ ਦੁਤਿਯ ਨ ਮਹਿ ਮਹ॥**
**ਰਾਨੀ ਜਬ ਤਾਕੋ ਲਖਿ ਪਾਯੋ॥ ਕਾਮ ਭੋਗ ਗ੍ਰਿਹਿ ਬੋਲਿ ਕਮਾਯੋ॥ ੨॥**

ਉਥੇ ਇਕ ਮੋਹਕਮ ਸਿੰਘ ਨਾਮੀਂ ਖੱਤਰੀ ਸੀ, ਜਿਸ ਵਰਗਾ ਧਰਤੀ ਤੇ ਹੋਰ ਕੋਈ ਪੈਦਾ ਹੀ ਨਹੀਂ ਹੋਇਆ ਸੀ। ਰਾਣੀ ਨੇ ਜਦ ਉਸ ਨੂੰ ਵੇਖਿਆ ਤਾਂ ਘਰ ਬੁਲਵਾ ਕੇ ਉਸ ਨਾਲ ਕਾਮ ਕ੍ਰੀੜਾ ਕੀਤੀ॥੨॥

**ਤਬ ਲਗਿ ਆਇ ਗਯੋ ਰਾਜਾ ਤਹ॥ ਜਾਰ ਹੁਤੋ ਭੋਗਤ ਤਾਕੌ ਜਹ॥**
**ਨਿਰਖ ਨਾਥ ਤ੍ਰਿਯ ਚਰਿੱਤ੍ਰ ਬਿਚਾਰਾ॥ ਹਾਰ ਤੋਰਿ ਅੰਗਨਾ ਮਹਿ ਡਾਰਾ॥ ੩॥**

ਪਦ ਅਰਥ - ਨਿਰਖ ਨਾਥ=ਪਤੀ ਨੂੰ ਵੇਖ ਕੇ। ਚਰਿੱਤ੍ਰ ਬਿਚਾਰਾ=ਚਲਿੱਤਰ ਸੋਚਿਆ। ਹਾਰ ਤੋਰਿ=ਹਾਰ ਤੋੜ ਕੇ। ਅੰਗਨਾ ਮਹਿ ਡਾਰਾ=ਵਿਹੜੇ ਵਿਚ ਸੁੱਟ ਦਿੱਤਾ।

ਕੁਝ ਸਮੇਂ ਬਾਅਦ ਰਾਜਾ ਵੀ ਉਥੇ ਆ ਗਿਆ, ਜਿਥੇ ਕਿ ਉਸ ਦਾ ਯਾਰ ਉਸ ਨਾਲ ਕਾਮ

++++++++++++++++++++++++++++++++++++++++++++++++++++++++++

ਕ੍ਰੀੜਾ ਕਰ ਰਿਹਾ ਸੀ। ਆਪਣੇ ਪਤੀ ਨੂੰ ਵੇਖ ਕੇ ਇਸਤਰੀ ਨੇ ਇਕ ਚਲਿੱਤਰ ਸੋਚਿਆ ਅਤੇ ਆਪਣੇ ਗਲ ਦੇ ਹਾਰ ਨੂੰ ਤੋੜ ਕੇ ਵਿਹੜੇ ਵਿਚ ਸੁੱਟ ਦਿੱਤਾ।।੩।।

**ਬਿਹਸਿ ਬਚਨ ਨ੍ਰਿਪ ਸੰਗ ਉਚਾਰਾ।। ਖੋਜਿ ਹਾਰ ਤੁਮ ਦੇਹੁ ਹਮਾਰਾ।।**
**ਆਨ ਪੁਰਖ ਜੌ ਹਾਥ ਲਗੈ ਹੈ।। ਤੌ ਹਮਰੇ ਪਹਿਰਨ ਤੇ ਜੈਹੈ।।੪।।**

ਪਦ ਅਰਥ - ਆਨ ਪੁਰਖ=ਗ਼ੈਰ ਆਦਮੀ। ਪਹਿਰਨ=ਪਾਉਣ। ਤੇ ਜੈਹੈ=ਤੋਂ ਜਾਵੇਗਾ।

ਉਹ ਹੱਸ ਕੇ ਰਾਜੇ ਨੂੰ ਕਹਿਣ ਲੱਗੀ ਕਿ ਮੇਰਾ ਹਾਰ ਲੱਭ ਦੇਵੋ, ਕਿਉਂਕਿ ਜੇ ਕੋਈ ਗ਼ੈਰ ਪੁਰਖ ਉਸ ਨੂੰ ਛੂਹੇਗਾ ਤਾਂ ਉਹ ਫਿਰ ਮੇਰੇ ਪਾਉਣ ਦੇ ਕਾਬਿਲ ਨਹੀਂ ਰਹੇਗਾ।।੪।।

**ਖੋਜਤ ਭਯੋ ਜੜ ਹਾਰ ਅਯਾਨੋ।। ਨੇਤ੍ਰ ਨੀਚ ਕਰਿ ਭੇਦ ਨ ਜਾਨੋ।।**
**ਨਾਰਿ ਆਗੇ ਹ੍ਵੈ ਮੀਤ ਨਿਕਾਰਾ।। ਸਿਰ ਨੀਚੌਂ ਪਸੁ ਤਿਹ ਨ ਨਿਹਾਰਾ।।੫।।**

ਉਹ ਮੂਰਖ ਅੱਖਾਂ ਨੀਵੀਆਂ ਕਰ ਕੇ ਹਾਰ ਲੱਭਣ ਲੱਗਾ ਅਤੇ ਮੂਰਖ ਅਸਲ ਭੇਤ ਨੂੰ ਨਾ ਸਮਝ ਸਕਿਆ, ਇਸਤਰੀ ਨੇ ਪਤੀ ਦੇ ਅੱਗੇ ਹੋ ਕੇ ਮਿੱਤਰ ਭੱਜਾ ਦਿੱਤਾ ਅਤੇ ਸਿਰ ਨੀਂਵਾਂ ਕੀਤੀ ਮੂਰਖ ਉਸ ਨੂੰ ਵੇਖ ਨ ਸਕਿਆ।।੫।।

**ਪਹਰਿਕ ਲਗੇ ਖੋਜਿ ਜੜ੍ਹ ਹਾਰੋ।। ਲੈ ਰਾਨੀ ਕਹ ਦਯੋ ਸੁਧਾਰੋ।।**
**ਅਤਿ ਪਤਿਬ੍ਰਤਾ ਤਾਹਿ ਠਹਰਾਯੋ।। ਦੁਤਿਯ ਪੁਰਖ ਜਿਨ ਕਰ ਨ ਛੁਆਯੋ।।੬।।੧।।**

ਲਗ ਭਗ ਇਕ ਪਹਿਰ ਤਕ ਮੂਰਖ ਹਾਰ ਲੱਭਦਾ ਰਿਹਾ ਅਤੇ ਅਖੀਰ ਉਸ ਨੂੰ ਹਾਰ ਲੱਭ ਕੇ ਦਿੱਤਾ। ਉਸ ਆਪਣੀ ਇਸਤਰੀ ਨੂੰ ਅਤਿ ਪਤੀਬਰਤਾ ਮੰਨਿਆ, ਕਿਉਂਕਿ ਉਸ ਆਪਣੇ ਹਾਰ ਨੂੰ ਵੀ ਦੂਸਰੇ ਆਦਮੀ ਦੇ ਹੱਥ ਨੂੰ ਨ ਲੱਗਣ ਦਿੱਤਾ।।੬।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੬੪।।੬੬੩੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚੌਂਠਵੀਂ ਕਥਾ ਸਮਾਪਤ।।੩੬੪।।੬੬੩੭।।ਚਲਦਾ।।

## ਚਲਿੱਤਰ ਤਿੰਨ ਸੌ ਪੈਂਠਵਾਂ
## ਕਥਾ ਚਿਤ ਚੌਪ ਮਤੀ

**ਚੌਪਈ।। ਨ੍ਰਿਪਬਰ ਸਿੰਘ ਏਕ ਰਾਜਾਨਾ।। ਮਾਨਤ ਆਨਿ ਦੇਸ ਜਿਹ ਨਾਨਾ।।**

ਸ੍ਰੀ ਕਿਲਕੰਚਿਤ ਦੇ ਤਿਹ ਰਾਨੀ॥ ਜਾਹਿ ਨਿਰਖਿ ਪੁਰ ਨਾਰਿ ਰਿਸਾਨੀ॥ ੧॥

ਪਦ ਅਰਥ - ਰਿਸਾਨੀ=ਈਰਖਾ ਕਰਦੀਆਂ ਸਨ। ਪੁਰ=ਨਗਰ।

ਨਿਰਪਬਰ ਸਿੰਘ ਇਕ ਰਾਜਾ ਸੀ, ਜਿਸ ਦੀ ਈਨ ਅਨੇਕਾਂ ਦੇਸ਼ ਮੰਨਦੇ ਸਨ। ਕਿਲਕੰਚਿਤ ਦੇਵੀ ਉਸ ਦੀ ਰਾਣੀ ਸੀ, ਜਿਸ ਨੂੰ ਵੇਖ ਕੇ ਸਾਰੇ ਨਗਰ ਦੀਆਂ ਇਸਤਰੀਆਂ ਈਰਖਾ ਕਰਦੀਆਂ ਸਨ॥੧॥

ਨ੍ਰਿਪਬਰ ਵਤੀ ਨਗਰ ਤਿਹ ਰਾਜਤ॥ ਦੁਤਿਯ ਪ੍ਰਿਥੀ ਜਨੁ ਸੁਰਗ ਬਿਰਾਜਤ॥
ਨਗਰ ਪ੍ਰਭਾ ਨਹਿ ਜਾਤ ਬਖਾਨੀ॥ ਥਕਿਤ ਰਹਤ ਰਾਜਾ ਅਰੁ ਰਾਨੀ॥ ੨॥

ਉਨ੍ਹਾਂ ਦੇ ਸੁੰਦਰ ਨਗਰ ਦਾ ਨਾਂ ਨਿਰਪਬਰ ਵਤੀ ਸੀ ਜਿਹੜਾ ਏਨਾ ਸੁੰਦਰ ਸੀ ਕਿ ਮਾਨੋਂ ਦੂਸਰਾ ਸਵਰਗ ਹੋਵੇ। ਉਸ ਨਗਰ ਦੀ ਸੁੰਦਰਤਾ ਅਤੇ ਸੁਹੱਪਣਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਰਾਜਾ ਅਤੇ ਰਾਣੀ ਉਸ ਦੀ ਸੁੰਦਰਤਾ ਵੇਖ ਕੇ ਥੱਕਦੇ ਨਹੀਂ ਸਨ॥੨॥

ਸ੍ਰੀ ਚਿਤ ਚੌਂਪ ਮਤੀ ਤਿਹ ਕੰਨਜਾ॥ ਜਿਹ ਸਮ ਨਾਰਿ ਨ ਉਪਜੀ ਅੰਨਜਾ॥
ਤਾਕੀ ਜਾਤ ਨ ਉਪਮਾ ਕਰੀ॥ ਰੂਪ ਰਾਸ ਜੋਬਨ ਤਨ ਭਰੀ॥ ੩॥

ਚਿਤ ਚੌਂਪ ਮਤੀ ਉਨ੍ਹਾਂ ਦੀ ਪੁੱਤਰੀ ਸੀ ਜਿਸ ਵਰਗੀ ਹੋਰ ਕੋਈ ਕੰਨਿਆਂ ਪੈਦਾ ਨਹੀਂ ਹੋਈ ਸੀ। ਉਸ ਦੀ ਸੁੰਦਰ ਸੂਰਤ ਦਾ ਵਰਣਨ ਹੀ ਨਹੀਂ ਕੀਤਾ ਜਾ ਸਕਦਾ। ਉਹ ਰੂਪ, ਜੋਬਨ ਅਤੇ ਸੁੰਦਰਤਾ ਦੀ ਮੂਰਤ ਸੀ॥੩॥

ਰਾਜ ਕੁਅਰ ਇਕ ਹੁਤੋ ਅਪਾਰਾ॥ ਇਕ ਦਿਨ ਨਿਕਸਾ ਨਿਮਿਤਿ ਸ਼ਿਕਾਰਾ॥
ਮ੍ਰਿਗ ਹਿਤ ਧਯੋ ਨ ਪਹੁਚਾ ਕੋਈ॥ ਆਵਤ ਭਯੋ ਨਗਰ ਤਿਹ ਸੋਈ॥ ੪॥

ਇਕ ਰਾਜ ਕੁਮਾਰ ਸੀ ਜਿਹੜਾ ਇਕ ਦਿਨ ਸ਼ਿਕਾਰ ਵਾਸਤੇ ਨਿਕਲਿਆ, ਉਸ ਨੂੰ ਕੋਈ ਵੀ ਹਿਰਨ ਨ ਲੱਭਾ ਤੇ ਉਹ ਉਸ ਨਗਰ ਵਿਚ ਆ ਪਹੁੰਚਿਆ॥੪॥

ਰਾਜ ਸੁਤਾ ਤਿਹ ਰੂਪ ਨਿਹਾਰੋ॥ ਮਨ ਕ੍ਰਮ ਬਚ ਅਸ ਕਰਾ ਬਿਚਾਰੋ॥
ਐਸੋ ਛੈਲ ਏਕ ਦਿਨ ਪੈਯੈ॥ ਜਨਮ ਜਨਮ ਪਲ ਪਲ ਬਲਿ ਜੈਯੈ॥ ੫॥

ਰਾਜ ਕੁਮਾਰੀ ਨੇ ਜਦ ਉਸ ਨੂੰ ਵੇਖਿਆ ਤਾਂ ਮਨ, ਬਚਨ ਅਤੇ ਕਰਮ ਕਰਕੇ ਇਹ ਵਿਚਾਰ ਕੀਤਾ ਕਿ ਜੇ ਇਸ ਤਰ੍ਹਾਂ ਦਾ ਛੈਲ ਛਬੀਲਾ ਇਕ ਵਾਰ ਮਿਲ ਜਾਵੇ ਤਾਂ ਜਨਮ ਜਨਮਾਂਤਰ ਇਸ ਤੋਂ ਵਾਰ ਦੇਵਾਂ॥੫॥

ਅਟਿਕ ਸਿੰਘ ਲਖਿ ਤੇਜ ਸਵਾਯਾ॥ ਥਕਿਤ ਰਹੀ ਰਾਜਾ ਕੀ ਜਾਯਾ॥

ਪਠੈ ਸਹਚਰੀ ਲਿਯੋ ਮਗਾਇ ।। ਕਾਮ ਭੋਗ ਰੁਚਿ ਮਾਨੁਪਜਾਇ ।। ੬ ।।

ਪਦ ਅਰਥ – ਰਾਜਾ ਦੀ ਜਾਯਾ=ਰਾਜੇ ਦੀ ਪੁੱਤਰੀ। ਮਾਨੁ ਪਜਾਇ=ਮਨ ਮਰਜ਼ੀ ਅਨੁਸਾਰ।

ਰਾਜ ਕੁਮਾਰ ਅਟੱਕ ਸਿੰਘ ਦਾ ਰੂਪ ਵੇਖ ਕੇ ਰਾਜੇ ਦੀ ਲੜਕੀ ਤੱਕਦੀ ਰਹਿ ਗਈ। ਇਕ ਸਹੇਲੀ ਨੂੰ ਭੇਜ ਕੇ ਉਸ ਨੂੰ ਮੰਗਵਾ ਲਿਆ ਅਤੇ ਮਨ ਮਰਜ਼ੀ ਅਨੁਸਾਰ ਉਸ ਨਾਲ ਕਾਮ ਭੋਗ ਕੀਤਾ ।। ੬ ।।

ਚਾਰਿ ਪਹਰ ਨਿਸੁ ਕਿਯਾ ਬਿਲਾਸਾ ।। ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ ।।
ਪੋਸਤ ਭਾਂਗਿ ਅਫੀਮ ਮੰਗਾਵਹਿ ।। ਏਕ ਸੇਜ ਦੋਊ ਬੈਠ ਚੜ੍ਹਾਵਹਿ ।। ੭ ।।

ਮਾਤਾ ਪਿਤਾ ਦੇ ਭੈਅ ਨੂੰ ਤਿਆਗ ਕੇ ਉਸ ਚਾਰ ਪਹਿਰ ਰਾਤ ਉਸ ਨਾਲ ਰਮਣ ਕੀਤਾ। ਉਹ ਪੋਸਤ, ਭੰਗ ਅਤੇ ਅਫੀਮ ਮੰਗਵਾਉਂਦੇ ਸਨ ਅਤੇ ਇਕ ਹੀ ਸੇਜ ਤੇ ਬੈਠ ਕੇ ਪੀਂਦੇ ਸਨ ।। ੭ ।।

ਕੈਫਹਿ ਹੋਤ ਰਸਮਸੇ ਜਬਹੀ ।। ਕ੍ਰੀੜਾ ਕਰਤ ਦੋਊ ਮਿਲ ਤਬਹੀ ।।
ਭਾਂਤਿ ਭਾਂਤਿ ਤਨ ਆਸਨ ਲੈਕੈ ।। ਚੁੰਬਨ ਔਰ ਅਲਿੰਗਨ ਕੈਕੈ ।। ੮ ।।

ਨਸ਼ੇ ਵਿਚ ਦੋਵੇਂ ਲੀਨ ਹੁੰਦੇ ਤਾਂ ਦੋਵੇਂ ਮਿਲ ਕੇ ਕਾਮ ਕ੍ਰੀੜਾ ਕਰਦੇ ਸਨ ਅਤੇ ਭਿੰਨ ਭਿੰਨ ਪ੍ਰਕਾਰ ਦੇ ਚੁੰਮਣ, ਅਲਿੰਗਣ ਅਤੇ ਆਸਣਾਂ ਦਾ ਪ੍ਰਯੋਗ ਕਰਦੇ ਸਨ ।। ੮ ।।

ਸ੍ਰਮਿਤ ਭਏ ਅਰੁ ਭੇ ਮਤਵਾਰੇ ।। ਸੋਇ ਰਹੈ ਨਹਿ ਨੈਨ ਉਘਾਰੇ ।।
ਪ੍ਰਾਤਿ ਪਿਤਾ ਤਾਕੌ ਤਹ ਆਯੋ ।। ਜਾਇ ਸਹਚਰੀ ਤਿਨੈ ਜਗਾਯੋ ।। ੯ ।।

ਜਦ ਉਹ ਪਸੀਨੇ ਨਾਲ ਭਿੱਜ ਗਏ ਅਤੇ ਮਤਵਾਲੇ ਹੋ ਗਏ ਤਾਂ ਉਹ ਅੱਖਾਂ ਬੰਦ ਕਰ ਕੇ ਸੌਂ ਗਏ। ਜਦ ਸਵੇਰ ਹੋਈ ਤਾਂ ਉਸ ਦਾ ਪਿਤਾ ਆ ਗਿਆ ਤਾਂ ਸਹੇਲੀ ਨੇ ਜਾ ਕੇ ਉਸ ਨੂੰ ਜਗਾ ਦਿੱਤਾ ।। ੯ ।।

ਵਹੈ ਸਖੀ ਤਿਹ ਬਹੁਰਿ ਪਠਾਈ ।। ਯੌ ਕਹਿ ਯਹੁ ਰਾਜਾ ਸੌ ਜਾਈ ।।
ਚੌਕਾ ਪਰਾ ਭੋਜ ਦਿਜ ਕਾਰਨ ।। ਬਿਨੁ ਨ੍ਹਾਏ ਨ੍ਰਿਪ ਤਹ ਨ ਸਿਧਾਰਨ ।। ੧੦ ।।

ਪਦ ਅਰਥ – ਚੌਕਾ ਪਰਾ ਭੋਜ ਦਿਜ ਕਾਰਨ=ਬ੍ਰਹਮ ਭੋਜ ਵਾਸਤੇ ਚੌਕਾ ਲੱਗਾ ਹੋਇਆ ਹੈ। ਬਿਨੁ ਨ੍ਹਾਏ=ਨਹਾਉਣ ਤੋਂ ਬਗੈਰ।

ਉਸ ਨੇ ਉਸੇ ਸਖੀ ਨੂੰ ਦੁਬਾਰਾ ਭੇਜਿਆ ਕਿ ਰਾਜੇ ਨੂੰ ਜਾ ਕੇ ਕਹੋ ਕਿ ਬ੍ਰਹਮ ਭੋਜ ਵਾਸਤੇ ਚੌਕਾ ਲੱਗਾ ਹੋਇਆ ਹੈ, ਇਸ ਲਈ ਰਾਜਾ ਇਸ਼ਨਾਨ ਕੀਤੇ ਬਗੈਰ ਅੰਦਰ ਨ ਆਉਣ ।। ੧੦ ।।

ਬਸਤ੍ਰ ਤਾਰਿ ਕਰ ਇਹੀ ਅਨਾਵਹੁ ।। ਬਹੁਰ ਸੁਤਾ ਕੇ ਧਾਮ ਸਿਧਾਵਹੁ ।।

**ਭੂਪ ਬਚਨ ਸੁਨਿ ਬਸਤ੍ਰ ਉਤਾਰੇ॥ ਚਹਬੱਚਾ ਮਹਿ ਨ੍ਹਾਨ ਸਿਧਾਰੇ॥ ੧੧॥**

ਕੱਪੜੇ ਉਤਾਰ ਕੇ ਏਥੇ ਹੀ ਇਸ਼ਨਾਨ ਕਰੋ ਅਤੇ ਫਿਰ ਬਾਅਦ ਵਿਚ ਪੌਤਰੀ ਦੇ ਘਰ ਵਿਚ ਪ੍ਰਵੇਸ਼ ਕਰੋ। ਰਾਜੇ ਨੇ ਇਹ ਗੱਲ ਸੁਣ ਕੇ ਕੱਪੜੇ ਉਤਾਰੇ ਅਤੇ ਸਰੋਵਰ ਵਿਚ ਨਹਾਉਣ ਵਾਸਤੇ ਚੱਲ ਪਿਆ॥੧੧॥

**ਜਬ ਡੁਬਿਆ ਕਹ ਭੂਪਤਿ ਲੀਨਾ॥ ਤਬ ਹੀ ਕਾਢਿ ਮਿੱਤ੍ਰ ਕਹ ਦੀਨਾ॥**
**ਬਸਤ੍ਰ ਪਹਿਰਿ ਫਿਰਿ ਤਹਾਂ ਸਿਧਾਯੋ॥ ਭੇਦ ਅਭੇਦ ਨ ਕਛੁ ਜੜ ਪਾਯੋ॥ ੧੨॥**

ਪਦ ਅਰਥ - ਜਬ ਡੁਬਿਆ ਕਹ=ਜਦ ਡੁਬਕੀ ਮਾਰੀ।

ਜਦ ਰਾਜੇ ਨੇ ਪਾਣੀ ਵਿਚ ਡੁਬਕੀ ਮਾਰੀ, ਉਸੇ ਸਮੇਂ ਉਸ ਆਪਣੇ ਮਿੱਤਰ ਨੂੰ ਬਾਹਰ ਕੱਢ ਦਿੱਤਾ। ਉਹ ਕੱਪੜੇ ਪਾ ਕੇ ਉਥੇ ਆਇਆ ਪਰ ਮੂਰਖ ਭੇਤ-ਅਭੇਤ ਨ ਸਮਝ ਸਕਿਆ॥੧੨॥

**ਦੋਹਰਾ॥ ਸਜਾਨੋ ਭੂਪ ਕਹਾਤ ਥੋ ਭਾਂਗਨ ਭੂਲ ਚਬਾਇ॥**
**ਇਹ ਛਲ ਛਲਿ ਅਮਲੀ ਗਯੋ ਪਨਹੀ ਮੂੰਡ ਲਗਾਇ॥ ੧੩॥ ੧॥**

ਪਦ ਅਰਥ - ਸਜਾਨ ਭੂਪ ਕਹਾਤ=ਰਾਜਾ ਆਪਣੇ ਆਪ ਨੂੰ ਸਿਆਣਾ ਕਹਾਉਂਦਾ ਸੀ। ਭਾਂਗਨ ਭੂਲ ਚਬਾਇ=ਭੰਗ ਭੁਲ ਕੇ ਵੀ ਨਹੀਂ ਪੀਂਦਾ ਸੀ। ਪਨਹੀਂ=ਜੁੱਤੀ। ਮੂੰਡ=ਸਿਰ।

ਉਹ ਰਾਜਾ ਆਪਣੇ ਆਪ ਨੂੰ ਬਹੁਤ ਚੱਤਰ ਚਾਲਾਕ ਸਮਝਦਾ ਸੀ ਅਤੇ ਭੰਗ ਭੁਲ ਕੇ ਵੀ ਨਹੀਂ ਪੀਂਦਾ ਸੀ, ਪਰ ਉਹ ਅਮਲੀ ਉਸ ਨੂੰ ਛੱਲ ਗਿਆ ਮਾਨੋਂ ਉਸ ਦੇ ਸਿਰ ਵਿਚ ਜੁੱਤੀਆਂ ਮਾਰ ਕੇ ਚਲਾ ਗਿਆ॥੧੩॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੈਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੬੫॥੬੬੫੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੈਂਠਵੀਂ ਕਥਾ ਸਮਾਪਤ॥੩੬੫॥੬੬੫੦॥ਚਲਦਾ॥

## ਚਲਿੱਤਰ ਤਿੰਨ ਸੌ ਛਿਆਠਵਾਂ

## ਕਥਾ ਨਾਭ ਮਤੀ

**ਚੌਪਈ॥ ਸੁਨੁ ਰਾਜਾ ਇਕ ਔਰ ਪ੍ਰਸੰਗਾ॥ ਜਸ ਛਡ ਕੀਨਾ ਨਾਰਿ ਸੁਰੰਗਾ॥**

ਛਿਤਪਤਿ ਸਿੰਘ ਇਕ ਭੂਪਤ ਬਰ।। ਅਬਲਾ ਦੇ ਰਾਨੀ ਜਾਕੇ ਘਰ।। ੧।।

ਪਦ ਅਰਥ - ਪ੍ਰਸੰਗਾ=ਕਥਾ। ਨਾਰਿ ਸੁਰੰਗਾ=ਸੁੰਦਰ ਅੰਗਾਂ ਵਾਲੀ ਨਾਰ।

ਹੇ ਰਾਜਨ ! ਤੁਹਾਨੂੰ ਇਕ ਹੋਰ ਕਥਾ ਸੁਣਾਉਂਦਾ ਹਾਂ ਕਿ ਕਿਸ ਤਰ੍ਹਾਂ ਇਕ ਸੁੰਦਰ ਇਸਤਰੀ ਨੇ ਚਲਿੱਤਰ ਖੇਡਿਆ। ਛਿਤਪਤ ਸਿੰਘ ਇਕ ਸ੍ਰੇਸ਼ਟ ਰਾਜਾ ਸੀ, ਜਿਸ ਦੀ ਰਾਣੀ ਦਾ ਨਾਂ ਅਬਲਾ ਦੇਵੀ ਸੀ।।੧।।

ਨਾਭ ਮਤੀ ਦੁਹਿਤਾ ਤਿਹ ਸੋਹੈ।। ਸੁਰ ਨਰ ਨਾਗ ਅਸੁਰ ਮਨ ਮੋਹੈ।।
ਪਦੁਮਾਵਤੀ ਨਗਰ ਤਿਹ ਰਾਜਤ।। ਇੰਦ੍ਰਾਵਤੀ ਨਿਰਖਿ ਤਿਹ ਲਾਜਤ।। ੨।।

ਉਨ੍ਹਾਂ ਦੀ ਪੁੱਤਰੀ ਦਾ ਨਾਂ ਨਾਭ ਮਤੀ ਸੀ, ਜਿਹੜੀ ਸੁਰ, ਨਰ ਨਾਗ ਆਦਿ ਸਭ ਦਾ ਮਨ ਮੋਹਦੀ ਸੀ। ਪਦਮਾਵਤੀ ਨਗਰ ਵਿਚ ਉਹ ਰਹਿੰਦੇ ਸਨ ਅਤੇ ਉਹ ਨਗਰ ਏਨਾ ਸੁੰਦਰ ਸੀ ਕਿ ਇੰਦਰਾਪੁਰੀ ਵੀ ਉਸ ਮੁਕਾਬਲੇ ਵਿਚ ਕੁਝ ਵੀ ਨਹੀਂ ਸੀ।।੨।।

ਬੀਰ ਕਰਨ ਰਾਜਾ ਇਕ ਔਰੈ।। ਭੱਦ੍ਰਾਵਤੀ ਬਸਤ ਥੋ ਠੌਰੈ।।
ਐਠੀ ਸਿੰਘ ਪੂਤ ਤਿਹ ਜਾਯੋ।। ਨਿਰਖਿ ਮਦਨ ਜਿਹ ਰੂਪ ਬਿਕਾਯੋ।। ੩।।

ਬੀਰ ਕਰਨ ਨਾਮੀਂ ਇਕ ਹੋਰ ਰਾਜਾ ਸੀ ਜੋ ਭਦਰਾਵਤੀ ਨਾਮੀਂ ਨਗਰੀ ਵਿਚ ਰਹਿੰਦਾ ਸੀ। ਐਠੀ ਸਿੰਘ ਉਸ ਦਾ ਪੁੱਤਰ ਸੀ ਜਿਸ ਦਾ ਸੁੰਦਰ ਰੂਪ ਵੇਖ ਕੇ ਕਾਮਦੇਵ ਵੀ ਉਸ ਉੱਤੇ ਵਿਕਿਆ ਹੋਇਆ ਸੀ।।੩।।

ਨ੍ਰਿਪ ਸੁਤ ਖੇਲਨ ਚੜ੍ਹਾ ਸ਼ਿਕਾਰਾ।। ਆਵਤ ਭਯੋ ਤਿਹ ਨਗਰ ਮਝਾਰਾ।।
ਨ੍ਹਾਵਤ ਹੁਤੀ ਜਹਾਂ ਨ੍ਰਿਪ ਬਾਰਿ।। ਥਕਤਿ ਰਹਾ ਤਿਹ ਰੂਪ ਨਿਹਾਰਿ।। ੪।।

ਪਦ ਅਰਥ - ਮਝਾਰਾ=ਵਿਚ। ਨ੍ਰਿਪ ਬਾਰਿ=ਰਾਜੇ ਦੀ ਲੜਕੀ।

ਉਸ ਰਾਜੇ ਦਾ ਪੁੱਤਰ ਸ਼ਿਕਾਰ ਖੇਡਦਾ ਖੇਡਦਾ ਉਸ ਨਗਰੀ ਵਿਚ ਆ ਪੁਜਾ, ਜਿਥੇ ਕਿ ਰਾਜੇ ਦੀ ਲੜਕੀ ਇਸ਼ਨਾਨ ਕਰ ਰਹੀ ਸੀ, ਉਹ ਉਸ ਦਾ ਰੂਪ ਵੇਖ ਕੇ ਹੈਰਾਨ ਰਹਿ ਗਿਆ।।੪।।

ਰਾਜ ਸੁਤਾ ਤਿਹ ਊਪਰ ਅਟਕੀ।। ਬਿਸਰਿ ਗਈ ਉਤ ਤਿਹ ਸੁਧਿ ਘਟਕੀ।।
ਰੀਝ ਰਹੇ ਦੋਨੋ ਮਨ ਮਾਹੀ।। ਕਛੂ ਰਹੀ ਦੁਹੂੰਅਨਿ ਸੁਧਿ ਨਾਹੀ।। ੫।।

ਪਦ ਅਰਥ - ਤਿਹ ਸੁਧਿ ਘਟਕੀ=ਘਰ ਬਾਰ ਦੀ ਸੁੱਧ ਭੁੱਲ ਗਈ।

ਰਾਜ ਕੁਮਾਰੀ ਨੇ ਜਦ ਉਸ ਨੂੰ ਵੇਖਿਆ ਤਾਂ ਉਹ ਉਸ ਤੇ ਮੋਹਿਤ ਹੋ ਗਈ ਅਤੇ ਆਪਣੇ ਸਰੀਰ ਦੀ ਸੁੱਧ ਭੁਲ ਗਈ ਮਨ ਹੀ ਮਨ ਵਿਚ ਦੋਵੇਂ ਇਕ ਦੂਸਰੇ ਤੇ ਮੋਹਿਤ ਹੋ ਗਏ ਅਤੇ ਦੋਵੇਂ

Namdhari Elibrary NamdhariElibrary@gmail.com

************************************************************
ਆਪਣੇ ਹੋਸ਼ ਗੁਆ ਬੈਠੈ॥੫॥

**ਤਰੁਨਿ ਗਿਰਾ ਜਬ ਚਤੁਰਿ ਨਿਹਰਾ॥ ਤਾਕੀ ਹਾਥ ਨਾਭਿ ਪਰ ਧਰਾ॥**
**ਅਰੁ ਪਦ ਪੰਕਜ ਹਾਥ ਲਗਾਈ॥ ਮੁਖ ਨ ਕਹਾ ਕਛੁ ਧਾਮ ਸਿਧਾਈ॥ ੬॥**

ਪਦ ਅਰਥ - ਨਿਹਰਾ=ਵੇਖਿਆ। ਨਾਭਿ=ਧੁੰਨੀ। ਪਦ ਪੰਕਜ=ਚਰਨਾਂ ਨੂੰ ਹੱਥ ਲਾਇਆ।

ਉਸ ਚੱਤਰ ਇਸਤਰੀ ਨੂੰ ਵੇਖ ਕੇ ਗਭਰੂ ਡਿੱਗ ਪਿਆ ਅਤੇ ਉਸ ਲੜਕੀ ਦਾ ਹੱਥ ਉਸ ਦੀ ਨਾਭ ਨੂੰ ਜਾ ਲੱਗਾ। ਫਿਰ ਲੜਕੀ ਨੇ ਉਸ ਦੇ ਚਰਨਾਂ ਨੂੰ ਛੁਹਿਆ ਅਤੇ ਕੁਝ ਬੋਲੇ ਬਗੈਰ ਘਰ ਨੂੰ ਚਲੇ ਗਈ॥੬॥

**ਦ੍ਵੈਕ ਘਰੀ ਤਿਨ ਪਰੇ ਬਿਤਾਈ॥ ਰਾਜ ਕੁਅਰਿ ਕਹ ਪੁਨਿ ਸੁਧਿ ਆਈ॥**
**ਹਾਹਾ ਸ਼ਬਦ ਰਟਤ ਘਰ ਗਯੋ॥ ਖਾਨ ਪਾਨ ਤਬ ਤੇਂ ਤਜਿ ਦਯੋ॥ ੭॥**

ਪਦ ਅਰਥ - ਹਾਹਾ=ਹਾਏ ਹਾਏ। ਰਟਤ=ਬੋਲਦੀ।

ਦੋ ਘੜੀਆਂ ਉਹ ਉਸ ਤੋਂ ਦੂਰ ਰਹੀ ਅਤੇ ਏਨੇ ਸਮੇਂ ਵਿਚ ਰਾਜ ਕੁਮਾਰ ਨੂੰ ਵੀ ਹੋਸ਼ ਆ ਗਈ। ਉਹ 'ਹਾਏ ਹਾਏ' ਕਰਦਾ ਹੋਇਆ ਘਰ ਚਲਾ ਗਿਆ ਅਤੇ ਖਾਣਾ ਪੀਣਾ ਸਭ ਕੁਝ ਛੱਡ ਦਿੱਤਾ॥੭॥

**ਬਿਰਹੀ ਭਏ ਦੋਊ ਨਰ ਨਾਰੀ॥ ਰਾਜ ਕੁਅਰ ਅਰੁ ਰਾਜ ਕੁਮਾਰੀ॥**
**ਹਾਵ ਪਰਸਪਰ ਦੁਹੂਅਨ ਭਯੋ॥ ਸੋ ਮੈਂ ਕਬਿਤਨ ਮਾਂਝ ਕਹਿਯੋ॥ ੮॥**

ਰਾਜ ਕੁਮਾਰ ਅਤੇ ਰਾਜ ਕੁਮਾਰੀ ਦੋਵੇਂ ਬਿਰਹਾ ਤੇ ਤੀਰਾਂ ਨਾਲ ਵਿੰਨ੍ਹੇ ਗਏ। ਉਨ੍ਹਾਂ ਦੋਹਾਂ ਵਿਚ ਪਿਆਰ ਹੋ ਗਿਆ ਅਤੇ ਏਸੇ ਸਭ ਕੁਝ ਨੂੰ ਮੈਂ ਕਵਿਤਾ ਵਿਚ ਵਰਣਨ ਕੀਤਾ ਹੈ॥੮॥

**ਸਵੈਯਾ॥ ਉਨ ਕੁੰਕਮ ਟੀਕੋ ਦਯੋ ਨ ਉਤੈ ਇਤ ਤੇ ਹੂੰ ਨ ਸੇਂਦੁਰ ਮਾਂਗ ਸਵਾਰੀ॥**
**ਤਯਾਗਿ ਦਯੋ ਸਭ ਕੋ ਡਰਵਾ ਸਭ ਹੂੰ ਕੀ ਇਤੈ ਤਿਹ ਲਾਜ ਬਿਸਾਰੀ॥**
**ਹਾਰ ਤਜੇ ਤਿਨ ਹੇਰਬ ਤੇਂ ਸਜਨੀ ਲਖਿ ਕੋਟਿ ਹਹਾ ਕਰਿ ਹਾਰੀ॥**
**ਪਾਨ ਤਜੇ ਤੁਮ ਤਾ ਹਿਤ ਪ੍ਰੀਤਮ ਪ੍ਰਾਨ ਤਜੇ ਤੁਮਰੇ ਹਿਤ ਪਜਾਰੀ॥ ੯॥**

ਉਧਰ ਉਸ ਵੀ ਕੇਸਰ ਦਾ ਟਿੱਕਾ ਨ ਲਾਇਆ ਅਤੇ ਓਧਰ ਉਸ ਵੀ ਮਾਂਗ ਵਿਚ ਸੰਧੂਰ ਨ ਭਰਿਆ। ਉਨ੍ਹਾਂ ਸਭ ਲਾਜ ਅਤੇ ਭੈਅ ਤਿਆਗ ਦਿੱਤੇ। ਉਹ ਉਸ ਨੂੰ ਲੱਭਦੀ ਲੱਭਦੀ ਹਾਰ ਗਵਾ ਬੈਠੀ ਅਤੇ ਹਾਰ ਕੇ ਬੈਠ ਗਈ। ਤੁਹਾਡੇ ਲਈ ਪ੍ਰੀਤਮ ਪ੍ਰਾਣ ਤਿਆਗ ਰਿਹਾ ਹੈ ਅਤੇ ਤੂੰ ਪ੍ਰੀਤਮ ਵਾਸਤੇ ਪ੍ਰਾਣ ਤਿਆਗ ਰਹੀ ਹੈਂ॥੯॥

Namdhari Elibrary NamdhariElibrary@gmail.com

ਚੌਪਈ।। ਉਤੈ ਕੁਅਰਿ ਕਹ ਕਛੂ ਨ ਭਾਵੈ।। ਹਹਾ ਸ਼ਬਦ ਦਿਨ ਕਹਤ ਬਿਤਾਵੈ।।
ਅੰਨ ਨ ਖਾਤ ਪਿਯਤ ਨਹਿ ਪਾਨੀ।। ਮਿਤ੍ਰ ਹੁਤੋ ਤਿਹ ਤਿਨ ਪਹਿਚਾਨੀ।।੧੦।।

ਉਧਰ ਰਾਜ ਕੁਮਾਰ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਸੀ ਅਤੇ ਉਹ 'ਹਾਏ ਹਾਏ' ਕਹਿੰਦਾ ਦਿਨ ਬਤੀਤ ਕਰਦਾ ਸੀ। ਉਹ ਕੇਵਲ ਆਪਣੇ ਇਕ ਜਿਗਰੀ ਮਿੱਤਰ ਨੂੰ ਹੀ ਪਹਿਚਾਣ ਰਿਹਾ ਸੀ ਅਤੇ ਅੰਨ ਪਾਣੀ ਕੁਝ ਵੀ ਨਹੀਂ ਖਾ ਰਿਹਾ ਸੀ।।੧੦।।

ਕੁਅਰ ਬ੍ਰਿਥਾ ਜਿਯ ਕੀ ਤਿਹ ਦਈ।। ਇਕ ਤ੍ਰਿਯ ਮੋਹਿ ਦਰਸ ਦੈ ਗਈ।।
ਨਾਭ ਪਾਵ ਪਰ ਹਾਥ ਲਗਾਇ।। ਫਿਰਿ ਨ ਲਖਾ ਕਹ ਗਈ ਸੁ ਕਾਇ।। ੧੧।।

ਕੁਮਾਰ ਨੇ ਆਪਣੇ ਉਸ ਮਿੱਤਰ ਨੂੰ ਮਨ ਦੀ ਸਾਰੀ ਗੱਲ ਦੱਸੀ ਕਿ ਮੈਨੂੰ ਇਕ ਇਸਤਰੀ ਦਰਸ਼ਨ ਦੇ ਗਈ ਹੈ। ਉਸ ਮੇਰੀ ਨਾਭ ਅਤੇ ਪੈਰ ਨੂੰ ਹੱਥ ਲਾਇਆ ਅਤੇ ਫਿਰ ਪਤਾ ਨਹੀਂ ਲੱਗਾ ਕਿਥੇ ਚਲੀ ਗਈ।।੧੧।।

ਤਾਕੀ ਬਾਤ ਨ ਤਾਂਹਿ ਪਛਾਨੀ।। ਕਹਾ ਕੁਅਰ ਇਨ ਮੁਝੈ ਬਖਾਨੀ।।
ਪੂਛਿ ਪੂਛਿ ਸਭਹੀ ਤਿਹ ਜਾਵੈਂ।। ਤਾਕੋ ਮਰਮੁ ਨ ਕੋਈ ਪਾਵੈ ।।੧੨ ।।

ਕੁਮਾਰ ਨੇ ਕੀ ਕਿਹਾ ਹੈ ਉਸ ਦਾ ਮਿੱਤਰ ਸਮਝ ਨ ਸਕਿਆ ਸਾਰੇ ਉਸ ਨੂੰ ਪੁਛ ਪੁਛ ਕੇ ਜਾ ਰਹੇ ਸਨ, ਪਰ ਉਸ ਦੇ ਦੁਖ ਨੂੰ ਕੋਈ ਵੀ ਸਮਝ ਨਹੀਂ ਰਿਹਾ ਸੀ।।੧੨।।

ਤਾਕੋ ਮਿੱਤ੍ਰ ਹੁਤੋ ਖਤਰੇਟਾ।। ਇਸ਼ਕ ਮੁਸ਼ਕ ਕੇ ਸਾਥ ਲਪੇਟਾ।।
ਕੁਅਰ ਤਵਨ ਪਹਿ ਬ੍ਰਿਥਾ ਸੁਨਾਈ।। ਸੁਨਤ ਬਾਤ ਸਭ ਹੀ ਤਿਨ ਪਾਈ।। ੧੩।।

ਉਸ ਦਾ ਇਕ ਖੱਤਰੀ ਮਿੱਤਰ ਸੀ, ਜਿਹੜਾ ਕਿ ਇਸ਼ਕ ਮੁਸ਼ਕ ਵਿਚ ਮਾਹਰ ਸੀ. ਕੁਮਾਰ ਨੇ ਉਸ ਨੂੰ ਆਪਣੀ ਵਿਥਿਆ ਸੁਣਾਈ ਜਿਸ ਨੂੰ ਉਹ ਝੱਟ ਹੀ ਸਮਝ ਗਿਆ।।੧੩।।

ਨਾਭ ਮਤੀ ਤਿਹ ਨਾਮ ਪਛਾਨਾ।। ਜਿਹ ਨਾਭੀ ਕਹ ਹਾਥ ਛੁਆਨਾ।।
ਪਦੁਮਾਵਤੀ ਨਗਰ ਠਹਰਾਯੋ।।ਤਾਤੇ ਪਦ ਪੰਕਜ ਕਰ ਲਾਯੋ।।੧੪।।

ਕਿਉਂਕਿ ਉਸ ਇਸਤਰੀ ਨੇ ਕੁਮਾਰ ਦੀ ਨਾਭ ਨੂੰ ਹੱਥ ਲਾਇਆ ਸੀ ਇਸ ਲਈ ਉਸ ਉਸ ਦਾ ਨਾਂ ਨਾਭ ਮਤੀ ਜਾਣ ਲਿਆ। ਕਿਉਂਕਿ ਉਸ ਉਸ ਦੇ ਪੈਰਾਂ (ਪਦ) ਨੂੰ ਹੱਥ ਲਾਇਆ ਸੀ, ਇਸ ਲਈ ਉਸ ਸ਼ਹਿਰ ਦਾ ਨਾਂ ਪਦਮਾਵਤੀ ਸਮਝ ਲਿਆ।।੧੪।।

ਦੋਊ ਚਲੇ ਤਹ ਤੇ ਉਠਿ ਸੋਊ।। ਤੀਸਰ ਤਹਾਂ ਨ ਪਹੂਚਾ ਕੋਊ।।
ਪਦਮਾਵਤੀ ਨਗਰ ਥਾ ਜਹਾਂ।। ਨਾਭ ਮਤੀ ਸੁੰਦਰਿ ਥੀ ਤਹਾਂ।।੧੫।।

ਉਹ ਤੀਸਰੇ ਕਿਸੇ ਨੂੰ ਨਾਲ ਲਏ ਬਗੈਰ, ਦੋਵੇਂ ਉਥੇ ਪਹੁੰਚ ਗਏ, ਜਿਥੇ ਕਿ ਪਦਮਾਵਤੀ ਨਗਰ ਵਿਚ ਨਾਭ ਮਤੀ ਸੁੰਦਰੀ ਰਹਿੰਦੀ ਸੀ।।੧੫।।

**ਪੂਛਤ ਚਲੇ ਤਿਸੀ ਪੁਰ ਆਏ।। ਪਦੁਮਾਵਤੀ ਨਗਰ ਨਿਯਰਾਏ।।**
**ਮਾਲਿਨਿ ਹਾਰ ਗੁਹਤ ਥੀ ਜਹਾਂ।। ਪ੍ਰਾਪਤਿ ੭ਏ ਕੁਅਰ ਜੁਤ ਤਹਾਂ।। ੧੬।।**

ਪੁਛਦੇ ਪੁਛਦੇ ਪਦਮਾਵਤੀ ਨਗਰ ਦੇ ਕੋਲ ਪਹੁੰਚ ਗਏ ਅਤੇ ਦੋਵੇਂ ਉਥੇ ਆ ਨਿਕਲੇ ਜਿਥੇ ਇਕ ਮਾਲਣ ਹਾਰ ਗੁੰਦ ਰਹੀ ਸੀ।।੧੬।।

**ਏਕ ਮੁਹਰ ਮਾਲਨਿ ਕਹ ਦਿਯੋ।। ਹਾਰ ਗੁਹਨ ਤਿਹ ਨ੍ਰਿਪ ਸੁਤ ਲਿਯੋ।।**
**ਲਿਖਿ ਪੱਤ੍ਰੀ ਤਾ ਮਹਿ ਗੁਹਿ ਡਾਰੀ।। ਜਿਸ ਹਾਥਨ ਲੈ ਪੜੈ ਪਯਾਰੀ।। ੧੭।।**

ਮਾਲਣ ਨੂੰ ਇਕ ਮੁਹਰ ਦੇ ਕੇ ਉਨ੍ਹਾਂ ਇਕ ਹਾਰ ਖਰੀਦ ਲਿਆ। ਉਸ ਹਾਰ ਵਿਚ ਇਕ ਪੱਤਰ ਬੰਨ੍ਹ ਦਿੱਤਾ ਤਾਂਕਿ ਉਹ ਪਿਆਰੀ ਹੱਥਾਂ ਨਾਲ ਖੋਲ੍ਹ ਕੇ ਉਸ ਨੂੰ ਪੜ੍ਹ ਸਕੇ।।੧੭।।

**ਤੈਂ ਜਿਹ ਹਾਥ ਨਾਭਿ ਕਹ ਲਾਯੋ।। ਔਰ ਦੁਹੂੰ ਪਦ ਹਾਥ ਛੁਹਾਯੋ।।**
**ਤੇ ਜਨ ਆਜੁ ਨਗਰ ਮਹਿ ਆਏ।। ਤੁਮ ਸੌ ਚਾਹਤ ਨੈਨ ਮਿਲਾਏ।। ੧੮।।**

ਪੱਤਰ ਵਿਚ ਲਿਖਿਆ ਸੀ ਕਿ ਤੂੰ ਜਿਸ ਦੀ ਨਾਭ ਨੂੰ ਹੱਥ ਲਾਇਆ ਸੀ ਅਤੇ ਤੂੰ ਜਿਸ ਦੇ ਚਰਨਾਂ ਨੂੰ ਛੁਹਿਆ ਸੀ, ਉਹ ਇਸ ਨਗਰ ਵਿਚ ਆ ਗਿਆ ਹੈ ਅਤੇ ਤੇਰੇ ਨਾਲ ਅੱਖਾਂ ਮਲਾਉਣੀਆਂ ਚਾਹੁੰਦਾ ਹੈ।।੧੮।।

**ਰਾਜ ਸੁਤਾ ਪਤਿਯਾ ਜਬ ਚੀਨੀ।। ਛੋਰਿ ਲਈ ਕਰ ਕਿਸੂ ਨ ਦੀਨੀ।।**
**ਬਹੁ ਧਨ ਦੈ ਮਾਲਿਨੀ ਬੁਲਾਈ।। ਲਿਖਿ ਪੱਤ੍ਰੀ ਫਿਰਿ ਤਨੈ ਪਠਾਈ।। ੧੯।।**

ਰਾਜ ਕੁਮਾਰੀ ਨੇ ਜਦ ਪੱਤਰ ਵੇਖਿਆਂ ਤਾਂ ਖੋਲ੍ਹ ਲਿਆ ਅਤੇ ਹੋਰ ਕਿਸੇ ਨੂੰ ਨ ਦਿੱਤਾ। ਬਹੁਤ ਸਾਰਾ ਧਨ ਦੇ ਕੇ ਉਸ ਮਾਲਣ ਨੂੰ ਬੁਲਾਇਆ ਅਤੇ ਆਪਣੇ ਵਲੋਂ ਪੱਤਰ ਲਿਖ ਕੇ ਭੇਜਿਆ।।੧੯।।

**ਸ਼ਿਵ ਕੌ ਦਿਪਤ ਦੇਹਰੋ ਜਹਾਂ।। ਮੈਂ ਐਹੌਂ ਆਧੀ ਨਿਸਿ ਤਹਾਂ।।**
**ਕੁਅਰਿ ਤਹਾਂ ਤੁਮਹੂੰ ਚਲਿ ਐਯਹੁ।। ਮਨ ਭਾਵਤ ਕੋ ਭੋਗ ਕਮੈਯਹੁ।। ੨੦।।**

ਪਦ ਅਰਥ - ਸ਼ਿਵ ਕੌ ਦਿਪਤ ਦੇਹਰੋ ਜਹਾਂ=ਜਿਥੇ ਸ਼ਿਵਜੀ ਦਾ ਮੰਦਰ ਹੈ। ਐਹੌਂ ਆਧੀ ਨਿਸਿ=ਅੱਧੀ ਰਾਤ ਨੂੰ ਆਵਾਂਗੀ।

ਪੱਤਰ ਵਿਚ ਉਸ ਲਿਖਿਆ ਕਿ ਜਿਥੇ ਸ਼ਿਵਜੀ ਦਾ ਮੰਦਰ ਹੈ, ਮੈਂ ਓਥੇ ਅੱਧੀ ਰਾਤ ਨੂੰ ਆਵਾਂਗੀ। ਹੇ ਕੁਮਾਰ ! ਤੂੰ ਉਥੇ ਆ ਜਾਵੀਂ ਅਤੇ ਮਨ ਚਾਹੀ ਪ੍ਰੇਮ ਕ੍ਰੀੜਾ ਕਰਨਾ।।੨੦।।

ਕੁਅਰ ਨਿਸਾ ਆਧੀ ਤਹ ਜਾਈ॥ ਰਾਜ ਸੁਤਾ ਆਗੇ ਤਹ ਆਈ॥
ਕਾਮ ਭੋਗ ਕੀ ਜੇਤਿਕ ਪਜਾਸਾ॥ ਪੂਰਨਿ ਭਈ ਦੂਹੂੰ ਕੀ ਆਸਾ॥ ੨੧॥

ਕੁਮਾਰ ਅੱਧੀ ਰਾਤ ਨੂੰ ਉਥੇ ਪੁਜਾ, ਜਿਥੇ ਰਾਜ ਕੁਮਾਰੀ ਵੀ ਆ ਗਈ ਸੀ। ਉਨ੍ਹਾਂ ਦੋਹਾਂ ਨੇ ਮਿਲ ਕੇ ਕਾਮ ਕ੍ਰੀੜਾ ਅਤੇ ਮਨ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਪੂਰੀਆਂ ਕੀਤੀਆਂ॥੨੧॥

ਮਾਲਿਨਿ ਕੀ ਦੁਹਿਤਾ ਕਹਿ ਬਾਮਾ॥ ਰਾਜ ਕੁਅਰ ਕਹ ਲਜਾਈ ਧਾਮਾ॥
ਰਤਿ ਦਿਵਸ ਦੋਊ ਕਰਤ ਬਿਲਾਸਾ॥ ਭੂਪਤ ਕੀ ਤਜਿ ਕਰਿ ਕਰਿ ਤ੍ਰਾਸਾ॥ ੨੨॥

ਪਦ ਅਰਥ – ਧਾਮਾ=ਘਰ। ਤ੍ਰਾਸਾ=ਡਰ।

ਰਾਜ ਕੁਮਾਰ ਨੂੰ ਇਸਤਰੀ ਦੇ ਕੱਪੜੇ ਪਵਾ ਕੇ ਅਤੇ ਮਾਲਣ ਦੀ ਪੁੱਤਰੀ ਦੱਸ ਕੇ ਆਪਣੇ ਘਰ ਲੈ ਆਈ, ਹੁਣ ਰਾਜੇ ਦਾ ਡਰ ਭੁਲਾ ਕੇ ਉਹ ਰਾਤ ਦਿਨ ਭੋਗ ਬਿਲਾਸ ਕਰਨ ਲੱਗੇ॥੨੨॥

ਕਿਤਕ ਦਿਨਨ ਤਾਕੋ ਪਤਿ ਆਯੋ॥ ਅਤਿ ਕੁਰੂਪ ਨਹਿ ਜਾਤ ਬਤਾਯੋ॥
ਸੂਕਰ ਕੇ ਸੇ ਦਾਂਤਿ ਬਿਰਾਜੈ॥ ਨਿਰਖਤ ਕਰੀ ਰਦਨ ਦ੍ਵੈ ਭਾਜੈਂ॥੨੩॥

ਪਦ ਅਰਥ – ਸੂਕਰ=ਸੂਰ। ਦਾਂਤਿ=ਦੰਦ। ਕਰੀ ਰਦਨ=ਹਾਥੀ ਦੇ ਦੰਦ।

ਕਈ ਦਿਨਾਂ ਬਾਅਦ ਉਸ ਦਾ ਪਤੀ ਆ ਗਿਆ, ਜਿਸ ਦੀ ਕਰੂਪਤਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਸੂਰ ਵਰਗੇ ਉਸ ਦੇ ਦੰਦ ਸਨ, ਜਿਨ੍ਹਾਂ ਨੂੰ ਵੇਖ ਕੇ ਹਾਥੀ ਦੇ ਦੋਵੇਂ ਦੰਦ ਵੀ ਡਰ ਕੇ ਭੱਜ ਜਾਂਦੇ ਸਨ॥੨੩॥

ਰਾਜ ਕੁਅਰ ਤ੍ਰਿਯ ਭੇਸ ਸੁ ਧਾਰੇ॥ ਆਵਤ ਭਯੋ ਤਿਹ ਨਿਕਟ ਸਵਾਰੇ॥
ਰਾਜ ਸੁਤਾ ਪਹਿ ਨਿਰਖਿ ਲੁਭਾਯੋ॥ ਭੋਗ ਕਰਨ ਹਿਤ ਹਾਥ ਚਲਾਯੋ॥੨੪॥

ਰਾਜ ਕੁਮਾਰ ਨੇ ਇਸਤਰੀ ਭੇਸ ਧਾਰਨ ਕੀਤਾ ਹੋਇਆ ਸੀ, ਰਾਜ ਕੁਮਾਰੀ ਦਾ ਪਤੀ ਉਸ ਦੇ ਕੋਲ ਆਇਆ। ਉਸ ਨੂੰ ਰਾਜ ਕੁਮਾਰੀ ਸਮਝ ਕੇ ਲਲਚਾ ਗਿਆ ਅਤੇ ਉਸ ਨਾਲ ਭੋਗ ਕਰਨ ਵਾਸਤੇ ਆਪਣਾ ਹੱਥ ਅੱਗੇ ਵਧਾਇਆ॥੨੪॥

ਰਾਜ ਕੁਅਰ ਤਬ ਛੁਰੀ ਸੰਭਾਰੀ॥ ਨਾਕ ਕਾਟਿ ਨ੍ਰਿਪ ਸੁਤ ਕੀ ਡਾਰੀ॥
ਨਾਕ ਕਟੇ ਜੜ੍ਹ ਅਧਿਕ ਖਿਸਾਯੋ॥ ਸਦਨ ਛਾਡਿ ਕਾਨਨਹਿ ਸਿਧਾਯੋ॥ ੨੫॥

ਪਦ ਅਰਥ – ਖਿਸਾਯੋ=ਸ਼ਰਮਿੰਦਾ ਹੋਇਆ। ਸਦਨ=ਘਰ। ਕਾਨਨਹਿ=ਜੰਗਲ।

ਰਾਜ ਕੁਮਾਰ ਨੇ ਤਦ ਛੁਰੀ ਸੰਭਾਲੀ ਅਤੇ ਰਾਜੇ ਦੇ ਪੁੱਤਰ (ਰਾਜ ਕੁਮਾਰੀ ਦੇ ਪਤੀ) ਦੀ ਨੱਕ ਵੱਢ ਦਿੱਤੀ। ਨੱਕ ਵੱਢੀ ਜਾਣ ਕਰਕੇ ਉਹ ਬਹੁਤ ਸ਼ਰਮਿੰਦਾ ਹੋਇਆ ਅਤੇ ਮਹਲ ਛੱਡ ਕੇ

Namdhari Elibrary NamdhariElibrary@gmail.com

ਜੰਗਲਾਂ ਵਲ ਭੱਜ ਗਿਆ॥੨੫॥

**ਨਾਕ ਕਟਾਇ ਜਬੈ ਜੜ੍ਹ ਗਯੋ॥ ਇਨ ਪਥ ਸ਼ਿਵ ਦੇਵਲ ਕੋ ਲਯੋ॥**
**ਨ੍ਰਿਪ ਸੁਤ ਮ੍ਰਿਗਿਕ ਹਿਤੂ ਹਨਿ ਲਯਾਯੋ॥ ਦੁਹੂੰਅਨ ਬੈਠਿ ਤਿਹੀ ਠਾਂ ਖਾਯੋ॥ ੨੬॥**

ਨੱਕ ਕਟਵਾ ਕੇ ਜਦ ਮੂਰਖ ਚਲਾ ਗਿਆ ਤਾਂ ਉਨ੍ਹਾਂ ਵੀ ਸ਼ਿਵ ਮੰਦਰ ਦਾ ਰਸਤਾ ਲਿਆ। ਰਾਜੇ ਦਾ ਪੁੱਤਰ ਇਕ ਹਿਰਨ ਮਾਰ ਕੇ ਲਿਆਇਆ ਜਿਸ ਨੂੰ ਦੋਹਾਂ ਨੇ ਬੈਠ ਕੇ ਉਥੇ ਖਾਧਾ॥੨੬॥

**ਤਹਿ ਬੈਠਿ ਦੁਹੂੰ ਕਰੇ ਬਿਲਾਸਾ॥ ਤ੍ਰਿਯਹਿ ਨ ਰਹੀ ਭੋਗ ਕੀ ਆਸਾ॥**
**ਲੈ ਤਾਕੈ ਸੰਗ ਦੇਸ ਸਿਧਾਯੋ॥ ਇਕ ਸਹਚਰਿ ਕਹ ਤਹਾਂ ਪਠਾਯੋ॥ ੨੭॥**

ਉਥੇ ਹੀ ਬਹਿ ਕੇ ਦੋਹਾਂ ਨੇ ਕਾਮ ਕ੍ਰੀੜਾ ਕੀਤੀ ਅਤੇ ਇਸਤਰੀ ਦੇ ਭੋਗ ਦੀ ਇੱਛਾ ਪੂਰੀ ਹੋ ਗਈ। ਉਹ ਉਸ ਨੂੰ ਲੈ ਕੇ ਆਪਣੇ ਦੇਸ਼ ਚਲਾ ਗਿਆ ਅਤੇ ਘਰ ਵਲ ਇਕ ਦਾਸੀ ਨੂੰ ਸਮਝਾ ਕੇ ਭੇਜਿਆ॥੨੭॥

**ਡਿਵਢੀ ਸਾਤ ਸਖੀ ਤਿਨ ਨਾਖੀ॥ ਇਮਿ ਬਤੀਆਂ ਭੂਪਤਿ ਸੰਗ ਭਾਖੀ॥**
**ਪਤਿ ਤ੍ਰਿਯ ਗਏ ਦੋਊ ਨਿਸਿ ਕਹ ਤਹ॥ ਆਗੇ ਹੁਤੇ ਸਦਾ ਸ਼ਿਵਜੂ ਜਹ॥ ੨੮॥**

ਉਸ ਦਾਸੀ ਨੇ ਸਤ ਦਰਵਾਜ਼ੇ ਪਾਰ ਕਰ ਕੇ ਰਾਜੇ ਨੂੰ ਇਸ ਤਰ੍ਹਾਂ ਕਿਹਾ ਕਿ ਰਾਜ ਕੁਮਾਰੀ ਅਤੇ ਉਸ ਦਾ ਪਤੀ ਦੋਵੇਂ ਰਾਤ ਨੂੰ ਸ਼ਿਵ ਮੰਦਰ ਗਏ ਸਨ॥੨੮॥

**ਦੁਹੂੰ ਜਾਇ ਤਹ ਕੀਏ ਪ੍ਰਯੋਗਾ॥ ਤੀਸਰ ਕੋਈ ਨ ਜਾਨਤ ਲੋਗਾ॥**
**ਉਲਟਿ ਪਰਾ ਸ਼ਿਵਜੂ ਰਿਸਿ ਭਰਿਯੋ॥ ਭਸਮੀ ਭੂਤ ਦੁਹੂੰ ਕਹ ਕਰਿਯੋ॥ ੨੯॥**

ਪਦ ਅਰਥ - ਪ੍ਰਯੋਗਾ=ਪੂਜਾ ਪਾਠ। ਰਿਧ ਭਰਿਯੋਂ=ਗੁੱਸੇ ਵਿਚ ਆ ਗਿਆ। ਭਸਮੀ ਭੂਤ=ਸਵਾਹ।

ਦੋਹਾਂ ਨੇ ਮੰਦਰ ਜਾ ਕੇ ਪੂਜਾ ਪਾਠ ਦਾ ਅਭਿਆਸ ਕੀਤਾ, ਜਿਸ ਨੂੰ ਤੀਸਰਾ ਕੋਈ ਨਹੀਂ ਜਾਣਦਾ ਸੀ। ਉਹ ਅਭਿਆਸ ਉਲਟਾ ਪੈ ਗਿਆ ਅਤੇ ਸ਼ਿਵਜੀ ਨੇ ਗੁੱਸੇ ਵਿਚ ਆ ਕੇ ਦੋਹਾਂ ਨੂੰ ਭਸਮ ਕਰ ਦਿੱਤਾ ਹੈ॥੨੯॥

**ਵਹੈ ਭਸਮ ਲੈ ਤਿਨੈ ਦਿਖਾਈ॥ ਮ੍ਰਿਗ ਭੱਛਨ ਤਿਹ ਤਿਨੈ ਜਗਾਈ॥**
**ਭਸਮ ਲਏ ਸਭ ਹੀ ਜਿਯ ਜਾਨਾ॥ ਲੈ ਪ੍ਰੀਤਮ ਘਰ ਨਾਰਿ ਸਿਧਾਨਾ॥ ੩੦॥ ੧॥**

ਉਸ ਨੇ ਉਹੋ ਭਸਮ ਉਨ੍ਹਾਂ ਨੂੰ ਵਿਖਾ ਦਿੱਤੀ, ਜਿਹੜੀ ਉਨ੍ਹਾਂ ਨੇ ਹਿਰਨ ਨੂੰ ਭੁੰਨਣ ਵਾਸਤੇ ਅੱਗ ਬਾਲੀ ਸੀ ਸਾਰਿਆਂ ਇਹੋ ਸਮਝਿਆ ਕਿ ਉਹ ਭਸਮ ਹੋ ਗਈ ਹੈ ਅਤੇ ਉਹ ਪ੍ਰੀਤਮ ਉਸ ਇਸਤਰੀ ਨੂੰ ਲੈ ਕੇ ਆਪਣੇ ਦੇਸ਼ ਅਤੇ ਘਰ ਨੂੰ ਚਲਾ ਗਿਆ॥੩੦॥੧॥

Namdhari Elibrary NamdhariElibrary@gmail.com

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਾਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੬੬॥੬੬੮੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ. ਤਿਰੀਆ ਚਲਿੱਤਰ. ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਛਿਆਠਵੀਂ ਕਥਾ ਸਮਾਪਤ॥੩੬੬॥੬੬੮੦॥ਚਲਦਾ॥

# ਚਲਿੱਤਰ ਤਿੰਨ ਸੌ ਸਤਾਠਵਾਂ

# ਕਥਾ ਮੂਰਖ ਮਤੀ

**ਚੌਪਈ॥ ਅੰਧਾਵਤੀ ਨਗਰ ਇਕ ਸੋਹੈ॥ ਸੈਨ ਬਿਦਾਦ ਭੂਪ ਤਿਹ ਕੋ ਹੈ॥**
**ਮੂਰਖਿ ਮਤਿ ਤਾਕੀ ਬਰ ਨਾਰੀ॥ ਜਿਹਸੀ ਮੂੜ੍ਹ ਨ ਕਹੂੰ ਨਿਹਾਰੀ॥ ੧॥**

ਪਦ ਅਰਥ - ਜਿਹਸੀ=ਜਿਸ ਵਰਗੀ। ਮੂੜ੍ਹ=ਮੂਰਖ।

ਅੰਧਾਵਤੀ ਨਗਰੀ ਵਿਚ ਇਕ ਬਿਦਾਦ ਸੈਨ ਨਾਮੀਂ ਰਾਜਾ ਸੀ। ਉਸ ਦੀ ਰਾਣੀ ਦਾ ਨਾਂ ਮੂਰਖ ਮਤੀ ਸੀ ਅਤੇ ਉਸ ਵਰਗੀ ਮੂਰਖ ਦੁਨੀਆਂ ਵਿਚ ਕਿਤੇ ਵੀ ਨਹੀਂ ਵੇਖੀ ਗਈ ਸੀ॥੧॥

**ਪ੍ਰਜਾ ਲੋਗ ਅਤਿ ਹੀ ਅਕੁਲਾਏ॥ ਦੇਸ ਛੋਡਿ ਪਰਦੇਸ ਸਿਧਾਏ॥**
**ਔਰ ਭੂਪ ਪਹਿ ਕਰੀ ਪੁਕਾਰਾ॥ ਨਜਾਇ ਕਰਤ ਤੈਂ ਨਹੀ ਹਮਾਰਾ॥ ੨॥**

ਪਦ ਅਰਥ - ਅਕੁਲਾਏ=ਔਖੇ ਹੋਏ, ਦੁਖੀ।

ਪਰਜਾ ਅਤਿ ਦੁਖੀ ਸੀ ਅਤੇ ਦੇਸ਼ ਛੱਡ ਕੇ ਬਦੇਸ਼ ਚਲੀ ਗਈ ਸੀ। ਪਰਜਾ ਰਾਜੇ ਪਾਸ ਬਾਰ ਬਾਰ ਪੁਕਾਰ ਕਰਦੀ ਸੀ ਕਿ ਸਾਡੇ ਨਾਲ ਇਨਸਾਫ, ਨਹੀਂ ਕੀਤਾ ਜਾ ਰਿਹਾ॥੨॥

**ਤਾਂਤੇ ਤੁਮ ਕੁਛ ਕਰਹੁ ਉਪਾਇ॥ ਜਾਤੇ ਦੇਸ ਬਸੈਂ ਫਿਰਿ ਆਇ॥**
**ਚਾਰਿ ਨਾਰਿ ਤਬ ਕਹਜੋ ਪੁਕਾਰਿ॥ ਹਮ ਐਹੈਂ ਜੜ੍ਹ ਨ੍ਰਿਪਹਿ ਸੰਘਾਰਿ॥ ੩॥**

ਪਦ ਅਰਥ - ਕਹਜੋ ਪੁਕਾਰਿ=ਪੁਕਾਰ ਕੇ ਕਿਹਾ। ਜੜ੍ਹ ਨ੍ਰਿਪ੍ਰਹਿ ਸੰਘਾਰਿ=ਮੂਰਖ ਰਾਜੇ ਨੂੰ ਮਾਰ ਦੇਵਾਂਗੀਆਂ।

ਉਹ ਕਹਿੰਦੇ ਸਨ ਕਿ ਕੋਈ ਉਪਾਅ ਕਰੋ ਕਿ ਉਜੜਿਆ ਦੇਸ਼ ਫਿਰ ਵੱਸ ਜਾਵੇ। ਤਦ ਚਾਰ ਇਸਤਰੀਆਂ ਨੇ ਕਿਹਾ ਕਿ ਅਸੀਂ ਮੂਰਖ ਰਾਜੇ ਨੂੰ ਮਾਰ ਕੇ ਆਵਾਂਗੀਆਂ॥੩॥

**ਦ੍ਵੈ ਤ੍ਰਿਯ ਭੇਸ ਪੁਰਖ ਕੇ ਧਾਰੀ॥ ਪੈਠਿ ਗਈ ਤਿਹ ਨਗਰ ਮੰਝਾਰੀ॥**
**ਦ੍ਵੈ ਤ੍ਰਿਯ ਭੇਸ ਜੋਗਜ ਕੇ ਧਾਰੋ॥ ਪ੍ਰਾਪਤਿ ਭੀ ਤਿਹ ਨਗਰ ਮਝਾਰੋ॥ ੪॥**

*******************************************************

ਪਦ ਅਰਥ - ਦ੍ਵੈ ਤ੍ਰਿਯ=ਦੋ ਇਸਤਰੀਆਂ। ਭੇਸ ਜੋਗਜ=ਜੋਗੀ ਦਾ ਭੇਸ ਧਾਰ ਲਿਆ।

ਦੋ ਇਸਤਰੀਆਂ ਪੁਰਸ਼ ਦੇ ਭੇਸ ਵਿਚ ਸ਼ਹਿਰ ਵਿਚ ਦਾਖਿਲ ਹੋਈਆਂ ਅਤੇ ਦੋ ਇਸਤਰੀਆਂ ਜੋਗੀ ਦਾ ਭੇਸ ਧਾਰ ਕੇ ਨਗਰ ਵਿਚ ਆ ਪਹੁੰਚੀਆਂ।।੪।।

**ਇਕ ਤ੍ਰਿਯ ਚੋਰੀ ਕਰੀ ਬਨਾਇ।।ਪਕਰਿ ਲਈ ਦੂਸਰਿ ਤ੍ਰਿਯ ਜਾਇ।।**
**ਦ੍ਵੈ ਤ੍ਰਿਯ ਜੋਗ ਭੇਸ ਕੌ ਧਰਿਕੈ।। ਗਈ ਭੂਪ ਕੇ ਚਰਿਤ ਬਿਚਰਿਕੈ।। ੫।।**

ਇਕ ਇਸਤਰੀ ਨੇ ਚੋਰੀ ਕੀਤੀ ਅਤੇ ਦੂਸਰੀ ਨੇ ਉਸ ਨੂੰ ਫੜ ਲਿਆ। ਦੋ ਇਸਤਰੀਆਂ ਕੁਝ ਚਲਿੱਤਰ ਸੋਚਕੇ ਜੋਗੀ ਦੇ ਭੇਸ ਵਿਚ ਰਾਜੇ ਦੇ ਕੋਲ ਗਈਆਂ।।੫।।

**ਭੂਪ ਕਹਾ ਸੂਰੀ ਇਹ ਦੀਜੈ।। ਤੀਨੋ ਹੁਕਮੁ ਹਮਾਰੇ ਲੀਜੈ।।**
**ਹਨਨ੍ਨਾਤ ਲੈ ਤਾਹੀ ਸਿਧਾਰੇ।। ਦ੍ਵੈ ਇਸਤ੍ਰੀ ਹ੍ਵੈ ਅਤਿਥ ਪਧਾਰੇ।। ੬।।**

ਪਦ ਅਰਥ - ਹਨਨ ਨ੍ਾਤ=ਮਾਰਨ ਵਾਸਤੇ। ਅਤਿਥ=ਸਾਧੂ, ਫਕੀਰ।

ਰਾਜੇ ਨੇ ਕਿਹਾ ਕਿ ਇਸ ਨੂੰ ਸੂਲੀ ਤੇ ਚੜ੍ਹਾ ਦੇਵੋ ਅਤੇ ਮੇਰੇ ਹੁਕਮ ਦੀ ਪਾਲਣਾ ਕਰੋ। ਉਹ ਜਦ ਉਸ ਨੂੰ ਮਾਰਨ ਵਾਸਤੇ ਲੈ ਚਲੇ ਤਾਂ ਜੋਗੀ ਦੇ ਭੇਸ ਵਾਲੀਆਂ ਇਸਤਰੀਆਂ ਉਥੇ ਆ ਗਈਆਂ।।੬।।

**ਜੋਗਿਨਿ ਨਾਰਿ ਕਹਾ ਅਸ ਕੀਜੈ।।ਦ੍ਵੈ ਮਹਿ ਇਕ ਜੋਗੀ ਕਹ ਦੀਜੈ।।**
**ਐਹੈਂ ਇਹਾਂ ਅਰਸ ਕੀ ਬਾਤਾ।। ਜਾਨਤ ਕੋਈ ਨ ਤਾਕੀ ਘਾਤਾ।। ੭।।**

ਪਦ ਅਰਥ - ਅਸ ਕੀਜੈ=ਇਸ ਤਰ੍ਹਾਂ ਕਰੋ। ਅਰਸ ਕੀ ਬਾਤਾ=ਸਵਰਗ ਦੀਆਂ ਗੱਲਾਂ।

ਜੋਗੀ ਬਣੀਆਂ ਇਸਤਰੀਆਂ ਨੇ ਕਿਹਾ ਕਿ ਫਾਂਸੀ ਦੋਹਾਂ ਵਿਚੋਂ ਇਕ ਜੋਗੀ ਨੂੰ ਦੇ ਦੇਵੋ, ਇਥੇ ਉਥੇ ਆਕਾਸ਼ ਦੀਆਂ ਗੱਲਾਂ ਹੋਣਗੀਆਂ ਜਿਸ ਦੇ ਬਾਰੇ ਕੋਈ ਕੁਝ ਨਹੀਂ ਜਾਣਦਾ।।੭।।

**ਦੁਤਿਯ ਨਾਰ ਇਮਿ ਬਚਨ ਉਚਾਰੇ।। ਯਾਹਿ ਨ ਸੂਰੀ ਦੇਹੁ ਕਹਾਰੇ।।**
**ਸੂਰੀ ਏਕ ਅਤਿਥ ਕੋ ਦੀਜੈ।। ਤਸਕਰ ਦੂਰ ਇਹਾਂ ਤੇ ਕੀਜੈ।। ੮।।**

ਦੂਸਰੀ ਇਸਤਰੀ ਨੇ ਕਿਹਾ ਕਿ ਇਸ ਨੂੰ ਸੂਲੀ ਤੇ ਨ ਚੜ੍ਹਾਓ ਅਤੇ ਇਕ ਸਾਧੂ ਨੂੰ ਸੂਲੀ ਤੇ ਚੜ੍ਹਾ ਦੇਵੋ ਅਤੇ ਚੋਰ ਨੂੰ ਇਥੋਂ ਕੱਢ ਦੇਵੋ।।੮।।

**ਚਲੀ ਖਬਰਿ ਆਵੈ ਇਹ ਕਹਾਂ।। ਬੈਠਿ ਬਿਦਾਦ ਨਰਾਧਿਪ ਜਹਾਂ।।**
**ਅੰਧ ਨਗਰ ਕੇ ਤੀਰ ਲੋਗ ਸਭ।। ਅੱਛਰ ਕਛੁ ਨ ਪੜੈ ਤਿਨ ਗਰਧਭ।। ੯।।**

ਪਦ ਅਰਥ - ਬਿਦਾਦ ਨਰਾਧਿਪ=ਰਾਜਾ ਬਿਦਾਦ। ਗਰਧਭ=ਖੋਤੇ।

ਇਹ ਖਬਰ ਪੁਹੰਚਦੀ ਪਹੁੰਚਦੀ ਬਿਦਾਦ ਸੈਨ ਰਾਜੇ ਦੇ ਕੋਲ ਪਹੁੰਚ ਗਈ। ਅੰਧ ਨਗਰ ਦੇ ਸਾਰੇ ਲੋਕ ਨਿਰੇ ਖੋਤੇ ਹੀ ਸਨ ਅਤੇ ਉਨ੍ਹਾਂ ਵਿਚ ਕੋਈ ਵੀ ਪੜ੍ਹਿਆ ਹੋਇਆ ਨਹੀਂ ਸੀ।।੯।।

**ਔਰ ਕਛੂ ਜਾਨੈ ਨਹਿ ਬਾਤਾ।। ਮਹਾਂ ਪਸ਼ੂ ਮੂਰਖ ਬਿਖਜਾਤਾ।।**
**ਇਹ ਧੁਨਿ ਪਰੀ ਕਾਨ ਪ੍ਰਭ ਕੇ ਜਬ।। ਨਿਰਖਨ ਚਲਾ ਅਤਿਥਹਿ ਦ੍ਵੈ ਤਬ।।੧੦।।**

ਉਹ ਹੋਰ ਕੋਈ ਗੱਲ ਨਹੀਂ ਜਾਣਦੇ ਸਨ ਤੇ ਮੂਰਖਤਾ ਕਰ ਕੇ ਮਸ਼ਹੂਰ ਸਨ। ਇਹ ਗੱਲ ਜਦ ਰਾਜੇ ਦੇ ਕੰਨਾਂ ਵਿਚ ਪਈ ਤਾਂ ਉਹ ਜੋਗੀਆਂ ਨੂੰ ਵੇਖਣ ਵਾਸਤੇ ਚਲ ਪਿਆ।।੧੦।।

**ਦਰਸ ਕਿਯਾ ਤਿਨ ਕੋ ਜਬ ਜਾਈ।। ਬਚਨ ਕਿਯਾ ਭੂਪਤਿ ਮੁਸਕਾਈ।।**
**ਤੁਮ ਸੂਰੀ ਕਾਰਨ ਕਿਹ ਲੇਹੁ।। ਸੋ ਮੁਹਿ ਭੇਦ ਕ੍ਰਿਪਾ ਕਰਿ ਦੇਹੁ।। ੧੧।।**

ਜਦ ਰਾਜੇ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਤਾਂ ਰਾਜੇ ਨੇਂ ਹੱਸ ਕੇ ਕਿਹਾ ਕਿ ਤੁਸੀਂ ਲੋਕ ਸੂਲੀ ਤੇ ਕਿਉਂ ਚੜ੍ਹ ਰਹੇ ਹੋ, ਇਸ ਦਾ ਭੇਤ ਸਾਨੂੰ ਸਮਝਾਓ।।੧੧।।

**ਹੋ ਹਮ ਜਨਮ ਜਨਮ ਕਿਯ ਪਾਤਾ।। ਯਾ ਪਰ ਚੜਤ ਹੋਹਿ ਸਭ ਘਾਤਾ।।**
**ਯਾ ਪਰ ਬਾਤ ਸ੍ਵਰਗ ਕੀ ਐਹੈ।। ਆਵਾ ਗਵਨ ਤੁਰਤ ਮਿਟਿ ਜੈਹੈ।। ੧੨।।**

ਉਸ ਕਿਹਾ ਕਿ ਮੈਂ ਕਈਆਂ ਜਨਮਾਂ ਤੋਂ ਪਾਪ ਕੀਤੇ ਹਨ, ਸੂਲੀ ਉਤੇ ਚੜ੍ਹਨ ਨਾਲ ਉਨ੍ਹਾਂ ਪਾਪਾਂ ਦਾ ਨਾਸ਼ ਹੋ ਜਾਵੇਗਾ। ਇਸ ਨਾਲ ਸਵਰਗ ਦੀ ਪ੍ਰਾਪਤੀ ਹੋਵੇਗੀ ਅਤੇ ਜਨਮ ਮਰਨ ਦਾ ਦੁਖ ਖਤਮ ਹੋ ਜਾਵੇਗਾ।।੧੨।।

**ਜਬ ਰਾਜੈ ਐਸੋ ਸੁਨਿ ਪਾਈ।। ਚਿਤ ਚੜਬੇ ਕੀ ਬਿਵਤ ਬਨਾਈ।।**
**ਅਵਰ ਲੋਗ ਸਭ ਦਏ ਹਟਾਇ।। ਆਪੁ ਚੜ੍ਹਾ ਸੂਰੀ ਪਰ ਜਾਇ।। ੧੩।।**

ਜਦ ਰਾਜੇ ਨੇ ਇਹ ਸੁਣਿਆ ਤਾਂ ਖੁਦ ਸੂਲੀ ਤੇ ਚੜ੍ਹਨ ਲਈ ਤਿਆਰ ਹੋ ਗਿਆ। ਉਸ ਸਾਰੇ ਲੋਕਾਂ ਨੂੰ ਹਟਾ ਦਿੱਤਾ ਅਤੇ ਖੁਦ ਸੂਲੀ ਉਤੇ ਜਾ ਚੜ੍ਹਿਆ।।੧੩।।

**ਭੂਪ ਚੜ੍ਹਤ ਜੋਗੀ ਭਜਿ ਗਏ।। ਕਹੂੰ ਦੁਰੇ ਜਨਿਯਤ ਨਹਿ ਭਏ।।**
**ਧਰਿ ਇਸਤ੍ਰਿਨ ਕੇ ਰੂਪ ਅਪਾਰਾ।। ਮਿਲਗੇ ਤਾਹੀ ਨਗਰ ਮੰਝਾਰਾ।। ੧੪।।**

ਪਦ ਅਰਥ - ਕਹੂੰ ਦੁਰੇ=ਕਿਥੇ ਲੁਕੇ। ਇਸਤ੍ਰਿਨ ਕੇ ਰੂਪ ਅਪਾਰਾ=ਇਸਤਰੀਆਂ ਦਾ ਅਪਾਰ ਰੂਪ ਧਾਰ ਕੇ। ਨਗਰ ਮੰਝਾਰਾ=ਨਗਰ ਵਿਚ।

ਰਾਜੇ ਦੇ ਸੂਲੀ ਤੇ ਚੜ੍ਹਦਿਆਂ ਹੀ ਜੋਗੀ ਭੱਜ ਗਏ ਅਤੇ ਕਿੱਥੇ ਲੁਕ ਗਏ ਇਸ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ। ਉਹ ਇਸਤਰੀਆਂ ਦੇ ਸੁੰਦਰ ਕੱਪੜੇ ਪਾਕੇ ਨਗਰ ਵਾਸੀਆਂ ਵਿਚ ਹੀ

Namdhari Elibrary NamdhariElibrary@gmail.com

ਰਲਮਿਲ ਗਈਆਂ।।੧੪।।

**ਇਹ ਛਲ ਅਨਜਾਈ ਨ੍ਰਿਪ ਮਾਰਿ।। ਦੇਸ ਬਸਾਯੋ ਬਹੁਰਿ ਸੁਧਾਰਿ।।**
**ਅੰਧ ਨਗਰ ਕਛੁ ਬਾਤ ਨ ਪਾਈ।। ਇਹ ਛਲ ਹਨਾ ਹਮਾਰਾ ਰਾਈ।। ੧੫।। ੧।।**

ਪਦ ਅਰਥ - ਅਨਜਾਈ ਨ੍ਰਿਪ=ਬੇਇਨਸਾਫ ਰਾਜਾ, ਨਿਆਂ ਨ ਕਰਨ ਵਾਲਾ ਰਾਜਾ।

ਇਸ ਚਲਿੱਤਰ ਨਾਲ ਮੂਰਖ ਰਾਜੇ ਨੂੰ ਮਾਰ ਕੇ ਦੇਸ਼ ਨੂੰ ਦੁਬਾਰਾ ਵਸਾਇਆ। ਅੰਧਨਗਰ ਦੇ ਲੋਕਾਂ ਨੂੰ ਕੁਝ ਪਤਾ ਨ ਲੱਗਿਆ ਕਿ ਸਾਡਾ ਬੇਇਨਸਾਫ ਰਾਜਾ ਕਿਸ ਚਲਿੱਤਰ ਨਾਲ ਮਾਰ ਦਿੱਤਾ ਗਿਆ ਹੈ।।੧੫।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਸਤਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੬੭।।੬੬੯੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਾਠਵੀਂ ਕਥਾ ਸਮਾਪਤ।।੩੬੭।।੬੬੯੫।।ਚਲਦਾ।।

## ਚਲਿੱਤਰ ਤਿੰਨ ਸੌ ਅਠਾਠਵਾਂ

## ਕਥਾ ਚਖ ਚਾਰ ਮਤੀ

**ਚੌਪਈ।। ਗੜ੍ਹ ਕਨੌਜ ਕੌ ਜਹਾਂ ਕਹਿੱਜੈ।। ਅਭੈ ਸਿੰਘ ਤਹ ਭੂਪ ਭਨਿੱਜੈ।।**
**ਸ੍ਰੀ ਚਖੁ ਚਾਰ ਮਤੀ ਤਿਹ ਨਾਰੀ।। ਜਿਹ ਸਮ ਤੁੱਲ ਨ ਬ੍ਰਹਮ ਸਵਾਰੀ।। ੧।।**

ਕਨੌਜ ਦੇ ਕਿਲ੍ਹੇ ਵਿਚ ਅਭੈ ਸਿੰਘ ਨਾਮੀਂ ਰਾਜਾ ਰਹਿੰਦਾ ਸੀ। ਉਸ ਦੀ ਇਸਤਰੀ ਦਾ ਨਾਂ ਚਖ ਚਾਰ ਮਤੀ ਸੀ ਜਿਸ ਵਰਗੀ ਬ੍ਰਹਮਾਂ ਨੇ ਹੋਰ ਕੋਈ ਇਸਤਰੀ ਨਹੀਂ ਬਣਾਈ ਸੀ।।੧।।

**ਤਾਕੋ ਨੇਹ ਏਕ ਸੌ ਲਾਗੋ।। ਜਾਤੇ ਲਾਜ ਛਾਡ ਤਨ ਭਾਗੋ।।**
**ਅਘਟ ਸਿੰਘ ਤਿਹ ਨਾਮ ਭਨਿੱਜੈ।। ਕੋ ਦੂਜਾ ਪਟਤਰ ਤਿਹ ਦਿੱਜੈ।। ੨।।**

ਉਸ ਦਾ ਪਿਆਰ ਇਕ ਵਿਅਕਤੀ ਨਾਲ ਹੋ ਗਿਆ ਸੀ ਜਿਸ ਕਰ ਕੇ ਉਸ ਸ਼ਰਮ ਹਯਾ ਨੂੰ ਛੱਡ ਦਿੱਤਾ ਸੀ। ਉਸ ਵਿਅੱਕਤੀ ਦਾ ਨਾਂ ਅਘਟ ਸਿੰਘ ਸੀ ਅਤੇ ਉਹ ਏਨਾ ਸੁੰਦਰ ਸੀ ਕਿ ਉਸ ਵਰਗਾ ਹੋਰ ਕੋਈ ਨਹੀਂ ਸੀ।।੨।।

**ਨਿਤਿ ਪ੍ਰਤਿ ਤਿਹ ਤ੍ਰਿਯ ਬੋਲਿ ਪਠਾਵਤ।। ਕਾਮ ਭੋਗ ਤਿਹ ਸਾਥ ਕਮਾਵਤ।।**

ਤਬ ਲੌ ਤਹਾਂ ਨਰਾਧਿਪ ਆਯੋ।। ਤ੍ਰਿਯ ਚਰਿਤ੍ਰ ਇਹ ਭਾਂਤਿ ਬਨਾਯੋ।। ੩।।

ਰੋਜ਼ ਉਹ ਇਸਤਰੀ ਉਸ ਨੂੰ ਬਲਾਉਂਦੀ ਸੀ ਅਤੇ ਉਸ ਨਾਲ ਕਾਮ ਭੋਗ ਕਰਦੀ ਸੀ। ਇਕ ਦਿਨ ਜਦ ਉਹ ਭੋਗ ਬਿਲਾਸ ਵਿਚ ਰੁਝੇ ਸਨ ਤਾਂ ਰਾਜਾ ਉਥੇ ਆ ਗਿਆ, ਤਾਂ ਉਸ ਇਸਤਰੀ ਨੇ ਇਸ ਪ੍ਰਕਾਰ ਇਕ ਚਲਿੱਤਰ ਬਣਾਇਆ।।੩।।

ਤੁਮਰੇ ਕੇਸ ਭੂਪ ਬਿਕਰਾਰਾ।। ਸਹੇ ਨ ਮੋ ਤੇ ਜਾਤ ਸੁਧਾਰਾ।।
ਪ੍ਰਥਮਹਿ ਰੋਮ ਮੂੰਡਿ ਤੁਮ ਆਵਹੁ।। ਬਹੁਰਿ ਹਮਾਰੀ ਸੇਜ ਸੁਹਾਵਹੁ।। ੪।।

ਪਦ ਅਰਥ - ਬਿਕਰਾਰਾ=ਡਰਾਉਣੇ ਹਨ। ਰੋਮ ਮੂੰਡਿ=ਸਿਰ ਮੁੰਨਾ ਕੇ।

ਉਹ ਕਹਿਣ ਲੱਗੀ, " ਹੇ ਰਾਜਨ ! ਤੁਹਾਡੇ ਵਾਲ ਬਹੁਤ ਵਧ ਗਏ ਹਨ, ਇਸ ਕਰ ਕੇ ਇਹ ਮੈਥੋਂ ਬਰਦਾਸ਼ਤ ਨਹੀਂ ਹੁੰਦੇ। ਪਹਿਲਾਂ ਤੁਸੀਂ ਵਾਲ ਮੁੰਨਵਾ ਕੇ ਆਓ ਅਤੇ ਫਿਰ ਆ ਕੇ ਮੇਰੀ ਸੇਜ ਦੀ ਸ਼ੋਭਾ ਵਧਾਓ।।੪।।

ਜਬ ਨ੍ਰਿਪ ਗਯੋ ਰੋਮ ਮੂੰਡਿਨ ਹਿਤ।। ਰਾਨੀ ਅਧਿਕ ਪ੍ਰਸੰਨਜ ਭਈ ਚਿਤ।।
ਛਿਦ੍ਰ ਤਾਕਿ ਨਿਜੁ ਮੀਤ ਲੁਕਾਯੋ।। ਮੂਰਖ ਭੂਪ ਭੇਦ ਨਹਿ ਪਾਯੋ।। ੫।। ੧।।

ਪਦ ਅਰਥ - ਪ੍ਰਸੰਨਜ ਚਿਤ=ਬਹੁਤ ਖੁਸ਼ ਹੋਈ।

ਜਦ ਰਾਜਾ ਵਾਲ ਮੁੰਨਵਾਉਣ ਚਲਾ ਗਿਆ, ਤਾਂ ਰਾਣੀ ਬਹੁਤ ਖੁਸ਼ ਹੋਈ; ਇਕ ਮਘੋਰਾ ਵੇਖ ਕੇ ਉਸ ਆਪਣੇ ਮਿੱਤਰ ਨੂੰ ਲੁਕਾ ਦਿੱਤਾ ਤੇ ਮੂਰਖ ਰਾਜਾ ਭੇਤ ਨੂੰ ਨ ਸਮਝ ਸਕਿਆ।।੫।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੬੮।।੬੭੦੦।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਾਠਵੀਂ ਕਥਾ ਸਮਾਪਤ।।੩੬੮।।੬੭੦੦।।ਚਲਦਾ।।

## ਚਲਿੱਤਰ ਤਿੰਨ ਸੌ ਉਣੱਤਰਵਾਂ

## ਕਥਾ ਚੰਚਲ ਦੇਵੀ

ਚੌਪਈ।।ਸੁਨੁ ਰਾਜਾ ਇਕ ਔਰ ਕਹਾਨੀ।। ਜਿਹ ਬਿਧਿ ਕਿਯਾ ਰਾਵ ਸੰਗ ਰਾਨੀ।।
ਗਨਪਤਿ ਸਿੰਘ ਏਕ ਰਾਜਾ ਬਰ।। ਸ਼ਤ੍ਰੁ ਕੰਪਤ ਤਾਕੇ ਡਰ ਘਰ ਘਰ।। ੧।।

ਹੇ ਰਾਜਨ ! ਇਕ ਹੋਰ ਕਥਾ ਸੁਣੋ ਕਿ ਇਕ ਰਾਜੇ ਦੇ ਨਾਲ ਇਕ ਰਾਣੀ ਨੇ ਕੀ ਕੀਤਾ। ਗਨਪਤ ਸਿੰਘ ਇਕ ਮਹਾਨ ਰਾਜਾ ਸੀ ਜਿਸ ਦੇ ਡਰ ਤੋਂ ਵੈਰੀ ਆਪਣੇ ਘਰਾਂ ਵਿਚ ਬੈਠੇ ਵੀ ਕੰਬਦੇ

Namdhari Elibrary NamdhariElibrary@gmail.com

************************************************************

ਸਨ॥੧॥

**ਚੰਚਲ ਦੇ ਰਾਜਾ ਕੀ ਨਾਰੀ॥ ਜਿਸੁ ਸਮ ਦੁਤਿਯ ਨ ਕਹੂੰ ਹਮਾਰੀ॥**
**ਅਵਰ ਰਾਨਿਯਨ ਕੇ ਘਰ ਆਵੈ॥ ਤਾਕੌ ਕਬਹੀ ਮੁਖ ਨ ਦਿਖਾਵੈ॥ ੨॥**

ਰਾਜੇ ਦੀ ਰਾਣੀ ਦਾ ਨਾਂ ਚੰਚਲ ਦੇਵੀ ਸੀ ਜਿਸ ਵਰਗੀ ਹੋਰ ਕੋਈ ਇਸਤਰੀ ਨਹੀਂ ਸੀ। ਰਾਜਾ ਹੋਰ ਰਾਣੀਆਂ ਦੇ ਘਰੀਂ ਜਾਂਦਾ ਸੀ ਪਰ ਉਸ ਨੂੰ ਮੂੰਹ ਵੀ ਨਹੀਂ ਵਖਾਉਂਦਾ ਸੀ॥੨॥

**ਰਾਨੀ ਇਨ ਬਾਤਨ ਤੇ ਜਰੀ॥ ਪਤਿ ਬਧ ਕੀ ਇੱਛਾ ਜਿਯ ਧਰੀ॥**
**ਔਰ ਨਾਰਿ ਕੋ ਧਰਿ ਕਰਿ ਭੇਸਾ॥ ਨਿਜੁਪਤਿ ਕੇ ਗ੍ਰਿਹਿ ਲਿਯਾ ਪ੍ਰਵੇਸਾ॥ ੩॥**

ਪਦ ਅਰਥ - ਜਰੀ=ਜਲੀ, ਸਾੜਾ ਕੀਤਾ। ਪਤਿ ਬਧ=ਪਤੀ ਨੂੰ ਮਾਰਨ। ਪ੍ਰਵੇਸਾ=ਘਰ ਅੰਦਰ ਗਈ।

ਰਾਣੀ ਨੇ ਇਨ੍ਹਾਂ ਗੱਲਾਂ ਤੋਂ ਸੜ ਬਲ ਕੇ ਪਤੀ ਨੂੰ ਮਾਰਨ ਦਾ ਇਰਾਦਾ ਬਣਾ ਲਿਆ। ਇਕ ਹੋਰ ਇਸਤਰੀ ਦਾ ਭੇਸ ਧਾਰ ਕੇ ਉਹ ਆਪਣੇ ਪਤੀ ਦੇ ਘਰ ਚਲੇ ਗਈ॥੩॥

**ਅਪਨੀ ਨਾਰਿ ਨ ਨ੍ਰਿਪਤਿਹ ਜਾਨਾ॥ ਅਧਿਕ ਰੂਪ ਲਖਿ ਤਾਹਿ ਲੁਭਾਨਾ॥**
**ਭਈ ਰੈਨਿ ਤਬ ਲਈ ਬੁਲਾਇ॥ ਭੋਗ ਕੀਯਾ ਤਾਸੌ ਲਪਟਾਇ॥ ੪॥**

ਰਾਜੇ ਨੇ ਉਸ ਨੂੰ ਆਪਣੀ ਇਸਤਰੀ ਦੇ ਤੌਰ ਤੇ ਨ ਪਹਿਚਾਣਿਆ ਅਤੇ ਉਸ ਦਾ ਸੁੰਦਰ ਰੂਪ ਵੇਖ ਕੇ ਉਸ ਤੇ ਮੋਹਿਤ ਹੋ ਗਿਆ, ਜਦ ਰਾਤ ਹੋਈ ਤਾਂ ਉਸ ਨੂੰ ਬੁਲਾਇਆ ਅਤੇ ਉਸ ਨਾਲ ਪ੍ਰੇਮ ਸਹਿਤ ਰਮਣ ਕੀਤਾ॥੪॥

**ਯੌ ਬਤਿਯਾ ਤਿਹ ਸਾਥ ਉਚਾਰੀ॥ ਹੈ ਛਿਨਾਰ ਨ੍ਰਿਪ ਨਾਰ ਤਿਹਾਰੀ॥**
**ਏਕ ਪੁਰਖ ਕੋ ਧਾਮ ਬੁਲਾਵਤ॥ ਮੁਹਿ ਨਿਰਖਤ ਤਾਸੌ ਲਪਟਾਵਤ॥ ੫॥**

ਪਦ ਅਰਥ - ਯੌ ਬਤਿਯਾ=ਇਹ ਗੱਲ। ਛਿਨਾਰ=ਬਦਚਲਣ।

ਰਾਣੀ ਫਿਰ ਕਹਿਣ ਲੱਗੀ, "ਹੇ ਰਾਜਨ ! ਤੁਹਾਡੀ ਇਸਤਰੀ ਛਨਾਰ ਅਤੇ ਬਦਚਲਣ ਹੈ, ਉਹ ਇਕ ਆਦਮੀ ਨੂੰ ਘਰ ਵਿਚ ਬੁਲਾਉਂਦੀ ਹੈ ਅਤੇ ਮੇਰੇ ਵੇਖਦੇ ਵੇਖਦੇ ਉਸ ਨਾਲ ਲਿਪਟ ਜਾਂਦੀ ਹੈ॥੫॥

**ਯੌ ਨ੍ਰਿਪ ਸੋ ਤਿਨ ਕਹੀ ਬਨਾਇ॥ ਅਤਿ ਨਿਜੁ ਪਤਿ ਕਹ ਰਿਸਿ ਉਪਜਾਇ॥**
**ਲਖਿਨ ਚਲਾ ਭੂਪਤ ਤਿਹ ਧਾਈ॥ ਧਾਮ ਆਪਨਾਗਮ ਤ੍ਰਿਯ ਆਈ॥ ੬॥**

ਉਸ ਇਸ ਤਰ੍ਹਾਂ ਗੱਲ ਬਣਾ ਕੇ ਪਤੀ ਨੂੰ ਕਿਹਾ ਅਤੇ ਉਸ ਵਿਚ ਰੋਹ ਭਰ ਦਿੱਤਾ। ਰਾਜਾ

ਇਹ ਸਭ ਕੁਝ ਵੇਖਣ ਲਈ ਚਲ ਪਿਆ ਅਤੇ ਓਧਰ ਉਹ ਇਸਤਰੀ ਵੀ ਪਹਿਲਾਂ ਹੀ ਆਪਣੇ ਘਰ ਪਹੁੰਚ ਗਈ॥੬॥

ਨਿਜੁ ਤਨੁ ਭੇਸ ਪੁਰਖ ਕੋ ਧਾਰੀ॥ ਗਈ ਸਵਤਿ ਕੇ ਧਾਮ ਸੁਧਾਰੀ॥
ਆਗੇ ਪ੍ਰੀਤਿ ਹੁਤੀ ਸੰਗ ਜਾਕੇ॥ ਬੈਠੀ ਜਾਇ ਸੇਜ ਚੜਿ ਤਾਕੇ॥੭॥

ਪਦ ਅਰਥ - ਸਵਤਿ=ਸੌਂਕਣ।

ਘਰ ਆ ਕੇ ਉਸ ਮਰਦਾਵੇ ਕਪੜੇ ਪਾ ਲਏ ਅਤੇ ਝਟ ਸੌਂਕਣ ਦੇ ਘਰ ਵਿਚ ਚਲੀ ਗਈ। ਰਾਜੇ ਦੀ ਜਿਸ ਔਰਤ ਨਾਲ ਜ਼ਿਆਦਾ ਪ੍ਰੀਤ ਸੀ, ਉਸ ਦੀ ਸੇਜ ਤੇ ਚੜ੍ਹ ਕੇ ਬੈਠ ਗਈ॥੭॥

ਤਬ ਲਗਿ ਤਹਾਂ ਨਰਾਧਿਪ ਆਯੋ॥ ਪੁਰਖ ਭੇਸ ਲਖਿ ਨਾਰਿ ਰਿਸਾਯੋ॥
ਜੋ ਬਾਤੈ ਮੁਹਿ ਯਾਰ ਉਚਾਰੀ॥ ਸੋ ਅਖਿਯਨ ਹਮ ਆਜੁ ਨਿਹਾਰੀ॥ ੮॥

ਤਦ ਤਕ ਰਾਜਾ ਵੀ ਉਥੇ ਆ ਗਿਆ ਅਤੇ ਨਾਰੀ ਨੂੰ ਮਰਦ ਦੇ ਰੂਪ ਵਿਚ ਵੇਖ ਕੇ ਕ੍ਰੋਧ ਵਿਚ ਆ ਗਿਆ। ਉਸ ਸੋਚਿਆ ਕਿ ਮੇਰੀ ਪ੍ਰੇਮਕਾ ਨੇ ਜੋ ਗੱਲਾਂ ਮੈਨੂੰ ਦਸੀਆਂ ਸਨ, ਉਹ ਮੈਂ ਆਪਣੀਆਂ ਅੱਖਾਂ ਨਾਲ ਵੇਖ ਲਈਆਂ ਹਨ॥੮॥

ਕਾਢਿ ਕ੍ਰਿਪਾਨ ਹਨਨਿ ਤਿਹਧਯੋ॥ ਰਾਨੀ ਹਾਥ ਨਾਥ ਗਹਿਲਯੋ॥
ਤਵ ਤ੍ਰਿਯ ਭੇਸ ਤਹਾਂ ਨਰ ਧਾਰਾ॥ ਤੈਂ ਜੜ੍ਹ ਯਾ ਕਹ ਜਾਰ ਬਿਚਾਰਾ॥ ੯॥

ਉਹ ਕਿਰਪਾਨ ਕਢ ਕੇ ਉਸ ਨੂੰ ਮਾਰਨ ਵਾਸਤੇ ਭਜਿਆ, ਪਰ ਰਾਣੀ ਨੇ ਉਸ ਨੂੰ ਫੜ ਲਿਆ ਅਤੇ ਕਹਿਣ ਲੱਗੀ ਹੇ ਮੂਰਖ ! ਤੁਹਾਡੀ ਇਸਤਰੀ ਨੇ ਹੀ ਮਰਦ ਦਾ ਭੇਸ ਧਾਰਣ ਕੀਤਾ ਸੀ, ਜਿਸ ਨੂੰ ਤੁਸੀਂ ਯਾਰ ਸਮਝ ਲਿਆ ਹੈ॥੯॥

ਜਬ ਤਿਹ ਨ੍ਰਿਪ ਨਿਜੁ ਨਾਰਿ ਬਿਚਾਰਜੋ॥ ਉਤਰਾ ਕੋਪ ਹਿਯੈ ਥੋ ਧਾਰਜੋ॥
ਤਿਨ ਇਸਤ੍ਰੀ ਇਹ ਭਾਂਤਿ ਉਚਾਰੀ॥ ਸੁਨੁ ਮੂਰਖ ਨ੍ਰਿਪ ਬਾਤ ਹਮਾਰੀ॥ ੧੦॥

ਜਦ ਰਾਜੇ ਨੇ ਉਸ ਨੂੰ ਆਪਣੀ ਇਸਤਰੀ ਮੰਨਿਆ ਤਾਂ ਉਸ ਦੇ ਮਨ ਦਾ ਕ੍ਰੋਧ ਮਿਟ ਗਿਆ। ਉਸ ਇਸਤਰੀ ਨੇ ਫਿਰ ਕਿਹਾ ਕਿ ਹੇ ਮੂਰਖ ਰਾਜੇ ! ਮੇਰੀ ਇਕ ਗੱਲ ਸੁਣੋ॥੧੦॥

ਬਸਤ ਏਕ ਦਿਜਬਰ ਇਹ ਗਾਵੈਂ॥ ਚੰਦ੍ਰ ਚੂੜ ਓਝਾ ਤਿਹ ਨਾਵੈਂ॥
ਬ੍ਰਹਮ ਡੰਡ ਤਿਹ ਪੂਛਿ ਕਰਾਵਹੁ॥ ਤਬ ਅਪਨੋ ਮੁਖ ਹਮੈ ਦਿਖਾਵਹੁ॥ ੧੧॥

ਇਸ ਨਗਰ ਵਿਚ ਇਕ ਬ੍ਰਾਹਮਣ ਰਹਿੰਦਾ ਹੈ, ਜਿਸ ਦਾ ਨਾਂ ਚੰਦਰਚੂੜ ਓਝਾ ਹੈ। ਉਸ ਨੂੰ ਪਹਿਲਾਂ ਬ੍ਰਹਮ ਦੰਡ ਦੇ ਕੇ ਆਓ ਅਤੇ ਫਿਰ ਆ ਕੇ ਮੈਨੂੰ ਆਪਣਾ ਮੂੰਹ ਵਖਾਓ॥੧੧॥

ਜਬ ਰਾਜਾ ਤਿਹ ਓਰ ਸਿਧਾਯੋ।। ਤਬ ਦਿਜ ਕੋ ਤ੍ਰਿਯ ਭੇਖ ਬਨਾਯੋ।।
ਚੰਦ੍ਰ ਚੂੜ ਧਰਿ ਅਪਨਾ ਨਾਮ।। ਪ੍ਰਾਪਤਿ ਭਈ ਨ੍ਰਿਪਤਿ ਕੇ ਧਾਮ।। ੧੨।।

ਜਦ ਰਾਜਾ ਉਸ ਪਾਸੇ ਚਲਿਆ ਤਾਂ ਇਸਤਰੀ ਨੇ ਬ੍ਰਾਹਮਣ ਦਾ ਭੇਸ ਧਾਰਣ ਕਰ ਲਿਆ। ਆਪਣਾ ਨਾਂ ਚੰਦਰ ਚੂੜ ਰੱਖ ਕੇ ਰਾਜੇ ਦੇ ਘਰ ਪਹੁੰਚ ਗਈ।।੧੨।।

ਤਿਹ ਨ੍ਰਿਪ ਨਾਮ ਪੂਛ ਹਰਖਾਨਾ।। ਚੰਦ੍ਰ ਚੂੜ ਤਿਹ ਕੌ ਪਹਿਚਾਨਾ।।
ਜਿਹ ਹਿਤ ਜਾਤ ਕਹੋ ਪਰਦੇਸਾ।। ਭਲੀ ਭਈ ਆਯੋ ਵਹੁ ਦੇਸਾ।। ੧੩।।

ਪਦ ਅਰਥ - ਹਰਖਾਨਾ=ਖੁਸ਼ ਹੋਇਆ। ਚੰਦ੍ਰ ਚੂੜ ਤਹਿ ਕੌ ਪਹਿਚਾਨਾ=ਉਸ ਨੂੰ ਚੰਦਰ ਚੂੜ ਮੰਨ ਲਿਆ।

ਰਾਜਾ ਉਸ ਦਾ ਨਾਂ ਸੁਣਕੇ ਖੁਸ਼ ਹੋ ਗਿਆ ਅਤੇ ਉਸ ਨੂੰ ਚੰਦਰ ਚੂੜ ਮੰਨਣ ਲੱਗਾ। ਜਿਸ ਦੇ ਕੋਲ ਮੈਂ ਖੁਦ ਜਾਣ ਵਾਲਾ ਸੀ ਉਹ ਆਪ ਹੀ ਮੇਰੇ ਪਾਸ ਆ ਗਿਆ ਹੈ।।੧੩।।

ਜਬ ਪੂਛਾ ਰਾਜੈ ਤਿਹ ਜਾਈ।। ਤ੍ਰਿਯ ਦਿਜ ਹ੍ਵੈ ਇਹ ਬਾਤ ਬਤਾਈ।।
ਜੋ ਨ੍ਰਿਦੋਖ ਕਹ ਦੋਖ ਲਗਾਵੈ।। ਜਨਪੁਰ ਅਧਿਕ ਜਾਤਨਾ ਪਾਵੈ।। ੧੪।।

ਪਦ ਅਰਥ - ਤ੍ਰਿਯ ਦਿਜ ਹੈ=ਇਸਤਰੀ ਨੇ ਬ੍ਰਾਹਮਣ ਬਣ ਕੇ। ਨਿਰਦੋਖ=ਨਿਰਦੋਸ਼। ਦੋਖ=ਦੋਸ਼। ਜਾਤਨਾ=ਦੁਖ, ਪੀੜ।

ਜਦ ਰਾਜੇ ਨੇ ਉਸ ਨੂੰ ਪੁਛਿਆ ਤਾਂ ਬ੍ਰਾਹਮਣ ਬਣੀ ਇਸਤਰੀ ਨੇ ਗੱਲ ਕਹੀ। ਜਿਹੜਾ ਵਿਅਕਤੀ ਨਿਰਦੋਸ਼ ਉਤੇ ਦੋਸ਼ ਲਾਉਂਦਾ ਹੈ, ਉਹ ਜ਼ਿਆਦਾ ਦੁਖ ਪਾਉਂਦਾ ਹੈ।।੧੪।।

ਤਹ ਤਿਹ ਬਾਂਧਿ ਥੰਭ ਕੈ ਸੰਗ।। ਤਪਤ ਤੇਲ ਡਾਰਤ ਤਿਹ ਅੰਗ।।
ਛੁਰਿਯਨ ਸਾਥ ਮਾਸੁ ਕਟਿ ਡਾਰੈਂ।। ਨਰਕ ਕੁੰਡ ਕੇ ਬੀਚ ਪਛਾਰੈਂ।। ੧੫।।

ਉਸ ਨੂੰ ਥੰਭ ਨਾਲ ਬੰਨ੍ਹਿਆ ਜਾਂਦਾ ਹੈ ਅਤੇ ਤਪਦੇ ਤੇਲ ਵਿਚ ਉਸ ਦੇ ਅੰਗਾਂ ਨੂੰ ਸੁੱਟਿਆ ਜਾਂਦਾ ਹੈ, ਛੁਰੀਆਂ ਨਾਲ ਉਸਦਾ ਮਾਸ ਕੱਟ ਦਿੰਦੇ ਹਨ ਅਤੇ ਉਸ ਨੂੰ ਨਰਕ ਕੁੰਡ ਵਿਚ ਸੁੱਟ ਦਿੰਦੇ ਹਨ।।੧੫।।

ਗਾਵਾ ਗੋਬਰ ਲੇਹੁ ਮਗਾਇ।। ਤਾਕੀ ਚਿਤਾ ਬਨਾਵਹੁ ਰਾਇ।।
ਤਾ ਮੈ ਬੈਠਿ ਜਰੈ ਜੇ ਕੋਊ।। ਜਮ ਪੁਰ ਬਿਖੈ ਨ ਟੰਗਿਯੈ ਸੋਊ।। ੧੬।।

ਗਾਂ ਦੇ ਗੋਹੇ ਦੀਆਂ ਪਾਥੀਆਂ ਮੰਗਵਾਓ ਅਤੇ ਉਸ ਦੀ ਚਿੱਤਾ ਬਣਾਓ, ਇਸ ਵਿਚ ਬੈਠ ਕੇ ਜੇ ਕੋਈ ਸੜ ਮਰੇ ਤਾਂ ਉਹ ਫਿਰ ਜਮ ਲੋਕ ਵਿਚ ਜਾ ਕੇ ਸੂਲੀ ਤੇ ਨਹੀਂ ਟੰਗਿਆ ਜਾਂਦਾ।।੧੬।।

Namdhari Elibrary NamdhariElibrary@gmail.com

ਦੋਹਰਾ।। ਸੁਨਤ ਬਚਨ ਦਿਜ ਨਾਰਿ ਨ੍ਰਿਪ ਗੋਬਰ ਲਿਯਾ ਮੰਗਾਇ।।
ਬੈਠਿ ਆਪੁ ਤਾਂ ਮਹਿ ਜਰਾ ਸਕਾ ਨ ਤ੍ਰਿਯ ਛਲ ਪਾਇ।।੧੭।।੧।।

ਇਸਤਰੀ ਦੇ ਬਚਨ ਸੁਣ ਕੇ ਰਾਜੇ ਨੇ ਪਾਥੀਆਂ ਮੰਗਵਾ ਲਈਆਂ ਅਤੇ ਖੁਦ ਉਸ ਵਿਚ ਬੈਠ ਕੇ ਸਤ ਮਰਿਆ, ਪਰ ਇਸਤਰੀ ਦੇ ਚਲਿੱਤਰ ਨੂੰ ਨ ਸਮਝ ਸਕਿਆ।।੧੭।। ੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਹੱਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੬੯।।੬੭੧੭।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਣੱਤਰਵੀਂ ਕਥਾ ਸਮਾਪਤ।।੩੬੯।।੬੭੧੭।।ਚਲਦਾ।।

## ਚਲਿੱਤਰ ਤਿੰਨ ਸੌ ਸੱਤਰਵਾਂ

## ਕਥਾ ਅਬਦਾਲ ਮਤੀ

ਚੌਪਈ।। ਬਜਾਘ੍ਰਕੇਤ ਸੁਨਿਯਤ ਇਕ ਰਾਜਾ।। ਜਿਹ ਸਮ ਦੁਤਿਯ ਨ ਬਿਧਨਾ ਸਾਜਾ।।
ਬਜਾਘ੍ਰਵਤੀ ਨਗਰ ਤਿਹ ਸੋਹੈ।। ਇੰਦ੍ਰਾਵਤੀ ਨਗਰ ਕੋ ਮੋਹੈ।। ੧।।

ਬਿਆਘਰ ਕੇਤ ਇਕ ਰਾਜਾ ਸੀ ਜਿਸ ਵਰਗਾ ਵਿਧਾਤਾ ਨੇ ਹੋਰ ਕੋਈ ਨਹੀਂ ਬਣਾਇਆ ਸੀ। ਉਸ ਦੀ ਨਗਰੀ ਦਾ ਨਾਂ ਬਿਆਘਰਮਤੀ ਸੀ ਜਿਹੜੀ ਕਿ ਏਨੀ ਸੁੰਦਰ ਸੀ ਕਿ ਇੰਦਰਾਪੁਰੀ ਦਾ ਵੀ ਮਨ ਮੋਹਦੀ ਸੀ।।੧।।

ਸ੍ਰੀ ਅਬਦਾਲ ਮਤੀ ਤ੍ਰਿਯ ਤਾਕੀ।। ਨਰੀ ਨਾਗਨੀ ਤੁੱਲਿ ਨ ਵਾਕੀ।।
ਤਹ ਇਕ ਹੁਤੋ ਸ਼ਾਹੁ ਸੁਤ ਆਛੋ।। ਜਨੁ ਅਲਿ ਪਨਚ ਕਾਛ ਤਨ ਕਾਛੋ।। ੨।।

ਪਦ ਅਰਥ - ਸ਼ਾਹ ਸੁਤ=ਸ਼ਾਹ ਦਾ ਪੁੱਤਰ। ਆਛੋ=ਚੰਗਾ। ਜਨੁ ਅਲਿ ਪਨਚ ਕਾਛ ਤਨ ਕਾਛੋ=ਉਸ ਦਾ ਸਰੀਰ ਤੀਰ ਕਮਾਨ ਵਾਂਗ ਲਚਕੀਲਾ ਸੀ।

ਉਸ ਦੀ ਇਸਤਰੀ ਦਾ ਨਾਂ ਅਬਦਾਲ ਮਤੀ ਸੀ, ਜਿਸ ਦੇ ਤੁੱਲ ਕੋਈ ਨਰ ਨਾਗ ਇਸਤਰੀ ਵੀ ਨਹੀਂ ਸੀ। ਉਥੇ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ, ਜਿਸ ਦਾ ਸਰੀਰ ਤੀਰ ਕਮਾਨ ਵਾਂਗ ਲਚਕੀਲਾ ਸੀ।।੨।।

ਅੜਿੱਲ।। ਸ੍ਰੀ ਜਸ ਤਿਲਕ ਸਿੰਘ ਤਿਹ ਨਾਮ ਪਛਾਨਿਯੈ।।
ਰੂਪਵਾਨ ਧਨਵਾਨ ਚਤੁਰ ਪਹਿਚਾਨਿਯੈ।।

**ਜੋ ਇਸਤ੍ਰੀ ਤਾਕੋ ਛਿਨ ਰੂਪ ਨਿਹਾਰਈ॥**
**ਹੋ ਲੋਕ ਲਾਜ ਕੁਲਿ ਕਾਨਿ ਸਭੈ ਤਜਿ ਡਾਰਈ॥ ੩॥**

ਪਦ ਅਰਥ - ਕੁਲਿ ਕਾਨਿ=ਕੁਲ ਮਰਿਆਦਾ। ਤਜਿ ਡਾਰਈ=ਛੱਡ ਦਿੰਦੀ ਸੀ।

ਉਸ ਦਾ ਨਾਂ ਜਸ ਤਿਲਕ ਸਿੰਘ ਸੀ ਅਤੇ ਉਹ ਬਹੁਤ ਰੂਪਵਾਨ, ਧਨਵਾਨ ਅਤੇ ਚਤਰ ਮੰਨਿਆ ਜਾਂਦਾ ਸੀ, ਜਿਹੜੀ ਇਸਤਰੀ ਉਸ ਨੂੰ ਇਕ ਪਲ ਲਈ ਵੀ ਵੇਖ ਲੈਂਦੀ ਸੀ ਉਹ ਲਾਜ, ਕੁਲ ਮਰਿਆਦਾ ਸਭ ਛੱਡ ਦਿੰਦੀ ਸੀ॥੩॥

**ਚੌਪਈ॥ ਏਕ ਸਖੀ ਤਾਕੌਂ ਲਖਿ ਪਾਈ॥ ਬੈਠਿ ਸਖਿਨ ਮਹਿ ਬਾਤ ਚਲਾਈ॥**
**ਜਸ ਸੁੰਦਰ ਇਕ ਇਹ ਪੁਰ ਮਾਹੀ॥ ਤੈਸੌ ਚੰਦ੍ਰ ਸੂਰ ਭੀ ਨਾਹੀ॥ ੪॥**

ਇਕ ਦਾਸੀ ਨੇ ਉਸ ਨੂੰ ਵੇਖਿਆ ਅਤੇ ਦੂਸਰੀਆਂ ਦਾਸੀਆਂ ਵਿਚ ਬੈਠ ਕੇ ਉਸ ਦੀ ਗੱਲ ਚਲਾਈ। ਉਹ ਕਹਿਣ ਲੱਗੀ ਕਿ ਇਸ ਨਗਰ ਵਿਚ ਇਕ ਵਿਅਕਤੀ ਏਨਾ ਸੁੰਦਰ ਹੈ ਕਿ ਉਸ ਵਰਗੇ ਚੰਦ ਅਤੇ ਸੂਰਜ ਵੀ ਨਹੀਂ ਹਨ॥੪॥

**ਸੁਨਿ ਬਤਿਯਾ ਰਾਨੀ ਜਿਯ ਰਾਖੀ॥ ਔਰ ਨਾਰਿ ਸੌ ਪ੍ਰਗਟ ਨ ਭਾਖੀ॥**
**ਜੋ ਸਹਚਰਿ ਤਾਕੌਂ ਲਖਿ ਆਈ॥ ਰੈਨਿ ਭਈ ਤਬ ਵਹੈ ਬੁਲਾਈ॥ ੫॥**

ਰਾਣੀ ਨੇ ਇਹ ਗੱਲ ਸੁਣ ਕੇ ਦਿਲ ਵਿਚ ਰੱਖ ਲਈ, ਅਤੇ ਕਿਸੇ ਹੋਰ ਇਸਤਰੀ ਪਾਸ ਇਸ ਬਾਰੇ ਗੱਲ ਨਾ ਕੀਤੀ। ਜਿਸ ਦਾਸੀ ਨੇ ਉਸ ਨੂੰ ਵੇਖਿਆ ਸੀ, ਰਾਤ ਹੁੰਦਿਆ ਹੀ ਉਸ ਨੂੰ ਬੁਲਾ ਲਿਆ॥੫॥

**ਅਧਿਕ ਦਰਬੁ ਤਾਕੌਂ ਦੈ ਰਾਨੀ॥ ਪੂਛੀ ਤਾਹਿ ਦੀਨ ਹ੍ਵੈ ਬਾਨੀ॥**
**ਸੁ ਕਹੁ ਕਹਾਂ ਮੁਹਿ ਜੁ ਤੈਂ ਨਿਹਾਰਾ॥ ਕਿਯਾ ਚਾਹਤ ਤਿਹ ਦਰਸ ਅਪਾਰਾ॥ ੬॥**

ਪਦ ਅਰਥ - ਦਰਬ=ਧਨ। ਦੀਨ ਹ੍ਵੈ=ਮਸਕੀਨ ਹੋ ਕੇ। ਤੈਂ ਨਿਹਾਰਾ=ਤੂੰ ਵੇਖਿਆ।

ਰਾਣੀ ਨੇ ਉਸ ਨੂੰ ਵਾਧੂ ਧਨ ਦੇ ਕੇ, ਅਧੀਨਗੀ ਨਾਲ ਕਿਹਾ ਕਿ ਜਿਸ ਸੁੰਦਰ ਵਿਅਕਤੀ ਨੂੰ ਤੂੰ ਵੇਖਿਆ ਹੈ, ਮੈਨੂੰ ਉਸ ਬਾਰੇ ਦੱਸ ਕਿ ਉਹ ਕਿਥੇ ਰਹਿੰਦਾ ਹੈ; ਮੈਂ ਉਸ ਦੇ ਦਰਸ਼ਨ ਕਰਨਾ ਚਾਹੁੰਦੀ ਹਾਂ॥੬॥

**ਤਬ ਚੇਰੀ ਇਮਿ ਬਚਨ ਉਚਾਰੇ॥ ਸੁਨੁ ਰਾਨੀ ਜੂ ਕਹਾ ਹਮਾਰੇ॥**
**ਸ੍ਰੀ ਜਸ ਤਿਲਕ ਰਾਇ ਤਿਹ ਜਾਨੋ॥ ਸ਼ਾਹ ਪੂਤ ਤਾਕਹ ਪਹਿਚਾਨੋ॥ ੭॥**

ਤਦ ਦਾਸੀ ਨੇ ਰਾਣੀ ਨੂੰ ਕਿਹਾ ਕਿ ਮੇਰੀ ਗੱਲ ਸੁਣੋ, ਉਸ ਦਾ ਨਾਂ ਜਸ ਤਿਲਕ ਰਾਏ

ਹੈ ਅਤੇ ਉਹ ਇਕ ਸ਼ਾਹ ਦਾ ਪੁੱਤਰ ਹੈ॥੭॥

**ਜੁ ਤੁਮ ਕਹੌ ਤਿਹ ਤੁਮੈਂ ਮਿਲਾਊਂ॥ ਮਦਨ ਤਾਪ ਸਭ ਤੋਰ ਮਿਟਾਊਂ॥**
**ਸੁਨਤ ਬਚਨ ਰਾਨੀ ਪਗ ਪਰੀ॥ ਪੁਨਿ ਤਾਸੌ ਬਿਨਤੀ ਇਮਿ ਕਰੀ॥ ੮॥**

ਪਦ ਅਰਥ - ਮਦਨ ਤਾਪ=ਕਾਮ ਦਾ ਸੰਤਾਪ। ਪਗ ਪਰੀ=ਪੈਰੀਂ ਪੈ ਗਈ।

ਜੇ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਉਸ ਨਾਲ ਮਿਲਾ ਦਿੰਦੀ ਹਾਂ ਅਤੇ ਤੁਹਾਡੇ ਕਾਮ ਦੇ ਬੁਖਾਰ ਨੂੰ ਉਤਾਰ ਦਿੰਦੀ ਹਾਂ। ਇਹ ਗੱਲ ਸੁਣ ਕੇ ਰਾਣੀ ਉਹਦੇ ਚਰਨਾਂ ਤੇ ਢਹਿ ਪਈ ਅਤੇ ਫਿਰ ਉਸ ਅੱਗੇ ਬੇਨਤੀ ਕਰਨ ਲੱਗੀ॥੮॥

**ਜੇ ਤਾਕੋਂ ਤੈ ਮੁਝੈ ਮਿਲਾਵੈਂ॥ ਜੋ ਧਨ ਮੁਖ ਮਾਂਗੈ ਸੋ ਪਾਵੈਂ॥**
**ਤਹ ਸਖੀ ਗਈ ਬਾਰ ਨਹਿ ਲਾਗੀ॥ ਆਨਿ ਦਿਯੋ ਤਾਕੌਂ ਬਡਭਾਗੀ॥ ੯॥**

ਜੇ ਤੂੰ ਉਸ ਨੂੰ ਮੈਨੂੰ ਮਿਲਾ ਦੇਵੇਂ ਤਾਂ ਮੈਂ ਤੈਨੂੰ ਮੂੰਹ ਮੰਗਿਆ ਧਨ ਦੇਵਾਂਗੀ। ਉਹ ਦਾਸੀ ਝੱਟ ਗਈ ਅਤੇ ਉਸ ਭਾਗਾਂ ਵਾਲੇ ਨੂੰ ਉਸ ਨਾਲ ਮਿਲਾ ਦਿੱਤਾ॥੯॥

**ਦੋਹਰਾ॥ ਰਾਨੀ ਤਾਕੌਂ ਪਾਇ ਤਿਹਿ ਦਾਰਿਦ ਦਿਯਾ ਮਿਟਾਇ॥**
**ਨ੍ਰਿਪ ਕੀ ਆਂਖ ਬਚਾਇ ਉਹਿ ਲਿਯੋ ਗਰੇ ਸੌ ਲਾਇ॥ ੧੦॥**

ਪਦ ਅਰਥ - ਦਾਰਿਦ=ਦਲਿਦਰ, ਭੁਖ, ਗ਼ਰੀਬੀ।

ਰਾਣੀ ਨੇ ਉਸ ਨੂੰ ਪ੍ਰਾਪਤ ਕਰਕੇ, ਦਾਸੀ ਦੀ ਸਾਰੀ ਗਰੀਬੀ ਦੂਰ ਕਰ ਦਿੱਤੀ। ਰਾਣੀ ਨੇ ਰਾਜੇ ਤੋਂ ਅੱਖ ਬਚਾ ਕੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ॥੧੦॥

**ਚੌਪਈ॥ ਦੋਊ ਧਨੀ ਔ ਜੋਬਨਵੰਤ॥ ਕਰਤ ਕਾਮ ਕ੍ਰੀੜਾ ਬਿਗਸੰਤ॥**
**ਇਕ ਕਾਮੀ ਅਰੁ ਕੈਫ ਚੜਾਈ॥ ਰੈਨਿ ਸਕਲ ਰਤਿ ਕਰਤ ਬਿਤਾਈ॥੧੧॥**

ਪਦ ਅਰਥ - ਬਿਗਸੰਤ=ਖੁਸ਼ੀ ਖੁਸ਼ੀ। ਰੈਨਿ=ਰਾਤ।

ਦੋਵੇਂ ਧਨੀ ਅਤੇ ਜੋਬਨਵੰਤ ਸਨ, ਉਹ ਕਾਮ ਕ੍ਰੀੜਾ ਕਰਕੇ ਖੁਸ਼ ਹੋਣ ਲੱਗੇ। ਇਕ ਤਾਂ ਉਹ ਕਾਮੀ ਸਨ ਦੂਸਰਾ ਉਨ੍ਹਾਂ ਨੇ ਸ਼ਰਾਬ ਪੀ ਲਈ ਸੀ, ਉਨ੍ਹਾਂ ਸਾਰੀ ਰਾਤ ਕਾਮ ਕ੍ਰੀੜਾ ਕਰਦਿਆਂ ਹੀ ਗੁਜ਼ਾਰ ਦਿੱਤੀ॥੧੧॥

**ਲਪਟਿ ਲਪਟਿ ਆਸਨ ਵੇ ਲੇਹੀ॥ ਆਪੁ ਬੀਚਿ ਸੁਖ ਬਹੁ ਬਿਧਿ ਦੇਹੀ॥**
**ਚੁੰਬਨ ਕਰਤ ਨਖਨ ਕੇ ਘਾਤਾ॥ ਰੈਨਿ ਬਿਤੀ ਆਯੋ ਹੈ ਪ੍ਰਾਤਾ॥ ੧੨॥**

*************************************************************
ਪਦ ਅਰਥ - ਨਖਨ ਕੇ ਘਾਤਾ=ਨਹੁੰਆਂ ਦੇ ਨਿਸ਼ਾਨ। ਪ੍ਰਾਤਾ=ਸਵੇਰ।

ਉਹ ਲਿਪਟ ਲਿਪਟ ਕੇ ਆਸਣ ਬਣਾਉਂਦੇ ਸਨ ਅਤੇ ਕਈ ਢੰਗਾਂ ਨਾਲ ਸੁਖ ਪ੍ਰਾਪਤ ਕਰ ਰਹੇ ਸਨ। ਚੁੰਮਣਾਂ ਦਾ ਆਦਾਨ ਪਰਧਾਨ ਕਰਦੇ ਸਮੇਂ ਚਿਹਰੇ ਤੇ ਨਹੁੰਆਂ ਦੇ ਜ਼ਖਮ ਹੋ ਗਏ ਅਤੇ ਇਸ ਤਰ੍ਹਾਂ ਸਾਰੀ ਰਾਤ ਬੀਤ ਗਈ ਅਤੇ ਦਿਨ ਚੜ੍ਹ ਆਇਆ।।੧੨।।

**ਰਾਨੀ ਗਈ ਪ੍ਰਾਤ ਪਤਿ ਪਾਸ।। ਲਗੀ ਰਹੀ ਜਾਕੀ ਜਿਯ ਆਸ।।**
**ਅਥਵਤ ਦਿਨਨ ਹੋਤ ਅੰਧਯਾਰੋ।। ਬਹੁਰਿ ਭਜੈ ਮੁਹਿ ਆਨਿ ਪਯਾਰੋ।।੧੩।।**

ਰਾਣੀ ਫਿਰ ਸਵੇਰੇ ਪਤੀ ਦੇ ਕੋਲ ਗਈ, ਪਰ ਉਸ ਦੇ ਮਨ ਵਿਚ ਉਸ ਦੀ ਆਸ ਲੱਗੀ ਰਹੀ ਉਹ ਸੋਚਦੀ ਸੀ ਕਿ ਕਦ ਦਿਨ ਬੀਤੇ ਅਤੇ ਹਨੇਰਾ ਹੋਵੇ ਅਤੇ ਮੇਰਾ ਪਿਆਰਾ ਮੇਰੇ ਨਾਲ ਫਿਰ ਆ ਕੇ ਭੋਗ ਬਿਲਾਸ ਕਰੇ।।੧੩।।

**ਜੌ ਰਹਿਹੌ ਰਾਜਾ ਕੈ ਪਾਸ।। ਮੋਹਿ ਰਾਖਿ ਹੈ ਬਿਰਧ ਨਿਰਾਸ।।**
**ਸੰਗ ਕਹਾਂ ਯਾਕੇ ਸ੍ਵੈ ਲੈਹੌਂ।। ਮਿੱਤ੍ਰ ਭੋਗ ਭੋਗਨ ਤੇ ਜੈਹੌਂ।। ੧੪।।**

ਉਹ ਸੋਚਣ ਲੱਗੀ ਕਿ ਜੇ ਮੈਂ ਰਾਜੇ ਦੇ ਕੋਲ ਰਹਿੰਦੀ ਹਾਂ ਤਾਂ ਇਹ ਬਿਰਧ ਮੈਨੂੰ ਨਿਰਾਸ਼ ਹੀ ਰਖੇਗਾ। ਇਸ ਦੇ ਨਾਲ ਸੌਣ ਨਾਲ ਮੈਂ ਮਿੱਤਰ ਨਾਲ ਭੋਗ ਬਿਲਾਸ ਕਰਨ ਤੋਂ ਵਾਂਝਿਆਂ ਰਹਿ ਜਾਵਾਂਗੀ।।੧੪।।

**ਕਿਹ ਛਲ ਸੇਜ ਸਜਨ ਕੀ ਜਾਊਂ।। ਨਖ ਘਾਤਨ ਕਿਹ ਭਾਂਤਿ ਛਪਾਊਂ।।**
**ਬਿਰਧ ਭੂਪ ਤਨ ਸੋਤ ਨ ਜੈਯੈ।। ਐਸੋ ਕਵਨ ਚਰਿੱਤ੍ਰ ਦਿਖੈਯੈ।। ੧੫।।**

ਕਿਸ ਛੱਲ ਨਾਲ ਮੈਂ ਮਿੱਤਰ ਦੇ ਪਾਸ ਜਾਵਾਂ ਅਤੇ ਕਿਸ ਤਰ੍ਹਾਂ ਨਹੁੰਆਂ ਦੇ ਜ਼ਖਮ ਲੁਕਾਵਾਂ, ਐਸਾ ਕੀ ਚਲਿੱਤਰ ਕੀਤਾ ਜਾਵੇ ਕਿ ਬਿਰਧ ਰਾਜੇ ਨਾਲ ਨ ਸੌਣਾ ਪਵੇ।।੧੫।।

**ਜਾਇ ਕਹੀ ਨ੍ਰਿਪ ਸੰਗ ਅਸ ਗਾਥਾ।। ਬਾਤ ਸੁਨਹੁ ਹਮਰੀ ਤੁਮ ਨਾਥਾ।।**
**ਹਿਯੈ ਬਿਲਾਰਿ ਮੋਰ ਨਖ ਲਾਏ।। ਕਾਢਿ ਭੂਪ ਕੌ ਪ੍ਰਗਟ ਦਿਖਾਏ।। ੧੬।।**

ਪਦ ਅਰਥ - ਗਾਥਾ=ਕਹਾਣੀ। ਬਿਲਾਰਿ=ਬਿੱਲੇ ਨੇ।

ਉਸ ਰਾਜੇ ਨੂੰ ਜਾ ਕੇ ਕਿਹਾ ਕਿ ਹੇ ਮੇਰੇ ਸਵਾਮੀ ਮੇਰੀ ਇਕ ਗੱਲ ਸੁਣੋ, ਇਕ ਬਿੱਲੇ ਨੇ ਮੇਰੇ ਨਹੁੰ ਮਾਰ ਦਿੱਤੇ ਹਨ ਅਤੇ ਨਹੁੰਆਂ ਦੇ ਨਿਸ਼ਾਨ ਉਸ ਰਾਜੇ ਨੂੰ ਵਿਖਾ ਦਿੱਤੇ।।੧੬।।

**ਅੜਿੱਲ।। ਸੁਨੁ ਰਾਜਾ ਮੈਂ ਆਜੁ ਨ ਤੁਮ ਸੰਗ ਸੋਇ ਹੌਂ।।**
**ਨਿਜੁ ਪਲਕਾ ਪਰ ਪਰੀ ਸਕਲ ਨਿਸੁ ਖੋਇ ਹੌਂ।।**

**ਇਹਾਂ ਬਿਲਾਰਿ ਮੋਹਿ ਨਖ ਘਾਤ ਲਗਾਤ ਹੈ॥**
**ਹੋ ਤੁਹਿ ਮੂਰਖ ਰਾਜਾ ਤੇ ਕਛੁ ਨ ਬਸਾਤ ਹੈ॥ ੧੭॥**

ਪਦ ਅਰਥ – ਖੋਇ ਹੌਂ=ਗੁਜਾਰਾਂਗੀ। ਕਛੁ ਨ ਬਸਾਤ=ਕੁਝ ਵੀ ਨਹੀਂ ਕਰਦੇ ਹੋ।

ਉਹ ਕਹਿਣ ਲੱਗੀ, ਹੇ ਰਾਜਨ ! ਅਜ ਮੈਂ ਤੁਹਾਡੇ ਨਾਲ ਨਹੀਂ ਸੌਂਵਾਂਗੀ ਅਤੇ ਆਪਣੇ ਪਲੰਘ ਉਤੇ ਹੀ ਸਾਰੀ ਰਾਤ ਬਿਤਾਵਾਂਗੀ। ਇਥੇ ਬਿੱਲਾ ਮੈਨੂੰ ਨਹੁੰ ਮਾਰ ਜਾਂਦਾ ਹੈ ਅਤੇ ਤੁਸੀ ਮੂਰਖ ਰਾਜਾ ਕੁਝ ਵੀ ਨਹੀਂ ਕਰਦੇ ਹੋ॥੧੭॥

**ਇਹ ਛਲ ਤਜਿ ਸ੍ਵੈਬੋ ਨ੍ਰਿਪ ਪਾਸਾ॥ ਕਿਯਾ ਮਿੱਤ੍ਰ ਸੌ ਕਾਮ ਬਿਲਾਸਾ॥**
**ਘਾਤ ਨਖਨ ਕੀ ਨਾਹ ਦਿਖਾਈ॥ ਬਿਰਧ ਮੂੜ੍ਹ ਨ੍ਰਿਪ ਬਾਤ ਨ ਪਾਈ॥ ੧੮॥ ੧॥**

ਇਸ ਛੱਲ ਨਾਲ ਉਹ ਰਾਜੇ ਦੇ ਕੋਲ ਨ ਸੁੱਤੀ ਅਤੇ ਆਪਣੇ ਯਾਰ ਨਾਲ ਭੋਗ ਬਿਲਾਸ ਕੀਤਾ। ਰਾਜੇ ਨੂੰ ਨਹੁੰਆਂ ਦੇ ਨਿਸ਼ਾਨ ਵਿਖਾਏ, ਪਰ ਖੁਦ ਮੂਰਖ ਰਾਜਾ ਕੁਝ ਵੀ ਨ ਸਮਝ ਸਕਿਆ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸੱਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੭੦॥੬੭੩੫॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸੱਤਰਵੀਂ ਕਥਾ ਸਮਾਪਤ।॥੩੭੦॥੬੭੩੫॥ਚਲਦਾ॥

## ਚਲਿੱਤਰ ਤਿੰਨ ਸੌ ਇਕਹੱਤਰਵਾਂ
## ਕਥਾ ਕੰਚਨ ਦੇਵੀ

**ਚੌਪਈ॥ ਅਛਲ ਸੈਨ ਇਕ ਭੂਪ ਭਨਿੱਜੈ॥ ਚੰਦ੍ਰ ਸੂਰ ਪਟਤਰ ਤਿਹ ਦਿੱਜੈ॥**
**ਕੰਚਨ ਦੇ ਤਾਕੇ ਘਰ ਨਾਰੀ॥ ਆਪੁ ਹਾਥ ਲੈ ਈਸ ਸਵਾਰੀ॥ ੧॥**

ਅਛਲ ਸੈਨ ਇਕ ਮਹਾਨ ਰਾਜਾ ਸੀ, ਜਿਹੜਾ ਕਿ ਚੰਦ ਸੂਰਜ ਦੀ ਬਰਾਬਰੀ ਕਰਦਾ ਸੀ। ਉਸ ਦੀ ਇਸਤਰੀ ਦਾ ਨਾਂ ਕੰਚਨ ਦੇਵੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਜਿਵੇਂ ਈਸ਼ਵਰ ਨੇ ਖੁਦ ਆਪਣੇ ਹਥਾਂ ਨਾਲ ਬਣਾਈ ਹੋਵੇ॥੧॥

**ਕੰਚਨ ਪੁਰ ਕੋ ਰਾਜ ਕਮਾਵੈ॥ ਸੂਰਬੀਰ ਬਲਵਾਨ ਕਹਾਵੈ॥**
**ਅਰਿ ਅਨੇਕ ਜੀਤੇ ਬਹੁ ਭਾਂਤਾ॥ ਤੇਜ ਤ੍ਰਸਤ ਜਾਕੇ ਪੁਰ ਸਾਤਾ॥ ੨॥**

**************************************************************

ਰਾਜਾ ਕੰਚਨਪੁਰ ਦੇਸ਼ ਤੇ ਰਾਜ ਕਰਦਾ ਸੀ ਅਤੇ ਬੜਾ ਸੂਰਬੀਰ ਅਤੇ ਬਲਵਾਨ ਕਹਾਉਂਦਾ ਸੀ। ਉਸ ਅਨੇਕ ਪ੍ਰਕਾਰ ਦੇ ਦੁਸ਼ਮਨਾਂ ਨੂੰ ਜਿਤਿਆ ਸੀ ਅਤੇ ਸੱਤੇ ਪੁਰੀਆਂ ਉਸ ਤੋਂ ਡਰਦੀਆਂ ਸਨ।।੨।।

## ਤਹਾਂ ਪ੍ਰਭਾਕਰ ਸੈਨਿਕ ਸ਼ਾਹ।। ਨਿਰਖ ਲਜਤ ਜਾਕੋ ਮੁਖ ਮਾਹ।।
## ਜਬ ਰਾਨੀ ਤਾਕਹ ਲਖਿ ਪਾਯੋ।। ਇਹੈ ਚਿੱਤ ਭੀਤਰ ਠਹਰਾਯੋ।। ੩।।

ਪਦ ਅਰਥ - ਸੈਨਿਕ=ਸੈਨ ਇਕ। ਮਾਹ=ਚੰਦ।

ਉਥੇ ਪ੍ਰਭਾਕਰ ਸੈਨ ਨਾਮੀਂ ਇਕ ਸ਼ਾਹ ਰਹਿੰਦਾ ਸੀ. ਉਸ ਦੀ ਸੁੰਦਰ ਸ਼ਕਲ ਨੂੰ ਵੇਖ ਕੇ ਚੰਦਰਮਾਂ ਵੀ ਸ਼ਰਮਸਾਰ ਹੁੰਦਾ ਸੀ। ਜਦ ਰਾਣੀ ਨੇ ਉਸ ਨੂੰ ਵੇਖਿਆ ਤਾਂ ਇਹ ਨਿਰਣਾ ਲਿਆ।।੩।।

## ਯਾ ਕਹ ਜਤਨ ਕਵਨ ਕਰਿ ਪਇਯੈ।। ਕਵਨ ਸਹਚਰੀ ਪਠੈ ਮੰਗਇਯੈ।।
## ਯਾਹਿ ਭਜੈ ਬਿਨੁ ਧਾਮ ਨ ਜੈਹੌਂ।। ਜਿਹ ਤਿਹ ਭਾਂਤਿ ਯਾਹਿ ਬਸਿ ਕੈਹੌਂ।।੪।।

ਪਦ ਅਰਥ - ਯਾਹਿ ਭਜੈ ਬਿਨੁ=ਉਸ ਨਾਲ ਪ੍ਰੇਮ ਕੀਤੇ ਬਿਨਾਂ। ਧਾਮ=ਘਰ।

ਇਸ ਨੂੰ ਕਿਸ ਯਤਨ ਨਾਲ ਪ੍ਰਾਪਤ ਕੀਤਾ ਜਾਵੇ ਅਤੇ ਕਿਸ ਦਾਸੀ ਨੂੰ ਭੇਜ ਕੇ ਇਸ ਨੂੰ ਬੁਲਾਇਆ ਜਾਵੇ। ਮੈਂ ਇਸ ਨਾਲ ਰਮਣ ਕੀਤੇ ਬਗੈਰ ਵਾਪਸ ਘਰ ਨਹੀਂ ਜਾਵਾਂਗੀ ਅਤੇ ਕਿਸੇ ਤਰ੍ਹਾਂ ਵੀ ਇਸ ਨੂੰ ਵੱਸ ਵਿਚ ਕਰ ਲਵਾਂਗੀ।।੪।।

## ਕਨਕ ਪਿੰਜਰੀ ਪਰੀ ਹੁਤੀ ਤਹ।। ਮਰਮ ਕੇਤ ਰਾਨੀ ਕੇ ਬਸਿ ਮਹ।।
## ਬੀਰਰਾਧਿ ਤਿਹ ਤਹੀਂ ਪਠਾਈ।। ਸੇਜ ਉਠਾਇ ਜਾਇ ਲੈ ਆਈ।। ੫।।

ਪਦ ਅਰਥ - ਕਨਕ ਪਿੰਜਰੀ=ਪਰੀ ਦਾ ਨਾਂ। ਬਸ=ਵੱਸ ਵਿਚ।

ਇਕ ਕਨਕ ਪਿੰਜਰੀ ਨਾਮੀਂ ਪਰੀ ਸੀ ਜਿਹੜੀ ਕਿ ਮਰਮਕੇਤ ਰਾਣੀ ਦੇ ਵੱਸ ਵਿਚ ਸੀ। ਪਰੀ ਨੇ ਬੀਰਾਂ ਨੂੰ ਭੇਜ ਕੇ ਉਸ ਨੂੰ ਮੰਜੇ ਸਣੇ ਚੁੱਕ ਕੇ ਲੈ ਆਂਦਾ।।੫।।

## ਕਾਮ ਭੋਗ ਤਾਸੌਂ ਜਬਮਾਨਾ।। ਦ੍ਵੈ ਪ੍ਰਾਨਨ ਤੇ ਇਕ ਜਿਯ ਜਾਨਾ।।
## ਨਿਜੁ ਨਾਇਕ ਸੇਤੀ ਹਿਤ ਛੋਰੋ।। ਤਾਸੈ ਚਤੁਰਿ ਚੌਗੁਨੋ ਜੋਰੋ।। ੬।।

ਪਦ ਅਰਥ - ਨਿਜ ਨਾਇਕ=ਆਪਣੇ ਪਤੀ। ਚੌਗੁਨੋ=ਚਾਰ ਗੁਣਾਂ।

ਜਦ ਰਾਣੀ ਨੇ ਉਸ ਨਾਲ ਪ੍ਰੇਮ ਕ੍ਰੀੜਾ ਕੀਤੀ ਤਾਂ ਇੰਞ ਲੱਗ ਰਿਹਾ ਸੀ ਜਿਵੇਂ ਦੋ ਪ੍ਰਾਣਾਂ ਤੋਂ ਇਕ ਪ੍ਰਾਣ ਹੋ ਗਏ ਹੋਣ। ਉਸ ਰਾਣੀ ਨੇ ਆਪਣੇ ਪਤੀ ਦੇ ਪ੍ਰੇਮ ਨੂੰ ਤਿਆਗ ਦਿੱਤਾ ਅਤੇ ਚਾਰ ਗੁਣਾਂ ਵੱਧ ਪਿਆਰ ਉਸ ਸ਼ਾਹ ਨਾਲ ਕਰਨ ਲੱਗੀ।।੬।।

Namdhari Elibrary NamdhariElibrary@gmail.com

ਜਾਇ ਰਾਵ ਸੌਂ ਬਾਤ ਜਨਾਈ।। ਮੋਰੋ ਸ਼ਾਹ ਪੂਰਬਲੋ ਭਾਈ।।
ਹਮ ਕੋ ਸ੍ਰਾਪ ਏਕ ਰਿਖ ਦਿਯਾ।। ਤਾਤੇ ਜਨਮ ਦੁਹੂੰ ਹਜਾਂ ਲਿਯਾ।। ੭।।

ਇਕ ਦਿਨ ਰਾਣੀ ਨੇ ਰਾਜੇ ਨੂੰ ਜਾ ਕੇ ਕਿਹਾ ਕਿ ਸ਼ਾਹ ਮੇਰਾ ਪਿਛਲੇ ਜਨਮਾਂ ਦਾ ਭਰਾ ਹੈ. ਸਾਨੂੰ ਇਕ ਰਿਸ਼ੀ ਨੇ ਸਰਾਪ ਦਿੱਤਾ ਸੀ ਜਿਸ ਕਾਰਣ ਅਸਾਂ ਏਥੇ ਜਨਮ ਲਿਆ।।੭।।

ਪੁਨਿ ਹਮ ਸੌ ਰਿਖਿ ਐਸ ਉਚਾਰਾ।। ਹ੍ਵੈ ਹੈ ਬਹੁਰਿ ਉਧਾਰ ਤੁਹਾਰਾ।।
ਮਾਤ ਲੋਕ ਬਹੁ ਬਰਿਸ ਬਿਤੈਹੋਂ।। ਬਹੁਰੌ ਦੋਊ ਸ੍ਰਗ ਮਹਿ ਐਹੋਂ।। ੮।।

ਫਿਰ ਰਿਸ਼ੀ ਨੇ ਸਾਨੂੰ ਇਹ ਕਿਹਾ ਸੀ ਕਿ ਤੁਹਾਡੇ ਦੋਂਹਾਂ ਦਾ ਫਿਰ ਉਧਾਰ ਹੋਵੇਗਾ. ਤੁਸੀ ਕਈ ਸਾਲ ਧਰਤੀ ਤੇ ਬਿਤਾਓਗੇ ਅਤੇ ਫਿਰ ਵਾਪਸ ਸਵਰਗ ਲੋਕ ਵਿਚ ਆ ਜਾਵੋਗੇ।।੮।।

ਹਮ ਤੁਮਰੋ ਘਰ ਬਸ ਸੁਖੁ ਪਾਯੋ।। ਅਬ ਰਿਖਿ ਸ੍ਰਾਪ ਅਵਧਿ ਹ੍ਵੈ ਆਯੋ।।
ਏ ਬਚ ਭਾਖਿ ਨ੍ਰਿਪਹਿ ਘਰ ਆਈ।। ਸ਼ਾਹ ਪਰੀ ਜੁਤ ਲਿਯਾ ਬੁਲਾਈ।। ੯।।

ਪਦ ਅਰਥ - ਅਵਧਿ ਹ੍ਵੈ ਆਯੋ=ਸਰਾਪ ਮੁੱਕਣ ਦਾ ਸਮਾਂ ਆ ਗਿਆ ਹੈ।

ਮੈਂ ਤੁਹਾਡੇ ਘਰ ਵਿਚ ਕਾਫੀ ਸੁਖ ਪਾਇਆ ਹੈ ਅਤੇ ਹੁਣ ਰਿਸ਼ੀ ਦਾ ਸਰਾਪ ਮੁੱਕਣ ਦਾ ਸਮਾਂ ਆ ਗਿਆ ਹੈ। ਇਹ ਗੱਲ ਕਹਿ ਕੇ ਉਹ ਮਹਲ ਦੇ ਅੰਦਰ ਆ ਗਈ ਅਤੇ ਪਰੀ ਸਮੇਤ ਸ਼ਾਹ ਨੂੰ ਬੁਲਾ ਲਿਆ।।੯।।

ਚੌਪਈ।। ਗਈ ਇਹ ਗਈ ਧੰਨਿ ਤੁਮ ਕਰਿਯਹੁ।। ਭੂਪ ਸੁਨਤ ਨਭ ਬਿਖੈਂ ਉਚਰਿਯਹੁ।।
ਜਬ ਤਿਨ ਬਾਤ ਭੇਦ ਕੀ ਜਾਨੀ।। ਭਲਾ ਕਹੌਗੀ ਪਰੀ ਬਖਾਨੀ।। ੧੦।।

ਰਾਣੀ ਨੇ ਪਰੀ ਨੂੰ ਕਿਹਾ ਕਿ ਅਕਾਸ਼ ਵਿਚ ਜਾ ਕੇ ਤੂੰ 'ਗਈ ਗਈ' ਅਤੇ ਧੰਨ ਧੰਨ ਕਹਿ ਕੇ ਰਾਜੇ ਨੂੰ ਸੁਣਾਉਣਾ। ਜਦ ਉਸ ਭੇਦ ਦੀ ਗੱਲ ਦੱਸੀ ਤਾਂ ਪਰੀ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਹੀ ਕਹਾਂਗੀ।।੧੦।।

ਸ਼ਾਹ ਸਹਿਤ ਭੂਪਤਿ ਪਹਿ ਜਾਇ।। ਕਹੀ ਜਾਤ ਹੈ ਰਾਨੀ ਰਾਇ।।
ਇਹ ਬਿਧਿ ਭਾਖਿ ਲੋਪ ਹ੍ਵੈ ਗਈ।। ਗਈ ਗਈ ਬਾਨੀ ਨਭ ਭਈ।। ੧੧।।

ਸ਼ਾਹ ਸਮੇਤ ਰਾਜੇ ਦੇ ਕੋਲ ਜਾ ਕੇ ਰਾਣੀ ਨੇ ਕਿਹਾ ਕਿ ਮੈਂ ਹੁਣ ਜਾ ਰਹੀ ਹਾਂ। ਇਹ ਕਹਿ ਕੇ ਉਹ ਲੁਪਤ ਹੋ ਗਈ ਅਤੇ 'ਗਈ ਗਈ' ਦੀ ਧੁੰਨ ਅਕਾਸ਼ ਵਿਚ ਗੂੰਜੀ।।੧੧।।

ਅੜਿੱਲ।। ਗਈ ਯਹ ਗਈ ਚਿਰ ਲੌਂ ਨਭ ਬਾਨੀ ਭਈ।।
ਪ੍ਰਜਾ ਸਹਿਤ ਤਿਨ ਭੂਪ ਯਹੈ ਜਿਯ ਮੇਂ ਠਈ।।

ਰਾਨੀ ਸੁਰ ਪੁਰ ਗਈ ਭ੍ਰਾਤ ਕੋ ਸਾਥ ਲੈ।।
ਹੋ ਮੂਰਖ ਭੇਦ ਅਭੇਦ ਨ ਸਕਾ ਬਿਚਾਰਿ ਕੈ।। ੧੨।।

'ਗਈ ਗਈ' ਦੀ ਧੁੰਨ ਅਕਾਸ਼ ਵਿਚ ਹੋਈ ਅਤੇ ਰਾਜਾ ਅਤੇ ਪਰਜਾ ਨੇ ਇਸ ਨੂੰ ਸੱਚ ਮੰਨਿਆ। ਉਹ ਕਹਿਣ ਲੱਗੇ ਕਿ ਰਾਣੀ ਆਪਣੇ ਭਰਾ ਨੂੰ ਲੈ ਕੇ ਸਵਰਗ ਲੋਕ ਚਲੀ ਗਈ ਹੈ, ਪਰ ਅਸਲ ਭੇਤ ਨੂੰ ਕੋਈ ਮੂਰਖ ਵੀ ਨ ਸਮਝ ਸਕਿਆ।।੧੨।।

ਚੌਪਈ।। ਮਿਲਿ ਸਭਹਿਨ ਇਹ ਭਾਂਤਿ ਉਚਾਰੀ।। ਗਈ ਸ੍ਰਗ ਨ੍ਰਿਪ ਨਾਰਿ ਤੁਮਾਰੀ।।
ਤੁਮ ਚਿੰਤਾ ਚਿਤ ਮੈ ਨਹਿ ਕਰੋ।। ਸੁੰਦਰ ਸੁਘਰ ਅਵਰ ਤ੍ਰਿਯ ਬਰੋ।। ੧੩।। ੧।।

ਸਾਰਿਆਂ ਲੋਕਾਂ ਨੇ ਮਿਲ ਕੇ ਇਹੋ ਕਿਹਾ ਕਿ ਰਾਜੇ ਦੀ ਰਾਣੀ ਸਵਰਗ ਚਲੇ ਗਈ ਹੈ। ਉਹ ਰਾਜੇ ਨੂੰ ਕਹਿਣ ਲੱਗੇ ਕਿ ਤੁਸੀਂ ਚਿੰਤਾ ਨ ਕਰੋ ਅਤੇ ਹੋਰ ਕਿਸੇ ਸੁੰਦਰ ਅਤੇ ਸਿਆਣੀ ਇਸਤਰੀ ਨਾਲ ਵਿਆਹ ਕਰ ਲਵੋ।।੧੩।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਹੱਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੭੧।।੬੭੪੮।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕਹੱਤਰਵੀਂ ਕਥਾ ਸਮਾਪਤ।।੩੭੧।।੬੭੪੮।।ਚਲਦਾ।।

## ਚਲਿੱਤਰ ਤਿੰਨ ਸੌ ਬਹੱਤਰਵਾਂ

## ਕਥਾ ਰਾਣੀ ਛਬ ਮਤੀ

ਚੌਪਈ।। ਸੁਨੁ ਰਾਜਾ ਇਕ ਅਵਰ ਪ੍ਰਸੰਗਾ।। ਜਿਹ ਬਿਧ ਕਿਯਾ ਨਾਰਿ ਨ੍ਰਿਪ ਸੰਗਾ।।
ਜਲਜ ਸੈਨ ਇਕਭੂਪ ਭਨਿੱਜੈ।। ਸੁ ਛਬਿਮਤੀ ਤਿਹ ਨਾਰਿ ਕਹਿੱਜੈ।। ੧।।

ਹੇ ਰਾਜਨ ! ਇਕ ਹੋਰ ਕਥਾ ਸੁਣੋ ਕਿ ਇਕ ਰਾਣੀ ਨੇ ਇਕ ਰਾਜੇ ਨਾਲ ਕੀ ਚਲਿੱਤਰ ਕੀਤਾ। ਜਲਜ ਸੈਨ ਇਕ ਰਾਜਾ ਸੀ, ਜਿਸ ਦੀ ਰਾਣੀ ਦਾ ਨਾਂ ਛਬ ਮਤੀ ਸੀ।।੧।।

ਸੁ ਛਬਿ ਵਤੀ ਤਿਹ ਨਗਰ ਕਹੀਜਤ।। ਅਮਰਪੁਰੀ ਪਟਤਰ ਤਿਹ ਦੀਜਤ।।
ਰਾਜਾ ਕੋ ਤ੍ਰਿਯ ਹੁਤੀ ਨ ਪਯਾਰੀ।। ਯਾਤੇ ਰਾਨੀ ਰਹਤ ਦੁਖਾਰੀ।। ੨।।

ਅਮਰ ਪੁਰੀ ਸਮਾਨ ਉਸ ਦਾ ਸੁਛੱਬਵਤੀ ਨਾਮੀਂ ਨਗਰ ਸੀ। ਰਾਜਾ ਰਾਣੀ ਨੂੰ ਪਿਆਰ ਨਹੀਂ ਕਰਦਾ ਸੀ, ਇਸ ਲਈ ਰਾਣੀ ਬਹੁਤ ਦੁਖੀ ਰਹਿੰਦੀ ਸੀ।।੨।।

ਰਾਨੀ ਰੂਪ ਬੈਦ ਕੋ ਠਾਨਿ।। ਰਾਜਾ ਕੇ ਘਰ ਕਿਯਾ ਪਯਾਨ।।

Namdhari Elibrary NamdhariElibrary@gmail.com

**ਕਹਾ ਅਸਾਧ ਭਯਾ ਹੈ ਤੋਹਿ।। ਬੋਲਿ ਚਕਿਤਸਾ ਕੀਜੈ ਮੋਹਿ।। ੩।।**

ਪਦ ਅਰਥ - ਰੂਪ ਬੈਦ ਕੋ ਠਾਨਿ=ਵੈਦ ਦਾ ਭੇਸ ਧਾਰਿਆ। ਪਯਾਨ=ਚਲੇ ਗਈ। ਅਸਾਧ ਰੋਗ=ਵਡਾ ਰੋਗ। ਚਕਿਤਸਾ=ਇਲਾਜ।

ਰਾਣੀ ਨੇ ਵੈਦ ਦਾ ਭੇਸ ਧਾਰਿਆ ਅਤੇ ਰਾਜੇ ਦੇ ਘਰ ਚਲੇ ਗਈ। ਉਸ ਰਾਜੇ ਨੂੰ ਜਾ ਕੇ ਕਿਹਾ ਕਿ ਤੁਹਾਨੂੰ ਅਸਾਧ ਰੋਗ ਹੋ ਗਿਆ ਹੈ, ਤੁਸੀਂ ਮੈਨੂੰ ਬੁਲਾ ਕੇ ਆਪਣਾ ਇਲਾਜ ਕਰਵਾਓ।।੩।।

**ਧਾਵਤ ਤੁਮੈਂ ਪਸੀਨੋ ਆਵਤ।। ਰਵਿ ਦੇਖਤ ਦ੍ਰਿਗਧੁੰਧ ਜਨਾਵਤ।।**
**ਰਾਜਾ ਬਾਤ ਸੱਤਜ ਕਰਿ ਮਾਨੀ।। ਮੂੜ ਭੇਦ ਕੀ ਕ੍ਰਿਯਾ ਨ ਜਾਨੀ।। ੪।।**

ਪਦ ਅਰਥ - ਧਾਵਤ=ਦੌੜਦਿਆਂ। ਰਵਿ=ਸੂਰਜ। ਦ੍ਰਿਗਧੁੰਧ=ਧੁੰਦਲਾ।

ਭੱਜਣ ਸਮੇਂ ਤੁਹਾਨੂੰ ਪਸੀਨਾ ਆਉਂਦਾ ਹੈ ਅਤੇ ਸੂਰਜ ਵੱਲ ਵੇਖਦਿਆਂ ਅੱਖਾਂ ਵਿਚ ਧੁੰਦਲਾ ਧੁੰਦਲਾ ਵਿਖਾਈ ਦਿੰਦਾ ਹੈ। ਰਾਜੇ ਨੇ ਉਸ ਦੀ ਗੱਲ ਨੂੰ ਸੱਚ ਮੰਨ ਲਿਆ ਅਤੇ ਮੂਰਖ ਅਸਲ ਭੇਤ ਨ ਸਮਝ ਸਕਿਆ।।੪।।

**ਮੂਰਖ ਭੂਪ ਭੇਦ ਨਹਿ ਪਾਯੋ।। ਤ੍ਰਿਯ ਤੇ ਬੋਲਿ ਉਪਾਇ ਕਰਾਯੋ।।**
**ਤਿਨ ਬਿਖ ਡਾਰਿ ਔਖਧੀ ਬੀਚਾ।। ਛਿਨ ਮਹਿ ਕਰੀ ਭੂਪ ਕੀ ਮੀਚਾ।। ੫।।੧।।**

ਪਦ ਅਰਥ - ਬਿਖ ਡਾਰ=ਜ਼ਹਿਰ ਪਾ ਕੇ। ਔਖਧੀ=ਦਵਾਈ। ਮੀਚਾ=ਮਾਰ ਦਿੱਤਾ।

ਮੂਰਖ ਰਾਜਾ ਅਸਲ ਰਹਿਸ ਨੂੰ ਨ ਸਮਝ ਸਕਿਆ ਅਤੇ ਇਸਤਰੀ ਨੂੰ ਬੁਲਾ ਕੇ ਉਸ ਪਾਸੋਂ ਇਲਾਜ ਕਰਵਾਉਣ ਲੱਗਾ। ਉਸ ਨੇ ਦਵਾਈ ਵਿਚ ਜ਼ਹਿਰ ਪਾ ਕੇ ਮਿੰਟਾਂ ਵਿਚ ਰਾਜੇ ਨੂੰ ਮਾਰ ਦਿੱਤਾ।।੫।।੧ ।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਹੱਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੭੨।।੬੭੫੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਹੱਤਰਵੀਂ ਕਥਾ ਸਮਾਪਤ।।੩੭੨।।੬੭੫੩।।ਚਲਦਾ।।

## ਚਲਿੱਤਰ ਤਿੰਨ ਸੌ ਤਿਹੱਤਰਵਾਂ

## ਕਥਾ ਹਿੰਗਲ ਦੇਵੀ

**ਚੌਪਈ।।ਸ਼ਹਿਰ ਦੌਲਤਾ ਬਾਦ ਬਸਤ ਜਹ।।ਬਿਕਟ ਸਿੰਘ ਇਕ ਭੂਪ ਹੁਤੋ ਤਹ।।**
**ਭਾਨ ਮੰਜਰੀ ਤਾਕੀ ਦਾਰਾ।। ਜਿਹ ਸਮ ਕਰੀ ਨ ਪੁਨਿ ਕਰਤਾਰਾ।। ੧।।**

ਦੌਲਤਾਬਾਦ ਸ਼ਹਿਰ ਵਿਚ ਬਿਕਟ ਸਿੰਘ ਨਾਮੀਂ ਇਕ ਰਾਜਾ ਰਹਿੰਦਾ ਸੀ, ਭਾਨ ਮੰਜਰੀ ਉਸ

ਦੀ ਇਸਤਰੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਪ੍ਰਭੂ ਨੇ ਉਸ ਵਰਗੀ ਹੋਰ ਕੋਈ ਇਸਤਰੀ ਬਣਾਈ ਹੀ ਨਹੀਂ ਸੀ॥੧॥

**ਭੀਮ ਸੈਨ ਇਕ ਤਹ ਥੋ ਸ਼ਾਹਾ॥ ਪ੍ਰਗਟ ਭਯੋ ਜਨੁ ਦੂਸਰ ਮਾਹਾ॥**
**ਸ੍ਰੀ ਅਫਤਾਬ ਦੇਇ ਤਿਹ ਨਾਰੀ॥ ਕਨਕ ਅਵਟਿ ਸਾਚੇ ਜਨੁ ਢਾਰੀ॥ ੨॥**

ਪਦ ਅਰਥ – ਸ਼ਾਹਾ=ਸ਼ਾਹੂਕਾਰ। ਦੂਸਰ ਮਾਹਾ=ਦੂਸਰਾ ਚੰਦ। ਕਨਕ=ਸੋਨਾ।

ਭੀਮ ਸੈਨ ਉਥੇ ਇਕ ਸ਼ਾਹ ਰਹਿੰਦਾ ਸੀ ਜਿਹੜਾ ਏਨਾ ਸੁਨੱਖਾ ਸੀ ਕਿ ਮਾਨੋ ਦੂਸਰਾ ਚੰਦਰਮਾਂ ਹੋਵੇ। ਆਫ਼ਤਾਬ ਦੇਵੀ ਉਸ ਦੀ ਇਸਤਰੀ ਸੀ ਜਿਹੜੀ ਏਨੀ ਖ਼ੂਬਸੂਰਤ ਸੀ ਕਿ ਮਾਨੋ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਈ ਗਈ ਸੀ॥੨॥

**ਤਿਨ ਮਨ ਮੈ ਇਹ ਬਾਤ ਬਖਾਨੀ॥ ਕਿਹ ਬਿਧਿ ਕੈ ਹੂਜਿਯੈ ਭਵਾਨੀ॥**
**ਸੋਇ ਰਹੀ ਸਭ ਜਗਹਿ ਦਿਖਾਇ॥ ਚਮਕਿ ਉਠੀ ਸੁਪਨੇ ਕਹ ਪਾਇ॥ ੩॥**

ਪਦ ਅਰਥ – ਬਾਤ ਬਖਾਨੀ=ਗੱਲ ਸੋਚੀ। ਹੂਜਿਯੈ ਭਵਾਨੀ=ਭਵਾਨੀ ਹੋ ਜਾਵਾਂ। ਚਮਕਿ ਉਠੀ=ਤ੍ਰੰਬਕ ਕੇ ਉਠ ਪਈ।

ਉਸ ਔਰਤ ਨੇ ਸੋਚਿਆ ਕਿ ਕੀ ਤਰੀਕਾ ਵਰਤਿਆ ਜਾਵੇ ਕਿ ਮੈਂ ਖ਼ੁਦ ਭਵਾਨੀ ਬਣ ਜਾਵਾਂ। ਜਦ ਸਾਰੇ ਜਾਗ ਰਹੇ ਸਨ ਤਾਂ ਉਹ ਸੌਂ ਰਹੀ ਸੀ ਅਤੇ ਫਿਰ ਉਹ ਇਕ ਦਮ ਅਬੜਵਾਹੇ ਉੱਠੀ ਜਿਵੇਂ ਕਿ ਉਸ ਨੂੰ ਕੋਈ ਸੁਪਨਾਂ ਆਇਆ ਹੋਵੇ॥੩॥

**ਕਹਾ ਦਰਸ ਮੁਹਿ ਦਿਯਾ ਭਵਾਨੀ॥ ਸਭਹਿਨ ਸੌ ਭਾਖੀ ਇਮਿ ਬਾਨੀ॥**
**ਜਿਹ ਬਰਦਾਨ ਦੇਉ ਤਿਹ ਹੋਈ॥ ਯਾ ਮਹਿ ਪਰੈ ਫਰਿ ਨਹਿ ਕੋਈ॥ ੪॥**

ਪਦ ਅਰਥ – ਦਰਸ ਦਿਯਾ=ਦਰਸ਼ਨ ਦਿੱਤੇ ਹਨ। ਜਿਹ ਬਰਦਾਨ=ਜੋ ਵਰਦਾਨ। ਤਿਹ ਹੋਈ=ਉਹੀ ਹੋਵੇਗਾ।

ਉੱਠਦੀ ਹੀ ਸਾਰਿਆਂ ਨੂੰ ਕਹਿਣ ਲੱਗੀ ਕਿ ਮੈਨੂੰ ਭਵਾਨੀ ਦੇ ਦਰਸ਼ਨ ਹੋਏ ਹਨ, ਹੁਣ ਜੋ ਮੈਂ ਵਰਦਾਨ ਦੇਵਾਂਗੀ ਉਹੀ ਹੋਵੇਗਾ ਅਤੇ ਇਸ ਵਿਚ ਕੋਈ ਹੇਰਾ ਫੇਰੀ ਨਹੀਂ ਹੋਵੇਗੀ॥੪॥

**ਲੋਗ ਬਚਨ ਸੁਨਿ ਕਰਿ ਪਗ ਲਾਗੇ॥ ਬਰੁ ਮਾਂਗਨ ਤਾਤੇ ਅਨੁਰਾਗੇ॥**
**ਹ੍ਵੈ ਬੈਠੀ ਸਭਹਿਨ ਕੀ ਮਾਈ॥ ਯਹ ਸੁਨਿ ਖਬਰ ਨਰਾਧਿਪ ਪਾਈ॥ ੫॥**

ਪਦ ਅਰਥ – ਸਭਹਿਨ ਕੀ ਮਾਈ=ਸਾਰਿਆਂ ਦੀ ਮਾਤਾ। ਨਰਾਧਿਪ ਪਾਈ=ਰਾਜੇ ਵੀ ਸੁਣਿਆ।

ਲੋਕ ਇਹ ਗੱਲ ਸੁਣ ਕੇ ਉਸ ਦੇ ਚਰਨਾਂ ਵਿਚ ਢਹਿ ਪਏ ਅਤੇ ਵਰਦਾਨ ਮੰਗਣ ਲੱਗੇ।

Namdhari Elibrary NamdhariElibrary@gmail.com

ਉਹ ਸਾਰਿਆ ਦੀ ਮਾਂ ਬਣ ਕੇ ਬਹਿ ਗਈ ਅਤੇ ਇਹ ਖਬਰ ਰਾਜੇ ਤੱਕ ਵੀ ਪਹੁੰਚ ਗਈ॥੫॥

**ਏਕ ਨਾਰਿ ਇਹ ਨਗਰ ਭਨਿੱਜੈ॥ ਨਾਮ ਹਿੰਗੁਲਾ ਦੇਇ ਕਹਿੱਜੈ॥**
**ਜਗਤ ਮਾਤ ਕੌ ਆਪੁ ਕਹਾਵੈ॥ ਊਚ ਨੀਚ ਕਹ ਪਾਇ ਲਗਾਵੈ॥ ੬॥**

ਰਾਜੇ ਨੂੰ ਕਿਸੇ ਦੱਸਿਆ ਕਿ ਇਸ ਨਗਰ ਵਿਚ ਇਕ ਇਸਤਰੀ ਹੈ ਜਿਸ ਦਾ ਨਾਂ ਹਿੰਗਲਾ ਦੇਵੀ ਹੈ। ਉਹ ਅਪਣੇ ਆਪ ਨੂੰ ਜਗਤ ਮਾਤਾ ਭਵਾਨੀ ਕਹਾਉਂਦੀ ਹੈ ਅਤੇ ਊਚ ਨੀਚ ਸਭ ਨੂੰ ਆਪਣੇ ਚਰਨਾਂ ਤੇ ਮੱਥਾ ਟੇਕਣ ਦਿੰਦੀ ਹੈ॥੬॥

**ਕਾਜੀ ਔਰ ਮੁਲਾਨੇ ਜੇਤੇ॥ ਜੋਗੀ ਮੁੰਡਿਯਾ ਅਰੁ ਦਿਜ ਕੇਤੇ॥**
**ਸਭ ਕੀ ਘਟਿ ਪੂਜਾ ਹ੍ਵੈ ਗਈ॥ ਪਰਚਾ ਅਧਿਕ ਤਵਨ ਕੀ ਭਈ॥ ੭॥**

ਓਥੇ ਜਿੰਨੇ ਕਾਜ਼ੀ, ਮੌਲਾਨੇ, ਜੋਗੀ ਅਤੇ ਬ੍ਰਾਹਮਣ ਆਦਿ ਵੀ ਸਨ, ਉਨ੍ਹਾਂ ਸਭ ਦੀ ਪੂਜਾ ਬਹੁਤ ਘਟ ਗਈ ਸੀ ਅਤੇ ਉਸ ਇਸਤਰੀ ਦੀ ਮਹਿਮਾਂ ਬਹੁਤ ਵੱਧ ਗਈ ਸੀ॥੭॥

**ਸਭ ਭੇਖੀ ਯਾਤੇ ਰਿਸਿ ਭਰੇ॥ ਬਹੁ ਧਨ ਚੜਤ ਨਿਰਖਿ ਤਿਹ ਜਰੇ॥**
**ਗਹਿ ਲੈ ਗਏ ਤਾਹਿ ਨ੍ਰਿਪ ਪਾਸਾ॥ ਕਹਤ ਭਏ ਇਹ ਬਿਧਿ ਉਪਹਾਸਾ॥ ੮॥**

ਪਦ ਅਰਥ - ਭੇਖੀ=ਪਖੰਡੀ। ਰਿਸਿ ਭਰੇ=ਗੁੱਸੇ ਵਿਚ ਆ ਗਏ। ਗਹਿ ਲੈ ਗਏ=ਫੜ ਕੇ ਲੈ ਗਏ। ਇਹ ਬਿਧਿ ਉਪਹਾਸਾ=ਇਸ ਤਰ੍ਹਾਂ ਮਜ਼ਾਕ ਉਡਾਉਣ ਲੱਗੇ।

ਸਾਰੇ ਪਖੰਡੀ ਬਹਿਰੂਪੀਏ ਉਸ ਨਾਲ ਬਹੁਤ ਈਰਖਾ ਕਰਦੇ ਸਨ ਅਤੇ ਜ਼ਿਆਦਾ ਚੜ੍ਹਾਵਾ ਚੜ੍ਹਦਾ ਵੇਖ ਕੇ ਸੜਦੇ ਸਨ। ਉਹ ਉਸ ਨੂੰ ਫੜ ਕੇ ਰਾਜੇ ਕੋਲ ਲੈ ਗਏ ਅਤੇ ਉਸ ਦਾ ਇਸ ਤਰ੍ਹਾਂ ਮਜ਼ਾਕ ਉਡਾਉਣ ਲੱਗੇ॥੮॥

**ਕਰਾਮਾਤ ਕਛੁ ਹਮਹਿ ਦਿਖਾਇ॥ ਕੈ ਨ ਭਵਾਨੀ ਨਾਮੁ ਕਹਾਇ॥**
**ਤਬ ਅਬਲਾ ਅਸ ਮੰਤ੍ਰ ਬਿਚਾਰਾ॥ ਸੁਨੁ ਰਾਜਾ ਕਹਜੋ ਬਚਨ ਹਮਾਰਾ॥ ੯॥**

ਉਹ ਕਹਿਣ ਲੱਗੇ ਕੁਝ ਆਪਣੀ ਕਰਾਮਾਤ ਸਾਨੂੰ ਵੀ ਵਖਾਓ ਤਦ ਹੀ ਆਪਣਾ ਨਾਂ ਭਵਾਨੀ ਰਖਾਓ, ਇਹ ਗੱਲ ਸੁਣ ਕੇ ਇਸਤਰੀ ਨੇ ਕਿਹਾ ਕਿ ਹੇ ਰਾਜਨ ! ਮੇਰੀ ਵੀ ਗੱਲ ਸੁਣੋ॥੭॥

**ਅੜਿੱਲ॥ ਮੁਸਲਮਾਨ ਮਸਜਦਿਹਿ ਅਲਹਿ ਘਰ ਭਾਖਹੀ॥**
**ਬਿੱਪ੍ਰ ਲੋਗ ਪਾਹਨ ਕੌ ਹਰਿ ਕਰਿ ਰਾਖਹੀ॥**
**ਕਰਾਮਾਤ ਜੌ ਤੁਹਿ ਏ ਪ੍ਰਥਮ ਬਤਾਇ ਹੈਂ॥**

Namdhari Elibrary NamdhariElibrary@gmail.com

ਹੋ ਤਿਹ ਪਾਛੇ ਕਛੁ ਹਮਹੂੰ ਇਨੈ ਦਿਖਾਇ ਹੈਂ॥ ੧੦॥

ਪਦ ਅਰਥ - ਅਲਹਿ ਘਰ=ਅੱਲਾ ਦਾ ਘਰ। ਬਿੱਪ੍ਰ=ਬ੍ਰਾਹਮਣ। ਪਾਹਨ=ਪੱਥਰ।

ਮੁਸਲਮਾਨ ਮਸਜਦ ਨੂੰ ਅੱਲਾਹ ਦਾ ਘਰ ਮੰਨਦੇ ਹਨ, ਬ੍ਰਾਹਮਣ ਪੱਥਰਾਂ ਨੂੰ ਹੀ ਰੱਬ ਮੰਨਦੇ ਹਨ, ਜੇ ਇਹ ਲੋਕ ਤੁਹਾਨੂੰ ਪਹਿਲਾਂ ਕੋਈ ਕਰਾਮਾਤ ਕਰ ਕੇ ਵਿਖਾ ਦੇਣ ਤਾਂ ਮੈਂ ਵੀ ਬਾਅਦ ਵਿਚ ਤੁਹਾਨੂੰ ਕਰਾਮਾਤ ਕਰ ਕੇ ਵਿਖਾ ਦੇਵਾਂਗੀ॥੧੦॥

ਚੌਪਈ॥ ਬਚਨ ਸੁਤਨ ਰਾਜਾ ਮੁਸਕਾਏ॥ ਦਿਜਬਰ ਮੁੱਲਾਂ ਪਕਰਿ ਮੰਗਾਏ॥
ਮੁੰਡਿਯਾ ਔਰ ਸੰਨਜਾਸੀ ਘਨੇ॥ ਜੋਗੀ ਜੰਗਮ ਜਾਤ ਨ ਗਨੇ॥੧੧॥

ਪਦ ਅਰਥ - ਦਿਜਬਰ=ਬ੍ਰਾਹਮਣ। ਮੁੱਲਾਂ=ਮੌਲਵੀ। ਮੁੰਡਿਯਾ=ਘੋਨੇ।

ਇਹ ਗੱਲ ਸੁਣ ਕੇ ਰਾਜਾ ਹੱਸ ਪਿਆ ਅਤੇ ਉਸ ਬ੍ਰਾਹਮਣ, ਮੁਲਾਂ, ਘੋਨੇ, ਸੰਨਿਆਸੀ, ਜੋਗੀ, ਜੰਗਮ ਆਦਿ ਸਾਰਿਆਂ ਨੂੰ ਫੜ ਕੇ ਮੰਗਵਾ ਲਿਆ॥੧੧॥

ਅੜਿੱਲ॥ ਭੂਪ ਬਚਨ ਮੁਖ ਤੇ ਇਹ ਭਾਂਤਿ ਉਚਾਰਿਯੋ॥
ਸਭਾ ਬਿਖੈ ਸਭਹਿਨ ਤਿਨ ਸਨਤ ਪਚਾਰਿਯੋ॥
ਕਰਾਮਾਤ ਅਪੁ ਅਪਨੀ ਹਮੈਂ ਦਿਖਾਇਯੈ॥
ਹੋ ਨਾਤਰ ਅਬ ਹੀ ਧਾਮ ਮ੍ਰਿਤੁ ਕੇ ਜਾਇਯੈ॥ ੧੨॥

ਫਿਰ ਰਾਜੇ ਨੇ ਸਭਾ ਵਿਚ ਬੈਠੇ ਸਭ ਨੂੰ ਸੁਣਾਉਂਦਿਆਂ ਹੋਇਆ ਇਹ ਕਿਹਾ ਕਿ ਤੁਸੀਂ ਸਾਰੇ ਮੈਨੂੰ ਆਪਣੀ ਆਪਣੀ ਕਰਾਮਾਤ ਵਖਾਓ, ਨਹੀਂ ਤਾਂ ਸਾਰੇ ਹੀ ਮਾਰੇ ਜਾਓਗੇ॥੧੨॥

ਸੁਨਿ ਰਾਜਾ ਕੇ ਬਚਨ ਸਭੈ ਬਜਾਕੁਲ ਭਏ॥
ਸ਼ੋਕ ਸਮੁੰਦ ਕੇ ਬੀਚ ਬੂਡਿ ਸਭ ਹੀ ਗਏ॥
ਨਿਰਖਿ ਨ੍ਰਿਪਤਿ ਕੀ ਓਰ ਰਹੇ ਸਿਰ ਨਜਾਇਕੈ॥
ਹੋ ਕਰਾਮਾਤ ਕੋਈ ਸਕੈ ਨ ਤਾਹਿ ਦਿਖਾਇਕੈ॥ ੧੩॥

ਪਦ ਅਰਥ - ਬਜਾਕੁਲ=ਵਿਆਕੁਲ। ਸ਼ੋਕ ਸਮੁੰਦ=ਸ਼ੋਕ ਸਮੁੰਦਰ।

ਰਾਜੇ ਦੀ ਇਹ ਗੱਲ ਸੁਣ ਕੇ ਸਾਰੇ ਵਿਆਕੁਲ ਹੋ ਕੇ ਸ਼ੋਕ ਦੇ ਸਮੁੰਦਰ ਵਿਚ ਡੁੱਬ ਗਏ। ਸਾਰੇ ਰਾਜੇ ਵਲ ਨੀਵੀਂ ਪਾ ਕੇ ਵੇਖਣ ਲੱਗੇ ਕਿਉਂਕਿ ਉਨ੍ਹਾਂ ਵਿਚੋਂ ਕੋਈ ਵੀ ਕਰਾਮਾਤ ਨਹੀਂ ਵਿਖਾ ਸਕਦਾ ਸੀ॥੧੩॥

Namdhari Elibrary NamdhariElibrary@gmail.com

ਕਰਾਮਾਤ ਨਹਿ ਲਖੀ ਕ੍ਰੋਧ ਰਾਜਾ ਭਰਜੋ॥
ਸਾਤ ਸਾਤ ਸੈ ਚਾਬੁਕ ਤਿਨਕੇ ਤਨ ਝਰਜੋ॥
ਕਰਾਮਾਤ ਅਪੁ ਅਪੁਨੀ ਕਛੁਕ ਦਿਖਾਇਯੈ॥
ਹੋ ਨਾਤਰ ਤ੍ਰਿਯ ਕੇ ਪਾਇਨ ਸੀਸ ਝੁਕਾਇਯੈ॥ ੧੪॥

ਕਿਸੇ ਪਾਸੋਂ ਵੀ ਕੋਈ ਕਰਾਮਾਤ ਨ ਵੇਖ ਕੇ ਰਾਜਾ ਕ੍ਰੋਧ ਨਾਲ ਭਰ ਗਿਆ ਅਤੇ ਉਸ ਸਾਰਿਆਂ ਦੇ ਸਰੀਰ ਉਤੇ ਸੱਤ ਸੱਤ ਸੌ ਚਾਬਕ ਮਾਰੇ। ਉਹ ਕਹਿਣ ਲੱਗਾ ਆਪਣੀ ਆਪਣੀ ਕੋਈ ਕਰਾਮਾਤ ਵਖਾਓ ਨਹੀ ਤਾਂ ਇਸ ਇਸਤਰੀ ਦੇ ਪੈਰੀਂ ਪੈ ਜਾਓ॥੧੪॥

ਗ੍ਰਿਹ ਖੁਦਾਇ ਕੈ ਤੇ ਕਛੁ ਹਮਹਿ ਦਿਖਾਇਯੈ॥
ਨਾਤਰ ਇਨ ਸ਼ੇਖਨ ਕੋ ਮੂੰਡ ਮੁੰਡਾਇਯੈ॥
ਕਰਾਮਾਤ ਬਿਨੁ ਲਖੇ ਨ ਮਿੱਸ੍ਰਨ ਛੋਰਿਹੋਂ॥
ਹੋ ਨਾਤਰ ਤੁਮਰੇ ਠਾਕੁਰ ਨਦਿ ਮਹਿ ਬੋਰਿਹੋਂ॥ ੧੫॥

ਪਦ ਅਰਥ - ਨਾਤਰ=ਨਹੀਂ ਤਾਂ। ਮੂੰਡ ਮੁੰਡਾਇਯੈ=ਸਿਰ ਮੁੰਨ ਦੇਵੋ। ਮਿੱਸ੍ਰਨ=ਬ੍ਰਾਹਮਣ। ਨਦਿ ਮਹਿ=ਨਦੀ ਵਿਚ। ਬੋਰਿਹੋਂ=ਰੋੜ੍ਹ ਦਿਆਂਗਾ।

ਖੁਦਾ ਦੇ ਘਰ ਤੋਂ ਸਾਨੂੰ ਕੁਝ ਵਖਾਓ, ਨਹੀਂ ਤਾਂ ਇਨ੍ਹਾਂ ਸ਼ੇਖਾਂ ਦੇ ਸਿਰ ਮੁੰਨ ਦੇਵੋ। ਹੇ ਪੰਡਤੋਂ ! ਕਰਾਮਾਤ ਵੇਖੇ ਬਗ਼ੈਰ ਮੈਂ ਤੁਹਾਨੂੰ ਵੀ ਨਹੀਂ ਛਡਾਂਗਾ, ਨਹੀਂ ਤਾਂ ਤੁਹਾਡੇ ਪੱਥਰ ਦੇ ਠਾਕਰਾਂ ਨੂੰ ਦਰਿਆ ਵਿਚ ਸੁੱਟ ਦੇਵਾਂਗਾ॥੧੫॥

ਕਰਾਮਾਤ ਕਛੁ ਹਮਹਿ ਸੰਨਜਾਸੀ ਦੀਜਿਯੈ॥
ਨਾਤਰ ਅਪਨੀ ਦੂਰਿ ਜਟਨ ਕੋ ਕੀਜਿਯੈ॥
ਚਮਤਕਾਰ ਮੁੰਡਿਯੋ ਅਬ ਹਮਹਿ ਦਿਖਾਇਯੈ॥
ਹੋ ਨਾਤਰ ਅਪਨੀ ਕੰਠੀ ਨਦੀ ਬਹਾਇਯੈ॥ ੧੬॥

ਹੇ ਸੰਨਿਆਸੀਓ ! ਮੈਨੂੰ ਕੋਈ ਕਰਾਮਾਤ ਵਿਖਾਓ, ਨਹੀਂ ਤਾਂ ਆਪਣੀਆਂ ਜਤਾਂਵਾਂ ਮੁੰਨਵਾ ਦੇਵੋ। ਘੋਨੇ ਵੀ ਸਾਨੂੰ ਕੋਈ ਚਮਤਕਾਰ ਵਖਾਉਣ, ਨਹੀਂ ਤਾਂ ਆਪਣੀਆਂ ਕੰਠੀਆਂ ਦਰਿਆ ਵਿਚ ਸੁੱਟ ਦੇਣ॥੧੬॥

ਦੋਹਰਾ॥ ਰੋਦਨ ਵੈ ਕਰਤੇ ਭਏ ਕਿਸੂ ਨ ਆਈ ਬਾਤ॥

ਤਬ ਰਾਜੈ ਤਿਹ ਨਾਰਿ ਕੌ ਬਚਨ ਕਹਾ ਮੁਸਕਾਤ।। ੧੭।।

ਉਹ ਸਾਰੇ ਰੋਣ ਲੱਗੇ ਅਤੇ ਕਿਸੇ ਦੇ ਮੂੰਹ ਤੋਂ ਕੋਈ ਗੱਲ ਨਹੀਂ ਸੀ ਨਿਕਲ ਰਹੀ, ਤਦ ਰਾਜੇ ਨੇ ਉਸ ਇਸਤਰੀ ਨੂੰ ਹੱਸ ਕੇ ਕਿਹਾ।।੧੭।।

ਚੌਪਈ।।ਕਰਾਮਾਤ ਇਨ ਕਛੁ ਨ ਦਿਖਾਈ।।ਅਬ ਚਾਹਤ ਹੈਂ ਤੁਮਤੇ ਪਾਈ।।
ਬਚਨ ਹਿੰਗੁਲਾ ਦੇਇ ਉਚਾਰੇ।।ਸੁਨੋ ਨਰਾਧਿਪ ਬੈਨ ਹਮਾਰੇ।।੧੮।।

ਇਨ੍ਹਾਂ ਲੋਕਾਂ ਤਾਂ ਕੋਈ ਕਰਾਮਾਤ ਨਹੀਂ ਵਿਖਾਈ, ਹੁਣ ਮੈਂ ਚਾਹੁੰਦਾ ਹਾਂ ਕਿ ਤੂੰ ਕੋਈ ਕਰਾਮਾਤ ਵਿਖਾ। ਤਦ ਹਿੰਗਲਾ ਦੇਵੀ ਨੇ ਕਿਹਾ ਕਿ ਹੇ ਰਾਜਨ ! ਮੇਰੀ ਇਕ ਗੱਲ ਸੁਣੋ।।੧੮।।

ਅੜਿੱਲ।। ਕਰਾਮਾਤਿ ਇਕ ਅਸ ਮੈ ਪ੍ਰਥਮ ਪਛਾਨਿਯੈ।।
ਜਕੌ ਤੇਜੁ ਅਰੁ ਤ੍ਰਾਸ ਜਗਤ ਮੈ ਮਾਨਿਯੈ।।
ਜੀਤ ਹਾਰ ਅਰੁ ਮ੍ਰਿਤੁ ਧਾਰ ਜਾਕੀ ਬਸਤ।।
ਹੋ ਮੇਰੇ ਮਨ ਪਰਮੇਸੁਰ ਤਾਹੀ ਕੌ ਕਹਤ।। ੧੯।।

ਪਦ ਅਰਥ - ਅਸ=ਤਲਵਾਰ। ਤ੍ਰਾਸ=ਡਰ, ਭੈਅ।

ਸਭ ਤੋਂ ਪਹਿਲੀ ਕਰਾਮਾਤ ਤਾਂ ਤਲਵਾਰ ਹੈ ਜਿਸ ਦਾ ਤੇਜ ਅਤੇ ਭੈਅ ਸਾਰੇ ਸੰਸਾਰ ਵਿਚ ਮੰਨਿਆ ਜਾਂਦਾ ਹੈ। ਜਿੱਤ, ਹਾਰ ਅਤੇ ਮੌਤ ਜਿਸ ਦੀ ਧਾਰ ਵਿਚ ਵੱਸਦੇ ਹਨ, ਮੇਰਾ ਮਨ ਉਸੇ ਨੂੰ ਭਗਵਾਨ ਮੰਨਦਾ ਹੈ।।੧੯।।

ਦੁਤਿਯ ਕਾਲ ਮੈ ਕਰਾਮਾਤਿ ਪਹਿਚਾਨਿਯਤ।।
ਜਿਨਕੋ ਚੌਦਹ ਲੋਕ ਚੱਕ੍ਰ ਕਰ ਮਾਨਿਯਤ।।
ਕਾਲ ਪਾਇ ਜਗ ਹੋਤ ਕਾਲ ਮਿਟ ਜਾਵਈ।।
ਹੋ ਯਾਤੇਂ ਮੁਰ ਮਨ ਤਾਹਿ ਗੁਰੂ ਠਹਰਾਵਈ।। ੨੦।।

ਦੂਸਰੀ ਕਰਾਮਾਤ ਕਾਲ ਹੈ, ਜਿਸ ਦਾ ਚੱਕਰ ਚੌਦਾਂ ਲੋਕਾਂ ਵਿਚ ਚੱਲਦਾ ਹੈ, ਕਾਲ ਵਿਚ ਹੀ ਸੰਸਾਰ ਪੈਦਾ ਹੁੰਦਾ ਹੈ ਅਤੇ ਕਾਲ ਵਿਚ ਹੀ ਮਰ ਜਾਂਦਾ ਹੈ, ਇਸ ਲਈ ਮੇਰਾ ਮਨ ਕਾਲ ਨੂੰ ਗੁਰੂ ਮੰਨਦਾ ਹੈ।।੨੦।।

ਕਰਾਮਾਤ ਰਾਜਾ ਰਸਨਾਗ੍ਰਜ ਜਾਨਿਯਤ।।
ਭਲੋ ਬੁਰੋ ਜਾਤੇਂ ਜਗ ਹੋਤ ਪਛਾਨਿਯਤ।।

**ਕਰਾਮਾਤਿ ਚੌਥੀ ਧਨ ਭੀਤਰ ਜਾਨਿਯੈ॥**
**ਹੋ ਹੋਤ ਰੰਕ ਤੇ ਰਾਵ ਧਰੋਂ ਤਿਹ ਮਾਨਿਯੈ॥ ੨੧॥**

ਪਦ ਅਰਥ - ਰਸਨਾ ਗ੍ਰਜ=ਜ਼ਬਾਨ ਅੱਗੇ। ਧਨ ਭੀਤਰ=ਧਨ ਵਿਚ।

ਤੀਸਰੀ ਕਰਾਮਾਤ ਜ਼ਬਾਨ ਦੇ ਅਗਲੇ ਭਾਗ ਭਾਵ ਬਾਣੀ ਵਿਚ ਹੈ ਜਿਨ੍ਹਾਂ ਬੋਲਾਂ ਤੋਂ ਸੰਸਾਰ ਵਿਚ ਹਰ ਵਿਅਕਤੀ ਭਲਾ ਬੁਰਾ ਪਛਾਣਿਆ ਜਾਂਦਾ ਹੈ, ਚੌਥੀ ਕਰਾਮਾਤ ਧਨ ਵਿਚ ਹੈ ਜਿਸ ਨਾਲ ਨਿਰਧਨ ਵੀ ਰਾਜਾ ਬਣ ਜਾਂਦਾ ਹੈ॥੨੧॥

**ਚੌਪਈ॥ ਕਰਾਮਾਤ ਇਨ ਮਹਿ ਨਹਿ ਜਾਨਹੁ॥ ਏ ਸਭ ਧਨ ਉਪਾਇ ਪਹਿਚਾਨਹੁ॥**
**ਚਮਤਕਾਰ ਇਨ ਮਹਿ ਜੌ ਹੋਈ॥ ਦਰ ਦਰ ਭੀਖ ਨ ਮਾਂਗੈ ਕੋਈ॥੨੨॥**

ਇਨ੍ਹਾਂ ਸਾਰੇ ਵਿਅਕਤੀਆਂ ਵਿਚ ਕੋਈ ਕਰਾਮਾਤ ਨਹੀਂ ਹੈ; ਇਹ ਤਾਂ ਸਾਰੇ ਧਨ ਇਕੱਠਾ ਕਰਨ ਵਾਲੇ ਮੰਨੇ ਜਾਂਦੇ ਹਨ। ਇਨ੍ਹਾਂ ਵਿਚ ਕੋਈ ਕਰਾਮਾਤ ਹੁੰਦੀ ਤਾਂ ਇਹ ਦਰ ਦਰ ਭੀਖ ਨ ਮੰਗਦੇ ਫਿਰਦੇ॥੨੨॥

**ਜੌ ਇਨ ਸਭਹੂੰ ਪ੍ਰਥਮ ਸੰਘਾਰੋ॥ ਤਿਹ ਪਾਛੇ ਕਛੁ ਮੋਹਿ ਉਚਾਰੋ॥**
**ਸੱਤਿ ਬਾਤ ਹਮ ਤੁਮਹਿ ਸੁਨਾਈ॥ ਅਬ ਸੁ ਕਰੌ ਜੋ ਤੁਮਹਿ ਸੁਹਾਈ॥੨੩॥**

ਇਨ੍ਹਾਂ ਸਾਰਿਆਂ ਨੂੰ ਪਹਿਲਾਂ ਮਾਰ ਦੇਵੋ, ਫਿਰ ਮੈਨੂੰ ਕੁਝ ਕਹੋ, ਮੈਂ ਤਾਂ ਸੱਚੀ ਗੱਲ ਤੁਹਾਨੂੰ ਦੱਸ ਦਿੱਤੀ ਹੈ, ਹੁਣ ਤੁਹਾਡੀ ਜੋ ਮਰਜ਼ੀ ਹੋਵੇ ਕਰੋ॥੨੩॥

**ਬਚਨ ਸੁਨਤ ਰਾਜਾ ਹਰਖਾਨਾ॥ ਅਧਿਕ ਦਿਯੋ ਤਿਹ ਤ੍ਰਿਯ ਕੋ ਦਾਨਾ॥**
**ਜਗਤ ਮਾਤ ਤਿਨ ਤ੍ਰਿਯ ਜੁ ਕਹਾਯੋ॥ ਤਿਹ ਪ੍ਰਸਾਦਿ ਨਿਜ ਪ੍ਰਾਨ ਬਚਾਯੋ॥੨੪॥ ੧॥**

ਪਦ ਅਰਥ - ਹਰਖਾਨਾ=ਪ੍ਰਸੰਨ ਹੋਇਆ। ਤਹ ਪ੍ਰਸਾਦਿ=ਤਿਸ ਦੀ ਕਿਰਪਾ ਨਾਲ।

ਰਾਜਾ ਉਸ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋ ਗਿਆ ਅਤੇ ਉਸ ਇਸਤਰੀ ਨੂੰ ਬਹੁਤ ਦਾਨ ਦਿੱਤਾ। ਉਸ ਇਸਤਰੀ ਨੇ ਆਪਣੇ ਆਪ ਨੂੰ ਜਗਤ ਮਾਤਾ ਕਹਾਇਆ ਸੀ, ਅਤੇ ਉਸ ਜਗਤ ਮਾਤਾ ਦੀ ਕਿਰਪਾ ਨਾਲ ਉਸ ਆਪਣੇ ਪ੍ਰਾਣ ਬਚਾ ਲਏ॥੨੪॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤਿਹੱਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੭੩॥੬੭੭੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤਿਹੱਤਰਵੀਂ ਕਥਾ ਸਮਾਪਤ॥੩੭੩॥੬੭੭੭॥ਚਲਦਾ॥

Namdhari Elibrary NamdhariElibrary@gmail.com

**************************************************************

# ਚਲਿੱਤਰ ਤਿੰਨ ਸੌ ਚੁਹੱਤਰਵਾਂ

## ਕਥਾ ਮਹਿਤਾਬ ਮਤੀ

**ਚੌਪਈ।। ਬੀਜਾਪੁਰ ਜਹ ਸ਼ਹਿਰ ਭਨਿੱਜੈ।। ਏਦਿਲਸ਼ਾਹ ਤਹ ਸ਼ਾਹ ਕਹਿੱਜੈ।।**
**ਸ੍ਰੀ ਮਹਤਾਬ ਮਤੀ ਤਿਹ ਕੰਨਜਾਂ।। ਜਿਹ ਸਮ ਉਪਜੀ ਨਾਰਿ ਨ ਅੰਨਜਾਂ।।**

ਪਦ ਅਰਥ - ਉਪਜੀ=ਪੈਦਾ ਹੋਈ। ਅੰਨਜਾਂ=ਹੋਰ ਕੋਈ।

ਬੀਜਾਪੁਰ ਨਾਮੀਂ ਸ਼ਹਿਰ ਵਿਚ ਏਦਲ ਸ਼ਾਹ ਨਾਮੀਂ ਇਕ ਸ਼ਾਹ ਰਹਿੰਦਾ ਸੀ, ਮਹਿਤਾਬ ਮਤੀ ਉਸ ਦੀ ਪੁੱਤਰੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਉਸ ਵਰਗੀ ਹੋਰ ਕੋਈ ਇਸਤਰੀ ਪੈਦਾ ਹੀ ਨਹੀਂ ਸੀ ਹੋਈ।।੧।।

**ਜੋਬਨਵੰਤ ਭਈ ਜਬ ਬਾਲਾ।। ਮਹਾਂ ਸੁੰਦਰੀ ਨੈਨ ਬਿਸਾਲਾ।।**
**ਜੋਬਨ ਜੇਬ ਅਧਿਕ ਤਿਹ ਬਾਢੀ।। ਜਾਨੁਕ ਚੰਦ੍ਰ ਸੂਰ ਮਥਿ ਕਾਢੀ।। ੨।।**

ਪਦ ਅਰਥ - ਜੋਬਨਵੰਤ=ਜਵਾਨ ਹੋਈ। ਨੈਨ ਬਿਸਾਲ=ਵਿਸ਼ਾਲ ਨੈਣ। ਜੋਬਨ ਜੇਬ=ਸ਼ੋਭਾ, ਸੁੰਦਰ ਸ਼ਕਲ। ਮਥਿ=ਰਿੜਕ ਕੇ।

ਜਦ ਉਹ ਭਰ ਜਵਾਨ ਹੋਈ ਤਾਂ ਉਸ ਦੇ ਨੈਣ ਵਿਸ਼ਾਲ ਹੋ ਗਏ ਅਤੇ ਉਹ ਅਤਿ ਸੁੰਦਰ ਬਣ ਗਈ। ਅਥਾਹ ਜੋਬਨ ਝੱਲਕਾਂ ਮਾਰਨ ਲੱਗਾ ਅਤੇ ਇੰਝ ਲੱਗਦਾ ਸੀ ਜਿਵੇਂ ਸੂਰਜ ਚੰਦ ਨੂੰ ਰਿੜਕ ਕੇ ਕੱਢੀ ਗਈ ਹੋਵੇ।।੨।।

**ਤਹ ਇਕ ਹੁਤੋ ਸ਼ਾਹੁ ਕੋ ਪੂਤ।। ਸੂਰਤਿ ਸੀਰਤਿ ਬਿਖੈ ਸਪੂਤ।।**
**ਧੂਮ੍ਰ ਕੇਤ ਤਿਹ ਨਾਮ ਭਨਿੱਜੈ।। ਇੰਦ੍ਰ ਚੰਦ੍ਰ ਪਟਤਰ ਤਿਹ ਦਿੱਜੈ।। ੩।।**

ਉਥੇ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ ਜਿਹੜਾ ਸ਼ਕਲ ਸੂਰਤ ਵਿਚ ਬਹੁਤ ਖੂਬਸੂਰਤ ਸੀ। ਉਸ ਦਾ ਨਾਂ ਧੂਮਰ ਕੇਤ ਸੀ ਅਤੇ ਉਸ ਦੀ ਤੁਲਨਾ ਇੰਦਰ ਅਤੇ ਚੰਦਰ ਨਾਲ ਦਿੱਤੀ ਜਾ ਸਕਦੀ ਸੀ।।੩।।

**ਬੇਗਮ ਕੀ ਤਾਸੌ ਰੁਚਿ ਲਾਗੀ।। ਜਾਤੇ ਨੀਂਦ ਭੂਖ ਸਭ ਭਾਗੀ।।**
**ਦੇਖਿ ਗਈ ਜਬ ਤੇ ਤਿਹ ਧਾਮਾ।। ਤਬ ਤੇ ਔਰ ਸੁਹਾਤ ਨ ਬਾਮਾ।। ੪।।**

ਬੇਗਮ ਦੀ ਰੁਚੀ ਉਸ ਵਿਚ ਲੱਗ ਗਈ ਅਤੇ ਉਸ ਦੀ ਨੀਂਦ ਭੁਖ ਜਾਂਦੀ ਰਹੀ, ਜਦ ਤੋਂ ਉਹ ਉਸ ਨੂੰ ਉਸ ਦੇ ਘਰ ਵੇਖ ਆਈ ਸੀ ਉਸ ਨੂੰ ਨੀਂਦ ਭੁਖ ਕੁਝ ਵੀ ਚੰਗਾ ਨਹੀਂ ਸੀ ਲੱਗਦਾ।।੪।।

ਹਿਤੂ ਜਾਨ ਸਹਚਰੀ ਬੁਲਾਈ॥ ਭੇਦ ਭਾਖਿ ਸਭ ਤਹਾਂ ਪਠਾਈ॥
ਹਮੈਂ ਸ਼ਾਹ ਸੁਤ ਜੁ ਤੈ ਮਿਲੈਹੈਂ॥ ਜੋ ਧਨ ਮੁਖ ਮੰਗਿ ਹੈਂ ਸੋ ਪੈਹੈਂ॥੫॥

ਉਸ ਨੇ ਇਕ ਮਿੱਤਰ ਦਾਸੀ ਨੂੰ ਬੁਲਾਇਆ ਅਤੇ ਉਸ ਨੂੰ ਭੇਤ ਸਮਝਾ ਕੇ ਉਹਦੇ ਵਲ ਭੇਜਿਆ। ਉਹ ਕਹਿਣ ਲੱਗੀ ਜੇ ਤੂੰ ਮੈਨੂੰ ਸ਼ਾਹ ਦਾ ਪੁੱਤਰ ਮਿਲਾ ਦੇਵੇਂਗੀ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗੀ॥੫॥

ਸਖੀ ਪਵਨ ਕੇ ਭੇਸ ਸਿਧਾਈ॥ ਪਲਕ ਨ ਬਿਤੀ ਸ਼ਾਹ ਕੇ ਆਈ॥
ਸ਼ਾਹ ਪੂਤ ਕਹ ਕਿਯਾ ਪ੍ਰਨਾਮਾ॥ ਬੈਠੀ ਜਾਇ ਸੁਘਰਿ ਤਿਹ ਧਾਮਾ॥੬॥

ਪਦ ਅਰਥ – ਕਿਯਾ ਪ੍ਰਨਾਮਾ=ਨਮਸਕਾਰ ਕੀਤੀ। ਸੁਘਰਿ=ਸਿਆਣੀ।

ਦਾਸੀ ਹਨ੍ਹੇਰੀ ਵਾਂਗ ਚਲ ਪਈ ਅਤੇ ਪੱਲ ਭਰ ਵਿਚ ਸ਼ਾਹ ਦੇ ਘਰ ਪਹੁੰਚ ਗਈ. ਉਸ ਸ਼ਾਹ ਪੁੱਤਰ ਨੂੰ ਪ੍ਰਣਾਮ ਕੀਤਾ ਅਤੇ ਉਸ ਦੇ ਘਰ ਵਿਚ ਜਾ ਬੈਠੀ॥੬॥

ਤੁਮਰੋ ਨਾਮ ਕਹਾ ਪਹਿਚਨਿਯਤ॥ ਕਵਨ ਦੇਸ ਕੇ ਬਾਸੀ ਜਨਿਯਤ॥
ਸਕਲ ਬ੍ਰਿਥਾ ਨਿਜ ਪ੍ਰਥਮ ਸੁਨਾਵਹੁ॥ ਬਹੁਰਿ ਕੁਅਰਿ ਕੀ ਸੇਜ ਸੁਹਾਵਹੁ॥੭॥

ਉਹ ਪੁੱਛਣ ਲੱਗੀ ਕਿ ਤੁਹਾਡਾ ਕੀ ਨਾਂ ਹੈ ਅਤੇ ਤੁਸੀ ਕਿਹੜੇ ਦੇਸ਼ ਦੇ ਰਹਿਣ ਵਾਲੇ ਹੋ ? ਪਹਿਲਾਂ ਆਪਣੇ ਬਾਰੇ ਸਭ ਕੁਝ ਦੱਸੋ ਅਤੇ ਫਿਰ ਸ਼ਹਿਜ਼ਾਦੀ ਦੀ ਸੇਜ ਦੀ ਸੋਭਾ ਵਧਾਓ॥੭॥

ਸੁਨੀ ਸਖੀ ਮੱਦ੍ਰ ਦੇਸ ਹਮ ਰਹਹੀ॥ ਧੂਮ੍ਰ ਕੇਤੁ ਹਮ ਕੌਂ ਜਨ ਕਹਹੀ॥
ਸੌਦਾ ਹਿਤ ਆਏ ਇਹ ਦੇਸਾ॥ ਦੇਸ ਦੇਸ ਕੋ ਨਿਰਖਿ ਨਰੇਸਾ॥੮॥

ਉਹ ਕਹਿਣ ਲੱਗਾ ਕਿ ਮੈਂ ਮਦਰ ਦੇਸ਼ ਦਾ ਰਹਿਣ ਵਾਲਾ ਹਾਂ ਅਤੇ ਲੋਕ ਮੈਨੂੰ ਧੂਮਰ ਕੇਤ ਕਹਿੰਦੇ ਹਨ। ਮੈਂ ਦੇਸ਼ਾਂ ਦੇਸ਼ਾਂ ਦੇ ਰਾਜਿਆਂ ਨੂੰ ਵੇਖ ਕੇ ਇਸ ਦੇਸ਼ ਵਿਚ ਵਪਾਰ ਕਰਨ ਵਾਸਤੇ ਆਇਆ ਹਾਂ॥੮॥

ਬਤਿਯਨ ਪ੍ਰਥਮ ਤਾਂਹਿ ਬਿਰਮਾਇ॥ ਭਾਂਤਿ ਭਾਂਤਿ ਤਨ ਲੋਭ ਦਿਖਾਇ॥
ਜਜੋਂ ਤਜੋਂ ਲੈ ਆਈ ਤਿਹ ਤਹਾਂ॥ ਮਾਰਗ ਕੁਅਰਿ ਬਿਲੋਕਤ ਜਹਾਂ॥੯॥

ਪਦ ਅਰਥ – ਮਾਰਗ=ਰਾਹ। ਬਿਲੋਕਤ ਜਹਾਂ=ਜਿਥੇ ਰਾਹ ਵੇਖ ਰਹੀ ਸੀ।

ਪਹਿਲਾਂ ਉਸ ਨੂੰ ਗੱਲਾਂ ਵਿਚ ਲਾ ਕੇ ਅਤੇ ਫਿਰ ਕਈ ਪ੍ਰਕਾਰ ਦੇ ਲੋਭ ਵਿਖਾ ਕੇ ਜਿਵੇਂ ਕਿਵੇਂ ਉਹ ਉਸ ਨੂੰ ਉਥੇ ਲੈ ਆਈ ਜਿਥੇ ਸ਼ਹਿਜਾਦੀ ਉਸ ਦਾ ਰਾਹ ਵੇਖ ਰਹੀ ਸੀ॥੯॥

ਜੋ ਧਨ ਕਹਾ ਸੁੰਦ੍ਰ ਤਿਹ ਦੀਨਾ॥ ਕੰਠ ਲਗਾਇ ਮਿੱਤ੍ਰ ਸੋ ਲੀਨਾ॥

Namdhari Elibrary NamdhariElibrary@gmail.com

ਭਾਂਤਿ ਭਾਂਤਿ ਕੀ ਕੈਫ ਮੰਗਾਈ।। ਏਕ ਖਾਟ ਚੜ੍ਹਿ ਦੂਹੂੰ ਚੜਾਈ।। ੧੦।।

ਉਸ ਨੇ ਦਾਸੀ ਨੂੰ ਮੂੰਹ ਮੰਗਿਆ ਧਨ ਦਿੱਤਾ ਅਤੇ ਯਾਰ ਨੂੰ ਗਲ ਨਾਲ ਲਾ ਲਿਆ। ਕਈ ਪ੍ਰਕਾਰ ਦੀ ਸ਼ਰਾਬ ਉਸ ਮੰਗਵਾਈ ਅਤੇ ਇਕ ਹੀ ਪਲੰਘ ਤੇ ਚੜ੍ਹ ਕੇ ਪੀਣ ਲੱਗੇ।।੧੦।।

ਭਾਂਤਿ ਭਾਂਤਿ ਤਨ ਕੈਫ ਚੜਾਵਹਿ।। ਮਿਲਿ ਮਿਲਿ ਗੀਤ ਮਧੁਰ ਧੁਨਿ ਗਾਵਹਿ।।
ਬਿਬਿਧ ਬਿਧਿਨ ਤਨ ਕਰਤ ਬਿਲਾਸਾ।। ਨੈਕੁ ਨ ਕਰੈ ਨ੍ਰਿਪਤਿ ਕੋ ਤ੍ਰਾਸਾ।।੧੧।।

ਭਿੰਨ ਭਿੰਨ ਪ੍ਰਕਾਰ ਦੇ ਨਸ਼ੇ ਪੀ ਕੇ ਉਹ ਮਿੱਠੇ ਮਿੱਠੇ ਗੀਤ ਗਾਉਣ ਲੱਗੇ, ਉਹ ਕਈ ਪ੍ਰਕਾਰ ਦੇ ਭੋਗ ਬਿਲਾਸ ਕਰ ਰਹੇ ਸਨ ਅਤੇ ਰਾਜੇ ਦਾ ਰਤਾ ਵੀ ਡਰ ਨਹੀਂ ਮੰਨ ਰਹੇ ਸਨ।।੧੧।।

ਛੈਲਿਹਿ ਛੈਲ ਨ ਛੋਰਾ ਜਾਈ।। ਨਿਸੁ ਦਿਨ ਰਾਖਤ ਕੰਠ ਲਗਾਈ।।
ਜਬ ਕਬਹੂੰ ਆਖੇਟ ਸਿਧਾਵੈ।। ਏਕ ਅੰਬਾਰੀ ਤਾਹਿ ਚੜ੍ਹਾਵੈ।।੧੨।।

ਪਦ ਅਰਥ - ਆਖੇਟ ਸਿਧਾਵੈ=ਸ਼ਿਕਾਰ ਖੇਡਣ ਜਾਂਦੀ ਸੀ। ਇਕ ਅੰਬਾਰੀ ਤਾਹਿ ਚੜ੍ਹਾਵੈ=ਹਾਥੀ ਉਤੇ ਛੱਤਦਾਰ ਪਰਦਿਆਂ ਵਾਲਾ ਹੌਦਾ ਲਗਾਉਂਦੀ ਸੀ ਅਤੇ ਉਸ ਵਿਚ ਉਸਨੂੰ ਵੀ ਚੜ੍ਹਾ ਲੈਂਦੀ ਸੀ।

ਮੁਟਿਆਰ ਪਾਸੋ ਉਹ ਛੈਲ ਛਬੀਲਾ ਛਡਿਆ ਨਹੀਂ ਸੀ ਜਾ ਰਿਹਾ ਅਤੇ ਉਹ ਰਾਤ ਦਿਨ ਉਸ ਨੂੰ ਗਲ ਨਾਲ ਲਾ ਰੱਖਦੀ ਸੀ। ਜਦ ਕਦੀ ਸ਼ਿਕਾਰ ਨੂੰ ਜਾਂਦੀ ਸੀ ਤਾਂ ਹਾਥੀ ਉਤੇ ਛੱਤਦਾਰ ਪਰਦਿਆਂ ਵਾਲੇ ਹੌਦੇ ਵਿਚ ਉਸ ਨੂੰ ਵੀ ਚੜ੍ਹਾ ਲੈਂਦੀ ਸੀ।।੧੨।।

ਤਹੀ ਕਾਮ ਕ੍ਰੀੜਾ ਕਹ ਕਰੈ।। ਮਾਤ ਪਿਤਾ ਤੇ ਨੈਕੁ ਨ ਡਰੈ।।
ਇਕ ਦਿਨ ਰਾਜਾ ਚੜ੍ਹਾ ਸ਼ਿਕਾਰਾ।। ਸੰਗ ਲਏ ਮਿਹਰਿਯੈ ਅਪਾਰਾ।। ੧੩।।

ਉਸ ਹੌਦੇ ਵਿਚ ਬੈਠੇ ਹੀ ਕਾਮ ਕ੍ਰੀੜਾ ਕਰਦੇ ਸਨ ਅਤੇ ਮਾਤਾ ਪਿਤਾ ਪਾਸੋਂ ਰਤਾ ਭਰ ਵੀ ਨਹੀਂ ਡਰਦੇ ਸਨ। ਇਕ ਦਿਨ ਰਾਜਾ ਅਨੇਕਾਂ ਦਾਸੀਆਂ ਲੈ ਕੇ ਸ਼ਿਕਾਰ ਖੇਡਣ ਗਿਆ।।੧੩।।

ਬੇਗਮ ਸੋਊ ਸ਼ਿਕਾਰ ਸਿਧਾਈ।। ਏਕ ਅੰਬਾਰੀ ਤਾਹਿ ਚੜ੍ਹਾਈ।।
ਏਕਸਖੀ ਤਿਹ ਚੜ੍ਹਤ ਨਿਹਾਰਾ।। ਜਾਇ ਭੂਪ ਸੋਂ ਭੇਦ ਉਚਾਰਾ।। ੧੪।।

ਉਹ ਸ਼ਹਿਜ਼ਾਦੀ ਵੀ ਛੱਤਦਾਰ ਹੌਦਾ ਲਗਵਾ ਕੇ ਸ਼ਿਕਾਰ ਵਾਸਤੇ ਚਲ ਪਈ। ਇਕ ਦਾਸੀ ਨੇ ਉਸ ਦੇ ਪ੍ਰੇਮੀ ਨੂੰ ਵੀ ਹੌਦੇ ਵਿਚ ਚੜ੍ਹਦੇ ਹੋਏ ਨੂੰ ਵੇਖ ਲਿਆ ਅਤੇ ਸਾਰਾ ਭੇਤ ਰਾਜੇ ਨੂੰ ਜਾ ਕੇ ਦੱਸ ਦਿੱਤਾ।।੧੪।।

ਸੁਨਿ ਨ੍ਰਿਪ ਬਾਤ ਚਿਤ ਮੋ ਰਾਖੀ।। ਔਰਿ ਨਾਰਿ ਸੋ ਪ੍ਰਗਟ ਨ ਭਾਖੀ।।
ਦੁਹਿਤਾ ਕੋ ਜਬ ਗਜ ਨਿਕਟਾਯੋ।। ਤਬ ਤਾਕੋ ਪਿਤੁ ਨਿਕਟ ਬੁਲਾਯੋ।। ੧੫।।

ਰਾਜੇ ਨੇ ਗੱਲ ਸੁਣ ਕੇ ਆਪਣੇ ਮਨ ਵਿਚ ਰੱਖੀ ਅਤੇ ਹੋਰ ਕਿਸੇ ਨੂੰ ਨਹੀਂ ਦੱਸੀ। ਜਦ ਪੁੱਤਰੀ ਦਾ ਹਾਥੀ ਕੋਲ ਆਇਆ ਤਾਂ ਉਸ ਆਪਣੀ ਪੁੱਤਰੀ ਨੂੰ ਆਪਣੇ ਪਾਸ ਬੁਲਾਇਆ।।੧੫।।

**ਸੁਨਤ ਬੈਨ ਬੇਗਮ ਡਰਪਾਨੀ।। ਥਰਹਰ ਕੰਪਾ ਮਿੱਤ੍ਰ ਤਿਹ ਮਾਨੀ।।**
**ਅਬ ਹੀਂ ਮੁੜੈ ਭੂਪ ਗਹਿ ਲੈਹੈ।। ਇਸੀ ਬਨ ਬਿਖੈਂ ਮਾਰਿ ਚੁਕੈਹੈ।। ੧੬।।**

ਪਦ ਅਰਥ - ਗਹਿ ਲੈਹੈ=ਫੜ ਲਵੇਗਾ। ਥਰਹਰ ਕੰਪਾ=ਥਰਥਰ ਕੰਬਿਆ।

ਗੱਲ ਸੁਣਕੇ ਸ਼ਹਿਜ਼ਾਦੀ ਡਰ ਗਈ ਅਤੇ ਉਸ ਦੇ ਨਾਲ ਉਸ ਦਾ ਦੋਸਤ ਵੀ ਥਰ ਥਰ ਕੰਬਣ ਲੱਗਾ। ਉਹ ਸੋਚਣ ਲੱਗਾ ਕਿ ਰਾਜਾ ਹੁਣੇ ਮੈਨੂੰ ਫੜ ਲਵੇਗਾ ਅਤੇ ਏਸੇ ਜੰਗਲ ਵਿਚ ਮਾਰ ਦੇਵੇਗਾ।।੧੬।।

**ਨਾਰਿ ਕਹੀ ਪਿਯ ਜਿਨ ਜਿਯ ਡਰੋ।। ਕਹੌਂ ਚਰਿੱਤ੍ਰ ਤੁਮੈ ਸੋ ਕਰੋ।।**
**ਕਰੀ ਰੂਖ ਕੇ ਤਰੈ ਨਿਕਾਰਾ।। ਲਪਟਿ ਰਹਾ ਤਾਸੌਂ ਤਹ ਯਾਰਾ।। ੧੭।।**

ਸ਼ਹਿਜ਼ਾਦੀ ਉਸ ਨੂੰ ਕਹਿਣ ਲੱਗੀ ਕਿ ਤੁਸੀਂ ਡਰੋ ਨ. ਅਤੇ ਜਿਸ ਤਰ੍ਹਾਂ ਚਲਿੱਤਰ ਕਰਨ ਲਈ ਮੈਂ ਕਹਿੰਦੀ ਹਾਂ ਉਸ ਤਰ੍ਹਾਂ ਕਰੋ। ਉਸ ਹਾਥੀ ਨੂੰ ਇਕ ਰੁੱਖ ਦੇ ਥੱਲਿਓਂ ਦੀ ਕਢਿਆ ਜਿਥੇ ਉਸ ਦਾ ਯਾਰ ਰੁੱਖ ਨਾਲ ਚੰਬੜ ਕੇ ਉਥੇ ਹੀ ਰਹਿ ਗਿਆ।।੧੭।।

**ਆਪੁ ਪਿਤਾ ਪ੍ਰਤਿ ਕਿਯਾ ਪਯਾਨਾ।। ਮਾਰੇ ਰੀਛ ਰੋਝ ਮ੍ਰਿਗ ਨਾਨਾ।।**
**ਤਾਹਿ ਬਿਲੋਕਿ ਪਿਤਾ ਚੁਪ ਰਹਾ।। ਝੂਠ ਲਖਾ ਤਿਹ ਤ੍ਰਿਯ ਮੁਹਿ ਕਹਾ।। ੧੮।।**

ਖੁਦ ਪਿਤਾ ਪਾਸ ਆਈ ਜਿਥੇ ਉਨ੍ਹਾਂ ਅਨੇਕਾਂ ਹੀ ਰਿੱਛ, ਨੀਲ ਗਾਵਾਂ ਅਤੇ ਹਿਰਨ ਮਾਰੇ। ਉਸ ਨੂੰ ਵੇਖ ਕੇ ਪਿਤਾ ਚੁਪ ਰਹਿ ਗਿਆ ਅਤੇ ਉਸ ਸਮਝਿਆ ਕਿ ਉਸ ਦਾਸੀ ਨੇ ਉਸ ਦੇ ਨਾਲ ਝੂਠ ਬੋਲਿਆ ਹੈ।।੧੮।।

**ਉਸੀ ਸਖੀ ਕੋ ਪਲਟਿ ਪ੍ਰਹਾਰਾ।। ਝੂਠ ਬਚਨ ਇਨ ਮੁਝੈ ਉਚਾਰਾ।।**
**ਖੇਲਿ ਅਖੇਟ ਭੂਪ ਗ੍ਰਿਹਿ ਆਯੋ।। ਤਿਸੀ ਬਿਰਛ ਤਰ ਕਰੀ ਲਖਾਯੋ।। ੧੯।।**

ਉਸ ਸਖੀ ਨੂੰ ਪਰਤ ਕੇ ਮਾਰ ਦਿੱਤਾ ਕਿ ਇਸ ਮੈਨੂੰ ਝੂਠਾ ਬਚਨ ਕਿਹਾ ਹੈ। ਸ਼ਿਕਾਰ ਖੇਡ ਕੇ ਰਾਜਾ ਵਾਪਸ ਘਰ ਆ ਗਿਆ ਅਤੇ ਸ਼ਹਿਜ਼ਾਦੀ ਆਪਣੇ ਹਾਥੀ ਨੂੰ ਉਸ ਰੁੱਖ ਥੱਲੇ ਲੈ ਗਈ ਜਿਸ ਉਤੇ ਉਸ ਦਾ ਯਾਰ ਬੈਠਾ ਸੀ।।੧੯।।

**ਅੜਿੱਲ।। ਪਕਰਿ ਭੁਜਾ ਗਜ ਪਰ ਪਿਯ ਲਯੋ ਚੜ੍ਹਾਇਕੈ।।**
**ਭੋਗ ਅੰਬਾਰੀ ਬੀਚ ਕਰੇ ਸੁਖ ਪਾਇਕੈ।।**

ਲਪਟਿ ਲਪਟਿ ਦੋਊ ਕੇਲ ਕਰਤ ਮੁਸਕਾਇ ਕਰਿ।।
ਹੋ ਹਮਰੌ ਭੂਪਤਿ ਭੇਦ ਨ ਸਕਿਯੋ ਪਾਇ ਕਰਿ।। ੨੦।।

ਬਾਂਹ ਤੋਂ ਫੜ ਕੇ ਆਪਣੇ ਪਿਆਰੇ ਨੂੰ ਹਾਥੀ ਉੱਤੇ ਚੜ੍ਹਾ ਲਿਆ ਅਤੇ ਉਸੇ ਅੰਬਾਰੀ ਵਿਚ ਬਹਿ ਕੇ ਸੁਖ ਪੂਰਬਕ ਰਮਣ ਕੀਤਾ। ਉਹ ਹੱਸ ਹੱਸ ਕੇ ਅਤੇ ਲਿਪਟ ਲਿਪਟ ਕੇ ਦੋਂਵੇਂ ਰਮਣ ਕਰਨ ਲੱਗੇ, ਕਿਉਂਕਿ ਰਾਜਾ ਉਨ੍ਹਾਂ ਦਾ ਭੇਤ ਜਾਣ ਨਹੀ ਸੀ ਸਕਿਆ।।੨੦।।

ਦੋਹਰਾ।। ਪਹਿਲੇ ਰੂਖ ਚੜਾਇ ਤਿਹ ਲੈ ਆਈ ਫਿਰਿ ਧਾਮ।।
ਉਲਟਾ ਤਿਹ ਝੂਠਾ ਕਿਯਾ ਭੇਦ ਦਿਯਾ ਜਿਹ ਬਾਮ।। ੨੧।। ੧।।

ਪਹਿਲਾਂ ਉਸ ਨੂੰ ਰੁੱਖ ਤੇ ਚੜ੍ਹਾਇਆ ਅਤੇ ਫਿਰ ਆਪਣੇ ਘਰ ਲੈ ਆਈ, ਉਸ ਨੂੰ ਉਲਟਾ ਝੂਠਾ ਬਣਾ ਦਿੱਤਾ ਜਿਸ ਦਾਸੀ ਨੇ ਉਨ੍ਹਾਂ ਦਾ ਭੇਤ ਦਸਿਆ ਸੀ।।੨੧।।੧।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੁਹੱਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੭੪।।੬੭੯੮।।ਅਫਜੂੰ।।

ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚਹੱਤਰਵੀ ਕਥਾ ਸਮਾਪਤ।।੩੭੪।। ੬੭੯੮।ਚਲਦਾ।।

## ਚਲਿੱਤਰ ਤਿੰਨ ਸੌ ਪੰਝੱਰਤਵਾਂ

## ਕਥਾ ਜਗਜੋਬਨ ਦੇਵੀ

ਚੌਪਈ।। ਇਸ਼ਕ ਤੰਬੋਲ ਸ਼ਹਿਰ ਹੈ ਜਹਾਂ।। ਇਸ਼ਕ ਤੰਬੋਲ ਨਰਾਧਿਪ ਤਹਾਂ।।
ਸ੍ਰੀ ਸ਼ਿੰਗਾਰ ਮਤੀ ਤਿਹ ਦਾਰਾ।। ਜਾਸੀ ਘੜੀ ਨ ਬ੍ਰਹਮੁ ਸੁਨਾਰਾ।। ੧।।

ਪਦ ਅਰਥ – ਨਰਾਧਿਪ=ਰਾਜਾ। ਦਾਰਾ=ਵਹੁਟੀ, ਇਸਤਰੀ। ਘੜੀ ਨ ਬ੍ਰਹਮੁ ਸਨਾਰਾ=ਬ੍ਰਹਮਾ ਰੂਪੀ ਸੁਨਿਆਰੇ ਨੇ ਵੀ ਅਜਿਹੀ ਨਹੀਂ ਬਣਾਈ ਸੀ।

ਇਸ਼ਕ ਤੰਬੋਲ ਨਾਮੀਂ ਸ਼ਹਿਰ ਵਿਚ ਇਕ ਇਸ਼ਕ ਤੰਬੋਲ ਨਾਮੀਂ ਰਾਜਾ ਰਹਿੰਦਾ ਸੀ। ਸ਼ਿੰਗਾਰ ਮਤੀ ਉਸ ਦੀ ਇਸਤਰੀ ਸੀ, ਜਿਸ ਵਰਗੀ ਸੁੰਦਰ. ਬ੍ਰਹਮਾ ਰੂਪੀ ਸਨਿਆਰੇ ਨੇ ਹੋਰ ਕੋਈ ਇਸਤਰੀ ਅਜਿਹੀ ਨਹੀਂ ਬਣਾਈ ਸੀ।।੧।।

ਅੜਿੱਲ।। ਸ੍ਰੀ ਜਗ ਜੋਬਨ ਦੇ ਤਿਹ ਸੁਤਾ ਬਖਾਨਿਯੈ।।
ਦੁਤਿਯ ਰੂਪ ਕੀ ਰਾਸ ਜਗਤ ਮਹਿ ਜਾਨਿਯੈ।।

*****************************************************************

**ਅਧਿਕ ਪ੍ਰਭਾ ਜਲ ਥਲ ਮਹਿ ਜਾਕੀ ਜਾਨਿਯਤ।।**
**ਹੋ ਨਰੀ ਨਾਗਨੀ ਨਾਰਿ ਨ ਵੈਸੀ ਮਾਨਿਯਤ।। ੨।।**

ਜਗਜੋਬਨ ਦੇਵੀ ਉਸ ਦੀ ਧੀ ਸੀ ਜਿਸ ਨੂੰ ਜਗਤ ਵਿਚ ਰੂਪ ਦੀ ਰਾਸ ਮੰਨਿਆ ਜਾਂਦਾ ਸੀ। ਉਸ ਦੀ ਜਲ ਥਲ ਉਤੇ ਬੜੀ ਸ਼ੋਭਾ ਮੰਨੀ ਜਾਂਦੀ ਸੀ ਅਤੇ ਨਰ ਨਾਗ ਇਸਤਰੀਆਂ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਸਨ।।੨।।

**ਦੋਹਰਾ।। ਤਹ ਇਕ ਪੂਤ ਸਰਾਫ ਕੋ ਤਾਕੋ ਰੂਪ ਅਪਾਰ।।**
**ਜੋਰਿ ਨੈਨਿ ਨਾਰੀ ਰਹੈ ਜਾਨਿ ਨ ਗ੍ਰਿਹਿ ਬਿਸੰਭਾਰ।। ੩।।**

ਪਦ ਅਰਥ - ਜੋਰਿ ਨੈਨਿ=ਅੱਖਾਂ ਮਿਲਾ ਕੇ। ਬਿਸੰਭਾਰ=ਬੇਸੰਭਾਲ, ਬੇਹੋਸ਼।

ਉਥੇ ਇਕ ਸਰਾਫ ਦਾ ਲੜਕਾ ਸੀ ਜਿਸ ਦਾ ਰੂਪ ਅਪਾਰ ਸੀ, ਜਦ ਇਸਤਰੀਆਂ ਉਸ ਨਾਲ ਇਕ ਵਾਰ ਨਜ਼ਰ ਮਿਲਾ ਲੈਂਦੀਆਂ ਸਨ ਤਾਂ ਆਪਣੇ ਹੋਸ਼ ਗੁਆ ਕੇ ਘਰ ਜਾਣ ਜੋਗੀਆਂ ਨਹੀ ਰਹਿੰਦੀਆਂ ਸਨ।।੩।।

**ਚੌਪਈ।। ਰਾਜ ਸੁਤਾ ਤਾਕੀ ਛਬਿ ਲਹੀ।। ਮਨ ਬਚ ਕ੍ਰਮ ਮਨ ਮੈ ਅਸ ਕਹੀ।।**
**ਏਕ ਬਾਰ ਗਹਿ ਯਾਹਿ ਮੰਗਾਊਂ।। ਕਾਮ ਭੋਗ ਰੁਚਿ ਮਾਨ ਮਚਾਊਂ।। ੪।।**

ਪਦ ਅਰਥ - ਰਾਜ ਸੁਤਾ=ਰਾਜ ਕੁਮਾਰੀ। ਛਬਿ=ਸੁੰਦਰਤਾ। ਅਸ ਕਹੀ=ਇਸ ਤਰ੍ਹਾਂ ਕਿਹਾ। ਗਹਿ=ਫੜ ਕੇ। ਰੁਚਿ ਮਾਨ=ਰੁਚੀ ਪੂਰਬਕ।

ਰਾਜ ਕੁਮਾਰੀ ਨੇ ਜਦ ਇਕ ਵਾਰ ਉਸ ਦੀ ਸੋਹਣੀ ਸ਼ਕਲ ਨੂੰ ਵੇਖਿਆ ਤਾਂ ਮਨ ਵਿਚ ਸੋਚਿਆ ਕਿ ਇਕ ਵਾਰ ਫੜ ਕੇ ਇਸ ਨੂੰ ਘਰ ਲਿਆਵਾਂਗੀ ਅਤੇ ਰੁਚੀ ਅਨੁਸਾਰ ਇਸ ਨਾਲ ਭੋਗ ਬਿਲਾਸ ਕਰਾਂਗੀ।।੪।।

**ਪਠੈ ਸਹਚਰੀ ਦਈ ਤਹਾਂ ਇਕ।। ਤਾਂਹਿ ਬਾਤ ਸਮੁਝਾਇ ਅਨਿਕ ਨਿਕ।।**
**ਅਮਿਤ ਦਰਬ ਦੈ ਤਾਹਿ ਭੁਲਾਈ।। ਜਿਹ ਤਿਹ ਭਾਂਤਿ ਕੁਅਰਿ ਕੌ ਲਿਆਈ।। ੫।।**

ਇਕ ਦਿਨ ਉਸ ਦਾਸੀ ਨੂੰ ਸਾਰੀ ਗੱਲ ਸਮਝਾ ਕੇ ਉਹਦੇ ਕੋਲ ਭੇਜ ਦਿੱਤਾ, ਦਾਸੀ ਨੂੰ ਉਸ ਬਹੁਤ ਧਨ ਦਿੱਤਾ ਅਤੇ ਉਹ ਜਿਵੇਂ ਕਿਵੇਂ ਉਸ ਸਰਾਫ ਦੇ ਲੜਕੇ ਨੂੰ ਲੈ ਆਈ।।੫।।

**ਭਾਂਤਿ ਭਾਂਤਿ ਕੇ ਕਰਤ ਬਿਲਾਸਾ।। ਮਾਨਤ ਕਿਸੀ ਨ ਨਰ ਕੋ ਤ੍ਰਾਸਾ।।**
**ਤਬ ਲਗ ਆਇ ਪਿਤਾ ਤਹ ਗਯੋ।। ਅਧਿਕ ਬਿਮਨ ਤਾਕੋ ਮਨ ਭਯੋ।। ੬।।**

ਉਹ ਬਿਲਕੁਲ ਨਿਡੱਰ ਹੋ ਕੇ ਭਿੰਨ ਭਿੰਨ ਪ੍ਰਕਾਰ ਨਾਲ ਰਮਣ ਕਰਨ ਲੱਗੇ। ਤਦ ਤਕ

ਉਸ ਦਾ ਪਿਤਾ ਆ ਗਿਆ ਤਾਂ ਉਸ ਦਾ ਮਨ ਬਹੁਤ ਦੁਖੀ ਹੋ ਗਿਆ।।੬।।

**ਅਵਰ ਘਾਤ ਤਬ ਹਾਥ ਨ ਆਈ।। ਏਕ ਬਾਤ ਤਬ ਤਾਹਿ ਬਨਾਈ।।**
**ਬੀਚ ਸਮਜਾਨਾ ਕੇ ਤਿਹ ਸੀਆ।। ਐਂਚਿਤ ਨਾਵ ਠਾਢ ਕਰ ਦੀਆ।। ੭।।**

ਪਦ ਅਰਥ – ਬੀਚ ਸਮਜਾਨਾ=ਸ਼ਾਮਿਆਨੇ ਵਿਚ। ਸੀਆ=ਸੀਂ ਦਿੱਤਾ। ਐਂਚਿਤ ਨਾਵ=ਤਣਾਵਾਂ ਖਿੱਚ ਕੇ। ਨਾਢ ਕਰ ਦੀਆ=ਖੜਾ ਕਰ ਦਿੱਤਾ।

ਉਸ ਵੇਲੇ ਛੇਤੀ ਵਿਚ ਹੋਰ ਗੱਲ ਤਾਂ ਉਸ ਨੂੰ ਕੋਈ ਐੜੀ ਨਾ, ਉਸ ਉਸ ਨੂੰ ਸ਼ਾਮਿਆਨੇ ਵਿਚ ਸੀਂ ਕੇ ਰੱਸੀਆਂ ਖਿੱਚ ਕੇ ਖੜਾ ਕਰ ਦਿੱਤਾ।।੭।।

**ਊਪਰ ਅਵਰ ਸਮਜਾਨਾ ਡਾਰਾ।। ਵਾਕੋ ਜਾਇ ਨ ਅੰਗ ਨਿਹਾਰਾ।।**
**ਆਗੇ ਜਾਇ ਪਿਤਾ ਚਲਿ ਲੀਨਾ।। ਜੋਰਿ ਪ੍ਰਨਾਮ ਦੋਊ ਕਰ ਦੀਨਾ।। ੮।।**

ਉਹਦੇ ਉਤੇ ਹੋਰ ਸ਼ਾਮਿਆਨਾ ਰੱਖ ਦਿੱਤਾ ਤਾਕਿ ਉਸ ਦਾ ਕੋਈ ਅੰਗ ਵਿਖਾਈ ਨ ਦੇਵੇ, ਅਗੇ ਵੱਧ ਕੇ ਪਿਤਾ ਦਾ ਸਵਾਗਤ ਕੀਤਾ ਅਤੇ ਉਸ ਨੂੰ ਦੋਵੇਂ ਹੱਥ ਜੋੜ ਕੇ ਪ੍ਰਣਾਮ ਕੀਤਾ।।੮।।

**ਅੜਿੱਲ।। ਤਿਸ ਸਮਜਾਨਾ ਕੇ ਤਰ ਪਿਤੁ ਬੈਠਾਇਯੋ।।**
**ਏਕ ਏਕ ਕਰਿ ਤਾਕੌਂ ਪੁਹਪ ਦਿਖਾਇਯੋ।।**
**ਭੂਪ ਬਿਦਾ ਹ੍ਵੈ ਜਬੈ ਆਪੁਨੇ ਗ੍ਰਿਹਿ ਅਯੋ।।**
**ਹੋ ਕਾਢਿ ਤਹਾਂ ਤੇ ਮਿੱਤ੍ਰ ਸੇਜ ਊਪਰ ਲਯੋ।। ੯।।**

ਉਸ ਸ਼ਾਮਿਆਨੇ ਦੇ ਥੱਲੇ ਪਿਤਾ ਨੂੰ ਬਿਠਾਇਆ ਅਤੇ ਇਕ ਇਕ ਕਰ ਕੇ ਉਸ ਨੂੰ ਫੁਲ ਵਿਖਾਏ। ਰਾਜਾ ਜਦ ਆਪਣੇ ਘਰ ਨੂੰ ਚਲਾ ਗਿਆ ਤਾਂ ਉਸ ਯਾਰ ਨੂੰ ਸ਼ਾਮਿਆਨੇ ਵਿਚੋਂ ਕੱਢ ਕੇ ਸੇਜ ਤੇ ਬਿਠਾ ਲਿਆ।।੯।।

**ਦੋਹਰਾ।। ਇਹ ਛਲ ਸੌਂ ਰਾਜਾ ਛਲਾ ਸਕਾ ਭੇਦ ਨਹਿ ਪਾਇ।।**
**ਦੁਹਿਤਾ ਕੇ ਗ੍ਰਿਹਿ ਜਾਇ ਸਿਰ ਆਯੋ ਕੋਰ ਮੁੰਡਾਇ।। ੧੦।। ੧।।**

ਪਦ ਅਰਥ – ਸਿਰ ਆਯੋ ਕੋਰ ਮੁੰਡਾਇ=ਸੁੱਕਾ ਸਿਰ ਮੁੰਨਵਾ ਆਇਆ।

ਇਸ ਚਲਿੱਤਰ ਨਾਲ ਰਾਜੇ ਨੂੰ ਛੱਲ ਲਿਆ ਜਿਹੜਾ ਕਿ ਅਸਲ ਭੇਤ ਨ ਸਮਝ ਸਕਿਆ। ਉਹ ਆਪਣੀ ਧੀ ਦੇ ਘਰ ਵਿਚ ਜਾ ਕੇ ਸੁਕਾ ਸਿਰ ਹੀ ਮੁੰਨਵਾ ਆਇਆ ਭਾਵ ਛਲਿਆ ਗਿਆ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੰਝਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੭੫।।੬੮੦੮।।ਅਫਜੂੰ।।

Namdhari Elibrary NamdhariElibrary@gmail.com

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪੰਝੱਤਰਵੀਂ ਕਥਾ ਸਮਾਪਤ॥੩੭੫॥੬੮੦੮॥ਚਲਦਾ॥

# ਚਲਿੱਤਰ ਤਿੰਨ ਸੌ ਛਿਹੱਤ੍ਰਵਾਂ

## ਕਥਾ ਪ੍ਰਬੀਨ ਦੇਵੀ

**ਚੌਪਈ॥ ਸੁਨੁ ਰਾਜਾ ਇਕ ਔਰ ਕਹਾਨੀ॥ ਕਿਨਹੂੰ ਲਖੀ ਨ ਕਿਨਹੂੰ ਜਾਨੀ॥**
**ਸ਼ਹਿਰ ਹੈਦਰਾਬਾਦ ਬਸਤ ਜਹ॥ ਸ੍ਰੀ ਹਰਿ ਜੱਛ ਕੇਤੁ ਰਾਜਾ ਤਹ॥੧॥**

ਹੇ ਰਾਜਨ ! ਇਕ ਹੋਰ ਕਥਾ ਸੁਣੋ, ਜਿਹੜੀ ਕਿ ਕਿਸੇ ਨੇ ਵੇਖੀ ਸੁਣੀ ਨਹੀਂ ਹੈ; ਹੈਦਰਾਬਾਦ ਸ਼ਹਿਰ ਵਿਚ ਇਕ ਹਰ ਜੱਛ ਕੇਤ ਨਾਮੀਂ ਰਾਜਾ ਰਹਿੰਦਾ ਸੀ॥੧॥

**ਗ੍ਰਿਹਿ ਮਦ ਮੱਤ ਮਤੀ ਤਿਹ ਨਾਰੀ॥ ਸ੍ਰੀ ਪ੍ਰਬੀਨ ਦੇ ਧਾਮ ਦੁਲਾਰੀ॥**
**ਅਪਮਾਨ ਦੁਤਿ ਜਾਤ ਨ ਕਹੀ॥ ਜਾਨੁਕ ਫੂਲ ਚੰਬੇਲੀ ਰਹੀ॥੨॥**

ਉਸ ਦੀ ਇਸਤਰੀ ਦਾ ਨਾਂ ਮਦ ਮੱਤ ਮਤੀ ਸੀ ਅਤੇ ਪ੍ਰਬੀਨ ਦੇਵੀ ਉਨ੍ਹਾਂ ਦੀ ਪੁੱਤਰੀ ਸੀ। ਉਸ ਦੀ ਸ਼ਕਲ ਅਪਾਰ ਸੁੰਦਰ ਸੀ, ਮਾਨੋਂ ਕਿ ਜਿਵੇਂ ਖਿੜੀ ਚੰਬੇਲੀ ਹੋਵੇ॥੨॥

**ਨਿਹਚਲ ਸਿੰਘ ਤਹਾ ਇਕ ਛੱਤ੍ਰੀ॥ ਸੂਰਬੀਰ ਬਲਵਾਨ ਤਿਅੱਤ੍ਰੀ॥**
**ਤਿਹ ਪ੍ਰਬੀਨ ਦੇ ਨੈਨ ਨਿਹਾਰਾ॥ਮਦਨ ਕ੍ਰਿਪਾਨ ਘਾਇ ਜਨੁ ਮਾਰਾ॥੩॥**

ਉਥੇ ਇਕ ਨਿਹਚਲ ਸਿੰਘ ਨਾਮੀਂ ਖੱਤਰੀ ਰਹਿੰਦਾ ਸੀ ਜਿਹੜਾ ਕਿ ਬਹੁਤ ਬਲਵਾਨ, ਸੂਰਬੀਰ ਅਤੇ ਸ਼ਸਤਰਧਾਰੀ ਸੀ। ਜਦ ਉਸ ਨੂੰ ਪ੍ਰਬੀਨ ਦੇਵੀ ਨੇ ਵੇਖਿਆ ਤਾਂ ਕਾਮਦੇਵ ਨੇ ਤਲਵਾਰ ਮਾਰ ਕੇ ਉਸ ਨੂੰ ਘਾਇਲ ਕਰ ਦਿੱਤਾ॥੩॥

**ਪਠੈ ਸਹਚਰੀ ਲਿਯਾ ਬੁਲਾਇ॥ ਭੋਗ ਕਿਯਾ ਰੁਚਿ ਦੂਹੂੰ ਬਢਾਇ॥**
**ਭਾਂਤਿ ਭਾਂਤਿ ਤਨ ਚੁੰਬਨ ਕਰੈਂ॥ ਬਿਬਿਧ ਪ੍ਰਕਾਰ ਆਸਨਨ ਧਰੈਂ॥੪॥**

ਇਕ ਦਾਸੀ ਨੂੰ ਘਲ ਕੇ ਉਸ ਨੂੰ ਬੁਲਾ ਲਿਆ ਅਤੇ ਰੁਚੀ ਪੂਰਵਕ ਉਹਦੇ ਨਾਲ ਰਮਣ ਕੀਤਾ, ਕਈ ਢੰਗਾਂ ਨਾਲ ਉਨ੍ਹਾਂ ਚੁੰਮਣ ਲਏ ਅਤੇ ਕਈ ਪ੍ਰਕਾਰ ਦੇ ਆਸਣ ਬਣਾਏ॥੪॥

**ਤਬ ਤਹ ਆਇ ਗਯੋ ਪਿਤੁ ਵਾਕੋ॥ ਭੋਗਤ ਹੁਤੋ ਜਹਾਂ ਪਿਯ ਤਾਕੋ॥**
**ਚਮਕਿ ਚਰਿੱਤ੍ਰ ਚੰਚਲਾ ਕੀਨਾ॥ ਪਰਦਨ ਬੀਚ ਲਪਟਿ ਤਿਹ ਲੀਨਾ॥੫॥**

ਇਸ ਦੌਰਾਨ ਉਸ ਦਾ ਪਿਤਾ ਉਥੇ ਆ ਗਿਆ ਜਿਥੇ ਕਿ ਉਹ ਕਾਮ ਕ੍ਰੀੜਾ ਵਿਚ ਮਸਤ

ਸਨ। ਉਸ ਇਸਤਰੀ ਨੇ ਝਟ ਇਕ ਚਲਿੱਤਰ ਸੋਚਿਆ ਅਤੇ ਆਪਣੇ ਯਾਰ ਨੂੰ ਪੜਦਿਆਂ ਵਿਚ ਲੁਕਾ ਦਿੱਤਾ॥੫॥

**ਦੋਹਰਾ॥ ਪਰਦਨ ਬੀਚ ਲਪੇਟਿ ਤਿਹ ਦਿਯਾ ਧਾਮ ਪਹੁਚਾਇ॥**
**ਮੁਖ ਬਾਏਂ ਰਾਜਾ ਰਹਾ ਸਕਾ ਚਰਿੱਤ੍ਰ ਨ ਪਾਇ॥ ੬॥ ੧॥**

ਉਸ ਨੂੰ ਬੁਰਕੇ ਵਿਚ ਲੁਕਾ ਕੇ ਉਸ ਦੇ ਘਰ ਭੇਜ ਦਿੱਤਾ, ਰਾਜਾ ਮੂੰਹ ਖੋਲ੍ਹ ਕੇ ਵੇਖਦਾ ਹੀ ਰਹਿ ਗਿਆ ਅਤੇ ਅਸਲ ਭੇਤ ਬਾਰੇ ਕੁਝ ਨ ਜਾਣ ਸਕਿਆ॥੬॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਛਿਹੱਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੭੬॥੬੮੧੪॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ ਤਿੰਨ ਸੌ ਛਿਹੱਤਰਵੀਂ ਕਥਾ ਸਮਾਪਤ॥੩੭੬॥੬੮੧੪॥ਚਲਦਾ॥

## ਚਲਿੱਤਰ ਤਿੰਨ ਸੌ ਸਤੱਤਰਵਾਂ

## ਕਥਾ ਸੁਹਾਗ ਦੇਵੀ

**ਚੌਪਈ॥ ਨਵਤਨ ਸੁਨਹੁ ਨਰਾਧਿਪ ਕਥਾ॥ ਕਿਯਾ ਚਰਿੱਤ੍ਰ ਚੰਚਲਾ ਜਥਾ॥**
**ਤ੍ਰਿੰਬਕ ਮਹਾਂ ਰੁਦ੍ਰ ਹੈ ਜਹਾਂ॥ ਤ੍ਰਿੰਬਕ ਦੱਤ ਨਰਾਧਪ ਤਹਾਂ॥ ੧॥**

ਪਦ ਅਰਥ - ਨਰਾਧਿਪ=ਰਾਜਾ। ਚੰਚਲਾ=ਔਰਤ।

ਹੇ ਰਾਜਨ ! ਮੈਂ ਤੁਹਾਨੂੰ ਇਕ ਨਵੀਂ ਕਥਾ ਸੁਣਾਉਂਦਾ ਹਾਂ ਕਿ ਕਿਸ ਤਰ੍ਹਾਂ ਇਕ ਇਸਤਰੀ ਚਲਿੱਤਰ ਖੇਡਿਆ। ਤ੍ਰਿੰਬਕ ਮਹਾਂ ਰੁਦਰ ਵਿਚ ਇਕ ਤ੍ਰਿਬੰਕ ਦੱਤ ਰਾਜਾ ਰਹਿੰਦਾ ਸੀ॥੧॥

**ਤ੍ਰਿੰਬਕਪੁਰ ਤਾਕੋ ਬਹੁ ਸੋਹੈ॥ ਇੰਦ੍ਰ ਚੰਦ੍ਰ ਲੋਕ ਕਹ ਮੋਹੈ॥**
**ਸ੍ਰੀ ਰਸ ਰੀਤਿ ਮਤੀ ਤਿਹ ਨਾਰੀ॥ ਕੰਚਨ ਅਵਟਿ ਸਾਂਚੇ ਜਨੁ ਢਾਰੀ॥ ੨॥**

ਪਦ ਅਰਥ - ਕੰਚਨ ਅਵਟਿ ਸਾਂਚੇ ਜਨੁ ਢਾਰੀ=ਸੋਨੇ ਦੇ ਸੱਚੇ ਵਿਚ ਜਿਵੇਂ ਢਾਲ ਕੇ ਬਣਾਈ ਹੋਵੇ।

ਤ੍ਰਿੰਬਕਪੁਰ ਨਾਮੀਂ ਉਸ ਦਾ ਨਗਰ ਬਹੁਤ ਸ਼ਾਨਦਾਰ ਸੀ ਜਿਹੜਾ ਕਿ ਇੰਦਰ ਅਤੇ ਚੰਦਰ ਲੋਕਾਂ ਨੂੰ ਵੀ ਮੋਹਦਾ ਸੀ। ਉਸ ਦੀ ਇਸਤਰੀ ਦਾ ਨਾਂ ਰਸ ਰੀਤ ਮਤੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਜਿਵੇਂ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਈ ਗਈ ਹੋਵੇ॥੨॥

**ਸ੍ਰੀ ਸੁਹਾਸ ਦੇ ਤਾਕੀ ਕੰਨਜਾ॥ ਜਿਹ ਸਮ ਉਪਜੀ ਨਾਰਿ ਨ ਅੰਨਜਾ॥**

**ਏਕ ਚਤੁਰਿ ਅਰੁ ਸੁੰਦਰਿ ਘਨੀ।। ਜਿਹ ਸਮਾਨ ਕੋਈ ਨਹਿ ਬਨੀ।। ੩।।**

ਸੁਹਾਸ ਦੇਵੀ ਉਸ ਦੀ ਧੀ ਸੀ, ਜਿਹੜੀ ਏਨੀ ਸੋਹਣੀ ਸੀ ਕਿ ਉਸ ਵਰਗੀ ਹੋਰ ਕੋਈ ਕੁੜੀ ਜੰਮੀ ਹੀ ਨਹੀਂ ਸੀ। ਇਕ ਤਾਂ ਉਹ ਬਹੁਤ ਚੱਤਰ ਸੀ ਅਤੇ ਦੂਸਰੀ ਅਤਿ ਸੁੰਦਰ ਅਤੇ ਰੂਪਵੰਤ ਸੀ।।੩।।

**ਇਕ ਦਿਨ ਕੁਅਰਿ ਬਾਗ ਕੇ ਚਲੀ।। ਬੀਸ ਪਚਾਸ ਲਏਂ ਸੰਗ ਅਲੀ।।**
**ਜਾਤ ਹੁਤੀ ਮਾਰਗ ਕੇ ਮਾਹੀ।। ਸੁੰਦਰਿ ਨਿਰਖਾ ਏਕ ਤਹਾਹੀ।।੪।।**

ਪਦ ਅਰਥ - ਅਲੀ=ਸਹੇਲੀਆਂ। ਮਾਰਗ=ਰਾਹ। ਤਹਾਹੀ=ਓਥੇ ਹੀ।

ਇਕ ਦਿਨ ਕੁਮਾਰੀ ਵੀਹ ਪੰਜਾਹ ਸਖੀਆਂ ਨੂੰ ਨਾਲ ਲੈ ਕੇ ਬਾਗ ਵਿਚ ਗਈ। ਜਦ ਉਹ ਬਾਗ ਵਲ ਜਾ ਰਹੀ ਸੀ ਤਾਂ ਰਾਹ ਵਿਚ ਉਸ ਇਕ ਸੁੰਦਰ ਵਿਅਕਤੀ ਵੇਖਿਆ।।੪।।

**ਸ਼ੇਰ ਸਿੰਘ ਤਿਹ ਨਾਮ ਬਿਰਾਜਤ।। ਜਾਂਹਿ ਨਿਰਖਿ ਰਤਿ ਕੋ ਮਨ ਲਾਜਤ।।**
**ਕਹ ਲਗਿ ਤਿਹ ਛਬਿ ਭਾਖਿ ਸੁਨਾਊਂ।। ਪ੍ਰਭਾ ਕੇਰ ਸਭ ਗ੍ਰੰਥ ਬਨਾਊਂ।। ੫।।**

ਉਸ ਵਿਅਕਤੀ ਦਾ ਨਾਂ ਸ਼ੇਰ ਸਿੰਘ ਸੀ, ਜੋ ਇਤਨਾਂ ਖੂਬਸੂਰਤ ਸੀ ਕਿ ਉਸ ਨੂੰ ਵੇਖ ਕੇ ਕਾਮਦੇਵ ਦੀ ਇਸਤਰੀ ਰੱਤੀ ਵੀ ਸ਼ਰਮਸਾਰ ਹੁੰਦੀ ਸੀ। ਉਸ ਦੀ ਸੁੰਦਰ ਸ਼ਕਲ ਦਾ ਕਿਥੋਂ ਤਕ ਵਰਣਨ ਕਰਾਂ ਕਿਉਂਕਿ ਉਸ ਦੀ ਸੁਨੱਖੀ ਸ਼ਖਸ਼ੀਅਤ ਬਾਰੇ ਕਈ ਗ੍ਰੰਥ ਲਿਖੇ ਜਾ ਸਕਦੇ ਹਨ।।੫।।

**ਅੜਿੱਲ।। ਰਾਜ ਸੁਤਾ ਜਬ ਤੇ ਤਿਹ ਗਈ ਨਿਹਾਰਿ ਕਰਿ।।**
**ਰਹੀ ਮੱਤ ਹ੍ਵੈ ਮਨ ਇਹ ਬਾਤ ਬਿਚਾਰਿ ਕਰਿ।।**
**ਕੋਟਿ ਜਤਨ ਕਰਿ ਕਰਿ ਕਰਿ ਯਾਹਿ ਬੁਲਾਇਯੈ।।**
**ਹੋ ਕਾਮ ਕੇਲ ਕਰਿ ਯਾ ਸੌ ਹਰਖ ਕਮਾਇਯੈ।। ੬।।**

ਰਾਜ ਕੁਮਾਰੀ ਜਦ ਤੋਂ ਉਸ ਨੂੰ ਵੇਖ ਕੇ ਗਈ ਤਾਂ ਉਹ ਮਨ ਵਿਚ ਇਹੋ ਵਿਚਾਰ ਕਰ ਕਰ ਕੇ ਮਤਵਾਲੀ ਹੋ ਰਹੀ ਸੀ ਕਿ ਕਰੋੜਾਂ ਯਤਨ ਕਰਕੇ ਵੀ ਇਸ ਨੂੰ ਬੁਲਾਵਾਂਗੀ ਅਤੇ ਇਸ ਨਾਲ ਸੁਖ ਪੂਰਬਕ ਕਾਮ ਕ੍ਰੀੜਾ ਕਰਾਂਗੀ।।੬।।

**ਚੌਪਈ।।ਸਖੀ ਏਕ ਤਹ ਦਈ ਪਠਾਇ।।ਜਿਹ ਤਿਹ ਬਿਧਿ ਤਿਹ ਲਯੋ ਬੁਲਾਇ।।**
**ਪੜ੍ਹਿ ਪੜ੍ਹਿ ਦੋਹਾ ਛੰਦ ਬਿਹਾਰਹਿ।। ਸਕਲ ਮਦਨ ਕੋ ਤਾਪ ਨਿਵਾਰਹਿ।। ੭।।**

ਉਸ ਇਕ ਸਖੀ ਨੂੰ ਉਹਦੇ ਕੋਲ ਭੇਜ ਦਿੱਤਾ ਅਤੇ ਜਿਵੇਂ ਕਿਵੇਂ ਉਸ ਨੂੰ ਬੁਲਾ ਲਿਆ। ਉਹ ਦੋਹਰੇ, ਛੰਦ ਆਦਿ ਪੜ੍ਹ, ਪੜ੍ਹ ਕੇ ਰਮਣ ਕਰ ਰਹੇ ਸਨ ਅਤੇ ਕਾਮ ਦੀ ਅੱਗ ਨੂੰ ਸ਼ਾਂਤ ਕਰ

ਰਹੇ ਸਨ॥੭॥

**ਆਵਤ ਨੈਨ ਨਿਰਖਿ ਕਰਿ ਰਾਜਾ॥ ਇਹ ਬਿਧਿ ਚਰਿਤ ਚੰਚਲਾ ਸਾਜਾ॥**
**ਰੋਮ ਨਾਸ ਤਿਹ ਬਦਨ ਲਗਾਯੋ॥ ਨਾਰਿ ਭੇਸ ਤਾਕਹ ਪਹਿਰਾਯੋ॥ ੮॥**

ਪਦ ਅਰਥ - ਰੋਮ ਨਾਸ=ਬਾਲ ਸਫਾ। ਬਦਨ=ਸਰੀਰ।

ਜਦ ਉਸ ਨੂੰ ਪਤਾ ਲੱਗਾ ਕਿ ਰਾਜਾ ਆ ਰਿਹਾ ਹੈ ਤਾਂ ਉਸ ਇਹ ਚਲਿੱਤਰ ਕੀਤਾ ਕਿ ਸ਼ੇਰ ਸਿੰਘ ਨੂੰ ਬਾਲ ਸਫਾ ਤੇਲ ਮਲ ਕੇ ਉਸ ਦੇ ਵਾਲ ਸਾਫ ਕਰ ਦਿੱਤੇ ਅਤੇ ਉਸ ਨੂੰ ਇਸਤਰੀ ਦੇ ਕੱਪੜੇ ਪਵਾ ਦਿੱਤੇ॥੮॥

**ਝਾਰੂ ਏਕ ਹਾਥ ਤਿਹ ਲਿਯੋ॥ ਦੂਜੇ ਹਾਥ ਟੋਕਰਾ ਦਿਯੋ॥**
**ਮੁਹਰਨ ਔਰ ਰੁਪੈਯਨ ਭਰੋ॥ ਤਾਹਿ ਚੰਡਾਰੀ ਭਾਖਿਨਿ ਕਰੋ॥ ੯॥**

ਉਸ ਦੇ ਇਕ ਹੱਥ ਵਿਚ ਝਾੜੂ ਫੜਾ ਦਿੱਤਾ ਅਤੇ ਦੂਸਰੇ ਹੱਥ ਵਿਚ ਮੋਹਰਾਂ ਨਾਲ ਭਰ ਕੇ ਟੋਕਰਾ ਫੜਾ ਦਿੱਤਾ, ਅਤੇ ਉਸ ਨੂੰ ਭੰਗਣ ਦੱਸ ਦਿੱਤਾ॥੯॥

**ਨ੍ਰਿਪ ਆਗੇ ਕਰਿ ਤਾਹਿ ਨਿਕਾਰਯੋ॥ਮੂੜ੍ਹ ਭੂਪ ਨਹਿ ਭੇਦ ਬਿਚਾਰਜੋ॥**
**ਕਾਢਿ ਖੜਗ ਤਿਹ ਹਨਤ ਨ ਭਯੋ॥ ਜਾਨਿ ਚੰਡਾਰ ਤਾਹਿ ਨ੍ਰਿਪ ਗਯੋ॥੧੦॥**

ਉਸ ਨੂੰ ਰਾਜੇ ਦੇ ਸਾਹਮਣੇ ਹੀ ਕੱਢ ਦਿੱਤਾ ਤੇ ਮੂਰਖ ਰਾਜਾ ਇਹ ਰਹਿਸ ਨ ਸਮਝ ਸਕਿਆ। ਉਸ ਨੂੰ ਉਸ ਤਲਵਾਰ ਕੱਢ ਕੇ ਮਾਰਿਆ ਨਹੀਂ ਅਤੇ ਭੰਗਣ ਸਮਝ ਕੇ ਛੱਡ ਕੇ ਚਲਾ ਗਿਆ॥੧੦॥

**ਜਿਨ ਇਹ ਮੋਰ ਅੰਗ ਛੁਹਿ ਜਾਇ॥ ਮੁਝੈ ਕਰੈ ਅਪਵਿੱਤ੍ਰ ਬਨਾਇ॥**
**ਤਾਹਿ ਪਛਾਨਿ ਪਕਰਿ ਨਹਿ ਲਯੋ॥ ਲੈ ਮੁਹਰੈਂ ਸੁੰਦਰ ਘਰ ਗਯੋ॥੧੧॥੧॥**

ਰਾਜਾ ਡਰਦਾ ਸੀ ਕਿ ਕਿਤੇ ਉਹ ਉਸ ਦੇ ਨਾਲ ਨ ਲੱਗ ਜਾਵੇ ਅਤੇ ਉਸ ਨੂੰ ਅਪਵਿੱਤਰ ਕਰ ਦੇਵੇ। ਉਸ ਨੂੰ ਪਛਾਣ ਕੇ ਫੜਿਆ ਨਹੀਂ ਅਤੇ ਇਸ ਢੰਗ ਨਾਲ ਸੁੰਦਰ ਵਿਅਕਤੀ ਮੋਹਰਾਂ ਦਾ ਟੋਕਰਾ ਭਰ ਕੇ ਆਪਣੇ ਘਰ ਨੂੰ ਚਲਾ ਗਿਆ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤੱਤਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੭੭॥੬੮੨੫॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤੱਤਰਵੀਂ ਕਥਾ ਸਮਾਪਤ॥੩੭੭॥੬੮੨੫॥ਚਲਦਾ॥

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਅਠੱਤਰਵਾਂ

## ਕਥਾ ਮ੍ਰਿਦਹਾਸ ਮਤੀ

**ਚੌਪਈ।। ਭੂਪ ਤ੍ਰਿਹਾਟਕ ਸੈਨ ਭਨਿੱਜੈ।। ਨਗਰ ਤਿਹਾੜੋ ਜਾਹਿ ਕਹਿੱਜੈ।।**
**ਜਾਹਿ ਤ੍ਰਿਹਾਟਕ ਪੁਰੀ ਬਖਾਨੈ।। ਦਾਨਵ ਦੇਵ ਜੱਛ ਸਭ ਜਾਨੈ।। ੧।।**

ਤ੍ਰਿਹਾਟਕ ਸੈਨ ਇਕ ਰਾਜਾ ਸੀ ਜਿਸ ਦੇ ਨਗਰ ਨੂੰ ਤਿਹਾੜ ਕਿਹਾ ਜਾਂਦਾ ਸੀ। ਇਸ ਨੂੰ ਹੀ ਤ੍ਰਿਹਾਟਕਪੁਰੀ ਕਹਿੰਦੇ ਸਨ ਅਤੇ ਦੇਵ-ਦਾਨਵ ਜੱਛ ਆਦਿ ਸਭ ਇਸ ਨੂੰ ਜਾਣਦੇ ਸਨ।।੧।।

**ਸ੍ਰੀ ਮਹਬੂਬ ਮਤੀ ਤਿਹ ਨਾਰੀ।। ਜਿਹ ਸਮ ਸੁੰਦਰਿ ਕਹੂੰ ਨ ਕੁਮਾਰੀ।।**
**ਦੁਤਿਯ ਨਾਰਿ ਮ੍ਰਿਦੁਹਾਸ ਮਤੀ ਤਿਹ।। ਨਹਿ ਸਸਿ ਸਮ ਕਹਿਯਤ ਆਨਨ ਜਿਹ।।੨।।**

ਉਸ ਦੀ ਇਸਤਰੀ ਦਾ ਨਾਂ ਮਹਿਬੂਬ ਮਤੀ ਸੀ ਜਿਸ ਵਰਗੀ ਹੋਰ ਕੋਈ ਖ਼ੂਬਸੂਰਤ ਇਸਤਰੀ ਨਹੀਂ ਸੀ। ਉਸ ਦੀ ਦੂਸਰੀ ਇਸਤਰੀ ਦਾ ਨਾਂ ਮ੍ਰਿਦਹਾਸ ਮਤੀ ਸੀ ਜਿਸ ਦੇ ਤੁਲ ਚੰਦਰਮਾਂ ਵੀ ਕੁਝ ਨਹੀਂ ਸੀ।।੨।।

**ਸ੍ਰੀ ਮਹਬੂਬ ਮਤੀ ਤਨ ਨ੍ਰਿਪ ਰਤਿ।। ਦੁਤਿਯ ਨਾਰਿ ਪਰ ਨਹਿ ਆਨਨ ਮਤਿ।।**
**ਅਧਿਕ ਭੋਗ ਤਿਹ ਸਾਥ ਕਮਾਯੋ।। ਏਕ ਪੁੱਤ੍ਰ ਤਾਤੇ ਉਪਜਾਯੋ।। ੩।।**

ਰਾਜਾ ਮਹਿਬੂਬ ਮਤੀ ਨਾਲ ਜ਼ਿਆਦਾ ਪਿਆਰ ਕਰਦਾ ਸੀ ਅਤੇ ਦੂਸਰੀ ਇਸਤਰੀ ਵੱਲ ਉਹ ਘਟ ਹੀ ਜਾਂਦਾ ਸੀ। ਅਪਣੀ ਪਹਿਲੀ ਪਤਨੀ ਨਾਲ ਉਸ ਜ਼ਿਆਦਾ ਭੋਗ ਬਿਲਾਸ ਕੀਤਾ ਅਤੇ ਉਸ ਪਾਸੋਂ ਇਕ ਪੁੱਤਰ ਪੈਦਾ ਹੋਇਆ।।੩।।

**ਦੁਤਿਯ ਨਾਰਿ ਕੇ ਸਾਥ ਨ ਪ੍ਰੀਤਾ।। ਤਾਹਿ ਨ ਬੀਚ ਲਯਾਵਤ ਚੀਤਾ।।**
**ਸੁਤਵੰਤੀ ਇਕ ਪੁਨਿ ਪਤਿ ਪ੍ਰੀਤ੍ਰ।। ਅਵਰ ਤ੍ਰਿਯਹਿ ਲਜਾਵਤ ਨਹਿ ਚੀਤ।। ੪।।**

ਦੂਸਰੀ ਇਸਤਰੀ ਨਾਲ ਉਸ ਦੀ ਪ੍ਰੀਤ ਨਹੀਂ ਸੀ ਅਤੇ ਉਹ ਉਸ ਨੂੰ ਕਦੇ ਵੀ ਮਨ ਵਿਚ ਨਹੀਂ ਲਿਆਉਂਦਾ ਸੀ। ਮਹਿਬੂਬ ਮਤੀ ਇਕ ਤਾਂ ਪੁੱਤਰ ਵਾਲੀ ਸੀ ਦੂਸਰੀ ਉਸ ਨਾਲ ਪਤੀ ਦੀ ਪ੍ਰੀਤ ਵੀ ਸੀ, ਇਸ ਕਰਕੇ ਉਹ ਹੋਰ ਕਿਸੇ ਦੀ ਪ੍ਰਵਾਹ ਨਹੀਂ ਕਰਦੀ ਸੀ।।੪।।

**ਦੁਤਿਯ ਨਾਰਿ ਤਬ ਅਧਿਕ ਰਿਸਾਈ।। ਏਕ ਘਾਤ ਕੀ ਬਾਤ ਬਨਾਈ।।**
**ਸਿਸ ਕੀ ਗੁਦਾ ਗੋਖਰੂ ਦਿਯਾ।। ਤਾਤੇ ਅਧਿਕ ਦੁਖਿਤ ਤਿਹ ਕਿਯਾ।। ੫।।**

ਪਦ ਅਰਥ - ਦੁਤਿਯ ਨਾਰਿ=ਦੂਸਰੀ ਵਹੁਟੀ। ਅਧਿਕ ਰਿਸਾਈ=ਬਹੁਤ ਗੁੱਸੇ ਵਿਚ ਆਈ।

Namdhari Elibrary NamdhariElibrary@gmail.com

**********************************************************

ਘਾਤ ਕੀ=ਮਾਰਨ ਦੀ। ਸਿਸ=ਬੱਚਾ। ਗੋਖਰੂ=ਭਖੜਾ, ਕੰਡਾ। ਦੁਖਿਤ ਕਿਯਾ=ਦੁਖੀ ਕੀਤਾ।

ਦੂਸਰੀ ਇਸਤਰੀ ਫਿਰ ਬਹੁਤ ਗੁੱਸੇ ਵਿਚ ਆ ਗਈ ਅਤੇ ਮੌਕਾ ਪਾ ਕੇ ਉਸ ਲੜਕੇ ਦੀ ਗੁਦਾ ਵਿਚ ਭਖੜਾ ਦੇ ਦਿੱਤਾ ਅਤੇ ਉਸ ਨੂੰ ਬਹੁਤ ਦੁਖੀ ਕੀਤਾ॥੫॥

**ਬਾਲਕ ਅਧਿਕ ਦੁਖਾਤੁਰ ਭਯੋ॥ ਰੋਵਤ ਧਾਮ ਮਾਤ ਕੇ ਗਯੋ॥**
**ਨਿਰਖਿ ਤਾਤ ਮਾਤਾ ਦੁਖ ਪਾਯੋ॥ ਭਲੀ ਭਲੀ ਧਾਯਾਨ ਮੰਗਾਯੋ॥ ੬॥**

ਪਦ ਅਰਥ - ਤਾਤ ਮਾਤ=ਮਾਤਾ ਪਿਤਾ। ਧਾਯਾਨ=ਦਾਈ।

ਬੱਚਾ ਅਤਿ ਦੁਖੀ ਹੋ ਕੇ ਰੋਂਦਾ ਹੋਇਆ ਆਪਣੀ ਮਾਤਾ ਦੇ ਘਰ ਆਇਆ। ਮਾਤਾ ਪਿਤਾ ਇਹ ਵੇਖ ਕੇ ਬਹੁਤ ਦੁਖੀ ਹੋਏ ਅਤੇ ਚੰਗੀਆਂ ਚੰਗੀਆਂ ਦਾਈਆਂ ਨੂੰ ਬੁਲਾਇਆ॥੬॥

**ਇਹ ਚਰਿੱਤ੍ਰ ਮਾਲਹਿ ਦੁਖ ਦਿਯੋ॥ ਆਪਨ ਭੇਸ ਧਾਇ ਕੋ ਕਿਯੋ॥**
**ਕਿਯਾ ਸਵਤਿ ਕੇ ਧਾਮ ਪਯਾਨਾ॥ ਭੇਦ ਨਾਰਿ ਕਿਨਹੂੰ ਨ ਪਛਾਨਾ॥ ੭॥**

ਪਦ ਅਰਥ - ਭੇਸ ਧਾਇ ਕੋ ਕਿਯੋ=ਦਾਈ ਦਾ ਭੇਸ ਧਾਰ ਕੇ। ਸਵਤਿ=ਸੌਂਕਣ।

ਇਸ ਚਲਿੱਤਰ ਨਾਲ ਉਸ ਇਸਤਰੀ ਨੇ ਬੱਚੇ ਦੀ ਮਾਂ ਨੂੰ ਦੁਖੀ ਕੀਤਾ। ਹੁਣ ਉਸ ਖੁਦ ਦਾਈ ਦਾ ਭੇਸ ਧਾਰਿਆ ਅਤੇ ਖੁਦ ਸੌਂਕਣ ਦੇ ਘਰ ਚਲੇ ਗਈ ਅਤੇ ਇਸ ਭੇਤ ਨੂੰ ਕੋਈ ਵੀ ਪਛਾਣ ਨ ਸਕਿਆ॥੭॥

**ਔਖਧ ਏਕ ਹਾਥ ਮੈ ਲਈ॥ ਸਿਸੁ ਕੀ ਪ੍ਰਥਮ ਮਾਤ ਕੌ ਦਈ॥**
**ਬਰੀ ਖਾਤ ਰਾਨੀ ਮਰਿ ਗਈ॥ ਸ੍ਰੱਛ ਸੁਘਰਿ ਰਾਨੀ ਫਿਰਿ ਅਈ॥ ੮॥**

ਉਸ ਇਕ ਦਵਾਈ ਲੈ ਕੇ ਪਹਿਲਾਂ ਬੱਚੇ ਦੀ ਮਾਂ ਨੂੰ ਦਿੱਤੀ। ਉਹ ਦਵਾਈ ਖਾਂਦਿਆਂ ਹੀ ਬੱਚੇ ਦੀ ਮਾਂ (ਰਾਣੀ) ਮਰ ਗਈ ਅਤੇ ਉਹ ਦਾਈ ਫਿਰ ਆਪਣੇ ਅਸਲੀ ਰੂਪ ਵਿਚ ਆ ਗਈ॥੮॥

**ਨਿਜੁ ਗ੍ਰਿਹਿ ਆਇ ਭੇਸ ਨ੍ਰਿਪ ਤ੍ਰਿਯ ਧਰਿ॥ ਜਾਤਿ ਭਈ ਅਪਨੀ ਸਵਿਤਨ ਘਰ॥**
**ਸਿਸੁ ਕੋ ਕਾਢਿ ਗੋਖਰੂ ਡਾਰੇ॥ ਤਾਂਹਿ ਸੁਘਰਿ ਤਿਹ ਸੁਤ ਕਰਿ ਪਾਰੋ॥ ੯॥**

ਪਦ ਅਰਥ - ਕਾਢਿ ਗੋਖਰੂ ਡਾਰੋ=ਕੰਡਾ ਪੁੱਟ ਦਿੱਤਾ। ਸੁਤ ਕਰਿ ਪਾਰੋ=ਪੁੱਤਰ ਕਰ ਕੇ ਪਾਲਿਆ।

ਆਪਣੇ ਘਰ ਆ ਕੇ ਫਿਰ ਉਸ ਰਾਣੀ ਦਾ ਭੇਸ ਧਾਰਿਆ ਅਤੇ ਫਿਰ ਸੌਂਕਣ ਦੇ ਘਰ ਜਾ ਪਹੁੰਚੀ। ਬੱਚੇ ਦਾ ਭਖੜਾ ਕੱਢ ਦਿੱਤਾ ਅਤੇ ਉਸ ਨੂੰ ਆਪਣਾ ਪੁੱਤਰ ਬਣਾ ਕੇ ਪਾਲਿਆ॥੯॥

**ਇਹ ਛਲ ਸੋ ਸਵਤਨਿ ਕਹ ਮਾਰਾ॥ ਸਿਸਹੁ ਜਾਨਿ ਸੁਤ ਲਿਯੋ ਉਬਾਰਾ॥**

ਨ੍ਰਿਪਹ ਸੰਗ ਪੁਨਿ ਕਰਿ ਲਿਯ ਪਜਾਰਾ॥ ਭੇਦ ਅਭੇਦ ਨ ਕਿਨੂੰ ਬਿਚਾਰਾ॥੧੦॥੧॥

ਇਸ ਚਲਿੱਤਰ ਨਾਲ ਉਸ ਸੌਕਣ ਨੂੰ ਮਾਰ ਦਿੱਤਾ ਅਤੇ ਬੱਚੇ ਨੂੰ ਪੁੱਤਰ ਜਾਣ ਕੇ ਬਚਾ ਲਿਆ। ਰਾਜੇ ਨਾਲ ਫਿਰ ਉਸ ਦਾ ਪਿਆਰ ਹੋ ਗਿਆ ਅਤੇ ਇਸ ਭੇਤ ਨੂੰ ਕੋਈ ਵੀ ਨ ਸਮਝ ਸਕਿਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਹੱਤਰਿ ਚਰਿਤ੍ਰ ਸਮਾਪਤ ਸਤੁ ਸੁਭਮ ਸਤੁ॥੩੭੮॥੬੮੩੫॥ ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠੱਤਰਵੀਂ ਕਥਾ ਸਮਾਪਤ॥੩੭੮॥੬੮੩੫॥ਚਲਦਾ॥

## ਚਲਿੱਤਰ ਤਿੰਨ ਸੌ ਉਣਾਸੀਵਾਂ

## ਕਥਾ ਸੁਪ੍ਰਭਾ ਦੇਵੀ

ਚੌਪਈ॥ ਸੁਨੁ ਰਾਜਾ ਇਕ ਔਰ ਪ੍ਰਸੰਗਾ॥ ਜਿਹ ਬਿਧਿ ਭਯੋ ਨਰੇਸੁਰ ਸੰਗਾ॥
ਮ੍ਰਿਦੁਲਾ ਦੇ ਤਿਹ ਨਾਰਿ ਭਨਿੱਜੈ॥ ਇੰਦ੍ਰ ਚੰਦ੍ਰ ਪਟਤਰ ਤਿਹ ਦਿੱਜੈ॥੧॥

ਹੇ ਰਾਜਨ ! ਇਕ ਰਾਜੇ ਨਾਲ ਜਿਸ ਤਰ੍ਹਾਂ ਬੀ[illegible] ਸੁਣੋ। ਮ੍ਰਿਦੁਲਾ ਦੇਵੀ ਉਸ ਰਾਜੇ ਦੀ ਰਾਣੀ ਸੀ, ਜਿਹੜੀ ਏਨੀ ਸੁੰਦਰ [illegible] ਕਿ ਉਸ ਦੀ ਤੁਲਨਾਂ ਇੰਦਰ ਚੰਦਰ ਨਾਲ ਕੀਤੀ ਜਾ ਸਕਦੀ ਸੀ॥੧॥

ਅੜਿੱਲ॥ ਸ੍ਰੀ ਸੁਪ੍ਰਭਾ ਦੇ ਤਾਕੀ ਸੁਤਾ ਬਖਾਨਿਯੈ॥
ਮਹਾਂ ਸੁੰਦਰੀ ਲੋਕ ਚਤੁਰਦਸ ਜਾਨਿਯੈ॥
ਜੋ ਸਹਚਰਿ ਤਾਕੌ ਭਰਿ ਨੈਨ ਨਿਹਾਰਹੀਂ॥
ਹੋ ਪਰੀ ਪਦੁਮਨੀ ਪ੍ਰਕ੍ਰਿਤ ਸੁ ਵਾਹਿ ਬਿਚਾਰਹੀਂ॥ ੨॥

ਪਦ ਅਰਥ – ਲੋਕ ਚਤੁਰਦਸ=ਚੌਦਾਂ ਲੋਕਾਂ (ਸਤ ਅਕਾਸ਼, ਸਤ ਪਾਤਾਲ)। ਜਾਨਿਯੈ=ਜਾਣੀ ਜਾਂਦੀ ਸੀ। ਸਹਚਰਿ=ਦਾਸੀ। ਭਰਿ ਨੈਨ=ਅੱਖ ਨਾਲ ਨਿਹਾਰਹੀਂ=ਵੇਖਦੀ ਸੀ। ਪ੍ਰਕ੍ਰਿਤ=ਸੁਭਾਵ, ਮਿਜਾਜ਼, ਤਾਸੀਰ, ਕਿਸਮ, ਪ੍ਰਕਾਰ।

ਸੁਪ੍ਰਭਾ ਦੇਵੀ ਉਸ ਦੀ ਪੁੱਤਰੀ ਸੀ ਅਤੇ ਉਸ ਨੂੰ ਚੌਦਾਂ ਲੋਕਾਂ ਵਿਚ ਮਹਾਂ ਸੁੰਦਰੀ ਮੰਨਿਆ ਜਾਂਦਾ ਸੀ, ਜਿਹੜੀ ਸਖੀ ਸਹੇਲੀ ਵੀ ਉਸ ਨੂੰ ਅੱਖ ਨਾਲ ਵੇਖਦੀ ਉਹ ਉਸ ਨੂੰ ਪਰੀ ਪਦਮਨੀ ਪ੍ਰਕਾਰ ਦੀ ਇਸਤਰੀ ਮੰਨਦੀ ਸੀ॥੨॥

**********************************************************************

ਚੌਪਈ।। ਹਾਟਕ ਪੁਰ ਤਿਨ ਕੋ ਦਿਸਿ ਦੱਛਿਨ।। ਰਾਜ ਕਰਤ ਤੇ ਤਹਾਂ ਬਿਚੱਛਨ।।
ਤਿਹ ਪੁਰ ਏਕ ਸ਼ਾਹ ਕੌ ਪੁੱਤ੍ਰ।। ਜਨੁ ਕਰਿ ਬਿਧਨਾ ਠਟਾ ਚਰਿੱਤ੍ਰ।। ੩।।

ਪਦ ਅਰਥ - ਬਿਚੱਛਨ=ਵਿਲੱਖਣ, ਸੁੰਦਰ। ਦਿਸਿ=ਦਿਸ਼ਾ।

ਹਾਟਕਪੁਰ ਨਾਮੀਂ ਨਗਰ ਦਖਣ ਵਾਲੇ ਪਾਸੇ ਸੀ ਜਿਥੇ ਉਹ ਸੁੰਦਰ ਰਾਜਾ ਰਾਜ ਕਰਦਾ ਸੀ। ਉਸੇ ਨਗਰ ਵਿਚ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ ਜਿਸ ਨੂੰ ਕਿ ਮਾਨੋਂ ਵਿਧਾਤਾ ਨੇ ਇਕ ਚਲਿੱਤਰ ਹੀ ਬਣਾਇਆ ਸੀ।।੩।।

ਬਯਾਘ੍ਰ ਕੇਤ ਤਿਹ ਨਾਮ ਕਹਿੱਜੈ।। ਛਤ੍ਰ ਜਾਤਿ ਰਘੁਬੰਸ ਭਨਿੱਜੈ।।
ਪ੍ਰਗਟ ਜਾਨੁ ਅਵਤਾਰ ਅਨੰਗਾ।। ਐਸੋ ਸ਼ਾਹ ਪੁੱਤ੍ਰ ਕੋ ਅੰਗਾ।। ੪ ।।

ਉਸ ਦਾ ਨਾਂ ਬਿਆਘਰ ਕੇਤ ਸੀ ਅਤੇ ਉਹ ਰਘਵੰਸ਼ੀ ਖੱਤਰੀ ਸੀ। ਉਸ ਸ਼ਾਹ ਦੇ ਪੁੱਤਰ ਦੇ ਅੰਗ ਏਨੇ ਸੁੰਦਰ ਸਨ ਕਿ ਮਾਨੋਂ ਉਹ ਕਾਮਦੇਵ ਦਾ ਅਵਤਾਰ ਹੋਵੇ।।੪।।

ਲਾਗੀ ਲਗਨ ਤਵਨ ਪਰ ਬਾਲਾ।। ਸਖੀ ਪਠੀ ਇਕ ਤਹਾਂ ਰਿਸਾਲਾ।।
ਸੋ ਚਲਿ ਗਈ ਕੁਅਰ ਕੇ ਧਾਮਾ।। ਜਿਮਿ ਤਿਮਿ ਤਾਹਿ ਪ੍ਰਬੋਧਯੋ ਬਾਮਾ।। ੫।।

ਪਦ ਅਰਥ - ਬਾਲਾ=ਇਸਤਰੀ। ਧਾਮਾ=ਘਰ। ਪ੍ਰਬੋਯਜੋਂ=ਸਮਝਾਇਆ।

ਉਸ ਲੜਕੀ ਦੀ ਲਗਨ ਉਹਦੇ ਨਾਲ ਲੱਗ ਗਈ ਅਤੇ ਉਸ ਇਕ ਸੁੰਦਰ ਸਖੀ ਨੂੰ ਉਸ ਦੇ ਪਾਸ ਭੇਜਿਆ। ਉਹ ਸ਼ਾਹ ਦੇ ਪੁੱਤਰ ਦੇ ਘਰ ਤਕ ਗਈ ਅਤੇ ਜਿਵੇਂ ਕਿਵੇਂ ਉਸ ਨੂੰ ਸਮਝਾਇਆ।।੫।।

ਜਾਤ ਭਈ ਤਾਕਹ ਲੈ ਤਹਾਂ।। ਮਾਰਗ ਕੁਅਰਿ ਬਿਲੋਕਤ ਜਹਾਂ।।
ਨਿਰਖਤ ਨੈਨ ਗਰੇ ਲਪਟਾਈ।। ਸੇਜਾਸਨ ਪਰ ਲਿਯੋ ਚੜ੍ਹਾਈ।। ੬।।

ਉਹ ਉਸ ਨੂੰ ਮਨਾ ਕੇ ਉਥੇ ਲੈ ਆਈ ਜਿਥੇ ਕਿ ਰਾਜ ਕੁਮਾਰੀ ਉਨ੍ਹਾਂ ਦਾ ਰਾਹ ਵੇਖ ਰਹੀ ਸੀ। ਉਸ ਉਸ ਨੂੰ ਵੇਖਦਿਆਂ ਹੀ ਆਪਣੇ ਗਲ ਨਾਲ ਲਾ ਲਿਆ ਅਤੇ ਆਪਣੀ ਸੇਜ ਉਤੇ ਚੜ੍ਹਾ ਲਿਆ।।੬।।

ਬਹੁ ਬਿਧਿ ਕਰੀ ਤਵਨ ਸੌ ਕ੍ਰੀੜਾ।। ਕਾਮਨਿ ਕਾਮ ਨਿਵਾਰੀ ਪੀੜਾ।।
ਨਿਸੁ ਦਿਨ ਧਾਮ ਬਾਮ ਤਿਹ ਰਾਖਾ।। ਮਾਤ ਪਿਤਾ ਤਨ ਭੇਦ ਨ ਭਾਖਾ।। ੭।।

ਉਨ੍ਹਾਂ ਅਨੇਕਾਂ ਪ੍ਰਕਾਰ ਨਾਲ ਪ੍ਰੇਮ ਕ੍ਰੀੜਾ ਕੀਤੀ ਅਤੇ ਉਸ ਕਾਮਨੀ ਨੇ ਅਪਣੀ ਕਾਮ ਕ੍ਰੀੜਾ ਦੇ ਦੁਖ ਦਾ ਨਿਵਾਰਣ ਕੀਤਾ। ਉਸ ਇਸਤਰੀ ਨੇ ਰਾਤ ਦਿਨ ਉਸ ਨੂੰ ਉਥੇ ਹੀ ਰਖਿਆ ਅਤੇ ਮਾਤਾ ਪਿਤਾ ਨੂੰ ਕੋਈ ਭੇਤ ਨ ਦੱਸਿਆ।।੭।।

Namdhari Elibrary NamdhariElibrary@gmail.com

**ਤਬ ਲੌ ਬਜਾਹਿ ਦਯੋ ਤਿਹ ਤਾਤੈਂ।। ਭੂਲਿ ਗਈ ਵਾਕੌ ਵੈ ਬਾਤੈਂ।।**
**ਨਿਜੁ ਪਜਾਰੇ ਬਿਨ ਰਹਜੋ ਨ ਗਯੋ।। ਘਾਲਿ ਸੰਦੂਕਹਿ ਸਾਥ ਚਲਯੋ।। ੮।।**

ਕੁਝ ਸਮੇਂ ਬਾਅਦ ਪਿਤਾ ਨੇ ਉਸ ਦਾ ਵਿਆਹ ਕਰ ਦਿੱਤਾ ਅਤੇ ਉਸ ਨੂੰ ਸਾਰੀਆਂ ਗੱਲਾਂ ਭੁਲ ਗਈਆਂ। ਉਹ ਆਪਣੇ ਪ੍ਰੀਤਮ ਤੋਂ ਬਗੈਰ ਰਹਿ ਨਹੀਂ ਸਕਦੀ ਸੀ, ਇਸ ਲਈ ਸੰਦੂਕ ਵਿਚ ਪਾ ਕੇ ਉਸ ਨੂੰ ਨਾਲ ਲੈ ਗਈ।।੮।।

**ਨਿਸੁ ਦਿਨ ਤਾਸੌ ਭੋਗ ਕਮਾਵੈ।। ਸੋਭਤ ਰਹੈ ਨ ਭੂਪਤਿ ਪਾਵੈ।।**
**ਏਕ ਦਿਵਸ ਜਬਹੀ ਨ੍ਰਿਪ ਜਾਗਾ।। ਰਨਿਯਹਿ ਛੋਰਿ ਜਾਰ ਉਠਿ ਭਾਗਾ।। ੯।।**

ਰਾਤ ਦਿਨ ਉਸ ਨਾਲ ਕਾਮ ਕ੍ਰੀੜਾ ਕਰਦੀ ਸੀ ਅਤੇ ਰਾਜੇ ਨੂੰ ਕੁਝ ਪਤਾ ਵੀ ਨਹੀਂ ਲੱਗਦਾ ਸੀ। ਇਕ ਰਾਤ ਜਦ ਰਾਜਾ ਜਾਗ ਪਿਆ ਤਾਂ ਯਾਰ ਰਾਣੀ ਨੂੰ ਛੱਡ ਕੇ ਭੱਜ ਗਿਆ।।੯।।

**ਤ੍ਰਿਯ ਸੌ ਬਚਨ ਕੋਪ ਕਰਿ ਭਾਖਜੋ।। ਤੈਂ ਲੈ ਹਾਰ ਧਾਮ ਕਿਮਿ ਰਾਖਜੋ।।**
**ਕੈ ਅਬ ਹੀ ਮੁਹਿ ਬਾਤ ਬਤਾਵੈਂ।। ਕੈ ਪ੍ਰਾਨਨ ਕੀ ਆਸ ਚੁਕਾਵੈਂ।। ੧੦।।**

ਰਾਜਾ ਕ੍ਰੋਧ ਵਿਚ ਆ ਕੇ ਉਸ ਨੂੰ ਪੁਛਣ ਲੱਗਾ ਕਿ ਇਹ ਘਰ ਵਿਚ ਤੂੰ ਕਿਸ ਨੂੰ ਰਖਿਆ ਹੈ ? ਜਾਂ ਤਾਂ ਹੁਣ ਮੈਨੂੰ ਸੱਚੋ ਸੱਚ ਦੱਸ ਦੇ ਨਹੀਂ ਤਾਂ ਆਪਣੇ ਪ੍ਰਾਣਾਂ ਦਾ ਮੋਹ ਤਿਆਗ ਦੇ।।੧੦।।

**ਬਾਤ ਸੱਤਜ ਜਾਨੀ ਜਿਯ ਰਾਨੀ।। ਮੁਝੈ ਨ ਨ੍ਰਿਪ ਛਾਡਤ ਅਭਿਮਾਨੀ।।**
**ਭਾਂਗ ਘੋਟਨਾ ਹਾਥ ਸੰਭਾਰਾ।। ਫੋਰਿ ਨਰਾਧਿਪ ਕੇ ਸਿਰ ਡਾਰਾ।। ੧੧।।**

*ਪਦ ਅਰਥ* – ਅਭਿਮਾਨੀ=ਹੰਕਾਰੀ। ਭਾਂਗ ਘੋਟਨਾ=ਭੰਗ ਘੋਟਣ ਵਾਲਾ ਡੰਡਾ। ਨਰਾਧਿਪ=ਰਾਜਾ ਫੋਰਿ=ਪਾੜ ਦਿੱਤਾ।

ਰਾਣੀ ਨੇ ਸੱਚ ਮੰਨ ਲਿਆ ਕਿ ਇਹ ਅਭਿਮਾਨੀ ਰਾਜਾ ਹੁਣ ਉਸ ਨੂੰ ਨਹੀਂ ਛੱਡੇਗਾ, ਉਸ ਭੰਗ ਰਗੜਨ ਵਾਲਾ ਡੰਡਾ ਆਪਣੇ ਹੱਥ ਵਿਚ ਫੜਿਆ ਅਤੇ ਰਾਜੇ ਦੇ ਸਿਰ ਵਿਚ ਮਾਰ ਕੇ ਉਸ ਦਾ ਸਿਰ ਪਾੜ ਦਿੱਤਾ।।੧੧।।

**ਬਹੁਰਿ ਸਭਨ ਇਹ ਭਾਂਤਿ ਸੁਨਾਈ।। ਪ੍ਰਜਾ ਲੋਗ ਜਬ ਲਏ ਬੁਲਾਈ।।**
**ਮਦ ਕਰਿ ਭੂਪ ਭਯੋ ਮਤਵਾਰਾ।। ਪਹਿਲ ਪੁੱਤ੍ਰ ਕੋ ਨਾਮ ਉਚਾਰਾ।। ੧੨।।**

ਫਿਰ ਨੌਕਰ ਅਤੇ ਲੋਕਾਂ ਨੂੰ ਬੁਲਾਕੇ ਕਹਿ ਦਿੱਤਾ ਕਿ ਰਾਜਾ ਸ਼ਰਾਬ ਪੀ ਕੇ ਬਹੁਤ ਮਤਵਾਲਾ ਹੋ ਗਿਆ ਸੀ ਅਤੇ ਆਪਣੇ ਮਰੇ ਹੋਏ ਪੁੱਤ ਦਾ ਨਾਂ ਲੈਣ ਲੱਗਾ।।੧੨।।

**ਮ੍ਰਿਤਕ ਪੁੱਤ੍ਰ ਕੋ ਨਾਮਹਿ ਲਯੋ।। ਤਾਤੇ ਅਧਿਕ ਦੁਖਾਤੁਰ ਭਯੋ।।**

ਸ਼ੋਕ ਤਾਪ ਕੋ ਅਧਿਕ ਬਿਚਾਰਾ।।ਮੂੰਡ ਫੋਰਿ ਭੀਤਨ ਸੌ ਡਾਰਾ।।੧੩।।

ਮਰੇ ਹੋਏ ਪੁੱਤ ਦਾ ਨਾਂ ਲੈ ਲੈ ਕੇ ਉਹ ਬਹੁਤ ਦੁਖੀ ਹੋਇਆ ਅਤੇ ਏਸੇ ਦੁਖ ਵਿਚ ਕੰਧਾਂ ਨਾਲ ਮਾਰ ਮਾਰ ਆਪਣਾ ਸਿਰ ਪਾੜ ਲਿਆ।।੧੩।।

ਦੋਹਰਾ।। ਇਹ ਛਲ ਨਿਜੁ ਨਾਯਕ ਹਨਾ ਲੀਨਾ ਮਿੱਤ੍ਰ ਬਚਾਇ।।
ਬਹੁਰਿ ਭੋਗ ਤਾਸੌ ਕਰੋ ਕੋ ਨ ਸਕਾ ਛਲ ਪਾਇ।। ੧੪।। ੧।।

ਪਦ ਅਰਥ - ਨਿਜੁ ਨਾਯਕ ਹਨਾ=ਆਪਣੇ ਪਤੀ ਨੂੰ ਮਾਰਿਆ। ਮਿੱਤ੍ਰ ਬਚਾਇ=ਮਿੱਤਰ ਬਚਾਅ ਲਿਆ।

ਇਸ ਚਲਿੱਤਰ ਨਾਲ ਉਸ ਆਪਣੇ ਪਤੀ ਨੂੰ ਮਾਰ ਦਿੱਤਾ ਅਤੇ ਆਪਣੇ ਯਾਰ ਨੂੰ ਬਚਾ ਲਿਆ। ਉਸ ਦੁਬਾਰਾ ਉਸ ਨਾਲ ਰਮਣ ਕੀਤਾ ਅਤੇ ਕੋਈ ਵੀ ਇਸ ਭੇਤ ਨੂੰ ਨ ਸਮਝ ਸਕਿਆ।।੧੪।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਾਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ।।੩੭੯।।੬੯੪੯।। ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਉਣਾਸੀਵੀਂ ਕਥਾ ਸਮਾਪਤ।।੩੭੯।।੬੯੪੯।।ਚਲਦਾ।।

## ਚਲਿੱਤਰ ਤਿੰਨ ਸੌ ਅੱਸੀਵਾਂ

## ਕਥਾ ਚਰਿੱਤਰ ਮਤੀ

ਚੌਪਈ।। ਏਕ ਚਰਿੱਤ੍ਰ ਸੈਨ ਰਾਜਾ ਬਰ।। ਨਾਰਿ ਚਰਿੱਤ੍ਰ ਮਤੀ ਤਾਕੇ ਘਰ।।
ਵਤੀ ਚਰਿੱਤ੍ਰਾ ਤਾਕੀ ਨਗਰੀ।। ਤਿਹੂੰ ਭਵਨ ਕੇ ਬੀਚ ਉਜਗਰੀ।। ੧।।

ਚਰਿੱਤਰ ਸੈਨ ਇਕ ਵੱਡਾ ਰਾਜਾ ਸੀ, ਉਸ ਦੀ ਇਸਤਰੀ ਦਾ ਨਾਂ ਚਰਿੱਤਰ ਮਤੀ ਸੀ, ਚਰਿੱਤਰਾਵਤੀ ਉਨ੍ਹਾਂ ਦਾ ਸ਼ਹਿਰ ਸੀ ਜਿਹੜਾ ਤਿੰਨਾਂ ਲੋਕਾਂ ਵਿਚ ਪ੍ਰਸਿੱਧ ਸੀ।।੧।।

ਗੋਪੀ ਰਾਇ ਸ਼ਾਹ ਸੁਤ ਇਕ ਤਹ।। ਜਿਹ ਸਮ ਸੁੰਦਰਿ ਦੁਤਿਯ ਨ ਜਗ ਮਹ।।
ਤਿਹ ਚਰਿੱਤ੍ਰ ਦੇ ਨੈਨ ਨਿਹਾਰਯੋ।। ਅੰਗ ਅੰਗ ਤਿਹ ਮਦਨ ਪ੍ਰਜਾਰਯੋ।। ੨।।

ਗੋਪੀ ਰਾਏ ਇਕ ਸ਼ਾਹ ਦਾ ਪੁੱਤਰ ਸੀ, ਜਿਸ ਵਰਗਾ ਹੋਰ ਕੋਈ ਖ਼ੂਬਸੂਰਤ ਨਹੀਂ ਸੀ। ਚਰਿੱਤਰ ਦੇਵੀ ਨੇ ਜਦ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਤਾਂ ਉਸ ਦਾ ਅੰਗ ਅੰਗ ਕਾਮ ਦਾ ਸ਼ਿਕਾਰ ਹੋ ਗਿਆ।।੨।।

ਜਿਹ ਤਿਹ ਬਿਧਿ ਤਿਹ ਲਯੋ ਬੁਲਾਇ।। ਉਠਤ ਲਯੋ ਛਤਿਯਾ ਸੌ ਲਾਇ।।

**ਕਾਮ ਕੇਲ ਕੀਨੋ ਰੁਚਿ ਠਾਨੀ।। ਕੇਲ ਕਰਤ ਸਭ ਰੈਨਿ ਬਿਹਾਨੀ।। ੩।।**

ਉਸ ਨੂੰ ਕਿਸੇ ਤਰ੍ਹਾਂ ਬੁਲਾ ਲਿਆ ਅਤੇ ਉੱਠ ਕੇ ਉਸ ਨੂੰ ਛਾਤੀ ਨਾਲ ਲਾ ਲਿਆ। ਉਸ ਨਾਲ ਰੁਚੀ ਪੂਰਬਕ ਕਾਮ ਕ੍ਰੀੜਾ ਕੀਤੀ ਅਤੇ ਸਾਰੀ ਰਾਤ ਏਸੇ ਕੰਮ ਵਿਚ ਲੰਘਾ ਦਿੱਤੀ।।੩।।

**ਪੋਸਤ ਭਾਂਗ ਅਫੀਮ ਮੰਗਾਈ।। ਏਕ ਸੇਜ ਚੜ੍ਹਿ ਦੂਹੂੰ ਚੜ੍ਹਾਈ।।**
**ਭਾਂਤਿ ਅਨਿਕ ਤਨ ਕਿਯੇ ਬਿਲਾਸਾ।। ਮਾਤ ਪਿਤਾ ਕੋ ਮਨ ਨ ਤ੍ਰਾਸਾ।। ੪।।**

ਪੋਸਤ, ਭੰਗ ਅਤੇ ਅਫੀਮ ਮੰਗਵਾ ਕੇ, ਇਕੋ ਸੇਜ ਉਤੇ ਬੈਠ ਕੇ ਉਨ੍ਹਾਂ ਦਾ ਸੇਵਨ ਕੀਤਾ। ਮਨ ਵਿਚੋਂ ਮਾਤਾ ਪਿਤਾ ਦਾ ਡਰ ਕੱਢ ਕੇ ਉਨ੍ਹਾਂ ਨੇ ਨਿਧੜਕ ਹੋ ਕੇ ਅਨੇਕ ਪ੍ਰਕਾਰ ਨਾਲ ਭੋਗ ਬਿਲਾਸ ਕੀਤਾ।।੪।।

**ਤਬ ਲਗਿ ਆਇ ਗਯੋ ਤਾਕੌ ਪਤਿ।। ਡਾਰਿ ਦਯੋ ਸੇਜਾ ਤਰ ਉਪਪਤਿ।।**
**ਦੁਪਟਾ ਡਾਰਿ ਦਯੋ ਤਿਹ ਮੁਖਪਰ।। ਜਾਨਜੋ ਜਾਇ ਨ ਤਾਂਤੇ ਤ੍ਰਿਯਨਰ।। ੫।।**

ਪਦ ਅਰਥ – ਉਪਪਤਿ=ਦੂਸਰਾ ਪਤੀ, ਯਾਰ। ਦੁਪਟਾ ਡਾਰ=ਕੱਪੜਾ ਪਾ ਦਿੱਤਾ। ਤ੍ਰਿਯਨਰ=ਇਸਤਰੀ ਜਾਂ ਆਦਮੀ।

ਤਦ ਤਕ ਉਸ ਦਾ ਪਤੀ ਆ ਗਿਆ ਅਤੇ ਉਸ ਮਿੱਤਰ ਨੂੰ ਪਲੰਘ ਉਤੇ ਲਿਟਾ ਦਿੱਤਾ ਅਤੇ ਉਸ ਦੇ ਮੂੰਹ ਉਤੇ ਲੀੜਾ ਦੇ ਦਿੱਤਾ ਜਿਸ ਤੋਂ ਇਹ ਪਤਾ ਨਹੀਂ ਲਗਦਾ ਸੀ ਕਿ ਉਹ ਪੁਰਸ਼ ਸੀ ਜਾਂ ਇਸਤਰੀ।।੫।।

**ਸੋਵਤ ਕਵਨ ਸੇਜ ਪਰ ਤੋਰੀ।। ਭਾਖੀ ਨਾਥ ਮਾਤ ਹੈ ਮੋਰੀ।।**
**ਹਮ ਪਹਿ ਤੇ ਨਹਿ ਜਾਤ ਜਗਾਈ।। ਤੁਮੈਂ ਕਹਤ ਹੌ ਬਾਂਧਿ ਢਿਠਾਈ।। ੬।।**

ਜਦ ਰਾਜੇ ਨੇ ਆ ਕੇ ਪੁਛਿਆ ਕਿ ਤੇਰੀ ਸੇਜ ਉਤੇ ਕੌਣ ਸੌਂ ਰਿਹਾ ਹੈ ਤਾਂ ਉਸ ਉੱਤਰ ਦਿੱਤਾ ਕਿ ਇਹ ਮੇਰੀ ਮਾਂ ਹੈ। ਤੁਹਾਨੂੰ ਮੈਂ ਇਹ ਢੀਠਤਾਈ ਨਾਲ ਕਹਿ ਰਹੀ ਹਾਂ ਕਿ ਮੈਥੋਂ ਇਸ ਨੂੰ ਨਹੀਂ ਜਗਾਇਆ ਜਾ ਸਕੇਗਾ।।੬।।

**ਦ੍ਵੈਕ ਘਰੀ ਤੁਮ ਅਨਤ ਸਿਧਾਵਹੁ।। ਇਹ ਉਠਿ ਗਏ ਬਹੁਰਿ ਹਜਾਂ ਆਵਹੁ।।**
**ਜਬ ਜਾਗੈ ਤੇ ਅਧਿਕ ਰਿਸੈਹੈ।। ਤਹ ਤੁਮ ਲਖਿ ਇਕੱਤ੍ਰ ਚੁਪ ਹ੍ਵੈਹੈ।। ੭।।**

ਤੁਸੀਂ ਦੋ ਇਕ ਘੜੀ ਲਈ ਦੂਸਰੀ ਥਾਂ ਚਲੇ ਜਾਵੋ ਅਤੇ ਜਦ ਇਹ ਜਾਗ ਜਾਵੇ ਤਾਂ ਏਥੇ ਆ ਜਾਣਾ। ਜਦ ਇਹ ਜਾਗੇਗੀ ਤਾਂ ਬਹੁਤ ਗੁਸੇ ਵਿਚ ਹੋਵੇਗੀ, ਇਸ ਲਈ ਇਕ ਦੋ ਘੜੀਆਂ ਲਈ ਸਾਨੂੰ ਚੁਪ ਹੀ ਧਾਰ ਲੈਣੀ ਚਾਹੀਦੀ ਹੈ।।੭।।

ਤਿਨਿ ਇਹ ਬਾਤ ਸੱਤਜ ਕਰਿ ਮਾਨੀ।। ਜਾਤ ਭਯੋ ਉਠਿ ਕ੍ਰਿਯਾ ਨ ਜਾਨੀ।।
ਜਬ ਉਠਿ ਮਾਤ ਗਈ ਲਖਿ ਲੈਯਹੁ।। ਤਬ ਹਮ ਕੌ ਤੁਮ ਬਹੁਰਿ ਬੁਲੈਯਹੁ।।੮।।

ਉਸ ਇਸ ਗੱਲ ਨੂੰ ਸੱਚ ਮੰਨ ਲਿਆ ਅਤੇ ਗੱਲ ਨੂੰ ਸਮਝੇ ਬਗੈਰ ਚਲਿਆ ਗਿਆ। ਉਹ ਕਹਿਣ ਲੱਗਾ ਜਦ ਮਾਂ ਉਠ ਜਾਵੇ ਤਾਂ ਵੇਖ ਲਵੀਂ ਅਤੇ ਫਿਰ ਮੈਨੂੰ ਬੁਲਾ ਲਵੀਂ।।੮।।

ਇਮਿ ਕਹਿ ਬਾਤ ਜਾਤ ਜੜ੍ਹ ਭਯੋ।। ਤਾਂਹਿ ਚੜਾਇ ਖਾਟ ਪਰ ਲਯੋ।।
ਭਾਂਤਿ ਅਨਿਕ ਤਨ ਕਰੈ ਬਿਲਾਸਾ।। ਆਵਤ ਭਯੋ ਤਿਹ ਪਿਤਾ ਨਿਵਾਸਾ।। ੯।।

ਇਹ ਕਹਿ ਕੇ ਉਹ ਮੂਰਖ ਚਲਾ ਗਿਆ ਅਤੇ ਉਸ ਫਿਰ ਆਪਣੇ ਯਾਰ ਨਾਲ ਅਨੇਕਾਂ ਪ੍ਰਕਾਰ ਨਾਲ ਭੋਗ ਬਿਲਾਸ ਕੀਤਾ ਅਤੇ ਏਸੇ ਸਮੇਂ ਦੌਰਾਨ ਉਸ ਦਾ ਪਿਤਾ ਵੀ ਉਥੇ ਆ ਗਿਆ।।੯।।

ਤਿਸੀ ਭਾਂਤਿ ਤਨ ਤਾਹਿ ਸੁਵਾਯੋ।। ਤਾਤ ਭਏ ਇਹ ਭਾਂਤਿ ਜਤਾਯੋ।।
ਸੁਨਹੁ ਪਿਤਾ ਇਹ ਨਾਰਿ ਤਿਹਾਰੀ।। ਤੁਮ ਸੇ ਛਪੀ ਲਾਜ ਕੀ ਮਾਰੀ।। ੧੦।।

ਉਸ ਆਪਣੇ ਪ੍ਰੇਮੀ ਨੂੰ ਫਿਰ ਸੁਆ ਦਿੱਤਾ ਅਤੇ ਆਪਣੇ ਪਿਤਾ ਨੂੰ ਕਿਹਾ ਕਿ ਤੁਹਾਡੀ ਪਤਨੀ ਤੁਹਾਥੋਂ ਸ਼ਰਮ ਦੀ ਮਾਰੀ ਏਥੇ ਲੁਕੀ ਹੋਈ ਹੈ।।੧੦।।

ਸੁਨਤ ਬਚਨ ਨ੍ਰਿਪ ਧਾਮ ਸਿਧਾਨਾ।। ਭੇਦ ਅਭੇਦ ਕਛੂ ਨ ਪਛਾਨਾ।।
ਤਾਕੌ ਕਾਢਿ ਸੇਜ ਪਰ ਲੀਨਾ।। ਤਾਕੀ ਮਾਤ ਗਵਨ ਤਹ ਕੀਨਾ।। ੧੧।।

ਰਾਜਾ ਇਹ ਸੁਣ ਕੇ ਆਪਣੇ ਘਰ ਚਲਾ ਗਿਆ ਅਤੇ ਭੇਤ-ਅਭੇਤ ਕੁਝ ਵੀ ਨ ਜਾਣ ਸਕਿਆ। ਉਹ ਫਿਰ ਸੇਜ ਤੇ ਚੜ੍ਹ ਕੇ ਉਸ ਨਾਲ ਲੰਮੀ ਪੈ ਗਈ ਅਤੇ ਉਸ ਸਮੇਂ ਦੌਰਾਨ ਉਸ ਦੀ ਮਾਂ ਆ ਗਈ।।੧੧।।

ਵੈਸਹਿ ਤਾਕਹ ਦਿਯਾ ਸੁਵਾਇ।। ਕਹੀ ਮਾਤ ਸੈ ਬਾਤ ਬਨਾਇ।।
ਸੁਨਹੁ ਮਾਤ ਜਾਮਾਤ ਤਿਹਾਰੋ।। ਮੋਕੋ ਅਧਿਕ ਪ੍ਰਾਨ ਤੇ ਪਯਾਰੋ।। ੧੨।।

ਪਦ ਅਰਥ - ਬਾਤ ਬਨਾਇ=ਗੱਲ ਬਣਾਕੇ। ਜਾਮਾਤ=ਜਵਾਈ।

ਉਸ ਨੇ ਫਿਰ ਆਪਣੇ ਮਿੱਤਰ ਨੂੰ ਉਸੇ ਤਰ੍ਹਾਂ ਸੁਆ ਦਿੱਤਾ ਅਤੇ ਮਾਂ ਨੂੰ ਗੱਲ ਬਣਾ ਕੇ ਕਹਿਣ ਲੱਗੀ ਕਿ ਤੁਹਾਡੇ ਦਾਮਾਦ ਸੁਤੇ ਪਏ ਹਨ ਜਿਹੜੇ ਕਿ ਮੈਨੂੰ ਪ੍ਰਾਣਾਂ ਤੋਂ ਵੀ ਪਿਆਰੇ ਹਨ।।੧੨।।

ਯਾਕੋ ਨੈਨ ਨੀਦ ਦੁਖ ਦਿਯੋ।। ਤਾਤੇ ਸੈਨ ਸ੍ਰਮਿਤ ਹ੍ਵੈ ਕਿਯੋ।।
ਮੈ ਯਾਕੋ ਨਹਿ ਸਕਤ ਜਗਾਈ।। ਅਬ ਹੀ ਸੋਇ ਗਯੋ ਸੁਖਦਾਈ।। ੧੩।।

Namdhari Elibrary NamdhariElibrary@gmail.com

ਪਦ ਅਰਥ - ਨੀਦ ਦੁਖ ਦਿਯੋ=ਨੀਂਦ ਸਤਾਉਂਦੀ ਸੀ। ਸ੍ਰਮਿਤ=ਥੱਕ ਗਿਆ।

ਉਨ੍ਹਾਂ ਦੀਆਂ ਅੱਖਾਂ ਨੀਂਦ ਨਾਲ ਦੁਖ ਰਹੀਆਂ ਸਨ ਜਿਸ ਕਰ ਕੇ ਉਹ ਥੱਕ ਕੇ ਸੌਂ ਗਏ ਹਨ। ਮੈਂ ਇਨ੍ਹਾਂ ਨੂੰ ਜਗਾ ਨਹੀਂ ਸਕਦੀ ਕਿਉਂਕਿ ਇਹ ਹੁਣੇ ਹੀ ਆਰਾਮ ਨਾਲ ਸੁੱਤੇ ਹਨ॥੧੩॥

**ਸੁਨਿ ਬਚ ਮਾਤ ਜਾਤ ਭੀ ਉਠ ਘਰ॥ ਲਯੋ ਸੇਜ ਪਰ ਤ੍ਰਿਯ ਪਿਯ ਭੁਜ ਭਰ॥**
**ਭਾਂਤਿ ਭਾਂਤਿ ਤਨ ਭੋਗ ਕਮਾਏ॥ ਬਹੁਰਿ ਧਾਮ ਕੌ ਤਾਹਿ ਪਠਾਏ॥ ੧੪॥**

ਮਾਂ ਵੀ ਇਹ ਗੱਲ ਸੁਣ ਕੇ ਆਪਣੇ ਨਿਵਾਸ ਤੇ ਚਲੇ ਗਈ ਅਤੇ ਉਸ ਇਸਤਰੀ ਨੇ ਫਿਰ ਆਪਣੇ ਪ੍ਰੇਮੀ ਨੂੰ ਬਾਹਾਂ ਤੋਂ ਫੜ ਕੇ ਆਪਣੇ ਕਲਾਵੇ ਵਿਚ ਲੈ ਲਿਆ। ਉਸ ਨਾਲ ਕਈ ਢੰਗਾਂ ਨਾਲ ਰਮਣ ਕਰਕੇ ਉਸ ਨੂੰ ਫਿਰ ਉਸ ਦੇ ਘਰ ਵਾਪਸ ਭੇਜ ਦਿੱਤਾ॥੧੪॥

**ਦੋਹਰਾ॥ ਇਹ ਚਰਿੱਤ੍ਰ ਤਿਹ ਚੰਚਲਾ ਪਿਯਹਿ ਦਯੋ ਪਹੁਚਾਇ॥**
**ਭੇਦ ਅਭੇਦ ਤ੍ਰਿਯਾਨ ਕੇ ਸਕਯੋ ਨ ਕੋਈ ਪਾਇ॥ ੧੫॥ ੧॥**

ਇਸ ਚਲਿੱਤਰ ਨਾਲ ਉਸ ਇਸਤਰੀ ਨੇ ਆਪਣੇ ਪ੍ਰੇਮੀ ਨੂੰ ਘਰ ਭੇਜ ਦਿੱਤਾ। ਇਨ੍ਹਾਂ ਇਸਤਰੀਆਂ ਦੇ ਚਲਿੱਤਰਾਂ ਨੂੰ ਕੋਈ ਨਹੀਂ ਜਾਣ ਸਕਦਾ॥੧੫॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅੱਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੮੦॥੬੮੬੪॥ ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਅੱਸੀਵੀਂ ਕਥਾ ਸਮਾਪਤ॥੩੮੦॥੬੮੬੪॥ਚਲਦਾ॥

## ਚਲਿੱਤਰ ਤਿੰਨ ਸੌ ਇਕਾਸੀਵਾਂ

## ਕਥਾ ਖਾਦਮਾ ਬਾਨੋ

**ਚੌਪਈ॥ ਸੁਨਹੁ ਰਾਮ ਇਕ ਕਥਾ ਸ੍ਰਵਨ ਧਰਿ॥ ਜਿਹ ਬਿਧ ਕਿਯਾ ਚਰਿੱਤ੍ਰ ਤ੍ਰਿਯਾ ਬਰ॥**
**ਪੀਰ ਏਕ ਮੁਲਤਾਨ ਭਨਿੱਜੈ॥ ਰੂਪਵੰਤ ਤਿਹ ਅਧਿਕ ਕਹਿੱਜੈ॥੧॥**

ਹੇ ਰਾਜਨ ! ਇਕ ਕਥਾ ਕੰਨ ਲਾ ਕੇ ਸੁਣੋ ਕਿ ਕਿਵੇਂ ਇਕ ਸੁੰਦਰ ਇਸਤਰੀ ਨੇ ਚਲਿੱਤਰ ਖੇਡਿਆ। ਮੁਲਤਾਨ ਸ਼ਹਿਰ ਵਿਚ ਇਕ ਪੀਰ ਰਹਿੰਦਾ ਸੀ ਜਿਸ ਨੂੰ ਬਹੁਤ ਸੁੰਦਰ ਮੰਨਿਆ ਜਾਂਦਾ ਸੀ॥੧॥

**ਰੋਸ਼ਨ ਕਦਰ ਤਵਨ ਕੋ ਨਾਮਾ॥ ਥਕਿਤ ਰਹਿਤ ਜਿਹ ਨਿਰਖਤ ਬਾਮਾ॥**
**ਜੋ ਨਿਰਖਤਿ ਤਿਯ ਪਤਿਹਿ ਨਿਹਾਰੈ॥ ਤਾਕੌ ਐਂਚਿ ਜੂਤਯਨ ਮਾਰੈ॥ ੨॥**

ਪਦ ਅਰਥ - ਨਿਹਾਰੈ=ਵੇਖਦੀ ਸੀ। ਐਚਿ=ਖਿੱਚ ਕੇ। ਜੂਤਯਨ=ਜੁੱਤੀਆਂ।

ਉਸ ਦਾ ਨਾਂ ਰੌਸ਼ਨ ਕਦਰ ਸੀ ਅਤੇ ਇਤਰੀਆਂ ਉਸ ਨੂੰ ਵੇਖ ਵੇਖ ਥੱਕ ਜਾਂਦੀਆਂ ਸਨ। ਉਸ ਦੀ ਇਸਤਰੀ ਜਿਸ ਵੀ ਜ਼ਨਾਨੀ ਨੂੰ ਵੇਖਦੀ ਕਿ ਉਹ ਉਸ ਦੇ ਪਤੀ ਨੂੰ ਵੇਖ ਰਹੀ ਹੈ ਤਾਂ ਉਹ ਉਸ ਦੇ ਜੁੱਤੀਆਂ ਮਾਰਦੀ॥੨॥

**ਅੜਿੱਲ॥ ਏਕ ਨਾਰ ਤਿਹ ਪਤਿ ਕੋ ਰੂਪ ਨਿਹਾਰਿ ਬਰ॥**
**ਰਹੀ ਮੁਬਤਲਾ ਹ੍ਵੈ ਤਿਮਿ ਚਰਿਤ ਬਿਚਾਰਿ ਕਰਿ॥**
**ਇਹ ਨਿਰਖੇ ਬਿਨੁ ਚੈਨ ਨ ਮੋਕੌਂ ਪਲ ਪਰੈ॥**
**ਹੋਜੌਂ ਨਿਰਖਤ ਹੌਂ ਤਾਹਿ ਤੁ ਰਾਰਿਹ ਤ੍ਰਿਯ ਕਰੈ॥ ੩॥**

ਪਦ ਅਰਥ - ਮੁਬਤਲਾ=ਫਸ ਗਈ। ਰਾਰਿਹ=ਲੜਾਈ।

ਇਕ ਇਸਤਰੀਂ ਉਸ ਦੇ ਪਤੀ ਦੇ ਰੂਪ ਨੂੰ ਵੇਖ ਕੇ ਉਸ ਵਿਚ ਫਸ ਕੇ ਰਹਿ ਗਈ. ਉਹ ਸੋਚਣ ਲੱਗੀ ਕਿ ਕੋਈ ਚਲਿੱਤਰ ਕੀਤਾ ਜਾਵੇ ਕਿਉਂਕਿ ਪੀਰ ਨੂੰ ਵੇਖੇ ਬਗੈਰ ਚੈਨ ਨਹੀਂ ਸੀ ਆਉਂਦਾ ਅਤੇ ਜੇ ਉਹ ਵੇਖਦੀ ਸੀ ਤਾਂ ਉਸ ਦੀ ਇਸਤਰੀ ਨਾਲ ਝਗੜਾ ਹੁੰਦਾ ਸੀ॥੩॥

**ਚੌਪਈ॥ ਤਿਸੀ ਤ੍ਰਿਯਾ ਕੇ ਧਾਮ ਸਿਧਾਈ॥ ਬਹੁਤਕ ਭੇਟ ਅਸ਼ਰਫੀ ਲਜਾਈ॥**
**ਜੇਵਰ ਦੀਨੇ ਜਰੇ ਜਰਾਇਨ॥ ਜਿਨ ਕੋ ਸਕਤ ਅੰਤ ਕੋਈ ਪਾਇਨ॥ ੪॥**

ਉਹ ਉਸ ਇਸਤਰੀ ਦੇ ਘਰ ਗਈ ਅਤੇ ਬਹੁਤ ਸਾਰੀਆਂ ਅਸ਼ਰਫੀਆਂ ਭੇਟਾ ਵਸਤੇ ਨਾਲ ਲੈ ਗਈ ਅਤੇ ਉਸ ਨੂੰ ਬਹੁਤ ਸਾਰੇ ਜੜਾਊ ਜ਼ੇਵਰ ਦਿੱਤੇ ਜਿਨ੍ਹਾਂ ਦਾ ਅੰਤ ਪਾਉਣਾ ਮੁਸ਼ਕਲ ਹੈ॥੪॥

**ਸੁ ਸਭ ਦਈ ਤਿਹ ਸਾਥਿ ਕਹਾ ਇਮਿ॥ ਸਾਥ ਖਾਦਿਮਾ ਬਾਨੋ ਕੇ ਤਿਮਿ॥**
**ਏਕਹਿ ਆਸ ਹਜਾਂ ਮੈਂ ਆਈ॥ ਸੁ ਮੈਂ ਕਹਤ ਹੌ ਤੁਮੈਂ ਸੁਨਾਈ॥ ੫॥**

ਇਹ ਸਭ ਕੁਝ ਦੇ ਕੇ ਉਸ ਖਾਦਮਾ ਬਾਨੋ ਨਾਮੀਂ ਉਸ ਔਰਤ ਨੂੰ ਕਿਹਾ ਕਿ ਮੈਂ ਇਕ ਆਸ ਲੈ ਕੇ ਆਈ ਹਾਂ ਜਿਸ ਬਾਰੇ ਕਿ ਮੈਂ ਤੁਹਾਨੂੰ ਦੱਸਦੀ ਹਾਂ॥੫॥

**ਗ੍ਰਿਹਿ ਅਪਨੇ ਹੀ ਮਦਰੋ ਚੁਾਇ॥ ਖਾਨਾ ਅਨਿਕ ਭਾਂਤਿ ਕੇ ਲਜਾਇ॥**
**ਨਿਜੁ ਹਾਥਨ ਲੈ ਦੂਹੂੰ ਪਯਾਊਂ॥ ਭੇਟ ਚੜ੍ਹਾਇ ਘਰਹਿ ਉਠਿ ਜਾਊਂ॥ ੬॥**

ਮੈਂ ਆਪਣੇ ਘਰ ਦੀ ਕੱਢੀ ਸ਼ਰਾਬ ਅਤੇ ਅਨੇਕ ਪ੍ਰਕਾਰ ਦਾ ਖਾਣਾ ਬਣਾ ਕੇ ਲੈ ਆਵਾਂਗੀ ਅਤੇ ਤੁਹਾਨੂੰ ਦੋਹਾਂ ਨੂੰ ਆਪਣੇ ਹੱਥਾਂ ਨਾਲ ਖੁਆ ਕੇ ਆਪਣੇ ਘਰ ਚਲੀ ਜਾਵਾਂਗੀ॥੬॥

**ਸੋਈ ਮਦ ਲੈ ਤਹਾ ਸਿਧਾਈ॥ ਸਾਤ ਬਾਰ ਬਹੁ ਭਾਂਤ ਚੁਆਈ॥**

ਨਿਜੁ ਹਾਥਨ ਲੈ ਦੁਹੂੰ ਪਿਯਾਯੋ।। ਅਧਿਕ ਮੱਤ ਕਰਿ ਸੇਜ ਸੁਆਯੋ।। ੭।।

ਉਹ ਉਥੇ ਐਸੀ ਸ਼ਰਾਬ ਲੈ ਕੇ ਪਹੁੰਚੀ ਜਿਹੜੀ ਕਿ ਸੱਤ ਵਾਰ ਕੱਢੀ ਹੋਈ ਸੀ। ਉਸ ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਪਿਆਈ ਅਤੇ ਮਦਹੋਸ਼ ਕਰ ਕੇ ਉਨ੍ਹਾਂ ਨੂੰ ਸੇਜ ਉਤੇ ਸੁਆ ਦਿੱਤਾ।।੭।।

ਸੋਈ ਲਖੀ ਪੀਰ ਤ੍ਰਿਯ ਜਬਹੀ।। ਨੈਨ ਸੈਨ ਦੈ ਤਿਹ ਪ੍ਰਤਿ ਤਬਹੀ।।
ਤਾਕੇ ਧਰਿ ਛਤਿਯਾ ਪਰੁ ਚੂਤ੍ਰਨ।। ਕਾਮ ਭੋਗ ਕੀਨਾ ਤਿਹ ਪਤਿ ਤਨ।। ੮।।

ਪੀਰ ਨੇ ਤਦ ਆਪਣੀ ਇਸਤਰੀ ਨੂੰ ਸੁੱਤਾ ਹੋਇਆ ਵੇਖ ਲਿਆ ਤਾਂ ਉਸ ਦੂਸਰੀ ਇਸਤਰੀ ਨੂੰ ਅੱਖ ਨਾਲ ਇਸ਼ਾਰਾ ਕੀਤਾ। ਉਸ ਦੀ ਛਾਤੀ ਤੇ ਬਹਿ ਕੇ ਉਸ ਉਸ ਦੇ ਪਤੀ ਨਾਲ ਕਾਮ ਕ੍ਰੀੜਾ ਕੀਤੀ।।੮।।

ਸੋਵਤ ਰਹੀ ਚੜੇ ਮਦ ਨਾਰੀ।। ਭੇਦ ਅਭੇਦ ਕੀ ਗਤਿ ਨ ਬਿਚਾਰੀ।।
ਚੀਠੀ ਏਕ ਲਿਖੀ ਨਿਜ ਅੰਗਾ।। ਬਾਂਧਿ ਗਈ ਤਾਕੇ ਸਿਰ ਸੰਗਾ।। ੯।।

ਪੀਰ ਦੀ ਇਸਤਰੀ ਮਦ ਮਸਤ ਹੋਈ ਸੁੱਤੀ ਰਹੀ ਅਤੇ ਭੇਤ ਦੀ ਗੱਲ ਪਛਾਣ ਨ ਸਕੀ। ਉਸ ਇਕ ਚਿੱਠੀ ਲਿਖੀ ਅਤੇ ਸੁਤੀ ਹੋਈ ਇਸਤਰੀ ਦੇ ਸਿਰ ਨਾਲ ਬੰਨ੍ਹ ਦਿੱਤੀ।।੯।।

ਜੋ ਤ੍ਰਿਯ ਖਜਾਲ ਤ੍ਰਿਯਨ ਕੇ ਪਰਿਹੈ।। ਤਾਕੀ ਬਿਧਿ ਐਸੀ ਗਤਿ ਕਰਿਹੈ।।
ਤਾਤੇ ਤੁਮ ਤ੍ਰਿਯ ਐਸ ਨ ਕੀਜੈ।। ਬੁਰੋ ਸੁਭਾਇ ਸਕਲ ਤਜਿ ਦੀਜੈ।। ੧੦।।

ਚਿੱਠੀ ਵਿਚ ਲਿਖਿਆ ਕਿ ਜਿਹੜੀਆਂ ਔਰਤਾਂ, ਔਰਤਾਂ ਵੱਲ ਹੀ ਜ਼ਿਆਦਾ ਧਿਆਨ ਦਿੰਦੀਆਂ ਹਨ, ਵਿਧਾਤਾ ਉਨ੍ਹਾਂ ਦੀ ਇਹੋ ਗਤ ਕਰਦਾ ਹੈ। ਇਸ ਲਈ ਹੇ ਔਰਤ ! ਤੂੰ ਇਸ ਤਰ੍ਹਾਂ ਮਤ ਕਰਿਆ ਕਰ ਅਤੇ ਆਪਣਾ ਬੁਰਾ ਸੁਭਾਅ ਛੱਡ ਦੇ।।੧੦।।

ਦੋਹਰਾ।। ਕੇਸ ਪਾਂਸ ਤੇ ਛੋਰਿਕੈ ਬਾਂਚਤ ਪਤਿਯਾ ਅੰਗ।।
ਤਾ ਦਿਨ ਤੇ ਤ੍ਰਿਯ ਤਜਿ ਦਿਯਾ ਬਾਦ ਤ੍ਰਿਯਨ ਕੇ ਸੰਗ।। ੧੧।। ੧।।

ਪਦ ਅਰਥ - ਕੇਸ ਪਾਂਸ ਤੇ ਛੋਰਿਕੈ=ਆਪਣੇ ਕੇਸਾਂ ਵਿਚ ਫਸੇ। ਬਾਂਚਤ=ਪੜ੍ਹਿਆ। ਬਾਦ=ਝਗੜਾ।

ਜਾਗਣ ਉਤੇ ਆਪਣੇ ਕੇਸਾਂ ਵਿਚ ਫਸੇ ਪੱਤਰ ਨੂੰ ਕੱਢ ਕੇ ਉਸ ਪੜ੍ਹਿਆ ਅਤੇ ਉਸ ਦਿਨ ਤੋਂ ਦੂਸਰੀਆਂ ਇਸਤਰੀਆਂ ਨਾਲ ਝਗੜਾ ਕਰਨਾ ਛੱਡ ਦਿੱਤਾ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਿਆਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ।।੩੮੧।।੬੮੭੫।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕਾਸੀਵੀਂ ਕਥਾ ਸਮਾਪਤ।।੩੮੧।।੬੮੭੫।।ਚਲਦਾ।।

# ਚਲਿੱਤਰ ਤਿੰਨ ਸੌ ਬਿਆਸੀਵਾਂ

## ਕਥਾ ਮਨਨੀਲ ਮਤੀ

**ਚੌਪਈ।। ਬਿਸ਼ਨ ਧੁਜਾ ਇਕ ਭੂਪ ਸੁਲੱਛਨ।। ਬਿਸ਼ਨ ਪੁਰੀ ਜਾਕੀ ਦਿਸਿ ਦੱਛਿਨ।।**
**ਸ੍ਰੀ ਮਨਿ ਨੀਲ ਮਤੀ ਤਿਹ ਰਾਨੀ।। ਸੁੰਦਰਿ ਸਕਲ ਭਵਨ ਮੈਂ ਜਾਨੀ।। ੧।।**

ਬਿਸ਼ਨ ਧੁਜਾ ਨਾਮੀਂ ਇਕ ਚੰਗਾ ਰਾਜਾ ਸੀ, ਜਿਸ ਦਾ ਬਿਸ਼ਨਪੁਰੀ ਨਗਰ ਦਖਣ ਵਾਲੇ ਪਾਸੇ ਸੀ। ਮਨਨੀਲ ਮਤੀ ਉਸ ਦੀ ਰਾਣੀ ਸੀ ਜਿਹੜੀ ਕਿ ਸਾਰੇ ਭਵਨਾਂ ਵਿਚ ਸੁੰਦਰ ਮੰਨੀ ਜਾਂਦੀ ਸੀ।।੧।।

**ਅਛਲੀ ਰਾਇ ਏਕ ਤਹ ਛੱਤ੍ਰੀ।। ਸੂਰਬੀਰ ਬਲਵਾਨ ਨਿਛੱਤ੍ਰੀ।।**
**ਬਦਨ ਪ੍ਰਭਾ ਤਿਹ ਜਾਤ ਨ ਭਾਖੀ।। ਜਨੁ ਮੁਖ ਚੀਰ ਚਾਂਦ ਕੀ ਰਾਖੀ।। ੨।।**

ਉਥੇ ਇਕ ਅਛਲੀ ਰਾਏ ਨਾਮੀਂ ਇਕ ਖੱਤਰੀ ਰਹਿੰਦਾ ਸੀ ਜਿਹੜਾ ਬੜਾ ਸੂਰਬੀਰ ਅਤੇ ਬਲਵਾਨ ਸੀ। ਉਸ ਦੀ ਸੁੰਦਰ ਸ਼ਕਲ ਦਾ ਵਰਣਨ ਨਹੀਂ ਸੀ ਕੀਤਾ ਜਾ ਸਕਦਾ, ਲਗਦਾ ਸੀ ਕਿ ਜਿਵੇਂ ਚੰਦ ਨੂੰ ਚੀਰ ਕੇ ਉਸ ਦੇ ਮੁਖੜੇ ਤੇ ਲਾ ਦਿੱਤਾ ਹੋਵੇ।।੨।।

**ਤ੍ਰਿਯ ਕੀ ਪ੍ਰੀਤਿ ਤਵਨ ਸੌ ਲਾਗੀ।। ਜਾਤੇ ਨੀਦ ਭੂਖਿ ਸਭਭਾਗੀ।।**
**ਜਿਯ ਤੇ ਨ੍ਰਿਪ ਰੋਗੀ ਠਹਰਾਯੋ।। ਊਚ ਨੀਚ ਸਭਹੀਨ ਸੁਨਾਯੋ।। ੩।।**

ਉਸ ਰਾਣੀ ਦੀ ਪ੍ਰੀਤ ਉਸ ਨਾਲ ਲੱਗ ਗਈ ਅਤੇ ਉਸ ਦੀ ਨੀਂਦ ਭੁਖ ਸਭ ਜਾਂਦੀ ਰਹੀ। ਉਸ ਸਭ ਅਮੀਰਾਂ, ਵਜ਼ੀਰਾਂ ਅਤੇ ਪਰਜਾ ਵਿਚ ਇਹ ਮਸ਼ਹੂਰ ਕਰ ਦਿੱਤਾ ਕਿ ਰਾਜਾ ਬਹੁਤ ਬਿਮਾਰ ਹੈ।।੩।।

**ਖੀਂਧ ਏਕ ਰਾਜਾ ਪਰ ਧਰੀ।। ਉਰ ਪਰ ਰਾਖਿ ਲੋਨ ਕੀ ਡਰੀ।।**
**ਅਗਨਿ ਸਾਥ ਤਿਹ ਅਧਿਕ ਤਪਾਈ।। ਜੋ ਕਰ ਸਾਥ ਛੁਈ ਨਹਿ ਜਾਈ।। ੪।।**

ਇਕ ਰਜਾਈ ਰਾਜੇ ਉਤੇ ਰੱਖ ਦਿੱਤੀ ਅਤੇ ਛਾਤੀ ਉਤੇ ਇਕ ਲੂਣ ਦਾ ਢੇਲਾ ਰੱਖ ਦਿੱਤਾ, ਫਿਰ ਉਸ ਨੂੰ ਅੱਗ ਨਾਲ ਬਹੁਤ ਗਰਮ ਕਰ ਦਿੱਤਾ ਜਿਸਦੇ ਨਾਲ ਕਿ ਲਗਿਆ ਵੀ ਨਹੀਂ ਸੀ ਜਾ ਸਕਦਾ।।੪।।

**ਚਾਰੋ ਓਰ ਦਾਬਿ ਅਸ ਲਿਯਾ।। ਮੁਖਤੇ ਤਾਂਹਿ ਨ ਬੋਲਨ ਦਿਯਾ।।**
**ਤਬਹੀ ਤਜਾ ਗਏ ਜਬ ਪ੍ਰਾਨਾ।। ਭੇਦ ਪੁਰਖ ਦੂਸਰੇ ਨ ਜਾਨਾ।। ੫।। ੧।।**

ਫਿਰ ਉਸ ਨੂੰ ਚਾਰਿਆਂ ਪਾਸਿਆਂ ਤੋਂ ਦੱਬ ਲਿਆ ਅਤੇ ਮੂੰਹ ਤੋਂ ਬੋਲਣ ਵੀ ਨ ਦਿੱਤਾ। ਅਖੀਰ ਰਾਜਾ ਮਰ ਗਿਆ ਅਤੇ ਕਿਸੇ ਦੂਸਰੇ ਨੂੰ ਪਤਾ ਵੀ ਨ ਲੱਗ ਸਕਿਆ।।੫।।੧।।

Namdhari Elibrary NamdhariElibrary@gmail.com

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਿਆਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੮੨॥੬੮੮੦॥ ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਬਿਆਸੀਵੀਂ ਕਥਾ ਸਮਾਪਤ॥੩੮੨॥੬੮੮੦॥ਚਲਦਾ॥

# ਚਲਿੱਤਰ ਤਿੰਨ ਸੌ ਤਿਰਾਸੀਵਾਂ

# ਕਥਾ ਕੋਕਿਲਾ ਮਤੀ

**ਚੌਪਈ॥ ਸੁਨਹੁ ਚਰਿਤ ਇਕ ਅਵਰ ਨਰੇਸਾ॥ ਨ੍ਰਿਪ ਇਕ ਝਾਰ ਖੰਡ ਕੇ ਦੇਸਾ॥**
**ਕੋਕਿਲ ਸੈਨ ਤਵਨ ਕੋ ਨਾਮਾ॥ ਮਤੀ ਕੋਕਿਲਾ ਵਾਕੀ ਬਾਮਾ॥ ੧॥**

ਹੇ ਰਾਜਨ ! ਇਕ ਹੋਰ ਚਲਿੱਤਰ ਸੁਣੋ। ਝਾਰਖੰਡ ਪ੍ਰਦੇਸ਼ ਦਾ ਇਕ ਕੋਕਿਲ ਸੈਨ ਨਾਮੀਂ ਰਾਜਾ ਸੀ, ਉਸ ਦੀ ਇਸਤਰੀ ਦਾ ਨਾਂ ਕੋਕਿਲਾ ਮਤੀ ਸੀ॥੧॥

**ਬਦਲੀ ਰਾਮ ਸ਼ਾਹ ਸੁਤ ਇਕ ਤਹ॥ ਜਿਹ ਸਮ ਸੁੰਦਰਿ ਕਹੂੰ ਨ ਜਗ ਮਹ॥**
**ਦ੍ਰਿਗ ਭਰਿ ਤਾਹਿ ਬਿਲੋਕਾ ਜਬਹੀ॥ ਰਾਨੀ ਭਈ ਕਾਮ ਬਸਿ ਤਬਹੀ॥੨॥**

ਪਦ ਅਰਥ - ਦ੍ਰਿਗ=ਅੱਖ। ਬਿਲੋਕਾ=ਵੇਖਿਆ। ਕਾਮ ਬਸਿ=ਕਾਮ ਵੱਸ, ਕਾਮ ਦੀ ਸ਼ਿਕਾਰ।

ਉਥੇ ਬਦਲੀ ਰਾਮ ਨਾਮੀਂ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ, ਜਿਸ ਵਰਗਾ ਖੂਬਸੂਰਤ ਸੰਸਾਰ ਵਿਚ ਹੋਰ ਕੋਈ ਨਹੀਂ ਸੀ। ਰਾਣੀ ਨੇ ਜਦ ਉਸ ਨੂੰ ਅੱਖਾਂ ਨਾਲ ਵੇਖਿਆ ਤਾਂ ਕਾਮ ਦੀ ਸ਼ਿਕਾਰ ਹੋ ਗਈ॥੨॥

**ਕਾਮ ਭੋਗ ਤਿਹ ਸਾਥ ਕਮਾਵੈ॥ ਮੂੜ ਨਾਰਿ ਨਹਿ ਹ੍ਰਿਦੈ ਲਜਾਵੈ॥**
**ਜਬ ਰਾਜੈ ਇਹ ਬਾਤ ਪਛਾਨੀ॥ ਚਿਤ ਮਹਿ ਧਰੀ ਨ ਪ੍ਰਗਟ ਬਖਾਨੀ॥ ੩॥**

ਉਹ ਉਸ ਨਾਲ ਕਾਮ ਕ੍ਰੀੜਾ ਕਰਨ ਲੱਗੀ ਅਤੇ ਜ਼ਰਾ ਭਰ ਵੀ ਸ਼ਰਮ ਨਹੀਂ ਕਰਦੀ ਸੀ। ਰਾਜੇ ਨੂੰ ਜਦ ਇਸ ਭੇਤ ਦਾ ਪਤਾ ਲਗਿਆ ਤਾਂ ਉਸ ਗੱਲ ਮੰਨ ਵਿਚ ਰੱਖੀ ਅਤੇ ਕਿਸੇ ਨੂੰ ਦੱਸਿਆ ਨਹੀਂ॥੩॥

**ਆਧੀ ਰੈਨਿ ਹੋਤ ਭੀ ਜਬਹੀ॥ ਰਾਜਾ ਦੁਰਾ ਖਾਟ ਤਰ ਤਬਹੀ॥**
**ਰਾਨੀ ਭੇਦ ਨ ਵਾਕੋ ਪਾਯੋ॥ ਬੋਲਿ ਜਾਰ ਕੌ ਨਿਕਟ ਬੁਲਾਯੋ॥੪॥**

ਪਦ ਅਰਥ - ਦੁਰਾ=ਲੁਕ ਗਿਆ। ਖਾਟ ਤਰ=ਮੰਜੇ ਥੱਲੇ।

ਜਦ ਅੱਧੀ ਰਾਤ ਹੋ ਗਈ ਤਾਂ ਰਾਜਾ ਪਲੰਘ ਦੇ ਥੱਲੇ ਲੁਕ ਗਿਆ। ਰਾਣੀ ਨੂੰ ਇਸ ਭੇਤ

ਦਾ ਪਤਾ ਨ ਲੱਗਾ ਅਤੇ ਉਸ ਆਪਣੇ ਯਾਰ ਨੂੰ ਆਪਣੇ ਕੋਲ ਬੁਲਾ ਲਿਆ॥੪॥

**ਰੁਚਿ ਭਰਿ ਭੋਗ ਤਵਨ ਸੌ ਕਰਾ॥ ਖਾਟ ਤਰੇ ਰਾਜਾ ਲਹਿ ਪਰਾ॥**
**ਅਧਿਕ ਨਾਰਿ ਮਨ ਮਹਿ ਡਰ ਪਾਈ॥ ਕਰੌ ਦੈਵ ਅਬ ਕਵਨ ਉਪਾਈ॥੫॥**

ਪਦ ਅਰਥ - ਲਹਿ ਪਰਾ=ਦਿੱਸ ਪਿਆ। ਕਰੌ ਦੈਵ=ਹੇ ਪ੍ਰਭੂ ! ਕਵਨ ਉਪਾਈ=ਕੋਈ ਉਪਾਅ।

ਉਸ ਨਾਲ ਉਸ ਰੁਚੀ ਪੂਰਬਕ ਭੋਗ ਕੀਤਾ ਅਤੇ ਏਸੇ ਦੌਰਾਨ ਉਸ ਨੂੰ ਪਲੰਘ ਦੇ ਥੱਲੇ ਲੁਕਿਆ ਰਾਜਾ ਵੀ ਦਿੱਸ ਪਿਆ। ਉਹ ਇਸਤਰੀ ਬਹੁਤ ਡਰ ਗਈ ਅਤੇ ਸੋਚਣ ਲੱਗੀ ਕਿ ਹੇ ਪ੍ਰਭੂ ਹੁਣ ਬਚਾ ਵਾਸਤੇ ਕੀ ਉਪਾਅ ਕਰਾਂ॥੫॥

**ਸੁਨੁ ਮੂਰਖ ਤੈਂ ਬਾਤ ਨ ਪਾਵੈਂ॥ ਨ੍ਰਿਪ ਨਾਰੀ ਕਹ ਹਾਥ ਲਗਾਵੈਂ॥**
**ਸੁੰਦਰਿ ਸੁਘਰਿ ਜੈਸੇ ਮੁਰ ਰਾਜਾ॥ ਤੈਸੋ ਦੁਤਿਯ ਨ ਬਿਧਨਾ ਸਾਜਾ॥੬॥**

ਉਹ ਕਹਿਣ ਲੱਗੀ ਕਿ ਹੇ ਮੂਰਖ ਤੂੰ ਸਮਝਦਾ ਨਹੀਂ ਹੈਂ ਅਤੇ ਰਾਜੇ ਦੀ ਇਸਤਰੀ ਨੂੰ ਹੱਥ ਲਾਉਂਦਾ ਹੈ, ਮੇਰਾ ਰਾਜਾ ਤਾਂ ਜਿੰਨਾ ਸੁੰਦਰ ਹੈ, ਉਹੋ ਜਿਹਾ ਵਿਧਾਤਾ ਨੇ ਹੋਰ ਕੋਈ ਬਣਾਇਆ ਹੀ ਨਹੀਂ ਹੈ॥੬॥

**ਅੜਿੱਲ॥ ਜੋ ਪਰ ਨਰ ਕਹ ਪਿਯ ਬਿਨੁ ਨਾਰਿ ਨਿਹਾਰਈ॥**
**ਮਹਾਂ ਨਰਕ ਮਹਿ ਤਾਹਿ ਬਿਧਾਤਾ ਡਾਰਈ॥**
**ਨਿਜੁ ਪਤਿ ਸੁੰਦਰ ਛਾਡਿ ਨ ਤੁਮਹਿ ਨਿਹਾਰਿਹੌਂ॥**
**ਹੋ ਨਿਜੁ ਕੁਲ ਕੀ ਤਜਿ ਕਾਨਿ ਨ ਧਰ ਮਹਿ ਟਾਰਿਹੌਂ॥੭॥**

ਜਦ ਕੋਈ ਇਸਤਰੀ ਪਰਾਏ ਮਰਦ ਨੂੰ ਵੇਖਦੀ ਵੀ ਹੈ ਤਾਂ ਵਿਧਾਤਾ ਉਸ ਨੂੰ ਨਰਕ ਵਿਚ ਸੁੱਟਦਾ ਹੈ, ਮੈਂ ਆਪਣੇ ਸੁੰਦਰ ਪਤੀ ਨੂੰ ਛੱਡ ਕੇ ਤੈਨੂੰ ਨਹੀਂ ਵੇਖਾਂਗੀ ਅਤੇ ਆਪਣਾ ਧਰਮ ਅਤੇ ਕੁਲ ਮਰਿਆਦਾ ਨਹੀਂ ਛੱਡਾਂਗੀ॥੭॥

**ਚੌਪਈ॥ ਜੈਸੋ ਅਤਿ ਸੁੰਦਰ ਮੇਰੋ ਬਰ॥ ਤੁਹਿ ਵਾਰੌ ਵਾਕੇ ਇਕ ਪਗ ਪਰ॥**
**ਤਿਹ ਤਜਿ ਤੁਹਿ ਕੈਸੇਹੂੰ ਨ ਭਜਿਹੌਂ॥ ਲੋਕ ਲਾਜ ਕੋਲ ਕਾਨਿ ਨ ਤਜਿਹੌਂ॥੮॥**

ਪਦ ਅਰਥ - ਮੇਰੋ ਬਰ=ਮੇਰਾ ਪਤੀ। ਤੁਹਿ ਵਾਰੌ ਵਾਕੇ ਇਕ ਪਗ ਪਰ=ਤੈਨੂੰ ਉਸ ਦੇ ਇਕ ਪੈਰ ਉਤੋ ਵਾਰ ਕੇ ਸੁੱਟ ਦੇਵਾਂ।

ਜਿੰਨਾ ਸੋਹਣਾ ਮੇਰਾ ਪਤੀ ਹੈ ਤੇਰੇ ਵਰਗੇ ਨੂੰ ਤਾਂ ਉਸ ਦੇ ਇਕ ਪੈਰ ਤੋਂ ਕੁਰਬਾਨ ਕੀਤਾ ਜਾ ਸਕਦਾ ਹੈ। ਉਸ ਨੂੰ ਛੱਡ ਕੇ ਮੈਂ ਤੇਰੇ ਨਾਲ ਕਦੇ ਵੀ ਰਮਣ ਨਹੀਂ ਕਰਾਂਗੀ ਅਤੇ ਲੋਕ ਲਾਜ

Namdhari Elibrary NamdhariElibrary@gmail.com

ਤੇ ਕੁਲ ਮਰਿਆਦਾ ਕਦੀ ਵੀ ਨਹੀਂ ਛਡਾਂਗੀ॥੮॥

**ਸੁਨਤ ਬਚਨ ਮੂਰਖ ਹਰਖਾਨਜੋਂ॥ ਪਤੀਬ੍ਰਤਾ ਨਾਰੀ ਕਹ ਜਾਨਜੋ॥**
**ਸਿਰ ਪਰ ਧਰਿ ਪਲਕਾ ਪਰ ਨਚਾ॥ ਇਹ ਬਿਧਿ ਜਾਰਿ ਨਾਰਿ ਜੁਤ ਬਚਾ॥ ੯॥੧॥**

ਪਦ ਅਰਥ - ਮੂਰਖ ਹਰਖਾਨਜੋਂ=ਮੂਰਖ ਬਹੁਤ ਖੁਸ਼ ਹੋਇਆ। ਸਿਰ ਪਰ ਧਰਿ ਪਲਕਾ=ਸਿਰ ਅੱਖਾਂ ਉਤੇ। ਨਚਾ=ਨੱਚ ਪਿਆ।

ਮੂਰਖ ਰਾਜਾ ਇਹ ਗੱਲਾਂ ਸੁਣ ਕੇ ਖੁਸ਼ ਹੋ ਗਿਆ ਅਤੇ ਆਪਣੀ ਇਸਤਰੀ ਨੂੰ ਪਤੀ-ਬਰਤਾ ਮੰਨਣ ਲੱਗਾ। ਉਹ ਉਸ ਨੂੰ ਸਿਰ ਅੱਖਾਂ ਤੇ ਚੁਕ ਕੇ ਨੱਚਣ ਲੱਗਾ ਅਤੇ ਇਸ ਤਰ੍ਹਾਂ ਉਹ ਯਾਰ ਇਸਤਰੀ ਸਮੇਤ ਬਚ ਗਿਆ॥੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤਿਰਾਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੮੩॥੬੮੮੯॥ ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤਿਰਾਸੀਵੀਂ ਕਥਾ ਸਮਾਪਤ॥੩੮੩॥੬੮੮੯॥ਚਲਦਾ॥

## ਚਲਿੱਤਰ ਤਿੰਨ ਸੌ ਚੌਰਾਸੀਵਾਂ
## ਕਥਾ ਸ਼ਾਹ ਦੀ ਇਸਤਰੀ

**ਚੌਪਈ॥ ਸੌਦਾ ਸਿੰਘ ਇਕ ਭੂਪ ਮਹਾਂ ਮੁਨਿ॥ ਸਦਾ ਪੁਰੀ ਜਾਂਕੀ ਪੱਛਿਮ ਭਨਿ॥**
**ਸ੍ਰੀ ਸੁਲੰਕ ਦੇ ਤਾਕੀ ਨਾਰੀ॥ ਜਨੁਕ ਚੰਦ੍ਰ ਤੇ ਚੀਰਿ ਨਿਕਾਰੀ॥ ੧॥**

ਸੌਦਾ ਸਿੰਘ ਇਕ ਮਹਾਨ ਰਾਜਾ ਸੀ ਜਿਸਦਾ ਸਦਾਪੁਰੀ ਨਾਮੀਂ ਨਗਰ ਪੱਛਮ ਵਿਚ ਸੀ। ਸੁਲੰਕ ਦੇਵੀ ਉਸ ਦੀ ਇਸਤਰੀ ਸੀ, ਜਿਹੜੀ ਏਨੀ ਸੁੰਦਰ ਸੀ ਕਿ ਮਾਨੋ ਚੰਦਰਮਾਂ ਨੂੰ ਚੀਰ ਕੇ ਕਢੀ ਹੋਵੇ॥੧॥

**ਤਹ ਇਕ ਹੋਤ ਸ਼ਾਹ ਧਨਵਾਨਾ॥ ਨਿਰਧਨ ਕਰਿ ਡਾਰਜੋ ਭਗਵਾਨਾ॥**
**ਅਧਿਕ ਚਤੁਰਿ ਤਾਕੀ ਇਕ ਨਾਰੀ॥ ਤਿਨ ਤਾਸੌ ਇਹ ਭਾਂਤਿ ਉਚਾਰੀ॥ ੨॥**

ਉਥੇ ਇਕ ਸ਼ਾਹ ਰਹਿੰਦਾ ਸੀ ਜਿਸ ਨੂੰ ਭਗਵਾਨ ਨੇ ਗ਼ਰੀਬ ਬਣਾ ਦਿੱਤਾ ਸੀ। ਉਸ ਦੀ ਇਸਤਰੀ ਬਹੁਤ ਚੱਤਰ ਸੀ, ਇਕ ਦਿਨ ਉਸ ਸ਼ਾਹ ਨੂੰ ਕਿਹਾ॥੨॥

**ਕਰਿਹੌ ਬਹੁਰਿ ਤੁਮੈ ਧਨਵੰਤਾ॥ ਕ੍ਰਿਪਾ ਕਰੈ ਜੋ ਸ੍ਰੀ ਭਗਵੰਤਾ॥**
**ਆਪਨ ਭੇਸ ਪੁਰਖ ਕੋ ਧਾਰੋ॥ ਰਾਜ ਬਾਟ ਪਰ ਹਾਟ ਉਸਾਰੋ॥ ੩॥**

ਪਦ ਅਰਥ - ਸ੍ਰੀ ਭਗਵੰਤਾ=ਸ੍ਰੀ ਭਗਵਾਨ। ਰਾਜ ਬਾਟ=ਰਾਜ ਪੱਥ, ਰਾਜ ਮਾਰਗ। ਹਾਟ ਉਸਾਰੋ=ਹੱਟੀ ਪਾ ਲਈ।

ਜੇ ਭਗਵਾਨ ਕਿਰਪਾ ਕਰਨਗੇ ਤਾਂ ਇਕ ਦਿਨ ਫਿਰ ਤੁਹਾਨੂੰ ਧਨਵਾਨ ਬਣਾ ਦੇਣਗੇ, ਉਸ ਆਪਣਾ ਭੇਸ ਮਰਦ ਦਾ ਬਣਾਇਆ ਅਤੇ ਰਾਜ ਮਾਰਗ ਤੇ ਇਕ ਦੁਕਾਨ ਪਾ ਲਈ।।੩।।

**ਏਕਨ ਦਰਬ ਉਧਾਰੋ ਦਿਯੋ।। ਏਕਨ ਤੇ ਰਾਖਨ ਹਿਤ ਲਿਯੋ।।**
**ਅਧਿਕ ਆਪਨੀ ਪਤਿਹਿ ਚਲਾਯੋ।। ਜਹ ਤਹ ਸਕਲ ਧਨਿਨ ਸੁਨਿ ਪਾਯੋ।। ੪।।**

ਪਦ ਅਰਥ - ਸਕਲ=ਸਾਰਿਆਂ। ਧਨਿਨ=ਧਨੀ, ਅਮੀਰ।

ਕਿਸੇ ਨੂੰ ਉਸ ਧਨ ਉਧਾਰ ਦਿੱਤਾ ਅਤੇ ਕਿਸੇ ਪਾਸੋਂ ਰੱਖਣ ਲਈ ਲੈ ਲਿਆ। ਓਥੇ ਉਸ ਆਪਣੀ ਬਹੁਤ ਸਾਖ ਬਣਾਈ ਅਤੇ ਨੇੜੇ ਤੇੜੇ ਦੇ ਸਭ ਧਨਵਾਨਾਂ ਨੇ ਉਸ ਬਾਰੇ ਸੁਣਿਆ।।੪।।

**ਸੋਫੀ ਸੂਮ ਸ਼ਾਹ ਇਕ ਤਹਾਂ।। ਜਾਕੇ ਘਰ ਸੁਨਿਯਤ ਧਨ ਮਹਾਂ।।**
**ਸੁਤ ਤ੍ਰਿਯ ਕੋ ਨਹਿ ਕਰਤ ਬਿਸ੍ਵਾਸਾ।। ਰਾਖਤ ਦਰਬ ਆਪਨੇ ਪਾਸਾ।। ੫।।**

ਪਦ ਅਰਥ - ਸੁਤ ਤ੍ਰਿਯ=ਇਸਤਰੀ ਪੁੱਤਰ। ਕਰਤ ਬਿਸ੍ਵਾਸਾ=ਵਿਸ਼ਵਾਸ਼ ਨਹੀਂ ਕਰਦਾ ਸੀ। ਦਰਬ=ਧਨ।

ਉਥੇ ਇਕ ਸੋਫੀ ਕੰਜੂਸ ਸ਼ਾਹ ਰਹਿੰਦਾ ਸੀ, ਜਿਸ ਦੇ ਘਰ ਬੇਸ਼ੁਮਾਰ ਧਨ ਸੀ। ਉਹ ਪੁੱਤਰ, ਇਸਤਰੀ ਕਿਸੇ ਦਾ ਵੀ ਵਿਸ਼ਵਾਸ਼ ਨਹੀਂ ਕਰਦਾ ਸੀ ਅਤੇ ਸਾਰਾ ਧਨ ਆਪਣੇ ਕੋਲ ਹੀ ਰੱਖਦਾ ਸੀ।।੫।।

**ਸ਼ਾਹ ਸੁਈ ਤਿਹ ਨਾਰਿ ਤਕਾਯੋ।।ਅਧਿਕ ਪ੍ਰੀਤ ਕਰਿ ਤਾਹਿ ਬੁਲਾਯੋ।।**
**ਤ੍ਰਿਯ ਸੁਤ ਮਾਲ ਕਹਾ ਤਵ ਖੈ ਹੈਂ।। ਏਕ ਦਾਮ ਫਿਰਿ ਤੁਮੈਂ ਨ ਦੈਹੈਂ।। ੬।।**

ਉਸ ਇਸਤਰੀ ਨੇ ਉਸ ਸ਼ਾਹ ਨੂੰ ਵੇਖਿਆ ਅਤੇ ਬਹੁਤ ਪ੍ਰੇਮ ਨਾਲ ਉਸ ਨੂੰ ਬੁਲਾਇਆ। ਉਸ ਨੂੰ ਕਹਿਣ ਲੱਗੀ ਕਿ ਤੁਹਾਡਾ ਮਾਲ ਤਾਂ ਇਸਤਰੀ ਪੁੱਤਰ ਹੀ ਖਾ ਜਾਣਗੇ ਅਤੇ ਤੁਹਾਨੂੰ ਇਕ ਦਮੜੀ ਵੀ ਨਹੀਂ ਦੇਣਗੇ।।੬।।

**ਸ਼ਾਹ ਮਾਲ ਕਹੂੰ ਅਨਤ ਰਖਾਇ।। ਸਰਖਤ ਤਾਤੇ ਲੇਹੁ ਲਿਖਾਇ।।**
**ਮਾਤ ਪੂਤ ਕੋਈ ਭੇਦ ਨ ਪਾਵੈ।। ਤੁਮਹੀਂ ਚਾਹਹੁ ਤਬੈ ਧਨ ਆਵੈ।। ੭।।**

ਪਦ ਅਰਥ - ਅਨਤ=ਕਿਸੇ ਹੋਰ ਥਾਂ। ਸਰਖਤ=ਰਸੀਦ।

ਇਸ ਕਰਕੇ ਤੁਸੀਂ ਆਪਣਾ ਮਾਲ ਕਿਸੇ ਪਾਸ ਰੱਖੋ ਅਤੇ ਉਸ ਪਾਸੋਂ ਰਸੀਦ ਲੈ ਲਵੋ। ਮਾਤਾ ਅਤੇ ਉਸ ਦੇ ਪੁੱਤਰ ਨੂੰ ਬਿਲਕੁਲ ਪਤਾ ਨ ਲੱਗੇ ਅਤੇ ਜਦ ਤੁਸੀਂ ਚਾਹੋ ਧਨ ਵਾਪਸ ਲੈ ਲਵੋ।।੭।।

Namdhari Elibrary NamdhariElibrary@gmail.com

ਬਚਨ ਬਹੁਰਿ ਤਿਨ ਸ਼ਾਹ ਬਖਾਨੋ।। ਤੁਮ ਤੇ ਔਰ ਭਲੋ ਨਹਿ ਜਾਨੋ।।
ਮੇਰੋ ਸਕਲ ਦਰਬੁ ਤੈਂ ਲੇਹਿ।। ਸਰਖਤ ਗੁਪਤ ਮੁਝੈ ਲਿਖਿ ਦੇਹਿ।। ੮।।

ਤਦ ਸ਼ਾਹ ਨੇ ਕਿਹਾ ਕਿ ਤੁਹਾਥੋਂ ਭਲਾ ਮੈਂ ਹੋਰ ਕਿਸੇ ਨੂੰ ਨਹੀਂ ਵੇਖਿਆ ਹੈ। ਤੁਸੀਂ ਮੇਰਾ ਸਾਰਾ ਧਨ ਲੈ ਲਵੋ ਅਤੇ ਗੁਪਤ ਰੂਪ ਵਿਚ ਦਸਖਤ ਕਰ ਕੇ ਮੈਨੂੰ ਰਸੀਦ ਦੇ ਦੇਵੋ।।੮।।

ਬੀਸ ਲਾਖ ਤਾਂਤੇ ਧਨ ਲਿਯਾ।। ਸਰਖਤ ਏਕ ਤਾਂਹਿ ਲਿਖਿ ਦਿਯਾ।।
ਬਾਜੂ ਬੰਦ ਬੀਚ ਇਹ ਰਖਿਯਹੁ।। ਅਵਰ ਪੁਰਖ ਸੌ ਭੇਵ ਨ ਭਖਿਯਹੁ।। ੯।।

ਉਸ ਕਿਹਾ ਕਿ ਤੁਸੀਂ ਇਸ ਰਸੀਦ ਨੂੰ ਬਾਜੂਬੰਦ ਨਾਲ ਬੰਨ੍ਹ ਕੇ ਰੱਖਣਾ ਅਤੇ ਹੋਰ ਕਿਸੇ ਨੂੰ ਇਸ ਦਾ ਭੇਤ ਨ ਦਸਣਾ।।੯।।

ਦੈ ਧਨ ਸ਼ਾਹ ਜਬੈ ਘਰ ਗਯੋ।। ਭੇਖ ਮਜੂਰਨ ਕੋ ਤਿਨ ਲਯੋ।।
ਧਾਮ ਤਿਸੀ ਕੇ ਕਿਯਾ ਪਯਾਨਾ।। ਭੇਦ ਅਭੇਦ ਤਿਨ ਮੂੜ੍ਹ ਨ ਜਾਨਾ।। ੧੦।।

ਪਦ ਅਰਥ - ਮਜੂਰਨ=ਨੌਕਰਾਣੀ। ਪਯਾਨਾ=ਚਲੇ ਗਈ।

ਸ਼ਾਹ ਧਨ ਦੇ ਕੇ ਜਦ ਘਰ ਗਿਆ ਤਾਂ ਉਸ ਮਜ਼ਦੂਰ ਦਾ ਭੇਸ ਧਾਰ ਲਿਆ, ਉਹ ਉਸੇ ਦੇ ਘਰ ਚਲੇ ਗਈ ਅਤੇ ਮੂਰਖ ਸ਼ਾਹ ਨੂੰ ਇਸ ਭੇਤ ਦਾ ਪਤਾ ਨ ਲੱਗਾ।।੧੦।।

ਕਹੀ ਕਿ ਏਕ ਟੂਕ ਮੁਹਿ ਦੇਹੁ।। ਪਾਨ ਭਰਾਇਸ ਗਰਦਨਿ ਲੇਹੁ।।
ਖਰਚ ਜਾਨਿ ਥੋਰੋ ਤਿਨ ਕਰੋ।। ਭੇਦ ਅਭੇਦ ਨਹਿ ਨੈਕੁ ਬਿਚਰੋ।।੧੧।।

ਉਸ ਇਸਤਰੀ ਨੇ ਕਿਹਾ ਕਿ ਤੁਸੀਂ ਮੈਨੂੰ ਇਕ ਵੇਲੇ ਦਾ ਖਾਣਾ ਦੇਵੋ ਅਤੇ ਸਿਰ ਤੇ ਘੜਾ ਚੁਕਵਾ ਕੇ ਪਾਣੀ ਭਰਵਾਓ। ਤੁਸੀਂ ਮੈਨੂੰ ਨੌਕਰ ਰੱਖ ਕੇ ਆਪਣਾ ਖਰਚਾ ਘਟ ਕਰੋ ਅਤੇ ਇਸ ਵਿਚ ਰਤਾ ਭਰ ਵੀ ਭੇਤ-ਅਭੇਤ ਨ ਸਮਝੋ।।੧੧।।

ਜਬਹੀਂ ਘਾਤ ਨਾਰਿ ਤਿਨ ਪਾਈ।। ਬਾਜੂ ਬੰਦ ਲਯੋ ਸਰਕਾਈ।।
ਅਪਨੀ ਕਬਜ ਕਾਢਿ ਕਰਿ ਲਈ।। ਸਤ ਕੀ ਡਾਰਿ ਤਵਨ ਮੈ ਗਈ।।੧੨।।

ਪਦ ਅਰਥ - ਘਾਤ=ਮੌਕਾ। ਲਯੋ ਸਰਕਾਈ=ਖਿਸਕਾ ਲਿਆ।

ਇਕ ਦਿਨ ਉਸ ਇਸਤਰੀ ਨੇ ਜਦ ਮੌਕਾ ਵੇਖਿਆ ਤਾਂ ਬਾਜੂਬੰਦ ਨੂੰ ਖਿਸਕਾ ਲਿਆ। ਉਸ ਆਪਣੀ ਪਹਿਲੀ ਰਸੀਦ ਵਿਚੋਂ ਕੱਢ ਲਈ ਅਤੇ ਨਵੀਂ ਸੌ ਰੁਪਏ ਦੀ ਰਸੀਦ ਵਿਚ ਪਾ ਦਿੱਤੀ।।੧੨।।

ਕਿਤਕ ਦਿਨਨ ਕਹਿ ਦੇਹ ਰੁਪਇਯਾ।। ਪਠੈ ਦਯੋ ਇਕ ਤਾਂਹਿ ਮਨਇਯਾ।।

ਏਕ ਹਜਾਰ ਤਹਾਂ ਤੇ ਲਜਾਵਹੁ॥ ਆਨਿ ਬਨਿਜ ਕੋ ਕਾਜ ਚਲਾਵਹੁ॥ ੧੩॥

ਕਾਫੀ ਦਿਨਾਂ ਬਾਅਦ ਸ਼ਾਹ ਨੇ ਰੁਪਏ ਮੰਗੇ ਅਤੇ ਇਸ ਕਾਰਜ ਵਾਸਤੇ ਇਕ ਆਦਮੀ ਨੂੰ ਉਸ ਪਾਸ ਭੇਜਿਆ ਕਿ ਇਕ ਹਜ਼ਾਰ ਰੁਪਈਆ ਉਥੋਂ ਲੈ ਆਵੇ ਅਤੇ ਵਪਾਰ ਦਾ ਕੰਮ ਆਰੰਭ ਕਰੋ॥੧੩॥

ਤਿਨਕ ਹਜਾਰ ਨ ਤਾਕੌ ਦਿਯਾ॥ ਜਿਯ ਮੈ ਕੋਪ ਸ਼ਾਹ ਤਬ ਕਿਯਾ॥
ਬਾਂਧਿ ਲੈ ਗਯੋ ਤਾਕਹ ਤਹਾਂ॥ ਕਾਜੀ ਕੋਟਵਾਰ ਥੋ ਜਹਾਂ॥ ੧੪॥

ਉਸ ਇਸਤਰੀ ਨੇ ਉਸ ਨੂੰ ਇਕ ਹਜ਼ਾਰ ਰੁਪਈਆ ਨ ਦਿੱਤਾ ਜਿਸ ਕਰ ਕੇ ਸ਼ਾਹ ਬਹੁਤ ਗੁੱਸੇ ਵਿਚ ਆ ਗਿਆ, ਉਹ ਉਸ ਨੂੰ ਬੰਨ੍ਹ ਕੇ ਉਥੇ ਲੈ ਗਿਆ ਜਿਥੇ ਕਾਜ਼ੀ ਕੋਤਵਾਲ ਬੈਠਾ ਸੀ॥੧੪॥

ਮੋ ਤੇ ਬੀਸ ਲਾਖ ਇਨ ਲਿਯਾ॥ ਅਬ ਇਨ ਮੁਝੈ ਹਜਾਰ ਨ ਦਿਯਾ॥
ਕਹੀ ਸਭੋ ਸਰਖਤ ਤਿਹ ਹੇਰੋ॥ ਇਨ ਕੋ ਅਬ ਹੀ ਨਜਾਇ ਨਿਬੇਰੋ॥ ੧੫॥

ਕਾਜ਼ੀ ਪਾਸ ਜਾ ਕੇ ਸ਼ਾਹ ਕਹਿਣ ਲੱਗਾ ਕਿ ਇਸ ਮੈਥੋਂ ਵੀਹ ਲੱਖ ਰੁਪਈਆ ਲਿਆ ਹੈ ਅਤੇ ਮੈਨੂੰ ਇਕ ਹਜ਼ਾਰ ਵੀ ਨਹੀਂ ਦਿੱਤਾ ਹੈ। ਸਾਰਿਆ ਕਿਹਾ ਕਿ ਰਸੀਦ ਵੇਖੋ ਅਤੇ ਇਸ ਦਾ ਏਥੇ ਹੀ ਫੈਸਲਾ ਕਰੋ॥੧੫॥

ਛੋਰਿ ਸਰਖਤਹਿ ਸਭਨ ਨਿਹਾਰੋ॥ ਰੁਪਯਾ ਸੈ ਇਕ ਤਹਾਂ ਬਿਚਾਰੋ॥
ਸਾਚਾ ਤੇ ਝੂਠਾ ਤਿਹ ਕਿਯਾ॥ ਸਭ ਧਨੁ ਹਰੋ ਕਾਢਿ ਤਿਹ ਦਿਯਾ॥ ੧੬॥

ਸਾਰਿਆਂ ਰਸੀਦ ਵੇਖੀ ਜਿਸ ਵਿਚ ਕੇਵਲ ਇਕ ਸੌ ਰੁਪਈਆ ਲਿਖਿਆ ਹੋਇਆ ਸੀ. ਉਸ ਨੂੰ ਸੱਚੇ ਤੋਂ ਝੂਠਾ ਕਰ ਦਿੱਤਾ ਤੇ ਉਸ ਦਾ ਸਾਰਾ ਧਨ ਲੈ ਲਿਆ॥੧੬॥

ਬਹੁਰਿ ਬਚਨ ਤਿਨ ਨਾਰਿ ਉਚਾਰੇ॥ ਮੈਂ ਨ ਰਹਤ ਹੌ ਗਾਂਵ ਤਿਹਾਰੇ॥
ਯੌ ਕਹਿ ਜਾਤ ਤਹਾਂ ਤੇ ਭਈ॥ ਸੋਫੀ ਯਹਿ ਕੂਟਿ ਭੰਗੇਰੀ ਗਈ॥ ੧੭॥

ਪਦ ਅਰਥ - ਸੋਫੀਯਹਿ=ਸੂਫੀ ਨੂੰ। ਭੰਗੇਰੀ=ਭੰਗ ਪੀਣ ਵਾਲੀ।

ਫਿਰ ਉਸ ਇਸਤਰੀ ਨੇ ਸ਼ਾਹ ਨੂੰ ਕਿਹਾ ਕਿ ਮੈਂ ਹੁਣ ਤੁਹਾਡੇ ਪਿੰਡ ਵਿਚ ਨਹੀਂ ਰਹਾਂਗੀ, ਇਹ ਕਹਿ ਕੇ ਉਹ ਉਥੋਂ ਚਲੇ ਗਈ ਅਤੇ ਇਸ ਤਰ੍ਹਾਂ ਉਹ ਭੰਗ ਪੀਣ ਵਾਲੀ ਸੋਫੀ ਨੂੰ ਲੁੱਟ ਕੇ ਲੈ ਗਈ॥੧੭॥

ਦੋਹਰਾ॥ ਨਿਰਧਨ ਤੇ ਧਨਵੰਤ ਭੀ ਕਰਿ ਤਿਹ ਧਨ ਕੀ ਹਾਨਿ॥
ਸੋਫੀ ਕਹ ਅਮਲਿਨ ਛਰਾ ਦੇਖਤ ਸਕਲ ਜਹਾਨ॥ ੧੮॥ ੧॥

ਉਸ ਦਾ ਧਨ ਲੁਟ ਕੇ ਉਹ ਨਿਰਧਨ ਤੋਂ ਧਨਵਾਨ ਬਣ ਗਈ ਅਤੇ ਸਾਰੇ ਸੰਸਾਰ ਦੇ ਵੇਖਦੇ

Namdhari Elibrary NamdhariElibrary@gmail.com

ਵੇਖਦੇ ਉਹ ਅਮਲਨ ਇਕ ਸੋਫੀ ਨੂੰ ਛਲ ਗਈ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਉਰਾਸੀ ਚਰਿਤ੍ਰ ਸਮਾਪਤ੍ਮ ਸਤੁ ਸੁਭਮ ਸਤੁ॥੩੮੪॥੬੯੦੭॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਚੌਰਾਸੀਵੀਂ ਕਥਾ ਸਮਾਪਤ॥੩੮੪॥੬੯੦੭॥ਚਲਦਾ॥

## ਚਲਿੱਤਰ ਤਿੰਨ ਸੌ ਪਚਾਸੀਵਾਂ

## ਕਥਾ ਰਾਜ ਕੁਮਾਰੀ

**ਚੌਪਈ॥ ਚਿੱਤ੍ਰਕੇਤ ਰਾਜਾ ਇਕ ਪੂਰਬ॥ ਜਿਹ ਬਚਿੱਤ੍ਰ ਰਥ ਪੁੱਤ੍ਰ ਅਪੂਰਬ॥**
**ਚਿਤ੍ਰਾਪੁਰ ਨਗਰ ਤਿਹ ਸੋਹੈ॥ ਜਿਹ ਢਿਗ ਦੇਵ ਦੈਤ ਪੁਰ ਕੋ ਹੈ॥ ੧॥**

ਪੂਰਬ ਵਿਚ ਇਕ ਚਿੱਤਰਕੇਤ ਨਾਮੀਂ ਰਾਜਾ ਸੀ ਜਿਸ ਦੇ ਸੁੰਦਰ ਪੁੱਤਰ ਦਾ ਨਾਂ ਬਚਿੱਤਰ ਰਥ ਸੀ। ਚਿਤਰਾਪੁਰ ਉਸ ਦੀ ਨਗਰੀ ਦਾ ਨਾਂ ਸੀ ਜਿਸ ਵਰਗੀਆਂ ਦੇਵ-ਦੈਂਤ ਪੁਰੀਆਂ ਵੀ ਨਹੀਂ ਸਨ॥੧॥

**ਸ੍ਰੀ ਕਟਿ ਉਤਿਮ ਦੇ ਤਿਹ ਨਾਰੀ॥ ਸੂਰਜ ਵਤ ਤਿਹ ਧਾਮ ਦੁਲਾਰੀ॥**
**ਜਿਹ ਸਮ ਸੁੰਦਰਿ ਨਾਰਿ ਨ ਕੋਈ॥ ਆਗੇ ਭਈ ਨ ਪਾਛੇ ਹੋਈ॥ ੨॥**

ਕਟ ਉੱਤਮ ਦੇਵੀ ਉਸ ਦੀ ਇਸਤਰੀ ਸੀ ਜਿਸ ਦੇ ਘਰ ਸੂਰਜ ਵਰਗੀ ਸੁੰਦਰ ਇਕ ਰਾਜ ਕੁਮਾਰੀ ਸੀ। ਉਸ ਵਰਗੀ ਸੁੰਦਰ ਇਸਤਰੀ ਅੱਗੇ ਪਿੱਛੇ ਕਦੇ ਵੀ ਨਹੀਂ ਹੋਈ ਸੀ॥੨॥

**ਬਾਨੀ ਰਾਇ ਤਹਾਂ ਇਕ ਸ਼ਾਹਾ॥ ਜਿਹ ਮੁਖੁ ਸਮ ਸੁੰਦਰਿ ਨਹਿ ਮਾਹਾ॥**
**ਸ੍ਰੀ ਗੁਲਜਾਰ ਰਾਇ ਸੁਤ ਤਾਕੇ॥ ਦੇਵ ਦੈਤ ਕੋਈ ਤੁਲਿ ਨ ਵਾਕੇ॥ ੩॥**

ਬਾਨੀ ਰਾਏ ਉਥੇ ਇਕ ਸ਼ਾਹ ਸੀ ਜਿਸਦੇ ਬਰਾਬਰ ਚੰਦਰਮਾਂ ਵੀ ਸੁੰਦਰ ਨਹੀਂ ਸੀ। ਉਸ ਦਾ ਪੁੱਤਰ ਗੁਲਜ਼ਾਰ ਰਾਏ ਸੀ ਜਿਸ ਵਰਗਾ ਖੂਬਸੂਰਤ ਕੋਈ ਦੇਵਤਾ ਜਾਂ ਦੈਂਤ ਵੀ ਨਹੀਂ ਸੀ॥੩॥

**ਰਾਜ ਸੁਤਾ ਤਾਕੋ ਲਖਿ ਰੂਪਾ॥ ਮੋਹਿ ਰਹੀ ਮਨ ਮਾਹਿ ਅਨੂਪਾ॥**
**ਏਕ ਸਹਚਰੀ ਤਹਾਂ ਪਠਾਈ॥ ਜਿਹ ਤਿਹ ਭਾਂਤਿ ਤਹਾਂ ਲੈ ਆਈ॥ ੪॥**

ਰਾਜ ਕੁਮਾਰੀ ਉਸ ਦਾ ਸੁੰਦਰ ਸਰੂਪ ਵੇਖ ਕੇ ਮਨ ਹੀ ਮਨ ਵਿਚ ਉਸ ਤੇ ਮੋਹਿਤ ਹੋ ਗਈ। ਉਸ ਇਕ ਸੇਵਕਾ ਨੂੰ ਉਥੇ ਭੇਜਿਆ ਜਿਹੜੀ ਜਿਵੇਂ ਕਿਵੇਂ ਉਸ ਨੂੰ ਲੈ ਆਈ॥੪॥

Namdhari Elibrary NamdhariElibrary@gmail.com

**************************************************************

ਮਿਲਤ ਕੁਅਰਿ ਤਾ ਸੌ ਸੁਖੁ ਪਾਯੋ।। ਭਾਂਤਿ ਭਾਂਤਿ ਮਿਲਿ ਭੋਗ ਕਮਾਯੋ।।
ਚੁੰਬਨ ਭਾਂਤਿ ਭਾਂਤਿ ਕੇ ਲੀਏ।। ਭਾਂਤਿ ਅਨਿਕ ਕੇ ਆਸਨ ਕੀਏ।। ੫।।

ਰਾਜ ਕੁਮਾਰੀ ਉਸ ਨੂੰ ਮਿਲ ਕੇ ਬਹੁਤ ਖੁਸ਼ ਹੋਈ ਅਤੇ ਉਨ੍ਹਾਂ ਕਈ ਪ੍ਰਕਾਰ ਨਾਲ ਭੋਗ ਬਿਲਾਸ ਕੀਤੇ। ਭਿੰਨ ਭਿੰਨ ਪ੍ਰਕਾਰ ਨਾਲ ਚੁੰਮਣ ਲਏ ਅਤੇ ਅਨੇਕਾਂ ਪ੍ਰਕਾਰ ਦੇ ਆਸਣ ਬਣਾਏ।।੫।।

ਤਬ ਲਗਿ ਮਾਤ ਪਿਤਾ ਤਹ ਆਯੋ।। ਨਿਰਖਿ ਸੁਤਾ ਚਿਤ ਮੈ ਦੁਖ ਪਾਯੋ।।
ਇਹ ਛਲ ਸੌ ਇਹ ਦੁਹੂੰ ਸੰਘਾਰੋ।। ਛੱਤ੍ਰ ਜਾਰ ਕੇ ਸਿਰ ਪਰ ਢਾਰੋ।। ੬।।

ਪਦ ਅਰਥ - ਦੁਹੂੰ ਸੰਘਾਰੌ=ਦੋਹਾਂ ਨੂੰ ਮਾਰੋ। ਛੱਤ੍ਰ=ਤਾਜ।

ਤਦ ਤਕ ਉਸ ਦੇ ਮਾਤਾ ਪਿਤਾ ਉਥੇ ਆ ਗਏ, ਜਿਨ੍ਹਾਂ ਨੂੰ ਵੇਖ ਕੇ ਪੁੱਤਰੀ ਬਹੁਤ ਦੁਖੀ ਹੋਈ। ਉਸ ਸੋਚਿਆ ਕਿ ਛੱਲ ਨਾਲ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ ਅਤੇ ਰਾਜ ਛੱਤਰ ਆਪਣੇ ਯਾਰ ਦੇ ਸਿਰ ਝੁਲਾ ਦਿੱਤਾ ਜਾਵੇ।।੬।।

ਦੁਹੂੰਅਨ ਕੇ ਫਾਂਸੀ ਗਰੁ ਡਾਰੀ।। ਪਿਤਾ ਸਹਿਤ ਮਾਤਾ ਹਨਿ ਡਾਰੀ।।
ਫਾਂਸ ਕੰਠ ਤੇ ਲਈ ਨਕਾਰੀ।। ਬੋਲਿ ਲੋਗ ਸਭ ਐਸ ਉਚਾਰੀ।।੭।।

ਇਸ ਲਈ ਉਸ ਮਾਤਾ ਪਿਤਾ ਦੋਹਾਂ ਦੇ ਗਲਾਂ ਵਿਚ ਫੰਦੇ ਪਾ ਕੇ ਫਾਂਸੀ ਲਾ ਕੇ ਮਾਰ ਦਿੱਤੇ ਅਤੇ ਫਿਰ ਫੰਦੇ ਉਨ੍ਹਾਂ ਦੇ ਗਲਾਂ ਵਿਚੋਂ ਲਾਹ ਕੇ ਹੋਰ ਲੋਕਾਂ ਨੂੰ ਕਹਿਣ ਲੱਗੀ।।੭।।

ਇਨ ਦੁਹੂੰ ਜੋਗ ਸਾਧਨਾ ਸਾਧੀ।। ਨ੍ਰਿਪ ਰਾਨੀ ਜੁਤ ਪਵਨ ਅਰਾਧੀ।।
ਬਾਰਹ ਬਰਿਸ ਬੀਤ ਹੈਂ ਜਬਹੀ।। ਜਗਿ ਹੈਂ ਛਾਡਿ ਤਾਰਿਯਹਿ ਤਬਹੀਂ।। ੮।।

ਮੇਰੇ ਮਾਤਾ ਪਿਤਾ ਨੇ ਯੋਗ ਸਾਧਨਾ ਕੀਤੀ ਹੈ ਅਤੇ ਪਵਨ ਦੀ ਆਰਧਨਾ ਕੀਤੀ ਹੈ, ਹੁਣ ਉਨ੍ਹਾਂ ਦੀ ਸਮਾਧੀ ਲੱਗ ਗਈ ਹੈ, ਜਦ ਬਾਰਾ ਸਾਲ ਬੀਤਣਗੇ ਤਾਂ ਉਹ ਸਮਾਧੀ ਤੋਂ ਜਾਗਣਗੇ।।੮।।

ਤਬ ਲਗਿ ਤਾਤ ਦਿਯਾ ਮੁਹਿ ਰਾਜਾ।। ਰਾਜ ਸਾਜ ਕਾ ਸਕਲ ਸਮਾਜਾ।।
ਤਬ ਲਗਿ ਤਾਕੋ ਰਾਜ ਕਮੈਹੋ।। ਜਬ ਜਗ ਹੈਂ ਤਾਕੌਂ ਤਬ ਦੈਹੋ।। ੯।।

ਤਦ ਤਕ ਪਿਤਾ ਨੇ ਰਾਜ ਮੈਨੂੰ ਦੇ ਦਿੱਤਾ ਹੈ ਅਤੇ ਰਾਜ ਕਰਨ ਵਾਸਤੇ ਕਿਹਾ ਹੈ, ਮੈਂ ਤਦ ਤਕ ਰਾਜ ਕਰਾਂਗੀ ਅਤੇ ਜਦ ਉਹ ਜਾਗ ਜਾਣਗੇ ਤਾਂ ਰਾਜ ਵਾਪਸ ਉਨ੍ਹਾਂ ਨੂੰ ਦੇ ਦੇਵਾਂਗੀ।।੯।।

ਇਹ ਛਲ ਤਾਤ ਮਾਤ ਕਹ ਘਾਈ।। ਲੋਗਨ ਸੌ ਇਹ ਭਾਂਤਿ ਜਨਾਈ।।
ਜਬ ਅਪਨੋ ਦ੍ਰਿੜ੍ਹ ਰਾਜ ਪਕਾਯੋ।। ਛੱਤ੍ਰ ਮਿੱਤ੍ਰ ਕੇ ਸੀਸ ਫਿਰਾਯੋ।। ੧੦।।

Namdhari Elibrary NamdhariElibrary@gmail.com

ਇਸ ਚਲਿੱਤਰ ਨਾਲ ਮਾਤਾ ਪਿਤਾ ਨੂੰ ਮਾਰ ਕੇ ਪਰਜਾ ਨੂੰ ਇਸ ਤਰ੍ਹਾਂ ਕਹਿ ਦਿੱਤਾ। ਜਦ ਉਸ ਦਾ ਰਾਜ ਸਥਿਰ ਹੋ ਗਿਆ ਤਾਂ ਆਪਣੇ ਮਿੱਤਰ ਨਾਲ ਵਿਆਹ ਕਰਕੇ ਛੱਤਰ ਉਸ ਦੇ ਸਿਰ ਤੇ ਝੁਲਾ ਦਿੱਤਾ॥੧੦॥

**ਦੋਹਰਾ॥ ਤਾਤ ਮਾਤ ਇਹ ਭਾਂਤਿ ਹਨਿ ਦਿਯੋ ਮਿੱਤ੍ਰ ਕੌ ਰਾਜ॥**
**ਸਕਤ ਨ ਕੋਈ ਪਛਾਨਿ ਕਰਿ ਚੰਚਲਾਨ ਕੇ ਕਾਜ॥੧੧॥੧॥**

ਪਦ ਅਰਥ - ਤਾਤ ਮਾਤ=ਮਾਤਾ ਪਿਤਾ। ਇਹ ਭਾਂਤਿ ਹਨਿ=ਇਸ ਤਰ੍ਹਾਂ ਮਾਰ ਕੇ। ਮਿੱਤ੍ਰ ਕੌ ਰਾਜ=ਮਿੱਤਰ ਨੂੰ ਰਾਜ ਦੇ ਦਿੱਤਾ। ਚੰਚਲਾਨ=ਇਸਤਰੀਆਂ ਦੇ।

ਇਸ ਤਰ੍ਹਾਂ ਮਾਤਾ ਪਿਤਾ ਨੂੰ ਮਾਰ ਕੇ ਮਿੱਤਰ ਨੂੰ ਰਾਜ ਪਾਟ ਦੇ ਦਿੱਤਾ, ਇਸਤਰੀਆਂ ਦੇ ਕੰਮਾਂ ਨੂੰ ਕੋਈ ਵੀ ਸਹੀ ਤੌਰ ਤ ਪਹਿਚਾਣ ਨਹੀਂ ਸਕਦਾ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਪਚਾਸੀ ਚਰਿਤ੍ਰ ਸਮਾਪਤ੍ਰਮ ਸਤੁ ਸੁਭਮ ਸਤੁ॥੩੮੫॥੬੯੧੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪਚਾਸੀਵੀਂ ਕਥਾ ਸਮਾਪਤ॥੩੮੫॥੬੯੧੮॥ਚਲਦਾ॥

## ਚਲਿੱਤਰ ਤਿੰਨ ਸੌ ਛਿਆਸੀਵਾਂ
## ਕਥਾ ਦਿਨ ਦੀਪਕ ਦੇਵੀ

**ਚੌਪਈ॥ ਬੀਰ ਕੇਤੁ ਇਕ ਭੂਪ ਭਨਿੱਜੈ॥ ਬੀਰ ਪੁਰੀ ਤਿਹ ਨਗਰ ਕਹਿੱਜੈ॥**
**ਸ੍ਰੀ ਦਿਨ ਦੀਪਕ ਦੇ ਤਿਹ ਰਾਨੀ॥ ਸੁੰਦਰਿ ਭਵਨ ਚਤੁਰ ਦਸ ਜਾਨੀ॥੧॥**

ਬੀਰ ਕੇਤ ਨਾਮੀਂ ਇਕ ਰਾਜਾ ਸੀ ਜਿਸ ਦੀ ਨਗਰੀ ਦਾ ਨਾਂ ਬੀਰ ਪੁਰੀ ਸੀ। ਦਿਨ ਦੀਪਕ ਦੇਵੀ ਉਸ ਦੀ ਰਾਣੀ ਸੀ ਜਿਹੜੀ ਚੌਦਾਂ ਭਵਨਾਂ ਵਿਚ ਸੁੰਦਰ ਮੰਨੀ ਜਾਂਦੀ ਸੀ॥੧॥

**ਰਾਇ ਗੁਮਾਨੀ ਤਹ ਇਕ ਛੱਤ੍ਰੀ॥ ਸੂਰਬੀਰ ਬਲਵਾਨ ਧਰੱਤ੍ਰੀ॥**
**ਇਕ ਸੁੰਦਰ ਅਰ ਚਤੁਰਾ ਮਹਾਂ॥ ਜਿਹ ਸਮ ਉਪਜਾ ਕੋਈ ਨ ਕਹਾਂ॥੨॥**

ਪਦ ਅਰਥ - ਛੱਤ੍ਰੀ=ਖ਼ੱਤਰੀ। ਧਰੱਤ੍ਰੀ=ਧੀਰਜਵਾਨ।

ਗੁਮਾਨੀ ਰਾਏ ਨਾਮੀਂ ਉਥੇ ਇਕ ਖ਼ੱਤਰੀ ਸੀ ਜਿਹੜਾ ਕਿ ਸੂਰਬੀਰ, ਬਲਵਾਨ ਅਤੇ ਧੀਰਜਵਾਨ ਸੀ। ਉਹ ਅਤਿ ਸੁੰਦਰ ਅਤੇ ਚੱਤਰ ਸੀ, ਉਸ ਵਰਗਾ ਵਿਧਾਤਾ ਨੇ ਹੋਰ ਕੋਈ ਪੈਦਾ ਹੀ ਨਹੀਂ ਕੀਤਾ ਸੀ॥੨॥

Namdhari Elibrary NamdhariElibrary@gmail.com

**ਰਾਜ ਤਰੁਨਿ ਜਬ ਤਾਹਿ ਨਿਹਾਰਯੋ।। ਇਹੈ ਚੰਚਲਾ ਚਿੱਤ ਬਿਚਾਰਯੋ।।**
**ਕਹੋ ਚਰਿੱਤ੍ਰ ਕਵਨ ਸੋ ਕੀਜੈ।। ਜਿਹ ਬਿਧਿ ਪਿਯ ਸੌ ਭੋਗ ਕਰੀਜੈ।। ੩।।**

ਪਦ ਅਰਥ - ਨਿਹਾਰਯੋ=ਵੇਖਿਆ। ਚੰਚਲਾ=ਔਰਤ। ਜਿਹ ਬਿਧਿ=ਜਿਸ ਵਿਧੀ ਨਾਲ।

ਰਾਣੀ ਨੇ ਜਦ ਉਸ ਨੂੰ ਵੇਖਿਆ ਤਾਂ ਮਨ ਵਿਚ ਸੋਚਿਆ ਕਿ ਕੀ ਚਲਿੱਤਰ ਕੀਤਾ ਜਾਵੇ ਜਿਸ ਨਾਲ ਕਿ ਇਸ ਨਾਲ ਭੋਗ ਬਿਲਾਸ ਕੀਤਾ ਜਾ ਸਕੇ।।੩।।

**ਬੀਰ ਮਤੀ ਇਕ ਸਖੀ ਸਯਾਨੀ।। ਕਾਨਿ ਲਾਗਿ ਭਾਖਯੋ ਤਿਹ ਰਾਨੀ।।**
**ਰਾਇ ਗੁਮਾਨੀ ਕੌ ਲੈ ਆਇ।। ਜਿਹ ਤਿਹ ਬਿਧਿ ਮੁਹਿ ਦੇਹੁ ਮਿਲਾਇ।। ੪।।**

ਉਸ ਦੀ ਇਕ ਬੀਰ ਮਤੀ ਨਾਮੀਂ ਬਹੁਤ ਸਿਆਣੀ ਸਖੀ ਸੀ, ਰਾਣੀ ਨੇ ਉਸ ਨੂੰ ਬੁਲਾਇਆ ਅਤੇ ਉਸ ਨੂੰ ਕੰਨ ਵਿਚ ਸਮਝਾਇਆ ਕਿ ਕਿਸੇ ਤਰ੍ਹਾਂ ਗੁਮਾਨੀ ਰਾਏ ਨੂੰ ਲੈ ਕੇ ਆਵੇ ਅਤੇ ਜਿਵੇਂ ਕਿਵੇਂ ਉਸ ਨਾਲ ਮਿਲਾ ਦੇਵੇ।।੪।।

**ਸਖੀ ਬ੍ਰਿਥਾ ਸਭ ਭਾਖਿ ਸੁਨਾਈ।। ਜਜੌਂ ਰਾਨੀ ਕਹਿ ਤਾਹਿ ਸੁਨਾਈ।।**
**ਜਿਹ ਤਿਹ ਬਿਧਿ ਤਾਕਹ ਉਰਝਾਈ।। ਆਨਿ ਕੁਅਰ ਕੌ ਦਯੋ ਮਿਲਾਈ।। ੫।।**

ਉਸ ਸਖੀ ਨੇ ਗੁਮਾਨੀ ਰਾਏ ਨੂੰ ਸਾਰੀ ਵਿਥਿਆ ਸੁਣਾਈ ਜਿਹੜੀ ਕਿ ਰਾਣੀ ਨੇ ਉਸ ਨੂੰ ਸਮਝਾਈ ਸੀ। ਅਖੀਰ ਉਸ ਉਸ ਨੂੰ ਉਲਝਾ ਲਿਆ ਅਤੇ ਉਸ ਨੂੰ ਲਿਆ ਕੇ ਰਾਣੀ ਨੂੰ ਮਿਲਾ ਦਿੱਤਾ।।੫।।

**ਭਾਂਤਿ ਭਾਂਤਿ ਤਿਹ ਸਾਥ ਬਿਹਾਰੀ।। ਭੋਗ ਕਰਤ ਬੀਤੀ ਨਿਸੁ ਸਾਰੀ।।**
**ਤਬ ਲਗਿ ਆਇ ਗਯੋ ਤਹ ਰਾਜਾ।। ਇਹ ਬਿਧਿ ਚਰਿਤ ਚੰਚਲਾ ਸਾਜਾ।। ੬।।**

ਰਾਣੀ ਨੇ ਭਿੰਨ ਭਿੰਨ ਪ੍ਰਕਾਰ ਉਸ ਨਾਲ ਰਮਣ ਕੀਤਾ ਅਤੇ ਭੋਗ ਕਰਦਿਆ ਸਾਰੀ ਰਾਤ ਬੀਤ ਗਈ। ਤਦ ਤਕ ਰਾਜੇ ਆ ਦਰਵਾਜ਼ਾ ਖਟਖਟਾਇਆ ਤਾਂ ਉਸ ਚੰਚਲ ਰਾਣੀ ਨੇ ਇਸ ਤਰ੍ਹਾਂ ਚਲਿੱਤਰ ਕੀਤਾ।।੬।।

**ਤੀਛਨ ਖੜਗ ਹਾਥ ਮਹਿ ਲਯੋ।। ਲੈ ਮਿੱਤਹਿ ਕੇ ਸਿਰ ਮਹਿ ਦਯੋ।।**
**ਟੂਕ ਟੂਕ ਕਰਿ ਤਾਕੇ ਅੰਗਾ।। ਬਚਨ ਕਹਾ ਰਾਜਾ ਕੇ ਸੰਗਾ।। ੭।।**

ਪਦ ਅਰਥ - ਤੀਛਨ ਖੜਕ=ਤਿੱਖੀ ਤਲਵਾਰ। ਮਿੱਤਹਿ=ਮਿੱਤਰ ਦੇ।

ਉਸ ਇਕ ਤਿੱਖੀ ਤਲਵਾਰ ਆਪਣੇ ਹੱਥ ਵਿਚ ਲਈ ਅਤੇ ਆਪਣੇ ਮਿੱਤਰ ਦਾ ਸਿਰ ਲਾਹ ਦਿੱਤਾ। ਉਸ ਦੇ ਅੰਗਾਂ ਦੇ ਟੁਕੜੇ ਟੁਕੜੇ ਕਰ ਕੇ, ਉਸ ਰਾਜੇ ਨੂੰ ਕਿਹਾ।।੭।।

Namdhari Elibrary NamdhariElibrary@gmail.com

**ਚਲੋ ਭੂਪ ਇਕ ਚਰਿਤ ਦਿਖਾਊਂ॥ ਗੌਸ ਮਰਾਤਿਬ ਤੁਮੈਂ ਲਖਾਊਂ॥**
**ਰਾਇ ਚਰਿਤ ਕਛਹੂੰ ਨ ਬਿਚਾਰਜੋ॥ ਮ੍ਰਿਤਕ ਪਰਾ ਤਿਹ ਮਿਤ੍ਰ ਨਿਹਾਰਜੋ॥੮॥**

ਪਦ ਅਰਥ – ਗੌਸ ਮਰਾਤਬ=ਮੁਸਲਮਾਨਾਂ ਵਿਚ ਇਕ ਵਿਸ਼ਵਾਸ਼ ਹੈ ਕਿ ਗੌਸ ਸੰਪਰਦਾਇ ਦੇ ਫਕੀਰ ਜਦ ਭਗਤੀ ਵਿਚ ਲੀਨ ਹੁੰਦੇ ਹਨ ਤਾਂ ਆਪਣੇ ਅੰਗ ਵੱਖ ਵੱਖ ਕਰ ਕੇ ਖਿਲਾਰ ਦਿੰਦੇ ਹਨ। ਆਪਣੇ ਮਿੱਤਰ ਦੇ ਅੰਗ ਅੰਗ ਵੱਖ ਵੱਖ ਕਰਕੇ ਉਸ ਇਸਤਰੀ ਨੇ ਆਪਣੇ ਪਤੀ ਨੂੰ ਕਿਹਾ ਕਿ ਤੁਹਾਨੂੰ ਇਕ ਗੌਸ ਪੀਰ ਦੇ ਵੱਖ ਵੱਖ ਅੰਗ ਵਖਾਉਂਦੀ ਹਾਂ। ਚਰਿਤ=ਚਲਿੱਤਰ। ਮ੍ਰਿਤਕ=ਮੁਰਦਾ।

ਉਹ ਕਹਿਣ ਲੱਗੀ ਹੇ ਰਾਜਨ ! ਚਲੋ ਤੁਹਾਨੂੰ ਇਕ ਚਲਿੱਤਰ ਵਿਖਾਵਾਂ ਅਤੇ ਤੁਹਾਨੂੰ ਗੌਸ ਮਰਾਤਬ ਪੀਰ ਵਿਖਾਵਾਂ। ਰਾਜਾ ਚਲਿੱਤਰ ਨੂੰ ਨਹੀਂ ਸਮਝਿਆ ਅਤੇ ਉਥੇ ਪਏ ਮੁਰਦਾ ਮਿਤੱਰ ਨੂੰ ਵੇਖਿਆ॥੮॥

**ਤਾਕੌ ਗੌਸ ਕੁਤੁਬ ਕਰਿ ਮਾਨਾ॥ ਭੇਦ ਅਭੇਦ ਨ ਮੂੜ ਪਛਾਨਾ॥**
**ਤ੍ਰਸਤ ਹਾਥ ਤਾਕੌ ਨ ਲਗਾਯੋ॥ ਪੀਰ ਪਛਾਨਿ ਜਾਰ ਫਿਰ ਆਯੋ॥ ੯॥**

ਪਦ ਅਰਥ – ਤਾਕੌ ਗੌਸ ਕੁਤੁਬ ਕਰਿ ਮਾਨਾ=ਉਹ ਸੱਚ ਮੁੱਚ ਹੀ ਉਸ ਨੂੰ ਗੌਸ ਕੁਤਬ ਪੀਰ ਮੰਨ ਗਿਆ।

ਉਸ ਉਸ ਨੂੰ ਗੌਸ ਮਰਾਤਬ ਸਮਝਿਆ ਅਤੇ ਭੇਤ-ਅਭੇਤ ਕੁਝ ਨਹੀਂ ਸਮਝ ਸਕਿਆ। ਡਰਦੇ ਮਾਰੇ ਉਸ ਨੂੰ ਹੱਥ ਨਹੀਂ ਲਾਇਆ ਤੇ ਉਸ ਨੂੰ ਪੀਰ ਹੀ ਸਮਝ ਲਿਆ॥੯॥

**ਦੋਹਰਾ॥ ਪ੍ਰਥਮ ਭੋਗ ਤਾਸੌ ਕਿਯਾ ਬਹੁਰੋ ਦਿਯਾ ਸੰਘਾਰਿ॥**
**ਮੂੜ੍ਹ ਭੂਪ ਇਹ ਛਲ ਛਲਾ ਸਕਾ ਨ ਭੇਦ ਬਿਚਾਰ॥ ੧੦॥ ੧॥**

ਪਹਿਲਾਂ ਉਸ ਨਾਲ ਭੋਗ ਕੀਤਾ, ਫਿਰ ਉਸ ਨੂੰ ਮਾਰ ਦਿੱਤਾ। ਰਾਜ਼ੇ ਮੂਰਖ ਨੂੰ ਇਸ ਪ੍ਰਕਾਰ ਛਲਿਆ ਅਤੇ ਉਹ ਭੇਤ ਨ ਪਹਿਚਾਣ ਸਕਿਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਆਸੀ ਚਰਿਤ੍ਰ ਸਮਾਪਤ੍ਰਮ ਸਤੁ ਸੁਭਮ ਸਤੁ॥੩੮੬॥੬੯੨੮॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛਿਆਸੀਵੀਂ ਕਥਾ ਸਮਾਪਤ॥੩੮੬॥ ੬੯੨੮॥ ਚਲਦਾ॥

Namdhari Elibrary NamdhariElibrary@gmail.com

## ਚਲਿੱਤਰ ਤਿੰਨ ਸੌ ਸਤਾਸੀਵਾਂ

## ਕਥਾ ਜਗਮੋਹਨ ਦੇਵੀ

**ਚੌਪਈ।। ਮਾਰਵਾਰ ਇਕ ਭੂਪ ਭਨਿੱਜੈ।। ਚੰਦ੍ਰ ਸੈਨ ਤਿਹ ਨਾਮ ਕਹਿੱਜੈ।।**
**ਸ੍ਰੀ ਜਗ ਮੋਹਨ ਦੇ ਤਿਹ ਨਾਰਿ।। ਘੜੀ ਆਪੁ ਜਨੁ ਬ੍ਰਹਮ ਸੁਨਾਰ।। ੧।।**

ਮਾਰਵਾੜ ਵਿਚ ਇਕ ਰਾਜਾ ਰਹਿੰਦਾ ਸੀ ਜਿਸਦਾ ਨਾਂ ਚੰਦਰ ਸੈਨ ਸੀ। ਜਗਮੋਹਨ ਦੇਵੀ ਉਸ ਦੀ ਇਸਤਰੀ ਸੀ, ਜਿਸ ਨੂੰ ਮਾਨੋਂ ਬ੍ਰਹਮਾ ਰੂਪੀ ਸੁਨਿਆਰੇ ਨੇ ਖੁਦ ਘੜਿਆ ਸੀ।।੧।।

**ਚੰਦ੍ਰਵਤੀ ਇਹ ਪੁਰੀ ਬਿਰਾਜੈ।। ਨਾਗ ਲੋਕ ਜਾਕੌ ਲਖਿ ਲਾਜੈ।।**
**ਹੋਡ ਪਰੀ ਇਕ ਦਿਨ ਤਿਨ ਮਾਂਹ।। ਬਚਨ ਕਹਾ ਤ੍ਰਿਯ ਸੌ ਨਰ ਨਾਂਹ।। ੨।।**

ਪਦ ਅਰਥ - ਹੋਡ ਪਰੀ=ਸ਼ਰਤ ਲੱਗ ਗਈ। ਨਾਂਹ=ਪਤੀ, ਰਾਜਾ।

ਉਸ ਨਗਰੀ ਦਾ ਨਾਂ ਚੰਦਰਵਤੀ ਸੀ ਜਿਸ ਦੇ ਮੁਕਾਬਲੇ ਵਿਚ ਨਾਗ ਲੋਕ ਵੀ ਕੁਝ ਨਹੀਂ ਸੀ। ਇਕ ਦਿਨ ਉਨ੍ਹਾਂ ਦੋਹਾਂ ਵਿਚ ਸ਼ਰਤ ਲੱਗ ਗਈ, ਰਾਜੇ ਨੇ ਰਾਣੀ ਨੂੰ ਕਿਹਾ।।੨।।

**ਐਸੀ ਕਵਨ ਜਗਤ ਮੈ ਨਾਰੀ।। ਕਾਨ ਨ ਸੁਨੀ ਨ ਨੈਨ ਨਿਹਾਰੀ।।**
**ਪਤਿਹਿ ਢੋਲ ਕੀ ਢਮਕ ਸੁਨਾਵੈ।। ਬਹੁਰਿ ਜਾਰ ਸੌ ਭੋਗ ਕਮਾਵੈ।। ੩।।**

ਪਦ ਅਰਥ - ਕਾਨ ਨ ਸੁਨੀ ਨ ਨੈਨ ਨਿਹਾਰੀ=ਜਿਹੜੀ ਕੰਨ ਨਾਲ ਸੁਣੀ ਨਹੀਂ ਅਤੇ ਅੱਖਾਂ ਨਾਲ ਵੇਖੀ ਨਹੀਂ।

ਸੰਸਾਰ ਵਿਚ ਐਸੀ ਕੌਣ ਔਰਤ ਹੈ ਜਿਸ ਨੂੰ ਨ ਵੇਖਿਆ ਹੋਵੇ ਅਤੇ ਨ ਸੁਣਿਆ ਹੋਵੇ, ਜਿਹੜੀ ਪਤੀ ਨੂੰ ਢੋਲ ਢਮੱਕਾ ਸੁਣਾ ਕੇ ਖੁਸ਼ ਵੀ ਕਰਦੀ ਹੋਵੇ ਅਤੇ ਫਿਰ ਆਪਣੇ ਪ੍ਰੇਮੀ ਨਾਲ ਰਮਣ ਵੀ ਕਰਦੀ ਹੋਵੇ।।੩।।

**ਕੇਤਕ ਦਿਨ ਬੀਤਤ ਜਬ ਭਏ।। ਤ੍ਰਿਯ ਕੌ ਬਚ ਸਿਮਰਨ ਹ੍ਵੈ ਗਏ।।**
**ਅਸਚਰਿੱਤ੍ਰ ਕਰਿ ਪਤਿਹਿ ਦਿਖਾਊਂ।। ਭਜੌ ਜਾਰ ਅਰ ਢੋਲ ਬਜਾਊਂ।। ੪।।**

ਜਦ ਕਾਫੀ ਸਮਾਂ ਬੀਤ ਗਿਆ ਤਦ ਵੀ ਉਸ ਇਸਤਰੀ ਨੂੰ ਰਾਜੇ ਦੀ ਗੱਲ ਯਾਦ ਰਹੀ। ਉਸ ਸੋਚਿਆ ਕਿ ਪਤੀ ਨੂੰ ਐਸਾ ਚਲਿੱਤਰ ਵਿਖਾਵਾਂ ਕਿ ਢੋਲ ਵੀ ਵਜਾਵਾਂ ਅਤੇ ਯਾਰ ਨਾਲ ਰਮਣ ਵੀ ਕਰਾਂ।।੪।।

**ਤਬ ਤੇ ਇਹੈ ਟੇਵ ਤਿਨ ਡਾਰੀ।। ਔਰਨ ਤ੍ਰਿਯ ਸੌ ਪ੍ਰਗਟ ਉਚਾਰੀ।।**

ਮੈਂ ਧਰਿ ਸੀਸ ਪਾਨਿ ਕੋ ਸਾਜਾ॥ ਭਰਿ ਲਜੈਹੌ ਜਲ ਨ੍ਰਿਪ ਕੇ ਕਾਜਾ॥੫॥

ਉਸ ਦਿਨ ਤੋਂ ਉਸ ਇਹ ਆਦਤ ਬਣਾ ਲਈ ਅਤੇ ਦੂਸਰੀਆਂ ਇਸਤਰੀਆਂ ਨੂੰ ਵੀ ਦਸਿਆ ਕਿ ਉਹ ਸਿਰ ਤੇ ਬਰਤਨ ਰੱਖ ਕੇ ਰਾਜੇ ਵਾਸਤੇ ਪਾਣੀ ਭਰ ਕੇ ਲਿਆਵੇਗੀ॥੫॥

ਬਚਨ ਸੁਨਤ ਰਾਜਾ ਹਰਖਾਨੋ॥ ਤਾਕੌ ਅਤਿ ਪਤਿਬ੍ਰਤਾ ਜਾਨੋ॥
ਨਿਜੁ ਸਿਰ ਕੈ ਰਾਨੀ ਘਟ ਲਜਾਵੈ॥ ਆਨਿ ਪਾਨਿ ਪੁਨਿ ਮੁਝੈ ਪਿਲਾਵੈ॥੬॥

ਪਦ ਅਰਥ - ਰਾਜਾ ਹਰਖਾਨੋ=ਰਾਜਾ ਖੁਸ਼ ਹੋਇਆ। ਪਤਿਬ੍ਰਤਾ ਜਾਨੋ=ਪਤੀਬਰਤਾ ਮੰਨਿਆ।

ਇਹ ਗੱਲ ਸੁਣ ਕੇ ਰਾਜਾ ਬਹੁਤ ਖੁਸ਼ ਹੋਇਆ ਅਤੇ ਆਪਣੀ ਇਸਤਰੀ ਨੂੰ ਪਤੀਬਰਤਾ ਮੰਨਣ ਲੱਗਾ। ਉਹ ਸੋਚਣ ਲੱਗਾ ਕਿ ਰਾਣੀ ਸਿਰ ਤੇ ਘੜਾ ਚੁੱਕ ਕੇ ਲਿਆਉਂਦੀ ਹੈ ਅਤੇ ਫਿਰ ਆ ਕੇ ਮੈਨੂੰ ਪਾਣੀ ਪਿਆਉਂਦੀ ਹੈ॥੬॥

ਇਕ ਦਿਨ ਤ੍ਰਿਯ ਪਿਯ ਸੋਤ ਜਗਾਈ॥ ਲੈ ਘਟ ਕੌ ਕਰ ਚਲੀ ਬਨਾਈ॥
ਜਬ ਤੁਮ ਢੋਲ ਢਮਕ ਸੁਨਿ ਲੀਜੋ॥ ਤਬ ਇਮਿ ਕਾਜ ਰਾਜ ਤੁਮ ਕੀਜੋ॥੭॥

ਇਕ ਦਿਨ ਇਸਤਰੀ ਨੇ ਅਪਣੇ ਪਤੀ ਨੂੰ ਸੁਤੇ ਪਏ ਨੂੰ ਜਗਾਇਆ ਅਤੇ ਘੜਾ ਹੱਥ ਵਿਚ ਲੈ ਕੇ ਚਲ ਪਈ। ਉਹ ਕਹਿਣ ਲੱਗੀ, "ਹੇ ਰਾਜਨ ! ਜਦ ਤੁਸੀ ਢੋਲ ਦੀ ਢਮਕ ਦੀ ਅਵਾਜ਼ ਸੁਣ ਲੈਣਾ ਤਾਂ ਇਸ ਤਰ੍ਹਾਂ ਕਰਨਾਂ॥੭॥

ਪ੍ਰਥਮ ਸੁਨਜੋ ਸਭ ਢੋਲ ਬਜਾਯੋ॥ ਜਨਿਯਹੁ ਰਾਨੀ ਡੋਲ ਧਸਾਯੋ॥
ਦੁਤਿਯ ਢਮਾਕ ਸੁਨੋ ਜਬ ਗਾਢਾ॥ ਜਨਿਯਹੁ ਤਰੁਨਿ ਕੂਪ ਤੇ ਕਾਢਾ॥੮॥

ਪਦ ਅਰਥ - ਡੋਲ ਧਸਾਯੋ=ਡੋਲ ਖੂਹ ਵਿਚ ਸੁਟਿਆ ਜਾਂ ਲਮਕਾਇਆ। ਕੂਪ ਤੇ ਕਾਢਾ=ਖੂਹ ਵਿਚੋਂ ਕੱਢ ਲਿਆ ਹੈ।

ਤੁਸੀਂ ਜਦ ਪਹਿਲੀ ਢਮਕ ਦੀ ਆਵਾਜ਼ ਸੁਣੋਂਗੇ ਤਾਂ ਸਮਝਣਾ ਰਾਣੀ ਨੇ ਡੋਲ ਖੂਹ ਵਿਚ ਪਾ ਦਿੱਤਾ ਹੈ ਅਤੇ ਜਦ ਢਮਕ ਦੀ ਦੂਸਰੀ ਆਵਾਜ਼ ਸੁਣੋ ਤਾਂ ਇਹ ਸਮਝਣਾ ਰਾਣੀ ਨੇ ਡੋਲ ਖੂਹ ਵਿਚੋਂ ਬਾਹਰ ਕੱਢ ਲਿਆ ਹੈ॥੮॥

ਤਹਿਕ ਲਹੌਰੀ ਰਾਇ ਭਨਿੱਜੈ॥ ਜਾ ਸੰਗ ਤ੍ਰਿਯ ਕੋ ਹੇਤੁ ਕਹਿਜੈ॥
ਲਯੋ ਤਿਸੀ ਕੋ ਤੁਰਤੁ ਮੰਗਾਇ॥ ਭੋਗ ਕਿਯਾ ਅਤਿ ਰੁਚਿ ਉਪਜਾਇ॥੯॥

ਉਥੇ ਇਕ ਲਾਹੌਰੀ ਰਾਏ ਨਾਮੀਂ ਵਿਅਕਤੀ ਰਹਿੰਦਾ ਸੀ ਜਿਸ ਨਾਲ ਰਾਣੀ ਦਾ ਬਹੁਤ ਪ੍ਰੇਮ ਸੀ, ਰਾਣੀ ਨੇ ਉਸ ਨੂੰ ਬੁਲਾਇਆ ਤੇ ਉਸ ਨਾਲ ਰੁਚੀ ਪੂਰਬਕ ਭੋਗ ਕੀਤਾ॥੯॥

Namdhari Elibrary NamdhariElibrary@gmail.com

**ਪ੍ਰਥਮਜਾਰ ਜਬ ਧਕਾ ਲਗਾਯੋ॥ ਤਬ ਰਾਨੀ ਲੇ ਢੋਲ ਬਜਾਯੋ॥**
**ਜਬ ਤਿਹ ਲਿੰਗ ਸੁ ਭਗ ਤੇ ਕਾਢਾ॥ ਦਿਯ ਤਿਯ ਢੋਲ ਢਮਾਕਾ ਗਾਢਾ॥੧੦॥**

ਯਾਰ ਨੇ ਜਦ ਪਹਿਲਾ ਧੱਕਾ ਲਾਇਆ ਤਾਂ ਰਾਣੀ ਨੇ ਢੋਲ ਤੇ ਡੱਗਾ ਲਾਇਆ, ਯਾਰ ਨੇ ਜਦ ਲਿੰਗ ਬਾਹਰ ਕੱਢ ਲਿਆ ਤਾਂ ਰਾਣੀ ਨੇ ਢੋਲ ਤੇ ਦੂਜਾ ਡੱਗਾ ਲਾਇਆ॥੧੦॥

**ਤਬ ਰਾਜੈ ਇਹ ਭਾਂਤਿ ਬਿਚਾਰੀ॥ ਡੋਰਿ ਕੂਪ ਤੇ ਨਾਰਿ ਨਿਕਾਰੀ॥**
**ਤਿਨ ਤ੍ਰਿਯ ਭੋਗ ਜਾਰ ਸੌ ਕੀਨਾ॥ ਰਾਜਾ ਸੁਨਤ ਦਮਾਮੋ ਦੀਨਾ॥੧੧॥**

ਤਦ ਰਾਜੇ ਨੇ ਸੋਚਿਆ ਕਿ ਰਾਣੀ ਨੇ ਖੂਹ ਵਿਚੋਂ ਡੋਲ ਹੁਣ ਬਾਹਰ ਕੱਢ ਲਿਆ ਹੈ। ਉਸ ਇਸਤਰੀ ਨੇ ਆਪਣੇ ਯਾਰ ਨਾਲ ਭੋਗ ਵੀ ਕੀਤਾ ਅਤੇ ਰਾਜੇ ਦੇ ਸੁਣਨ ਵਾਸਤੇ ਢੋਲ ਵੀ ਵਜਾ ਦਿੱਤਾ॥੧੧॥

**ਪ੍ਰਥਮ ਜਾਰ ਸੌ ਭੋਗ ਕਮਾਯੋ॥ ਬਹੁਰੋ ਢੋਲ ਢਮਾਕ ਸੁਨਾਯੋ॥**
**ਭੂਪ ਕ੍ਰਿਯਾ ਕਬਹੂੰ ਨ ਬਿਚਾਰੀ॥ ਕਹਾ ਚਰਿੱਤ੍ਰ ਕਿਯਾ ਇਮ ਨਾਰੀ॥੧੨॥੧॥**

ਰਾਜਾ ਇਸ ਕਿਰਿਆ ਨੂੰ ਰਤਾ ਵੀ ਸਮਝ ਨ ਸਕਿਆ ਕਿ ਉਸ ਦੀ ਇਸਤਰੀ ਨੇ ਕੀ ਚਲਿੱਤਰ ਖੇਡਿਆ ਹੈ॥੧੨॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੮੭॥੬੯੪੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਾਸੀਵੀਂ ਕਥਾ ਸਮਾਪਤ॥੩੮੭॥੬੯੪੦॥ਚਲਦਾ॥

## ਚਲਿੱਤਰ ਤਿੰਨ ਸੌ ਅਠਾਸੀਵਾਂ

## ਕਥਾ ਮਦ ਮੋਕਲ ਦੇਵੀ

**ਚੌਪਈ॥ ਸਿੰਘ ਨਰਿੰਦ੍ਰ ਭੂਪ ਇਕ ਨ੍ਰਿਪ ਬਰ॥ ਨ੍ਰਿਪ ਬਰ ਵਤੀ ਨਗਰ ਜਾਕੋ ਘਰ॥**
**ਸ੍ਰੀ ਮਦ ਮੋਕਲ ਦੇ ਤਿਹ ਨਾਰੀ॥ ਬਿਧਿ ਸੁਨਾਰ ਸਾਂਚੇ ਜਨੁ ਢਾਰੀ॥ ੧॥**

ਨਰਿੰਦਰ ਸਿੰਘ ਇਕ ਚੰਗਾ ਰਾਜਾ ਸੀ, ਉਹ ਨਿਰਪਬਰ ਵਤੀ ਨਗਰੀ ਵਿਚ ਰਹਿੰਦਾ ਸੀ। ਮਦ ਮੋਕਲ ਦੇਵੀ ਉਸ ਦੀ ਇਸਤਰੀ ਸੀ ਜਿਸ ਨੂੰ ਵਿਧਾਤਾ ਰੂਪੀ ਸੁਨਿਆਰੇ ਨੇ ਜਿਵੇਂ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਇਆ ਹੋਵੇ॥੧॥

**ਦੇਹ ਕੁਰੂਪ ਭੂਪ ਕੌ ਭਾਰਾ॥ ਨਿਜੁ ਤ੍ਰਿਯ ਸਾਥ ਨ ਰਾਖਤ ਪਜਾਰਾ॥**

*****************************************************************

**ਰੈਨਿ ਦਿਵਸ ਜੋਗਿਯਨ ਬੁਲਾਵੈ॥ ਜੋਗ ਸਾਧਨਾ ਚਹੈ ਕਿ ਆਵੈ॥ ੨॥**

ਭਾਰੇ ਸਰੀਰ ਵਾਲਾ ਰਾਜਾ ਬਹੁਤ ਕਰੂਪ ਸੀ ਅਤੇ ਉਹ ਆਪਣੀ ਇਸਤਰੀ ਨਾਲ ਪ੍ਰੇਮ ਨਹੀਂ ਕਰਦਾ ਸੀ। ਰਾਤ ਦਿਨ ਉਹ ਜੋਗੀਆਂ ਨੂੰ ਬੁਲਾਉਂਦਾ ਅਤੇ ਚਾਹੁੰਦਾ ਸੀ ਕਿ ਉਸ ਨੂੰ ਵੀ ਜੋਗ ਸਾਧਣਾ ਆ ਜਾਵੇ॥੨॥

**ਯਾਤੇ ਨਾਰਿ ਅਧਿਕ ਰਿਸਿ ਠਾਨੀ॥ ਸੁਨਤ ਜੋਗਿਯਨ ਕੀ ਅਸਿਬਾਨੀ॥**
**ਐਸਾ ਕਛੂ ਉਪਾਇ ਬਨਾਊਂ॥ ਭੂਪਤਿ ਸਹਿਤ ਆਜੁ ਇਨ ਘਾਊਂ॥ ੩॥**

ਜੋਗੀਆਂ ਦੀ ਚਰਚਾ ਸੁਣਕੇ ਰਾਣੀ ਬਹੁਤ ਗੁੱਸੇ ਵਿਚ ਆਈ ਅਤੇ ਉਸ ਸੋਚਿਆ ਕਿ ਕੋਈ ਐਸਾ ਉਪਾਅ ਕੀਤਾ ਜਾਵੇ ਜਿਸ ਨਾਲ ਰਾਜੇ ਸਮੇਤ ਇਨ੍ਹਾਂ ਸਾਰਿਆਂ ਨੂੰ ਅੱਜ ਹੀ ਮਾਰ ਦੇਵਾਂ॥੩॥

**ਦੇਉਂ ਆਪਨੋ ਮਿੱਤ੍ਰਹਿ ਰਾਜਾ॥ ਜੋਗੀ ਹਨੌ ਭੂਪ ਜੁਤ ਆਜਾ॥**
**ਸਕਲ ਪ੍ਰਜਹਿ ਇਨ ਮਾਰਿ ਦਿਖਾਊਂ॥ ਮਿੱਤ੍ਰ ਸੀਸ ਪਰ ਛੱਤ੍ਰ ਫਿਰਾਊਂ॥ ੪॥**

ਮੈਂ ਆਪਣੇ ਮਿੱਤਰ ਨੂੰ ਰਾਜ ਦੇ ਦਵਾਂਗੀ ਅਤੇ ਰਾਜੇ ਨੂੰ ਜੋਗੀਆਂ ਸਮੇਤ ਮਾਰ ਦੇਵਾਂਗੀ। ਇਨ੍ਹਾਂ ਨੂੰ ਮਾਰ ਕੇ ਸਾਰੀ ਪਰਜਾ ਨੂੰ ਵਖਾਵਾਂਗੀ ਅਤੇ ਮਿੱਤਰ ਦੇ ਸਿਰ ਤੇ ਛੱਤਰ ਝੁਲਾ ਦੇਵਾਂਗੀ॥੪॥

**ਜਬ ਰਾਜਾ ਨਿਸ ਕੌ ਗ੍ਰਿਹਿ ਆਯੋ॥ ਬਹੁਰਿ ਜੋਗਿਯਨ ਬੋਲਿ ਪਠਾਯੋ॥**
**ਤਿਮਿ ਤਿਮਿ ਨਾਰਿ ਫਾਂਸ ਗਰ ਡਾਰਿ॥ ਭੂਪ ਸਹਿਤ ਸਭ ਦਏ ਸੰਘਾਰ॥ ੫॥**

ਰਾਜਾ ਜਦ ਰਾਤ ਨੂੰ ਘਰ ਆਇਆ ਤਾਂ ਉਸ ਜੋਗੀਆਂ ਨੂੰ ਬੁਲਵਾ ਲਿਆ। ਜਿਵੇਂ ਜਿਵੇਂ ਉਹ ਆਉਂਦੇ ਗਏ ਤਿਵੇਂ ਤਿਵੇਂ ਰਾਣੀ ਨੇ ਉਨ੍ਹਾਂ ਦੇ ਗਲ ਵਿਚ ਫਾਸੀ ਪਾ ਕੇ ਰਾਜੇ ਸਮੇਤ ਮਾਰ ਦਿੱਤੇ॥੫॥

**ਭੂਪਤਿ ਮਾਰਿ ਖਾਟ ਤਰ ਪਾਯੋ॥ ਦੁਹੂੰ ਅਤੀਤਨ ਤਰੇ ਡਸਾਯੋ॥**
**ਸਿੰਘਾਸਨ-ਪਰ ਮਿੱਤ੍ਰਹਿ ਰਾਖਾ॥ ਬੋਲਿ ਪ੍ਰਜਾ ਸਭ ਸੋ ਇਮਿ ਭਾਖਾ॥ ੬॥**

ਰਾਜੇ ਨੂੰ ਮਾਰ ਕੇ ਪਲੰਘ ਦੇ ਥੱਲੇ ਸੁੱਟ ਦਿੱਤਾ ਅਤੇ ਦੋਵਾਂ ਜੋਗੀਆਂ ਨੂੰ ਵੀ ਥੱਲੇ ਸੁੱਟ ਦਿੱਤਾ। ਸਿੰਘਾਸਨ ਉਤੇ ਮਿੱਤਰ ਨੂੰ ਬਿਠਾ ਦਿੱਤਾ ਅਤੇ ਸਾਰੀ ਪਰਜਾ ਨੂੰ ਇਸ ਪ੍ਰਕਾਰ ਕਿਹਾ॥੬॥

**ਜਬ ਰਾਜਾ ਨਿਸੁ ਕੌ ਗ੍ਰਿਹਿ ਆਯੋ॥ ਦੁਹੂੰ ਜੋਗਿਯਨ ਨਿਕਟ ਬੁਲਾਯੋ॥**
**ਅਤਭੁਤ ਨਾਗਾ ਤਹਾਂ ਇਕ ਨਿਕਸਾ॥ ਰਾਵਲ ਹੇਰਿ ਤਵਨ ਕੌ ਬਿਗਸਾ॥ ੭॥**

ਰਾਜਾ ਜਦ ਰਾਤ ਨੂੰ ਘਰ ਆਇਆ ਤਾਂ ਉਸ ਦੋਹਾਂ ਜੋਗੀਆਂ ਨੂੰ ਆਪਣੇ ਕੋਲ ਬੁਲਾਇਆ। ਉਥੇ ਇਕ ਵਚਿਤਰ ਨਾਗ ਨਿਕਲਿਆ ਅਤੇ ਜੋਗੀ ਉਸ ਨੂੰ ਵੇਖ ਕੇ ਪ੍ਰਸੰਨ ਹੋ ਗਏ॥੭॥

Namdhari Elibrary NamdhariElibrary@gmail.com

****************************************************

ਸਾਂਪਹਿ ਮਾਰਿ ਤਬੈ ਤਿਨ ਲਿਯੋ।। ਫਰੂਆ ਬੀਚ ਡਾਰਿ ਕਰਿ ਦਿਯੋ।।
ਘੋਟਿ ਭਾਂਗ ਜਿਮਿ ਦੁਹੂੰਅਨ ਪੀਯੋ।। ਅਤਿ ਅਸਥੂਲ ਦੇਹ ਕਹ ਕੀਯੋ।। ੮।।

ਉਨ੍ਹਾਂ ਨਾਗ ਨੂੰ ਮਾਰ ਦਿੱਤਾ ਅਤੇ ਇਕ ਬਰਤਨ ਵਿਚ ਪਾ ਲਿਆ। ਉਹ ਉਸ ਨੂੰ ਭੰਗ ਵਾਂਗ ਘੋਟ ਕੇ ਪੀ ਗਏ ਅਤੇ ਉਨ੍ਹਾਂ ਦਾ ਸਰੀਰ ਇਕ ਦਮ ਮੋਟਾ ਹੋ ਗਿਆ।।੮।।

ਤਾਤੇ ਅਧਿਕ ਫੂਲਿ ਜਬ ਗਏ।। ਕੁੰਜਰ ਸੋ ਧਾਰਤ ਬਪੁ ਭਏ।।
ਦ੍ਵੈ ਘਟਿਕਾ ਬੀਤੀ ਤਬ ਫੂਟੇ।। ਆਵਨ ਜਾਨ ਜਗਤ ਤੇ ਛੂਟੇ।। ੯।।

ਫਿਰ ਉਹ ਹੋਰ ਫੂਲ ਗਏ ਅਤੇ ਉਨ੍ਹਾਂ ਦੇ ਸਰੀਰ ਹਾਥੀ ਦੇ ਬਰਾਬਰ ਹੋ ਗਏ, ਦੋ ਘੜੀਆਂ ਬਾਅਦ ਉਨ੍ਹਾਂ ਦੇ ਸਰੀਰ ਪਾਟ ਗਏ ਅਤੇ ਉਹ ਜਨਮ ਮਰਨ ਤੋਂ ਰਹਿਤ ਹੋ ਗਏ।।੯।।

ਬਰਖ ਬਾਰਹਨ ਕੇ ਹ੍ਵੈ ਗਏ।। ਤਜਾਗਤ ਦੇਹ ਪੁਰਾਤਨ ਭਏ।।
ਸ੍ਵਰਗ ਲੋਕ ਕਹ ਕਿਯਾ ਪਯਾਨ।। ਤਜਾਗਿ ਆਪੁਨੀ ਦੇਹ ਪੁਰਾਨਿ।। ੧੦।।

ਹੁਣ ਉਹ ਬਾਰਾਂ ਸਾਲਾਂ ਦੇ ਹੋ ਗਏ ਸਨ ਅਤੇ ਉਨ੍ਹਾਂ ਆਪਣਾ ਪੁਰਾਣਾ ਸਰੀਰ ਤਿਆਗ ਦਿੱਤਾ ਸੀ, ਆਪਣੇ ਪੁਰਾਣੇ ਸਰੀਰ ਨੂੰ ਤਿਆਗ ਕੇ ਉਹ ਸਵਰਗ ਲੋਕ ਵਿਚ ਚਲੇ ਗਏ।।੧੦।।

ਭੂਪ ਨਿਰਖਿ ਚਕ੍ਰਿਤ ਚਿਤ ਰਹਾ।। ਮੁਹਿ ਸੇਤੀ ਐਸੀ ਬਿਧਿ ਕਹਾ।।
ਹਮ ਤੁਮ ਆਵ ਸਾਂਪ ਦੋਊ ਖਾਂਹਿ।। ਦੇਹ ਧਰੇਂ ਸੁਰਪੁਰ ਕੋ ਜਾਂਹਿ।। ੧੧।।

ਰਾਜਾ ਇਹ ਸਭ ਕੁਝ ਵੇਖ ਕੇ ਹੈਰਾਨ ਰਹਿ ਗਿਆ ਅਤੇ ਮੈਨੂੰ ਇਸ ਤਰ੍ਹਾਂ ਕਹਿਣ ਲੱਗਾ ਕਿ ਆਓ ਅਸੀਂ ਦੋਵੇਂ ਸੱਪ ਨੂੰ ਖਾਈਏ ਅਤੇ ਸਿੱਧੇ ਸਵਰਗ ਵਿਚ ਚਲੇ ਜਾਈਏ।।੧੧।।

ਯੌਂ ਕਹਿਕੈ ਨ੍ਰਿਪ ਸਾਂਪ ਚਬਾਯੋ।। ਮੈਂ ਡਰਤੇ ਨਹਿ ਤਾਹਿ ਹਟਾਯੋ।।
ਥੋਰਾ ਭਖਯੋ ਉਡਾ ਨਹਿ ਗਯੋ।। ਤਾਂਤੇ ਤਨ ਸੁੰਦਰ ਇਹ ਭਯੋ।।੧੨।।

ਇਹ ਕਹਿ ਕੇ ਰਾਜੇ ਨੇ ਸੱਪ ਨੂੰ ਚਬਿਆ ਅਤੇ ਮੈਂ ਡਰਦੀ ਮਾਰੀ ਉਸ ਨੂੰ ਰੋਕ ਨ ਸਕੀ। ਉਸ ਕਿਉਂਕਿ ਸੱਪ ਥੋੜਾ ਖਾਧਾ ਸੀ ਇਸ ਲਈ ਉਸ ਪਾਸੋਂ ਉਡਿਆ ਨ ਗਿਆ, ਪਰ ਉਸ ਦਾ ਤਨ ਸੁੰਦਰ ਹੋ ਗਿਆ।।੧੨।।

ਦੇਹ ਪੁਰਾਤਨ ਤਜਾਗਨ ਕਰੀ।। ਔਖਧ ਬਲ ਨੌਤਨ ਤਨ ਧਰੀ।।
ਦੇਹ ਭੂਪ ਕੀ ਠੌਰ ਜਰਾਵਹੁ।। ਯਾਕੇ ਸਿਰ ਪਰ ਛੱਤ੍ਰ ਫਿਰਾਵਹੁ।। ੧੩।।

ਪੁਰਾਣਾ ਸਰੀਰ ਉਸ ਤਿਆਗ ਦਿੱਤਾ ਅਤੇ ਦਵਾਈ ਦੀ ਤਾਕਤ ਨਾਲ ਉਸ ਨਵਾਂ ਰੂਪ ਧਾਰਨ ਕਰ ਲਿਆ। ਹੁਣ ਰਾਜੇ ਦੇ ਪੁਰਾਣੇ ਸਰੀਰ ਨੂੰ ਸਾੜ ਦੇਵੋ ਅਤੇ ਨਵੇਂ ਸਰੀਰ ਤੇ ਛੱਤਰ

Namdhari Elibrary NamdhariElibrary@gmail.com

*********************************************************************

ਭੁਲਾ ਦੇਵੇ॥੧੩॥

**ਇਹ ਛਲ ਸਾਥ ਜੋਗਿਯਨ ਘਾਯੋ॥ ਭੂਪਤਿ ਕੋ ਸੁਰ ਲੋਕ ਪਠਾਯੋ॥**
**ਸਕਲ ਪ੍ਰਜਾ ਕੋ ਲੋਥਿ ਦਿਖਾਈ॥ ਦੇਸ ਮਿੱਤ੍ਰ ਕੀ ਫੇਰਿ ਦੁਹਾਈ॥੧੪॥**

ਇਸ ਚਲਿੱਤਰ ਨਾਲ ਜੋਗੀਆਂ ਨੂੰ ਮਾਰ ਦਿੱਤਾ ਅਤੇ ਰਾਜੇ ਨੂੰ ਵੀ ਸਵਰਗ ਭੇਜ ਦਿੱਤਾ। ਆਪਣੇ ਮਿੱਤਰ ਦਾ ਦੇਸ਼ ਭਰ ਵਿਚ ਪ੍ਰਚਾਰ ਕੀਤਾ ਅਤੇ ਸਾਰਿਆਂ ਨੂੰ ਰਾਜੇ ਦੀ ਲਾਸ਼ ਵਿਖਾਈ॥੧੪॥

**ਭੇਵ ਪ੍ਰਜਾ ਕਿਨਹੂੰ ਨ ਪਛਾਨਾ॥ ਕਿਹ ਬਿਧਿ ਹਨਾ ਹਮਾਰਾ ਰਾਨਾ॥**
**ਕਿਹ ਛਲ ਸੋ ਜੁਗਿਯਨ ਕੋ ਘਾਯੋ॥ ਮਿੱਤ੍ਰ ਸੀਸ ਪਰ ਛੱਤ੍ਰ ਫਿਰਾਯੋ॥੧੫॥**

ਪਰਜਾ ਵੀ ਇਸ ਰਹਿਸ ਨੂੰ ਸਮਝ ਨ ਸਕੀ ਕਿ ਉਨ੍ਹਾਂ ਦੇ ਰਾਜੇ ਨੂੰ ਕਿਵੇਂ ਮਾਰ ਦਿੱਤਾ ਗਿਆ ਹੈ, ਕਿਸ ਤਰ੍ਹਾਂ ਜੋਗੀਆਂ ਨੂੰ ਮਾਰਿਆ ਗਿਆ ਹੈ ਅਤੇ ਕਿਸ ਤਰ੍ਹਾਂ ਮਿੱਤਰ ਦੇ ਸਿਰ ਤੇ ਛੱਤਰ ਝੁਲਾਇਆ ਗਿਆ ਹੈ॥੧੫॥

**ਦੋਹਰਾ॥ ਗਰਬੀ ਰਾਇ ਸੁ ਮਿੱਤ੍ਰ ਕੋ ਦਿਯਾ ਆਪਨਾ ਰਾਜ॥**
**ਜੋਗਨ ਜੁਤ ਰਾਜਾ ਹਨਾ ਕਿਯਾ ਆਪਨਾ ਕਾਜ॥ ੧੬॥ ੧॥**

ਉਸ ਗਰਬੀ ਰਾਏ ਨਾਮੀਂ ਆਪਣੇ ਯਾਰ ਨੂੰ ਆਪਣਾ ਰਾਜ ਦੇ ਦਿੱਤਾ ਅਤੇ ਜੋਗੀਆਂ ਸਮੇਤ ਰਾਜੇ ਨੂੰ ਮਾਰ ਕੇ ਅਪਣਾ ਕਾਜ ਸਵਾਰ ਲਿਆ॥੧੬॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਸੀ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੮੮॥੬੯੫੬॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਾਸੀਵੀਂ ਕਥਾ ਸਮਾਪਤ॥੩੮੮॥੬੯੫੬॥ਚਲਦਾ॥

## ਚਲਿੱਤਰ ਤਿੰਨ ਸੌ ਉਣਾਨੇਵਾਂ

## ਕਥਾ ਮਕਰਧੁਜ ਦੇਵੀ

**ਚੌਪਈ॥ ਭੂਪ ਸੁਬਾਹੁ ਸੈਨ ਇਕ ਸੁਨਾ॥ ਰੂਪਵਾਨ ਸੁੰਦਰਿ ਬਹੁ ਗੁਨਾ॥**
**ਸ੍ਰੀ ਸੁਬਾਹ ਪੁਰ ਤਾਕੋ ਸੋਹੈ॥ ਜਿਹ ਸਮ ਔਰ ਨਗਰ ਨਹਿ ਕੋ ਹੈ॥ ੧॥**

ਸੁਬਾਹ ਸੈਨ ਇਕ ਗੁਣਵਾਨ ਅਤੇ ਸੁੰਦਰ ਰਾਜਾ ਸੁਣਿਆ ਜਾਂਦਾ ਸੀ। ਉਸ ਦੇ ਨਗਰ ਦਾ ਨਾਂ ਸੁਬਾਹਪੁਰ ਸੀ ਜਿਸ ਵਰਗਾ ਹੋਰ ਕੋਈ ਨਗਰ ਨਹੀਂ ਸੀ॥੧॥

Namdhari Elibrary NamdhariElibrary@gmail.com

ਸ੍ਰੀ ਮਕਰਧੁਜ ਦੇ ਤਿਹ ਰਾਨੀ॥ ਸੁੰਦਰਿ ਦੇਸ ਦੇਸ ਮੌ ਜਾਨੀ॥
ਤਿਹ ਸਮਾਨ ਨਾਰੀ ਨਹਿ ਕੋਊ॥ ਪਾਛੇ ਭਈ ਨ ਆਗੇ ਹੋਊ॥ ੨॥

ਉਸ ਦੀ ਰਾਣੀ ਮਕਰ ਧੁਜ ਦੇਵੀ ਸਾਰੇ ਦੇਸਾਂ ਵਿਚ ਸੁੰਦਰ ਮੰਨੀ ਜਾਂਦੀ ਸੀ। ਉਸ ਵਰਗੀ ਇਸਤਰੀ ਨ ਤਾਂ ਪਹਿਲਾਂ ਕਦੇ ਹੋਈ ਸੀ ਅਤੇ ਨ ਹੀ ਅੱਗੇ ਕਦੀ ਹੋਵੇਗੀ॥੨॥

ਤਿਨ ਦੇਖਾ ਦਿੱਲੀ ਕੋ ਏਸਾ॥ ਇਹ ਬਿਧਿ ਤੇ ਲਿਖਿ ਪਠਜੋ ਸੰਦੇਸਾ॥
ਤੁਮ ਇਹ ਠੌਰ ਆਪੁ ਚੜ੍ਹਿ ਆਵਹੁ॥ ਭੂਪਤਿ ਜੀਤਿ ਮੁਝੈ ਲੈ ਜਾਵਹੁ॥ ੩॥

ਪਦ ਅਰਥ - ਦਿੱਲੀ ਕੋ ਏਸਾ=ਦਿੱਲੀ ਦੇ ਬਾਦਸ਼ਾਹ। ਭੂਪਤਿ ਜੀਤਿ=ਰਾਜੇ ਨੂੰ ਜਿੱਤ ਕੇ।

ਉਸ ਦਿੱਲੀ ਦੇ ਬਾਦਸ਼ਾਹ ਨੂੰ ਵੇਖਿਆ ਤਾਂ ਉਸ ਨੂੰ ਖੁਦ ਚਿੱਠੀ ਲਿਖ ਕੇ ਭੇਜ ਦਿੱਤੀ ਕਿ ਤੁਸੀਂ ਇਸ ਥਾਂ ਤੇ ਖੁਦ ਚੜ੍ਹਾਈ ਕਰੋ ਅਤੇ ਮੈਨੂੰ ਜਿੱਤ ਕੇ ਲੈ ਜਾਵੋ॥੩॥

ਅਕਬਰ ਸੁਨਤ ਬੈਨ ਉਠਿ ਧਯੋ॥ ਪਵਨ ਹੁਤੇ ਆਗੇ ਬਢਿ ਗਯੋ॥
ਸ਼ਾਹ ਸੁਨਾ ਆਯੋ ਨ੍ਰਿਪੁ ਜਬ ਹੀ॥ ਪਤਿ ਸੌ ਬਚਨ ਬਖਾਨ ਤਬ ਹੀ॥ ੪॥

ਅਕਬਰ ਬਾਦਸ਼ਾਹ ਇਹ ਸੁਣ ਕੇ ਹਵਾ ਵਾਂਗ ਉਸ ਪਾਸੇ ਵਲ ਚਲ ਪਿਆ। ਜਦ ਅਕਬਰ ਬਾਦਸ਼ਾਹ ਦੇ ਚੜ੍ਹਕੇ ਆਉਣ ਦੀ ਖਬਰ ਉਸ ਇਸਤਰੀ ਨੂੰ ਮਿਲੀ ਤਾਂ ਉਸ ਆਪਣੇ ਪਤੀ ਰਾਜੇ ਨੂੰ ਕਿਹਾ॥੪॥

ਤੁਮ ਹਜਾਂ ਤੇ ਨ੍ਰਿਪ ਭਾਜਿ ਨ ਜੈਯਹੁ॥ ਰਨ ਸਾਮੁਹਿ ਹ੍ਵੈ ਜੁੱਧ ਮਚੈਯਹੁ॥
ਮੈ ਨ ਤਜੌਂਗੀ ਤੁਮਰਾ ਸਾਥਾ॥ ਮਰੇ ਜਰੌਂਗੀ ਤੁਮ ਸੌ ਨਾਥਾ॥ ੫॥

ਪਦ ਅਰਥ - ਤਜੌਂਗੀ=ਛੱਡਾਂਗੀ। ਮਰੇ ਜਰੌਂਗੀ ਤੁਮ ਸੌ ਨਾਥਾ=ਤੁਹਾਡੇ ਮਰਨ ਉਤੇ ਮੈਂ ਤੁਹਾਡੇ ਨਾਲ ਹੀ ਸੜ ਮਰਾਂਗੀ।

ਤੁਸੀਂ ਏਥੋਂ ਭੱਜ ਕੇ ਮਤ ਜਾਣਾ ਅਤੇ ਸਾਹਮਣੇ ਹੋ ਕੇ ਯੁੱਧ ਕਰਨਾ। ਮੈਂ ਤੁਹਾਡਾ ਸਾਥ ਨਹੀਂ ਛੱਡਾਂਗੀ ਅਤੇ ਤੁਹਾਡੇ ਨਾਲ ਹੀ ਸੜ ਮਰਾਂਗੀ॥੫॥

ਇਤ ਭੂਪਤਿ ਕਹ ਧੀਰ ਬੰਧਾਯੋ॥ ਉਤੈ ਲਿਖਾ ਲਿਖਿ ਤਹਾ ਪਠਾਯੋ॥
ਆਈ ਸੈਨ ਸ਼ਾਹ ਕੀ ਜਬ ਹੀ॥ ਰਹਾ ਉਪਾਇ ਕਛੂ ਨਹਿ ਤਬ ਹੀ॥ ੬॥

ਇਕ ਪਾਸੇ ਰਾਜੇ ਨੂੰ ਧੀਰਜ ਬੰਨ੍ਹਾਇਆ ਅਤੇ ਉਧਰ ਉਸ ਨੂੰ ਲਿਖਕੇ ਸੁਨੇਹਾ ਭੇਜ ਦਿੱਤਾ। ਜਦ ਬਾਦਸ਼ਾਹ ਦੀ ਸੈਨਾ ਆ ਗਈ ਤਾਂ ਕੋਈ ਉਪਾਅ ਬਾਕੀ ਨ ਬਚਿਆ॥੬॥

ਰਾਜਾ ਜੂਝਿ ਮਰਤ ਭਜੋ ਜਬੈ॥ ਭਾਜ ਚਲਤ ਭੀ ਪਰਜਾ ਤਬੈ॥
ਰਾਨੀ ਬਾਂਧਿ ਤਬੈ ਤਿਨ ਲਈ॥ ਇਹ ਛਲ ਧਾਮ ਮਿੱਤ੍ਰ ਕੇ ਗਈ॥੭॥੧॥

ਪਦ ਅਰਥ - ਇਹ ਛਲ=ਇਸ ਛਲ ਨਾਲ। ਧਾਮ=ਘਰ।

ਰਾਜਾ ਜਦ ਲੜ ਕੇ ਮਰ ਗਿਆ ਤਾਂ ਪਰਜਾ ਤੁਰੰਤ ਭੱਜ ਪਈ। ਬਾਦਸ਼ਾਹ ਨੇ ਰਾਣੀ ਨੂੰ ਬੰਨ੍ਹ ਲਿਆ ਅਤੇ ਇਸ ਤਰ੍ਹਾਂ ਉਹ ਆਪਣੇ ਦੋਸਤ ਦੇ ਘਰ ਚਲੋ ਗਈ॥੭॥੧॥

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨਿਨਾਨਵੋਂ ਚਰਿਤ੍ਰ ਸਮਾਪਤਮ ਸਤ ਸੁਭਮ ਸਤ॥ ੩੯੯॥ ੬੯੬੩॥ ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ. ਤਿਰੀਆ ਚਲਿੱਤਰ. ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਉਣਾਨੇਵੀਂ' ਕਥਾ ਸਮਾਪਤ॥ ੩੯੯॥ ੬੯੬੩॥ ਚਲਦਾ॥

## ਚਲਿੱਤਰ ਤਿੰਨ ਸੌ ਨੱਬੇਵਾਂ
## ਕਥਾ ਗੌਹਰਾਂ ਰਾਏ

ਚੌਪਈ॥ ਬਾਹੁਲੀਕ ਸੁਨਿਯਤ ਰਾਜਾ ਜਹ॥ ਜਿਹ ਸਮਾਨ ਕੋਈ ਭਯੋ ਦੁਤਿਯ ਨਹ॥
ਧਾਮ ਗੌਹਰਾ ਰਾਇ ਦੁਲਾਰੀ॥ ਜਿਹ ਸਮਾਨ ਨਹਿ ਦੇਵ ਕੁਮਾਰੀ॥ ੧॥

ਬਾਹਲੀਕ ਰਾਜੇ ਵਰਗਾ ਹੋਰ ਕੋਈ ਰਾਜਾ ਸੁਣਿਆਂ ਨਹੀਂ ਜਾਂਦਾ ਸੀ। ਉਸ ਦੇ ਘਰ ਗੌਹਰਾਂ ਰਾਏ ਨਾਮੀਂ ਰਾਜ ਕੁਮਾਰੀ ਸੀ ਜਿਸ ਵਰਗੀ ਕੋਈ ਦੇਵ-ਕੰਨਿਆ ਵੀ ਨਹੀਂ ਸੀ॥੧॥

ਤਹ ਇਕ ਹੁਤਾ ਸ਼ਾਹ ਕਾ ਬੇਟਾ॥ ਜਿਹਾ ਸਮਾਨ ਕੋ ਭਯੋ ਨ ਭੇਟਾ॥
ਏਕ ਸੁਘਰ ਅਰੁ ਸੁੰਦਰ ਘਨੋ॥ ਜਨੁ ਅਵਤਾਰ ਮਦਨ ਕੋ ਬਨੋ॥੨॥

ਪਦ ਅਰਥ - ਸੁਘਰ=ਸਿਆਣਾ। ਸੁੰਦਰ ਘਨੋ=ਬਹੁਤ ਸੁੰਦਰ। ਅਵਤਾਰ ਮਦਨ ਕੋ ਬਨੋ=ਜਿਵੇਂ ਕਾਮ ਦੇਵ ਦਾ ਅਵਤਾਰ ਹੋਵੇ।

ਉਥੇ ਇਕ ਸ਼ਾਹ ਦਾ ਪੁੱਤਰ ਸੀ, ਜਿਸ ਵਰਗਾ ਸੁਨੱਖਾ ਕਿਤੇ ਵੇਖਿਆ ਨਹੀਂ ਗਿਆ ਸੀ, ਉਹ ਏਨਾ ਸੁੰਦਰ ਅਤੇ ਚੌਤਰ ਸੀ ਕਿ ਮਾਨੋਂ ਕਾਮਦੇਵ ਦਾ ਅਵਤਾਰ ਹੋਵੇ॥੨॥

ਭੂਪ ਸੁਤਾ ਤਿਹ ਨਿਰਖਿ ਲੁਭਾਈ॥ ਗਿਰੀ ਭੂਮਿ ਜਨੁ ਨਾਗ ਚਬਾਈ॥
ਸਖੀ ਏਕ ਤਿਹ ਤੀਰ ਪਠਾਈ॥ ਗਾਜਿ ਰਾਇ ਕਹ ਲਿਯਾ ਬੁਲਾਈ॥ ੩॥

ਪਦ ਅਰਥ - ਗਿਰੀ ਭੂਮਿ=ਧਰਤੀ ਤੇ ਡਿੱਗੀ। ਨਾਗ ਚਬਾਈ=ਸੱਪ ਲੜ ਗਿਆ ਹੋਵੇ।

Namdhari Elibrary NamdhariElibrary@gmail.com

ਤੀਰ=ਕੋਲ।

ਰਾਜ ਕੁਮਾਰੀ ਉਸ ਨੂੰ ਵੇਖ ਕੇ ਮੋਹਿਤ ਹੋ ਕੇ ਧਰਤੀ ਤੇ ਇਸ ਤਰ੍ਹਾਂ ਡਿਗ ਪਈ ਜਿਵੇਂ ਕਿ ਉਸ ਨੂੰ ਸੱਪ ਲੜ ਗਿਆ ਹੋਵੇ। ਉਸ ਇਕ ਦਾਸੀ ਨੂੰ ਉਸ ਦੇ ਕੋਲ ਭੇਜਿਆ ਅਤੇ ਉਸ ਰਾਹੀਂ ਗਾਜ਼ੀ ਰਾਏ ਨੂੰ ਆਪਣੇ ਪਾਸ ਬੁਲਾ ਲਿਆ॥੩॥

**ਜਬ ਤਿਹ ਲਖਾ ਸਜਨ ਘਰ ਆਯੋ॥ ਕੰਠ ਗੌਹਰਾਂ ਰਾਇ ਲਗਾਯੋ॥**
**ਬਹੁ ਬਿਧਿ ਕਰੇ ਤਵਨ ਸੌਂ ਭੋਗਾ॥ ਦੂਰਿ ਕਰਾ ਜਿਯ ਕਾ ਸਭ ਸੋਗਾ॥ ੪॥**

ਜਦ ਉਸ ਵੇਖਿਆ ਕਿ ਸਜਣ ਘਰ ਆ ਗਿਆ ਹੈ ਤਾਂ ਗੌਹਰਾਂ ਰਾਏ ਨੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ। ਭਿੰਨ ਭਿੰਨ ਪ੍ਰਕਾਰ ਨਾਲ ਉਸ ਨਾਲ ਭੋਗ ਕਰਕੇ ਉਸ ਚਿੱਤ ਦੇ ਸਾਰੇ ਦੁਖ ਦੂਰ ਕਰ ਲਏ॥੪॥

**ਭੋਗ ਕਰਤ ਭਾਯੋ ਅਤਿ ਪਜਾਰੋ॥ ਛਿਨ ਨ ਕਰਤ ਆਪਨ ਤੇ ਨਜਾਰੋ॥**
**ਭਾਂਤਿ ਭਾਂਤਿ ਕੀ ਕੈਫ ਪਿਲਾਵੈ॥ ਸੁਭ੍ਰ ਸੇਜ ਚੜ੍ਹਿ ਭੋਗ ਕਮਾਵੈ॥ ੫॥**

ਰਮਣ ਕਰਦੇ ਕਰਦੇ ਉਹ ਪ੍ਰੀਤਮ ਉਸ ਦੇ ਮਨ ਨੂੰ ਭਾ ਗਿਆ ਅਤੇ ਉਹ ਇਕ ਛਿਣ ਦੇ ਲਈ ਵੀ ਉਸ ਨੂੰ ਆਪਣੇ ਤੋਂ ਦੂਰ ਨਹੀਂ ਕਰਦੀ ਸੀ। ਉਹ ਉਸ ਨੂੰ ਵੰਨ ਸੁਵੰਨੀ ਸ਼ਰਾਬ ਪਿਆਉਂਦੀ ਸੀ ਤੇ ਸਫੈਦ ਸੇਜ ਉਤੇ ਚੜ੍ਹ ਕੇ ਉਸ ਨਾਲ ਭੋਗ ਕਰਦੀ ਸੀ॥੫॥

**ਤਬ ਤਹ ਤਾਤ ਤਵਨ ਕਾ ਆਯੋ॥ ਤ੍ਰਸਤ ਦੇਗ ਮਹਿ ਤਾਂਹਿ ਛਪਾਯੋ॥**
**ਰੌਜਨ ਮੂੰਦਿ ਹੌਜ ਮਹਿ ਧਰਾ॥ ਏਕ ਬੂੰਦ ਜਲ ਬੀਚ ਨ ਪਰਾ॥ ੬॥**

ਤਦ ਓਥੇ ਉਸ ਦਾ ਪਿਤਾ ਆ ਗਿਆ ਤਾਂ ਉਸ ਡਰ ਕੇ ਆਪਣੇ ਪ੍ਰੇਮੀ ਨੂੰ ਦੇਗ ਵਿਚ ਲੁਕਾ ਦਿੱਤਾ। ਉਸ ਦਾ ਮੂੰਹ ਬੰਦ ਕਰ ਕੇ ਉਸ ਨੂੰ ਹੌਜ਼ ਵਿਚ ਰੱਖ ਦਿੱਤਾ ਅਤੇ ਉਸ ਵਿਚ ਬੂੰਦ ਵੀ ਪਾਣੀ ਦੀ ਨ ਜਾਣ ਦਿੱਤੀ॥੬॥

**ਪਿਤਹਿ ਤਾਲ ਤਤਕਾਲ ਦਿਖਾਯੋ॥ ਬੀਚ ਬੇਰੀਯਨ ਡਾਰਿ ਫਿਰਾਯੋ॥**
**ਦੀਏ ਜਰਾਇ ਬੀਚ ਤਿਹ ਡਾਰੇ॥ ਜਨੁ ਕਰਿ ਚੜ੍ਹੇ ਰੈਨਿ ਕੇ ਤਾਰੇ॥ ੭॥**

ਫਿਰ ਪਿਤਾ ਨੂੰ ਉਹ ਹੌਜ਼ ਵਿਖਾ ਦਿੱਤਾ ਅਤੇ ਵਿਚ ਦੇਗ ਨੂੰ ਘੁੰਮਾਉਂਦੀ ਰਹੀ, ਉਸ ਦੇ ਉਤੇ ਦੀਵੇ ਜਗਾ ਦਿੱਤੇ ਜਿਵੇਂ ਕਿ ਰਾਤ ਨੂੰ ਤਾਰੇ ਨਿਕਲ ਆਉਂਦੇ ਹਨ॥੭॥

**ਪਿਤਹਿ ਅਚੰਭਵ ਐਸ ਦਿਖਾਯੋ॥ ਸਮਾਧਾਨ ਕਰਿ ਧਾਮ ਪਠਾਯੋ॥**
**ਮਿਤ੍ਰਹਿ ਕਾਢ ਸੇਜ ਪਰ ਲੀਨਾ॥ ਕਾਮ ਭੋਗ ਬਹੁ ਬਿਧਿ ਤਨ ਕੀਨਾ॥ ੮॥ ੧॥**

ਪਦ ਅਰਥ - ਅਚੰਭਵ=ਅਚੰਬਾ, ਹੈਰਾਨ ਕਰਨ ਵਾਲੀ। ਧਾਮ ਪਠਾਯੋ=ਘਰ ਭੇਜ ਦਿੱਤਾ। ਮਿੱਤ੍ਰਹਿ=ਮਿੱਤਰ ਨੂੰ।

ਪਿਤਾ ਜੀ ਨੂੰ ਇਹ ਅਦਭੁਤ ਦ੍ਰਿਸ਼ ਵਿਖਾ ਕੇ, ਉਸ ਦਾ ਆਦਰ ਕਰਕੇ ਉਸ ਨੂੰ ਵਾਪਸ ਘਰ ਭੇਜ ਦਿੱਤਾ। ਫਿਰ ਮਿੱਤਰ ਨੂੰ ਬਾਹਰ ਕੱਢ ਕੇ ਆਪਣੀ ਸੇਜ ਉੱਤੇ ਲੈ ਆਈ ਅਤੇ ਉਸ ਨਾਲ ਕਈਆਂ ਵਿਧੀਆਂ ਨਾਲ ਕਾਮ ਭੋਗ ਕੀਤਾ॥੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨਬੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੯੦॥੬੯੭੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਨੱਬੇਵੀਂ ਕਥਾ ਸਮਾਪਤ॥੩੯੦। ੬੯੭੧ ॥ ਚਲਦਾ॥

# ਚਲਿੱਤਰ ਤਿੰਨ ਸੌ ਇਕਾਨੇਵਾਂ

# ਕਥਾ ਖਾਤਿਮਾ ਬਾਨੋ

**ਚੌਪਈ॥ ਬਰਬਰੀਨ ਕੋ ਦੇਸ ਬਸਤ ਜਹ॥ ਬਰਬਰ ਪੁਰ ਇਕ ਨਗਰ ਹੁਤੋ ਤਹ॥**
**ਅਫਕਨ ਸ਼ੇਰ ਤਹਾਂ ਕਾ ਰਾਜਾ॥ ਜਿਹ ਸਮਾਨ ਬਿਧਿ ਦੁਤਿਯ ਨ ਸਾਜਾ॥੧॥**

ਜਿਥੇ ਬਰਬਰੀਨ ਦਾ ਦੇਸ਼ ਵੱਸਦਾ ਹੈ, ਉਥੇ ਇਕ ਬਰਬਰ ਪੁਰ ਨਗਰ ਹੈ। ਅਫਕਨ ਸ਼ੇਰ ਉਥੋ ਦਾ ਰਾਜਾ ਸੀ, ਉਹ ਏਨਾ ਖ਼ੂਬਸੂਰਤ ਸੀ ਕਿ ਵਿਧਾਤਾ ਨੇ ਉਸ ਵਰਗਾ ਦੂਸਰਾ ਬਣਾਇਆ ਹੀ ਨਹੀਂ ਸੀ॥੧॥

**ਪੀਰ ਮੁਹੰਮਦ ਤਹ ਇਕ ਕਾਜੀ॥ ਦੇਹ ਕੁਰੂਪ ਨਾਥ ਜਿਹ ਸਾਜੀ॥**
**ਧਾਮ ਖਾਤਿਮਾ ਬਾਨੋ ਨਾਰੀ॥ ਜਿਹ ਸਮਾਨ ਨਹਿ ਰਾਜ ਦੁਲਾਰੀ॥ ੨॥**

ਪੀਰ ਮੁਹੰਮਦ ਨਾਮੀਂ ਉਥੋਂ ਦਾ ਇਕ ਕਾਜ਼ੀ ਸੀ ਜਿਸ ਦਾ ਸਰੀਰ ਪ੍ਰਭੂ ਨੇ ਬਹੁਤ ਕਰੂਪ ਬਣਾਇਆ ਸੀ। ਉਸ ਦੇ ਘਰ ਖਾਤਿਮਾ ਬਾਨੋ ਨਾਮੀਂ ਬੀਵੀ ਸੀ, ਜਿਸ ਵਰਗੀ ਕਿ ਕੋਈ ਰਾਜ ਕੁਮਾਰੀ ਵੀ ਨਹੀਂ ਸੀ॥੨॥

**ਸੋਰਠਾ॥ ਸੁੰਦਰ ਤਾਕੀ ਨਾਰਿ ਅਤਿ ਕੁਰੂਪ ਕਾਜੀ ਰਹੈ॥**
**ਤਬ ਤਿਨ ਕਿਯਾ ਬਿਚਾਰਿ ਕਿਹ ਬਿਧਿ ਬਧ ਯਾਕੌ ਕਰੋ॥ ੩॥**

ਉਸ ਦੀ ਨਾਰ ਬਹੁਤ ਸੁੰਦਰ ਸੀ, ਪਰ ਕਾਜ਼ੀ ਆਪ ਬਹੁਤ ਕਰੂਪ ਸੀ। ਇਕ ਦਿਨ ਉਸ ਦੀ ਇਸਤਰੀ ਨੇ ਵਿਚਾਰ ਕੀਤਾ ਕਿ ਕਿਸੇ ਢੰਗ ਨਾਲ ਕਾਜ਼ੀ ਨੂੰ ਮਾਰ ਦਿੱਤਾ ਜਾਵੇ॥੩॥

Namdhari Elibrary NamdhariElibrary@gmail.com

ਚੌਪਈ।। ਸ਼ਾਹ ਪੁੱਤ੍ਰ ਤਿਹ ਪੁਰ ਇਕ ਆਯੋ।। ਬਾਂਕੇ ਰਾਇ ਸਰੂਪ ਸਵਾਯੋ।।
ਕਾਜੀ ਕੀ ਇਸਤ੍ਰੀ ਤਿਹ ਲਹਾ।। ਬਰੌ ਇਸੀ ਕਹ ਚਿਤ ਯੌ ਕਹਾ।। ੪।।

ਉਥੇ ਇਕ ਸ਼ਾਹ ਦਾ ਪੁੱਤਰ ਆਇਆ, ਜਿਹੜਾ ਕਿ ਬਹੁਤ ਰੂਪਵਾਨ ਸੀ, ਕਾਜ਼ੀ ਦੀ ਇਸਤਰੀ ਨੇ ਮਨ ਵਿਚ ਸੋਚਿਆ ਕਿ ਇਸ ਨਾਲ ਹੀ ਵਿਆਹ ਕੀਤਾ ਜਾਵੇ।।੪।।

ਮੁਸਲਮਾਨ ਬਹੁ ਧਾਮ ਬੁਲ਼ਾਵਤ।। ਭਾਂਤਿ ਭਾਂਤਿ ਤਨ ਦਰਬ ਲੁਟਾਵਤ।।
ਯੌ ਕਹਿ ਸਭਹੂੰ ਸੀਸ ਝੁਕਾਵੈ।। ਯਹ ਕਾਜੀ ਸੁੰਦਰ ਹ੍ਵੈ ਜਾਵੈ।। ੫।।

ਉਹ ਅਨੇਕਾਂ ਮੁਸਲਮਾਨਾਂ ਨੂੰ ਬੁਲਾਉਂਦੀ ਸੀ ਅਤੇ ਕਈ ਢੰਗਾਂ ਨਾਲ ਉਨ੍ਹਾਂ ਤੇ ਧਨ ਲੁਟਾਉਂਦੀ ਸੀ, ਉਹ ਸਾਰਿਆਂ ਅੱਗੇ ਸਿਰ ਝੁਕਾਉਂਦੀ ਸੀ ਅਤੇ ਬੇਨਤੀਆਂ ਕਰਦੀ ਸੀ ਤਾਂਕਿ ਕਾਜ਼ੀ ਕਿਸੇ ਤਰ੍ਹਾਂ ਸੁੰਦਰ ਹੋ ਜਾਵੇ।।੫।।

ਏਕ ਦਿਵਸ ਉਪਪਤਿਹਿ ਬੁਲਾਈ।। ਕਾਨ ਲਾਗਿ ਸਭ ਬਾਤ ਸਿਖਾਈ।।
ਬੀਚ ਛਪਾਇ ਸਦਨ ਕੇ ਰਾਖਾ।। ਔਰ ਨਾਰਿ ਸੌ ਭੇਵ ਨ ਭਾਖਾ।। ੬।।

ਪਦ ਅਰਥ – ਉਪਪਤਿਹਿ=ਦੂਸਰਾ ਪਤੀ, ਯਾਰ। ਸਦਨ=ਘਰ। ਭੇਵ=ਭੇਤ। ਭਾਖਾ=ਦਸਿਆ।

ਇਕ ਦਿਨ ਉਸ ਆਪਣੇ ਪ੍ਰੇਮੀ ਨੂੰ ਬੁਲਾਇਆ ਅਤੇ ਉਹਦੇ ਕੰਨ ਵਿਚ ਸਾਰੀ ਗੱਲ ਸਮਝਾ ਦਿੱਤੀ। ਉਸ ਨੂੰ ਆਪਣੇ ਘਰ ਵਿਚ ਲੁਕਾ ਦਿੱਤਾ ਅਤੇ ਹੋਰ ਕਿਸੇ ਇਸਤਰੀ ਨੂੰ ਇਸ ਬਾਰੇ ਪਤਾ ਨ ਲੱਗਣ ਦਿੱਤਾ।।੬।।

ਸਭ ਮਲੇਛ ਉਠਿ ਫਜਿਰ ਬੁਲਾਏ।। ਭਾਂਤਿ ਭਾਂਤਿ ਕੇ ਸਾਥ ਜਿਵਾਏ।।
ਕਹਜੋ ਸਭੈ ਮਿਲਿ ਦੇਹੁ ਦੁਆਇ।। ਮਮ ਪਤਿ ਸੁੰਦਰਿ ਕਰੈ ਖੁਦਾਇ।। ੭।।

ਸਵੇਰ ਹੋਣ ਤੇ ਉਸ ਸਭ ਮੁਸਲਮਾਨਾਂ ਨੂੰ ਬੁਲਾਇਆ ਅਤੇ ਕਈ ਪ੍ਰਕਾਰ ਦੇ ਉਨ੍ਹਾਂ ਨੂੰ ਭੋਜਨ ਖਵਾਏ ! ਉਨ੍ਹਾਂ ਸਾਰਿਆਂ ਨੂੰ ਕਿਹਾ ਕਿ ਸਾਰੇ ਮਿਲ ਕੇ ਦੁਆ ਕਰੋ ਕਿ ਮੇਰਾ ਪਤੀ ਨੂੰ ਖ਼ੁਦਾ ਸੁੰਦਰ ਕਰ ਦੇਵੇ।।੭।।

ਸਭਹੂ ਹਾਥ ਤਸਬਿਯੋ ਲੀਨੀ।। ਬਹੁ ਬਿਧਿ ਦੁਆਇ ਤਵਨ ਕਹ ਦੀਨੀ।।
ਭਾਂਤਿ ਭਾਂਤਿ ਤਨ ਕਰੀ ਸੁਨਾਇ।। ਤਵ ਪਤਿ ਸੁੰਦਰ ਕਰੈ ਖੁਦਾਇ।। ੮।।

ਸਾਰਿਆਂ ਆਪਣੇ ਹਥਾਂ ਵਿਚ ਤਸਬੀਆਂ ਫੜ ਲਈਆਂ ਅਤੇ ਕਈ ਕਿਸਮ ਦੀਆਂ ਉਸ ਨੂੰ ਦੁਆਵਾਂ ਦਿੱਤੀਆਂ। ਉਨ੍ਹਾਂ ਕਈ ਢੰਗਾਂ ਨਾਲ ਕਿਹਾ ਕਿ ਤੇਰੇ ਪਤੀ ਨੂੰ ਖੁਦਾ ਸੁੰਦਰ ਕਰ ਦੇਵੇ।।੮।।

ਲੈ ਦੁਆਇ ਤ੍ਰਿਯ ਧਾਮ ਸਿਧਾਈ।। ਮਾਰਿ ਕਾਜਿਯਹਿ ਦਿਯੋ ਦਬਾਈ।।

**ਕਰਿ ਕਾਜੀ ਲੈਗੀ ਤਿਹ ਤਹਾਂ।। ਪੜ੍ਹਤ ਕਿਤਾਬ ਮੁਲਾਨੇ ਜਹਾਂ।। ੯।।**

ਉਨ੍ਹਾਂ ਦੀਆਂ ਦੁਆਵਾਂ ਲੈ ਕੇ ਔਰਤ ਘਰ ਦੇ ਅੰਦਰ ਚਲੇ ਗਈ ਅਤੇ ਕਾਜ਼ੀ ਨੂੰ ਮਾਰ ਕੇ ਜ਼ਮੀਨ ਵਿਚ ਦੱਬ ਦਿੱਤਾ। ਆਪਣੇ ਪ੍ਰੇਮੀ ਨੂੰ ਕਾਜ਼ੀ ਬਣਾ ਕੇ ਉਥੇ ਲੈ ਆਈ ਜਿਥੇ ਸਾਰੇ ਮੁਲਾਨੇ ਮਿਲ ਕੇ ਕੁਰਾਨ ਪੜ੍ਹ ਰਹੇ ਸਨ।।੯।।

**ਪ੍ਰਜਾ ਨਿਰਖਿ ਤਾਕਹ ਹਰਖਾਨੀ।। ਸਾਚੁ ਕਿਤਾਬ ਆਪਨੀ ਜਾਨੀ।।**
**ਹਮ ਜੋ ਯਾਕਹ ਦਈ ਦੁਆਇ।। ਯਾਤੇ ਸੁੰਦਰ ਕਰਾ ਖੁਦਾਇ।।੧੦।।**

ਸਾਰੇ ਉਸ ਨੂੰ ਵੇਖ ਕੇ ਖੁਸ਼ ਹੋ ਗਏ ਅਤੇ ਉਨ੍ਹਾਂ ਆਪਣੀ ਕਤਾਬ ਨੂੰ ਸੱਚੀ ਮੰਨਿਆ। ਅਸੀਂ ਲੋਕਾਂ ਨੇ ਜਿਹੜੀ ਇਸ ਨੂੰ ਦੁਆ ਦਿੱਤੀ ਸੀ, ਉਸ ਕਰ ਕੇ ਖੁਦਾ ਨੇ ਇਸਨੂੰ ਸੁੰਦਰ ਬਣਾ ਦਿੱਤਾ ਹੈ।।੧੦।।

**ਇਹ ਬਿਧਿ ਪ੍ਰਥਮ ਕਾਜਿਯਹਿ ਘਾਈ।। ਬਰਤ ਭਈ ਅਪਨਾ ਸੁਖਦਾਈ।।**
**ਭੇਦ ਅਭੇਦ ਨ ਕਿਨੂੰ ਬਿਚਾਰਾ।। ਇਹ ਛਲ ਬਰਾ ਅਪਨਾ ਪਜਾਰਾ।। ੧੧।।**

ਇਸ ਤਰ੍ਹਾਂ ਪਹਿਲਾਂ ਕਾਜ਼ੀ ਨੂੰ ਮਾਰ ਕੇ ਉਸ ਬੜੇ ਆਰਾਮ ਨਾਲ ਅਪਣੇ ਪ੍ਰੇਮੀ ਨਾਲ ਵਿਆਹ ਕਰ ਲਿਆ। ਭੇਤ-ਅਭੇਤ ਬਾਰੇ ਕਿਸੇ ਵੀ ਵਿਚਾਰ ਨ ਕੀਤਾ ਅਤੇ ਇਸ ਤਰ੍ਹਾਂ ਛਲ ਨਾਲ ਆਪਣਾ ਪ੍ਰੇਮੀ ਪ੍ਰਾਪਤ ਕਰ ਲਿਆ।।੧੧।।

**ਦੋਹਰਾ।। ਤੁਮ ਸਭ ਹੀ ਅਤਿ ਕ੍ਰਿਪਾ ਕਰਿ ਦੀਨੀ ਹਮੈਂ ਦੁਆਇ।।**
**ਤਾਤੇ ਪਤਿ ਸੁੰਦਰ ਭਯੋ ਕੀਨੀ ਮਯਾ ਖੁਦਾਇ।। ੧੨।। ੧।।**

ਪਦ ਅਰਥ - ਦੀਨੀ ਹਮੈਂ ਦੁਆਇ=ਤੁਸੀਂ ਸਾਨੂੰ ਦੁਆਵਾਂ ਦਿੱਤੀਆਂ ਹਨ। ਕੀਨੀ ਮਯਾ ਖੁਦਾਇ=ਖੁਦਾ ਨੇ ਕਿਰਪਾ ਕੀਤੀ ਹੈ।

ਤੁਸੀਂ ਸਾਰਿਆਂ ਨੇ ਮਿਹਰਬਾਨੀ ਕਰ ਕੇ ਮੈਨੂੰ ਦੁਆ ਦਿੱਤੀ ਜਿਸ ਕਰ ਕੇ ਖੁਦਾ ਨੇ ਮਿਹਰ ਕਰਕੇ ਮੇਰੇ ਪਤੀ ਨੂੰ ਸੁੰਦਰ ਬਣਾ ਦਿੱਤਾ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਯਾਨਵੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੯੧।।੬੯੮੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਇਕਾਨੋਵੀਂ ਕਥਾ ਸਮਾਪਤ।।੩੯੧।।੬੯੮੩।।ਚਲਦਾ।।

Namdhari Elibrary NamdhariElibrary@gmail.com

************************************************************

# ਚਲਿੱਤਰ ਤਿੰਨ ਸੌ ਬਾਨੇਵਾਂ

# ਕਥਾ ਸੰਦਲ ਦੇਵੀ

**ਚੌਪਈ।। ਭੂਪ ਸੁ ਧਰਮ ਸੈਨ ਇਕ ਸੁਨਿਯਤ।। ਜਿਹ ਸਮਾਨ ਜਗ ਦੁਤਿਯ ਨ ਗੁਨਿਯਤ।। ਚੰਦਨ ਦੇ ਤਿਹ ਨਾਰਿ ਭਨਿੱਜੈ।। ਜ਼ਿਹ ਮੁਖ ਛਬਿ ਨਿਸਕਰ ਕਹ ਦਿੱਜੈ।। ੧।।**

ਪਦ ਅਰਥ – ਸੁਨਿਯਤ=ਸੁਣਿਆ ਜਾਂਦਾ ਹੈ। ਗੁਨਿਯਤ=ਗੁਣਵਾਨ। ਨਿਸਕਰ=ਚੰਦ।

ਧਰਮ ਸੈਨ ਨਾਮੀਂ ਇਕ ਰਾਜਾ ਸੁਣਿਆ ਜਾਂਦਾ ਸੀ, ਜਿਸ ਦੇ ਬਰਾਬਰ ਸੰਸਾਰ ਵਿਚ ਹੋਰ ਕੋਈ ਗੁਣਵਾਨ ਰਾਜਾ ਨਹੀਂ ਸੀ; ਚੰਦਨ ਦੇਵੀ ਉਸ ਦੀ ਇਸਤਰੀ ਸੀ ਜਿਸ ਦੀ ਸੁੰਦਰ ਸ਼ਕਲ ਵੇਖ ਕੇ ਉਸ ਨੂੰ ਚੰਦ ਹੀ ਕਹਿ ਦਿੱਤਾ ਜਾਂਦਾ ਸੀ।।੧।।

**ਸੰਦਲ ਦੇ ਦੁਹਿਤਾ ਤਿਹ ਸੋਹੈ।। ਖਗ ਮ੍ਰਿਗ ਜੱਛ ਭੁਜੰਗਨ ਮੋਹੈ।। ਅਧਿਕ ਪ੍ਰਭਾ ਤਨ ਮੋ ਤਿਨ ਧਰੀ।। ਮਦਨ ਸੁਨਾਰ ਭਰਤ ਜਨੁ ਭਰੀ।। ੨।।**

ਪਦ ਅਰਥ – ਖਗ=ਜੋ ਆਕਾਸ ਵਿਚ ਉੱਡਦਾ ਫਿਰੇ, ਇਸ ਵਿਚ ਪੰਛੀ, ਚੰਦ, ਸੂਰਜ, ਦੇਵਤਾ, ਤਾਰੇ, ਪਵਨ, ਟਿੱਡ, ਆਦਿ ਸਭ ਆ ਜਾਂਦੇ ਹਨ, ਇਥੇ ਖਗ ਸ਼ਬਦ ਪੰਛੀ ਵਾਸਤੇ ਵਰਤਿਆ ਗਿਆ ਹੈ। ਮ੍ਰਿਗ=ਹਿਰਨ। ਜੱਛ=ਯਕ। ਭੁਜੰਗਨ=ਨਾਗ। ਮੋਹੈ=ਮੋਹਿਤ ਕਰਦੀ ਸੀ।

ਸੰਦਲ ਦੇਵੀ ਉਨ੍ਹਾਂ ਦੀ ਪੁੱਤਰੀ ਸੀ ਜਿਹੜੀ ਪੰਛੀ ਹਿਰਨ, ਜੱਛ ਅਤੇ ਨਾਗ ਆਦਿ ਸਭ ਦਾ ਦਿਲ ਮੋਹਦੀ ਸੀ। ਉਸ ਦੇ ਅਥਾਹ ਰੂਪ ਨੂੰ ਵੇਖ ਕੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਾਮਦੇਵ ਰੂਪੀ ਸੁਨਾਰ ਨੇ ਉਸ ਨੂੰ ਬਣਾਇਆ ਹੋਵੇ।।੨।।

**ਨ੍ਰਿਪ ਸੁਤ ਏਕ ਸੁਘਰ ਤਿਨ ਹੇਰਜੋ।। ਮਦਨ ਆਨਿ ਤਾਕਾ ਤਨ ਘੇਰਜੋ।। ਸਖੀ ਏਕ ਤਹ ਦਈ ਪਠਾਈ।। ਅਨਿਕ ਜਤਨ ਕਰਿਕੈ ਤਿਹ ਲਜਾਈ।। ੩।।**

ਉਸ ਨੇ ਰਾਜੇ ਦੇ ਇਕ ਸੁੰਦਰ ਪੁੱਤਰ ਨੂੰ ਵੇਖਿਆ ਅਤੇ ਕਾਮਦੇਵ ਨੇ ਉਸ ਨੂੰ ਆ ਘੇਰਾ ਪਾਇਆ। ਉਸ ਇਕ ਸਖੀ ਨੂੰ ਉਸ ਦੇ ਕੋਲ ਭੇਜਿਆ ਜਿਹੜੀ ਬਹੁਤ ਯਤਨ ਕਰ ਕੇ ਉਸਨੂੰ ਉਥੇ ਲੈ ਆਈ।।੩।।

**ਆਨਿ ਸਜਨ ਤਿਨ ਦਯੋ ਮਿਲਾਇ।। ਰਮੀ ਕੁਅਰਿ ਤਾਸੌ ਲਪਟਾਇ।। ਅਟਕ ਗਯੋ ਜਿਯ ਤਜਾ ਨ ਜਾਈ।। ਇਹ ਬਿਧਿ ਤਿਨ ਕੀਨੀ ਚਤੁਰਾਈ।। ੪।।**

ਰਾਜ ਕੁਮਾਰੀ ਨੂੰ ਸਜਣ ਲਿਆ ਕੇ ਮਿਲਾ ਦਿੱਤਾ ਅਤੇ ਉਸ ਨੇ ਉਹਦੇ ਨਾਲ ਲਿਪਟ ਕੇ ਰਮਣ ਕੀਤਾ। ਕੁਮਾਰੀ ਦਾ ਮਨ ਉਹਦੇ ਪਿਆਰ ਵਿਚ ਹੀ ਲੀਨ ਹੋ ਗਿਆ ਅਤੇ ਹੁਣ ਉਹ ਉਸ

ਤਾਂ ਛੱਡਿਆ ਨਹੀਂ ਜਾਂਦਾ ਸੀ। ਉਸ ਨੂੰ ਸਦਾ ਲਈ ਪਾਉਣ ਵਾਸਤੇ ਉਸ ਇਕ ਚੱਤਰਾਈ ਵਰਤੀ।।੪।।

**ਤੋਪ ਬਡੀ ਇਕ ਲਈ ਮੰਗਾਇ।। ਜਿਹ ਮਹਿ ਬੈਠਿ ਮਨੁੱਛ ਤੇ ਜਾਇ।।**
**ਮੰਤ੍ਰ ਸਕਤਿ ਕਰਿ ਤਾਮੋਂ ਬਰੀ।। ਮਿੱਤ੍ਰ ਭਏ ਇਹ ਭਾਂਤਿ ਉਚਰੀ।। ੫।।**

ਉਸ ਇਕ ਵੱਡੀ ਤੋਪ ਮੰਗਵਾਈ ਜਿਸ ਵਿਚ ਮਨੁਖ ਬੈਠ ਸਕਦਾ ਸੀ। ਉਹ ਮੰਤਰ ਸ਼ਕਤੀ ਨਾਲ ਉਸ ਵਿਚ ਵੜ ਗਈ ਅਤੇ ਅਪਣੇ ਮਿੱਤਰ ਨੂੰ ਇਹ ਕਿਹਾ।।੫।।

**ਮਿੱਤ੍ਰ ਬਿਦਾ ਕਰਿ ਸਖੀ ਬੁਲਾਈ।। ਇਹ ਬਿਧਿ ਤਾਹਿ ਕਹਾ ਸਮੁਝਾਈ।।**
**ਤੋਪ ਬਿਖੈ ਮੁਹਿ ਡਾਰਿ ਚਲੈਯਹੁ।। ਇਹ ਨ੍ਰਿਪ ਸੁਤ ਕੇ ਗ੍ਰਿਹਿ ਪਹੁਚੈਯਹੁ।। ੬।।**

ਮਿੱਤਰ ਨੂੰ ਭੇਜ ਕੇ ਉਸ ਸਖੀ ਨੂੰ ਬੁਲਾਇਆ ਅਤੇ ਉਸ ਨੂੰ ਕਿਹਾ ਕਿ ਤੋਪ ਵਿਚ ਮੈਨੂੰ ਪਾ ਕੇ ਤੋਪ ਚਲਾਓ ਅਤੇ ਰਾਜ ਪੁੱਤਰ ਦੇ ਘਰ ਭੇਜ ਦੇਵੋ।।੬।।

**ਜਬ ਸਹਚਰਿ ਐਸੇ ਸੁਨਿ ਲਈ।। ਦਾਰੂ ਡਾਰਿ ਆਗਿ ਤਿਹ ਦਈ।।**
**ਗੋਰਾ ਜਿਮਿ ਲੈ ਕੁਅਰਿ ਚਲਾਯੋ।। ਮੰਤ੍ਰ ਸਕਤਿ ਜਮ ਨਿਕਟ ਨ ਆਯੋ।। ੭।।**

ਪਦ ਅਰਥ - ਮੰਤ੍ਰ ਸਕਤਿ=ਮੰਤਰ ਦੀ ਸ਼ਕਤੀ ਨਾਲ। ਨਿਕਟ ਨ ਆਯੋ=ਨੇੜੇ ਨ ਆਇਆ।

ਜਦ ਸਖੀ ਨੇ ਇਹ ਸੁਣਿਆ ਤਾਂ ਉਸ ਤੋਪ ਵਿਚ ਬਰੂਦ ਪਾ ਕੇ, ਪਲੀਤੇ ਨੂੰ ਅੱਗ ਲਾ ਦਿੱਤੀ। ਗੋਲੇ ਵਾਂਗ ਉਸ ਨੂੰ ਚਲਾ ਦਿੱਤਾ ਅਤੇ ਮੰਤਰ ਸ਼ਕਤੀ ਦੇ ਕਾਰਨ ਮੌਤ ਉਸ ਦੇ ਨੇੜੇ ਨ ਆ ਸਕੀ।।੭।।

**ਜਾਇ ਪਰੀ ਨਿਜੁ ਪ੍ਰੀਤਮ ਕੇ ਘਰ।। ਪਾਹਨ ਜੈਸ ਹਨਾ ਗੋਫਨ ਕਰਿ।।**
**ਨਿਰਖਿ ਮੀਤ ਤਿਹ ਲਿਯਾ ਉਠਾਈ।। ਪੋਛਿ ਅੰਗਿ ਉਰ ਸਾਥ ਲਗਾਈ।। ੮।।**

ਪਦ ਅਰਥ - ਪਾਹਨ=ਪੱਥਰ। ਹਨਾ=ਮਾਰਿਆ।

ਉਹ ਆਪਣੇ ਮਿੱਤਰ ਦੇ ਘਰ ਇਸ ਤਰ੍ਹਾਂ ਜਾ ਡਿੱਗੀ ਜਿਵੇਂ ਗੁਲੇਲ ਵਿਚੋਂ ਨਿਕਲ ਕੇ ਪੱਥਰ ਡਿੱਗ ਪੈਂਦਾ ਹੈ। ਮਿੱਤਰ ਨੇ ਉਸ ਨੂੰ ਵੇਖ ਕੇ ਚੁੱਕ ਲਿਆ ਅਤੇ ਉਸ ਦੇ ਸਰੀਰ ਨੂੰ ਸਾਫ ਕਰ ਕੇ ਛਾਤੀ ਨਾਲ ਲਾ ਲਿਆ।।੮।।

**ਦੋਹਰਾ।। ਮੀਤ ਅਧਿਕ ਉਪਮਾ ਕਰਿ ਧੰਨਜ ਕੁਅਰਿ ਕਾ ਨੇਹ।।**
**ਗੋਲਾ ਹੈ ਤੋਪਹਿ ਉਡੀ ਚਿੰਤਾ ਕਰੀ ਨ ਦੇਹਿ।। ੯।।**

ਪਦ ਅਰਥ - ਨੇਹ=ਪਿਆਰ। ਗੋਲਾ ਹੈ=ਗੋਲਾ ਬਣਕੇ।

ਮਿੱਤਰ ਨੇ ਉਸ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਰਾਜ ਕੁਮਾਰੀ ਦੇ ਪਿਆਰ ਨੂੰ 'ਧੰਨ ਧੰਨ'

**************************************************************
ਕਿਹਾ। ਉਹ ਗੋਲਾ ਬਣਕੇ ਉੱਡ ਗਈ ਪਰ ਆਪਣੇ ਸਰੀਰ ਦੀ ਉਸ ਜ਼ਰਾ ਵੀ ਚਿੰਤਾ ਨ ਕੀਤੀ।।੯।।

**ਚੌਪਈ।। ਇਤੈ ਕੁਅਰਿ ਮਿਤਵਾ ਕੇ ਗਈ।। ਉਤੈ ਸਖਿਨ ਭੂਪਹਿ ਸੁਧਿ ਦਈ।।**
**ਦਾਰੂ ਡਾਰਿ ਅਨਲ ਹਮ ਦਈ।। ਤੋਪ ਬਿਖੈਂ ਤਰੁਨੀ ਉਡਿ ਗਈ।। ੧੦।।**

ਪਦ ਅਰਥ - ਦਾਰੂ=ਬਰੂਦ। ਅਨਲ=ਅੱਗ। ਤਰੁਨੀ=ਇਸਤਰੀ।

ਏਧਰ ਰਾਜ ਕੁਮਾਰੀ ਮਿੱਤਰ ਦੇ ਕੋਲ ਚਲੇ ਗਈ ਅਤੇ ਉਧਰ ਸਖੀ ਨੇ ਜਾ ਕੇ ਰਾਜੇ ਨੂੰ ਖਬਰ ਕਰ ਦਿੱਤੀ। ਬਰੂਦ ਪਾ ਕੇ ਮੈਂ ਅਗ ਲਾ ਦਿੱਤੀ ਅਤੇ ਕੁਮਾਰੀ ਤੋਪ ਵਿਚ ਉੱਡ ਗਈ।।੧੦।।

**ਰਾਨੀ ਭੂਪਤ ਸਹਿਤ ਪੁਕਾਰੀ।। ਕਵਨ ਦੈਵ ਗਤਿ ਕਰੀ ਹਮਾਰੀ।।**
**ਖੇਲਤ ਅਗਿ ਕੁਅਰਿ ਇਨ ਦਈ।। ਤੋਪ ਬਿਖੈ ਤਾਤੇ ਉਡਿ ਗਈ।। ੧੧।। ੧।।**

ਪਦ ਅਰਥ - ਦੈਵ=ਪ੍ਰਭੂ। ਗਤਿ=ਹਾਲਤ।

ਰਾਣੀ ਨੇ ਰਾਜੇ ਨੂੰ ਕਿਹਾ ਕਿ ਈਸ਼ਵਰ ਨੇ ਇਹ ਸਾਡੀ ਕੀ ਗਤ ਕਰ ਦਿੱਤੀ ਹੈ। ਖੇਡ ਖੇਡ ਵਿਚ ਇਸ ਤੋਪ ਨੂੰ ਅੱਗ ਲਾ ਦਿੱਤੀ, ਇਸ ਲਈ ਉਹ ਤੋਪ ਨਾਲ ਉੱਡ ਗਈ।।੧੧।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੯੨।।੬੯੮੪।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤਿਰਾਨੇਵੀਂ ਕਥਾ ਸਮਾਪਤ।।੩੯੨।।੬੯੮੪।।ਚਲਦਾ।।

## ਚਲਿੱਤਰ ਤਿੰਨ ਸੌ ਤਿਰਾਨੇਵਾਂ
## ਕਥਾ ਚੰਪਾ ਦੇਵੀ

**ਚੌਪਈ।। ਅਛਲਾ ਪੁਰ ਇਕ ਭੂਪ ਭਨਿੱਜੈ।। ਅਛਲ ਸੈਨ ਤਿਹ ਨਾਮ ਕਹਿੱਜੈ।।**
**ਤਹਿਕ ਸੁਧਰਮੀ ਰਾਇ ਸ਼ਾਹ ਭਨਿ।। ਜਾਨੁਕ ਸਭ ਸ਼ਾਹਨ ਕੀ ਥੋ ਮਨਿ।। ੧।।**

ਪਦ ਅਰਥ - ਤਹਿਕ=ਤਹਿ ਇਕ, ਓਥੇ ਇਕ। ਭਨਿ=ਆਖਿਆ।

ਅਛਲਾਪੁਰ ਵਿਚ ਇਕ ਰਾਜਾ ਰਹਿੰਦਾ ਸੀ ਜਿਸ ਦਾ ਨਾਂ ਅਛਲ ਸੈਨ ਸੀ। ਉਥੇ ਇਕ ਸੁਧਰਮੀ ਰਾਏ ਨਾਮੀਂ ਸ਼ਾਹ ਰਹਿੰਦਾ ਸੀ ਜਿਹੜਾ ਸਾਰੇ ਸ਼ਾਹਾਂ ਵਿਚ ਮਣੀ ਦੇ ਸਮਾਨ ਸੀ।।੧।।

**ਚੰਪਾ ਦੇ ਤਿਹ ਸ਼ਾਹ ਭਨਿੱਜੈ।। ਰੂਪਵਾਨ ਗੁਨਵਾਨ ਕਹਿੱਜੈ।।**
**ਤਿਨ ਰਾਜਾ ਕੋ ਪੁੱਤ੍ਰ ਨਿਹਾਰਜੋ।। ਸੁਛਬਿ ਰਾਇ ਜਿਹ ਨਾਮ ਬਿਚਾਰਜੋ।। ੨।।**

************************************************************

ਚੰਪਾ ਦੇਵੀ ਉਸ ਸ਼ਾਹ ਦੀ ਪੁੱਤਰੀ ਸੀ ਜੋ ਬਹੁਤ ਰੂਪਵਾਨ ਅਤੇ ਗੁਣਵਾਨ ਸੀ। ਉਸ ਨੇ ਇਕ ਦਿਨ ਰਾਜੇ ਦਾ ਪੁੱਤਰ ਵੇਖਿਆ ਜਿਸ ਦਾ ਨਾਂ ਸੁਛੱਬ ਰਾਏ ਸੀ।।੨।।

**ਅੜਿੱਲ।। ਹਿਤੂ ਜਾਨਿ ਇਕ ਸਹਚਰਿ ਲਈ ਬੁਲਾਇਕੈ।।**
**ਸੁਛਬਿ ਰਾਇ ਕੇ ਦੀਨੋ ਤਾਹਿ ਪਠਾਇਕੈ।।**
**ਕਹਾ ਕ੍ਰੋਰਿ ਕਰਿ ਜਤਨ ਤਿਸੈ ਹਜਾਂ ਲਜਾਇਯੋ।।**
**ਹੋ ਜਿਤਕ ਚਹੌਗੀ ਦਰਬੁ ਤਿਤਕ ਲੈ ਜਾਇਯੋ।। ੩।।**

ਉਸ ਆਪਣੀ ਇਕ ਹਿਤੂ ਦਾਸੀ ਨੂੰ ਬੁਲਾਇਆ ਅਤੇ ਸੁਛੱਬ ਰਾਏ ਦੇ ਕੋਲ ਭੇਜਿਆ। ਉਸ ਨੂੰ ਕਿਹਾ ਕਿ ਕਰੋੜਾਂ ਯਤਨ ਕਰਕੇ ਵੀ ਉਸ ਨੂੰ ਏਥੇ ਲੈ ਆ, ਮੈਂ ਤੈਨੂੰ ਜਿੰਨਾ ਚਾਹੇਂਗੀ, ਉਤਨਾ ਹੀ ਧਨ ਦੇ ਦਵਾਂਗੀ।।੩।।

**ਸੁਨਤ ਸਹਚਰੀ ਬਚਨ ਸਜਨ ਕੇ ਗ੍ਰਿਹਿ ਗਈ।।**
**ਜਿਮਿ ਤਿਮਿ ਤਾਹਿ ਪ੍ਰਬੋਧ ਤਹਾਂ ਲਜਾਵਤ ਭਈ।।**
**ਮਿਲਤ ਛੈਲਨੀ ਛੈਲ ਅਧਿਕ ਸੁਖੁ ਪਾਇਯੋ।।**
**ਹੋ ਭਾਂਤਿ ਭਾਂਤਿ ਕੀ ਕੈਫਨ ਨਿਕਟ ਮੰਗਾਇਯੋ।। ੪।।**

ਪਦ ਅਰਥ - ਜਿਮਿ ਤਿਮਿ=ਜਿਵੇਂ ਕਿਵੇਂ। ਪ੍ਰਬੋਧ=ਸਮਝਾ ਕੇ।

ਉਸ ਦੀ ਗੱਲ ਸੁਣ ਕੇ ਦਾਸੀ ਉਸ ਸਜਣ ਦੇ ਘਰ ਚਲੀ ਗਈ ਅਤੇ ਜਿਵੇਂ ਕਿਵੇਂ ਉਸ ਨੂੰ ਰਾਜ਼ੀ ਕਰਕੇ ਉਸ ਦੇ ਕੋਲ ਲੈ ਆਈ। ਗਭਰੂ ਨੂੰ ਮਿਲ ਕੇ ਮੁਟਿਆਰ ਨੇ ਬਹੁਤ ਸੁਖ ਪਾਇਆ ਅਤੇ ਉਨ੍ਹਾਂ ਨੇ ਕਈ ਪ੍ਰਕਾਰ ਦੀਆਂ ਸ਼ਰਾਬਾਂ ਮੰਗਵਾਈਆਂ।।੪।।

**ਕਿਯਾ ਕੈਫ ਕੌ ਪਾਨ ਸੁ ਦੂਹੂੰ ਪ੍ਰਜੰਕ ਪਰ।।**
**ਭਾਂਤਿ ਭਾਂਤਿ ਤਨ ਰਮੇ ਬਿਹਸਿ ਕਰਿ ਨਾਰਿ ਨਰ।।**
**ਕੋਕ ਸ਼ਾਸਤ੍ਰ ਤੇ ਮਤ ਕੌ ਬਿਹਸਿ ਉਚਾਰਿਕੈ।।**
**ਹੋ ਆਪੁ ਬੀਚ ਕੰਧਨ ਪਰ ਹਾਥਨ ਡਾਰਿਕੈ।। ੫।।**

ਦੋਹਾਂ ਨੇ ਪਲੰਘ ਉਤੇ ਬੈਠ ਕੇ ਸ਼ਰਾਬ ਪੀਤੀ ਅਤੇ ਦੋਵੇਂ ਇਸਤਰੀ ਪੁਰਸ਼ ਖੁਸ਼ ਹੋ ਕੇ ਰਮਣ ਕਰਨ ਲੱਗੇ। ਇਕ ਦੂਸਰੇ ਦੇ ਮੋਢਿਆਂ ਤੇ ਹੱਥ ਰਖ ਕੇ ਉਹ ਕੋਕ ਸ਼ਾਸਤਰ ਦੇ ਨਿਯਮਾਂ ਦਾ ਉਚਾਰਣ ਕਰਨ ਲੱਗੇ।।੫।।

**********************************************************************

ਅਧਿਕ ਜੋਰ ਤਨ ਦੋਊ ਤਹਾਂ ਕ੍ਰੀੜਾ ਕਰੈਂ।।
ਮਨ ਮੈ ਭਏ ਅਨੰਦ ਨ ਕਾਹੂੰ ਤੇ ਡਰੈਂ।।
ਲਪਟਿ ਲਪਟਿ ਕਰ ਜਾਂਹਿ ਸੁ ਛਿਨਿਕ ਨ ਛੋਰਹੀ।।
ਹੋ ਸਕਲ ਦ੍ਰਪ ਕੰਦ੍ਰਪ ਕੋ ਤਹਾਂ ਮਰੋਰਹੀ।। ੬।।

ਦੋਵੇਂ ਬਹੁਤ ਤਾਕਤਵਰ ਸਨ ਅਤੇ ਨਿਰਭੈ ਹੋ ਕੇ ਆਨੰਦ ਨਾਲ ਕਾਮ ਕ੍ਰੀੜਾ ਕਰਨ ਲੱਗੇ। ਉਹ ਇਕ ਦੂਸਰੇ ਨਾਲ ਲਿਪਟ ਰਹੇ ਸਨ ਅਤੇ ਇਕ ਛਿਣ ਭਰ ਲਈ ਵੀ ਇਕ ਦੂਸਰੇ ਤੋਂ ਵੱਖ ਨਹੀਂ ਹੋ ਰਹੇ ਸਨ ਅਤੇ ਕਾਮਦੇਵ ਦਾ ਹੰਕਾਰ ਤੋੜ ਰਹੇ ਸਨ।।੬।।

ਚੌਪਈ।। ਭੋਗ ਕਰਤ ਤਰੁਨੀ ਸੁਖ ਪਾਯੋ।। ਕਰਤ ਕੇਲ ਰਜਨਿਯਹਿ ਬਿਤਾਯੋ।।
ਪਹਿਲੀ ਰਾਤਿ ਬੀਤ ਜਬ ਗਈ।। ਪਾਛਿਲ ਰੈਨਿ ਰਹਤ ਸੁਧਿ ਲਈ।। ੭।।

ਪਦ ਅਰਥ - ਕਰਤ ਕੇਲ=ਕ੍ਰੀੜਾ ਕਰਦਿਆਂ। ਰਜਨਿਯਹਿ=ਰਾਤ।

ਰਮਣ ਕ੍ਰੀੜਾ ਕਰਦਿਆਂ ਹੋਇਆ ਇਸਤਰੀ ਨੇ ਅਪਾਰ ਸੁਖ ਪ੍ਰਾਪਤ ਕੀਤਾ ਅਤੇ ਇਸ ਤਰ੍ਹਾਂ ਏਸੇ ਕਾਰਜ ਵਿਚ ਸਾਰੀ ਰਾਤ ਲੰਘਾ ਦਿੱਤੀ। ਜਦ ਰਾਤ ਦਾ ਪਹਿਲਾ ਭਾਗ ਬੀਤ ਗਿਆ ਅਤੇ ਆਖਰੀ ਭਾਗ ਆਇਆ ਤਾਂ ਉਨ੍ਹਾਂ ਨੂੰ ਹੋਸ਼ ਆਈ।।੭।।

ਕਹਾ ਕੁਅਰਿ ਉਠਿ ਰਾਜ ਕੁਅਰਿ ਸੰਗ।। ਕਬਹੂੰ ਛਾਡ ਹਮਾਰਾ ਤੈਂ ਜੰਗ।।
ਜੋ ਕੋਈ ਪੁਰਖ ਹਮੈਂ ਲਹਿ ਜੈਹੈ।। ਜਾਇ ਰਾਵ ਤਨ ਭੇਦ ਬਤੈਹੈ।। ੮।।

ਰਾਜ ਕੁਮਾਰ ਨੇ ਉੱਠ ਕੇ ਇਸਤਰੀ ਨੂੰ ਕਿਹਾ ਕਿ ਹੁਣ ਤੂੰ ਮੇਰਾ ਸਾਥ ਛੱਡ ਦੇ। ਜੇ ਕੋਈ ਵਿਅਕਤੀ ਸਾਨੂੰ ਵੇਖ ਲਵੇਗਾ ਤਾਂ ਰਾਜੇ ਨੂੰ ਜਾ ਕੇ ਦੱਸ ਦੇਵੇਗਾ।।੮।।

ਸ਼ਾਹੁ ਸੁਤਾ ਇਹ ਭਾਂਤਿ ਉਚਾਰਾ।। ਬੈਨ ਸੁਨੋ ਮਮ ਰਾਜ ਕੁਮਾਰਾ।।
ਸਭਨ ਲਖਤ ਤੁਹਿ ਕੈਫ ਪਿਲਾਊਂ।। ਤਬੈ ਸ਼ਾਹ ਕੀ ਸੁਤਾ ਕਹਾਊਂ।। ੯।।

ਸ਼ਾਹ ਦੀ ਪੁੱਤਰੀ ਨੇ ਕਿਹਾ ਕਿ ਹੇ ਰਾਜ ਕੁਮਾਰ ਮੇਰੀ ਇਕ ਗੱਲ ਸੁਣੋ, ਮੈਂ ਸਾਰਿਆਂ ਦੇ ਵੇਖਦੇ ਵੇਖਦੇ ਤੁਹਾਨੂੰ ਸ਼ਰਾਬ ਪਿਆਵਾਂਗੀ ਤਦ ਹੀ ਸ਼ਾਹ ਦੀ ਪੁੱਤਰੀ ਕਹਾਵਾਂਗੀ।।੯।।

ਤਹ ਹੀਂ ਰਮੋ ਤਿਹਾਰੇ ਸੰਗਾ।। ਅਪਨੇ ਜੋਰਿ ਅੰਗ ਸੌ ਅੰਗਾ।।
ਹਮੈਂ ਤੁਮੈਂ ਸਭ ਲੋਗ ਨਿਹਾਰੈਂ।। ਭਲੋ ਬੁਰੋ ਨਹਿ ਭੇਦ ਬਿਚਾਰੈਂ।।੧੦।।

ਫਿਰ ਮੈਂ ਤੁਹਾਡੇ ਅੰਗਾਂ ਨਾਲ ਅੰਗ ਜੋੜ ਕੇ ਤੁਹਾਡੇ ਨਾਲ ਰਮਣ ਕਰਾਂਗੀ, ਸਾਨੂੰ ਸਾਰੇ ਵੇਖਣਗੇ ਪਰ ਭਲੇ ਬੁਰੇ ਦਾ ਵਿਚਾਰ ਨਹੀਂ ਕਰਨਗੇ।।੧੦।।

**ਯੌਂ ਕਹਿ ਕੁਅਰਿ ਬਿਦਾ ਕਰਿ ਦੀਨਾ।। ਪ੍ਰਾਤ ਭੇਸ ਨਰ ਕੋ ਧਰਿ ਲੀਨਾ।।**
**ਕੀਅਸ ਕੁਅਰ ਕੇ ਧਾਮ ਪਯਾਨਾ।। ਭੇਦ ਅਭੇਦ ਨ ਕਿਨੀ ਪਛਾਨਾ।। ੧੧।।**

ਇਹ ਕਹਿ ਕੇ ਉਸ ਰਾਜ ਕੁਮਾਰ ਨੂੰ ਭੇਜ ਦਿੱਤਾ ਅਤੇ ਖੁਦ ਮਰਦ ਦਾ ਭੇਸ ਧਾਰਣ ਕਰ ਲਿਆ। ਉਹ ਕੁਮਾਰ ਦੇ ਘਰ ਗਈ ਅਤੇ ਉਸ ਦੇ ਅਸਲ ਭੇਤ ਨੂੰ ਕੋਈ ਵੀ ਨ ਪਹਿਚਾਣ ਸਕਿਆ।।੧੧।।

**ਚਾਕਰ ਰਾਖਿ ਕੁਅਰਿ ਤਿਹ ਲਿਯੋ।। ਬੀਚ ਮੁਸਾਹਿਬ ਕੋ ਤਿਹ ਕਿਯੋ।।**
**ਖਾਨ ਪਾਨ ਸਭ ਸੋਈ ਪਿਲਾਵੈ।। ਨਰ ਨਾਰੀ ਕੋਈ ਜਾਨਿ ਨ ਜਾਵੈ।। ੧੨।।**

ਕੁਮਾਰ ਨੇ ਉਸ ਨੂੰ ਨੌਕਰ ਰਖ ਕੇ ਆਪਣੇ ਮੁਸਾਹਿਬਾਂ ਵਿਚ ਥਾਂ ਦੇ ਦਿੱਤੀ। ਉਹੀ ਹੁਣ ਰਾਜ ਕੁਮਾਰ ਨੂੰ ਰੋਟੀ ਪਾਣੀ ਦੇਣ ਲੱਗਾ ਅਤੇ ਹੋਰ ਕੋਈ ਇਸਤਰੀ ਪੁਰਸ਼ ਉਥੇ ਨਹੀਂ ਜਾ ਸਕਦਾ ਸੀ।।੧੨।।

**ਇਕ ਦਿਨ ਪਿਯ ਲੈ ਗਈ ਸ਼ਿਕਾਰਾ।। ਬੀਚ ਸੁਰਾਹੀ ਕੇ ਮਦ ਡਾਰਾ।।**
**ਜਲ ਕੈ ਸਾਥ ਭਿਗਾਇ ਉਛਾਰਾ।। ਚੋਵਤ ਜਾਤ ਜਵਨ ਤੇ ਬਾਰਾ।। ੧੩।।**

ਇਕ ਦਿਨ ਸ਼ਰਾਬ ਦੀ ਸੁਰਾਹੀ ਭਰ ਕੇ ਉਹ ਅਪਣੇ ਪ੍ਰੀਤਮ ਨੂੰ ਸ਼ਿਕਾਰ ਵਾਸਤੇ ਲੈ ਗਈ, ਪਾਣੀ ਦੇ ਨਾਲ ਉਸ ਸ਼ਰਾਬ ਨੂੰ ਉਛਾਲਿਆ ਅਤੇ ਉਸ ਸੁਰਾਹੀ ਵਿਚੋਂ ਪਾਣੀ ਡਿੱਗਦਾ ਹੋਇਆ ਦਿਸਿਆ।।੧੩।।

**ਸਭ ਕੋਈ ਲਖੈ ਤਵਨ ਕਹ ਪਾਨੀ।। ਕੋਈ ਨ ਸਮੁਝਿ ਸਕੈ ਮਦ ਗਜਾਨੀ।।**
**ਜਬ ਕਾਨਨ ਕੇ ਗਏ ਮੰਝਾਰਾ।। ਰਾਜ ਕੁਅਰ ਸੌ ਬਾਲ ਉਚਾਰਾ।। ੧੪।।**

ਪਦ ਅਰਥ - ਮਦ=ਸ਼ਰਾਬ। ਗਜਾਨੀ=ਸਿਆਣਾ। ਕਾਨਨ=ਜੰਗਲ। ਮੰਝਾਰਾ=ਵਿਚ। ਬਾਲ=ਇਸਤਰੀ।

ਸਾਰੇ ਉਸ ਨੂੰ ਪਾਣੀ ਹੀ ਮੰਨਦੇ ਸਨ ਅਤੇ ਕੋਈ ਵੀ ਚੱਤਰ ਇਹ ਨ ਸਮਝ ਸਕਿਆ ਕਿ ਉਸ ਵਿਚ ਸ਼ਰਾਬ ਹੈ। ਜਦ ਉਹ ਜੰਗਲ ਦੇ ਵਿਚਕਾਰ ਚਲੇ ਗਏ ਤਾਂ ਇਸਤਰੀ ਨੇ ਰਾਜ ਕੁਮਾਰ ਨੂੰ ਕਿਹਾ।।੧੪।।

**ਤੁਮ ਕੋ ਲਗੀ ਤ੍ਰਿਖਾ ਅਭਿਮਾਨੀ।। ਸੀਤਲ ਲੇਹੁ ਪਿਯਹੁ ਇਹ ਪਾਨੀ।।**
**ਭਰਿ ਪਜਾਲਾ ਲੈ ਤਾਹਿ ਪਯਾਰਾ।। ਸਭਹਿਨ ਕਰਿ ਜਲ ਤਾਹਿ ਬਿਚਾਰਾ।। ੧੫।।**

ਤੁਹਾਨੂੰ ਬਹੁਤ ਪਿਆਸ ਲੱਗੀ ਹੈ ਇਸ ਲਈ ਇਹ ਠੰਡਾ ਪਾਣੀ ਪੀ ਲਵੋ। ਉਸ ਆਪਣੇ ਪ੍ਰੀਤਮ ਨੂੰ ਇਕ ਪਿਆਲਾ ਭਰ ਕੇ ਦਿੱਤਾ, ਜਿਸ ਨੂੰ ਸਾਰਿਆਂ ਨੇ ਪਾਣੀ ਹੀ ਸਮਝਿਆ।।੧੫।।

Namdhari Elibrary NamdhariElibrary@gmail.com

ਪੁਨਿ ਤ੍ਰਿਯ ਲਿਯਾ ਕਬਾਬ ਹਾਥਿ ਕਰਿ।। ਕਹਿਯੋ ਕਿ ਖਾਹੁ ਰਾਜ ਸੁਤ ਬਨਫਰ।।
ਤੁਮਰੇ ਨਿਮਿਤਿ ਤੋਰਿ ਇਨ ਆਨਾ।। ਭੱਛਨ ਕਰਹੁ ਸ੍ਵਾਦ ਅਬ ਨਾਨਾ।। ੧੬।।

ਪਦ ਅਰਥ - ਰਾਜ ਸੁਤ=ਰਾਜ ਕੁਮਾਰ। ਬਨਫਰ=ਜੰਗਲੀ ਫਲ। ਭਛੱਨ ਕਰਹੁ=ਖਾਵੋ।

ਫਿਰ ਇਸਤਰੀ ਨੇ ਆਪਣੇ ਹੱਥ ਵਿਚ ਕਬਾਬ ਲਿਆ ਅਤੇ ਰਾਜ ਕੁਮਾਰ ਨੂੰ ਕਹਿਣ ਲੱਗੀ ਕਿ ਇਹ ਵਣ ਫਲ ਖਾਓ। ਇਹ ਤੁਹਾਡੇ ਵਾਸਤੇ ਹੀ ਤੋੜ ਕੇ ਲਿਆਂਦਾ ਗਿਆ ਹੈ, ਇਸ ਲਈ ਤੁਸੀਂ ਇਸ ਨੂੰ ਸਵਾਦ ਨਾਲ ਖਾਓ।।੧੬।।

ਜਬ ਮਧਜਾਨ ਸਮੋ ਭਯੋ ਜਾਨਜੋ।। ਸਭ ਲੋਗਨ ਇਹ ਭਾਂਤਿ ਬਖਾਨਜੋ।।
ਤੁਮ ਸਭ ਚਲੋ ਭੂਪ ਕੇ ਸਾਥਾ।। ਹਮ ਸੇਵਾ ਕਰਿਹੈ ਜਗਨਾਥਾ।। ੧੭।।

ਜਦ ਖਾਣ ਪੀਣ ਦਾ ਸਮਾਂ ਹੋ ਗਿਆ ਤਾਂ ਉਸ ਸਾਰੇ ਲੋਕਾਂ ਨੂੰ ਇਸ ਤਰ੍ਹਾਂ ਕਿਹਾ ਕਿ ਤੁਸੀਂ ਸਾਰੇ ਰਾਜੇ ਨਾਲ ਚਲੋ, ਅਸੀਂ ਪ੍ਰਭੂ ਜਗਨ ਨਾਥ ਦੀ ਪੂਜਾ ਕਰਕੇ ਆਵਾਂਗੇ।। ੧੭ ।।

ਸਭ ਜਨ ਪਠੈ ਭੂਪ ਕੇਸਾਥਾ।। ਦੋਈ ਰਹੇ ਨਾਰਿ ਅਰੁ ਨਾਥਾ।।
ਪਰਦਾ ਐਚਿ ਦਸੌਦਿਸਿ ਲਿਯਾ।। ਕਾਮ ਭੋਗ ਹਸਿ ਹਸਿ ਰਸਿ ਕਿਯਾ।। ੧੮।।

ਪਦ ਅਰਥ - ਪਠੈ=ਚਲੇ ਗਏ। ਨਾਰਿ ਅਰੁ ਨਾਥਾ=ਇਸਤਰੀ ਅਤੇ ਮਾਲਕ। ਐਚ=ਖਿੱਚ। ਦਸੌਦਿਸ=ਸਾਰਿਆਂ ਪਾਸਿਆਂ ਤੋਂ।

ਸਾਰਿਆਂ ਲੋਕਾਂ ਨੂੰ ਰਾਜੇ ਨਾਲ ਭੇਜ ਦਿੱਤਾ ਅਤੇ ਹੁਣ ਦੋਵੇਂ ਨਰ ਨਾਰੀ ਉਥੇ ਰਹਿ ਗਏ। ਹੁਣ ਉਨ੍ਹਾਂ ਨੇ ਦਸਾਂ ਪਾਸਿਆਂ ਤੋਂ ਪੜਦਾ ਕਰ ਲਿਆ ਅਤੇ ਹੱਸ ਹੱਸ ਕੇ ਕਾਮ ਕ੍ਰੀੜਾ ਕਰਨ ਲੱਗੇ।।੧੮।।

ਦੋਹਰਾ।। ਇਹ ਚਰਿੱਤ੍ਰ ਦੋਈ ਬਿਹਸਿ ਰਮਤ ਭਏ ਨਰ ਨਾਰਿ।।
ਪ੍ਰਜਾ ਸਹਿਤ ਰਾਜਾ ਛਲਾ ਸਕਾ ਨ ਭੂਪ ਬਿਚਾਰਿ।। ੧੯।। ੧।।

ਇਸ ਚਲਿੱਤਰ ਰਾਹੀਂ ਖੁਸ਼ੀ ਖੁਸ਼ੀ ਦੋਵੇਂ ਰਮਣ ਕਰਦੇ ਰਹੇ ਅਤੇ ਪਰਜਾ ਸਮੇਤ ਉਨ੍ਹਾਂ ਨੇ ਰਾਜੇ ਨੂੰ ਛਲ ਲਿਆ।।੧੯।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤਿਰਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੩੯੩।।੭੦੧੩।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਤਿਰਾਨੇਵੀਂ ਕਥਾ ਸਮਾਪਤ।।੩੯੩।।੭੦੧੩।।ਚਲਦਾ।।

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਚੌਰਾਨੇਵਾਂ

## ਕਥਾ ਅਲਕੇਸ ਮਤੀ

**ਚੌਪਈ।। ਦੇਵ ਛੱਤ੍ਰ ਇਕ ਭੂਪ ਬਖਨਿਯਤਿ।। ਸ੍ਰੀ ਸੁਰ ਰਾਜਵਤੀ ਪੁਰ ਜਨਿਯਤ।।**
**ਤਿਹੁ ਸੰਗ ਚੜ੍ਹਤ ਅਮਿਤਿ ਚਤੁਰੰਗਾ।। ਉਮਡਿ ਚਲਤ ਜਿਹ ਬਿਧਿ ਕਰਿ ਗੰਗਾ।। ੧।।**

ਦੇਵ ਛੱਤਰ ਨਾਮੀਂ ਇਕ ਰਾਜਾ ਸੀ ਜਿਹੜਾ ਕਿ ਸੁਰ ਰਾਜਵਤੀ ਨਗਰ ਵਿਚ ਰਹਿੰਦਾ ਸੀ। ਉਸ ਦੇ ਨਾਲ ਬੇਅੰਤ ਚਤਰੰਗੀ ਸੈਨਾ ਗੰਗਾ ਦੀਆਂ ਲਹਿਰਾਂ ਵਾਂਗ ਉੱਮਡ ਕੇ ਚਲਦੀ ਸੀ।।੧।।

**ਅੜਿੱਲ।। ਸ੍ਰੀ ਅਲਕੇਸ ਮਤੀ ਤਿਹ ਸੁਤਾ ਬਖਾਨਿਯੈ।।**
**ਪਰੀ ਪਦੁਮਨੀ ਪ੍ਰਾਤ ਕਿ ਪ੍ਰਕ੍ਰਿਤਿ ਪ੍ਰਮਾਨਿਯੈ।।**
**ਕੈ ਨਿਸੁਪਤਿ ਸੁਰ ਜਾਇ ਕਿ ਦਿਨਕਰ ਜੂਝਈ।।**
**ਹੋ ਜਿਹ ਸਮ ਹ੍ਵੈ ਹੈ ਨਾਰਿ ਨ ਪਾਛੈ ਹੈ ਭਈ।। ੨।।**

ਪਦ ਅਰਥ - ਪ੍ਰਾਤ=ਸਮਾਨ। ਨਿਸੁਪਤਿ=ਚੰਦ। ਦਿਨਕਰ=ਸੂਰਜ।

ਅਲਕੇਸ ਮਤੀ ਉਸਦੀ ਪੁੱਤਰੀ ਸੀ, ਜਿਹੜੀ ਕਿ ਪਰੀ ਪਦਮਨੀ ਪ੍ਰਕਾਰ ਦੀ ਇਸਤਰੀ ਮੰਨੀ ਜਾਂਦੀ ਸੀ। ਉਸ ਵਰਗੀ ਚੰਦਰ ਸੂਰਜ ਜਾਂ ਦੇਵ-ਕੰਨਿਆਂ ਵੀ ਨਹੀਂ ਸੀ। ਉਸ ਵਰਗੀ ਨ ਕੋਈ ਇਸਤਰੀ ਹੋਈ ਹੈ ਅਤੇ ਨਾ ਹੀ ਅਗੋ ਤੋਂ ਹੋਵੇਗੀ।।੨।।

**ਤਹ ਇਕ ਰਾਇ ਸਜੁਲਫ ਸੁ ਛੱਤ੍ਰੀ ਜਾਨਿਯੈ।। ਰੂਪਵਾਨ ਸੁਘਰ ਪਹਿਚਾਨਿਯੈ।।**
**ਜਿਹ ਬਿਲੋਕਿ ਕੰਦ੍ਰੱਪ ਦ੍ਰੱਪ ਕਹ ਖੋਇ ਹੈ।। ਹੋ ਜਿਹ ਸਮ ਸੁੰਦਰ ਭਯੋ ਨ ਆਗੋ ਹੋਇ ਹੈ।।੩।।**

ਪਦ ਅਰਥ - ਕੰਦ੍ਰੱਪ ਦ੍ਰੱਪ=ਕਾਮ ਦਾ ਹੰਕਾਰ।

ਉਥੇ ਇਕ ਸਜੁਲਫ ਰਾਏ ਨਾਮੀਂ ਖੱਤਰੀ ਰਹਿੰਦਾ ਸੀ ਜਿਹੜਾ ਕਿ ਬੜਾ ਰੂਪਵਾਨ, ਗੁਣਵਾਨ ਅਤੇ ਸਿਆਣਾ ਸੀ। ਉਸ ਨੂੰ ਵੇਖ ਕੇ ਕਾਮਦੇਵ ਦਾ ਵੀ ਹੰਕਾਰ ਚੂਰ ਹੁੰਦਾ ਸੀ। ਉਸ ਵਰਗਾ ਵੀ ਨ ਕੋਈ ਸੁੰਦਰ ਹੋਇਆ ਅਤੇ ਨ ਅੱਗੇ ਹੋਵੇਗਾ।।੩।।

**ਰਾਜ ਸੁਤਾ ਇਕ ਦਿਨ ਤਿਹ ਰੂਪ ਨਿਹਾਰਿਕੈ।।**
**ਰਹੀ ਮਗਨ ਹ੍ਵੈ ਮਨ ਮਹਿ ਕ੍ਰਿਯਾ ਬਿਚਾਰਿਕੈ।।**
**ਅਬ ਕਸ ਕਰੌ ਉਪਾਇ ਜੁ ਯਾਹੀ ਕਹ ਬਰੌ।।**

ਹੋ ਬਿਨੁ ਸਾਜਨ ਕੇ ਮਿਲੇ ਅਗਨਿ ਭੀਤਰ ਜਰੌਂ।। ੪।।

ਰਾਜ ਕੁਮਾਰੀ ਇਕ ਦਿਨ ਉਸ ਦਾ ਰੂਪ ਵੇਖ ਕੇ ਮਨ ਵਿਚ ਮੋਹਿਤ ਹੋ ਕੇ ਉਸ ਦੇ ਪਿਆਰ ਵਿਚ ਲੀਨ ਹੋ ਗਈ। ਉਸ ਸੋਚਿਆ ਕਿ ਮੈਂ ਹੁਣ ਕੋਈ ਐਸਾ ਉਪਾਅ ਕਰਾਂਗੀ ਕਿ ਏਸੇ ਨਾਲ ਵਿਆਹ ਕਰਾਂਗੀ ਅਤੇ ਸਜਨ ਦੇ ਨ ਮਿਲਣ ਤੇ ਅੱਗ ਵਿਚ ਸੜ ਕੇ ਮਰ ਜਾਵਾਂਗੀ।।੪।।

ਹਿਤੂ ਸਹਚਰੀ ਸਮਝਿਕ ਲਈ ਬੁਲਾਇਕੈ।।
ਕਹਿ ਤਿਹ ਭੇਦ ਕੁਅਰ ਤਨ ਦਈ ਪਠਾਇਕੈ।।
ਜੁ ਮੈਂ ਤੁਮੈਂ ਕਛੁ ਕਹਿਯੋ ਸੁ ਮੀਤਹਿ ਆਖਿਯੋ।।
ਹੋ ਚਿਤ ਮਹਿ ਰਖਿਯਹੁ ਭੇਦ ਨ ਕਾਹੂ ਭਾਖਿਯੋ।। ੫।।

ਉਸ ਇਕ ਹਿਤੂ ਸਖੀ ਨੂੰ ਬੁਲਾਇਆ ਅਤੇ ਸਾਰਾ ਕੁਝ ਸਮਝਾ ਕੇ ਰਾਜ ਕੁਮਾਰ ਦੇ ਪਾਸ ਭੇਜ ਦਿੱਤਾ। ਉਹ ਕਹਿਣ ਲੱਗੀ ਜੋ ਮੈਂ ਤੈਨੂੰ ਸਮਝਾਇਆ ਹੈ ਉਹੋ ਹੀ ਮਿੱਤਰ ਨੂੰ ਕਹਿਣਾ ਹੈ। ਆਪਣੇ ਚਿੱਤ ਵਿਚ ਹੀ ਭੇਤ ਨੂੰ ਰੱਖੀਂ ਅਤੇ ਹੋਰ ਕਿਸੇ ਨੂੰ ਨ ਦਸੀਂ।।

ਚੌਪਈ।।ਸਖੀ ਕੁਅਰ ਪਹਿ ਦਈ ਪਠਾਈ।।ਜਿਹ ਤਿਹ ਭਾਂਤਿ ਪ੍ਰਬੋਧਿ ਲਯਾਈ।।
ਰਾਜ ਸੁਤਹਿ ਤਿਨ ਆਨ ਮਿਲਾਯੋ।।ਸਾਜਨ ਮਿਲਤ ਸਜਨਿ ਸੁਖ ਪਾਯੋ।।੬।।

ਚੱਤਰ ਸਖੀ ਨੂੰ ਰਾਜ ਕੁਮਾਰ ਪਾਸ ਭੇਜ ਦਿੱਤਾ ਅਤੇ ਉਹ ਜਿਵੇਂ ਕਿਵੇਂ ਉਸ ਨੂੰ ਸਮਝਾ ਕੇ ਲੈ ਆਈ, ਰਾਜ ਕੁਮਾਰ ਨੂੰ ਉਸ ਨਾਲ ਮਿਲਾ ਦਿੱਤਾ ਅਤੇ ਪ੍ਰੇਮੀ ਨੂੰ ਮਿਲ ਕੇ ਪ੍ਰੇਮਕਾ ਬਹੁਤ ਖੁਸ਼ ਹੋਈ।।੬।।

ਭਾਂਤਿ ਭਾਂਤਿ ਸੇਤੀ ਕਿਯ ਭੋਗਾ।। ਮਿਟ ਗਯੋ ਸਕਲ ਦੁਹਨ ਕੋ ਸੋਗਾ।।
ਭਾਂਤਿ ਭਾਂਤਿ ਤਨ ਕਰੈ ਬਿਲਾਸਾ।।ਨਿਜ ਪਤਿ ਕੋ ਤਜਿ ਕਰਿਕੈ ਤ੍ਰਾਸਾ।। ੭।।

ਉਨ੍ਹਾਂ ਕਈ ਪ੍ਰਕਾਰ ਨਾਲ ਕਾਮ ਕ੍ਰੀੜਾ ਕੀਤੀ ਅਤੇ ਆਪਣੇ ਦਿਲ ਦੇ ਸਾਰੇ ਦੁਖ ਦੂਰ ਕਰ ਲਏ। ਆਪਣੇ ਪਤੀ ਦੇ ਭੈਅ ਨੂੰ ਤਿਆਗ ਕੇ ਉਸ ਭਿੰਨ ਭਿੰਨ ਪ੍ਰਕਾਰ ਨਾਲ ਭੋਗ ਬਿਲਾਸ ਕੀਤਾ।। ੭।।

ਚਤੁਰ ਚਤੁਰਿਯਾ ਦੋਈ ਕਲੋਲਹਿ।। ਮਿਲਿ ਮਿਲਿ ਬੈਨ ਮਧੁਰ ਧੁਨ ਬੋਲਹਿ।।
ਭਾਂਤਿ ਅਨਿਕ ਕੀ ਕੈਫ ਮੰਗਾਵੈ।। ਏਕ ਪਲੰਘ ਬੈਠਿ ਪਰ ਚੜ੍ਹਾਵੈ।। ੮।।

ਉਹ ਚੱਤਰ ਇਸਤਰੀ ਪੁਰਸ਼ ਦੋਵੇਂ ਕਲੋਲਾਂ ਕਰਨ ਲੱਗੇ ਅਤੇ ਮਿਲ ਕੇ ਮਿੱਠੀਆਂ ਧੁਨਾਂ ਗਾਉਣ ਲੱਗੇ। ਕਈ ਕਿਸਮ ਦੀ ਸ਼ਰਾਬ ਮੰਗਵਾ ਕੇ ਇਕ ਹੀ ਪਲੰਘ ਉਤੇ ਚੜ੍ਹ ਕੇ ਪੀਣ ਲੱਗੇ।।੮।।

ਆਸਨ ਭਾਂਤਿ ਭਾਂਤਿ ਕੇ ਲੇਂਹੀ।। ਆਲਿੰਗਨ ਚੁੰਬਨ ਦੋਇ ਦੇਂਹੀ।।

ਰਸਿ ਰਸਿ ਕਸਿ ਨਰ ਕੇਲ ਕਮਾਇ॥ ਲਪਟਿ ਲਪਟਿ ਤਰੁਨੀ ਤਰ ਜਾਇ॥੯॥

ਮੁਖਤਲਿਫ ਕਿਸਮ ਦੇ ਆਸਣ ਬਣਾਉਣ ਲੱਗੇ ਅਤੇ ਦੋਵੇਂ ਆਲਿੰਗਨ ਚੁੰਮਣ ਲੈਣ ਦੇਣ ਲੱਗੇ। ਉਹ ਮਰਦ ਰਸ ਮਾਣਦਾ ਹੋਇਆ ਕਾਮ ਕ੍ਰੀੜਾ ਕਰਨ ਲੱਗਾ ਅਤੇ ਲਿਪਟ ਲਿਪਟ ਕੇ ਇਸਤਰੀ ਦੇ ਕੋਲ ਜਾਣ ਲੱਗਾ॥੯॥

ਦੋਇ ਤਰੁਨ ਬਿਜਿਯਾ ਦੁਹੂੰ ਖਾਈ॥ ਦਾਰਿ ਟਾਂਕ ਅਹਿਫੇਨ ਚੜਾਈ॥
ਰਸਿ ਰਸਿ ਕਰਿ ਕਸਿ ਕਸਿ ਰਤਿ ਕਿਯੋ॥ ਚੋਰਿ ਚੰਚਲਾ ਕੋ ਚਿਤ ਲਿਯੋ॥੧੦॥

ਦੋਹਾਂ ਸਾਥੀਆਂ ਨੇ ਭੰਗ ਪੀਤੀ ਅਤੇ ਚਾਰ ਟਾਂਕ ਅਫੀਮ ਖਾ ਲਈ, ਇਸ ਪ੍ਰਕਾਰ ਰਸ ਪੂਰਬਕ ਕਸ ਕਸ ਕੇ ਕਾਮ ਕ੍ਰੀੜਾ ਕੀਤੀ ਕਿ ਉਸ ਇਸਤਰੀ ਦਾ ਚਿੱਤ ਗਭਰੂ ਨੇ ਚੁਰਾ ਲਿਆ॥੧੦॥

ਰਸਿਗੇ ਦੋਊ ਨ ਛੋਰਾ ਜਾਇ॥ ਕਹੀ ਬਾਤ ਇਹ ਘਾਤ ਬਨਾਇ॥
ਏਕ ਮੰਤ੍ਰ ਹਮ ਤੇ ਪਿਯ ਲੀਜੈ॥ ਜਲ ਕੇ ਬਿਖੈ ਪਿਯਾਨਾ ਕੀਜੈ॥੧੧॥

ਪਦ ਅਰਥ - ਜਲ ਕੇ ਬਿਖੈ=ਪਾਣੀ ਵਿਚ। ਪਿਯਾਨਾ=ਚਲੇ ਜਾ।

ਦੋਵੇਂ ਇਕ ਦੂਸਰੇ ਵਿਚ ਇਤਨੇ ਲੀਨ ਹੋ ਗਏ ਕਿ ਹੁਣ ਇਕ ਦੂਸਰੇ ਨੂੰ ਛੱਡਿਆ ਨਹੀਂ ਜਾ ਸਕਦਾ ਸੀ। ਤਦ ਇਸਤਰੀ ਨੇ ਮੌਕਾ ਪਾ ਕੇ ਇਹ ਗੱਲ ਕਹੀ, "ਹੇ ਪਿਆਰੇ ਮੈਥੋਂ ਇਕ ਮੰਤਰ ਲਵੋ ਅਤੇ ਜਲ ਵਿਚ ਚਲੇ ਜਾਓ"॥੧੧॥

ਜਬ ਲਗੁ ਮੰਤ੍ਰਚਾਰ ਤੈਂ ਕਰ ਹੈਂ॥ ਤਬ ਲਗਿ ਤੈਂ ਜਲ ਬੀਚ ਨ ਮਰਹੈਂ॥
ਤੁਮਰੇ ਜਲ ਐਹੈ ਨ ਨੇਰੇ॥ ਚਾਰਿ ਓਰ ਰਹਿ ਹੈ ਤੁਹਿ ਘੇਰੇ॥੧੨॥

ਪਦ ਅਰਥ - ਮੰਤ੍ਰਚਾਰ=ਮੰਤਰ ਦਾ ਉਚਾਰਣ। ਐਹੇ ਨ ਨੇਰੇ=ਜਲ ਤੁਹਾਡੇ ਨੇੜੇ ਨਹੀਂ ਆਵੇਗਾ।

ਜਦ ਤਕ ਤੁਸੀਂ ਮੰਤਰ ਦਾ ਉਚਾਰਣ ਕਰੋਗੇ ਤਾਂ ਜਲ ਤੁਹਾਡੇ ਨੇੜੇ ਨਹੀਂ ਆਵੇਗਾ ਅਤੇ ਤੁਸੀਂ ਜਲ ਵਿਚ ਨਹੀਂ ਮਰੋਗੇ, ਜਲ ਤੁਹਾਡੇ ਨਾਲ ਨਹੀਂ ਲੱਗੇਗਾ ਬਲਕਿ ਤੁਹਾਨੂੰ ਚਾਰਾਂ ਪਾਸਿਆਂ ਤੋਂ ਘੇਰ ਲਵੇਗਾ॥੧੨॥

ਮੰਤ੍ਰ ਮਿੱਤ੍ਰ ਤਾਤੇ ਤਬ ਲਿਯੋ॥ ਗੰਗਾ ਬੀਚ ਪਯਾਨਾ ਕਿਯੋ॥
ਜਲ ਚਹੂੰ ਓਰ ਤਵਨ ਕੇ ਰਹਾ॥ ਆਨਿ ਪਾਨ ਤਾਕੇ ਨਹਿ ਗਹਾ॥੧੩॥

ਤਦ ਮਿੱਤਰ ਨੇ ਮੰਤਰ ਲਿਆ ਅਤੇ ਗੰਗਾ ਦੇ ਵਿਚ ਵੜ ਗਿਆ, ਪਾਣੀ ਉਸ ਦੇ ਚਾਰ ਚੁਫੇਰੇ ਰਿਹਾ, ਪਰ ਉਸ ਦੇ ਸਰੀਰ ਨੂੰ ਨਹੀਂ ਲੱਗਾ॥੧੩॥

Namdhari Elibrary NamdhariElibrary@gmail.com

ਇਹ ਛਲ ਜਲ ਮਹਿ ਮੀਤ ਪਠਾਯੋ।। ਮਾਤ ਪਿਤਾ ਤਨ ਬਚਨ ਸੁਨਾਯੋ।।
ਹੋ ਪਿਤ ਪ੍ਰਾਤ ਸੁਯੰਬਰ ਕਰਿਹੌ।। ਪਰਮ ਪਵਿੱਤ੍ਰ ਪੁਰਖ ਕੋਈ ਬਰਿਹੌ।। ੧੪।।

ਇਸ ਚਲਿੱਤਰ ਨਾਲ ਮਿੱਤਰ ਨੂੰ ਪਾਣੀ ਵਿਚ ਭੇਜ ਦਿੱਤਾ ਅਤੇ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਮੈਂ ਸਵੇਰੇ ਸੁਅੰਬਰ ਰਚਾਂਗੀ ਅਤੇ ਕਿਸੇ ਪਰਮ ਪਵਿੱਤਰ ਪੁਰਸ਼ ਨਾਲ ਵਿਆਹ ਕਰਾਂਗੀ।।੧੪।।

ਕਹੇ ਚਲੋ ਤੁਮ ਤਾਤ ਹਮਾਰੇ।। ਮਥਹੁ ਜਾਨਵੀ ਹੋਤ ਸਵਾਰੇ।।
ਤਹ ਤੇ ਜੁ ਨਰ ਨਿਕਸਿ ਹੈ ਕੋਈ।। ਭਰਤਾ ਹੋਇ ਹਮਾਰੋ ਸੋਈ।। ੧੫।।

ਪਦ ਅਰਥ - ਮਥਹੁ=ਰਿੜਕੋ। ਜਾਨਵੀ=ਗੰਗਾ। ਸਵਾਰੇ=ਚੰਗੀ ਤਰ੍ਹਾਂ।

ਇਸ ਲਈ ਮੇਰਾ ਕਿਹਾ ਮੰਨੋ ਅਤੇ ਸਵੇਰੇ ਗੰਗਾ ਦਾ ਮੰਥਨ ਕਰੋ. ਉਸ ਵਿਚੋਂ ਜੋ ਵਿਅਕਤੀ ਨਿਕਲੇਗਾ ਉਹੀ ਮੇਰਾ ਪਤੀ ਹੋਵੇਗਾ।।੧੫।।

ਬਚਨ ਸੁਨਤ ਰਾਜਾ ਹਰਖਾਨੋ।। ਸਾਚੁ ਝੂਠੁ ਜੜ ਕਛੁ ਨ ਪਛਾਨੋ।।
ਜੋਰਿ ਪ੍ਰਜਾ ਦੈ ਢੋਲ ਨਗਾਰੇ।। ਚਲੇ ਸੁਰਸੁਰੀ ਮਥਨ ਸਕਾਰੇ।। ੧੬।।

ਪਦ ਅਰਥ - ਹਰਖਾਨੋ=ਖੁਸ਼ ਹੋਇਆ। ਸੁਰਸੁਰੀ=ਗੰਗਾ।

ਰਾਜਾ ਇਹ ਗੱਲ ਸੁਣ ਕੇ ਖੁਸ਼ ਹੋ ਗਿਆ ਅਤੇ ਮੂਰਖ ਝੂਠ ਸੱਚ ਕੁਝ ਵੀ ਨ ਸਮਝ ਸਕਿਆ। ਉਹ ਪਰਜਾ ਨੂੰ ਇਕੱਠਿਆਂ ਕਰ, ਸਵੇੱਖਤੇ ਹੀ ਗੰਗਾ ਦਾ ਮੰਥਨ ਕਰਨ ਚਲ ਪਿਆ।।੧੬।।

ਬਡੇ ਦ੍ਰੂਮਨ ਕੀ ਮਥਨਿ ਸੁ ਧਾਰਿ।। ਮਥਤ ਭਏ ਸੁਰਸਰਿ ਮੋ ਡਾਰਿ।।
ਤਨਿਕ ਬਾਰਿ ਕਹ ਜਬੈ ਡੁਲਾਯੋ।। ਨਿਕਸਿ ਪੁਰਖ ਤਹ ਤੇ ਇਕ ਆਯੋ।। ੧੭।।

ਪਦ ਅਰਥ - ਦ੍ਰੂਮਨ=ਦਰੱਖਤ। ਮਥਨਿ=ਮਧਾਣੀ।

ਵੱਡੇ ਦਰੱਖਤਾਂ ਦੀਆਂ ਮਧਾਣੀਆਂ ਬਣਾ ਕੇ ਗੰਗਾ ਨੂੰ ਰਿੜਕਣ ਲੱਗੇ। ਜਦ ਪਾਣੀ ਨੂੰ ਥੋੜਾ ਜਿਹਾ ਰਿੜਕਿਆ ਤਾਂ ਉਸ ਵਿਚੋਂ ਇਕ ਪੁਰਸ਼ ਨਿਕਲ ਆਇਆ।।੧੭।।

ਨਿਰਖਿ ਸਜਨ ਕੋ ਰੂਪ ਅਪਾਰਾ।। ਬਰਤ ਭਈ ਤਿਹ ਰਾਜ ਕੁਮਾਰਾ।।
ਭੇਦ ਅਭੇਦ ਪਸੁ ਕਛੁ ਨ ਬਿਚਰਿਯੋ।। ਇਹ ਛਲ ਨਾਰਿ ਜਾਰ ਕਹ ਬਰਿਯੋ।। ੧੮।।

ਸਜਨ ਦਾ ਅਪਾਰ ਸਰੂਪ ਵੇਖ ਕੇ ਰਾਜ ਕੁਮਾਰੀ ਨੇ ਉਸਨੂੰ ਵਰ ਲਿਆ। ਮੂਰਖ ਰਾਜਾ ਅਸਲ ਭੇਤ ਨੂੰ ਨ ਸਮਝ ਸਕਿਆ ਅਤੇ ਇਸ ਚਲਿੱਤਰ ਨਾਲ ਰਾਜ ਕੁਮਾਰੀ ਨੇ ਆਪਣੇ ਯਾਰ ਨਾਲ ਵਿਆਹ ਕਰਵਾ ਲਿਆ।।੧੮।।

**********************************************************

**ਦੋਹਰਾ॥ ਜਿਹ ਬਿਧਿ ਤੇ ਮਥਿ ਨੀਰਧਹਿ ਲਛਮੀ ਬਰੀ ਮੁਰਾਰਿ॥**
**ਤਸਹਿ ਮਥਿ ਗੰਗਾ ਬਰਾ ਯਾਕਹ ਰਾਜ ਕੁਮਾਰਿ॥ ੧੯॥ ੧॥**

ਪਦ ਅਰਥ - ਜਿਹ ਬਿਧਿ=ਜਿਸ ਵਿਧੀ ਨਾਲ। ਨੀਰਧਹਿ=ਸਮੁੰਦਰ। ਮੁਰਾਰਿ=ਵਿਸ਼ਨੂੰ। ਬਰਾ=ਵਿਆਹਿਆ।

ਜਿਸ ਤਰ੍ਹਾਂ ਵਿਸ਼ਨੂੰ ਮਹਾਰਾਜ ਨੇ ਸਮੁੰਦਰ ਨੂੰ ਰਿੜਕ ਕੇ ਲਛਮੀ ਨਾਲ ਵਿਆਹ ਕੀਤਾ ਸੀ. ਇਸ ਤਰ੍ਹਾਂ ਹੀ ਰਾਜ ਕੁਮਾਰੀ ਨੇ ਗੰਗਾ ਨੂੰ ਰਿੜਕ ਕੇ ਆਪਣੇ ਯਾਰ ਨਾਲ ਵਿਆਹ ਕਰ ਲਿਆ॥੧੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੁਰਾਨਵੋ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੯੪॥੭੦੩੩॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ. ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ. ਤਿੰਨ ਸੌ ਚਰਾਨੋਵੀਂ ਕਥਾ ਸਮਾਪਤ॥੩੯੪॥੭੦੩੩॥ਚਲਦਾ॥

## ਚਲਿੱਤਰ ਤਿੰਨ ਸੌ ਪਚਾਨੋਵਾਂ

## ਕਥਾ ਜ਼ੁਲਫ ਦੇਵੀ

**ਚੌਪਈ॥ ਸਰਬ ਸਿੰਘ ਰਾਜਾ ਇਕ ਸੋਹੈ॥ ਸਰਬ ਸਿੰਧੁ ਪੁਰ ਗੜ੍ਹ ਜਿਹ ਕੋਹੈ॥**
**ਸ੍ਰੀ ਦਲ ਥੰਭੁ ਸੁਜਾਨ ਪੁੱਤ੍ਰ ਤਿਹ॥ ਸੁੰਦਰ ਅਵਰ ਨ ਭਯੋ ਤੁੱਲਿ ਜਿਹ॥ ੧॥**

ਪਦ ਅਰਥ - ਸਿੰਧੁ ਪੁਰ ਗੜ੍ਹ=ਸਮੁੰਦਰ ਉੱਤੇ ਕਿਲ੍ਹਾ।

ਸਿੰਧਪੁਰ ਨਾਮੀਂ ਕਿਲ੍ਹੇ ਵਿਚ ਸਰਬ ਸਿੰਘ ਨਾਮੀਂ ਰਾਜਾ ਰਾਜ ਕਰਦਾ ਸੀ. ਦਲ ਥੰਭ ਨਾਮੀਂ ਉਸ ਦਾ ਇਕ ਸੁਘੜ ਸੁਜਾਨ ਪੁੱਤਰ ਸੀ. ਉਹ ਏਨਾ ਸੁੰਦਰ ਸੀ ਕਿ ਉਸ ਵਰਗਾ ਹੋਰ ਕੋਈ ਸੁੰਦਰ ਨਹੀਂ ਹੋਇਆ ਸੀ॥੧॥

**ਦੁਸ਼ਟ ਸਿੰਘ ਤਾਕੌ ਭ੍ਰਾਤਾ ਭਨਿ॥ ਦੁਤਿਯ ਚੰਦ੍ਰ ਜਾਨਾ ਸਭ ਲੋਗਨ॥**
**ਰੂਪਵਾਨ ਗੁਨਵਾਨ ਭਨਿੱਜੈ॥ ਕਵਨ ਸੁਘਰ ਸਮ ਤਾਹਿ ਕਹਿੱਜੈ॥ ੨॥**

ਪਦ ਅਰਥ - ਭ੍ਰਾਤਾ ਭਨਿ=ਭਰਾ ਕਿਹਾ ਜਾਂਦਾ ਹੈ। ਦੁਤਿਯ ਚੰਦ੍ਰ=ਦੂਸਰਾ ਚੰਦਰਮਾ।

ਦੁਸ਼ਟ ਸਿੰਘ ਉਸ ਦਾ ਭਰਾ ਸੀ ਜਿਸ ਨੂੰ ਦੂਸਰਾ ਚੰਦਰਮਾਂ ਮੰਨਦੇ ਸਨ. ਉਹ ਬਹੁਤ ਰੂਪਵਾਨ ਅਤੇ ਗੁਣਵਾਨ ਸੀ, ਉਸ ਵਰਗਾ ਸੁੰਦਰ ਹੋਰ ਕੋਈ ਨਹੀਂ ਸੀ॥੨॥

**ਸ੍ਰੀ ਸੁ ਜ਼ੁਲਫ ਦੇ ਸ਼ਾਹ ਦੁਲਾਰੀ॥ ਜਿਹ ਸਮਾਨ ਨਹਿ ਦੇਵ ਕੁਮਾਰੀ॥**

Namdhari Elibrary NamdhariElibrary@gmail.com

ਰਾਜ ਕੁਅਰਿ ਨਿਰਖਾ ਤਿਹ ਜਬਹੀ। ਲਗਗੀ ਲਗਨ ਨਿਗੋੜੀ ਤਬਹੀ।। ੩।।

ਪਦ ਅਰਥ - ਨਿਰਖਾ=ਵੇਖਿਆ। ਲਗਨ=ਪਿਆਰ।

ਜ਼ੁਲਫ ਦੇਵੀ ਇਕ ਸ਼ਾਹ ਦੀ ਪੁੱਤਰੀ ਸੀ ਜਿਸ ਵਰਗੀ ਸੁੰਦਰ ਕੋਈ ਦੇਵ ਇਸਤਰੀ ਵੀ ਨਹੀਂ ਸੀ। ਉਸ ਜਦ ਤੋਂ ਰਾਜ ਕੁਮਾਰ ਨੂੰ ਵੇਖਿਆ ਉਸ ਸਮੇਂ ਤੋਂ ਹੀ ਉਸ ਦੀ ਲਗਨ ਉਸ ਨਾਲ ਲੱਗ ਗਈ।।੩।।

ਹਿਤੂ ਜਾਨਿ ਸਹਚਰੀ ਬੁਲਾਈ।। ਭੇਦ ਭਾਖਿ ਤਿਹ ਠੌਰ ਪਠਾਈ।।
ਰਾਜ ਕੁਅਰ ਤਿਹ ਹਾਥ ਨ ਆਯੋ।। ਇਹ ਬਿਧਿ ਉਹਿ ਇਹ ਆਨਿ ਸੁਨਾਯੋ।। ੪।।

ਉਸ ਇਕ ਹਿਤੂ ਸਖੀ ਨੂੰ ਬੁਲਾਇਆ ਅਤੇ ਉਸ ਸਾਰੀ ਗੱਲ ਸਮਝਾ ਕੇ ਰਾਜ ਕੁਮਾਰ ਪਾਸ ਭੇਜ ਦਿੱਤਾ। ਪਰ ਰਾਜ ਕੁਮਾਰ ਨੇ ਉਸ ਦੀ ਗੱਲ ਨ ਮੰਨੀ ਅਤੇ ਇਹੋ ਕੁਝ ਉਸ ਆ ਕੇ ਸ਼ਾਹ ਦੀ ਪੁੱਤਰੀ ਨੂੰ ਦੱਸ ਦਿੱਤਾ।।੪।।

ਸ਼ਾਹੁ ਸੁਤਾ ਬਹੁ ਜਤਨ ਥਕੀ ਕਰਿ।। ਗਯੋ ਨ ਮੀਤ ਕੈਸੇਹੂੰ ਤਿਹ ਘਰ।।
ਬੀਰ ਹਾਂਕਿ ਇਕ ਤਹਾਂ ਪਠਾਯੋ।। ਸੋਤ ਸੇਜ ਤੇ ਗਹਿ ਪਟਕਾਯੋ।। ੫।।

ਪਦ ਅਰਥ - ਬੀਰ=ਭੂਤ। ਗਹਿ ਪਟਕਾਯੋ=ਫੜ ਕੇ ਥੱਲੇ ਸੁੱਟ ਦਿੱਤਾ।

ਸ਼ਾਹ ਦੀ ਪੁੱਤਰੀ ਅਨੇਕਾਂ ਯਤਨ ਕਰਕੇ ਥਕ ਗਈ, ਪਰ ਰਾਜ ਕੁਮਾਰ ਕਿਸੇ ਤਰ੍ਹਾਂ ਵੀ ਉਸ ਦੇ ਪਾਸ ਨ ਆਇਆ। ਫਿਰ ਗੁੱਸੇ ਵਿਚ ਆ ਕੇ ਉਸ ਇਕ ਬੀਰ ਨੂੰ ਰਾਜ ਕੁਮਾਰ ਪਾਸ ਭੇਜਿਆ ਜਿਸ ਸੁੱਤੇ ਹੋਏ ਰਾਜ ਕੁਮਾਰ ਨੂੰ ਪਲੰਘ ਤੋਂ ਥੱਲੇ ਪਟਕਾ ਕੇ ਮਾਰਿਆ।।੫।।

ਟੰਗਰੀ ਭੂਤ ਕਬੈ ਗਹਿ ਲੇਈ।। ਕਬਹੂੰ ਡਾਰਿ ਸੇਜ ਪਰ ਦੇਈ।।
ਅਧਿਕ ਤ੍ਰਾਸ ਦੇ ਤਾਹਿ ਪਛਾਰਾ।। ਉਹਿ ਡਰਿ ਜਿਯ ਤੇ ਮਾਰਿ ਨ ਡਾਰਾ।। ੬।।

ਬੀਰ ਕਦੇ ਉਸ ਦੀ ਲੱਤ ਫੜ ਲੈਂਦਾ ਸੀ ਅਤੇ ਕਦੇ ਉਸ ਨੂੰ ਪਲੰਘ ਤੋਂ ਪਟਕਾ ਦਿੰਦਾ ਸੀ. ਉਸ ਨੇ ਉਸ ਨੂੰ ਬਹੁਤ ਭੈਭੀਤ ਕੀਤਾ ਪਰ ਮਾਲਕਣ ਦਾ ਡਰ ਕਰਕੇ ਮਾਰਿਆ ਨਹੀਂ।।੬।।

ਰੈਨਿ ਸਿਗਰ ਤਿਹ ਸੈਨ ਦਿਯੋ।। ਨ੍ਰਿਪ ਸੁਤ ਕਹ ਤ੍ਰਾਸਿਤ ਬਹੁ ਕਿਯੋ।।
ਚਲੀ ਖਬਰਿ ਰਾਜਾ ਪ੍ਰਤਿ ਆਈ।। ਭੂਤ ਨਾਸ ਕਰ ਲਏ ਬੁਲਾਈ।। ੭।।

ਪਦ ਅਰਥ - ਰੈਨਿ ਸਿਗਰ=ਸਾਰੀ ਰਾਤ। ਤ੍ਰਾਸਿਤ=ਡਰਾਇਆ।

ਸਾਰੀ ਰਾਤ ਉਸ ਨੂੰ ਸੌਣ ਨ ਦਿੱਤਾ ਅਤੇ ਇਸ ਤਰ੍ਹਾਂ ਉਸ ਰਾਜ ਕੁਮਾਰ ਨੂੰ ਬਹੁਤ ਡਰਾਇਆ। ਇਹ ਖ਼ਬਰ ਰਾਜੇ ਤਕ ਵੀ ਪਹੁੰਚ ਗਈ ਅਤੇ ਉਸ ਭੂਤਾਂ ਨੂੰ ਭਜਾਉਣ ਵਾਲਿਆਂ ਨੂੰ ਬੁਲਾ ਲਿਆ।।੭।।

Namdhari Elibrary NamdhariElibrary@gmail.com

**************************************************************

**ਭੂਤ ਹਤਾ ਇਕ ਮੰਤ੍ਰ ਉਚਾਰੈਂ।। ਬੀਸ ਮੰਤ੍ਰ ਪੜਿ ਬੀਰ ਪੁਕਾਰੈਂ।।**
**ਕਿਸਹੂ ਪਕਰਿ ਚੀਰਿ ਕਰਿ ਦੇਈ।। ਕਾਹੂੰ ਪਕਰਿ ਰਾਨ ਤਰ ਲੇਈ।। ੮।।**

ਇਸ ਪਾਸੇ ਮਾਂਦਰੀ ਜਦ ਇਕ ਮੰਤਰ ਪੜ੍ਹਦਾ ਸੀ ਤਾਂ ਬੀਰ ਵੀਹ ਮੰਤਰ ਪੜ੍ਹ ਦਿੰਦਾ ਸੀ. ਉਹ ਕਿਸੇ ਨੂੰ ਫੜ ਕੇ ਚੀਰ ਦਿੰਦਾ ਸੀ ਅਤੇ ਕਿਸੇ ਨੂੰ ਲੱਤਾਂ ਥੱਲੇ ਦੱਬਾ ਲੈਂਦਾ ਸੀ।।੮।।

**ਜਬ ਸਭ ਸਕਲ ਮੰਤ੍ਰ ਕਰਿ ਹਾਰੇ।। ਤਬ ਇਹ ਬਿਧਿ ਤਨ ਬੀਰ ਪੁਕਾਰੇ।।**
**ਜੇ ਗੁਰ ਮੋਰ ਇਹਾਂ ਚਲਿ ਆਵੈ।। ਰਾਜ ਕੁਅਰ ਤਬ ਹੀ ਸੁਖ ਪਾਵੈ।। ੯।।**

ਜਦ ਉਹ ਲੋਕ ਸਾਰੇ ਮੰਤਰ ਅਜ਼ਮਾ ਕੇ ਹਾਰ ਗਏ ਤਦ ਬੀਰ ਨੇ ਕਿਹਾ ਕਿ ਜੇ ਤੁਸੀਂ ਮੇਰੇ ਗੁਰੂ ਨੂੰ ਏਥੇ ਲੈ ਆਵੋ ਤਾਂ ਰਾਜ ਕੁਮਾਰ ਨੂੰ ਆਰਾਮ ਮਿਲ ਸਕਦਾ ਹੈ।।੯।।

**ਸੁਨਤ ਬਚਨ ਰਾਜਾ ਪਗ ਪਰੇ।। ਬਹੁ ਉਸਤਤਿ ਕਰਿ ਬਚਨ ਉਚਰੇ।।**
**ਕਹਾਂ ਤੋਰ ਗੁਰ ਮੋਹਿ ਬਤੈਯੈ।। ਜਿਹ ਤਿਹ ਭਾਂਤਿ ਤਾਂਹਿ ਹਜਾ ਲਜੈਯੈ।। ੧੦।।**

ਇਹ ਗੱਲ ਸੁਣ ਕੇ ਰਾਜਾ ਚਰਨਾਂ ਤੇ ਢਹਿ ਪਿਆ ਅਤੇ ਬੜੀ ਨਿਮਰਤਾ ਨਾਲ ਪੁੱਛਣ ਲੱਗਾ ਕਿ ਤੁਹਾਡਾ ਗੁਰੂ ਕੌਣ ਹੈ ਅਤੇ ਕਿਥੇ ਹੈ. ਉਸ ਨੂੰ ਜਿਵੇਂ ਕਿਵੇਂ ਏਥੇ ਲੈ ਆਵਾਂਗੇ।।੧੦।।

**ਜਵਨ ਪੁਰਖ ਕਾ ਨਾਮ ਬਤਾਯੋ।। ਨਾਰਿ ਤਿਸੀ ਕਾ ਭੇਸ ਬਨਾਯੋ।।**
**ਨ੍ਰਿਪਹਿ ਠੌਰ ਭਾਖਤ ਭਯੋ ਜਹਾਂ।। ਬੈਠੀ ਜਾਇ ਚੰਚਲਾ ਤਹਾਂ।।੧੧।।**

ਪਦ ਅਰਥ - ਠੌਰ ਭਾਖਤ ਭਯੋ ਜਹਾਂ=ਜਿਹੜੀ ਥਾਂ ਦੱਸੀ ਸੀ। ਚੰਚਲਾ=ਇਸਤਰੀ।

ਜਿਸ ਪੁਰਸ਼ ਦਾ ਭੂਤ ਨੇ ਨਾਂ ਦਸਿਆ, ਸ਼ਾਹ ਦੀ ਪੁੱਤਰੀ ਨੇ ਉਸੇ ਵਿਅਕਤੀ ਦਾ ਭੇਸ ਧਾਰ ਲਿਆ, ਰਾਜੇ ਨੂੰ ਜਿਹੜੀ ਜਗ੍ਹਾ ਦੱਸੀ ਗਈ ਸੀ, ਉਹ ਇਸਤਰੀ ਉਥੇ ਹੀ ਜਾ ਬੈਠੀ।।੧੧।।

**ਬਚਨ ਸੁਨ ਤ ਤਹ ਭੂਪ ਸਿਧਾਰਜੋ।। ਤਿਹੀ ਰੂਪ ਤਰ ਪੁਰਖ ਨਿਹਾਰਜੋ।।**
**ਜਿਹ ਤਿਹ ਬਿਧ ਤਾਂਕੌ ਬਿਰਮਾਜੋ।। ਅਪੁਨੇ ਧਾਮ ਤਾਹਿ ਲੈ ਆਯੋ।। ੧੨।।**

ਪਦ ਅਰਥ - ਸਿਧਾਰਜੋ=ਗਿਆ। ਬਿਰਮਾਯੋ=ਭਰਮਾਇਆ।

ਗੱਲ ਸੁਣ ਕੇ ਰਾਜਾ ਚਲ ਪਿਆ ਅਤੇ ਉਸੇ ਰੁੱਖ ਦੇ ਥੱਲੇ ਉਸ ਆਦਮੀ ਨੂੰ ਲੱਭ ਲਿਆ, ਉਸ ਨੂੰ ਜਿਵੇਂ ਕਿਵੇਂ ਭਰਮਾਇਆ ਅਤੇ ਆਪਣੇ ਘਰ ਲੈ ਆਇਆ।।੧੨।।

**ਰਾਜ ਕੁਅਰ ਤਾਕਹ ਦਰਸਾਯੋ।। ਬਚਨ ਤਾਹਿ ਇਹ ਭਾਂਤਿ ਸੁਨਾਯੋ।।**
**ਯੌ ਇਹ ਤ੍ਰਿਯ ਪਤਿਬ੍ਰੱਤਾ ਬਰੈ।। ਤਊ ਬਚੈ ਯਹ ਯੌਨ ਉਬਰੈ।।੧੩।।**

ਉਸ ਨੂੰ ਰਾਜ ਕੁਮਾਰ ਵਿਖਾ ਦਿੱਤਾ ਗਿਆ, ਜਿਸਨੂੰ ਵੇਖ ਕੇ ਉਸ ਇਸਤਰੀ ਨੇ ਕਿਹਾ ਕਿ ਜੇ ਇਹ ਕਿਸੇ ਪਤੀ ਬਰਤਾ ਇਸਤਰੀ ਨਾਲ ਵਿਆਹ ਕਰਾਵੇ ਤਦ ਇਹ ਬਚ ਸਕਦਾ ਹੈ, ਨਹੀਂ ਤਾਂ ਇਸ ਦਾ ਹੋਰ ਕੋਈ ਉਪਾਅ ਨਹੀਂ।।੧੩।।

**ਕਰਤ ਕਰਤ ਬਹੁ ਬਚਨ ਬਤਾਯੋ।। ਸ਼ਾਹੁ ਸੁਤਾ ਕੋ ਨਾਮੁ ਜਤਾਯੋ।।**
**ਸੋ ਪਤਿਬ੍ਰੱਤਾ ਤਾਹਿ ਬਿਵਾਵਹੁ।। ਜੌ ਨ੍ਰਿਪ ਸੁਤਹਿ ਜਿਯਾਯੋ ਚਾਹਹੁ।।੧੪।।**

ਕਰਦਿਆਂ ਕਰਦਿਆਂ ਉਸ ਗੱਲਾਂ ਗੱਲਾਂ ਵਿਚ ਸ਼ਾਹ ਦੀ ਪੁੱਤਰੀ ਦੇ ਨਾਂ ਦਾ ਸੁਝਾਅ ਦਿੱਤਾ। ਉਹ ਕਹਿਣ ਲੱਗੀ ਜੇ ਤੁਸੀਂ ਰਾਜ ਕੁਮਾਰ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਉਸ ਪਤੀਬਰਤਾ ਇਸਤਰੀ ਨਾਲ ਇਸ ਦਾ ਵਿਆਹ ਕਰ ਦੇਵੋ।।੧੪।।

**ਜੌ ਯਹ ਤਾਹਿ ਬਯਾਹਿ ਲਯਾਵੈ।। ਰੈਨਿ ਦਿਵਸ ਤਾਸੋ ਲਪਟਾਵੈ।।**
**ਅਵਰ ਨਾਰਿ ਕੇ ਨਿਕਟ ਨ ਜਾਇ।। ਤਬ ਯਹ ਜਿਯੈ ਕੁਅਰਿ ਸੁਭ ਕਾਇ।।੧੫।।**

ਜੇ ਇਹ ਉਸ ਨੂੰ ਵਿਆਹ ਕੇ ਲੈ ਆਵੇ, ਰਾਤ ਦਿਨ ਉਸ ਨਾਲ ਲਿਪਟਿਆ ਰਹੇ, ਕਿਸੇ ਦੂਸਰੀ ਇਸਤਰੀ ਦੇ ਕੋਲ ਨ ਜਾਵੇ, ਤਦ ਇਹ ਰਾਜ ਕੁਮਾਰ ਬਚ ਸਕਦਾ ਹੈ।।੧੫।।

**ਯਹੈ ਕਾਰ ਰਾਜਾ ਤੁਮ ਕੀਜੈ।। ਅਬ ਹੀ ਹਮਹਿ ਬਿਦਾ ਕਰਿ ਦੀਜੈ।।**
**ਲੈ ਆਗਜਾ ਤਿਹ ਆਸ਼੍ਰਮ ਗਈ।। ਧਾਰਤ ਭੇਸ ਨਾਰਿ ਕਾ ਭਈ।। ੧੬।।**

ਪਦ ਅਰਥ – ਆਸ਼੍ਰਮ=ਘਰ। ਧਾਰਤ ਭੇਸ ਨਾਰਿ ਕਾ ਭਈ=ਜਾ ਕੇ ਨਾਰ ਦਾ ਭੇਸ ਧਾਰ ਲਿਆ।

ਜੋ ਮੈਂ ਤੁਹਾਨੂੰ ਕਿਹਾ ਹੈ ਤੁਸੀਂ ਇਹੋ ਕੰਮ ਕਰੋ ਅਤੇ ਹੁਣ ਮੈਨੂੰ ਛੁਟੀ ਦੇਵੋ। ਆਗਿਆ ਪ੍ਰਾਪਤ ਕਰ ਕੇ ਉਹ ਘਰ ਵਾਪਸ ਆ ਗਈ ਅਤੇ ਦੁਬਾਰਾ ਇਸਤਰੀ ਦਾ ਭੇਸ ਧਾਰ ਲਿਆ।।੧੬।।

**ਰਾਜ ਸਾਜ ਬਜਾਹ ਕੌ ਬਨਾਯੋ।। ਸ਼ਾਹ ਸੁਤਾ ਤਿਹ ਪੂਤ ਪਠਾਯੋ।।**
**ਜਬ ਹੀ ਬਜਾਹ ਸੌ ਭਯੋ।। ਤਬ ਹੀ ਤਾਹਿ ਭੂਤ ਤਜਿ ਗਯੋ।।੧੭।।**

ਰਾਜੇ ਨੇ ਵਿਆਹ ਦਾ ਪ੍ਰਬੰਧ ਕੀਤਾ ਅਤੇ ਸ਼ਾਹ ਦੀ ਪੁੱਤਰੀ ਨਾਲ ਰਾਜ ਕੁਮਾਰ ਨੂੰ ਵਿਆਹ ਲਈ ਭੇਜ ਦਿੱਤਾ। ਜਦ ਹੀ ਉਸ ਦਾ ਵਿਆਹ ਹੋਇਆ, ਭੂਤ ਉਸ ਨੂੰ ਛੱਡ ਗਿਆ।।੧੭।।

**ਰਾਜ ਕੁਅਰ ਇਹ ਛਲ ਸੌ ਪਾਯੋ।। ਭੇਦ ਅਭੇਦ ਨ ਕਿਸੀ ਬਤਾਯੋ।।**
**ਚੰਚਲਾਨ ਕੇ ਚਰਿਤ ਅਪਾਰਾ।। ਚਕ੍ਰਿਤ ਰਹਾ ਕਰਿ ਕ਼ਰਿ ਕਰਤਾਰਾ।।੧੮।।੧।।**

ਪਦ ਅਰਥ – ਭੇਦ ਅਭੇਦ=ਰਹਿਸ। ਬਤਾਯੋ=ਦੱਸਿਆ। ਚੰਚਲਾਨ=ਇਸਤਰੀਆਂ।

ਉਸ ਇਸਤਰੀ ਨੇ ਇਸ ਤਰ੍ਹਾਂ ਚਲਿੱਤਰ ਕਰਕੇ ਰਾਜ ਕੁਮਾਰ ਨੂੰ ਪ੍ਰਾਪਤ ਕਰ ਲਿਆ ਅਤੇ

ਅਸਲ ਰਹਿਸ ਬਾਰੇ ਕਿਸੇ ਨੂੰ ਨਹੀਂ ਦੱਸਿਆ। ਇਸਤਰੀਆਂ ਦੇ ਚਲਿੱਤਰ ਅਪਾਰ ਹਨ, ਜਿਨ੍ਹਾਂ ਨੂੰ ਵੇਖ ਕੇ ਪਰਮਾਤਮਾ ਵੀ ਹੈਰਾਨ ਰਹਿੰਦਾ ਹੈ॥੧੮॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੈ ਪਚਾਨਵੋ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੯੫॥੭੦੫੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਪਚਾਨੇਵੀਂ ਕਥਾ ਸਮਾਪਤ॥੩੯੫॥੭੦੫੧॥ਚਲਦਾ॥

# ਚਲਿੱਤਰ ਤਿੰਨ ਸੌ ਛਿਆਨੇਵਾਂ

# ਕਥਾ ਚਪਲਾ ਦੇਵੀ

**ਚੌਪਈ॥ ਪ੍ਰਿਥੀ ਸਿੰਘ ਇਕ ਭੂਪ ਬਖਨਿਯਤ॥ ਪਿਰਥੀ ਪੁਰ ਤਿਹ ਨਗਰ ਪ੍ਰਮਨਿਯਤ॥**
**ਲਾਲ ਮਤੀ ਰਾਨੀ ਤਿਹ ਸੋਹੈ॥ ਸੁਰ ਨਰ ਨਾਰਿ ਭੁਜੰਗਨ ਮੋਹੈ॥ ੧॥**

ਪ੍ਰਿਥੀ ਸਿੰਘ ਇਕ ਰਾਜਾ ਸੀ ਜਿਸ ਦੇ ਨਗਰ ਦਾ ਨਾਂ ਪ੍ਰਿਥੀਪੁਰ ਸੀ। ਉਸ ਦੀ ਲਾਲ ਮਤੀ ਨਾਮੀਂ ਰਾਣੀ ਬਹੁਤ ਸੁੰਦਰ ਸੀ ਜਿਹੜੀ ਸੁਰ, ਨਰ, ਨਾਗ ਇਸਤਰੀਆਂ ਦਾ ਵੀ ਮਨ ਮੋਹਦੀ ਸੀ॥੧॥

**ਸਿੰਘ ਮੇਦਨੀ ਸੁਤ ਕਾ ਨਾਮਾ॥ ਥਕਿਤ ਰਹਤ ਜਾਕੌ ਲਖਿ ਬਾਮਾ॥**
**ਅਧਿਕ ਰੂਪ ਤਾਕੋ ਬਿਧਿ ਕਰਿਯੋ॥ ਜਨੁ ਕਰਿ ਕਾਮਦੇਵ ਅਵਤਰਿਯੋ॥੨॥**

ਪਦ ਅਰਥ - ਸੁਤ= ਪੁੱਤਰ। ਲਖਿ=ਵੇਖਕੇ। ਬਾਮਾ= ਇਸਤਰੀਆਂ। ਬਿਧਿ=ਵਿਧਾਤਾ, ਪ੍ਰਭੂ। ਜਨੁ ਕਰ=ਜਿਵੇਂ। ਕਾਮਦੇਵ=ਰੱਤੀ ਦਾ ਪਤੀ, ਮਨੋਜ, ਅਨੰਗ, ਮਦਨ, ਭੋਗ ਬਿਲਾਸ ਦਾ ਦੇਵਤਾ।

ਮੇਦਨੀ ਸਿੰਘ ਨਾਮੀਂ ਉਸ ਦਾ ਇਕ ਪੁੱਤਰ ਸੀ ਜਿਸ ਨੂੰ ਵੇਖ ਵੇਖ ਇਸਤਰੀਆਂ ਥੱਕ ਜਾਂਦੀਆਂ ਸਨ। ਵਿਧਾਤਾ ਨੇ ਉਸ ਨੂੰ ਵਾਧੂ ਰੂਪ ਦਿੱਤਾ ਸੀ ਅਤੇ ਇਸ ਤਰ੍ਹਾਂ ਲੱਗਦਾ ਸੀ ਕਿ ਮਾਨੋਂ ਉਹ ਕਾਮਦੇਵ ਦਾ ਅਵਤਾਰ ਹੋਵੇ॥੨॥

**ਚਪਲਾ ਦੇ ਤਹ ਸ਼ਾਹ ਦੁਲਾਰੀ॥ ਕਨਕ ਅਵਟਿ ਸਾਂਚੇ ਜਨੁ ਢਾਰੀ॥**
**ਰਾਜ ਪੁੱਤ੍ਰ ਜਬ ਤਾਹਿ ਨਿਹਾਰਾ॥ ਨਿਰਖਿ ਤਰੁਨਿ ਹੈ ਗਜੋ ਮਤਵਾਰਾ॥ ੩॥**

ਪਦ ਅਰਥ - ਕਨਕ=ਸੋਨਾ। ਨਿਰਖਿ=ਵੇਖਕੇ। ਮਤਵਾਰਾ=ਮਤਵਾਲੀ।

ਉਥੇ ਚਪਲਾ ਦੇਵੀ ਨਾਮੀਂ ਇਕ ਸ਼ਾਹ ਦੀ ਪੁੱਤਰੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਮਾਨੋਂ ਸੋਨੇ ਦੇ ਸੱਚੇ ਵਿਚ ਢਾਲ ਕੇ ਬਣਾਈ ਹੋਵੇ। ਰਾਜ ਕੁਮਾਰ ਨੇ ਜਦ ਉਸ ਮੁਟਿਆਰ ਨੂੰ ਵੇਖਿਆ ਤਾਂ ਵੇਖਦੇ ਸਾਰ ਹੀ ਮਤਵਾਲਾ ਹੋ ਗਿਆ॥੩॥

++++++++++++++++++++++++++++++++++++++++++++++++++++++++++++

**ਏਕ ਸਹਚਰੀ ਨਿਕਟਿ ਬੁਲਾਈ।। ਅਮਿਤ ਦਰਬ ਦੈ ਤਹਾਂ ਪਠਾਈ।।**
**ਜਬ ਤੈਂ ਚਪਲ ਮਤੀ ਕੌ ਲਜੈਹੈਂ।। ਮੁਖਿ ਮੰਗਿ ਹੈ ਜੋ ਕਛੁ ਸੋ ਪੈਹੈਂ।। ੪।।**

ਉਸ ਇਕ ਦਾਸੀ ਨੂੰ ਬੁਲਾਇਆ ਅਤੇ ਉਸ ਨੂੰ ਬਹੁਤ ਧਨ ਦੇ ਕੇ ਉਹਦੇ ਕੋਲ ਭੇਜਿਆ ਅਤੇ ਕਿਹਾ ਕਿ ਜੇ ਤੂੰ ਚਪਲ ਮਤੀ ਨੂੰ ਲੈ ਆਵੇਂਗੀ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਦਿੱਤਾ ਜਾਵੇਗਾ।।੪।।

**ਬਚਨ ਸੁਨਤ ਸਹਚਰਿ ਤਹ ਗਈ।। ਬਹੁ ਬਿਧਿ ਤਾਹਿ ਪ੍ਰਬੋਧਤ ਭਈ।।**
**ਸ਼ਾਹ ਸੁਤਾ ਜਬ ਹਾਥ ਨ ਆਈ।। ਤਬ ਦੂਤੀ ਇਹ ਘਾਤ ਬਨਾਈ।। ੫।।**

ਇਹ ਗੱਲ ਸੁਣ ਕੇ ਦਾਸੀ ਉਥੇ ਗਈ ਅਤੇ ਕਈ ਪ੍ਰਕਾਰ ਨਾਲ ਉਸ ਨੂੰ ਫਸਲਾਉਣ ਲੱਗੀ ਪਰ ਸ਼ਾਹ ਦੀ ਪੁੱਤਰੀ ਉਸ ਦੇ ਹੱਥ ਨ ਲੱਗੀ ਤਾਂ ਦਾਸੀ ਨੇ ਇਕ ਹੋਰ ਤਜਵੀਜ਼ ਬਣਾਈ।।੫।।

**ਤਵ ਪਿਤਿ ਧਾਮ ਜੁ ਨਏ ਉਸਾਰੇ।। ਚਲਹੁ ਜਾਇ ਤਿਹ ਲਖੌ ਸਵਾਰੇ।।**
**ਯੌਂ ਕਹਿ ਡਾਰਿ ਡੋਰਿਯਹਿ ਲਿਯੋ।। ਪਰਦਨ ਡਾਰਿ ਚਹੂੰ ਦਿਸਿ ਦਿਯੋ।। ੬।।**

ਉਹ ਕਹਿਣ ਲੱਗੀ ਤੁਹਾਡੇ ਪਿਤਾ ਨੇ ਜੋ ਨਵੇਂ ਮਹਲ ਬਣਾਏ ਹਨ, ਆ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖੋ। ਇਹ ਕਹਿ ਕੇ ਉਸ ਨੂੰ ਪਾਲਕੀ ਵਿਚ ਬਿਠਾ ਲਿਆ ਅਤੇ ਚਾਰੇ ਪਾਸੇ ਪੜਦੇ ਤਾਣ ਦਿੱਤੇ।।੬।।

**ਇਹ ਛਲ ਸ਼ਾਹ ਸੁਤਾ ਡਹਕਾਈ।। ਸੰਗ ਲਏ ਨ੍ਰਿਪ ਸੁਤ ਘਰ ਆਈ।।**
**ਤਹੀ ਆਨਿ ਪਰਦਾਨ ਉਘਾਰਾ।। ਨਾਰਿ ਲਖਾ ਤਹ ਰਾਜ ਕੁਮਾਰਾ।। ੭।।**

ਪਦ ਅਰਥ - ਡਹਕਾਈ=ਭਰਮਾਈ, ਫਸਾਈ। ਪਰਦਾਨ ਉਘਾਰਾ=ਪੜਦੇ ਚੁੱਕ ਦਿੱਤੇ।

ਇਸ ਚਲਿੱਤਰ ਨਾਲ ਉਸ ਸ਼ਾਹ ਪੁੱਤਰੀ ਨੂੰ ਛੱਲ ਲਿਆ ਅਤੇ ਉਸ ਨੂੰ ਨਾਲ ਲੈ ਕੇ ਰਾਜ ਕੁਮਾਰ ਦੇ ਘਰ ਲੈ ਆਈ, ਉਥੇ ਆ ਕੇ ਉਸ ਪੜਦਾ ਚੁਕਿਆ ਜਿਥੇ ਉਸ ਰਾਜ ਕੁਮਾਰ ਨੂੰ ਵੇਖਿਆ।।੭।।

**ਤਾਤ ਮਾਤ ਇਹ ਠੌਰ ਨ ਭਾਈ।। ਇਨ ਦੂਤੀ ਹੌ ਆਨਿ ਫਸਾਈ।।**
**ਰਾਜ ਕੁਅਰ ਜੌ ਮੁਝੈ ਨ ਪੈਹੈ।। ਨਾਕ ਕਾਨ ਕਟਿ ਲੀਕ ਲਗੈ ਹੈ।। ੮।।**

ਉਸ ਸੋਚਿਆ ਕਿ ਏਥੇ ਤਾਂ ਮੇਰੇ ਮਾਤਾ ਪਿਤਾ ਆਦਿ ਕੋਈ ਵੀ ਨਹੀਂ ਹਨ, ਮੈਨੂੰ ਤਾਂ ਇਸ ਦਾਸੀ ਨੇ ਫਸਾ ਦਿੱਤਾ ਹੈ। ਹੁਣ ਜੇ ਰਾਜ ਕੁਮਾਰ ਮੈਨੂੰ ਨਹੀਂ ਪਾ ਸਕੇਗਾ ਤਾਂ ਇਹ ਮੇਰਾ ਨੱਕ ਕ਼ੰਨ ਵੱਢ ਕੇ ਮੈਨੂੰ ਕਰੂਪ ਬਣਾ ਦੇਵੇਗਾ।।੮।।

**ਹਾਇ ਹਾਇ ਕਰਿ ਗਿਰੀ ਧਰਨਿ ਪਰ।। ਕਟੀ ਕਹਾ ਕਰ ਯਾਹਿ ਬਿਛੂ ਬਰ।।**

**ਧ੍ਰਿਗ ਬਿਧਿ ਕੋ ਮੋਸੌ ਕਸ ਕੀਯਾ।। ਰਾਜ ਕੁਅਰ ਨਹਿ ਭੇਟਨ ਦੀਯਾ।। ੯।।**

ਪਦ ਅਰਥ - ਧਰਨਿ ਪਰ=ਧਰਤੀ ਉੱਤੇ। ਬਿਛੂ=ਠੂੰਹਾਂ। ਧ੍ਰਿਗ=ਧਿਰਕਾਰ। ਭੇਟਨ=ਮਿਲਣ।

'ਹਾਏ ਹਾਏ' ਕਰਦੀ ਉਹ ਧਰਤੀ ਤੇ ਇਸ ਤਰ੍ਹਾਂ ਡਿਗ ਪਈ ਜਿਵੇਂ ਉਸ ਨੂੰ ਬਿਛੂ ਨੇ ਡੰਗ ਮਾਰਿਆ ਹੋਵੇ। ਉਹ ਕਹਿਣ ਲੱਗੀ ਕਿ ਵਿਧਾਤਾ ਤੇ ਮੈਨੂੰ ਧਿਰਕਾਰ ਹੈ ਜਿਸ ਹੁਣ ਤਕ ਮੈਨੂੰ ਰਾਜ ਕੁਮਾਰ ਨਾਲ ਮਿਲਣ ਨਹੀਂ ਦਿੱਤਾ।।੯।।

**ਅਬ ਮੈਂ ਨਿਜੁ ਘਰ ਕੌ ਫਿਰਿ ਜੈ ਹੌਂ।। ਦ੍ਵੈ ਦਿਨ ਕੌ ਤੁਮਰੇ ਫਿਰਿ ਐਹੌਂ।।**
**ਰਾਜ ਪੁੱਤ੍ਰ ਲਖਿ ਕ੍ਰਿਯਾ ਨ ਲਈ।। ਇਹ ਛਲ ਮੂੰਡ ਮੂੰਡ ਤਿਹ ਗਈ।। ੧੦।। ੧।।**

ਪਦ ਅਰਥ - ਨਿਜੁ ਘਰ=ਆਪਣੇ ਘਰ। ਲਖਿ ਕ੍ਰਿਯਾ ਨ ਲਈ=ਚਲਿੱਤਰ ਨ ਸਮਝਿਆ। ਮੂੰਡ ਮੂੰਡ=ਸਿਰ ਮੁੰਨ ਗਈ ਭਾਵ ਛੱਲ ਕੇ ਚਲੇ ਗਈ।

ਅੱਜ ਮੈਂ ਹੁਣੇ ਹੀ ਆਪਣੇ ਘਰ ਜਾਵਾਂਗੀ ਅਤੇ ਦੋ ਦਿਨ ਬਾਅਦ ਫਿਰ ਤੁਹਾਡੇ ਕੋਲ ਆ ਜਾਵਾਂਗੀ। ਰਾਜ ਕੁਮਾਰ ਉਸ ਦੇ ਚਲਿੱਤਰ ਨੂੰ ਨ ਸਕਝ ਸਕਿਆ ਅਤੇ ਉਹ ਇਸ ਪਖੰਡ ਨਾਲ ਉਸ ਨੂੰ ਛੱਲ ਕੇ ਚਲੇ ਗਈਂ।।੧੦।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਆਨਵੋਂ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ।।੩੯੬।।੭੦੬੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਛਿਆਨੇਵੀਂ ਕਥਾ ਸਮਾਪਤ।।੩੯੬।।੭੦੬੧।।ਚਲਦਾ।।

## ਚਲਿੱਤਰ ਤਿੰਨ ਸੌ ਸਤਾਨੇਵਾਂ

## ਕਥਾ ਸਗਰ ਦੇਵੀ

**ਚੌਪਈ।। ਸਗਰ ਦੇਸ ਸੁਨਿਯਤ ਹੈ ਜਹਾਂ।। ਸਗਰ ਸੈਨ ਰਾਜਾ ਇਕ ਤਹਾਂ।।**
**ਸਗਰ ਦੇਇ ਤਿਹ ਸੁਤਾ ਭਨਿੱਜੈ।। ਚੰਦ ਸੂਰ ਲਖਿ ਤਾਹਿ ਜੁ ਲੱਜੈ।। ੧।।**

ਜਿਥੇ ਸਗਰ ਦੇਸ਼ ਸੁਣਿਆ ਜਾਂਦਾ ਹੈ, ਉਥੇ ਸਗਰ ਸੈਨ ਨਾਮੀਂ ਇਕ ਰਾਜਾ ਸੀ। ਉਸ ਦੀ ਪੁੱਤਰੀ ਦਾ ਨਾਂ ਸਗਰ ਦੇਵੀ ਸੀ, ਜਿਹੜੀ ਏਨੀ ਸੁੰਦਰ ਸੀ ਕਿ ਉਸ ਨੂੰ ਵੇਖ ਕੇ ਚੰਦ ਸੂਰਜ ਵੀ ਸ਼ਰਮਸਾਰ ਹੁੰਦੇ ਸਨ।।੧।।

**ਗਜਨੀ ਰਾਇ ਤਵਨ ਜਹ ਲਹਿਯੋ।। ਮਨ ਕ੍ਰਮ ਬਚਨ ਕੁਅਰਿ ਅਸ ਕਹਿਯੋ।।**
**ਐਸੋ ਛੈਲ ਏਕ ਦਿਨ ਪੈਯੈ।। ਜਨਮ ਜਨਮ ਪਲ ਪਲ ਬਲਿ ਜੈਯੈ।। ੨।।**

Namdhari Elibrary NamdhariElibrary@gmail.com

************************************************************

ਗਜਨੀ ਰਾਏ ਨੂੰ ਜਦ ਉਸ ਵੇਖਿਆ ਤਾਂ ਮਨ ਬਚਨ ਅਤੇ ਕਰਮ ਕਰਕੇ ਉਸ ਕਿਹਾ ਕਿ ਜੇ ਐਸਾ ਛੈਲ ਛਬੀਲਾ ਇਕ ਦਿਨ ਲਈ ਵੀ ਮਿਲ ਜਾਵੇ ਤਾਂ ਮੈਂ ਜਨਮਾਂ ਜਨਮਾਤਰਾਂ ਤਕ ਪੱਲ ਪੱਲ ਇਸ ਤੋਂ ਬਲਿਹਾਰ ਜਾਵਾਂ॥੨॥

**ਸਖੀ ਏਕ ਤਿਹ ਤੀਰ ਪਠਾਇ॥ ਜਿਹ ਤਿਹ ਬਿਧਿ ਕਰਿ ਲੀਯਾ ਬੁਲਾਇ॥**
**ਅਪਨ ਸੇਜ ਪਰਤਿਹ ਬੈਠਾਰਾ॥ ਕਾਮ ਭੋਗ ਕਾ ਰਚਾ ਅਖਾਰਾ॥ ੩॥**

ਇਕ ਸਹੇਲੀ ਨੂੰ ਉਸ ਦੇ ਕੋਲ ਭੇਜ ਕੇ ਜਿਵੇਂ ਕਿਵੇਂ ਉਸ ਨੂੰ ਬੁਲਾ ਲਿਆ। ਉਸ ਨੂੰ ਅਪਣੀ ਸੇਜ ਤੇ ਬਿਠਾਇਆ ਅਤੇ ਸੇਜ ਨੂੰ ਕਾਮ ਭੋਗ ਦਾ ਅਖਾੜਾ ਬਣਾ ਦਿੱਤਾ॥੩॥

**ਬੈਠ ਸੇਜ ਪਰ ਦੋਇ ਕਲੋਲਹਿ॥ ਮਧੁਰ ਮਧੁਰ ਧੁਨਿ ਮੁਖ ਤੇ ਬੋਲਹਿ॥**
**ਭਾਂਤਿ ਭਾਂਤਿ ਤਨ ਕਰਤ ਬਿਲਾਸਾ॥ ਤਾਤ ਮਾਤ ਕੋ ਤਜਿ ਕਰ ਤ੍ਰਾਸਾ॥ ੪॥**

ਸੇਜ ਉਤੇ ਬੈਠੇ ਕਲੋਲਾਂ ਕਰਦੇ, ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗੇ। ਮਾਤਾ ਪਿਤਾ ਦਾ ਭੈਅ ਤਿਆਗ ਉਹ ਕਈ ਪ੍ਰਕਾਰ ਨਾਲ ਬਿਲਾਸ ਕਰਨ ਲੱਗੇ॥੪॥

**ਪੋਸਤ ਭਾਂਗ ਅਫੀਮ ਮੰਗਾਵਹਿ॥ ਏਕ ਖਾਟ ਪਰ ਬੈਠ ਚੜ੍ਹਾਵਹਿ॥**
**ਤਰੁਨ ਤਰੁਨਿ ਉਰ ਸੌ ਉਰਝਾਈ॥ ਰਸਿ ਰਸਿ ਕਸਿ ਕਸਿ ਭੋਗ ਕਮਾਈ॥ ੫॥**

ਉਹ ਪੋਸਤ, ਭੰਗ ਅਤੇ ਅਫੀਮ ਮੰਗਵਾਉਂਦੇ ਸੀ ਅਤੇ ਇਕ ਹੀ ਪਲੰਘ ਉਤੇ ਬੈਠ ਕੇ ਉਸ ਦਾ ਸੇਵਨ ਕਰਦੇ ਸਨ। ਉਹ ਗਭਰੂ ਅਤੇ ਮੁਟਿਆਰ ਇਕ ਦੂਸਰੇ ਵਿਚ ਉਲਝ ਗਏ ਅਤੇ ਰਸ ਰਸ ਕੇ ਦ੍ਰਿੜਤਾਪੂਰਬਕ ਭੋਗ ਕਰਨ ਲੱਗੇ॥੫॥

**ਰਾਨੀ ਸਹਿਤ ਪਿਤਾ ਤਾਕੌ ਬਰ॥ ਆਵਤ ਭਯੋ ਦੁਹਿਤਾ ਹੂੰ ਕੇ ਘਰ॥**
**ਅਵਰ ਘਾਤ ਤਿਹ ਹਾਥ ਨ ਆਈ॥ ਤਾਤ ਮਾਤ ਹਨਿ ਦਏ ਦਬਾਈ॥ ੬॥**

ਉਸ ਦੌਰਾਨ ਹੀ ਰਾਜਾ ਰਾਣੀ ਸਮੇਤ ਆਪਣੀ ਪੁੱਤਰੀ ਦੇ ਘਰ ਆ ਗਏ। ਹੁਣ ਉਸ ਨੂੰ ਹੋਰ ਤਾਂ ਕੁਝ ਔੜਿਆ ਨ, ਉਸ ਮਾਤਾ ਪਿਤਾ ਮਾਰ ਕੇ ਉਥੇ ਹੀ ਧਰਤੀ ਵਿਚ ਦੱਬ ਦਿਤੇ॥੬॥

**ਨਿਜੁ ਆਲੈ ਕਹ ਆਗਿ ਲਗਾਇ॥ ਰੋਇ ਉਠੀ ਨਿਜੁ ਪਿਯਹਿ ਦੁਰਾਇ॥**
**ਅਨਲ ਲਗਤ ਦਾਰੂ ਕਹ ਭਈ॥ ਰਾਨੀ ਰਾਵ ਸਹਿਤ ਉਡ ਗਈ॥ ੭॥**

ਫਿਰ ਆਪਣੇ ਘਰ ਨੂੰ ਅੱਗ ਲਾ ਦਿੱਤੀ ਅਤੇ ਆਪਣੇ ਯਾਰ ਨੂੰ ਲੁਕਾ ਕੇ ਰੋਣ ਲੱਗ ਪਈ। ਉਹ ਕਹਿਣ ਲੱਗੀ ਬਰੂਦ ਨੂੰ ਅੱਗ ਲੱਗ ਗਈ ਜਿਸ ਨਾਲ ਰਾਣੀ ਤੇ ਰਾਜਾ ਦੋਵੇਂ ਉੱਡ ਗਏ॥੭॥

**ਅਵਰ ਪੁਰਖ ਕਛੂ ਭੇਦ ਨ ਭਾਯੋ॥ ਕਹਾ ਚੰਚਲਾ ਕਾਜ ਕਮਾਯੋ॥**

**ਅਪਨ ਰਾਜ ਦੇਸ ਕਾ ਕਰਾ।। ਬਹੁਰਿ ਸੁਯੰਬਰ ਸੌ ਤਿਹ ਬਰਾ।। ੮।। ੧।।**

ਕਿਸੇ ਦੂਸਰੇ ਵਿਅਕਤੀ ਨੂੰ ਕੁਝ ਵੀ ਪਤਾ ਨ ਚਲਿਆ ਕਿ ਇਸ ਇਸਤਰੀ ਨੇ ਕੀ ਕਾਰਾ ਕੀਤਾ ਹੈ। ਖੁਦ ਦੇਸ਼ ਤੇ ਰਾਜ ਕਰਨ ਲੱਗੀ ਅਤੇ ਬਾਅਦ ਵਿਚ ਸੁਅੰਬਰ ਰਚ ਕੇ ਆਪਣੇ ਯਾਰ ਨਾਲ ਵਿਆਹ ਕਰ ਲਿਆ।।੧੮।।੧।।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਨਵੌ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ।।੩੯੭।।੭੦੬੯।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਸਤਾਨੇਵੀਂ ਕਥਾ ਸਮਾਪਤ।।੩੯੭।।੭੦੬੯।।ਚਲਦਾ।।

## ਚਲਿੱਤਰ ਤਿੰਨ ਸੌ ਅਠਾਨੇਵਾਂ

## ਕਥਾ ਅਲਕ੍ਰਿਤ ਦੇਵੀ

**ਚੌਪਈ।। ਪਲਵਲ ਦੇਸ ਹੁਤਾ ਇਕ ਰਾਜਾ।। ਜਿਹ ਸਮਾਨ ਬਿਧਿ ਅਵਰ ਨ ਸਾਜਾ।।**
**ਤੜਿਤਾ ਦੇ ਤਿਹ ਨਾਰਿ ਭਨਿੱਜੈ।। ਚੰਦ੍ਰ ਸੂਰ ਜਿਹ ਸਮ ਨ ਕਹਿੱਜੈ।। ੧।।**

ਪਲਵਲ ਦੇਸ਼ ਵਿਚ ਇਕ ਰਾਜਾ ਰਹਿੰਦਾ ਸੀ ਜਿਸ ਵਰਗਾ ਵਿਧਾਤਾ ਨੇ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ। ਤੜਿਤਾ ਦੇਵੀ ਉਸ ਦੀ ਇਸਤਰੀ ਦਾ ਨਾਂ ਸੀ, ਜਿਹੜੀ ਏਨੀ ਸੁੰਦਰ ਸੀ ਕਿ ਚੰਦ ਸੂਰਜ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ ਸਨ।।੧।।

**ਅਲਿਕ੍ਰਿਤ ਦੇ ਤਿਹ ਸੁਤਾ ਬਖਨਿਯਤ।। ਅਮਿਤ ਰੂਪ ਵਾਕੇ ਪਹਿਚਨਿਯਤ।।**
**ਤਿਹ ਠਾਂ ਇਕ ਸੌਦਾਗਰ ਆਯੋ।। ਜਿਹ ਸਮ ਬਿਧਿ ਦੂਜੋ ਨ ਬਨਾਯੋ।। ੨।।**

ਅਲਕ੍ਰਿਤ ਦੇਵੀ ਨਾਮੀਂ ਉਨ੍ਹਾਂ ਦੀ ਇਕ ਪੁੱਤਰੀ ਸੀ ਜਿਸ ਦਾ ਰੂਪ ਅਪਾਰ ਸੀ। ਉਥੇ ਇਕ ਸੌਦਾਗਰ ਆਇਆ ਜਿਹੜਾ ਏਨਾ ਖੂਬਸੂਰਤ ਸੀ ਕਿ ਵਿਧਾਤਾ ਨੇ ਅਜਿਹਾ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ।।੨।।

**ਰਾਜ ਕੁਅਰਿ ਤਾਕੇ ਲਖਿ ਅੰਗਾ।। ਮਨ ਕ੍ਰਮ ਬਚ ਰੀਝੀ ਸਰਬੰਗਾ।।**
**ਪਠੈ ਸਹਚਰੀ ਲੀਅਸਿ ਬੁਲਾਇ।। ਕਹਤ ਭਈ ਬਤਿਯਾ ਮੁਸਕਾਇ।। ੩।।**

ਪਦ ਅਰਥ - ਲਖਿ ਅੰਗਾ=ਸੁੰਦਰ ਅੰਗ ਵੇਖ ਕੇ। ਸਰਬੰਗਾ=ਸਾਰੇ ਅੰਗਾਂ ਸਹਿਤ। ਮੁਸਕਾਏ=ਮੁਸਕਰਾ ਕੇ।।

*****************************************************************

ਰਾਜ ਕੁਮਾਰੀ ਉਸ ਦੇ ਅੰਗਾਂ ਨੂੰ ਵੇਖ ਕੇ ਮਨ, ਬਚਨ ਅਤੇ ਕਰਮ ਕਰਕੇ ਉਸ ਉਤੇ ਮੋਹਿਤ ਹੋ ਗਈ। ਉਸ ਇਕ ਦਾਸੀ ਨੂੰ ਭੇਜ ਕੇ ਉਸ ਨੂੰ ਬੁਲਾ ਲਿਆ ਅਤੇ ਹੱਸ ਹੱਸ ਕੇ ਉਸ ਨਾਲ ਗੱਲਾਂ ਕਰਨ ਲੱਗੀ।।੩।।

**ਅਧਿਕ ਭੋਗ ਤਿਹ ਸਾਥ ਮਚਾਯੋ।। ਭਾਂਤਿ ਭਾਂਤਿ ਰਸ ਕੇਲ ਕਮਾਯੋ।।**
**ਚੁੰਬਨ ਔਰ ਅਲਿੰਗਨ ਲੀਨੋ।। ਭਾਂਤਿ ਅਨਿਕ ਤ੍ਰਿਯ ਕੋ ਸੁਖ ਦੀਨੋ।। ੪।।**

ਉਸ ਨਾਲ ਕਾਮ ਭੋਗ ਦੀ ਵਾਧੂ ਧੂੰਮ ਮਚਾ ਦਿੱਤੀ ਅਤੇ ਭਿੰਨ ਭਿੰਨ ਢੰਗ ਨਾਲ ਰਸ ਕ੍ਰੀੜਾ ਕੀਤੀ। ਕਈ ਪ੍ਰਕਾਰ ਦੇ ਚੁੰਮਣ ਅਤੇ ਅਲਿੰਗਣ ਲਏ ਅਤੇ ਇਸਤਰੀ ਨੂੰ ਅਨੇਕ ਪ੍ਰਕਾਰ ਨਾਲ ਸੁਖ ਦਿੱਤਾ।।੪।।

**ਜਬ ਤ੍ਰਿਯ ਚਿਤ ਤਵਨੈ ਹਰ ਲਿਯੋ।। ਤਬ ਅਸ ਚਰਿਤ ਚੰਚਲਾ ਕਿਯੋ।।**
**ਤਾਤ ਮਾਤ ਦੋਇ ਬੋਲਿ ਪਠਾਏ।। ਇਹ ਬਿਧਿ ਤਿਨ ਸੌ ਬਚਨ ਸੁਨਾਏ।। ੫।।**

ਪਦ ਅਰਥ - ਹਰ ਲਿਯੋ=ਚੁਰਾ ਲਿਆ। ਅਸ=ਇਸ ਤਰ੍ਹਾਂ।

ਜਦ ਸੌਦਾਗਰ ਨੇ ਉਸ ਦਾ ਦਿਲ ਚੁਰਾ ਲਿਆ ਤਾਂ ਉਸ ਇਸਤਰੀ ਨੇ ਇਸ ਤਰ੍ਹਾਂ ਚਲਿੱਤਰ ਕੀਤਾ। ਉਸ ਆਪਣੇ ਮਾਤਾ ਪਿਤਾ ਦੋਹਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਦਸਿਆ।।੫।।

**ਮੈਂ ਅਬ ਲਗਿ ਮਹਿ ਤੀਰਥ ਅਨ੍ਹਾਈ।। ਅਬ ਤੀਰਥ ਕਰਿਹੌਂ ਤਹ ਜਾਈ।।**
**ਜੌ ਆਇਸੁ ਤੁਮ ਤੇ ਮੈਂ ਪਾਊਂ।। ਤੀਰਥ ਨ੍ਹਾਇ ਸਕਲ ਫਿਰਿ ਆਊਂ।। ੬।।**

ਪਦ ਅਰਥ - ਤੀਰਥ ਅਨ੍ਹਾਈ=ਤੀਰਥ ਇਸ਼ਨਾਨ ਕਰਾਂਗੀ।

ਮੈਂ ਹੁਣ ਤਕ ਤੀਰਥ ਇਸ਼ਨਾਨ ਨਹੀਂ ਕੀਤਾ ਹੈ, ਹੁਣ ਮੈਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਾਂਗੀ, ਜੇ ਤੁਹਾਡੀ ਆਗਿਆ ਹੋਵੇ ਤਾਂ ਸਾਰੇ ਤੀਰਥਾਂ ਤੇ ਨਹਾ ਕੇ ਵਾਪਸ ਆ ਜਾਵਾਂ।।੬।।

**ਪਤਿ ਕੁਰੂਪ ਹਮ ਕਹ ਤੁਮ ਦਿਯੋ।। ਤਾਂਤੇ ਮੈਂ ਉਪਾਇ ਇਮਿ ਕਿਯੋ।।**
**ਜੌ ਮੁਰ ਪਤਿ ਸਭ ਤੀਰਥ ਅਨ੍ਹੈਹੈ।। ਸੁੰਦਰ ਅਧਿਕ ਕਾਇ ਹ੍ਵੈ ਜੈਹੈ।। ੭।।**

ਪਦ ਅਰਥ-ਉਪਾਇ ਇਮਿ ਕਿਯੋ=ਇਸ ਤਰ੍ਹਾਂ ਉਪਾਅ ਕੀਤਾ ਹੈ।ਅਨ੍ਹੈਵੈ=ਨਹਾਏ।ਕਾਇ=ਕਾਇਆ, ਸਰੀਰ।

ਤੁਸੀਂ ਮੈਨੂੰ ਕਰੂਪ ਪਤੀ ਦਿੱਤਾ ਹੈ, ਏਸੇ ਲਈ ਮੈਂ ਇਹ ਉਪਾਅ ਸੋਚਿਆ ਹੈ, ਜੇ ਮੇਰਾ ਪਤੀ ਸਾਰੇ ਤੀਰਥਾਂ ਤੇ ਇਸ਼ਨਾਨ ਕਰੇਗਾ ਤਾਂ ਇਸ ਦੀ ਕਾਇਆ ਜ਼ਿਆਦਾ ਸੁੰਦਰ ਹੋ ਜਾਵੇਗੀ।।੭।।

**ਲੈਂ ਆਗਜਾ ਪਤਿ ਸਹਿਤ ਸਿਧਾਈ।। ਭਾਂਤ ਭਾਂਤ ਤੀਰਥਨ ਅਨ੍ਹਾਈ।।**

**ਘਾਤ ਪਾਇ ਕਰਿ ਨਾਥ ਸੰਘਾਰਾ॥ ਤਾਕੀ ਠੌਰ ਮਿੱਤ੍ਰ ਬੈਠਾਰਾ॥੮॥**

ਪਦ ਅਰਥ – ਘਾਤ=ਮੌਕਾ। ਨਾਥ ਸੰਘਾਰਾ=ਪਤੀ ਮਾਰ ਦਿੱਤਾ।

ਉਹ ਆਗਿਆ ਲੈ ਕੇ ਪਤੀ ਸਮੇਤ ਚਲ ਪਈ ਅਤੇ ਅਨੇਕ ਤੀਰਥਾਂ ਤੇ ਉਸ ਇਸ਼ਨਾਨ ਕੀਤਾ। ਮੌਕਾ ਪਾ ਕੇ ਉਸ ਆਪਣੇ ਪਤੀ ਨੂੰ ਮਾਰ ਦਿੱਤਾ ਅਤੇ ਉਸ ਦੇ ਥਾਂ ਆਪਣੇ ਯਾਰ ਨੂੰ ਨਾਲ ਬਿਠਾ ਲਿਆ॥੮॥

**ਅਪਨੇ ਧਾਮ ਬਹੁਰਿ ਫਿਰਿ ਆਈ॥ ਮਾਤ ਪਿਤਹਿ ਇਹ ਭਾਂਤਿ ਜਤਾਈ॥**
**ਮੁਰ ਮਤਿ ਅਤਿ ਤੀਰਥਨ ਅਨ੍ਹਯੋ॥ ਤਾਂ ਤੇ ਬਪੁ ਸੁੰਦਰ ਹ੍ਵੈ ਗਯੋ॥ ੯॥**

ਫਿਰ ਉਹ ਆਪਣੇ ਘਰ ਆ ਗਈ ਅਤੇ ਮਾਤਾ ਪਿਤਾ ਨੂੰ ਉਸ ਕਿਹਾ ਕਿ ਮੇਰਾ ਪਤੀ ਅਨੇਕ ਤੀਰਥਾਂ ਤੇ ਨਹਾਇਆ ਹੈ, ਇਸ ਕਰ ਕੇ ਇਸ ਦਾ ਸਰੀਰ ਸੁੰਦਰ ਹੋ ਗਿਆ ਹੈ॥ ੯॥

**ਭਾਂਤਿ ਭਾਂਤਿ ਹਮ ਤੀਰਥ ਅਨ੍ਹਾਏ॥ ਅਨਿਕ ਬਿਧਵ ਤਨ ਬਿਪ੍ਰ ਜਿਵਾਏ॥**
**ਤਾਤੇ ਦੈਵ ਆਪੁ ਬਰ ਦਿਯੋ॥ ਮਮ ਪਤਿ ਕੋ ਸੁੰਦਰ ਬਪੁ ਕਿਯੋ॥ ੧੦॥**

ਅਨੇਕ ਪ੍ਰਕਾਰ ਦੇ ਤੀਰਥਾਂ ਤੇ ਅਸੀਂ ਇਸ਼ਨਾਨ ਕੀਤਾ ਹੈ ਅਤੇ ਅਨੇਕ ਵਿਧਵਾਵਾਂ ਅਤੇ ਬ੍ਰਾਹਮਣਾਂ ਨੂੰ ਅਸੀਂ ਭੋਜਨ ਖਵਾਇਆ ਹੈ, ਇਸੇ ਕਰਕੇ ਵਿਧਾਤਾ ਨੇ ਵਰਦਾਨ ਦੇ ਕੇ ਮੇਰੇ ਪਤੀ ਦਾ ਸਰੀਰ ਸੁੰਦਰ ਕਰ ਦਿੱਤਾ ਹੈ॥੧੦॥

**ਯਹ ਕਾਹੂ ਨਰ ਬਾਤ ਨ ਪਾਈ॥ ਕਹਾ ਕਰਮ ਕਰਿਕੈ ਤ੍ਰਿਯ ਆਈ॥**
**ਤੀਰਥ ਮਹਾਤਮ ਸਭਹੂੰ ਜਾਨਜੋ॥ ਭੇਦ ਅਭੇਦ ਨ ਕਿਨੂੰ ਪਛਾਨਜੋ॥ ੧੧॥ ੧॥**

ਕਿਸੇ ਵਿਅਕਤੀ ਨੇ ਵੀ ਇਸ ਗੱਲ ਦੇ ਭੇਤ ਨੂੰ ਨਹੀਂ ਸਮਝਿਆ ਕਿ ਇਹ ਇਸਤਰੀ ਕੀ ਕਾਰਾ ਕਰਕੇ ਆਈ ਹੈ। ਸਾਰਿਆਂ ਨੇ ਇਸ ਨੂੰ ਤੀਰਥਾਂ ਦਾ ਮਹਾਤਮ ਸਮਝਿਆ ਅਤੇ ਅਸਲ ਭੇਤ ਨੂੰ ਕੋਈ ਵੀ ਨ ਜਾਣ ਸਕਿਆ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਨਵੋਂ ਚਰਿਤ੍ਰ ਸਮਾਪਤੁਮ ਸਤੁ ਸੁਭਮ ਸਤੁ॥੩੯੮॥੭੦੭੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਅਠਾਨੇਵੀਂ ਕਥਾ ਸਮਾਪਤ॥੩੯੮॥੭੦੭੯॥ਚਲਦਾ॥

Namdhari Elibrary NamdhariElibrary@gmail.com

# ਚਲਿੱਤਰ ਤਿੰਨ ਸੌ ਨੜਿਨਵਾਂ

## ਕਥਾ ਭੂਖਨ ਦੇਵੀ

**ਚੌਪਈ।। ਘਾਟਮ ਪੁਰ ਇਕ ਭੂਪ ਭਨਿੱਜੈ।। ਨਾਰਿ ਅਲੰਕ੍ਰਿਤ ਦੇਇ ਕਹਿੱਜੈ।।**
**ਸੁਤਾ ਸੁ ਭੂਖਨ ਦੇ ਘਰ ਤਾਕੇ।। ਨਰੀ ਨਾਗਰੀ ਤੁੱਲਿ ਨ ਵਾਕੇ।। ੧।।**

ਘਾਟਮ ਪੁਰ ਵਿਚ ਇਕ ਰਾਜਾ ਰਹਿੰਦਾ ਸੀ ਜਿਸ ਦੀ ਇਸਤਰੀ ਦਾ ਨਾਂ ਅਲੰਕ੍ਰਿਤ ਦੇਵੀ ਸੀ। ਭੂਖਨ ਦੇਵੀ ਉਸ ਦੀ ਪੁੱਤਰੀ ਸੀ ਜਿਹੜੀ ਏਨੀ ਸੁੰਦਰ ਸੀ ਕਿ ਉਸ ਵਰਗੀ ਨਰ ਅਤੇ ਨਾਗ ਇਸਤਰੀ ਕੋਈ ਵੀ ਨਹੀਂ ਸੀ।।੧।।

**ਅਤਿ ਕੁਰੂਪ ਤਿਹ ਨਾਥ ਪਛਨਿਯਤ।। ਅਤਿ ਸੁੰਦਰਿ ਜਿਹ ਨਾਰਿ ਬਖਨਿਯਤ।।**
**ਸੁੰਦਰ ਅਵਰ ਹੁਤੋ ਤਹ ਛੱਤ੍ਰੀ।। ਰੂਪਵਾਨ ਗੁਨਵਾਨ ਧਰੱਤ੍ਰੀ।। ੨।।**

ਪਦ ਅਰਥ - ਪਛਨਿਯਤ=ਪਛਾਣਿਆ ਜਾਂਦਾ ਸੀ। ਬਖਨਿਯਤ=ਕਹੀ ਜਾਂਦੀ ਸੀ। ਧਰੱਤ੍ਰੀ=ਧੀਰਜਵਾਨ।

ਉਹ ਲੜਕੀ ਜਿਸ ਤਰ੍ਹਾਂ ਬਹੁਤ ਸੋਹਣੀ ਸੀ ਉਸ ਦਾ ਪਤੀ ਉਸ ਤਰ੍ਹਾਂ ਹੀ ਬਹੁਤ ਕਰੂਪ ਸੀ। ਉਥੇ ਇਕ ਸੁੰਦਰ ਖੱਤਰੀ ਰਹਿੰਦਾ ਸੀ ਜਿਹੜਾ ਬਹੁਤ ਰੂਪਵਾਨ, ਗੁਣਵਾਨ ਅਤੇ ਧੀਰਜਵਾਨ ਸੀ।।੨।।

**ਅੜਿੱਲ।। ਜਬ ਮੁਲਤਾਨੀ ਰਾਇ ਕੁਅਰਿ ਲਖਿ ਪਾਇਯੋ।।**
**ਨਿਜੁ ਨਾਇਕ ਕਹ ਚਿਤ ਤੇ ਕੁਅਰਿ ਭੁਲਾਇਯੋ।।**
**ਪਠੈ ਸਹਚਰੀ ਨਿਜੁ ਗ੍ਰਿਹਿ ਲਿਯੋ ਬੁਲਾਇਕੈ।।**
**ਹੋ ਬਚਨ ਕਹੇ ਪੁਨਿ ਭਾਂਗਿ ਅਫੀਮ ਚੜ੍ਹਾਇਕੈ।। ੩।।**

ਜਦ ਰਾਜ ਕੁਮਾਰੀ ਨੇ ਮੁਲਤਾਨੀ ਰਾਏ ਖੱਤਰੀ ਨੂੰ ਵੇਖਿਆ ਤਾਂ ਆਪਣੇ ਚਿੱਤ ਵਿਚੋਂ ਆਪਣੇ ਪਤੀ ਨੂੰ ਵਿਸਾਰ ਦਿੱਤਾ। ਉਸ ਇਕ ਸਖੀ ਨੂੰ ਭੇਜ ਕੇ ਉਸ ਨੂੰ ਆਪਣੇ ਘਰ ਬੁਲਾ ਲਿਆ ਅਤੇ ਭੰਗ ਅਤੇ ਅਫੀਮ ਖਾ ਕੇ ਉਸ ਨੂੰ ਕਿਹਾ।।੩।।

**ਚੌਪਈ।। ਅਬ ਲਪਟਹੁ ਮੁਹਿ ਆਨਿ ਪਯਾਰੇ।। ਹਮ ਰੀਝੀ ਲਖਿ ਨੈਨ ਤਿਹਾਰੇ।।**
**ਨਾਹਿ ਨਾਹਿ ਤਿਨ ਦੂਬਿਰ ਬਖਾਨੀ।। ਆਖਰ ਕੁਅਰਿ ਕਹੀ ਸੋ ਮਾਨੀ।। ੪।।**

ਹੇ ਮੇਰੇ ਪਿਆਰੇ, ਮੇਰੇ ਨਾਲ ਆ ਕੇ ਲੱਗ ਜਾ, ਮੈਂ ਤੇਰੇ ਨੈਣ ਵੇਖ ਕੇ ਉਨ੍ਹਾਂ ਤੇ ਮੋਹਿਤ

ਹੋ ਗਈ ਹਾਂ। ਦੋ ਵਾਰ ਉਸ 'ਨਾਂਹ ਨਾਂਹ' ਕਹੀ ਪਰ ਅੰਤ ਕੁਮਾਰੀ ਦਾ ਕਹਿਣਾ ਮੰਨ ਹੀ ਲਿਆ।।੪।।

**ਅੜਿੱਲ।। ਭਾਂਤਿ ਭਾਂਤਿ ਕੀ ਕੈਫ ਦਿਵਾਨੇ ਪੀ ਭਏ।।**
**ਭਾਂਤਿ ਭਾਂਤਿ ਅਬਲਾ ਕੇ ਆਸਨ ਲੇਤ ਭੇ।।**
**ਅਮਿਤ ਭੋਗ ਤ੍ਰਿਯ ਪਾਇ ਰਹੀ ਉਰਝਾਇਕੈ।।**
**ਹੋ ਨਿਰਖਿ ਸਜਨ ਕੇ ਨੈਨਨ ਗਈ ਬਿਕਾਇਕੈ।। ੫।।**

ਕਈ ਕਿਸਮ ਦੀ ਸ਼ਰਾਬ ਪੀ ਕੇ ਉਹ ਦੀਵਾਨੇ ਹੋ ਗਏ ਅਤੇ ਕਈ ਪ੍ਰਕਾਰ ਦੇ ਆਸਣ ਬਣਾਉਨ ਲੱਗੇ। ਅਮਿਤ ਭੋਗ ਕਰਕੇ ਇਸਤਰੀ ਉਲਝ ਕੇ ਰਹਿ ਗਈ ਅਤੇ ਸਜਨ ਦੇ ਨੈਣ ਵੇਖ ਕੇ ਬਿਨ ਮੁਲੋਂ ਹੀ ਵਿੱਕ ਗਈ।।੫।।

**ਚੌਪਈ।। ਭਾਂਤਿ ਭਾਂਤਿ ਤਾਸੌ ਰਤਿ ਪਾਇ।। ਆਸਨ ਸਾਥ ਗਈ ਲਪਟਾਇ।।**
**ਰਸਿ ਗਜੋ ਮੀਤ ਨ ਛੋਰਾ ਜਾਈ।। ਬਾਤ ਭਾਖਿ ਤਿਹ ਘਾਤ ਬਨਾਈ।। ੬।।**

ਕਈ ਪ੍ਰਕਾਰ ਨਾਲ ਉਸ ਨਾਲ ਰਤ ਕ੍ਰੀੜਾ ਕੀਤੀ ਅਤੇ ਕਾਫੀ ਆਸਣ ਬਣਾ ਕੇ ਉਹਦੇ ਨਾਲ ਲਿਪਟ ਗਈ। ਉਹ ਮਿੱਤਰ ਨਾਲ ਇਸ ਤਰ੍ਹਾਂ ਰਸ ਗਈ ਕਿ ਹੁਣ ਉਸ ਨੂੰ ਛੱਡਿਆ ਨਹੀਂ ਸੀ ਜਾ ਰਿਹਾ, ਹੁਣ ਉਸ ਮੌਕਾ ਪਾ ਕੇ ਉਸ ਨੂੰ ਇਕ ਗੱਲ ਕਹੀ।।੬।।

**ਸਾਜਨ ਆਜੁ ਤੁਝੈ ਮੈ ਬਰਿਹੌਂ।। ਨਿਜੁ ਪਤਿ ਕੋ ਨਿਜੁ ਕਰ ਬਧ ਕਰਿਹੌਂ।।**
**ਆਪਨ ਸਾਥ ਪ੍ਰਗਟ ਤੁਹਿ ਲਿਐਹੌਂ।। ਮਾਤ ਪਿਤਾ ਤੁਹਿ ਲਖਤ ਹੰਢੈਹੌਂ।। ੭।।**

ਪਦ ਅਰਥ - ਬਰਿਹੌਂ=ਵਿਆਹ ਕਰਾਂਗੀ। ਬਧ ਕਰਿਹੌਂ=ਕਤਲ ਕਰਾਂਗੀ।

'ਹੇ ਪਿਆਰੇ ਅੱਜ ਮੈਂ ਤੁਹਾਡੇ ਨਾਲ ਵਿਆਹ ਕਰਾਂਗੀ ਅਤੇ ਆਪਣੇ ਪਤੀ ਨੂੰ ਆਪਣੇ ਹੱਥਾਂ ਨਾਲ ਕਤਲ ਕਰਾਂਗੀ, ਹੁਣ ਮੈਂ ਜ਼ਾਹਰ ਤੌਰ ਤੇ ਤੁਹਾਨੂੰ ਆਪਣੇ ਨਾਲ ਰੱਖਾਂਗੀ ਅਤੇ ਮਾਤਾ ਪਿਤਾ ਦੇ ਸਾਹਮਣੇ ਤੁਹਾਡੇ ਨਾਲ ਉਪਭੋਗ ਕਰਾਂਗੀ"।।੭।।

**ਨਿਜੁ ਪਤਿ ਲੈ ਸ਼ਿਵ ਭਵਨ ਸਿਧਾਈ।। ਕਾਟਾ ਮੂੰਡ ਤਹਾਂ ਤਿਹ ਜਾਈ।।**
**ਲੋਗਨ ਕਹਿ ਸ਼ਿਵ ਨਾਮ ਸੁਨਾਯੋ।। ਰੂਪ ਹੇਤੁ ਪਤਿ ਸੀਸ ਚੜ੍ਹਾਯੋ।। ੮।।**

ਪਦ ਅਰਥ - ਸ਼ਿਵ ਭਵਨ=ਸ਼ਿਵਜੀ ਮੰਦਰ। ਰੂਪ ਹੇਤ=ਸੁੰਦਰ ਬਣਨ ਵਾਸਤੇ। ਸੀਸ ਚੜ੍ਹਾਯੋ=ਸੀਸ ਭੇਂਟ ਕੀਤਾ ਹੈ।

ਆਪਣੇ ਪਤੀ ਨੂੰ ਨਾਲ ਲੈ ਕੇ ਉਹ ਸ਼ਿਵ ਮੰਦਰ ਗਈ ਅਤੇ ਉਥੇ ਜਾ ਕੇ ਉਸ ਦਾ ਸਿਰ ਵੱਢ ਦਿੱਤਾ। ਲੋਕਾਂ ਨੂੰ ਸ਼ਿਵਜੀ ਦਾ ਨਾਂ ਸੁਣਾਇਆ ਅਤੇ ਕਿਹਾ ਕਿ ਪਤੀ ਨੇ ਸੁੰਦਰਤਾ ਵਾਸਤੇ ਆਪਣਾ

Namdhari Elibrary NamdhariElibrary@gmail.com

************************************************************

ਸੀਸ ਸ਼ਿਵਜੀ ਨੂੰ ਭੇਟ ਕੀਤਾ ਹੈ॥੮॥

**ਪੁਨਿ ਸ਼ਿਵ ਅਧਿਕ ਕ੍ਰਿਪਾ ਕਹ ਕਿਯੋ॥ ਸੁੰਦਰ ਮੋਰ ਪਤਿਹਿ ਕਰ ਦਿਯੋ॥**
**ਕੌਤਕ ਲਖਾ ਕਹਾ ਤਿਨ ਕਰਾ॥ ਸ਼ਿਵ ਪ੍ਰਤਾਪ ਹਮ ਆਜੁ ਬਿਚਰਾ॥ ੯॥**

ਸ਼ਿਵਜੀ ਨੇ ਫਿਰ ਕਿਰਪਾ ਕੀਤੀ ਹੈ ਅਤੇ ਮੇਰੇ ਪਤੀ ਨੂੰ ਸੁੰਦਰ ਬਣਾ ਦਿੱਤਾ ਹੈ, ਜਿਸ ਤਰ੍ਹਾਂ ਉਨ੍ਹਾਂ ਕਿਹਾ ਸੀ, ਵੈਸਾ ਹੀ ਕੌਤਕ ਕਰ ਦਿੱਤਾ, ਮੈਂ ਸ਼ਿਵਜੀ ਦੇ ਪ੍ਰਤਾਪ ਨੂੰ ਅੱਜ ਹੀ ਜਾਣਿਆ ਹੈ॥੯॥

**ਦੇਹ ਮ੍ਰਿਤਕ ਪਤਿ ਦਈ ਦਬਾਈ॥ ਤਾਕੌ ਨਾਥ ਭਾਖਿ ਗ੍ਰਿਹਿ ਲਜਾਈ॥**
**ਭੇਦ ਅਭੇਦ ਨ ਕਿਨਹੂੰ ਪਾਯੋ॥ ਬਿਨੁ ਪਾਨੀ ਹੀ ਮੂੰਡ ਮੁੰਡਾਯੋ॥ ੧੦॥ ੧॥**

ਪਤੀ ਦੇ ਮੁਰਦਾ ਸਰੀਰ ਨੂੰ ਦੱਬਾ ਦਿੱਤਾ ਅਤੇ ਪ੍ਰੇਮੀ ਨੂੰ ਪਤੀ ਕਹਿ ਕੇ ਨਾਲ ਲੈ ਆਈ। ਕੋਈ ਵੀ ਭੇਤ-ਅਭੇਤ ਨ ਜਾਣ ਸਕਿਆ ਅਤੇ ਸਾਰੇ ਪਾਣੀ ਤੋਂ ਬਗੈਰ ਸੁਕੇ ਹੀ ਸਿਰ ਮੁੰਨਵਾ ਗਏ ਭਾਵ ਠੱਗੇ ਗਏ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨਿਨਜਾਨਵੋਂ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੩੯੯॥੭੦੮੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਤਿੰਨ ਸੌ ਨੜਿਨੇਵੀਂ ਕਥਾ ਸਮਾਪਤ॥੩੯੯॥੭੦੮੯॥ਚਲਦਾ॥

## ਚਲਿੱਤਰ ਚਾਰ ਸੌਵਾਂ

## ਕਥਾ ਮਹਾਂ ਕੁਮਾਰੀ

**ਚੌਪਈ॥ ਸੂਰਜ ਕਿਰਨਿ ਇਕ ਭੂਪ ਭਨਿੱਜੈ॥ ਚੰਦ ਕਿਰਨ ਪੁਰ ਨਗਰ ਕਹਿੱਜੈ॥**
**ਮਹਾਂ ਕੁਅਰਿ ਤਿਹ ਧਾਮ ਦੁਲਾਰੀ॥ ਜਿਹ ਸਮਾਨ ਬਿਧਿ ਕਹੂੰ ਨ ਸਵਾਰੀ॥੧॥**

ਸੂਰਜ ਕਿਰਨ ਨਾਮੀਂ ਇਕ ਰਾਜਾ ਸੀ ਜਿਸ ਦੇ ਨਗਰ ਦਾ ਨਾਂ ਚੰਦਕਿਰਨ ਪੁਰ ਸੀ। ਉਸ ਦੀ ਲਾਡਲੀ ਪੁੱਤਰੀ ਮਹਾਂ ਕੁਮਾਰੀ ਸੀ ਜਿਸ ਵਰਗਾ ਵਿਧਾਤਾ ਨੇ ਹੋਰ ਕਿਸੇ ਨੂੰ ਨਹੀਂ ਬਣਾਇਆ ਸੀ॥੧॥

**ਤਹਿਕ ਸ਼ਾਹ ਕੋ ਪੂਤ ਸੁਜਾਨਾ॥ ਚੰਦ੍ਰ ਸੈਨ ਨਾਮਾ ਬਲਵਾਨਾ॥**
**ਮਹਾਂ ਕੁਅਰਿ ਵਾਕੀ ਛਬਿ ਲਹੀ॥ ਮਨ ਕ੍ਰਮ ਬਚਨ ਥਕਿਤ ਹੈ ਰਹੀ॥ ੨॥**

ਉਥੇ ਇਕ ਸ਼ਾਹ ਦਾ ਸੁਘੜ ਸੁਜਾਨ ਪੁੱਤਰ ਸੀ, ਉਹ ਬਹੁਤ ਬਲਵਾਨ ਸੀ ਅਤੇ ਉਸ ਦਾ ਨਾਂ ਚੰਦਰ ਸੈਨ ਸੀ। ਮਹਾਂ ਕੁਮਾਰੀ ਉਸ ਦੀ ਸੁੰਦਰ ਸ਼ਕਲ ਵੇਖ ਕੇ ਮਨ, ਬਚਨ ਅਤੇ ਕਰਮ ਕਰਕੇ

ਉਸਦੀ ਹੋ ਗਈ॥੨॥

**ਪਠੈ ਸਹਚਰੀ ਲਿਯੋ ਬੁਲਾਇ॥ ਪੋਸਤ ਭਾਂਗ ਅਫੀਮ ਮੰਗਾਇ॥**
**ਭਾਂਤਿ ਭਾਂਤਿ ਤਨ ਤਾਂਹਿ ਪਿਵਾਯੋ॥ ਅਧਿਕ ਮੱਤ ਕਰਿ ਗਰੈ ਲਗਾਯੋ॥ ੩॥**

ਇਕ ਦਾਸੀ ਨੂੰ ਭੇਜ ਕੇ ਉਸ ਨੂੰ ਬੁਲਾਇਆ ਅਤੇ ਪੋਸਤ, ਭੰਗ ਅਤੇ ਅਫੀਮ ਮੰਗਵਾਈ ਅਤੇ ਭਿੰਨ ਭਿੰਨ ਪ੍ਰਕਾਰ ਦੇ ਨਸ਼ੇ ਪਿਆ ਕੇ ਉਸ ਨੂੰ ਮਦਮਸਤ ਕਰਕੇ ਗਲ ਨਾਲ ਲਾ ਲਿਆ॥੩॥

**ਮੱਤ ਕਿਯਾ ਮਦ ਸਾਥ ਪਯਾਰੋ॥ ਕਬਹੂੰ ਕਰਤ ਨ ਉਰ ਸੈਂ ਨਯਾਰੋ॥**
**ਭਾਂਤਿ ਭਾਂਤਿ ਉਰ ਸੈ ਲਪਟਾਵੈ॥ ਚੂੰਬਿ ਕਪੋਲ ਦੋਊ ਬਲਿ ਜਾਵੈ॥ ੪॥**

ਅਪਣੇ ਪਿਆਰੇ ਨੂੰ ਸ਼ਰਾਬ ਨਾਲ ਮਸਤ ਕਰ ਦਿੱਤਾ ਅਤੇ ਹੁਣ ਉਹ ਕਦੇ ਵੀ ਉਸ ਨੂੰ ਛਾਤੀ ਨਾਲੋਂ ਵਖ ਨਹੀਂ ਕਰਦੀ ਸੀ। ਕਈ ਪ੍ਰਕਾਰ ਨਾਲ ਉਹ ਇਕ ਦੂਸਰੇ ਨਾਲ ਲਿਪਟਦੇ ਸਨ ਅਤੇ ਦੋਵੇਂ ਗਲਾਂ ਦੇ ਚੁੰਮਣ ਲੈ ਕੇ ਇਕ ਦੂਸਰੇ ਦੇ ਬਲਿਹਾਰ ਜਾਂਦੇ ਸਨ॥੪॥

**ਰਸਿ ਗਯੋ ਮੀਤ ਨ ਛੋਰਾ ਜਾਇ॥ ਭਾਂਤਿ ਭਾਂਤਿ ਭੋਗਤ ਲਪਟਾਇ॥**
**ਚੁੰਬਨ ਔਰ ਅਲਿੰਗਨ ਲੇਈ॥ ਅਨਿਕ ਭਾਂਤਿ ਤਨ ਦੇਈ॥ ੫॥**

ਉਹ ਮਿੱਤਰ ਵੀ ਲਿਵਲੀਨ ਸੀ ਅਤੇ ਉਸ ਨੂੰ ਛੱਡਿਆ ਨਹੀਂ ਜਾ ਰਿਹਾ ਸੀ ਅਤੇ ਉਹ ਅਨੇਕਾਂ ਪ੍ਰਕਾਰ ਨਾਲ ਲਿਪਟ ਕੇ ਸੁਖ ਪ੍ਰਾਪਤ ਕਰ ਰਹੇ ਸਨ। ਦੋਵੇਂ ਆਪਸ ਵਿਚ ਚੁੰਮਣ ਅਤੇ ਆਲਿੰਗਣ ਕਰ ਰਹੇ ਸਨ ਅਤੇ ਭਾਂਤ ਭਾਂਤ ਆਸਣ ਬਣਾ ਰਹੇ ਸਨ॥੫॥

**ਰਸਿ ਗਈ ਤਾਕੌ ਤਜਾ ਨ ਜਾਇ॥ ਭਾਂਤਿ ਅਨਿਕ ਲਪਟਤ ਸੁਖ ਪਾਇ॥**
**ਯਾ ਸੰਗ ਕਹਾ ਕਵਨ ਬਿਧਿ ਜਾਊਂ॥ ਅਬ ਅਸ ਕਵਨ ਉਪਾਇ ਬਨਾਊਂ॥ ੬॥**

ਉਹ ਉਸ ਵਿਚ ਏਨੀ ਲੀਨ ਹੋ ਗਈ ਕਿ ਉਸ ਪਾਸੋਂ ਛਡਿਆ ਨਹੀਂ ਜਾ ਰਿਹਾ ਸੀ। ਉਸ ਨਾਲ ਉਹ ਅਨੇਕ ਪ੍ਰਕਾਰ ਨਾਲ ਲਿਪਟ ਕੇ ਸੁਖ ਪ੍ਰਾਪਤ ਕਰ ਰਹੀ ਸੀ। ਮਹਾਂ ਕੁਮਾਰੀ ਨੇ ਸੋਚਿਆ ਕਿ ਇਸ ਨਾਲ ਹੁਣ ਕਿਵੇਂ ਜਾਵਾਂ ਅਤੇ ਇਸ ਵਾਸਤੇ ਹੁਣ ਕੀ ਉਪਾਅ ਕਰਾਂ॥੬॥

**ਜਾਨਿ ਬੂਝਿ ਇਕ ਦਿਜ ਕਹ ਮਾਰਿ॥ ਭੂਪ ਭਏ ਇਮਿ ਕਹਾ ਸੁਧਾਰਿ॥**
**ਅਬ ਮੈਂ ਜਾਇ ਕਰਵਤਹਿ ਲੈਹੌ॥ ਪਲਟਿ ਦੇਹ ਸੁਰਪੁਰਹਿ ਸਿਧਹੌ॥ ੭॥**

*ਪਦ ਅਰਥ* - ਜਾਨਿ ਬੂਝਿ=ਜਾਣ ਬੁਝ ਕੇ। ਦਿਜ=ਬ੍ਰਾਹਮਣ। ਕਰਵਤਹਿ ਲੈਹੌ=ਕਾਸ਼ੀ ਵਿਚ ਜਾ ਕੇ ਆਪਣੇ ਆਪ ਨੂੰ ਆਰੇ ਨਾਲ ਚਿਰਵਾ ਕੇ ਆਪਣਾ ਪਾਪ ਮੁਆਫ ਕਰਵਾ ਕੇ ਮੁਕਤੀ ਪ੍ਰਾਪਤ ਕਰਾਂਗੀ। ਸੁਰਪੁਰਹਿ=ਸਵੱਰਗ ਲੋਕ। ਸਿਧੈਹੌ=ਚਲੀ ਜਾਵਾਂਗੀ।

ਉਸ ਨੇ ਜਾਣ ਬੁੱਝ ਕੇ ਇਕ ਬ੍ਰਾਹਮਣ ਨੂੰ ਮਾਰ ਦਿੱਤਾ ਅਤੇ ਰਾਜੇ ਨੂੰ ਜਾ ਕੇ ਕਹਿਣ ਲੱਗੀ ਕਿ ਮਿਥੋਂ ਬਹੁਤ ਪਾਪ ਹੋ ਗਿਆ ਹੈ, ਹੁਣ ਮੈਂ ਕਾਂਸ਼ੀ ਦੇ ਆਰੇ ਨਾਲ ਚਿਰਵਾ ਕੇ ਸਰੀਰ ਬਦਲ ਕੇ ਸਵਰਗ ਲੋਕ ਚਲੀ ਜਾਵਾਂਗੀ॥੭॥

**ਹੋਰਿ ਰਹਾ ਪਿਤੁ ਏਕ ਨ ਮਾਨੀ॥ ਰਾਨੀਹੂੰ ਪਾਇਨ ਲਪਟਾਨੀ॥**
**ਮੰਤ੍ਰ ਸ਼ਕਤਿ ਕਰਵਤਿ ਸਿਰ ਧਰਾ॥ ਏਕ ਰੋਮ ਤਿਹ ਤਾਹਿ ਨ ਹਰਾ॥੮॥**

ਪਦ ਅਰਥ - ਹੋਰਿ=ਰੋਕ।

ਪਿਤਾ ਨੇ ਬਹੁਤ ਮਨਾ ਕੀਤਾ ਪਰ ਉਸ ਇਕ ਨ ਮੰਨੀ ਅਤੇ ਰਾਣੀ ਵੀ ਉਸ ਦੇ ਪੈਰਾਂ ਨਾਲ ਲਿਪਟ ਗਈ। ਮੰਤਰ ਸ਼ਕਤੀ ਨਾਲ ਹੀ ਉਸ ਆਰਾ ਸਿਰ ਤੇ ਧਰਿਆ ਪਰ ਉਸ ਦਾ ਇਕ ਵਾਲ ਵੀ ਵਿੰਗਾ ਨ ਹੋਇਆ॥੮॥

**ਸਭਨ ਲਹਾ ਕਰਵਤ ਇਹ ਲਿਯੋ॥ ਦ੍ਰਿਸ਼ਟਿ ਬੰਦ ਐਸਾ ਤਿਨ ਕਿਯੋ॥**
**ਆਪਨ ਗਈ ਮਿੱਤ੍ਰ ਕੇ ਧਾਮਾ॥ ਭੇਦ ਨ ਲਖਾ ਕਿਸੂ ਕਿਹ ਬਾਮਾ॥੯॥**

ਪਦ ਅਰਥ - ਸਭਨ ਲਹਾ=ਸਾਰਿਆਂ ਵੇਖਿਆ। ਦ੍ਰਿਸ਼ਟਿ ਬੰਦ=ਨਿਗਾਹ ਬੰਦ।

ਉਸ ਐਸਾ ਨਜ਼ਰ ਬੰਧ ਲਾਇਆ ਕਿ ਸਾਰਿਆਂ ਵੇਖਿਆ ਕਿ ਉਸ ਕਾਂਸ਼ੀ ਦਾ ਆਰਾ ਧਾਰਨ ਕੀਤਾ ਹੈ। ਖੁਦ ਉਹ ਮਿੱਤਰ ਦੇ ਘਰ ਚਲੀ ਗਈ ਅਤੇ ਉਸ ਇਸਤਰੀ ਦਾ ਭੇਤ ਕਿਸੇ ਵੀ ਨ ਵੇਖਿਆ॥੯॥

**ਦੋਹਰਾ॥ ਇਹ ਬਿਧਿ ਛਲਿ ਪਿਤੁ ਮਾਤ ਕਹ ਗਈ ਮਿੱਤ੍ਰ ਕੇ ਸੰਗ॥**
**ਕਬਿ ਸਜਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ॥੧੦॥੧॥**

ਇਸ ਵਿੱਧੀ ਨਾਲ ਮਾਤਾ ਪਿਤਾ ਨੂੰ ਛੱਲ ਕੇ ਉਹ ਮਿੱਤਰ ਦੇ ਨਾਲ ਚਲੇ ਗਈ ਅਤੇ ਕਵੀ ਸ਼ਿਆਮ ਦੇ ਅਨੁਸਾਰ ਇਹ ਕਥਾ ਪ੍ਰਸੰਗ ਸਮਾਪਤ ਹੋਇਆ॥੧੦॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਰਿਤ੍ਰ ਸ਼ਮਾਪਤਮ ਸਤੁ ਸ਼ੁਭਮ ਸਤੁ॥੪੦੦॥੭੦੯੯॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਚਾਰ ਸੌਵੀਂ ਕਥਾ ਸਮਾਪਤ॥੪੦੦॥੭੦੯੯॥ਚਲਦਾ॥

Namdhari Elibrary NamdhariElibrary@gmail.com

## ਕਥਾ ਬਸੰਤ ਕੁਮਾਰੀ

**ਚੌਪਈ॥ ਪਾਤਿਸ਼ਾਹ ਕਾਰੂੰ ਇਕ ਸੁਨਿਯਤ॥ ਅਮਿਤ ਤੇਜ ਜਾਕੋ ਜਗ ਗੁਨਿਯਤ॥
ਜਿਂਹ ਧਨ ਭਰੇ ਚਿਹਲ ਭੰਡਾਰਾ॥ ਆਵਤ ਜਿਨ ਕਾ ਪਾਰ ਨ ਵਾਰਾ॥੧॥**

ਪਦ ਅਰਥ - ਚਿਹਲ ਭੰਡਾਰਾ=ਚਾਲੀ ਖਜ਼ਾਨੇ। ਪਾਰ ਨ ਵਾਰਾ=ਅੰਤ।

ਕਾਰੂੰ ਨਾਮੀਂ ਇਕ ਬਾਦਸ਼ਾਹ ਸੁਣਿਆ ਜਾਂਦਾ ਹੈ, ਜਿਸ ਦਾ ਸੰਸਾਰ ਵਿਚ ਅਪਾਰ ਤੇਜ ਸੀ. ਉਸ ਪਾਸ ਧਨ ਦੇ ਚਾਲੀਹ ਭੰਡਾਰ ਭਰੇ ਸਨ ਜਿਨ੍ਹਾਂ ਦਾ ਕੋਈ ਅੰਤ ਨਹੀਂ ਸੀ॥੧॥

**ਤਿਹ ਪੁਰ ਸ਼ਾਹ ਸੁਤਾ ਇਕ ਸੁਨਿਯਤ॥ ਜਾਨੁਕ ਚਿੱਤ੍ਰ ਪੁੱਤ੍ਰਕਾ ਗੁਨਿਯਤ॥
ਨਿਰਖ ਭੂਪ ਕਾ ਰੂਪ ਲੁਭਾਈ॥ ਏਕ ਸਹਚਰੀ ਤਹਾਂ ਪਠਾਈ॥ ੨॥**

ਪਦ ਅਰਥ - ਸ਼ਾਹ ਸੁਤਾ=ਸ਼ਾਹ ਦੀ ਪੁੱਤਰੀ। ਸੁਨਿਯਤ=ਸੁਣੀ ਜਾਂਦੀ ਸੀ। ਚਿੱਤ੍ਰ=ਤਸਵੀਰ। ਗੁਨਿਯਤ=ਗੁਣਵਾਨਾ।

ਉਸ ਨਗਰ ਵਿਚ ਇਕ ਸ਼ਾਹ ਦੀ ਪੁੱਤਰੀ ਰਹਿੰਦੀ ਸੀ ਜਿਹੜੀ ਕਿ ਚਿੱਤਰ ਵਾਂਗ ਸੋਹਣੀ ਸੀ । ਉਹ ਰਾਜੇ ਦਾ ਰੂਪ ਵੇਖ ਕੇ ਮੋਹਿਤ ਹੋ ਗਈ ਅਤੇ ਉਸ ਇਕ ਸਖੀ ਨੂੰ ਬਾਦਸ਼ਾਹ ਦੇ ਕੋਲ ਭੇਜਿਆ॥੨॥

**ਕੁਅਰਿ ਬਸੰਤ ਤਵੌਨਿ ਕਾ ਨਾਮਾ॥ ਜਿਹ ਸਮਾਨ ਭੀ ਔਰ ਨ ਬਾਮਾ॥
ਸੋ ਕਾਰੂੰ ਕੀ ਛਬਿ ਲਖਿ ਅਟਕੀ॥ ਬਿਸਰਿ ਗਈ ਸਭਹੀ ਸੁਧਿ ਘਟਕੀ॥ ੩॥**

ਉਸ ਲੜਕੀ ਦਾ ਨਾਂ ਬਸੰਤ ਕੁਮਾਰੀ ਸੀ ਅਤੇ ਉਹ ਅਤਿ ਸੁੰਦਰ ਸੀ. ਉਸ ਵਰਗੀ ਹੋਰ ਕੋਈ ਇਸਤਰੀ ਨਹੀਂ ਸੀ। ਉਹ ਕਾਰੂੰ ਦੀ ਸੁੰਦਰਤਾ ਵੇਖ ਕੇ ਉਸੇ ਵਿਚ ਅਟਕ ਗਈ ਅਤੇ ਉਹ ਆਪਣੇ ਆਪ ਦੀ ਸਾਰੀ ਹੋਸ਼ ਭੁਲ ਗਈ॥੩॥

**ਅੜਿੱਲ॥ ਸਖੀ ਸਭੂਖਨ ਦੇ ਤਹ ਦਈ ਪਠਾਇਕੈ॥
ਮੋਰੀ ਕਹੀ ਸਜਨ ਸੌ ਕਹਿਯਹੁ ਜਾਇਕੈ॥
ਪ੍ਰਣਤਿ ਹਮਾਰੀ ਮੀਤ ਕਹਾ ਸੁਨਿ ਲੀਜਿਯੈ॥
ਹੋ ਜਸਿ ਤਵ ਤ੍ਰਿਯ ਗ੍ਰਿਹਿ ਏਕ ਦੁਤਿਯ ਮੁਹਿ ਕੀਜਿਯੈ॥ ੪॥**

Namdhari Elibrary NamdhariElibrary@gmail.com

*************************************************************

ਸਖੀ ਨੂੰ ਗਹਿਣੇ ਆਦਿ ਦੇ ਕੇ ਉਥੇ ਭੇਜਿਆ ਅਤੇ ਉਸ ਨੂੰ ਸਮਝਾਇਆ ਕਿ ਸਜਨ ਨੂੰ ਮੇਰੀ ਵਿਥਿਆ ਸੁਣਾ ਦੇਣਾ। ਉਸ ਨੂੰ ਕਹਿਣਾ ਕਿ ਹੇ ਪਿਆਰੇ ਮੇਰੀ ਬੇਨਤੀ ਸੁਣ ਲਵੋਂ, ਜੇ ਤੁਹਾਡੇ ਘਰ ਪਹਿਲਾਂ ਇਕ ਇਸਤਰੀ ਹੈ ਤਾਂ ਮੈਨੂੰ ਦੂਸਰੀ ਇਸਤਰੀ ਦੇ ਤੌਰ ਤੇ ਰੱਖ ਲਵੋ।।੪।।

**ਚੌਪਈ।। ਕੁਅਰਿ ਕੁਅਰਿ ਕੀ ਬਾਤ ਬਖਾਨੀ।। ਰਾਜ ਕੁਅਰਿ ਕਰਿ ਏਕ ਨ ਮਾਨੀ।।**
**ਇਮਿ ਸਖਿ ਜਾਇ ਤਾਹਿ ਸੁਧਿ ਦਈ।। ਕੁਅਰਿ ਬਸੰਤ ਰਿਸਾਕੁਲ ਭਈ।। ੫।।**

ਬਾਦਸ਼ਾਹ ਨਾਲ ਕੁਮਾਰੀ ਬਾਰੇ ਗੱਲ ਕੀਤੀ ਪਰ ਬਾਦਸ਼ਾਹ ਨੇ ਇਕ ਵੀ ਨ ਮੰਨੀ। ਜਦ ਇਹ ਸਾਰੀ ਗੱਲ ਸਖੀ ਨੇ ਬਸੰਤ ਕੁਮਾਰੀ ਨੂੰ ਆ ਕੇ ਦੱਸੀ ਤਾਂ ਉਹ ਬਹੁਤ ਗੁੱਸੇ ਵਿਚ ਆ ਗਈ।।੫।।

**ਤਤ ਛਿਨ ਸੁਰੰਗ ਧਾਮ ਨਿਜੁ ਦਈ।। ਨ੍ਰਿਪ ਕੇ ਸਦਨ ਨਿਕਾਰਤ ਭਈ।।**
**ਚਾਲਿਸ ਗੰਜ ਦਰਬ ਕੇ ਜੇਤੇ।। ਨਿਜੁ ਆਲੈ ਰਾਖੇ ਲੈ ਤੇਤੇ।। ੬।।**

ਪਦ ਅਰਥ - ਤਤ ਛਿਨ=ਛੇਤੀ ਹੀ। ਸੁਰੰਗ ਧਾਮ ਨਿਜੁ=ਆਪਣੇ ਘਰ ਤੋਂ ਸੁਰੰਗ ਬਣਵਾਈ। ਨ੍ਰਿਪ ਕੋ ਸਦਨ=ਰਾਜੇ ਦੇ ਘਰ। ਨਿਕਾਰਤ ਪਈ=ਜਾ ਕੱਢੀ। ਚਾਲਿਸ ਗੰਜ=ਚਾਲੀ ਖਜ਼ਾਨੇ। ਦਰਬ=ਧਨ। ਨਿਜੁ ਆਲੈ=ਆਪਣੇ ਘਰ।

ਉਸ ਲੜਕੀ ਨੇ ਉਸੇ ਵੇਲੇ ਆਪਣੇ ਘਰ ਤੋਂ ਸੁਰੰਗ ਬਣਵਾਈ ਅਤੇ ਉਸ ਨੂੰ ਬਾਦਸ਼ਾਹ ਦੇ ਘਰ ਜਾ ਕੱਢਿਆ। ਧਨ ਦੇ ਚਾਲੀਹ ਖਜ਼ਾਨੇ ਚੁਰਾ ਕੇ ਉਸ ਆਪਣੇ ਘਰ ਰੱਖ ਲਏ।।੬।।

**ਮੂੜ੍ਹ ਭੂਪ ਕਛੁ ਬਾਤ ਨ ਪਾਈ।। ਕਿਹ ਬਿਧਿ ਧਨ ਤ੍ਰਿਯ ਲਿਯਾ ਚੁਰਾਈ।।**
**ਛੋਰਿ ਭੰਡਾਰ ਬਿਲੋਕੈ ਕਹਾ।। ਪੈਸਾ ਏਕ ਨ ਧਨ ਗ੍ਰਿਹਿ ਰਹਾ।। ੭।।**

ਮੂਰਖ ਰਾਜਾ ਕੁਝ ਨ ਸਮਝ ਸਕਿਆ ਕਿ ਇਸਤਰੀ ਕਿਵੇਂ ਧਨ ਚੁਰਾ ਕੇ ਲੈ ਗਈ ਹੈ। ਉਸ ਜਦ ਖਜ਼ਾਨਾ ਖੋਲ੍ਹ ਕੇ ਵੇਖਿਆ ਤਾਂ ਘਰ ਵਿਚ ਇਕ ਪੈਸਾ ਵੀ ਨਹੀਂ ਸੀ।।੭।।

**ਅੜਿੱਲ।। ਅਧਿਕ ਦੁਖਿਤ ਹ੍ਵੈ ਲੋਗਨ ਲਿਯਾ ਬੁਲਾਇਕੈ।।**
**ਭਾਂਤਿ ਭਾਂਤਿ ਤਿਨ ਪ੍ਰਤਿ ਕਹ ਦੂਖ ਬਨਾਇਕੈ।।**
**ਐਸਾ ਕਵਨ ਕੁਕਰਮ ਕਹੋ ਹਮ ਤੇਂ ਭਯੋ।।**
**ਹੋ ਜਿਹ ਕਾਰਨ ਤੇ ਗ੍ਰਿਹਿ ਚਾਲਿਸ ਕਾ ਧਨ ਗਯੋ।। ੮।।**

ਬਹੁਤ ਦੁਖੀ ਹੋ ਕੇ ਉਸ ਲੋਕਾਂ ਨੂੰ ਬੁਲਾਇਆ ਅਤੇ ਕਈ ਪ੍ਰਕਾਰ ਨਾਲ ਉਨ੍ਹਾਂ ਨੂੰ ਕਿਹਾ ਕਿ ਮੈਥੋਂ ਐਸਾ ਕਿਹੜਾ ਭੈੜਾ ਕਰਮ ਹੋ ਗਿਆ ਹੈ, ਜਿਸ ਕਰਕੇ ਚਾਲੀਆਂ ਖਜ਼ਾਨਿਆਂ ਦਾ ਮੇਰਾ ਧਨ ਚਲਾ ਗਿਆ ਹੈ।।੮।।

**ਚੌਪਈ।। ਸਭ ਲੋਗਨ ਇਹ ਭਾਂਤਿ ਬਿਚਾਰੀ।। ਪ੍ਰਗਟ ਰਾਵ ਕੇ ਸਾਥ ਉਚਾਰੀ।।**
**ਦਾਨ ਪੁੰਨਜ ਤੈਂ ਕਛੂ ਨ ਦਯੋ।। ਤਿਹ ਤੇਂ ਗ੍ਰਿਹ ਕੋ ਸਭ ਧਨ ਗਯੋ।। ੯।।**

ਸਾਰੇ ਲੋਕਾਂ ਨੇ ਸੋਚਿਆ ਅਤੇ ਰਾਜੇ ਨੂੰ ਕਿਹਾ ਕਿ ਤੁਸੀਂ ਦਾਨ ਪੁੰਨ ਨਹੀਂ ਕੀਤਾ, ਇਸ ਕਰਕੇ ਇਹ ਸਾਰਾ ਧਨ ਤੁਹਾਡੇ ਘਰ ਤੋਂ ਚਲਾ ਗਿਆ ਹੈ।।੯।।

**ਸੁਨਿ ਜੁਹਾਂਕੁ ਪਾਯੋ ਇਹ ਬਿਧਿ ਜਬ।। ਧਾਵਤ ਭਲੋ ਅਮਿਤ ਲੈ ਦਲ ਤਬ।।**
**ਛੀਨਿ ਲਈ ਤਾਕੀ ਸਭ ਸ਼ਾਹੀ।। ਕੁਅਰਿ ਬਸੰਤ ਨਾਰਿ ਕਰ ਬਜਾਹੀ।।੧੦।।**

ਪਦ ਅਰਥ - ਸੁਨਿ ਜੁਹਾਂਕੁ=ਜੁਹਾਂਕ ਬਾਦਸ਼ਾਹ ਨੇ ਜਦ ਇਹ ਸੁਣਿਆ। ਧਾਵਤ=ਧਾਵਾ ਬੋਲ ਦਿੱਤਾ। ਦਲ=ਸੈਨਾ, ਫੌਜ। ਅਮਿਤ=ਬਹੁਤ। ਛੀਨਿ ਲਈ ਤਾਕੀ ਸਭ ਸ਼ਾਹੀ=ਸਾਰੀ ਬਾਦਸ਼ਾਹੀ ਖੋਹ ਲਈ।

ਜੁਹਾਂਕ ਬਾਦਸ਼ਾਹ ਨੇ ਜਦ ਇਹ ਸਭ ਕੁਝ ਸੁਣਿਆ ਤਾਂ ਉਹ ਅਪਾਰ ਸੈਨਾ ਲੈ ਕੇ ਚਲ ਪਿਆ। ਉਸ ਦੀ ਸਾਰੀ ਬਾਦਸ਼ਾਹੀ ਖੋਹ ਲਈ ਅਤੇ ਬਸੰਤ ਕੁਮਰੀ ਨਾਲ ਵਿਆਹ ਕਰਕੇ ਆਪਣੀ ਪਤਨੀ ਬਣਾ ਲਿਆ।।੧੦।।

**ਦੋਹਰਾ।। ਇਹ ਚਰਿੱਤ੍ਰ ਤਿਨ ਚੰਚਲਾ ਸਕਲ ਦਰਬ ਹਰਿ ਲੀਨ।।**
**ਇਹ ਬਿਧਿ ਕੈ ਕਾਰੂੰ ਹਨਾ ਨਾਥ ਜੁਹਾਂਕਹਿ ਕੀਨ।। ੧੧।।**

ਪਦ ਅਰਥ - ਸਕਲ ਦਰਬ ਹਰਿ ਲੀਨ=ਸਾਰਾ ਧਨ ਚੋਰੀ ਕਰ ਕੇ। ਕਾਰੂੰ ਹਨਾ=ਕਾਰੂੰ ਮਾਰਿਆ। ਨਾਥ ਜੁਹਾਂਕਹਿ ਕੀਨ=ਜੁਹਾਂਕ ਬਾਦਸ਼ਾਹ ਨੂੰ ਆਪਣਾ ਪਤੀ ਬਣਾ ਲਿਆ।

ਇਸ ਚਲਿੱਤਰ ਨਾਲ ਉਸ ਇਸਤਰੀ ਨੇ ਸਾਰਾ ਧਨ ਚੁਰਾ ਲਿਆ ਅਤੇ ਇਸ ਵਿਧੀ ਨਾਲ ਉਸ ਕਾਰੂੰ ਨੂੰ ਮਾਰ ਦਿੱਤਾ ਅਤੇ ਜੁਹਾਂਕ ਬਾਦਸ਼ਾਹ ਨੂੰ ਆਪਣਾ ਪਤੀ ਬਣਾ ਲਿਆ।।੧੧।।

**ਚੌਪਈ।। ਲੋਗ ਆਜੁ ਲਗਿ ਬਾਤ ਨ ਜਾਨਤ।। ਗੜ੍ਹਾ ਗੰਜ ਅਜੈ ਲੋਗ ਬਖਾਨਤ।।**
**ਐਸੇ ਚਰਿਤ ਚੰਚਲਾ ਕਰਾ।। ਕਾਰੂੰ ਮਾਰ ਜੁਹਾਂਕਹਿ ਬਰਾ।। ੧੨।। ੧।।**

ਅਜ ਤਕ ਲੋਕ ਅਸਲ ਗੱਲ ਨੂੰ ਨਹੀਂ ਸਮਝ ਸਕੇ ਅਤੇ ਹੁਣ ਤਕ ਕਹਿੰਦੇ ਹਨ ਕਿ ਇਸ ਸਥਾਨ ਖਜ਼ਾਨਾ ਦੱਬਿਆ ਪਿਆ ਹੈ। ਉਸ ਇਸਤਰੀ ਨੇ ਐਸਾ ਚਲਿੱਤਰ ਖੇਡਿਆ ਕਿ ਕਾਰੂੰ ਬਾਦਸ਼ਾਹ ਨੂੰ ਮਾਰ ਕੇ ਜੁਹਾਂਕ ਬਾਦਸ਼ਾਹ ਨਾਲ ਵਿਆਹ ਕਰ ਲਿਆ।।੧੨।।੧।।

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਇਕ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੪੦੧।।੭੧੧੧।।ਅਫਜੂੰ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਚਾਰ ਸੌ ਇਕਵੀਂ ਕਥਾ

Namdhari Elibrary NamdhariElibrary@gmail.com

**********************************************************
ਸਮਾਪਤ ॥੪੦੧॥੭੧੧੧॥ਚਲਦਾ॥

# ਚਲਿੱਤਰ ਚਾਰ ਸੌ ਦੂਸਰਾ

## ਕਥਾ ਸਦਾ ਕੁਮਾਰੀ

**ਚੌਪਈ॥ ਚਿੰਜੀ ਸ਼ਹਿਰ ਬਸਤ ਹੈ ਜਹਾਂ॥ ਚਿੰਗਸ ਸੈਨ ਨਰਾਧਿਪ ਤਹਾਂ॥**
**ਗੈਹਰ ਮਤੀ ਨਾਰਿ ਤਿਹ ਕਹਿਯਤ॥ਜਿਹ ਸਮ ਸੁਰ ਪੁਰ ਨਾਰਿ ਨ ਲਹਿਯਤ॥੧॥**

ਪਦ ਅਰਥ - ਬਸਤ ਹੈ=ਵੱਸਦਾ ਹੈ। ਨਰਾਧਿਪ=ਰਾਜਾ। ਕਹਿਯਤ=ਕਹੀ ਜਾਂਦੀ ਹੈ। ਸੁਰ ਪਰ=ਸਵਰਗ। ਲਹਿਯਤ=ਲਭਦੀ।

ਚਿੰਜੀ ਸ਼ਹਿਰ ਨਾਮੀਂ ਨਗਰ ਵਿਚ ਚਿੰਗਸ ਸੈਨ ਨਾਮੀਂ ਇਕ ਰਾਜਾ ਰਹਿੰਦਾ ਸੀ। ਗੈਹਰ ਮਤੀ ਉਸ ਦੀ ਰਾਣੀ ਸੀ ਜਿਸ ਵਰਗੀ ਦੇਵਤਿਆਂ ਦੀ ਪੁਰੀ ਵਿਚ ਵੀ ਕੋਈ ਅਜਿਹੀ ਇਸਤਰੀ ਨਹੀਂ ਸੀ॥੧॥

**ਸ਼ਹਿਰ ਸੁਰੇਸ੍ਵਾ ਵਤੀ ਬਿਰਾਜੈ॥ ਜਾਕੌ ਨਿਰਖਿ ਇੰਦ੍ਰ ਪੁਰ ਲਾਜੈ॥**
**ਬਲਵੰਡ ਸਿੰਘ ਸ਼ਾਹ ਇਕ ਸੁਨਿਯਤ॥ ਜਿਹ ਸਮਾਨ ਜਗ ਔਰ ਨ ਗੁਨਿਯਤ॥੨॥**

ਸੁਰੇਸਵਾ ਵਤੀ ਇਕ ਸ਼ਹਿਰ ਸੀ ਜਿਸ ਦੀ ਸੁੰਦਰਤਾ ਨੂੰ ਵੇਖ ਕੇ ਇੰਦਰ ਪੁਰੀ ਵੀ ਲੱਜਿਤ ਹੁੰਦੀ ਸੀ। ਬਲਵੰਡ ਸਿੰਘ ਇਕ ਸ਼ਾਹ ਸੀ ਜਿਸ ਵਰਗਾ ਹੋਰ ਕੋਈ ਸ਼ਾਹ ਨਹੀਂ ਸੀ॥੨॥

**ਸਦਾ ਕੁਅਰਿ ਤਿਹ ਸੁਤਾ ਭਨਿੱਜੈ॥ ਚੰਦ੍ਰ ਸੂਰ ਲਖਿ ਜਾਹਿ ਅਰੁੱਝੈ॥**
**ਅੱਪ੍ਰਮਾਨ ਦੁਤਿ ਜਾਤ ਨ ਕਹੀ॥ ਜਾਨੁਕ ਫੂਲਿ ਚੰਬੇਲੀ ਰਹੀ॥੩॥**

ਪਦ ਅਰਥ - ਅਰੁੱਝੈ=ਉਲਝਣ ਵਿਚ ਪੈ ਜਾਂਦੇ ਸਨ। ਅੱਪ੍ਰਮਾਨ=ਅਪਾਰ। ਦੁਤਿ=ਸੁੰਦਰਤਾ।

ਸਦਾ ਕੁਮਾਰੀ ਉਸ ਦੀ ਇਕ ਪੁੱਤਰੀ ਸੀ ਜਿਸ ਨੂੰ ਵੇਖ ਕੇ ਚੰਦ ਸੂਰਜ ਵੀ ਉਲਝਣ ਵਿਚ ਪੈ ਜਾਂਦੇ ਸਨ। ਉਸ ਦੀ ਅਪਰਮਾਣ ਸੁੰਦਰ ਸ਼ਕਲ ਇਸ ਤਰ੍ਹਾਂ ਲੱਗਦੀ ਸੀ ਕਿ ਜਿਵੇਂ ਚਮੇਲੀ ਦਾ ਫੁੱਲ ਖਿੜਿਆ ਹੋਵੇ॥੩॥

**ਸਦਾ ਕੁਅਰਿ ਨਿਰਖਾ ਜਬ ਰਾਜਾ॥ ਤਬ ਹੀ ਸੀਲ ਤਵਨ ਕਾ ਭਾਜਾ॥**
**ਸਖੀ ਏਕ ਨ੍ਰਿਪ ਤੀਰ ਪਠਾਈ॥ ਯੌ ਰਾਜਾ ਤਨ ਕਹੁ ਤੈਂ ਜਾਈ॥ ੪॥**

ਪਦ ਅਰਥ - ਸੀਲ=ਸਹਿਨਸ਼ੀਲਤਾ। ਭਾਜਾ=ਜਾਂਦੀ ਰਹੀ।

ਸਦਾ ਕੁਮਾਰੀ ਨੇ ਜਦ ਰਾਜੇ ਨੂੰ ਵੇਖਿਆ ਤਾਂ ਉਸ ਦੀ ਸਹਿਨਸ਼ੀਲਤਾ ਜਾਂਦੀ ਰਹੀ। ਉਸ

*************************************************************
ਇਕ ਸਖੀ ਰਾਜੇ ਦੇ ਕੋਲ ਭੇਜੀ ਕਿ ਤੂੰ ਰਾਜੇ ਕੋਲ ਜਾ ਕੇ ਇਹ ਕਹੋ।।੪।।

**ਮੈਂ ਤਵ ਰੂਪ ਨਿਰਖਿ ਉਰਝਾਨੀ।। ਮਦਨ ਤਾਪ ਤੇ ਭਈ ਦਿਵਾਨੀ।।**
**ਏਕ ਬਾਰ ਤੁਮ ਮੁਝੈ ਬੁਲਾਵੋ।। ਕਾਮ ਤਪਤ ਕਰਿ ਕੇਲ ਮਿਟਾਵੋ।। ੫।।**

ਪਦ ਅਰਥ - ਰੂਪ ਨਿਰਖਿ ਉਰਝਾਨੀ=ਰੂਪ ਵੇਖ ਕੇ ਉਲਝਣ ਵਿਚ ਪੈ ਗਈ। ਮਦਨ ਤਾਪ=ਕਾਮ ਦੇ ਬੁਖਾਰ। ਭਈ ਦਿਵਾਨੀ=ਪਾਗਲ ਹੋ ਗਈ ਹਾਂ।

"ਮੈਂ ਤੁਹਾਡਾ ਰੂਪ ਵੇਖ ਕੇ ਉਲਝਣ ਵਿਚ ਪੈ ਗਈ ਹਾਂ ਅਤੇ ਕਾਮ ਦੇ ਤਾਪ ਨਾਲ ਪਾਗਲ ਹੋ ਗਈ ਹਾਂ। ਕਿਰਪਾ ਕਰ ਕੇ ਇਕ ਵਾਰ ਮੈਨੂੰ ਆਪਣੇ ਪਾਸ ਬੁਲਾਵੋ ਅਤੇ ਮੇਰੇ ਨਾਲ ਕਾਮ ਕ੍ਰੀੜਾ ਕਰਕੇ ਮੇਰੇ ਵਿਚਲੇ ਕਾਮ ਸੰਤਾਪ ਨੂੰ ਸ਼ਾਂਤ ਕਰੋ।। ੫।।

**ਆਪਨ ਗ੍ਰਿਹਿ ਮੁਹਿ ਨ ਬੁਲਾਵਹੁ।। ਏਕ ਬਾਰ ਮੋਰੇ ਗ੍ਰਿਹਿ ਆਵਹੁ।।**
**ਮੋ ਸੰਗ ਕਰਿਯੈ ਮੈਨ ਬਿਲਾਸਾ।। ਹਮ ਕਹ ਤੋਰਿ ਮਿਲਨ ਕੀ ਆਸਾ।। ੬।।**

ਜੇ ਤੁਸੀਂ ਮੈਨੂੰ ਆਪਣੇ ਘਰ ਨਹੀਂ ਬਲਾਉਂਦੇ ਹੋ ਤਾਂ ਘਟੋ ਘਟ ਮੇਰੇ ਘਰ ਹੀ ਆ ਜਾਵੋ। ਮੇਰੇ ਨਾਲ ਆ ਕੇ ਰਮਣ ਕਰੋ, ਮੈਂ ਤੁਹਾਨੂੰ ਮਿਲਣ ਦੀ ਆਸ ਲੈ ਕੇ ਬੈਠੀ ਹੋਈ ਹਾਂ"।।੬।।

**ਭੂਪ ਕੁਅਰਿ ਵਹੁ ਗ੍ਰਿਹਿ ਨ ਬੁਲਾਈ।। ਆਪੁ ਜਾਇ ਤਿਹ ਸੇਜ ਸੁਹਾਈ।।**
**ਦੀਪ ਦਾਨ ਤਰੁਨੀ ਤਿਨ ਕੀਨਾ।। ਅਰਘ ਧੂਪ ਰਾਜਾ ਕਹ ਦੀਨਾ।। ੭।।**

ਪਦ ਅਰਥ - ਦੀਪ=ਦੀਵਾ। ਅਰਘ=ਧੂਪ ਬਤੀ।

ਰਾਜੇ ਨੇ ਕੁਮਾਰੀ ਨੂੰ ਘਰ ਨ ਬੁਲਾਇਆ ਪਰ ਉਹ ਖੁਦ ਉਸ ਦੀ ਸੇਜ ਤੇ ਚਲੇ ਗਿਆ। ਇਸਤਰੀ ਨੇ ਸਵਾਗਤ ਵਜੋਂ ਦੀਵਾ ਬਾਲ ਕੇ, ਧੂਪ ਬਤੀ ਜਗਾ ਕੇ ਰਾਜੇ ਦੀ ਪੂਜਾ ਕੀਤੀ।।੭।।

**ਸੁਭਰ ਸੇਜ ਊਪਰ ਬੈਠਾਯੋ।। ਭਾਂਗ ਅਫੀਮ ਸ਼ਰਾਬ ਮੰਗਾਯੋ।।**
**ਪ੍ਰਥਮ ਕਹਾ ਨ੍ਰਿਪ ਸੌ ਇਨ ਪੀਜੈ।। ਬਹੁਰਿ ਮੁਝੈ ਮਦਨੰਕੁਸ ਦੀਜੈ।। ੮।।**

ਪਦ ਅਰਥ - ਬਹੁਰਿ=ਬਾਅਦ ਵਿਚ। ਮਦਨੰਕੁਸ=ਕਾਮ ਅੰਕੁਸ।

ਉਸ ਨੂੰ ਸੁੰਦਰ ਸੇਜ ਤੇ ਬਿਠਾਇਆ ਅਤੇ ਭੰਗ ਅਫੀਮ ਅਤੇ ਸ਼ਰਾਬ ਮੰਗਵਾਈ। ਰਾਜੇ ਨੂੰ ਕਿਹਾ ਕਿ ਪਹਿਲਾਂ ਤੁਸੀਂ ਪੀਵੋ ਅਤੇ ਬਾਅਦ ਵਿਚ ਮੇਰੇ ਨਾਲ ਕਾਮ ਕ੍ਰੀੜਾ ਕਰੋ।।੮।।

**ਸੁਨਤ ਬਚਨ ਇਹ ਭੂਪ ਨ ਮਾਨਾ।। ਜਮ ਕੇ ਡੰਡ ਤ੍ਰਾਸ ਤਰਸਾਨਾ।।**
**ਕਹਜੋ ਨ ਮੈ ਤੌਸੋਂ ਰਤਿ ਕਰਿਹੋ।। ਘੋਰ ਨਰਕ ਮੋ ਭੂਲਿ ਨ ਪਰਿਹੌਂ।। ੯।।**

ਰਾਜਾ ਇਹ ਸੁਣ ਕੇ ਨਹੀਂ ਮੰਨਿਆ ਅਤੇ ਜਮ ਦੰਡ ਤੋਂ ਡਰ ਗਿਆ। ਉਹ ਕਹਿਣ ਲੱਗਾ

Namdhari Elibrary NamdhariElibrary@gmail.com

************************************************************
ਕਿ ਮੈਂ ਤੇਰੇ ਨਾਲ ਕਾਮ ਕ੍ਰੀੜਾ ਨਹੀਂ ਕਰਾਂਗਾ ਅਤੇ ਭੁਲ ਕੇ ਵੀ ਘੋਰ ਨਰਕ ਵਿਚ ਨਹੀਂ ਜਾਵਾਂਗਾ।।੯।।

**ਤਿਮਿ ਤਿਮਿ ਤ੍ਰਿਯ ਅੰਚਰ ਗਰਿ ਡਾਰੈ।। ਜੋਰਿ ਜੋਰਿ ਦ੍ਰਿਗ ਨ੍ਰਿਪਹਿ ਨਿਹਾਰੈ।।**
**ਹਾਇ ਹਾਇ ਮੁਹਿ ਭੂਪਤਿ ਭਜਿਯੈ।। ਕਾਮ ਕ੍ਰਿਯਾ ਮੋਰੇ ਸੰਗ ਸਜਿਯੈ।।੧੦।।**

ਪਦ ਅਰਥ - ਅੰਚਰ=ਚੁੰਨੀ। ਗਰਿ=ਗਲ। ਡਾਰੈ=ਪਾਉਂਦੀ ਸੀ। ਦ੍ਰਿਗ=ਅੱਖਾਂ।

ਜਿਵੇਂ ਜਿਵੇਂ ਰਾਜਾ 'ਨਾਂਹ ਨਾਂਹ' ਕਹਿੰਦਾ ਸੀ, ਤਿਵੇਂ ਤਿਵੇਂ ਉਹ ਇਸਤਰੀ ਉਸ ਦੇ ਗਲ ਵਿਚ ਚੁੰਨੀ ਪਾਉਂਦੀ ਸੀ ਅਤੇ ਅੱਖਾਂ ਗੱਡ ਕੇ ਰਾਜੇ ਨੂੰ ਵੇਖਦੀ ਸੀ। ਉਹ ਚੀਕਦੀ ਸੀ, "ਹਾਏ ਰਾਜਨ ਮੇਰੇ ਨਾਲ ਰਮਣ ਕਰੋ, ਮੇਰੇ ਨਾਲ ਕ੍ਰੀੜਾ ਕਰੋ"।।੧੦।।

**ਨਹਿ ਨਹਿ ਪੁਨਿ ਜਿਮਿ ਜਿਮਿ ਨ੍ਰਿਪ ਕਰੈ।। ਤਿਮਿ ਤਿਮਿ ਚਰਨ ਚੰਚਲਾ ਪਰੈ।।**
**ਹਹਾ ਨ੍ਰਿਪਤਿ ਮੁਹਿ ਕਰਹੁ ਬਿਲਾਸਾ।। ਕਾਮ ਭੋਗ ਕੀ ਪੁਰਵਹੁ ਆਸਾ।।੧੧।।**

ਪਦ ਅਰਥ - ਬਿਲਾਸਾ=ਆਨੰਦ ਭੋਗ, ਕ੍ਰੀੜਾ, ਖੇਡ। ਪੁਰਵਹੁ=ਪੂਰੀ ਕਰੋ।

ਰਾਜਾ ਜਿਵੇਂ ਜਿਵੇਂ "ਨਹੀਂ ਨਹੀਂ" ਕਰਦਾ ਸੀ ਉਹ ਇਸਤਰੀ ਤਿਵੇਂ ਤਿਵੇਂ ਉਸ ਦੇ ਚਰਨਾਂ ਤੇ ਡਿੱਗਦੀ ਸੀ। ਉਹ ਕਹਿੰਦੀ ਸੀ, "ਹੇ ਰਾਜਨ ਮੇਰੇ ਨਾਲ ਬਿਲਾਸ ਕਰੋ ਅਤੇ ਮੇਰੀ ਕਾਮ ਭੋਗ ਦੀ ਆਸ ਨੂੰ ਪੂਰਾ ਕਰੋ"।।੧੧।।

**ਕਹਾ ਕਰੌ ਕਹੁ ਕਹਾਂ ਪਧਾਰੌ।। ਆਪ ਮਰੈ ਕੈ ਮੁਝੈ ਸੰਘਾਰੌ।।**
**ਹਾਇ ਹਾਇ ਮੁਹਿ ਭੋਗ ਨ ਕਰਈ।। ਤਾਂਤੇ ਜੀਅ ਹਮਾਰਾ ਜਰਈ।।੧੨।।**

ਪਦ ਅਰਥ - ਕਹਾਂ ਪਧਾਰੌ=ਕਿਥੇ ਚਲੀ ਜਾਵਾਂ। ਸੰਘਾਰੌ=ਮਾਰ ਦੇਵੋ। ਜਰਈ=ਸੜਦਾ ਹੈ।

ਕੀ ਕਰਾਂ ਅਤੇ ਕਿਥੇ ਚਲੀ ਜਾਵਾਂ, ਜਾਂ ਮੈਂ ਆਪ ਮਰ ਜਾਵਾਂਗੀ ਜਾਂ ਤੁਸੀਂ ਮੈਨੂੰ ਮਾਰ ਦੇਵੋ। ਹਾਏ ਹਾਏ ਤੁਸੀਂ ਮੇਰੇ ਨਾਲ ਰਮਣ ਨਹੀਂ ਕਰ ਰਹੇ ਇਸ ਕਰਕੇ ਮੇਰਾ ਦਿਲ ਸੜ ਰਿਹਾ ਹੈ।।੧੨।।

**ਸਵੈਯਾ।। ਆਸਨ ਔਰ ਅਲਿੰਗਨ ਚੁੰਬਨ ਆਜੁ ਭਲੇ ਤੁਮਰੇ ਕਸਿ ਲੈਹੌ।।**
**ਰੀਝਿ ਹੈਂ ਜੌਨ ਉਪਾਇ ਗੁਮਾਨੀ ਤੈਂ ਤਾਹਿ ਉਪਾਇ ਸੋ ਤੋਹਿ ਰਿਝੈਹੌ।।**
**ਪੋਸਤ ਭਾਂਗ ਅਫੀਮ ਸ਼ਰਾਬ ਖਵਾਇ ਤੁਮੈ ਤਬ ਆਪੁ ਚੜੈਹੌ।।**
**ਕੋਟ ਉਪਾਵ ਕਰੌ ਕਜੌਂ ਨ ਮੀਤ ਪੈ ਕੇਲ ਕਰੇ ਬਿਨੁ ਜਾਨ ਨ ਦੈਹੌ।।੧੩।।**

ਅਜ ਘੁਟ ਘੁਟ ਕੇ ਮੈਂ ਤੁਹਾਡੇ ਨਾਲ ਜੱਫੀਆਂ ਪਾਵਾਂਗੀ ਅਤੇ ਚੁੰਮਣ ਲਵਾਂਗੀ ਅਤੇ ਤੁਸੀਂ ਜਿਸ ਉਪਾਅ ਨਾਲ ਵੀ ਖੁਸ਼ ਹੋਵੋਗੇ ਮੈਂ ਉਹੀ ਉਪਾਅ ਕਰਾਂਗੀ। ਪੋਸਤ, ਭੰਗ, ਅਫੀਮ ਅਤੇ ਸ਼ਰਾਬ ਆਦਿ ਦਾ ਤੁਹਾਨੂੰ ਸੇਵਨ ਕਰਵਾ ਕੇ ਫਿਰ ਆਪ ਖੁਦ ਪੀਵਾਂਗੀ। ਹੇ ਪਿਆਰੇ ਭਾਵੇਂ ਕਰੋੜਾਂ ਉਪਾਅ

Namdhari Elibrary NamdhariElibrary@gmail.com

ਕਰ ਲਵੋ, ਪਰ ਅਜ ਕਾਮ ਕ੍ਰੀੜਾ ਕੀਤੇ ਬਿਨਾਂ ਮੈਂ ਤੁਹਾਨੂੰ ਨਹੀਂ ਜਾਣ ਦੇਵਾਂਗੀ।।੧੩।।

**ਕੇਤਿਯੈ ਬਾਤ ਬਨਾਇ ਕਹੌ ਕਿਨ ਕੇਲ ਕਰੇ ਬਿਨੁ ਮੈਂ ਨ ਟਰੌਂਗੀ।।**
**ਆਜੁ ਮਿਲੇ ਤੁਮਰੇ ਬਿਨੁ ਮੈਂ ਤਵ ਰੂਪ ਚਿਤਾਰਿ ਚਿਤਾਰਿ ਜਰੌਂਗੀ।।**
**ਹਾਰ ਸ਼ਿੰਗਾਰ ਸਭੈ ਘਰ ਬਾਰ ਸੁ ਏਕਹਿ ਬਾਰ ਬਿਸਾਰਿ ਧਰੌਂਗੀ।।**
**ਕੈ ਕਰਿ ਪਜਾਰ ਮਿਲੋ ਇਕ ਬਾਰ ਕਿ ਯਾਰ ਬਿਨਾ ਉਰ ਫਾਰਿ ਮਰੌਂਗੀ।। ੧੪।।**

ਤੁਸੀਂ ਭਾਵੇਂ ਕਿੰਨੀਆਂ ਹੀ ਗੱਲਾਂ ਬਣਾਵੋ ਪਰ ਕਾਮ ਕ੍ਰੀੜਾ ਬਗੈਰ ਮੈਂ ਨਹੀਂ ਹਟਾਂਗੀ। ਅਜ ਤੁਹਾਨੂੰ ਮਿਲੇ ਬਗੈਰ ਮੈਂ ਤੁਹਾਡੀ ਸੁੰਦਰਤਾ ਨੂੰ ਯਾਦ ਕਰ ਕਰਕੇ ਸੜਦੀ ਰਹਾਂਗੀ। ਸਭ ਹਾਰ ਸ਼ਿੰਗਾਰ ਅਤੇ ਘਰ ਬਾਹਰ ਦੀ ਸੁੱਧ ਭੁਲਾ ਦੇਵਾਂਗੀ। ਜਾਂ ਤਾਂ ਪਿਆਰ ਨਾਲ ਇਕ ਵਾਰ ਮਿਲੋ ਨਹੀਂ ਤਾਂ ਮੈਂ ਛਾਤੀ ਪਾੜਕੇ ਮਰ ਜਾਵਾਂਗੀ।।੧੪।।

**ਸੁੰਦਰ ਕੇਲ ਕਰੋ ਹਮਰੇ ਸੰਗ ਮੈਂ ਤੁਮਰੌ ਲਖਿ ਰੂਪ ਬਿਕਾਨੀ।।**
**ਠਾਂਵ ਨਹੀਂ ਜਹਾਂ ਜਾਉਂ ਕ੍ਰਿਪਾਨਿਧਿ ਆਜੁ ਭਈ ਦੁਤਿ ਦੇਖ ਦਿਵਾਨੀ।।**
**ਹੌ ਅਟਕੀ ਤਵ ਹੇਰਿ ਪ੍ਰਭਾ ਤੁਮ ਬਾਂਧਿ ਰਹੇ ਕਸਿ ਮੌਨ ਗੁਮਾਨੀ।।**
**ਜਾਨਤ ਘਾਤ ਨ ਮਾਨਤ ਬਾਤ ਸੁ ਜਾਤ ਬਿਹਾਤ ਦੁਹੂੰਨ ਕੀ ਜ੍ਵਾਨੀ।। ੧੫।।**

ਤੁਸੀਂ ਮੇਰੇ ਨਾਲ ਕਾਮ ਕ੍ਰੀੜਾ ਕਰੋ, ਮੈਂ ਤਾਂ ਤੁਹਾਡਾ ਰੂਪ ਵੇਖ ਕੇ ਵਿਕ ਚੁਕੀ ਹਾਂ। ਮੇਰੇ ਵਾਸਤੇ ਹੋਰ ਕੋਈ ਥਾਂ ਨਹੀਂ ਹੈ, ਹੇ ਕਿਰਪਾ ਸਾਗਰ ਮੈਂ ਕਿਥੇ ਜਾਵਾਂ ? ਮੈਂ ਤੁਹਾਡੀ ਸੁੰਦਰ ਸ਼ਕਲ ਵੇਖ ਕੇ ਦੀਵਾਨੀ ਹੋ ਗਈ ਹਾਂ, ਮੈਂ ਤਾਂ ਤੁਹਾਡੇ ਰੂਪ ਵਿਚ ਅਟਕੀ ਹੋਈ ਹਾਂ ਅਤੇ ਤੁਸੀਂ ਕਿਉਂ ਚੁਪ ਬੈਠੇ ਹੋ। ਤੁਸੀਂ ਨ ਤਾਂ ਮੌਕੇ ਨੂੰ ਪਹਿਚਾਣ ਰਹੇ ਹੋ ਅਤੇ ਨ ਹੀ ਮੇਰੀ ਗੱਲ ਨੂੰ ਮੰਨ ਰਹੇ ਹੋ; ਹੇ ਪਿਆਰੇ ਦੋਹਾਂ ਦੀ ਜਵਾਨੀ ਫਜ਼ੂਲ ਜਾ ਰਹੀ ਹੈ।।੧੫।।

**ਜੇਤਿਕ ਪ੍ਰੀਤਿ ਕੀ ਰੀਤਿ ਕੀ ਬਾਤ ਸੁ ਸ਼ਾਹ ਸੁਤਾ ਨ੍ਰਿਪ ਤੀਰ ਬਖਾਨੀ।।**
**ਚੌਕ ਰਹਾ ਚਹੂੰ ਓਰ ਚਿਤੈ ਕਰਿ ਬਾਂਧਿ ਰਹਾ ਮੁਖ ਮੌਨ ਗੁਮਾਨੀ।।**
**ਹਾਇ ਰਹੀ ਕਹਿ ਪਾਇ ਰਹੀ ਗਹਿ ਗਾਇ ਥਕੀ ਗੁਨ ਏਕ ਨ ਜਾਨੀ।।**
**ਬਾਂਧਿ ਰਹਾ ਜੜ੍ਹ ਮੋਨਿ ਮਹਾ ਓਹਿ ਕੋਟਿ ਕਹੀ ਇਹ ਏਕ ਨ ਮਾਨੀ।। ੧੬।।**

ਪ੍ਰੀਤ ਦੀ ਰੀਤ ਦੀਆਂ ਜਿੰਨੀਆਂ ਵੀ ਗੱਲਾਂ ਸਨ ਉਸ ਸ਼ਾਹ ਦੀ ਲੜਕੀ ਨੇ ਰਾਜੇ ਨੂੰ ਕਹੀਆਂ। ਉਹ ਹੈਰਾਨ ਪਰੇਸ਼ਾਨ ਸੀ, ਪਰ ਹੰਕਾਰੀ ਮੂੰਹ ਤੋਂ ਕੁਝ ਨਹੀਂ ਬੋਲ ਰਿਹਾ ਸੀ। ਉਹ 'ਹਾਏ ਹਾਏ' ਕਰਦੀ ਰਹੀ, ਉਹਦੇ ਪੈਰੀਂ ਪੈਂਦੀ ਰਹੀ ਅਤੇ ਉਸ ਦੇ ਗੁਣ ਗਾ ਗਾ ਕੇ ਥੱਕ ਗਈ, ਪਰ ਉਸ

Namdhari Elibrary NamdhariElibrary@gmail.com

ਕੋਈ ਗੱਲ ਨ ਸੁਣੀ। ਉਸ ਮੂਰਖ ਨੇ ਚੁਪ ਹੀ ਧਾਰੀ ਰਖੀ, ਉਸ ਅਨੇਕਾਂ ਗੱਲਾਂ ਕਹੀਆਂ ਪਰ ਰਾਜੇ ਨੇ ਇਕ ਵੀ ਨ ਮੰਨੀ॥੧੬॥

**ਚੌਪਈ॥ ਜਬ ਭੂਪਤਿ ਇਕ ਬਾਤ ਨ ਮਾਨੀ॥ ਸ਼ਾਹ ਸੁਤਾ ਤਬ ਅਧਿਕ ਰਿਸਾਨੀ॥**
**ਸਖਿਯਨ ਨੈਨ ਸੈਨ ਕਰਿ ਦਈ॥ ਰਾਜਾ ਕੀ ਬਹੀਯਾ ਗਹਿ ਲਈ॥ ੧੭॥**

ਪਦ ਅਰਥ - ਅਧਿਕ ਰਿਸਾਨੀ=ਬਹੁਤ ਰੋਹ ਵਿਚ ਆ ਗਈ। ਨੈਨ ਸੈਨ ਕਰ ਦਈ=ਅੱਖ ਨਾਲ ਇਸ਼ਾਰਾ ਕਰ ਦਿੱਤਾ। ਬਹੀਯਾ ਗਹਿ ਲਈ=ਬਾਹਾਂ ਤੋਂ ਫੜ ਲਿਆ।

ਰਾਜੇ ਨੇ ਜਦ ਇਕ ਗੱਲ ਵੀ ਨ ਮੰਨੀ ਤਾਂ ਸ਼ਾਹ ਪੁੱਤਰੀ ਬਹੁਤ ਗੁੱਸੇ ਵਿਚ ਆ ਗਈ, ਸਖੀਆਂ ਨੂੰ ਉਸ ਇਸ਼ਾਰਾ ਕਰ ਦਿੱਤਾ ਅਤੇ ਉਨ੍ਹਾਂ ਰਾਜੇ ਨੂੰ ਬਾਹਾਂ ਤੋਂ ਫੜ ਲਿਆ॥੧੭॥

**ਪਕਰਿ ਰਾਵ ਕੀ ਪਾਗ ਉਤਾਰੀ॥ ਪਨਹੀ ਮੂੰਡ ਸਾਤ ਸੈ ਝਾਰੀ॥**
**ਦੁਤਿਯ ਪੁਰਖ ਕੋਈ ਤਿਹ ਨ ਨਿਹਾਰੌ॥ ਆਨਿ ਰਾਵ ਕੌ ਕਰੈ ਸਹਾਰੌ॥ ੧੮॥**

ਪਦ ਅਰਥ - ਪਨਹੀਂ=ਜੁੱਤੀਆਂ। ਮੂੰਡ=ਸਿਰ।

ਰਾਜੇ ਦੀ ਪੱਗ ਲਾਹ ਦਿੱਤੀ ਅਤੇ ਉਸ ਦੇ ਸਿਰ ਵਿਚ ਸੱਤ ਸੌ ਜੁੱਤੀਆਂ ਮਾਰੀਆਂ। ਹੋਰ ਕੋਈ ਵਿਅਕਤੀ ਉਥੇ ਵਿਖਾਈ ਨਹੀਂ ਦੇ ਰਿਹਾ ਸੀ ਜਿਹੜਾ ਕਿ ਆ ਕੇ ਰਾਜੇ ਦੀ ਸਹਾਇਤਾ ਕਰਦਾ॥੧੮॥

**ਭੂਪ ਲਜਤ ਨਹਿ ਹਾਇ ਬਖਾਨੈ॥ ਜਿਨਿ ਕੋਈ ਨਰ ਮੁਝੈ ਪਛਾਨੈ॥**
**ਸ਼ਾਹ ਸੁਤਾ ਇਤ ਨ੍ਰਿਪਹਿ ਨ ਛੋਰੈ॥ ਪਨਹੀ ਵਾਹਿ ਮੂੰਡ ਪਰ ਤੋਰੈ॥ ੧੯॥**

ਰਾਜਾ ਸ਼ਰਮ ਦਾ ਮਾਰਿਆ ਹਾਏ ਵੀ ਨਹੀਂ ਕਰਿ ਰਿਹਾ ਸੀ ਕਿ ਕਿਤੇ ਕੋਈ ਵਿਅਕਤੀ ਮੈਨੂੰ ਪਹਿਚਾਨ ਹੀ ਨ ਲਵੇ। ਸ਼ਾਹ ਪੁੱਤਰੀ ਰਾਜੇ ਨੂੰ ਛੱਡ ਨਹੀਂ ਸੀ ਰਹੀ ਅਤੇ ਉਸ ਦੇ ਸਿਰ ਉਤੇ ਜੁੱਤੀਆਂ ਤੋੜ ਰਹੀ ਸੀ॥੧੯॥

**ਰਾਵ ਲਖਾ ਤ੍ਰਿਯ ਮੁਝੈ ਸੰਘਾਰੋ॥ ਕੋਈ ਨ ਪਹੁਚਾ ਸਿਵਕ ਹਮਾਰੋ॥**
**ਅਬ ਯਹ ਮੁਝੈ ਨ ਜਾਨੈ ਦੈਹੈ॥ ਪਨੀ ਹਨਤ ਮ੍ਰਿਤ ਲੋਕ ਪਠੈਹੈ॥ ੨੦॥**

ਪਦ ਅਰਥ - ਪਨਹੀਂ ਹਨਤ=ਜੁਤੀਆਂ ਮਾਰ ਕੇ। ਮ੍ਰਿਤ ਲੋਕ ਪਠੈਹੈ=ਜਮ ਲੋਕ ਭੇਜ ਦੇਵੇਗੀ।

ਰਾਜੇ ਨੇ ਵੇਖਿਆ ਕਿ ਉਹ ਇਸਤਰੀ ਉਸ ਨੂੰ ਮਾਰ ਦੇਵੇਗੀ, ਉਸ ਦਾ ਸੇਵਕ ਵੀ ਉਥੇ ਕੋਈ ਨਹੀਂ ਪਹੁੰਚਿਆ ਸੀ। ਉਸ ਸੋਚਿਆ ਕਿ ਹੁਣ ਮੈਨੂੰ ਜਾਣ ਨਹੀਂ ਦੇਵੇਗੀ ਅਤੇ ਜੁੱਤੀਆਂ ਮਾਰ ਮਾਰ ਮੈਨੂੰ ਜਮਲੋਕ ਭੇਜ ਦੇਵੇਗੀ॥੨੦॥

ਪਨਹੀਂ ਜਬ ਸੋਰਹ ਸੈ ਪਰੀ।। ਤਬ ਰਾਜਾ ਕੀ ਆਂਖਿ ਉਘਰੀ।।
ਇਹ ਅਬਲਾ ਗਹਿ ਮੋਹਿ ਸੰਘਰਿ ਹੈ।। ਕਵਨ ਆਨਿ ਹਜਾਂ ਮੁਝੈ ਉਬਰਿ ਹੈ।। ੨੧।।

ਪਦ ਅਰਥ - ਸੋਰਹ ਸੈ=ਸੋਲਾਂ ਸੌ। ਪਰੀ=ਪੈ ਗਈ।

ਜਦ ਸੋਲਾਂ ਸੌ ਜੁਤੀਆਂ ਪੈ ਚੁਕੀਆਂ ਤਾਂ ਰਾਜੇ ਦੀ ਅੱਖ ਖੁਲ੍ਹੀ, ਉਹ ਵਿਚਾਰ ਕਰਨ ਲੱਗਾ ਕਿ ਜੇ ਇਹ ਇਸਤਰੀ ਹੁਣ ਮੈਨੂੰ ਮਾਰ ਹੀ ਦੇਵੇਗੀ ਤਾਂ ਏਥੇ ਆ ਕੇ ਮੈਨੂੰ ਕੌਣ ਬਚਾਵੇਗਾ।।੨੧।।

ਪੁਨਿ ਰਾਜਾ ਇਹ ਭਾਂਤਿ ਬਖਾਨੋ।। ਮੈਂ ਤ੍ਰਿਯ ਤੋਰ ਚਰਿੱਤ੍ਰ ਨ ਜਾਨੋ।।
ਅਬ ਜੂਤਿਨ ਸੌਂ ਮੁਝੈ ਨ ਮਾਰੋ।। ਜੌਂ ਚਾਹੌ ਤੌਂ ਆਨਿ ਬਿਹਾਰੋ।।੨੨।।

ਤਦ ਰਾਜੇ ਨੇ ਕਿਹਾ, "ਹੇ ਇਸਤਰੀ ਮੈਂ ਤੇਰੇ ਚਲਿੱਤਰ ਨੂੰ ਸਮਝਿਆ ਨਹੀਂ ਸੀ ਤੂੰ ਹੁਣ ਜੁੱਤੀਆਂ ਨਾਲ ਮੈਨੂੰ ਨ ਮਾਰ ਅਤੇ ਜਿਸ ਤਰ੍ਹਾਂ ਚਾਹੇਂ ਮੇਰੇ ਨਾਲ ਆ ਕੇ ਰਮਣ ਕਰ"।।੨੨।।

ਸ਼ਾਹ ਸੁਤਾ ਜਬ ਯੌ ਸੁਨਿ ਪਾਈ।। ਨੈਨ ਸੈਨ ਦੈ ਸਖੀ ਹਟਾਈ।।
ਆਪੁ ਗਈ ਰਾਜਾ ਪਹਿ ਧਾਇ।। ਕਾਮ ਭੋਗ ਕੀਨਾ ਲਪਟਾਇ।। ੨੩।।

ਸ਼ਾਹ ਪੁੱਤਰੀ ਨੇ ਜਦ ਇਹ ਸੁਣਿਆ ਤਾਂ ਅੱਖ ਦੇ ਇਸ਼ਾਰੇ ਨਾਲ ਆਪਣੀਆਂ ਸਖੀਆਂ ਨੂੰ ਭੇਜ ਦਿੱਤਾ। ਆਪ ਭੱਜ ਕੇ ਰਾਜੇ ਦੇ ਕੋਲ ਚਲੀ ਗਈ ਅਤੇ ਕਾਮ ਭੋਗ ਕਰਨ ਲੱਗੀ।।੨੩।।

ਪੋਸਤ ਭਾਂਗ ਅਫੀਮ ਮਿਲਾਇ।। ਆਸਨ ਤਾ ਤਰ ਦਿਯੋ ਬਨਾਇ।।
ਚੁੰਬਨ ਰਾਇ ਅਲਿੰਗਨ ਲਏ।। ਲਿੰਗ ਦੇਤ ਤਿਹ ਭਗ ਮੋ ਭਏ।। ੨੪।।

ਪੋਸਤ, ਭੰਗ ਅਤੇ ਅਫੀਮ ਦਾ ਸੇਵਨ ਕਰਕੇ ਉਸ ਕਈ ਪ੍ਰਕਾਰ ਦੇ ਆਸਣ ਬਣਾਏ, ਚੁੰਮਣਾਂ ਆਲਿੰਗਣਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਕਾਮ ਕ੍ਰੀੜਾ ਕਰਨ ਲੱਗੇ।।੨੪।।

ਭਗ ਮੋ ਲਿੰਗ ਦਿਯੋ ਰਾਜਾ ਜਬ।। ਰੁਚਿ ਉਪਜੀ ਤਰਨੀ ਕੇ ਜਿਯ ਤਬ।।
ਲਪਟਿ ਲਪਟਿ ਆਸਨ ਤਰ ਗਈ।। ਚੁੰਬਨ ਕਰਤ ਭੂਪਨ ਕੇ ਭਈ।। ੨੫।।

ਜਦ ਰਾਜੇ ਨੇ ਕਾਮ ਕਾਰਜ ਅਰੰਭ ਕੀਤਾ ਤਾਂ ਉਹ ਇਸਤਰੀ ਬਹੁਤ ਪ੍ਰਸੰਨ ਹੋਈ। ਹੇਠਾਂ ਪਈ ਉਹ ਘੁਟ ਘੁਟ ਜੱਫੀਆਂ ਪਾਉਣ ਲੱਗੀ ਅਤੇ ਰਾਜੇ ਦੀਆਂ ਚੁੰਮੀਆਂ ਲੈਣ ਲੱਗੀ।।੨੫।।

ਗਹਿ ਗਹਿ ਤਿਹ ਕੋ ਗਰੇ ਲਗਾਵਾ।।ਆਸਨ ਸੌ ਆਸਨਹਿ ਛੁਹਾਵਾ।।
ਅਧਰਨ ਸੌ ਦੋਊ ਅਧਰ ਲਗਾਈ।।ਦੁਹੂੰ ਕੁਚਨ ਸੌ ਕੁਚਨ ਮਿਲਾਈ।।੨੬।।

ਪਦ ਅਰਥ - ਅਧਰਨ=ਬੁਲ੍ਹਾਂ। ਕੁਚਨ=ਮੰਮੇ।

ਫੜ ਫੜ ਕੇ ਉਸ ਨੂੰ ਗਲ ਨਾਲ ਲਾਇਆ ਅਤੇ ਅੰਗ ਨਾਲ ਅੰਗ ਜੋੜ ਦਿੱਤੇ। ਹੋਠਾਂ ਨਾਲ ਹੋਠ ਜੋੜ ਦਿਤੇ ਅਤੇ ਦੋਹਾਂ ਕੁਚਾਂ ਨੂੰ ਕੁਚਾਂ ਨਾਲ ਮਿਲਾ ਦਿੱਤਾ॥੨੬॥

**ਇਹ ਬਿਧਿ ਭੋਗ ਕਿਯਾ ਰਾਜਾ ਤਨ॥ ਜਿਹ ਬਿਧਿ ਰੁਚਾ ਚੰਚਲਾ ਕੇ ਮਨ॥**
**ਬਹੁਰੌ ਰਾਵ ਬਿਦਾ ਕਰਿ ਦਿਯੋ॥ ਅਨਤ ਦੇਸ ਕੋ ਮਾਰਗ ਲਿਯੋ॥ ੨੭॥**

ਉਸ ਵਿਧੀ ਅਨੁਸਾਰ ਹੀ ਜਿਵੇਂ ਕਿ ਉਸ ਇਸਤਰੀ ਨੂੰ ਚੰਗਾ ਲਗਿਆ, ਰਾਜੇ ਨੇ ਕਾਮ ਕ੍ਰੀੜਾ ਕੀਤੀ। ਫਿਰ ਉਸ ਰਾਜੇ ਨੂੰ ਭੇਜ ਦਿੱਤਾ ਅਤੇ ਆਪ ਕਿਸੇ ਦੂਸਰੇ ਦੇਸ਼ ਨੂੰ ਚਲੇ ਗਈ॥੨੭॥

**ਰਤਿ ਕਰਿ ਰਾਵ ਬਿਦਾ ਕਰਿ ਦਿਯਾ॥ ਐਸਾ ਚਰਿਤ ਚੰਚਲਾ ਕਿਯਾ॥**
**ਅਵਰ ਪੁਰਖ ਸੌ ਰਾਵ ਨ ਭਾਖਾ॥ ਜੋ ਤ੍ਰਿਯ ਕਿਯ ਸੋ ਜਿਯ ਮੋ ਰਾਖਾ॥ ੨੮॥**

ਰਾਜੇ ਨਾਲ ਕਾਮ ਕ੍ਰੀੜਾ ਕੀਤੀ ਅਤੇ ਫਿਰ ਉਸ ਨੂੰ ਭੇਜ ਦਿੱਤਾ, ਇਸ ਪ੍ਰਕਾਰ ਉਸ ਚੰਚਲ ਇਸਤਰੀ ਨੇ ਚਲਿੱਤਰ ਕੀਤਾ। ਰਾਜੇ ਨੇ ਵੀ ਕਿਸੇ ਦੂਸਰੇ ਆਦਮੀ ਨੂੰ ਕੁਝ ਨਹੀਂ ਦਸਿਆ ਅਤੇ ਇਸਤਰੀ ਨੇ ਜੋ ਕੁਝ ਕੀਤਾ ਸੀ ਉਸ ਨੂੰ ਮਨ ਵਿਚ ਹੀ ਰਖਿਆ॥੨੮॥

**ਦੋਹਰਾ॥ ਕਿਤਕ ਦਿਨਨ ਨ੍ਰਿਪ ਚੰਚਲਾ ਪੁਨਿ ਵਹੁ ਲਈ ਬੁਲਾਇ॥**
**ਰਾਨੀ ਕਰਿ ਰਾਖੀ ਸਦਨ ਸਕਾ ਨ ਕੋ ਛਲ ਪਾਇ॥ ੨੯॥ ੧॥**

ਕਾਫੀ ਸਮੇਂ ਬਾਅਦ ਰਾਜੇ ਨੇ ਉਸ ਇਸਤਰੀ ਨੂੰ ਦੁਬਾਰਾ ਬੁਲਾ ਲਿਆ, ਉਸ ਨੂੰ ਰਾਣੀ ਬਣਾ ਕੇ ਰਖਿਆ ਅਤੇ ਇਸ ਛੱਲ ਨੂੰ ਕੋਈ ਵੀ ਨ ਜਾਣ ਸਕਿਆ॥੨੯॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਦੋਇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੪੦੨॥੭੧੪੦॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਚਾਰ ਸੌ ਦੂਸਰੀ ਕਥਾ ਸਮਾਪਤ॥੪੦੨॥੭੧੪੦॥ਚਲਦਾ॥

## ਚਲਿੱਤਰ ਚਾਰ ਸੌ ਤੀਸਰਾ

## ਕਥਾ ਸ਼ਿਵ ਦੇਵੀ

**ਚੌਪਈ॥ ਸੁਨ ਨ੍ਰਿਪ ਔਰ ਚਰਿੱਤ੍ਰ ਬਖਾਨੋ॥ ਜਿਹ ਬਿਧਿ ਕਿਯਾ ਚੰਚਲਾ ਜਾਨੋ॥**
**ਅਨਦਾਵਤੀ ਨਗਰ ਇਕ ਸੋਹੈ॥ ਰਾਇ ਸਿੰਘ ਰਾਜਾ ਤਹ ਕੋ ਹੈ॥ ੧॥**

ਹੇ ਰਾਜਨ ! ਇਕ ਹੋਰ ਚਲਿੱਤਰ ਸੁਣੋ ਜਿਹੜਾ ਇਕ ਇਸਤਰੀ ਨੇ ਕਿਸ ਤਰ੍ਹਾਂ ਖੇਡਿਆ। ਅਨਦਾਵਤੀ ਨਾਮੀਂ ਇਕ ਨਗਰੀ ਹੈ ਜਿਥੋਂ ਦਾ ਰਾਜਾ ਰਾਏ ਸਿੰਘ ਹੈ॥੧॥

Namdhari Elibrary NamdhariElibrary@gmail.com

**ਸ਼ਿਵਦੇਈ ਤਿਹ ਨਾਰਿ ਬਿਚੱਛਨ।। ਰੂਪਵਾਨ ਗੁਨਵਾਨ ਸੁਲੱਛਨ।।**
**ਰਾਜਾ ਆਪੁ ਚਰਿੱਤ੍ਰ ਬਨਾਵਤ।। ਲਿਖਿ ਲਿਖਿ ਪੜ੍ਹਿ ਇਸਤ੍ਰਿਯਨ ਸੁਨਾਵਤ।। ੨।।**

ਪਦ ਅਰਥ - ਬਿਚੱਛਨ=ਸਿਆਣੀ, ਅਕਲਮੰਦ। ਸੁਲੱਛਨ=ਚੰਗੇ ਲੱਛਣਾਂ ਵਾਲੀ।

ਸ਼ਿਵ ਦੇਵੀ ਇਕ ਸਿਆਣੀ ਇਸਤਰੀ ਸੀ ਜਿਹੜੀ ਰੂਪਵਾਨ, ਗੁਣਵਾਨ ਅਤੇ ਸੁਲੱਖਣੀ ਸੀ। ਰਾਜਾ ਖੁਦ ਚਲਿੱਤਰ ਲਿਖਿਆ ਕਰਦਾ ਸੀ ਅਤੇ ਪੜ੍ਹ ਪੜ੍ਹ ਕੇ ਇਸਤਰੀਆਂ ਨੂੰ ਸੁਣਾਇਆ ਕਰਦਾ ਸੀ।।੨।।

**ਸ਼ਿਵਾ ਮਤੀ ਇਹ ਬਿਧਿ ਜਬ ਸੁਨੀ।। ਅਧਿਕ ਬਿਹਸਿ ਕਰਿ ਮੂੰਡੀ ਧੁਨੀ।।**
**ਅਸ ਕਰਿ ਇਸੈ ਚਰਿੱਤ੍ਰ ਦਿਖਾਊਂ।। ਯਾਹ ਭਜੋ ਯਾਹੀ ਤੇ ਲਿਖਾਊਂ।। ੩।।**

ਪਦ ਅਰਥ - ਬਿਹਸਿ=ਹੱਸ ਕੇ। ਮੂੰਡੀ ਧੁਨੀ=ਸਿਰ ਹਿਲਾਇਆ।

ਸ਼ਿਵਾ ਮਤੀ ਨੇ ਜਦ ਇਹ ਸੁਣਿਆ ਤਾਂ ਉਸ ਹੱਸ ਕੇ ਸਿਰ ਹਿਲਾਇਆ ਅਤੇ ਕਹਿਣ ਲੱਗੀ ਕਿ ਮੈਂ ਵੀ ਇਕ ਐਸਾ ਚਲਿੱਤਰ ਕਰਾਂਗੀ ਕਿ ਇਸ ਰਾਜੇ ਨਾਲ ਹੀ ਰਮਣ ਕਰਾਂਗੀ ਅਤੇ ਇਸ ਪਾਸੋਂ ਹੀ ਚਲਿੱਤਰ ਲਿਖਵਾਵਾਂਗੀ।।੩।।

**ਜਿਹ ਤਿਹ ਬਿਧਿ ਭੂਪਹਿ ਫੁਸਲਾਇ।। ਮਿਲਤ ਭਈ ਦਿਨ ਹੀਂ ਕਹ ਆਇ।।**
**ਆਨਿ ਗਰੇ ਤਾਕੇ ਲਪਟਾਈ।। ਭਾਂਤਿ ਭਾਂਤਿ ਤਨ ਕੇਲ ਰਚਾਈ।। ੪।।**

ਉਹ ਜਿਵੇਂ ਕਿਵੇਂ ਰਾਜੇ ਨੂੰ ਭਰਮਾ ਕੇ ਦਿਨ ਵੇਲੇ ਹੀ ਆ ਮਿਲੀ, ਆ ਕੇ ਉਹਦੇ ਗਲ ਨਾਲ ਚੰਬੜ ਗਈ ਅਤੇ ਕਈ ਪ੍ਰਕਾਰ ਨਾਲ ਉਸ ਨਾਲ ਪ੍ਰੇਮ ਕ੍ਰੀੜਾ ਕਰਨ ਲੱਗੀ।।੪।।

**ਭਾਂਤ ਭਾਂਤ ਜੱਦਪ ਤਿਹ ਭਜਾ।। ਤਊ ਨ ਤ੍ਰਿਯ ਆਸਨ ਤਿਹ ਤਜਾ।।**
**ਭਾਂਤਿ ਭਾਂਤਿ ਉਰ ਸੋ ਉਰਝਾਨੀ।। ਨਿਰਖਿ ਭੂਪ ਕਾ ਰੂਪ ਬਿਕਾਨੀ।। ੫।।**

ਪਦ ਅਰਥ - ਉਰ=ਛਾਤੀ। ਉਰਝਾਨੀ=ਲੱਗੀ ਰਹੀ। ਨਿਰਖਿ=ਵੇਖ ਕੇ। ਬਿਕਾਨੀ=ਵਿੱਕ ਗਈ।

ਕਈ ਪ੍ਰਕਾਰ ਨਾਲ ਉਸ ਉਹਦੇ ਨਾਲ ਰਮਣ ਕੀਤਾ ਫਿਰ ਵੀ ਉਸ ਇਸਤਰੀ ਨੇ ਸੇਜ ਨੂੰ ਨਹੀਂ ਛਡਿਆ। ਉਹ ਕਈ ਢੰਗਾਂ ਨਾਲ ਰਾਜੇ ਦੀ ਛਾਤੀ ਨਾਲ ਲੱਗੀ ਰਹੀ ਅਤੇ ਰਾਜੇ ਦਾ ਰੂਪ ਵੇਖ ਕੇ ਉਸਦੀ ਹੀ ਹੋ ਗਈ।।੫।।

**ਭੋਗ ਕਮਾਇ ਗਈ ਡੇਰੈ ਜਬ।। ਸਖਿਯਨ ਸਾਥ ਬਖਾਨੋ ਇਮ ਤਬ।।**
**ਇਹ ਰਾਜੈ ਮੁਹਿ ਆਜੁ ਬੁਲਾਯੋ।। ਦਿਨ ਹੀ ਮੋ ਸੰਗ ਭੋਗ ਕਮਾਯੋ।। ੬।।**

*************************************************************
ਪਦ ਅਰਥ - ਬਖਾਨੋ=ਦੱਸਿਆ।

ਜਦ ਉਹ ਕੇਲ ਕ੍ਰੀੜਾ ਕਰਕੇ ਘਰ ਗਈ ਤਾਂ ਉਸ ਸਖੀਆਂ ਨੂੰ ਦੱਸਿਆ ਕਿ ਇਸ ਰਾਜੇ ਨੇ ਅਜ ਮੈਨੂੰ ਬੁਲਾਇਆ ਅਤੇ ਦਿਨ ਦੇ ਸਮੇਂ ਹੀ ਮੇਰੇ ਨਾਲ ਕਾਮ ਕ੍ਰੀੜਾ ਕੀਤੀ।।੬।।

**ਸਾਸੁ ਸਸੁਰ ਜਬ ਹੀ ਸੁਨ ਪਾਈ।। ਔਰ ਸੁਨਤ ਭੀ ਸਗਲ ਲੁਗਾਈ।।**
**ਆਜੁ ਰਾਜ ਯਾਸੋਂ ਰਤਿ ਮਾਨੀ।। ਬੂਝਿ ਗਏ ਸਭ ਲੋਗ ਕਹਾਨੀ।। ੭।।**

ਪਦ ਅਰਥ - ਸਾਸੁ ਸਸੁਰ=ਸਸ ਸੌਹਰੇ। ਸਗਲ ਲੁਗਾਈ=ਸਾਰੀਆਂ ਇਸਤਰੀਆਂ।

ਸੱਸ ਸੌਹਰੇ ਅਤੇ ਹੋਰ ਇਸਤਰੀਆਂ ਵੀ ਸੁਣ ਲਿਆ ਕਿ ਰਾਜੇ ਨੇ ਇਹਦੇ ਨਾਲ ਕਾਮ ਕ੍ਰੀੜਾ ਕੀਤੀ ਹੈ, ਇਸ ਕਹਾਣੀ ਨੂੰ ਸਾਰੇ ਲੋਕ ਜਾਣ ਗਏ।।੭।।

**ਪੁਨਿ ਸ਼ਿਵ ਦੇ ਇਹ ਭਾਂਤਿ ਉਚਾਰੋ।। ਮੈਂ ਦੇਖਤ ਥੀ ਹਿਯਾ ਤਿਹਾਰੋ।।**
**ਬਾਤ ਕਹੇ ਮੁਹਿ ਏ ਕਤਾ ਕਰਿਹੈਂ।। ਚੁਪ ਕਰਿ ਹੈ ਕਿ ਕੋਪ ਕਰਿ ਲਰਿਹੈਂ।। ੮।।**

ਫਿਰ ਸ਼ਿਵ ਦੇਵੀ ਨੇ ਕਿਹਾ ਮੈਂ ਤੁਹਾਡੇ ਲੋਕਾਂ ਦਾ ਦਿਲ ਵੇਖ ਰਹੀ ਸੀ ਕਿ ਗੱਲ ਕਰਨ ਤੇ ਇਹ ਲੋਕ ਮੈਨੂੰ ਕੀ ਕਹਿੰਦੇ ਹਨ। ਕੀ ਇਹ ਚੁਪ ਰਹਿੰਦੇ ਹਨ, ਗੁਸੇ ਵਿਚ ਆਉਂਦੇ ਹਨ ਜਾਂ ਮੇਰੇ ਨਾਲ ਲੜਦੇ ਹਨ।।੮।।

**ਅੜਿੱਲ।। ਦਿਨ ਕੋ ਐਸੋ ਕੋ ਤ੍ਰਿਯ ਕਰਮ ਕਮਾਵਈ।।**
**ਦਿਖਤ ਜਾਰ ਕੋ ਧਾਮ ਨਾਰਿ ਕਿਮਿ ਜਾਵਈ।।**
**ਐਸ ਕਾਜ ਕਰਿ ਕਵਨ ਕਹੋ ਕਿਮਿ ਭਾਖਿ ਹੈਂ।।**
**ਹੋ ਅਪਨੇ ਚਿਤ ਕੀ ਬਾਤ ਚਿਤ ਮੋ ਰਾਖਿ ਹੈਂ।। ੯।।**

ਦਿਨ ਸਮੇਂ ਭਲਾ ਕਿਹੜੀ ਇਸਤਰੀ ਇਹੋ ਜਿਹਾ ਕੰਮ ਕਰੇਗੀ, ਦਿਨ ਦਿਹਾੜੇ ਭਲਾ ਯਾਰ ਦੇ ਘਰ ਕਿਸ ਤਰ੍ਹਾਂ ਜਾਵੇਗੀ। ਫਿਰ ਇਹੋ ਜਿਹਾ ਕੰਮ ਕਰਕੇ ਭਲਾ ਕੋਈ ਕਿਉਂ ਕਿਸੇ ਨੂੰ ਦੱਸੇਗਾ, ਕੀ ਉਹ ਆਪਣੇ ਦਿਲ ਦੀ ਗੱਲ ਦਿਲ ਵਿਚ ਹੀ ਨਹੀਂ ਰੱਖੇਗਾ?।।੯।।

**ਚੌਪਈ।। ਬੈਨ ਸੁਨਤ ਸਭਹਿਨ ਸਚੁ ਆਯੋ।। ਕਿਨੂੰ ਨ ਇਹ ਕਥਹਿ ਚਲਾਯੋ।।**
**ਜੋ ਕੋਈ ਐਸ ਕਰਮ ਕੌ ਕਰਿ ਹੈਂ।। ਭੂਲਿ ਨ ਕਾਹੂ ਪਾਸ ਉਚਰਿ ਹੈਂ।। ੧੦।।**

ਉਸਦੀਆਂ ਗੱਲਾਂ ਸੁਣ ਕੇ ਸਭ ਨੇ ਸੱਚ ਮੰਨ ਲਿਆ, ਫਿਰ ਕਿਸੇ ਨੇ ਗੱਲ ਅੱਗੇ ਨ ਕੀਤੀ। ਸਾਰਿਆਂ ਇਹ ਸੋਚਿਆ ਕਿ ਜਿਹੜਾ ਵੀ ਕੋਈ ਇਹੋ ਜਿਹਾ ਕੰਮ ਕਰਦਾ ਹੈ ਉਹ ਭੁਲ ਕੇ ਵੀ ਹੋਰ ਕਿਸੇ ਨੂੰ ਨਹੀਂ ਦੱਸਦਾ।।੧੦।।

**ਲੋਗਨ ਕਹ ਇਹ ਬਿਧਿ ਡਹਕਾਇ॥ ਪਿਯ ਤਨ ਪੱਤ੍ਰੀ ਲਿਖੀ ਬਨਾਇ॥**
**ਮੋ ਪਰ ਯਾਰ ਅਨੁਗ੍ਰਹ ਕੀਜੇ॥ ਇਹ ਭੀ ਚਰਿਤ ਗ੍ਰੰਥ ਲਿਖਿ ਲੀਜੇ॥ ੧੧॥ ੧॥**

ਪਦ ਅਰਥ - ਡਹਕਾਇ=ਭਰਮ ਵਿਚ ਪਾ ਕੇ। ਪਿਯ=ਪਿਆਰੇ। ਪੱਤ੍ਰੀ= ਚਿੱਠੀ। ਅਨੁਗ੍ਰਹਿ=ਕਿਰਪਾ ਕਰੋ। ਚਰਿਤ=ਚਲਿੱਤਰ।

ਲੋਕਾਂ ਨੂੰ ਇਸ ਤਰ੍ਹਾਂ ਭਰਮ ਵਿਚ ਪਾਕੇ ਉਸ ਇਸਤਰੀ ਨੇ ਆਪਣੇ ਪ੍ਰੀਤਮ ਨੂੰ ਇਹ ਚਿੱਠੀ ਲਿਖੀ ਕਿ ਹੇ ਪਿਆਰੇ ਮੇਰੇ ਤੇ ਕਿਰਪਾ ਕਰੋ ਅਤੇ ਮੇਰਾ ਚਲਿੱਤਰ ਵੀ ਆਪਣੇ ਗ੍ਰੰਥ ਵਿਚ ਦਰਜ ਕਰ ਲਵੋ॥੧੧॥੧॥

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਤੀਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥੪੦੩। ੭੧੫੧॥ਅਫਜੂੰ॥

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਚਾਰ ਸੌ ਤੀਸਰੀ ਕਥਾ ਸਮਾਪਤ॥੪੦੩॥੭੧੫੧॥ਚਲਦਾ॥

## ਚਲਿੱਤਰ ਚਾਰ ਸੌ ਚੌਥਾ

## ਕਥਾ ਸ੍ਰੀ ਅਸਿਧੁਜ

## ਸਬੁਧਿ ਬਾਚ॥

**ਚੌਪਈ॥ ਸੱਤਿ ਸੰਧਿ ਇਕ ਭੂਪ ਭਨਿੱਜੈ॥ ਪ੍ਰਥਮੇ ਸਤਿਜੁਗ ਬੀਚ ਕਹਿੱਜੈ॥**
**ਜਿਹ ਜਸ ਪੁਰੀ ਚੌਦਹੂੰ ਛਾਯੋ॥ ਨਾਰਦ ਰਿਖਿ ਤਬ ਰਾਇ ਮੰਗਾਯੋ॥ ੧॥**

ਪਦ ਅਰਥ - ਭੂਪ=ਰਾਜਾ। ਪੁਰੀ ਚੌਦਹੂੰ=ਚੌਦਾਂ ਭਵਨਾਂ।

ਸੱਤਸੰਧ ਨਾਮੀਂ ਇਕ ਰਾਜਾ ਸੱਤਜੁਗ ਵਿਚ ਹੋਇਆ ਮੰਨਿਆ ਜਾਂਦਾ ਹੈ। ਉਸ ਦਾ ਜੱਸ ਚੌਦਾਂ ਲੋਕਾਂ ਵਿਚ ਛਾਇਆ ਹੋਇਆ ਸੀ, ਉਸ ਰਾਜੇ ਨੇ ਨਾਰਦ ਰਿਸ਼ੀ ਨੂੰ ਵੀ ਆਪਣੇ ਕੋਲ ਬੁਲਾਇਆ ਸੀ॥ ੧॥

**ਸਭ ਦੇਵਨ ਕੋ ਰਾਜਾ ਭਯੋ॥ ਬ੍ਰਹਮਾ ਤਿਲਕ ਆਪੁ ਤਿਹ ਦਯੋ॥**
**ਨਿਹਕੰਟਕ ਸੁਰ ਕਟਕ ਕਿਯਾ ਸਬ॥ ਦਾਨਵ ਮਾਰ ਨਿਕਾਰ ਦਏ ਜਬ॥੨॥**

ਪਦ ਅਰਥ - ਦੇਵਨ=ਦੇਵਤਿਆਂ। ਨਿਹਕੰਟਕ=ਵੈਰੀ ਰਹਿਤ, ਨਿਰਭੈ।

ਉਹ ਸਾਰੇ ਦੇਵਤਿਆਂ ਦਾ ਰਾਜਾ ਬਣ ਗਿਆ ਸੀ ਅਤੇ ਬ੍ਰਹਮਾ ਨੇ ਖੁਦ ਉਸ ਨੂੰ ਤਿਲਕ ਲਾਇਆ ਸੀ। ਉਸ ਆਪਣੀ ਸ਼ਕਤੀ ਨਾਲ ਦੇਵਤਿਆਂ ਨੂੰ ਨਿਰਭੈ ਬਣਾ ਦਿੱਤਾ ਅਤੇ ਸਾਰੇ ਦੈਂਤਾਂ

ਨੂੰ ਮਾਰ ਦਿੱਤਾ।। ੨।।

**ਇਹ ਬਿਧਿ ਰਾਜ ਬਰਖ ਬਹੁ ਕਿਯਾ।। ਦੀਰਘ ਦਾੜ੍ਹ ਦੈਂਤ ਭਵ ਲਿਯਾ।।**
**ਦਸ ਸਹਸ ਛੂਹਨਿ ਦਲ ਲੈਕੇ।। ਚੜ੍ਹਿ ਆਯੋ ਤਿਹ ਊਪਰ ਤੈਕੈ।। ੩।।**

ਪਦ ਅਰਥ - ਬਰਖ=ਬਰਸ। ਭਵ ਲਿਆ=ਜਨਮ ਲਿਆ। ਦਸ ਸਹਸ ਛੂਹਨਿ=ਦਸ ਹਜ਼ਾਰ ਖੂਹਣੀ।

ਇਸ ਤਰ੍ਹਾਂ ਉਸ ਬਹੁਤ ਸਾਲਾਂ ਤਕ ਰਾਜ ਕੀਤਾ, ਕਾਫੀ ਸਮੇਂ ਬਾਅਦ ਦੀਰਘ ਦਾੜ੍ਹ ਨਾਮੀਂ ਇਕ ਦੈਂਤ ਪੈਦਾ ਹੋਇਆ ਜਿਹੜਾ ਦਸ ਹਜ਼ਾਰ ਖੂਹਣੀ (ਸੈਨਾ ਦੀ ਖਾਸ ਗਿਣਤੀ, ਇਕ ਖੂਹਣੀ ਵਿਚ ੨੧੮੭੦ ਹਾਥੀ, ੨੧੮੭੦ ਰੱਥ ੬੫੬੧੦ ਘੋੜੇ ਅਤੇ ੧੦੯੩੫੦ ਪਿਆਦੇ ਹੁੰਦੇ ਹਨ। ਇਨ੍ਹਾਂ ਸਾਰਿਆਂ ਦਾ ਜੋੜ ੨੧੮੭੦੦ ਹੁੰਦਾ ਹੈ) ਸੈਨਾ ਲੈ ਕੇ ਉਸ ਰਾਜੇ ਉਤੇ ਚੜ੍ਹ ਕੇ ਆ ਗਿਆ।। ੩।।

**ਸਭ ਦੇਵਨ ਐਸੇ ਸੁਨਿ ਪਾਯੋ।। ਦੀਰਘ ਦਾੜ੍ਹ ਦੈਂਤ ਚੜ੍ਹਿ ਆਯੋ।।**
**ਬੀਸ ਸਹਸ ਛੋਹਨਿ ਦਲ ਲਿਯੋ।। ਵਾ ਸੌ ਜਾਇ ਸਮਾਗਮ ਕਿਯੋ।। ੪।।**

ਪਦ ਅਰਥ - ਦੇਵਨ=ਦੇਵਤੇ। ਸਮਾਗਮ=ਮੁਕਾਬਲਾ, ਟਾਕਰਾ।

ਜਦ ਸਾਰੇ ਦੇਵਤਿਆਂ ਸੁਣਿਆ ਕਿ ਦੀਰਘ ਦਾੜ ਦੈਂਤ ਫੌਜ ਲੈ ਕੇ ਚੜ੍ਹ ਕੇ ਆ ਗਿਆ ਹੈ ਤਾਂ ਉਹ ਵੀ ਵੀਹ ਹਜ਼ਾਰ ਖੂਹਣੀ ਸੈਨਾਂ ਲੈ ਕੇ ਉਸ ਦਾ ਮੁਕਾਬਲਾ ਕਰਨ ਲਈ ਚੱਲ ਪਏ।।੪।।

**ਸੂਰਜ ਕਹ ਸੈਨਾਪਤਿ ਕੀਨਾ।। ਦਹਿਨੇ ਓਰ ਚੰਦ੍ਰ ਕਹ ਦੀਨਾ।।**
**ਬਾਈ ਓਰ ਕਾਰਤਿਕੇ ਧਰਾ।। ਜਿਹ ਪੌਰਖ ਕਿਨਹੂੰ ਨਹਿ ਹਰਾ।।੫।।**

ਪਦ ਅਰਥ - ਦਹਿਨੇ ਓਰ=ਸੱਜੇ ਪਾਸੇ। ਪੌਰਖ=ਮਰਦਾਨਗੀ, ਬਹਾਦਰੀ।

ਸੂਰਜ ਨੂੰ ਸੈਨਾਪਤੀ ਬਣਾਇਆ ਗਿਆ, ਸੱਜੇ ਪਾਸੇ ਚੰਦ ਨੂੰ ਰਖਿਆ ਗਿਆ, ਖੱਬੇ ਪਾਸੇ ਕਾਰਤਕ ਨੂੰ ਰਖਿਆ ਜਿਸ ਦੀ ਮਰਦਾਨਗੀ ਨੂੰ ਕੋਈ ਵੀ ਵੰਗਾਰ ਨਹੀਂ ਸੀ ਸੱਕਿਆ।।੫।।

**ਇਹ ਦਿਸ ਸਕਲ ਦੇਵ ਚੜ੍ਹਿ ਧਾਏ।।ਉਹਿ ਦਿਸਿ ਤੇਂ ਦਾਨਵ ਮਿਲਿ ਆਏ।।**
**ਬਾਜਨ ਭਾਂਤਿ ਭਾਂਤਿ ਤਨ ਬਾਜੇ।।ਦੋਊ ਦਿਸਿਨ ਸੂਰਮਾ ਗਾਜੇ।।੬।।**

ਇਕ ਪਾਸੇ ਤੋਂ ਸਾਰੇ ਦੇਵਤੇ ਚਲ ਪਏ ਅਤੇ ਦੂਸਰੇ ਪਾਸੇ ਤੋਂ ਸਾਰੇ ਦੈਂਤ ਆ ਪਹੁੰਚੇ। ਭਿੰਨ ਭਿੰਨ ਪ੍ਰਕਾਰ ਦੇ ਵਾਜੇ ਵੱਜਣ ਲੱਗੇ ਅਤੇ ਦੋਹਾਂ ਪਾਸਿਆਂ ਤੋਂ ਸੂਰਮੇਂ ਗੱਜਣ ਲੱਗੇ।।੬।।

**ਦੈ ਦੈ ਢੋਲ ਬਜਾਇਨਗਾਰੇ।।ਪੀ ਪੀ ਭਏ ਕੈਫ ਮਤਵਾਰੇ।।**

**ਤੀਸ ਸਹਸ ਛੋਹਨਿ ਦਲ ਹਾਥਾ।।ਰਨ ਦਾਰੁਨੁ ਰਾਚਾ ਜਗਨਾਥਾ।।੭।।**

ਪਦ ਅਰਥ - ਕੈਫ਼=ਸ਼ਰਾਬ। ਮਤਵਾਰੇ=ਮਤਵਾਲੇ। ਦਾਰੁਨੁ=ਖੌਫਨਾਕ, ਵਿਕਰਾਲ।

ਢੋਲ ਨਗਾਰੇ ਵਜਾਏ ਗਏ ਅਤੇ ਸੂਰਬੀਰ ਸ਼ਰਾਬ ਪੀ ਪੀ ਮਤਵਾਲੇ ਹੋ ਗਏ। ਤੀਹ ਹਜ਼ਾਰ ਖੂਹਣੀ ਸੈਨਾ ਵਿਚਕਾਰ ਵਿਕਰਾਲ ਜੰਗ ਛਿੜ ਪਿਆ।।੭।।

**ਭਾਂਤਿ ਭਾਂਤਿ ਮਾਰੂ ਜਬ ਬਾਜੋ।।ਦੀਰਘ ਦਾੜ੍ਹ ਦੈਂਤ ਰਨ ਗਾਜੋ।।**
**ਤੀਛਨ ਬਾਨ ਦੋਊ ਦਿਸਿ ਬਹਹੀ।।ਜਾਹਿ ਲਗਤ ਤਿਹ ਮਾਂਝ ਨ ਰਹਹੀ।।੮।।**

ਪਦ ਅਰਥ - ਤੀਛਨ=ਤਿੱਖੇ। ਲਾਗਤ=ਲੱਗਦੇ ਸਨ। ਮਾਂਝ=ਅੰਦਰ।

ਕਈ ਪ੍ਰਕਾਰ ਦੇ ਜਦ ਮਾਰੂ ਵਾਜੇ ਵੱਜਣ ਲੱਗੇ ਤਾਂ ਦੀਰਘ ਦਾੜ ਦੈਂਤ ਯੁੱਧ ਵਿਚ ਆ ਗੱਜਿਆ। ਤਿੱਖੇ ਤੀਰ ਦੋਹਾਂ ਪਾਸਿਆਂ ਤੋਂ ਚੱਲਣ ਲੱਗੇ ਅਤੇ ਉਹ ਜਿਸ ਨੂੰ ਵੀ ਲੱਗਦੇ ਸਨ ਉਸ ਦੇ ਅੰਦਰ ਫਸੇ ਨਹੀਂ ਰਹਿੰਦੇ ਸਨ।।੮।।

**ਧਾਵਤ ਭਏ ਦੇਵਤਾ ਜਬਹੀ।।ਦਾਨਵ ਭਰੇ ਰੋਸ ਤਨ ਤਬ ਹੀ।।**
**ਭਾਂਤਿ ਭਾਂਤਿ ਬਾਦਿੱਤ੍ਰ ਬਜਾਇ।।ਖੱਤ੍ਰੀ ਉਠੇ ਖਿੰਗ ਖੁਨਸਾਇ।।੯।।**

ਪਦ ਅਰਥ - ਬਾਦਿੱਤ੍ਰ ਬਜਾਏ=ਵਾਜੇ ਵਜਾਏ। ਖਿੰਗ ਖੁਨਸਾਇ=ਤਲਵਾਰਾਂ ਖੜਕਾਉਂਦੇ।

ਜਦ ਦੇਵਤੇ ਅੱਗੇ ਵਧੇ ਤਾਂ ਦੈਂਤ ਵੀ ਰੋਹ ਨਾਲ ਭਰ ਗਏ, ਕਈ ਪ੍ਰਕਾਰ ਦੇ ਵਾਜੇ ਵਜਾ ਕੇ ਖੱਤਰੀ ਤਲਵਾਰਾਂ ਖੜਕਾਉਂਦੇ ਚੱਲ ਪਏ।।੯।।

**ਚਲੇ ਬਾਨ ਦੁਹੂੰ ਓਰ ਅਪਾਰਾ।।ਬਿਛੂਆ ਬਰਛੀ ਬੱਜ੍ਰ ਹਜਾਰਾ।।**
**ਗਦਾ ਗਰਿਸਟ ਜਵਨ ਪਰ ਝਰਹੀ।।ਸਜੰਦਨ ਸਹਿਤ ਚੂਰਨ ਤਿਹ ਕਰਹੀ।।੧੦।।**

ਪਦ ਅਰਥ - ਗਦਾ ਗਰਿਸਟ=ਭਾਰੀ ਗਦਾ। ਸਜੰਦਨ ਸਹਿਤ=ਰੱਥ ਸਮੇਤ।

ਦੋਹਾਂ ਪਾਸਿਆਂ ਤੋਂ ਬਾਣ, ਬਿਛੂਆ, ਬਰਛੀ ਅਤੇ ਅਨੇਕ ਬੱਜਰ ਹਥਿਆਰ ਚੱਲਣ ਲੱਗੇ। ਭਾਰੀਆਂ ਗਦਾਵਾਂ ਜਿਸ ਉੱਤੇ ਪੈਂਦੀਆਂ ਸਨ ਉਸ ਨੂੰ ਰੱਥ ਸਮੇਤ ਚੂਰ ਕਰ ਦਿੰਦੀਆਂ ਸਨ।।੧੦।।

**ਜਾਕੇ ਲਗੇ ਅੰਗ ਮੈ ਬਾਨਾ।।ਕਰਾ ਬੀਰ ਤਿਹ ਸ੍ਰਗ ਪਯਾਨਾ।।**
**ਮਚਜੋ ਬੀਰ ਖੇਤ ਬਿਕਰਾਲਾ।।ਨਾਚਤ ਭੂਤ ਪ੍ਰੇਤ ਬੇਤਾਲਾ।।੧੧।।**

ਪਦ ਅਰਥ - ਬਾਨਾ=ਤੀਰ। ਸ੍ਰਗ ਪਜਾਨਾ=ਸਵਰਗ ਚਲਾ ਗਿਆ, ਮਰ ਗਿਆ।

ਜਿਸ ਦੇ ਅੰਗ ਵੀ ਤੀਰ ਲੱਗਦਾ ਸੀ ਉਹ ਸੂਰਮਾ ਸਵਰਗ ਲੋਕ ਦਾ ਰਾਹ ਲੈਂਦਾ ਸੀ।

Namdhari Elibrary NamdhariElibrary@gmail.com

************************************************************
ਸੂਰਮਿਆਂ ਦਾ ਘਮਸਾਣ ਯੁੱਧ ਮੱਚ ਗਿਆ ਅਤੇ ਭੂਤ, ਪ੍ਰੇਤ ਬੇਤਾਲ ਨੱਚਣ ਲੱਗੇ।।੧੧।।

**ਝੂਮਿ ਝੂਮਿ ਕਹੀ ਗਿਰੇ ਧਰਿਨ ਭਟ।।ਜੁਦੇ ਜੁਦੇ ਕਹੀ ਅੰਗ ਪਰੇ ਕਟਿ।।**
**ਚਲੀ ਸ੍ਰੋਨ ਕੀ ਨਦੀ ਬਿਰਾਜੈ।।ਬੈਤਰੁਨੀ ਜਿਨ ਕੋ ਲਖਿ ਲਾਜੈ।।੧੨।।**

ਕਿਤੇ ਝੂਮ ਝੂਮ ਕੇ ਸੂਰਮੇ ਧਰਤੀ ਉੱਤੇ ਡਿੱਗੇ ਪਏ ਸਨ ਅਤੇ ਕਿਤੇ ਵੱਖ ਵੱਖ ਹੋਏ ਅੰਗ ਖਿਲਰੇ ਪਏ ਸਨ। ਲਹੂ ਦੀ ਵੱਗਦੀ ਨਦੀ ਨੂੰ ਵੇਖ ਕੇ ਵੈਤਰਣੀ ਨਦੀ (ਪੁਰਾਣਾਂ ਅਨੁਸਾਰ ਜਮ ਲੋਕ ਦੇ ਉਰਲੇ ਪਾਸੇ ਦੀ ਇਕ ਨਦੀ ਹੈ, ਜੋ ਦੋ ਯੋਜਨ ਚੌੜੀ ਹੈ, ਇਹ ਬਦਬੂਦਾਰ ਗਰਮ ਪਾਣੀ ਦੀ ਭਰੀ, ਭਯੰਕਰ ਪ੍ਰਵਾਹ ਦੀ ਨਦੀ ਹੈ। ਇਸ ਨਦੀ ਨੂੰ ਪਾਰ ਕਰਨ ਲਈ ਹੀ ਹਿੰਦੂ ਗਊ ਦਾਨ ਕਰਦੇ ਹਨ। ਇਸ ਦੀ ਉਤਪਤੀ ਸਤੀ ਦੇ ਵਿਜੋਗ ਵਿਚ ਰੋਂਦੇ ਹੋਏ ਸ਼ਿਵਜੀ ਦੇ ਹੰਝੂਆਂ ਤੋਂ ਹੋਈ ਲਿਖੀ ਗਈ ਹੈ।) ਵੀ ਸ਼ਰਮਸਾਰ ਹੁੰਦੀ ਸੀ।।੧੨।।

**ਇਹ ਦਿਸਿ ਅਧਿਕ ਦੇਵਤਾ ਕੋਪੇ।।ਉਹਿ ਦਿਸਿ ਪਾਵ ਦਾਨਵਨ ਰੋਪੇ।।**
**ਕੁਪਿ ਕੁਪਿ ਅਧਿਕ ਹ੍ਰਿਦਨ ਮੋ ਭਿਰੇ।।ਜੂਝਿ ਜੂਝਿ ਗੇ ਬਹੁਰਿ ਨ ਫਿਰੇ।।੧੩।।**

ਪਦ ਅਰਥ - ਪਾਵ ਰੋਪੇ=ਪੈਰ ਜਮਾ ਲਏ। ਕੁਪਿ ਕੁਪਿ=ਕ੍ਰੋਧ ਵਿਚ ਆ ਆ।

ਏਧਰ ਦੇਵਤੇ ਬਹੁਤ ਗੁੱਸੇ ਵਿਚ ਆਏ ਅਤੇ ਓਧਰ ਦੈਂਤਾਂ ਵੀ ਆਪਣੇ ਪੈਰ ਜਮਾ ਲਏ। ਉਹ ਦਿਲ ਵਿਚ ਕ੍ਰੋਧ ਨਾਲ ਭਰੇ ਹੋਏ ਜੂਝ ਮਰੇ ਅਤੇ ਫਿਰ ਵਾਪਸ ਨ ਆਏ।।੧੩।।

**ਕੋਟਿਕ ਕਟਕ ਤਹਾਂ ਕਟਿ ਮਰੇ।।ਜੂਝੇ ਗਿਰੇ ਬਰੰਗਨਿਨ ਬਰੇ।।**
**ਦੋਊ ਦਿਸਿ ਮਰੇ ਕਾਲ ਕੇ ਪ੍ਰੇਰੇ।।ਗਿਰੇ ਭੂਮਿ ਰਨ ਫਿਰੇ ਨ ਫੇਰੇ।।੧੪।।**

ਪਦ ਅਰਥ - ਕੋਟਿਕ ਕਟਕ=ਅਣਗਿਣਤ। ਬਰੰਗਨਿਨ=ਪਰੀਆਂ।

ਅਨੇਕਾਂ ਸੂਰਮੇਂ ਉਥੇ ਕੱਟ ਮਰੇ, ਉਹ ਜੂਝ ਗਏ ਅਤੇ ਪਰੀਆਂ ਨੇ ਉਨ੍ਹਾਂ ਨਾਲ ਵਿਆਹ ਕਰਵਾ ਲਿਆ। ਦੋਹੀਂ ਪਾਸੀਂ ਕਾਲ ਨਾਲ ਪ੍ਰੇਰਤ ਵੀਰ ਮਰ ਗਏ ਸਨ ਅਤੇ ਧਰਤੀ ਤੇ ਡਿੱਗ ਪਏ ਸਨ ਪਰ ਵਾਪਸ ਨਹੀਂ ਪਰਤੇ ਸਨ।।੧੪।।

**ਸੱਤਿ ਸੰਧਿ ਦੇਵਿਸ ਇਤ ਧਾਯੋ।।ਦੀਰਘ ਦਾੜ੍ਹ ਉਹ ਓਰ ਰਿਸਾਯੋ।।**
**ਬੱਜ੍ਰ ਬਾਣ ਬਿਛੂਆ ਕੈ ਕੈ ਬ੍ਰਣ।।ਜੂਝਿ ਜੂਝਿ ਭਟ ਗਿਰਤ ਭਏ ਰਣ।।੧੫।।**

ਪਦ ਅਰਥ - ਧਾਯੋ=ਹਮਲਾ ਕੀਤਾ। ਰਿਸਾਯੋ=ਰੋਹ ਵਿਚ ਆਇਆ। ਬ੍ਰਣ=ਜ਼ਖਮ।

ਇਕ ਪਾਸੇ ਤੋਂ ਦੇਵਤਿਆਂ ਦਾ ਰਾਜਾ ਸੱਤ ਸੰਧ ਚੱਲ ਪਿਆ ਅਤੇ ਦੂਸਰੇ ਪਾਸੇ ਦੀਰਘ ਦਾੜ੍ਹ ਗੁੱਸੇ ਵਿਚ ਆ ਗਿਆ। ਬੱਜਰ, ਬਾਣ ਅਤੇ ਬਿਛੂਆ ਨਾਲ ਘਾਇਲ ਹੋਏ ਸੂਰਮੇਂ ਜੂਝ ਜੂਝ ਕੇ ਧਰਤੀ ਉੱਤੇ ਡਿੱਗ ਰਹੇ ਸਨ।।੧੫।।

Namdhari Elibrary NamdhariElibrary@gmail.com

ਜੋਗਿਨਿ ਜੱਛ ਕਹੂੰ ਹਰਖਏ।।ਭੂਤ ਪ੍ਰੇਤ ਨਾਚਤ ਕਹੂੰ ਭਏ।।
ਕਹ ਕਹ ਕਹ ਕਲਿ ਸ਼ਾਹ ਸੁਨਾਵਤ।।ਭੀਖਨ ਸੁਨੈ ਸ਼ਬਦ ਭੈ ਆਵਤ।।੧੬।।

ਕਿਤੇ ਜੋਗਣੀਆਂ ਅਤੇ ਜੱਛ ਖੁਸ਼ ਸਨ ਅਤੇ ਕਿਤੇ ਭੂਤ ਪ੍ਰੇਤ ਨਾਚ ਕਰ ਰਹੇ ਸਨ। ਕਾਲ ਦੀਆਂ ਕਿਲਕਾਰੀਆਂ ਸੁਣ ਕੇ ਸਾਰਿਆਂ ਨੂੰ ਡਰ ਲੱਗਦਾ ਸੀ।।੧੬।।

ਫਿਰੈਂ ਦੈਤ ਕਹੂੰ ਦਾਂਤ ਨਿਕਾਰੇ।।ਬਮਤ ਸ੍ਰੋਨ ਕੇਤੇ ਰਨ ਮਾਰੇ।।
ਕਹੂੰ ਸ਼ਿਵਾ ਸਾਮੁਹਿ ਫਿਕਰਾਹੀ।।ਭੂਤ ਪਿਸਾਚ ਮਾਸ ਕਹੂੰ ਖਾਹੀ।।੧੭।।

ਕਿਤੇ ਦੈਂਤ ਦੰਦ ਕੱਢ ਕੇ ਘੁੰਮ ਰਹੇ ਸਨ ਅਤੇ ਕਿਤੇ ਲਹੂ ਵਿਚ ਭਿੱਜੇ ਹੋਏ ਸੂਰਮੇਂ ਮਰੇ ਪਏ ਸਨ। ਕਿਤੇ ਚੰਡਕਾ ਸਾਹਮਣੇ ਹੋ ਕੇ ਫੁੰਕਾਰੇ ਮਾਰ ਰਹੀ ਸੀ ਅਤੇ ਕਿਤੇ ਭੂਤ ਪ੍ਰੇਤ ਮਾਸ ਖਾ ਰਹੇ ਸਨ।।੧੭।।

ਸਕਟਾਬਜੂਹ ਰਚਾ ਸੁਰ ਪਤਿ ਤਬ।।ਕ੍ਰੌਂਚਾਬਜੂਹ ਕਿਯੋ ਅਸੁਰਿਸ ਜਬ।।
ਮਚਿਯੋ ਤੁਮਲ ਜੁੱਧ ਤਹ ਭਾਰੀ।।ਗਰਜਤ ਭਏ ਬੀਰ ਬਲ ਧਾਰੀ।।੧੮।।

ਜਦ ਦੇਵਤਿਆਂ ਨੇ ਸਕਟਵਿਊ ਦੀ ਰਚਨਾ ਕੀਤੀ ਤਾਂ ਦੈਂਤਾਂ ਨੇ ਕ੍ਰੌਂਚਵਿਊ ਬਣਾ ਲਿਆ। ਭਾਰੀ ਤੁਮਲ ਯੁੱਧ ਮੱਚ ਗਿਆ ਅਤੇ ਬਲਵਾਨ ਸੂਰਮੇਂ ਗੱਜਣ ਲੱਗੇ।।੧੮।।

ਜੂਝਿ ਗਏ ਜੋਧਾ ਕਹੀਂ ਭਾਰੇ।।ਦੇਵ ਗਿਰੇ ਦਾਨਵ ਕਹੀਂ ਮਾਰੇ।।
ਬੀਰ ਖੇਤ ਐਸਾ ਤਹ ਪਰਾ।। ਦੋਊ ਦਿਸਿ ਇਕ ਸੁਭਟ ਨ ਉਬਰਾ।।੧੯।।

ਪਦ ਅਰਥ - ਸੁਭਟ=ਸੂਰਬੀਰ। ਉਬਰਾ=ਬਚਿਆ ।

ਕਿਤੇ ਵੱਡੇ ਵੱਡੇ ਯੋਧੇ ਜੂਝ ਗਏ ਅਤੇ ਕਿਤੇ ਦੇਵ ਅਤੇ ਦਾਨਵ ਮਰੇ ਹੋਏ ਡਿੱਗੇ ਪਏ ਸਨ। ਯੁੱਧ ਵਿਚ ਏਨੇ ਸੂਰਮੇ ਮਰੇ ਪਏ ਸਨ ਕਿ ਦੋਵੀਂ ਪਾਸੀਂ ਇਕ ਸੂਰਮਾ ਵੀ ਨ ਬੱਚਿਆ।।੧੯।।

ਜੌ ਕ੍ਰਮ ਕ੍ਰਮ ਕਰਿ ਕਥਾ ਸੁਨਾਊਂ।।ਗ੍ਰੰਥ ਬਢਨ ਤੇ ਅਧਿਕ ਡਰਾਊਂ।।
ਤੀਸ ਸਹਸ ਛੂਹਨਿ ਜਹ ਜੋਧਾ।।ਮੰਡਜੋ ਬੀਰ ਖੇਤ ਕਰਿ ਕ੍ਰੋਧਾ।।੨੦।।

ਪਦ ਅਰਥ - ਕ੍ਰਮ ਕ੍ਰਮ=ਕਰਮਵਾਰ। ਬੀਰ=ਸੂਰਮੇ।

ਜੇ ਮੈਂ ਕਰਮਵਾਰ ਕਥਾ ਸੁਣਾਵਾਂ ਤਾਂ ਗ੍ਰੰਥ ਦੇ ਆਕਾਰ ਵੱਧ ਜਾਣ ਤੋਂ ਡਰਦਾ ਹਾਂ, ਜਿਥੇ ਤੀਹ ਹਜ਼ਾਰ ਖੂਹਣੀ ਯੋਧੇ ਸਨ ਉਥੇ ਸਾਰੇ ਸੂਰਮਿਆਂ ਨੇ ਰੋਹ ਨਾਲ ਭਰ ਕੇ ਯੁੱਧ ਕੀਤਾ।।੨੦।।

ਪਤਿਅਨ ਸੋ ਪਤੀਅਨ ਭਿਰਿ ਮਰੇ।।ਸ੍ਵਾਰਨ ਕੇ ਸ੍ਵਾਰਨ ਛੈ ਕਰੇ।।

ਰਥਿਯਨ ਤਹ ਰਥਿਯਨ ਕੌ ਘਾਯੋ॥ਹਾਥਿਨ ਦੰਤੀ ਸੁਰਗ ਪਠਾਯੋ॥੨੧॥

ਪਦ ਅਰਥ - ਪਤੀਅਨ=ਸੈਨਾਪਤੀ। ਹਾਥਿਨ=ਹਾਥੀਆਂ ਨਾਲ।

ਸੈਨਾਪਤੀ, ਸੈਨਾਪਤੀਆਂ ਨਾਲ ਭਿੜ ਕੇ ਮਰ ਗਏ ਅਤੇ ਸਵਾਰਾਂ ਨੂੰ ਸਵਾਰਾਂ ਨੇ ਮਾਰ ਦਿੱਤਾ। ਰਥੀਆਂ ਨੇ ਰਥੀਆਂ ਨੂੰ ਮਾਰਿਆ ਅਤੇ ਹਾਥੀਆਂ ਨੇ ਹਾਥੀਆਂ ਨੂੰ ਸਵਰਗ ਲੋਕ ਭੇਜ ਦਿੱਤਾ॥੨੧॥

ਦਲਪਤਿ ਸੌ ਦਲਪਤਿ ਲਰਿ ਮੂਆ॥ਇਹ ਬਿਧਿ ਨਾਸ ਕਟਕ ਕਾ ਹੂਆ॥
ਬਚੇ ਭੂਪ ਤੇ ਕੋਪ ਬਡਾਈ॥ਮਾਂਡਤ ਭੇ ਹਠ ਠਾਨਿ ਲਰਾਈ॥੨੨॥

ਪਦ ਅਰਥ - ਦਲਪਤਿ=ਦਲਪਤੀ। ਕਟਕ=ਸੈਨਾਂ, ਫੌਜ। ਭੂਪ=ਰਾਜੇ।

ਦਲਪਤੀ ਨਾਲ ਦਲਪਤੀ ਲੜ ਮਰੇ ਅਤੇ ਇਸ ਤਰ੍ਹਾਂ ਸੈਨਾ ਦਾ ਨਾਸ ਹੋ ਗਿਆ। ਹੁਣ ਜਿਹੜੇ ਰਾਜੇ ਬਚੇ ਸਨ ਉਹ ਗੁੱਸੇ ਵਿਚ ਆ ਕੇ ਲੜਨ ਲੱਗੇ॥੨੨॥

ਰਨ ਮਾਂਡਤ ਭੇ ਬਿਬਿਧ ਪ੍ਰਕਾਰਾ॥ਦੈਤਰਾਟ ਅਰੁ ਦੇਵ ਨ੍ਰਿਪਾਰਾ॥
ਰਸਨਾ ਇਤੀ ਨ ਭਾਖ ਸੁਨਾਊਂ॥ਗ੍ਰੰਥ ਬਢਨ ਤੇ ਅਤਿ ਡਰਪਾਊਂ॥੨੩॥

ਪਦ ਅਰਥ - ਦੈਤਰਾਟ=ਦੈਂਤਾਂ ਦਾ ਰਾਜਾ। ਦੇਵ ਨ੍ਰਿਪਰਾ=ਦੇਵਤਿਆਂ ਦਾ ਰਾਜਾ।

ਦੈਂਤ ਸਮਰਾਟ ਅਤੇ ਦੇਵ ਸਮਰਾਟ ਹੁਣ ਕਈ ਢੰਗਾਂ ਨਾਲ ਯੁੱਧ ਕਰਨ ਲੱਗੇ। ਮੇਰੀ ਜੀਭ ਇਸ ਸਭ ਕੁਝ ਦਾ ਵਰਣਨ ਕਰਨ ਤੋਂ ਅਸਮਰੱਥ ਹੈ ਅਤੇ ਮੈਂ ਗ੍ਰੰਥ ਦੇ ਵਧ ਜਾਣ ਤੋਂ ਵੀ ਡਰਦਾ ਹਾਂ॥੨੩॥

## ਭੁਜੰਗ ਪ੍ਰਯਾਤ ਛੰਦ॥

ਕਹਾ ਲੌ ਬਖਾਨੌ ਮਹਾ ਲੋਹ ਮੱਚਜੋ॥ਦੂਹੂੰ ਓਰ ਤੇ ਬੀਰ ਏਕੈ ਨ ਬੱਚਜੋ॥
ਤਬੈ ਆਨਿ ਜੂਟੇ ਦੋਊ ਛੱਤ੍ਰ ਧਾਰੀ॥ਪਰਾ ਲੋਹ ਗਾੜ੍ਹੋ ਕਪੀ ਭੂਮਿ ਸਾਰੀ॥੨੪॥

ਕਿਥੋਂ ਤਕ ਵਰਣਨ ਕਰਾਂ, ਵਿਕਰਾਲ ਯੁੱਧ ਹੋਇਆ ਅਤੇ ਇਕ ਯੋਧਾ ਵੀ ਬਾਕੀ ਨ ਬਚਿਆ। ਫਿਰ ਦੋਵੇਂ ਛੱਤਰਧਾਰੀ ਆ ਭਿੜੇ ਅਤੇ ਵਿਕਰਾਲ ਯੁੱਧ ਨਾਲ ਸਾਰੀ ਧਰਤੀ ਕੰਬ ਉੱਠੀ॥੨੪॥

ਜੁਟੇ ਰਾਵ ਦੋਊ ਉਠੀ ਧੂਰਿ ਐਸੀ॥ਪ੍ਰਲੈ ਕਾਲ ਕੀ ਅਗਨਿ ਕੀ ਧੂਮ੍ਰ ਜੈਸੀ॥
ਨ ਹਾਥੈ ਪਸਾਰਾ ਤਹਾ ਦ੍ਰਿਸ਼ਟਿ ਆਵੈ॥ਕਛੂ ਭੂਮਿ ਆਕਾਸ਼ ਹੇਰੋ ਨ ਜਾਵੈ॥੨੫॥

ਦੋਵੇਂ ਰਾਜੇ ਭਿੜੇ ਅਤੇ ਏਨਾ ਘੱਟਾ ਉਡਿਆ ਕਿ ਮਾਨੋਂ ਪਰਲੋ ਕਾਲ ਦੀ ਅੱਗ ਦਾ ਧੂੰ ਹੋਵੇ। ਉਥੇ ਹੱਥ ਪਸਾਰਿਆ ਹੋਇਆ ਵੀ ਨਜ਼ਰ ਨਹੀਂ ਆਉਂਦਾ ਸੀ ਅਤੇ ਧਰਤੀ ਅਕਾਸ਼ ਵੀ ਦਿੱਸ ਨਹੀਂ ਰਹੇ ਸਨ॥੨੫॥

Namdhari Elibrary NamdhariElibrary@gmail.com

**ਅੜਿੱਲ॥ ਤੀਸ ਸਹਸ ਛੂਹਨਿ ਦਲ ਜਬ ਜੂਝਤ ਭਯੋ॥
ਦੂਹੂੰ ਨ੍ਰਿਪਨ ਕੇ ਕੋਪ ਅਧਿਕ ਤਬਹੀ ਭਯੋ॥
ਪੀਸਿ ਪੀਸਿ ਰਦਨੰਛਦ ਬਿਸਿਖ ਪ੍ਰਹਾਰਹੀ॥
ਹੋ ਜੋ ਜੀਯ ਭੀਤਰ ਕੋਪ ਸੁ ਪ੍ਰਗਟ ਦਿਖਾਰਹੀ॥੨੬॥**

ਪਦ ਅਰਥ - ਜੂਝਤ ਭਯ=ਲੜ ਮਰਿਆ। ਕੋਪ=ਗੁੱਸਾ। ਪੀਸਿ ਪੀਸਿ ਰਦਨੰਛਦ=ਦੰਦ ਪੀਹ ਪੀਹ। ਬਿਸਿਖ=ਤੀਰ।

ਤੀਹ ਹਜ਼ਾਰ ਖੂਹਣੀ ਸੈਨਾ ਜਦ ਜੂਝ ਗਈ ਤਾਂ ਦੋਵੇਂ ਰਾਜੇ ਕ੍ਰੋਧ ਨਾਲ ਭਰ ਗਏ. ਉਹ ਦੰਦ ਪੀਹ ਪੀਹ ਕੇ ਤੀਰ ਕੱਸ ਕੱਸ ਕੇ ਮਾਰਨ ਲੱਗੇ ਅਤੇ ਮਨ ਦੇ ਕ੍ਰੋਧ ਨੂੰ ਪਰਗਟ ਕਰਨ ਲੱਗੇ॥ ੨੬॥

**ਚੌਪਈ॥ ਬੀਸ ਬਰਸ ਨਿਸੁ ਦਿਨ ਰਨ ਕਰਾ॥ ਦੂਹੂੰ ਨ੍ਰਿਪਨ ਤੇ ਏਕ ਨ ਟਰਾ॥
ਅੰਤ ਕਾਲ ਤਿਨ ਦੁਹੂੰ ਖਪਾਯੋ॥ ਉਹਿ ਕੌ ਇਹ ਇਹ ਕੌ ਉਹਿ ਘਾਯੋ॥੨੭॥**

ਪਦ ਅਰਥ - ਨ ਟਰਾ = ਪਿੱਛੇ ਨ ਹਟਿਆ। ਕਾਲ = ਪਰਮਾਤਮਾ।

ਵੀਹ ਸਾਲਾਂ ਤਕ ਰਾਤ ਦਿਨ ਯੁੱਧ ਕੀਤਾ ਪਰ ਦੋਹਾਂ ਰਾਜਿਆਂ ਵਿਚੋਂ ਇਕ ਵੀ ਪਿੱਛੇ ਨ ਹਟਿਆ, ਅਖੀਰ ਮਹਾਂਕਾਲ ਨੇ ਦੋਹਾਂ ਨੂੰ ਮਾਰ ਦਿੱਤਾ, ਉਸ ਨੇ ਉਸ ਨੂੰ ਅਤੇ ਉਸ ਨੇ ਉਸ ਨੂੰ ਮਾਰ ਦਿੱਤਾ॥੨੭॥

**ਭੁਜੰਗ ਛੰਦ॥ ਜਬੈ ਛੂਹਨੀ ਤੀਸ ਸਾਹਸ੍ਰ ਮਾਰੇ॥ ਦੋਊ ਰਾਵਈ ਰਾਵ ਜੂਝੇ ਕਰਾਰੇ॥
ਮਚਜੋ ਲੋਹ ਗਾਢੌ ਉਠੀ ਅਗਨਿ ਜ੍ਵਾਲਾ॥ ਭਈ ਤੇਜ ਤੌਨੇ ਹੁਤੇ ਏਕ ਬਾਲਾ॥੨੮॥**

ਪਦ ਅਰਥ - ਕਰਾਰੇ = ਕਰੜੇ। ਬਾਲਾ = ਇਸਤਰੀ।

ਜਦ ਤੀਹ ਹਜ਼ਾਰ ਖੂਹਣੀ ਸੈਨਾ ਮਾਰੀ ਗਈ ਤਾਂ ਦੋਵੇਂ ਰਾਜਾ ਆਪਸ ਵਿਚ ਬੁਰੀ ਤਰ੍ਹਾਂ ਭਿੱੜ ਪਏ। ਵਿਕਰਾਲ ਯੁੱਧ ਮੱਚ ਗਿਆ ਅਤੇ ਅੱਗ ਦੀਆਂ ਲਾਟਾਂ ਉੱਠਣ ਲੱਗੀਆਂ ਅਤੇ ਉਨ੍ਹਾਂ ਅੱਗ ਦੀਆਂ ਲਾਟਾਂ ਵਿਚੋਂ ਇਕ ਇਸਤਰੀ ਪੈਦਾ ਹੋਈ॥੨੮॥

**ਤਿਸੀ ਕੋਪ ਕੀ ਅਗਨਿ ਤੇਂ ਬਾਲ ਹ੍ਵੈਕੈ॥ ਹਸੀ ਹਾਥ ਮੈ ਸ਼ਸਤ੍ਰ ਔ ਅਸਤ੍ਰ ਲੈਕੈ॥
ਮਹਾ ਰੂਪ ਆਨੂਪ ਤਾਕੋ ਬਿਰਾਜੈ॥ ਲਖੇ ਤੇਜ ਤਾਕੋ ਸਸੀ ਸੂਰ ਲਾਜੈ॥੨੯॥**

ਪਦ ਅਰਥ - ਕੋਪ = ਕ੍ਰੋਧ। ਬਿਰਾਜੇ = ਸੋਭਦਾ ਸੀ।

ਉਸ ਕ੍ਰੋਧ ਦੀ ਅੱਗ ਵਿਚੋਂ ਪੈਦਾ ਹੋ ਕੇ, ਉਹ ਇਸਤਰੀ ਹੱਥ ਵਿਚ ਅਸਤਰ ਸ਼ਸਤਰ ਲੈ ਕੇ ਹੱਸਣ ਲੱਗ ਪਈ। ਉਸ ਦਾ ਸੁੰਦਰ ਸਰੂਪ ਅਨੂਪਮ ਸੀ, ਜਿਸ ਨੂੰ ਵੇਖ ਕੇ ਚੰਦ ਸੂਰਜ ਵੀ

**************************************************************
ਮਾਤ ਖਾ ਗਏ॥੨੯॥

**ਚੌਪਈ॥ਚਾਰਹੁ ਦਿਸਾ ਫਿਰੀ ਜਬ ਬਾਲਾ॥ਜਾਨੋ ਨਾਗ ਰੂਪ ਕੀ ਮਾਲਾ॥**
**ਐਸ ਨ ਕਤਹੂੰ ਪੁਰਖ ਨਿਹਾਰਾ॥ਨਾਥ ਕਰੈ ਜਿਹ ਆਪੁ ਸੁਧਾਰਾ॥੩੦॥**

ਉਹ ਇਸਤਰੀ ਜਦ ਚਾਰੇ ਪਾਸੇ ਘੁੰਮਣ ਲੱਗੀ ਤਾਂ ਇੰਝ ਲੱਗ ਰਹੀ ਸੀ ਜਿਵੇਂ ਨਾਗਾਂ ਦੀ ਮਾਲਾ ਹੋਵੇ। ਇਸ ਤਰ੍ਹਾਂ ਦਾ ਕੋਈ ਮਨੁਖ ਵੀ ਦਿੱਸ ਨਹੀਂ ਰਿਹਾ ਸੀ ਜਿਸ ਨੂੰ ਉਹ ਆਪਣਾ ਸੁਆਮੀ ਬਣਾ ਸਕਦੀ॥੩੦॥

**ਫਿਰ ਜਿਯ ਮੈ ਇਹ ਭਾਂਤਿ ਬਿਚਾਰੀ॥ਬਰੌ ਜਗਤ ਕੇ ਪਤਿਹਿ ਸੁਧਾਰੀ॥**
**ਤਾਤੇ ਕਰੌ ਦੀਨ ਹ੍ਵੈ ਸੇਵਾ॥ਹੋਇ ਪ੍ਰਸੰਨ ਕਾਲਿਕਾ ਦੇਵਾ॥੩੧॥**

ਪਦ ਅਰਥ - ਜਿਯ ਮੈਂ = ਮਨ ਵਿਚ। ਬਿਚਾਰੀ = ਵਿਚਾਰ ਕੀਤਾ। ਬਰੌਂ = ਵਿਆਹ ਕਰਾਂਗੀ।

ਫਿਰ ਉਸ ਆਪਣੇ ਮਨ ਵਿਚ ਇਹ ਵਿਚਾਰ ਕੀਤਾ ਕਿ ਮੈਂ ਜਗਤਪਤੀ ਨਾਲ ਹੀ ਵਿਆਹ ਕਰਾਂਗੀ। ਹੁਣ ਮੈਂ ਕਿਸ ਦੀਨਤਾ ਨਾਲ ਸੇਵਾ ਕਰਾਂ ਕਿ ਕਾਲਕਾ ਦੇਵ (ਕਾਲ ਦੇਵ) ਪ੍ਰਸੰਨ ਹੋ ਜਾਏ॥੩੧॥

**ਅਧਿਕ ਸੁਚਿਤ ਹ੍ਵੈ ਕੀਏ ਸੁਮੰਤ੍ਰਾ॥ਭਾਂਤਿ ਭਾਂਤਿ ਤਨ ਲਿਖਿ ਲਿਖਿ ਜੰਤ੍ਰਾ॥**
**ਕ੍ਰਿਪਾ ਕਰੀ ਜਗਮਾਤ ਭਵਾਨੀ॥ਇਹ ਬਿਧ ਬਤਿਯਾ ਤਾਂਹਿ ਬਖਾਨੀ॥੩੨॥**

ਪਦ ਅਰਥ - ਜਗਮਾਤ = ਜਗਤ ਮਾਤਾ। ਬਤਿਯਾ = ਗੱਲ। ਬਖਾਨੀ = ਕਹੀ।

ਉਹ ਹੋਰ ਸੁਚੇਤ ਹੋ ਕੇ ਵਿਚਾਰ ਕੀਤਾ ਅਤੇ ਕਈ ਭਾਂਤ ਦੇ ਜੰਤਰ ਲਿਖੇ, ਫਿਰ ਜਗਤ ਮਾਤਾ ਭਵਾਨੀ ਨੇ ਉਹਦੇ ਉਤੇ ਕਿਰਪਾ ਕੀਤੀ ਅਤੇ ਉਸ ਨੂੰ ਇਹ ਗੱਲ ਕਹੀ॥੩੨॥

**ਕਰਿ ਜਿਨਿ ਸ਼ੋਕ ਹ੍ਰਿਦੈ ਤੈ ਪੁੱਤ੍ਰੀ॥ਨਿਰੰਕਾਰ ਬਰਿ ਹੈ ਤੁਹਿ ਅੱਤ੍ਰੀ॥**
**ਤਾਕਾ ਧਯਾਨ ਆਜੁ ਨਿਸਿ ਧਰਿਯਹੁ॥ਕਹਿਹੈ ਜੁ ਕਛੂ ਸੋਈ ਤੁਮ ਕਰਿਯਹੁ॥੩੩॥**

ਪਦ ਅਰਥ - ਸ਼ੋਕ = ਦੁਖ। ਨਿਰੰਕਾਰ = ਅਕਾਰ ਰਹਿਤ ਪ੍ਰਭੂ।

"ਹੇ ਪੁੱਤਰੀ, ਤੂੰ ਮਨ ਵਿਚ ਕਿਸੇ ਪ੍ਰਕਾਰ ਵੀ ਦੁਖੀ ਨ ਹੋ, ਅਕਾਰ ਰਹਿਤ ਪ੍ਰਭੂ ਤੇਰੇ ਨਾਲ ਜ਼ਰੂਰ ਵਿਆਹ ਕਰਨਗੇ, ਤੈਨੂੰ ਆਪਣੀ ਪਤਨੀ ਬਨਾਉਣਗੇ। ਤੇਰੇ ਵਾਸਤੇ ਇਹ ਜ਼ਰੂਰੀ ਹੈ ਕਿ ਤੂੰ ਉਸ ਵਿਚ ਧਿਆਨ ਲਾਵੇਂ ਅਤੇ ਜਿਸ ਤਰ੍ਹਾਂ ਉਹ ਕਹੇ ਉਸ ਤਰ੍ਹਾਂ ਕਰੇਂ॥੩੩॥

**ਜਬ ਅਸ ਬਰ ਤਿਹ ਦਿਯੋ ਭਵਾਨੀ॥ਪ੍ਰਫੁੱਲਿਤ ਭਈ ਜਗਤ ਕੀ ਰਾਨੀ॥**
**ਅਤਿ ਪਵਿੱਤ੍ਰ ਨਿਸਿ ਹ੍ਵੈ ਛਿਤ ਸੋਈ॥ਜਿਹ ਠਾਂ ਔਰ ਨ ਦੂਸਰ ਕੋਈ॥੩੪॥**

Namdhari Elibrary NamdhariElibrary@gmail.com

ਜਦ ਭਵਾਨੀ ਨੇ ਉਸ ਨੂੰ ਐਸਾ ਵਰ ਦਿੱਤਾ ਤਾਂ ਜਗਤ ਦੀ ਮਾਤਾ ਪ੍ਰਸੰਨ ਹੋ ਗਈ। ਉਹ ਅਤਿ ਪਵਿੱਤਰ ਹੋ ਕੇ ਧਰਤੀ ਤੇ ਸੌਂ ਗਈ ਅਤੇ ਉਥੇ ਹੋਰ ਕੋਈ ਦੂਸਰਾ ਨਹੀਂ ਸੀ॥੩੪॥

**ਅਰਧ ਰਾਤ੍ਰਿ ਬੀਤਤ ਭੀ ਜਬ ਹੀ॥ਆਗਜਾ ਭਈ ਨਾਥ ਕੀ ਤਬ ਹੀ॥**
**ਸ੍ਵਾਸ ਬੀਰਜ ਦਾਨਵ ਜਬ ਮਰਿ ਹੈਂ॥ਤਿਹ ਪਾਛੇ ਸੁੰਦਰਿ ਮੁਹਿ ਬਰਿ ਹੈਂ॥੩੫॥**

ਜਦ ਅੱਧੀ ਰਾਤ ਬੀਤ ਗਈ ਤਦ ਸੁਆਮੀ ਦੀ ਆਗਿਆ ਹੋਈ ਕਿ ਸਵਾਸ ਬੀਰਜ ਦੈਂਤ ਜਦ ਮਾਰਿਆ ਜਾਵੇਗਾ, ਉਸ ਤੋਂ ਬਾਅਦ ਹੀ ਹੇ ਸੁੰਦਰੀ, ਤੂੰ ਮੇਰੇ ਨਾਲ ਵਿਆਹੀ ਜਾਵੇਂਗੀ॥੩੫॥

**ਇਹ ਬਿਧਿ ਤਿਹ ਆਗਜਾ ਜਬ ਭਈ॥ਦਿਨਮਨਿ ਚੜ੍ਹਯੋ ਰੈਨਿ ਮਿਟਿ ਗਈ॥**
**ਸਾਜੇ ਸ਼ਸਤ੍ਰ ਚੰਚਲਾ ਤਬ ਹੀ॥ਰਨ ਕੌ ਚਲੀ ਸਾਥ ਲੈ ਸਬਹੀਂ॥੩੬॥**

ਪਦ ਅਰਥ - ਦਿਨੇ ਮਨਿ = ਸੂਰਜ।

ਉਸ ਨੂੰ ਜਦ ਇਸ ਪ੍ਰਕਾਰ ਦੀ ਆਗਿਆ ਹੋਈ ਤਾਂ ਦਿਨ ਚੜ੍ਹ ਆਇਆ ਅਤੇ ਰਾਤ ਬੀਤ ਗਈ ਸੀ। ਉਸ ਇਸਤਰੀ ਨੇ ਤਦ ਸ਼ਸਤਰ ਸਜਾਏ ਅਤੇ ਸਾਰਿਆਂ ਨੂੰ ਨਾਲ ਲੈ ਕੇ ਯੁੱਧ ਵਾਸਤੇ ਚੱਲ ਪਈ॥੩੬॥

**ਦੋਹਰਾ॥ਜਹਾਂ ਸ਼ੱਤ੍ਰ ਕੋ ਪੁਰ ਹੁਤੋ ਤਿਤ ਕਹ ਕਿਯਾ ਪਜਾਨ॥**
**ਬਿਕਟ ਅਸੁਰ ਕੋ ਬੇੜ੍ਹਿ ਗੜ੍ਹ ਦਹਦਿਸ ਦਿਯੋ ਨਿਸ਼ਾਨ॥੩੭॥**

ਜਿਥੇ ਦੁਸ਼ਮਣ ਦਾ ਨਗਰ ਸੀ, ਉਸ ਪਾਸੇ ਉਹ ਚੱਲ ਪਈ ਅਤੇ ਉਸ ਵਿਕਟ ਦੈਂਤ ਦੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ, ਨਗਾਰੇ ਵਜਾਉਣ ਲੱਗੀ॥੩੭॥

**ਚੌਪਈ॥ਦੁੰਦਭਿ ਸੁਨਾ ਸ੍ਰਵਨ ਮਹਿ ਜਬਹੀਂ॥ਜਾਗਾ ਅਸੁਰ ਕੋਪ ਕਰਿ ਤਬ ਹੀਂ॥**
**ਐਸਾ ਕਵਨ ਜੁ ਹਮ ਪਰ ਆਯੋ॥ਰਕਤ ਬਿੰਦ ਮੈਂ ਰਨਹਿ ਹਰਾਯੋ॥੩੮॥**

ਪਦ ਅਰਥ - ਸ੍ਰਵਨ = ਕੰਨ। ਅਸੁਰ = ਦੈਂਤ। ਰਨਹਿ = ਮੈਦਾਨਿ-ਜੰਗ, ਰਣ।

ਜਦ ਨਗਾਰਿਆਂ ਦੀ ਆਵਾਜ਼ ਸੁਣੀ ਤਾਂ ਉਹ ਦੈਂਤ ਗੁੱਸੇ ਵਿਚ ਆ ਕੇ ਜਾਗ ਪਿਆ। ਐਸਾ ਕੌਣ ਹੈ ਜਿਸ ਮੇਰੇ ਉਤੇ ਚੜ੍ਹਾਈ ਕਰ ਦਿੱਤੀ ਹੈ, ਮੈਂ ਤਾਂ ਰਕਤਬੀਜ ਨੂੰ ਵੀ ਯੁੱਧ ਵਿਚ ਹਰਾ ਦਿੱਤਾ ਸੀ॥੩੮॥

**ਇੰਦ੍ਰ ਚੰਦ੍ਰ ਸੂਰਜ ਹਮ ਜੀਤਾ॥ਰਾਵਨ ਜਿਤਾ ਹਰੀ ਜਿਨ ਸੀਤਾ॥**
**ਏਕ ਦਿਵਸ ਮੋਸੌ ਸ਼ਿਵ ਲਰਾ॥॥ਤਾਹਿ ਭਜਾਯੋ ਮੈਂ ਨਹਿ ਟਰਾ॥੩੯॥**

ਪਦ ਅਰਥ - ਮੋਸੌ = ਮੇਰੇ ਨਾਲ। ਭਜਾਯੋ = ਭਜਾਇਆ।

Namdhari Elibrary NamdhariElibrary@gmail.com

ਇੰਦਰ, ਚੰਦਰ, ਸੂਰਜ ਨੂੰ ਮੈਂ ਹਰਾਇਆ ਅਤੇ ਰਾਵਣ, ਜਿਸ ਸੀਤਾ ਚੁਕ ਲਈ ਸੀ, ਨੂੰ ਵੀ ਮੈਂ ਹਰਾਇਆ ਸੀ। ਮੇਰੇ ਨਾਲ ਇਕ ਦਿਨ ਸ਼ਿਵਜੀ ਭਿੜ ਪਿਆ ਸੀ ਅਤੇ ਮੈਂ ਆਪ ਹਿਲਣ ਤੋਂ ਬਗੈਰ ਹੀ ਉਸ ਨੂੰ ਭੱਜਾ ਦਿੱਤਾ ਸੀ।।੩੯।।

**ਸ਼ਸਤ੍ਰ ਸਾਜ ਦਾਨਵ ਰਨ ਆਵਾ।।ਅਮਿਤ ਕੋਪ ਕਰਿ ਸੰਖ ਬਜਾਵਾ।।**
**ਕਾਂਪੀ ਭੂਮ ਗਗਨ ਘਹਰਾਨਾ।।ਅਤੁਲ ਬੀਰਜ ਕਿਹ ਓਰ ਰਿਸਾਨਾ।।੪੦।।**

ਪਦ ਅਰਥ - ਕਾਂਪੀ ਭੂਮ = ਧਰਤੀ ਕੰਬੀ। ਘਹਰਾਨਾ = ਹੜਬੜਾ ਉਠਿਆ।

ਉਹ ਦੈਂਤ ਸ਼ਸਤਰਾਂ ਨਾਲ ਲੈਸ ਹੋ ਕੇ ਯੁੱਧ ਵਿਚ ਆ ਗਿਆ ਅਤੇ ਅਪਾਰ ਗੁੱਸੇ ਵਿਚ ਆ ਕੇ ਉਸ ਸੰਖ ਵਜਾਇਆ। ਧਰਤੀ ਕੰਬ ਗਈ ਅਤੇ ਅਕਾਸ਼ ਹੜਬੜਾ ਉਠਿਆ ਕਿ ਇਹ ਅਤੁਲਬੀਰਜ ਕਿਸ ਉਤੇ ਕ੍ਰੋਧ ਵਿਚ ਆ ਗਿਆ ਹੈ।।੪੦।।

**ਇਤਿ ਦਿਸਿ ਦੂਲਹ ਦੇਈ ਕੁਮਾਰੀ।।ਸ਼ਸਤ੍ਰ ਸਾਜਿ ਰਥਿ ਕਰੀ ਸਵਾਰੀ।।**
**ਸ਼ਸਤ੍ਰਨ ਕਰਿ ਪ੍ਰਨਾਮ ਤਿਹ ਕਾਲਾ।।ਛਾਡਤ ਭੀ ਰਨ ਬਿਸਿਖ ਕਰਾਲਾ।।੪੧।।**

ਏਧਰ ਕੁਮਾਰੀ ਦੂਲਾ ਦੇਵੀ ਨੇ ਵੀ ਸ਼ਸਤਰ ਸਜਾ ਕੇ ਰੱਥ ਦੀ ਸਵਾਰੀ ਕੀਤੀ। ਉਹ ਸ਼ਸਤਰਾਂ ਨੂੰ ਪ੍ਰਣਾਮ ਕਰਕੇ ਯੁੱਧ ਵਿਚ ਵਿਕਰਾਲ ਬਾਣ ਛੱਡਣ ਲੱਗੀ।।੪੧।।

**ਲਗੇ ਬਿਸਿਖ ਜਬ ਅੰਗ ਕਰਾਰੇ।।ਦਾਨਵ ਭਰੇ ਕੋਪ ਤਬ ਭਾਰੇ।।**
**ਮੁਖ ਤੇ ਸ੍ਵਾਸ ਸ੍ਰਮਿਤ ਹ੍ਵੈ ਕਾਢੇ।।ਤਿਨ ਤੇ ਅਮਿਤ ਅਸੁਰ ਰਨ ਬਾਢੇ।।੪੨।।**

ਪਦ ਅਰਥ - ਸ੍ਰਮਿਤ = ਥੱਕ ਕੇ। ਸ੍ਵਾਸ ਕਾਢੇ = ਸਾਹ ਲੈਂਦੇ ਸਨ।

ਜਦ ਅੰਗਾਂ ਨੂੰ ਕਰਾਰੇ ਤੀਰ ਵੱਜੇ ਤਾਂ ਦੈਂਤ ਬੜੇ ਰੋਹ ਵਿਚ ਭਰ ਗਏ। ਉਹ ਥੱਕ ਕੇ ਜਦ ਮੂੰਹ ਤੋਂ ਸਾਹ ਲੈਂਦੇ ਸਨ ਤਾਂ ਉਸ ਤੋਂ ਹੋਰ ਅਨੇਕਾਂ ਦੈਂਤ ਵੱਧ ਜਾਂਦੇ ਸਨ।।੪੨।।

**ਤਿਨਕਾ ਬਾਲ ਬਹੁਰਿ ਬਧ ਕਰਾ।।ਉਨ ਕਾ ਸ੍ਰੋਨ ਪ੍ਰਿਥੀ ਪਰ ਪਰਾ।।**
**ਅਗਨਿਤ ਬਢੇ ਤਬੈ ਤਹ ਦਾਨਵ।।ਭੱਛਤ ਭਏ ਪਕਰਿ ਕਰਿ ਮਾਨਵ।।੪੩।।**

ਇਸਤਰੀ ਨੇ ਉਨ੍ਹਾਂ ਨੂੰ ਕਤਲ ਕੀਤਾ ਅਤੇ ਉਨ੍ਹਾਂ ਦਾ ਖੂਨ ਧਰਤੀ ਤੇ ਡਿੱਗਾ। ਫਿਰ ਅਨੇਕਾਂ ਦੈਂਤ ਪੈਦਾ ਹੋ ਗਏ ਜਿਹੜੇ ਮੱਨੁਖਾਂ ਨੂੰ ਫੜ ਫੜ ਖਾਣ ਲੱਗੇ।।੪੩।।

**ਜਬ ਅਬਲਾ ਕੇ ਸੁਭਟ ਚਬਾਏ।।ਦੂਲਹ ਦੇ ਤਿਹ ਬਿਸਿਖ ਲਗਾਏ।।**
**ਬੁੰਦਕਾ ਪਰਤ ਸ੍ਰੋਨ ਭੂਅ ਭਏ।।ਉਪਜਿ ਅਸੁਰ ਸਾਮੁਹਿ ਉਠਿ ਧਏ।।੪੪।।**

ਪਦ ਅਰਥ - ਸੁਭਟ = ਸੂਰਬੀਰ। ਬੁੰਦਕਾ = ਬੂੰਦਾਂ। ਸ੍ਰੋਨ = ਲਹੂ। ਉਪਜਿ = ਪੈਦਾ

Namdhari Elibrary NamdhariElibrary@gmail.com

ਹੋ ਕੇ।

ਜਦ ਉਹ ਇਸ ਇਸਤਰੀ ਦੇ ਕਈ ਸੂਰਬੀਰ ਚੱਬ ਗਏ ਤਾਂ ਫਿਰ ਉਸ ਵੀ ਬਾਣ ਚਲਾਏ. ਪਰ ਲਹੂ ਦੀਆਂ ਬੂੰਦਾਂ ਧਰਤੀ ਤੇ ਡਿੱਗਦਿਆਂ ਹੀ. ਹੋਰ ਦੈਂਤ ਪੈਦਾ ਹੋ ਕੇ ਸਾਹਮਣੇ ਵੱਲ ਚੱਲ ਪਏ ਸਨ।।੪੪।।

**ਪੁਨਿ ਅਬਲਾ ਤਿਨ ਬਿਸਿਖ ਪ੍ਰਹਾਰੇ।। ਚਲੇ ਸ੍ਰੋਨ ਕੇ ਤਹਾਂ ਪਨਾਰੇ।।**
**ਅਸੁਰ ਅਨੰਤ ਤਹਾਂ ਤੇ ਜਾਗੇ।। ਜੂਝਤ ਭਏ ਪੈਗ ਨਹਿ ਭਾਗੇ।।੪੫।।**

ਪਦ ਅਰਥ - ਬਿਸਿਖ ਪ੍ਰਹਾਰੇ = ਤੀਰ ਮਾਰੇ। ਪੈਗ ਨਹਿ ਭਾਗੇ = ਇਕ ਪੈਰ ਪਿੱਛੇ ਨਹੀਂ ਹੱਟਦੇ ਸਨ।

ਇਸਤਰੀ ਨੇ ਤੀਰਾਂ ਦਾ ਵਾਰ ਕੀਤਾ ਅਤੇ ਖੂਨ ਦੀਆਂ ਧਾਰਾਂ ਵੱਗ ਪਈਆਂ. ਫਿਰ ਦੁਬਾਰਾ ਅਨੇਕ ਦੈਂਤ ਉਠ ਖਲੋਤੇ। ਉਹ ਲੜ ਰਹੇ ਸਨ ਅਤੇ ਇਕ ਪੈਰ ਵੀ ਪਿੱਛੇ ਨਹੀਂ ਹਟਾਉਂਦੇ ਸਨ।।੪੫।।

**ਭੁਜੰਗ ਛੰਦ।। ਜਬੈ ਓਰ ਚਾਰੌ ਉਠੇ ਦੈਤ ਬਾਨੀ।। ਕਏ ਕੋਪ ਗਾੜੋ ਲਏ ਧੂਲਿ ਧਾਨੀ।।**
**ਕਿਤੇ ਮੂੰਡ ਮੁੰਡੇ ਕਿਤੇ ਅਰਧ ਮੁੰਡੇ।। ਕਿਤੇ ਕੇਸ ਧਾਰੀ ਸਿਪਾਹੀ ਪ੍ਰਚੰਡੇ।।੪੬।।**

ਚਾਰਿਆਂ ਪਾਸਿਆਂ ਤੋਂ ਦੈਂਤਾਂ ਦੀਆਂ ਆਵਾਜਾਂ ਆ ਰਹੀਆਂ ਸਨ ਅਤੇ ਉਹ ਬੜੇ ਕ੍ਰੋਧ ਵਿਚ ਆ ਰਹੇ ਸਨ ਅਤੇ ਧੂੜ ਉੱਡ ਰਹੀ ਸੀ। ਕਈ ਸਿਰ ਕੱਟ ਦਿੱਤੇ ਗਏ ਅਤੇ ਧੜ ਹੀ ਧੜ ਵਿਖਾਈ ਦੇ ਰਹੇ ਸਨ।।੪੬।।

**ਜਿਤੇ ਦੈਤ ਉਠੇ ਤਿਤੇ ਬਾਲ ਮਾਰੇ।। ਵੁਠੇ ਆਨਿ ਬਾਨਾਨਿ ਬਾਂਕੇ ਡਰਾਰੇ।।**
**ਜਿਤੇ ਸ੍ਵਾਸ ਛੋਰੈਂ ਉਠੈ ਦੈਤ ਭਾਰੇ।। ਹਠੀ ਮਾਰ ਹੀ ਮਾਰਿ ਕੈਕੈ ਪਧਾਰੇ।।੪੭।।**

ਜਿੰਨੇ ਵੀ ਦੈਂਤ ਉੱਠੇ, ਉਸ ਇਸਤਰੀ ਨੇ ਮਾਰ ਦਿੱਤੇ ਅਤੇ ਭੱਜ ਕੇ ਆਉਂਦਿਆਂ ਨੂੰ ਤੀਰਾਂ ਨਾਲ ਡਰਾਇਆ। ਉਹ ਜਿੰਨੇ ਵੀ ਸਾਹ ਲੈਂਦੇ ਸਨ, ਓਨੇ ਹੀ ਹੋਰ ਦੈਂਤ ਉਠ ਖਲੋਂਦੇ ਸਨ ਅਤੇ 'ਮਾਰੋ ਮਾਰੋ' ਚੀਕਦੇ ਹੋਏ ਬਹੁਤ ਹੱਠ ਨਾਲ ਟੁੱਟ ਕੇ ਪੈ ਜਾਂਦੇ ਸਨ।।੪੭।।

**ਕਿਤੇ ਕੋਪ ਕੈ ਬੀਰ ਬਾਲਾ ਸੰਘਾਰੇ।। ਜਿਤੇ ਦੈਤ ਢੂਕੇ ਮਹਾਂ ਬਾਹੁ ਭਾਰੇ।।**
**ਤਿਤਜੋਂ ਕਾ ਗਿਰਾ ਆਨਿ ਕੈ ਸ੍ਰੋਨ ਭੂ ਪੈ।। ਉਠੇ ਨੇਕ ਜੋਧਾ ਮਹਾਂ ਭੀਮ ਰੂਪੈ।।੪੮।।**

ਸੂਰਬੀਰ ਇਸਤਰੀ ਰੋਹ ਵਿਚ ਆ ਕੇ ਦੈਂਤਾਂ ਨੂੰ ਮਾਰਿਆ ਜਿੰਨੇ ਵੀ ਭਾਰੇ ਦੈਂਤ ਉਥੇ ਇਕੱਠੇ ਹੋਏ ਸਨ. ਉਨ੍ਹਾਂ ਸਾਰਿਆਂ ਦਾ ਖੂਨ ਧਰਤੀ ਉਤੇ ਡਿੱਗ ਪਿਆ। ਉਨ੍ਹਾਂ ਵਿਚੋਂ ਅਨੇਕਾਂ ਭਿਆਨਕ ਯੋਧੇ ਉੱਠ ਖੜੇ ਹੋਏ।।੪੮।।

**ਚੌਪਈ।। ਤਿਨਕੀ ਭੂਮਿ ਜੁ ਮੇਜਾ ਪਰਹੀਂ।। ਤਿਨ ਤੋਂ ਅਮਿਤ ਦੈਤ ਬਪੁ ਧਰਹੀਂ।।**

ਸ੍ਰੋਨ ਗਿਰੈ ਤਿਨਕੋ ਧਰ ਮਾਹੀ॥ ਰਥੀ ਗਜੀ ਬਾਜੀ ਹ੍ਵੈ ਜਾਹੀ॥੪੯॥

ਪਦ ਅਰਥ - ਮੇਜਾ = ਮਿੱਝ। ਬਪੁ = ਸਰੀਰ। ਰਥੀ = ਰੱਥਵਾਨ। ਗਜੀ = ਹਾਥੀ। ਬਾਜੀ = ਘੋੜੇ।

ਧਰਤੀ ਤੇ ਉਨ੍ਹਾਂ ਦੀ ਮਿੱਝ ਡਿੱਗੀ ਅਤੇ ਉਸ ਤੋਂ ਅਨੇਕਾਂ ਦੈਂਤਾਂ ਨੇ ਸਰੀਰ ਧਾਰਣ ਕਰ ਲਿਆ। ਉਨ੍ਹਾਂ ਦਾ ਖ਼ੂਨ ਧਰਤੀ ਉਤੇ ਡਿੱਗਦਾ ਸੀ ਤਾਂ ਉਹ ਰੱਥਵਾਨ, ਹਾਥੀਵਾਨ ਅਤੇ ਘੋੜ ਸਵਾਰ ਦੇ ਰੂਪ ਵਿਚ ਆ ਜਾਂਦੇ ਸਨ॥੪੯॥

ਪ੍ਰਾਨ ਤਜਤ ਸ੍ਵਾਸਾ ਅਰਿ ਤਜੈਂ॥ ਤਿਨ ਤੇ ਅਮਿਤ ਅਸੁਰ ਹ੍ਵੈ ਭਜੈਂ॥
ਕਿਤਕ ਅਸੁਰ ਡਾਰਤ ਭੂਅ ਲਾਰੈਂ॥ ਤਿਨ ਤੇਂ ਅਨਿਕ ਦੈਤ ਤਨ ਧਾਰੈਂ॥੫੦॥

ਪਦ ਅਰਥ - ਡਾਰਤ ਭੂਅ ਲਾਰੈਂ = ਧਰਤੀ ਤੇ ਖ਼ੂਨ ਡਿੱਗਦਾ ਸੀ।

ਦੁਸ਼ਮਣ ਸਵਾਸ ਤਿਆਗ ਕੇ ਜਦ ਪ੍ਰਾਣ ਛੱਡਦੇ ਸਨ ਤਾਂ ਉਹਨਾਂ ਤੋਂ ਅਨੇਕਾਂ ਦੈਂਤ ਪੈਦਾ ਹੋ ਕੇ ਭੱਜੇ ਚਲੇ ਆਉਂਦੇ ਸਨ। ਕਿੰਨੇ ਹੀ ਦੈਂਤ ਲੜਦੇ ਹੋਏ ਧਰਤੀ ਤੇ ਡਿੱਗ ਪੈਂਦੇ ਸਨ ਅਤੇ ਉਨ੍ਹਾਂ ਤੋਂ ਅਨੇਕਾਂ ਦੈਂਤ ਸਰੀਰ ਧਾਰਨ ਕਰ ਲੈਂਦੇ ਸਨ॥੫੦॥

ਤਿਨ ਤੇਂ ਤਜਤ ਅਸੁਰ ਜੇ ਸ੍ਵਾਸਾ॥ ਤਿਨ ਤੇਂ ਦਾਨਵ ਹੋਹਿ ਪ੍ਰਕਾਸ਼ਾ॥
ਕਿਤਕ ਮਰਤ ਕੈ ਤਰੁਨਿ ਸੰਘਾਰੇ॥ ਦਸੌ ਦਿਸਿਨ ਮਹਿ ਅਸੁਰ ਨਿਹਾਰੇ॥੫੧॥

ਫਿਰ ਜਿਹੜੇ ਦੈਂਤ ਪ੍ਰਾਣ ਤਿਆਗਦੇ ਸਨ ਤਾਂ ਉਨ੍ਹਾਂ ਤੋਂ ਹੋਰ ਦੈਂਤ ਪੈਦਾ ਹੋ ਜਾਂਦੇ ਸਨ। ਇਸਤਰੀ ਨੇ ਬਹੁਤ ਸਾਰਿਆਂ ਨੂੰ ਮਾਰਿਆ, ਪਰ ਦਸਾਂ ਪਾਸਿਆਂ ਵਲੋਂ ਦੈਂਤ ਹੀ ਦੈਂਤ ਵਿਖਾਈ ਦੇਣ ਲੱਗ ਪੈਂਦੇ ਸਨ॥੫੧॥

ਚਿਤ ਮੋਂ ਕਿਯਾ ਕਾਲਕਾ ਧਯਾਨਾ॥ ਦਰਸ਼ਨ ਦਿਯਾ ਆਨਿ ਭਗਵਾਨਾ॥
ਕਰਿ ਪ੍ਰਨਾਮ ਚਰਨਨ ਉਠਿ ਪਰੀ॥ ਬਿਨਤੀ ਭਾਂਤਿ ਅਨਿਕ ਤਨ ਕਰੀ॥੫੨॥

ਪਦ ਅਰਥ - ਕਾਲਕਾ ਧਯਾਨਾ = ਪਰਮਾਤਮਾ ਵਿਚ ਧਿਆਨ ਲਾਇਆ।

ਫਿਰ ਇਸਤਰੀ ਅੰਤਰ ਧਿਆਨ ਹੋਈ ਅਤੇ ਭਗਵਾਨ ਨੇ ਆ ਕੇ ਉਸ ਨੂੰ ਦਰਸ਼ਨ ਦਿੱਤੇ. ਉਹ ਨਮਸ਼ਕਾਰ ਕਰਕੇ ਉਸਦੇ ਚਰਨਾਂ ਵਿਚ ਡਿੱਗ ਪਈ ਅਤੇ ਕਈ ਪ੍ਰਕਾਰ ਨਾਲ ਬੇਨਤੀਆਂ ਕਰਨ ਲੱਗੀ॥੫੨॥

ਸੱਤਿ ਕਾਲ ਮੈਂ ਦਾਸ ਤਿਹਾਰੀ॥ ਅਪਨੀ ਜਾਨਿ ਕਰੋ ਪ੍ਰਤਿਪਾਰੀ॥
ਗੁਨ ਅਵਗੁਨ ਮੁਰ ਕਛੂ ਨ ਨਿਹਾਰਹੁ॥ ਬਾਹਿ ਗਹੇ ਕੀ ਲਾਜ ਬਿਚਾਰਹੁ॥੫੩॥

ਉਹ ਕਹਿਣ ਲੱਗੀ,"ਹੇ ਸੱਚੇ ਅਕਾਲ ਪੁਰਖ ! ਮੈਂ ਤੁਹਡੀ ਦਾਸੀ ਹਾਂ ਅਤੇ ਮੈਨੂੰ ਆਪਣੀ ਸਮਝ ਕੇ ਮੇਰੀ ਪਾਲਣਾਂ ਕਰੋ। ਮੇਰੇ ਗੁਣ ਔਗੁਣ ਨ ਵੇਖੋ ਅਤੇ ਆਪਣੀ ਸ਼ਰਨ ਵਿਚ ਆਈ ਦੀ ਲਾਜ ਰੱਖੋ।।੫੩।।

**ਹਮ ਹੈਂ ਸ਼ਰਨਿ ਤੋਰ ਮਹਾਂਰਾਜਾ।। ਤੁਮ ਕਹ ਬਾਹਿ ਗਹੇ ਕੀ ਲਾਜਾ।।**
**ਜੌ ਤਵ ਭਗਤ ਨੈਕ ਦੁਖ ਪੈਹੈ।। ਦੀਨ ਦਜਾਲ ਪ੍ਰਭੁ ਬਿਰਦੁ ਲਜੈਹੈ।।੫੪।।**

ਪਦ ਅਰਥ - ਨੈਕ = ਥੋੜਾ ਜਿਹਾ ਵੀ। ਬਿਰਦੁ = ਸਿੱਖ, ਮੁਰੀਦ, ਚੇਲਾ।

ਹੇ ਮਹਾਰਾਜ ! ਮੈਂ ਤੁਹਾਡੀ ਸ਼ਰਨ ਆਈ ਹਾਂ, ਮੇਰੀ ਬਾਂਹ ਫੜ ਕੇ ਮੇਰੀ ਲਾਜ ਰੱਖੋ। ਹੇ ਪ੍ਰਭੂ ਜਦ ਕੋਈ ਤੁਹਾਡਾ ਭਗਤ ਥੋੜਾ ਜਿਹਾ ਵੀ ਦੁਖ ਪਾਉਂਦਾ ਹੈ ਤਾਂ ਹੇ ਦੀਨ ਦਿਆਲ ਤੁਸੀਂ ਆਪਣੇ ਸਿੱਖ ਦੀ ਲਾਜ ਰੱਖਦੇ ਹੋ।।੫੪।।

**ਐ ਕਹ ਲਗਿ ਮੈਂ ਕਰੌ ਪੁਕਾਰਾ।। ਤੈਂ ਘਟ ਘਟ ਕੀ ਜਾਨਨਿਹਾਰਾ।।**
**ਕਹੀ ਏਕ ਕਰਿ ਸਹਸ ਪਛਿਨ ਯਹੁ।। ਆਪੁ ਆਪਨੇ ਬਿਰਦਹਿ ਜਨਿਯਹੁ।।੫੫।।**

ਪਦ ਅਰਥ - ਕਹ ਲਗਿ = ਕਿਥੋਂ ਤਕ। ਸਹਸ = ਹਜ਼ਾਰ। ਘਟ ਘਟ = ਦਿਲ, ਮਨ।

ਹੁਣ ਮੈਂ ਕਿਥੋਂ ਤਕ ਪੁਕਾਰ ਕਰਾਂ, ਤੁਸੀਂ ਤਾਂ ਘਟ ਘਟ ਦੀ ਜਾਣਨ ਵਾਲੇ ਹੋ। ਸਾਡੇ ਇਕ ਵਾਰ ਕਹਿਣ ਨੂੰ ਤੁਸੀਂ ਹਜ਼ਾਰ ਵਾਰ ਪਛਾਣਦੇ ਹੋ, ਤੁਸੀਂ ਆਪ ਆਪਣੇ ਭਗਤ ਨੂੰ ਚੰਗੀ ਤਰ੍ਹਾਂ ਜਾਣਦੇ ਹੋ।।੫੫।।

**ਹੜ ਹੜ ਸੁਨਤ ਕਾਲ ਬਚ ਹਸਾ।। ਭਗਤ ਹੇਤ ਕਟਿ ਸੌ ਅਸਿ ਕਸਾ।।**
**ਚਿੰਤ ਨ ਕਰਿ ਮੈਂ ਅਸੁਰ ਸੰਘਰਿਹੌ।। ਸਕਲ ਸ਼ੋਕ ਭਗਤਨ ਕੋ ਹਰਿਹੌ।।੫੬।।**

ਪਦ ਅਰਥ - ਅਸਿ = ਤਲਵਾਰ। ਚਿੰਤ = ਚਿੰਤਾ। ਸੰਘਰਿਹੌ = ਮਾਰਾਂਗਾ। ਹਰਿ ਹੌ = ਦੂਰ, ਨਾਸ।

ਇਹ ਗੱਲ ਸੁਣ ਕੇ ਕਾਲ ਖਿੜ ਖਿੜਾ ਕੇ ਹੱਸਿਆ ਅਤੇ ਆਪਣੇ ਭਗਤ ਦੀ ਖਾਤਰ ਉਸ ਕਿਰਪਾਨ ਆਪਣੀ ਕਮਰ ਨਾਲ ਕੱਸ ਲਈ। ਉਹ ਕਹਿਣ ਲੱਗਾ ਕਿ ਤੁਸੀਂ ਚਿੰਤਾ ਨ ਕਰੋ, ਮੈਂ ਭਗਤਾਂ ਦੇ ਸਭ ਦੁਖ ਦੂਰ ਕਰਾਂਗਾ।।੫੬।।

**ਅਮਿਤ ਅਸੁਰ ਉਪਜੇ ਥੇ ਜਹਾਂ।। ਪ੍ਰਾਪਤਿ ਭਯੋ ਕਾਲ ਚਲਿ ਤਹਾਂ।।**
**ਚਹੂੰ ਕਰਨ ਕਰਿ ਸ਼ਸਤ੍ਰ ਪ੍ਰਹਾਰੇ।। ਦੈਤ ਅਨੇਕ ਮਾਰ ਹੀ ਡਾਰੇ।।੫੭।।**

ਪਦ ਅਰਥ - ਚਹੂੰ ਕਰਨ ਕਰ = ਚੌਹਾਂ ਹੱਥਾਂ ਨਾਲ।

ਜਿਥੇ ਅਨੇਕਾਂ ਦੈਂਤ ਪੈਦਾ ਹੋਏ ਸੀ. ਕਾਲ ਉਥੇ ਜਾ ਪਹੁੰਚਿਆ। ਚੌਂਹਾਂ ਹੱਥਾਂ ਨਾਲ ਸ਼ਸਤਰ ਚਲਾ ਕੇ ਉਸ ਅਨੇਕਾਂ ਦੈਂਤਾਂ ਨੂੰ ਮਾਰ ਦਿੱਤਾ।।੫੭।।

**ਤਿਨ ਤੇ ਪਰਾ ਸ੍ਰੋਨ ਜੋ ਭੂ ਪਰ।।ਅਸੁਰ ਅਮਿਤ ਧਾਵਤ ਭੇ ਉਠਿ ਕਰਿ।।**
**ਤਿਨ ਤੇ ਚਲਤ ਸ੍ਵਾਸ ਤੇ ਛੂਟੇ।।ਅਮਿਤ ਦੈਤ ਰਨ ਕਹ ਉਠਿ ਜੂਟੇ।।੫੮।।**

ਉਨ੍ਹਾਂ ਦਾ ਖੂਨ ਧਰਤੀ ਤੇ ਡਿੱਗਣ ਨਾਲ, ਅਨੇਕਾਂ ਹੋਰ ਦੈਂਤ ਪੈਦਾ ਹੋ ਕੇ ਭੱਜ ਪਏ। ਹੁਣ ਉਨ੍ਹਾਂ ਦੇ ਸਾਹਾਂ ਨਾਲ ਅਨੇਕਾਂ ਦੈਂਤ ਉਠ ਖਲੋਤੇ ਅਤੇ ਯੁੱਧ ਕਰਨ ਲੱਗ ਗਏ।।੫੮।।

**ਤੇ ਸਭ ਕਾਲ ਤਨਿਕ ਮੋ ਮਾਰੇ।।ਚਲਤ ਭਏ ਭੂਅ ਰੁਧਿਰ ਪਨਾਰੇ।।**
**ਉਪਜਿ ਅਸੁਰ ਤਾਂਤੇ ਬਹੁ ਠਾਢੇ।।ਧਾਵਤ ਭਏ ਰੋਸ ਕਰਿ ਗਾਢੇ।।੫੯।।**

ਪਦ ਅਰਥ - ਰੁਧਿਰ ਪਨਾਰੇ = ਲਹੂ ਦੇ ਪਰਨਾਲੇ। ਉਪਿਜ = ਪੈਦਾ ਹੋਏ।

ਕਾਲ ਨੇ ਉਨ੍ਹਾਂ ਨੂੰ ਖਿਣ ਭਰ ਵਿਚ ਮਾਰ ਦਿੱਤਾ ਅਤੇ ਧਰਤੀ ਉੱਤੇ ਖੂਨ ਦੇ ਪਰਨਾਲੇ ਚੱਲਣ ਲੱਗੇ। ਦੈਂਤ ਦੁਬਾਰਾ ਪੈਦਾ ਹੋ ਕੇ ਖੜੇ ਹੋ ਗਏ ਅਤੇ ਗੁੱਸੇ ਵਿਚ ਆ ਕੇ ਅੱਗੇ ਵੱਧਣ ਲੱਗੇ।।੫੯।।

**ਮਾਰਿ ਮਾਰਿ ਦਿਸਿ ਦਸੌ ਪੁਕਾਰੈਂ।।ਤਿਨ ਤੇ ਅਮਿਤ ਅਸੁਰ ਤਨ ਧਾਰੈਂ।।**
**ਬਾਰ ਚਲਤ ਤਿਨ ਤੇਂ ਜੋ ਦੌਰੈ।।ਤਿਨ ਤੇ ਹੋਤ ਅਸੁਰ ਪ੍ਰਗਟੌਰੈ।।੬੦।।**

ਦਸਾਂ ਪਾਸਿਆਂ ਵਿਚ ਉਹ 'ਮਾਰ ਮਾਰ' ਕਹਿਣ ਲੱਗੇ ਅਤੇ ਉਨ੍ਹਾਂ ਦੇ ਸਾਹਾਂ ਨਾਲ ਅਨੇਕਾਂ ਦੈਂਤ ਸਰੀਰ ਧਾਰਨ ਕਰ ਰਹੇ ਸੀ। ਉਹਨਾਂ ਦੇ ਭੱਜਣ ਨਾਲ ਜੋ ਹਵਾ ਚਲਦੀ ਸੀ ਤਾਂ ਉਸ ਤੋਂ ਅਨੇਕਾਂ ਹੋਰ ਦੈਂਤ ਪੈਦਾ ਹੋ ਜਾਂਦੇ ਸਨ।।੬੦।।

**ਲਗੇ ਘਾਇ ਜੋ ਸ੍ਰੋਨ ਬਮਾਹੀ।।ਤਿਹ ਤੇਂ ਗਜ ਬਾਜੀ ਹ੍ਵੈ ਜਾਹੀ।।**
**ਤਿਹ ਤੇ ਚਲਿਤ ਆਨਿਤ ਜੋ ਸ੍ਵਾਸਾ।।ਤਿਨ ਤੇ ਅਸੁਰ ਕਰਤ ਪਰਗਾਸਾ।।੬੧।।**

ਪਦ ਅਰਥ - ਸ੍ਰੋਨ ਬਿਮਾਹੀ = ਖੂਨ ਨਿਕਲਦਾ ਸੀ। ਗਜ ਬਾਜੀ = ਹਾਥੀ ਘੋੜੇ। ਪਰਗਾਸਾ = ਪਰਗਟ ਹੋ ਜਾਂਦੇ ਸਨ।

ਜ਼ਖਮੀ ਹੋ ਜਾਣ ਨਾਲ ਜਿਹੜਾ ਖੂਨ ਨਿਕਲਦਾ ਸੀ. ਉਸ ਨਾਲ ਹਾਥੀ ਘੋੜੇ ਬਣ ਰਹੇ ਸਨ। ਉਹ ਜਿਹੜੇ ਸਾਹ ਲੈਂਦੇ ਸਨ, ਉਸ ਨਾਲ ਹੋਰ ਦੈਂਤ ਪਰਗਟ ਹੋ ਜਾਂਦੇ ਸਨ।।੬੧।।

**ਅਨਗਨ ਕਾਲ ਅਸੁਰ ਤਬ ਮਾਰੇ।।ਪਰੇ ਭੂਮਿ ਪਰ ਮਨਹੁ ਮੁਨਾਰੇ।।**
**ਮੇਧਾ ਤੇ ਗਜ ਬਾਜ ਉਠਾਹੀ।।ਸ੍ਰੋਨਤ ਕੇ ਦਾਨਵ ਹ੍ਵੈ ਜਾਹੀ।।੬੨।।**

ਕਾਲ ਨੇ ਅਨੇਕਾਂ ਦੈਂਤਾਂ ਨੂੰ ਮਾਰਿਆ. ਜਿਹੜੇ ਧਰਤੀ ਤੇ ਪਏ, ਮੁਨਾਰਿਆਂ ਵਾਂਗ ਲੱਗ ਰਹੇ

ਸਨ। ਮਿੱਝ ਨਾਲ ਹਾਥੀ ਘੋੜੇ ਬਣ ਰਹੇ ਸਨ ਅਤੇ ਖੂਨ ਨਾਲ ਦੈਂਤ ਬਣਦੇ ਜਾ ਰਹੇ ਸਨ।।੬੨।।

**ਬਾਨਨ ਕੀ ਬਰਖਾ ਉਠਿ ਕਰਹੀ।। ਮਾਰਿ ਮਾਰਿ ਕਰਿ ਕੋਪ ਉਚਰਹੀ।।**
**ਤਿਨ ਤੇ ਅਸੁਰਨ ਕਿਯਾ ਪਸਾਰਾ।। ਦਸੋ ਦਿਸਨ ਹੂੰ ਕਹ ਭਰਿ ਡਾਰਾ।।੬੩।।**

ਤੀਰਾਂ ਦੀ ਉਹ ਵਰਖਾ ਕਰ ਰਹੇ ਸਨ ਅਤੇ ਕ੍ਰੋਧ ਵਿਚ ਆ ਕੇ 'ਮਾਰ ਮਾਰ' ਕਹਿ ਰਹੇ ਸਨ। ਉਨ੍ਹਾਂ ਦੈਂਤਾਂ ਤੋਂ ਹੋਰ ਬਹੁਤ ਦੈਂਤ ਪੈਦਾ ਹੋ ਗਏ ਅਤੇ ਦਸ ਪਾਸੇ ਦੈਂਤਾਂ ਨਾਲ ਹੀ ਭਰ ਗਏ।।੬੩।।

**ਵਹੈ ਕਾਲਕਾ ਅਸੁਰ ਖਪਾਏ।। ਮਾਰਿ ਦੁਬਹਿਯਾ ਧੂਰਿ ਮਿਲਾਏ।।**
**ਪੁਨਿ ਪੁਨਿ ਉਠੈਂ ਪ੍ਰਹਾਰੈਂ ਬਾਨਾ।। ਤਿਨ ਤੇ ਧਰਤ ਅਸੁਰ ਤਨ ਨਾਨਾ।।੬੪।।**

ਪਦ ਅਰਥ - ਕਾਲਕਾ = ਕਾਲ। ਖਪਾਏ = ਮਾਰ ਦਿੱਤੇ। ਦੁਬਹਿਯਾ = ਦੋ ਬਾਹਾਂ ਵਾਲੇ। ਧੂਰਿ=ਮਿੱਟੀ। ਪੁਨਿ ਪੁਨਿ = ਦੁਬਾਰਾ ਦੁਬਾਰਾ। ਪ੍ਰਹਾਰੈਂ = ਚਲਾਉਂਦੇ ਸਨ।

ਕਾਲ ਨੇ ਦੈਂਤਾਂ ਨੂੰ ਮਾਰ ਦਿੱਤਾ ਅਤੇ ਦੋ ਬਾਹਾਂ ਵਾਲਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਉਹ ਵਾਰ ਵਾਰ ਉੱਠ ਕੇ ਤੀਰ ਚਲਾ ਰਹੇ ਸਨ ਅਤੇ ਉਨ੍ਹਾਂ ਤੋਂ ਅਨੇਕਾਂ ਹੋਰ ਦੈਂਤ ਪੈਦਾ ਹੋ ਰਹੇ ਸਨ।।੬੪।।

**ਟੂਕ ਟੂਕ ਦਾਨਵ ਜੇ ਜਏ।। ਤਿਨ ਤੇਂ ਅਨਿਕ ਅਸੁਰ ਹ੍ਵੈ ਗਏ।।**
**ਤਾਹੀ ਤੇਂ ਦਾਨਵ ਬਹੁ ਹ੍ਵੈ ਕਰਿ।। ਜੁੱਧ ਕਰੈਂ ਆਯੁਧ ਤੇ ਲੈ ਕਰਿ।।੬੫।।**

ਜਿਹੜੇ ਦੈਂਤ ਟੋਟੇ ਟੋਟੇ ਹੋ ਗਏ ਸਨ, ਉਨ੍ਹਾਂ ਤੋਂ ਅਨੇਕਾਂ ਹੋਰ ਦੈਂਤ ਪੈਦਾ ਹੋ ਗਏ। ਉਨ੍ਹਾਂ ਤੋਂ ਪੈਦਾ ਹੋਏ ਅਨੇਕਾਂ ਦੈਂਤ, ਹੱਥਾਂ ਵਿਚ ਹਥਿਆਰ ਫੜ ਕੇ ਯੁੱਧ ਕਰ ਰਹੇ ਸਨ।।੬੫।।

**ਬਹੁਰਿ ਕਾਲ ਵੈ ਦੈਤ ਸੰਘਾਰੇ।। ਤਿਲ ਤਿਲ ਪਾਇ ਟੂਕ ਕਰਿ ਡਾਰੇ।।**
**ਜੇਤਿਕ ਗਿਰੈਂ ਭੂਮਿ ਟੁਕ ਹ੍ਵੈ ਕੈ।। ਤਿਤਹੀ ਉਠੈਂ ਆਯੁਧਨ ਲੈਕੈ।।੬੬।।**

ਫਿਰ ਕਾਲ ਨੇ ਉਨ੍ਹਾਂ ਨੂੰ ਮਾਰ ਦਿੱਤਾ ਅਤੇ ਉਨ੍ਹਾਂ ਨੂੰ ਟੋਟੇ ਟੋਟੇ ਕਰ ਦਿੱਤਾ। ਧਰਤੀ ਉੱਤੇ ਜਿੰਨੇ ਟੋਟੇ ਹੋ ਕੇ ਉਹ ਡਿੱਗਦੇ ਸਨ, ਉਨੇ ਹੀ ਹੋਰ ਪੈਦਾ ਹੋ ਕੇ ਸ਼ਸਤਰ ਹੱਥਾਂ ਵਿਚ ਫੜ ਕੇ ਉੱਠ ਖਲੋਂਦੇ ਸਨ।।੬੬।।

**ਤਿਲ ਤਿਲ ਕਰਿ ਭਟ ਜਿਤਕ ਉਡਾਏ।। ਤੇਤਕ ਤਹਾਂ ਅਸੁਰ ਬਨ ਆਏ।।**
**ਤਿਨਕੇ ਟੂਕ ਟੂਕ ਜੇ ਕੀਏ।। ਤਿਨਤੇ ਬਹੁ ਦਾਨਵ ਭਵ ਲੀਏ।।੬੭।।**

ਤਿਲ ਤਿਲ ਕਰਕੇ ਜਿੰਨੇ ਵੀ ਸੂਰਬੀਰ ਉਡਾਏ, ਓਨੇ ਹੀ ਉਥੇ ਹੋਰ ਆ ਗਏ। ਉਨ੍ਹਾਂ ਦੇ ਜਿੰਨੇ ਵੀ ਟੁਕੜੇ ਕੀਤੇ, ਉਨ੍ਹਾਂ ਤੋਂ ਹੋਰ ਦੈਂਤ ਪੈਦਾ ਹੋ ਗਏ।।੬੭।।

Namdhari Elibrary NamdhariElibrary@gmail.com

ਕੇਤਿਕ ਤਹਾਂ ਸੁਭੈ ਦੰਤੀ ਰਨ।।ਸੀਂਚਹਿ ਸੁੰਡ ਬਾਰਿ ਤੇ ਸਭ ਤਨ।।
ਦਾਂਤ ਦਿਖਾਇ ਤਜੈ ਚਿੰਘਾਰਾ।।ਗਿਰਿ ਗਿਰਿ ਪਰੈਂ ਨਿਰਖਿ ਅਸਵਾਰਾ।।੬੮।।

ਪਦ ਅਰਥ - ਦੰਤੀ = ਹਾਥੀ। ਸੀਂਚਹਿ = ਪਾਣੀ ਸੁਟਦੇ ਸਨ। ਦਾਂਤ ਦਿਖਾਏ = ਦੰਦ ਵਖਾਉਂਦੇ ਸਨ। ਚਿੰਘਾਰਾ = ਚਾਂਘਰਾਂ ਮਾਰਦੇ ਸਨ।

ਬਹੁਤ ਗਿਣਤੀ ਵਿਚ ਹਾਥੀ ਮੈਦਾਨ ਵਿਚ ਸ਼ੋਭ ਰਹੇ ਸਨ, ਉਹ ਆਪਣੀਆਂ ਸੁੰਡਾਂ ਵਿਚ ਪਾਣੀ ਭਰ ਕੇ ਸਾਰਿਆਂ ਨੂੰ ਗਿੱਲਾ ਕਰ ਰਹੇ ਸਨ। ਦੰਦ ਵਿਖਾ ਕੇ ਉਹ ਚਿੰਘਾੜਦੇ ਸਨ, ਜਿਨ੍ਹਾਂ ਨੂੰ ਸੁਣ ਕੇ ਸਵਾਰ ਡਿੱਗ ਰਹੇ ਸਨ।।੬੮।।

ਕਹੂੰ ਭੇਰ ਭੀਖਨ ਭਭਕਾਰਹਿ।।ਕਹੂੰ ਬੀਰ ਬਾਜੀ ਰਨ ਡਾਰਹਿ।।
ਕਿਤਕ ਸੂਰ ਸੈਹਥੀ ਫਿਰਾਵਤ।।ਮਹਾ ਕਾਲ ਕੇ ਸਨਮੁਖ ਧਾਵਤ।।੬੯।।

ਕਿਤੇ ਭੀਖਣ ਭੇਰੀਆਂ ਭਭਕ ਰਹੀਆਂ ਸਨ ਅਤੇ ਕਿਤੇ ਘੋੜੇ ਸੂਰਮਿਆਂ ਨੂੰ ਥੱਲੇ ਡੇਗ ਰਹੇ ਸਨ। ਕਿੰਨੇ ਹੀ ਸੂਰਮੇ ਬਰਛੇ ਘੁਮਾਉਂਦੇ ਮਹਾਂ ਕਾਲ ਦੇ ਸਾਹਮਣੇ ਆ ਡਟਦੇ ਸਨ।।੬੯।।

ਕੇਤਿਕ ਬੱਜ੍ਰ ਬਰਛਿਯਨ ਲੈਕੈ।।ਧਾਵਤ ਅਸੁਰ ਕੋਪ ਤਨ ਤੈਕੈ।।
ਕੋਪਿ ਕਾਲ ਪਰ ਕਰਤ ਪ੍ਰਹਾਰਾ।।ਜਾਨੁਕ ਸਲਭ ਦੀਪ ਅਨੁਹਾਰਾ।।੭੦।।

ਪਦ ਅਰਥ - ਧਾਵਤ = ਧਾਵਾ ਕਰ ਰਹੇ ਸਨ। ਕੋਪਿ = ਕ੍ਰੋਧ। ਸਲਭ = ਟਟਹਿਣਾ, ਜੁਗਨੂੰ।

ਕਿੰਨੇ ਹੀ ਦੈਂਤ ਬੱਜਰ ਬਰਛੀਆਂ ਲੈ ਕੇ ਅਤੇ ਰੋਹ ਵਿਚ ਆ ਕੇ ਟੁੱਟ ਟੁੱਟ ਕੇ ਪੈ ਰਹੇ ਸਨ। ਉਹ ਕ੍ਰੋਧ ਵਿਚ ਆ ਕੇ ਕਾਲ ਉਤੇ ਵਾਰ ਕਰਦੇ ਇੰਝ ਲੱਗਦੇ ਸਨ, ਜਿਵੇਂ ਟਟਹਿਣਾ (ਜੁਗਨੂੰ) ਦੀਵੇ ਉਤੇ ਵਾਰ ਕਰ ਰਿਹਾ ਹੋਵੇ।।੭੦।।

ਭਰੇ ਗੁਮਾਨ ਬਡੇ ਗਰਬੀਲੇ।।ਧਾਵਤ ਚੌਂਪਿ ਚੜੇ ਚਟਕੀਲੇ।।
ਪੀਸਿ ਪੀਸਿ ਰਦਨੰਛਦ ਦੋਊ।।ਧਾਵਤ ਮਹਾਂ ਕਾਲ ਪਰ ਸੋਊ।।੭੧।।

ਪਦ ਅਰਥ - ਗੁਮਾਨ = ਮਾਣ। ਗਰਬੀਲੇ = ਘੁਮੰਡੀ। ਰਦਨੰਛਦ = ਦੰਦ।

ਹੰਕਾਰ ਦੇ ਭਰੇ ਉਹ ਬਹੁਤ ਘਮੰਡੀ ਸਨ। ਬੜੀ ਫੁਰਤੀ ਨਾਲ ਉਹ ਭੱਜ ਰਹੇ ਸਨ ਅਤੇ ਦੰਦ ਪੀਸ ਪੀਸ ਕੇ ਮਹਾਂ ਕਾਲ ਉਤੇ ਧਾਵਾ ਬੋਲ ਰਹੇ ਸਨ।।੭੧।।

ਬਾਜਹਿ ਢੋਲ ਮ੍ਰਿਦੰਗ ਨਗਾਰਾ।।ਭੀਖਨ ਕਰਤ ਭੇਰ ਭਭਕਾਰਾ।।
ਜੰਗ ਮੁਚੰਗ ਉਪੰਗ ਬਜੇ ਰਨ।।ਝਾਲਰਿ ਤਾਲ ਨਫੀਰਨ ਕੇ ਗਨ।।੭੨।।

ਢੋਲ, ਮ੍ਰਦੰਗ ਅਤੇ ਨਗਾਰੇ ਵੱਜ ਰਹੇ ਸਨ ਅਤੇ ਭੀਖਨ ਭੇਰੀਆਂ ਭਭਕ ਰਹੀਆਂ ਸਨ। ਯੁੱਧ ਵਿਚ ਮੁਚੰਗ, ਉਪੰਗ, ਝਾਲਰ ਅਤੇ ਤੂਤੀਆਂ ਵੱਜ ਰਹੀਆਂ ਸਨ॥੭੨॥

**ਮੁਰਲੀ ਮੁਰਜ ਕਹੀ ਰਨ ਬਾਜਤ॥ ਦਾਨਵ ਭਰੇ ਗੁਮਾਨਹਿ ਗਾਜਤ॥**
**ਢੋਲਨ ਪਰ ਦੈਦੈ ਢਮਕਾਰੇ॥ ਗਹਿ ਗਹਿ ਧਵਤ ਕ੍ਰਿਪਾਨ ਕਟਾਰੇ॥੭੩॥**

ਜੰਗ ਵਿਚ ਮ੍ਰਦੰਗ ਅਤੇ ਮੁਰਲੀ ਵੱਜ ਰਹੀ ਸੀ ਅਤੇ ਦਾਨਵ ਹੰਕਾਰ ਨਾਲ ਭਰੇ ਹੋਏ ਸਨ। ਢੋਲ ਵਜਾ ਕੇ ਅਤੇ ਕਿਰਪਾਨਾਂ ਕਟਾਰਾਂ ਹੱਥਾਂ ਵਿਚ ਫੜ ਕੇ ਉਹ ਭੱਜ ਰਹੇ ਸਨ॥੭੩॥

**ਦੀਰਘ ਦਾਂਤ ਕਾਢਿ ਕਈ ਕੋਸਾ॥ ਧਾਵਤ ਅਸੁਰ ਹੀਏ ਕਰਿ ਜੋਸਾ॥**
**ਮਾਰਨ ਮਹਾਂਕਾਲ ਕਹ ਧਾਵੈਂ॥ ਮਨੋ ਮਾਰਤ ਵੇਈਂ ਮਰਿ ਜਾਵੈਂ॥੭੪॥**

ਪਦ ਅਰਥ - ਦੀਰਘ = ਲੰਮੇ। ਜੋਸਾ = ਜੋਸ਼ ਵਿਚ।

ਲੰਮੇ ਲੰਮੇ ਦੰਦ ਕਈ ਕੋਹਾਂ ਤਕ ਕੱਢ ਕੇ ਅਤੇ ਹਿਰਦੇ ਵਿਚ ਜੋਸ਼ ਭਰ ਕੇ, ਉਹ ਭੱਜ ਰਹੇ ਸਨ। ਉਹ ਮਹਾਂਕਾਲ ਨੂੰ ਮਾਰਨ ਵਾਸਤੇ ਜਾਂਦੇ ਸਨ, ਪਰ ਉਸ ਨੂੰ ਮਾਰਦੇ ਮਾਰਦੇ ਆਪ ਹੀ ਮਰ ਜਾਂਦੇ ਸਨ॥੭੪॥

**ਦਾਨਵ ਮਹਾਂ ਕੋਪ ਕਰਿ ਢੂਕੇ॥ ਮਾਰਹਿ ਮਾਰਿ ਦਸੋ ਦਿਸਿ ਕੂਕੇ॥**
**ਦੈ ਦੈ ਢੋਲਿ ਮ੍ਰਿਦੰਗ ਨਗਾਰੇ॥ ਕਾਢਿ ਅਰਿ ਦਾਂਤਿ ਡਰਾਰੇ॥੭੫॥**

ਦੈਂਤ ਬਹੁਤ ਗੁੱਸੇ ਵਿਚ ਆ ਕੇ ਇਕੱਠੇ ਹੋਏ ਅਤੇ ਦਸਾਂ ਪਾਸਿਆਂ ਤੋਂ 'ਮਾਰੋ ਮਾਰੋ' ਦੀ ਆਵਾਜ਼ ਸੁਣਾਈ ਦੇ ਰਹੀ ਸੀ। ਢੋਲ, ਮ੍ਰਦੰਗ ਅਤੇ ਨਗਾਰੇ ਵਜਾ ਵਜਾ ਕੇ ਅਤੇ ਲੰਮੇ ਲੰਮੇ ਦੰਦ ਕੱਢ ਕੇ ਉਹ ਦੁਸ਼ਮਣ ਨੂੰ ਡਰਾ ਰਹੇ ਸਨ॥੭੫॥

**ਚਾਹਤ ਮਹਾਂ ਕਾਲ ਕਹ ਮਾਰੋ॥ ਮਹਾਂ ਮੂਰਖ ਨਹਿ ਕਰਤ ਬਿਚਾਰੋ॥**
**ਜਿਨ ਸਭ ਜਗ ਕਾ ਕਰਾ ਪਸਾਰਾ॥ ਤਾਂਹਿ ਚਹਤ ਤੇ ਮੂੜ੍ਹ ਸੰਘਾਰਾ॥੭੬॥**

ਉਹ ਮਹਾਂਕਾਲ ਨੂੰ ਮਾਰਨਾ ਚਾਹੁੰਦੇ ਸੀ, ਪਰ ਮੂਰਖ ਇਹ ਨਹੀਂ ਸੋਚ ਰਹੇ ਸਨ ਕਿ ਜਿਸ ਮਹਾਂਕਾਲ ਨੇ ਸਾਰੇ ਸੰਸਾਰ ਦੀ ਉਤਪਤੀ ਕੀਤੀ ਹੈ, ਉਹ ਮੂਰਖ ਉਸ ਨੂੰ ਮਾਰਨਾ ਲੋਚ ਰਹੇ ਸਨ॥੭੬॥

**ਠੋਕਿ ਠੋਕਿ ਭੁਜ ਦੰਡਨ ਜੋਧਾ॥ ਧਾਵਤ ਮਹਾਂ ਕਾਲ ਪਰ ਕ੍ਰੋਧਾ॥**
**ਬੀਸ ਪਦੁਮ ਦਾਨਵ ਤਵ ਭਯੋ॥ ਨਾਸ ਕਰਨ ਕਾਲੀ ਕੋ ਧਯੋ॥੭੭॥**

ਆਪਣੀਆਂ ਬਾਹਾਂ ਨੂੰ ਠੋਕ ਠੋਕ ਕੇ ਯੋਧੇ ਮਹਾਂਕਾਲ ਨੂੰ ਟੁੱਟ ਟੁੱਟ ਕੇ ਪੈ ਰਹੇ ਸਨ। ਵੀਹ ਪਦਮ ਦੈਂਤਾਂ ਦੀ ਫੌਜ ਕਾਲ ਨੂੰ ਮਾਰਨ ਵਾਸਤੇ ਚੱਲ ਪਈ॥੭੭॥

Namdhari Elibrary NamdhariElibrary@gmail.com

**********************************************************

**ਛੂਹਨਿ ਸਹਸ ਅਸੁਰ ਕੀ ਸੈਨਾ।।ਧਾਵਤ ਭਈ ਅਰੁਨ ਕਰਿ ਨੈਨਾ।।**
**ਧਾਵਤ ਕੋਪ ਅਮਿਤ ਕਰਿ ਭਏ।।ਪ੍ਰਿਥਵੀ ਕੇ ਖਟ ਪਟ ਉਡਿ ਗਏ।।੭੮।।**

ਪਦ ਅਰਥ - ਅਰੁਨ ਪਰਿ ਨੈਨਾ = ਅੱਖਾਂ ਲਾਲ ਕਰਕੇ ਖਟ ਪਟ ਉੱਡ ਗਏ। ਛੇ ਭਾਗ ਪ੍ਰਿਥਵੀ ਧੂੜ ਬਣ ਕੇ ਹੀ ਉੱਡ ਗਈ।

ਦੈਂਤਾਂ ਦੀ ਹਜ਼ਾਰ ਖੂਹਣੀ ਸੈਨਾ ਅੱਖਾਂ ਲਾਲ ਕਰਕੇ ਚੱਲ ਪਈ। ਉਹ ਬਹੁਤ ਕਰੋਧ ਵਿਚ ਭੱਜੇ ਅਤੇ ਛੇ ਖੰਡ ਪ੍ਰਿਥਵੀ ਤਾਂ ਮਾਨੋਂ ਧੂੜ ਬਣ ਕੇ ਹੀ ਉੱਡ ਗਈ।।੭੮।।

**ਏਕੈ ਪੁਰ ਪ੍ਰਿਥਵੀ ਰਹਿ ਗਈ।।ਖਟ ਪਟ ਹਯਨ ਪਗਨ ਉਡਿ ਗਈ।।**
**ਜਨੁ ਬਿਧਿ ਏਕੈ ਰਚਾ ਪਯਾਰਾ।।ਗਗਨ ਰਚੇ ਦਸ ਤੀਨਿ ਸੁਧਾਰਾ।।੭੯।।**

ਧਰਤੀ ਇਕ ਹੀ ਖੰਡ ਰਹਿ ਗਈ ਅਤੇ ਉਸ ਦੇ ਛੇ ਖੰਡ ਤਾਂ ਘੋੜਿਆਂ ਦੇ ਪੈਰਾਂ ਨਾਲ ਹੀ ਉੱਡ ਗਏ। ਜਿਸ ਤਰ੍ਹਾਂ ਵਿਧਾਤਾ ਨੇ ਮਾਨੋਂ ਇਕ ਦੀ ਹੀ ਖੰਡ ਦੀ ਰਚਨਾਂ ਕੀਤੀ ਹੋਵੇ ਅਤੇ ਆਕਾਸ਼ ਵੀ ਤੇਰਾਂ ਹੀ ਬਣਾਏ ਹੋਣ।।੭੯।।

**ਮਹਾਂਦੇਵ ਆਸਨ ਤੇਂ ਟਰਾ।।ਬ੍ਰਹਮਾ ਤ੍ਰਸਤ ਬੂਟ ਮਹਿ ਦੁਰਾ।।**
**ਨਿਰਖਿ ਬਿਸ਼ਨ ਰਨ ਅਧਿਕ ਡਰਾਨਾ।।ਦੁਰਾਸਿੰਧ ਕੇ ਬੀਚ ਲਜਾਨਾ।।੮੦।।**

ਪਦ ਅਰਥ - ਮਹਾਂਦੇਵ = ਇੰਦਰ। ਬੂਟ = ਬੂਟਾ, ਰੁੱਖ। ਦੁਰਾ = ਲੁੱਕ ਗਿਆ। ਤ੍ਰਸਤ = ਡਰਦਾ ਮਾਰਾ। ਅਧਿਕ ਡਰਨਾ = ਬਹੁਤ ਡਰ ਗਿਆ। ਦੁਰਾ ਸਿੰਧ = ਸਮੁੰਦਰ ਦੇ ਵਿਚ ਲੁਕ ਗਿਆ।

ਇੰਦਰ ਡਰਦਾ ਮਾਰਾ ਆਪਣਾ ਆਸਣ ਛੱਡ ਗਿਆ। ਬ੍ਰਹਮਾ ਭੈ ਭੀਤ ਹੋ ਕੇ ਕਮਲ ਨਾਭ ਵਿਚ ਲੁਕ ਗਿਆ। ਵਿਸ਼ਨੂੰ ਵੀ ਜੰਗ ਦਾ ਮੈਦਾਨ ਵੇਖ ਕੇ ਬਹੁਤ ਸਹਿਮ ਗਿਆ ਅਤੇ ਸਮੁੰਦਰ ਦੇ ਵਿਚ ਜਾ ਲੁਕਿਆ।।੮੦।।

**ਕੜਾਂ ਕੜੀ ਮਾਚਾ ਘਮਸਾਨਾ।।ਨਿਰਖਤ ਦੇਵ ਦੈਤ ਜਾ ਨ੍ਹਾਨ੍ਹਾ।।**
**ਮਹਾਂ ਘੋਰ ਆਹਵ ਤਹ ਪਰਾ।।ਕਾਂਪੀ ਭੂਮਿ ਗਗਨ ਥਰਹਰਾ।।੮੧।।**

ਮਾਰ੍ ਧਾੜ ਦਾ ਭਿਆਨਕ ਯੁੱਧ ਹੋਇਆ ਜਿਸ ਨੂੰ ਦੇਵ-ਦਾਨਵ ਸਭ ਵੇਖ ਰਹੇ ਸਨ। ਉਸ ਵਿਕਰਾਲ ਯੁੱਧ ਨਾਲ ਧਰਤੀ ਕੰਬ ਉੱਠੀ ਅਤੇ ਅਕਾਸ਼ ਥਰਥਰਾ ਗਿਆ।।੮੧।।

**ਨਿਰਖਿ ਜੁੱਧ ਕਾਂਪਾ ਕਮਲੇਸਾ।।ਤਾਂਤੇ ਧਰਾ ਨਾਰਿ ਕਾ ਭੇਸਾ।।**
**ਪਰਬਤੀਸ ਲਖਿ ਡਰਾ ਲਰਾਈ।।ਬਸਾ ਬਨ ਬਿਖੈਂ ਅਤਿਥ ਕਹਾਈ।।੮੨।।**

ਯੁੱਧ ਨੂੰ ਵੇਖ ਕੇ ਵਿਸ਼ਨੂੰ ਕੰਬਣ ਲੱਗਾ ਅਤੇ ਉਸ ਇਸਤਰੀ ਦਾ ਭੇਸ ਧਾਰਣ ਕਰ ਲਿਆ। ਲੜਾਈ ਵੇਖ ਕੇ ਸ਼ਿਵਜੀ ਵੀ ਭੈਭੀਤ ਹੋ ਗਿਆ ਅਤੇ ਸਾਧੂ ਬਣ ਕੇ ਜੰਗਲ ਵਿਚ ਜਾ ਵੱਸਿਆ॥੮੨॥

**ਕਾਰਤਕੇਯ ਹ੍ਵੈ ਰਹਾ ਬਿਹੰਡਲ॥ ਬ੍ਰਹਮ ਛਾਡਿ ਗ੍ਰਿਹਿ ਗਯੋ ਕਮੰਡਲ॥**
**ਪੱਬ ਪਿਸਾਨ ਪਗਨ ਭੇ ਤਬਹੀ॥ ਜਾਇ ਬਸੇ ਉੱਤਰ ਦਿਸਿ ਸਬ ਹੀ॥੮੩॥**

ਕਾਰਤਕ ਵੀ ਵਿਆਕੁਲ ਹੋ ਗਿਆ ਅਤੇ ਬ੍ਰਹਮਾ ਵੀ ਆਪਣਾ ਸਥਾਨ ਛੱਡ ਕੇ ਕਮੰਡਲ ਵਿਚ ਲੁਕ ਗਿਆ। ਪੈਰਾਂ ਦੀ ਰਗੜ ਨਾਲ ਪਰਬਤ ਵੀ ਧੂੜ ਬਣ ਗਏ ਅਤੇ ਸਾਰੇ ਭੱਜ ਕੇ ਉੱਤਰ ਵਾਲੇ ਪਾਸੇ ਚਲੇ ਗਏ॥੮੩॥

**ਡਗੀ ਧਰਨਿ ਅੰਬਰਿ ਘਹਰਾਨਾ॥ ਬਾਜਖੁਰਨ ਤੇ ਪੱਥ ਪਿਸਾਨਾ॥**
**ਅੰਧ ਗੁਬਾਰ ਭਯੋ ਬਾਨਨ ਤਨ॥ ਹਾਥ ਬਿਲੋਕਜੋ ਜਾਤ ਨ ਆਪਨ॥੮੪॥**

ਧਰਤੀ ਹਿੱਲ ਗਈ ਅਤੇ ਆਕਾਸ਼ ਘਬਰਾ ਗਿਆ। ਘੋੜਿਆਂ ਦੇ ਖੁਰਾਂ ਨਾਲ ਰਸਤੇ ਚੂਰ ਹੋ ਗਏ। ਤੀਰਾਂ ਦੀ ਵਰਖਾ ਕਾਰਨ ਹਨੇਰਾ ਛਾ ਗਿਆ ਅਤੇ ਹੱਥ ਪਸਾਰਿਆ ਨਜ਼ਰ ਨਹੀਂ ਆ ਰਿਹਾ ਸੀ॥੮੫॥

**ਬਿਛੂਆ ਬਾਨ ਬੱਜ੍ਰ ਰਨ ਬਰਖਤ॥ ਰਿਸਿ ਰਿਸਿ ਸੁਭਟ ਧਨੁਖ ਕਹ ਕਰਖਤ॥**
**ਤਕਿ ਤਕਿ ਬਾਨ ਪ੍ਰਕੋਪ ਚਲਾਵੈਂ॥ ਭੇਦਿ ਤ੍ਰਾਨ ਤਨ ਪਰੈਂ ਪਰਾਵੈ॥੮੫॥**

ਬਿਛੂਆ, ਬੱਜਰ, ਬਾਣ ਯੁੱਧ ਵਿਚ ਚੱਲਣ ਲੱਗੇ ਅਤੇ ਸੂਰਮੇ ਕ੍ਰੋਧ ਵਿਚ ਆ ਕੇ ਤੀਰ ਕਮਾਨਾਂ ਨੂੰ ਖਿੱਚਣ ਲੱਗੇ। ਉਹ ਨਿਸ਼ਾਨਾ ਬੰਨ੍ਹ ਕੇ ਬੜੇ ਰੋਹ ਵਿਚ ਆ ਕੇ ਤੀਰ ਚਲਾਉਂਦੇ ਸਨ ਜਿਹੜੇ ਕਿ ਕਵਚਾਂ ਨੂੰ ਵੀ ਵਿੰਨ ਕੇ ਦੂਸਰੇ ਪਾਰ ਨਿਕਲ ਜਾਂਦੇ ਸਨ॥੮੫॥

**ਜਬਹੀ ਭਏ ਅਮਿਤ ਰਣ ਜੋਧਾ॥ ਬਾਢਜੋ ਮਹਾਂ ਕਾਲ ਕੈ ਕ੍ਰੋਧਾ॥**
**ਮਹਾਂ ਕੋਪ ਕਰਿ ਬਿਸਿਖ ਪ੍ਰਹਾਰੇ॥ ਅਧਿਕ ਸ਼ੱਤ੍ਰ ਛਿਨ ਮਾਂਝ ਸੰਘਾਰੇ॥੮੬॥**

ਜਦ ਯੁੱਧ ਵਿਚ ਅਨੇਕਾਂ ਯੋਧੇ ਇਕੱਠੇ ਹੋ ਗਏ ਤਾਂ ਮਹਾਂਕਾਲ ਦਾ ਕ੍ਰੋਧ ਬਹੁਤ ਵੱਧ ਗਿਆ। ਉਸ ਬਹੁਤ ਗੁੱਸੇ ਵਿਚ ਆ ਕੇ ਤੀਰਾਂ ਦਾ ਵਾਰ ਕੀਤਾ ਅਤੇ ਝੱਟ ਹੀ ਬਹੁਤ ਸਾਰੇ ਵੈਰੀਆਂ ਨੂੰ ਮਾਰ ਦਿੱਤਾ॥੮੬॥

**ਰਕਤ ਸੰਬ੍ਰੂਹ ਧਰਨਿ ਤਬ ਪਰਾ॥ ਤਾਤੇ ਬਹੁ ਦਾਨ੍ਵਨ ਬਪੁ ਧਰਾ॥**
**ਏਕ ਏਕ ਸਰ ਸਭਹਿ ਚਲਾਏ॥ ਤਿਨ ਤੇਂ ਅਸੁਰ ਅਨਿਕ ਹ੍ਵੈ ਧਾਏ॥੮੭॥**

ਪਦ ਅਰਥ - ਰਕਤ=ਲਹੂ। ਸੰਬਹੂ=ਸਮੂਹ, ਅੰਬਾਰ, ਢੇਰ। ਬਪੁ ਧਰਾ=ਸਰੀਰ ਧਾਰਿਆ। ਸਰ=ਤੀਰ। ਅਨਕ ਹ੍ਵੈ ਧਾਏ=ਅਨੇਕਾਂ ਹੋ ਕੇ ਭੱਜ ਪਏ।

**************************************************

ਜਦ ਧਰਤੀ ਉਤੇ ਲਹੂ ਦਾ ਢੇਰ ਲੱਗ ਗਿਆ ਤਾਂ ਉਸ ਨਾਲ ਅਨੇਕਾਂ ਦੈਂਤਾਂ ਨੇ ਸਰੀਰ ਧਾਰਨ ਕਰ ਲਏ। ਇਕ ਇਕ ਤੀਰ ਸਾਰਿਆਂ ਨੇ ਚਲਾਇਆ ਅਤੇ ਉਸ ਨਾਲ ਹੋਰ ਦੈਂਤ ਬਣ ਕੇ ਭੱਜ ਪਏ॥੮੭॥

**ਆਏ ਜਿਤਕ ਤਿਤਕ ਤਹ ਮਾਰੇ॥ਬਹੇ ਧਰਨਿ ਪਰ ਰਕਤ ਪਨਾਰੇ॥**
**ਤਿਨ ਤੇ ਅਮਿਤ ਅਸੁਰੰਨ ਬਪੁ ਧਰਾ॥ਹਮ ਤੇ ਜਾਤ ਬਿਚਾਰ ਨ ਕਰਾ॥੮੮॥**

ਜਿੰਨੇ ਵੀ ਅੱਗੇ ਆਏ ਉਨ੍ਹਾਂ ਨੂੰ ਮਾਰ ਦਿੱਤਾ ਗਿਆ ਅਤੇ ਧਰਤੀ ਤੇ ਲਹੂ ਦੇ ਪਰਨਾਲੇ ਚੱਲਨ ਲੱਗ ਪਏ। ਉਸ ਖ਼ੂਨ ਤੋਂ ਅਨੇਕਾਂ ਰਾਕਸ਼ਾਂ ਨੇ ਜਨਮ ਲਿਆ। ਉਨ੍ਹਾਂ ਦੀ ਗਿਣਤੀ ਕਿੰਨੀ ਹੋ ਗਈ ਇਸ ਬਾਰੇ ਮੈਥੋਂ ਬਿਆਨ ਨਹੀਂ ਕੀਤਾ ਜਾ ਸਕਦਾ॥੮੮॥

**ਡਗਮਗ ਲੋਕ ਚਤੁਰ ਦਸ ਭਏ॥ਅਸੁਰਨ ਸਾਥ ਸਕਲ ਭਰਿ ਗਏ॥**
**ਬ੍ਰਹਮਾ ਬਿਸ਼ਨ ਸਭੈ ਡਰਪਾਨੇ॥ਮਹਾਂ ਕਾਲ ਕੀ ਸਰਨਿ ਸਿਧਾਨੇ॥੮੯॥**

ਚੌਦਾਂ ਲੋਕ ਡਗਮਗਾ ਗਏ ਅਤੇ ਦੈਂਤਾਂ ਨਾਲ ਭਰ ਗਏ। ਬ੍ਰਹਮਾ, ਵਿਸ਼ਨੂੰ ਸਭ ਡਰ ਗਏ ਅਤੇ ਮਹਾਂ ਕਾਲ ਦੀ ਸ਼ਰਨ ਵਿਚ ਆਉਣ ਲਈ ਭੱਜੇ॥੮੯॥

**ਇਹ ਬਿਧਿ ਸਭੈ ਪੁਕਾਰਤ ਭਏ॥ਜਨੁ ਕਰ ਲੂਟਿ ਬਨਿਕ ਸੇ ਲਏ॥**
**ਤ੍ਰਾਹਿ ਤ੍ਰਾਹਿ ਹਮ ਸਰਨ ਤਿਹਾਰੀ॥ਸਭ ਭੈ ਤੇ ਹਮ ਲੇਹੁ ਉਬਾਰੀ॥੯੦॥**

ਪਦ ਅਰਥ - ਪੁਕਾਰਤ ਤਏ=ਪੁਕਾਰ ਕਰਨ ਲੱਗੇ। ਲੂਟਿ=ਲੁਟਿਆ। ਬਨਿਕ=ਬਾਣੀਆਂ। ਤ੍ਰਾਹਿ=ਡਰੇ ਹੋਏ। ਭੈ=ਡਰ।

ਮਹਾਂਕਾਲ ਪਾਸ ਆਕੇ ਉਹ ਇਸ ਤਰ੍ਹਾਂ ਰੋਣ ਅਤੇ ਪੁਕਾਰਨ ਲੱਗੇ ਜਿਵੇਂ ਕੋਈ ਲੁਟਿਆ ਹੋਇਆ ਬਾਣੀਆਂ ਚੀਕ ਰਿਹਾ ਹੋਵੇ। ਉਹ ਕਹਿਣ ਲੱਗੇ ਕਿ ਡਰੇ ਅਤੇ ਭੈ ਭੀਤ ਹੋਏ ਅਸੀਂ ਤੁਹਾਡੀ ਸ਼ਰਨ ਆਏ ਹਾਂ, ਕਿਰਪਾ ਕਰਕੇ ਸਾਨੂੰ ਭੈ ਮੁਕਤ ਕਰੋ॥੯੦॥

**ਤੁਮ ਹੋ ਸਕਲ ਲੋਕ ਸਿਰਤਾਜਾ॥ਗਰਬਨ ਗੰਜ ਗਰੀਬ ਨਿਵਾਜਾ॥**
**ਆਦਿ ਅਕਾਲ ਅਜੋਨਿ ਬਿਨਾ ਭੈ॥ਨਿਰਬਿਕਾਰ ਨਿਰਲੰਬ ਜਗਤ ਮੈ॥੯੧॥**

ਤੁਸੀਂ ਸਭ ਲੋਕਾਂ ਦੇ ਸਿਰਤਾਜ ਹੋ ਅਤੇ ਤੁਸੀਂ ਘੁਮੰਡੀ ਲੋਕਾਂ ਦਾ ਨਾਸ਼ ਕਰਨ ਵਾਲੇ ਹੋ ਅਤੇ ਗਰੀਬ ਨਿਵਾਜ਼ ਹੋ। ਤੁਸੀਂ ਆਦਿ ਪੁਰਸ਼, ਅਕਾਲ, ਅਜੂਨੀ, ਅਭੈ, ਨਿਰਵਿਕਾਰ ਅਤੇ ਨਿਰਲੰਬ ਹੋ॥੯੧॥

**ਨਿਰਬਿਕਾਰ ਨਿਰਜੁਰ ਅਬਿਨਾਸੀ॥ਪਰਮ ਜੋਗ ਕੇ ਤੱਤੁ ਪ੍ਰਕਾਸੀ॥**

Namdhari Elibrary NamdhariElibrary@gmail.com

**ਨਿਰੰਕਾਰ ਨਵ ਨਿੱਤਜ ਸੁਯੰਭਵ।। ਤਾਤ ਮਾਤ ਜਹ ਜਾਤ ਨ ਬੰਧਵ।।੯੨।।**

ਪਦ ਅਰਥ - ਨਿਰਬਿਕਾਰ=ਵਿਕਾਰ ਰਹਿਤ। ਨਿਰਜੁਰ=ਸਦਾ ਹੀ ਜਵਾਨ ਰਹਿਣ ਵਾਲਾ, ਅਮਰ, ਬੁਢਾਪਾ ਰਹਿਤ। ਅਬਿਨਾਸ਼ੀ=ਨਾਸ਼ ਨ ਹੋਣ ਵਾਲਾ। ਨਿਰੰਕਾਰ=ਅਕਾਰ ਰਹਿਤ। ਸੁਯੰਭਵ=ਸੁਯੰਭੂ, ਬ੍ਰਹਮਾ।

ਤੁਸੀਂ ਵਿਕਾਰ ਰਹਿਤ, ਬੁਢਾਪਾ ਰਹਿਤ ਅਤੇ ਨਾਸ ਰਹਿਤ ਹੋ। ਤੁਸੀਂ ਪਰਮ ਜੋਗੀ ਅਤੇ ਤੱਤ ਪ੍ਰਕਾਸ਼ ਹੋ। ਤੁਸੀਂ ਅਕਾਰ ਰਹਿਤ, ਨਿੱਤ ਨਵੇਂ ਰਹਿਣ ਵਾਲੇ ਅਤੇ ਆਪਣੇ ਆਪ ਤੋਂ ਪ੍ਰਕਾਸ਼ਿਤ ਹੋ। ਤੁਹਾਡਾ ਨ ਕੋਈ ਮਾਤਾ, ਪਿਤਾ ਅਤੇ ਨ ਹੀ ਕੋਈ ਸਨਬੰਧੀ ਹੈ।।੯੨।।

**ਸ਼ੱਤ੍ਰ ਬਿਹੰਡ ਸੁਰਿਦਿ ਸੁਖਦਾਇਕ।। ਚੰਡ ਮੁੰਡ ਦਾਨਵ ਕੇ ਘਾਇਕ।।**
**ਸਤਿ ਸੰਧਿ ਸੱਤਿਤਾ ਨਿਵਾਸਾ।। ਭੂਤ ਭਵਿੱਖ ਭਵਾਨ ਨਿਰਾਸਾ।। ੯੩।।**

ਤੁਸੀਂ ਵੈਰੀਆਂ ਦਾ ਨਾਸ ਕਰਨ ਵਾਲੇ, ਸੋਹਣੇ ਦਿਲ ਵਾਲੇ ਸਾਰਿਆਂ ਨੂੰ ਸੁਖ ਦੇਣ ਵਾਲੇ ਅਤੇ ਚੰਡ-ਮੁੰਡ ਦੈਂਤਾਂ ਦਾ ਨਾਸ ਕਰਨ ਵਾਲੇ ਹੋ। ਤੁਸੀਂ ਸਤ ਸਮੁੰਦਰ ਵਿਚ ਨਿਵਾਸ ਕਰਨ ਵਾਲੇ ਅਤੇ ਭੂਤ, ਭਵਿੱਖ ਅਤੇ ਵਰਤਮਾਨ ਦੇ ਪ੍ਰਭਾਵ ਤੋਂ ਦੂਰ ਹੋ, ਭਾਵ ਸਮੇਂ ਦਾ ਤੁਹਾਡੇ ਉਤੇ ਕੋਈ ਪ੍ਰਭਾਵ ਨਹੀਂ ਹੈ।।੯੩।।

**ਆਦਿ ਅਨੰਤ ਅਰੂਪ ਅਭੇਸਾ।। ਘਟ ਘਟ ਭੀਤਰ ਕੀਯਾ ਪ੍ਰਵੇਸਾ।।**
**ਅੰਤਰ ਬਸਤ ਨਿਰੰਤਰ ਰਹਈ।। ਸਨਕ ਸਨੰਦ ਸਨਾਤਨ ਕਹਈ।। ੯੪।।**

ਤੁਸੀਂ ਆਦਿ, ਅਨੰਤ, ਭੇਸ ਰਹਿਤ ਅਤੇ ਰੂਪ ਰਹਿਤ ਹੋ, ਅਤੇ ਤੁਸੀਂ ਹਰ ਦਿਲ ਹਰ ਮਨ ਵਿਚ ਪ੍ਰਵੇਸ਼ ਕੀਤਾ ਹੋਇਆ ਹੈ। ਤੁਸੀਂ ਹਰ ਇਕ ਦੇ ਅੰਤਰ ਵਿਚ ਵੱਸਦੇ ਹੋ ਅਤੇ ਸਦਾ ਹੀ ਵੱਸਦੇ ਰਹਿੰਦੇ ਹੋ। ਇਸ ਬਾਰੇ ਸਨਕ-ਸਨੰਦ ਅਤੇ ਸਨਾਤਨ ਵੀ ਇਹੋ ਕਹਿੰਦੇ ਹਨ।।੯੪।।

**ਆਦਿ ਜੁਗਾਦਿ ਸਦਾ ਪ੍ਰਭੁ ਏਕੈ।। ਧਰਿ ਧਰਿ ਮੂਰਤਿ ਫਿਰਤਿ ਅਨੇਕੈ।।**
**ਸਭ ਜਗ ਕਹ ਇਹ ਬਿਧਿ ਭਰਮਾਯਾ।। ਆਪੇ ਏਕ ਅਨੇਕ ਦਿਖਾਯਾ।। ੯੫।।**

ਆਦਿ ਜੁਗਾਦਿ ਤੋਂ ਸਦਾ ਹੀ ਤੁਸੀਂ ਇਕ ਪ੍ਰਭੂ ਹੋ ਅਤੇ ਕਈ ਪ੍ਰਕਾਰ ਦੇ ਰੂਪ ਧਾਰ ਕੇ ਫਿਰਦੇ ਹੋ। ਸਾਰੇ ਸੰਸਾਰ ਨੂੰ ਤੁਸੀਂ ਭਰਮ ਵਿਚ ਰਖਿਆ ਹੋਇਆ ਹੈ ਕਿ ਖੁੱਦ ਤਾਂ ਤੁਸੀਂ ਇਕ ਹੋ, ਪਰ ਸਾਰਿਆਂ ਨੂੰ ਅਨੇਕਾਂ ਰੂਪਾਂ ਵਿਚ ਵਿਖਾਈ ਦਿੰਦੇ ਹੋ।।੯੫।।

**ਘਟ ਘਟ ਮਹਿ ਸੋਇ ਪੁਰਖ ਬਯਾਪਕ।। ਸਕਲ ਜੀਵ ਜੰਤਨ ਕੇ ਥਾਪਕ।।**
**ਜਾਤੇ ਜੋਤਿ ਕਰਤ ਆਕਰਖਨ।। ਤਾਕਹ ਰਹਤ ਮ੍ਰਿਤਕ ਜਗ ਕੇ ਜਨ।। ੯੬।।**

ਪਦ ਅਰਥ - ਬਯਾਪਕ=ਵਿਆਪਕ, ਪਸਰਿਆ ਹੋਇਆ ਹੈ। ਸਕਲ ਜੀਵ=ਸਾਰੇ ਜੀਆਂ।

Namdhari Elibrary NamdhariElibrary@gmail.com

ਆਕਰਖਨ=ਆਕਰਸ਼ਨ, ਖਿੱਚ। ਮ੍ਰਿਤਕ=ਮੁਰਦਾ।

ਹੇ ਪ੍ਰਭੂ ਤੁਸੀਂ ਹੀ ਸਾਰੇ ਜੀਵ ਜੰਤੂਆਂ ਵਿਚ ਸਥਾਪਤ ਹੋ ਅਤੇ ਘਟ ਘਟ ਵਿਚ ਵਿਆਪਕ ਹੋ। ਤੁਹਾਡੀ ਜੋਤੀ ਹੀ ਸੰਸਾਰ ਦੀ ਜੋਤੀ ਨੂੰ ਖਿੱਚਦੀ ਹੈ ਤਾਂ ਸੰਸਾਰ ਦੇ ਜੀਵ ਮਰ ਜਾਂਦੇ ਹਨ।।੯੬।।

**ਤੁਮ ਜਗ ਕੇ ਕਾਰਨ ਕਰਤਾਰਾ।।ਘਟਿ ਘਟਿ ਕੀ ਮਤਿ ਜਾਨਨਹਾਰਾ।।**
**ਨਿਰੰਕਾਰ ਨਿਰਵੈਰ ਨਿਰਾਲਮ।।ਸਭਹੀ ਕੇ ਮਨ ਕੀ ਤੁਹਿ ਮਾਲਮ।।੯੭।।**

ਤੂੰ ਹੀ ਜਗਤ ਦਾ ਕਾਰਨ ਅਤੇ ਕਰਤਾਰ ਹੈਂ ਅਤੇ ਤੂੰ ਹੀ ਘਟ ਘਟ ਦੀ ਜਾਨਣ ਵਾਲਾ ਹੈਂ। ਤੂੰ ਹੀ ਨਿਰਾਕਾਰ ਨਿਰਵੈਰ ਅਤੇ ਨਿਰਾਲਾ ਹੈਂ ਅਤੇ ਤੂੰ ਹੀ ਹਰ ਇਕ ਦੇ ਮਨ ਦੀ ਗਤੀ ਨੂੰ ਜਾਣਦਾ ਹੈਂ।।੯੭।।

**ਤੁਮਹੀਂ ਬ੍ਰਹਮਾ ਬਿਸ਼ਨ ਬਨਾਯੋ।।ਮਹਾਂ ਰੁਦ੍ਰ ਤੁਮ ਹੀ ਉਪਜਾਯੋ।।**
**ਤੁਮਹੀਂ ਰਿਖਿ ਕੱਸ਼ਪਹਿ ਬਨਾਵਾ।। ਦਿਤ ਅਦਿਤ ਜਨ ਬੈਰ ਬਢਾਵਾ।।੯੮।।**

ਤੂੰ ਹੀ ਬ੍ਰਹਮਾ ਅਤੇ ਵਿਸ਼ਨੂੰ ਨੂੰ ਪੈਦਾ ਕੀਤਾ ਅਤੇ ਸ਼ਿਵਜੀ ਨੂੰ ਵੀ ਤੁਸੀਂ ਉਤਪਨ ਕੀਤਾ। ਤੁਸੀਂ ਹੀ ਕੈਸ਼ਪ ਰਿਖੀ ਨੂੰ ਬਣਾਇਆ ਅਤੇ ਤੁਸੀਂ ਦੇਵ-ਦਾਨਵਾਂ ਦੇ ਵਾਰਿਸਾਂ ਵਿਚ ਵੈਰ ਵਧਾਇਆ।।੯੮।।

**ਜਗ ਕਾਰਨ ਕਰੁਨਾਨਿਧਿ ਸ੍ਵਾਮੀ।।ਕਮਲ ਨੈਨ ਅੰਤਰ ਕੇ ਜਾਮੀ।।**
**ਦਯਾਸਿੰਧੁ ਦੀਨਨ ਕੇ ਦਯਾਲਾ।।ਹੂਜੈ ਕ੍ਰਿਪਾਨਿਧਾਨ ਕ੍ਰਿਪਾਲਾ।।੯੯।।**

ਤੁਸੀਂ ਹੀ ਜਗਤ ਦੇ ਕਾਰਨ, ਕਰੁਣਾਨਿਧ, ਕਮਲ ਨੈਣ ਅਤੇ ਅੰਤਰਜਾਮੀ ਹੋ। ਤੁਸੀਂ ਹੀ ਦਇਆ ਦੇ ਸਾਗਰ, ਦੀਨ ਦਿਆਲੂ ਅਤੇ ਕਿਰਪਾਲੂ ਹੋ।।੯੯।।

**ਚਰਨ ਪਰੇ ਇਹ ਬਿਧਿ ਬਿਨਤੀ ਕਰਿ।। ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ।।**
**ਕਹ ਕਹ ਹਸਾ ਬਚਨ ਸੁਨ ਕਾਲਾ।।ਭਗਤ ਜਾਨ ਕਰ ਭਯੋ ਕ੍ਰਿਪਾਲਾ।।੧੦੦।।**

ਅਸੀਂ ਬੇਨਤੀ ਕਰਦੇ ਹੋਏ ਤੁਹਾਡੇ ਚਰਨਾਂ ਵਿਚ ਪਏ ਹਾਂ, ਹੇ ਧਰਤੀ ਦੇ ਰਖਵਾਲੇ, ਸਾਡੀ ਸਭ ਦੀ ਰਖਿਆ ਕਰੋ। ਇਹ ਸੁਣ ਕੇ ਮਹਾਂਕਾਲ ਉੱਚੀ ਉੱਚੀ ਹੱਸਣ ਲੱਗਾ ਅਤੇ ਭਗਤਾਂ ਨੂੰ ਵੇਖ ਕੇ ਪ੍ਰਸੰਨ ਅਤੇ ਕਿਰਪਾਲੂ ਹੋ ਗਿਆ।।੧੦੦।।

**ਰੱਛ ਰੱਛ ਕਰਿ ਸ਼ਬਦ ਉਚਾਰੋ।।ਸਭ ਦੇਵਨ ਕਾ ਸ਼ੋਕ ਨਿਵਾਰੋ।।**
**ਨਿਜੁ ਭਗਤਨ ਕਹ ਲਿਯੋ ਉਬਾਰਾ।।ਦੁਸ਼ਟਨ ਕੇ ਸੰਗ ਕਰਜੋ ਅਖਾਰਾ।।੧੦੧।।**

ਪਦ ਅਰਥ - ਰਛ ਰਛ=ਰਖਿਆ ਰਖਿਆ। ਸ਼ਬਦ ਉਚਾਰੋ=ਸ਼ਬਦ ਦਾ ਉਚਾਰਨ ਕੀਤਾ। ਦੇਵਨ=ਦੇਵਤਿਆਂ। ਸ਼ੋਕ=ਦੁੱਖ। ਉਬਾਰਾ=ਬਚਾ ਲਿਆ। ਦੁਸ਼ਟਨ=ਦੁਸ਼ਟਾਂ, ਕੀਆ ਅਖਾਰਾ=ਯੁੱਧ ਕੀਤਾ।

ਮਹਾਂਕਾਲ ਨੇ 'ਰਖਿਆ ਰਖਿਆ' ਦੇ ਸ਼ਬਦ ਉਚਾਰੇ ਅਤੇ ਸਾਰੇ ਦੇਵਤਿਆਂ ਦੇ ਦੁੱਖ ਦੂਰ ਕਰ ਦਿੱਤੇ। ਉਸ ਆਪਣੇ ਭਗਤਾਂ ਨੂੰ ਬਚਾ ਲਿਆ ਅਤੇ ਦੁਸ਼ਟਾਂ ਨਾਲ ਯੁੱਧ ਕੀਤਾ।।੧੦੧।।

**ਕਰਿ ਕਰਿ ਕੋਪ ਕਾਲ ਸ੍ਰੀ ਤਬਹੀ ।। ਰਥ ਪਰ ਚੜ੍ਹਾ ਸ਼ਸਤ੍ਰ ਲੈ ਸਭਹੀ ।।**
**ਸਕਲ ਸ਼ੱਤ੍ਰਅਨ ਕੇ ਛੈ ਕਾਰਨ ।। ਸੰਭ ਸੰਤਨ ਕੇ ਪ੍ਰਾਨ ਉਬਾਰਨ ।।੧੦੨।।**

ਤਦ ਮਹਾਂਕਾਲ ਬਹੁਤ ਗੁੱਸੇ ਵਿਚ ਆ ਕੇ ਸ਼ਸਤਰ ਅਸਤਰ ਲੈ ਕੇ ਰੱਥ ਵਿਚ ਚੜ੍ਹ ਗਿਆ ਅਤੇ ਦੁਸ਼ਮਣਾਂ ਨੂੰ ਮਾਰਨ ਅਤੇ ਸੰਤਾਂ ਦੀ ਰਖਿਆ ਖਾਤਰ ਉਹ ਚੱਲ ਪਿਆ।।੧੦੨।।

**ਪ੍ਰਾਨ ਔਰ ਪਾਨਿਪਧਨੁ ਰਾਜਾ ।। ਰਾਖਨ ਚੜ੍ਹਾ ਸੇਵਕਨ ਕਾਜਾ ।।**
**ਜਾਕੀ ਧੁਜਾ ਬਿਖੈ ਰਾਜਿਤ ਅਸਿ ।। ਨਿਰਖਿ ਸ਼ੱਤ੍ਰ ਜਿਹ ਹੋਤ ਬਿਮਨ ਬਸਿ ।।੧੦੩।।**

ਪ੍ਰਾਣਾਂ ਅਤੇ ਸੁੰਦਰਤਾ ਦਾ ਸੁਆਮੀ ਆਪਣੇ ਸੇਵਕਾਂ ਦੀ ਖਾਤਰ ਉਨ੍ਹਾਂ ਦੇ ਕਾਰਜ ਹਿੱਤ ਚੱਲ ਪਿਆ। ਉਸ ਦੀ ਧੁਜਾ ਉਤੇ ਕਿਰਪਾਣ ਦਾ ਚਿੰਨ੍ਹ ਸ਼ੋਭ ਰਿਹਾ ਸੀ ਅਤੇ ਉਸ ਨੂੰ ਵੇਖ ਕੇ ਦੁਸ਼ਮਣ ਬੇਚੈਨ ਹੋ ਜਾਂਦੇ ਸਨ।।੧੦੩।।

**ਅਸਿਧੁਜ ਅਧਿਕ ਕੋਪ ਕਰਿ ਧਾਯੋ ।। ਬੈਰਿ ਬ੍ਰਿੰਦ ਦਲ ਪ੍ਰਗਟ ਖਪਾਯੋ ।।**
**ਸਾਧੁਨ ਕੀ ਰੱਛਾ ਕਰਿ ਲੀਨੀ ।। ਸ਼ੱਤ੍ਰ ਸੈਨ ਤਿਲ ਤਿਲ ਖੈ ਕੀਨੀ ।।੧੦੪।।**

ਪਦ ਅਰਥ - ਅਸਿਧੁਜ=ਮਹਾਂਕਾਲ, ਪਰਮਾਤਮਾ। ਬ੍ਰਿੰਦ=ਬਹੁਤ। ਖਪਾਯੋ=ਖਪਾ ਦਿੱਤਾ, ਮਾਰ ਦਿੱਤਾ।

ਮਹਾਂਕਾਲ ਗੁੱਸੇ ਵਿਚ ਆ ਕੇ ਬਹੁਤ ਤੇਜ਼ ਚਲਿਆ ਅਤੇ ਵੈਰੀਆਂ ਦੇ ਦਲ ਨੂੰ ਉਸ ਨਸ਼ਟ ਕਰ ਦਿੱਤਾ। ਸਾਧੂਆਂ ਸੰਤਾਂ ਦੀ ਉਸ ਰੱਖਿਆ ਕੀਤੀ ਅਤੇ ਦੁਸ਼ਮਣ ਦੀ ਫੌਜ ਨੂੰ ਤਿਲ ਤਿਲ ਕਰ ਦਿੱਤਾ।।੧੦੪।।

**ਤਿਲ ਤਿਲ ਏਕ ਏਕ ਕਰਿ ਡਾਰਾ ।। ਗਜੀ ਰਥੀ ਬਾਜਿਯਨ ਬਿਦਾਰਾ ।।**
**ਤਿਹ ਤੇ ਅਮਿਤ ਅਸੁਰ ਉਠਿ ਧਏ ।। ਘੇਰਤ ਮਹਾਂ ਕਾਲ ਕਹ ਭਏ ।।੧੦੫।।**

ਪਦ ਅਰਥ - ਬਾਜਿਯਨ=ਘੋੜੇ। ਬਿਦਾਰਾ=ਮਾਰਿਆ। ਉਠ ਧਏ=ਉਠ ਕੇ ਦੌੜ ਪਏ।

ਇਕ ਇਕ ਨੂੰ ਉਸ ਟੁਕੜੇ-ਟੁਕੜੇ ਕਰ ਦਿੱਤਾ ਅਤੇ ਹਾਥੀਆਂ, ਰਥਵਾਨਾਂ ਅਤੇ ਘੋੜ ਸਵਾਰਾਂ ਆਦਿ ਸਭ ਨੂੰ ਤਬਾਹ ਕਰ ਦਿੱਤਾ। ਨਸ਼ਟ ਹੋਏ ਦੈਂਤਾਂ ਦਾ ਲਹੂ ਧਰਤੀ ਤੇ ਡਿੱਗਣ ਨਾਲ ਹੋਰ ਅਨੇਕ ਦੈਂਤ ਪੈਦਾ ਹੋ ਗਏ ਅਤੇ ਉਨ੍ਹਾਂ ਮਹਾਂ ਕਾਲ ਨੂੰ ਆ ਘੇਰਿਆ।।੧੦੫।।

**ਮਚਤ ਭਯੋ ਜਬ ਹੀ ਰਨ ਦਾਰੁਨ ।। ਕਟਿ ਕਟਿ ਗਏ ਬਾਜ ਅਰੁ ਬਾਰੁਨ ।।**

**********************************************************************

ਜੰਬਕ ਗੀਧ ਮਾਸੁ ਲੈ ਗਏ॥ਰਨ ਤਜਿ ਸੁਭਟਨ ਭਾਜਤ ਭਏ॥੧੦੬॥

ਪਦ ਅਰਥ - ਦਾਰੁਨ=ਖੌਫਨਾਕ, ਡਰਾਉਣਾ। ਬਾਜ=ਘੋੜੇ। ਬਾਰੁਨ=ਹਾਥੀ। ਜੰਬਕ=ਗਿੱਦੜ। ਸੁਭਟਨ=ਸੂਰਮੇ।

ਜਦ ਵਿਕਰਾਲ ਅਤੇ ਖੌਫਨਾਕ ਯੁੱਧ ਮੱਚ ਉਠਿਆ ਤਦ ਹਾਥੀ ਅਤੇ ਘੋੜੇ ਕੱਟ ਕੱਟ ਕੇ ਡਿੱਗਣ ਲੱਗੇ, ਗਿੱਦੜ ਅਤੇ ਗਿੱਰਝਾਂ ਮਾਸ ਲੈ ਗਏ ਅਤੇ ਯੋਧੇ ਜੰਗ ਦਾ ਮੈਦਾਨ ਛੱਡ ਕੇ ਭੱਜ ਗਏ॥੧੦੬॥

ਸ਼ਸਤ੍ਰ ਸਾਜ ਕੋਪਾ ਤਬ ਕਾਲਾ॥ਧਾਰਤ ਭਯੋ ਭੇਸ ਬਿਕਰਾਲਾ॥
ਬਾਨ ਅਨੇਕ ਕੋਪ ਕਰਿ ਛੋਰੇ॥ਸ਼ੱਤ੍ਰ ਅਨੇਕਨ ਕੇ ਸਿਰ ਫੋਰੇ॥੧੦੭॥

ਪਦ ਅਰਥ - ਭੇਸ ਬਿਕਰਾਲ=ਬਹੁਤ ਡਰਾਉਣਾ ਭੇਸ ਧਾਰਨ ਕਰ ਲਿਆ। ਫੋਰ=ਪਾੜ੍ਹ ਦਿੱਤੇ।

ਤਦ ਮਹਾਂਕਾਲ ਸ਼ਸਤਰ ਪਹਿਨ ਕੇ ਬਹੁਤ ਕ੍ਰੋਧ ਵਿਚ ਆ ਗਿਆ ਅਤੇ ਉਸ ਨੇ ਬਹੁਤ ਡਰਾਉਣਾ ਭੇਸ ਧਾਰਨ ਕੀਤਾ। ਉਸ ਰੋਹ ਵਿਚ ਆ ਕੇ ਬਹੁਤ ਤੀਰ ਛੱਡੇ ਅਤੇ ਅਨੇਕਾਂ ਸੂਰਮਿਆਂ ਦੇ ਸਿਰ ਪਾੜ ਦਿੱਤੇ॥੧੦੭॥

ਹਕਾ ਹਕੀ ਮਾਚਾ ਸੰਗ੍ਰਾਮਾ॥ਪਠੈ ਦਏ ਬਹੁ ਅਰਿ ਮ੍ਰਿਤੁ ਧਾਮਾ॥
ਬਾਜ ਖੁਰਨ ਭੂ ਆਕੁਲ ਭਈ॥ਖਟਖਟ ਭੂਮਿ ਗਗਨ ਉਡਿ ਗਈ॥੧੦੮॥

ਭਗਦੜ ਮੱਚ ਗਈ ਅਤੇ ਘੋਰ ਸੰਗਰਾਮ ਹੋਣ ਲੱਗਾ। ਬਹੁਤ ਸਾਰੇ ਦੁਸ਼ਮਣਾਂ ਨੂੰ ਜਮ ਲੋਕ ਪਹੁੰਚਾ ਦਿੱਤਾ ਗਿਆ। ਘੋੜਿਆਂ ਦੇ ਖੁਰਾਂ ਨਾਲ ਧਰਤੀ ਵਿਆਕੁਲ ਹੋ ਗਈ ਅਤੇ ਧਰਤੀ ਦੇ ਛੇ ਭਾਗ ਤਾਂ ਮਾਨੋਂ ਆਸਮਾਨ ਵਿਚ ਹੀ ਉੱਡ ਗਏ॥੧੦੮॥

ਏਕੈ ਰਹਿ ਗਯੋ ਜਬੈ ਪਯਾਲਾ॥ਐਸਾਮਚਾ ਜੁੱਧਬਿਕਰਾਲਾ॥
ਮਹਾਂ ਕਾਲ ਕੈ ਭਯੋ ਪ੍ਰਸੇਤਾ॥ਡਾਰਾ ਭੂਮਿ ਪੋਂਛਿ ਕਰਿ ਤੇਤਾ॥੧੦੯॥

ਪਦ ਅਰਥ - ਪ੍ਰੇਸਤਾ=ਮੁੜ੍ਹਕਾ, ਪਸੀਨਾ। ਪਯਾਲਾ=ਪਾਤਾਲ।

ਏਨਾ ਵਿਕਰਾਲ ਅਤੇ ਡਰਾਉਣਾ ਯੁੱਧ ਮੱਚਿਆ ਕਿ ਇਕ ਹੀ ਪਾਤਾਲ ਬਾਕੀ ਬਚਿਆ। ਮਹਾਂਕਾਲ ਨੂੰ ਜਿੰਨਾ ਪਸੀਨਾ ਆਇਆ ਸੀ, ਉਹ ਉਸ ਪੂੰਝ ਕੇ ਥੱਲੇ ਸੁੱਟ ਦਿੱਤਾ॥੧੦੯॥

ਭੱਟਾਚਾਰਜ ਰੂਪ ਤਬ ਧਰਾ॥ਬਦਨ ਪ੍ਰਸੇਤ ਧਰਨਿ ਜੋ ਪਰਾ॥
ਢਾਢਿ ਸੈਨ ਢਾਢੀ ਬਪੁ ਲਯੋ॥ਕਰਖਾ ਬਾਰ ਉਚਾਰਤ ਭਯੋ॥੧੧੦॥

ਮਹਾਂਕਾਲ ਦਾ ਜੋ ਪਸੀਨਾ ਧਰਤੀ ਤੇ ਡਿੱਗਿਆ ਉਸ ਨੇ ਭੱਟਾਚਾਰੀਆ ਭੱਟ ਦਾ ਰੂਪ ਧਾਰਨ

ਕਰ ਲਿਆ। ਢਾਢ ਸੈਨ ਢਾਡੀ ਦਾ ਰੂਪ ਧਾਰਨ ਕਰਕੇ ਮਹਾਂਕਾਲ ਦੀ ਪ੍ਰਸੰਸਾ ਦੇ ਗੀਤ ਗਾਉਣ ਲੱਗ ਗਿਆ।।੧੧੦।।

**ਜਿਹ ਅਰਿ ਕਾਲ ਕ੍ਰਿਪਾਨ ਪ੍ਰਹਾਰੈ।। ਇਕ ਤੇ ਦੋਇ ਪੁਰਖ ਕੈ ਡਾਰੈ।।**
**ਦ੍ਵੈ ਮਨੁਖਨ ਪਰ ਕਰਤ ਪ੍ਰਹਾਰਾ।। ਦ੍ਵੈ ਤੇ ਹੋਤ ਛਿਨਿਕ ਮੋਂ ਚਾਰਾ।।੧੧੧।।**

ਕਾਲ ਨੇ ਜਿਸ ਵੈਰੀ ਉਤੇ ਵੀ ਕਿਰਪਾਨ ਦਾ ਵਾਰ ਕੀਤਾ ਉਸ ਦੇ ਦੋ ਟੋਟੇ ਕਰ ਦਿੱਤੇ। ਜਦ ਉਹ ਦੋ 'ਉਤੇ' ਵਾਰ ਕਰਦਾ ਸੀ ਤਾਂ ਪੱਲ ਭਰ ਵਿਚ ਦੋ ਤੋਂ ਚਾਰ ਕਰ ਦਿੰਦਾ ਸੀ।।੧੧੧।।

**ਬਹੁਰਿ ਕਾਲ ਕੀਨਾ ਘਮਸਾਨਾ।। ਮਾਰਤ ਭਯੋ ਦੈਤ ਬਿਧਿ ਨਾਨਾ।।**
**ਅਧਿਕ ਪ੍ਰਸੇਤ ਧਰਨਿ ਪਰ ਪਰਿਯੋ।। ਭੂਮ ਸੈਨ ਤਾਤੇ ਬਪੁ ਧਰਿਯੋ।।੧੧੨।।**

ਫਿਰ ਕਾਲ ਨੇ ਘਮਸਾਨ ਦਾ ਯੁੱਧ ਕੀਤਾ ਅਤੇ ਅਨੇਕਾਂ ਦੈਂਤਾਂ ਨੂੰ ਮਾਰ ਦਿੱਤਾ। ਜਦ ਧਰਤੀ ਉੱਤੇ ਮਹਾਂਕਾਲ ਦਾ ਹੋਰ ਪਸੀਨਾਂ ਡਿੱਗਾ ਤਾਂ ਉਸ ਨੇ ਭੂਮ ਸੈਨ ਦਾ ਰੂਪ ਧਾਰਨ ਕਰ ਲਿਆ।।੧੧੨।।

**ਕਾਢਿ ਕ੍ਰਿਪਾਨ ਧਸੌ ਹੁੰਕਾਰਾ।। ਤਿਨਤੇ ਅਮਿਤ ਗਨਨ ਤਨ ਧਾਰਾ।।**
**ਢੋਲ ਪਟਹਿ ਇਕ ਤਾਲ ਬਜਾਵੈਂ।। ਜੰਗ ਮੁਚੰਗ ਉਪੰਗ ਸੁਨਾਵੈਂ।।੧੧੩।।**

ਪਦ ਅਰਥ -,ਗਨਨ=ਗਰੋਹ, ਝੁੰਡ, ਦਲ, ਸੈਨਾਂ ਦੀ ਇਕ ਖਾਸ ਗਿਣਤੀ, ਜਿਸ ਵਿਚ, ੨੭ ਰੱਥ, ੨੭ ਹਾਥੀ, ੮੧ ਘੋੜੇ ਅਤੇ ੧੩੫ ਪੈਦਲ ਸ਼ਾਮਿਲ ਹੁੰਦੇ ਹਨ।

ਉਹ ਕਿਰਪਾਨ ਕੱਢ ਕੇ ਹੰਕਾਰ ਦਾ ਭਰਿਆ ਹੋਇਆ ਦੁਸ਼ਮਣ ਦੀ ਫੌਜ ਵਿਚ ਧੱਸ ਗਿਆ ਅਤੇ ਉਸ ਨਾਲ਼ ਅਨੇਕਾਂ ਦਲ ਪੈਦਾ ਹੋਏ। ਸਾਰੇ ਢੋਲ, ਪੱਟਾ ਇਕ ਤਾਲ ਵਜਾਉਣ ਲੱਗੇ ਅਤੇ ਚੰਗ, ਮੁਚੰਗ, ਉਪੰਗ ਆਦਿ ਸੁਣਾਉਣ ਲੱਗੇ।।੧੧੩।।

**ਗੋ ਮੁਖ ਝਾਂਝਰ ਤੂਰ ਅਪਾਰਾ।। ਢੋਲ ਮ੍ਰਿਦੰਗ ਮੁਚੰਗਨ ਗਾਰਾ।।**
**ਬਾਜਤ ਭੇਰ ਭਭਾਕਹਿ ਭੀਖਨ।। ਕਸਿ ਧਨੁ ਤਜਤ ਸੁਭਟ ਸਰ ਤੀਛਨ।।੧੧੪।।**

ਗਊ ਮੁਖ, ਝਾਂਝਰ, ਤੁਰੀ, ਢੋਲ, ਮ੍ਰਦੰਗ, ਮੁਚੰਗ, ਉਪੰਗ ਆਦਿ ਵੱਜਣ ਲੱਗੇ। ਵਿਕਰਾਲ ਭੇਰੀਆਂ ਵਜੱਣ ਲੱਗੀਆਂ ਅਤੇ ਸੂਰਮੇ ਕਮਾਨਾਂ ਖਿੱਚ ਖਿੱਚ ਕੇ ਤੀਰ ਛੱਡਣ ਲੱਗੇ।।੧੧੪।।

**ਭਰਿ ਗੇ ਕੁੰਡ ਤਹਾਂ ਸ੍ਰੋਨਤ ਤਨ।। ਪ੍ਰਗਟੇ ਅਸੁਰ ਤਵਨ ਤੇ ਅਨਗਨ।।**
**ਮਾਰਿ ਮਾਰਿ ਮਿਲਿ ਕਰਤ ਪੁਕਾਰਾ।। ਤਿਨ ਤੇਂ ਪ੍ਰਗਟਤ ਅਸੁਰ ਹਜਾਰਾ।।੧੧੫।।**

ਉਥੇ ਖੂਨ ਦੇ ਕੁੰਡ ਭਰ ਗਏ ਅਤੇ ਉਨ੍ਹਾਂ ਵਿਚੋਂ ਅਨੇਕਾਂ ਦੈਂਤ ਪੈਦਾ ਹੋਏ। ਸਾਰੇ ਮਿੱਲ ਕੇ 'ਮਾਰੋ ਮਾਰੋ' ਪੁਕਾਰਨ ਲੱਗੇ ਅਤੇ ਉਨ੍ਹਾਂ ਦੇ ਸਾਹਾਂ ਤੋਂ ਹੋਰ ਅਨੇਕਾਂ ਦੈਂਤ ਪੈਦਾ ਹੋਣ ਲੱਗੇ।।੧੧੫।।

Namdhari Elibrary NamdhariElibrary@gmail.com

ਤਿਨਹਿ ਕਾਲ ਜਬ ਧਰਨਿ ਗਿਰਾਵੈਂ॥ਸ੍ਰੋਨ ਪੁਲਿਤ ਹ੍ਵੈ ਭੂਮਿ ਸੁਹਾਵੈਂ॥
ਤਾਂਤੇ ਅਮਿਤ ਅਸੁਰ ਉਠਿ ਭਜਹੀਂ॥ਬਾਨ ਕ੍ਰਿਪਾਨ ਸੈਹਥੀ ਸਜਹੀਂ॥੧੧੬॥

ਪਦ ਅਰਥ - ਧਰਨਿ=ਧਰਤੀ ਤੇ। ਸ੍ਰੋਨ ਪਲਿਤ=ਲਹੂ ਨਾਲ ਭਿੱਜ ਕੇ। ਭੂਮਿ ਸਹਾਵੈਂ=ਸ਼ੋਭਦੇ ਸਨ। ਉਠ ਭਜਹੀਂ=ਉਠ ਕੇ ਭੱਜ ਪੈਂਦੇ ਸਨ।

ਕਾਲ ਜਦ ਉਨ੍ਹਾਂ ਨੂੰ ਮਾਰ ਕੇ ਧਰਤੀ ਤੇ ਡੇਗਦਾ ਸੀ ਤਾਂ ਲਹੂ ਨਾਲ ਭਿੱਜੇ ਧਰਤੀ ਦੀ ਸ਼ੋਭਾ ਵਧਾਉਂਦੇ ਸਨ। ਅਨੇਕਾਂ ਹੋਰ ਦੈਂਤ ਉਸ ਤੋਂ ਪੈਦਾ ਹੋ ਜਾਂਦੇ ਸਨ ਅਤੇ ਉਹ ਵੀ ਭੱਜ ਪੈਂਦੇ ਸਨ ਅਤੇ ਉਹ ਤੀਰ ਕਮਾਨ, ਕਿਰਪਾਨ ਅਤੇ ਭਾਲੇ ਆਦਿ ਪਹਿਣ ਲੈਂਦੇ ਸਨ॥੧੧੬॥

ਅਧਿਕ ਕੋਪ ਕਰਿ ਸਮੁਹਿ ਸਿਧਾਰੇ॥ਸਭੈ ਕਾਲ ਛਿਨ ਇਕ ਮੋਂ ਮਾਰੇ॥
ਤਿਨ ਤੇ ਸ੍ਰੋਨਤ ਪਰਾ ਸਬੂਹਾ॥ਸਾਜਤ ਭਏ ਅਸੁਰ ਤਬ ਸਜੂਹਾ॥੧੧੭॥

ਉਹ ਹੋਰ ਰੋਹ ਵਿਚ ਆ ਕੇ ਸਾਹਮਣੇ ਆ ਭਿੜਦੇ ਸਨ। ਕਾਲ ਨੇ ਉਨ੍ਹਾਂ ਨੂੰ ਇਕ ਖਿਣ ਵਿਚ ਮਾਰ ਦਿੱਤਾ। ਉਸ ਨਾਲ ਜੋ ਖੂਨ ਵਗਿਆ ਉਸ ਨਾਲ ਅਨੇਕਾਂ ਦੈਂਤ ਪੈਦਾ ਹੋ ਕੇ ਵਿਊ ਬਨਾਉਣ ਲੱਗੇ॥੧੧੭॥

ਦਾਰੁਨ ਮਚਾ ਜੁੱਧ ਤਬ ਝਟ ਪਟ॥ਉਡਿਗੇ ਬਾਜ ਖੁਰਨ ਭੂ ਖਟਪਟ॥
ਹ੍ਵੈ ਗੇ ਤੇਰਹ ਗਗਨ ਅਪਾਰਾ॥ਏਕੈ ਰਹਿ ਗਯੋ ਤਹਾਂ ਪਤਾਰਾ॥੧੧੮॥

ਤਦ ਝਟ ਪਟ ਖੌਫਨਾਕ ਯੁੱਧ ਆਰੰਭ ਹੋ ਗਿਆ ਅਤੇ ਘੋੜਿਆਂ ਦੇ ਖੁਰਾਂ ਨਾਲ ਧਰਤੀ ਉੱਡਣ ਲੱਗੀ। ਧਰਤੀ ਦੇ ਸਾਰੇ ਖੰਡ ਤੇਰਾਂ ਅਕਾਸ਼ਾਂ ਵਿਚ ਬਦਲ ਗਏ ਅਤੇ ਕੇਵਲ ਇਕ ਹੀ ਖੰਡ, ਪਾਤਾਲ ਬਾਕੀ ਬਚਿਆ॥੧੧੮॥

ਭੱਟਾਚਾਰਜ ਇਤੈ ਜਸੁ ਗਾਵੈ॥ਢਾਢਿ ਸੈਨ ਕਰਖਾਹੁ ਸੁਨਾਵੈ॥
ਤਿਮਿ ਤਿਮਿ ਕਾਲਹਿ ਬਢੈ ਗੁਮਾਨਾ॥ਚਹਿ ਚਹਿ ਹਨੇ ਦੁਬਹਿਯਾ ਨਾਨਾ॥੧੧੯॥

ਪਦ ਅਰਥ - ਕਰਖਾਹੁ=ਬੀਰ-ਰਸੀ ਵਾਰ। ਕਰਖਾ ਇਕ ਪ੍ਰਕਾਰ ਦਾ ਛੰਦ ਹੈ, ਇਸ ਦੇ ਚਾਰ ਚਰਣ ਹੁੰਦੇ ਹਨ, ਹਰ ਚਰਣ ਵਿਚ ੩੭ ਮਾਰਤਾ ਹੁੰਦੀਆਂ ਹਨ, ਪਹਿਲਾਂ ਵਿਸ਼ਰਾਮ ਅੱਠ ਤੇ ਆਉਂਦਾ ਹੈ, ਦੂਸਰਾ ਬਾਰਾਂ ਉਤੇ ਤੀਜਾ ਅੱਠ ਉਤੇ ਚੌਥਾ ਨੌਂ ਤੇ ਖਤਮ ਹੁੰਦਾ ਹੈ।

ਏਧਰ ਭੱਟਾਚਾਰੀਆ ਮਹਾਂਕਾਲ ਦਾ ਜੱਸ ਗਾ ਰਿਹਾ ਸੀ ਅਤੇ ਢਾਡੀ ਸੈਨ ਬੀਰ-ਰਸੀ ਵਾਰ ਗਾ ਕੇ ਸੁਣਾ ਰਿਹਾ ਸੀ। ਜਿਵੇਂ ਜਿਵੇਂ ਕਾਲ ਦਾ ਗੁਮਾਨ ਵੱਧਦਾ ਜਾਂਦਾ ਸੀ ਉਹ ਦੋ ਬਾਹਾਂ ਵਾਲੇ ਦੁਸ਼ਮਣਾਂ ਨੂੰ ਮਾਰ ਰਿਹਾ ਸੀ॥੧੧੯॥

ਤਿਨ ਤੇ ਮੇਦ ਮਾਸ ਜੋ ਪਰਹੀਂ॥ਰਥੀ ਗਜੀ ਬਾਜੀ ਤਨ ਧਰਹੀਂ॥

**ਕੇਤਿਕ ਭਏ ਅਸੁਰ ਬਿਕਰਾਰਾ ॥ ਤਿਨ ਕੇ ਬਰਨਨ ਕਰੌ ਸਿਧਾਰਾ ॥੧੨੦॥**

ਰਾਕਸਾਂ ਦੀ ਮਿੱਝ ਅਤੇ ਮਾਸ ਤੋਂ ਅਨੇਕਾਂ ਹਾਥੀਵਾਨ, ਰੱਥਵਾਨ ਅਤੇ ਘੋੜ ਸਵਾਰ ਪੈਦਾ ਹੋ ਰਹੇ ਸਨ। ਕਈ ਡਰਾਉਣੇ ਦੈਂਤ ਪੈਦਾ ਹੋਏ ਜਿਨ੍ਹਾਂ ਦਾ ਵਰਣਨ ਮੈਂ ਸੰਖੇਪ ਵਿਚ ਕਰਦਾ ਹਾਂ॥੧੨੦॥

**ਏਕੈ ਚਰਨ ਆਂਖਿ ਏਕੈ ਜਿਨਿ ॥ ਭੁਜਾ ਅਮਿਤ ਸਹਸ ਦ੍ਵੈ ਕੇ ਤਿਨ ॥**
**ਪਾਂਚ ਪਾਂਚ ਸੈ ਭੁਜ ਕੇ ਘਨੇ ॥ ਸ਼ਸਤ੍ਰ ਅਸਤ੍ਰ ਹਾਥਨ ਮੈ ਬਨੇ ॥੧੨੧॥**

ਉਹ ਇਕ ਹੀ ਪੈਰ ਅਤੇ ਇਕ ਹੀ ਅੱਖ ਵਾਲੇ ਸਨ ਪਰ ਉਨ੍ਹਾਂ ਦੀਆਂ ਦੋ ਦੋ ਤਿੰਨ ਤਿੰਨ ਹਜ਼ਾਰ ਬਾਹਾਂ ਸਨ। ਦੋ ਦੋ ਤਿੰਨ ਤਿੰਨ ਹਜ਼ਾਰ ਬਾਹਾਂ ਵਾਲੇ ਅਨੇਕਾਂ ਸਨ, ਜਿਨ੍ਹਾਂ ਦੇ ਹਰ ਹੱਥ ਵਿਚ ਅਸਤਰ ਸ਼ਸਤਰ ਸਨ॥੧੨੧॥

**ਏਕ ਚਰਨ ਏਕੈ ਕੀ ਨਾਸਾ ॥ ਏਕ ਏਕ ਭੁਜ ਭ੍ਰਮਤ ਅਕਾਸਾ ॥**
**ਅਰਧ ਮੁੰਡ ਮੁੰਡਿਤ ਕੇਤੇ ਸਿਰ ॥ ਕੇਸਨ ਧਰੇ ਕਿਤਕ ਧਾਏ ਫਿਰਿ ॥੧੨੨॥**

ਇਕ ਇਕ ਹੀ ਪੈਰ, ਇਕ ਹੀ ਨਾਸ ਅਤੇ ਇਕ ਹੀ ਬਾਂਹ ਵਾਲੇ ਸਨ, ਜਿਹੜੇ ਕਿ ਅਕਾਸ਼ ਵਿਚ ਭਾਉਂਦੇ ਫਿਰਦੇ ਸਨ। ਕਈਆਂ ਦੇ ਅੱਧੇ ਸਿਰ ਮੁੰਨੇ ਸੀ ਅਤੇ ਕਈਆਂ ਦੇ ਪੂਰੇ ਸਿਰ॰ ਮੁੰਨੇ ਹੋਏ ਸਨ ਅਤੇ ਕਈ ਬੇਅੰਤ ਕੇਸ਼ਾਂ ਨੂੰ ਧਾਰਨ ਕਰਕੇ ਆਕਾਸ਼ ਵਿਚ ਘੁੰਮ ਰਹੇ ਸਨ॥੧੨੨॥

**ਏਕ ਏਕ ਮਦ ਕੋ ਸਰ ਪੀਯੈ ॥ ਮਾਨਵ ਖਾਇ ਜਗਤ ਕੇ ਜੀਯੈ ॥**
**ਦਸ ਸਹੰਸ ਭਾਂਗ ਕੇ ਭਰਿ ਘਟ ॥ ਪੀ ਪੀ ਭਿਰਤ ਅਸੁਰ ਰਨ ਚਟਪਟ ॥੧੨੩॥**

ਪਦ ਅਰਥ - ਮਦ=ਸ਼ਰਾਬ। ਸਰ=ਸਰੋਵਰ, ਤਾਲਾਬ। ਮਾਨਵ=ਮਨੁੱਖ। ਦਸ ਸਹੰਸ=ਦਸ ਹਜ਼ਾਰ। ਘਟ=ਘੜੇ। ਭਿਰਤ=ਭਿੱੜਦੇ, ਲੜਦੇ। ਚਟਪਟ=ਝਟ, ਤੁਰੰਤ।

ਇਕ ਇਕ ਸ਼ਰਾਬ ਦਾ ਸਰੋਵਰ ਪੀ ਕੇ ਸੰਸਾਰ ਦੇ ਅਨੇਕ ਮਨੁੱਖਾਂ ਨੂੰ ਖਾ ਕੇ ਜੀਉਂਦੇ ਰਹਿਣ ਵਾਲੇ ਸੀ। ਦਸ ਹਜ਼ਾਰ ਭੰਗ ਦੇ ਭਰੇ ਹੋਏ ਘੜੇ ਪੀ ਕੇ ਉਹ ਝੱਟ ਯੁੱਧ ਵਿਚ ਆ ਭਿੱੜਦੇ ਸਨ॥੧੨੩॥

**ਦੋਹਰਾ ॥ ਬੱਜ੍ਰਬਾਨ ਬਿਛੂਆ ਬਿਸਿਖ ਬਰਖੈਂ ਸ਼ਸਤ੍ਰ ਅਪਾਰ ॥**
**ਊਚ ਨੀਚ ਕਾਤਰ ਸੁਭਟ ਸਭ ਕੀਨੇ ਇਕ ਸਾਰ ॥੧੨੪॥**

ਬੱਜਰ ਬਾਣ ਅਤੇ ਬਿਛੂਆ ਆਦਿ ਅਪਾਰ ਗਿਣਤੀ ਵਿਚ ਵਰ੍ਹ ਰਹੇ ਸਨ ਅਤੇ ਵੱਡੇ ਨਿੱਕੇ ਸਭ ਸੂਰਬੀਰ ਇਕ ਸਮਾਨ ਕਰ ਦਿੱਤੇ ਸਨ॥੧੨੪॥

**ਚੌਪਈ ॥ ਇਹ ਬਿਧਿ ਭਯੋ ਘੋਰ ਸੰਗ੍ਰਾਮਾ ॥ ਲੈ ਲੈ ਅਮਿਤ ਜੁੱਧ ਕਾ ਸਾਮਾ ॥**
**ਮਹਾਂ ਕਾਲ ਕੋਪਤ ਭਯੋ ਜਬਹੀ ॥ ਅਸੁਰ ਅਨੇਕ ਬਿਦਾਰੇ ਤਬਹੀ ॥੧੨੫॥**

Namdhari Elibrary NamdhariElibrary@gmail.com

ਇਸ ਤਰ੍ਹਾਂ ਯੁੱਧ ਦਾ ਬੇਅੰਤ ਸਾਮਾਨ ਲੈ ਕੇ ਘੋਰ ਸੰਗਰਾਮ ਹੋਇਆ। ਮਹਾਂਕਾਲ ਨੂੰ ਜਦ ਹੀ ਗੁੱਸਾ ਆਇਆ ਤਾਂ ਉਸ ਅਨੇਕਾਂ ਸੂਰਮਿਆਂ ਨੂੰ ਤੁਰੰਤ ਮਾਰ ਦਿੱਤਾ॥੧੨੫॥

**ਮਹਾਂ ਕਾਲ ਜਬ ਹੀ ਰਿਸਿ ਭਰਾ॥ਘੋਰ ਭਯਾਨਕ ਆਹਵ ਕਰਾ॥**
**ਮਾਰਤ ਭਯੋ ਅਸੁਰ ਬਿਕਰਾਲਾ॥ਸਿੰਘ ਨਾਦ ਕੀਨਾ ਤਤਕਾਲਾ॥੧੨੬॥**

ਮਹਾਂਕਾਲ ਨੇ ਕਰੋਧ ਨਾਲ ਭਰ ਕੇ ਘੋਰ ਯੁੱਧ ਕੀਤਾ। ਉਸ ਵਿਕਰਾਲ ਦੈਂਤਾਂ ਨੂੰ ਮਾਰ ਦਿੱਤਾ ਅਤੇ ਤੁਰੰਤ ਸਿੰਘ ਨਾਦ ਵਜਾਇਆ॥੧੨੬॥

**ਕਹੂੰ ਮਸਾਨ ਕਿਲਕਟੀ ਮਾਰੈਂ॥ਭੈਰਵ ਕਹੂੰ ਠਾਢ ਭੁੰਕਾਰੈਂ॥**
**ਜੋਗਨਿ ਦੈਤ ਅਧਿਕ ਹਰਖਾਨੇ॥ਭੂਤ ਸ਼ਿਵਾ ਬੋਲੈ ਅਭਿਮਾਨੇ॥੧੨੭॥**

ਪਦ ਅਰਥ - ਮਸਾਨ=ਭੂਤ। ਕਿਲਕਟੀ=ਕਿਲਕਾਰੀਆਂ। ਭੁਕਾਰੈਂ=ਭੱਭਕ ਰਹੇ ਸਨ। ਜੋਗਨਿ=ਜੋਗਨੀਆਂ। ਹਰਖਾਨੇ=ਪ੍ਰਸੰਨ।

ਕਿਤੇ ਭੂਤ ਪ੍ਰੇਤ ਕਿਲਕਾਰੀਆਂ ਮਾਰ ਰਹੇ ਸਨ ਅਤੇ ਭੈਰਵ ਭੱਭਕ ਰਹੇ ਸਨ। ਜੋਗਨੀਆਂ ਅਤੇ ਦੈਂਤ ਬਹੁਤ ਖੁਸ਼ ਸਨ ਅਤੇ ਭੂਤ ਅਤੇ ਸ਼ਿਵ ਵੀ ਹੰਕਾਰ ਨਾਲ ਬੋਲ ਰਹੇ ਸਨ॥੧੨੭॥

**ਝਾਲਰਿ ਝਾਂਝਰ ਢੋਲ ਮ੍ਰਿਦੰਗਾ॥ਪਟਹ ਨਗਾਰੇ ਮੁਰਜ ਮੁਚੰਗਾ॥**
**ਡਵਰੂ ਗੁਡਗੁਡੀ ਕਹੂੰ ਉਪੰਗਾ॥ਨਾਇ ਨਫੀਰੀ ਬਜਤ ਸੁਰੰਗਾ॥੧੨੮॥**

ਯੁੱਧ ਦੇ ਮੈਦਾਨ ਵਿਚ ਝਾਲਰ, ਝਾਂਝਰ, ਢੋਲ, ਮ੍ਰਿਦੰਗ, ਪੱਟੇ, ਨਗਾਰੇ, ਮੁਚੰਗ, ਡੁਗਡੁਗੀ, ਉਪੰਗ ਅਤੇ ਨਫੀਰੀ ਆਦਿ ਸੁਰਤਾਲ ਨਾਲ ਵੱਜ ਰਹੇ ਸਨ॥੧੨੮॥

**ਮੁਰਲੀ ਕਹੂੰ ਬਾਸੁਰੀ ਬਾਜਤ॥ਕਹੂੰ ਉਪੰਗ ਮ੍ਰਿੰਦੰਗ ਬਰਾਜਤ॥**
**ਦੁੰਦਭਿ ਢੋਲ ਕਹੂੰ ਸ਼ਹਨਾਈ॥ਬਾਜਤ ਭੇ ਲਖਿ ਪਰੀ ਲਰਾਈ॥੧੨੯॥**

ਕਿਤੇ ਮੁਰਲੀ ਅਤੇ ਬਾਂਸਰੀ ਵੱਜ ਰਹੀ ਸੀ, ਕਿਤੇ ਉਪੰਗ ਅਤੇ ਮ੍ਰਿਦੰਗ ਵੱਜ ਰਹੇ ਸਨ। ਕਿਤੇ ਦੁਦੰਭੀ ਢੋਲ ਅਤੇ ਸ਼ਹਿਨਾਈਆਂ ਵੱਜ ਰਹੀਆਂ ਸਨ। ਇਹ ਸਭ ਸਾਜ ਲੜਾਈ ਨੂੰ ਵੇਖ ਕੇ ਵੱਜ ਰਹੇ ਸਨ॥੧੨੯॥

**ਮੁਰਜ ਮੁਚੰਗ ਬਜੈਂ ਤੁਰਹੀ ਰਨ॥ਭੇਰਨ ਕੇ ਭਭਕਾਰ ਕਰਤ ਗਨ॥**
**ਹਾਥੀ ਘੋਰਨ ਕੇ ਦੁੰਦਭਿ ਰਨ॥ਉਸਟਨ ਕੇ ਬਾਜੇ ਰਨ ਮੁਰਧਨ॥੧੩੦॥**

ਪਦ ਅਰਥ - ਉਸਟਨ=ਊਠ। ਮੁਰਧਨ=ਮਿਠੀ ਸੁਰ ਵਿਚ।

ਯੁਧ ਵਿਚ ਢੋਲ, ਮੁਚੰਗ, ਤੁਰਹੀ ਆਦਿ ਵਾਜੇ ਵੱਜ ਰਹੇ ਸਨ ਅਤੇ ਕਿਤੇ ਭੂਤ ਪ੍ਰੇਤ ਭੇਰੀਆਂ

ਵਾਂਗ ਭੱਭਕ ਰਹੇ ਸਨ। ਹਾਥੀਆਂ ਘੋੜਿਆਂ ਦੀਆਂ ਦੁਦੰਭੀਆਂ ਅਤੇ ਊਠਾਂ ਦੇ ਵਾਜੇ ਬੜੀ ਮਿੱਠੀ ਸੁਰ ਵਿਚ ਵੱਜ ਰਹੇ ਸਨ॥੧੩੦॥

**ਕੇਤਿਕ ਸੁਭਟ ਸਰਨ ਕੇ ਮਾਰੇ॥ਗਿਰਤ ਭਏ ਰਨ ਡੀਲ ਡਿਲਾਰੇ॥**
**ਜਦਿਪ ਪ੍ਰਾਨ ਸਮੁਹ ਹ੍ਵੈ ਦਏ॥ਕਰ ਤੇ ਤਜਤ ਕ੍ਰਿਪਾਨਨ ਭਏ॥੧੩੧॥**

ਬਹੁਤ ਸਾਰੇ ਸੂਰਮੇ ਸ਼ਰਨ ਵਿਚ ਆ ਡਿੱਗੇ। ਉਹ ਲੰਮੇ ਚੌੜੇ ਡੀਲ ਡੋਲ ਸਰੀਰਾਂ ਵਾਲੇ ਸਨ। ਜਦ ਸਾਹਮਣੇ ਆ ਕੇ ਉਹ ਪ੍ਰਾਣ ਦੇ ਰਹੇ ਸਨ ਤਾਂ ਹੱਥਾਂ ਵਿਚੋਂ ਕਿਰਪਾਨਾਂ ਥੱਲੇ ਸੁੱਟ ਰਹੇ ਸਨ॥੧੩੧॥

**ਚਲਤ ਭਈ ਸਰਿਤਾ ਸ੍ਰੋਨਤ ਤਹ॥ਜੁੱਧ ਭਯੋ ਕਾਲੀ ਅਸੁਰਨ ਜਹ॥**
**ਸੀਸ ਕੇਸ ਜਹ ਭਏ ਸਿਵਾਰਾ॥ਸ੍ਰੋਨ ਪ੍ਰਵਾਹ ਬਹਤ ਹਹ ਹਾਰਾ॥੧੩੨॥**

ਜਿਥੇ ਮਹਾਂਕਾਲ ਅਤੇ ਦੈਂਤਾਂ ਦਾ ਯੁੱਧ ਹੋ ਰਿਹਾ ਸੀ. ਓਥੇ ਲਹੂ ਦੀਆਂ ਨਦੀਆਂ ਵੱਗ ਰਹੀਆਂ ਸਨ। ਸਿਰ ਤੇ ਕੇਸ ਲਹੂ ਨਾਲ ਭਿੱਜੇ ਸਰਕੜੇ ਵਾਂਗ ਲੱਗ ਰਹੇ ਸਨ ਅਤੇ ਖੂਨ ਦੀਆਂ ਧਾਰਾਂ ਵੱਗ ਰਹੀਆਂ ਸਨ॥੧੩੨॥

**ਬਾਜ ਬ੍ਰਿਛ ਜਹ ਬਹੇ ਅਨੇਕੈ॥ਬਿਨੁ ਬ੍ਰਿਣ ਬੀਰ ਰਹਾ ਨਹਿ ਏਕੈ॥**
**ਸ੍ਰੋਨ ਭਰੇ ਪਟ ਅਧਿਕ ਸੁਹਾਏ॥ਚਾਚਰਿ ਖੇਲਿ ਮਨੌ ਘਰ ਆਏ॥੧੩੩॥**

ਉਸ ਵਿਚ ਅਨੇਕਾਂ ਘੋੜੇ ਅਤੇ ਰੁੱਖ ਵਹਿ ਰਹੇ ਸਨ ਅਤੇ ਕੋਈ ਵੀ ਜ਼ਖਮੀ ਹੋਏ ਤੋਂ ਬਗੈਰ ਨਹੀਂ ਬਚਿਆ ਸੀ। ਲਹੂ ਨਾਲ ਭਿੱਜੇ ਕਪੜੇ ਬਹੁਤ ਸ਼ੋਭ ਰਹੇ ਸਨ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਿ ਸਾਰੇ ਹੋਲੀ ਖੇਡ ਕੇ ਵਾਪਿਸ ਆ ਰਹੇ ਹੋਣ॥੧੩੩॥

**ਸੂਰਨ ਕੇ ਜਹ ਮੂੰਡ ਪਖਾਨਾ॥ਸੋਭਿਤ ਰੰਗ ਭੂਮ ਮਹਿ ਨਾਨਾ॥**
**ਬਹੇ ਜਾਤ ਜਹ ਬ੍ਰਿਛ ਤੁਰੰਗਾ॥ਬਡੇ ਸੈਲ ਸੇ ਲਸਤ ਮਤੰਗਾ॥੧੩੪॥**

ਪਦ ਅਰਥ - ਮੂੰਡ=ਸਿਰ। ਪਖਾਨਾ=ਪੱਥਰ। ਸੋਭਿਤ=ਸੋਭ ਰਹੇ ਸਨ। ਨਾਨਾ=ਭਿੰਨ ਭਿੰਨ। ਤੁਰੰਗਾ=ਘੋੜੇ। ਮਤੰਗਾ=ਮਸਤ ਹਾਥੀ।

ਯੁੱਧ ਦੇ ਮੈਦਾਨ ਵਿਚ ਸੂਰਬੀਰਾਂ ਦੇ ਸਿਰ ਪੱਥਰਾਂ ਵਾਂਗ ਪਏ ਬਹੁਤ ਸ਼ੋਭ ਰਹੇ ਸਨ। ਰੁੱਖ ਅਤੇ ਘੋੜੇ ਵਹਿੰਦੇ ਜਾ ਰਹੇ ਸਨ ਅਤੇ ਮਸਤ ਹਾਥੀ ਵੱਡੇ ਵੱਡੇ ਪਹਾੜਾਂ ਵਾਂਗ ਸੋਭ ਰਹੇ ਸਨ॥੧੩੪॥

**ਮਛਰੀ ਤਨਕਿ ਅੰਗੁਰਿਯੈਂ ਸੋਹੈਂ॥ਭੁਜਾ ਭੁਜੰਗਨ ਸੀ ਮਨ ਮੋਹੈਂ॥**
**ਕਹੂੰ ਗ੍ਰਾਹ ਸੇ ਖੜਗ ਝਮੱਕਹਿ॥ਭਕ ਭਕ ਕਰ ਕਹੂੰ ਘਾਇ ਭਭੱਕਹਿ॥੧੩੫॥**

ਪਦ ਅਰਥ - ਮਛਰੀ=ਮੱਛੀ। ਅੰਗੁਰਿਯੈ=ਉਂਗਲੀਆਂ। ਸੋਹੈਂ=ਸ਼ੋਭ ਰਹੀਆਂ ਸਨ। ਭੁਜਾ

*************************************************************
ਭੁਜੰਗਨ=ਸੱਪਾਂ ਵਰਗੀਆਂ ਬਾਹਾਂ। ਘਾਇ=ਜ਼ਖਮ। ਗ੍ਰਾਹ=ਮਗਰ ਮੱਛ।

ਉਨ੍ਹਾਂ ਦੀਆਂ ਉਂਗਲਾਂ ਮੱਛੀਆਂ ਵਰਗੀਆਂ ਅਤੇ ਬਾਹਾਂ ਸੱਪਾਂ ਵਰਗੀਆਂ ਲੱਗ ਰਹੀਆਂ ਸਨ। ਉਹ ਮਗਰ ਮੱਛਾਂ ਵਾਂਗ ਤਲਵਾਰਾਂ ਦਬੋਚ ਰਹੇ ਸਨ ਅਤੇ ਕਿਤੇ ਜ਼ਖਮਾਂ ਵਿਚੋਂ ਭਕਭਕ ਖੂਨ ਵੱਗ ਰਿਹਾ ਸੀ।।੧੩੫।।

**ਭੁਜੰਗ ਛੰਦ।। ਜਹਾਂ ਬੀਰ ਬੈਰੀ ਬਡੇ ਘੇਰਿ ਮਾਰੇ।। ਤਹਾਂ ਭੂਤ ਔ ਪ੍ਰੇਤ ਨਾਚੇ ਮਤਜਾਰੇ।।**
**ਕਹੂੰ ਡਾਕਨੀ ਝਾਕਨੀ ਹਾਂਕ ਮਾਰੈਂ।। ਉਠੈ ਨਾਦ ਭਾਰੇ ਛੁਟੇ ਚੀਤਕਾਰੈਂ।।੧੩੬।।**

ਪਦ ਅਰਥ - ਮਤਵਾਰੇ=ਮਤਵਾਲੇ। ਡਾਕਨੀਂ=ਚੜੇਲਾਂ। ਝਾਕਨੀ=ਪ੍ਰੇਤ, ਭੂਤ। ਚੀਤਕਾਰੈਂ=ਚੀਕਾਂ।

ਜਿਥੇ ਵੱਡੇ ਵੱਡੇ ਵੈਰੀ ਘੇਰ ਕੇ ਮਾਰੇ ਗਏ। ਓਥੇ ਭੂਤ ਪ੍ਰੇਤ ਮਤਵਾਲੇ ਹੋ ਕੇ ਨੱਚਣ ਲੱਗੇ। ਕਿਤੇ ਚੜੇਲਾਂ ਅਤੇ ਭੂਤ ਪ੍ਰੇਤ ਹਾਕਾਂ ਮਾਰ ਰਹੇ ਸਨ, ਕਿਤੇ ਬੜੀ ਉੱਚੀ ਸੁਰ ਵਿਚ ਵਾਜਿਆਂ ਦੀ ਆਵਾਜ਼ ਆ ਰਹੀ ਸੀ ਅਤੇ ਕਿਤੇ ਕੁਰੱਖਤ ਚੀਕਾਂ ਸੁਣਾਈ ਦੇ ਰਹੀਆਂ ਸਨ।।੧੩੬।।

**ਕਹੂੰ ਅੰਗੁਲੈ ਤ੍ਰਾਣ ਕਾਟਾ ਬਿਰਾਜੈਂ।। ਕਹੂੰ ਅੰਗੁਲਾ ਕਾਟਿ ਕੇ ਰਤਨ ਰਾਜੈਂ।।**
**ਕਹੂੰ ਟੀਕ ਟਾਂਕੇ ਕਟੈ ਕੋਪ ਸੋਹੈਂ।। ਕਹੂੰ ਬੀਰ ਮਾਰੇ ਗਿਰੇ ਭੂਮਿ ਮੋਹੈਂ।।੧੩੭।।**

ਪਦ ਅਰਥ - ਅੰਗੁਲਾ=ਉਂਗਲੀਆਂ। ਕਾਟਾ ਬੇਰਾਜੈ=ਰਤਨ ਬਿਰਾਜਮਾਨ ਸਨ।

ਕਿਤੇ ਉਂਗਲੀਆਂ ਕਟੀਆਂ ਪਈਆਂ ਸਨ ਅਤੇ ਕਿਤੇ ਉਂਗਲੀਆਂ ਨਾਲੋਂ ਲੱਥੀਆਂ ਹੀਰਿਆਂ ਜੜਤ ਮੁੰਦਰੀਆਂ ਬਿਰਾਜਮਾਨ ਸਨ ਅਤੇ ਕਿਤੇ ਵੱਢੇ ਹੋਏ ਸੂਰਮੇ, ਕਿਤੇ ਡਿੱਗੇ ਹੋਏ ਸੂਰਮੇ ਸ਼ੋਭ ਰਹੇ ਸਨ।।੧੩੭।।

**ਜਿਤੇ ਸ੍ਰੋਨ ਕੇ ਬੂੰਦ ਭੂ ਪੈ ਪਰੇ ਹੈਂ।। ਤਿਤੇ ਦਾਨਵੌ ਰੂਪ ਬਾਕੇ ਧਰੇ ਹੈਂ।।**
**ਹਠੀ ਓਰ ਚਾਰੋਂ ਬਿਖੈ ਆਨਿ ਢੂਕੇ।। ਮਹਾਂ ਕੋਪ ਕੈ ਮਾਰ ਹੀ ਮਾਰਿ ਕੂਕੇ।।੧੩੮।।**

ਜਿੰਨੀਆਂ ਵੀ ਲਹੂ ਦੀਆਂ ਬੂੰਦਾਂ ਧਰਤੀ ਉਤੇ ਡਿੱਗੀਆਂ, ਓਨੇ ਹੀ ਦੈਂਤ ਬਾਂਕੇ ਰੂਪ ਧਾਰ ਕੇ ਸਾਹਮਣੇ ਆ ਪਰਗਟ ਹੋਏ। ਹੱਠੀ ਸੂਰਮੇ ਚੌਹਾਂ ਪਾਸਿਆਂ ਤੋਂ ਆ ਇਕੱਠੇ ਹੋਏ ਅਤੇ ਰੋਹ ਵਿਚ ਭਰ ਕੇ 'ਮਾਰੋ ਮਾਰੋ' ਚੀਕਣ ਲੱਗੇ।।੧੩੮।।

**ਜਿਤੇ ਦੈਂਤ ਆਏ ਤਿਤੇ ਕਾਲ ਮਾਰੇ।। ਬਹੇ ਸ੍ਰੋਨ ਕੇ ਭੂੰਮ ਹੂੰ ਪੈ ਪਨਾਰੇ।।**
**ਉਠ ਦੈਤ ਬਾਂਕੇ ਬਲੀ ਸ਼ਸਤ੍ਰ ਲੈਕੈ।। ਦੂਹੂੰ ਓਰ ਤੇ ਮਾਰ ਹੀ ਮਾਰਿ ਕੈਕੈ।।੧੩੯।।**

ਜਿੰਨੇ ਦੈਂਤ ਆਏ, ਮਹਾਂਕਾਲ ਨੇ ਮਾਰ ਦਿੱਤੇ, ਧਰਤੀ ਉਤੇ ਲਹੂ ਦੇ ਪਰਨਾਲੇ ਚੱਲ ਪਏ। ਉਸ ਲਹੂ ਤੋਂ ਹੋਰ ਬਾਂਕੇ ਅਤੇ ਬਲਵਾਨ ਦੈਂਤ ਪੈਦਾ ਹੋ ਕੇ ਉਠ ਖਲੋਤਾ ਦੋਹਾਂ ਪਾਸਿਆਂ ਤੋਂ 'ਮਾਰੋ ਮਾਰੋ' ਆਵਾਜ਼ਾਂ ਕੱਢਦੇ ਟੁੱਟ ਕੇ ਪੈ ਗਏ।।੧੩੯।।

ਹਠੀ ਬੱਧਿ ਗੋਪਾ ਗੁਲਿਤ੍ਰਾਨ ਬਾਂਕੇ॥ਹਠੀਲੇ ਕਟੀਲੇ ਰਜੀਲੇ ਨਿਸਾਂਕੇ॥
ਗਦਾ ਹਾਥ ਲੈਕੇ ਕਿਤੇ ਬੀਰ ਗਾਜੇ॥ਲਰੇ ਆਨਿ ਕੈ ਪੈਗ ਦ੍ਵੈ ਕੈ ਨ ਭਾਜੇ॥੧੪੦॥

ਸੂਰਮੇ ਬੜੇ ਹੱਠੀ ਅਤੇ ਬਾਂਕੇ ਸਨ ਅਤੇ ਸਾਰਿਆਂ ਨੇ ਕਵਚ ਪਾਏ ਹੋਏ ਸਨ। ਉਹ ਬੜੇ ਫੁਰਤੀਲੇ ਅਤੇ ਸੁੰਦਰ ਲੱਗ ਰਹੇ ਸਨ। ਕਿੰਨੇ ਹੀ ਸੂਰਮੇ ਗਦਾ ਲੈ ਕੇ ਗੱਜ ਰਹੇ ਸਨ ਅਤੇ ਆ ਕੇ ਮੈਦਾਨ ਵਿਚ ਲੜਦੇ ਸਨ ਤੇ ਇਕ ਵੀ ਪੈਰ ਪਿਛਾ ਨਹੀਂ ਹਟਾਂਦੇ ਸਨ॥੧੪੦॥

ਕਹੂੰ ਬੀਰ ਮਾਰੇ ਬਿਦਾਰੇ ਪਰੇ ਹੈ॥ਕਹੂੰ ਖੇਤ ਮੈ ਖਿੰਗ ਖੱਤ੍ਰੀ ਜਰੇ ਹੈ॥
ਕਹੂੰ ਮੱਤ ਦੰਤੀ ਕਹੂੰ ਉਸਟ ਮਾਰੇ॥ਬਿਰਾਜੈਂ ਕਹੂੰ ਨਗਨ ਖੰਡੇ ਕਟਾਰੇ॥੧੪੧॥

ਪਦ ਅਰਥ-ਖਿੰਗ ਖੱਤ੍ਰੀ=ਕਠੋਰ ਖੱਤਰੀ।ਮੱਤ ਦੰਤੀ=ਮਸਤ ਹਾਥੀ।ਉਸਟ=ਊਠ।ਨਗਨ=ਨੰਗੇ।

ਕਿਤੇ ਸੂਰਮੇ ਮਰੇ ਹੋਏ ਪਏ ਸਨ ਅਤੇ ਕਿਤੇ ਕਠੋਰ ਖੱਤਰੀ ਯੁੱਧ ਵਿਚ ਜੂਝ ਮਰੇ ਸਨ। ਕਿਤੇ ਮਸਤ ਹਾਥੀ ਅਤੇ ਊਠ ਮਾਰੇ ਗਏ ਸਨ ਅਤੇ ਕਿਤੇ ਤਲਵਾਰ ਅਤੇ ਕਟਾਰਾਂ ਨੰਗੀਆਂ ਪਈਆਂ ਸਨ॥੧੪੧॥

ਕਹੂੰ ਖੋਲ ਖਾਂਡੇ ਗਿਰੇ ਭੂਮਿ ਸੋਹੈਂ॥ਕਹੂੰ ਬੀਰ ਬਾਨੀ ਪਰੇ ਭੂਮਿ ਮੋਹੈਂ॥
ਕਹੂੰ ਸ੍ਵਾਰ ਮਾਰ ਫਿਰੈ ਬਾਂਜ ਛੂਟੈ॥ਕਿਤੈ ਛੈਲ ਛੋਰੇ ਕਿਤੇ ਦੁਸ਼ਟ ਲੂਟੈ॥੧੪੨॥

ਕਿਤੇ ਤਲਵਾਰਾਂ ਦੇ ਮਿਆਨ ਧਰਤੀ ਤੇ ਪਏ ਸਨ ਅਤੇ ਕਿਤੇ ਸੂਰਮੇ ਧਰਤੀ ਤੇ ਡਿੱਗੇ ਮਨ ਮੋਹ ਰਹੇ ਸਨ। ਕਿਤੇ ਸਵਾਰਾਂ ਦੇ ਮਰ ਜਾਣ ਕਾਰਨ ਘੋੜੇ ਖੁਲ੍ਹੇ ਫਿਰ ਰਹੇ ਸਨ ਅਤੇ ਕਿੰਨੇ ਹੀ ਛੈਲ ਛਬੀਲੇ ਦੁਸ਼ਟਾਂ ਦੇ ਪ੍ਰਾਣ ਕੱਢ ਲਏ ਗਏ ਸਨ॥੧੪੨॥

ਚੌਪਈ॥ਇਹ ਬਿਧਿ ਤਹਾਂ ਭਯੋ ਸੰਗ੍ਰਾਮਾ॥ਨਿਰਖਤ ਦੇਵ ਦਾਨਵੀ ਬਾਮਾ॥
ਕੇਤਿਕ ਕਰੀ ਕਰਨ ਬਿਨੁ ਭਏ॥ਪ੍ਰਾਪਤ ਦੁਸ਼ਟ ਨਿਧਨ ਕਹ ਗਏ॥੧੪੩॥

ਪਦ ਅਰਥ - ਨਿਰਖਤ=ਵੇਖ ਰਹੀਆਂ ਸਨ। ਬਾਮਾ=ਔਰਤਾਂ। ਕਰੀ=ਹਾਥੀ। ਕਰਨ=ਕੰਨ।

ਓਥੇ ਇਸ ਪ੍ਰਕਾਰ ਦਾ ਵਿਕਰਾਲ ਸੰਗਰਾਮ ਹੋਇਆ ਕਿ ਦੇਵ-ਦਾਨਵਾਂ ਦੀਆਂ ਔਰਤਾਂ ਉਸ ਨੂੰ ਵੇਖ ਰਹੀਆਂ ਸਨ। ਕਿੰਨੇ ਹੀ ਹਾਥੀ ਕੰਨ ਰਹਿਤ ਹੋ ਗਏ ਅਤੇ ਦੁਸ਼ਟ ਮਿਰਤੂ ਨੂੰ ਪ੍ਰਾਪਤ ਹੋਏ॥੧੪੩॥

ਮਾਰਹਿ ਮਾਰਿ ਮਹਾ ਸੂਰ ਕੂਕਹਿ॥ਕਾਢਿ ਕਾਢਿ ਦਾਂਤਨ ਕਹ ਢੂਕਹਿ॥
ਬਾਜਹਿ ਢੋਲ ਮ੍ਰਿਦੰਗ ਨਗਾਰੇ॥ਜੰਗ ਮਚੰਗ ਉਪੰਗ ਜੁਝਾਰੇ॥੧੪੪॥

ਪਦ ਅਰਥ - ਮ੍ਰਿਦੰਗ=ਢੋਲ ਦੇ ਆਕਾਰ ਦਾ ਇੱਕ ਵਾਜਾ, ਇਹ ਵਿਚਕਾਰ ਤੋਂ ਮੋਟਾ ਹੁੰਦਾ ਹੈ ਅਤੇ ਬਾਹਰਲੇ ਸਿਰਿਆਂ ਤੋਂ ਪਤਲਾ ਹੁੰਦਾ ਹੈ। ਇਹ ਚੰਮ ਨਾਲ ਮੜ੍ਹਿਆ ਅਤੇ ਚੰਮ ਦੀ ਡੋਰ

Namdhari Elibrary NamdhariElibrary@gmail.com

************************************************************

ਨਾਲ ਕੱਸਿਆ ਜਾਂਦਾ ਹੈ। ਇਸ ਦਾ ਸਜਾ ਪੁੜਾ ਸਿਆਹੀ ਵਾਲਾ ਅਤੇ ਖੱਬੇ ਪਾਸੇ ਦਾ ਖਾਲੀ ਹੁੰਦਾ ਹੈ. ਜਿਸ ਉਤੇ ਆਟਾ ਲਾਇਆ ਜਾਂਦਾ ਹੈ। ਮਚੰਗ=ਇਕ ਪ੍ਰਕਾਰ ਦਾ ਵਾਜਾ। ਉਪੰਗ=ਇਕ ਪ੍ਰਕਾਰ ਦਾ ਵਾਜਾ।

ਸੂਰਬੀਰ 'ਮਾਰੋ ਮਾਰੋ' ਕੂਕ ਰਹੇ ਸਨ ਅਤੇ ਦੰਦ ਕੱਢ ਕੱਢ ਕੇ ਟੁੱਟ ਟੁੱਟ ਕੇ ਪੈ ਰਹੇ ਸਨ। ਢੋਲ, ਮ੍ਰਿਦੰਗ, ਨਗਾਰੇ, ਚੰਗ ਅਤੇ ਉਪੰਗ ਆਦਿ ਵਾਜੇ ਵੱਜ ਰਹੇ ਸਨ।।੧੪੪।।

**ਜਿਹ ਤਨ ਕਾਲ ਬਿਸਿਖ ਕੀ ਮਾਰੈ।।ਤਾਕਹ ਤਹੀ ਚੂਰ ਕਰਿ ਡਾਰੈ।।**
**ਜਾ ਕਰ ਕੋਪਿ ਕ੍ਰਿਪਾਨ ਪ੍ਰਹਾਰਤ।।ਤਿਹ ਕਾ ਮੂੰਡ ਕਾਟਿ ਹੀ ਡਾਰਤ।।੧੪੫।।**

ਕਾਲ ਜਿਸ ਨੂੰ ਵੀ ਤੀਰ ਮਾਰਦਾ ਸੀ ਉਸ ਨੂੰ ਹੀ ਚੂਰ ਚੂਰ ਕਰ ਦਿੰਦਾ ਸੀ। ਜਿਸ ਨੂੰ ਗੁੱਸੇ ਵਿਚ ਆ ਕੇ ਤਲਵਾਰ ਮਾਰਦਾ ਸੀ ਉਸ ਦਾ ਸਿਰ ਲਾਹ ਹੀ ਦਿੰਦਾ ਸੀ।।੧੪੫।।

**ਇਹ ਬਿਧਿ ਭਯੋ ਭਯਾਨਕ ਜੁੱਧਾ।।ਉਪਜਾ ਕਛੁਕ ਕਾਲ ਕੇ ਕ੍ਰੂੱਧਾ।।**
**ਕੇਸਨ ਤੇ ਗਹਿ ਅਸੁਰ ਪਛਾਰੇ।।ਕਾਢਿ ਕ੍ਰਿਪਾਨ ਏਕ ਹਨਿ ਡਾਰੇ।।੧੪੬।।**

ਇਸ ਪ੍ਰਕਾਰ ਭਿਆਨਕ ਯੁੱਧ ਹੋਇਆ ਅਤੇ ਕਾਲ ਨੂੰ ਵੀ ਗੁੱਸਾ ਆ ਗਿਆ। ਉਸ ਦੈਂਤਾਂ ਨੂੰ ਕੇਸਾਂ ਤੋਂ ਫੜ ਕੇ ਸੁਟਿਆ ਅਤੇ ਕਿਰਪਾਨ ਕੱਢ ਕੇ ਉਨ੍ਹਾਂ ਨੂੰ ਮਾਰ ਦਿੱਤਾ।।੧੪੬।।

**ਮਾਰੇ ਅਧਿਕ ਤਾਹਿ ਦਾਨਵ ਰਨ।।ਟੂਕ ਟੂਕ ਹ੍ਵੈਗੇ ਤਿਨ ਕੇ ਤਨ।।**
**ਤਊ ਮਾਰ ਹੀ ਮਾਰਿ ਪੁਕਾਰਤ।।ਪਾਛੇ ਪਾਂਵ ਏਕ ਨਹਿ ਡਾਰਤ।।੧੪੭।।**

ਉਥੇ ਅਨੇਕਾਂ ਦੈਂਤ ਮਾਰ ਦਿੱਤੇ ਅਤੇ ਉਨ੍ਹਾਂ ਦੇ ਸਰੀਰ ਟੁਕੜੇ ਟੁਕੜੇ ਹੋ ਗਏ। ਉਹ 'ਮਾਰੋ ਮਾਰੋ' ਚੀਕ ਰਹੇ ਸਨ ਅਤੇ ਇੱਕ ਪੈਰ ਵੀ ਪਿਛੇ ਨਹੀਂ ਹੱਟਦੇ ਸਨ।।੧੪੭।।

**ਕੇਤਿਕ ਘੂਮਿ ਗਿਰਤ ਹੈਂ ਘਾਇਲ।।ਪਰਤ ਭਏ ਭੂ ਤਰ ਹ੍ਵੈ ਹਾਇਲ।।**
**ਤਊ ਜੁੱਧ ਕੋ ਤਜਾਗਿ ਨ ਭਜਹੀ।।ਜਬ ਲਗਿ ਦੁਸ਼ਟ ਪ੍ਰਾਨ ਨਹਿ ਤਜਹੀ।।੧੪੮।।**

ਪਦ ਅਰਥ - ਘੂਮਿ=ਘੁੰਮ ਕੇ। ਘਾਇਲ=ਜ਼ਖਮੀਂ। ਹਾਇਲ=ਹੈ ਹੈ ਕਰਕੇ ਜ਼ਮੀਨ ਤੇ ਡਿੱਗ ਪਏ। ਦੁਸ਼ਟ ਪ੍ਰਾਨ ਨਹਿ ਤਜਹੀ=ਦੁਸ਼ਟ ਮਰਦਾ ਨਹੀਂ।

ਕਈ ਜ਼ਖਮੀ ਹੋ ਕੇ 'ਹਾਏ ਹਾਏ' ਕਰਕੇ ਘੁੰਮਣਘੇਰੀ ਖਾ ਕੇ ਧਰਤੀ ਤੇ ਡਿੱਗ ਰਹੇ ਸਨ। ਜਦ ਤਕ ਇਹ ਦੁਸ਼ਟ ਮਰਦੇ ਨਹੀਂ ਸਨ, ਇਹ ਯੁੱਧ ਦਾ ਮੈਦਾਨ ਛੱਡ ਕੇ ਨਹੀਂ ਜਾ ਰਹੇ ਸਨ।।੧੪੮।।

**ਗੁਰਜ ਗੋਫਨੈ ਕਿਤਕ ਸੰਭਾਰੈ।।ਕੇਤਿਕ ਕਸਿ ਕਸਿ ਬਾਨ ਪ੍ਰਹਾਰੈ।।**
**ਕਿਤੇ ਤਮਕਿ ਰਨ ਤੁਰੀ ਨਚਾਵੈਂ।।ਚਟਪਟ ਸੁਭਟ ਜੂਝਿ ਰਨ ਜਾਵੈਂ।।੧੪੯।।**

ਅਨੇਕਾਂ ਨੇ ਗੁਰਜ ਗੋਫਨੇ ਸੰਭਾਲੇ ਹੋਏ ਸਨ ਅਤੇ ਕਿੰਨੇ ਕੱਸ ਕੱਸ ਕੇ ਤੀਰਾਂ ਦੇ ਵਾਰ ਕਰ ਰਹੇ ਸਨ। ਕਿੰਨੇ ਹੀ ਰੋਹ ਵਿਚ ਆ ਕੇ ਮੈਦਾਨ ਵਿਚ ਘੋੜੇ ਨਚਾ ਰਹੇ ਸਨ ਅਤੇ ਸੂਰਮੇ ਝਟਪਟ ਰਣ ਵਿਚ ਜੂਝ ਕੇ ਮਰ ਰਹੇ ਸਨ।।੧੪੯।।

**ਕਿਤਕ ਤਮਕਿ ਰਨ ਤੁਰੀ ਨਚਾਵਤ।। ਮਾਰਿ ਮਾਰਿ ਧੁਨਿ ਕਿਤਕ ਉਘਾਵਤ।।**
**ਮੰਡਹਿ ਮਹਾਂ ਕਾਲ ਸੌ ਜੁੱਧਾ।। ਹ੍ਵੈ ਹ੍ਵੈ ਅਧਿਕ ਚਿੱਤ ਮਹਿ ਕ੍ਰੁੱਧਾ।।੧੫੦।।**

ਕਿੰਨੇ ਹੀ ਰੋਹ ਵਿਚ ਆ ਕੇ ਘੋੜੇ ਨਚਾ ਰਹੇ ਸਨ ਅਤੇ ਕਿੰਨੇ ਹੀ 'ਮਾਰੋ ਮਾਰੋ' ਕਹਿੰਦੇ ਹੋਏ ਗੱਜ ਰਹੇ ਸਨ। ਉਹ ਸਾਰੇ ਮਨ ਵਿਚ ਅਥਾਹ ਕ੍ਰੋਧ ਭਰ ਕੇ ਮਹਾਂਕਾਲ ਨਾਲ ਯੁੱਧ ਕਰ ਰਹੇ ਸਨ।।੧੫੦।।

**ਜੇਤਿਕ ਸੁਭਟ ਕੋਪਿ ਕਰਿ ਆਏ।। ਮਹਾਂ ਕਾਲ ਤੇਤੇ ਈ ਖਪਾਏ।।**
**ਤਿਨ ਕੋ ਮੇਦ ਮਾਸ ਭੂਅ ਪਰਾ।। ਬਹੁ ਅਸੁਰਨ ਤਾਂਤੇ ਬਪੁ ਧਰਾ।।੧੫੧।।**

ਜਿੰਨੇ ਵੀ ਸੂਰਮੇ ਕ੍ਰੋਧ ਵਿਚ ਆ ਕੇ ਅੱਗੇ ਵਧੇ, ਮਹਾਂਕਾਲ ਨੇ ਉਨ੍ਹਾਂ ਸਾਰਿਆਂ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਦੀ ਜੋ ਮਿੱਝ ਅਤੇ ਲਹੂ ਧਰਤੀ ਤੇ ਡਿੱਗਾ, ਉਸ ਤੋਂ ਹੋਰ ਅਨੇਕਾਂ ਦੈਂਤਾਂ ਨੇ ਸਰੀਰ ਧਾਰਨ ਕਰ ਲਿਆ।।੧੫੧।।

**ਮਹਾਂਕਾਲ ਤੇ ਦਏ ਖਪਾਇ।। ਸ੍ਰੋਨਤ ਸੋਂ ਪ੍ਰਿਥਵੀ ਰਹੀ ਛਾਇ।।**
**ਤਿਹ ਤੇ ਅਮਿਤ ਅਸੁਰ ਉਠਿ ਢੂਕੇ।। ਮਾਰਹਿ ਮਾਰਿ ਦਸੌ ਦਿਸਿ ਕੂਕੇ।।੧੫੨।।**

ਮਹਾਂਕਾਲ ਨੇ ਉਨ੍ਹਾਂ ਨੂੰ ਮਾਰ ਦਿੱਤਾ ਅਤੇ ਸਾਰੀ ਧਰਤੀ ਖ਼ੂਨ ਨਾਲ ਰੰਗੀ ਗਈ। ਉਸ ਨਾਲ ਫਿਰ ਬੇਅੰਤ ਦੈਂਤ ਪੈਦਾ ਹੋ ਗਏ ਅਤੇ ਉਹ 'ਮਾਰੋ ਮਾਰੋ' ਚੀਕਣ ਲੱਗੇ।।੧੫੨।।

**ਕੇਤਿਕ ਕੀ ਬਾਹਨ ਕਟਿ ਡਾਰਾ।। ਕਰੇ ਰੁੰਡ ਬਿਨੁ ਮੁੰਡ ਹਜਾਰਾ।।**
**ਕੇਤਿਕ ਚੀਰ ਅਧੋ ਅਧ ਡਾਰੇ।। ਨਾਚਤ ਭੂਤ ਪ੍ਰੇਤ ਮਤਵਾਰੇ।।੧੫੩।।**

ਕਿੰਨਿਆਂ ਦੀਆਂ ਬਾਹਾਂ ਵੱਢ ਦਿੱਤੀਆਂ ਅਤੇ ਹਜ਼ਾਰਾਂ ਹੀ ਧੜ, ਸਿਰਾਂ ਤੋਂ ਬਗੈਰ ਕਰ ਦਿੱਤੇ। ਕਈਆਂ ਨੂੰ ਅੱਧ ਵਿਚੋਂ ਚੀਰ ਦਿੱਤਾ। ਭੂਤ ਪ੍ਰੇਤ ਮਤਵਾਲੇ ਹੋ ਕੇ ਨੱਚਣ ਲੱਗੇ।।੧੫੩।।

**ਜੇ ਤਿਨਕੇ ਸਿਰਿ ਬਹੀਂ ਕ੍ਰਿਪਾਨੈਂ।। ਅਰਧ ਅਰਧ ਹ੍ਵੈ ਜੂਝੇ ਜ੍ਵਾਨੈਂ।।**
**ਗਜ ਬਾਜੀ ਲੋਟਤ ਕਹੂੰ ਭੂ ਪਰ।। ਸੁੰਭਨ ਸ਼ਬਦ ਸੁਨਾ ਅਵਨੀਤਰ।।੧੫੪।।**

ਪਦ ਅਰਥ - ਸੁੰਭਨ=ਖੁਰ, ਪੈਰ। ਅਵਨੀਤਰ=ਧਰਤੀ ਉੱਤੇ।

ਕਿਰਪਾਨ ਜਿਸ ਦੇ ਵੀ ਸਿਰ ਤੇ ਪੈਂਦੀ ਸੀ, ਉਹ ਜਵਾਨ ਦੋ ਟੋਟੇ ਹੋ ਕੇ ਦੋ ਹਿਸਿਆਂ ਵਿਚ

Namdhari Elibrary NamdhariElibrary@gmail.com

**************************************************************

ਵੰਡਿਆ ਜਾਂਦਾ ਸੀ। ਕਿਤੇ ਘੋੜੇ ਧਰਤੀ ਤੇ ਲੇਟ ਰਹੇ ਸਨ ਅਤੇ ਕਿਤੇ ਘੋੜਿਆਂ ਦੇ ਖੁਰਾਂ ਦੀ ਆਵਾਜ਼ ਧਰਤੀ ਉੱਤੇ ਸੁਣਾਈ ਦੇ ਰਹੀ ਸੀ।।੧੫੪।।

**ਗਿਰਿ ਗਿਰਿ ਪਰੇ ਕਹੂੰ ਘਾਯਲ ਰਨ।। ਭਾਜਿ ਚਲੇ ਕਈ ਹੋਇ ਬਿਮਨ ਮਨ।।**
**ਝਮਕਤ ਕਹੀ ਅਸਿਨ ਕੀ ਧਾਰਾ।। ਭਭਕਤ ਰੁੰਡ ਮੁੰਡ ਬਿਕਰਾਰਾ।।੧੫੫।।**

ਕਿਤੇ ਕਈ ਜ਼ਖਮੀ ਹੋ ਕੇ ਧਰਤੀ ਤੇ ਪਏ ਸਨ ਅਤੇ ਉਹ ਡਾਵਾਂਡੋਲ ਹੋ ਕੇ ਮੈਦਾਨ ਵਿਚੋਂ ਭੱਜ ਰਹੇ ਸਨ। ਕਿਤੇ ਤਲਵਾਰਾਂ ਦੀਆਂ ਧਾਰਾਂ ਝਿਲਮਿਲਾ ਰਹੀਆਂ ਸਨ ਅਤੇ ਕਿਤੇ ਵਿਕਰਾਲ ਰੁੰਡ ਮੁੰਡ ਹੋਇਆਂ ਦਾ ਲਹੂ ਭੱਭਕ ਰਿਹਾ ਸੀ।।੧੫੫।।

**ਭੁਜੰਗ ਛੰਦ।। ਤਹਾਂ ਜੁੱਧ ਮਾਚਾ ਮਹਾਂ ਬੀਰ ਖੇਤੰ।। ਬਿਦਾਰੇ ਪਰੇ ਬੀਰ ਬ੍ਰਿੰਦੰ ਬਿਚੇਤੰ।।**
**ਕਹੂੰ ਡਾਮਰੂੰ ਡਹ ਡਹਾ ਸ਼ਬਦ ਬਾਜੈ।। ਸੁਨੇ ਦੀਹ ਦਨਿਵਾਨ ਕੋ ਦ੍ਰੱਪ ਭਾਜੈ।।੧੫੬।।**

ਰਣ ਖੇਤਰ ਵਿਚ ਅਨੇਕਾਂ ਸੂਰਮੇ ਮਾਰੇ ਗਏ ਅਤੇ ਸੂਰਬੀਰਾਂ ਦੇ ਝੁੰਡਾਂ ਦੇ ਝੁੰਡ ਮਰੇ ਪਏ ਸਨ। ਡਮਰੂ ਦੀ ਡਮ ਡਮ ਦੀ ਆਵਾਜ਼ ਸੁਣਕੇ ਕਈ ਦਿਲ ਵਾਲਿਆਂ ਦਾ ਵੀ ਘੁਮੰਡ ਚੂਰ ਹੋ ਰਿਹਾ ਸੀ।।੧੫੬।।

**ਕਹੂੰ ਸੰਖ ਭੇਰੀ ਬਜੈਂ ਤਾਲ ਭਾਰੇ।। ਕਹੂੰ ਬੇਨ ਬੀਨਾ ਪਨੋ ਔ ਨਗਾਰੇ।।**
**ਕਹੂੰ ਨਾਇ ਨਾਫੀਰਿਯੈ ਨਾਦ ਐਸੇ।। ਬਜੈ ਘੋਰ ਬਾਜਾ ਪ੍ਰਲੈ ਕਾਲ ਜੈਸੇ।।੧੫੭।।**

ਕਿਤੇ ਸੰਖ, ਭੇਰੀ, ਵੀਣਾ ਅਤੇ ਨਗਾਰੇ ਵੱਜ ਰਹੇ ਸਨ ਅਤੇ ਕਿਤੇ ਨਾਦ ਨਫੀਰੀਆਂ ਇਸ ਤਰ੍ਹਾਂ ਵੱਜ ਰਹੀਆਂ ਸਨ, ਜਿਵੇਂ ਪਰਲੋ ਕਾਲ ਵਿਚ ਵਿਕਰਾਲ ਵਾਜੇ ਵੱਜ ਰਹੇ ਹੋਣ।।੧੫੭।।

**ਕਹੂੰ ਛੈਨ ਤੂਰੈਂ ਨਗਾਰੈ ਮ੍ਰਿਦੰਗੈ।। ਕਹੂੰ ਬਾਂਸੁਰੀ ਬੀਨ ਬਾਜੈ ਸੁਰੰਗੈ।।**
**ਕਹੂੰ ਬਗਲ ਤਾਰੰਗ ਬਾਜੇ ਬਜਾਵੈਂ।। ਕਹੂੰ ਬਾਰਤਾ ਰੰਗ ਨੀਕੇ ਸੁਹਾਵੈਂ।।੧੫੮।।**

ਪਦ ਅਰਥ – ਛੈਨ=ਛੈਣੇ। ਤੂਰੈਂ=ਤੂਰੀਆਂ। ਬਗਲ=ਤੂੰਬਾ।

ਕਿਤੇ ਛੈਣੇ, ਤੂਰੀਆਂ, ਨਗਾਰੇ ਅਤੇ ਮ੍ਰਿਦੰਗ ਵੱਜ ਰਹੇ ਸਨ ਅਤੇ ਕਿਤੇ ਬਾਂਸਰੀ, ਵੀਣਾ ਆਦਿ ਸੁਰੀਲੀਆਂ ਸੁਰਾਂ ਵਿਚ ਵੱਜ ਰਹੇ ਸਨ। ਕਿਤੇ ਤੂੰਬਾ ਵਜਾਇਆ ਜਾ ਰਿਹਾ ਸੀ ਅਤੇ ਕਿੱਤੇ ਦਿਲਚਸਪ ਬੀਰ ਰਸੀ ਕਥਾਵਾਂ ਸੁਣਾਈਆਂ ਜਾ ਰਹੀਆਂ ਸਨ।।੧੫੮।।

**ਕਹੂੰ ਝਾਂਝ ਬਾਜੈਂ ਕਹੂੰ ਤਾਲ ਐਸੇ।। ਕਹੂੰ ਬੇਨੁ ਬੀਨਾ ਪ੍ਰਲੈਕਾਲ ਜੈਸੇ।।**
**ਕਹੂੰ ਬਾਂਸੁਰੀ ਨਾਇ ਨਾਦੈ ਮ੍ਰਿਦੰਗੈਂ।। ਕਹੂੰ ਸਾਰੰਗੀ ਔ ਮੁਚੰਗੈਂ ਉਪੰਗੈਂ।।੧੫੯।।**

ਕਿਤੇ ਝਾਂਝ, ਵੇਣ ਅਤੇ ਵੀਣਾ ਦੀ ਤਾਲ ਸੁਰ ਇਸਤਰ੍ਹਾਂ ਸੁਣਾਈ ਦੇ ਰਹੀ ਸੀ ਕਿ ਮਾਨੋਂ

Namdhari Elibrary NamdhariElibrary@gmail.com

++++++++++++++++++++++++++++++++++++++++++++++++++++++++++++

ਪਰਲੋ ਕਾਲ ਵਿਚ ਉਹ ਗੂੰਜ ਰਹੀਆਂ ਹੋਣ। ਕਿਤੇ ਬਾਂਸਰੀਆਂ ਅਤੇ ਮ੍ਰਿਦੰਗ ਵੱਜ ਰਹੇ ਸਨ ਅਤੇ ਕਿਤੇ ਸਾਰੰਗੀ ਅਤੇ ਮੁਚੰਗ ਵੱਜ ਰਹੇ ਸਨ॥੧੫੯॥

**ਕਹੂੰ ਗਰਜਿ ਕੈ ਕੈ ਭੁਜਾ ਭੂਪ ਠੋਕੈਂ॥ ਕਹੂੰ ਬੀਰ ਬੀਰਾਨ ਕੀ ਰਾਹ ਰੋਕੈਂ॥**
**ਕਿਤੇ ਅਸਤ੍ਰ ਔ ਸ਼ਸਤ੍ਰ ਲੈ ਲੈ ਚਲਾਵੈਂ॥ ਕਿਤੇ ਚਰਮਲੈ ਚੋਟ ਤਾਕੀ ਬਜਾਵੈਂ॥੧੬੦॥**

ਪਦ ਅਰਥ – ਭੂਪ=ਰਾਜਾ। ਚਰਮਲੈ=ਢਾਲ।

ਕਿਤੇ ਗੱਜ ਗੱਜ ਕੇ ਰਾਜੇ ਬਾਹਾਂ ਠੋਕ ਰਹੇ ਸਨ ਅਤੇ ਕਿਤੇ ਸੂਰਬੀਰ, ਸੂਰਬੀਰਾਂ ਦੇ ਰਾਹ ਰੋਕ ਰਹੇ ਸਨ। ਕਿਤੇ ਉਹ ਅਸਤਰ ਸ਼ਸਤਰ ਲੈ ਲੈ ਕੇ ਚਲਾ ਰਹੇ ਸਨ ਅਤੇ ਕਿਤੇ ਢਾਲਾਂ ਉੱਤੇ ਸੱਟਾਂ ਵੱਜ ਰਹੀਆਂ ਸਨ॥੧੬੦॥

**ਕਹੂੰ ਰੁੰਡ ਸੋਹੈ ਕਹੂੰ ਮੁੰਡ ਬਾਂਕੇ॥ ਕਹੂੰ ਬੀਰ ਮਾਰੇ ਬਿਦਾਰੇ ਨਿਸਾਂਕੇ॥**
**ਕਹੂੰ ਬਾਜ ਮਾਰੇ ਗਜਾਰਾਜ ਜੂਝੇ॥ ਕਹੂੰ ਉਸਟ ਕਾਟੇ ਨਹੀਂ ਜਾਤ ਬੂਝੇ॥੧੬੧॥**

ਕਿਤੇ ਰੁੰਡ ਮੁੰਡ ਘੋਨੇ ਸ਼ੋਭ ਰਹੇ ਸਨ ਅਤੇ ਕਿਤੇ ਸੂਰਬੀਰਾਂ ਨੂੰ ਮਾਰਿਆ ਜਾ ਰਿਹਾ ਸੀ। ਕਿਤੇ ਹਾਥੀ ਅਤੇ ਘੋੜੇ ਜੂਝ ਕੇ ਮਰ ਗਏ ਅਤੇ ਕਿਤੇ ਕੱਟੇ ਵੱਢੇ ਊਠ ਪਹਿਚਾਣ ਵਿਚ ਨਹੀਂ ਆ ਰਹੇ ਸਨ॥੧੬੧॥

**ਕਹੂੰ ਚਰਮ ਬਰਮੈਂ ਗਿਰੇ ਭੂਮਿ ਐਸੇ॥ ਬਗੇ ਸਜੋਤਿ ਡਾਰੇ ਸਮੈਂ ਸੀਤ ਜੈਸੇ॥**
**ਗਏ ਜੂਝਿ ਜੋਧਾ ਜਗੇ ਜੋਰ ਜੰਗੈਂ॥ ਮਨੋ ਪਾਨ ਕੈ ਭੰਗ ਸੋਏ ਮਲੰਗੈਂ॥੧੬੨॥**

ਪਦ ਅਰਥ – ਚਰਮ ਬਰਮੈਂ=ਚੰਮ ਦੇ ਕਵਚ। ਬਗੇ ਬਜੋਤ=ਸਫੈਦ ਬਗਲੇ। ਸੀਤ=ਸਿਆਲ। ਮਨੋਂ ਪਾਨ ਕੈ ਭੰਗ=ਭੰਗ ਪੀ ਕੇ।

ਕਿਤੇ ਚੰਮ ਦੇ ਕਵਚ ਇਸ ਤਰ੍ਹਾਂ ਪਏ ਸਨ ਕਿ ਮਾਨੋਂ ਸਿਆਲ ਵਿਚ ਅਕਾਸ਼ ਉਤੇ ਸਫੈਦ ਬਗਲਿਆਂ ਦੀਆਂ ਡਾਰਾਂ ਹੋਣ। ਯੁੱਧ ਵਿਚ ਜੂਝ ਕੇ ਯੋਧੇ ਇਸ ਤਰ੍ਹਾਂ ਪਏ ਸਨ ਕਿ ਜਿਵੇਂ ਮਲੰਗ ਭੰਗ ਪੀ ਕੇ ਸੁਤੇ ਪਏ ਹੋਣ॥੧੬੨॥

**ਕਿਤੇ ਡਹਡਹਾ ਸ਼ਬਦ ਡਵਰੂ ਬਜਾਵੈਂ॥ ਕਿਤੇ ਰਾਗ ਮਾਰੂ ਖਰੇ ਖੇਤ ਗਾਵੈਂ॥**
**ਹਸੈ ਗਰਜਿ ਠੋਕੈ ਭੁਜਾ ਪਾਟ ਫਾਟੈਂ॥ ਕਿਤੇ ਬੀਰ ਬੀਰਾਨ ਕੇ ਮੂੰਡ ਕਾਟੈਂ॥੧੬੩॥**

ਕਿਤੇ ਡਮਰੂ ਦੀ ਡੱਮ ਡੱਮ ਦੀ ਆਵਾਜ਼ ਸੁਣਾਈ ਦੇ ਰਹੀ ਸੀ ਅਤੇ ਕਿਤੇ ਯੁੱਧ ਵਿਚ ਰਾਗ ਮਾਰੂ ਗਾਇਆ ਜਾ ਰਿਹਾ ਸੀ। ਕਿਤੇ ਸੂਰਮੇ ਹੱਸ ਹੱਸ ਕੇ ਪਟਾਂ ਤੇ ਹੱਥ ਮਾਰ ਰਹੇ ਸਨ ਅਤੇ ਕਿਤੇ ਸੂਰਮੇ, ਸੂਰਮਿਆਂ ਦੇ ਸਿਰ ਵੱਢ ਰਹੇ ਸਨ॥੧੬੩॥

Namdhari Elibrary NamdhariElibrary@gmail.com

**********************************************************

ਕਹੂੰ ਚੰਚਲਾ ਚਾਰੁ ਚੀਰੈ ਬਨੈਕੈ ।। ਬਰੈਂ ਜ੍ਵਾਨਿ ਜੋਧਾ ਜੁਝਜੋ ਜ੍ਵਾਨ ਧੈਕੈ ।।
ਕਹੂੰ ਬੀਰ ਬੀਰਾਨ ਕੇ ਪਾਵ ਪੇਲੈਂ।। ਮਹਾਂ ਜੰਗ ਜੋਧਾ ਲਗੇ ਸੁੱਧ ਸੇਲੈਂ।।੧੬੪।।

ਕਿਤੇ ਸੁੰਦਰ ਪਰੀਆਂ, ਸੁੰਦਰ ਕੱਪੜੇ ਪਾਕੇ ਮਰੇ ਹੋਏ ਸੂਰਬੀਰਾਂ ਨੂੰ ਵਰ ਰਹੀਆਂ ਸਨ। ਕਿਤੇ ਸੂਰਮੇ ਸੂਰਮਿਆਂ ਨੂੰ ਠੋਕਰਾਂ ਮਾਰ ਰਹੇ ਸਨ। ਸਾਰੇ ਯੋਧੇ ਇਸ ਮਹਾਂ ਯੁਧ ਵਿਚ ਜੁੱਟੇ ਹੋਏ ਸਨ।।੧੬੪।।

ਕਹੂੰ ਜੱਛਨੀ ਕਿੰਨ੍ਰਨੀ ਆਨਿ ਕੈ ਕੈ ।। ਕਹੂੰ ਗੰਧ੍ਰਬੀ ਦੇਵਨੀ ਮੋਦ ਹ੍ਵੈਕੈ ।।
ਕਹੂੰ ਅੱਛਰਾ ਪੱਛਰਾ ਗੀਤ ਗਾਵੈਂ।। ਕਹੂੰ ਚੰਚਲਾ ਅੰਚਲਾ ਕੋ ਬਨਾਵੈਂ।।੧੬੫।।

ਕਿਤੇ ਜੱਛਣੀਂ, ਕਿੰਨ੍ਰਨੀ, ਗੰਧੱਬੀ ਅਤੇ ਦੇਵ-ਇਸਤਰੀਆਂ ਪ੍ਰਸੰਨ ਚਿੱਤ ਘੁੰਮ ਰਹੀਆਂ ਸਨ ਅਤੇ ਕਿਤੇ ਅਪੱਛਰਾਵਾਂ ਗੀਤ ਗਾ ਰਹੀਆਂ ਸਨ ਅਤੇ ਕਿਤੇ ਇਸਤਰੀਆਂ ਸੁੰਦਰ ਕੱਪੜੇ ਬਣਾ ਰਹੀਆਂ ਸਨ।।੧੬੫।।

ਕਹੂੰ ਦੇਵ ਕੰਨਜਾ ਨਚੈਂ ਤਾਲ ਦੈਕੈ।। ਕਹੂੰ ਦੈਤ ਪੁੱਤ੍ਰੀ ਹਸੈ ਮੋਦ ਹ੍ਵੈ ਕੈ।।
ਕਹੂੰ ਚੰਚਲਾ ਅੰਚਲਾ ਕੋ ਬਨਾਵੈਂ।। ਕਹੂੰ ਜੱਛਨੀ ਕਿੰਨ੍ਰਨੀ ਗੀਤਗਾਵੈਂ।।੧੬੬।।

ਕਿਤੇ ਦੇਵ ਪੁੱਤਰੀਆਂ ਤਾਲ ਦੇ ਕੇ ਨੱਚ ਰਹੀਆਂ ਸਨ ਅਤੇ ਕਿਤੇ ਦੈਂਤ ਪੁੱਤਰੀਆਂ ਪ੍ਰਸੰਤਾ ਪੂਰਬਕ ਹੱਸ ਰਹੀਆਂ ਸਨ। ਕਿਤੇ ਇਸਤਰੀਆਂ ਨੇ ਸੁੰਦਰ ਕੱਪੜੇ ਪਾਏ ਹੋਏ ਸਨ ਅਤੇ ਕਿਤੇ ਜਛਣੀਆਂ ਅਤੇ ਕਿੰਨ੍ਰਨੀਆਂ ਗੀਤ ਗਾ ਰਹੀਆਂ ਸਨ।।੧੬੬।।

ਲਰੈਂ ਆਨਿ ਜੋਧਾ ਮਹਾਂ ਤੇਜ ਤੈ ਕੈ ।। ਗਿਰੇ ਪਾਕ ਸ਼ਾਹੀਦ ਯਾਕੀਨ ਹ੍ਵੈ ਕੈ ।।
ਕਹੂੰ ਬੀਰ ਬਾਂਕੇ ਨਚਾਵੈ ਤੁਰੰਗੈ ।। ਕਹੂੰ ਜੋਗ ਜੋਧਾ ਬਿਰਾਜੈ ਉਤੰਗੈ ।।੧੬੭।।

ਪਦ ਅਰਥ - ਤੁਰੰਗੈ=ਘੋੜ। ਉਤੰਗੈ=ਉੱਚੇ।

ਮਹਾਨ ਤੇਜ ਵਾਲੇ ਯੋਧੇ ਲੜ ਰਹੇ ਸਨ ਅਤੇ ਬੜੇ ਨਿਸ਼ਚੇ ਨਾਲ ਯੁੱਧ ਵਿਚ ਸ਼ਹੀਦੀਆਂ ਪਾ ਰਹੇ ਸਨ। ਕਿਤੇ ਬਾਂਕੇ ਸੂਰਮੇ ਘੋੜੇ ਨਚਾ ਰਹੇ ਸਨ ਅਤੇ ਕਿਤੇ ਜੋਗ ਜੋਧੇ ਉਚੇ ਥਾਵਾਂ ਤੇ ਬੈਠੇ ਸਨ।।੧੬੭।।

ਕਹੂੰ ਬੀਰ ਬਾਨੈਤ ਬੀਰੇ ਉਠਾਵੈਂ।। ਕਹੂੰ ਖੇਤ ਮੈ ਖਿੰਗ ਖੱਤ੍ਰੀ ਨਚਾਵੈਂ।।
ਕਹੂੰ ਕੋਪ ਕੈ ਕੈ ਹਠੀ ਦਾਂਤ ਚਾਬੈਂ।। ਕਿਤੇ ਮੂੰਛ ਐਠੈਂ ਕਿਤੇ ਪਾਗ ਦਾਬੈਂ।।੧੬੮।।

ਕਿਤੇ ਭਿਆਨਕ ਯੋਧੇ ਬੀੜਾ ਚੁਕ ਰਹੇ ਸਨ ਅਤੇ ਕਿਤੇ ਰਣਖੇਤਰ ਵਿਚ ਖੱਤਰੀ ਤਲਵਾਰਾਂ ਨਚਾ ਰਹੇ ਸਨ। ਕਿਤੇ ਗੁੱਸੇ ਵਿਚ ਆਕੇ ਹੱਠੀ ਸੂਰਮੇ ਦੰਦ ਪੀਹ ਰਹੇ ਸਨ। ਕਈ ਮੁੱਛਾਂ ਖੜੀਆਂ ਕਰ ਰਹੇ ਸਨ ਅਤੇ ਪੈਰ ਦਬ ਰਹੇ ਸਨ।। ੧੬੮।।

**ਦੁਹੂੰ ਓਰ ਗਾਜੇ ਜਬੈ ਛੱਤ੍ਰਧਾਰੀ॥ ਮਚੋ ਲੋਹ ਗਾੜ੍ਹੋ ਪਰੀ ਮਾਰਿ ਭਾਰੀ॥**
**ਮਹਾਂ ਕੋਪ ਕੈ ਬੀਰ ਬਾਜੀ ਉਚੱਕੈ॥ ਲਗੇ ਦੇਹ ਮੋ ਘਾਇ ਗਾੜੇ ਭਭੱਕੈ॥੧੬੯॥**

ਜਦ ਦੋਵਾਂ ਪਾਸਿਆਂ ਤੋਂ ਛੱਤਰਧਾਰੀ ਸੂਰਮੇ ਗੱਜ ਉੱਠੇ ਤਾਂ ਭਾਰੀ ਲੋਹਾਂ ਖੜਕਿਆਂ ਅਤੇ ਬਹੁਤ ਮਾਰ ਧਾੜ ਹੋਈ। ਸੂਰਬੀਰ ਅਤੇ ਉਨ੍ਹਾਂ ਦੇ ਘੋੜੇ ਕਰੋਧ ਵਿਚ ਆ ਕੇ ਟਪਣ ਲੱਗੇ ਅਤੇ ਉਨ੍ਹਾਂ ਦੇ ਸਰੀਰਾਂ ਵਿਚ ਹੋਏ ਜ਼ਖਮ ਭੱਭਕਣ ਲੱਗੇ।

**ਕਹੂੰ ਕੁੰਡਲਾ ਕਾਰ ਮੁੰਡੈਂ ਬਿਰਾਜੈਂ॥ ਲਖੇ ਮੁੰਡ ਮਾਲਾਹੁ ਕੇ ਮੁੰਡ ਲਾਜੈਂ॥**
**ਕਹੂੰ ਘੂੰਮ ਘੂਮੇ ਪਰੇ ਪੀਰ ਭਾਰੀ॥ ਮਨੋ ਸਿੱਧਜ ਬੈਠੇ ਲਗੇ ਜੋਗ ਤਾਰੀ॥੧੭੦॥**

ਪਦ ਅਰਥ - ਕੁੰਡਲਾ=ਕੁੰਡਲਦਾਰ। ਬੈਠੇ ਲਗੇ ਜੋਗ ਤਾਰੀ=ਜਿਸ ਤਰ੍ਹਾਂ ਜੋਗੀ ਤਾੜੀ ਲਾ ਕੇ ਬੈਠੇ ਹੋਣ। ਮੁੰਡ ਮਾਲਾਹੁ=ਮੁਰਦਿਆਂ ਦੇ ਸਿਰਾਂ ਦੀ ਮਾਲਾ, ਇਸ ਨੂੰ ਕਾਲੀ ਦੇਵੀ ਤੇ ਸ਼ਿਵ ਪਹਿਨਦੇ ਹਨ।

ਕਿਤੇ ਕੁੰਡਲਦਾਰ ਵਾਲਾਂ ਵਾਲੇ ਸਿਰ ਸ਼ੋਭ ਰਹੇ ਸਨ, ਜਿਨ੍ਹਾਂ ਨੂੰ ਵੇਖ ਕੇ ਸ਼ਿਵਜੀ ਦੇ ਗਲ ਵਿਚ ਪਈ ਸਿਰਾਂ ਦੀ ਮਾਲਾ ਦੇ ਸਿਰ ਵੀ ਲਜ਼ਿੱਤ ਹੋ ਰਹੇ ਸਨ। ਕਿਤੇ ਭਾਰੀ ਯੋਧੇ ਚੱਕਰ ਖਾਕੇ ਡਿੱਗੇ ਪਏ ਸਨ ਅਤੇ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਜੋਗੀ ਤਾੜੀ ਲਾਕੇ ਬੈਠੇ ਹੋਣ॥੧੭੦॥

**ਤਹਾਂ ਸ੍ਰੋਨ ਕੀ ਕੂਲ ਘਾਰੀ ਬਿਰਾਜੈ॥ ਲਖੇ ਅਸ਼ਟ ਨੱਦਜਾਨ ਕੋ ਦ੍ਰੱਪ ਭਾਜੈਂ॥**
**ਤਹਾਂ ਬ੍ਰਿੰਦ ਬਾਜੀ ਬਹੇ ਨੇਕ ਜੈਸੇ॥ ਲਸੇ ਮੱਤ ਦੰਤੀ ਮਹਾਂ ਸੈਲ ਕੈਸੇ॥੧੭੧॥**

ਪਦ ਅਰਥ - ਸ੍ਰੋਨ=ਲਹੂ। ਕੂਲ ਘਾਰੀ ਬਿਰਾਜੈ=ਨਦੀਆਂ ਵਗ ਰਹੀਆਂ ਸਨ। ਮੱਤ ਦੰਤੀ=ਮਸਤ ਹਾਥੀ। ਮਹਾਂ ਸੈਲ=ਪਰਬਤ, ਪਹਾੜ।

ਉਥੇ ਲਹੂ ਦੀਆਂ ਨਦੀਆਂ ਵੱਗ ਰਹੀਆਂ ਸਨ ਜਿਨ੍ਹਾਂ ਨੂੰ ਵੇਖ ਕੇ ਸਵਰਗ ਲੋਕ ਦੀਆਂ ਅਠਾਂ ਨਦੀਆਂ ਦਾ ਘੁਮੰਡ ਚੂਰ ਚੂਰ ਹੋ ਰਿਹਾ ਸੀ। ਉਨ੍ਹਾਂ ਵਿਚ ਘੋੜਿਆਂ ਦੇ ਝੁੰਡ ਵਹਿ ਰਹੇ ਸਨ ਅਤੇ ਮਸਤ ਹਾਥੀ ਪਹਾੜਾਂ ਵਾਂਗ ਸ਼ੋਭ ਰਹੇ ਸਨ॥੧੭੧॥

**ਧੁਜਾ ਬ੍ਰਿਛ ਤਾਮੋਂ ਬਹੇ ਜਾਤ ਐਸੇ॥ ਲਸੈ ਡੰਡ ਪੱਤ੍ਰੀ ਬਿਨਾ ਪੱਤ੍ਰ ਜੈਸੇ॥**
**ਕਹੂੰ ਛੱਤ੍ਰ ਤਾਮੋਂ ਬਹੇ ਜਾਤ ਕਾਟੇ॥ ਮਨੋ ਫੇਨ ਸੇ ਬਾਰਿ ਮੈ ਬਸਤ੍ਰ ਫਾਟੇ॥੧੭੨॥**

ਝੰਡੇ ਅਤੇ ਰੁੱਖ ਉਸ ਵਿਚ ਇਸ ਤਰ੍ਹਾਂ ਵਹਿ ਰਹੇ ਸਨ ਜਿਵੇਂ ਪਤਿਆਂ ਤੋਂ ਬਗੈਰ ਡੰਡੇ ਵਹਿ ਰਹੇ ਸਨ। ਖੂਨ ਦੇ ਉਤੇ ਬੁਲਬਲੇ ਮਾਰਦੀ ਝੱਗ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਕਿ ਪਾਟੇ ਹੋਏ ਕੱਪੜੇ ਰੁੜ੍ਹ ਰਹੇ ਹੋਣ॥੧੭੨॥

**ਕਹੂੰ ਬਾਹ ਕਾਟੀ ਬਹੇ ਜਾਤ ਐਸੇ॥ ਮਨੋ ਪੰਚ ਬੱਕ੍ਰਤਾਨ ਕੇ ਨਾਗ ਜੈਸੇ॥**

**ਚੜ੍ਹੇ ਬੀਰ ਬਾਜੀ ਬਹੇ ਜਾਤ ਮਾਰੇ ।।ਸਨਾਹੀਨ ਕੇ ਸ੍ਵਾਰ ਪਾਰੈਂ ਪਧਾਰੇ।।੧੭੩।।**

ਪਦ ਅਰਥ - ਬਾਹ=ਬਾਂਹ। ਕਾਟੀ=ਕਟੀ ਹੋਈ। ਬਹੇ=ਰੁੜਦੀ। ਪੰਚ ਬੱਕ੍ਰਤਾਨ=ਪੰਜਾਂ ਮੂੰਹਾਂ ਵਾਲਾ ਸ਼ਿਵਜੀ। ਸਨਾਹੀਨ=ਕਵਚ ਹੀਨ। ਸ੍ਵਾਰ=ਘੋੜ ਸਵਾਰ।

ਕਿਤੇ ਬਾਹਾਂ ਰੁੜਦੀਆਂ ਜਾ ਰਹੀਆਂ ਸਨ, ਜਿਹੜੀਆਂ ਕਿ ਇੰਝ ਲੱਗ ਰਹੀਆਂ ਸਨ ਜਿਵੇਂ ਕਿ ਪੰਜ ਮੂੰਹਾਂ ਵਾਲੇ ਸ਼ਿਵਜੀ ਦੇ ਨਾਗ ਹੋਣ। ਕਿਤੇ ਸੂਰਮੇ ਅਤੇ ਕਿਤੇ ਘੋੜੇ ਮਾਰੇ ਜਾ ਰਹੇ ਸਨ ਅਤੇ ਕਵਚ ਹੀਨ ਘੋੜ ਸਵਾਰ ਜਮ ਲੋਕ ਪਹੁੰਚਾਏ ਜਾ ਰਹੇ ਸਨ।।੧੭੩।।

**ਕਹੂੰ ਖੋਲ ਖੰਡੇ ਬਹੇ ਜਾਤ ਮਾਰੇ।।ਮਨੋ ਏਕਠੇ ਕੱਛ ਮਛ ਹ੍ਵੈ ਪਧਾਰੇ।।**
**ਤਹਾਂ ਪਾਗ ਛੂਟੇ ਬਹੇ ਜਾਤ ਐਸੇ।।ਮਨੋ ਤੀਸ ਬਜਾਮਾਨ ਕੇ ਨਾਗ ਜੈਸੇ।।੧੭੪।।**

ਪਦ ਅਰਥ - ਖੰਡੇ=ਤਲਵਾਰਾਂ। ਖੋਲ=ਮਿਆਨ। ਕੱਛ=ਕੱਛਪ. ਕੱਛੂ. ਇਕ ਕੱਛਪ ਅਵਤਾਰ ਵੀ ਹੋਇਆ ਹੈ, ਕਹਿੰਦੇ ਹਨ ਕਿ ਜਦ ਸਮੁੰਦਰ ਨੂੰ ਰਿੜਕਣ ਲੱਗੇ ਤਾਂ ਮਧਾਣੀ ਏਨੀ ਭਾਰੀ ਸੀ ਕਿ ਉਹ ਥੱਲੇ ਹੀ ਧੱਸਦੀ ਜਾਂਦੀ ਸੀ। ਵਿਸ਼ਨੂੰ ਨੇ ਕੱਛੂ ਦਾ ਰੂਪ ਧਾਰਕੇ ਹੇਠਲੇ ਪਿੱਠ ਦਿੱਤੀ, ਜਿਸ ਕਾਰਨ ਰਿੜਕਣਾ ਆਸਾਨ ਹੋ ਗਿਆ। ਇਸ ਕੱਛੂ ਦੀ ਪਿੱਠ ਚਾਰ ਲੱਖ ਕੋਹ ਦੀ ਸੀ। ਮੱਛ=ਮੱਛੀ, ਮੱਛ ਅਵਤਾਰ ਹੋਇਆ ਵੀ ਦਸਿਆ ਜਾਂਦਾ ਹੈ, ਮੱਛ ਦੀ ਸ਼ਕਲ ਦਾ ਵਿਸ਼ਨੂੰ ਦਾ ਪਹਿਲਾ ਅਵਤਾਰ। ਭਾਗਵਤ ਵਿਚ ਲਿਖਿਆ ਹੈ ਕਿ ਪਰਲੋ ਵਾਲੇ ਦਿਨ ਜਦ ਸਭ ਲੋਕ ਪਾਣੀ ਵਿਚ ਡੁੱਬ ਗਏ. ਤਦ ਸੁਤੇ ਹੋਏ ਵਿਧਾਤਾ ਦੇ ਮੂੰਹ ਵਿਚੋਂ ਵੇਦਾਂ ਦੀ ਉਤਪੱਤੀ ਹੋਈ। ਉਸ ਸਮੇਂ ਹਯਗ੍ਰੀਵ ਦਾਨਵ ਨੇ ਵੇਦ ਚੁਰਾ ਲਏ ਤਦ ਵਿਸ਼ਨੂੰ ਨੇ ਮੱਛ ਦਾ ਰੂਪ ਧਾਰਨ ਕਰਕੇ ਉਸ ਤੋਂ ਵੇਦ ਵਾਪਿਸ ਲਏ। ਮੱਛ ਅਵਤਾਰ ਦਾ ਹੇਠਲਾ ਧੜ ਮੱਛ ਦਾ ਅਤੇ ਉਪਰਲਾ ਹਿੱਸਾ ਮਨੁੱਖ ਵਰਗਾ ਸੀ। ਪਧਾਰੇ=ਜਾਂਦੇ ਸਨ। ਤੀਸ ਬਜਾਮਾਨ=ਤੀਹ ਹੱਥ ਲੰਮੇ।

ਕਿਤੇ ਤਲਵਾਰਾਂ ਅਤੇ ਮਿਆਨ ਇਸ ਤਰ੍ਹਾਂ ਇਕੱਠੇ ਰੁੜਦੇ ਜਾ ਰਹੇ ਸਨ ਕਿ ਮਾਨੋਂ ਮੱਛ (ਮਛੀ) ਅਵਤਾਰ ਅਤੇ ਕੱਛ (ਕਛੂ) ਅਵਤਾਰ ਇਕੱਠੇ ਜਾ ਰਹੇ ਹੋਣ। ਖੁਲ੍ਹੀਆਂ ਪੱਗਾਂ ਰੁੜ੍ਹਦੀਆਂ ਹੋਈਆਂ ਇਸ ਤਰ੍ਹਾਂ ਲੱਗ ਰਹੀਆਂ ਸਨ ਕਿ ਮਾਨੋਂ ਤੀਹ ਹੱਥ ਲੰਮੇ ਨਾਗ ਰੁੜਦੇ ਜਾ ਰਹੇ ਹੋਣ।।੧੭੪।।

**ਝਖੀ ਝੁੰਡ ਜਾਮੇ ਕਟਾਰੀ ਬਿਰਾਜੈਂ।।ਲਖੇ ਖਿੰਗ ਬਾਂਕੇ ਬਲੀ ਨਾਗ ਲਾਜੈਂ।।**
**ਕਹੂੰ ਚਰਮ ਕਾਟੇ ਗਿਰੇ ਸ਼ਸਤ੍ਰ ਅਸਤ੍ਰੈ।।ਕਹੂੰ ਬੀਰ ਬਾਜੀ ਬਹੇ ਜਾਤ ਬਸਤ੍ਰੈ।।੧੭੫।।**

ਪਦ ਅਰਥ - ਖਿੰਗ=ਉਹ ਘੋੜਾ ਜਿਸ ਦਾ ਮੂੰਹ ਅਤੇ ਚਾਰੇ ਸੁਮ ਗੁਲਾਬੀ ਝਲਕ ਨਾਲ ਚਿੱਟੇ ਦਿੱਸਣ।

ਉਸ ਵਿਚ ਰੁੜ ਰਹੀਆਂ ਕਟਾਰਾਂ, ਮਛੀਆਂ ਦੇ ਝੁੰਡ ਵਾਂਗ ਲੱਗਦੀਆਂ ਸਨ ਅਤੇ ਬਾਂਕੇ ਘੋੜਿਆਂ ਨੂੰ ਵੇਖਕੇ ਬਲਵਾਨ ਨਾਗ ਵੀ ਲਜਿੱਤ ਹੁੰਦੇ ਸਨ। ਕਿਤੇ ਚੰਮ ਕੱਟੇ ਅਸਤਰ ਸ਼ਸਤਰ ਡਿਗੇ ਹੋਏ ਸਨ ਅਤੇ ਕਿਤੇ ਸੂਰਮੇ ਘੋੜਿਆਂ ਅਤੇ ਕੱਪੜਿਆਂ ਸਮੇਤ ਰੁੜ ਰਹੇ ਸਨ।।੧੭੫।।

ਹਲਾ ਚਾਲ ਕੈ ਕੈ ਹਠੀ ਦੈਤ ਢੂਕੇ ।। ਚਹੂੰ ਓਰ ਗਾਜੇ ਮਹਾਂ ਸੂਲ ਜੂਕੇ ।।
ਕਿਤੇ ਕੋਪ ਕੈ ਸ਼ਸਤ੍ਰ ਅਸਤ੍ਰੈਂ ਚਲਾਵੈਂ।। ਕਿਤੇ ਸੰਖ ਔ ਭੀਮ ਭੇਰੀ ਬਜਾਵੈਂ।।੧੭੬।।

ਹਮਲਾ ਕਰਨ ਵਾਸਤੇ ਹੱਠੀ ਦੈਂਤ ਆ ਇਕੱਠੇ ਹੋਏ ਅਤੇ ਹੱਥਾਂ ਵਿਚ ਤ੍ਰਿਸ਼ੂਲ ਫੜਕੇ ਚਾਰੇ ਪਾਸੇ ਗੱਜਣ ਲੱਗੇ। ਕਿਤੇ ਗੁੱਸੇ ਵਿਚ ਆਕੇ ਅਸਤਰ ਸ਼ਸਤਰ ਚਲਾ ਰਹੇ ਸਨ ਅਤੇ ਸੰਖ ਤੇ ਭੀਮਾਕਾਰ ਭੇਰੀਆਂ ਵਜਾਈਆਂ ਜਾ ਰਹੀਆਂ ਸਨ।।੧੭੬।।

ਮਹਾਂ ਫੂਲਿ ਫੀਲੀ ਨਗਾਰੇ ਬਜੈਕੈ।। ਚਲੇ ਦੁੰਦਭੀ ਤਾਜਿਯੌਂ ਕੇ ਸੁਨੈਕੈ।।
ਮਚੇ ਕੋਪ ਕੈ ਸੁ ਉਸਟੀ ਦਮਾਮੇ ।। ਮਨੋ ਬਾਜ ਟੂੱਟੇ ਲਖੇ ਲਾਲ ਤਾਂਮੇ ।।੧੭੭।।

ਪਦ ਅਰਥ - ਮਹਾਂ ਫੂਲਿ ਫੀਲੀ=ਹਾਥੀਵਾਨ। ਤਾਜਿਯੌਂ=ਘੋੜ ਸਵਾਰਾਂ ਨੂੰ। ਉਸਟੀ=ਊਠ। ਲਾਲ ਤਾਂਮੇ=ਲਾਲ ਕੱਪੜੇ। ਦੁੰਦਭੀ=ਨਗਾਰਾ, ਧੌਂਸਾ।

ਹਾਥੀਵਾਨ ਨਗਾਰੇ ਵਜਾਉਂਦੇ ਅਤੇ ਘੋੜ ਸਵਾਰਾਂ ਨੂੰ ਧੌਂਸਿਆਂ ਦੀ ਆਵਾਜ਼ ਸੁਣਾਉਂਦੇ ਹੋਏ ਚਲ ਰਹੇ ਸਨ। ਊਠਾਂ ਤੇ ਰੱਖੇ ਹੋਏ ਨਗਾਰੇ ਬਹੁਤ ਵਿਕਰਾਲ ਰੂਪ ਵਿਚ ਵੱਜ ਰਹੇ ਸਨ ਅਤੇ ਉਨ੍ਹਾਂ ਉਤੇ ਪਏ ਲਾਲ ਕੱਪੜਿਆਂ ਨੂੰ ਵੇਖਕੇ ਘੋੜੇ ਟੁੱਟ ਟੁੱਟ ਪੈ ਰਹੇ ਸਨ।।੧੭੭।।

ਕਿਤੇ ਬੀਰ ਬਾਂਕੇ ਧਰੇ ਲਾਲ ਬਾਨੇ ।। ਕਿਤੇ ਸਜਾਮ ਔ ਸੇਤ ਕੀਨੇ ਨਿਸ਼ਾਨੇ ।।
ਕਿਤੇ ਹਰਤਿ ਯੌ ਪੀਤ ਬਾਨੇ ਸੁਹਾਏ ।। ਹਠੀ ਚੁੰਗ ਬਾਧੇ ਚਲੇ ਖੇਤ ਆਏ ।।੧੭੮।।

ਕਿਤੇ ਸੂਰਬੀਰਾਂ ਨੇ ਲਾਲ ਕੱਪੜੇ ਪਾਏ ਹੋਏ ਸਨ ਅਤੇ ਚਿੱਟੇ ਅਤੇ ਕਾਲੇ ਰੰਗ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਕਿਤੇ ਹਰੇ ਅਤੇ ਪੀਲੇ ਬਸਤਰ ਸ਼ੋਭ ਰਹੇ ਸਨ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਹੱਠੀ ਹਿਰਨ ਯੁੱਧ ਵਿਚ ਆ ਗਏ ਹੋਣ।।੧੭੮।।

ਕਿਤੇ ਢਾਲ ਢਾਪੈ ਕਿਤੇ ਚੋਟ ਓਟੈਂ ।। ਸਭੈ ਆਨਿ ਜੂਝੈਂ ਭਜੈਂ ਕੋਟ ਕੋਟੈਂ ।।
ਕਿਤੇ ਸੂਲ ਔ ਸੈਹਥੀ ਖਿੰਗ ਖੇਲੈਂ ।। ਕਿਤੇ ਪਾਸ ਔ ਪਰਸ ਲੈ ਪਾਵ ਪੇਲੈਂ ।।੧੭੯।।

ਕਿਤੇ ਢਾਲ ਦੀ ਸਹਾਇਤਾ ਨਾਲ ਡੱਕਿਆ ਜਾ ਰਿਹਾ ਸੀ ਅਤੇ ਕਿਤੇ ਜ਼ਖਮੀ ਹੋਣ ਤੋਂ ਬਚਿਆ ਜਾ ਰਿਹਾ ਸੀ। ਸਾਰੇ ਆ ਕੇ ਲੜਾਈ ਕਰ ਰਹੇ ਸਨ ਅਤੇ ਕਰੋੜਾਂ ਹੀ ਭੱਜੇ ਜਾ ਰਹੇ ਸਨ। ਕਿਤੇ ਤ੍ਰਿਸ਼ੂਲ, ਬਰਛੀ ਅਤੇ ਤਲਵਾਰ ਨਾਲ ਖੇਡਿਆ ਜਾ ਰਿਹਾ ਸੀ ਅਤੇ ਕਿਤੇ ਪਾਸ਼ ਅਤੇ ਫਰਸ਼ਾ ਲੈ ਕੇ ਪੈਰ ਜਮਾਏ ਜਾ ਰਹੇ ਸਨ।।੧੭੯।।

ਕਿਤੇ ਪਾਖਰੈ ਡਾਰਿਕੈ ਤਾਜਿਯੋਂ ਪੈ।। ਚੜ੍ਹੈ ਚਾਰੁ ਜਾਮੇ ਕਿਤੇ ਬਾਜਿਯੋਂ ਪੈ।।
ਕਿਤੇ ਮੱਦ ਦੰਤੀਨਿਯੋਂ ਪੈ ਬਿਰਾਜੈਂ।। ਮਨੋ ਬਾਰਣੇਸੇ ਚੜੇ ਇੰਦ੍ਰ ਲਾਜੈਂ।।੧੮੦।।

********************************************************

ਪਦ ਅਰਥ - ਪਾਖਰੈ=ਲੋਹੇ ਦੇ ਬਣੇ ਹੋਏ ਜੰਜੀਰ ਦਾਰ ਝੁੱਲ, ਜਿਹੜੇ ਘੋੜਿਆਂ ਅਤੇ ਹਾਥੀਆਂ ਉੱਤੇ ਕਵਚ ਦੇ ਰੂਪ ਵਿਚ ਪਾਏ ਜਾਂਦੇ ਹਨ। ਤਾਜਿਯੋਂ=ਘੋੜਿਆਂ ਉੱਤੇ। ਬਾਰਣੇਸੇ=ਹਾਥੀਆਂ। ਲਾਜੈਂ=ਲਜਿੱਤ ਹੋ ਰਹੇ ਸਨ।

ਕਿਤੇ ਘੋੜਿਆਂ ਉੱਤੇ ਲੋਹੇ ਦੇ ਝੁਲ ਪਾਕੇ ਸੁੰਦਰ ਜਵਾਨ ਚੜ੍ਹ ਰਹੇ ਸਨ। ਕਿਤੇ ਸੂਰਮੇ ਮਸਤ ਹਾਥੀਆਂ ਉੱਤੇ ਬੈਠੇ ਸਨ ਜਿਸਨੂੰ ਵੇਖ ਕੇ ਏਰਾਵਤ ਹਾਥੀ ਉੱਤੇ ਬੈਠਾ ਇੰਦਰ ਵੀ ਲਜਿੱਤ ਹੋ ਰਿਹਾ ਸੀ॥੧੮੦॥

**ਕਿਤੇ ਖੱਚਰਾ ਰੋਹ ਬੈਰੀ ਬਿਰਾਜੈਂ॥ ਕਿਤੇ ਗਰਧਭੈ ਪੈਂ ਚੜ੍ਹੇ ਸੂਰ ਗਾਜੈਂ॥**
**ਕਿਤੇ ਦਾਨਵੌਂ ਪੈਂ ਚੜੇ ਦੈਤ ਭਾਰੇ॥ ਚਹੂੰ ਓਰ ਗਾਜੇ ਸੁ ਦੈ ਕੈ ਨਗਾਰੇ॥੧੮੧॥**

ਪਦ ਅਰਥ - ਖੱਚਰਾ=ਖੱਚਰ। ਗਰਧਭੈ=ਖੋਤੇ।

ਕਿਤੇ ਖੱਚਰਾਂ ਤੇ ਚੜ੍ਹੇ ਅਤੇ ਕਿਤੇ ਖੋਤਿਆਂ ਦੀ ਸਵਾਰੀ ਕਰਕੇ ਸੂਰਮੇ ਬਹੁਤ ਸ਼ੋਭ ਰਹੇ ਸਨ। ਕਿਤੇ ਭਾਰੀ ਦੈਂਤ ਅਤੇ ਦਾਨਵ ਚਾਰੇ ਪਾਸੇ ਨਗਾਰੇ ਵਜਾਉਂਦੇ ਘੁੰਮ ਰਹੇ ਸਨ॥੧੮੧॥

**ਕਿਤੇ ਮਾਹਿਖੀ ਪੈ ਚੜੇ ਦੈਤ ਢੂਕੇ॥ ਕਿਤੇ ਸੂਕਰਾ ਸ੍ਵਾਰ ਹ੍ਵੈ ਆਨਿ ਝੂਕੇ ॥**
**ਕਿਤੇ ਦਾਨਵੌਂ ਪੈ ਚੜੇ ਦੈਤ ਭਾਰੇ॥ ਚਹੂੰ ਓਰ ਤੇ ਮਾਰ ਮਾਰੈ ਪੁਕਾਰੈ॥੧੮੨॥**

ਪਦ ਅਰਥ - ਮਾਹਿਖੀ=ਮੱਝ। ਸੂਕਰਾ=ਸੂਰ।

ਕਿਤੇ ਮੱਝਾਂ ਤੇ ਸਵਾਰ ਹੋ ਕੇ ਅਤੇ ਕਿਤੇ ਸੂਰਾਂ ਤੇ ਸਵਾਰ ਹੋ ਕੇ ਦੈਂਤ ਇਕੱਠੇ ਹੋ ਰਹੇ ਸਨ। ਕਿਤੇ ਰਾਕਸ਼ਾਂ ਉੱਤੇ ਭਾਰੀ ਦੈਂਤ ਚੜ੍ਹ ਕੇ ਆ ਗਏ ਸਨ ਅਤੇ ਚਾਰੇ ਪਾਸੇ 'ਮਾਰੋ ਮਾਰੋ' ਪੁਕਾਰ ਰਹੇ ਸਨ॥੧੮੨॥

**ਕਿਤੇ ਸਰਪ ਅਸਵਾਰ ਹ੍ਵੈ ਕੈ ਸਿਧਾਏ॥ ਕਿਤੇ ਸ੍ਵਾਰ ਬਘਜਾਰ ਹ੍ਵੈ ਦੁਸ਼ਟ ਆਏ॥**
**ਕਿਤੇ ਚੀਤਿਯੋਂ ਪੈਂ ਚੜੇ ਕੋਪ ਕੈਕੈ॥ ਕਿਤੇ ਚੀਤਰੋ ਪੈ ਚੜ੍ਹੇ ਤੇਜ ਤੈਕੈ॥੧੮੩॥**

ਪਦ ਅਰਥ - ਸਰਪ=ਸੱਪ। ਬਘਜਾਰ=ਬਾਘ, ਬਘਿਆੜ। ਚੀਤਿਯੋਂ=ਚੀਤਿਆਂ ਉੱਤੇ। ਚੀਤਰੋ=ਚੀਤਲ।

ਕਿਤੇ ਸੱਪ ਤੇ ਸਵਾਰ ਹੋ ਕੇ ਅਤੇ ਕਿਤੇ ਬਾਘ ਤੇ ਸਵਾਰ ਹੋ ਕੇ ਦੁਸ਼ਟ ਆ ਗਏ। ਕਿਤੇ ਰੋਹ ਵਿਚ ਆਕੇ ਚੀਤੇ ਤੇ ਸਵਾਰ ਹੋ ਕੇ ਅਤੇ ਕਿਤੇ ਚੀਤਲ ਤੇ ਸਵਾਰ ਹੋ ਕੇ ਆ ਪਹੁੰਚੇ॥੧੮੩॥

**ਕਿਤੇ ਚਾਕ ਚੁੰਧ੍ਰਾ ਚੜ੍ਹੇ ਕਾਕ ਬਾਹੀ॥ ਅਠੂਹਾਂਨ ਕੌ ਸ੍ਵਾਰ ਕੇਤੇ ਸਿਪਾਹੀ॥**
**ਕਿਤੇ ਬੀਰ ਬਾਨੀ ਚੜ੍ਹੇ ਬ੍ਰਿਧ ਗਿੱਧੈਂ॥ ਮਨੋ ਧਜਾਨ ਲਾਗੇ ਲਸੈਂ ਸੁੱਧ ਸਿੱਧੈਂ॥੧੮੪॥**

Namdhari Elibrary NamdhariElibrary@gmail.com

ਪਦ ਅਰਥ - ਚਾਕ ਚੁੰਧ੍ਰਾ=ਚਚੂੰਧਰ, ਛਛੂੰਦਰ, ਚਕੂੰਦਰ, ਇਹ ਚੂਹੇ ਵਰਗੀ ਹੁੰਦੀ ਹੈ ਜਿਹੜੀ ਕੇਵਲ ਮਾਸ ਹੀ ਖਾਂਦੀ ਹੈ। ਇਹ ਆਪਣੇ ਆਪ ਤੋਂ ਵੱਡੇ ਜਾਨਵਰਾਂ ਦਾ ਵੀ ਸ਼ਿਕਾਰ ਕਰਦੀ ਹੈ ਅਤੇ ਜੇ ਕਿਸੇ ਜਾਨਵਰ ਤੋਂ ਭੈਅ ਖਾਂਦੀ ਹੈ ਤਾਂ ਉਸ ਨੂੰ ਚਿੜ ਚਿੜ ਕਰਕੇ ਡਰਾ ਦਿੰਦੀ ਹੈ। ਇਸ ਪਾਸੋਂ ਬਦਬੂ ਬਹੁਤ ਆਉਂਦੀ ਹੈ। ਕਾਕ=ਕਾਂ।

ਕਿੰਨੇ ਹੀ ਛਛੂਦਰਾਂ, ਕਾਵਾਂ, ਅਠੂਵਿਆਂ ਆਦਿ ਤੇ ਸਵਾਰ ਹੋ ਕੇ ਸਿਪਾਹੀ ਚਲ ਪਏ। ਕਈ ਸੂਰਮੇਂ ਗਿਰਝਾਂ ਉਤੇ ਸਵਾਰ ਸਨ ਅਤੇ ਇਸ ਤਰ੍ਹਾਂ ਲੱਗ ਰਹੇ ਸਨ ਕਿ ਮਾਨੋਂ ਸਮਾਧੀ ਲਾ ਕੇ ਬੈਠੇ ਹੋਣ।।੧੮੪।।

## ਹਠੀ ਬੱਧਿ ਗੋਪਾ ਗੁਲਿੱਤ੍ਰਾਨ ਬਾਂਕੇ।।ਰਜੀਲੇ ਕਟੀਲੇ ਹਠੀਲੇ ਨਿਸਾਂਕੇ।। ਮਹਾਂ ਜੁੱਧ ਮਾਲੀ ਭਰੇ ਕੋਪ ਭਾਰੇ।।ਚਹੂੰ ਓਰ ਤੈਂ ਅੱਭ੍ਰ ਜਜੋਂ ਚੀਤਕਾਰੇ।।੧੮੫।।

ਪਦ ਅਰਥ - ਰਜੀਨੇ=ਚੁਸਤ, ਚਾਲਾਕ, ਫੁਰਤੀਲੇ। ਹਠੀਲੇ=ਹੱਠ ਵਾਲੇ, ਸਬਰ ਵਾਲੇ। ਕਟੀਲੇ=ਕੱਟਣ ਵਾਲੇ, ਵੱਢਣ ਵਾਲੇ। ਨਿਸਾਂਕੇ=ਨਿਡਰ, ਭੈਅ ਰਹਿਤ। ਗੁੱਲਤ੍ਰਾਨ=ਉਂਗਲੀਆਂ। ਗੋਪਾ=ਗੋਪਤਾ ਦਾ ਸੰਖੇਪ, ਛੁਪਾਉਣ ਵਾਲਾ, ਲੁਕਾਉਣ ਵਾਲਾ, ਬਚਾਉਣ ਵਾਲਾ, ਕਵਚ। ਅੱਭ੍ਰ=ਬਦਲਾਂ ਵਾਂਗ।

ਹਠੀ ਬਾਂਕੇ ਸੂਰਬੀਰਾਂ ਨੇ ਉਂਗਲੀਆਂ ਉਤੇ ਵੀ ਕਵਚ ਧਾਰਣ ਕੀਤੇ ਹੋਏ ਸਨ। ਉਹ ਬਹੁਤ ਫੁਰਤੀਲੇ, ਹੱਠ ਵਾਲੇ, ਵੈਰੀਆਂ ਨੂੰ ਕੱਟਣ ਵਾਲੇ ਅਤੇ ਭੈਅ ਰਹਿਤ ਸਨ। ਮਹਾਂ ਯੁੱਧ ਦੇ ਬਲੀ ਸੂਰਮੇ ਚੌਂਹਾਂ ਪਾਸਿਆਂ ਤੋਂ ਬੱਦਲਾਂ ਵਾਂਗ ਗੱਜ ਰਹੇ ਸਨ।।੧੮੫।।

## ਬਡੇ ਦਾਂਤ ਕਾਢੇ ਚਲੇ ਕੋਪਿ ਭਾਰੇ ।।ਲਹੇ ਹਾਥ ਮੈ ਪੱਬ ਪੱਤ੍ਰੀ ਉਪਾਰੇ।। ਕਿਤੇ ਸੂਲ ਸੈਥੀ ਸੂਆ ਹਾਥ ਲੀਨੇ।।ਮੰਡੇ ਆਨਿ ਮਾਰੂ ਮਹਾਂ ਰੋਸ ਕੀਨੇ।।੧੮੬।।

ਵੱਡੇ ਵੱਡੇ ਦੰਦ ਕੱਢ ਕੇ ਅਤੇ ਗੁੱਸੇ ਵਿਚ ਆਕੇ ਦੈਂਤ ਚਲ ਪਏ ਅਤੇ ਉਨ੍ਹਾਂ ਦੇ ਹੱਥਾਂ ਵਿਚ ਪਹਾੜਾਂ ਤੋਂ ਪੁਟੇ ਹੋਏ ਪੱਥਰਾਂ ਦੇ ਟੁਕੜੇ ਸਨ। ਆਪਣੇ ਹੱਥਾਂ ਵਿਚ ਤ੍ਰਿਸ਼ੂਲ, ਕਿਰਪਾਨ, ਭਾਲੇ, ਸੂਏ ਆਦਿ ਲੈ ਕੇ ਅਤੇ ਬਹੁਤ ਕ੍ਰੋਧ ਵਿਚ ਭਰ ਕੇ ਉਨ੍ਹਾਂ ਨੇ ਯੁੱਧ ਸ਼ੁਰੂ ਕਰ ਦਿੱਤਾ।।੧੮੬।।

## ਹਠੀ ਹਾਂਕ ਹਾਂਕੈ ਉਠਾਵੈ ਤੁਰੰਗੈ।।ਮਹਾਂ ਬੀਰ ਬਾਂਕੇ ਜਗੇ ਜੋਰ ਜੰਗੈਂ।। ਸੂਆ ਸਾਂਗ ਲੀਨੇ ਅਤਿਅੜ੍ਹੀ ਧਰੱੜ੍ਹੀ।।ਮਚੇ ਆਨਿ ਕੈ ਕੈ ਛਕੇ ਛੋਭ ਛੱੜ੍ਹੀ।।੧੮੭।।

ਪਦ ਅਰਥ - ਹਾਂਕ ਹਾਂਕੈ=ਹਿੱਕ ਹਿੱਕ ਕੇ। ਤੁਰੰਗੇ=ਘੋੜੇ। ਛੋਭ=ਗੁੱਸੇ ਵਿਚ।

ਹੱਠੀ ਸੂਰਬੀਰ ਘੋੜਿਆਂ ਨੂੰ ਹਿੱਕ ਰਹੇ ਸਨ ਅਤੇ ਮਹਾਂਬਲੀ ਯੁੱਧ ਵਾਸਤੇ ਇਕੱਠੇ ਹੋ ਰਹੇ ਸਨ। ਭਾਲੇ, ਬਰਛੇ, ਅਸਤਰ, ਸ਼ਸਤਰ ਲੈ ਕੇ ਛੱਤਰਧਾਰੀ ਸੂਰਮਿਆਂ ਨੇ ਯੁੱਧ ਮਚਾ ਦਿੱਤਾ।।੧੮੭।।

**ਕਹੂੰ ਬੀਰ ਬੀਰੈ ਲਰੈ ਸ਼ਸਤ੍ਰਧਾਰੀ ।। ਮਨੋ ਕਾਛ ਕਾਛੇ ਨਚੈਂ ਨ੍ਰਿੱਤਕਾਰੀ ।।**
**ਕਹੂੰ ਸੂਰ ਸਾਂਗੈ ਪੁਐ ਭਾਂਤਿ ਐਸੇ ।। ਚੜ੍ਹੈ ਬਾਂਸ ਬਾਜੀਗਰੈਂ ਜ੍ਵਾਨ ਜੈਸੇ ।।੧੮੮।।**

ਸ਼ਸਤਰਧਾਰੀ ਸੂਰਮੇ ਲੜਦੇ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਭਿੰਨ ਭਿੰਨ ਪ੍ਰਕਾਰ ਦੇ ਕੱਪੜਿਆਂ ਨਾਲ ਸਜੇ ਨਾਚੇ ਨੱਚ ਰਹੇ ਹੋਣ। ਕਿਤੇ ਸੂਰਮੇ ਭਾਲਿਆਂ ਵਿਚ ਪਰੋਏ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਬਾਜ਼ੀਗਰ ਬਾਂਸ ਤੇ ਚੜ੍ਹੇ ਹੋਣ।।੫੮੮।।

**ਕਹੂੰ ਅੰਗ ਭੰਗੈ ਗਿਰੇ ਸ਼ਸਤ੍ਰ ਅਸਤ੍ਰੈਂ ।। ਕਹੂੰ ਬੀਰ ਖ਼ਾਜੀਨ ਕੇ ਬਰਮ ਬਸਤ੍ਰੈਂ ।।**
**ਕਹੂੰ ਟੋਪ ਟਾਂਕੇ ਗਿਰੇ ਟੋਪ ਟੂਟੇ ।। ਕਹੂੰ ਬੀਰ ਅਭ੍ਰਾਨ ਕੀ ਭਾਂਤਿ ਫੂਟੇ ।।੧੮੯।।**

ਕਿਤੇ ਟੁਟੇ ਹੋਏ ਅੰਗ ਅਤੇ ਕਿਤੇ ਅਸਤਰ ਸ਼ਸਤਰ ਡਿੱਗ ਪਏ ਸਨ। ਕਿਤੇ ਸੂਰਮਿਆਂ ਦੇ ਕਵਚ ਸੰਜੋਏ ਟੁੱਟੇ ਪਏ ਸਨ ਅਤੇ ਕਿਤੇ ਸਿਰਾਂ ਤੇ ਪਾਏ ਹੋਏ ਟੋਪ ਟੁੱਟ ਗਏ ਸਨ। ਕਿਤੇ ਸੂਰਮੇਂ ਬਦਲਾਂ ਦੀ ਤਰ੍ਹਾਂ ਫੱਟੇ ਪਏ ਸਨ।।੧੮੯।।

**ਚੌਪਈ ।। ਇਹ ਬਿਧਿ ਬੀਰ ਖੇਤ ਬਿਕਰਾਲਾ ।। ਮਾਚਤ ਭਯੋ ਆਨਿ ਤਿਹ ਕਾਲਾ ।।**
**ਮਹਾਂ ਕਾਲ ਕਛੁਹੂ ਤਬ ਕੋਪੇ ।। ਪੁਹਮੀ ਪਾਵ ਗਾੜ੍ਹ ਕਰਿ ਰੋਪੇ ।।੧੯੦।।**

ਪਦ ਅਰਥ - ਪੁਹਮੀ=ਧਰਤੀ ਤੇ। ਪਾਵ=ਪੈਰ। ਗਾੜ੍ਹ=ਗੱਡਕੇ। ਰੋਪੇ=ਰੋਹ ਵਿਚ ਆਏ।

ਇਸ ਤਰ੍ਹਾਂ ਓਥੇ ਵਿਕਰਾਲ ਯੁੱਧ ਛਿੜ ਪਿਆ। ਮਹਾਂਕਾਲ ਨੂੰ ਫਿਰ ਬਹੁਤ ਗੁੱਸਾ ਆਇਆ ਅਤੇ ਬੜੇ ਰੋਹ ਵਿਚ ਆ ਕੇ ਉਨ੍ਹਾਂ ਧਰਤੀ ਤੇ ਪੈਰ ਗੱਡ ਦਿੱਤੇ।।੧੯੦।।

**ਮੋਹਨਾਸਤ੍ਰ ਕੇਤੇ ਮੋ ਹਿਤ ਕਰਿ ।। ਬਰੁਣਾਸਤ੍ਰ ਭੇ ਪ੍ਰਾਨਕਿਤਨ ਹਰਿ ।।**
**ਪਾਵਕਾਸਤ੍ਰ ਭੇ ਅਧਿਕ ਜਰਾਏ ।। ਅਮਿਤ ਸੁਭਟ ਮ੍ਰਿਤ ਲੋਕ ਪਠਾਏ ।।੧੯੧।।**

ਪਦ ਅਰਥ - ਬਰੁਣਾਸਤ੍ਰ=ਵਰਣ ਦੇਵਤਾ ਦਾ ਸ਼ਸਤਰ। ਪਾਵਕਾਸਤ੍ਰ=ਅਗਨੀ ਸ਼ਸਤਰ। ਮੋਹਨਾਸਤ੍ਰ=ਕਾਮਦੇਵ ਦਾ ਸ਼ਸਤਰ, ਬੇਹੋਸ਼ ਕਰਨ ਵਾਲਾ ਸ਼ਸਤਰ। ਜਰਾਏ=ਸਾੜੇ। ਅਮਿਤ=ਬਹੁਤ। ਸੁਭਟ=ਸੂਰਮੇ। ਮ੍ਰਿਤ ਲੋਕ=ਜਮ ਲੋਕ।

ਮੋਹਨ ਸ਼ਸਤਰ ਚਲਾ ਕੇ ਕਈਆਂ ਨੂੰ ਬੇਹੋਸ਼ ਕਰ ਦਿੱਤਾ ਗਿਆ। ਵਰਣ ਸ਼ਸਤਰ ਛੱਡ ਕੇ ਕਈਆਂ ਦੇ ਪ੍ਰਾਣ ਕੱਢ ਦਿੱਤੇ ਅਤੇ ਅਗਨੀ ਸ਼ਸਤਰ ਛੱਡ ਕੇ ਅਨੇਕਾਂ ਸੂਰਬੀਰਾਂ ਨੂੰ ਸਾੜ ਦਿੱਤਾ। ਇਸ ਤਰ੍ਹਾਂ ਅਨੇਕਾਂ ਸੂਰਮੇ ਜਮ ਲੋਕ ਭੇਜ ਦਿੱਤੇ।।੧੯੧।।

**ਜਾ ਪਰ ਮਹਾਂ ਕਾਲ ਅਸਿ ਝਾਰਾ ।। ਏਕ ਸੁਭਟ ਤੇ ਦ੍ਵੈ ਕਰਿ ਡਾਰਾ ।।**
**ਜੌ ਦ੍ਵੈ ਨਰ ਪਰ ਟੁਕ ਅਸਿ ਧਰਾ ।। ਚਾਰਿ ਟੂਕ ਤਿਨ ਦ੍ਵੈਕੈ ਕਰਾ ।।੧੯੨।।**

++++++++++++++++++++++++++++++++++++++++++++++++++++++++++++

ਮਹਾਂਕਾਲ ਨੇ ਜਿਸ ਉਤੇ ਵੀ ਤਲਵਾਰ ਦਾ ਵਾਰ ਕੀਤਾ ਉਸਨੂੰ ਇਕ ਤੋਂ ਦੋ ਕਰ ਦਿੱਤਾ। ਜੇ ਦੋ ਸੂਰਮਿਆਂ ਉਤੇ ਤਲਵਾਰ ਚਲਾਈ ਤਾਂ ਦੋ ਤੋਂ ਚਾਰ ਟੁਕੜੇ ਕਰ ਦਿੱਤੇ।।੧੯੨।।

**ਕੇਤਿਕ ਪਰੇ ਸੁਭਟ ਬਿਲਲਾਹੀਂ।।ਜੰਬੁਕਗਿੱਧ ਮਾਸੁ ਲੈ ਜਾਂਹੀ।।**
**ਭੈਰਵ ਆਨਿ ਦੂਹੂੰ ਭਭਕਾਰੈਂ।।ਕਹੂੰ ਮਸਾਨ ਕਿਲਕਟੀ ਮਾਰੈਂ।।੧੯੩।।**

ਕਿੰਨੇ ਹੀ ਸੂਰਮੇ ਪਏ ਚਿਲਾ ਰਹੇ ਸਨ ਅਤੇ ਗਿੱਦੜ ਤੇ ਗਿਰਝਾਂ ਉਨ੍ਹਾਂ ਦਾ ਮਾਸ ਲੈ ਜਾ ਰਹੀਆਂ ਸਨ। ਕਿਤੇ ਭੈਰਵ ਭਭੱਕ ਰਹੇ ਸਨ ਅਤੇ ਕਿਤੇ ਭੂਤ ਪ੍ਰੇਤ ਕਿਲਕਾਰੀਆਂ ਮਾਰ ਰਹੇ ਸਨ।।੧੯੩।।

**ਕੇਤਿਕ ਸੁਭਟ ਆਨਿਹੀ ਢੂਕੈਂ।।ਮਾਰਹਿ ਮਾਰਿ ਦਸੋ ਦਿਸਿ ਕੂਕੈਂ।।**
**ਮਹਾਂ ਕਾਲ ਪਰ ਜੇ ਬ੍ਰਿਣ ਕਰਹੀ।।ਕੁੰਠਤ ਹੋਇ ਧਰਨਿ ਗਿਰ ਪਰਹੀ।।੧੯੪।।**

ਕਿੰਨੇ ਹੀ ਸੂਰਮੇ ਫਿਰ ਇਕੱਠੇ ਹੋ ਗਏ ਸਨ ਅਤੇ ਸਭ ਪਾਸੇ ਮਾਰ ਹੀ ਮਾਰ ਸ਼ਬਦ ਸੁਣਾਈ ਦੇਣ ਲੱਗਾ। ਜਿਹੜਾ ਵੀ ਮਹਾਂਕਾਲ ਤੇ ਵਾਰ ਕਰਦਾ ਉਹ ਖੁਦ ਪੁਠਾ ਹੋ ਕੇ ਧਰਤੀ ਤੇ ਡਿੱਗ ਪੈਂਦਾ।।੧੯੪।।

**ਬਹੁਰਿ ਕੋਪ ਕਰਿ ਅਸੁਰ ਅਪਾਰਾ।।ਮਹਾਂ ਕਾਲ ਕਹ ਕਰਤ ਪ੍ਰਹਾਰਾ।।**
**ਤੇ ਵੈ ਏਕ ਰੂਪ ਹ੍ਵੈ ਜਾਂਹੀ।।ਮਹਾਂਕਾਲ ਕੇ ਮੱਛਜ ਸਮਾਂਹੀ।।੧੯੫।।**

ਦੈਂਤ ਬੜੇ ਕ੍ਰੋਧ ਵਿਚ ਆ ਕੇ ਮਹਾਂਕਾਲ ਉਤੇ ਵਾਰ ਕਰ ਰਹੇ ਸਨ। ਉਹ ਸਾਰੇ ਉਸ ਵਿਚ ਇਕ ਹੀ ਰੂਪ ਹੋ ਜਾਂਦੇ ਸਨ ਅਤੇ ਸਾਰੇ ਮਹਾਂਕਾਲ ਵਿਚ ਹੀ ਸਮਾ ਜਾਂਦੇ ਸਨ।।੧੯੫।।

**ਜਿਮਿ ਕੋਈ ਬਾਰਿ ਬਾਰਿ ਪਰ ਮਾਰੈਂ।।ਹੋਤ ਲੀਨ ਤਿਹ ਮਾਂਝ ਸੁਧਾਰੈਂ।।**
**ਪੁਨਿ ਕੋਈ ਤਾਂਹਿ ਨ ਸਕਤ ਪਛਾਨੀ।।ਆਗਿਲ ਆਹਿ ਕਿ ਮੋਰਾ ਪਾਨੀ।।੧੯੬।।**

ਪਦ ਅਰਥ – ਜਿਮਿ ਕੋਈ=ਜਿਵੇਂ ਕੋਈ। ਬਾਰਿ=ਪਾਣੀ। ਆਗਿਲ=ਅਗਲਾ ਪਾਣੀ, ਪਹਿਲਾ ਪਾਣੀ।

ਜਿਵੇਂ ਕੋਈ ਪਾਣੀ ਨੂੰ ਪਾਣੀ ਮਾਰੇ ਤਾਂ ਪਾਣੀ ਪਾਣੀ ਵਿਚ ਸਮਾ ਜਾਂਦਾ ਹੈ, ਫਿਰ ਦੁਬਾਰਾ ਕੋਈ ਇਹ ਨਹੀਂ ਪਛਾਣ ਸਕਦਾ ਕਿ ਪਹਿਲਾ ਪਾਣੀ ਕਿਹੜਾ ਹੈ ਅਤੇ ਬਾਅਦ ਵਿਚ ਜਿਹੜਾ ਪਾਣੀ ਸੁਟਿਆ ਗਿਆ ਹੈ, ਉਹ ਕਿਹੜਾ ਹੈ।।੧੯੬।।

**ਇਹ ਬਿਧਿ ਭਏ ਸ਼ਸਤ੍ਰ ਜਬ ਲੀਨਾ।।ਅਸੁਰਨ ਕੋਪ ਅਮਿਤ ਤਬ ਕੀਨਾ।।**
**ਕਾਂਪਤ ਅਧਿਕ ਚਿਤ ਮੋਂ ਗਏ।।ਸ਼ਸਤ੍ਰ ਅਸਤ੍ਰ ਲੈ ਆਵਤ ਭਏ।।੧੯੭।।**

ਸ਼ਸਤਰਾਂ ਸਹਿਤ ਜਦ ਇਸ ਤਰ੍ਹਾਂ ਹੋਇਆ ਤਾਂ ਦੈਂਤ ਬਹੁਤ ਗੁੱਸੇ ਵਿਚ ਆ ਗਏ। ਉਹ

************************************************************

ਦਿਲ ਵਿਚ ਬਹੁਤ ਡਰੇ ਅਤੇ ਅਸਤਰ ਸ਼ਸਤਰ ਲੈ ਆਏ।।੧੯੭।।

**ਜ੍ਵਾਲ ਤਜੀ ਕਰਿ ਕੋਪ ਨਿਸਾਚਰ।। ਤਿਨ ਤੇ ਭਏ ਪਠਾਨ ਧਨੁੱਖ ਧਰ।।**
**ਪੁਨਿ ਮੁਖ ਤੇ ਉਲਕਾ ਜੇ ਕਾਢੇ।। ਤਾਤੇ ਮੁਗਲ ਉਪਜਿ ਭੇ ਠਾਢੇ।।੧੯੮।।**

ਦੈਂਤਾਂ ਨੇ ਕ੍ਰੋਧ ਵਿਚ ਆ ਕੇ ਆਪਣੇ ਮੂੰਹਾਂ ਵਿਚੋਂ ਜਵਾਲਾ ਕੱਢੀ, ਜਿਸ ਨਾਲ ਧਨੁੱਖਧਾਰੀ ਪਠਾਨ ਪੈਦਾ ਹੋ ਗਏ। ਉਨ੍ਹਾਂ ਜਦ ਦੁਬਾਰਾ ਮੂੰਹਾਂ ਵਿਚੋਂ ਜਵਾਲਾ ਕੱਢੀ ਤਾਂ ਉਸ ਤੋਂ ਮੁਗ਼ਲ ਪੈਦਾ ਹੋ ਗਏ।।੧੯੮।।

**ਪੁਨਿ ਰਿਸਿ ਤਨ ਤਿਨ ਸ੍ਵਾਸ ਨਿਕਾਰੇ।। ਸੈਯਦ ਸ਼ੇਖ ਭਏ ਰਿਸ ਵਾਰੇ।।**
**ਧਾਏ ਸ਼ਸਤ੍ਰ ਅਸਤ੍ਰ ਕਰ ਲੈਕੈ।। ਤਮਕਿ ਤੇਜ ਰਨ ਤੁਰੀ ਨਚੈਕੈ।।੧੯੯।।**

ਫਿਰ ਦੁਬਾਰਾ ਕ੍ਰੋਧ ਵਿਚ ਆ ਕੇ ਜਦ ਉਨ੍ਹਾਂ ਨੇ ਸਾਹ ਲਏ ਤਾਂ ਉਸ ਤੋਂ ਸ਼ੇਖ ਸੱਯਦ ਪੈਦਾ ਹੋ ਗਏ। ਉਹ ਤੇਜ਼ ਘੋੜੇ ਨਚਾਉਂਦੇ ਹੋਏ, ਅਸਤਰ ਸ਼ਸਤਰ ਲੈ ਕੇ ਟੁੱਟ ਕੇ ਪੈ ਗਏ।।੧੯੯।।

**ਖਾਨ ਪਠਾਨ ਢੁਕੇ ਰਿਸਿ ਕੈਕੈ।। ਕੋਪਿ ਕ੍ਰਿਪਾਨ ਨਗਨ ਕਰ ਲੈਕੈ।।**
**ਮਹਾਂ ਕਾਲ ਕੌ ਕਰਤ ਪ੍ਰਹਾਰਾ।। ਏਕ ਨ ਉਪਰਤ ਰੋਮ ਉਪਾਰਾ।।੨੦੦।।**

ਪਠਾਨ, ਖਾਨ ਨੰਗੀਆਂ ਕਿਰਪਾਨਾਂ ਲੈ ਕੇ, ਗੁੱਸੇ ਵਿਚ ਆਕੇ ਟੁੱਟ ਕੇ ਪੈ ਗਏ। ਉਹ ਮਹਾਂਕਾਲ ਉੱਤੇ ਵਾਰ ਕਰਦੇ ਸਨ, ਪਰ ਉਸਦਾ ਇਕ ਵਾਲ ਵੀ ਵਿੰਗਾ ਨਹੀਂ ਸੀ ਹੁੰਦਾ।।੨੦੦।।

**ਅਮਿਤ ਖਾਨ ਕਰਿ ਕੋਪ ਸਿਧਾਰੇ।। ਮਦੁ ਕਰਿ ਭਏ ਸਕਲ ਮਤਵਾਰੇ।।**
**ਉਮਡੇ ਅਮਿਤ ਮਲੇਛਨ ਕੇ ਗਨ।। ਤਿਨਕੇ ਨਾਮ ਕਹਤ ਤੁਮ ਸੌਂ ਭਨਿ।।੨੦੧।।**

ਅਨੇਕਾਂ ਖਾਨ ਰੋਹ ਵਿਚ ਆ ਕੇ ਭਜੇ, ਉਹ ਸਾਰੇ ਸ਼ਰਾਬ ਪੀ ਕੇ ਮਦਮਸਤ ਹੋਏ ਸਨ। ਮਲੇਛਾਂ ਦੇ ਅਨੇਕਾਂ ਸਰਦਾਰ ਨਿਕਲ ਪਏ ਅਤੇ ਹੁਣ ਮੈਂ ਉਨ੍ਹਾਂ ਦੇ ਨਾਂ ਤੁਹਾਨੂੰ ਦਸਦਾ ਹਾਂ।।੨੦੧।।

**ਨਾਹਰ ਖਾਨ ਝੜਾ ਝੜ ਖਾਨਾ।। ਖਾਨ ਨਿਹੰਗ ਭੜੰਗ ਜੁਆਨਾ।।**
**ਔਰ ਝੜੰਗ ਖਾਨ ਰਨ ਧਾਯੋ।। ਅਮਿਤ ਸ਼ਸਤ੍ਰ ਕਰ ਲਏ ਸਿਧਾਯੋ।।੨੦੨।।**

ਨਾਹਰ ਖਾਨ, ਝੜਾ ਝੜ ਖਾਨ, ਨਿਹੰਗ ਖਾਨ ਯੁੱਧ ਦੇ ਮੈਦਾਨ ਵਲ ਚਲ ਪਏ ਅਤੇ ਅਨੇਕਾਂ ਸਸ਼ਤਰ ਲੈਕੇ ਅਗੇ ਵਧੇ।।੨੦੨।।

**ਬੈਰਮ ਖਾਨ ਬਹਾਦੁਰ ਖਾਨਾ।। ਬਲਵੰਡ ਖਾਨ ਬਡੋ ਸੁਰ ਗਜਾਨਾ।।**
**ਰੁਸਤਮ ਖਾਨ ਕੋਪ ਕਰਿ ਚਲੋ।। ਲੀਨੇ ਅਮਿਤ ਸੈਨ ਸੰਗ ਭਲੋ।।੨੦੩।।**

ਉਥੇ ਬੈਰਮ ਖਾਨ, ਬਹਾਦਰ ਖਾਨ ਅਤੇ ਬਲਵੰਡ ਖਾਨ ਵਰਗੇ ਚਤਰ ਸੂਰਮੇ ਸਨ। ਰੁਸਤਮ

ਖਾਨ ਬੜੇ ਰੋਹ ਵਿਚ ਆਕੇ ਬੇਅੰਤ ਸੈਨਾ ਲੈ ਕੇ ਅੱਗੇ ਚੱਲ ਪਿਆ।।੨੦੩।।

**ਹਸਨ ਖਾਨ ਹੁਸੈਨ ਖਾਨ ਭਨ।।ਖਾਨ ਮੁਹੰਮਦ ਲੈ ਮਲੇਛ ਗਨ।।**
**ਸ਼ਮਸ਼ਖਾਨ ਸਮਸਰੋ ਖਾਨਾ।।ਚਲੇ ਪੀਸ ਕਰਿ ਦਾਂਤ ਜੁਆਨਾ।।੨੦੪।।**

ਹਸਨ ਖਾਨ, ਹੁਸੈਨ ਖਾਨ, ਮਹੰਮਦ ਖਾਨ, ਸ਼ਮਸ ਖਾਨ ਅਤੇ ਸ਼ਮਸ਼ੇਰ ਖਾਨ ਦੰਦ ਪੀਂਹਦੇ ਹੋਏ ਅਨੇਕ ਮਲੇਛ ਸੈਨਾ ਲੈ ਕੇ ਚਲ ਪਏ।।੨੦੪।।

**ਆਵਤ ਹੀ ਕੀਏ ਬਾਨ ਪ੍ਰਹਾਰਾ।।ਮਹਾਂ ਕਾਲ ਕਰ ਚਹਤ ਸੰਘਾਰਾ।।**
**ਮਹਾਂ ਕਾਲ ਸਰ ਚਲਤ ਨਿਹਾਰੇ।।ਟੂਕ ਸਹੰਸ੍ਰ ਪ੍ਰਿਥੀ ਕਰਿ ਡਾਰੇ।।੨੦੫।।**

ਪਦ ਅਰਥ - ਸਰ=ਤੀਰ। ਟੂਕ ਸਹੰਸ੍ਰ=ਹਜ਼ਾਰਾਂ ਟੁਕੜੇ।

ਆਉਦਿਆਂ ਹੀ ਉਨ੍ਹਾਂ ਨੇ ਤੀਰਾਂ ਨਾਲ ਵਾਰ ਕੀਤਾ ਅਤੇ ਮਹਾਂਕਾਲ ਨੂੰ ਮਾਰਨਾ ਚਾਹੁੰਦੇ ਸਨ। ਮਹਾਂਕਾਲ ਚਲਦੇ ਹੋਏ ਤੀਰਾਂ ਨੂੰ ਵੇਖਦਾ ਅਤੇ ਉਨ੍ਹਾਂ ਦੇ ਹਜ਼ਾਰਾਂ ਟੁਕੜੇ ਕਰਕੇ ਧਰਤੀ ਤੇ ਸੁੱਟ ਦਿੰਦਾ ਸੀ।।੨੦੫।।

**ਡਾਰੇ ਸਤ ਸਤ ਟੂਕ ਪ੍ਰਿਥੀ ਕਰਿ।।ਮਹਾਂਕਾਲ ਕਰਿ ਕੋਪ ਅਮਿਤ ਸਰ।।**
**ਇਕ ਇਕ ਸਰ ਤਨ ਬਹੁਰਿ ਪ੍ਰਹਾਰੇ।।ਗਿਰੇ ਪਠਾਨ ਸੁ ਭੂਮਿ ਮੰਝਾਰੇ।।੨੦੬।।**

ਮਹਾਂਕਾਲ ਨੇ ਅਨੇਕਾਂ ਨੂੰ ਸੱਤ ਸੱਤ ਟੋਟੇ ਕਰਕੇ ਧਰਤੀ ਤੇ ਸੁੱਟ ਦਿੱਤਾ। ਉਸ ਬਹੁਤ ਕ੍ਰੋਧ ਵਿਚ ਆਕੇ ਖਿੱਚ ਕੇ ਇਕ ਇਕ ਤੀਰ ਚਲਾਇਆ ਅਤੇ ਪਠਾਨਾਂ ਨੂੰ ਧਰਤੀ ਉਤੇ ਸੁੱਟ ਦਿੱਤਾ।।੨੦੬।।

**ਕਾਟਿ ਨਿਹੰਗਕ ਰਾਖਾ ਦ੍ਵੈ ਧਰ।।ਮਾਰੇ ਅਮਿਤ ਝੜਾ ਝੜ ਖਾਂ ਸਰ।।**
**ਖਾਨ ਭੜੰਗ ਬਹੁਰਿ ਰਨ ਮਾਰੇ।।ਦੇਖਤ ਚਾਰਣ ਸਿੱਧ ਹਜਾਰੇ।।੨੦੭।।**

ਉਸ ਸੂਰਮਿਆਂ ਨੂੰ ਦੋ ਭਾਗਾਂ ਵਿਚ ਕੱਟ ਦਿੱਤਾ ਅਤੇ ਝੜਝੜਾ ਖਾਨ ਨੂੰ ਵੀ ਤੀਰ ਮਾਰ ਕੇ ਮਾਰ ਦਿੱਤਾ। ਚਾਰਣ ਅਤੇ ਸਿੱਧਾਂ ਦੇ ਵੇਖਦੇ ਵੇਖਦੇ ਉਸ ਭੜੰਗ ਖਾਨ ਨੂੰ ਵੀ ਮਾਰ ਦਿੱਤਾ।।੨੦੭।।

**ਨਾਹਰ ਖਾਂ ਗੈਰਤ ਖਾਂ ਮਾਰਾ।।ਬਲਵੰਡ ਖਾਂ ਕਾ ਸੀਸ ਉਤਾਰਾ।।**
**ਸ਼ੇਰ ਖਾਨ ਕਟਿ ਤੇ ਕਟਿ ਡਾਰਜੋ।।ਬੈਰਮ ਖਾਂ ਗਹਿ ਕੇਸ ਪਛਾਰਜੋ।।੨੦੮।।**

ਨਾਹਰ ਖਾਨ, ਗੈਰਤ ਖਾਨ ਨੂੰ ਮਾਰ ਦਿਤਾ ਅਤੇ ਵੇਖਦੇ ਵੇਖਦੇ ਬਲਵੰਡ ਖਾਨ ਦਾ ਵੀ ਸਿਰ ਲਾਹ ਦਿੱਤਾ। ਸ਼ੇਹ,ਖਾਨ,ਨੂੰ ਲੱਕ ਤੋਂ ਵੱਡ ਦਿੱਤਾ ਅਤੇ ਬੈਰਮ ਖਾਨ ਨੂੰ ਵਾਲਾਂ ਤੋਂ ਫੜਕੇ ਵਗਾਹ ਮਾਰਿਆ।,੨੦੮।।

**ਪੁਨਿ ਕਰਿ ਕੋਪ ਬਹਾਦੁਰ ਖਾਨਾ।।ਛਾਡੇ ਤਬੈ ਬਿਸਿਖ ਰਿਸਿ ਨਾਨਾ।।**

********************************************************

**ਮਹਾਂ ਕਾਲ ਕੁਪ ਬਾਨ ਪ੍ਰਹਾਰੋ॥ ਗਿਰਜੋ ਕਹਾਂ ਲੌ ਲਰੈ ਬਿਚਾਰੋ॥੨੦੯॥**

ਪਦ ਅਰਥ - ਬਿਸਿਖ=ਤੀਰ। ਰਿਸਿ=ਗੁੱਸੇ ਵਿਚ। ਨਾਨਾ=ਬਹੁਤ।

ਤਦ ਬਹਾਦਰ ਖਾਨ ਨੇ ਗੁੱਸੇ ਵਿਚ ਆਕੇ ਅਨੇਕਾਂ ਤੀਰ ਛੱਡੇ, ਫਿਰ ਮਹਾਂਕਾਲ ਨੇ ਕ੍ਰੋਧ ਵਿਚ ਆਕੇ ਤੀਰਾਂ ਦਾ ਵਾਰ ਕੀਤਾ। ਉਹ ਵਿਚਾਰਾ ਕਦ ਤਕ ਲੜਦਾ, ਅਖੀਰ ਡਿੱਗ ਪਿਆ॥੨੦੯॥

**ਇਹ ਬਿਧਿ ਹਠੀ ਪਠਾਨੀ ਸੈਨਾ॥ ਮੁਗਲਨ ਪਰਾ ਮੱਧਿ ਕਛੁ ਭੈਨਾ॥**
**ਛਿਨਕਿਕ ਮੋਂ ਬਹੁ ਸੁਭਟ ਗਿਰਾਏ॥ ਜਾਨੁ ਇੰਦ੍ਰ ਪਰਬਤ ਸੇ ਘਾਏ॥੨੧੦॥**

ਇਸ ਪ੍ਰਕਾਰ ਪਠਾਨੀ ਸੈਨਾ ਮਾਰ ਦਿੱਤੀ ਗਈ ਅਤੇ ਮੁਗਲਾਂ ਵਿਚ ਹਾਲੇ ਕੋਈ ਡਰ ਪੈਦਾ ਨਹੀਂ ਹੋਇਆ ਸੀ। ਫਿਰ ਖਿਣ ਭਰ ਵਿਚ ਅਨੇਕਾਂ ਸੂਰਮਿਆਂ ਨੂੰ ਇਸ ਤਰ੍ਹਾਂ ਡੇਗ ਦਿੱਤਾ, ਜਿਵੇਂ ਇੰਦਰ ਨੇ ਪਰਬਤਾਂ ਦੇ ਖੰਭ ਕੱਟ ਦਿੱਤੇ ਹੋਣ॥੨੧੦॥

**ਬੈਰਮ ਬੇਗ ਮੁਗਲ ਕੌ ਮਾਰਾ॥ ਯੂਸਫ਼ ਖਾਂ ਕਟਿ ਤੇਂ ਕਟਿ ਡਾਰਾ॥**
**ਤਾਹਿਰ ਬੇਗ ਟਿਕਾ ਸੰਗ੍ਰਾਮਾ॥ ਅੰਤ ਗਿਰਜੋ ਭਿਰਿਕੈ ਦ੍ਵੈ ਜਾਮਾ॥੨੧੧॥**

ਬੈਰਮ ਬੇਗ ਮੁਗਲ ਨੂੰ ਮਾਰ ਦਿੱਤਾ ਅਤੇ ਯੂਸਫ ਖਾਨ ਨੂੰ ਲੱਕ ਤੋਂ ਵੱਢ ਦਿੱਤਾ। ਤਾਹਿਰ ਬੇਗ ਕੁਝ ਦੇਰ ਯੁੱਧ ਵਿਚ ਟਿਕਿਆ ਰਿਹਾ ਪਰ ਅੰਤ ਵਿਚ ਦੋ ਪਹਿਰ ਬੀਤਣ ਉਤੇ ਉਹ ਵੀ ਡਿੱਗ ਪਿਆ॥੨੧੧॥

**ਨੂਰਮ ਬੇਗ ਬਹੁਰਿ ਰਿਸਿ ਮਾਰਜੋ॥ ਆਦਿਲ ਬੇਗਹਿ ਬਹੁਰਿ ਪ੍ਰਜਾਰਜੋ॥**
**ਤ੍ਰਾਸਿਤ ਭਈ ਮਲੇਛੀ ਸੈਨਾ॥ ਆਯੁਧ ਸਕਾ ਹਾਥ ਕੋਈ ਲੈ ਨਾ॥੨੧੨॥**

ਪਦ ਅਰਥ - ਤ੍ਰਾਸਿਤ=ਡਰ ਗਈ। ਮਲੇਛੀ=ਮੁਸਲਿਮ। ਆਯੁਧ=ਹਥਿਆਰ।

ਕ੍ਰੋਧ ਵਿਚ ਆਕੇ ਨੂਰਮ ਬੇਗ ਨੂੰ ਮਾਰ ਦਿੱਤਾ ਅਤੇ ਆਦਿਲ ਬੇਗ ਨੂੰ ਸਾੜ ਦਿੱਤਾ। ਮੁਸਲਿਮ ਸੈਨਾ ਤ੍ਰਾਹ ਤ੍ਰਾਹ ਕਰ ਉਠੀ ਅਤੇ ਕੋਈ ਵੀ ਹੱਥ ਵਿਚ ਸ਼ਸਤਰ ਨ ਫੜ ਸਕਿਆ॥੨੧੨॥

**ਭਜੇ ਪਠਾਨ ਮੁਗਲ ਹੂੰ ਭਾਜੇ॥ ਸੈਯਦ ਆਨਿ ਦਸੌ ਦਿਸਿ ਗਾਜੇ॥**
**ਫਿਰੇ ਪਠਾਨ ਬਿਮਨ ਜੇ ਭਏ॥ ਬਹੁਰਿ ਧਨੁੱਖ ਟੰਕੋਰਤ ਗਏ॥੨੧੩॥**

ਪਠਾਨ ਅਤੇ ਮੁਗਲ ਭੱਜ ਗਏ, ਫਿਰ ਸੈਯੱਦ ਮੈਦਾਨ ਵਿਚ ਆਕੇ ਗੱਜਣ ਲੱਗੇ। ਹੁਣ ਡਰੇ ਹੋਏ ਪਠਾਨ ਵੀ ਵਾਪਿਸ ਆ ਗਏ ਅਤੇ ਦੁਬਾਰਾ ਤੀਰ ਕਮਾਨ ਖਿੱਚਣ ਲੱਗੇ॥੨੧੩॥

**ਆਵਤ ਹੀ ਹੁਸੈਨ ਖਾਂ ਜੂਝਾ॥ ਹਸਨ ਖਾਨ ਸਨਮੁਖ ਹੈ ਲੂਝਾ॥**

**ਬਹੁਰਿ ਮੁਹੰਮਦ ਖਾਂ ਲਰਿ ਮਰਿਯੋ।। ਜਾਨਕ ਸਲਭ ਦੀਪ ਮਹਿ ਪਰਿਯੋ।।੨੧੪।।**

ਪਦ ਅਰਥ – ਜੂਝਾ=ਜੂਝ ਮਰਿਆਂ। ਲੂਝਾ=ਲੜ ਮਰਿਆ। ਜਾਨਕ=ਮਾਨੋਂ। ਸਲਭ=ਪਤੰਗਾ।

ਆਉਂਦਾ ਹੀ ਹੁਸੈਨ ਖਾਨ ਜੂਝ ਮਰਿਆ ਅਤੇ ਹਸਨ ਖਾਨ ਵੀ ਸਾਹਮਣੇ ਹੋ ਕੇ ਲੜ ਮਰਿਆ। ਫਿਰ ਮੁਹੰਮਦ ਖਾਂ ਇਸ ਤਰ੍ਹਾਂ ਲੜ ਮਰਿਆ ਜਿਵੇਂ ਕਿ ਪਤੰਗਾ ਦੀਵੇ ਉਤੇ ਡਿੱਗ ਪੈਂਦਾ ਹੈ।।੨੧੪।।

**ਸੈਦ ਹੁਸੈਨ ਕੋਪ ਕਰਿ ਗਰਜੋ।। ਜਾਫਰ ਸੈਦ ਰਹਾ ਨਹਿ ਬਰਜੋ।।**
**ਲੋਹ ਪ੍ਰਜੰਤ ਬਾਨ ਤਨਿ ਮਾਰੇ।। ਭਏ ਲੀਨ ਨਹਿ ਬਹੁਰਿ ਨਿਹਾਰੇ।।੨੧੫।।**

ਸੈਯੱਦ ਹੁਸੈਨ ਗੁੱਸੇ ਵਿਚ ਆ ਕੇ ਗੱਜਣ ਲੱਗਾ, ਅਤੇ ਸੈਯੱਦ ਜ਼ਾਫਰ ਵੀ ਹੁਣ ਰੁਕ ਨ ਸਕਿਆ। ਉਸਦੇ ਸਰੀਰ ਉਤੇ ਵੀ ਲੋਹੇ ਦੇ ਤੀਰ ਮਾਰੇ ਗਏ ਜਿਹੜੇ ਉਸਦੇ ਸਰੀਰ ਵਿਚ ਹੀ ਖੁੱਭ ਗਏ ਅਤੇ ਮੁੜਕੇ ਵਿਖਾਈ ਨਹੀਂ ਦਿੱਤੇ।।੨੧੫।।

**ਬਹੁਰੋ ਅਮਿਤ ਕੋਪ ਕਹ ਕਰਿਕੈ।। ਛਾਡੇ ਬਿਸਿਖ ਧਨੁਖ ਕੌ ਧਰਿਕੈ।।**
**ਛੂਟਤ ਭਏ ਸਲਭ ਕੀ ਜਿਮਿ ਸਰ।। ਲੀਨ ਭਏ ਨਹਿ ਲਖੇ ਦ੍ਰਿਗਨ ਕਰਿ।।੨੧੬।।**

ਫਿਰ ਬਹੁਤ ਰੋਹ ਵਿਚ ਆ ਕੇ ਕਮਾਨ ਉਤੇ ਤੀਰ ਚੜ੍ਹਾ ਕੇ ਛੱਡ ਦਿੱਤੇ ਗਏ। ਉਹ ਪਤੰਗਿਆਂ ਵਾਂਗ ਨਿਕਲੇ ਅਤੇ ਫਿਰ ਅੱਖਾਂ ਨੂੰ ਵਿਖਾਈ ਨਹੀਂ ਦਿੱਤੇ।।੨੧੬।।

**ਇਹ ਬਿਧਿ ਮਾਰਿ ਸੈਯਦੀ ਸੈਨਾ।। ਸ਼ੇਖ ਫੌਜ ਭਾਜੀ ਬਿਨੁ ਚੈਨਾ।।**
**ਮਹਾਂ ਕਾਲ ਜਬ ਭਜੇ ਨਿਹਾਰੇ।। ਬਿਸਿਖ ਕੋਪ ਨਹਿ ਤਾਹਿ ਪ੍ਰਹਾਰੇ।।੨੧੭।।**

ਪਦ ਅਰਥ – ਇਹ ਬਿਧਿ=ਇਸ ਵਿਧੀ ਅਨੁਸਾਰ। ਬਿਨੁ ਚੈਨਾ=ਬੇਚੈਨ। ਪ੍ਰਹਾਰੇ=ਮਾਰੇ।

ਇਸ ਵਿਧੀ ਅਨੁਸਾਰ ਜਦ ਸੈਯੱਦ ਸੈਨਾ ਮਾਰੀ ਜਾ ਚੁਕੀ ਸੀ ਤਾਂ ਸ਼ੇਖਾਂ ਦੀ ਫੌਜ ਬੇਚੈਨ ਹੋ ਕੇ ਭੱਜ ਪਈ। ਮਹਾਂਕਾਲ ਨੇ ਜਦ ਉਨ੍ਹਾਂ ਨੂੰ ਭੱਜਦਿਆਂ ਹੋਇਆ ਵੇਖਿਆ ਤਾਂ ਕ੍ਰੋਧ ਵਿਚ ਆ ਕੇ ਉਨ੍ਹਾਂ ਤੇ ਤੀਰ ਨ ਚਲਾਏ।।੨੧੭।।

**ਬਹੁਰੌ ਭਿਰੇ ਸ਼ੇਖ ਭਰਿ ਲਾਜਾ।। ਲੈ ਲੈ ਸ਼ਸਤ੍ਰ ਅਸਤ੍ਰ ਸਭ ਸਾਜਾ।।**
**ਜਿਮਿ ਮ੍ਰਿਗ ਬਧ ਮ੍ਰਿਗਪਤਿ ਕੌ ਤਕਹੀਂ।। ਝਖਿ ਝਖਿ ਗਿਰਤ ਮਾਰਿ ਨਹਿ ਸਕਹੀਂ।।੨੧੮।।**

ਪਦ ਅਰਥ – ਭਿਰੇ=ਭਿੜੇ। ਭਰਿ ਲਾਜਾ=ਸ਼ਰਮ ਦੇ ਮਾਰੇ। ਮ੍ਰਿਗ ਬਧ=ਹਿਰਨ ਨੂੰ ਮਾਰਨ ਵਾਲਾ। ਮ੍ਰਿਗਪਤਿ=ਸ਼ੇਰ।

ਸ਼ਰਮ ਦੇ ਮਾਰੇ ਸ਼ੇਖ ਦੁਬਾਰਾ ਭਿੜਨ ਲੱਗੇ ਅਤੇ ਅਸਤਰ ਸ਼ਸਤਰ ਲੈ ਕੇ ਯੁੱਧ ਕਰਨ ਲੱਗੇ। ਜਿਸ ਤਰ੍ਹਾਂ ਹਿਰਨ ਨੂੰ ਮਾਰਨ ਵਾਲਾ, ਸ਼ੇਰ ਨੂੰ ਵੇਖਦਾ ਹੀ ਰਹਿ ਜਾਂਦਾ ਹੈ ਅਤੇ ਝੱਖ ਮਾਰਕੇ ਡਿੱਗ

****************************************************************

ਪੈਂਦਾ ਹੈ, ਪਰ ਉਸ ਨੂੰ ਮਾਰ ਨਹੀਂ ਸਕਦਾ, ਇਹੋ ਹਾਲ ਹੁਣ ਉਨ੍ਹਾਂ ਦਾ ਸੀ।।੨੧੮।।

**ਸ਼ੇਖ ਫਰੀਦ ਹਨਾ ਤਤਕਾਲਾ।।ਸ਼ੇਖ ਉਜੈਨ ਹਨਾ ਬਿਕਰਾਲਾ।।**
**ਸ਼ੇਖ ਅਮਾਨੁੱਲਹ ਪੁਨਿ ਮਾਰਜੋ।।ਸ਼ੇਖ ਵਲੀ ਕੋ ਸੈਨ ਸੰਘਾਰਜੋ।।੨੧੯।।**

ਸ਼ੇਖ ਫ਼ਰੀਦ ਅਤੇ ਸ਼ੇਖ ਉਜੈਨ ਨਾਮੀਂ ਸੂਰਮਿਆਂ ਨੂੰ ਤਤਕਾਲ ਮਾਰ ਦਿੱਤਾ ਗਿਆ। ਸ਼ੇਖ ਅਮਾਨ ਉੱਲਾ ਨੂੰ ਮਾਰ ਦਿੱਤਾ ਅਤੇ ਸ਼ੇਖ ਵਲੀ ਦੀ ਸੈਨਾ ਨੂੰ ਮਾਰ ਦਿੱਤਾ ਗਿਆ।।੨੧੯।।

**ਤਿਲ ਤਿਲ ਪਾਇ ਸੁਭਟ ਕਹੂੰ ਕਰੇ।।ਚਰਮ ਬਰਮ ਰਨ ਮੋਂ ਕਹੂੰ ਝਰੇ।।**
**ਭਖਿ ਭਖਿ ਉਠੈਂ ਸੁਭਟ ਕਹੂੰ ਕ੍ਰੂੱਧਾ।।ਦਾਰੁਣ ਮਚਜੋ ਐਸ ਤਹ ਜੁੱਧਾ।।੨੨੦।।**

ਸੂਰਮਿਆਂ ਦੇ ਟੋਟੇ ਟੋਟੇ ਕਰ ਦਿੱਤੇ ਗਏ ਅਤੇ ਰਣ ਖੇਤਰ ਵਿਚ ਕਵਚ ਅਤੇ ਢਾਲਾਂ ਖਿਲਰ ਗਈਆ ਓਥੇ ਇਸ ਤਰ੍ਹਾਂ ਦਾ ਡਰਾਉਣਾ ਅਤੇ ਖੌਫਨਾਕ ਯੁੱਧ ਮਚਿਆ ਕਿ ਸੂਰਮੇ ਕ੍ਰੋਧ ਦੀ ਅੱਗ ਵਿਚ ਸੜਨ ਲੱਗੇ।।੨੨੦।।

**ਕਹੂੰ ਕਬੰਧ ਫਿਰਤ ਸਿਰ ਬਿਨਾ।।ਕਹੂੰ ਸੁਭਟ ਗਹਿ ਦਾਂਤਨ ਤ੍ਰਿਨਾ।।**
**ਰੱਛ ਰੱਛ ਕਹਿ ਤਾਹਿ ਪੁਕਾਰੈਂ।।ਮਹਾਂਕਾਲ ਜਿਨਿ ਹਮੈਂ ਸੰਘਾਰੈਂ।।੨੨੧।।**

ਪਦ ਅਰਥ – ਕਬੰਧ=ਧੜ, ਸਿਰ ਤੋਂ ਬਗੈਰ ਦੇਹ, ਕਬੰਧ ਇਕ ਦੈਂਤ ਸੀ, ਜਿਸ ਦਾ ਸਿਰ ਇੰਦਰ ਦੇ ਬੱਜਰ ਦਾ ਮਾਰਿਆ ਧੌਣ ਨਾਲੋਂ ਟੁੱਟ ਕੇ ਢਿੱਡ ਵਿਚ ਧਸ ਗਿਆ ਸੀ। ਦੰਡਕ ਵਣ ਵਿਚ ਰਾਮਚੰਦਰ ਨੇ ਇਸਦੇ ਹੱਥ ਵੱਢਕੇ ਜੀਉਂਦਾ ਹੀ ਧਰਤੀ ਵਿਚ ਗੱਡ ਦਿੱਤਾ ਸੀ।।

ਕਈ ਧੜ ਸਿਰ ਤੋਂ ਬਿਨਾਂ ਹੀ ਫਿਰ ਰਹੇ ਸਨ ਅਤੇ ਕਿਤੇ ਸੂਰਮਿਆਂ ਨੇ ਮੂੰਹ ਵਿਚ ਦੰਦਾਂ ਨਾਲ ਘਾਹ ਫੜੇ ਹੋਏ ਸਨ ਅਤੇ ਆਪਣੇ ਪ੍ਰਾਣਾਂ ਦਾ ਦਾਨ ਮੰਗ ਰਹੇ ਸਨ। ਉਹ 'ਰਖਿਆ ਰਖਿਆ' ਦੀ ਪੁਕਾਰ ਕਰਕੇ ਮਹਾਂਕਾਲ ਨੂੰ ਕਹਿ ਰਹੇ ਸਨ ਕਿ ਸਾਨੂੰ ਨ ਮਾਰੋ।।੨੨੧।।

**ਕਹੂੰ ਆਨਿ ਡਾਕਿਨਿ ਡੱਹਕਾਰੈਂ।।ਕਹੂੰ ਮਸਾਨ ਕਿਲਕਟੀ ਮਾਰੈਂ।।**
**ਭੂਤ ਪਿਸਾਚ ਨਚੇ ਬੈਤਾਲਾ।।ਬਰਤ ਫਿਰਤ ਬੀਰਨ ਕਹ ਬਾਲਾ।।੨੨੨।।**

ਕਿਤੇ ਆ ਕੇ ਚੜੇਲਾਂ ਘੁੰਮ ਫਿਰ ਰਹੀਆਂ ਸਨ ਅਤੇ ਕਿਤੇ ਭੂਤ ਪ੍ਰੇਤ ਕਿਲਕਾਰੀਆਂ ਮਾਰ ਰਹੇ ਸਨ। ਭੂਤ, ਪਿਸ਼ਾਚ ਅਤੇ ਰਾਕਸ਼ ਨੱਚ ਰਹੇ ਸਨ ਅਤੇ ਅਪੱਛਰਾਵਾਂ ਸੂਰਬੀਰਾਂ ਦਾ ਵਰਨ ਕਰਨ ਹਿਤ ਘੁੰਮ ਰਹੀਆਂ ਸਨ।।੨੨੨।।

**ਏਕੈ ਅੱਛ ਏਕ ਹੀ ਬਾਹਾ।।ਏਕ ਚਰਨ ਅਰੁ ਅਰਧ ਸਨਾਹਾ।।**
**ਇਹ ਬਿਧਿ ਸੁਭਟ ਬਿਕਟ ਹਨਿ ਡਾਰੇ।।ਪਵਨ ਬਲੀ ਜਨੁ ਰੂਖ ਉਖਾਰੇ।।੨੨੩।।**

Namdhari Elibrary NamdhariElibrary@gmail.com

ਕਿਸੇ ਦੀ ਇਕੋ ਅੱਖ ਅਤੇ ਇਕ ਹੀ ਬ਼ਾਂਹ ਸੀ, ਕਿਸੇ ਦਾ ਇਕੋ ਹੀ ਪੈਰ ਸੀ ਅਤੇ ਅੱਧੋ ਹੀ ਕਵਚ ਸੀ। ਸੂਰਮਿਆਂ ਨੂੰ ਇਸ ਤਰ੍ਹਾਂ ਮਾਰ ਦਿੱਤਾ ਗਿਆ ਜਿਵੇਂ ਤੇਜ਼ ਹਵਾ ਨੇ ਰੁੱਖਾਂ ਨੂੰ ਪੁੱਟ ਕੇ ਸੁੱਟ ਦਿੱਤਾ ਹੋਵੇ।।੨੨੩।।

**ਜਿਹ ਅਰਿ ਕਾਲ ਕ੍ਰਿਪਾਨ ਬਹੀ ਸਿਰ।। ਤਿਨਕੇ ਰਹੀ ਨ ਜੀਵ ਕਰਾ ਫਿਰਿ।।**
**ਜਾਕਹ ਕਾਲ ਖੜਗ ਛ੍ਵੈ ਗਯਾ।।ਅਰਧੈ ਅਰਧ ਛਿਨਿਕ ਮਹਿ ਭਯਾ।।੨੨੪।।**

ਜਿਸ ਦੇ ਸਿਰ ਉਤੇ ਕਾਲ ਦੀ ਕਿਰਪਾਨ ਪਈ, ਉਹ ਫਿਰ ਜੀਊਂਦਾ ਬਾਕੀ ਨ ਬਚਿਆ. ਜਿਸ ਨੂੰ ਕਾਲ ਦਾ ਖੜਗ ਛੂਹ ਵੀ ਗਿਆ ਉਹ ਖਿਣ ਭਰ ਵਿਚ ਦੋ ਹਿਸਿਆਂ ਵਿਚ ਕੱਟਿਆ ਗਿਆ।।੨੨੪।।

**ਬਹੀ ਜਾਹਿ ਸਿਰ ਸਰਕਿ ਸਰੋਹੀ।। ਤਾਕਾ ਰਹਾ ਸੀਸੁ ਦ੍ਵੈ ਦੋਹੀ।।**
**ਜਾਕੌਂ ਬਾਨ ਕਾਲ ਕਾ ਲਾਗਾ।। ਤਾਕੇ ਪ੍ਰਾਨ ਬਾਨ ਲੈ ਭਾਗਾ।।੨੨੫।।**

ਜਿਸ ਦੇ ਸਿਰ ਉਤੇ ਤਲਵਾਰ ਵੱਜੀ, ਉਸ ਦਾ ਸਿਰ ਦੋ ਟੋਟੇ ਹੋ ਗਿਆ। ਜਿਸ ਨੂੰ ਕਾਲ ਦਾ ਤੀਰ ਲੱਗਾ, ਉਸਦੇ ਪ੍ਰਾਣ ਉਹੀ ਤੀਰ ਲੈ ਕੇ ਭੱਜ ਗਿਆ।।੨੨੫।।

**ਮਾਰੂ ਬਜਤ ਦੋਊ ਦਿਸਿ ਐਸੇ।। ਜਾਨੁਕ ਪ੍ਰਲੈਕਾਲ ਕੇ ਐਸੇ।।**
**ਗੋ ਮੁਖ ਝਾਂਝਰ ਤੂਰ ਅਪਾਰਾ।। ਢੋਲ ਮ੍ਰਿਦੰਗ ਮੁਚੰਗ ਹਜ਼ਾਰਾ।।੨੨੬।।**

ਦੋਹਾਂ ਪਾਸਿਆਂ ਤੋਂ ਮਾਰੂ ਧੁੰਨੀਆਂ ਇਸ ਤਰ੍ਹਾਂ ਵੱਜ ਰਹੀਆਂ ਸਨ. ਜਿਵੇਂ ਪਰਲੋ ਦੇ ਸਮੇਂ ਵੱਜ ਰਹੀਆਂ ਹੋਣ। ਗਊਮੁਖ, ਝਾਂਝਰ, ਤੁਰੀ, ਢੋਲ, ਮ੍ਰਿਦੰਗ, ਮੁਚੰਗ ਆਦਿ ਹਜ਼ਾਰਾਂ ਦੀ ਗਿਣਤੀ ਵਿਚ ਵੱਜ ਰਹੀਆਂ ਸਨ।।੨੨੬।।

**ਘੋਰ ਆਯੁਧਨ ਇਹ ਬਿਧਿ ਭਯੋ।। ਜਿਹ ਕੋ ਪਾਰ ਨ ਕਿਨਹੂੰ ਲਯੋ।।**
**ਜੇਤਿਕ ਅਸੁਰ ਮਲੇਛੁਪਜਾਏ।।ਮਹਾਂ ਕਾਲ ਛਿਨ ਬੀਚ ਖਪਾਏ।।੨੨੭।।**

ਇਸ ਤਰ੍ਹਾਂ ਘੋਰ ਯੁੱਧ ਹੋਇਆ ਜਿਸ ਦਾ ਕੋਈ ਅੰਤ ਨ ਪਾ ਸਕਿਆ। ਦੈਂਤਾਂ ਨੇ ਜਿੰਨੇ ਵੀ ਮਲੇਛ ਪੈਦਾ ਕੀਤੇ ਸਨ, ਮਹਾਂਕਾਲ ਨੇ ਉਨ੍ਹਾਂ ਨੂੰ ਪਲਾਂ ਵਿਚ ਖਤਮ ਕਰ ਦਿੱਤਾ।।੨੨੭।।

**ਬਹੁਰਿ ਅਸੁਰ ਕ੍ਰੁੱਧਤ ਅਤਿ ਭਯੋ।।ਅਮਿਤ ਅਸੁਰ ਉਪਰਾਜਿ ਸੁ ਲਯੋ।।**
**ਧੂਲੀ ਕਰਨ ਬਿਦਿਤ ਕੇਸੀ ਭਨ।।ਘੋਰ ਦਾੜ੍ਹ ਅਰੁ ਸ੍ਰੋਨਤ ਲੋਚਨ।।੨੨੮।।**

ਪਦ ਅਰਥ - ਕ੍ਰੁੱਧਤ=ਕ੍ਰੋਧ ਵਿਚ। ਉਪਰਾਜਿ=ਪੈਦਾ ਕਰ ਦਿੱਤੇ।

ਫਿਰ ਰਾਕਸ਼ ਬਹੁਤ ਗੁੱਸੇ ਵਿਚ ਆ ਗਏ ਅਤੇ ਉਨ੍ਹਾਂ ਨੇ ਅਨੇਕਾਂ ਹੋਰ ਰਾਕਸ਼ ਪੈਦਾ ਕਰ

ਦਿੱਤੇ। ਇਨ੍ਹਾਂ ਵਿਚ ਧੂਲੀਕਰਨ, ਕੋਸ਼ੀ, ਘੋਰ ਦਾੜ੍ਹ ਅਤੇ ਸ੍ਰੋਨਤ ਲੋਚਨ ਬਹੁਤ ਬਲਵਾਨ ਸਨ।।੨੨੮।।

**ਗਰਧਬ ਕੇਤ ਮਹਿਖ ਧੁਜ ਨਾਮਾ।।ਅਰੁਨ ਨੇਤ੍ਰ ਉਪਜਾ ਸੰਗ੍ਰਾਮਾ।।**
**ਅਸਿਧੁਜ ਨਿਰਖਿ ਅਸੁਰ ਉਪਜੇ ਰਨ।।ਮਾਰਤ ਭਯੋ ਦਾਨਵਨ ਕੇ ਗਨ।।੨੨੯।।**

ਗਰਧਬ ਕੇਤ, ਮਹਿਖ ਧੁਜ, ਅਰੁਨ ਨੇਤਰ ਨਾਂ ਦੇ ਵੱਡੇ ਵੱਡੇ ਰਾਕਸ਼ ਇਨ੍ਹਾਂ ਵਿਚ ਸਨ ਜਿਹੜੇ ਯੁੱਧ ਵਿਚੋਂ ਪੈਦਾ ਹੋਏ ਸਨ। ਅਸਿਧੁਜ (ਮਹਾਂਕਾਲ) ਨੂੰ ਦੈਂਤਾਂ ਨੂੰ ਮਾਰਦਿਆਂ ਵੇਖ ਕੇ ਯੁੱਧ ਖੇਤਰ ਵਿਚ ਅਨੇਕਾਂ ਦੈਂਤ ਪੈਦਾ ਹੋ ਗਏ।।੨੨੯।।

**ਅਸਿਧੁਜ ਕੋਪ ਅਧਿਕ ਕਹ ਕਰਾ।।ਸੈਨ ਦਾਨਵਨ ਕੋ ਰਨ ਹਰਾ।।**
**ਭਾਂਤਿ ਭਾਂਤਿ ਤਨ ਸ਼ਸਤ੍ਰ ਪ੍ਰਹਾਰੇ।।ਤਿਲ ਤਿਲ ਪਾਇ ਸੁਭਟ ਕਟਿ ਡਾਰੇ।।੨੩੦।।**

ਹੁਣ ਮਹਾਂਕਾਲ ਨੇ ਜ਼ਿਆਦਾ ਗੁੱਸੇ ਵਿਚ ਆਕੇ ਦੈਂਤਾਂ ਦੀ ਸਾਰੀ ਫੌਜ ਦਾ ਸਫਾਇਆ ਕਰ ਦਿੱਤਾ। ਭਿੰਨ ਭਿੰਨ ਪ੍ਰਕਾਰ ਦੇ ਸ਼ਸਤਰਾਂ ਦਾ ਪ੍ਰਯੋਗ ਕਰਕੇ ਸੂਰਬੀਰਾਂ ਨੂੰ ਟੁਕੜੇ ਟੁਕੜੇ ਕਰ ਦਿੱਤਾ।।੨੩੦।।

**ਇਹ ਬਿਧਿ ਹਨੀ ਸੈਨ ਅਸਿਧੁਜ ਜਬ।।ਕਾਂਪਤ ਭਯੋ ਅਸੁਰ ਜਿਯ ਮੌਂ ਤਬ।।**
**ਅਮਿਤ ਅਸੁਰ ਰਨ ਔਰ ਪ੍ਰਕਾਸ਼ੇ।।ਤਿਨ ਕੋ ਕਹਤ ਨਾਮ ਬਿਨੁ ਸਾਸੇ।।੨੩੧।।**

ਪਦ ਅਰਥ – ਅਸਿਧੁਜ=ਮਹਾਂਕਾਲ। ਪ੍ਰਕਾਸ਼ੇ=ਪੈਦਾ ਹੋਏ।

ਅਰਥ–ਮਹਾਂਕਾਲ ਨੇ ਜਦ ਇਸ ਤਰ੍ਹਾਂ ਰਾਕਸ਼ਾਂ ਦੀ ਸੈਨਾ ਨੂੰ ਨਸ਼ਟ ਕਰ ਦਿੱਤਾ ਤਾਂ ਦੈਂਤ ਮਨ ਵਿਚ ਬਹੁਤ ਡਰ ਗਏ। ਉਨ੍ਹਾਂ ਨੇ ਅਨੇਕਾਂ ਹੋਰ ਦੈਂਤ ਯੁੱਧ ਖੇਤਰ ਵਿਚ ਪੈਦਾ ਕਰ ਲਏ ਅਤੇ ਹੁਣ ਮੈਂ ਸਾਹ ਰੋਕ ਕੇ ਉਨ੍ਹਾਂ ਦੇ ਨਾਂ ਦਸਦਾ ਹਾਂ।।੨੩੧।।

**ਗੀਧ ਧੁਜਾ ਕਾਕ ਧੁਜ ਰਾਛਸ।।ਉੱਲੂ ਕੇਤ ਬੀਯੋ ਬਡ ਰਾਛਸ।।**
**ਅਸਿਧੁਜ ਕੇ ਰਨ ਸਮੁਹਿ ਸਿਧਾਏ।।ਮਾਰਿ ਮਾਰਿ ਚਹੂੰ ਓਰ ਉਘਾਏ।।੨੩੨।।**

ਪਦ ਅਰਥ – ਗੀਧ ਧੁਜਾ, ਕਾਕ ਧੁਜ, ਉੱਲੂ ਕੇਤ=ਇਹ ਸਾਰੇ ਭਿਆਨਕ ਰਾਕਸ਼ਾਂ ਦੇ ਨਾਂ ਹਨ।

ਗੀਧ ਧੁਜਾ, ਕਾਕ ਧੁਜ, ਉਲੂ ਕੇਤ ਆਦਿ ਬਹੁਤ ਡਰਾਉਣੇ ਰਾਕਸ਼ ਸਨ। ਉਹ ਮਹਾਂਕਾਲ ਦੇ ਸਾਹਮਣੇ ਆ ਕੇ, ਚਾਰੇ ਪਾਸੇ 'ਮਾਰ ਮਾਰ' ਪੁਕਾਰਨ ਲੱਗੇ।।੨੩੨।।

**ਬਿਸਿਖਨ ਬ੍ਰਿਸਟਿ ਕਰੀ ਕੋਪਹਿ ਕਰਿ।।ਜਲਧਰ ਐਸ ਬਡੇ ਭੂਧਰ ਪਰ।।**
**ਸ਼ਸਤ੍ਰ ਅਸਤ੍ਰ ਕਰਿ ਕੋਪ ਪ੍ਰਹਾਰੇ।।ਚਟਪਟ ਸੁਭਟ ਬਿਕਟਿ ਕਟਿ ਡਾਰੈ।।੨੩੩।।**

ਗੁੱਸੇ ਵਿਚ ਆ ਕੇ ਉਨ੍ਹਾਂ ਨੇ ਤੀਰਾਂ ਦੀ ਵਰਖਾ ਕੀਤੀ ਅਤੇ ਉਹ ਬੱਦਲਾਂ ਤੇ ਪਹਾੜਾਂ ਵਾਂਗ

Namdhari Elibrary NamdhariElibrary@gmail.com

ਲੱਗ ਰਹੇ ਹਨ। ਸ਼ਸਤਰਾਂ ਅਸਤਰਾਂ ਦਾ ਵਾਰ ਕਰਕੇ ਉਹ ਭਿਆਨਕ ਸੂਰਬੀਰ ਛੇਤੀ ਹੀ ਮਾਰ ਦਿੱਤੇ ਗਏ।।੨੩੩।।

**ਹੁਅੰ ਸ਼ਬਦ ਅਸਿਧੁਜਹਿ ਉਚਾਰਾ।।ਤਿਹ ਤੇ ਆਧਿ ਬਜਾਧਿ ਬਪੁ ਧਾਰਾ।।**
**ਸੀਤ ਜ੍ਵਰ ਅਰ ਉਸਨ ਤਾਪ ਭਨ।।ਛਈ ਰੋਗ ਅਰੁ ਸੰਨਜਪਾਤ ਗਨ।।੨੩੪।।**

ਪਦ ਅਰਥ - ਹੁਅੰ=ਹੁਅੰਗ, ਹੂਆ। ਆਧਿ=ਰੋਗ, ਸਰਦੀ, ਗਰਮੀ, ਵਰਖਾ, ਬਿਜਲੀ ਰਾਹੀਂ ਪ੍ਰਾਪਤ ਹੋਏ ਰੋਗ। ਬਜਾਧਿ=ਰੋਗ, ਬਿਮਾਰੀ। ਬਪੁ ਧਾਰਾ=ਪੈਦਾ ਹੋਏ।

ਮਹਾਂਕਾਲ ਨੇ ਫਿਰ 'ਹੁਅੰ' ਸ਼ਬਦ ਦਾ ਉਚਾਰਣ ਕੀਤਾ ਜਿਸ ਨਾਲ ਆਧਿ ਬਿਜਾਧਿ ਰੋਗਾਂ ਨੇ ਜਨਮ ਲਿਆ। ਸੀਤ ਰੋਗ, ਜ੍ਵਰ ਰੋਗ, ਉਸਨ ਤਾਪ, ਖਈ ਰੋਗ ਅਤੇ ਸੰਨਪਾਤ ਆਦਿ ਰੋਗਾਂ ਨੇ ਜਨਮ ਲਿਆ।।੨੩੪।।

**ਬਾਇ ਪਿਤਯ ਕਫ ਉਪਜਤ ਭਏ।।ਤਾਤੇ ਭੇਦ ਅਮਿਤ ਹ੍ਵੈ ਗਏ।।**
**ਨਾਮ ਤਿਨੈ ਗਨਪ੍ਰਗਟ ਸੁਨਾਊਂ।।ਅਯੁਰ ਬੇਦਿਯਨ ਸਭਨ ਰਿਝਾਊਂ।।੨੩੫।।**

ਵਾਈ, ਪਿਤ, ਕਫ ਆਦਿ ਰੋਗ ਪੈਦਾ ਹੋਏ, ਅਤੇ ਫਿਰ ਅੱਗੋ ਜਾਕੇ ਉਨ੍ਹਾਂ ਦੇ ਅਨੇਕ ਰੂਪ ਹੋ ਗਏ। ਹੁਣ ਮੈਂ ਉਨ੍ਹਾਂ ਦੇ ਨਾਂ ਸੁਣਾਉਂਦਾ ਹਾਂ ਅਤੇ ਹਕੀਮਾਂ ਵੈਦਾਂ ਨੂੰ ਪ੍ਰਸੰਨ ਕਰਦਾ ਹਾਂ।।੨੩੫।।

**ਆਮ ਪਾਤ ਅਰ ਸ੍ਰੋਨਤ ਪਾਤ।।ਅਰਧ ਸਿਰਾ ਅਰੁ ਹ੍ਰਿਦੈ ਸੰਘਾਤ।।**
**ਪ੍ਰਾਨ ਬਾਇ ਆਪਾਨ ਬਾਇ ਭਨਿ।।ਦੰਤ ਰੋਗ ਅਰੁ ਦਾੜ ਪੀੜ ਗਨ।।੨੩੬।।**

ਇਨ੍ਹਾਂ ਰੋਗਾਂ ਦੇ ਨਾਂ ਸਨ, ਆਮਪਾਤ, ਸ੍ਰੋਨਤ ਪਾਤ, ਅਰਧ ਸਿਰਾ, ਹਿਰਦੇ ਸੰਘਾਤ, ਵਾਈ ਪ੍ਰਾਣ, ਵਾਈ ਆਪਾਨ, ਦੰਦ ਰੋਗ ਅਤੇ ਦਾੜ ਪੀੜ ਰੋਗ।।੨੩੬।।

**ਸੂਖਾ ਜ੍ਵਰ ਤੇਇਯਾ ਚੌਥਾਯਾ।।ਅਸਟ ਦਿਵਸਯੋ ਅਰੁ ਬੀਸਾਯਾ।।**
**ਡੇਢ ਮਾਸਿਯਾ ਪੁਨਿ ਤਪ ਭਯੋ।।ਦਾਂਤ ਕਾਢ ਦੈਤਨ ਪਰ ਧਯੋ।।੨੩੭।।**

ਸੋਕਾ, ਤੈਈਆ, ਚੌਥਾ, ਅੱਠਾਂ ਦਿਨਾਂ ਵਾਲਾ ਅਤੇ ਵੀਹ ਦਿਨਾਂ ਵਾਲਾ ਬੁਖਾਰ ਆਦਿ ਸਨ। ਫਿਰ ਡੇਢ ਮਹੀਨੇ ਵਾਲਾ ਬੁਖਾਰ ਦੰਦ ਕੱਢਕੇ ਦੈਂਤਾਂ ਉਤੇ ਟੁੱਟ ਪਿਆ।।੨੩੭।।

**ਫੀਲ ਪਾਵ ਪੁਨਿ ਜਾਨੂ ਰੋਗਾ।।ਉਪਜਾ ਦੇਨ ਦੁਸ਼ਟ ਦਲ ਸੋਗਾ।।**
**ਖਈ ਸੁ ਬਾਦੀ ਭਈ ਮਵੇਸੀ।।ਪਾਂਡ ਰੋਗ ਪੀਨਸ ਕਟਿ ਦੇਸੀ।।੨੩੮।।**

ਪਦ ਅਰਥ - ਫੀਲ ਪਾਵ=ਇਕ ਰੋਗ ਜਿਸ ਕਰਕੇ ਪੈਰ ਹਾਥੀ ਦੇ ਪੈਰਾਂ ਵਰਗੇ ਭਾਰੇ ਹੋ ਜਾਂਦੇ ਹਨ। ਇਸ ਰੋਗ ਨੂੰ ਫਾਰਸੀ ਵਿਚ 'ਦਾਯਉਲ ਫੀਲ' ਕਹਿੰਦੇ ਹਨ ਅਤੇ ਅੰਗਰੇਜ਼ੀ ਵਿਚ ਇਸ

Namdhari Elibrary NamdhariElibrary@gmail.com

ਦਾ ਨਾਂ Elephantiasis ਹੈ। ਇਹ ਰੋਗ ਗਲੇ ਸੜੇ ਪਾਣੀ ਨੂੰ ਵਰਤਣ ਅਤੇ ਨੰਗੇ ਪੈਰੀ ਫਿਰਨ ਨਾਲ ਹੁੰਦਾ ਹੈ। ਪਾਂਡੁ ਰੋਗ=ਇਹ ਇਕ ਪ੍ਰਕਾਰ ਦਾ ਰੋਗ ਹੈ, ਜਿਗਰ ਜਦ ਆਪਣਾ ਕੰਮ ਛੱਡ ਬੈਠਦਾ ਹੈ ਤਾਂ ਇਸ ਰੋਗ ਦੀ ਉਤਪੱਤੀ ਹੁੰਦੀ ਹੈ। ਇਹ ਰੋਗ ਗਲੀਆਂ ਸੜੀਆਂ ਚੀਜ਼ਾਂ ਖਾਣ ਅਤੇ ਸ਼ਰਾਬ ਜ਼ਿਆਦਾ ਪੀਣ ਕਰਕੇ ਹੁੰਦਾ ਹੈ।

ਫਿਰ ਫੀਲ ਪਾਵ ਨਾਮੀਂ ਰੋਗ ਦੁਸ਼ਟਾਂ ਨੂੰ ਕਸ਼ਟ ਦੇਣ ਵਾਸਤੇ ਪੈਦਾ ਹੋ ਗਿਆ। ਫਿਰ ਖਈ ਰੋਗ, ਵਾਈ ਰੋਗ, ਬਵਾਸੀਰ, ਪਾਂਡ ਰੋਗ, ਪੀਨਸ ਅਤੇ ਕਟਦੇਸ਼ੀ ਰੋਗ ਪੈਦਾ ਹੋਏ॥੨੩੮॥

**ਚਿਨੱਗਿ ਪ੍ਰਮੇਵ ਭਗਿੰਦ੍ਰ ਦਖੂੜ੍ਰਾ॥ਪਥਰੀ ਬਾਇ ਫਿਰੰਗ ਅਧਨੇੜ੍ਰਾ॥**
**ਗਲਤ ਕੁਸ਼ਟ ਉਪਜਾ ਦੁਸ਼ਟਨ ਤਨ॥ਸੇਤ ਕੁਸ਼ਟ ਕੇਤਿਨ ਕੇ ਭਜੇ ਭਨ॥੨੩੯॥**

ਪਦ ਅਰਥ - ਚਿਨੱਗਿ=ਇਕ ਪ੍ਰਕਾਰ ਦਾ ਪਿਸ਼ਾਬ ਰੋਗ, ਵੈਦਿਕ ਵਿਚ ਇਸ ਦਾ ਨਾਂ ਮੁਤ੍ਰਾਘਾਤ ਹੈ। ਇਹ ਰੋਗ ਗਰਮ ਖੁਸ਼ਕ ਅਤੇ ਮਿਰਚ ਮਸਾਲਾ ਜ਼ਿਆਦਾ ਖਾਣ ਨਾਲ ਪੈਦਾ ਹੁੰਦਾ ਹੈ। ਪੇਸ਼ਾਬ ਦੀ ਨਾਲੀ ਵਿਚ ਸੋਜ ਹੋਣ ਕਰਕੇ ਪੇਸ਼ਾਬ ਕਰਨ ਸਮੇਂ ਚਿਨਗ ਪੈਂਦੀ ਹੈ। ਪ੍ਰਮੇਵ=ਜਰੀਆਨ ਰੋਗ, ਇਸ ਰੋਗ ਦੀ ਨਿਸ਼ਾਨੀ ਇਹ ਹੈ ਕਿ ਪਿਸ਼ਾਬ ਮਿਕਦਾਰ ਤੋਂ ਵੱਧ ਆਉਂਦਾ ਹੈ ਅਤੇ ਗੰਦਾ ਹੁੰਦਾ ਹੈ। ਇਹ ਰੋਗ ਆਮ ਕਰਕੇ ਜ਼ਿਆਦਾ ਬੈਠਿਕ, ਜ਼ਿਆਦਾ ਖੰਡ ਖਾਣ ਨਾਲ ਅਤੇ ਜ਼ਿਆਦਾ ਸ਼ਰਾਬ ਪੀਣ ਨਾਲ ਹੁੰਦੇ ਹਨ।

ਚਿਨੱਗਿ, ਪ੍ਰਮੇਵ, ਭਗਿੰਦਰ, ਦਖੂੜ੍ਰਾ, ਪਥਰੀ, ਵਾਈ ਫਿਰੰਗ, ਅਧਨੇੜ੍ਰਾ ਆਦਿ ਰੋਗ ਉਤਪਨ ਹੋਏ। ਫਿਰ ਕਈ ਦੁਸ਼ਟਾਂ ਦੇ ਸਰੀਰਾਂ ਉਤੇ ਗਲਿਤ ਕੋਹੜ ਪੈਦਾ ਹੋਇਆ ਅਤੇ ਕਈਆਂ ਦੇ ਸਰੀਰਾਂ ਵਿਚ ਸਫੈਦ ਕੋਹੜ ਉਤਪਨ ਹੋ ਗਿਆ॥੨੩੯॥

**ਕੇਤੇ ਸ਼ੱਤ੍ਰ ਸੂਲ ਹ੍ਵੈ ਮਰੇ॥ਕੇਤੇ ਆਂਤ ਰੋਗ ਤੇ ਟਰੇ॥**
**ਸੰਗ੍ਰਹਨੀ ਸੰਗ੍ਰਹ ਦੁਸ਼ਟ ਕਿਯ॥ਜੀਯਨ ਕੋ ਪੁਨਿ ਨਾਮ ਨ ਤਿਨ ਲਿਯ॥॥੨੪੦॥**

ਪਦ ਅਰਥ - ਸੂਲ=ਢਿੱਡ ਪੀੜ। ਆਂਤ ਰੋਗ=ਆਂਤੜੀਆਂ ਦਾ ਰੋਗ। ਸੰਗ੍ਰਹਨੀ=ਇਕ ਪ੍ਰਕਾਰ ਦੇ ਰੋਗ, ਇਸ ਰੋਗ ਨੂੰ ਫਾਰਸੀ ਵਿਚ ਜ਼ਰਬ ਮੁਜ਼ੰਮਨ ਕਹਿੰਦੇ ਹਨ ਅਤੇ ਅੰਗਰੇਜ਼ੀ ਵਿਚ ਇਸ ਦਾ ਨਾਂ Psilosis ਹੈ। ਇਹ ਰੋਗ ਆਮ ਤੌਰ ਤੇ ਪੇਚਿਸ਼ ਵਿਗੜਨ ਨਾਲ ਹੁੰਦਾ ਹੈ।

ਕਿੰਨੇ ਹੀ ਵੈਰੀ ਸੂਲ ਦਾ ਬਿਮਾਰੀ ਨਾਲ ਅਤੇ ਕਿੰਨੇ ਹੀ ਆਂਤੜੀਆਂ ਦੇ ਰੋਗ ਨਾਲ ਮਰ ਗਏ। ਜਿਨ੍ਹਾਂ ਦੁਸ਼ਟਾਂ ਨੂੰ ਸੰਗ੍ਰਹਿਣੀ ਦੀ ਬਿਮਾਰੀ ਲੱਗ ਗਈ, ਉਨ੍ਹਾਂ ਨੇ ਫਿਰ ਜਿਉਂਦੇ ਰਹਿਣ ਦਾ ਨਾਂ ਨਹੀਂ ਲਿਆ॥੨੪੦॥

**ਕੇਤੇ ਉਪਜ ਸੀਤਲਾ ਮਰੇ॥ਕੇਤੇ ਅਗਿਨਿ ਬਾਵ ਤੇ ਜਰੇ॥**
**ਭਰਮ ਚਿੱਤ ਕੇਤੇ ਹ੍ਵੈ ਮਰੇ॥ਉਦਰ ਰੋਗ ਕੇਤੇ ਅਰਿ ਟਰੇ॥੨੪੧॥**

ਪਦ ਅਰਥ - ਉਦਰ ਰੋਗ=ਪੇਟ ਦੀ ਬਿਮਾਰੀ, ਜਦ ਮਿਹਦੇ ਦੀ ਹਜ਼ਮ ਕਰਨ ਦੀ ਤਾਕਤ ਘਟ ਜਾਂਦੀ ਹੈ ਤਦ ਇਹ ਰੋਗ ਹੁੰਦਾ ਹੈ। ਇਹ ਰੋਗ ਸਾਰੇ ਰੋਗਾਂ ਦਾ ਪਿਤਾਮਾ ਹੈ। ਸੀਤਲਾ=ਚੇਚਕ ਦੀ ਬਿਮਾਰੀ, ਮਾਤਾ ਨਿਕਲਣੀ।

ਕਿੰਨੇ ਹੀ ਚੇਚਕ ਦੀ ਬਿਮਾਰੀ ਅਤੇ ਵਾਈ ਅਗਨੀ ਨਾਲ ਹੀ ਮਰ ਗਏ। ਕਈ ਭਰਮ ਚਿੰਤਾ ਵਿਚ ਡੁਬੇ ਹੀ ਚੱਲ ਵਸੇ ਅੰਤੇ ਕ੍ਰਿੰਨੇ ਹੀ ਵੈਰੀ ਉਦਰ ਰੋਗ ਦੀ ਬਿਮਾਰੀ ਨਾਲ ਮਰ ਗਏ।।੨੪੧।।

**ਜਬ ਅਸਿ ਧੁਜ ਅਸ ਰੋਗ ਪ੍ਰਕਾਸੇ।।ਅਧਿਕ ਸ਼ੱਤ੍ਰ ਤਾਪਤ ਹ੍ਵੈ ਤ੍ਰਾਸੇ।।**
**ਜਾਕੇ ਤਨ ਗਨ ਦਈ ਦਿਖਾਈ।।ਤਿਨੌ ਜੀਯਤ ਕੀ ਆਸ ਚੁਕਾਈ।।੨੪੨।।**

ਜਦ ਮਹਾਂਕਾਲ ਨੇ ਇਸ ਤਰ੍ਹਾਂ ਦੇ ਰੋਗ ਪੈਦਾ ਕੀਤੇ ਤਾਂ ਦੁਸ਼ਮਣ ਬਹੁਤ ਭੈ ਭੀਤ ਹੋ ਗਿਆ। ਜਿਸ ਦੇ ਸਰੀਰ ਉਤੇ ਵੀ ਕਾਲ ਨੇ ਕਿਸੇ ਰੋਗ ਨੂੰ ਪੈਦਾ ਕੀਤਾ ਉਸਨੇ ਹੀ ਜੀਉਣ ਦੀ ਆਸ ਛੱਡ ਦਿੱਤੀ।।੨੪੨।।

**ਕੇਤਿਕ ਦੁਸ਼ਟ ਤਾਪ ਤਨ ਤਪੈਂ।।ਕੇਤਿਕ ਉਦਰ ਰੋਗ ਹ੍ਵੈ ਖਪੈਂ।।**
**ਕਿਤਕਨ ਆਨਿ ਕਾਂਪਨੀ ਚਢੀ।। ਕੇਤਿਕ ਬਾਇ ਪਿੱਤ ਤਨ ਬਢੀ।।੨੪੩।।**

ਕਿੰਨੇ ਹੀ ਦੁਸ਼ਟਾਂ ਦੇ ਸਰੀਰ ਤਾਪ ਨਾਲ ਤੱਪ ਰਹੇ ਸਨ ਅਤੇ ਕਿੰਨੇ ਹੀ ਉਦਰ ਰੋਗ ਨਾਲ ਗਰਕ ਹੋ ਗਏ ਸਨ। ਕਈਆਂ ਨੂੰ ਕਾਂਬਾ ਚੜ੍ਹ ਗਿਆ ਅਤੇ ਅਨੇਕਾਂ ਦੀ ਹਵਾ ਅਤੇ ਪਿੱਤ ਵੱਧ ਗਈ।।੨੪੩।।

**ਉਦਰ ਬਿਕਾਰ ਕਿਤੇ ਮਰਿ ਗਏ।।ਤਾਪਤਿ ਕਿਤਕ ਤਾਪ ਤਨ ਭਏ।।**
**ਕਿਤਕਨ ਸੰਨਜਪਾਤ ਹ੍ਵੈ ਗਯੋ।।ਕੇਤਿਨ ਬਾਇ ਪਿੱਤ ਕਫ ਭਯੋ।।੨੪੪।।**

ਕਈ ਪੇਟ ਦੀਆਂ ਬਿਮਾਰੀਆਂ ਨਾਲ ਮਰ ਗਏ ਅਤੇ ਕਿੰਨੇ ਹੀ ਬੁਖਾਰ ਨਾਲ ਪੀੜਤ ਹ ਗਏ। ਕਈਆਂ ਨੂੰ ਸੰਨਪਾਤ ਦੀ ਬਿਮਾਰੀ ਲੱਗ ਗਈ ਅਤੇ ਕਈਆਂ ਨੂੰ ਵਾਈ, ਪਿੱਤ ਅਤੇ ਖੰਗ ਲੱਗ ਗਈ।।੨੪੪।।

**ਕੇਤਿਕ ਮਰੇ ਮੂੰਡ ਕੀ ਪੀਰਾ।।ਕਿਤਕ ਬਾਇ ਤੇਂ ਭਏ ਅਧੀਰਾ।।**
**ਕੇਤਿਕ ਛਈ ਰੋਗ ਛੈ ਕਿਯੋ।।ਕੇਤਨ ਨਾਸ ਬਾਇ ਤੇਂ ਥਿਯੋ।।੨੪੫।।**

ਪਦ ਅਰਥ - ਮੂੰਡ ਕੀ ਪੀਰਾ=ਸਿਰ ਪੀੜ। ਅਧੀਰਾ=ਤੰਗ, ਦੁਖੀ। ਛਈ ਰੋਗ=ਖਈ ਰੋਗ, ਤਪਦਿਕ। ਬਾਇ=ਵਾਈ।

ਕਿੰਨੇ ਹੀ ਸਿਰ ਪੀੜ ਨਾਲ ਮਰ ਗਏ ਅਤੇ ਅਨੇਕਾਂ ਹੀ ਗੈਸ ਰੋਗ ਤੋਂ ਦੁਖੀ ਹੋ ਗਏ। ਕਈਆਂ ਨੂੰ ਖਈ ਰੋਗ ਹੋ ਗਿਆ ਅਤੇ ਅਨੇਕਾਂ ਨੂੰ ਵਾਈ ਰੋਗ ਨੇ ਨਸ਼ਟ ਕਰ ਦਿੱਤਾ।।੨੪੫।।

Namdhari Elibrary NamdhariElibrary@gmail.com

ਦਾੜ੍ਹ ਪੀੜ ਕੇਤੇ ਮਰਿ ਗਏ।।ਬਾਇ ਭਏ ਬਵਰੇ ਕਈ ਭਏ।।
ਜਿਨ ਕੌ ਆਨਿ ਰੋਗ ਤਨ ਗ੍ਰਾਸਾ।।ਤਾਕਾ ਪ੍ਰਾਨ ਦੇਹ ਤਜਿ ਨਾਸਾ।।੨੪੬।।

ਪਦ ਅਰਥ - ਬਵਰੇ=ਕਮਲੇ ਹੋ ਗਏ। ਗ੍ਰਾਸਾ=ਗ੍ਰੱਸ ਲਿਆ। ਤਜਿ ਨਾਸਾ=ਛੱਡ ਕੇ ਭੱਜ ਗਿਆ।

ਕਈ ਦਾੜ੍ਹ ਦਰਦ ਨਾਲ ਮਰ ਗਏ ਅਤੇ ਕਈ ਵਾਈ ਦੇ ਕਾਰਨ, ਕਮਲੇ ਹੋ ਗਏ। ਜਿਸ ਨੂੰ ਵੀ ਕਿਸੇ ਰੋਗ ਨੇ ਗ੍ਰੱਸ ਲਿਆ, ਉਸਦੇ ਸਰੀਰ ਦੇ ਪ੍ਰਾਣ ਦੇਹ ਛੱਡ ਕੇ ਭੱਜ ਗਏ।।੨੪੬।।

ਚੌਪਈ।।ਕਹਾ ਲਗੇ ਮੈਂ ਬਰਨ ਸੁਨਾਊਂ।।ਗ੍ਰੰਥ ਬਢਨਤੇ ਅਤਿ ਡਰਪਾਊਂ।।
ਇਹ ਬਿਧਿ ਭਯੋ ਦਾਨਵਨ ਨਾਸਾ।।ਖੜਗਕੇਤ ਅਸੁ ਕਿਯਾ ਤਮਾਸਾ।।੨੪੭।।

ਕਿਥੋਂ ਤਕ ਵਰਣਨ ਕਰਕੇ ਮੈਂ ਸੁਣਾਵਾਂ, [illegible] ਦੇ ਆਕਾਰ ਵੱਧਣ ਤੋਂ ਘਬਰਾਉਂਦਾ ਹਾਂ। ਇਸ ਤਰ੍ਹਾਂ ਦੈਂਤਾਂ ਦਾ ਨਾਸ਼ ਹੋ ਗਿਆ। ਫਿਰ ਖੜਗਕੇਤ ਨੇ ਇਕ ਐਸਾ ਤਮਾਸ਼ਾ ਕੀਤਾ।।੨੪੭।।

ਇਹ ਬਿਧਿਤਨ ਦਾਨਵ ਜਬ ਮਾਰੇ।।ਪੁਨਿ ਅਸਿਧੁਜ ਅਸ ਮੰਤ੍ਰ ਬਿਚਾਰੇ।।
ਜੋ ਇਨ ਕੋ ਹ੍ਵੈ ਹੈ ਰਨ ਆਸਾ।।ਮੁੜੈ ਦਿਖੈ ਹੈ ਕਵਨ ਤਮਾਸਾ।।੨੪੮।।

[illegible] ਵਿਧੀ ਨਾਲ ਦੈਂਤਾਂ ਨੂੰ ਮਾਰ ਕੇ, ਮਹਾਂ[illegible] ਨੇ ਇਹ ਵਿਚਾਰ ਕੀਤਾ ਕਿ ਜੇ ਇਨ੍ਹਾਂ ਨੂੰ ਜੀਉਂ[illegible] ਦੀ ਕੋਈ ਆਸ ਹੋਵੇਗੀ ਤਦ ਹੀ ਇਹ [illegible] ਤਮਾਸ਼ਾ ਵਿਖਾ ਸਕਣਗੇ।।੨੪੮।।

ਤਿਨ ਕਹ ਦੀਨ ਐਸ ਬਰ ਦਾਨਾ।।ਤੁ[illegible] ਹੋਹਿ ਅਵਖਧੀ ਨਾਨਾ।।
ਜਿਹ ਕੇ ਤਨ ਕੌ ਰੋਗ ਸੰਤਾਵੈ।।ਤਾਂਹਿ ਅਵਖਧੀ ਬੇਗ ਜਿਯਾਵੈ।।੨੪੯।।

ਤਦ ਉਨ੍ਹਾਂ ਲੋਕਾਂ ਨੂੰ ਐਸਾ ਵਰਦਾਨ ਦਿੱਤਾ ਕਿ ਤੁਹਾਡੇ ਲੋਕਾਂ ਵਿਚੋਂ ਹੀ ਇਨ੍ਹਾਂ ਬਿਮਾਰੀਆਂ ਦੀਆਂ ਦਵਾਈਆਂ ਨਿਕਲ ਆਉਣਗੀਆਂ। ਜਿਸ ਦੇ ਸਰੀਰ ਨੂੰ ਵੀ ਰੋਗ ਸਤਾਇਗਾ, ਉਸ ਨੂੰ ਦਵਾਈ ਫੌਰਨ ਪ੍ਰਾਣ ਦਾਨ ਦੇਵੇਗੀ।।੨੪੯।।

ਇਹ ਬਿਧਿ ਦਯੋ ਜਬੈ ਬਰ ਦਾਨਾ।।ਮਿਰਤਕ ਹੁਤੇ ਅਸੁਰ ਜੇ ਨਾਨਾ।।
ਤਿਨ ਤੇ ਅਧਿਕ ਅਵਖਧੀ ਨਿਕਸੀ।।ਅਪਨੇ ਸਕਲ ਗੁਨਨ ਕਹ ਬਿਗਸੀ।।੨੫੦।।

ਇਸ ਵਿਧੀ ਅਨੁਸਾਰ ਜਦ ਉਨ੍ਹਾਂ ਨੂੰ ਵਰਦਾਨ ਦਿੱਤਾ ਤਾਂ ਜਿਹਤੇ ਮਰੇ ਹੋਏ ਰਾਕਸ਼ ਸਨ ਉਨ੍ਹਾਂ ਵਿਚੋਂ ਅਨੇਕਾਂ ਦਵਾਈਆਂ ਨਿਕਲ ਆਈਆਂ ਅਤੇ ਉਹ ਆਪਣੇ ਸਾਰੇ ਗੁਣਾਂ ਨੂੰ ਲੈ ਕੇ ਪ੍ਰਕਾਸ਼ਿਤ ਹੋਈਆਂ।।੨੫੦।।

ਜਾਕੇ ਦੇਹ ਪਿੱਤਜ ਦੁਖ ਦੇਈ।।ਸੋ ਭਖਿ ਜਰੀ ਬਾਤ ਕੀ ਲੇਈ।।

ਜਿਹ ਦਾਨਵ ਕੌ ਬਾਇ ਸੰਤਾਵੈ।।ਸੋ ਲੈ ਜਰੀ ਪਿੱਤਜ ਕੀ ਖਾਵੈ।।੨੫੧।।

ਜਿਸ ਦੈਂਤ ਨੂੰ ਪਿੱਤ ਦੁਖ ਦਿੰਦੀ ਸੀ, ਉਹ ਵਾਈ ਦੀ ਜੜੀ ਬੂਟੀ ਖਾ ਲੈਂਦਾ ਸੀ। ਜਿਸਨੂੰ ਵਾਈ ਸਤਾਉਂਦੀ ਸੀ ਉਹ ਪਿੱਤ ਦੀ ਜੜੀ ਬੂਟੀ ਖਾ ਲੈਂਦਾ ਸੀ।।੨੫੧।।

ਜਾਕੀ ਦੇਹਿਹ ਕਫ ਦੁਖ ਲਜਾਵੈ।।ਸੋ ਲੈ ਕਫਨਾਸਨੀ ਚਬਾਵੈ।।
ਇਹ ਬਿਧਿ ਅਸੁਰ ਭਏ ਬਿਨੁ ਰੋਗਾ।।ਮਾਂਡਤ ਭਏ ਜੁੱਧ ਤਜਿ ਸੋਗਾ।।੨੫੨।।

ਪਦ ਅਰਥ - ਕਫ ਨਾਸਨੀ=ਕਫ ਦਾ ਨਾਸ ਕਰਨ ਵਾਲੀ। ਬਿਨੁ ਰੋਗਾ=ਰੋਗ ਰਹਿਤ। ਮਾਂਡਤ=ਕਰਨ ਲੱਗੇ।

ਜਿਸਦੇ ਸਰੀਰ ਨੂੰ ਕਫ ਦੁਖੀ ਕਰਦੀ ਸੀ, ਉਹ ਕਫ ਨਾਸਕ ਜੜ੍ਹੀ ਬੂਟੀ ਚਬਾ ਲੈਂਦਾ ਸੀ। ਇਸ ਤਰ੍ਹਾਂ ਦੈਂਤ ਅਰੋਗ ਹੋ ਗਏ ਅਤੇ ਦੁਖ ਨੂੰ ਤਿਆਗ ਕੇ ਫਿਰ ਯੁੱਧ ਕਰਨ ਲੱਗੇ।।੨੫੨।।

ਅਗਨਿ ਅਸਤ੍ਰ ਛਾਡਾ ਤਬ ਦਾਨਵ।।ਜਾਤੇ ਭਏ ਭਸਮ ਬਹੁ ਮਾਨਵ।।
ਬਾਰੁਣਾਸਤ੍ਰ ਤਬ ਕਾਲ ਚਲਾਯੋ।।ਸਕਲ ਅਗਨਿ ਕੋ ਤੇਜ ਮਿਟਾਯੋ।।੨੫੩।।

ਦੈਂਤਾਂ ਨੇ ਫਿਰ ਅਗਨੀ ਸ਼ਸਤਰ ਛੱਡਿਆ, ਜਿਸ ਨਾਲ ਬਹੁਤ ਮਨੁੱਖ ਸੜ ਕੇ ਭਸਮ ਹੋ ਗਏ। ਕਾਲ ਨੇ ਫਿਰ ਵਰੁਣ ਸ਼ਸਤਰ ਚਲਾਇਆ ਜਿਸ ਸਾਰੀ ਅੱਗ ਦੇ ਤੇਜ ਨੂੰ ਠੰਡਾ ਕਰ ਦਿੱਤਾ।।੨੫੩।।

ਰਾਛਸ ਪਵਨ ਅਸਤ੍ਰ ਸੰਧਾਨਾ।।ਜਾਤੇ ਉਡਤ ਭਏ ਗਨ ਨਾਨਾ।।
ਭੂਧਰਾਸਤ੍ਰ ਤਬ ਕਾਲ ਪ੍ਰਹਾਰਾ।।ਸਭ ਸਿਵਕਨ ਕੋ ਪ੍ਰਾਨ ਉਬਾਰਾ।।੨੫੪।।

ਪਦ ਅਰਥ - ਭੂਧਰਾਸਤ੍ਰ=ਪਰਬਤ ਅਸਤਰ। ਭੂਧਰ=ਪ੍ਰਿਥਵੀ ਨੂੰ ਧਾਰਨ ਕਰਨ ਵਾਲਾ, ਪਹਾੜ। ਇਕ ਪੁਰਾਣ ਕਥਾ ਹੈ ਕਿ ਤੇਜ ਹਵਾ ਚੱਲਣ ਨਾਲ ਪ੍ਰਿਥਵੀ ਇਕੱਠੀ ਹੋ ਜਾਂਦੀ ਸੀ, ਇਸ ਲਈ ਪਹਾੜਾਂ ਨੂੰ ਜ਼ਮੀਨ ਉੱਤੇ ਰੱਖ ਕੇ ਠਹਿਰਾਇਆ ਗਿਆ।

ਰਾਖਸ਼ਾਂ ਨੇ ਪਵਨ ਅਸਤਰ ਚਲਾਇਆ ਜਿਸ ਨਾਲ ਅਨੇਕਾਂ ਪ੍ਰਾਣੀ ਉੱਡ ਗਏ। ਤਦ ਕਾਲ ਨੇ ਪਰਬਤ ਅਸਤਰ ਚਲਾਇਆ ਜਿਸ ਨਾਲ ਹਵਾ ਰੁਕ ਗਈ ਅਤੇ ਸਭ ਸੇਵਕਾਂ ਦੇ ਪ੍ਰਾਣ ਬਚ ਗਏ।।੨੫੪।।

ਮੇਘ ਅਸਤ੍ਰ ਛੋਰਾ ਪੁਨਿਦਾਨਵ।।ਭੀਜਿ ਗਏ ਜਿਹ ਤੇ ਸਭ ਮਾਨਵ।।
ਬਾਇ ਅਸਤ੍ਰ ਲੈ ਕਾਲ ਚਲਾਯੋ।।ਸਭ ਮੇਘਨ ਤਤਕਾਲ ਉਡਾਯੋ।।੨੫੫।।

ਪਦ ਅਰਥ - ਮੇਘ ਅਸਤਰ=ਵਰਖਾ ਵਰਸਾਉਣ ਵਾਲਾ ਅਸਤਰ। ਬਾਇ ਅਸਤਰ=ਹਵਾ ਚਲਾਉਣ ਵਾਲਾ ਅਸਤਰ।

**************************************************************

ਦੈਂਤਾਂ ਨੇ ਫਿਰ ਮੇਘ ਅਸਤਰ ਛੱਡਿਆ ਜਿਸ ਨਾਲ ਸਭ ਮਾਨਵ ਭਿੱਜ ਗਏ। ਕਾਲ ਨੇ ਫਿਰ ਬਾਇ ਅਸਤਰ ਛਡਿੱਆ ਜਿਸ ਨਾਲ ਤੇਜ ਹਵਾ ਚਲੀ ਅਤੇ ਬਦਲ ਉੱਡ ਗਏ॥੨੫੫॥

**ਰਾਛਸ਼ਾਸਤ੍ਰ ਰਾਛਸਹਿ ਚਲਾਯੋ॥ਬਹੁ ਅਸੁਰਨ ਤਾਤੇ ਉਪਜਾਯੋ॥**
**ਦੇਵਤਾਸਤ੍ਰ ਛੋਰਾ ਤਬ ਕਾਲਾ॥ਅਸੁਰ ਸੈਨ ਕੂਟਾ ਦਰਹਾਲਾ॥੨੫੬॥**

ਪਦ ਅਰਥ - ਰਾਛਸ਼ਸਤ੍ਰ=ਰਾਕਸ਼ ਅਸਤਰ। ਦੇਵਤਾਸਤ੍ਰ=ਦੇਵਤਾ ਅਸਤਰ। ਦਰਹਾਲਾ=ਝੱਟਪਟ. ਛੇਤੀ।

ਰਾਕਸ਼ਾਂ ਨੇ ਫਿਰ ਰਾਕਸ਼ ਅਸਤਰ ਛੱਡਿਆ ਜਿਸ ਨਾਲ ਅਨੇਕਾਂ ਰਾਕਸ਼ ਪੈਦਾ ਹੋ ਗਏ। ਤਦ ਕਾਲ ਨੇ ਦੇਵਤਾ ਅਸਤਰ ਛੱਡਿਆ ਅਤੇ ਤੁਰੰਤ ਦੈਂਤ ਸੈਨਾ ਨੂੰ ਤਬਾਹ ਕਰ ਦਿੱਤਾ॥੨੫੬॥

**ਜੱਛ ਅਸਤ੍ਰ ਤਬ ਅਸੁਰ ਚਲਾਯੋ॥ਗੰਧ੍ਰਬਾਸਤ੍ਰ ਲੈ ਕਾਲ ਬਗਾਯੋ॥**
**ਤੇ ਦੋਊ ਆਪੁ ਬੀਰ ਲਰਿ ਮਰੇ॥ਟੂਕ ਟੂਕ ਹ੍ਵੈ ਭੂ ਪਰ ਪੁਨਿ ਝਰੇ॥੨੫੭॥**

ਤਦ ਦੈਂਤਾਂ ਨੇ ਯੱਕ ਅਸਤਰ ਚਲਾਇਆ ਅਤੇ ਕਾਲ ਨੇ ਗੰਧਰਭ ਅਸਤਰ ਚਲਾ ਦਿੱਤਾ। ਉਹ ਦੋਵੇਂ ਸੂਰਮੇ ਆਪਿਸ ਵਿਚ ਲੜ ਮਰੇ ਅਤੇ ਖੰਡ ਖੰਡ ਹੋ ਕੇ ਧਰਤੀ ਤੇ ਡਿੱਗ ਪਏ॥੨੫੭॥

**ਚਾਰਣਾਸਤ੍ਰ ਜਬ ਅਸੁਰ ਸੰਧਾਨਾ॥ਚਾਰਣ ਉਪਜ ਠਾਢ ਭੇ ਨਾਨਾ॥**
**ਸਿਧ ਅਸਤ੍ਰ ਅਸਿ ਧੁਜ ਤਬ ਛੋਰਾ॥ਤਾਤੇ ਮੁਖ ਸ਼ੱਤ੍ਰਨ ਕੋ ਤੋਰਾ॥੨੫੮॥**

ਤਦ ਰਾਕਸ਼ਾਂ ਨੇ ਚਾਰਣ ਅਸਤਰ ਛੱਡਿਆ ਜਿਸ ਨਾਲ ਅਨੇਕਾਂ ਚਾਰਣ ਪੈਦਾ ਹੋ ਗਏ। ਤਦ ਕਾਲ ਨੇ ਸਿੱਧ ਅਸਤਰ ਚਲਾਇਆ ਅਤੇ ਉਸ ਦੁਸਮਣਾਂ ਦਾ ਮੂੰਹ ਭੰਨ ਕੇ ਰੱਖ ਦਿੱਤਾ॥੨੫੮॥

**ਉਰਗ ਅਸਤ੍ਰ ਲੈ ਅਸੁਰ ਪ੍ਰਹਾਰਾ॥ਤਾਂਤੇ ਉਪਜੇ ਸਰਪ ਅਪਾਰਾ॥**
**ਖਗਪਤਿ ਅਸਤ੍ਰ ਤਜਾ ਤਬ ਕਾਲਾ॥ਭੱਛਿ ਗਏ ਨਾਗਨ ਦਰਹਾਲਾ॥੨੫੯॥**

ਦੈਂਤਾਂ ਨੇ ਫਿਰ ਸਰਪ ਅਸਤਰ ਛੱਡਿਆ, ਜਿਸ ਨਾਲ ਅਨੇਕਾਂ ਸੱਪ ਪੈਦਾ ਹੋ ਗਏ। ਤਦ ਕਾਲ ਨੇ ਗਰੁੜ ਅਸਤਰ ਚਲਾਇਆ. ਜਿਸ ਨਾਲ ਅਨੇਕਾਂ ਗਰੁੜ ਪੈਦਾ ਹੋਏ ਅਤੇ ਉਹ ਝੱਟ ਸੱਪਾਂ ਨੂੰ ਖਾ ਗਏ॥੨੫੯॥

**ਬਿੱਛੂ ਅਸਤ੍ਰ ਦਾਨਵਹਿ ਚਲਾਯੋ॥ਬਹੁ ਬਿਛੂਯਨ ਤਾਤੇ ਉਪਜਾਯੋ॥**
**ਲਸ਼ਿਟਕਾਸਤ੍ਰ ਅਸਿਧੁਜ ਤਬ ਛੋਰਾ॥ਸਭ ਹੀ ਡਾਂਕ ਅਨੂਹਨ ਤੋਰਾ॥੨੬੦॥**

ਤਦ ਦੈਂਤਾਂ ਨੇ ਬਿਛੂ ਅਸਤਰ ਛੱਡਿਆ ਅਤੇ ਅਨੇਕਾਂ ਬਿਛੂ ਪੈਦਾ ਹੋ ਗਏ। ਤਦ ਕਾਲ ਨੇ ਲਸ਼ਿਟਕਾ ਅਸਤਰ ਛੱਡਿਆ ਤਾਂ ਅਨੇਕ ਲਾਠੀਆਂ ਬਣ ਗਈਆਂ ਅਤੇ ਉਨ੍ਹਾਂ ਬਿਛੂਆਂ ਨੂੰ ਮਾਰ

**************************************************************

ਦਿੱਤਾ।।੨੯੦।।

**ਸ਼ਸਤ੍ਰ ਅਸਤ੍ਰ ਅਸ ਅਸੁਰ ਚਲਾਏ।।ਖੜਗਕੇਤ ਪਰ ਕਛੁ ਨ ਬਸਾਏ।।**
**ਅਸਤ੍ਰਨ ਸਾਥ ਅਸਤ੍ਰ ਬਹੁ ਛਏ।।ਜਾਂਕੌਂ ਲਗੇ ਲੀਨ ਤੇ ਭਏ।।੨੯੧।।**

ਦੈਂਤਾਂ ਨੇ ਇਸ ਤਰ੍ਹਾਂ ਦੇ ਸ਼ਸਤਰ ਅਸਤਰ ਛੱਡੇ, ਪਰ ਖੜਗਕੇਤ ਉੱਤੇ ਉਨ੍ਹਾਂ ਦਾ ਕੋਈ ਵੀ ਅਸਰ ਨ ਹੋਇਆ। ਅਸਤਰਾਂ ਨਾਲ ਅਸਤਰ ਭਿੜੇ ਅਤੇ ਜਿਸ ਨੂੰ ਲੱਗੇ ਓਸ ਵਿਚ ਲੀਨ ਹੋ ਗਏ।।੨੯੧।।

**ਲੀਨ ਹ੍ਵੈ ਗਏ ਅਸਤ੍ਰ ਨਿਹਾਰੇ।।ਹਾਇ ਹਾਇ ਕਰਿ ਅਸੁਰ ਪੁਕਾਰੇ।।**
**ਮਹਾ ਮੂਢ ਫ਼ਿਰਿ ਕੋਪ ਬਢਾਈ।।ਪੁਨਿ ਅਸਿਧੁਜ ਤਨ ਕਰੀ ਲਰਾਈ।।੨੯੨।।**

ਜਦ ਦੈਂਤਾਂ ਨੇ ਵੇਖਿਆ ਕਿ ਉਨ੍ਹਾਂ ਦੇ ਅਸਤਰ ਲੀਨ ਹੋ ਗਏ ਹਨ ਤਾਂ ਉਹ 'ਹਾਇ ਹਾਇ' ਪੁਕਾਰਨ ਲੱਗੇ। ਮਹਾਂ ਮੂਰਖਾਂ ਨੇ ਗੁੱਸੇ ਵਿਚ ਆ ਕੇ ਫਿਰ ਮਹਾਂਕਾਲ ਨਾਲ ਲੜਾਈ ਕੀਤੀ।।੨੯੨।।

**ਇਹ ਬਿਧਿ ਭਯੋ ਘੋਰ ਸੰਗ੍ਰਾਮਾ।।ਨਿਰਖਤ ਦੇਹ ਦਾਨਵੀ ਬਾਮਾ।।**
**ਧੰਨਜ ਧੰਨਜ ਅਸਿਧੁਜ ਕੌ ਕਹੈਂ।।ਦਾਨਵ ਹੇਰਿ ਮੋਨ ਹ੍ਵੈ ਰਹੈਂ।।੨੯੩।।**

ਪਦ ਅਰਥ - ਘੋਰ=ਭਿਆਨਕ। ਬਾਮਾ=ਇਸਤਰੀਆਂ। ਮੋਨ=ਚੁਪ।

ਇਸ ਪ੍ਰਕਾਰ ਭਿਆਨਕ ਲੜਾਈ ਹੋਈ ਜਿਸ ਨੂੰ ਦੇਵ-ਦਾਨਵ ਇਸਤਰੀਆਂ ਵੇਖ ਰਹੀਆਂ ਸਨ। ਉਹ ਮਹਾਂਕਾਲ ਨੂੰ 'ਧੰਨ ਧੰਨ' ਕਹਿ ਰਹੀਆਂ ਸਨ ਅਤੇ ਦੈਂਤਾਂ ਨੇ ਇਹ ਵੇਖ ਕੇ ਚੁਪ ਧਾਰ ਰੱਖੀ।।੨੯੩।।

**ਭੁਜੰਗ ਛੰਦ।।ਮਹਾਂ ਰੋਸ ਕੈ ਕੈ ਹਠੀ ਫੇਰਿ ਗਾਜੇ।।ਚਹੂੰ ਓਰ ਤੇ ਘੋਰ ਬਾਦਿੱਤ੍ਰ ਬਾਜੇ।।**
**ਪ੍ਰਣੋ ਸੰਖ ਭੇਰੀ ਬਜੇ ਢੋਲ ਐਸੇ।।ਪ੍ਰਲੈ ਕਾਲ ਕੇ ਕਾਲ ਕੀ ਰਾਤ੍ਰਿ ਜੈਸੇ।।੨੯੪।।**

ਪਦ ਅਰਥ - ਬਾਦਿੱਤ੍ਰ=ਜੰਗੀ ਵਾਜੇ। ਪ੍ਰਲੈ=ਪਰਲੋ।

ਹਠੀ ਸੂਰਮੇ ਬਹੁਤ ਰੋਹ ਵਿਚ ਆ ਕੇ ਗੱਜਣ ਲੱਗੇ ਅਤੇ ਚੌਹੀਂ ਪਾਸੀਂ ਭਿਆਨਕ ਜੰਗੀ ਵਾਜੇ ਵੱਜਣ ਲੱਗੇ। ਸੰਖ, ਭੇਰੀ ਅਤੇ ਢੋਲ ਆਦਿ ਇਸ ਤਰ੍ਹਾਂ ਵੱਜਣ ਲੱਗੇ ਕਿ ਜਿਵੇਂ ਪਰਲੋ ਦੀ ਰਾਤ ਹੋਵੇ।।੨੯੪।।

**ਬਜੇ ਸੰਖ ਔ ਦਾਨਵੀ ਭੇਰ ਐਸੀ।।ਕਹੈ ਆਸੁਰੀ ਬ੍ਰਿਤ ਕੀ ਕ੍ਰਿਤ ਜੈਸੀ।।**
**ਕਹੂੰ ਬੀਰ ਬਾਜੰਤ ਬਾਂਕੇ ਬਜਾਵੈਂ।।ਮਨੋ ਚਿੱਤ ਕੋ ਕੋਪ ਭਾਖੇ ਸੁਨਾਵੈਂ।।੨੯੫।।**

ਸੰਖ ਅਤੇ ਦਾਨਵ ਭੇਰੀਆਂ ਵੱਜ ਰਹੀਆਂ ਸਨ ਅਤੇ ਦੈਂਤਾਂ ਦੀ ਯੁੱਧ ਬਿਰਤੀ ਦਾ ਪਰੀਚੇ ਦੇ ਰਹੀਆਂ ਸਨ। ਕਿਤੇ ਸੂਰਮੇ ਵਾਜੇ ਵਜਾਕੇ ਆਪਣੇ ਮਨ ਦੀ ਕ੍ਰੋਧ ਦੀ ਭਾਸ਼ਾ ਸੁਣਾ ਰਹੇ ਸਨ।।੨੯੫।।

Namdhari Elibrary NamdhariElibrary@gmail.com

ਕਿਤੇ ਬੀਰ ਬੱਜ੍ਰਾਨ ਕੇ ਸਾਥ ਪੇਲੇ॥ ਭਰੇ ਬਸਤ੍ਰ ਲੋਹੂ ਮਨੋ ਫਾਗ ਖੇਲੇ॥
ਮੂਏ ਖਾਇਕੈ ਦੁਸ਼ਟ ਕੇਤੇ ਮਰੂਰੇ॥ ਸੋਏ ਜਾਨ ਮਾਲੰਗ ਖਾਏ ਧਤੂਰੇ॥੨੬੬॥

ਪਦ ਅਰਥ - ਫਾਗ=ਹੋਲੀ। ਮਰੂਰੇ=ਮਰੋੜੇ। ਧਤੂਰੇ=ਧਤੂਰਾ।

ਕਿਤੇ ਸੂਰਮੇ ਬੱਜਰਾਂ ਨਾਲ ਪੇਲੇ ਪਏ ਸਨ ਅਤੇ ਕਿਤੇ ਉਨ੍ਹਾਂ ਦੇ ਲਹੂ ਭਿੱਜੇ ਕੱਪੜੇ ਇੰਝ ਲੱਗ ਰਹੇ ਸਨ ਕਿ ਜਿਵੇਂ ਉਹ ਹੋਲੀ ਖੇਡ ਕੇ ਆਏ ਹੋਣ। ਕਿੰਨੇ ਹੀ ਦੁਸ਼ਟ ਮਰੋੜੇ ਖਾ ਖਾ ਮਰ ਗਏ ਅਤੇ ਕਿੰਨੇ ਹੀ ਲੰਮੇ ਪਏ ਇੰਝ ਲੱਗ ਰਹੇ ਸਨ ਜਿਵੇਂ ਮਲੰਗ ਧਤੂਰਾ ਖਾ ਕੇ ਪਏ ਹੋਣ॥੨੬੬॥

ਕਿਤੇ ਟੂਕ ਟੂਕੈ ਬਲੀ ਖੇਤ ਹੋਏ॥ ਮਨੋ ਖਾਇਕੈ ਭੰਗ ਮਾਲੰਗ ਸੋਏ॥
ਬਿਰਾਜੈ ਕਟੇ ਅੰਗ ਬਸਤ੍ਰੋ ਲਪੇਟੇ॥ ਜੁਮੇ ਕੇ ਮਨੋ ਰੋਜ ਮੈ ਗੌਂਸ ਲੇਟੇ॥੨੬੭॥

ਪਦ ਅਰਥ - ਜੁਮੇ=ਸ਼ੁਕਰਵਾਰ, ਜੁਮਾ। ਗੌਂਸ=ਗੌਂਸ ਸੰਪਰਦਾਇ ਦੇ ਫਕੀਰ, ਮੁਸਲਮਾਨਾਂ ਵਿਚ ਇਹ ਵਿਸਵਾਸ਼ ਹੈ ਕਿ ਗੌਂਸ ਫਕੀਰ ਬੰਦਗੀ ਵਿਚ ਅਪਣੇ ਅੰਗਾਂ ਨੂੰ ਵੱਖ ਵੱਖ ਕਰਕੇ ਖਿਲਾਰ ਦਿੰਦੇ ਹਨ।

ਕਿੰਨੇ ਹੀ ਸੂਰਬੀਰ ਟੁਕੜੇ ਟੁਕੜੇ ਹੋ ਕੇ ਇਸ ਤਰ੍ਹਾਂ ਲੇਟੇ ਪਏ ਸਨ ਕਿ ਮਾਨੋਂ ਮਲੰਗ ਭੰਗ ਪੀ ਕੇ ਸੁੱਤੇ ਪਏ ਹੋਣ। ਕਿਤੇ ਸੂਰਬੀਰਾਂ ਦੇ ਕੱਟੇ ਅੰਗ ਬਸਤਰਾਂ ਵਿਚ ਲਪੇਟੇ ਇਸ ਤਰ੍ਹਾਂ ਖਿਲਰੇ ਪਏ ਸਨ ਜਿਵੇਂ ਕਿ ਜੁਮੇਂ ਵਾਲੇ ਦਿਨ ਨਮਾਜ਼ ਪੜ੍ਹ ਰਹੇ ਗੌਂਸ-ਫਕੀਰ ਅਪਣੇ ਸਰੀਰ ਦੇ ਅੰਗ ਖਿਲਾਰ ਕੇ ਲੰਮੇ ਪਏ ਹੋਣ॥੨੬੭॥

ਕਹੂੰ ਡਾਕਨੀ ਝਾਕਨੀ ਹਾਂਕ ਮਾਰੈਂ॥ ਉਠੈ ਨਾਦ ਭਾਰੇ ਛੁਟੈਂ ਚੀਤਕਾਰੈਂ॥
ਕਹੂੰ ਘੂੰਮਿ ਭੂੰਮੈ ਪਰੇ ਖੇਤ ਬਾਜੀ॥ ਨਿਵਾਜੇ ਝੁਕੈਹੈਂ ਮਨੌਂ ਕਾਬਿ ਕਾਜੀ॥੨੬੮॥

ਕਿਤੇ ਚੁੜੇਲਾਂ ਹੁੰਕਾਰ ਰਹੀਆਂ ਸਨ ਅਤੇ ਵਾਜਿਆਂ ਦੇ ਭਾਰੀ ਨਾਦ ਹੋ ਰਹੇ ਸਨ ਅਤੇ ਕਿਤੇ ਚੀਕਾਂ ਵਜ ਰਹੀਆਂ ਸਨ। ਕਿਤੇ ਘੋੜੇ ਭੁਆਂਟਣੀ ਖਾਕੇ ਧਰਤੀ ਤੇ ਡਿੱਗੇ ਪਏ ਸਨ। ਉਹ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਕਾਬੇ ਵਿਚ ਨਮਾਜ਼ ਪੜ੍ਹਨ ਲਈ ਕਾਜ਼ੀ ਝੁਕੇ ਹੋਣ॥੨੬੮॥

ਹਠੀ ਬੱਧਿ ਗੋਪਾ ਗੁਲਿੱਤ੍ਰਾਣ ਬਾਂਕੇ॥ ਚਲੇ ਕੋਪ ਕੈਕੈ ਹਠੀਲੇ ਨਿਸਾਂਕੇ॥
ਕਹੂੰ ਚਰਮ ਬਰਮੈਂ ਗਿਰੇ ਮਰਮ ਛੇਦੇ॥ ਕਹੂੰ ਮਾਸ ਕੇ ਗਿੱਧ ਲੈ ਗੇਲ ਬੇਦੇ॥੨੬੯॥

ਪਦ ਅਰਥ - ਨਿਸ਼ਾਂਕੇ=ਨਿਡਰ। ਚਰਮ ਬਰਮੈਂ=ਚਮੜੇ ਦੇ ਕਵਚ, ਢਾਲਾਂ।

ਅਰਥ-ਹਠੀ ਸੂਰਬੀਰ ਉਂਗਲੀਆਂ ਉਤੇ ਵੀ ਕਵਚ ਪਾਕੇ ਗੁੱਸੇ ਵਿਚ ਆ ਕੇ ਚੱਲ ਪਏ ਸਨ। ਕਿਤੇ ਚਮੜੇ ਦੇ ਕਵਚ ਅਤੇ ਢਾਲਾਂ ਮੋਰੀਆਂ ਹੋ ਜਾਣ ਕਾਰਨ ਡਿੱਗੀਆਂ ਪਈਆਂ ਸਨ ਅਤੇ ਕਿਤੇ ਗਿੱਰਝਾਂ ਮਾਸ ਲੈ ਕੇ ਜਾ ਰਹੀਆਂ ਸਨ॥੨੬੯॥

**ਕਹੂੰ ਬੀਰ ਬਾਜੀ ਬਜੰਤ੍ਰੀ ਝਰੇ ਹੈਂ॥ਕਹੂੰ ਖੰਡ ਖੰਡ ਹ੍ਵੈ ਸਿਪਾਹੀ ਮਰੇ ਹੈਂ॥**
**ਕਹੂੰ ਮੱਤ ਦੰਤੀ ਪਰੇ ਹੈਂ ਪ੍ਰਹਾਰੇ॥ਗਿਰੇ ਭੂਮਿ ਪੱਬੈ ਮਨੋ ਬੱਜ੍ਰ ਮਾਰੇ॥੨੭੦॥**

ਪਦ ਅਰਥ – ਬਾਜੀ=ਘੋੜੇ। ਬਜੰਤ੍ਰੀ=ਵਾਜੇ ਵਜਾਉਣ ਵਾਲੇ। ਮਦ ਦੰਤੀ=ਮਸਤ ਹਾਥੀ।

ਕਿਤੇ ਸੂਰਬੀਰ, ਘੋੜੇ ਅਤੇ ਵਜੰਤਰੀ ਡਿੱਗੇ ਪਏ ਸਨ, ਕਿਤੇ ਸਿਪਾਹੀ ਟੋਟੇ ਟੋਟੇ ਹੋ ਕੇ ਮਰੇ ਪਏ ਸਨ। ਕਿਤੇ ਮਦ ਮਸਤ ਹਾਥੀ ਮਰੇ ਪਏ ਸਨ ਅਤੇ ਉਹ ਇਸ ਤਰ੍ਹਾਂ ਲਗ ਰਹੇ ਸਨ ਜਿਵੇਂ ਇੰਦਰ ਦੇ ਗੁਰਜ ਦੀ ਮਾਰ ਖਾ ਕੇ ਪਰਬਤ ਪਏ ਹੋਣ॥੨੭੦॥

**ਸਵੈਯਾ॥ਕਾਢਿ ਕ੍ਰਿਪਾਨ ਜਬੈ ਗਰਜ੍ਯੋ ਲਖਿ ਦੇਵ ਅਦੇਵ ਸਭੈ ਡਰਪਾਨੇ॥**
**ਆਨਿ ਪ੍ਰਲੈ ਦਿਨ ਸੋ ਪ੍ਰਗਟ੍ਯੋ ਸਿਤ ਸਾਇਕ ਲੈ ਅਸਿਕੇਤੁ ਰਿਸਾਨੇ॥**
**ਫੂਕ ਭਏ ਮੁਖ ਸੂਖਿ ਗਈ ਥੁਕਿ ਜੋਰਿ ਹਥਯਾਰ ਕਰੋਰਿ ਪਰਾਨੇ॥**
**ਮਾਨਹੁ ਸਾਵਨ ਕੇ ਬਦਰਾ ਸੁਨਿ ਮਾਰੁਤਿ ਕੀ ਘਹਰੈਂ ਭਹਰਾਨੇ॥੨੭੧॥**

ਪਦ ਅਰਥ – ਅਸਿਕੇਤੁ=ਮਹਾਂਕਾਲ। ਰਿਸਾਨੇ=ਕ੍ਰੋਧ ਵਿਚ ਆ ਗਏ। ਕਰੋਰਿ ਪਰਾਨੇ=ਕਰੋੜਾਂ ਭੱਜ ਗਏ।

ਜਦ ਉਹ ਕਿਰਪਾਨ ਕੱਢ ਕੇ ਗੱਜਿਆ ਤਾਂ ਦੇਵ-ਦਾਨਵ ਸਾਰੇ ਭੈਭੀਤ ਹੋ ਗਏ। ਮਹਾਂਕਾਲ ਆਪਣੇ ਹੱਥ ਵਿਚ ਤੀਰ ਕਮਾਨ ਲੈ ਕੇ ਪਰਲੋ ਦੇ ਦਿਨ ਵਾਂਗ ਬੜੇ ਰੋਹ ਵਿਚ ਆ ਪਰਗਟ ਹੋਇਆ। ਸਾਰਿਆਂ ਦਾ ਮੂੰਹ ਪੀਲਾ ਪੈ ਗਿਆ, ਸਾਰਿਆਂ ਦੇ ਗੱਲ ਸੁਕ ਗਏ ਅਤੇ ਕਰੋੜਾਂ ਹਥਿਆਰ ਫੜ ਕੇ ਇਸ ਤਰ੍ਹਾਂ ਭੱਜੇ ਕਿ ਜਿਵੇਂ ਤੇਜ਼ ਹਨ੍ਹੇਰੀ ਨੇ ਸਾਵਣ ਦੇ ਬੱਦਲਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੋਵੇ॥੨੭੧॥

**ਡਾਕਿ ਅਚੈਂ ਕਹੂੰ ਸ੍ਰੋਨ ਡਕਾਡਕ ਪ੍ਰੇਤ ਪਿਸਾਚ ਕਹੂੰ ਕਿਲਕਾਰੈਂ॥**
**ਬਾਜਤ ਹੈਂ ਕਹੂੰ ਡੌਰੂ ਡਮਾਂਡਮ ਭੈਰਵ ਭੂਤ ਕਹੂੰ ਭਭਕਾਰੈਂ॥**
**ਜੰਗ ਮ੍ਰਿਦੰਗ ਉਪੰਗ ਬਜੈਂ ਕਹੂੰ ਭੀਖਨ ਸੀ ਰਨ ਭੇਰਿ ਭਕਾਰੈਂ॥**
**ਆਨਿ ਅਰੈਂ ਕਹੂੰ ਬੀਰ ਚਟਾਪਟ ਕੋਪਿ ਕਟਾਕਟ ਘਾਇ ਪ੍ਰਹਾਰੈਂ॥੨੭੨॥**

ਕਿਤੇ ਚੁੜੇਲਾਂ ਢਿੱਡ ਭਰ ਕੇ ਲਹੂ ਪੀ ਰਹੀਆਂ ਸਨ ਅਤੇ ਕਿਤੇ ਭੂਤ ਪ੍ਰੇਤ ਕਿਲਕਾਰੀਆਂ ਮਾਰ ਰਹੇ ਸਨ। ਡੌਂਰੂ ਡਮ ਡਮ ਵੱਜ ਰਹੇ ਸਨ ਅਤੇ ਭੈਰਵ ਭੂਤ ਭੱਭਕ ਰਹੇ ਸਨ। ਯੁੱਧ ਵਿਚ ਮ੍ਰਿਦੰਗ, ਉਪੰਗ ਅਤੇ ਭੀਸ਼ਨ ਭੇਰੀਆ ਵੱਜ ਰਹੀਆਂ ਸਨ। ਕਿਤੇ ਸੂਰਮੇ ਆਕੇ ਅੜ ਜਾਂਦੇ ਸਨ ਅਤੇ ਕੱਟੇ ਜਾਣ ਤੇ ਉਨ੍ਹਾਂ ਦੇ ਜ਼ਖਮਾਂ ਵਿਚੋਂ ਲਹੂ ਨਿਕਲ ਪੈਂਦਾ ਸੀ॥੨੭੨॥

**ਐਸੀ ਬਿਲੋਕਿ ਕੈ ਮਾਰਿ ਮਚੀ ਭਟ ਕੋਪ ਭਰੇ ਅਰਿ ਓਰ ਚਹੈਂ॥**

ਬਰਛੇ ਅਰੁ ਬਾਨ ਕਮਾਨ ਕ੍ਰਿਪਾਨ ਗਦਾ ਬਰਛੀ ਤਿਰਸੂਲ ਗਹੈਂ॥
ਅਰਿ ਪੈਂ ਅਰਰਾਇਕੈ ਘਾਇ ਕਰੈਂ ਨ ਟਰੈਂ ਬਹੁ ਤੀਰ ਸਰੀਰ ਸਹੈਂ॥
ਪੁਰਜੇ ਪੁਰਜੇ ਤਨ ਭੇ ਰਨ ਮੈ ਦੁਖ ਤੇ ਤਨ ਮੈ ਮੁਖ ਤੇ ਨ ਕਹੈਂ॥੨੭੩॥

ਇਸ ਤਰ੍ਹਾਂ ਦੀ ਘੋਰ ਮਾਰ ਕਾਟ ਵੇਖ ਕੇ ਦੁਸ਼ਮਣ ਦੇ ਪਾਸੇ ਦੇ ਸੂਰਬੀਰਾਂ ਨੇ ਬਰਛੇ, ਕਮਾਨ, ਤੀਰ, ਕਿਰਪਾਨ, ਗੁਰਜ, ਬਰਛੀ, ਤ੍ਰਿਸ਼ੂਲ ਆਦਿ ਆਪਣੇ ਹੱਥਾਂ ਵਿਚ ਫੜ ਲਏ। ਉਹ ਅੜਾ ਅੜਾ ਕੇ ਦੁਸ਼ਮਣ ਨੂੰ ਜ਼ਖਮੀ ਕਰਦੇ ਸਨ ਅਤੇ ਸਰੀਰ ਉੱਤੇ ਤੀਰਾਂ ਦੇ ਵਾਰ ਸਹਿ ਕੇ ਪਿੱਛੇ ਨਹੀਂ ਹਟਦੇ ਸਨ, ਪਰ ਯੁੱਧ ਵਿਚ ਉਹ ਮੂੰਹ ਤੋਂ ਕੁਝ ਵੀ ਨਹੀਂ ਕਹਿ ਰਹੇ ਸਨ॥੨੭੩॥

ਅੜਿੱਲ॥ਪੀਸ ਪੀਸ ਕਰਿ ਦਾਂਤ ਦੁਬਹਿਯਾ ਧਾਵਹੀਂ॥
ਬਜ੍ਰ ਬਾਨ ਬਿਛੂਅਨ ਕੇ ਬਿਸਿਖ ਲਗਾਵਹੀਂ॥
ਟੂਕ ਟੂਕ ਹ੍ਵੈ ਮਰਤ ਨ ਪਗੁ ਪਾਛੇ ਟਰੈਂ॥
ਹੋ ਚਟਪਟ ਆਨਿ ਬਰੰਗਨਿ ਤਿਨ ਪੁਰਖਨ ਬਰੈਂ॥੨੭੪॥

ਦੋ ਬਾਹਾਂ ਵਾਲੇ ਦੈਂਤ, ਦੰਦ ਪੀਹ ਪੀਹ ਭੱਜਦੇ ਸਨ ਅਤੇ ਬੱਜਰ, ਬਾਣ, ਬਿਛੂਏ ਆਦਿ ਨਾਲ ਵਾਰ ਕਰਦੇ ਸਨ। ਉਹ ਬੋਟੀ ਬੋਟੀ ਹੋ ਕੇ ਮਰ ਜਾਂਦੇ ਸਨ ਪਰ ਪੈਰ ਪਿੱਛੇ ਨਹੀਂ ਹਟਾਉਂਦੇ ਸਨ ਅਤੇ ਇਨ੍ਹਾਂ ਸੂਰਬੀਰਾਂ ਨੂੰ ਅਪੱਛਰਾਵਾਂ ਆਕੇ ਤੁਰੰਤ ਵਰ ਲੈਂਦੀਆਂ ਸਨ॥੨੭੪॥

ਚਾਬਿ ਚਾਬਿ ਕਰਿ ਓਠ ਦੁਬਹਿਯਾ ਰਿਸਿ ਭਰੇ॥
ਟੂਕ ਟੂਕ ਹ੍ਵੈ ਗਿਰੇਨ ਪਗੁ ਪਾਛੇ ਪਰੇ॥
ਜੂਝਿ ਜੂਝਿ ਰਨ ਗਿਰਤ ਸੁਭਟ ਸਮੁਹਾਇ ਕੈ॥
ਹੋ ਬਸੇ ਸ੍ਵਰਗ ਮੋ ਜਾਇ ਪਰਮ ਸੁਖ ਪਾਇਕੈ॥੨੭੫॥

ਦੰਦ ਪੀਂਹਦੇ ਦੈਂਤ ਫਿਰ ਗੁੱਸੇ ਵਿਚ ਆ ਕੇ ਅੱਗੇ ਵੱਧਦੇ ਅਤੇ ਟੋਟੇ ਟੋਟੇ ਹੋ ਕੇ ਡਿੱਗ ਪੈਂਦੇ, ਪਰ ਪੈਰ ਪਿੱਛੇ ਨਹੀਂ ਹਟਾਉਂਦੇ ਸਨ। ਸਾਹਮਣੇ ਹੋ ਕੇ ਲੜਨ ਵਾਲੇ ਸੂਰਬੀਰ ਜੂਝ ਜੂਝ ਕੇ ਡਿੱਗ ਰਹੇ ਸਨ ਅਤੇ ਪਰਮ ਸੁਖ ਪ੍ਰਾਪਤ ਕਰਕੇ ਸਵਰਗ ਲੋਕ ਵਿਚ ਜਾਕੇ ਵੱਸ ਰਹੇ ਸਨ॥੨੭੫॥

ਸਵੈਯਾ॥ਕੋਪ ਘਨਾ ਕਰਿਕੈ ਅਸੁਰਾਰਦਨ ਕਾਢਿ ਕ੍ਰਿਪਾਨਨ ਕੌ ਰਨ ਧਾਏ॥
ਹਾਂਕਿ ਹਥਜਾਰਨ ਲੈ ਉਮਡੇ ਰਨ ਕੌ ਤਜਿਕੈ ਪਗੁ ਦ੍ਵੈ ਨ ਪਰਾਏ॥
ਮਾਰ ਹੀ ਮਾਰਿ ਪੁਕਾਰਿ ਹਠੀ ਘਨ ਜਯੋਂ ਗਰਜੇ ਨ ਕਛੂ ਡਰਪਾਏ॥

************************************************************

ਮਾਨਹੁ ਸਾਵਨ ਕੀ ਰਿਤੁ ਮੈ ਘਨ ਬੂੰਦਨ ਜਜੋਂ ਸਰ ਤਜੋਂ ਬਰਖਾਏ॥੨੭੬॥

ਰਾਕਸ਼ ਹੋਰ ਕ੍ਰੋਧ ਵਿਚ ਆ ਕੇ ਤਲਵਾਰਾਂ ਕੱਢ ਕੇ ਗੱਜ ਉਠੇ। ਉਹ ਸ਼ਸਤਰ ਸੰਭਾਲ ਕੇ ਟੁੱਟ ਕੇ ਪੈ ਗਏ ਅਤੇ ਯੁੱਧ ਛੱਡਕੇ ਦੋ ਕਦਮ ਵੀ ਪਿੱਛੇ ਨਹੀਂ ਹਟੇ। ਉਹ ਹੱਠੀ ਨਿੱਡਰ ਹੋ ਕੇ 'ਮਾਰ ਮਾਰ' ਪੁਕਾਰਦੇ, ਬੱਦਲਾਂ ਵਾਂਗ ਗੱਜ ਰਹੇ ਸਨ। ਤੀਰਾਂ ਦੀ ਉਹ ਇਸ ਤਰ੍ਹਾਂ ਵਰਖਾ ਕਰ ਰਹੇ ਸਨ ਜਿਵੇਂ ਸਾਵਣ ਦੇ ਮਹੀਨੇ ਬੱਦਲ ਗੱਜ ਕੇ ਮੀਂਹ ਪਾ ਰਹੇ ਹੋਣ॥੨੭੬॥

ਧੂਲ ਜਟਾਯੁ ਤੇਂ ਅਦਿਕ ਸੂਰ ਸਭੈ ਉਮਡੇ ਕਰ ਆਯੁਧ ਲੈਕੈ॥
ਕੋਪ ਕ੍ਰਿਪਾਨ ਲ਼ਏ ਕਰ ਬਾਨ ਮਹਾਂ ਹਠ ਠਾਨਿ ਬਡੀ ਰਿਸਿਕੈਕੈ॥
ਚੌਪਿ ਚੜ੍ਹੇ ਚਹੂੰ ਓਰਨ ਤੇ ਬਰਿਯਾਰ ਬਡੇ ਦੋਊ ਨੈਨ ਤਚੈਕੈ॥
ਆਨਿ ਅਰੇ ਖੜਗਾਧੁਜ ਸੌ ਨ ਚਲੇ ਪਗੁ ਦ੍ਵੈ ਬਿਮੁਖਾਹਵ ਹ੍ਵੈਕੈ॥੨੭੭॥

ਪਦ ਅਰਥ - ਆਯੁਧ=ਹਥਿਆਰ। ਤਚੈਕੈ=ਤੱਕ ਕੇ।

ਧੂਲ, ਜਟਾਯੋ ਆਦਿ ਸੂਰਬੀਰ ਹੱਥਾਂ ਵਿਚ ਸ਼ਸਤਰ ਫੜਕੇ ਟੁੱਟ ਕੇ ਪੈ ਗਏ। ਉਨ੍ਹਾਂ ਨੇ ਗੁੱਸੇ ਵਿਚ ਆਕੇ ਹੱਥਾਂ ਵਿਚ ਕਿਰਪਾਨਾਂ ਅਤੇ ਤੀਰ ਕਮਾਨ ਆਦਿ ਲੈ ਲਏ। ਵੱਡੇ ਵੱਡੇ ਸੂਰਬੀਰ ਦੋਵੇਂ ਅੱਖਾਂ ਨਾਲ ਤੱਕ ਕੇ ਚੌਹਾਂ ਪਾਸਿਆਂ ਤੋਂ ਆ ਚੜ੍ਹੇ। ਉਹ ਮਹਾਂਕਾਲ ਨਾਲ ਆ ਭਿੜੇ ਅਤੇ ਦੋ ਕਦਮ ਵੀ ਪਿਛੇ ਨਹੀਂ ਹਟੇ॥੨੭੭॥

ਭਾਰੀ ਪ੍ਰਤਾਪ ਭਰੇ ਮਨ ਮੈ ਭਟ ਧਾਇ ਪਰੇ ਬਿਬਿਧਾਯੁਧ ਲੀਨੇ॥
ਕੌਚ ਕ੍ਰਿਪਾਨ ਕਸੇ ਸਭ ਸਾਜਨ ਓਠਨ ਚਾਬਿ ਬਡੀ ਰਿਸਿ ਕੀਨੇ॥
ਆਛੇ ਕੁਲਾਨ ਬਿਖੈ ਉਪਜੇ ਸਭ ਕੌਨਹੂੰ ਬਾਤ ਬਿਖੈ ਨਹਿ ਹੀਨੇ॥
ਜੂਝਿ ਗਿਰੇ ਖੜਗਾਧੁਜ ਸੌ ਲਰਿ ਸ੍ਰੋਨਿਤ ਸੋ ਸਿਗਰੇ ਅੰਗ ਭੀਨੇ॥੨੭੮॥

ਭਿੰਨ ਭਿੰਨ ਪ੍ਰਕਾਰ ਦੇ ਹਥਿਆਰ ਲੈ ਕੇ ਅਤੇ ਮਨਾਂ ਵਿਚ ਰੋਹ ਭਰਕੇ, ਸੂਰਬੀਰ ਟੁੱਟ ਕੇ ਪੈ ਗਏ। ਉਨ੍ਹਾਂ ਨੇ ਕਵਚ ਕਿਰਪਾਨ ਸਜਾ ਰਖੇ ਸਨ ਅਤੇ ਗੁੱਸੇ ਵਿਚ ਬੁਲ੍ਹ ਟੁਕ ਰਹੇ ਸਨ। ਉਹ ਸਾਰੇ ਚੰਗੇ ਖਾਨਦਾਨਾਂ ਵਿਚ ਪੈਦਾ ਹੋਏ ਸਨ ਅਤੇ ਕਿਸੇ ਵੀ ਗੱਲੋਂ ਹੀਣੇ ਨਹੀਂ ਸਨ। ਉਹ ਮਹਾਂਕਾਲ ਨਾਲ ਲੜ ਕੇ ਡਿੱਗ ਪਏ ਅਤੇ ਉਨ੍ਹਾਂ ਦੇ ਅੰਗ ਲਹੂ ਨਾਲ ਭਿੱਜ ਗਏ॥੨੭੮॥

ਚੌਪਈ॥ਇਹ ਬਿਧਿ ਕੋਪ ਕਾਲ ਜਬ ਭਰਾ॥ਦੁਸ਼ਟਨ ਕੋ ਛਿਨ ਮੈ ਬਧੁ ਕਰਾ॥
ਆਪੁ ਹਾਥ ਦੈ ਸਾਧ ਉਬਾਰੇ॥ਸ਼ੱਤ੍ਰੂ ਅਨੇਕ ਛਿਨਕ ਮੋ ਟਾਰੇ॥੨੭੯॥

ਪਦ ਅਰਥ - ਬਧੁ ਕਰਾ=ਮਾਰਿਆ। ਹਾਥ ਦੈ=ਸਹਾਇਤਾ ਕਰਕੇ। ਸਾਧ ਉਬਾਰੇ=ਸਾਧਾਂ ਨੂੰ

ਬਚਾ ਲਿਆ।।

ਇਸ ਪ੍ਰਕਾਰ ਜਦ ਕਾਲ ਕ੍ਰੋਧ ਨਾਲ ਭਰ ਗਿਆ ਤਾਂ ਉਸ ਦੁਸ਼ਟਾਂ ਨੂੰ ਮਾਰ ਦਿੱਤਾ। ਖੁਦ ਸਹਾਰਾ ਦੇ ਕੇ ਸਾਧੂਆਂ ਨੂੰ ਬਚਾ ਲਿਆ ਅਤੇ ਖਿਣ ਭਰ ਵਿਚ ਦੁਸਮਣਾਂ ਨੂੰ ਮਾਰ ਦਿੱਤਾ।।੨੭੯।।

**ਅਸਿਧੁਜ ਜੂ ਕੋਪਾ ਜਬ ਹੀ ਰਨ।।ਮਾਰਤ ਭਯੋ ਸ਼ੱਤ੍ਰੁਗਨ ਚੁਨਿ ਚੁਨਿ।।**
**ਸਭ ਸਿਵਕਨ ਕਹ ਲਿਓ ਉਬਾਰਾ।।ਦੁਸ਼ਟ ਗਨਨ ਕੋ ਕਰਾ ਪ੍ਰਹਾਰਾ।।੨੮੦।।**

ਜਦ ਕਾਲ ਰਣ ਖੇਤਰ ਵਿਚ ਬਹੁਤ ਗੁੱਸੇ ਵਿਚ ਆ ਗਿਆ ਤਾਂ ਉਸ ਚੁਣ ਚੁਣ ਕੇ ਵੈਰੀਆਂ ਨੂੰ ਮਾਰਿਆ। ਉਸ ਸਭ ਸੇਵਕਾਂ ਨੂੰ ਬਚਾ ਲਿਆ ਅਤੇ ਦੁਸ਼ਟਾਂ ਉਤੇ ਵਾਰ ਕੀਤਾ।।੨੮੦।।

**ਇਹ ਬਿਧਿ ਹਨੇ ਦੁਸ਼ਟ ਜਬ ਕਾਲਾ।।ਗਿਰਿ ਗਿਰਿ ਪਰੇ ਧਰਨਿ ਬਿਕਰਾਲਾ।।**
**ਨਿਜ ਹਾਥਨ ਦੈ ਸੰਤ ਉਬਾਰੇ।।ਸ਼ੱਤ੍ਰੂ ਅਨੇਕ ਤਨਿਕ ਮਹਿ ਮਾਰੇ।।੨੮੧।।**

ਕਾਲਾ=ਮਹਾਂਕਾਲ। ਧਰਨਿ=ਧਰਤੀ ਉਤੇ। ਬਿਕਰਾਲਾ=ਵਿਕਰਾਲ ਦੈਂਤ। ਸੰਤ ਉਬਾਰੇ=ਸੰਤਾਂ ਨੂੰ ਬਚਾਇਆ।

ਇਸ ਪ੍ਰਕਾਰ ਕਾਲ ਨੇ ਜਦ ਦੁਸ਼ਟਾਂ ਨੂੰ ਮਾਰ ਦਿੱਤਾ ਤਾਂ ਵਿਕਰਾਲ ਰੂਪ ਦੈਂਤ ਧਰਤੀ ਤੇ ਡਿੱਗ ਪਏ। ਉਸ ਖੁਦ ਆਪਣੇ ਹੱਥਾਂ ਨਾਲ ਸੰਤਾਂ ਨੂੰ ਬਚਾ ਲਿਆ ਅਤੇ ਕੁਝ ਸਮੇਂ ਵਿਚ ਹੀ ਦੁਸ਼ਮਣਾਂ ਨੂੰ ਮਾਰ ਦਿੱਤਾ।।੨੮੧।।

**ਦਾਨਵ ਅਮਿਤ ਕੋਪ ਕਰਿ ਢੂਕੇ।।ਮਾਰਹਿ ਮਾਰਿ ਦਸੌ ਦਿਸਿ ਕੂਕੇ।।**
**ਬਹੁਰਿ ਕਾਲ ਕੁਪਿ ਖੜਗ ਸੰਭਾਰਾ।।ਸ਼ੱਤ੍ਰੂ ਸੈਨ ਪਲ ਬੀਚ ਪ੍ਰਹਾਰਾ।।੨੮੨।।**

ਦੈਂਤ ਹੋਰ ਗੁੱਸੇ ਨਾਲ ਭਰ ਕੇ ਇਕੱਠੇ ਹੋ ਗਏ ਅਤੇ ਸਾਰਿਆਂ ਪਾਸਿਆਂ ਤੋਂ 'ਮਾਰੋ ਮਾਰੋ' ਪੁਕਾਰਨ ਲੱਗੇ। ਫਿਰ ਮਹਾਂਕਾਲ ਨੇ ਵੀ ਕ੍ਰੋਧ ਵਿਚ ਆ ਕੇ ਖੜਗ ਸੰਭਾਲ ਲਈ ਅਤੇ ਦੁਸ਼ਮਣਾਂ ਦੀ ਸੈਨਾ ਉਤੇ ਉਸ ਵਾਰ ਕੀਤਾ।।੨੮੨।।

**ਬਹੁਰਿ ਕੋਪ ਕਰਿ ਦੁਸ਼ਟ ਅਪਾਰਾ।।ਮਹਾਂਕਾਲ ਕੌ ਚਹਤ ਸੰਘਾਰਾ।।**
**ਜਿਮਿ ਗਗਨਹਿ ਕੋਈ ਬਾਨ ਚਲਾਵੈ।।ਤਾਹਿ ਨ ਲਗੈ ਤਿਸੀ ਪਰ ਆਵੈ।।੨੮੩।।**

ਫਿਰ ਅਨੇਕਾਂ ਵੈਰੀ ਗੁੱਸੇ ਵਿਚ ਆਕੇ ਮਹਾਂਕਾਲ ਨੂੰ ਮਾਰਨਾ ਚਾਹੁੰਦੇ ਸਨ। ਜਿਵੇਂ ਕੋਈ ਆਕਾਸ਼ ਉਤੇ ਤੀਰ ਚਲਾਉਂਦਾ ਹੈ, ਉਹ ਦੁਸ਼ਮਣ ਨੂੰ ਲੱਗਣ ਦੀ ਬਜਾਏ ਓਸੇ ਨੂੰ ਹੀ ਲੱਗ ਜਾਂਦਾ ਹੈ।।੨੮੩।।

**ਭਾਂਤਿ ਭਾਂਤਿ ਬਾਦਿੱਤ੍ਰ ਬਜਾਇ।।ਦਾਨਵ ਨਿਕਟ ਪਹੂਚੇ ਆਇ।।**
**ਮਹਾਂਕਾਲ ਤਬ ਬਿਰਦ ਸੰਭਾਰੋ।।ਸੰਤ ਉਬਾਰਿ ਦੋਖਿਯਨ ਮਾਰੋ।।੨੮੪।।**

ਅਨੇਕਾਂ ਪ੍ਰਕਾਰ ਦੇ ਵਾਜੇ ਵਜਾਉਂਦੇ ਹੋਏ, ਦੈਂਤ ਮਹਾਂਕਾਲ ਦੇ ਕੋਲ ਪਹੁੰਚ ਗਏ। ਮਹਾਂਕਾਲ ਨੇ ਫਿਰ ਆਪਣੇ ਸੁਭਾ ਦੇ ਅਨੁਸਾਰ ਆਪਣੇ ਭਗਤਾਂ ਨੂੰ ਸੰਭਾਲਿਆ, ਸੰਤਾਂ ਨੂੰ ਬਚਾਇਆ ਅਤੇ ਦੋਖੀਆਂ ਨੂੰ ਮਾਰ ਦਿੱਤਾ॥੨੮੪॥

**ਖੰਡ ਖੰਡ ਕਰਿ ਦਾਨਵ ਮਾਰੇ॥ ਤਿਲ ਤਿਲ ਪ੍ਰਾਇ ਸਕਲ ਕਰਿ ਡਾਰੇ॥**
**ਪਾਵਕਾਸਤ੍ਰ ਕਲਿ ਬਹੁਰਿ ਚਲਾਯੋ॥ ਸੈਨ ਅਸੁਰ ਕੋ ਸਗਲ ਗਿਰਾਯੋ॥੨੮੫॥**

ਟੁਕੜੇ ਟੁਕੜੇ ਕਰਕੇ ਦੈਂਤਾਂ ਨੂੰ ਮਾਰ ਦਿੱਤਾ ਅਤੇ ਫਿਰ ਸਾਰਿਆਂ ਨੂੰ ਤਿਲ ਤਿਲ ਕਰ ਦਿੱਤਾ। ਮਹਾਂਕਾਲ ਨੇ ਅਗਨੀ ਸ਼ਸਤਰ ਚਲਾ ਕੇ ਦੈਂਤਾਂ ਦੀ ਸਾਰੀ ਸੈਨਾ ਨੂੰ ਡੇਗ ਦਿੱਤਾ॥੨੮੫॥

**ਬਰੁਣਾਸਤ੍ਰ ਦਾਨਵ ਤਬ ਛੋਰਾ॥ ਜਾਂਤੇ ਪਾਵਕਾਸਤ੍ਰ ਕਹ ਮੋਰਾ॥**
**ਬਾਸ੍ਵਾਸਤ੍ਰ ਤਬ ਕਾਲ ਚਲਾਯੋ॥ ਇੰਦ੍ਰ ਪ੍ਰਤੱਛ ਹ੍ਵੈ ਜੁੱਧ ਮਚਾਯੋ॥੨੮੬॥**

ਪਦ ਅਰਥ - ਬਾਸ੍ਵਾਸਤ੍ਰ=ਬਾਸਵ ਅਸਤਰ, ਇੰਦਰ ਅਸਤਰ। ਪ੍ਰਤੱਛ=ਪ੍ਰਤੱਖ।

ਤਦ ਦੈਂਤਾਂ ਨੇ ਵਰੁਣ ਅਸਤਰ ਛਡਿਆ ਜਿਸ ਅਗਨੀ ਅਸਤਰ ਨੂੰ ਵਾਪਿਸ ਮੋੜ ਦਿੱਤਾ। ਤਦ ਕਾਲ ਨੇ ਬਾਸਵ ਅਸਤਰ ਛੱਡਿਆ, ਜਿਸ ਨਾਲ ਇੰਦਰ ਪ੍ਰਤੱਖ ਰੂਪ ਵਿਚ ਆ ਕੇ ਯੁੱਧ ਕਰਨ ਲੱਗਾ॥੨੮੬॥

**ਦਾਨਵ ਨਿਰਖਿ ਠਾਢ ਰਨ ਬਾਸਵ॥ ਪੀਵਤ ਭਯੋ ਕੂਪ ਦ੍ਵੈ ਆਸਵ॥**
**ਕਰਿਕੈ ਕੋਪ ਅਤੁਲ ਅਸ ਗਰਜਾ॥ ਭੂੰਮਿ ਅਕਾਸ਼ ਸ਼ਬਦ ਸੁਨਿ ਲਰਜਾ॥੨੮੭॥**

ਦੈਂਤ ਇੰਦਰ ਨੂੰ ਮੈਦਾਨ ਵਿਚ ਵੇਖਕੇ ਦੋ ਖੂਹ ਸ਼ਰਾਬ ਦੇ ਪੀ ਗਏ। ਤਦ ਫਿਰ ਇੰਦਰ ਅਪਾਰ ਕ੍ਰੋਧ ਨਾਲ ਭਰਕੇ ਗੱਜਿਆ ਜਿਸ ਦੀ ਆਵਾਜ਼ ਨਾਲ ਧਰਤੀ ਅਤੇ ਆਕਾਸ਼ ਕੰਬ ਗਏ॥੨੮੭॥

**ਅਮਿਤ ਬਾਸਵਹਿ ਬਾਨ ਪ੍ਰਹਾਰੇ॥ ਬਰਮ ਚਰਮ ਸਭ ਭੇਦਿ ਪਧਾਰੇ॥**
**ਜਨੁਕ ਨਾਗ ਬਾਂਬੀ ਧਸਿ ਗਏ॥ ਭੂਤਲ ਭੇਦਿ ਪਤਾਰ ਸਿਧਏ॥੨੮੮॥**

ਇੰਦਰ ਨੇ ਫਿਰ ਅਨੇਕਾਂ ਤੀਰ ਚਲਾਏ। ਜਿਹੜੇ ਕਵਚ, ਢਾਲ ਆਦਿ ਸਭ ਨੂੰ ਚੀਰ ਕੇ ਪਾਰ ਨਿਕਲ ਗਏ। ਇਸ ਤਰ੍ਹਾਂ ਲੱਗਾ ਕਿ ਜਿਵੇਂ ਸਾਰੇ ਨਾਗ ਆਪਣੀ ਰੁੱਡ ਵਿਚ ਵੜ ਗਏ ਹੋਣ ਅਤੇ ਧਰਤੀ ਨੂੰ ਪਾੜਕੇ ਪਾਤਾਲ ਵਿਚ ਚਲੇ ਗਏ ਹੋਣ॥੨੮੮॥

**ਅਮਿਤ ਰੋਸ ਬਾਸਵ ਤਬ ਕਿਯਾ॥ ਧਨੁਖ ਬਾਨ ਕਰ ਭੀਤਰ ਲਿਯਾ॥**
**ਅਮਿਤ ਕੋਪ ਕਰਿ ਬਿਸਿਖ ਪ੍ਰਹਾਰੇ॥ ਫੋਰਿ ਦਾਨਵਨ ਪਾਰ ਪਧਾਰੇ॥੨੮੯॥**

ਇੰਦਰ ਨੇ ਫਿਰ ਬਹੁਤ ਗੁੱਸੇ ਵਿਚ ਆਕੇ ਤੀਰ ਕਮਾਨ ਆਪਣੇ ਹੱਥ ਵਿਚ ਲਿਆ। ਉਸ

Namdhari Elibrary NamdhariElibrary@gmail.com

************************************************************
ਅਪਾਰ ਰੋਹ ਵਿਚ ਆਕੇ ਤੀਰਾਂ ਦਾ ਵਾਰ ਕੀਤਾ ਜਿਹੜੇ ਕਿ ਦੈਂਤਾਂ ਨੂੰ ਪਾੜ ਕੇ ਬਾਹਰ ਨਿਕਲ ਆਏ।।੨੮੯।।

**ਦਾਨਵ ਅਧਿਕ ਰੋਸ ਕਰਿ ਧਾਏ।।ਦੇਵ ਪੂਜ ਰਨ ਮਾਂਝ ਭਜਾਏ।।**
**ਭਜਤ ਦੇਵ ਨਿਰਖੇ ਕਲਿ ਜਬਹੀ।।ਸ਼ਸਤ੍ਰ ਅਸਤ੍ਰ ਛੋਰੇ ਰਨ ਤਬਹੀ।।੨੯੦।।**

ਦੈਂਤਾਂ ਨੇ ਫਿਰ ਅਤਿ ਕ੍ਰੋਧ ਵਿਚ ਆ ਕੇ ਹਮਲਾ ਕੀਤਾ ਅਤੇ ਦੇਵਤਿਆਂ ਨੂੰ ਯੁੱਧ ਵਿਚੋਂ ਭੱਜਾ ਦਿੱਤਾ। ਮਹਾਂਕਾਲ ਜਦ ਵੇਖਿਆ ਕਿ ਦੇਵਤੇ ਭੱਜ ਰਹੇ ਹਨ ਤਾਂ ਉਸ ਯੁੱਧ ਵਿਚ ਸਾਰੇ ਅਸਤਰ -ਸ਼ਸਤਰ ਛੱਡ ਦਿੱਤੇ।।੨੯੦।।

**ਬਾਨਨ ਕੀ ਬਰਖਾ ਕਲਿ ਕਰੀ।।ਲਾਗਤ ਸੈਨ ਦਾਨਵੀ ਜਰੀ।।**
**ਸ਼ੱਤ੍ਰ ਅਨੇਕ ਨਿਧਨ ਕਹ ਗਏ।।ਬਹੁਰਿ ਉਪਜਿ ਬਹੁ ਠਾਢੇ ਭਏ।।੨੯੧।।**

ਮਹਾਂਕਾਲ ਨੇ ਬਾਣਾਂ ਦੀ ਵਰਖਾ ਕੀਤੀ ਜਿਸ ਨਾਲ ਦੈਂਤਾਂ ਦੀ ਫੌਜ ਬਲ ਉਠੀ। ਅਨੇਕਾਂ ਦੁਸ਼ਮਣ ਮਰ ਗਏ ਪਰ ਉਨ੍ਹਾਂ ਵਿਚੋਂ ਅਨੇਕਾਂ ਫਿਰ ਪੈਦਾ ਹੋ ਕੇ ਉੱਠ ਖਲੋਤੇ।।੨੯੧।।

**ਬਹੁਰਿ ਕਾਲ ਕੁਪਿ ਬਾਨ ਪ੍ਰਹਾਰੇ।।ਬੇਧਿ ਦਾਨਵਨ ਪਾਰ ਪਧਾਰੇ।।**
**ਦਾਨਵ ਤਬੈ ਅਧਿਕ ਕਰਿ ਕ੍ਰੁੱਧਾ।।ਮੰਡਾ ਮਹਾਂ ਕਾਲ ਤਨ ਜੁੱਧਾ।।੨੯੨।।**

ਕਾਲ ਨੇ ਫਿਰ ਰੋਹ ਵਿਚ ਆਕੇ ਤੀਰ ਮਾਰੇ ਜਿਹੜੇ ਦਾਨਵਾਂ ਨੂੰ ਪਾੜ ਕੇ ਪਾਰ ਨਿਕਲ ਗਏ। ਦੈਂਤਾਂ ਨੇ ਫਿਰ ਗੁੱਸੇ ਵਿਚ ਆਕੇ ਮਹਾਂਕਾਲ ਨਾਲ ਯੁੱਧ ਆਰੰਭ ਕਰ ਦਿੱਤਾ।।੨੯੨।।

**ਮਹਾਂਕਾਲ ਤਬ ਬਾਨ ਪ੍ਰਹਾਰੇ।।ਦਾਨਵ ਏਕ ਏਕ ਕਰਿ ਮਾਰੇ।।**
**ਤਿਨ ਤੇ ਬਹੁ ਉਪਜਿਤ ਰਨ ਭਏ।।ਮਹਾਂਕਾਲ ਕੇ ਸਮੁਹਿ ਸਿਧਏ।।੨੯੩।।**

ਮਹਾਂਕਾਲ ਨੇ ਫਿਰ ਤੀਰ ਚਲਾ ਕੇ ਇੱਕ ਇੱਕ ਦੈਂਤ ਨੂੰ ਮਾਰ ਦਿੱਤਾ। ਉਨ੍ਹਾਂ ਦੇ ਖੂਨ ਤੋਂ ਅਨੇਕਾਂ ਹੋਰ ਦੈਂਤ ਉਤਪੰਨ ਹੋ ਗਏ ਅਤੇ ਫਿਰ ਮਹਾਂਕਾਲ ਦੇ ਸਾਹਮਣੇ ਆ ਖਲੋਤੇ।।੨੯੩।।

**ਜੇਤਿਕ ਧਏ ਤਿਤਕ ਕਲਿ ਮਾਰੇ।।ਰਥੀ ਗਜੀ ਤਿਲ ਤਿਲ ਕਰਿ ਡਾਰੇ।।**
**ਤਿਨਤੇ ਉਪਜਿ ਠਾਢ ਭੇ ਘਨੇ।।ਰਥੀ ਗਜੀ ਬਾਜੀ ਸੁਭ ਬਨੇ।।੨੯੪।।**

ਪਦ ਅਰਥ - ਠਾਢ ਭੇ=ਖੜੇ ਹੋ ਗਏ। ਘਨੇ=ਬਹੁਤ ਜ਼ਿਆਦਾ।

ਜਿੰਨੇ ਸਾਹਮਣੇ ਆਏ, ਉਨਿਆਂ ਨੂੰ ਹੀ ਕਾਲ ਨੇ ਮਾਰ ਦਿੱਤਾ ਅਤੇ ਰੱਥਵਾਨ, ਹਾਥੀਵਾਨ, ਘੋੜ ਸਵਾਰ ਆਦਿ ਸਾਰਿਆਂ ਦੇ ਟੁਕੜੇ ਟੁਕੜੇ ਕਰ ਦਿੱਤੇ। ਉਨ੍ਹਾਂ ਤੋਂ ਫਿਰ ਅਨੇਕਾਂ ਰੱਥਵਾਨ, ਹਾਥੀਵਾਨ ਅਤੇ ਘੋੜ ਸਵਾਰ ਪੈਦਾ ਹੋ ਗਏ।।੨੯੪।।

Namdhari Elibrary NamdhariElibrary@gmail.com

**ਬਹੁਰਿ ਕਾਲ ਕਰਿ ਕੋਪ ਪ੍ਰਹਾਰੇ॥ਦੈਤ ਅਨਿਕ ਮ੍ਰਿਤੁ ਲੋਕ ਪਧਾਰੇ॥**
**ਮਹਾਂਕਾਲ ਬਹੁਰੌ ਧਨੁ ਧਰਾ॥ਸੌ ਸੌ ਬਾਨ ਏਕ ਇਕ ਹਰਾ॥੨੯੫॥**

ਫਿਰ ਕਾਲ ਨੇ ਨਾਰਾਜ਼ ਹੋ ਕੇ ਵਾਰ ਕੀਤਾ ਅਤੇ ਅਨੇਕਾਂ ਦੈਂਤ ਜਮ ਲੋਕ ਭੇਜ ਦਿੱਤੇ। ਮਹਾਂਕਾਲ ਨੇ ਫਿਰ ਤੀਰ ਕਮਾਨ ਫੜਿਆ ਅਤੇ ਸੌ ਸੌ ਤੀਰ ਉਸ ਉਤੇ ਚੜ੍ਹਾ ਲਏ॥੨੯੫॥

**ਸੌ ਸੌ ਏਕ ਏਕ ਸਰ ਮਾਰਾ॥ਸੌ ਸੌ ਗਿਰੀ ਸ੍ਰੋਨ ਕੀ ਧਾਰਾ॥**
**ਸਤ ਸਤ ਅਸੁਰ ਉਪਜਿ ਭੇ ਠਾਢੇ॥ਅਸੀ ਗਜੀ ਕੌਚੀ ਬਲ ਗਾਢੇ॥੨੯੬॥**

ਪਦ ਅਰਥ - ਸ੍ਰੋਨ ਕੀ ਧਾਰਾ=ਲਹੂ ਦੀਆਂ ਧਾਰਾਂ। ਸਤ ਸਤ=ਸੌ ਸੌ।

ਮਹਾਂਕਾਲ ਨੇ ਫਿਰ ਸੌ ਸੌ ਨੂੰ ਇਕ ਇਕ ਤੀਰ ਮਾਰਿਆ ਜਿਸ ਨਾਲ ਸੌ ਸੌ ਖੂਨ ਦੀ ਧਾਰਾਂ ਵਹਿ ਤੁਰੀਆਂ। ਉਨ੍ਹਾਂ ਤੋਂ ਫਿਰ ਸੌ ਸੌ ਦੈਂਤ ਪੈਦਾ ਹੋ ਗਏ ਅਤੇ ਉਹ ਘੋੜ ਸੰਵਾਰ, ਹਾਥੀਵਾਨ ਅਤੇ ਕਵਚਧਾਰੀ ਸੂਰਬੀਰ ਬਣ ਗਏ॥੨੯੬॥

**ਰੂਪ ਹਜ਼ਾਰ ਹਜ਼ਾਰ ਧਾਰਿ ਕਲਿ॥ਗਰਜਤ ਭਯੋ ਅਤੁਲ ਕਰਿ ਕੈ ਬਲ॥**
**ਕਹ ਕਹ ਹਸਾ ਕਾਲ ਬਿਕਰਾਲਾ॥ਕਾਢੈ ਦਾਂਤ ਤਜਤ ਮੁਖ ਜ੍ਵਾਲਾ॥੨੯੭॥**

ਪਦ ਅਰਥ - ਕਹ ਕਹ ਹਸਾ=ਉੱਚੀ ਉੱਚੀ ਹੱਸਿਆ। ਤਜਤ=ਛਡੱਦਾ ਸੀ। ਮੁਖ ਜਵਾਲਾ=ਮੂੰਹ ਵਿਚੋਂ ਅੱਗ।

ਹਜ਼ਾਰ ਹਜ਼ਾਰ ਰੂਪ ਧਾਰਣ ਕਰਕੇ ਕਾਲ ਅਪਰ ਅਪਾਰ ਬਲ ਧਾਰ ਕੇ ਗੱਜਣ ਲੱਗਾ। ਉਹ ਬਹੁਤ ਉੱਚੀ ਉੱਚੀ ਹੱਸਿਆ। ਉਸ ਦੰਦ ਕੱਢੇ ਅਤੇ ਉਸ ਦੇ ਮੂੰਹ ਵਿਚੋਂ ਜਵਾਲਾ ਰੂਪੀ ਅੱਗ ਨਿਕਲਣ ਲੱਗੀ॥੨੯੭॥

**ਏਕ ਏਕ ਰਨ ਬਾਨ ਚਲਾਯੋ॥ਸਹਸ ਸਹਸ ਦਾਨਵ ਕਹ ਘਾਯੋ॥**
**ਕੇਤਿਕ ਸੁਭਟ ਦਾੜ੍ਹ ਗਹਿ ਚਾਬੇ॥ਕੇਤਿਕ ਸੁਭਟ ਪਾਵ ਤਰ ਦਾਬੇ॥੨੯੮॥**

ਉਸ ਯੁੱਧ ਵਿਚ ਇਕ ਇਕ ਬਾਣ ਚਲਾਇਆ ਅਤੇ ਹਜ਼ਾਰ ਹਜ਼ਾਰ ਦੈਂਤਾਂ ਨੂੰ ਮਾਰ ਦਿੱਤਾ। ਕਿੰਨੇ ਹੀ ਸੂਰਬੀਰਾਂ ਨੂੰ ਦਾੜ੍ਹ ਹੇਠ ਚਬਾ ਲਿਆ ਅਤੇ ਕਿੰਨਿਆਂ ਨੂੰ ਪੈਰਾਂ ਥੱਲੇ ਦੇ ਕੇ ਫੇਹ ਦਿੱਤਾ॥੨੯੮॥

**ਕੇਤਕ ਪਕਰਿ ਭੱਛ ਕਰਿ ਲਯੋ॥ਤਿਨ ਤੇ ਏਕ ਨ ਉਪਜਤ ਭਯੋ॥**
**ਕਿਤਕਨ ਦ੍ਰਿਸ਼ਟਾ ਕਰਖਨ ਕੀਯੋ॥ਸਭਹਿਨ ਕੋ ਸ੍ਰੋਨਿਤ ਹਰਿ ਲੀਯੋ॥੨੯੯॥**

ਕਿੰਨਿਆਂ ਨੂੰ ਫੜਕੇ ਖਾ ਗਿਆ ਅਤੇ ਫਿਰ ਉਨ੍ਹਾਂ ਵਿਚੋਂ ਇਕ ਵੀ ਹੋਰ ਪੈਦਾ ਨ ਹੋਇਆ। ਕਿੰਨਿਆਂ ਦਾ ਅੱਖ ਦੀ ਦ੍ਰਿਸ਼ਟੀ ਨਾਲ ਹੀ ਖਿੱਚ ਕੇ ਲਹੂ ਚੂਸ ਲਿਆ॥੨੯੯॥

++++++++++++++++++++++++++++++++++++++++++++++++++++++++++++

**ਸ੍ਰੋਨ ਰਹਿਤ ਦਾਨਵ ਜਬ ਭਯੋ॥ਦੈਤ ਪਰਾਜਨ ਤੇ ਰਹਿ ਗਯੋ॥**
**ਸ੍ਰਮਿਤ ਅਧਿਕ ਹ੍ਵੈ ਛਾਡਤ ਸ੍ਵਾਸਾ॥ਤਾ ਤੇ ਕਰਤ ਦੈਤ ਪਰਗਾਸਾ॥੩੦੦॥**

ਜਦ ਦੈਂਤ ਲਹੂ ਰਹਿਤ ਹੋ ਗਏ ਤਾਂ ਉਹ ਦੈਂਤ ਹੋਰ ਦੈਂਤ ਪੈਦਾ ਕਰਨ ਦੀ ਸਥਿਤੀ ਵਿਚ ਨਹੀਂ ਰਹਿ ਗਏ ਸਨ. ਹੁਣ ਉਹ ਥੱਕ ਕੇ ਸਵਾਸ ਛੱਡਦੇ ਸੀ ਜਿਸ ਨਾਲ ਹੋਰ ਦੈਂਤ ਪੈਦਾ ਹੁੰਦੇ ਸਨ॥੩੦੦॥

**ਪਵਨਾ ਕਰਖ ਕਰਾ ਤਬ ਕਾਲਾ॥ਘਟੇ ਬਢਨ ਤੇ ਅਰਿ ਬਿਕਰਾਲਾ॥**
**ਇਹ ਬਿਧਿ ਜਬ ਆਕਰਖਨ ਕੀਯਾ॥ਸਭ ਬਲ ਹਰਿ ਅਸੁਰਨ ਕਾ ਲੀਯਾ॥੩੦੧॥**

ਕਾਲ ਨੇ ਪਵਨ ਨੂੰ ਆਪਣੇ ਵਲ ਖਿਚਿਆ. ਜਿਸ ਨਾਲ ਵਿਕਰਾਲ ਦੁਸ਼ਮਣ ਵੱਧਣ ਤੋਂ ਰੁਕ ਗਏ। ਇਸ ਤਰ੍ਹਾਂ ਪਵਨ ਨੂੰ ਆਪਣੇ ਵੱਲ ਖਿੱਚ ਕੇ ਦੈਂਤਾਂ ਦਾ ਸਾਰਾ ਬਲ ਖੋਹ ਲਿਆ॥੩੦੧॥

**ਮਾਰਿ ਮਾਰਿ ਜੋ ਅਸੁਰ ਪੁਕਾਰਤ॥ਤਿਹ ਤੇ ਅਮਿਤ ਦੈਤ ਤਨ ਧਾਰਤ॥**
**ਬਾਚਾ ਕਰਖ ਕਾਲ ਤਬ ਕਯੋ॥ਬੋਲਨ ਤੇਂ ਦਾਨਵ ਰਹਿ ਗਯੋ॥੩੦੨॥**

ਦੈਂਤ ਜਦ 'ਮਾਰ ਮਾਰ' ਪੁਕਾਰਦੇ ਸਨ ਤਾਂ ਅਨੇਕ ਦੈਂਤ ਸਰੀਰ ਧਾਰਣ ਕਰਦੇ ਜਾਂਦੇ ਸਨ. ਜਦ ਉਹਨਾਂ ਦੀ ਬਾਣੀ ਨੂੰ ਵੀ ਖਿੱਚ ਲਿਆ ਗਿਆ ਤਾਂ ਦੈਂਤਾਂ ਦੀ ਬੋਲਣ ਸ਼ਕਤੀ ਵੀ ਜਾਂਦੀ ਰਹੀ॥੩੦੨॥

**ਦਾਨਵ ਜਬ ਬੋਲਹਿ ਰਹਿ ਗਯੋ॥ ਚਿੰਤਾ ਕਰਤ ਚਿੱਤ ਮੋ ਭਯੋ॥**
**ਤਾਹੀ ਤੇਂ ਦਾਨਵ ਬਹੁ ਭਏ॥ਸਨਮੁਖ ਮਹਾਂ ਕਾਲ ਕੇ ਧਏ॥੩੦੩॥**

ਜਦ ਦੈਂਤ ਬੋਲ ਹੀ ਨਹੀਂ ਸਕਦੇ ਸੀ ਤਾਂ ਉਹ ਚਿੱਤ ਵਿਚ ਬਹੁਤ ਫਿਰਕਮੰਦ ਹੋਏ। ਚਿੰਤਾ ਤੋਂ ਅਨੇਕਾਂ ਦੈਂਤ ਪੈਦਾ ਹੋਏ ਅਤੇ ਕਾਲ ਦੇ ਸਾਹਮਣੇ ਵਲ ਭੱਜ ਪਏ॥੩੦੩॥

**ਸ਼ਸਤ੍ਰ ਅਸਤ੍ਰ ਕਰਿ ਕੋਪ ਪ੍ਰਹਾਰੇ॥ਮਹਾਂਬੀਰ ਬਰਿਯਾਰ ਡਰਾਰੇ॥**
**ਮਹਾਂ ਕਾਲ ਤਬ ਗਰਜ ਸੰਭਾਰੀ॥ਬਹੁਤਨ ਕੀ ਮੇਧਾ ਕਢਿ ਡਾਰੀ॥੩੦੪॥**

ਉਹ ਮਹਾਂਬਲੀ ਵਿਕਰਾਲ ਸੂਰਮੇ ਰੋਹ ਵਿਚ ਆਕੇ ਅਸਤਰ ਸ਼ਸਤਰ ਲੈਕੇ ਟੁੱਟ ਪਏ। ਮਹਾਂਕਾਲ ਨੇ ਫਿਰ ਗੱਜ ਕੇ ਅਨੇਕਾਂ ਦੀ ਮਿੱਝ ਕੱਢ ਦਿੱਤੀ॥੩੦੪॥

**ਤਿਨ ਕੀ ਭੂਅ ਮੇਜਾ ਜੋ ਪਰੀ॥ਤਾਂਤੇ ਸੈਨ ਦੇਹ ਬਹੁ ਧਰੀ॥**
**ਮਾਰਿ ਮਾਰਿ ਕਰਿ ਕੋਪ ਅਪਾਰਾ॥ਜਾਗਤ ਭਏ ਅਸੁਰ ਬਿਕਰਾਰਾ॥੩੦੫॥**

ਉਨ੍ਹਾਂ ਦੀ ਮਿੱਝ ਜਦ ਧਰਤੀ ਤੇ ਡਿੱਗੀ ਤਾਂ ਉਸ ਤੋਂ ਬਹੁਤ ਵੱਡੀ ਸੈਨਾ ਪੈਦਾ ਹੋ ਗਈ। ਗੁੱਸੇ ਵਿਚ ਆਏ ਵਿਕਰਾਲ ਦੈਂਤ ਮਾਰ ਮਾਰ' ਕਰਦੇ ਜਾਗ ਪਏ॥੩੦੫॥

Namdhari Elibrary NamdhariElibrary@gmail.com

**ਤਿਨਕੇ ਫੇਰਿ ਮੂੰਡਿ ਕਲਿ ਡਰੇ॥ਤਾਤੇ ਮੇਧਾ ਜੋ ਭੂਅ ਪਰੇ॥**
**ਮਾਰਿ ਮਾਰਿ ਕਹਿ ਅਸੁਰ ਜਗੇ ਰਨ॥ਸੂਰਬੀਰ ਬਰਿਯਾਰ ਮਹਾਂ ਮਨ॥੩੦੬॥**

ਕਾਲ ਨੇ ਫਿਰ ਅਨੇਕਾਂ ਦੇ ਸਿਰ ਪਾੜ ਦਿੱਤੇ ਅਤੇ ਉਨ੍ਹਾਂ ਸਿਰਾਂ ਦੀ ਮਿੱਝ ਧਰਤੀ ਤੇ ਡਿੱਗੀ। ਉਹ ਸੂਰਬੀਰ ਦੈਂਤ 'ਮਾਰ ਮਾਰ' ਕਰਦੇ ਫਿਰ ਯੁੱਧ ਵਿਚ ਜੀਉਂਦੇ ਖੜੇ ਹੋ ਗਏ॥੩੦੬॥

**ਪੁਨਿ ਕਰਿ ਕਾਲ ਗਦਾ ਰਿਸਿ ਧਰੀ॥ਸ਼ੱਤ੍ਰ ਖੋਪਰੀ ਤਿਲ ਤਿਲ ਕਰੀ॥**
**ਜੇਤੇ ਟੂਕ ਖੋਪ੍ਰਿਯਨ ਪਰੇ॥ਤੇਤਿਕ ਰੂਪ ਦਾਨਵਨ ਧਰੇ॥੩੦੭॥**

ਪਦ ਅਰਥ - ਰਿਸਿ=ਰੋਹ ਵਿਚ। ਸ਼ੱਤ੍ਰ=ਦੁਸ਼ਮਣ। ਖੋਪ੍ਰਿਯਨ=ਖੋਪਰੀਆਂ।

ਫਿਰ ਮਹਾਂਕਾਲ ਨੇ ਕ੍ਰੋਧ ਵਿਚ ਆ ਕੇ ਗਰਜ ਫੜਿਆ ਅਤੇ ਦੁਸ਼ਮਣਾਂ ਦੀਆਂ ਖੋਪਰੀਆਂ ਚੂਰ ਚੂਰ ਕਰ ਦਿੱਤੀਆਂ, ਖੋਪਰੀਆਂ ਦੇ ਜਿੰਨੇ ਟੁਕੜੇ ਹੋਏ ਓਨੇ ਹੀ ਰੂਪ ਹੋਰ ਦੈਂਤਾਂ ਨੇ ਧਾਰ ਲਏ॥੩੦੭॥

**ਕੇਤਿਕ ਗਦਾ ਪਾਨ ਗਹਿ ਧਾਏ॥ਕੇਤਿਕ ਖੜਗ ਹਾਥ ਲੈ ਆਏ॥**
**ਮਾਰਿ ਮਾਰਿ ਕੈ ਕੋਪਹਿ ਸਰਜੇ॥ਮਾਨਹੁ ਮਹਾਂ ਕਾਲ ਘਨ ਗਰਜੇ॥੩੦੮॥**

ਪਦ ਅਰਥ - ਪਾਨ=ਹੱਥ। ਮਾਨਹੁ=ਮਾਨੋਂ।

ਕਿੰਨੇ ਹੀ ਹੱਥਾਂ ਵਿਚ ਗੁਰਜ ਫੜ ਕੇ ਅਤੇ ਕਿੰਨੇ ਹੀ ਹੱਥਾਂ ਵਿਚ ਖੜਗ ਫੜ ਕੇ ਆ ਪਹੁੰਚੇ। ਮਾਰ ਮਾਰ ਕਰਦੇ ਉਹ ਗੁੱਸੇ ਵਿਚ ਆਉਂਦੇ ਸਨ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮਹਾਕਾਲ ਬੱਦਲਾਂ ਵਾਂਗ ਗੱਜ ਰਿਹਾ ਹੋਵੇ॥੩੦੮॥

**ਆਨਿ ਕਾਲ ਕਹ ਕਰਤ ਪ੍ਰਹਾਰਾ॥ਇਕ ਇਕ ਸੂਰ ਸਹਸ ਹਥਿਯਾਰਾ॥**
**ਮਹਾਂ ਕਾਲ ਕਹ ਲਗਤ ਨ ਭਏ॥ਤਾਮਹਿ ਸਭੈ ਲੀਨ ਹ੍ਵੈ ਗਏ॥੩੦੯॥**

ਇਕ ਇਕ ਸੂਰਮਾ ਹਜ਼ਾਰਾਂ ਹਥਿਆਰ ਲੈ ਕੇ ਮਹਾਂਕਾਲ ਉਤੇ ਵਾਰ ਕਰਦਾ ਸੀ। ਮਹਾਂਕਾਲ ਨੂੰ ਕੋਈ ਸ਼ਸਤਰ ਵੀ ਨਹੀਂ ਵੱਜਦਾ ਸੀ ਅਤੇ ਸਾਰੇ ਸ਼ਸਤਰ ਮਹਾਂਕਾਲ ਵਿਚ ਹੀ ਲੀਨ ਹੋ ਜਾਂਦੇ ਸਨ॥੩੦੯॥

**ਸ਼ਸਤ੍ਰ ਲੀਨ ਲਖਿ ਅਸੁਰ ਰਿਸਾਨੇ॥ਸ਼ਸਤ੍ਰ ਅਸਤ੍ਰ ਲੈ ਕੋਪਿ ਸਿਧਾਨੇ॥**
**ਅਮਿਤ ਕੋਪ ਕਰਿ ਸ਼ਸਤ੍ਰ ਪ੍ਰਹਾਰਤ॥ਮਾਰਿ ਮਾਰਿ ਦਿਸਿ ਦਸੌਂ ਪੁਕਾਰਤ॥੩੧੦॥**

ਪਦ ਅਰਕ - ਲਖਿ=ਵੇਖਕੇ। ਰਿਸਾਨੇ=ਗੁੱਸੇ ਵਿਚ ਆਏ। ਸਿਧਾਨੇ=ਚਲੇ ਗਏ।

ਹਥਿਆਰਾਂ ਨੂੰ ਸਮਾ ਜਾਂਦਾ ਵੇਖਕੇ, ਦੈਂਤ ਬਹੁਤ ਗੁੱਸੇ ਵਿਚ ਆਏ ਅਤੇ ਹਥਿਆਰ ਲੈ ਕੇ ਬੜਾ ਕ੍ਰੋਧ ਕਰਕੇ ਚੱਲ ਪਏ। ਹਥਿਆਰਾਂ ਨਾਲ ਉਹ ਬੜੇ ਰੋਹ ਨਾਲ ਵਾਰ ਕਰ ਰਹੇ ਸਨ ਅਤੇ

********************************************************

ਸਭ ਪਾਸਿਆਂ ਤੋਂ ਮਾਰੋ ਮਾਰੋ ਪੁਕਾਰ ਰਹੇ ਸਨ।।੩੧੦।।

**ਮਾਰਿ ਮਾਰਿ ਕੀ ਸੁਨਿ ਧੁਨਿ ਕਾਨਾ।। ਕੋਪਾ ਕਾਲ ਸ਼ਸਤ੍ਰ ਗਹਿ ਨਾਨਾ।।**
**ਹਾਂਕਿ ਹਾਂਕਿ ਹਥਿਯਾਰ ਪ੍ਰਹਾਰੇ।। ਦੁਸ਼ਟ ਅਨਿਕ ਪਲ ਬੀਚ ਸੰਘਾਰੇ।।੩੧੧।।**

'ਮਾਰ ਮਾਰ' ਦੀ ਧੁੰਨ ਸੁਣ ਕੇ ਕਾਲ ਬਹੁਤ ਨਾਰਾਜ਼ ਹੋ ਕੇ ਅਨੇਕਾਂ ਹਥਿਆਰ ਲੈ ਕੇ ਚੱਲ ਪਿਆ। ਖਿੱਚ ਖਿੱਚ ਕੇ ਉਸ ਹਥਿਆਰ ਚਲਾਏ ਅਤੇ ਪਲ ਵਿਚ ਅਨੇਕਾਂ ਦੁਸ਼ਟਾਂ ਨੂੰ ਮਾਰ ਦਿੱਤਾ।।੩੧੧।।

**ਤਿਨਤੇ ਮੇਦ ਮਾਂਸ ਜੋ ਪਰੋ।। ਤਾ ਤੇ ਬਹੁ ਅਸੁਰਨ ਤਨ ਧਰੋ।।**
**ਮਾਰਿ ਮਾਰਿ ਕਹਿ ਸਮੁਹਿ ਸਿਧਾਏ।। ਬਾਂਧੇ ਚੁੰਗ ਚੌਪਿ ਤਨ ਆਏ।।੩੧੨।।**

ਪਦ ਅਰਥ - ਮੇਦ=ਮਿੱਝ। ਚੁੰਗ=ਗੁੱਹ, ਟੋਲਾ। ਚੌਪਿ=ਚਾਅ, ਉਮੰਗ, ਹੁਲਾਸ, ਖੁਸ਼ੀ।

ਉਨ੍ਹਾਂ ਦਾ ਜੋ ਮਿੱਝ ਅਤੇ ਮਾਸ ਡਿੱਗਾ ਉਸ ਤੋਂ ਬਹੁਤ ਸਾਰੇ ਦੈਂਤਾਂ ਨੇ ਸਰੀਰ ਧਾਰਨ ਕਰ ਲਿਆ। ਉਹ 'ਮਾਰ ਮਾਰ' ਕਹਿੰਦੇ ਹੋਏ ਟੋਲੀਆਂ ਬਣਾ ਕੇ ਖੁਸ਼ੀ ਵਿਚ ਚੁੰਗੀਆਂ ਭਰਦੇ ਸਾਹਮਣੇ ਵੱਲ ਭੱਜੇ।।੩੧੨।।

**ਇਕ ਇਕ ਟੂਕ ਸਹਸ ਕਰਿ ਡਾਰੇ।। ਤਿਨ ਤੇਂ ਭਏ ਅਸੁਰ ਰਨ ਭਾਰੇ।।**
**ਤਿਨਕੇ ਟੂਕ ਟੂਕ ਕਰਿ ਲੱਛਨ।। ਗੀਧ ਪਿਸਾਚ ਗਏ ਕਰਿ ਭੱਛਨ।।੩੧੩।।**

ਇਕ ਇਕ ਦੇ ਹਜ਼ਾਰਾਂ ਟੁਕੜੇ ਕਰ ਦਿੱਤੇ ਗਏ, ਜਿਨ੍ਹਾਂ ਤੋਂ ਰਣ ਖੇਤਰ ਵਿਚ ਹੋਰ ਭਾਰੀ ਦੈਂਤ ਪੈਦਾ ਹੋ ਗਏ। ਉਨ੍ਹਾਂ ਦੇ ਲੱਖਾਂ ਟੁਕੜੇ ਗਿੱਰਝਾਂ ਅਤੇ ਪਿਸ਼ਾਚ ਖਾ ਗਏ।।੩੧੩।।

**ਤੇ ਭੀ ਅਮਿਤ ਰੂਪ ਕਰਿ ਧਾਏ।। ਜੋ ਤਿਲ ਤਿਲ ਕਰਿ ਸੁਭਟ ਗਿਰਾਏ।।**
**ਤਿਨਕੀ ਕਰੀ ਨਾਸ ਸਭ ਸੈਨਾ।। ਮਹਾਂ ਕਾਲ ਕਰ ਰੰਚਕ ਭੈ ਨਾ।।੩੧੪।।**

ਜਿਨ੍ਹਾਂ ਸੂਰਮਿਆਂ ਨੂੰ ਤਿਲ ਤਿਲ ਕਰਕੇ ਕੱਟ ਦਿੱਤਾ ਗਿਆ ਸੀ, ਉਹ ਵੀ ਅਨੇਕ ਰੂਪ ਧਾਰ ਕੇ ਮੁੜ ਆ ਪਹੁੰਚੇ। ਮਹਾਂਕਾਲ ਨੇ ਉਨ੍ਹਾਂ ਦਾ ਰਤਾ ਵੀ ਭੈ ਨ ਮੰਨ ਕੇ, ਉਨ੍ਹਾਂ ਦੀ ਸਾਰੀ ਸੈਨਾ ਨੂੰ ਨਸ਼ਟ ਕਰ ਦਿੱਤਾ।।੩੧੪।।

**ਮਾਰਿ ਮਾਰਿ ਜੋਧਾ ਕਹੂੰ ਗਾਜਹਿ।। ਜੰਬੁਕ ਗੀਧ ਮਾਸ ਲੈ ਭਾਜਹਿ।।**
**ਪ੍ਰੇਤ ਪਿਸਾਚ ਕਹੂੰ ਲਿਲਕਾਰਹਿ।। ਡਾਕਨਿ ਝਾਕਿ ਕਿਲਕਟੀ ਮਾਰਹਿ।।੩੧੫।।**

ਯੋਧੇ ਕਿਤੇ 'ਮਾਰ ਮਾਰ' ਪੁਕਾਰ ਰਹੇ ਸਨ ਅਤੇ ਗਿੱਦੜ ਅਤੇ ਗਿੱਰਝਾਂ ਮਾਸ ਲੈ ਕੇ ਭੱਜ ਰਹੇ ਸਨ। ਕਿਤੇ ਪ੍ਰੇਤ ਪਿਸ਼ਾਚ ਲਲਕਾਰ ਰਹੇ ਸਨ ਅਤੇ ਕਿਤੇ ਚੜੇਲਾਂ ਕਿਲਕਾਰੀਆਂ ਮਾਰ ਰਹੀਆਂ ਸਨ।।੩੧੫।।

**ਕੋਕਿਲ ਕਾਕ ਜਹਾਂ ਕਿਲਕਾਰਹਿ॥ਸ੍ਰੋਨਤ ਕੇ ਕੇਸਰ ਘਸਿ ਡਾਰਹਿ॥**
**ਜਾਨੁਕ ਢੋਲ ਬਡੇ ਡਫ ਸੋਹੈ॥ਦੇਵ ਦੈਤ ਦਾਨਵ ਮਨ ਮੋਹੈ॥੩੧੬॥**

ਪਦ ਅਰਥ - ਕੋਕਿਲ=ਕੋਇਲ। ਕਾਕ=ਕਾਂ। ਸ੍ਰੋਨਤ=ਲਹੂ। ਮਨ ਮੋਹੈ=ਮਨ ਮੋਹਦੇ ਸਨ।

ਕੋਇਲ ਅਤੇ ਕਾਂ ਜਿਥੇ ਕਿਲਕਾਰੀਆਂ ਮਾਰ ਰਹੇ ਸਨ, ਓਥੇ ਖੂਨ ਦਾ ਕੇਸਰ ਪਾਇਆ ਜਾ ਰਿਹਾ ਸੀ। ਵੱਡੀਆਂ ਵੱਡੀਆ ਡਫਲੀਆਂ ਢੋਲਾਂ ਵਾਂਗ ਸ਼ੋਭ ਰਹੀਆਂ ਸਨ ਅਤੇ ਦੇਵ-ਦਾਨਵ ਸਭ ਦਾ ਮਨ ਮੋਹ ਰਹੀਆਂ ਸਨ॥੩੧੬॥

**ਬਾਨ ਜਾਨ ਕੁੰਕਮਾ ਪ੍ਰਹਾਰੇ॥ਮੂਠਿ ਗੁਲਾਲਨ ਬਰਛਾ ਭਾਰੇ॥**
**ਢਾਲ ਮਨੋ ਡਫਮਾਲਾ ਬਨੀ॥ਪਿਚੁਕਾਰਿਯੈ ਤੁਫੰਗੈਂ ਘਨੀ॥੩੧੭॥**

ਪਦ ਅਰਥ - ਕੁਕੰਮਾ=ਕੇਸਰ, ਕੁੰਗੂ, ਲਾਖ ਦਾ ਗੋਲਾ, ਇਸ ਵਿਚ ਗੁਲਾਲ ਭਰਕੇ ਹੋਲੀ ਦੇ ਮੌਕੇ ਤੇ ਚਲਾਈਦਾ ਹੈ, ਇਹ ਏਨਾ ਪਤਲਾ ਅਤੇ ਭੁਰਭੁਰਾ ਹੁੰਦਾ ਹੈ ਕਿ ਜ਼ਰਾ ਠੋਕਰ ਵੱਜਣ ਤੇ ਫੱਟ ਜਾਂਦਾ ਹੈ ਅਤੇ ਗੁਲਾਲ ਖਿਲਰ ਜਾਂਦਾ ਹੈ। ਗੁਲਾਲਨ=ਗੁਲਾਲ। ਡਫਮਾਲਾ=ਡਫਲੀਆਂ ਦੀ ਮਾਲਾ।

(ਹੋਲੀ ਦਾ ਦ੍ਰਿਸ਼ ਵਰਣਨ ਕੀਤਾ ਹੈ) ਤੀਰ ਮਾਨੋਂ ਲਾਖ ਦੇ ਗੋਲੇ ਸਨ ਅਤੇ ਬਰਛੇ ਮਾਨੋਂ ਗੁਲਾਲ ਦੀ ਮੁੱਠੀ ਸਨ। ਢਾਲ ਮਾਨੋਂ ਡਫਲੀ ਬਣ ਗਈ ਸੀ ਅਤੇ ਬੰਦੂਕ ਮਾਨੋਂ ਪਿਚਕਾਰੀ ਬਣ ਗਈ ਸੀ॥੩੧੭॥

**ਇਹ ਬਿਧਿ ਭਯੋ ਘੋਰ ਸੰਗ੍ਰਾਮਾ॥ਕਾਂਪਾ ਇੰਦ੍ਰ ਚੰਦ੍ਰ ਕੋ ਧਾਮਾ॥**
**ਪਸੁ ਪੰਛੀ ਅਤਿ ਹੀ ਅਕੁਲਾਏ॥ਛੋਡਿ ਧਾਮ ਕਾਨਨਹਿ ਸਿਧਾਏ॥੩੧੮॥**

ਇਸ ਪ੍ਰਕਾਰ ਘੋਰ ਸੰਗ੍ਰਾਮ ਹੋਇਆ ਅਤੇ ਇੰਦਰ ਅਤੇ ਚੰਦਰ ਲੋਕ ਵੀ ਕੰਬ ਗਏ। ਪਸ਼ੂ ਪੰਛੀ ਵੀ ਬੇਹੱਦ ਵਿਆਕੁਲ ਹੋ ਗਏ ਅਤੇ ਘਰਾਂ ਨੂੰ ਛੱਡ ਕੇ ਜੰਗਲ ਵਲ ਭੱਜ ਗਏ॥੩੧੮॥

**ਬਾਜੀ ਕਹੂੰ ਘਾਇਲ ਭਭਕਾਵਤ॥ਉਠਿ ਉਠਿ ਸੁਭਟ ਸਮੂਹ ਕਹ ਧਾਵਤ॥**
**ਕਹਕਹਾਟ ਕਹੂੰ ਕਾਲ ਸੁਨਾਵੈਂ॥ਭੀਖਨ ਸੁਨੇ ਨਾਮ ਭੈ ਆਵੈਂ॥੩੧੯॥**

ਕਿਤੇ ਜ਼ਖਮੀ ਘੋੜੇ ਭੱਭਕ ਰਹੇ ਸਨ ਅਤੇ ਕਿਤੇ ਸੂਰਬੀਰ ਉੱਠ ਕੇ ਸਾਹਮਣੇ ਵਾਲੇ ਪਾਸੇ ਭੱਜ ਰਹੇ ਸਨ। ਕਿਤੇ ਕਾਲ ਦਾ ਭਿਆਨਕ ਹਾਸਾ ਸੁਣਾਈ ਦੇ ਰਿਹਾ ਸੀ ਅਤੇ ਉਸਦਾ ਨਾਂ ਸੁਣਕੇ ਹੀ ਭੈਅ ਲੱਗਦਾ ਸੀ॥੩੧੯॥

**ਸੂਰਨ ਕੇ ਲੋਮਾ ਭੇ ਖਰੇ॥ਕਾਤਰ ਨਿਰਖਿ ਧਾਮ ਰਨ ਬਰੇ॥**

**ਸੋਫੀ ਸੂਮ ਭਏ ਬਹੁ ਬਜਾਕੁਲ ।। ਦਸੋ ਦਿਸਨ ਭਜਿ ਚਲੇ ਡਰਾਕੁਲ ।। ੩੨੦ ।।**

ਸੂਰਬੀਰਾਂ ਦੇ ਤਾਂ ਰੋਮ ਖੜੇ ਹੋ ਗਏ ਪਰ ਡਰਪੋਕ ਯੁੱਧ ਵੇਖ ਕੇ ਘਰਾਂ ਨੂੰ ਭੱਜ ਗਏ। ਸੋਫੀ ਅਤੇ ਸੂਮ ਸਾਰੇ ਵਿਆਕੁਲ ਹੋ ਗਏ ਅਤੇ ਕਾਇਰ ਦਸਾਂ ਪਾਸਿਆਂ ਵੱਲ ਭੱਜ ਪਏ।। ੩੨੦।।

**ਕੇਤਿਕ ਸੁਭਟ ਪਾਵ ਤੇ ਰੋਪੈਂ।। ਲੈ ਲੈ ਖੜਗ ਨਗਨ ਕਰਿ ਧੋਪੈਂ।।**
**ਮਹਾਕਾਲ ਕੁਪਿ ਸ਼ਸਤ੍ਰ ਪ੍ਰਹਾਰੇ ।। ਸਾਧ ਉਬਾਰਿ ਦੁਸ਼ਟ ਸਭ ਮਾਰੇ ।। ੩੨੧ ।।**

ਪਦ ਅਰਥ - ਸੁਭਟ=ਸੂਰਮੇ। ਰੋਪੈਂ=ਖੜੇ ਹੋ ਗਏ। ਉਬਾਰਿ=ਬਚਾ ਕੇ।

ਕਿੰਨੇ ਹੀ ਵੀਰ ਪੈਰ ਜਮਾ ਕੇ ਖਲੋ ਗਏ ਅਤੇ ਨੰਗੀਆਂ ਤਲਵਾਰਾਂ ਘੁਮਾਉਣ ਲੱਗੇ. ਮਹਾਂਕਾਲ ਨੇ ਗੁੱਸੇ ਵਿਚ ਆ ਕੇ ਹਥਿਆਰਾਂ ਦਾ ਵਾਰ ਕੀਤਾ ਅਤੇ ਸੰਤਾਂ ਨੂੰ ਬਚਾ ਲਿਆ ਅਤੇ ਦੁਸ਼ਟਾਂ ਨੂੰ ਮਾਰ ਦਿੱਤਾ।। ੩੨੧।।

**ਭੁਜੰਗ ਛੰਦ ।। ਮਚੇ ਆਨਿ ਮੈਦਾਨ ਮੈ ਬੀਰ ਭਾਰੇ ।। ਦਿਖੈ ਕੌਨ ਜੀਤੈ ਦਿਖੈ ਕੌਨ ਹਾਰੇ ।।**
**ਲਏ ਸੂਲ ਔ ਸੇਲ ਕਾਤੀ ਕਟਾਰੀ ।। ਚਹੂੰ ਓਰ ਗਾਜੇ ਹਠੀ ਬੀਰ ਭਾਰੀ ।। ੩੨੨ ।।**

ਮੈਦਾਨ ਵਿਚ ਬਹਾਦਰ ਸੂਰਮੇ ਟੁੱਟ ਕੇ ਪੈ ਗਏ। ਹੁਣ ਵੇਖਦੇ ਹਾਂ ਕਿ ਕੌਣ ਹਾਰਦਾ ਹੈ। ਤ੍ਰਿਸ਼ੂਲ, ਕਾਤੀ ਅਤੇ ਕਟਾਰਾਂ ਲੈ ਕੇ ਚਾਰੇ ਪਾਸੇ ਹੱਠੀ ਸੂਰਮੇ ਗੱਜਣ ਲੱਗੇ।। ੩੨੨।।

**ਬਜੇ ਘੋਰ ਸੰਗ੍ਰਾਮ ਮੋਂ ਘੋਰ ਬਾਜੇ ।। ਚਹੂੰ ਓਰ ਬਾਂਕੇ ਰਥੀ ਬੀਰ ਗਾਜੇ ।।**
**ਲਏ ਸੂਲ ਔ ਸੇਲ ਕਾਤੀ ਕਟਾਰੇ ।। ਮਚੇ ਕੋਪ ਕੈ ਕੈ ਹਠੀਲੇ ਰਜਜਾਰੇ ।। ੩੨੩ ।।**

ਉਸ ਘੋਰ ਸੰਗ੍ਰਾਮ ਵਿਚ ਘੋਰ ਵਾਜੇ ਵੱਜਣ ਲੱਗੇ ਅਤੇ ਚਾਰੇ ਪਾਸੇ ਬਾਂਕੇ ਰੱਥੀ ਗੱਜਣ ਲੱਗੇ। ਤ੍ਰਿਸ਼ੂਲ, ਕਾਤੀ, ਕਟਾਰ ਲੈ ਕੇ ਹੱਠੀ ਰਾਜੇ ਕ੍ਰੋਧਤ ਹੋ ਕੇ ਯੁੱਧ ਕਰਨ ਲੱਗੇ।। ੩੨੩।।

**ਕਹੂੰ ਧੂਲ ਧਾਨੀ ਛੁਟੈਂ ਫੀਲ ਨਾਲੈ ।। ਕਹੂੰ ਬਾਜ ਨਾਲੈ ਮਹਾਂ ਘੋਰ ਜ੍ਵਾਲੈ ।।**
**ਕਹੂੰ ਸੰਖ ਭੇਰੀ ਪ੍ਰਣੋ ਢੋਲ ਬਾਜੈਂ ।। ਕਹੂੰ ਸੂਰ ਠੋਕੈਂ ਭੁਜਾ ਭੂਪ ਗਾਜੈਂ ।। ੩੨੪ ।।**

ਪਦ ਅਰਥ - ਫੀਲ=ਹਾਥੀ। ਨਾਲੈ=ਟਾਪਾ। ਜ੍ਵਾਲੈ=ਅੱਗ। ਠੋਕੈਂ ਭੁਜਾ=ਪਟਾਂ ਤੇ ਹੱਥ ਮਾਰ ਰਹੇ ਸਨ।

ਕਿਤੇ ਧੂੜ ਉਡਾਉਂਦੇ ਹੋਏ ਹਾਥੀ ਘੁੰਮ ਰਹੇ ਸਨ। ਕਿਤੇ ਘੋੜਿਆਂ ਦਿਆਂ ਖੁਰਾਂ ਵਿਚੋਂ ਅੱਗ ਰੂਪੀ ਜਵਾਲਾਵਾਂ ਉਠ ਰਹੀਆਂ ਸਨ। ਕਿਤੇ ਸੰਖ, ਭੇਰੀ, ਢੋਲ ਆਦਿ ਵੱਜ ਰਹੇ ਸਨ। ਕਿਤੇ ਸੂਰਬੀਰ ਪੱਟਾਂ ਤੇ ਹੱਥ ਮਾਰ ਰਹੇ ਸਨ ਅਤੇ ਰਾਜੇ ਗੱਜ ਰਹੇ ਸਨ।। ੩੨੪।।

**ਕਹੂੰ ਘੋਰ ਬਾਦਿੱਤ੍ਰ ਬਾਜੈਂ ਨਗਾਰੇ ।। ਕਹੂੰ ਬੀਰ ਬਾਜੀ ਗਿਰੇ ਖੇਤ ਮਾਰੇ ।।**

*******************************************************

**ਕਹੂੰ ਖੇਤ ਨਾਚੈਂ ਪਠੈ ਪੱਖਰਾਰੇ।। ਕਹੂੰ ਸੂਰ ਸੰਗ੍ਰਾਮ ਸੋਹੈਂ ਡਰਾਰੇ।।੩੨੫।।**

ਕਿਤੇ ਘਨਘੋਰ ਵਾਜੇ, ਨਗਾਰੇ ਆਦਿ ਵੱਜ ਰਹੇ ਸਨ ਅਤੇ ਕਿਤੇ ਰਣਖੇਤਰ ਵਿਚ ਸੂਰਬੀਰ ਅਤੇ ਉਨ੍ਹਾਂ ਦੇ ਘੋੜੇ ਡਿੱਗ ਪਏ ਸਨ। ਕਿਤੇ ਯੁੱਧ ਵਿਚ ਘੋੜੇ ਨੱਚ ਰਹੇ ਸਨ ਅਤੇ ਕਿਤੇ ਡਰਾਉਣੇ ਸੂਰਬੀਰ ਯੁੱਧ ਵਿਚ ਸ਼ੋਭ ਰਹੇ ਸਨ।।੩੨੫।।

**ਕਹੂੰ ਬਾਜ ਮਾਰੇ ਕਹੂੰ ਝੂਮ ਹਾਥੀ।। ਕਹੂੰ ਫੈਂਟ ਭਾਥੀ ਜੁਝੇ ਬਾਂਧਿ ਸਾਥੀ।।**
**ਕਹੂੰ ਗਰਜਿ ਠੋਕੈਂ ਭੁਜਾ ਭੂਪ ਭਾਰੇ।। ਬਮੈ ਸ੍ਰੋਨ ਕੇਤੇ ਗਿਰੇ ਖੇਤ ਮਾਰੇ।।੩੨੬।।**

ਪਦ ਅਰਥ - ਭਾਥੀ=ਤੀਰਾਂ ਦਾ ਭੱਥਾ ਬੰਨਣ ਵਾਲਾ, ਧਨੁੱਖਧਾਰੀ। ਫੈਂਟ=ਪੇਟੀ, ਕਮਰਬੰਦ, ਲਪੇਟਣ ਵਾਲੀ ਵਸਤੂ, ਸਿਰ ਲਿਪੇਟਣ ਵਾਲਾ ਕੱਪੜਾ, ਸਾਫਾ, ਪੱਗ। ਬਮੈ ਸ੍ਰੂਨ=ਚੋਂਦਾ ਖੂਨ।

ਕਿਤੇ ਘੋੜੇ ਅਤੇ ਝੂਮਦੇ ਹੋਏ ਮਸਤ ਹਾਥੀ ਪਏ ਸਨ ਅਤੇ ਕਿਤੇ ਕਮਰ ਨਾਲ ਤੀਰਾਂ ਦੇ ਭਥੇ ਬੰਨ੍ਹੀ ਸੂਰਬੀਰ ਪਏ ਸਨ। ਕਿਤੇ ਵੱਡੇ ਵੱਡੇ ਰਾਜੇ ਗੱਜ ਗੱਜ ਕੇ ਪੱਟਾਂ ਤੇ ਹੱਥ ਮਾਰ ਰਹੇ ਸਨ ਅਤੇ ਕਿਤੇ ਮੈਦਾਨ ਵਿਚ ਪਏ ਸੂਰਿਮਆਂ ਦਾ ਲਹੂ ਚੋਅ ਰਿਹਾ ਸੀ।।੩੨੬।।

**ਚੌਪਈ।। ਇਹ ਬਿਧਿ ਅਸੁਰ ਜਬੈ ਚੁਨਿ ਮਾਰੇ।। ਅਮਿਤ ਰੋਸ ਕਰਿ ਔਰ ਸਿਧਾਰੇ।।**
**ਬਾਂਧੇ ਫੈਂਟ ਬਿਰਾਜੈਂ ਭਾਥੀ।। ਆਗੈ ਚਲੇ ਅਮਿਤ ਧਰਿ ਹਾਥੀ।।੩੨੭।।**

ਇਸ ਤਰ੍ਹਾਂ ਚੁਣ ਚੁਣ ਕੇ ਜਦ ਦੈਂਤਾਂ ਨੂੰ ਮਾਰ ਦਿੱਤਾ ਗਿਆ ਤਾਂ ਉਹ ਬੜੇ ਕ੍ਰੋਧ ਵਿਚ ਆ ਕੇ ਟੁੱਟ ਕੇ ਪੈ ਗਏ। ਕਮਰ ਨਾਲ ਤੀਰਾਂ ਦਾ ਭੱਥਾ ਬੰਨ੍ਹੀ ਧਨੁੱਖਧਾਰੀ ਸ਼ੋਭ ਰਹੇ ਸਨ ਅਤੇ ਉਨ੍ਹਾਂ ਦੇ ਅੱਗੇ ਅਣਗਿਣਤ ਹਾਥੀ ਚਲ ਰਹੇ ਸਨ।।੩੨੭।।

**ਸਾਥ ਲਏ ਅਨਗਨ ਪਖਰਾਰੇ।। ਉਮਡਿ ਚਲੇ ਦੈ ਢੋਲ ਨਗਾਰੇ।।**
**ਸੰਖ ਝਾਂਝ ਅਰੁ ਢੋਲ ਬਜਾਇ।। ਚਮਕਿ ਚਲੇ ਚੌਗੁਨ ਕਰਿ ਚਾਇ।।੩੨੮।।**

ਉਨ੍ਹਾਂ ਆਪਣੇ ਨਾਲ ਅਨੇਕ ਘੋੜ ਸਵਾਰ ਲਏ ਅਤੇ ਸਾਰੇ ਢੋਲ ਨਾਗਰੇ ਵਜਾਉਂਦੇ ਇਕੱਠੇ ਹੋ ਕੇ ਚਲ ਪਏ। ਸੰਖ, ਝਾਂਝ ਅਤੇ ਢੋਲ ਵਜਾਉਂਦੇ ਹੋਏ ਉਹ ਚਾਰ ਗੁਣਾਂ ਉਤਸ਼ਾਹ ਨਾਲ ਬੜੀ ਚਮਕ ਦਮਕ ਨਾਲ ਚਲ ਪਏ।।੩੨੮।।

**ਡਵਰੂ ਕਹੂੰ ਗੁੜਗੁੜੀ ਬਾਜੈਂ।। ਠੋਕਿ ਭੁਜਾ ਰਨ ਮੋਂ ਭਟ ਗਾਜੈਂ।।**
**ਮੁਰਜ ਉਪੰਗ ਮੁਰਲਿਯੈ ਘਨੀ।। ਭੇਰ ਝਾਂਜ ਬਾਜੈਂ ਰੁਨ ਝੁਨੀ।।੩੨੯।।**

ਪਦ ਅਰਥ - ਡਵਰੂ=ਡਮਰੂ, ਐਸਾ ਵਾਜਾ ਜਿਹੜਾ ਇਕ ਹੱਥ ਨਾਲ ਹੀ ਵਜਾਈਦਾ ਹੈ, ਇਸਦਾ ਵਿਚਕਾਰਲਾ ਭਾਗ ਪਤਲਾ ਅਤੇ ਦੋਵੇਂ ਸਿਰੇ ਚੌੜੇ ਹੁੰਦੇ ਹਨ ਅਤੇ ਚੰਮ ਨਾਲ ਮੜ੍ਹੇ ਹੁੰਦੇ ਹਨ। ਮ੍ਰਿਦੰਗ ਵਾਂਗ ਇਹ ਰਸੀਆਂ ਨਾਲ ਕਸਿਆ ਜਾਂਦਾ ਹੈ। ਦੋ ਛੋਟੇ ਕੱਪੜੇ ਦੀਆਂ ਗੰਢਾਂ ਲੰਮੀ

*************************************************

ਰੱਸੀ ਨਾਲ ਬੰਨ੍ਹੀਆਂ ਹੁੰਦੀ ਹਨ, ਜਦ ਹੱਥ ਨਾਲ ਡਮਰੂ ਨੂੰ ਹਿਲਾਈਦਾ ਹੈ, ਤਦ ਉਹ ਗੰਢਾਂ ਚਮ ਉਪਰ ਜਾ ਕੇ ਵੱਜਦੀਆਂ ਹਨ, ਜਿਸ ਤੋਂ ਡੱਮ ਡੱਮ ਦੀ ਆਵਾਜ਼ ਨਿਕਲਦੀ ਹੈ। ਸ਼ਿਵਜੀ ਦਾ ਇਹ ਪਿਆਰਾ ਵਾਜਾ ਮੰਨਿਆ ਜਾਂਦਾ ਹੈ।

ਗੁੜ ਗੁੜੀ=ਡੁਗ ਡੁਗੀ, ਡੁਗ ਡੁਗ ਆਵਾਜ਼ ਕੱਢਣ ਵਾਲੀ ਡਫ, ਛੋਟਾ ਡਮਰੂ।

ਕਿਤੇ ਡਮਰੂ ਅਤੇ ਕਿਤੇ ਡੁਗ ਡੁਗੀ ਵੱਜ ਰਹੀ ਸੀ ਅਤੇ ਸੂਰਮੇ ਬਾਹਾਂ ਠੋਕ ਕੇ ਯੁਧ ਵਿਚ ਗੱਜ ਰਹੇ ਸਨ। ਕਿਤੇ ਗੁਰਜ, ਉਪੰਗ ਅਤੇ ਮੁਰਲੀ ਵੱਜ ਰਹੀ ਸੀ ਅਤੇ ਕਿਤੇ ਭੇਰੀ ਝਾਂਝ ਯੁੱਧ ਵਿਚ ਰੁਣਝੁਣ-ਰੁਣਝੁਣ ਵੱਜ ਰਹੀ ਸੀ॥੩੨੯॥

## ਕਹੀ ਤੂੰਬਰੇ ਬਜੈਂ ਅਪਾਰਾ॥ਬੇਨ ਬਾਂਸੁਰੀ ਕਹੂੰ ਹਜਾਰਾ॥
## ਸ਼ੁਤਰੀ ਫੀਲ ਨਗਾਰੇ ਘਨੇ॥ਅਮਿਤ ਕਾਨ੍ਹ ਰੇ ਜਾਤ ਨ ਗਨੇ॥੩੩੦॥

ਕਿਤੇ ਤੂੰਬੀ ਅਤੇ ਕਿਤੇ ਹਜ਼ਾਰਾਂ ਬਾਂਸੁਰੀਆਂ ਵੱਜ ਰਹੀਆਂ ਸਨ। ਹਾਥੀ ਦੇ ਆਕਾਰ ਦੇ ਨਗਾਰੇ ਅਤੇ ਹੋਰ ਵਾਜੇ ਇਤਨੇ ਸਨ ਕਿ ਕੰਨ ਨਾਲ ਸੁਣ ਕੇ ਇਨ੍ਹਾਂ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ ਸੀ॥੩੩੦॥

## ਇਹ ਬਿਧਿ ਭਯੋ ਜਬੈ ਸੰਗ੍ਰਾਮਾ॥ਨਿਕਸੀ ਦਿਨ ਦੂਲਹ ਹ੍ਵੈ ਬਾਮਾ॥
## ਸਿੰਘ ਬਾਹਨੀ ਧੁਜਾ ਬਿਰਾਜੈ॥ਜਾਹਿ ਬਿਲੋਕ ਦੈਤ ਦਲ ਭਾਜੈ॥੩੩੧॥

ਪਦ ਅਰਥ - ਦੂਲਹ=ਜੀਵ, ਜਗਿਆਸੂ। ਬਾਹਨੀ=ਸੈਨਾ, ਫੌਜ, ਉਹ ਸੈਨਾ ਜੋ ਵਾਹਣ ਤੇ ਸਵਾਰ ਹੋਵੇ, ਰਥ, ਹਾਥੀ ਅਤੇ ਘੋੜਿਆਂ ਦੀ ਸੈਨਾ, ਫੌਜ ਜੀ ਇਕ ਖਾਸ ਗਿਣਤੀ-੮੧ ਰਥ, ੮੧ ਹਾਥੀ, ੨੪੩ ਸਵਾਰ ਅਤੇ ੪੦੫ ਪੈਦਲ।ਸਿੰਘ=ਸ਼ੇਰ। ਧੁਜਾ=ਝੰਡਾ, ਨਿਸ਼ਾਨ। ਬਿਲੋਕ=ਵੇਖ ਕੇ(ਨੋਟ:- ਐਥੇ ਦੂਲਹ ਸ਼ਬਦ ਕੁਮਾਰੀ ਦੂਲਹ ਦੇਵੀ ਜਗਤ ਮਾਤਾ ਵਾਸਤੇ ਵਰਤਿਆ ਗਿਆ ਹੈ, ਜਿਹੜੀ ਕਿ ਜਗਤ ਪਿਤਾ ਪ੍ਰਭੂ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ)। ਸਿੰਘ ਬਾਹਨੀ=ਸ਼ੇਰ ਦੀ ਸਵਾਰੀ।

ਇਸ ਵਿਧੀ ਅਨੁਸਾਰ ਜਦ ਜੰਗ ਚਲਦੀ ਰਹੀ ਤਾਂ ਕੁਮਾਰੀ ਦੂਲਹ ਦੇਵੀ ਸ਼ੇਰ ਤੇ ਸਵਾਰ ਹੋ ਕੇ ਫਿਰ ਪਰਗਟ ਹੋਈ। ਉਸ ਦੀ ਸੈਨਾ ਸ਼ੇਰ ਦੀ ਧੁਜਾ ਸਮੇਤ ਬਿਰਾਜਮਾਨ ਸੀ, ਜਿਸਨੂੰ ਵੇਖ ਦੈਂਤ ਦਲ ਵਿਚ ਭਾਜੜ ਪੈ ਗਈ॥੩੩੧॥

## ਆਵਤ ਹੀ ਬਹੁ ਅਸੁਰ ਸੰਘਾਰੇ॥ਤਿਲ ਤਿਲ ਪ੍ਰਾਇ ਰਥੀ ਕਰਿ ਡਾਰੇ॥
## ਕਾਟਿ ਦਈ ਕੇਤਿਨ ਕੀ ਧੁਜਾ॥ਜੰਘਾ ਪਾਵ ਸੀਸ ਅਰੁ ਭੁਜਾ॥੩੩੨॥

ਉਸ ਆਉਂਦਿਆ ਹੀ ਬਹੁਤ ਸਾਰੇ ਦੈਂਤਾਂ ਨੂੰ ਮਾਰ ਦਿੱਤਾ, ਅਤੇ ਸਭ ਰੱਥੀਆਂ ਨੂੰ ਤਿਲ ਤਿਲ ਕਰ ਦਿੱਤਾ। ਕਿੰਨਿਆਂ ਦੀਆਂ ਝੁੰਡੀਆਂ, ਲੱਤਾਂ, ਪੈਰ, ਸਿਰ ਅਤੇ ਬਾਹਾਂ ਵੱਢ ਦਿੱਤੀਆਂ॥੩੩੨॥

## ਭਾਂਤਿ ਭਾਂਤਿ ਤਨ ਸੁਭਟ ਪ੍ਰਹਾਰੇ॥ਟੂਕ ਟੂਕ ਕਰਿ ਪ੍ਰਿਥੀ ਪਛਾਰੇ॥

**ਕੇਸਨ ਤੇਂ ਗਹਿ ਕਿਤਨ ਪਛਾਰਾ॥ਸ਼ੱਤ੍ਰ ਸੈਨ ਤਿਲ ਤਿਲ ਕਰਿ ਡਾਰਾ॥੩੩੩॥**

ਕਈ ਪ੍ਰਕਾਰ ਨਾਲ ਸੂਰਮਿਆਂ ਦੇ ਸਰੀਰਾਂ ਉਤੇ ਵਾਰ ਕੀਤੇ ਅਤੇ ਉਨ੍ਹਾਂ ਨੂੰ ਟੁਕੜੇ ਟੁਕੜੇ ਕਰ ਕੇ ਧਰਤੀ ਤੇ ਸੁੱਟ ਦਿੱਤਾ। ਕਈਆਂ ਨੂੰ ਕੇਸ਼ਾਂ ਤੋਂ ਫੜ ਕੇ ਦੂਰ ਸੁੱਟ ਦਿੱਤਾ ਅਤੇ ਦੁਸ਼ਮਣ ਦੀ ਸੈਨਾ ਨੂੰ ਰਤਾ ਰਤਾ ਕਰ ਕੇ ਵੱਢ ਦਿੱਤਾ॥੩੩੩॥

**ਝਮਕਤ ਕਹੀਂ ਅਸਿਨ ਕੀ ਧਾਰਾ॥ਭਭਕਤ ਰੁੰਡ ਮੁੰਡ ਬਿਕਰਾਰਾ॥**
**ਕੇਤਿਕ ਗਰਜਿ ਸ਼ਸਤ੍ਰ ਕਟਿ ਸਜਹੀਂ॥ਅਸਤ੍ਰ ਛੋਰਿ ਕੇਤੇ ਭਟ ਭਜਹੀਂ॥੩੩੪॥**

ਪਦ ਅਰਥ - ਅਸਿਨ ਕੀ ਧਾਰਾ=ਤਲਵਾਰਾ ਦੀਆਂ ਧਾਰਾਂ। ਰੁੰਡ ਮੁੰਡ=ਸਰੀਰ ਅਤੇ ਸਿਰ। ਬਿਕਰਾਰਾ=ਵਿਕਰਾਲ ਰੂਪ ਵਿਚ।

ਕਿਤੇ ਕਿਰਪਾਨਾਂ ਦੀਆਂ ਧਾਰਾਂ ਚਮਕ ਰਹੀਆਂ ਸਨ ਅਤੇ ਕਿਤੇ ਸਿਰ ਧੜ ਵਿਕਰਾਲ ਰੂਪ ਵਿਚ ਭੱਭਕ ਰਹੇ ਸਨ। ਕਿੰਨੇ ਹੀ ਗੱਜ ਕੇ ਆਪਣੀ ਕਮਰ ਨਾਲ ਹਥਿਆਰ ਬੰਨ੍ਹ ਰਹੇ ਸਨ ਅਤੇ ਕਿੰਨੇ ਹੀ ਸੂਰਮੇ ਹਥਿਆਰ ਛੱਡ ਕੇ ਭੱਜ ਰਹੇ ਸਨ॥੩੩੪॥

**ਮਾਰੇ ਪਰੇ ਪ੍ਰਿਥੀ ਪਰ ਕੇਤੇ॥ਮਹਾ ਬੀਰ ਬਿਕਰਾਰ ਬਿਚੇਤੇ॥**
**ਝਿਮਿ ਝਿਮਿ ਗਿਰੈ ਸ੍ਰੋਨ ਜਿਮਿ ਝਰਨਾ॥ਭਯੋ ਘੋਰ ਰਨ ਜਾਤ ਨ ਬਰਨਾ॥੩੩੫॥**

ਕਿੰਨੇ ਹੀ ਮਹਾਂਬੀਰ ਵਿਕਰਾਲ ਰੂਪ ਵਿਚ ਹੋਸ਼ ਰਹਿਤ ਧਰਤੀ ਤੇ ਮਾਰੇ ਪਏ ਸਨ। ਉਨ੍ਹਾਂ ਦੇ ਸਰੀਰਾਂ ਵਿਚੋਂ ਖੂਨ ਝਰਨਿਆਂ ਵਾਂਗ ਝਿਮ ਝਿਮ ਡਿੱਗ ਰਿਹਾ ਸੀ। ਬੜਾ ਘੋਰ ਯੁੱਧ ਹੋਇਆ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ॥੩੩੫॥

**ਅਚਿ ਅਚਿ ਰੁਧਰ ਡਾਕਨੀ ਡਹਕੈਂ॥ਭਖਿ ਭਖਿ ਮਾਸ ਕਾਕ ਕਹੂੰ ਕਹਕੈਂ॥**
**ਦਾਰੁਨ ਹੋਤ ਭਯੋ ਤਹ ਜੁੱਧਾ॥ਹਮਰੇ ਬੀਚ ਨ ਆਵਤ ਬੁੱਧਾ॥੩੩੬॥**

ਚੜੇਲਾਂ ਲਹੂ ਪੀ ਪੀ ਕੇ ਡਕਾਰ ਮਾਰ ਰਹੀਆਂ ਸਨ ਅਤੇ ਕਾਂ ਆਦਿ ਮਾਸ ਖਾ ਖਾ ਕੇ ਕਾਂ ਕਾਂ ਕਰ ਰਹੇ ਸਨ। ਏਨਾ ਭਿਆਨਕ ਯੁੱਧ ਹੋਇਆ ਕਿ ਉਸ ਦਾ ਅੰਦਾਜਾ ਮੇਰੀ ਅਕਲ ਵਿਚ ਨਹੀਂ ਆ ਰਿਹਾ ਹੈ॥੩੩੬॥

**ਮਾਰੇ ਪਰੇ ਦੈਂਤ ਕਹੀਂ ਭਾਰੇ॥ਗਿਰੇ ਕਾਢਿ ਕਰਿ ਦਾਂਤ ਡਰਾਰੇ॥**
**ਸ੍ਰੋਨਤ ਬਮਤ ਬਦਨ ਤੇ ਏਕਾ॥ਬੀਰ ਖੇਤ ਬਲਵਾਨ ਅਨੇਕਾ॥੩੩੭॥**

ਕਿਤੇ ਮਰੇ ਹੋਏ ਦੈਂਤ ਦੰਦ ਕੱਢੀ ਡਿੱਗੇ ਪਏ ਸਨ। ਅਨੇਕਾਂ ਸੂਰਮੇ ਰਣਖੇਤਰ ਵਿਚ ਹੀ ਰਹਿ ਗਏ ਅਤੇ ਅਨੇਕਾਂ ਦੇ ਮੂੰਹਾਂ ਵਿਚੋਂ ਖੂਨ ਨਿਕਲ ਰਿਹਾ ਸੀ॥੩੩੭॥

Namdhari Elibrary NamdhariElibrary@gmail.com

***************************************************************

**ਬਡੇ ਬਡੇ ਜਿਨਕੇ ਸਿਰ ਸੀਂਗਾ॥ਚੌਂਚੈ ਬਡੀ ਭਾਂਤ ਜਿਨ ਢੀਂਗਾ॥**
**ਸ੍ਰੋਨਤ ਸੇ ਸਰ ਨੈਨ ਅਪਾਰਾ॥ਨਿਰਖ ਜਿਨੈ ਉਪਜਤ ਭ੍ਰਮ ਭਾਰਾ॥੩੩੮॥**

ਪਦ ਅਰਥ - ਢੀਂਗਾ=ਬਾਂਸ। ਨਿਰਖ=ਜਿਨ੍ਹਾਂ ਨੂੰ ਵੇਖ ਕੇ ਬੜਾ ਭਰਮ ਉਪਜਦਾ ਸੀ।

ਕਈ ਦੈਂਤ ਇਸ ਤਰ੍ਹਾਂ ਦੇ ਸਨ ਕਿ ਉਨ੍ਹਾਂ ਦੇ ਸਿਰਾਂ ਉੱਤੇ ਵੱਡੇ ਵੱਡੇ ਸਿੰਗ ਸਨ ਅਤੇ ਉਨ੍ਹਾਂ ਦੀਆਂ ਚੁੰਝਾਂ ਬਾਸਾਂ ਵਾਂਗ ਬਹੁਤ ਲੰਮੀਆਂ ਸਨ। ਉਨ੍ਹਾਂ ਦੇ ਨੈਣ ਲਹੂ ਦੇ ਸਰੋਵਰ ਵਾਂਗ ਲਾਲ ਸਨ, ਜਿਨ੍ਹਾਂ ਨੂੰ ਵੇਖ ਕੇ ਵੱਡਾ ਭਰਮ ਉਪਜਦਾ ਸੀ॥੩੩੮॥

**ਮਹਾਂਬੀਰ ਤ੍ਰੈ ਲੋਕ ਅਤੁਲ ਬਲ॥ਅਰਿ ਅਨੇਕ ਜੀਤੇ ਜਿਨ ਜਲ ਥਲ॥**
**ਮਹਾਂਬੀਰ ਬਲਵਾਨ ਡਰਾਰੇ॥ਚੁਨਿ ਚੁਨਿ ਬਾਲ ਬਰਛਿਯਨ ਮਾਰੇ॥੩੩੯॥**

ਉਹ ਮਹਾਨ ਸੂਰਬੀਰ ਤਿੰਨਾਂ ਲੋਕਾਂ ਵਿਚ ਬਲਵਾਨ ਸਨ, ਉਨ੍ਹਾਂ ਨੇ ਅਨੇਕਾਂ ਦੁਸ਼ਮਣਾਂ ਨੂੰ ਜਲ ਥਲ ਉਤੇ ਜਿਤਿਆ ਸੀ। ਦੂਲਹ ਦੇਵੀ ਨੇ ਇਨ੍ਹਾਂ ਸਭ ਸੂਰਮਿਆਂ ਨੂੰ ਚੁਣ ਚੁਣ ਕੇ ਬਰਛੀਆਂ ਨਾਲ ਮਾਰ ਦਿੱਤਾ॥੩੩੯॥

**ਕੇਤਿਕ ਸੁਭਟ ਅਬਿਕਟੈਂ ਮਾਰੇ॥ਕੇਤਿਕ ਕਰਨ ਕੇਹਰੀ ਫਾਰੇ॥**
**ਕੇਤਿਕ ਮਹਾਂ ਕਾਲ ਅਰਿ ਕੂਟੇ॥ਬਾਦਲ ਸੇ ਸਭ ਹੀ ਦਲ ਫੂਟੇ॥੩੪੦॥**

ਪਦ ਅਰਥ - ਕੇਹਰੀ=ਸ਼ੇਰ। ਦਲ ਫੂਟੇ=ਦਲ ਪਾਟ ਗਏ।

ਕਿੰਨਿਆਂ ਹੀ ਸੂਰਮਿਆਂ ਨੂੰ ਉਸ ਆਸਾਨੀ ਨਾਲ ਮਾਰ ਦਿੱਤਾ ਅਤੇ ਕਈਆਂ ਦੇ ਕੰਨ ਸ਼ੇਰ ਨੇ ਪਾੜੇ ਦਿੱਤੇ। ਕਿੰਨੇ ਹੀ ਦੁਸ਼ਮਣ ਮਹਾਂਕਾਲ ਨੇ ਆ ਕੁਟੇ ਅਤੇ ਦੁਸ਼ਮਣਾਂ ਦੇ ਦਲ ਬਦਲਾਂ ਵਾਂਗ ਪਾਟ ਗਏ॥੨੪੦॥

**ਕੇਤੇ ਬੀਰ ਬਰਛਿਯਨ ਮਾਰੇ॥ਟੂਕ ਟੂਕ ਕੇਤਿਕ ਕਰਿ ਡਾਰੇ॥**
**ਕੇਤੇ ਹਨੇ ਖੜਗ ਕੀ ਧਾਰਾ॥ਲੋਹ ਕਟੀਲੇ ਸੂਰ ਅਪਾਰਾ॥੩੪੧॥**

ਕਿੰਨੇ ਹੀ ਸੂਰਮਿਆਂ ਨੂੰ ਬਰਛੀਆਂ ਨਾਲ ਮਾਰ ਦਿੱਤਾ ਅਤੇ ਕਿੰਨੇ ਹੀ ਸੂਰਮਿਆਂ ਨੂੰ ਟੁਕੜੇ ਟੁਕੜੇ ਕਰ ਦਿੱਤਾ। ਕਈਆਂ ਕਟੀਲਿਆਂ ਫੁਰਤੀਲਿਆਂ ਸੂਰਬੀਰਾਂ ਨੂੰ ਖੜਗ ਦੇ ਨਾਲ ਵੱਢ ਦਿੱਤਾ॥੩੪੧॥

**ਕੇਤਿਕ ਸੂਲ ਸੈਹਥੀ ਹਨੇ॥ਸੁੰਦਰ ਸੁਘਰ ਸਿਪਾਹੀ ਬਨੇ॥**
**ਇਹ ਬਿਧਿ ਪਰੇ ਸੁ ਬੀਰ ਪ੍ਰਹਾਰੇ॥ਭੂਮਿ ਚਾਲ ਮਨੋ ਗਿਰੇ ਮੁਨਾਰੇ॥੩੪੨॥**

ਕਿੰਨਿਆਂ ਹੀ ਸੁੰਦਰ ਸਿਪਾਹੀਆਂ ਨੂੰ ਤ੍ਰਿਸ਼ੂਲ, ਕਿਰਪਾਨ ਆਦਿ ਨਾਲ ਮਾਰ ਦਿੱਤਾ। ਇਸ ਤਰ੍ਹਾਂ ਯੁੱਧ ਖੇਤਰ ਵਿਚ ਭਾਰੀ ਸੂਰਬੀਰ ਇਸ ਪ੍ਰਕਾਰ ਡਿੱਗੇ ਪਏ ਸਨ ਜਿਵੇਂ ਕਿ ਭੁਚਾਲ ਨਾਲ ਮਹਿਲ

ਮੁਨਾਰੇ ਡਿੱਗੇ ਪਏ ਹੋਣ।।੩੪੨।।

**ਇਹ ਬਿਧਿ ਗਿਰੇ ਬੀਰ ਰਨ ਭਾਰੇ।। ਜਨੁ ਨਗਇੰਦ੍ਰ ਬੱਜ੍ਰ ਤੇ ਮਾਰੇ।।**
**ਟੂਕ ਟੂਕ ਜੂਝੇ ਹ੍ਵੈ ਘਨੇ।। ਜਾਨੁਕ ਗੌਸ ਕੁਤਬ ਸੇ ਬਨੇ।।੩੪੩।।**

ਨਗਇੰਦ੍ਰ=ਪਹਾੜ। ਘਨੇ=ਬਹੁਤ ਸਾਰੇ। ਗੌਸ ਕੁਤਬ=ਫਕੀਰ ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਬੰਦਗੀ ਦੌਰਾਨ ਉਹ ਆਪਣੇ ਅੰਗ ਖਿਲਾਰ ਕੇ ਬੈਠਦੇ ਹਨ।

ਪਦ ਅਰਥ - ਸੂਰਮੇ ਇਸਤਰ੍ਹਾਂ ਡਿੱਗੇ ਪਏ ਸਨ ਜਿਵੇਂ ਕਿ ਇੰਦਰ ਦੇ ਗੁਰਜ ਦੀ ਮਾਰ ਨਾਲ ਪਹਾੜ ਪਏ ਹੋਣ। ਉਨ੍ਹਾਂ ਦੇ ਵੱਖ ਵੱਖ ਖਿਲਰੇ ਅੰਗ ਇਸ ਤਰ੍ਹਾਂ ਲਗ ਰਹੇ ਸਨ, ਜਿਵੇਂ ਗੌਸ ਫਕੀਰ ਆਪਣੇ ਅੰਗ ਵੱਖ ਵੱਖ ਕਰਕੇ ਬੰਦਗੀ ਵਿਚ ਲੀਨ ਹੋਣ।।੩੪੩।।

**ਸ੍ਰੋਨ ਪੁਲਿਤ ਹ੍ਵੈ ਕਿਤੇ ਪਰਾਏ।।ਚਾਚਰਿ ਖੇਲਿ ਮਨੋ ਘਰ ਆਏ।।**
**ਭਾਜਤ ਭਏ ਬਿਮਨ ਹ੍ਵੈ ਐਸੇ।।ਦਰਬ ਹਰਾਇ ਜੁਆਰੀ ਜੈਸੇ।।੩੪੪।।**

ਲਹੂ ਨਾਲ ਭਿੱਜੇ ਇੰਝ ਭੱਜ ਰਹੇ ਸਨ ਜਿਵੇਂ ਕਿ ਹੋਲੀ ਖੇਡ ਕੇ ਵਾਪਿਸ ਘਰ ਪਰਤੇ ਹੋਣ। ਬਚੈਨ ਹੋਕੇ ਕਈ ਇਸਤਰ੍ਹਾਂ ਭੱਜ ਰਹੇ ਸਨ ਜਿਵੇਂ ਕੋਈ ਜੁਆਰੀਆਂ ਧਨ ਹਾਰ ਕੇ ਨੱਠ ਪਿਆ ਹੋਵੇ।।੩੪੪।।

**ਜੋ ਜੂਝੇ ਸਨਮੁਖ ਅਸ ਧਾਰਾ।। ਤਿਨ ਕਾ ਪਲ ਮੋਂ ਭਯੋ ਉਧਾਰਾ।।**
**ਇਹ ਜਗ ਤੇ ਬਿਲਖਤ ਨਹਿ ਭਏ।।ਚੜ੍ਹਿ ਬਿਵਾਨ ਸੁਰਲੋਕ ਸਿਧਏ।।੩੪੫।।**

ਜਿਹੜਾ ਤਲਵਾਰ ਦੀ ਧਾਰ ਦੇ ਸਾਹਮਣੇ ਲੜਦਾ ਸੀ ਉਸਦਾ ਤਾਂ ਪਲ ਭਰ ਵਿਚ ਕਲਿਆਣ ਹੋ ਜਾਂਦਾ ਸੀ। ਉਹ ਹੁਣ ਇਸ ਜਗਤ ਵਿਚ ਵਿਆਕੁਲ ਨਹੀਂ ਹੁੰਦੇ ਸਨ ਬਲਕਿ ਵਿਮਾਨ ਵਿਚ ਚੜ੍ਹਕੇ ਸਵਰਗ ਲੋਕ ਚਲੇ ਜਾਂਦੇ ਸਨ।।੩੪੫।।

**ਸੋਫੀ ਜੇਤੇ ਭਜਤ ਪ੍ਰਹਾਰੇ।।ਤੇ ਲੈ ਬਡੇ ਨਰਕ ਮੋਂ ਡਾਰੇ।।**
**ਸਾਮੁਹਿ ਹ੍ਵੈ ਜਿਨਿ ਦੀਨੇ ਪ੍ਰਾਨਾ।। ਤਿਨ ਨਰ ਬੀਰ ਬਰੰਗਨਿ ਨਾਨਾ।।੩੪੬।।**

ਪਦ ਅਰਥ - ਸੋਫੀ=ਜਿਹੜੇ ਸ਼ਰਾਬ, ਭੰਗ ਆਦਿ ਨਹੀਂ ਪੀਂਦੇ। ਬਰੰਗਨਿ=ਪਰੀਆਂ।

ਜੰਨੇ ਵੀ ਭੱਜਦੇ ਹੋਏ ਸੋਫੀਆਂ ਤੇ ਸ਼ਸਤਰਾਂ ਦੇ ਵਾਰ ਕੀਤੇ ਗਏ, ਉਨ੍ਹਾਂ ਸਾਰਿਆਂ ਨੂੰ ਨਰਕ ਵਿਚ ਸੁੱਟ ਦਿੱਤਾ ਗਿਆ। ਜਿਨ੍ਹਾਂ ਨੇ ਸਾਹਮਣੇ ਹੋਕੇ ਜੂਝ ਕੇ ਪ੍ਰਾਣ ਤਿਆਗੇ, ਉਨ੍ਹਾਂ ਨੂੰ ਅਨੇਕਾਂ ਪਰੀਆਂ ਨੇ ਵਰ ਲਿਆ।।੩੪੬।।

**ਕੇਤਿਕ ਬਿਧੇ ਬੱਜ੍ਰ ਅਰੁ ਬਾਨਾ।। ਗਿਰਿ ਗਿਰਿ ਪਰੇ ਧਰਨ ਪਰ ਨਾਨਾ।।**
**ਮਹਾਂਰਥੀ ਬਾਨਨ ਕੌ ਬਾਂਧੇ।। ਗਿਰਿ ਗਿਰਿ ਪਰੇ ਰਹੇ ਪੁਨਿ ਸਾਂਧੇ।।੩੪੭।।**

Namdhari Elibrary NamdhariElibrary@gmail.com

************************************************************
ਕਿੰਨੇ ਹੀ ਗੁਰਜ ਅਤੇ ਤੀਰਾ ਦੇ ਵਿੰਨ੍ਹੇ ਹੋਏ, ਧਰਤੀ ਤੇ ਅਨੇਕਾਂ ਪ੍ਰਕਾਰ ਨਾਲ ਪਏ ਸਨ। ਮਹਾਂਰਥੀ ਤੀਰਾਂ ਦਾ ਭਥਾ ਬੰਨ੍ਹੇ ਹੋਏ ਹੀ ਧਰਤੀ ਤੇ ਡਿੱਗੇ ਪਏ ਸਨ, ਪਰ ਫਿਰ ਵੀ ਉਨ੍ਹਾਂ ਨਿਸ਼ਾਨਾਂ ਸੋਧਿਆ ਹੋਇਆ ਸੀ।।੩੪੭।।

**ਸੂਰ ਬਡੇ ਰਨ ਮਚੇ ਬਿਕਟ ਅਤਿ।।ਧਾਇ ਧਾਇ ਕਰ ਪਰੇ ਬਿਕਟ ਮਤਿ।।**
**ਮਾਰਿ ਮਾਰਿ ਕਰਿ ਸਕਲ ਪੁਕਾਰਾ।।ਦੁੰਦਭਿ ਢੋਲ ਦਮਾਮੋ ਭਾਰਾ।।੩੪੮।।**

ਵੱਡੇ ਵੱਡੇ ਸੂਰਬੀਰਾਂ ਨੇ ਘਮਸਾਣ ਦਾ ਯੁੱਧ ਮਚਾਇਆ ਹੋਇਆ ਸੀ ਅਤੇ ਸੂਰਮੇ ਭਿਆਨਕ ਰੂਪ ਨਾਲ ਇਕ ਦੂਸਰੇ ਤੇ ਧਾਵਾ ਬੋਲ ਰਹੇ ਸਨ। ਵੱਡੇ ਵੱਡੇ ਢੋਲ ਨਗਾਰੇ ਵੱਜ ਰਹੇ ਸਨ ਅਤੇ ਸਾਰੇ ਪਾਸੇ 'ਮਾਰ ਮਾਰ' ਪੁਕਾਰ ਰਹੇ ਸਨ।।੩੪੮।।

**ਹਾਂਕਿ ਹਾਂਕਿ ਹਥਿਯਾਰ ਪ੍ਰਹਾਰੇ।।ਬੀਨਿ ਬੀਨਿ ਬਾਨਨ ਤਨ ਮਾਰੇ।।**
**ਝੁਕਿ ਝੁਕਿ ਹਨੇ ਸੈਹਥੀ ਘਾਇਨ।।ਜੂਝੈ ਅਧਿਕ ਦੁਬਹਿਯਾ ਚਾਇਨ।।੩੪੯।।**

ਪਦ ਅਰਥ – ਹਾਂਕਿ ਹਾਂਕਿ=ਬੋਲ ਬੋਲ, ਪੁਕਾਰ ਪੁਕਾਰ। ਬੀਨਿ ਬੀਨਿ=ਚੁਣ ਚੁਣਕੇ। ਦੁਬਹਿਯਾ=ਦੋ ਬਾਹਾਂ ਵਾਲੇ। ਚਾਇਨ=ਚਾਹ, ਉਤਸ਼ਾਹ।

ਬੋਲ ਬੋਲ ਕੇ ਸ਼ਸਤਰ ਚਲਾ ਰਹੇ ਸਨ ਅਤੇ ਚੁਣ ਚੁਣ ਕੇ ਸਰੀਰਾਂ ਉਤੇ ਤੀਰ ਚਲਾ ਰਹੇ ਸਨ। ਝੁਕ ਝੁਕ ਕੇ ਕਿਰਪਾਨਾਂ ਨਾਲ ਜ਼ਖਮੀ ਕਰਕੇ ਮਾਰ ਰਹੇ ਸਨ। ਯੁੱਧ ਵਿਚ ਦੋ ਬਾਹਾਂ ਵਾਲੇ ਸੂਰਮੇ ਜ਼ਿਆਦਾ ਉਤਸ਼ਾਹ ਨਾਲ ਲੜ ਰਹੇ ਸਨ।।੩੪੯।।

**ਕਹੀਂ ਪਰੇ ਹਾਥਿਨ ਕੇ ਸੁੰਡਾ।।ਬਾਜੀ ਰਥੀ ਗਜਨ ਕੇ ਮੁੰਡਾ।।**
**ਝੁੰਡ ਪਰੇ ਕਹੀਂ ਜੂਝਿ ਜੁਝਾਰੇ।।ਤੀਰ ਤੁਫੰਗ ਤੁਪਨ ਕੇ ਮਾਰੇ।।੩੫੦।।**

ਕਿਤੇ ਹਾਥੀਆਂ ਦੀਆਂ ਸੁੰਡਾਂ ਪਈਆਂ ਸਨ ਅਤੇ ਘੋੜ ਸਵਾਰਾਂ, ਰੱਥ ਸਵਾਰਾਂ ਅਤੇ ਹਾਥੀ ਸਵਾਰਾਂ ਦੇ ਸਿਰ ਪਏ ਸਨ। ਕਿਤੇ ਮਰੇ ਹੋਏ ਸੂਰਬੀਰਾਂ ਦੇ ਝੁੰਡ, ਤੀਰਾਂ, ਬੰਦੂਕਾਂ ਅਤੇ ਤੋਪਾਂ ਨਾਲ ਮਾਰੇ ਹੋਏ ਪਏ ਸਨ।।੩੫੦।।

**ਬਹੁ ਜੂਝੇ ਇਹ ਭਾਂਤਿ ਸਿਪਾਹੀ।।ਭਾਂਤਿ ਭਾਂਤਿ ਧੁਜਨੀ ਰਿਪੁ ਗਾਹੀ।।**
**ਉਤ ਕੀਯ ਸਿੰਘ ਬਾਹਨੀ ਕੋਪੈਂ।।ਇਤ ਅਸਿਧੁਜ ਲੈ ਧਾਯੋ ਧੋਪੈਂ।।੩੫੧।।**

ਇਸ ਢੰਗ ਨਾਲ ਅਨੇਕਾਂ ਸਿਪਾਹੀ ਜੂਝ ਗਏ ਅਤੇ ਸੂਰਬੀਰਾਂ ਨੇ ਦੁਸ਼ਮਣ ਦੀ ਫੌਜ ਦਾ ਮੰਥਨ ਕੀਤਾ। ਏਧਰ ਸਿੰਘ ਬਾਹਨੀ (ਜਗਤ ਮਾਤਾ) ਕ੍ਰੋਧ ਵਿਚ ਆਕੇ ਉਠੀ ਅਤੇ ਓਧਰ ਉਸ ਦੀ ਸਹਾਇਤਾ ਵਿਚ ਮਹਾਂਕਾਲ ਸਿਧੀ ਤਲਵਾਰ ਹੱਥ ਵਿਚ ਲੈਕੇ ਟੁੱਟ ਕੇ ਪੈ ਗਿਆ।।੩੫੧।।

**ਕਹੂੰ ਲਸੈਂ ਰਨ ਖੜਗ ਕਟਾਰੀ।।ਜਾਨੁਕ ਮੱਛ ਬੰਧੇ ਮਧਿ ਜਾਰੀ।।**

Namdhari Elibrary NamdhariElibrary@gmail.com

************************************************************

**ਸਿੰਘ ਬਾਹਨੀ ਸ਼ੱਤ੍ਰ ਬਿਹੰਡੇ ।। ਤਿਲ ਤਿਲ ਪ੍ਰਾਇ ਅਸੁਰ ਕਰਿ ਖੰਡੇ ।। ੩੫੨ ।।**

ਪਦ ਅਰਥ - ਸਿੰਘ ਬਾਹਨੀ=ਜਗਤ ਮਾਤਾ। ਸੱਤ੍ਰ=ਦੁਸ਼ਮਣ। ਬਿਹੰਡੇ=ਨਾਸ ਕਰ ਦਿੱਤਾ। ਮਧਿ ਜਾਰੀ=ਜਾਲ ਵਿਚ।

ਯੁੱਧ ਵਿਚ ਕਿਤੇ ਖੜਗ ਤੇ ਕਟਾਰਾਂ ਸ਼ੋਭ ਰਹੀਆਂ ਸਨ ਅਤੇ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਮਛੀਆਂ ਜਾਲ ਵਿਚ ਬੰਨ੍ਹ ਲਈਆਂ ਹੋਣ। ਸਿੰਘ ਬਾਹਨੀ ਨੇ ਦੁਸ਼ਮਣਾਂ ਨੂੰ ਤਬਾਹ ਕਰ ਦਿੱਤਾ ਅਤੇ ਉਨ੍ਹਾਂ ਨੂੰ ਟੁਕੜੇ ਟੁਕੜੇ ਕਰ ਕੇ ਰੱਖ ਦਿੱਤਾ।।੩੫੨।।

**ਕਹੂੰ ਪਾਖਰੈਂ ਕਟੀ ਬਿਰਾਜੈ।। ਬਖਤਰ ਕਹੂੰ ਗਿਰੇ ਨਰ ਰਾਜੈ।।**
**ਕਹੂੰ ਚਲਤ ਸ੍ਰੋਨਤ ਕੀ ਧਾਰਾ।। ਛੂਟਤ ਬਾਗ ਮੋ ਜਨੁਕ ਫੁਹਾਰਾ।। ੩੫੩ ।।**

ਪਦ ਅਰਥ - ਪਾਖਰੈਂ=ਹਾਥੀਆਂ ਘੋੜਿਆਂ ਦੇ ਜੰਜੀਰ ਦਾਰ ਲੋਹੇ ਦੇ ਝੁੱਲ, ਜਿਸ ਤੋਂ ਜੰਗ ਵਿਚ ਸਰੀਰ ਦੀ ਰਖਿਆ ਹੁੰਦੀ ਹੈ। ਛੂਟਤ=ਚਲ ਰਿਹਾ।

ਕਿਤੇ ਘੋੜਿਆਂ ਅਤੇ ਹਾਥੀਆਂ ਦੇ ਲੋਹੇ ਦੇ ਝੁੱਲ ਕਟੇ ਪਏ ਸਨ ਅਤੇ ਕਿਤੇ ਜ਼ਰਾ ਬਖਤਰਾਂ ਸਮੇਤ ਡਿੱਗੇ ਹੋਏ ਰਾਜੇ ਬਿਰਾਜ ਰਹੇ ਸਨ। ਕਿਤੇ ਖ਼ੂਨ ਦੀ ਧਾਰ ਇਸ ਤਰ੍ਹਾਂ ਚਲ ਰਹੀ ਸੀ ਕਿ ਜਿਵੇਂ ਬਾਗ ਵਿਚ ਫੁਹਾਰੇ ਚਲ ਰਹੇ ਹੋਣ।।੩੫੩।।

**ਕਹੂੰ ਡਾਕਨੀ ਸ੍ਰੋਨਤ ਪੀਯੈਂ।। ਝਾਂਕਨਿ ਕਹੂੰ ਮਾਸ ਭਖਿ ਜੀਯੈਂ।।**
**ਕਾਕਨਿ ਕਹੂੰ ਫਿਰੈ ਕਹਕਾਤੀ।। ਪ੍ਰੇਤ ਪਿਸਾਚਨ ਡੋਲਤ ਮਾਤੀ।। ੩੫੪ ।।**

ਕਿਤੇ ਚੁੜੇਲਾ ਖੂਨ ਪੀ ਰਹੀਆਂ ਸਨ ਅਤੇ ਕਿਤੇ ਗਿਰਝਾਂ ਮਾਸ ਖਾ ਰਹੀਆਂ ਸਨ। ਕਿਤੇ ਕਾਉਂਣੀਆਂ ਕਾਂ ਕਾਂ ਕਰਦੀਆਂ ਫਿਰਦੀਆਂ ਸਨ ਅਤੇ ਕਿਤੇ ਪ੍ਰੇਤ ਪਿਸ਼ਾਚ ਮਦਮਸਤ ਘੁੰਮ ਰਹੇ ਸਨ।। ੩੫੪।।

**ਹਸਤ ਫਿਰਤ ਪ੍ਰੇਤਨ ਕੀ ਦਾਰਾ।। ਡਾਕਨਿ ਕਹੂੰ ਬਜਾਵਤ ਤਾਰਾ।।**
**ਜੋਗਨਿ ਫਿਰੈਂ ਕਹੂੰ ਮੁਸਕਾਤੀ।। ਭੂਤਨ ਕੀ ਇਸਤ੍ਰੀ ਮਦ ਮਾਤੀ।। ੩੫੫ ।।**

ਪ੍ਰੇਤਾਂ ਦੀਆਂ ਇਸਤਰੀਆਂ ਹੱਸਦੀਆਂ ਖੇਡਦੀਆਂ ਘੁੰਮ ਰਹੀਆਂ ਸਨ ਅਤੇ ਕਿਤੇ ਚੁੜੇਲਾ ਤਾਲੀਆਂ ਵਜਾ ਰਹੀਆਂ ਸਨ। ਜੋਗਣੀਆਂ ਹੱਸਦੀਆਂ ਹੋਈਆਂ ਫਿਰ ਰਹੀਆਂ ਸਨ ਅਤੇ ਕਿਤੇ ਭੂਤਣੀਆਂ ਮਦਮਸਤ ਘੁਮ ਰਹੀਆਂ ਸਨ।।੩੫੫।।

**ਫਿਰਤ ਡਕਾਰ ਕਹੂੰ ਰਨ ਡਾਕਨਿ।। ਮਾਸ ਅਹਾਰ ਕਰਤ ਕਹੂੰ ਝਾਕਨਿ।।**
**ਪ੍ਰੇਤ ਪਿਸਾਚ ਹਸੇ ਕਿਲਕਾਰੈਂ।। ਕਹੂੰ ਮਸਾਨ ਕਿਲਕਟੀ ਮਾਰੈਂ।। ੩੫੬ ।।**

ਰਣ ਖੇਤਰ ਵਿਚ ਕਿਤੇ ਡਾਇਣਾਂ ਡਕਾਰ ਮਾਰਦੀਆਂ ਘੁੰਮ ਰਹੀਆਂ ਸਨ, ਅਤੇ ਕਿਤੇ ਗਿੱਰਝਾਂ ਮਾਸ ਖਾ ਰਹੀਆਂ ਸਨ। ਪ੍ਰੇਤ ਪਿਸ਼ਾਚ ਹੱਸ ਹੱਸ ਕੇ ਕਿਲਕਾਰੀਆਂ ਮਾਰ ਰਹੇ ਸਨ ਅਤੇ ਕਿਤੇ ਭੂਤ

**********************************************************

ਖੁਸ਼ੀ ਵਿਚ ਚਾਂਘਰਾਂ ਮਾਰ ਰਹੇ ਸਨ।।੩੫੬।।

**ਕਢੈ ਦੈਤ ਰਨ ਦਾਂਤ ਬਿਹਾਰਤ।।ਭੂਤ ਪ੍ਰੇਤ ਤਾਲੀ ਕਹ ਮਾਰਤ।।**
**ਉਲਕਾ ਪਾਤ ਹੋਤ ਆਕਾਸਾ।।ਅਸੁਰ ਸੈਨ ਇਹ ਬਿਧਿ ਭਜੋ ਨਾਸਾ।।੩੫੭।।**

ਪਦ ਅਰਥ - ਉਲਕਾ ਪਾਤ=ਅਕਾਸ਼ ਤੋਂ ਅੰਗਾਰਿਆਂ ਦਾ ਡਿਗੱਣਾ।

ਦੈਂਤ ਦੰਦ ਕੱਢੀ ਘੁੰਮ ਰਹੇ ਸਨ ਅਤੇ ਕਿਤੇ ਭੂਤ ਪ੍ਰੇਤ ਗਿੱਧਾ ਪਾ ਰਹੇ ਸਨ। ਅਕਾਸ਼ ਤੋਂ ਅੱਗ ਦੇ ਅੰਗਾਰੇ ਡਿੱਗਣ ਲੱਗੇ ਅਤੇ ਇਸ ਤਰ੍ਹਾਂ ਦੈਂਤ ਸੈਨਾ ਨਸ਼ਟ ਹੋ ਗਈ।।੩੫੭।।

**ਬਹੁਤ ਅਮਿਤ ਰਨ ਪਵਨ ਪ੍ਰਚੰਡਾ।।ਦਿਖਿਯਤ ਪਰੇ ਸੁਭਟ ਖੰਡ ਖੰਡਾ।।**
**ਕਾਕਨਿ ਕੁਹਕਿ ਮਾਨਵਤਿ ਤਾਤੀ।।ਫਾਗੁਨ ਜਾਨੁ ਕੋਕਿਲਾ ਮਾਤੀ।।੩੫੮।।**

ਯੁੱਧ ਖੇਤਰ ਵਿਚ ਤੇਜ਼ ਹਵਾ ਚਲ ਰਹੀ ਸੀ ਅਤੇ ਸੂਰਮੇ ਖੰਡ ਖੰਡ ਹੋਏ ਦਿਖਾਈ ਦੇ ਰਹੇ ਸਨ। ਕਾਉਂਣੀਆਂ ਇਸ ਤਰ੍ਹਾਂ ਕਲੋਲਾਂ ਕਰ ਰਹੀਆਂ ਸਨ ਕਿ ਮਾਨੋਂ ਫਗਣ ਦੇ ਮਹੀਣੇ ਵਿਚ ਮਦਮਸਤ ਕੋਇਲ ਬੋਲ ਰਹੀ ਹੋਵੇ।।੩੫੮।।

**ਇਹ ਬਿਧਿ ਸ੍ਰੋਨ ਕੁੰਡਿ ਭਰਿ ਗਯੋ।।ਦੂਸਰ ਮਾਨ ਸਰੋਵਰ ਭਯੋ।।**
**ਹੇਤ ਛੱਤ੍ਰ ਤਹ ਹੰਸ ਬਿਰਾਜੈਂ।।ਅਨਤ ਸਾਜ ਜਲ ਜਿਯ ਸੇ ਰਾਜੈਂ।।੩੫੯।।**

ਲਹੂ ਦਾ ਕੁੰਡ ਇਸ ਤਰ੍ਹਾਂ ਭਰ ਗਿਆ ਸੀ ਕਿ ਜਿਵੇਂ ਦੂਸਰਾ ਮਾਨ ਸਰੋਵਰ ਹੋਵੇ। ਰਾਜਿਆਂ ਦੇ ਟੁੱਟੇ ਹੋਏ ਚਿੱਟੇ ਛੱਤਰ ਹੰਸਾਂ ਵਾਂਗ ਲੱਗ ਰਹੇ ਸਨ ਅਤੇ ਹੋਰ ਸਾਜ਼ ਸਮਾਨ ਕੰਵਲ ਦੇ ਫੁੱਲਾਂ ਵਾਂਗ ਦਿੱਸ ਰਹੇ ਸਨ।।੩੫੯।।

**ਟੂਕ ਟੂਕ ਦੰਤੀ ਕਹੂੰ ਭਏ।।ਤਿਲ ਤਿਲ ਪ੍ਰਾਇ ਸੁਭਟ ਹ੍ਵੈ ਗਏ।।**
**ਸ੍ਰੋਨਤ ਧਾਰਿ ਬਹੀ ਇਕ ਬਾਰਾ।।ਭਈ ਧੂਰਿ ਰਨ ਕੀ ਸਭ ਗਾਰਾ।।੩੬੦।।**

ਹਾਥੀ ਟੁਕੜੇ ਟੁਕੜੇ ਹੋ ਗਏ ਅਤੇ ਸੂਰਬੀਰ ਚੂਰ ਚੂਰ ਹੋਕੇ ਤਿਲਾਂ ਜਿੱਢੇ ਜਿੱਢੇ ਹੋ ਗਏ। ਲਹੂ ਦੀ ਧਾਰ ਵੱਗਣ ਨਾਲ ਰਣ ਖੇਤਰ ਦੀ ਮਿਟੀ ਚਿਕੜ ਵਿਚ ਬਦਲ ਗਈ।।੩੬੦।।

**ਨੇਜ ਬਾਜ ਬਹੁ ਬੀਰ ਸੰਘਾਰੇ।।ਪ੍ਰੋਏ ਬਰਾ ਸੀਖ ਭਟਿਯਾਰੇ।।**
**ਟੂਕ ਟੂਕ ਭਟ ਰਨ ਹ੍ਵੈ ਰਹੇ।।ਜਿਨਕੇ ਘਾਵ ਸਰੋਹਿਨ ਬਹੇ।।੩੬੧।।**

ਭਾਲਾ ਚਲਾਉਣ ਵਾਲਿਆਂ ਨੇ ਬਹੁਤ ਸਾਰੇ ਸੂਰਮੇ ਮਾਰ ਦਿੱਤੇ ਅਤੇ ਸ਼੍ਰੇਸਠ ਸੂਰਮਿਆਂ ਨੂੰ ਸੀਖਾਂ ਵਿਚ ਪ੍ਰੋ ਦਿੱਤਾ। ਸੂਰਬੀਰ ਯੁੱਧ ਵਿਚ ਟੁਕੜੇ ਟੁਕੜੇ ਹੋ ਗਏ ਸਨ ਅਤੇ ਉਨ੍ਹਾਂ ਦੇ ਜ਼ਖਮਾਂ ਵਿਚੋਂ ਖੂਨ ਵਗ ਰਿਹਾ ਸੀ।।੩੬੧।।

Namdhari Elibrary NamdhariElibrary@gmail.com

ਇਹ ਬਿਧਿ ਅਮਿਤ ਕੋਪ ਕਰਿ ਕਾਲਾ।।ਕਾਢਤ ਭਯੋ ਦਾਂਤ ਬਿਕਰਾਲਾ।।
ਛਿਪ੍ਰ ਹਨੇ ਛਿਨ ਮਾਂਝ ਛੜ੍ਹਾਲੇ।।ਸੂਰਬੀਰ ਬਲਵਾਨ ਮੁਛਾਲੇ।।੩੯੨।।

ਪਦ ਅਰਥ - ਅਮਿਤ ਕੋਪ=ਅਪਾਰ ਗੁੱਸਾ। ਕਾਲਾ=ਮਹਾਂਕਾਲ। ਛੜ੍ਹਾਲੇ=ਰਾਜੇ।

ਇਸ ਪ੍ਰਕਾਰ ਅਪਾਰ ਗੁੱਸੇ ਵਿਚ ਆਕੇ ਮਹਾਂਕਾਲ ਦੰਦ ਕਢੱਣ ਲੱਗਾ। ਉਸ ਪਲ ਭਰ ਵਿਚ ਫੁਰਤੀ ਨਾਲ ਰਾਜਿਆਂ ਨੂੰ ਮਾਰ ਦਿੱਤਾ ਜਿਹੜੇ ਕਿ ਬਹੁਤ ਬਲਵਾਨ, ਸੂਰਬੀਰ ਅਤੇ ਵੱਡੀਆਂ ਵੱਡੀਆਂ ਮੁੱਛਾਂ ਵਾਲੇ ਸਨ।।੩੯੨।।

ਦੁਹੂੰ ਅਧਿਕ ਰਨ ਕਿਯੋ ਅਪਾਰਾ।।ਦਾਨਵ ਮਰਤ ਭਯੋ ਨਹਿ ਮਾਰਾ।।
ਤਬ ਅਸਿਧੁਜ ਅਸ ਮੰਤ੍ਰ ਬਿਚਾਰੋ।।ਜਿਹ ਬਿਧਿ ਤੇਂ ਦਾਨਵਹਿ ਸੰਘਾਰੋ।।੩੯੩।।

ਦੋਵਾਂ ਪਾਸਿਆਂ ਤੋਂ ਘਮਸਾਣ ਦਾ ਯੁੱਧ ਹੋਇਆ, ਪਰ ਦੈਂਤ ਮਰ ਹੀ ਨਹੀਂ ਰਹੇ ਸਨ। ਤਦ ਮਹਾਂਕਾਲ ਨੇ ਇਕ ਐਸਾ ਮੰਤਰ ਸੋਚਿਆ ਜਿਸ ਨਾਲ ਦੈਂਤਾਂ ਨੂੰ ਮਾਰਿਆ ਜਾ ਸਕੇ।।੩੯੩।।

ਸਰਬਾ ਕਰਖਨ ਕਿਯ ਅਸਿ ਧੁਜ ਜਬ।।ਉਪਜਤ ਤੇਂ ਰਹਿ ਗਏ ਅਸੁਰ ਤਬ।।
ਆਗਜਾ ਬਹੁਰਿ ਕਾਲਿ ਕਹ ਦਈ।।ਸ਼ੱਤ੍ਰ ਸੈਨ ਭੱਛਨ ਕਰਿ ਗਈ।।੩੯੪।।

ਮਹਾਂਕਾਲ ਨੇ ਆਪਣੀ ਸ਼ਕਤੀ ਨਾਲ ਸਭ ਨੂੰ ਆਪਣੇ ਵਲ ਖਿਚ ਲਿਆ ਤਾਂ ਹੋਰ ਦੈਂਤ ਪੈਦਾ ਹੋਣੇ ਬੰਦ ਹੋ ਗਏ। ਫਿਰ ਉਸ ਕਾਲ ਨੂੰ ਹੁਕਮ ਕੀਤਾ ਕਿ ਉਹ ਸਾਰਿਆਂ ਨੂੰ ਖਾ ਜਾਵੇ ਅਤੇ ਇਸ ਤਰ੍ਹਾਂ ਕਾਲ ਸਾਰੀ ਦੈਂਤ ਸੈਨਾ ਛੱਕ ਗਿਆ।।੩੯੪।।

ਏਕੈ ਅਸੁਰ ਤਬੈ ਰਹਿ ਗਯੋ।।ਤ੍ਰਾਸਿਤ ਅਧਿਕ ਚਿੱਤ ਮਹਿ ਭਯੋ।।
ਹਾਇ ਹਾਇ ਕਸ ਕਰੌ ਉਪਾਵਾ।।ਅਬ ਕੋਈ ਚਲਤ ਨ ਮੇਰਾ ਦਾਵਾ।।੩੯੫।।

ਹੁਣ ਉਹ ਦੈਂਤ ਇਕੱਲਾ ਹੀ ਰਹਿ ਗਿਆ, ਜਿਸ ਕਰਕੇ ਉਹ ਮਨ ਵਿਚ ਬਹੁਤ ਡਰਿਆ। ਉਹ ਸੋਚਣ ਲਗਾ ਕਿ ਹੁਣ ਮੈਂ ਕੀ ਉਪਾਅ ਕਰਾਂ, ਮੇਰਾ ਤਾਂ ਕੋਈ ਵੀ ਦਾਅ ਨਹੀਂ ਚਲ ਰਿਹਾ ਹੈ।।੩੯੫।।

ਦੋਹਰਾ।। ਮਹਾਂਕਾਲ ਕੀ ਸ਼ਰਨਿ ਜੇ ਪਰੇ ਸੁ ਲਏ ਬਚਾਇ।।
ਔਰ ਨ ਉਪਜਾ ਦੂਸਰ ਜਗ ਭੱਛਜੋ ਸਭੈ ਬਨਾਇ।।੩੯੬।।

ਜਿਹੜਾ ਵਿਅਕਤੀ ਮਹਾਂਕਾਲ ਦੀ ਸ਼ਰਨ ਵਿਚ ਆ ਜਾਂਦਾ ਹੈ ਉਸਨੂੰ ਉਹ ਬਚਾ ਲੈਂਦਾ ਹੈ। ਜਗਤ ਵਿਚ ਹੋਰ ਕੋਈ ਪੈਦਾ ਨਹੀਂ ਹੋਇਆ ਹੈ ਜਿਹੜਾ ਸਾਰੇ ਸੰਸਾਰ ਨੂੰ ਖਾ ਗਿਆ ਹੋਵੇ।।੩੯੬।।

ਜੋ ਪੂਜਾ ਅਸਿਕੇਤੁ ਕੀ ਨਿਤਪ੍ਰਤਿ ਕਰੈਂ ਬਨਾਇ।।

**********************************************************************

**ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ।।੩੬੭।।**

ਜਿਹੜੇ ਮਹਾਂਕਾਲ ਦੀ ਨਿੱਤ ਪੂਜਾ ਕਰਦੇ ਹਨ, ਉਸ ਨੂੰ ਅਕਾਲ ਪੁਰਖ ਆਪਣਾ ਹੱਥ ਦੇ ਕੇ ਬਚਾ ਲੈਂਦਾ ਹੈ।।੩੬੭।।

**ਚੌਪਈ।।ਦੁਸ਼ਟ ਦੈਤ ਕਛੁ ਬਾਤ ਨ ਜਾਨੀ।।ਮਹਾਂ ਕਾਲ ਤਨ ਪੁਨਿ ਰਿਸਿ ਠਾਨੀ।।**
**ਬਲ ਅਪ ਬਲ ਅਪਨੋ ਨ ਬਿਚਾਰਾ।।ਗਰਬ ਠਾਨਿ ਜਿਯ ਬਹੁਰਿ ਹੰਕਾਰਾ।।੩੬੮।।**

ਦੁਸ਼ਟ ਦੈਂਤ ਕੁਝ ਨ ਸਮਝਿਆ ਅਤੇ ਮਹਾਂਕਾਲ ਨਾਲ ਵੈਰ ਰਖਣ ਦਾ ਪਕਾ ਇਰਾਦਾ ਬਣਾ ਲਿਆ। ਉਸ ਆਪਣੀ ਸ਼ਕਤੀ ਬਾਰੇ ਨਹੀਂ ਸੋਚਿਆ ਅਤੇ ਮਨ ਵਿਚ ਘੁਮੰਡ ਅਤੇ ਹੰਕਾਰ ਭਰ ਲਿਆ।।੩੬੮।।

**ਰੇ ਰੇ ਕਾਲ ਫੂਲਿ ਜਿਨਿ ਜਾਹੂ।।ਬਹੁਰਿ ਆਨਿ ਸੰਗ੍ਰਾਮ ਮਚਾਹੂ।।**
**ਏਕ ਨਿਦਾਨ ਕਰੋ ਰਨ ਮਾਹੀ।।ਕੈ ਅਸਿਧੁਜਿ ਕੈ ਦਾਨਵ ਨਾਹੀ।।੩੬੯।।**

ਉਹ ਮਹਾਂਕਾਲ ਨੂੰ ਕਹਿਣ ਲੱਗਾ ਕਿ ਮੇਰੀ ਸੈਨਾ ਨੂੰ ਮਾਰਕੇ ਕਿਵੇਂ ਫੂਲਿਆ ਫਿਰਦਾ ਹੈ, ਮੇਰੇ ਨਾਲ ਦੁਬਾਰਾ ਯੁੱਧ ਕਰੋ। ਹੁਣ ਯੁੱਧ ਵਿਚ ਹੀ ਫੈਸਲਾ ਹੋਵੇਗਾ ਕਿ ਜਾਂ ਤਾਂ ਦੈਂਤ ਅਤੁਲ ਬੀਰਜ ਨਹੀਂ ਬਚੇਗਾ ਜਾਂ ਫਿਰ ਮਹਾਂਕਾਲ ਨਹੀਂ ਰਹੇਗਾ।।੩੬੯।।

**ਏਕ ਪਾਵ ਤਜਿ ਜੁੱਧ ਨ ਭਾਜਾ।।ਮਹਾਰਾਜ ਦੈਤਨ ਕਾ ਰਾਜਾ।।**
**ਆਂਤੌ ਗੀਧ ਗਗਨ ਲੈ ਗਏ।।ਬਾਹਤ ਬਿਸਿਖ ਤਊ ਹਠਿ ਭਏ।।੩੭੦।।**

ਪਦ ਅਰਥ - ਏਕ ਪਾਵ=ਇਕ ਪੈਰ। ਆਂਤੌਂ=ਆਂਤੜੀਆਂ। ਗਗਨ=ਆਕਾਸ਼।

ਉਹ ਦੈਂਤਾ ਦਾ ਰਾਜਾ ਇਕ ਪੈਰ ਵੀ ਪਿਛੇ ਨਹੀਂ ਹਟਿਆ ਅਤੇ ਨ ਹੀ ਯੁੱਧ ਮੈਦਾਨ ਛੱਡ ਕੇ ਭੱਜਿਆ, ਉਸ ਦੀ ਅੰਤੜੀਆਂ ਭਾਵੇਂ ਗਿਰਝਾਂ ਲੈ ਕੇ ਅਕਾਸ਼ ਵਿਚ ਪੁੱਜ ਗਈਆਂ ਪਰ ਉਹ ਫਿਰ ਵੀ ਤੀਰ ਚਲਾਉਂਦਾ ਰਿਹਾ।।੩੭੦।।

**ਅਸੁਰ ਅਮਿਤ ਰਨ ਬਾਨ ਚਲਾਏ।।ਨਿਰਖਿ ਖੜਗ ਧੁਜ ਕਾਟਿ ਗਿਰਾਏ।।**
**ਬੀਸ ਸਹੱਸ੍ਰ ਅਸੁਰ ਪਰ ਬਾਨਾ।।ਸ੍ਰੀ ਅਸਿਧੁਜ ਛਾਡੇ ਬਿਧਿ ਨਾਨਾ।।੩੭੧।।**

ਦੈਂਤ ਨੇ ਅਨੇਕਾਂ ਤੀਰ ਚਲਾਏ ਪਰ ਖੜਗਧਾਰੀ ਨੇ ਵੇਖਦੇ ਵੇਖਦੇ ਹੀ ਸਾਰੇ ਕਟ ਕੇ ਧਰਤੀ ਤੇ ਸੁੱਟ ਦਿੱਤੇ। ਹੁਣ ਮਹਾਂਕਾਲ ਵੀਹ ਹਜ਼ਾਰ ਤੀਰ ਉਸ ਦੈਂਤ ਉੱਤੇ ਛੱਡੇ।।੩੭੧।।

**ਮਹਾਂਕਾਲ ਪੁਨਿ ਜਿਯ ਮੈ ਕੋਪਾ।।ਧਨੁਖ ਟੰਕੋਰ ਬਹੁਰਿ ਰਨ ਰੋਪਾ।।**
**ਏਕ ਬਾਨ ਤੇਂ ਧੁਜਹਿ ਗਿਰਾਯੋ।।ਦੁਤਿਯ ਸ਼ੱਤ੍ਰ ਕੋ ਸੀਸ ਉਡਾਯੋ।।੩੭੨।।**

**************************************************************

ਮਹਾਂਕਾਲ ਨੇ ਫਿਰ ਧਨੁੱਖ ਨੂੰ ਟੰਕਾਰ ਦੇ ਕੇ ਅਤੇ ਰੋਹ ਨਾਲ ਭਰਕੇ ਯੁੱਧ ਜਮਾ ਦਿੱਤਾ। ਇਕ ਤੀਰ ਨਾਲ ਦੈਂਤ ਦਾ ਝੰਡਾ ਵੱਢ ਦਿੱਤਾ ਅਤੇ ਦੂਸਰੇ ਨਾਲ ਦੁਸ਼ਮਣ ਦਾ ਸਿਰ ਉਡਾ ਦਿੱਤਾ।।੩੭੨।।

**ਦੁਹੂੰ ਬਿਸਿਖ ਕਰਿ ਦ੍ਵੈ ਰਥ ਚੱਕ੍ਰ।। ਕਾਟਿ ਦਏ ਛਿਨ ਇਕ ਮੈ ਬੱਕ੍ਰ।।**
**ਚਾਰਹਿ ਬਾਨ ਚਾਰ ਹੂੰ ਬਾਜਾ।। ਮਾਰ ਦਏ ਸਭ ਜਗ ਕੇ ਰਾਜਾ।।੩੭੩।।**

ਦੋ ਤੀਰਾਂ ਨਾਲ ਉਸਦੇ ਰੱਥ ਦੇ ਪਹੀਏ ਵੱਢ ਦਿੱਤੇ ਅਤੇ ਚਾਰ ਤੀਰਾਂ ਨਾਲ ਉਸਦੇ ਚਾਰੇ ਘੋੜੇ ਮਾਰ ਦਿੱਤੇ।।੩੭੩।।

**ਬਹੁਰਿ ਅਸੁਰ ਕਾ ਕਾਟਸਿ ਮਾਥਾ।। ਸ੍ਰੀ ਅਸਿ ਕੇਤਿ ਜਗਤ ਕੇ ਨਾਥਾ।।**
**ਦੁਤਿਯ ਬਾਨ ਸੌ ਦੋਊ ਅਰਿ ਕਰ।। ਕਾਟਿ ਦਯੋ ਅਸਿਧੁਜ ਨਰ ਨਾਹਰ।।੩੭੪।।**

ਫਿਰ ਜਗਤ ਦੇ ਨਾਥ ਨੇ ਇਕ ਤੀਰ ਮਾਰ ਕੇ ਦੈਂਤ ਦਾ ਮੱਥਾ ਕਟ ਦਿੱਤਾ ਅਤੇ ਫਿਰ ਦੂਸਰਾ ਤੀਰ ਮਾਰਕੇ ਉਸ ਅਸਿਕੇਤ ਨੇ ਉਸਦੀਆਂ ਦੋਵੇਂ ਬਾਹਾਂ ਵੱਢ ਦਿੱਤੀਆਂ।।੩੭੪।।

**ਪੁਨਿ ਰਾਛਸ ਕਾ ਕਾਟਾ ਸੀਸਾ।। ਸ੍ਰੀ ਅਸਿਕੇਤ ਜਗਤ ਕੇ ਈਸਾ।।**
**ਪੁਹਪਨ ਬ੍ਰਿਸਟਿ ਗਗਨ ਤੇਂ ਭਈ।। ਸਭਹਿਨ ਆਨਿ ਬਧਾਈ ਦਈ।।੩੭੫।।**

ਜਗਤ ਦੇ ਸੁਆਮੀ, ਅਸਿਕੇਤੁ (ਜਿਸ ਦੇ ਝੰਡੇ ਉਤੇ ਕਿਰਪਾਨ ਦਾ ਨਿਸ਼ਾਨ ਹੈ) ਨੇ ਫਿਰ ਉਸ ਰਾਕਸ਼ ਦਾ ਸਿਰ ਵੱਢ ਦਿੱਤਾ। ਉਸ ਸਮੇਂ ਅਕਾਸ਼ ਤੋਂ ਫੁਲਾਂ ਦੀ ਵਰਖਾ ਹੋਈ ਅਤੇ ਸਾਰਿਆਂ ਨੇ ਆਕੇ ਵਧਾਈ ਦਿੱਤੀ।।੩੭੫।।

**ਧੰਨਜ ਧੰਨਜ ਲੋਗਨ ਕੇ ਰਾਜਾ।। ਦੁਸ਼ਟਨ ਦਾਹ ਗਰੀਬ ਨਿਵਾਜਾ।।**
**ਅਖਲ ਭਵਨ ਕੇ ਸਿਰਜਨਹਾਰੇ।। ਦਾਸ ਜਾਨਿ ਮੁਹਿ ਲੇਹੁ ਉਬਾਰੇ।।੩੭੬।।**

ਹੇ ਲੋਕਾਂ ਦੇ ਰਾਜਨ! ਤੁਸੀਂ ਧੰਨ ਹੋ, ਤੁਸੀਂ ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰਖਿਆ ਕਰਦੇ ਹੋ। ਤੁਸੀਂ ਸਾਰੇ ਸੰਸਾਰ ਨੂੰ ਸਿਰਜਨ ਵਾਲੇ ਹੋ, ਮੈਨੂੰ ਦਾਸ ਸਮਝਕੇ ਮੇਰੀ ਵੀ ਰਖਿਆ ਕਰੋ।।੩੭੬।।

## ਕਬਜੋ ਬਾਚ ਬੇਨਤੀ।। ਚੌਪਈ।।

**ਹਮਰੀ ਕਰੋ ਹਾਥ ਦੈ ਰੱਛਾ।। ਪੂਰਨ ਹੋਇ ਚਿੱਤ ਕੀ ਇੱਛਾ।।**
**ਤਵ ਚਰਨਨ ਮਨ ਰਹੈ ਹਮਾਰਾ।। ਅਪਨਾ ਜਾਨ ਕਰੋ ਪ੍ਰਤਿਪਾਰਾ।।੩੭੭।।**

ਕਵੀ ਜੀ ਬੇਨਤੀ ਕਰਦੇ ਹਨ ਕਿ ਹੇ ਅਕਾਲ ਪੁਰਖ, ਮਹਾਂ ਕਾਲ, ਸ੍ਰੀ ਅਸਿਧੁਜ, ਆਪਣਾ ਹੱਥ ਦੇਕੇ ਮੇਰੀ ਰਖਿਆ ਕਰੋ ਤਾਕਿ ਮੇਰੇ ਦਿਲ ਦੀ ਇੱਛਾ ਪੂਰਨ ਹੋ ਸਕੇ। ਮੇਰਾ ਮਨ ਹਰ ਵੇਲੇ ਆਪਦੇ ਚਰਨਾਂ ਵਿਚ ਜੁੜਿਆ ਰਹੇ ਅਤੇ ਆਪਣਾ ਜਾਣ ਕੇ ਮੇਰੀ ਪਾਲਣਾ ਕਰੋ।।੩੭੭।।

**********************************************************

## ਹਮਰੇ ਦੁਸ਼ਟ ਸਭੈ ਤੁਮ ਘਾਵਹੁ॥ਆਪੁ ਹਾਥ ਦੈ ਮੋਹਿ ਬਚਾਵਹੁ॥
## ਸੁਖੀ ਬਸੈ ਮੋਰੋ ਪਰਿਵਾਰਾ॥ਸੇਵਕ ਸਿੱਖਜ ਸਭੈ ਕਰਤਾਰਾ॥੩੭੮॥

ਮੇਰੇ ਸਾਰੇ ਦੁਸਮਨਾਂ ਦਾ ਖਾਤਮਾ ਕਰੋ ਅਤੇ ਮੈਨੂੰ ਆਪਣਾ ਹੱਥ ਦੇ ਕੇ ਬਚਾਵੋ। ਹੇ ਕਰਤਾਰ, ਮੇਰਾ ਪਰਿਵਾਰ, ਸੇਵਕ. ਸਿੱਖ ਸਭ ਸੁਖੀ ਵਸਦੇ ਰਹਿਣ॥੩੭੯॥

## ਮੋ ਰੱਛਾ ਨਿਜੁ ਕਰ ਦੈ ਕਰਿਯੈ॥ਸਭ ਬੈਰਿਨ ਕੌ ਆਜ ਸੰਘਰਿਯੈ॥
## ਪੂਰਨ ਹੋਇ ਹਮਾਰੀ ਆਸਾ॥ਤੋਰਿ ਭਜਨ ਕੀ ਰਹੈ ਪਿਯਾਸਾ॥੩੭੯॥

ਆਪਣਾ ਹੱਥ ਦੇਕੇ ਮੇਰੀ ਰਖਿਆ ਕਰੋ ਅਤੇ ਸਾਰੇ ਦੁਸ਼ਮਨਾਂ ਦਾ ਤੁਰੰਤ ਖਾਤਮਾ ਕਰੋ। ਮੇਰੀ ਇਹ ਖਾਹਿਸ਼ ਪੂਰੀ ਹੋਵੇ ਕਿ ਮੈਨੂੰ ਸਦਾ ਹੀ ਤੁਹਾਡੀ ਭਗਤੀ ਦੀ ਪਿਆਸ ਬਣੀ ਰਹੇ॥੩੭੯॥

## ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ਜੋ ਬਰ ਚਾਹੌਂ ਸੁ ਤੁਮਤੇ ਪਾਊਂ॥
## ਸੇਵਕ ਸਿੱਖਜ ਹਮਾਰੇ ਤਾਰਿਯਹਿ॥ਚੁਨ ਚੁਨ ਸ਼ੱਤ੍ਰ ਹਮਾਰੇ ਮਾਰਿਯਹਿ॥੩੮੦॥

ਪਦ ਅਰਥ – ਅਵਰ=ਕੋਈ ਹੋਰ ਦੇਵੀ ਦੇਵਤਾ. ਕੇਵਲ ਇਕ ਪ੍ਰਭੂ ਤੇ ਹੀ ਵਿਸ਼ਵਾਸ਼ ਹੋਵੇ।

ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਸਿਮਰਣ ਨ ਕਰਾਂ ਅਤੇ ਮੈਂ ਜੋ ਵੀ ਇੱਛਾ ਕਰਾਂ ਉਸ ਦਾ ਵਰ ਕੇਵਲ ਆਪ ਤੋਂ ਹੀ ਪ੍ਰਾਪਤ ਕਰਾਂ। ਮੇਰੇ ਸੇਵਕਾਂ ਅਤੇ ਸਿਖਾਂ ਨੂੰ (ਦੁਨਿਆਵੀ ਸਾਗਰ) ਤਾਰ ਕੇ ਪਾਰ ਲਗਾ ਦੇਵੇ ਅਤੇ ਸਾਡੇ ਦੁਸ਼ਮਣਾਂ ਨੂੰ ਚੁਣ ਚੁਣ ਕੇ ਮਾਰੇ॥੩੮੦॥

## ਆਪੁ ਹਾਥ ਦੈ ਮੁਝੈ ਉਬਰਿਯੈ॥ਮਰਨ ਕਾਲ ਕਾ ਤ੍ਰਾਸ ਨਿਵਰਿਯੈ॥
## ਹੂਜੋ ਸਦਾ ਹਮਾਰੇ ਪੱਛਾ॥ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੩੮੧॥

ਪਦ ਅਰਥ – ਉਬਰਿਐ=ਬਚਾਓ, ਉਧਾਰ ਕਰੋ। ਤ੍ਰਾਸ=ਡਰ। ਮਰਨ ਕਾਲ=ਮਰਨ ਦੇ ਸਮੇਂ। ਸ੍ਰੀ ਅਸਿਧਜ=ਸ੍ਰੀ ਅਕਾਲ ਪੁਰਖ ਜਿਸ ਦੇ ਝੰਡੇ ਉਤੇ ਕਿਰਪਾਨ ਦਾ ਚਿੰਨ੍ਹ ਹੈ। ਰੱਛਾ=ਰਖਿਆ।

ਕਿਰਪਾ ਸਹਿਤ ਆਪਣਾ ਹੱਥ ਦੇ ਕੇ ਮੇਰਾ ਉੱਧਾਰ ਕਰੋ ਅਤੇ ਮੌਤ ਦੇ ਸਮੇਂ ਦੇ ਭੈ ਦਾ ਨਿਵਾਰਣ ਕਰੋ। ਆਪ ਸਦਾ ਹੀ ਸਾਡੇ ਪੱਖ ਵਿਚ ਰਹੋ ਅਤੇ ਹੇ ਸ੍ਰੀ ਅਸਿਧੁਜ! ਆਪ ਸਾਡੀ ਰਖਿਆ ਕਰੋ॥੩੮੧॥

## ਰਾਖਿ ਲੇਹੁ ਮੁਹਿ ਰਾਖਨਹਾਰੇ॥ਸਾਹਿਬ ਸੰਤ ਸਹਾਇ ਪਿਯਾਰੇ॥
## ਦੀਨਬੰਧੁ ਦੁਸ਼ਟਨ ਕੇ ਹੰਤਾ॥ਤੁਮਹੋ ਪੁਰੀ ਚਤੁਰਦਸ ਕੰਤਾ॥੩੮੨॥

ਪਦ ਅਰਥ – ਦੀਨ ਬੰਧੁ=ਗਰੀਬਾਂ ਦੇ ਮੱਦਦਗਾਰ। ਦੁਸ਼ਟਨ=ਵੈਰੀਆਂ, ਭੈੜੇ ਕਰਮ ਕਰਨ ਵਾਲੇ। ਹੰਤਾ=ਨਾਸ ਕਰਨ ਵਾਲੇ। ਕੰਤਾ=ਸੁਆਮੀ। ਚਤੁਰਦਸ ਪੁਰੀ=ਚੌਦਾਂ ਪੁਰੀਆਂ=ਚੌਦਾਂ ਲੋਕ, ਸੱਤ

ਆਕਾਸ਼ ਅਤੇ ਸੱਤ ਪਾਤਾਲ।

ਹੇ ਸੰਸਾਰ ਦੀ ਰਖਿਆ ਕਰਨ ਵਾਲੇ! ਮੇਰੀ ਰਖਿਆ ਕਰੋ। ਤੁਸੀਂ ਸੰਤਾਂ ਦੇ ਸਹਾਇਕ ਅਤੇ ਪਿਆਰੇ ਹੋ। ਤੁਸੀਂ ਗ਼ਰੀਬਾਂ ਦੇ ਮਦੱਦਗਾਰ ਅਤੇ ਦੁਸ਼ਟਾਂ ਦਾ ਨਾਸ ਕਰਨ ਵਾਲੇ ਹੋ ਅਤੇ ਤੁਸੀਂ ਚੌਦਾਂ ਭਵਨਾਂ ਦੇ ਸੁਆਮੀ ਹੋ॥੩੮੨॥

**ਕਾਲ ਪਾਇ ਬ੍ਰਹਮਾ ਬਪੁ ਧਰਾ॥ਕਾਲ ਪਾਇ ਸ਼ਿਵਜੂ ਅਵਤਰਾ॥**
**ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ॥ਸਕਲ ਕਾਲ ਕਾ ਕੀਯਾ ਤਮਾਸ਼ਾ॥੩੮੩॥**

ਪਦ ਅਰਥ - ਕਾਲ ਪਾਇ=ਕਾਲ ਦੀ ਸ਼ਕਤੀ ਨਾਲ, ਕਾਲ ਦੇ ਹੁਕਮ ਨਾਲ। ਬਪ ਧਰਾ=ਪੈਦਾ ਹੋਇਆ। ਅਵਤਰਾ=ਅਵਤਾਰ ਧਾਰਿਆ। ਬਿਸ਼ਨ=ਵਿਸ਼ਨੂ। ਪ੍ਰਕਾਸ਼ਾ=ਜਨਮ ਲਿਆ।

ਕਾਲ ਦੇ ਹੁਕਮ ਨਾਲ ਹੀ ਬ੍ਰਹਮਾ ਪੈਦਾ ਹੋਇਆ, ਕਾਲ ਦੇ ਹੁਕਮ ਨਾਲ ਹੀ ਸ਼ਿਵਜੀ ਨੇ ਅਵਤਾਰ ਧਾਰਿਆ। ਕਾਲ ਦੇ ਹੁਕਮ ਨਾਲ ਵਿਸ਼ਨੂ ਪਰਗਟ ਹੋਇਆ, ਇਸ ਤਰ੍ਹਾਂ ਹੇ ਮਹਾਂਕਾਲ ਤੁਸੀਂ ਸਭ ਕਾਲਾਂ ਦਾ ਤਮਾਸ਼ਾ ਬਣਾ ਦਿੱਤਾ ਹੈ॥੩੮੩॥

**ਜਵਨ ਕਾਲ ਜੋਗੀ ਸ਼ਿਵ ਕੀਯੋ॥ਬੇਦ ਰਾਜ ਬ੍ਰਹਮਾ ਜੂ ਥੀਯੋ॥**
**ਜਵਨ ਕਾਲ ਸਭ ਲੋਕ ਸਵਾਰਾ॥ਨਮਸ਼ਕਾਰ ਹੈ ਤਾਹਿ ਹਮਾਰਾ॥੩੮੪॥**

ਤੁਸੀਂ ਜਿਸ ਕਾਲ ਵਿਚ ਸ਼ਿਵਜੀ ਨੂੰ ਜੋਗੀ ਬਣਾਇਆ ਅਤੇ ਬ੍ਰਹਮਾ ਨੂੰ ਵੇਦ ਰਾਜ ਬਣਾਇਆ ਅਤੇ ਜਿਸ ਕਾਲ ਵਿਚ ਤੁਸੀਂ ਸਾਰੇ ਭਵਨਾਂ (ਚੌਦਾ ਭਵਨ) ਨੂੰ ਬਣਾਇਆ, ਉਸ ਕਾਲ ਨੂੰ ਮੇਰਾ ਨਮਸ਼ਕਾਰ ਹੈ॥੩੮੪॥

**ਜਵਨ ਕਾਲ ਸਭ ਜਗਤ ਬਨਾਯੋ॥ਦੇਵ ਦੈਤ ਜੱਛਨ ਉਪਜਾਯੋ॥**
**ਆਦਿ ਅੰਤਿ ਏਕੈ ਅਵਤਾਰਾ॥ਸੋਈ ਗੁਰੂ ਸਮਝਿਯਹੁ ਹਮਾਰਾ॥੩੮੫॥**

ਜਿਸ ਕਾਲ ਵਿਚ ਤੁਸੀਂ ਸਾਰਾ ਜਗਤ ਬਣਾਇਆ ਅਤੇ ਦੇਵ-ਦਾਨਵ ਜੱਛ ਪੈਦਾ ਕੀਤੇ, ਉਸ ਸਮੇਂ ਨੂੰ ਵੀ ਮੇਰਾ ਨਮਸ਼ਕਾਰ ਹੈ। ਜੋ ਆਦਿ ਅੰਤ ਵਿਚ ਸਦਾ ਪ੍ਰਕਾਸ਼ਿਤ ਹੈ, ਉਹ ਹੀ ਮੇਰਾ ਗੁਰੂ ਹੈ॥੩੮੫॥

**ਨਮਸ਼ਕਾਰ ਤਿਸ ਹੀ ਕੋ ਹਮਾਰੀ॥ਸਕਲ ਪ੍ਰਜਾ ਜਿਨ ਆਪ ਸਵਾਰੀ॥**
**ਸਿਵਕਨ ਕੋ ਸਵਗੁਨ ਸੁਖ ਦੀਯੋ॥ਸ਼ੱਤ੍ਰਨ ਕੋ ਪਲ ਮੋ ਬਧ ਕੀਯੋ॥੩੮੬॥**

ਮੇਰਾ ਉਸ ਨੂੰ ਨਮਸ਼ਕਾਰ ਹੈ ਜਿਸ ਸਾਰੀ ਪਰਜਾ ਨੂੰ ਆਪ ਬਣਾਇਆ ਹੈ। ਸੇਵਕਾਂ ਨੂੰ ਤੁਸੀਂ ਸੌ ਗੁਣਾਂ ਵੱਧ ਸੁਖ ਦਿੱਤੇ ਹਨ ਅਤੇ ਦੁਸ਼ਮਣਾਂ ਨੂੰ ਪਲ ਭਰ ਵਿਚ ਮਾਰ ਦਿੱਤਾ ਹੈ॥੩੮੬॥

**ਘਟ ਘਟ ਕੇ ਅੰਤਰ ਕੀ ਜਾਨਤ॥ਭਲੇ ਬੁਰੇ ਕੀ ਪੀਰ ਪਛਾਨਤ॥**

********************************************************************

**ਚੀਟੀ ਤੇ ਕੁੰਚਰ ਅਸਥੂਲਾ॥ਸਭ ਪਰ ਕ੍ਰਿਪਾ ਦ੍ਰਿਸ਼ਟਿ ਕਰਿ ਫੂਲਾ॥੩੮੭॥**

ਤੁਸੀਂ ਹਰ ਇਕ ਦੇ ਮਨ ਦੀ ਗੱਲ ਜਾਣਦੇ ਹੋ ਅਤੇ ਭਲੇ ਬੁਰੇ ਸਭ ਦੇ ਦੁੱਖ ਨੂੰ ਪਛਾਣਦੇ ਹੋ। ਕੀੜੀ ਤੋਂ ਲੈਕੇ ਵੱਡੇ ਆਕਾਰ ਵਾਲੇ ਹਾਥੀ ਤਕ, ਤੁਸੀਂ ਹਰ ਇਕ ਉਤੇ ਪ੍ਰਸੰਤਾਪੂਰਬਕ ਕਿਰਪਾ ਦ੍ਰਿਸ਼ਟੀ ਰਖਦੇ ਹੋ॥੩੮੭॥

**ਸੰਤਨ ਦੁਖ ਪਾਏ ਤੇ ਦੁਖੀ॥ਸੁਖ ਪਾਏ ਸਾਧਨ ਕੇ ਸੁਖੀ॥**
**ਏਕ ਏਕ ਕੀ ਪੀਰ ਪਛਾਨੈ॥ਘਟ ਘਟ ਕੇ ਪਟ ਪਟ ਕੀ ਜਾਨੈ॥੩੮੮॥**

ਜਦ ਸੰਤ ਦੁਖੀ ਹੁੰਦੇ ਹਨ ਤਾਂ ਤੁਸੀਂ ਵੀ ਦੁਖੀ ਹੁੰਦੇ ਹੋ ਅਤੇ ਜਦ ਸਾਧੂ ਸੁਖੀ ਹੁੰਦੇ ਹਨ ਤਾਂ ਤੁਸੀਂ ਵੀ ਸੁਖ ਅਨਭਵ ਕਰਦੇ ਹੋ। ਤੁਸੀਂ ਹਰ ਇਕ ਦੀ ਪੀੜ ਪਛਾਣਦੇ ਹੋ ਅਤੇ ਹਰ ਇਕ ਦੀ ਅੰਤਰ ਆਤਮਾ ਦੀ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਜਾਣਦੇ ਹੋ॥੩੮੮॥

**ਜਬ ਉਦਕਰਖ ਕਰਾ ਕਰਤਾਰਾ॥ਪ੍ਰਜਾ ਧਰਤ ਤਬ ਦੇਹ ਅਪਾਰਾ॥**
**ਜਬ ਆਕਰਖ ਕਰਤ ਹੋ ਕਬਹੂੰ॥ਤੁਮ ਮੈ ਮਿਲਤ ਦੇਹ ਧਰ ਸਭਹੂੰ॥੩੮੯॥**

ਪਦ ਅਰਥ - ਉਦਕਰਖ=ਵਿਸਥਾਰ, ਫੈਲਾਓ। ਆਕਰਖ=ਆਕਰਸ਼ਨ, ਖਿੱਚਣਾ, ਸਮੇਟਣਾ।

ਹੇ ਪ੍ਰਭੂ! ਜਦ ਤੁਸੀਂ ਆਪਣਾ ਵਿਸਥਾਰ ਕਰਦੇ ਹੋ ਤਾਂ ਸਾਰੀ ਪਰਜਾ ਆਕਾਰ ਗ੍ਰਹਿਣ ਕਰਦੀ ਹੈ ਅਤੇ ਜਦ ਤੁਸੀਂ ਸੀਮਤ ਹੁੰਦੇ ਹੋ ਭਾਵ ਆਪਣੇ ਵੱਲ ਸਭ ਨੂੰ ਖਿੱਚਦੇ ਹੋ ਤਾਂ ਸਾਰੇ ਆਕਾਰ ਤੁਹਾਡੇ ਵਿਚ ਸਮਾਅ ਜਾਂਦੇ ਹਨ॥੩੮੯॥

**ਜੇਤੇ ਬਦਨ ਸ੍ਰਿਸ਼ਟਿ ਸਭ ਧਾਰੈ॥ਆਪੁ ਆਪੁਨੀ ਬੂਝਿ ਉਚਾਰੈ॥**
**ਤੁਮ ਸਭ ਹੀ ਤੇ ਰਹਤ ਨਿਰਾਲਮ॥ਜਾਨਤ ਬੇਦ ਭੇਦ ਅਰੁ ਆਲਮ॥੩੯੦॥**

ਸ੍ਰਿਸ਼ਟੀ ਨੇ ਜਿੰਨੇ ਵੀ ਸਰੀਰ ਧਾਰਣ ਕੀਤੇ ਹਨ, ਉਹ ਸਾਰੇ ਜੀਵ ਆਪਣੀ ਸਮਝ ਅਨੁਸਾਰ ਤੁਹਾਡੇ ਗੁਣਾਂ ਦਾ ਉਚਾਰਣ ਕਰਦੇ ਹਨ। ਤੁਸੀਂ ਖੁਦ ਨਿਰਲੇਪ ਅਤੇ ਨਿਰਾਲੇ ਰਹਿੰਦੇ ਹੋ, ਪਰ ਫਿਰ ਵੀ ਸਾਰੇ ਵਿਸ਼ਵ ਦੇ ਗਿਆਨ ਅਤੇ ਰਹਿਸ ਨੂੰ ਜਾਣਦੇ ਹੋ॥੩੯੦॥

**ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥ਆਦਿ ਅਨੀਲ ਅਨਾਦਿ ਅਸੰਭ॥**
**ਤਾਕਾ ਮੂੜ੍ਹ ਉਚਾਰਤ ਭੇਦਾ॥ਜਾਕੋ ਭੇਵ ਨ ਪਾਵਤ ਬੇਦਾ॥੩੯੧॥**

ਪਦ ਅਰਥ - ਨਿਰੰਕਾਰ=ਨਿਰਾਕਰ, ਅਕਾਰ ਰਹਿਤ। ਨ੍ਰਿਬਿਕਾਰ=ਨਿਰਵਿਕਾਰ, ਵਿਕਾਰ ਰਹਿਤ। ਨ੍ਰਿਲੰਭ=ਸਹਾਰਾ ਰਹਿਤ। ਆਦਿ=ਮੁੱਢ ਤੋਂ, ਸ਼ੁਰੂ ਤੋਂ। ਅਕੀਲ=ਕਲੰਕ ਰਹਿਤ, ਪਵਿਤਰ, ਸ਼ੁੱਧ ਸਰੂਪ। ਅਨਾਦਿ=ਜਿਸ ਦਾ ਕੋਈ ਮੁੱਢ ਨਹੀਂ ਹੈ। ਅਸੰਭ=ਜਨਮ ਰਹਿਤ। ਭੇਵ=ਭੇਤ। ਬੇਦਾ=ਵੇਦ।

ਤੁਸੀਂ ਨਿਰਾਕਾਰ, ਨਿਰਵਿਕਾਰ ਅਤੇ ਸਹਾਰਾ ਰਹਿਤ ਹੋ, ਤੁਸੀਂ ਹੀ ਇਸ ਕਾਇਨਾਤ ਦਾ ਮੁੱਢ

Namdhari Elibrary NamdhariElibrary@gmail.com

ਹੋ. ਕਲੰਕ ਰਹਿਤ ਅਤੇ ਪਵਿਤਰ ਹੋ. ਤੁਸੀਂ ਮੁੱਢ ਰਹਿਤ ਅਤੇ ਜਨਮ ਰਹਿਤ ਹੋ। ਜਿਸਦੇ ਭੇਦ ਨੂੰ ਵੇਦ ਵੀ ਨਹੀਂ ਜਾਣ ਸਕੇ ਹਨ. ਮੂਰਖ ਲੋਕ ਉਸਦੇ ਰਹਿਸ ਨੂੰ ਜਾਣਕੇ. ਉਸਨੂੰ ਬਿਆਨ ਕਰਨ ਦਾ ਦਾਅਵਾ ਕਰਦੇ ਹਨ॥੩੯੧॥

**ਤਾਕੌ ਕਰਿ ਪਾਹਨ ਅਨੁਮਾਨਤ॥ਮਹਾਂ ਮੂੜ੍ਹ ਕਛੁ ਭੇਦ ਨ ਜਾਨਤ॥**
**ਮਹਾਂਦੇਵ ਕੌ ਕਹਤ ਸਦਾ ਸ਼ਿਵ॥ਨਿਰੰਕਾਰ ਕਾ ਚੀਨਤ ਨਹਿ ਭਿਵ॥੩੯੨॥**

ਪਦ ਅਰਥ - ਪਾਹਨ=ਪਥਰ। ਮਹਾਂ ਮੂੜ=ਮਹਾਂ ਮੂਰਖ।

ਮਹਾਂ ਮੂਰਖ ਉਸਦਾ ਕੁਝ ਭੇਤ ਨਹੀਂ ਜਾਣਦੇ ਅਤੇ ਉਸਨੂੰ ਪਥੱਰ ਦਾ ਰੂਪ ਕਰਕੇ ਮੰਨਦੇ ਹਨ। ਮਹਾਂਦੇਵ ਨੂੰ ਹੀ ਕਲਿਆਣ ਕਰਤਾ ਆਖਦੇ ਹਨ. ਪਰ ਨਿਰੰਕਾਰ ਦਾ ਭੇਤ ਨਹੀਂ ਜਾਣਦੇ॥੩੯੨॥

**ਆਪੁ ਆਪੁਨੀ ਬੁਧਿ ਹੈ ਜੇਤੀ॥ਬਰਨਤ ਭਿੰਨ ਭਿੰਨ ਤੁਹਿ ਤੇਤੀ॥**
**ਤੁਮਰਾ ਲਖਾ ਨ ਜਾਇ ਪਸਾਰਾ॥ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੩੯੩॥**

ਜਿਸਦੀ ਜਿੰਨੀ ਬੁੱਧੀ ਅਤੇ ਅਕਲ ਹੁੰਦੀ ਹੈ, ਉਹ ਉਸੇ ਤਰ੍ਹਾਂ ਉਸਦਾ ਵਰਣਨ ਕਰਦਾ ਹੈ. ਤੁਹਾਡੇ ਪਾਸਾਰੇ ਨੂੰ ਵੇਖਿਆਂ ਨਹੀਂ ਜਾ ਸਕਦਾ ਅਤੇ ਇਹ ਵੀ ਨਹੀਂ ਜਾਣਿਆਂ ਜਾ ਸਕਦਾ ਕਿ ਸਭ ਤੋਂ ਪਹਿਲਾਂ ਤੁਸੀ ਇਸ ਸੰਸਾਰ ਦੀ ਕਿਵੇ ਰਚਨਾ ਕੀਤੀ॥੩੯੩॥

**ਏਕੈ ਰੂਪ ਅਨੂਪ ਸਰੂਪਾ॥ਰੰਕ ਭਯੋ ਰਾਵ ਕਹੀਂ ਭੂਪਾ॥**
**ਅੰਡਜ ਜੇਰਜ ਸੇਤਜ ਕੀਨੀ॥ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੩੯੪॥**

ਤੇਰੇ ਇਕ ਰੂਪ ਦੇ ਹੀ ਇਹ ਅਨੇਕਾਂ ਸੁੰਦਰ ਸਰੂਪ ਹਨ, ਤੁਸੀਂ ਹੀ ਕਿਤੇ ਕੰਗਾਲ. ਕਿਤੇ ਅਮੀਰ ਅਤੇ ਕਿਤੇ ਰਾਜਾ ਹੋ। ਪਹਿਲਾਂ ਤਿੰਨਾਂ ਖਾਣੀਆਂ ਆਂਡਿਆਂ, ਜਿਊਰਾਂ ਅਤੇ ਮੁੜਕੇ ਤੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਫਿਰ ਉਤਭੁਜ ਖਾਣੀ ਰਚ ਦਿੱਤੀ॥੩੯੪॥

**ਕਹੂੰ ਫੂਲਿ ਰਾਜਾ ਹ੍ਵੈ ਬੈਠਾ॥ਕਹੂੰ ਸਿਮਟਿ ਭਯੋ ਸ਼ੰਕਰ ਇਕੈਠਾ॥**
**ਸਗਰੀ ਸ੍ਰਿਸ਼ਟਿ ਦਿਖਾਇ ਅਚੰਭਵ॥ਆਦਿ ਜੁਗਾਦਿ ਸਰੂਪ ਸੁਯੰਭਵ॥੩੯੫॥**

ਕਿਤੇ ਤੁਸੀਂ ਫੁਲ ਫਲ ਦੇ ਰੂਪ ਵਿਚ ਸ੍ਰਿਸ਼ਟੀ ਦੇ ਸਮਰਾਟ ਬਣੇ ਬੈਠੇ ਹੋ ਅਤੇ ਕਿਤੇ ਸਿਮਟ ਕੇ ਇਕੱਠੇ ਹੋਏ ਬੈਠੇ ਹੋ। ਤੁਸੀ ਸਾਰੀ ਦੁਨੀਆਂ ਨੂੰ ਹੈਰਾਨ ਕਰਨ ਵਾਲੀ ਅਚੰਭਾ ਖੇਡ ਵਿਖਾ ਰਹੇ ਹੋ। ਤੁਸੀਂ ਸਭ ਦਾ ਮੁੱਢ ਜੁਗਾਂ ਦਾ ਮੁੱਢ ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਏ ਹੋ॥੩੯੫॥

**ਅਬ ਰੱਛਾ ਮੇਰੀ ਤੁਮ ਕਰੋ॥ਸਿੱਖਜ ਉਬਾਰਿ ਅਸਿੱਖਜ ਸੰਘਰੋ॥**
**ਦੁਸ਼ਟ ਜਿਤੇ ਉਠਵਤ ਉਤਪਾਤਾ॥ਸਕਲ ਮਲੇਛ ਕਰੋ ਰਣ ਘਾਤਾ॥੩੯੬॥**

**********************************************************************

ਪਦ ਅਰਥ - ਸਿੱਖਜ=ਗੁਰਮੁੱਖ। ਅਸਿਖਜ=ਮਨਮੁੱਖ। ਉਤਪਾਤਾ=ਉਪਾਧੀਆਂ, ਬੁਰੇ ਕੰਮ।

ਹੁਣ ਤੁਸੀਂ ਮੇਰੀ ਰਖਿਆ ਕਰੋ ਅਤੇ ਗੁਰਮੁਖਾਂ ਨੂੰ ਬਚਾਓ ਅਤੇ ਮਨਮੁਖਾਂ ਦਾ ਨਾਸ ਕਰੋ। ਜਿੰਨੇ ਹੀ ਦੁਸ਼ਟ ਉਠ ਕੇ ਉਪੱਧਰ ਮਚਾ ਰਹੇ ਹਨ, ਉਨ੍ਹਾਂ ਸਭ ਮਲੇਛਾ ਦਾ ਯੁੱਧ ਵਿਚ ਖਾਤਮਾ ਕਰੋ।।੩੯੬।।

**ਜੋ ਅਸਿਧੁਜ ਤਵ ਸ਼ਰਨੀ ਪਰੇ।।ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ।।**
**ਪੁਰਖ ਜਵਨ ਪਗੁ ਪਰੇ ਤਿਹਾਰੇ।।ਤਿਨ ਕੇ ਤੁਮ ਸੰਕਟ ਸਭ ਟਾਰੇ।।੩੯੭।।**

ਹੇ ਅਸਿਧੁਜ! ਜਿਹੜੇ ਤੁਹਾਡੀ ਸ਼ਰਨ ਵਿਚ ਆਉਂਦੇ ਹਨ, ਉਨ੍ਹਾਂ ਦੇ ਦੁਸ਼ਮਣ ਦੁਖੀ ਹੋਕੇ ਮਰਦੇ ਹਨ। ਜਿਹੜੇ ਪੁਰਖ ਤੁਹਾਡੇ ਚਰਨਾਂ ਵਿਚ ਆ ਪੈਂਦੇ ਹਨ, ਉਨ੍ਹਾਂ ਦੇ ਤੁਸੀਂ ਸਾਰੇ ਦੁਖ ਦੂਰ ਕਰ ਦਿੰਦੇ ਹੋ।।੩੯੭।।

**ਜੋ ਕਲਿ ਕੌਂ ਇਕ ਬਾਰ ਧਿਐਹੈ।।ਤਾ ਕੇ ਕਾਲ ਨਿਕਟਿ ਨਹਿ ਐਹੈ।।**
**ਰੱਛਾ ਹੋਇ ਤਾਹਿ ਸਭ ਕਾਲਾ।।ਦੁਸ਼ਟ ਅਰਿਸ਼ਟ ਟਰੇ ਤਤਕਾਲਾ।।੩੯੮।।**

ਜੋ ਮਹਾਂ ਕਾਲ (ਪਰਮਾਤਮਾ) ਨੂੰ ਇਕ ਵਾਰ ਵੀ ਧਿਆਉਂਦੇ ਹਨ, ਕਾਲ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ ਭਾਵ ਉਹ ਸਮੇਂ ਦੀ ਮਾਰ ਤੋਂ ਬਚੇ ਰਹਿਣਗੇ ਅਤੇ ਸਦਾ ਲਈ ਅਮਰ ਹੋ ਜਾਣਗੇ। ਉਸ ਵਿਅਕਤੀ ਦੀ ਸਾਰੇ ਕਾਲਾਂ ਵਿਚ ਰਖਿਆ ਹੋਵੇਗੀ ਅਤੇ ਉਸਦੇ ਭਿਆਨਕ ਦੁਸ਼ਮਣ ਵੀ ਤੁਰੰਤ ਹਟ ਜਾਣਗੇ।।੩੯੮।।

**ਕ੍ਰਿਪਾ ਦ੍ਰਿਸ਼ਟਿ ਤਨ ਜਾਹਿ ਨਿਹਰਿਹੋ।।ਤਾਕੇ ਤਾਪ ਤਨਕ ਮਹਿ ਹਰਿਹੋ।।**
**ਰਿੱਧਿ ਸਿੱਧਿ ਘਰ ਮੋਂ ਸਭ ਹੋਈ।।ਦੁਸ਼ਟ ਛਾਹ ਛ੍ਵੈ ਸਕੈ ਨ ਕੋਈ।।੩੯੯।।**

ਪਦ ਅਰਥ - ਤਾਪ=ਦੁਖ। ਤਨਕ ਮਹਿ=ਛਿਣ ਭਰ ਵਿਚ। ਰਿੱਧਿ ਸਿੱਧਿ=ਰਿੱਧੀਆਂ ਸਿੱਧੀਆਂ। ਛਾਹ=ਪਰਛਾਵਾਂ। ਛ੍ਵੈ=ਛੋਹ।

ਤੁਸੀਂ ਜਿਸ ਨੂੰ ਵੀ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਵੇਖਦੇ ਹੋ, ਉਸਦੇ ਸਾਰੇ ਦੁਖ ਛਿਣ ਭਰ ਵਿਚ ਦੂਰ ਹੋ ਜਾਂਦੇ ਹਨ। ਉਸ ਦੇ ਘਰ ਸਭ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ ਅਤੇ ਦੁਸ਼ਟ ਫਿਰ ਉਸਦੇ ਪਰਛਾਵੇਂ ਨੂੰ ਵੀ ਨਹੀਂ ਛੋਹ ਸਕਦੇ।।੩੯੯।।

**ਏਕ ਬਾਰ ਜਿਨ ਤੁਮੈਂ ਸੰਭਾਰਾ।।ਕਾਲ ਫਾਸ ਤੇ ਤਾਹਿ ਉਬਾਰਾ।।**
**ਜਿਨ ਨਰ ਨਾਮ ਤਿਹਾਰੋ ਕਹਾ।।ਦਾਰਿਦ ਦੁਸ਼ਟ ਦੋਖ ਤੇ ਰਹਾ।।੪੦੦।।**

ਪਦ ਅਰਥ - ਸੰਭਾਰਾ=ਯਾਦ ਕੀਤਾ, ਸਿਮਰਨ ਕੀਤਾ। ਉਬਾਰਾ=ਬਚਾ ਲਿਆ। ਕਾਲ ਫਾਸ=ਕਾਲ ਦੀ ਫਾਹੀ। ਦਾਰਿਦ=ਗ਼ਰੀਬੀ, ਦਲਿਦਰ।

Namdhari Elibrary NamdhariElibrary@gmail.com

ਇਕ ਵਾਰ ਜਿਸ ਤੁਹਾਡਾ ਸਿਮਰਨ ਕੀਤਾ, ਉਸ ਨੂੰ ਤੁਸੀਂ ਕਾਲ ਦੀ ਫਾਹੀ ਤੋਂ ਬਚਾ ਲਿਆ। ਇਕ ਵਾਰ ਵੀ ਜਿਸ ਤੁਹਾਡਾ ਨਾਂ ਜਪ ਲਿਆ ਉਹ ਗ਼ਰੀਬੀ, ਦੁਸ਼ਟਾਂ ਅਤੇ ਦੁੱਖਾਂ ਤੋਂ ਬੱਚ ਗਿਆ॥੪੦੦॥

**ਖੜਗਕੇਤ ਮੈਂ ਸ਼ਰਨਿ ਤਿਹਾਰੀ॥ਆਪੁ ਹਾਥ ਦੈ ਲੇਹੁ ਉਬਾਰੀ॥**
**ਸਰਬ ਠੌਰ ਮੋ ਹੋਹੁ ਸਹਾਈ॥ਦੁਸ਼ਟ ਦੋਖ ਤੇ ਲੇਹੁ ਬਚਾਈ॥੪੦੧॥**

ਪਦ ਅਰਥ - ਖੜਗਕੇਤੁ=ਤਲਵਾਰ ਧਾਰਣ ਕਰਨ ਵਾਲੀ ਮਹਾਨ ਸ਼ਕਤੀ ਪ੍ਰਭੂ। ਉਬਾਰੀ=ਬਚਾ ਲਵੋ। ਠੌਰ=ਥਾਂ।

ਹੇ ਖੜਗਕੇਤ! ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ, ਮੈਨੂੰ ਆਪਣਾ ਹੱਥ ਦੇਕੇ ਬਚਾ ਲਵੋ। ਹਰ ਥਾਂ ਮੇਰੀ ਰਖਿਆ ਕਰੋ ਅਤੇ ਦੁਸ਼ਟ ਤੇ ਦੋਖੀਆਂ ਪਾਸੋਂ ਮੈਨੂੰ ਬਚਾ ਲਵੋ॥੪੦੧॥

**ਕ੍ਰਿਪਾ ਕਰੀ ਹਮ ਪਰ ਜਗਮਾਤਾ॥ਗ੍ਰੰਥ ਕਰਾ ਪੂਰਨ ਸੁਭ ਰਾਤਾ॥**
**ਕਿਲਬਿਖ ਸਕਲ ਦੇਹ ਕੋ ਹਰਤਾ॥ਦੁਸ਼ਟ ਦੋਖਿਯਨ ਕੋ ਛੈ ਕਰਤਾ॥੪੦੨॥**

ਜਗਤ ਦੀ ਮਾਂ ਵਾਂਗ ਪਾਲਣ ਹਾਰੇ ਪ੍ਰਭੂ ਨੇ ਮੇਰੇ ਉਤੇ ਕਿਰਪਾ ਕੀਤੀ ਹੈ ਅਤੇ ਮੈਂ ਇਸ ਸ਼ੁੱਭ ਰਾਤ ਨੂੰ ਇਹ ਗ੍ਰੰਥ ਪੂਰਾ ਕਰ ਲਿਆ ਹੈ। ਉਹ ਪ੍ਰਭੂ ਸਰੀਰ ਦੇ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਹੈ ਅਤੇ ਦੋਖੀਆਂ ਅਤੇ ਦੁਸ਼ਟਾਂ ਨੂੰ ਮਾਰਨ ਵਾਲਾ ਹੈ॥੪੦੨॥

**ਸ੍ਰੀ ਅਸਿਧੁਜ ਜਬ ਭਏ ਦਯਾਲਾ॥ਪੂਰਨ ਕਰਾ ਗ੍ਰੰਥ ਤਤਕਾਲਾ॥**
**ਮਨ ਬਾਂਛਤ ਫਲ ਪਾਵੈ ਸੋਈ॥ਦੂਖ ਨ ਤਿਸੈ ਬਿਆਪਤ ਕੋਈ॥੪੦੩॥**

ਪਦ ਅਰਥ - ਸ੍ਰੀ ਅਸਿਧੁਜ=ਅਕਾਲ ਪੁਰਖ, ਆਪਣੇ ਝੰਡੇ ਉਤੇ ਤਲਵਾਰ ਦਾ ਚਿੰਨ, ਧਾਰਨ ਕਰਨ ਵਾਲਾ। ਤਤਕਾਲਾ=ਝਟਪਟ, ਤੁਰੰਤ। ਮਨ ਬਾਂਛਤ=ਮਨ ਚਾਹਿਆ।

ਜਦ ਸ੍ਰੀ ਅਸਿਧਜ (ਅਕਾਲ ਪੁਰਖ) ਦਿਆਲ ਹੋਏ ਤਾਂ ਛਿਣ ਵਿਚ ਹੀ ਇਹ ਗ੍ਰੰਥ ਸੰਪੂਰਨ ਕਰ ਦਿੱਤਾ। ਜਿਹੜਾ ਵਿਅਕਤੀ ਇਸ ਗ੍ਰੰਥ ਨੂੰ ਪੜ੍ਹੇ ਸੁਣੇਗਾ, ਉਹ ਮਨ ਇਛੱਤ ਫਲ ਪਾਵੇਗਾ ਅਤੇ ਉਸਨੂੰ ਕੋਈ ਵੀ ਦੁੱਖ ਨਹੀਂ ਲਗੇਗਾ॥੪੦੩॥

**ਅੜਿੱਲ॥ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥**
**ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ॥**
**ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥**
**ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ॥੪੦੪॥**

Namdhari Elibrary NamdhariElibrary@gmail.com

**************************************************************

ਪਦ ਅਰਥ – ਗੁੰਗ=ਗੂੰਗਾ। ਰਸਨਾ=ਆਵਾਜ਼ਾਂ, ਜੀਭ। ਮੂੜ੍ਹ=ਮੂਰਖ। ਚੌਂਪਈ=ਇਕ ਮਾਤ੍ਰਿਕ ਛੰਦ, ਇਸ ਦਾ ਲਛਣ ਇਸ ਪ੍ਰਕਾਰ ਹੈ :- ਚਾਰ ਚਰਣ, ਪ੍ਰਤਿ ਚਰਣ ਪੰਦਰਾਂ ਮਾਤ੍ਰਾਂ, ਪਹਿਲਾ ਵਿਸ਼ਰਾਮ ਅੱਠ ਉਤੇ, ਦੂਜਾ ਸੱਤ ਉਤੇ, ਅਤੇ ਅੰਤ ਗੁਰੂ ਲਘੁ। ਇਥੇ ਚੌਪਈ ਤੋਂ ਭਾਵ ਹੈ ਚਾਰ ਸੌ ਚੌਥੇ ਚਲਿੱਤਰ ਦੇ ਛੰਦ ਤਿੰਨ ਸੌ ਛਿਹੱਤਰ ਤੋਂ ਚਾਰ ਸੌ ਪੰਜ ਤਕ ਪੜ੍ਹਨ ਅਤੇ ਸੁਣਨ ਵਾਸਤੇ।

ਇਸ ਗ੍ਰੰਥ ਨੂੰ ਜੇ ਗੂੰਗਾ ਸੁਣੇਗਾ ਤਾਂ ਉਸ ਨੂੰ ਜੀਭ ਮਿਲ ਜਾਵੇਗੀ, ਜੇ ਮਹਾਂਮੂਰਖ ਵੀ ਸੁਣੇਗਾ ਤਾਂ ਚੱਤਰ ਅਤੇ ਬੁੱਧੀਵਾਨ ਹੋ ਜਾਵੇਗਾ। ਜਿਹੜਾ ਇਕ ਵਾਰ ਚੌਪਈ (ਕਬਜੋ ਬਾਚ ਬੇਨਤੀ।।ਚੌਪਈ।।) ਦਾ ਪਾਠ ਕਰੇਗਾ ਉਸਦੇ ਨੇੜੇ ਕਿਸੇ ਪ੍ਰਕਾਰ ਦਾ ਦੁਖ, ਦਰਦ ਅਤੇ ਡਰ ਨਹੀਂ ਆਵੇਗਾ।।੪੦੪।।

**ਚੌਪਈ।। ਸੰਬਤ ਸੱਤ੍ਰਹ ਸਹਸ ਭਣਿੱਜੈ।। ਅਰਧ ਸਹਸ ਫੁਨਿ ਤੀਨਿ ਕਹਿੱਜੈ।।**
**ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ।। ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ।।੪੦੫।।**

ਪਦ ਅਰਥ – ਸਤ੍ਰੁੱਹ=ਸਤਾਰਾਂ, ਸਹਸ=ਸੌ। ਅਰਧ ਸਹਸ=ਪੰਜਾਹ। ਫੁਨਿ ਤੀਨ=ਫਿਰ ਤਿੰਨ ਸਤੁੱਦ੍ਰਵ=ਸਤਲੁਜ। ਸੁਧਾਰਾ=ਰਚਿਆ।

(ਸੰਮਤ ਸਤਾਰਾ ਸੌ ਜਮਾਂ ਅੱਧਾ ਸੌ ਜਮਾਂ ਤਿਨ) ਸੰਮਤ ਸਤਾਰਾ ਸੌ ਤਿਰਵੰਜਾ, ਭਾਦੋਂ ਸੁਦੀ ਅਸ਼ਟਮੀ, ਐਤਵਾਰ, ਸਤਲੁਜ ਨਦੀ ਦੇ ਕੰਢੇ ਬੈਠ ਕੇ ਇਸ ਗ੍ਰੰਥ ਨੂੰ ਸੰਪੂਰਣ ਕੀਤਾ।।੪੦੫।।

ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਾਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ।।੪੦੪।।੭੫੫੫।।ਸਮਾਪਤਮ।।

ਸ੍ਰੀ ਚਲਿੱਤਰ ਪ੍ਰਸੰਗ, ਤਿਰੀਆ ਚਲਿੱਤਰ, ਮੰਤਰੀ ਰਾਜਾ ਵਾਰਤਾਲਾਪ, ਚਾਰ ਸੌ ਚੌਥੀ ਕਥਾ ਸਮਾਪਤ।।੪੦੪।।੭੫੫੫।।ਸਮਾਪਤ।।

++++++++++++++++++++++++++++++++++++++++++++++++++++++++++++++++++++++

# ਜ਼ਫ਼ਰਨਾਮਹ ਪਾਤਿਸ਼ਾਹੀ ੧੦

## ੴ ਹੁਕਮ ਸੱਤਿ।। ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

ਇਕ ਅਦੁਤੀ ਪਰਮਾਤਮਾ, ਜਿਸ ਦਾ ਹੁਕਮ ਹਰ ਕਾਲ ਵਿਚ ਸੱਚਾ ਹੈ, ਉਹ ਸੁਭਾਇਮਾਨ ਸ੍ਰੀ ਵਾਹਿਗੁਰੂ ਜੀ ਦੀ ਹਰ ਸਮੇਂ ਫ਼ਤਹਿ ਹੈ ( ਤੇ ਉਸ ਦੀ ਓਟ ਲੈਣ ਵਾਲੇ ਜੀਵ ਦੀ ਵੀ ਫ਼ਤਹਿ ਹੁੰਦੀ ਹੈ )।

## ਜ਼ਫ਼ਰਨਾਮਹ ਸ੍ਰੀ ਮੁਖਵਾਕ ਪਾਤਿਸ਼ਾਹੀ ੧੦।।

ਇਹ ਜ਼ਫ਼ਰਨਾਮਾ (ਵਿਜੈ ਪੱਤਰ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਹੋਇਆ ਹੈ।

*(ਅਕਾਲ ਪੁਰਖ ਉਸਤਤੀ)*

**ਕਮਾਲੇ ਕਰਾਮਾਤ ਕ਼ਾਇਮ ਕ਼ਰੀਮ।।**
**ਰਜ਼ਾ ਬਖ਼ਸ਼ ਓ ਰਾਜ਼ਿਕ ਰਿਹਾਕੁਨ ਰਹੀਮ।।੧।।**

ਕਮਾਲੇ = ਪੂਰਨ। ਕਰਾਮਾਤ = ਸ਼ਕਤੀ। ਕ਼ਾਇਮ = ਇਸਥਿਤ। ਕਰੀਮ = ਕਿਰਪਾਲੂ। ਰਜ਼ਾ = ਭਾਣਾ। ਬਖਸ਼ = ਬਖਸ਼ਿਸ਼ ਕਰਨ ਵਾਲਾ। ਰਾਜ਼ਿਕ = ਅੰਨ੍ਹ ਦਾਤਾ। ਰਿਹਾਕੁਨ = ਛੁਟਕਾਰਾ ਕਰਨ ਵਾਲਾ। ਰਹੀਮ = ਮਿਹਰ ਕਰਨ ਵਾਲਾ (ਮਿਹਰਬਾਨ)।

ਉਹ ਅਕਾਲ ਪੁਰਖ ਕਰਾਮਾਤ ਵਿਚ ਪੂਰਾ ਹੈ, ਅਚੱਲ ਹੈ, ਕ੍ਰਿਪਾਲੂ ਹੈ, ਜਿਹੜਾ ਉਸ ਦੇ ਭਾਣੇ ਵਿਚ ਚਲਦਾ ਹੈ, ਉਸ ਤੇ ਬਖਸ਼ਿਸ਼ ਕਰਨ ਵਾਲਾ, ਅੰਨ੍ਹ ਦਾਤਾ ਤੇ ਬੰਧਨ ਕੱਟਣ ਵਾਲਾ ਦਿਆਲੂ ਹੈ।।੧।।

**ਅਮਾਂ ਬਖ਼ਸ਼ ਬਖ਼ਸ਼ਿੰਦ ਓ ਦਸਤਗੀਰ।।**
**ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ।।੨।।**

ਅਮਾਂ = ਧਰਮ, ਈਮਾਨ। ਬਖਸ਼ = ਬਖਸ਼ਣ ਵਾਲਾ। ਬਖ਼ਸ਼ਿੰਦ = ਖਿਮਾਂ ਕਰਨ ਵਾਲਾ। ਦਸਤਗੀਰ = ਹੱਥ ਫੜਨ ਵਾਲਾ। ਖ਼ਤਾ ਬਖ਼ਸ਼ = ਭੁੱਲਾਂ ਬਖਸ਼ਣ ਵਾਲਾ। ਰੋਜ਼ੀ ਦਿਹੋ = ਰਿਜ਼ਕ ਦੇਣ ਵਾਲਾ। ਦਿਲ ਪਜ਼ੀਰ = ਮਨ ਪਸੰਦ।

ਉਹ ਪ੍ਰਭੂ ਧਰਮ ਤੇ ਸੁਖ ਬਖਸ਼ਣ ਵਾਲਾ ਹੈ, ਖਿਮਾਂ ਕਰਨ ਵਾਲਾ ਤੇ (ਹਰ ਔਕੜ ਸਮੇਂ) ਹੱਥ ਫੜਨ ਵਾਲਾ ਹੈ। ਭੁੱਲਾਂ ਬਖਸ਼ਣ ਵਾਲਾ ਹੈ ਤੇ ਹਰ ਇਕ ਨੂੰ ਮਨ ਭਾਉਂਦੇ ਪਦਾਰਥ ਦੇਣ ਵਾਲਾ ਹੈ।।੨।।

Namdhari Elibrary NamdhariElibrary@gmail.com

**ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ॥**
**ਕਿ ਬੇਗੂੰਨੋ ਬੇਚੂੰ ਚੂੰ ਬੇਨਮੂੰ॥੩॥**

ਸ਼ਹਿਨਸ਼ਾਹਿ = ਪਾਤਸ਼ਾਹਾਂ ਦਾ ਪਾਤਸ਼ਾਹ। ਖ਼ੂਬੀ = ਚੰਗਿਆਈ। ਦਿਹੋ = ਦੇਣ ਵਾਲਾ ਰਹਨਮੂੰ = ਰਸਤਾ ਦਿਖਾਣ ਵਾਲਾ। ਕਿ = ਜੋ। ਬੇਗੂੰਨ = ਰੰਗ ਰਹਿਤ। ਬੇਚੂੰ = ਚਿੰਨ੍ਹਾਂ ਤੋਂ ਬਿਨਾਂ। ਚੂੰ = ਐਸੋ। ਬੇਨਮੂੰ = ਲਾਸਾਨੀ।

ਉਹ ਪਰਮਾਤਮਾ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਨੇਕੀਆਂ ਬਖਸ਼ਣ ਵਾਲਾ ਤੇ ਸਹੀ ਰਸਤਾ ਦੱਸਣ ਵਾਲਾ ਹੈ। ਉਸ ਦਾ ਕੋਈ ਰੰਗ ਤੇ ਚਿੰਨ੍ਹ ਨਹੀਂ। ਉਹ ਲਾਸਾਨੀ ਹੈ, ਭਾਵ ਉਸ ਦੇ ਨਮੂਨੇ ਦਾ ਹੋਰ ਕੋਈ ਨਹੀਂ॥੩॥

**ਨ ਸਾਜ਼ੋ ਨ ਬਾਜ਼ੋ ਨ ਫ਼ੌਜੋ ਨ ਫ਼ਰਸ਼॥**
**ਖ਼ੁਦਾਵੰਦ ਬਖ਼ਸ਼ਿੰਦਏ ਐਸ਼ ਅਰਸ਼॥੪॥**

ਸਾਜ਼ੋ = ਸਮਾਨ। ਬਾਜ਼ੋ = ਘੋੜਾ। ਫੌਜੋ = ਫੌਜ। ਫ਼ਰਸ਼ = ਗਲੀਚੇ, ਦਰੀਆਂ, ਕਾਲੀਨ ਆਦਿ। ਖ਼ੁਦਾਵੰਦ = ਪਰਮਾਤਮਾ। ਐਸ਼ = ਖੁਸ਼ੀਆਂ। ਅਰਸ਼ = ਸਵਰਗ।

ਜਿਸ ਪੁਰਸ਼ ਪਾਸ ਨਾ ਕੋਈ ਸਮਾਨ ਹੈ, ਨਾ ਘੋੜਾ ਹੈ, ਨਾ ਫੌਜ ਤੇ ਨਾ ਹੀ ਕੋਈ ਗਲੀਚੇ ਦਰੀਆਂ ਆਦਿ ਹਨ। ਪਰ ਜੇ ਉਹ ਪ੍ਰਭੂ ਚਾਹੇ ਤਾਂ ਉਸ ਨੂੰ ਸੁਖ ਦੇ ਸਮਾਨ ਤੇ ਸਵਰਗ ਦੀਆਂ ਖੁਸ਼ੀਆਂ ਬਖਸ਼ ਦਿੰਦਾ ਹੈ॥੪॥

**ਜਹਾਂ ਪਾਕ ਜ਼ਬਰਸਤ ਜ਼ਾਹਿਰ ਜ਼ਹੂਰ॥**
**ਉਜ਼ਾਮੀ ਦਿਹੋ ਹਮਚੂ ਹਾਜ਼ਿਰ ਹੁਜ਼ੂਰ॥੫॥**

ਜਹਾਂ = ਸੰਸਾਰ। ਪਾਕ = ਪਵਿੱਤਰ। ਜ਼ਬਰਸਤ = ਬਲਵਾਨ। ਜ਼ਹੂਰ = ਜਲਵਾ। ਦਿਹੋ = ਦੇਂਦਾ ਹੈ। ਹਾਜ਼ਿਰ ਹੁਜ਼ੂਰ = ਹਰ ਥਾਂ ਮੌਜੂਦ।

ਪ੍ਰਭੂ ਸੰਸਾਰ ਤੋਂ ਨਿਰਲੇਪ, ਸਾਖਿਆਤ ਰੂਪ ਅਤੇ ਸਮਰੱਥਾ ਵਾਲਾ ਹੈ। ਉਹ ਵਡਿਆਈਆਂ ਬਖਸ਼ਨ ਵਾਲਾ ਤੇ ਹਰ ਥਾਂ ਮੌਜੂਦ ਹੈ॥੫॥

**ਅਤਾ ਬਖ਼ਸ਼ ਓ ਪਾਕ ਪਰਵਰਦਗਾਰ॥**
**ਰਹੀਮ ਅਸਤੋ ਰੋਜ਼ੀ ਦਿਹੋ ਹਰ ਦਿਯਾਰ॥੬॥**

ਅਤਾ = ਦਾਤ। ਪਾਕ = ਪਵਿੱਤਰ। ਪਰਵਰਦਗਾਰ = ਪਾਲਣਾ ਕਰਨ ਵਾਲਾ। ਰਹੀਮ ਅਸਤ = ਰਹਿਮ ਕਰਨ ਵਾਲਾ। ਰੋਜ਼ੀ ਦਿਹੋ = ਰਿਜ਼ਕ ਦੇਣ ਵਾਲਾ। ਹਰ = ਹਰ ਇਕ ਨੂੰ। ਦਿਯਾਰ = ਦੇਸ਼।

ਉਹ ਪਵਿੱਤ੍ਰ ਪ੍ਰਭੂ ਦਾਤਾਂ ਦੇਣ ਵਾਲਾ ਤੇ ਹਰ ਦੀ ਪਾਲਣਾ ਕਰਨ ਵਾਲਾ ਹੈ। ਰਹਿਮ ਕਰਨ

ਵਾਲਾ ਤੇ ਹਰ ਇਕ ਦੇਸ਼ ਨੂੰ ਰਿਜ਼ਕ ਦੇਣ ਵਾਲਾ ਹੈ।।੬।।

**ਕਿ ਸਾਹਿਬ ਦਿਯਾਰ ਅਸਤ ਆਜ਼ਮ ਅਜ਼ੀਮ।।**
**ਕਿ ਹੁਸਨੁਲ ਜਮਾਲ ਅਸਤ ਰਾਜ਼ਿਕ ਰਹੀਮ।।੭।।**

ਕਿ = ਜੋ। ਸਾਹਿਬ = ਮਾਲਿਕ। ਦਿਯਾਰ = ਦੇਸ਼। ਆਜ਼ਮ ਅਜ਼ੀਮ = ਬਹੁਤ ਵੱਡਾ। ਹੁਸਨੁਲ = ਸੁੰਦਰਤਾ ਵਾਲਾ। ਰਾਜ਼ਿਕ = ਰਿਜ਼ਕ ਦਾਤਾ। ਰਹੀਮ = ਦਿਆਲੂ।

ਉਹ ਪ੍ਰਮਾਤਮਾ ਸਭ ਮੁਲਕਾਂ ਦਾ ਮਾਲਕ ਤੇ ਵੱਡਿਆਂ ਤੋਂ ਵੀ ਵੱਡਾ ਹੈ। ਉਸ ਦਾ ਸਰੂਪ ਜਲਾਲ ਵਾਲਾ ਹੈ ਤੇ ਉਹ ਰਿਜ਼ਕ ਦੇਣ ਵਾਲਾ ਅਤੇ ਦਿਆਲੂ ਹੈ।।੭।।

**ਕਿ ਸਾਹਿਬ ਸ਼ਊਰ ਅਸਤ ਆਜਿਜ਼ ਨਿਵਾਜ਼।।**
**ਗ਼ਰੀਬੁਲ ਪ੍ਰਸਤੋ ਗ਼ਨੀਮੁਲ ਗੁਦਾਜ਼।।੮।।**

ਸ਼ਊਰ = ਅਕਲ। ਆਜਿਜ਼ = ਗਰੀਬ। ਨਿਵਾਜ਼ = ਵਡਿਆਈ ਦੇਣ ਵਾਲਾ। ਗ਼ਰੀਬੁਲ-ਪਰਸਤੋ = ਗਰੀਬਾਂ ਦੀ ਪਾਲਣਾ ਕਰਨ ਵਾਲਾ। ਗ਼ਨੀਮੁਲ-ਗੁਦਾਜ਼ = ਵੈਰੀਆਂ, ਹੰਕਾਰੀਆਂ ਨੂੰ ਨਾਸ਼ ਕਰਨ ਵਾਲਾ।

ਪਰਮਾਤਮਾ ਬੜੀ ਉੱਚੀ ਸਮਝ ਵਾਲਾ ਹੈ, ਨਿਮਾਣਿਆਂ ਨੂੰ ਵਡਿਆਉਣ ਵਾਲਾ ਹੈ। ਗ਼ਰੀਬਾਂ ਦੀ ਪਾਲਣਾ ਕਰਨ ਵਾਲਾ ਅਤੇ ਹੰਕਾਰੀ ਵੈਰੀਆਂ ਨੂੰ ਨਾਸ ਕਰਨ ਵਾਲਾ ਹੈ।।੮।।

**ਸ਼ਰੀਅਤ ਪ੍ਰਸਤੋ ਫ਼ਜ਼ੀਲਤ ਮਆਬ।।**
**ਹਕੀਕਤ ਸ਼ਨਾਸੋ ਨਬੀਉਲ ਕਿਤਾਬ।।੯।।**

ਸ਼ਰੀਅਤ = ਧਰਮ। ਪਰਸਤੋ = ਪਾਲਕ। ਫ਼ਜ਼ੀਲਤ-ਮਆਬ = ਵਡਿਆਈ ਦਾ ਘਰ। ਹਕੀਕਤ-ਸ਼ਨਾਸ਼ੋ = ਸਚਿਆਈ ਨੂੰ ਪਛਾਣਨ ਵਾਲਾ। ਨਬੀਉਲ = ਪ੍ਰਕਾਸ਼ ਕਰਨ ਵਾਲਾ।

ਪ੍ਰਭੂ ਧਰਮ ਦਾ ਪਾਲਕ ਤੇ ਵਡਿਆਈਆਂ ਦਾ ਘਰ ਹੈ। ਸਚਿਆਈ ਨੂੰ ਪਛਾਨਣ ਵਾਲਾ ਹੈ ਅਤੇ ਸਭ ਧਰਮ ਗ੍ਰੰਥਾਂ ਦਾ ਪ੍ਰਕਾਸ਼ਤ ਸੋਮਾ ਹੈ।।੯।।

**ਕਿ ਦਾਨਿਸ਼ ਪਿਜ਼ੂਹਸਤ ਸਾਹਿਬ ਸ਼ਊਰ।।**
**ਹਕੀਕਤ ਸ਼ਨਾਸਸਤੁ ਜ਼ਾਹਿਰ ਜ਼ਹੂਰ।।੧੦।।**

ਦਾਨਸ਼ = ਦਨਾਈ।ਪਿਜ਼ੂਹਸਤ = ਤਲਾਸ਼ ਕਰਨ ਵਾਲਾ।ਸ਼ਊਰ = ਅਕਲ।ਹਕੀਕਤ = ਸਚਾਈ। ਸ਼ਨਾਸ਼ਸਤੁ = ਪਛਾਨਣ ਵਾਲਾ ਹੈ। ਜ਼ਾਹਿਰ = ਪ੍ਰਸਿੱਧ। ਜ਼ਹੂਰ = ਪ੍ਰਕਾਸ਼।

ਪ੍ਰਭੂ ਗਿਆਨ ਦੀ ਤਲਾਸ਼ ਕਰਨ ਵਾਲਾ ਭਾਵ ਕਦਰ ਕਰਨ ਵਾਲਾ ਤੇ ਅਕਲ ਦਾ ਮਾਲਕ ਹੈ। ਸੱਚ ਨੂੰ ਪਛਾਣਨ ਵਾਲਾ ਹੈ ਤੇ ਹਰ ਥਾਂ ਤੇ ਉਸ ਦਾ ਜਲਵਾ ਪ੍ਰਸਿੱਧ ਹੈ।।੧੦।।

Namdhari Elibrary NamdhariElibrary@gmail.com

**ਸ਼ਨਾਸਿੰਦਹਏ ਇਲਿਮਿ ਆਲਮ ਖ਼ੁਦਾਇ।।**
**ਕੁਸ਼ਾਇੰਦਹਏ ਕਾਰਿ ਆਲਮ ਕੁਸ਼ਾਇ।।੧੧।।**

ਸ਼ਨਾਸ਼ਿੰਦਹਏ = ਜਾਨਣ ਵਾਲਾ। ਇਲਿਮਿ = ਵਿਦਿਆ। ਆਲਮ = ਸੰਸਾਰ। ਖ਼ੁਦਾਇ = ਪਰਮਾਤਮਾ। ਕੁਸ਼ਾਇੰਦਹਏ = ਸੌਖਾ ਕਰਨ ਵਾਲਾ। ਕਾਰਿ = ਕੰਮ। ਕੁਸ਼ਾਇ = ਤਰਤੀਬ ਦੇਣ ਵਾਲਾ।

ਪਰਮਾਤਮਾ ਜਗਤ ਦੀ ਹਰ ਵਿਦਿਆ ਨੂੰ ਜਾਨਣ ਵਾਲਾ ਹੈ। ਦੁਨੀਆਂ ਦੇ ਹਰ ਕੰਮ ਨੂੰ ਤਰਤੀਬ ਦੇਣ ਵਾਲਾ ਹੈ।।੧੧।।

**ਗੁਜ਼ਾਰਿੰਦਹਏ ਕਾਰਿ ਆਲਮ .ਕਬੀਰ।।**
**ਸ਼ਨਾਸਿੰਦਹਏ ਇਲਿਮਿ ਆਲਮ ਅਮੀਰ।।੧੨।।**

ਗੁਜ਼ਾਰਿੰਦਹਏ = ਚਲਾਉਣ ਵਾਲਾ। ਕਾਰਿ = ਕੰਮ। ਕਬੀਰ = ਵੱਡਾ। ਅਮੀਰ = ਪਰਮਾਤਮਾ।

ਸਾਰਿਆਂ ਤੋਂ ਵੱਡਾ ਪ੍ਰਭੂ ਜਗਤ ਦੇ ਕੰਮਾਂ ਨੂੰ ਚਲਾਉਣ ਵਾਲਾ ਹੈ ਅਤੇ ਸੰਸਾਰ ਦੇ ਇਲਮ ਨੂੰ ਪਛਾਣਨ ਵਾਲਾ ਹੈ।।੧੨।।

ਇਨ੍ਹਾਂ ੧੨ ਬੈਂਤਾਂ ਵਿਚ ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਉਸਤਤ ਕੀਤੀ ਹੈ। ਅਗੇ ਪਹਿਲੀ ਹਿਕਾਇਤ (ਦਾਸਤਾਨ) ਅਰੰਭ ਕਰਦੇ ਹਨ। ਇਸ ਵਿਚ ਔਰੰਗਜ਼ੇਬ ਬਾਦਸ਼ਾਹ ਦੀਆਂ ਫਰੇਬ ਤੇ ਧੋਖੇ ਭਰੀਆਂ ਗੱਲਾਂ ਤੇ ਉਸ ਦੀਆਂ ਝੂਠੀਆਂ ਕਸਮਾਂ ਦਾ ਵਰਣਨ ਕਰਦੇ ਹਨ।।

# ਦਾਸਤਾਨ।। ਹਿਕਾਯਤ ਪਹਿਲੀ

**ਮਰਾ ਇਅਤਬਾਰੇ ਬਰੀਂ .ਕਸਮ ਨੇਸਤ।।**
**ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ।।੧੩।।**

ਮਰਾ = ਮੈਨੂੰ। ਇਅਤਬਾਰੇ = ਯਕੀਨ। ਏਜ਼ਦ = ਰੱਬ। ਗਵਾਹਸਤੁ = ਗਵਾਹ ਹੈ। ਯਜ਼ਦਾ = ਖ਼ੁਦਾ। ਯਕੇਸਤ = ਇਕ ਹੈ।

ਔਰੰਗਜ਼ੇਬ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਲਿਖਦੇ ਹਨ ਕਿ ਐ ਔਰੰਗਜ਼ੇਬ ! ਮੈਨੂੰ ਤੇਰੀ ਏਸ ਕਸਮ ਤੇ ਯਕੀਨ ਨਹੀਂ ਕਿ ਇਕ ਖ਼ੁਦਾ ਹੀ ਸਾਡੇ ਦੋਹਾਂ ਵਿਚ ਗਵਾਹ ਹੈ।।੧੩।।

**ਨ .ਕਤਰਹ ਮਰਾ ਇਅਤਬਾਰੇ ਬਰੋਸਤ।।**
**ਕਿ ਬਖ਼ਸ਼ੀ ਵ ਦੀਵਾਂ ਹਮਾਂ ਕਿਜ਼ਬ ਗੋਸਤ।।੧੪।।**

ਕਤਰਹ = ਇਕ ਬੂੰਦ, ਰੰਚਕ ਮਾਤਰ। ਬਰੋਸਤੁ = ਉਸ ਉਤੇ ਹੈ। ਬਖਸ਼ੀ = ਫੌਜੀ ਜਰਨੈਲ।

ਦੀਵਾਂ = ਮੁਸਾਹਿਬ, ਸਲਾਹਕਾਰ। ਕਿਜ਼ਬਗੋਸਤ = ਝੂਠ ਬੋਲਣ ਵਾਲੇ।

ਤੇਰੇ ਫੌਜੀ ਜਰਨੈਲ ਤੇ ਮੁਸਾਹਿਬ ਸਭ ਝੂਠ ਬੋਲਣ ਵਾਲੇ ਹਨ। ਮੈਨੂੰ ਉਹਨਾਂ ਉਤੇ ਜ਼ਰਾ ਵੀ ਇਤਬਾਰ ਨਹੀਂ॥੧੪॥

## ਕਸੇ .ਕਉਲਿ ਕੁਰਆਂ ਕੁਨਦ ਇਅਤਬਾਰ॥
## ਹਮਾ ਰੋਜ਼ਿ ਆਖ਼ਿਰ, ਸ਼ਵਦ ਮਰਦ ਖ਼੍ਵਾਰ॥੧੫॥

ਕਸੇ = ਕੋਈ। ਕਉਲਿ = ਸੁਖਨ। ਕੁਰਆਂ = ਕੁਰਾਨ। ਕੁਨਦ = ਕਰਦਾ। ਹਮਾਂ = ਉਹ। ਰੋਜ਼ = ਦਿਨ। ਆਖਿਰ = ਅੰਤ। ਸ਼ਵਦ = ਹੁੰਦਾ ਹੈ। ਖ਼੍ਵਾਰ = ਖਰਾਬ।

ਜਿਹੜਾ ਆਦਮੀ ਤੁਹਾਡੀ ਇਕ ਕੁਰਾਨ ਦੀ ਸੌਂਹ ਉਤੇ ਯਕੀਨ ਕਰਦਾ ਹੈ, ਉਹ ਅੰਤ ਨੂੰ ਖੁਆਰ ਹੁੰਦਾ ਹੈ॥੧੫॥

## ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ॥
## ਬਰੋ ਦਸਤ ਦਾਰਦ ਨ ਜ਼ਾਗਿ ਦਲੇਰ॥੧੬॥

ਹੁਮਾ = ਇਕ ਪ੍ਰਕਾਰ ਦਾ ਪੰਛੀ ਜਿਸ ਬਾਰੇ ਇਹ ਪ੍ਰਸਿਧ ਹੈ ਕਿ ਜਿਸ ਦੇ ਸਿਰ ਉਤੋਂ ਉਹ ਲੰਘ ਜਾਏ ਉਹ ਬਾਦਸ਼ਾਹ ਬਣ ਜਾਂਦਾ ਹੈ। ਕਸੇ = ਜੇ ਕੋਈ। ਸਾਯਹ = ਛਾਇਆ। ਆਯਦ = ਆਉਂਦਾ ਹੈ। ਬਜ਼ੇਰ = ਹੇਠਾਂ। ਬਰੋ = ਉਪਰ। ਦਸਤ = ਹੱਥ। ਜ਼ਾਗਿ = ਕਾਂ। ਦਲੇਰ = ਯੋਧਾ।

ਜੇ ਕੋਈ ਆਦਮੀ ਹੁਮਾਯੂ ਪੰਛੀ ਦੇ ਸਾਏ ਹੇਠ ਆ ਜਾਵੇ, ਫਿਰ ਉਸ ਉਤੇ ਕਾਂ ਹੱਥ ਨਹੀਂ ਰਖ ਸਕਦਾ, ਭਾਵੇਂ ਉਹ ਕਿੰਨਾ ਦਲੇਰ ਹੋਵੇ॥੧੬॥

ਭਾਵ ਹੇ ਔਰੰਗਜ਼ੇਬ ! ਜਦੋਂ ਅਸਾਂ ਅਕਾਲ ਪੁਰਖ ਦੀ ਸ਼ਰਨ ਗ੍ਰਹਿਣ ਕਰ ਲਈ, ਫਿਰ ਤੇਰੀਆਂ ਫੌਜਾਂ ਸਾਨੂੰ ਕਿਸ ਤਰ੍ਹਾਂ ਡਰਾ ਸਕਦੀਆਂ ਹਨ?

## ਕਸੇ ਪੁਸ਼ਤ ਉਫਤਦ ਪਸੇ ਸ਼ੇਰਿ ਨਰ॥
## ਨਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ॥੧੭॥

ਪੁਸ਼ਤ = ਪਿੱਠ। ਉਫ਼ਤਦ = ਖੜਾ ਹੋਵੇ। ਪਸੇ = ਪਿਛੇ। ਬੁਜ਼ੋ = ਬੱਕਰੀ। ਮੇਸ਼ੋ = ਭੇਡ। ਆਹੂ = ਹਿਰਨ। ਗੁਜ਼ਰ = ਲੰਘਣਾ।

ਜਿਹੜਾ ਕੋਈ ਸ਼ੇਰ ਦੀ ਸ਼ਰਨ ਗ੍ਰਹਿਣ ਕਰਦਾ ਹੈ, ਉਸ ਉਤੇ ਬੱਕਰੀ, ਭੇਡ ਜਾਂ ਹਿਰਨ ਦਾ ਕੋਈ ਜ਼ੋਰ ਨਹੀਂ ਪੈ ਸਕਦਾ। ਏਸੇ ਤਰ੍ਹਾਂ ਤੇਰੇ ਭੇਜੇ ਹੋਏ ਫੌਜੀ ਜਰਨੈਲ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਮੇਰੇ ਸਾਹਮਣੇ ਨਹੀਂ ਅੜ ਸਕੇ॥੧੭॥

## ਕਸਮ ਮੁਸਹਫੇ ਖੁਫ਼ੀਯਹ ਗਰ ਈਂ ਖ਼ੁਰਮ॥

**********************************************************************

## ਨ ਫ਼ਉਜੇ ਅਜ਼ੀਜ਼ੇ ਰਾ ਸੁਮ ਅਜ਼ਕੁਨਮ॥੧੮॥

ਕਸਮ = ਸੌਂਹ। ਮੁਸਹਫੇ = ਕੁਰਾਨ। ਖ਼ੁਫੀਯਹ = ਫਰੇਬ। ਖੁਰਮ = ਖਾਂਦੇ। ਸੁਮ ਅਜ਼ਕੁਨਮ = ਲੰਗੜਾ ਕਰਨਾ, ਮਰਵਾਉਣਾ।

ਜੇਕਰ ਕੁਰਾਨ ਦੀ ਸੌਂਹ ਦਾ ਭੇਤ ਜਾਣ ਲੈਂਦਾ ਤਾਂ ਇਸ ਤਰ੍ਹਾਂ ਆਪਣੀ ਪਿਆਰੀ ਫੌਜ ਨੂੰ ਨਾ ਮਰਵਾ ਲੈਂਦਾ॥੧੮॥

ਅਗੋ ਸਤਿਗੁਰੂ ਜੀ ਚਮਕੌਰ ਦੇ ਯੁੱਧ ਦਾ ਜ਼ਿਕਰ ਕਰਦੇ ਹਨ:-

## ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ॥
## ਕਿ ਦਹ ਲਕ ਬਰਾਯਦ ਬਰੋ ਬੇਖ਼ਬਰ॥੧੯॥

ਗੁਰਸਨਹ = ਭੁਖੇ। ਚਿ = ਕੀ। ਕਾਰੇ = ਕੰਮ। ਕੁਨਦ = ਕਰਨੀ। ਚਿਹਲ = ਚਾਲੀ। ਦਹ ਲਕ = ਦਸ ਲੱਖ। ਬਰਾਯਦ = ਆ ਪਏ। ਬੇਖ਼ਬਰ = ਅਚਨਚੇਤ।

ਮੇਰੇ ਚਾਲੀ ਭੁਖੇ ਆਦਮੀਆਂ ਤੇ ਦਸ ਲੱਖ ਫੌਜੀ ਅਚਾਨਕ ਆ ਪਏ, ਉਸ ਸਮੇਂ ਉਹ ਕੀ ਕਰ ਸਕਦੇ ਸਨ॥੧੯॥

## ਕਿ ਪੈਮਾ ਸ਼ਿਕਨ ਬੇਦਰੰਗ ਆਮਦੰਦ॥
## ਮਿਯਾਂ ਤੇਗ਼ੋ ਤੀਰੋ ਤੁਫ਼ੰਗ ਆਮਦੰਦ॥੨੦॥

ਪੈਮਾ = ਬਚਨ, ਅਹਿਦ। ਸ਼ਿਕਨ = ਤੋੜਨਾ। ਬੇਦਰੰਗ = ਝਟ ਪਟ। ਆਮਦੰਦ = ਆਏ। ਮਿਯਾਂ = ਸਮੇਤ।

ਕੀਤੇ ਅਹਿਦ ਨੂੰ ਤੋੜ ਕੇ ਤਲਵਾਰਾਂ, ਤੀਰਾਂ ਤੇ ਬੰਦੂਕਾਂ ਲੈਕੇ ਤੇਰੇ ਫੌਜੀ ਝਟ ਪਟ ਆ ਪਏ॥੨੦॥

## ਬ ਲਾਚਾਰਗੀ ਦਰ ਮਿਯਾਂ ਆਮਦਮ॥
## ਬ ਤਦਬੀਰਿ ਤੀਰੋ ਤੁਫ਼ੰਗ ਆਮਦਮ॥੨੧॥

ਲਾਚਾਰਗੀ = ਮਜ਼ਬੂਰ ਹੋ ਕੇ। ਦਰ = ਅੰਦਰ। ਮਿਯਾਂ = ਜੰਗ। ਆਮਦਮ = ਆਇਆ। ਤਦਬੀਰਿ = ਵਿਧੀ।

ਇਸ ਲਈ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿਚ ਆਉਣਾ ਪਿਆ ਅਤੇ ਤੀਰ ਕਮਾਨ, ਬੰਦੂਕਾਂ ਆਦਿ ਸ਼ਸਤਰ ਅਸਤਰ ਚੁਕਣੇ ਪਏ॥੨੧॥

ਸਤਿਗੁਰੂ ਜੀ ਦਾ ਭਾਵ ਇਹ ਹੈ ਕਿ ਮੈਂ ਜੰਗ ਨਹੀਂ ਸੀ ਕਰਨਾ, ਪਰ ਮਜ਼ਬੂਰ ਹੋ ਕੇ ਮੈਨੂੰ ਜੰਗ ਵਿਚ ਸ਼ਸਤਰ ਲੈ ਕੇ ਆਉਣਾ ਪਿਆ।

Namdhari Elibrary NamdhariElibrary@gmail.com

## ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
## ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥੨੨॥

ਚੁ = ਜਦੋਂ। ਕਾਰ = ਕੰਮ। ਅਜ਼ = ਤੋਂ। ਹਮਹ = ਸਾਰੇ। ਹੀਲਤੇ = ਹੀਲਿਆਂ। ਦਰ ਗੁਜ਼ਸਤ = ਗੁਜ਼ਰ ਜਾਵੇ। ਹਲਾਲ = ਯੋਗ ਹੈ। ਬੁਰਦਨ = ਲੈ ਜਾਣਾ। ਸ਼ਮਸ਼ੀਰ ਦਸਤ = ਤਲਵਾਰ ਹੱਥ ਵਿਚ ਲੈਣੀ।

ਜਦੋਂ ਸਾਰੇ ਹੀਲਿਆਂ ਵਸੀਲਿਆਂ ਤੋਂ ਗੱਲ ਅਗੇ ਲੰਘ ਜਾਵੇ ਤਦ ਹੱਥ ਵਿਚ ਤਲਵਾਰ ਲੈਣਾ ਜਾਇਜ਼ ਹੈ॥੨੨॥

## ਚਿ .ਕਸਮੇ ਕੁਰਾਂ ਮਨ ਕੁਨਮ ਇਅਤਬਾਰ॥
## ਵਗਰ ਨਹ ਤੁ ਗੋਈ ਮਨ ਈਂ ਰਹ ਚਿ ਕਾਰ॥੨੩॥

ਚਿ = ਕੀ। ਮਨ = ਮੈਂ। ਕੁਨਮ = ਕਰਾਂ। ਵਗਰ = ਨਹੀਂ ਤਾਂ। ਰਹ = ਰਸਤੇ। ਚਿ = ਕੀ। ਕਾਰ = ਕੰਮ।

ਤੇਰੀ ਕੁਰਾਨ ਦੀ ਕਸਮ ਦਾ ਕੀ ਯਕੀਨ ਕੀਤਾ ਜਾਏ। ਨਹੀਂ ਤਾਂ ਤੂੰ ਹੀ ਦੱਸ ਕਿ ਮੇਰਾ ਇਸ ਰਸਤੇ ਆਉਣ ਦਾ ਕੀ ਕੰਮ ਸੀ ?॥੨੩॥

## ਨ ਦਾਨਮ ਕਿ ਈਂ ਮਰਦਿ ਰੋਬਾਹ ਪੇਚ॥
## ਵਗਰ ਹਰਗਿਜ਼ ਈਂ ਰਹ ਨ ਯਾਰਦ ਬਹੇਚ॥੨੪॥

ਨ ਦਾਨਮ = ਨਹੀਂ ਜਾਣਦਾ। ਰੋਬਾਹ = ਲੂੰਬੜੀ। ਪੇਚ = ਦਾਅ। ਨਯਾਰਦ = ਨਾ ਆਉਂਦਾ। ਬਹੇਚ = ਬਹਾਨੇ।

ਮੈਂ ਨਹੀਂ ਸੀ ਜਾਣਦਾ ਕਿ ਇਹ ਮਰਦ ਲੂੰਬੜੀ ਵਾਂਗੂੰ ਦਾਅ ਮਾਰ ਰਿਹਾ ਹੈ। ਮੈਂ ਹੋਰ ਕਿਸੇ ਬਹਾਨੇ ਨਾਲ ਵੀ ਇਸ ਰਸਤੇ ਨਹੀਂ ਸੀ ਆਉਣਾ, ਭਾਵ ਤੇਰੀਆਂ ਝੂਠੀਆਂ ਕਸਮਾਂ ਤੇ ਇਤਬਾਰ ਕਰਕੇ ਹੀ ਮੈਂ ਅਨੰਦਪੁਰ ਦਾ ਕਿਲ੍ਹਾ ਛਡ ਕੇ ਬਾਹਰ ਨਿਕਲ ਆਇਆ॥੨੪॥

## ਹਰ ਆਂ ਕਸ ਕਿ .ਕਉਲੇ ਕੁਰਾਂ ਆਯਦਸ਼॥
## ਨਜ਼ੋ ਬਸਤਨੋ ਕੁਸ਼ਤਨੀ ਬਾਯਦਸ਼॥੨੫॥

ਹਰ ਆਂ = ਕੋਈ ਉਹ। ਕਸ = ਆਦਮੀ। ਕਉਲੇ ਕੁਰਾਂ = ਕੁਰਾਨ ਦੀ ਸੌਂਹ। ਆਯਦਸ਼ = ਆਵੇ। ਨਜ਼ੋ = ਨਾ ਤਾਂ। ਬਸਤਨੋ = ਬੰਨ੍ਹਣਾ। ਕੁਸ਼ਤਨੀ = ਕੋਹਣਾ। ਬਯਾਦਸ਼ = ਚਾਹੀਦਾ ਹੈ।

ਜਿਹੜਾ ਆਦਮੀ ਕੁਰਾਨ ਦੀ ਸੌਂਹ ਥੱਲੇ ਆ ਗਿਆ ਹੋਵੇ, ਉਸ ਨੂੰ ਨਾ ਹੀ ਕੈਦ ਕਰਨਾ ਚਾਹੀਦਾ ਹੈ ਤੇ ਨਾ ਹੀ ਉਸ ਨੂੰ ਮਾਰਨਾ ਚਾਹੀਦਾ ਹੈ॥੨੫॥

Namdhari Elibrary NamdhariElibrary@gmail.com

## ਬਰੰਗੇ ਮਗਸ ਸਜਾਹਪੋਸ਼ ਆਮਦੰਦ।।
## ਬ ਯਕ ਬਾਰਗੀ ਦਰ ਖ਼ਰੋਸ਼ ਆਮਦੰਦ।।੨੬।।

ਬਰੰਗੋ = ਕਾਲੇ ਰੰਗ ਵਰਗੇ। ਮਗਸ = ਮੱਖੀਆਂ। ਸਜਾਹਪੋਸ਼ = ਕਾਲੀਆਂ ਪੁਸ਼ਾਕਾਂ ਵਾਲੇ। ਬ ਯਕ ਬਾਰਗੀ = ਇਕੋ ਵਾਰੀ। ਦਰ ਖ਼ਰੋਸ਼ = ਰੌਲਾ ਗੌਲਾ। ਆਮਦੰਦ = ਆ ਗਏ।

ਉਸ ਦੇ ਉਲਟ ਕਾਲੀਆਂ ਪੁਸ਼ਾਕਾਂ ਵਾਲੇ ਤੇਰੇ ਸੂਰਮੇ ਮੱਖੀਆਂ ਵਾਂਗੂੰ ਆ ਪਏ। ਰੌਲਾ ਗੌਲਾ ਪਾਉਂਦੇ ਉਹ ਹੱਲਾ ਕਰਕੇ ਇਕੋ ਵਾਰੀ ਆ ਗਏ।।੨੬।।

## ਹਰ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ।।
## ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ।।੨੭।।

ਹਰਆਂਕਸ = ਜੋ ਕਈ। ਦੀਵਾਰ = ਕੰਧ। ਬਿਰੂੰ = ਬਾਹਰ। ਬਖ਼ੁਰਦਨ = ਖਾਣ ਨਾਲ। ਯਕੇ = ਇਕ। ਸ਼ੁਦ = ਹੋ ਗਿਆ। ਗਰਕਿ ਖ਼ੂੰ = ਲਹੂ ਵਿਚ ਗਰਕ।

ਤੇਰਾ ਜਿਹੜਾ ਕੋਈ ਸੂਰਮਾ ਕੰਧ ਦੀ ਓਟ ਤੋਂ ਬਾਹਰ ਆਇਆ, ਉਹ ਸਾਡਾ ਇਕੋ ਤੀਰ ਖਾ ਕੇ ਖ਼ੂਨ ਵਿਚ ਗਰਕ ਹੋ ਗਿਆ ਭਾਵ ਮਰ ਗਿਆ।।੨੭।।

## ਕਿ ਬੇਰੂੰ ਨਯਾਮਦ ਕਸੇ ਜ਼ਾਂ ਦਿਵਾਰ।।
## ਨ ਖ਼ਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ।।੨੮।।

ਜਿਹੜਾ ਤੇਰਾ ਸੂਰਮਾ ਕੰਧ ਦੀ ਓਟ ਤੋਂ ਬਾਹਰ ਨਾ ਆਇਆ, ਉਹ ਤੀਰ ਖਾ ਕੇ ਖੁਆਰ ਨਾ ਹੋਇਆ, ਭਾਵ ਉਹ ਬਚ ਗਿਆ।।੨੮।।

ਸਤਿਗੁਰੂ ਜੀ ਚਮਕੌਰ ਦੇ ਜੰਗ ਦਾ ਹਾਲ ਵਰਣਨ ਕਰਦੇ ਹੋਏ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਸਾਡੇ ਭੁੱਖੇ ਚਾਲੀ ਸਿਖਾਂ ਤੇ ਤੇਰੇ ਦਸ ਲੱਖ ਸੈਨਕ ਮੱਖੀਆਂ ਵਾਂਗੂੰ ਹੱਲਾ ਕਰਕੇ ਆ ਪਏ, ਪਰ ਉਹਨਾਂ ਵਿਚ ਹੌਸਲਾ ਏਨਾ ਵੀ ਨਹੀਂ ਸੀ ਕਿ ਉਹ ਸਾਡੇ ਸਾਹਮਣੇ ਹੋ ਕੇ ਲੜਦੇ। ਕੰਧ ਦੀ ਓਟ ਵਿਚ ਰਹਿ ਕੇ ਸਾਡੇ ਤੀਰਾਂ ਦੀ ਮਾਰ ਤੋਂ ਬਚਦੇ ਰਹੇ। ਜਿਹੜਾ ਕੋਈ ਸਾਡੇ ਸਾਹਮਣੇ ਆ ਜਾਂਦਾ ਸੀ, ਉਹ ਫਿਰ ਸਾਡੇ ਤੀਰ ਤੋਂ ਬਚਦਾ ਨਹੀਂ ਸੀ।

## ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ।।
## ਚਸ਼ੀਦਹ ਯਕੇ ਤੀਰਿ ਮਨ ਬੇਦਰੰਗ।।੨੯।।

ਚੁ = ਜਦ। ਦੀਦਮ = ਵੇਖਿਆ। ਨਾਹਰ = ਨਾਹਰ ਖਾਂ। ਔਰੰਗਜ਼ੇਬ ਦੀ ਫੌਜ ਦਾ ਸਿਪਾਹਸਲਾਰ। ਬਿਯਾਮਦ = ਆਇਆ। ਬਜੰਗ = ਲੜਾਈ ਵਾਸਤੇ। ਚਸ਼ੀਦਹ = ਚਖਾਇਆ। ਬੇਦਰੰਗ = ਛੇਤੀ।

ਜਦੋਂ ਮੈਂ ਵੇਖਿਆ ਕਿ ਤੇਰਾ ਸੈਨਾਪਤੀ ਨਾਹਰ ਖਾਂ ਜੰਗ ਕਰਨ ਲਈ ਮੈਦਾਨ ਵਿਚ ਆਇਆ

Namdhari Elibrary NamdhariElibrary@gmail.com

ਹੈ ਤਾਂ ਮੈਂ ਉਸ ਨੂੰ ਝਟ ਪਟ ਇਕ ਤੀਰ ਚਖਾਇਆ ਭਾਵ ਮਾਰਿਆ, ਜਿਸ ਦੇ ਲੱਗਣ ਨਾਲ ਉਹ ਮਰ ਗਿਆ।।੨੯।।

**ਹਮਾਖ਼ਿਰ ਗੁਰੇਜ਼ੰਦ ਬਜਾਏ ਮਸਾਫ।।**
**ਬਸੇ ਖਾਨਾਂ ਖ਼ੁਰਦੰਦ ਬੇਰੂੰ ਗੁਜ਼ਾਫ।।੩੦।।**

ਹਮ = ਭੀ। ਆਖ਼ਰ = ਅੰਤ। ਗੁਰੇਜ਼ਦ = ਭੱਜ ਗਏ। ਮੁਸਾਫ = ਜੰਗ। ਬਸੇ = ਬਹੁਤ। ਖਾਨਾਂ = ਪਠਾਣ। ਖ਼ੁਰਦੰਦ = ਖਾਂਦੇ। ਗੁਜ਼ਾਫ = ਗੱਪਾਂ।

ਓੜਕ ਨੂੰ ਮੈਦਾਨ ਜੰਗ ਵਿਚੋਂ ਉਹ ਪਠਾਣ ਵੀ ਨੱਸ ਗਏ, ਜਿਹੜੇ ਬਾਹਰ ਬੈਠੇ ਵਡੀਆਂ ਵਡੀਆਂ ਗੱਪਾਂ ਮਾਰਦੇ ਸਨ।।੩੦।।

ਭਾਵ-ਐ ਔਰੰਗਜ਼ੇਬ ! ਤੇਰੇ ਬੜੇ ਬੜੇ ਜਵਾਨ, ਜਿਹੜੇ ਵਡੀਆਂ ਫੜ੍ਹਾਂ ਮਾਰਦੇ ਸਨ, ਉਹ ਇਸ ਘਮਸਾਨ ਦੀ ਲੜਾਈ ਵਿਚੋਂ ਜਾਨ ਬਚਾ ਕੇ ਭੱਜ ਗਏ। ਕੋਈ ਵੀ ਸਾਹਮਣੇ ਹੋ ਕੇ ਨਾ ਲੜਿਆ।

**ਕਿ ਅਫ਼ਗਾਨੇ ਦੀਗਰ ਬਿਯਾਮਦ ਬਜੰਗ।।**
**ਚੁ ਸੈਲੇ ਰਵਾਂ ਹਮ ਚੁ ਤੀਰੋ ਤੁਫੰਗ।।੩੧।।**

ਅਫ਼ਗਾਨੇ = ਪਠਾਣ। ਦੀਗਰ = ਦੂਸਰਾ। ਬਿਯਾਮਦ = ਆਇਆ। ਸੈਲੇ ਰਵਾਂ = ਹੜ੍ਹ ਵਾਂਗੂੰ। ਤੁਫੰਗ = ਬੰਦੂਕ।

ਇਕ ਹੋਰ ਪਠਾਣ ਜੰਗ ਕਰਨ ਲਈ ਮੈਦਾਨ ਵਿਚ ਆਇਆ। ਉਹ ਹੜ੍ਹ ਦੇ ਪਾਣੀ ਵਾਂਗੂੰ ਜਾਂ ਤੀਰ ਤੇ ਬੰਦੂਕ ਦੀ ਗੋਲੀ ਵਾਂਗੂੰ ਆਇਆ।।੩੧।।

**ਬਸੇ ਹਮਲਾ ਕਰਦੰਦ ਬ ਮਰਦਾਨਗੀ।।**
**ਹਮ ਅਜ਼ ਹੋਸ਼ਗੀ ਹਮ ਜ਼ਿ ਦੇਵਾਨਗੀ।।੩੨।।**

ਬਸੇ = ਬਹੁਤ। ਕਰਦੰਦ = ਕੀਤੇ। ਬ ਮਰਦਾਨਗੀ = ਬਹਾਦਰੀ ਨਾਲ। ਹੋਸ਼ਗੀ = ਅਕਲਮੰਦੀ। ਦੇਵਾਨਗੀ = ਝੱਲਾਪੁਣਾ।

ਉਸ ਪਠਾਣ ਨੇ ਬਹੁਤ ਸਾਰੇ ਹੱਲੇ ਬੜੀ ਬਹਾਦਰੀ ਨਾਲ ਕੀਤੇ। ਕੁਝ ਹੱਲੇ ਉਸ ਨੇ ਬੜੀ ਅਕਲਮੰਦੀ ਨਾਲ ਕੀਤੇ ਤੇ ਕੁਝ ਝੱਲਪੁਣੇ ਨਾਲ ਕੀਤੇ।।੩੨।।

**ਬਸੇ ਹਮਲਾ ਕਰਦੋ ਬਸੇ ਜ਼ਖਮ ਖ਼ੁਰਦ।।**
**ਦੂ ਕਸ ਰਾ ਬਜ਼ਾਂ ਕੁਸ਼ਤੋ ਹਮ ਜਾਂ ਸਪੁਰਦ।।੩੩।।**

ਖ਼ੁਰਦ = ਖਾਧੇ। ਦੂ ਕਸ ਰਾ = ਦੋ ਆਦਮੀ। ਕੁਸ਼ਤ = ਮਾਰ ਦਿੱਤੇ। ਸਪੁਰਦ = ਸੌਂਪ ਗਿਆ ਦੇ ਗਿਆ।

ਉਸ ਪਠਾਨ ਨੇ ਬਹੁਤ ਹੱਲੇ ਕੀਤੇ ਤੇ ਬਹੁਤ ਜ਼ਖ਼ਮ ਖਾਧੇ। ਉਸ ਨੇ ਸਾਡੇ ਦੋ ਆਦਮੀਆਂ ਨੂੰ ਮਾਰ ਦਿੱਤਾ ਤੇ ਆਪ ਵੀ ਆਪਣੀ ਜਾਨ ਦੇ ਗਿਆ ਤਾਵ ਮਰ ਗਿਆ॥੩੩॥

**ਕਿ ਆਂ ਖ੍ਵਾਜਾ ਮਰਦੂਦ ਸਾਯਹ ਏ ਦਿਵਾਰ॥**
**ਨਯਾਮਦ ਬ ਮੈਦਾਂ ਬ ਮਰਦਾਨਹ ਵਾਰ॥੩੪॥**

ਆਂ = ਉਹ। ਖ੍ਵਾਜਾ = ਫੌਜ ਦੇ ਜਰਨੈਲ ਦਾ ਨਾਂ ਹੈ। ਮਰਦੂਦ = ਕਾਇਰ। ਸਾਯਹ ਏ = ਓਟ, ਪਰਛਾਵਾਂ। ਦਿਵਾਰ = ਕੰਧ। ਮੈਦਾਂ = ਮੈਦਾਨ। ਨਯਾਮਦ = ਨਹੀਂ ਆਇਆ। ਮਰਦਾਨਹ = ਬਹਾਦਰੀ।

ਉਹ ਖ੍ਵਾਜਾ, ਫੌਜੀ ਜਰਨੈਲ, ਕਾਇਰਾਂ ਵਾਂਗੂੰ ਕੰਧ ਓਹਲੇ ਹੀ ਛੁਪਿਆ ਰਿਹਾ। ਉਹ ਬਹਾਦਰਾਂ ਵਾਂਗੂੰ ਸਾਹਮਣੇ ਹੋ ਕੇ ਮੈਦਾਨ ਵਿਚ ਨਹੀਂ ਆਇਆ ਤੇ ਨਾ ਹੀ ਉਸ ਨੇ ਬਹਾਦਰਾਂ ਵਾਂਗੂੰ ਕਈ ਵਾਰ ਹੀ ਕੀਤਾ॥੩੪॥

**ਦਰੇਗਾ ਅਗਰ ਰੂਏ ਓ ਦੀਦਮੇ॥**
**ਬ ਯਕ ਤੀਰ ਲਾਚਾਰ ਬਖ਼ਸ਼ੀਦਮੇ॥੩੫॥**

ਦਰੇਗਾ = ਅਫਸੋਸ। ਅਗਰ = ਜੇ। ਰੂਏ = ਮੂੰਹ। ਦੀਦਮੇ = ਵੇਖਦਾ। ਬ ਯਕ ਤੀਰ = ਇਕ ਤੀਰ। ਲਾਚਾਰ = ਅੰਤ (ਮੌਤ)। ਬਖਸ਼ੀਦਮੇ = ਬਖਸ਼ ਦਿੰਦਾ।

ਅਫਸੋਸ ਹੈ, ਜੇਕਰ ਮੈਂ ਉਸ ਮਰਦੂਦ ਖ੍ਵਾਜਾ ਖਾਂ ਦਾ ਮੂੰਹ ਵੇਖਦਾ ਤਾਂ ਮੈਂ ਇਕ ਤੀਰ ਉਸ ਨੂੰ ਬਖਸ਼ ਦਿੰਦਾ ਤੇ ਉਸ ਦਾ ਅੰਤ ਕਰ ਦਿੰਦਾ॥੩੫॥

ਭਾਵ-ਐ ਔਰੰਗਜ਼ੇਬ ! ਜਿਸ ਸੂਰਮੇ ਨੂੰ ਤੂੰ ਫੌਜ ਦੇ ਕੇ ਸਾਨੂੰ ਫੜਨ ਜਾਂ ਮਾਰ ਦੇਣ ਲਈ ਭੇਜਿਆ ਸੀ, ਉਹ ਤਾਂ ਕਾਇਰਾਂ ਵਾਂਗੂੰ ਕੰਧ ਦੇ ਓਹਲੇ ਹੀ ਲੁਕਿਆ ਰਿਹਾ। ਜੇ ਉਹ ਮੇਰੇ ਸਾਹਮਣੇ ਆਉਂਦਾ ਤਾਂ ਮੈਂ ਆਪਣੇ ਇਕੋ ਤੀਰ ਨਾਲ ਹੀ ਉਸ ਦਾ ਅੰਤ ਕਰ ਦੇਣਾ ਸੀ।

**ਹਮਾਖ਼ਿਰ ਬਸੇ ਜ਼ਖਮਿ ਤੀਰੋ ਤੁਫੰਗ॥**
**ਦੁ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ॥੩੬॥**

ਹਮਾਖ਼ਿਰ = ਅੰਤ ਨੂੰ। ਬਸੇ = ਬਹੁਤੇ। ਦੁ ਸੂਏ = ਦੋਹਾਂ ਪਾਸਿਆਂ ਤੋਂ। ਕੁਸ਼ਤਹ ਸ਼ੁਦ = ਮਰ ਗਏ। ਬੇਦਰੰਗ = ਛੇਤੀ।

ਓੜਕ ਨੂੰ ਤੀਰਾਂ ਤੇ ਬੰਦੂਕਾਂ ਦੇ ਜ਼ਖਮਾਂ ਨਾਲ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸੂਰਮੇ ਝਟ ਪਟ ਮਰ ਗਏ॥੩੬॥

**ਬਸੇ ਬਾਰ ਬਾਰੀਦ ਤੀਰੋ ਤੁਫ਼ੰਗ॥**
**ਜ਼ਿਮੀਂ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ॥੩੭॥**

Namdhari Elibrary NamdhariElibrary@gmail.com

ਬਾਰੀਦ = ਵਰਸ਼ਾ ਹੋਈ। ਗਸ਼ਤ = ਹੋ ਗਈ। ਹਮ ਚੂੰ = ਵਾਂਗੂੰ। ਗੁਲੇ = ਫੂਲ। ਲਾਲਹ = ਪੋਸਤ।

ਤੀਰਾਂ ਤੇ ਗੋਲੀਆਂ ਦੀ ਬਹੁਤ ਵਰਸ਼ਾ ਹੋਈ, ਜਿਸ ਨਾਲ ਧਰਤੀ ਪੋਸਤ ਦੇ ਫੂਲ ਵਾਂਗ ਲਾਲ ਹੋ ਗਈ।।੩੭।।

**ਸਰੋਪਾਇ ਅੰਬੋਹ ਚੰਦਾਂ ਸ਼ੁਦਹ।।**
**ਕਿ ਮੈਦਾਂ ਪੁਰ ਅਜ਼ ਗੂ ਓ ਚੌਗਾਂ ਸ਼ੁਦਹ।।੩੮।।**

ਸਰੋਪਾਇ = ਸਿਰ ਤੇ ਪੈਰ। ਅੰਬੋਹੁ = ਅੰਬਾਰ। ਚੰਦਾਂ = ਕਿੰਨੇ ਹੀ। ਸ਼ੁਦਹ = ਹੋ ਗਏ। ਮੈਦਾਂ = ਜੰਗ ਦਾ ਮੈਦਾਨ। ਪੁਰ = ਭਰ ਗਈ। ਗੂਓ = ਗੇਂਦ। ਚੌਗਾਂ = ਖੂੰਡੀਆਂ।

ਜੰਗ ਦੇ ਮੈਦਾਨ ਵਿਚ ਸਿਰਾਂ ਤੇ ਪੈਰਾਂ ਦਾ ਏਨਾ ਅੰਬਾਰ ਲੱਗ ਗਿਆ ਕਿ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਗੇਂਦਾਂ ਤੇ ਖੂੰਡੀਆਂ ਨਾਲ ਹੀ ਰਣਭੂਮੀ ਭਰੀ ਪਈ ਹੋਵੇ।।੩੮।।

(ਸਿਰਾਂ ਵਾਸਤੇ ਗੇਂਦਾਂ ਤੇ ਲਤਾਂ, ਬਾਹਾਂ ਵਾਸਤੇ ਖੂੰਡੀਆਂ ਸ਼ਬਦ ਵਰਤਿਆ ਹੈ।)

**ਤਰੰਕਾਰਿ ਤੀਰੋ ਤਰੰਗਿ ਕਮਾਂ।।**
**ਬਰ ਆਮਦ ਯਕੇ ਹਾ ਓ ਹੂ ਅਜ਼ ਜਹਾਂ।।੩੯।।**

ਤਰੰਕਾਰਿ = ਟਣਕਾਰ। ਤਰੰਗਿ = ਤਿੜਕੀਆਂ। ਬਰ ਆਮਦ = ਬਾਹਰ ਆਈ। ਹਾ ਓ ਹੂ = ਰੌਲਾ ਗੌਲਾ। ਜਹਾਂ = ਦੁਨੀਆਂ।

ਜਿਸ ਵੇਲੇ ਤੀਰਾਂ ਦੀ ਟਣਕਾਰ ਹੋਈ ਅਤੇ ਕਮਾਨਾਂ ਕੜਕੀਆਂ ਤਾਂ ਰੌਲੇ ਗੌਲੇ ਨਾਲ ਸਾਰੀ ਦੁਨੀਆਂ ਭਰ ਗਈ।।੩੯।।

**ਦਿਗਰ ਸ਼ੋਰਸ਼ਿ ਕੈਬਰਿ ਕੀਨਹ ਕੋਸ਼।।**
**ਜ਼ਿ ਮਰਦਾਨਿ ਮਰਦਾਂ ਬਿਰੂੰ ਰਫ਼ਤ ਹੋਸ਼।।੪੦।।**

ਦਿਗਰ = ਫਿਰ। ਸ਼ੋਰਸ਼ਿ = ਰੌਲਾ। ਕੈਬਰਿ = ਤੀਰ। ਕੀਨਹ ਕੋਸ਼ = ਮਾਰੂ। ਮਰਦਾਨਿ ਮਰਦਾਂ = ਸੂਰਮਿਆਂ। ਬਿਰੂੰ = ਬਾਹਰ। ਰਫਤ = ਚਲੀ ਗਈ।

ਫਿਰ ਮਾਰੂ ਤੀਰਾਂ ਦੇ ਚਲਣ ਦਾ ਏਨਾ ਰੌਲਾ ਗੌਲਾ ਹੋਇਆ ਕਿ ਬੜੇ ਬੜੇ ਬਹਾਦਰਾਂ ਦੇ ਹੋਸ਼ ਗੁੰਮ ਹੋ ਗਏ।।੪੦।।

**ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ।।**
**ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ।।੪੧।।**

ਮਰਦੀ = ਸੂਰਮਗਤੀ। ਕਾਰਜ਼ਾਰ = ਜੰਗ। ਚਿਹਲ ਤਨ = ਚਾਲੀ ਆਦਮੀ। ਆਯਦਸ਼ = ਆ ਗਈ।

ਅੰਤ ਨੂੰ ਸਾਡੇ ਚਾਲੀ ਆਦਮੀਆਂ ਤੇ ਤੇਰੀ ਬੇਸ਼ੁਮਾਰ ਫੌਜ ਆ ਪਈ. ਉਸ ਸਮੇਂ ਓਹ ਕੀ

ਮਰਦਾਨਗੀ ਦਿਖਾਉਂਦੇ॥੪੧॥

ਭਾਵ-ਐ ਔਰੰਗਜ਼ੇਬ ! ਤੂੰ ਸੋਚ, ਸਾਡੇ ਚਾਲੀ ਬੰਦੇ, ਜੋ ਥੱਕੇ ਹੋਏ ਤੇ ਭੁਖੇ ਸਨ, ਤੇਰੀ ਬੇਸ਼ੁਮਾਰ ਫੌਜ ਦਾ ਕਿਵੇਂ ਟਾਕਰਾ ਕਰ ਸਕਦੇ ਸਨ ? ਪਰ ਫਿਰ ਵੀ ਉਹਨਾਂ ਦੀ ਹਿੰਮਤ ਵੇਖ ਕਿ ਉਹਨਾਂ ਨੇ ਹਾਰ ਨਹੀਂ ਮੰਨੀ ਤੇ ਬੜੀ ਬਹਾਦਰੀ ਨਾਲ ਲੜ ਲੜ ਕੇ ਸ਼ਹੀਦ ਹੋਏ।

ਇਥੋਂ ਤਕ ਚਮਕੌਰ ਦੇ ਜੰਗ ਦਾ ਵਰਣਨ ਕਰਕੇ ਸਤਿਗੁਰੂ ਜੀ ਅੱਗੇ ਹਾਲ ਲਿਖਦੇ ਹਨ:-

**ਚਰਾਗਿ ਜਹਾਂ ਚੂੰ ਸ਼ੁਦਹ ਬੁਰਕਾ ਪੋਸ਼॥**
**ਸ਼ਹੇ ਸ਼ਬ ਬਰਆਮਦ ਹਮਹ ਜਲਵਹ ਜੋਸ਼॥੪੨॥**

ਚਰਾਗਿ ਜਹਾਂ = ਦੁਨੀਆਂ ਦਾ ਦੀਵਾ (ਸੂਰਜ)। ਬੁਰਕਾ ਪੋਸ਼ = ਪੜਦੇ ਹੇਠ ਆ ਗਿਆ ਭਾਵ ਗ਼ਰੂਬ ਹੋ ਗਿਆ। ਸ਼ਹੇ ਸ਼ਬ = ਰਾਤ ਦਾ ਸਵਾਮੀ (ਚੰਦਰਮਾਂ)। ਬਰ ਆਮਦ = ਬਾਹਰ ਆ ਗਿਆ। ਜਲਵਾ = ਪ੍ਰਕਾਸ਼।

ਦੁਨੀਆਂ ਦਾ ਦੀਵਾ ਭਾਵ ਸੂਰਜ ਡੁੱਬ ਗਿਆ ਤੇ ਰਾਤ ਦਾ ਸੁਆਮੀ ਚੰਦਰਮਾ ਬੜੇ ਪ੍ਰਕਾਸ਼ ਨਾਲ ਨਿਕਲ ਆਇਆ॥੪੨॥

**ਹਰ ਆਂਕਸ ਬਕਉਲੇ .ਕੁਰਾ ਆਯਦਸ਼॥**
**ਕਿ ਯਜ਼ਦਾਂ ਬਰੋ ਰਹਿਨੁਮਾ ਆਯਦਸ਼॥੪੩॥**

ਹਰ ਆਂਕਸ = ਜਿਹੜਾ ਆਦਮੀ। ਬ ਕਉਲੇ = ਸੌਂਹ। ਕੁਰਾਂ = ਕੁਰਾਨ। ਆਯਦਸ਼ = ਆਉਂਦਾ ਹੈ। ਯਜ਼ਦਾਂ = ਪਰਮਾਤਮਾ। ਬਰੋ = ਉਪਰ। ਰਹਿਨੁਮਾ = ਰਾਹ ਦਸਣ ਵਾਲਾ, ਆਗੂ।

ਜਿਹੜਾ ਆਦਮੀ ਕੁਰਾਨ ਦੀ ਕਸਮ ਉਤੇ ਯਕੀਨ ਕਰਦਾ ਹੈ, ਅਕਾਲ ਪੁਰਖ ਉਸ ਉਤੇ ਮਿਹਰ ਕਰਕੇ ਉਸ ਨੂੰ ਸਹੀ ਰਸਤੇ ਤੇ ਲੈ ਆਉਂਦਾ ਹੈ॥੪੩॥

**ਨ ਪੇਚੀਦਹ ਮੂਏ ਨ ਰੰਜੀਦਹ ਤਨ॥**
**ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਸ਼ਿਕਨ॥੪੪॥**

ਪੇਚੀਦਹ = ਵਿੰਗਾ। ਮੂਏ = ਵਾਲ। ਰੰਜੀਦਹ = ਦੁਖ। ਤਨ = ਸਰੀਰ। ਬੇਰੂੰ = ਬਾਹਰ। ਖ਼ੁਦਾਵੁਰਦ = ਲੈ ਆਂਦਾ। ਸ਼ਿਕਨ = ਖਤਮ ਕਰਕੇ।

ਵਾਹਿਗੁਰੂ ਤੇ ਵਿਸ਼ਵਾਸ ਕਰਨ ਵਾਲੇ ਦਾ ਨਾ ਵਾਲ ਵਿੰਗਾ ਹੁੰਦਾ ਹੈ ਤੇ ਨਾ ਹੀ ਉਸ ਦੇ ਸਰੀਰ ਨੂੰ ਕੋਈ ਦੁਖ ਹੁੰਦਾ ਹੈ। ਦੁਸ਼ਮਨਾਂ ਨੂੰ ਮਾਰ ਕੇ ਅਕਾਲ ਪੁਰਖ ਉਸ ਭਰੋਸੇ ਵਾਲੇ ਆਦਮੀ ਨੂੰ ਘੇਰੇ ਤੋਂ ਬਾਹਰ ਲੈ ਆਉਂਦਾ ਹੈ॥੪੪॥

ਭਾਵ-ਐ ਔਰੰਗਜ਼ੇਬ ! ਤੇਰੀ ਅਣਗਿਣਤ ਫੌਜ ਨੇ ਸਾਨੂੰ ਘੇਰੇ ਵਿਚ ਲੈ ਲਿਆ ਤੇ ਝੂਠੀਆਂ ਸੌਂਹਾਂ ਖਾ ਕੇ ਸਾਡੇ ਕੋਲੋਂ ਅਨੰਦਪੁਰ ਦਾ ਕਿਲ੍ਹਾ ਛੁਡਾ ਲਿਆ. ਫਿਰ ਉਹਨਾਂ ਸਾਡਾ ਪਿੱਛਾ ਕੀਤਾ।

ਅਸੀਂ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ। ਇਥੇ ਵੀ ਤੇਰੀਆਂ ਫੌਜਾਂ ਨੇ ਸਾਡਾ ਪਿੱਛਾ ਕੀਤਾ। ਸਾਨੂੰ ਇਕ ਅਕਾਲ ਪੁਰਖ ਦਾ ਆਸਰਾ ਸੀ, ਜਿਸ ਨੇ ਸਾਨੂੰ ਤੇਰੀਆਂ ਫੌਜਾਂ ਦੇ ਘੇਰੇ ਵਿਚੋਂ ਬਾਹਰ ਲੈ ਆਂਦਾ।

**ਨ ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ॥**
**ਕਿ ਦੌਲਤ-ਪ੍ਰਸਤ ਓ ਈਮਾ ਫ਼ਿਗਨ॥੪੫॥**

ਦਾਨਮ = ਜਾਣਾ। ਪੈਮਾਂ = ਇਕਰਾਰ। ਸ਼ਿਕਨ = ਤੋੜਨਾ। ਦੌਲਤ = ਧਨ। ਪ੍ਰਸਤ = ਪੁਜਾਰੀ। ਈਮਾਂ = ਧਰਮ। ਫ਼ਿਗਨ = ਸੁਟ ਦੇਣ ਵਾਲਾ।

ਮੈਂ ਨਹੀਂ ਜਾਣਦਾ ਸੀ ਕਿ ਇਹ ਮਰਦ (ਔਰੰਗਜ਼ੇਬ) ਇਕਰਾਰ ਤੋੜਨ ਵਾਲਾ, ਦੌਲਤ ਦਾ ਪੁਜਾਰੀ ਤੇ ਧਰਮ ਨੂੰ ਧੱਕਾ ਦੇਣ ਵਾਲਾ ਹੈ ਭਾਵ ਇਸ ਆਦਮੀ ਦਾ ਧਰਮ ਤੇ ਕੋਈ ਯਕੀਨ ਨਹੀਂ॥੪੫॥

ਭਾਵ-ਐ ਔਰੰਗਜ਼ੇਬ ! ਸਾਡਾ ਖਿਆਲ ਸੀ ਕਿ ਤੂੰ ਬੜਾ ਈਮਾਨਦਾਰ ਹੋਵੇਂਗਾ। ਪਰ ਸਾਡਾ ਇਹ ਖਿਆਲ ਗ਼ਲਤ ਸਾਬਤ ਹੋਇਆ, ਕਿਉਂਕਿ ਅਸਾਂ ਵੇਖਿਆ ਹੈ ਕਿ ਤੂੰ ਤਾਂ ਝੂਠਾ, ਦੌਲਤ ਪ੍ਰਸਤ ਤੇ ਧਰਮ ਤੋਂ ਮੁਨਕਰ ਹੋ ਜਾਣ ਵਾਲਾ ਇਨਸਾਨ ਹੈਂ।

**ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ॥**
**ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ॥੪੬॥**

ਈਮਾਂ = ਈਮਾਨ, ਧਰਮ। ਪ੍ਰਸਤੀ = ਪਾਲਣਾ। ਔਜ਼ਾਇ = ਢੰਗ, ਤਰੀਕਾ। ਦੀਂ = ਧਰਮ। ਸਾਹਿਬ = ਮਾਲਕ, ਪਰਮਾਤਮਾ। ਸ਼ਨਾਸੀ = ਪਛਾਣ। ਯਕੀਂ = ਭਰੋਸਾ।

ਐ ਔਰੰਗਜ਼ੇਬ ! ਤੂੰ ਨਾ ਤੇ ਈਮਾਨ ਪ੍ਰਸਤ ਹੈਂ ਤੇ ਨਾ ਹੀ ਤੈਨੂੰ ਧਰਮ ਦਾ ਕੋਈ ਤਰੀਕਾ ਆਉਂਦਾ ਹੈ, ਨਾ ਤੈਨੂੰ ਪ੍ਰਭੂ ਦੀ ਕੋਈ ਪਛਾਣ ਹੈ ਤੇ ਨਾ ਤੇਰਾ ਮੁਹੰਮਦ ਤੇ ਵਿਸ਼ਵਾਸ ਹੈ॥੪੬॥

**ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨਦ॥**
**ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ॥੪੭॥**

ਹਰ ਆਂ = ਜਿਹੜਾ ਕੋਈ। ਈਮਾਂ ਪ੍ਰਸਤੀ = ਧਰਮ ਦੀ ਪਾਲਣਾ ਕਰਨੀ। ਖ਼ੁਦਸ਼ = ਆਪਣੇ। ਪੇਸ਼ੋ = ਅਗੇ। ਪਸਤੀ = ਪਿਛੇ। ਕੁਨਦ = ਕਰਦਾ।

ਜਿਹੜਾ ਆਦਮੀ ਧਰਮ ਦੀ ਪਾਲਣਾ ਕਰਦਾ ਹੈ, ਉਹ ਆਪਣੇ ਇਕਰਾਰ ਤੋਂ ਅਗੇ ਪਿਛੇ ਨਹੀਂ ਹੁੰਦਾ ਭਾਵ ਆਪਣੇ ਬਚਨਾਂ ਤੇ ਕਾਇਮ ਰਹਿੰਦਾ ਹੈ॥੪੭॥

**ਕਿ ਈਂ ਮਰਦ ਰਾ ਜ਼ੱਰਹ ਇਅਤਬਾਰ ਨੇਸਤ॥**
**ਕਿ ਕ਼ਸਮੇ ਕੁਰਾਨਸਤੁ ਯਜ਼ਦਾਂ ਯਕੇਸਤ॥੪੮॥**

ਜ਼ੱਰਹ = ਜ਼ਰਾ ਜਿੰਨਾ। ਯਜ਼ਦਾਂ = ਪਰਮਾਤਮਾ। ਯਕੇਸਤ = ਇਕ ਹੈ।

ਇਸ ਮਰਦ ਦਾ (ਭਾਵ ਔਰੰਗਜ਼ੇਬ ਦਾ) ਜ਼ਰਾ ਜਿੰਨਾ ਵੀ ਇਤਬਾਰ ਨਹੀਂ, ਜੋ ਕੁਰਾਨ ਦੀ ਕਸਮ ਖਾ ਕੇ ਮੁੱਕਰ ਗਿਆ ਹੈ ਤੇ ਫਿਰ ਕਹਿੰਦਾ ਹੈ ਕਿ ਇਕ ਖ਼ੁਦਾ ਹੈ।।੪੮।।

ਭਾਵ-ਐ ਔਰੰਗਜ਼ੇਬ ! ਤੂੰ ਸਿਰਫ ਜ਼ਬਾਨੀ ਕਲਾਮੀ ਹੀ ਕਹਿੰਦਾ ਹੈਂ ਕਿ ਮੈਂ ਦੀਨਦਾਰ ਹਾਂ ਤੇ ਮੇਰਾ ਖੁਦਾ ਤੇ ਮੁਹੰਮਦ ਉਤੇ ਵਿਸ਼ਵਾਸ ਹੈ। ਵਾਸਤਵ ਵਿਚ ਤੂੰ ਝੂਠਾ ਤੇ ਫਰੇਬੀ ਹੈਂ ਤੇ ਤੇਰਾ ਦੀਨ ਕੁਰਾਨ, ਖੁਦਾ ਤੇ ਮੁਹੰਮਦ ਤੇ ਕੋਈ ਯਕੀਨ ਨਹੀਂ।

## ਚੁ ਕ਼ਸਮੇ ਕੁਰਾਂ ਸਦ ਕੁਨਦ ਇਖ਼ਤਿਯਾਰ।।
## ਮਰਾ ਕਤਰਹ ਨਾਯਦ ਅਜ਼ੋ ਇਅਤਬਾਰ।।੪੯।।

ਸਦ = ਸੌ। ਇਖ਼ਤਿਯਾਰ = ਪ੍ਰਵਾਨ। ਮਰਾ = ਮੈਨੂੰ। ਕਤਰਹ = ਬੂੰਦ। ਨਾਯਦ = ਨਹੀਂ ਆਵੇਗਾ। ਇਅਤਬਾਰ = ਭਰੋਸਾ।

ਜੇ ਹੁਣ ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਅੰਗੀਕਾਰ ਕਰੇਂ, ਤਦ ਵੀ ਮੈਨੂੰ ਤੇਰੇ ਤੇ ਬੂੰਦ ਜਿੰਨਾ ਭਰੋਸਾ ਨਹੀਂ ਆਵੇਗਾ।।੪੯।।

ਭਾਵ-ਐ ਔਰੰਗਜ਼ੇਬ ! ਤੂੰ ਕੁਰਾਨ ਦੀ ਕਸਮ ਖਾ ਕੇ ਕਿਹਾ ਹੈ ਕਿ ਮੈਂ ਤੈਨੂੰ ਮਿਲਣ ਲਈ ਦਿੱਲੀ ਆਵਾਂ, ਪਰ ਤੇਰੀਆਂ ਪਿਛਲੀਆਂ ਕਰਤੂਤਾਂ ਵੇਖਕੇ ਹੁਣ ਮੈਂ ਤੇਰੇ ਤੇ ਰੰਚਕ ਮਾਤਰ ਇਤਬਾਰ ਨਹੀਂ ਕਰ ਸਕਦਾ, ਭਾਵੇਂ ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ। ਮੈਂ ਜਾਣਦਾ ਹਾਂ ਕਿ ਤੂੰ ਝੂਠੀਆਂ ਕਸਮਾਂ ਖਾ ਰਿਹਾ ਹੈਂ।

## ਅਗਰਚਿ ਤੁਰਾ ਇਅਤਬਾਰ ਆਮਦੇ।।
## ਕਮਰ ਬਸਤਹ ਏ ਪੇਸ਼ਵਾਰ ਆਮਦੇ।।੫੦।।

ਅਗਰਚਿ = ਜੇਕਰ। ਤੁਰਾ = ਤੇਰਾ। ਆਮਦੇ = ਆਉਂਦਾ। ਕਮਰ ਬਸਤ = ਲੱਕ ਬੰਨ ਕੇ। ਪੇਸ਼ਵਾਰ = ਅਗੇ।

ਜੇਕਰ ਤੈਨੂੰ ਸਾਡੇ ਤੇ ਇਤਬਾਰ ਹੁੰਦਾ ਤਾਂ ਤੂੰ ਕਮਰਕੱਸਾ ਕਰਕੇ ਸਾਹਮਣੇ ਆ ਜਾਂਦਾ।।੫੦।।

ਭਾਵ-ਔਰੰਗਜ਼ੇਬ ! ਤੂੰ ਸਾਨੂੰ ਮਿਲਣ ਲਈ ਸਦਿਆ, ਪਰ ਅਸੀਂ ਤੈਨੂੰ ਝੂਠਾ ਜਾਣਕੇ ਨਹੀਂ ਆਏ, ਜੋ ਤੈਨੂੰ ਸਾਡੇ ਤੇ ਯਕੀਨ ਹੁੰਦਾ ਤਾਂ ਤੂੰ ਆਪ ਮਿਲਣ ਲਈ ਆ ਜਾਂਦਾ, ਪਰ ਤੈਨੂੰ ਨਾ ਆਪਣੇ ਈਮਾਨ ਤੇ ਭਰੋਸਾ ਹੈ ਤੇ ਨਾ ਤੂੰ ਕਿਸੇ ਤੇ ਯਕੀਨ ਕਰਦਾ ਹੈਂ। ਤੇਰਾ ਆਪਣਾ ਦਿਲ ਹੀ ਕਾਇਮ ਨਹੀਂ ਹੈ।

## ਕਿ ਫ਼ਰਜ਼ਸਤੁ ਬਰ ਸਰ ਤੁਰਾ ਈਂ ਸੁਖ਼ਨ।।
## ਕਿ ਕ਼ੌਲੇ ਖ਼ੁਦਾ ਅਸਤ ਕਸਮਸਤ ਮਨ।।੫੧।।

ਫ਼ਰਜ਼ਸਤੁ = ਫਰਜ਼ ਹੈ। ਬਰ = ਉਪਰ। ਸਰ = ਸਿਰ। ਸੁਖਨ = ਬਚਨ। ਕੌਲੇ ਖ਼ੁਦਾ ਅਸਤ = ਖੁਦਾ ਦਾ ਬਚਨ ਹੈ।

ਤੇਰੇ ਸਿਰ ਤੇ ਇਸ ਬਚਨ ਨੂੰ ਪੂਰਾ ਕਰਨ ਦਾ ਫਰਜ਼ ਬਣਦਾ ਹੈ, ਕਿਉਂਕਿ ਜਿਹੜਾ ਖੁਦਾ ਦਾ ਬਚਨ ਭਾਵ ਸ਼ੌਂਹ ਸੀ, ਤੂੰ ਉਸ ਸੌਂਹ ਨੂੰ ਚੁਕਿਆ ਸੀ॥੫੧॥

**ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ॥**
**ਬ ਜਾਨੋ ਦਿਲੇ ਕਾਰ ਵਾਜ਼ਿਹ ਸ਼ਵਦ॥੫੨॥**

ਅਗਰ = ਜੇਕਰ। ਹਜ਼ਰਤੇ = ਬਾਦਸ਼ਾਹ। ਸਿਤਾਦਹ = ਖੜਾ। ਸ਼ਵਦ = ਹੋਵੇ। ਬ ਜਾਨੋ = ਸਰੀਰ ਨਾਲ। ਦਿਲੇ = ਦਿਲ ਨਾਲ। ਵਾਜ਼ਿਹ = ਪ੍ਰਗਟ, ਪ੍ਰਤੱਖ।

ਐ ਬਾਦਸ਼ਾਹ ! ਜੇ ਤੂੰ ਮੇਰੇ ਸਾਹਮਣੇ ਖੜਾ ਹੁੰਦਾ ਤਾਂ ਸਾਰੀ ਗੱਲ ਪੂਰੀ ਤਰਾਂ ਸੱਚੇ ਹਿਰਦੇ ਨਾਲ ਸਪਸ਼ਟ ਹੋ ਜਾਂਦੀ॥੫੨॥

ਭਾਵ-ਐ ਔਰੰਗਜ਼ੇਬ ! ਤੈਨੂੰ ਝੂਠੀਆਂ ਰਪੋਟਾਂ ਦੇ ਕੇ ਤੇਰੇ ਮੁਸਾਹਿਬਾਂ ਨੇ ਤੈਨੂੰ ਗੁਮਰਾਹ ਕੀਤਾ ਹੈ। ਜੇ ਤੂੰ ਇਕ ਵਾਰੀ ਮਿਲੇਂ ਤਾਂ ਤੈਨੂੰ ਪਤਾ ਲੱਗ ਜਾਏਗਾ ਕਿ ਮੈਂ ਕਿਸੇ ਦਾ ਜ਼ਾਤੀ ਦੁਸ਼ਮਨ ਨਹੀਂ, ਮੈਂ ਤਾਂ ਜ਼ੁਲਮ ਨੂੰ ਦੂਰ ਕਰਨ ਲਈ ਸਾਰੀ ਜਦੋਜਹਿਦ ਕਰ ਰਿਹਾ ਹਾਂ ਤੇ ਆਪਣੇ ਪਰਮਾਤਮਾ ਦੇ ਫ਼ੁਰਮਾਨ ਨੂੰ ਪੂਰਾ ਕਰ ਰਿਹਾ ਹਾਂ।

**ਸ਼ੁਮਾ ਰਾ ਫਰਜ਼ ਅਸਤੁ ਕਾਰੇ ਕੁਨੀਂ॥**
**ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀਂ॥੫੩॥**

ਸ਼ੁਮਾ = ਤੇਰਾ। ਕਾਰੇ ਕੁਨੀਂ = ਅਮਲ ਕਰਨਾ। ਬਮੂਜਬ = ਅਨੁਸਾਰ। ਨਵਿਸ਼ਤਹ = ਲਿਖੇ। ਸ਼ੁਮਾਰੇ = ਗਿਣਤੀ, ਵਿਚਾਰ।

ਹੁਣ ਤੇਰਾ ਫਰਜ਼ ਬਣਦਾ ਹੈ ਕਿ ਤੂੰ ਜੋ ਵੀ ਅਮਲ ਕਰੇਂ, ਉਹ ਆਪਣੇ ਲਿਖੇ ਅਨੁਸਾਰ ਵਿਚਾਰ ਕਰਕੇ ਕਰੇਂ॥੫੩॥

**ਨਵਿਸ਼ਤਹ ਰਸੀਦੋ ਬਗੁਫ਼ਤਹ ਜ਼ੁਬਾਂ॥**
**ਬਿਬਾਯਦ ਕਿ ਈਂ ਕਾਰ ਰਾਹਤ ਰਸਾਂ॥੫੪॥**

ਨਵਿਸ਼ਤਹ = ਲਿਖਿਆ ਹੋਇਆ। ਰਸੀਦੋ = ਪਹੁੰਚੇਗਾ। ਬਗੁਫਤਹ ਜ਼ੁਬਾ = ਜ਼ੁਬਾਨੀ ਕਹਿਣਾ। ਬਿਬਾਯਦ = ਚਾਹੀਦਾ। ਰਾਹਤ = ਸੁਖ ਨਾਲ। ਰਸਾਂ = ਪਹੁੰਚਾ।

ਲਿਖੀ ਹੋਈ ਪੱਤ੍ਰਕਾ ਤੇਰੇ ਪਾਸ ਪਹੁੰਚੇਗੀ ਤੇ ਜ਼ਬਾਨੀ ਵੀ ਤੈਨੂੰ (ਭਾਈ ਦਇਆ ਸਿੰਘ ਜੀ) ਸਭ ਕੁਝ ਦਸਣਗੇ। ਹੁਣ ਤੈਨੂੰ ਚਾਹੀਦਾ ਹੈ ਕਿ ਇਸ ਕੰਮ ਨੂੰ ਸੁਖ ਨਾਲ ਪੂਰਾ ਕਰ, ਭਾਵ ਆਪਣੀ ਕਸਮ ਪੂਰੀ ਕਰ॥੫੪॥

ਹੁਣ ਸਤਿਗੁਰੂ ਜੀ ਨੀਤੀ ਦੇ ਬਚਨ ਲਿਖਦੇ ਹਨ:-

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨ ਵਰ॥**
**ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥੫੫॥**

ਹਮੂੰ = ਉਹ।ਬਾਯਦ = ਚਾਹੀਦਾ।ਸ਼ਵਦ = ਹੋਵੇ।ਸੁਖ਼ਨ ਵਰ = ਬਚਨ ਦਾ ਪੱਕਾ।ਸ਼ਿਕਮੇ = ਪੇਟ ਵਿਚ। ਦਿਗਰ = ਹੋਰ। ਦਹਾਨੇ = ਮੂੰਹ।

(ਸੰਸਾਰ ਵਿਚ) ਉਹ ਇਨਸਾਨ ਹੋਣਾ ਚਾਹੀਦਾ ਹੈ, ਜੋ ਆਪਣੇ ਬਚਨਾਂ ਨੂੰ ਪਾਲਣ ਵਾਲਾ ਹੋਵੇ। ਇਹੋ ਜਿਹਾ ਆਦਮੀ ਨਹੀਂ ਹੋਣਾ ਚਾਹੀਦਾ, ਜਿਸ ਦੇ ਢਿੱਡ ਵਿਚ ਕੁਝ ਹੋਰ ਗੱਲ ਹੋਵੇ ਤੇ ਮੂੰਹ ਵਿਚ ਕੁਝ ਹੋਰ॥੫੫॥

**ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ॥**
**ਅਗਰ ਰਾਸਤੀ ਖ਼ੁਦ ਬਿਯਾਰੀ ਕਦਮ॥੫੬॥**

ਮਰਾ = ਮੈਨੂੰ। ਗੁਫਤ = ਕਹਿਣਾ। ਬੇਰੂੰ = ਬਾਹਰ। ਨਯਮ = ਨਹੀਂ ਹਾਂ। ਰਾਸਤੀ = ਸਚਾਈ। ਖ਼ੁਦ = ਆਪ। ਬਿਯਾਰੀ = ਲਿਆ। ਕਦਮ = ਪੈਰ।

ਜੋ ਤੇਰੇ ਕਾਜ਼ੀ ਨੇ ਕਿਹਾ ਹੈ ਮੈਂ ਉਸ ਤੋਂ ਬਾਹਰ ਨਹੀਂ ਹਾਂ। ਜੇ ਤੇਰੇ ਵਿਚ ਸਚਿਆਈ ਹੈ ਤਾਂ ਤੂੰ ਆਪ ਇਥੇ ਆ॥੫੬॥

ਭਾਵ-ਐ ਔਰੰਗਜ਼ੇਬ ! ਤੇਰੇ ਭੇਜੇ ਹੋਏ ਕਾਜ਼ੀ ਨੇ ਜੋ ਸਾਡੇ ਨਾਲ ਬਚਨ ਕੀਤਾ, ਅਸੀਂ ਉਸ ਤੇ ਕਾਇਮ ਹਾਂ ਹੁਣ ਤੇਰਾ ਫਰਜ਼ ਬਣਦਾ ਹੈ ਕਿ ਤੂੰ ਸਾਡੇ ਕੋਲ (ਦੀਨੇ) ਪਹੁੰਚੇਂ।

**ਤੁਰਾ ਗਰ ਬਬਾਯਦ ਬ ਕਉਲੇ .ਕੁਰਾਂ॥**
**ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ॥੫੭॥**

ਤੁਰਾ = ਤੈਨੂੰ। ਗਰ = ਜੇਕਰ। ਬਬਾਯਦ = ਚਾਹੀਦਾ। ਕਉਲੇ ਕੁਰਾਂ = ਸੌਂਹ ਵਾਲਾ ਕੁਰਾਨ। ਬਨਿਜ਼ਦੇ = ਕੋਲ। ਸ਼ੁਮਾ ਰਾ = ਤੇਰੇ ਕੋਲ। ਰਸਾਨਮ = ਪੁਚਾ ਦਿੰਦਾ ਹਾਂ। ਹਮਾਂ = ਉਹ।

ਜੇਕਰ ਤੂੰ ਉਹ ਸੌਂਹ ਵਾਲਾ ਕੁਰਾਨ ਵੇਖਣਾ ਚਾਹੇਂ ਤਾਂ ਮੈਂ ਤੇਰੇ ਕੋਲ ਉਹ ਵੀ ਪੁਹੰਚਾ ਦਿੰਦਾ ਹਾਂ॥੫੭॥

ਭਾਵ-ਐ ਔਰੰਗਜ਼ੇਬ ! ਤੇਰਾ ਭੇਜਿਆ ਹੋਇਆ ਕਾਜ਼ੀ ਜਿਸ ਕੁਰਾਨ ਤੇ, ਤੇਰੇ ਵਲੋਂ ਲਿਖੀ ਕਸਮ ਲੈ ਕੇ ਆਇਆ ਸੀ, ਜੇ ਤੂੰ ਉਸ ਕੁਰਾਨ ਨੂੰ ਵੇਖਣਾ ਚਾਹੇਂ ਤਾਂ ਮੈਂ ਉਹ ਕੁਰਾਨ ਵੀ ਤੇਰੇ ਕੋਲ ਭੇਜ ਦਿੰਦਾ ਹਾਂ, ਤਾਂ ਕਿ ਤੈਨੂੰ ਪਤਾ ਲੱਗ ਜਾਏ ਕਿ ਤੂੰ ਕੀ ਇਕਰਾਰ ਕੀਤਾ ਸੀ।

**ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ॥**
**ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ॥੫੮॥**

Namdhari Elibrary NamdhariElibrary@gmail.com

ਤਸ਼ਰੀਫ = ਸਨਮਾਨ ਵਾਲਾ ਸ਼ਬਦ। ਦਰ = ਅੰਦਰ। ਕਸਬਹ = ਪਿੰਡ। ਕਾਂਗੜ = ਪਿੰਡ ਦਾ ਨਾਂ ਹੈ। ਕੁਨਦ = ਕਰੋਂ। ਵਜ਼ਾਂ = ਉਸ ਤੋਂ। ਪਸ = ਪਿਛੋਂ। ਮੁਲਾਕਾਤ = ਮੇਲ। ਬਾਹਮ = ਆਪਸ ਵਿਚ। ਸ਼ਵਦ = ਹੋ ਜਾਵੇ।

(ਐ ਔਰੰਗਜ਼ੇਬ!) ਜੇ ਤੂੰ ਕਾਂਗੜ ਪਿੰਡ ਵਿਚ ਆ ਜਾਵੇਂ ਤਾਂ ਇਸ ਤੋਂ ਪਿਛੋਂ ਸਾਡੀ ਆਪੋ ਵਿਚ ਮੁਲਾਕਾਤ ਹੋ ਜਾਏਗੀ।।੫੮।।

ਜੇਕਰ ਤੈਨੂੰ ਇਧਰ ਆਉਣ ਵਿਚ ਕੋਈ ਸ਼ੰਕਾ ਜਾਂ ਡਰ ਹੋਵੇ ਤਾਂ ਉਸ ਬਾਰੇ ਇਹ ਜਾਣ ਲੈ:-

**ਨ ਜ਼ੱਰਹ ਦਰੀਂ ਰਾਹ ਖ਼ਤਰਹ ਤੁਰਾਸਤ।।**
**ਹਮਹ ਕੌਮਿ ਬੈਰਾੜ ਹੁਕਮਿ ਮਰਾਸਤ।।੫੯।।**

ਜ਼ੱਰਹ = ਰੰਚਕ ਮਾਤ੍ਰ। ਦਰੀਂ = ਇਸ ਵਿਚ। ਰਾਹ = ਰਸਤਾ। ਖਤਰਹ = ਡਰ। ਤੁਰਾਸਤ = ਤੈਨੂੰ ਹੈ। ਹਮਹ = ਸਾਰੀ। ਮਰਾਸਤ = ਮੇਰੇ ਹੈ।

ਇਸ ਰਸਤੇ ਆਉਣ ਵਿਚ ਤੈਨੂੰ ਰੰਚਕ ਮਾਤ੍ਰ ਵੀ ਡਰ ਨਹੀਂ, ਕਿਉਂਕਿ ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿਚ ਹੈ।।੫੯।।

ਸਤਿਗੁਰੂ ਜੀ ਔਰੰਗਜ਼ੇਬ ਦਾ ਭਰਮ ਦੂਰ ਕਰਨ ਲਈ ਲਿਖ ਰਹੇ ਹਨ ਕਿ ਸ਼ਾਇਦ ਕਾਂਗੜ ਪਿੰਡ ਆਉਣ ਬਾਰੇ ਤੇਰੇ ਮਨ ਵਿਚ ਕੋਈ ਡਰ ਹੋਵੇ ਕਿ ਮੈਂ ਕਿਸੇ ਬਿਪਤਾ ਵਿਚ ਨਾ ਫਸ ਜਾਵਾਂ। ਇਸ ਕਿਸਮ ਦਾ ਕੋਈ ਸ਼ੰਕਾ ਤੂੰ ਆਪਣੇ ਮਨ ਵਿਚ ਨਾ ਲਿਆ ਤੇ ਨਿਸ਼ੰਗ ਹੋ ਕੇ ਮੈਨੂੰ ਮਿਲਣ ਲਈ ਆ, ਕਿਉਂਕਿ ਇਸ ਇਲਾਕੇ ਦੀ ਬਹਾਦਰ ਬੈਰਾੜ ਕੌਮ ਸਾਰੀ ਦੀ ਸਾਰੀ ਮੇਰੇ ਹੁਕਮ ਵਿਚ ਹੈ।

**ਬਿਯਾ ਤਾ ਸੁਖ਼ਨ ਖ਼ੁਦ ਜ਼ੁਬਾਨੀ ਕੁਨੇਮ।।**
**ਬਰੂਏ ਸ਼ੁਮਾ ਮਿਹਰਬਾਨੀ ਕੁਨੇਮ।।੬੦।।**

ਬਿਯਾ = ਆਓ। ਖ਼ੁਦ = ਆਪ। ਬਰੂਏ = ਮੂੰਹ ਉਤੇ। ਕੁਨੇਮ = ਕਰਾਂਗੇ।

ਤੂੰ ਏਥੇ ਕਾਂਗੜ ਵਿਖੇ ਆ ਜਾ ਤਾਂਕਿ ਅਸੀਂ ਆਹਮੋ ਸਾਹਮਣੇ ਹੋ, ਜ਼ਬਾਨੀ ਗੱਲ ਬਾਤ ਕਰ ਲਈਏ।।੬੦।।

**ਯਕੇ ਅਸਪ ਸ਼ਾਇਸਤਏ ਯਕ ਹਜ਼ਾਰ।।**
**ਬਿਯਾ ਤਾ ਬਗੀਰੀ ਬ ਮਨ ਈਂ ਦਿਯਾਰ।।੬੧।।**

ਯਕੇ = ਇਕ। ਅਸਪ = ਘੋੜਾ। ਸ਼ਾਇਸਤਏ = ਸੁੰਦਰ। ਬਿਯਾ = ਲਿਆ। ਬਗੀਰੀ = ਲੈ ਲਵੀਂ। ਦਿਯਾਰ = ਦੇਸ਼।

ਇਕ ਬਹੁਤ ਸੁੰਦਰ, ਇਕ ਹਜ਼ਾਰ ਕੀਮਤ ਵਾਲਾ ਘੋੜਾ ਲੈ ਕੇ ਆ, ਫਿਰ ਮੇਰੇ ਕੋਲੋਂ ਇਹ ਇਲਾਕਾ ਲੈ ਲਵੀਂ।।੬੧।।

Namdhari Elibrary NamdhariElibrary@gmail.com

**ਸ਼ਹਨਸ਼ਾਹਿ ਰਾ ਬੰਦਹੇ ਚਾਕਰੇਮ॥**
**ਅਗਰ ਹੁਕਮ ਆਯਦ ਬ ਜਾਂ ਹਾਜ਼ਰੇਮ॥੬੨॥**

ਸ਼ਹਨਸ਼ਾਹਿ = ਬਾਦਸ਼ਾਹਾਂ ਦਾ ਬਾਦਸ਼ਾਹ (ਵਾਹਿਗੁਰੂ)। ਬੰਦਹੇ = ਸੇਵਕ। ਚਾਕਰੇਮ = ਚਾਕਰ, ਦਾਸ। ਆਯਦ = ਆ ਜਾਵੇ। ਜਾਂ = ਜਾਨ ਸਮੇਤ।

ਅਕਾਲ ਪੁਰਖ, ਜੋ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਉਸ ਦਾ ਮੈਂ ਚਾਕਰ ਤੇ ਸੇਵਕ ਹਾਂ। ਜੇ ਉਸ ਦਾ ਹੁਕਮ ਆ ਜਾਵੇ ਤਾਂ ਮੈਂ ਜਾਨ ਸਮੇਤ ਹਾਜ਼ਰ ਹਾਂ॥੬੨॥

**ਅਗਰਚੇ ਬਿਆਯਦ ਬ ਫੁਰਮਾਨ ਮਨ॥**
**ਹਜੂਰ ਤ ਬਿਯਾਯਮ ਹਮਹ ਜਾਨ ਤਨ॥੬੩॥**

ਅਗਰਚੇ = ਜੇਕਰ। ਬਿਆਯਦ = ਆ ਗਿਆ। ਫੁਰਮਾਨ = ਹੁਕਮ। ਹਜੂਰ = ਤੇਰੇ ਪਾਸ। ਬਿਯਾਯਮ = ਆਵਾਂਗਾ।

ਜੇਕਰ ਮੈਨੂੰ (ਉਸ ਅਕਾਲ ਪੁਰਖ ਦਾ) ਹੁਕਮ ਆ ਗਿਆ ਤਾਂ ਮੈਂ ਤੇਰੇ ਸਾਹਮਣੇ ਜਾਨ ਤੇ ਸਰੀਰ ਲੈਕੇ ਆ ਜਾਵਾਂਗਾ॥੬੩॥

ਭਾਵ – ਐ ਔਰੰਗਜ਼ੇਬ ! ਮੈਂ ਅਕਾਲ ਪੁਰਖ ਦਾ ਦਾਸ ਹਾਂ ਤੇ ਉਸ ਦੇ ਹੁਕਮ ਵਿਚ ਚਲਦਾ ਹਾਂ। ਜੇ ਮੈਨੂੰ ਉਸ ਦਾ ਇਹ ਹੁਕਮ ਹੋਇਆ ਕਿ ਮੈਂ ਤੈਨੂੰ ਮਿਲਣ ਲਈ ਜਾਵਾਂ ਤਾਂ ਮੈਂ ਬਿਨਾਂ ਕਿਸੇ ਡਰ ਦੇ ਤੈਨੂੰ ਮਿਲਣ ਲਈ ਆ ਜਾਵਾਂਗਾ।

**ਅਗਰ ਤੂ ਬਹ ਯਜ਼ਦਾਂ ਪ੍ਰਸਤੀ ਕੁਨੀ॥**
**ਬ ਕਾਰੇ ਮਰਾ ਈਂ ਨ ਸੁਸਤੀ ਕੁਨੀ॥੬੪॥**

ਯਜ਼ਦਾਂ = ਪਰਮਾਤਮਾ। ਪ੍ਰਸਤੀ = ਪੂਜਾ। ਕੁਨੀ = ਕਰੇ। ਕਾਰੇ = ਕੰਮ। ਸੁਸਤੀ = ਆਲਸ, ਢਿੱਲ।

ਜੇਕਰ ਤੂੰ ਪ੍ਰਭੂ ਦਾ ਪੁਜਾਰੀ ਹੈਂ ਤਾਂ ਮੇਰੇ ਇਸ ਕੰਮ ਵਿਚ ਆਲਸ ਨਾ ਕਰੀਂ। ਭਾਵ ਮੈਨੂੰ ਮਿਲਣ ਵਿਚ ਢਿਲ ਨਾ ਕਰੀਂ॥੬੪॥

**ਬਿਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ॥**
**ਨ ਗੁਫ਼ਤਹ ਕਸੇ ਕਸ ਖਰਾਸ਼ੀ ਕੁਨੀ॥੬੫॥**

ਬਿ = ਤੈਨੂੰ। ਬਾਯਦ = ਚਾਹੀਦਾ ਹੈ। ਸ਼ਨਾਸੀ = ਪਛਾਣ। ਗੁਫਤਹ = ਕਹਿਣਾ। ਖਰਾਸ਼ੀ = ਕਰਨਾ।

ਤੈਨੂੰ ਚਾਹੀਦਾ ਹੈ ਕਿ ਪ੍ਰਭੂ ਦੀ ਪਛਾਣ ਕਰ ਤੇ ਕਿਸੇ ਦੇ ਆਖੇ ਲੱਗ ਕੇ ਲੋਕਾਂ ਨੂੰ ਦੁਖੀ ਨਾ ਕਰ॥੬੫॥

ਭਾਵ–ਐ ਔਰੰਗਜ਼ੇਬ ! ਤੂੰ ਆਪਣੇ ਆਪ ਨੂੰ ਬੜਾ ਦੀਨਦਾਰ ਤੇ ਖ਼ੁਦਾ ਪੑਸਤ ਸਮਝਦਾ

ਹੈਂ। ਜੇ ਤੂੰ ਠੀਕ ਖੁਦਾ ਨੂੰ ਪਛਾਣਦਾ ਹੈਂ ਤਾਂ ਤੇਰਾ ਫਰਜ਼ ਹੈ ਕਿ ਤੂੰ ਸਭ ਲੋਕਾਂ ਨੂੰ ਸੁਖ ਦੇਵੇਂ।

**ਤੂ ਮਸਨਦ ਨਸ਼ੀਂ ਸਰਵਰੇ ਕਾਇਨਾਤ।।**
**ਕਿ ਅਜਬ ਅਸਤੁ ਇਨਸਾਫ਼ ਈਂ ਹਮ ਸਿਫ਼ਾਤ।।੬੬।।**

ਤੂ = ਤੂੰ। ਮਸਨਦ = ਰਾਜ ਗੱਦੀ। ਨਸ਼ੀਂ = ਇਸਥਿਤ। ਸਰਵਰੇ = ਸਰਦਾਰ। ਕਾਇਨਾਤ = ਖਲਕਤ। ਕਿ = ਜੋ। ਅਜਬ ਅਸਤ = ਅਸਚਰਜ ਹੈ। ਸਿਫ਼ਾਤ = ਸਿਫ਼ਤਾਂ।

ਤੂੰ ਖਲਕਤ ਦਾ ਸਰਦਾਰ (ਬਾਦਸ਼ਾਹ) ਬਣ ਕੇ ਰਾਜ-ਗੱਦੀ ਤੇ ਬੈਠਾ ਹੈਂ। ਜਿਹੜਾ ਤੂੰ ਇਨਸਾਫ ਕਰਦਾ ਹੈਂ ਉਹ ਵੀ ਅਸਚਰਜ ਹੈ ਤੇਰੀਆਂ ਸਿਫ਼ਤਾਂ ਵੀ ਅਸਚਰਜ ਹਨ।।੬੬।।

**ਕਿ ਅਜਬ ਅਸਤ ਇਨਸਾਫ਼ੋ ਦੀਂ ਪਰਵਰੀ।।**
**ਕਿ ਹੈਫ਼ਅਸਤ ਸਦ ਹੈਫ਼ ਈਂ ਸਰਵਰੀ।।੬੭।।**

ਅਜਬ ਅਸਤ = ਅਸਚਰਜ ਹੈ। ਦੀਂ ਪਰਵਰੀ = ਦੀਨ ਦੀ ਪਾਲਣਾ ਕਰਨੀ। ਹੈਫ਼ = ਅਫਸੋਸ। ਸਦ = ਸੌ। ਸਰਵਰੀ = ਸਰਦਾਰੀ।

ਜਿਹੜਾ ਤੂੰ ਨਿਆਂ ਕਰ ਰਿਹਾ ਹੈਂ ਤੇ ਜਿਹੜਾ ਤੂੰ ਧਰਮ ਦੀ ਪਾਲਣਾ ਕਰ ਰਿਹਾ ਹੈਂ, ਇਹ ਵੀ ਬੜਾ ਅਸਚਰਜ ਹੈ। ਅਫਸੋਸ, ਸੌ ਵਾਰੀ ਅਫਸੋਸ ਹੈ ਤੇਰੀ ਸਰਦਾਰੀ ਨੂੰ।।੬੭।।

ਭਾਵ-ਇਹਨਾਂ ਸ਼ੇਅਰਾਂ ਵਿਚ ਸਤਿਗੁਰੂ ਜੀ ਨੇ ਬਾਦਸ਼ਾਹ ਨੂੰ ਇਸ਼ਾਰੇ ਨਾਲ ਇਹ ਜਤਾਇਆ ਹੈ ਕਿ ਤੇਰਾ ਦੀਨਦਾਰ ਬਣਕੇ ਦਿਖਾਉਣਾ, ਪਿਤਾ ਤੇ ਭਰਾਵਾਂ ਨਾਲ ਬੁਰਾ ਸਲੂਕ ਕਰਨਾ, ਧਰਮੀ ਪੁਰਸ਼ਾਂ ਨੂੰ ਦੁਖ ਦੇਣਾ ਆਦਿ ਕਰਮ ਅਫਸੋਸ-ਨਾਕ ਹਨ ਤੇ ਮੈਂ ਇਹਨਾਂ ਤੇ ਲਾਹਨਤ ਪਾਉਂਦਾ ਹਾਂ।

**ਕਿ ਅਜ਼ਬ ਅਸਤੁ ਅਜ਼ਬ ਅਸਤੁ ਤਕਵਾ ਸ਼ੁਮਾਂ।।**
**ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਯਾਂ।।੬੮।।**

ਅਜ਼ਬ = ਅਸਚਰਜ। ਤਕਵਾ = ਸ਼ਰ੍ਹਾ ਦਾ ਆਸਰਾ। ਬਜੁਜ਼ = ਬਿਨਾਂ। ਰਾਸਤੀ = ਸਚਿਆਈ। ਸੁਖਨ = ਬਚਨ। ਗੁਫਤਨ = ਕਹਿਣਾ। ਜਯਾਂ = ਨੁਕਸਾਨ।

ਤੇਰੀ ਇਹ ਪਰਹੇਜਗਾਰੀ ਵੀ ਬਹੁਤ ਅਜੀਬ ਹੈ। ਸਚਾਈ ਤੋਂ ਬਿਨਾਂ ਹੋਰ ਬਚਨ ਕਹਿਣ ਵਿਚ ਉਹ ਨੁਕਸਾਨ ਹੁੰਦਾ ਹੀ ਹੈ।।੬੮।।

**ਮਜ਼ਨ ਤੇਗ਼ ਬਰ ਖ਼ੂੰਨ ਕਸ ਬੇਦਰੇਗ਼।।**
**ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਹ ਤੇਗ਼।।੬੯।।**

ਮ = ਨਾ। ਜ਼ਨ = ਮਾਰ। ਤੇਗ = ਤਲਵਾਰ। ਬੇਦਰੇਗ = ਬੇਦਰਦ। ਤੁਰਾ = ਤੇਰਾ। ਚਰਖ = ਅਕਾਸ਼ੀ।

ਤੂੰ ਬੇਦਰਦ ਬਣਕੇ ਕਿਸੇ ਦਾ ਖੂਨ ਕਰਨ ਲਈ ਤਲਵਾਰ ਨਾ ਮਾਰ। (ਯਾਦ ਰਖ) ਭਾਵ ਰੱਬੀ ਤਲਵਾਰ ਨਾਲ ਤੇਰਾ ਵੀ ਖੂਨ ਹੋਵੇਗਾ, ਭਾਵ ਇਕ ਦਿਨ ਤੂੰ ਵੀ ਮੌਤ ਦੇ ਪੰਜੇ ਵਿਚ ਫਸੇਂਗਾ।।੬੯।।

**ਤੁ ਗਾਫ਼ਲ ਮਸ਼ੌ ਮਰਦ ਯਜ਼ਦਾਂ ਸ਼ਨਾਸ।।**
**ਕਿ ਓ ਬੇਨਿਆਜ਼ ਅਸਤੁ ਊ ਬੇ ਸਿਪਾਸ।।੭੦।।**

ਮਸ਼ੌ = ਨਾ ਹੋ। ਮਰਦ = ਹੇ ਮਰਦ ! ਬੇਨਿਆਜ਼ = ਬੇਪਰਵਾਹ। ਬੇਸਿਪਾਸ = ਖੁਸ਼ਾਮਦ ਤੋਂ ਬਿਨਾਂ।

ਹੇ ਬੰਦੇ ! (ਔਰੰਗਜ਼ੇਬ ) ਤੂੰ ਗਾਫਲ ਨਾ ਹੋ, ਪਰਮਾਂਤਮਾ ਦੀ ਪਛਾਣ ਕਰ। ਉਹ ਅਕਾਲ ਪੁਰਖ ਬੇਪ੍ਰਵਾਹ ਹੈ ਤੇ ਕਿਸੇ ਦੀ ਖੁਸ਼ਾਮਦ ਦਾ ਚਾਹਵਾਨ ਨਹੀਂ।।੭੦।।

**ਕਿ ਊ ਬੇ ਮੁਹਾਬ ਅਸਤੁ ਸ਼ਾਹਾਨਿ ਸ਼ਾਹ।।**
**ਜ਼ਿਮੀਨੋ ਜ਼ਮਾਂ ਸੱਚਹਏ ਪਾਤਿਸ਼ਾਹ।।੭੧।।**

ਮੁਹਾਬਸਤੁ = ਡਰ। ਜ਼ਮਾਂ = ਅਕਾਸ਼। ਸੱਚਹਏ = ਸੱਚਾ।

(ਉਹ ਪ੍ਰਭੂ) ਡਰ ਤੋਂ ਰਹਿਤ ਹੈ ਤੇ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਉਹ ਧਰਤੀ ਤੇ ਅਕਾਸ਼ ਦਾ ਸੱਚਾ ਪਾਤਸ਼ਾਹ ਹੈ।।੭੧।।

**ਖ਼ੁਦਾਵੰਦਿ ਈਜ਼ਦ ਜ਼ਮੀਨੋ ਜ਼ਮਾਂ।।**
**ਕੁਨਿੰਦਹ ਅਸਤ ਹਰ ਕਸ ਮਕੀਨੋ ਮਕਾਂ।।੭੨।।**

ਕੁਨਿੰਦਹ ਅਸਤ = ਕਰਨ ਵਾਲਾ ਹੈ। ਹਰ ਕਸ = ਹਰ ਇਕ। ਮੁਕੀਮ = ਮਕਾਨਾਂ ਵਿਚ। ਮਕਾਂ = ਮਕਾਨ।

ਉਹ ਪਰਮਾਤਮਾ ਹੀ ਧਰਤੀ ਤੇ ਆਕਾਸ਼ ਦਾ ਮਾਲਕ ਹੈ। ਹਰ ਮਕਾਨ ਤੇ ਹਰ ਜਗ੍ਹਾ ਰਹਿਣ ਵਾਲਾ ਅਤੇ ਜੀਵਾਂ ਨੂੰ ਉਹ ਹੀ ਪੈਦਾ ਕਰਨ ਵਾਲਾ ਹੈ।।੭੨।।

**ਹਮਅਜ਼ ਪੱਰਿ ਮੋਰਹ ਹਮਅਜ਼ ਫ਼ੀਲ ਤਨ।।**
**ਕਿ ਆਜਿਜ਼ ਨਿਵਾਜ਼ਸਤ ਗ਼ਾਫਲ ਸ਼ਿਕਨ।।੭੩।।**

ਪੱਰਿ = ਪਰ। ਮੋਰਹ = ਕੀੜੀ। ਫੀਲ = ਹਾਥੀ। ਆਜਿਜ਼ = ਗਰੀਬ। ਨਿਵਾਜ਼ = ਵਡਿਆਉਣਾ।

ਨਿੱਕੀ ਕੀੜੀ ਤੋਂ ਵੱਡੇ ਹਾਥੀ ਤਕ ਸਭ ਜੀਵ ਉਸ ਦੇ ਰਚੇ ਹੋਏ ਹਨ। ਉਹ ਨਿਤਾਣਿਆਂ ਦਾ ਤਾਣ ਤੇ ਗਾਫ਼ਲਾਂ ਨੂੰ ਨਾਸ ਕਰਨ ਵਾਲਾ ਹੈ।।੭੩।।

**ਕਿ ਊ ਰਾ ਚੁ ਇਸਮਅਸਤੁ ਆਜਿਜ਼ ਨਿਵਾਜ਼।।**
**ਕਿ ਊ ਬੇ ਸਿਪਾਸ ਅਸਤ ਊ ਬੇ ਨਿਯਾਜ਼।।੭੪।।**

ਊ ਰਾ = ਉਹ। ਇਸਮ = ਨਾਮ। ਸਿਪਾਸ = ਭੇਟਾ।

ਉਸ ਪ੍ਰਭੂ ਦਾ ਨਾਮ ਗਰੀਬ-ਨਿਵਾਜ਼ ਹੈ। ਉਹ ਕਿਸੇ ਭੇਟਾ ਦਾ ਲੋੜਵੰਦ ਨਹੀਂ, ਉਹ ਬੜਾ ਬੇਪਰਵਾਹ ਹੈ॥੭੪॥

**ਕਿ ਊ ਬੇ ਨਗੂੰ ਅਸਤੁ ਊ ਬੇ ਚਗੂੰ॥**
**ਕਿ ਊ ਰਹਿਨੁਮਾ ਅਸਤ ਊ ਰਹਿਨਮੂੰ॥੭੫॥**

ਨਗੂੰ = ਰੰਗ। ਚਗੂੰ = ਚਿੰਨ੍ਹ। ਰਹਿਨੁਮਾ = ਰਾਹ ਦਸਣ ਵਾਲਾ। ਰਹਿਨਮੂੰ = ਆਗੂ।

ਉਹ ਪਰਮਾਤਮਾ ਰੰਗ ਤੋਂ ਰਹਿਤ ਹੈ, ਉਸ ਦਾ ਕੋਈ ਚਿੰਨ੍ਹ ਨਹੀਂ। ਉਹ ਹੀ ਰਾਹ ਦਸਣ ਵਾਲਾ ਹੈ ਤੇ ਉਹ ਹੀ ਆਗੂ ਹੈ॥੭੫॥

ਭਾਵ - ਐ ਔਰੰਗਜ਼ੇਬ ! ਅਸੀਂ ਅਕਾਲ ਪੁਰਖ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਸਮਝਦੇ ਹਾਂ। ਇਸੇ ਕਰ ਕੇ ਉਹ ਸਾਨੂੰ ਹਰ ਔਕੜ ਤੋਂ ਆਪਣਾ ਮਿਹਰ ਭਰਿਆ ਹੱਥ ਦੇ ਕੇ ਰਖਦਾ ਆਇਆ ਹੈ। ਦੇਖ, ਅਸੀਂ ਰਾਤ ਵੇਲੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ, ਪਰ ਉਹ ਪ੍ਰਭੂ ਸਾਡਾ ਰਹਿਨੁਮਾਂ ਬਣ ਕੇ ਸਾਨੂੰ ਇਸ ਘੇਰੇ ਵਿਚੋਂ ਸਹੀ ਸਲਾਮਤ ਮਾਛੀਵਾੜੇ ਤਕ ਪੁਚਾ ਗਿਆ।

**ਕਿ ਬਰ ਸਰ ਤੁਰਾ ਫਰਜ਼ ਕਸਮਿ ਕੁਰਾਂ॥**
**ਬ ਗੁਫਤਹ ਸ਼ੁਮਾਹ ਕਾਰ ਖ਼ੂਬੀ ਰਸਾਂ॥੭੬॥**

ਸਰ = ਸਿਰ। ਫਰਜ਼ = ਭਾਰ। ਬਗੁਫ਼ਤਾ = ਕਹਿਣਾ। ਰਸਾਂ = ਪਹੁੰਚਾ।

ਤੇਰੇ ਸਿਰ ਉਤੇ ਕੁਰਾਨ ਦੀ ਕਸਮ ਦਾ ਭਾਰ ਹੈ, ਇਸ ਲਈ ਤੂੰ ਆਪਣੇ ਕੀਤੇ ਬਚਨ ਨੂੰ ਖ਼ੂਬੀ ਨਾਲ ਸਿਰੇ ਚੜ੍ਹਾ॥੭੬॥

**ਬਿਬਾਯਦ ਤੁ ਦਾਨਿਸ਼ ਪ੍ਰਸਤੀ ਕੁਨੀ॥**
**ਬਕਾਰੇ ਸ਼ੁਮਾ ਚੀਰਹ ਦਸਤੀ ਕੁਨੀ॥੭੭॥**

ਬਿਬਾਯਦ = ਚਾਹ ਦਾ। ਦਾਨਿਸ਼ = ਅਕਲਮੰਦੀ। ਚੀਰਹ ਦਸਤੀ = ਪੱਕਾ ਹੱਥ ਪਾ ਕੇ।

(ਐ ਔਰੰਗਜ਼ੇਬ ! ) ਤੂੰ ਇਸ ਵੇਲੇ ਆਪਣੀ ਅਕਲ ਨੂੰ ਪਛਾਣ ਤੇ ਇਸ ਕੰਮ ਨੂੰ ਮਜ਼ਬੂਤ ਹੱਥਾਂ ਨਾਲ ਕਰ॥੭੭॥

ਭਾਵ-ਐ ਔਰੰਗਜ਼ੇਬ ! ਤੇਰਾ ਫਰਜ਼ ਬਣਦਾ ਹੈ ਕਿ ਤੂੰ ਇਸ ਸਮੇਂ ਆਪਣੀ ਅਕਲ ਤੋਂ ਕੰਮ ਲਵੇਂ ਤੇ ਕਿਸੇ ਅਹਿਲਕਾਰ ਦੀ ਸਿਖਾਵਤ ਵਿਚ ਨਾ ਆਵੇਂ ਤੇ ਆਪਣਾ ਫਰਜ਼ ਪੂਰਾ ਕਰੇਂ।

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥**
**ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥੭੮॥**

ਚਿਹਾ ਸ਼ੁਦ = ਕੀ ਹੋ ਗਿਆ। ਕਿ ਤੋਂ = ਜਦ ਕਿ। ਬੱਚਗਾਂ = ਬੱਚੇ। ਕੁਸ਼ਤਹ = ਮਾਰ ਦਿੱਤੇ। ਬਾਕੀ = ਪਿਛੇ। ਬਮਾਂਦਸਤ = ਰਹਿੰਦਾ ਹੈ। ਪੇਚੀਦਾ = ਕੁੰਡਲਾਂ ਵਾਲਾ। ਮਾਰ = ਸੱਪ।

ਕੀ ਹੋ ਗਿਆ ਜ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ। ਅਜੇ ਪਿਛੇ ਕੁੰਡਲਾਂ ਵਾਲਾ ਸੱਪ ਰਹਿੰਦਾ ਹੈ॥੭੮॥

ਭਾਵ-ਐ ਔਰੰਗਜ਼ੇਬ ! ਤੂੰ ਮੇਰੇ ਚਾਰ ਬੱਚੇ ਖਤਮ ਕਰ ਦਿੱਤੇ ਹਨ, ਪਰ ਯਾਦ ਰੱਖ, ਅਜੇ ਤੇਰੇ ਜ਼ੁਲਮ ਰਾਜ ਨੂੰ ਖਤਮ ਕਰਨ ਲਈ ਮੇਰਾ ਕੁੰਡਲਾਂ ਵਾਲਾ ਸੱਪ, ਭਾਵ 'ਖਾਲਸਾ' ਤਿਆਰ ਬਰ ਤਿਆਰ ਬੈਠਾ ਹੈ, ਜੋ ਤੇਰੇ ਇਸ ਜ਼ੁਲਮੀ ਰਾਜ ਨੂੰ ਖਤਮ ਕਰ ਕੇ ਸਾਹ ਲਵੇਗਾ।

## ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥
## ਕਿ ਆਤਿਸ਼ ਦਮਾਂ ਰਾ ਫਰੋਜ਼ਾਂ ਕੁਨੀ॥੭੯॥

ਮਰਦੀ = ਬਹਾਦਰੀ। ਅਖ਼ਗਰ = ਚੰਗਿਆੜੇ। ਖ਼ਮੋਸ਼ਾਂ ਕੁਨੀ = ਬੁਝਾਉਣ। ਆਤਿਸ਼ ਦਮਾਂ = ਪਰਚੰਡ ਅਗਨੀ।

ਇਹ ਤੇਰੀ ਕੀ ਬਹਾਦਰੀ ਹੈ ਜੁ ਤੂੰ ਚੰਗਿਆੜਿਆਂ ਨੂੰ ਬੁਝਾ ਰਿਹਾ ਹੈਂ ਤੇ ਭੜ ਭੜ ਕਰ ਕੇ ਬਲ ਰਹੀ ਅੱਗ ਨੂੰ ਹੋਰ ਤੇਜ਼ ਕਰ ਰਿਹਾ ਹੈਂ॥੭੯॥

ਭਾਵ-ਐ ਔਰੰਗਜ਼ੇਬ ! ਇਹ ਤੇਰੀ ਚੰਗੀ ਅਕਲਮੰਦੀ ਹੈ ਕਿ ਤੂੰ ਮੇਰੇ ਛੋਟੇ ਚਾਰ ਬੱਚਿਆਂ ਨੂੰ ਮਾਰ ਕੇ ਮੈਨੂੰ ਤੇ ਮੇਰੇ ਖਾਲਸੇ ਨੂੰ ਹੋਰ ਭੜਕਾ ਰਿਹਾ ਹੈ?

## ਚਿ ਖੁਸ਼ ਗੁਫ਼ਤ ਫਿਰਦੌਸੀਏ ਖੁਸ਼ ਜ਼ੁਬਾਂ॥
## ਸ਼ਤਾਬੀ ਬਵਦ ਕਾਰਿ ਆਹਰਮਨਾਂ॥੮੦॥

ਚਿ = ਕੈਸਾ। ਖੁਸ਼ ਗੁਫ਼ਤ = ਚੰਗਾ ਕਿਹਾ। ਫਿਰਦੌਸੀਏ = ਫਿਰਦੌਸੀ ਫਾਰਸੀ ਦਾ ਇਕ ਕਵੀ ਸੀ। ਜਿਸ ਸੁਲਤਾਨ ਮੁਹੰਮਦ ਗਜ਼ਨਬੀ ਦੀ ਸ਼ਾਨ ਵਿਚ ਸ਼ਾਹਨਾਮਾ ਲਿਖਿਆ ਹੈ। ਖੁਸ਼ ਜ਼ੁਬਾਂ = ਚੰਗੀ ਜ਼ਬਾਨ। ਸ਼ਿਤਾਬੀ = ਛੇਤੀ। ਬਵਦ = ਕਰਨਾ। ਆਹਰਮਨਾਂ = ਭੂਤਨਿਆਂ (ਸ਼ੈਤਾਨਾਂ) ਦਾ।

ਫਿਰਦੌਸੀ ਕਵੀ ਨੇ ਆਪਣੀ ਸੋਹਣੀ ਜ਼ਬਾਨ ਨਾਲ ਕਿਹਾ ਸੋਹਣਾ ਬਚਨ ਕੀਤਾ ਹੈ ਕਿ ਕਾਹਲੀ ਨਾਲ ਕੋਈ ਕੰਮ ਕਰਨਾ ਸ਼ੈਤਾਨਾਂ ਦਾ ਕੰਮ ਹੈ।

## ਕਿ ਮਾ ਬਾਰਗਹਿ ਹਜ਼ਰਤ ਆਯਦ ਸ਼ੁਮਾਂ॥
## ਅਜ਼ਾਂ ਰੋਜ਼ ਬਾਸ਼ੇਦ ਸ਼ਾਹਿਦ ਸ਼ੁਮਾਂ॥੮੧॥

ਬਾਰਗਹਿ = ਦਰਗਾਹ। ਹਜ਼ਰਤ = ਪਰਮਾਤਮਾ। ਆਯਦ = ਆਏ। ਅਜ਼ਾਂ ਰੋਜ਼ = ਉਸ ਦਿਨ। ਸ਼ਾਹਿਦ = ਗਵਾਹ। ਸ਼ੁਮਾਂ = ਤੂੰ।

ਜਦ ਤੁਸੀਂ ਸਾਡੇ ਪਾਸ ਆਉਗੇ ਤਾਂ ਉਸ ਦਿਨ ਤੋਂ ਤੁਸੀਂ ਖੁਦ ਆਪਣੇ ਗਵਾਹ ਆਪ ਬਣ

**************************************************************

ਜਾਉਗੇ। ਭਾਵ ਤੁਹਾਨੂੰ ਸਚਾਈ ਪਰਤੱਖ ਹੋ ਜਾਵੇਗੀ॥੮੧॥

**ਵਗਰ ਨਾ ਤੁ ਈਂ ਰਾ ਫਰਾਮੁਸ਼ ਕੁਨਦ॥**
**ਤੁਰਾ ਹਮ ਫਰਾਮੋਸ਼ ਯਜ਼ਦਾਂ ਕੁਨਦ॥੮੨॥**

ਵਗਰਨਾ = ਅਗਰ। ਰਾ = ਭੀ। ਫ਼ਰਾਮੁਸ਼ = ਭੁਲਾਣਾ। ਤੁਰਾ = ਤੈਨੂੰ।

ਜੇਕਰ ਤੂੰ ਇਸ ਗੱਲ ਨੂੰ ਭੁੱਲ ਜਾਏਂਗਾ ਤਾਂ ਅਕਾਲ ਪੁਰਖ ਤੈਨੂੰ ਵੀ ਭੁਲਾ ਦੇਵੇਗਾ॥੮੨॥

**ਅਗਰ ਕਾਰਿ ਈਂ ਬਰ ਤੂ ਬਸਤੀ ਕਮਰ॥**
**ਖ਼ੁਦਾਵੰਦ ਬਾਸ਼ਦ ਤੁਰਾ ਬਹਰਹ ਵਰ॥੮੩॥**

ਕਾਰਿ ਈਂ = ਇਹ ਕੰਮ। ਬਰ = ਉਪਰ। ਬਸਤੀ = ਬੰਨ੍ਹ। ਬਾਸ਼ਦ = ਹੋਵੇਗਾ। ਬਹਰਹ = ਫਲ ਦੇਣ ਵਾਲਾ।

ਜੇਕਰ ਤੂੰ ਇਸ ਕੰਮ ਦੇ ਕਰਨ ਲਈ ਲੱਕ ਬੰਨ੍ਹ ਲਵੇਂ ਭਾਵ ਤਿਆਰ ਹੋ ਜਾਵੇਂ ਤਾਂ ਪਰਮਾਤਮਾ ਤੈਨੂੰ ਇਸ ਦਾ ਚੰਗਾ ਫਲ ਦੇਵੇਗਾ॥੮੩॥

ਭਾਵ–ਐ ਔਰੰਗਜ਼ੇਬ ! ਜੇਕਰ ਤੂੰ ਅਜੇ ਵੀ ਇਨਸਾਫ ਲਈ ਤਿਆਰ ਹੋ ਜਾਵੇਂ ਤਾਂ ਖ਼ੁਦਾ ਤੈਨੂੰ ਹਰ ਤਰ੍ਹਾਂ ਦੀਆਂ ਖੁਸ਼ੀਆਂ ਬਖਸ਼ੇਗਾ।

**ਕਿ ਈਂ ਕਾਰ ਨੇਕ ਅਸਤੋ ਦੀਂ ਪਰਵਰੀ॥**
**ਚੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ॥੮੪॥**

ਦੀ ਪਰਵਰੀ = ਧਰਮ ਦੀ ਪਾਲਣਾ। ਸ਼ਨਾਸੀ = ਪਛਾਣ। ਬਰਤਰੀ = ਬਿਹਤਰ।

ਧਰਮ ਦੀ ਪਾਲਣਾ ਕਰਨਾ ਸਭ ਤੋਂ ਉਤਮ ਨੇਕੀ ਦਾ ਕੰਮ ਹੈ ਤੇ ਵਾਹਿਗੁਰੂ ਦੀ ਪਛਾਣ ਕਰਨੀ ਇਹ ਜਾਨ ਨਾਲੋਂ ਵੀ ਬਿਹਤਰ (ਚੰਗਾ) ਹੈ॥੮੪॥

**ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ॥**
**ਬਰਾਮਦ ਜ਼ਿ ਤੂ ਕਾਰਹਾ ਦਿਲ ਖਰਾਸ਼॥੮੫॥**

ਤੁਰਾ = ਤੇਰੇ। ਮਨ = ਮੈਂ। ਦਾਨਮ = ਜਾਣਦਾ। ਬਰਾਮਦ = ਹੋ ਚੁਕੇ। ਦਿਲ ਖਰਾਸ਼ = ਦਿਲ ਨੂੰ ਦੁਖੀ ਕਰਨਾ।

ਮੈਂ ਜਾਣਦਾ ਹਾਂ ਕਿ ਤੈਨੂੰ ਰੱਬ ਦੀ ਕੋਈ ਪਛਾਣ ਨਹੀਂ, ਕਿਉਂਕਿ ਤੇਰੇ ਕੋਲੋਂ ਅੱਜ ਤਕ ਜਿੰਨੇ ਵੀ ਕੰਮ ਹੋਏ ਹਨ, ਉਹ ਸਾਰੇ ਦੁਖਦਾਇਕ ਹੀ ਹੋਏ ਹਨ॥੮੫॥

ਭਾਵ–ਐ ਔਰੰਗਜ਼ੇਬ ! ਰੱਬ ਦਾ ਭਉ ਮੰਨਣ ਵਾਲੇ ਬੰਦਿਆਂ ਕੋਲੋਂ ਸਭ ਨੂੰ ਸੁਖ ਮਿਲਦਾ ਹੈ, ਪਰ ਤੇਰੇ ਕੋਲੋਂ ਅੱਜ ਤਕ ਕੋਈ ਭਲਾ ਕੰਮ ਹੋਇਆ ਹੀ ਨਹੀਂ, ਜਿਸ ਕਰਕੇ ਮੈਂ ਕਹਿ ਸਕਦਾ

Namdhari Elibrary NamdhariElibrary@gmail.com

**************************************************************
ਹਾਂ ਕਿ ਤੈਨੂੰ ਰੱਬ ਦੀ ਕੋਈ ਪਛਾਣ ਨਹੀਂ ਤੇ ਤੂੰ ਝੂਠਾ ਦੀਨਦਾਰ ਬਣਿਆ ਫਿਰਦਾ ਹੈਂ।

**ਸ਼ਨਾਸਦ ਹਮੀਂ ਤੂ ਨ ਯਜ਼ਦਾਂ ਕਰੀਮ।।**
**ਨ ਖ਼੍ਵਾਹਦ ਹਮੀ ਤੂ ਬਦੌਲਤ ਅਜ਼ੀਮ।।੮੬।।**

ਕਰੀਮ = ਕ੍ਰਿਪਾਲੂ। ਖ਼੍ਵਾਹਦ = ਚਾਹੁੰਦਾ। ਬਦੌਲਤ = ਧਨ ਦੌਲਤ। ਅਜ਼ੀਮ = ਵੱਡੀ।

ਕਿਰਪਾਲੂ ਪਰਮਾਤਮਾ ਤੈਨੂੰ ਨਹੀ ਪਛਾਣਦਾ, ਤੇਰੀ ਵੱਡੀ ਦੌਲਤ ਤੇ ਪਾਤਸ਼ਾਹੀ ਦੇ ਬਾਵਜੂਦ ਵੀ ਉਹ ਤੈਨੂੰ ਕੁਝ ਵੀ ਨਹੀਂ ਸਮਝਦਾ ਹੈ।।੮੬।।

**ਅਗਰ ਸਦ ਕੁਰਾਂ ਰਾ ਬਖੁਰਦੀ ਕਸਮ।।**
**ਮਰਾ ਇਅਤਬਾਰੇ ਨ ਈਂ ਜੱਰਹ ਦਮ।।੮੭।।**

ਸਦ = ਸੈਂ। ਕੁਰਾਂ = ਕੁਰਾਨ। ਬਖੁਰਦੀ = ਖਾਵੇਂ। ਜੱਰਹ = ਜ਼ਰਾ।

ਜੇ (ਹੁਣ) ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ ਤਾਂ ਮੈਨੂੰ ਜ਼ਰਾ ਜਿੰਨਾਂ ਵੀ ਤੇਰੀਆਂ ਕਸਮਾਂ ਤੇ ਇਤਬਾਰ ਨਹੀਂ।।੮੭।।

ਭਾਵ-ਐ ਔਰੰਗਜ਼ੇਬ ! ਤੇਰੀਆਂ ਪਿਛਲੀਆਂ ਕਸਮਾਂ ਕਰਕੇ ਮੈਂ ਤੇਰੇ ਧੋਖੇ ਵਿਚ ਆ ਗਿਆ। ਹੁਣ ਜੇ ਤੂੰ ਸੈਂਕੜੇ ਕੁਰਾਨ ਦੀਆਂ ਕਸਮਾਂ ਵੀ ਖਾਵੇਂ ਤਦ ਵੀ ਮੈਂ ਜਾਂ ਮੇਰਾ 'ਖਾਲਸਾ' ਤੇਰੇ ਤੇ ਇਤਬਾਰ ਨਹੀਂ ਕਰੇਗਾ, ਕਿਉਂਕਿ ਤੂੰ ਤੇ ਤੇਰੇਂ ਕਾਜ਼ੀ, ਮੁਸਾਹਿਬ ਆਦਿ ਸਾਰੇ ਫਰੇਬੀ ਹਨ।

**ਹਜ਼ੂਰੀ ਨ ਆਇਮ ਨ ਈਂ ਰਹ ਸ਼ਵਮ।।**
**ਅਗਰ ਸ਼ਹ ਬਖ਼੍ਵਾਹਦ ਮਨ ਆਂ ਜਾ ਰਵਮ।।੮੮।।**

ਹਜ਼ੂਰੀ = ਦਰਬਾਰ ਵਿਚ। ਨ ਆਇਮ = ਨਹੀਂ ਆਵਾਂਗਾ। ਰਹ = ਰਸਤਾ। ਸ਼ਵਮ = ਖਲੋਣਾ। ਸ਼ਾਹ = ਦਰਬਾਰ। ਬਖ਼੍ਵਾਹਦ = ਚਾਹਵੇ। ਰਵਮ = ਜਾਣਾ।

ਮੈਂ ਤੇਰੇ ਦਰਬਾਰ ਵਿਚ ਨਹੀਂ ਆਵਾਂਗਾ ਤੇ ਨਾ ਹੀ ਉਸ ਰਸਤੇ ਤੇ ਖਲੋਵਾਂਗਾ। ਜਿਥੇ ਮੇਰਾ ਸੱਚਾ ਪਾਤਸ਼ਾਹ (ਪ੍ਰਭੂ) ਚਾਹੇ ਮੈਂ ਉਸ ਜਗ੍ਹਾ ਲਈ ਤੁਰ ਪਵਾਂਗਾ।।੮੮।।

ਭਾਵ-ਐ ਔਰੰਗਜ਼ੇਬ ! ਮੈਂ ਤੇਰੇ ਕਹੇ ਤੇ ਕਿਸੇ ਥਾਂ ਤੇ ਜਾਣ ਲਈ ਤਿਆਰ ਨਹੀਂ ਕਿਉਂਕਿ ਮੈਨੂੰ ਹੁਣ ਤੇਰਾ ਕੋਈ ਇਤਬਾਰ ਨਹੀਂ। ਹਾਂ ਜਿਥੇ ਮੇਰਾ ਅਕਾਲ ਪੁਰਖ ਹੁਕਮ ਕਰੇਗਾ, ਉਸ ਜਗ੍ਹਾ ਮੈਂ ਨਿਸ਼ੰਗ ਪਹੁੰਚ ਜਾਵਾਂਗਾ।

ਇਸ ਤੋਂ ਅਗੇ ਸਤਿਗੁਰੂ ਜੀ ਔਰੰਗਜ਼ੇਬ ਦੀਆਂ ਖੂਬੀਆਂ ਦਾ ਵਰਣਨ ਕਰਦੇ ਹਨ:-

**ਖ਼ੁਸ਼ਸ਼ ਸ਼ਾਹਿ ਸ਼ਾਹਾਨ ਔਰੰਗਜ਼ੇਬ।।**
**ਕਿ ਚਾਲਾਕ ਦਸਤ ਅਸਤ ਚਾਬੁਕ ਰਕੇਬ।।੮੯।।**

ਖੁਸ਼ਸ਼ = ਚੰਗੇ ਭਾਗ ਵਾਲਾ ਹੈ। ਚਾਲਾਕ ਦਸਤ ਅਸਤ = ਫੁਰਤੀਲੇ ਹੱਥ ਵਾਲਾ ਹੈ। ਚਾਬੁਕ ਰਕੇਬ = ਚੰਗਾ ਘੋੜ ਸਵਾਰ।

ਐ ਔਰੰਗਜ਼ੇਬ! ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ ਤੇ ਸੰਸਾਰੀ ਤਖ਼ਤ ਨੂੰ ਸ਼ੁਭਾ ਦੇਣ ਵਾਲਾ ਏਂ। ਤੂੰ ਫੁਰਤੀਲੇ ਹੱਥਾਂ ਵਾਲਾ ਹੈਂ ਤੇ ਚੰਗਾ ਘੋੜ ਸਵਾਰ ਵੀ ਏਂ॥੮੯॥

**ਕਿ ਹੁਸਨੁਲ ਜਮਾਲ ਅਸਤੋ ਰੌਸ਼ਨ ਜ਼ਮੀਰ॥**
**ਖ਼ੁਦਾਵੰਦ ਮੁਲਕ ਅਸਤ ਸਾਹਿਬ ਅਮੀਰ॥੯੦॥**

ਹੁਸਨੁਲ ਜਮਾਲ ਅਸਤੋ = ਸੁੰਦਰ ਰੂਪ ਵਾਲਾ। ਰੌਸ਼ਨ ਜ਼ਮੀਰ = ਪ੍ਰਕਾਸ਼ਵਾਨ ਬੁੱਧੀ, ਉੱਜਲ ਬੁੱਧੀ। ਖ਼ੁਦਾਵੰਦ ਮੁਲਕ = ਦੇਸ਼ ਦਾ ਮਾਲਕ। ਅਮੀਰ = ਧਨਵਾਨ।

ਤੂੰ ਸੁੰਦਰ ਰੂਪ ਵਾਲਾ, ਬੜੇ ਜਲਾਲ ਵਾਲਾ ਤੇ ਚੰਗੀ ਬੁੱਧੀ ਵਾਲਾ ਹੈਂ। ਮੁਲਕ (ਦੇਸ), ਦਾ ਮਾਲਕ ਤੇ ਧਨਵਾਨਾਂ ਦਾ ਸਾਹਿਬ (ਮਾਲਕ) ਹੈਂ॥੯੦॥

**ਬ ਤਰਤੀਬ ਦਾਨਿਸ਼ ਬ ਤਦਬੀਰ ਤੇਗ਼॥**
**ਖ਼ੁਦਾਵੰਦਿ ਦੇਗ਼ੋ ਖ਼ੁਦਾਵੰਦਿ ਤੇਗ਼॥੯੧॥**

ਤਰਤੀਬ = ਢੰਗ। ਦਾਨਿਸ਼ = ਅਕਲ। ਖ਼ੁਦਾਵੰਦਿ = ਮਾਲਕ। ਦੇਗ = ਖਜ਼ਾਨਾ।

ਤੂੰ ਚੰਗੀ ਬੁੱਧੀ ਵਾਲਾ ਤੇ ਤਲਵਾਰ ਚਲਾਉਣੀ ਜਾਣਦਾ ਹੈਂ ਅਤੇ ਤੂੰ ਖਜ਼ਾਨੇ ਤੇ ਤੇਗ਼ ਦਾ ਵੀ ਮਾਲਕ ਹੈਂ॥੯੧॥

**ਕਿ ਰੌਸ਼ਨ ਜ਼ਮੀਰ ਅਸਤੋ ਹੁਸਨੁਲ ਜਮਾਲ॥**
**ਖ਼ੁਦਾਵੰਦ ਬਖਸ਼ਿੰਦਹ ਏ ਮੁਲਕੋ ਮਾਲ॥੯੨॥**

ਖੁਦਾਵੰਦ = ਮਾਲਕ। ਬਖਸ਼ਿੰਦਹ ਏ = ਬਖਸ਼ਣ ਵਾਲਾ। ਮਾਲ = ਦੌਲਤ।

ਤੇਰੀ ਬੁੱਧੀ ਪ੍ਰਕਾਸ਼ ਵਾਲੀ ਹੈ ਤੇ ਤੇਰਾ ਰੂਪ ਵੀ ਸੁੰਦਰ ਹੈ। ਤੂੰ ਮੁਲਕ ਦਾ ਮਾਲਕ ਏਂ ਤੇ ਧਨ ਦੀ ਬਖਸ਼ਿਸ਼ ਕਰਨ ਵਾਲਾ ਹੈਂ॥੯੨॥

**ਬਹ ਬਖ਼ਸ਼ਿਸ਼ ਕਬੀਰ ਅਸਤੋ ਦਰ ਜੰਗ ਕੋਹ॥**
**ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਿਕਹ॥੯੩॥**

ਕਬੀਰ = ਵੱਡੀ। ਕੋਹ = ਪਹਾੜ। ਮਲਾਇਕ = ਦੇਵਤਾ। ਸੁਰੱਯਾ = ਆਕਾਸ਼ ਦੀ ਚੋਟੀ। ਸ਼ਿਕੋਹ = ਪ੍ਰਤੱਖ।

ਤੂੰ ਵਡੀਆਂ ਬਖਸ਼ਿਸ਼ਾਂ ਕਰਨ ਵਾਲਾ ਹੈਂ ਤੇ ਜੰਗ ਵਿਚ ਪਹਾੜ ਵਾਂਗੂ ਅਡੋਲ ਰਹਿਣ ਵਾਲਾ ਹੈਂ। ਤੇਰੀਆਂ ਸਿਫਤਾਂ ਦੇਵਤਿਆਂ ਵਾਲੀਆਂ ਹਨ ਤੇ ਤੇਰੀ ਸ਼ਾਨ ਅਕਾਸ਼ ਦੀ ਚੋਟੀ ਵਾਂਗੂ ਉੱਚੀ ਹੈ॥੯੩॥

**ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀਂ।।**
**ਕਿ ਦਾਰਾਇ ਦੌਰ ਅਸਤੋ ਦੂਰ ਅਸਤ ਦੀਂ।।੯੪।।**

ਔਰੰਗ = ਤਖਤ, ਰਾਜ ਗੱਦੀ। ਜ਼ੇਬ = ਸ਼ੋਭਾ। ਆਲਮੀਂ = ਸੰਸਾਰ। ਦਾਰਾਇ = ਸਹਾਇਕ। ਦੌਰ = ਜ਼ਮਾਨਾ। ਦੀਂ = ਧਰਮ।

ਪਰ ਹੇ ਔਰੰਗਜ਼ੇਬ ! ਭਾਵੇਂ ਤੂੰ ਦਨੀਆਂ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਵੀ ਏਂ, ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ।।੯੪।।

ਭਾਵ-ਸਤਿਗੁਰੂ ਜੀ ਔਰੰਗਜ਼ੇਬ ਦੀਆਂ ਕਈ ਸਿਫ਼ਤਾਂ ਦਾ ਵਰਣਨ ਕਰਦੇ ਹਨ, ਪਰ ਅੰਤ ਵਿਚ ਕਹਿੰਦੇ ਹਨ ਕਿ ਏਨੀਆਂ ਸਿਫਤਾਂ ਦੇ ਹੁੰਦਿਆਂ ਵੀ ਤੇਰਾ ਧਰਮ ਤੇ ਵਿਸ਼ਵਾਸ਼ ਨਹੀਂ ਤੇ ਤੂੰ ਝੂਠਾ ਦੀਨਦਾਰ ਬਣਿਆਂ ਫਿਰਦਾ ਹੈਂ। ਤੈਨੂੰ ਚਾਹੀਦਾ ਹੈ ਕਿ ਤੂੰ ਪਖੰਡ ਨੂੰ ਛਡ ਕੇ ਖੁਦਾ ਦੇ ਸਹੀ ਰਸਤੇ ਤੇ ਚਲੇਂ। ਤਦ ਹੀ ਤੂੰ ਸੱਚਾ ਦੀਨਦਾਰ ਅਖਵਾਉਣ ਦਾ ਹੱਕਦਾਰ ਹੋਵੇਂਗਾ।

**ਮਨਮ ਕੁਸ਼ਤਹ ਅਮ ਕੋਹਿਯਾ ਬੁਤ ਪ੍ਰਸਤ।।**
**ਕਿ ਆਂ ਬੁਤ ਪ੍ਰਸਤੰਦੋ ਮਨ ਬੁਤ ਸ਼ਿਕਸਤ।।੯੫।।**

ਮਨਮ = ਮੈਂ ਹਾਂ। ਕੁਸ਼ਤਹਅਮ = ਮਾਰਨ ਵਾਲਾ। ਕੋਹਿਯਾਂ = ਪਹਾੜੀਆਂ। ਬੁਤ ਪ੍ਰਸਤ = ਮੂਰਤਾਂ ਨੂੰ ਪੂਜਣ ਵਾਲੇ। ਪ੍ਰਸਤੰਦੋ = ਪੂਜਣਾ। ਸ਼ਿਕਸਤ = ਤੋੜਨਾ।

ਮੈਂ (ਉਹਨਾਂ) ਪਹਾੜੀ ਰਾਜਿਆਂ ਨੂੰ ਮਾਰਨ ਵਾਲਾ ਹਾਂ, (ਜਿਹੜੇ) ਬੁਤਾਂ ਨੂੰ ਪੂਜਦੇ ਹਨ। ਉਹ ਪੱਥਰ ਦੇ ਬੁਤਾਂ ਨੂੰ ਪੂਜਦੇ ਹਨ ਤੇ ਮੈਂ ਬੁਤਾਂ ਨੂੰ ਤੋੜਨ ਵਾਲਾ ਹਾਂ।।੯੫।।

**ਬਬੀਂ ਗਰਦਸ਼ੇ ਬੇਵਫ਼ਾਏ ਜ਼ਮਾ।।**
**ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ।।੯੬।।**

ਬਬੀਂ = ਵੇਖ। ਗਰਦਸ਼ੇ = ਚੱਕਰ। ਪਸੇ = ਪਿਛੋਂ। ਪੁਸ਼ਤ = ਪਿੱਠ। ਉਫਤਦ = ਪੈ ਜਾਂਦਾ। ਰਸਾਨਦ = ਪੁਚਾਣਾ। ਜ਼ਿਯਾਂ = ਨੁਕਸਾਨ।

ਐ ਔਰੰਗਜ਼ੇਬ ! ਜ਼ਮਾਨੇ ਦੀ ਬੇਵਫਾਈ ਦਾ ਚੱਕਰ ਵੇਖ, ਜਿਸ ਦੇ ਪਿਛੇ ਇਹ ਪੈ ਜਾਂਦਾ ਹੈ, ਉਸ ਨੂੰ ਨੁਕਸਾਨ ਹੀ ਪਹੁੰਚਾਉਂਦਾ ਹੈ।।੯੬।।

**ਬਬੀਂ ਕੁਦਰਤੇ ਨੇਕ ਯਜ਼ਦਾਨੇ ਪਾਕ।।**
**ਕਿ ਅਜ਼ ਯਕ ਬ ਦਹ ਲਕ ਰਸਾਨਦ ਹਲਾਕ।।੯੭।।**

ਬਬੀਂ = ਵੇਖ। ਪਾਕ = ਪਵਿੱਤਰ। ਅਜ਼ = ਪਾਸੋਂ। ਰਸਾਨਦ = ਪਹੁੰਚਾਉਂਦਾ। ਹਲਾਕ = ਮੌਤ।

(ਉਸ) ਪਵਿੱਤਰ ਰੱਬ ਦੀ ਕੁਦਰਤ ਵਲ ਵੇਖ, ਜੋ ਇਕ ਕੋਲੋਂ ਦਸ ਲੱਖ ਨੂੰ ਮਰਵਾਉਂਦਾ

ਹੈ।।੯੮।।

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤੁ ਦੋਸਤ।।
ਕਿ ਬਖ਼ਸ਼ਿੰਦਗੀ ਕਾਰ ਬਖ਼ਸ਼ਿੰਦਹ ਓਸਤ।।੯੮।।

ਕੁਨਦ = ਕਰਦਾ। ਮਿਹਰਬਾਂ ਅਸਤ = ਮਿਹਰਬਾਨ ਹੈ। ਬਖਸ਼ਿੰਦਗੀ = ਬਖਸ਼ਿਸ਼। ਬਖਸ਼ਿੰਦਹ = ਅਕਾਲ ਪੁਰਖ। ਓਸਤ = ਉਹ ਹੈ।

ਜਿਸ ਆਦਮੀ ਦਾ ਉਹ ਕ੍ਰਿਪਾਲੂ ਪ੍ਰਭੂ ਮਿੱਤਰ ਹੈ, ਉਸ ਦਾ ਦੁਸ਼ਮਨ ਕੁਝ ਨਹੀਂ ਵਿਗਾੜ ਸਕਦਾ। ਪ੍ਰਭੂ ਦਾ ਕੰਮ ਹੀ ਬਖਸ਼ਿਸ਼ ਕਰਨਾ ਹੈ।।੯੮।।

ਰਿਹਾਈ ਦਿਹੋ ਰਹਿਨੁਮਾਈ ਦਿਹਦ।।
ਜ਼ੁਬਾਂ ਰਾ ਬਹ ਸਿਫਤ ਆਸ਼ਨਾਈ ਦਿਹਦ।।੯੯।।

ਰਿਹਾਈ = ਖਲਾਸੀ। ਦਿਹੋ = ਦੇਣ। ਰਹਿਨੁਮਾਈ ਦਿਹਦ = ਰਸਤਾ ਦਿਖਾਉਂਦਾ ਹੈ। ਜ਼ੁਬਾਂ = ਜ਼ੁਬਾਨ। ਆਸ਼ਨਾਈ = ਪਛਾਣ।

ਉਹ ਪਰਮਾਤਮਾ ਬੰਧਨ ਕੱਟਣ ਵਾਲਾ ਤੇ (ਸੱਚਾ) ਰਸਤਾ ਦਿਖਾਉਣ ਵਾਲਾ ਹੈ, ਆਪਣਿਆਂ ਸੇਵਕਾਂ ਨੂੰ ਜ਼ਬਾਨ ਨਾਲ ਆਪਣੀ ਸਿਫਤ ਕਰਨ ਦੀ ਪਛਾਣ ਦੇਂਦਾ ਹੈ।।੯੯।।

ਖਸਮ ਰਾ ਚੁ ਕੋਰ ਉ ਕੁਨਦ ਵਕਤਿ ਕਾਰ।।
ਯਤੀਮਾਂ ਬਿਰੂੰ ਮੇ ਬੁਰਦ ਬੇ ਅਜ਼ਾਰ।।੧੦੦।।

ਖਸਮ = ਦੁਸ਼ਮਨ। ਕੋਰ = ਅੰਨ੍ਹਾਂ। ਵਕਤ = ਵੇਲੇ। ਕਾਰ = ਕੰਮ। ਯਤੀਮਾਂ = ਮਾਤਾ ਪਿਤਾ ਤੋਂ ਹੀਨ ਬੱਚਾ, ਅਨਾਥ।

(ਉਹ ਪ੍ਰਭੂ) ਦੁਸ਼ਮਨ ਨੂੰ ਬੁਰਾ ਕੰਮ ਕਰਨ ਵੇਲੇ ਅੰਨ੍ਹਾ ਕਰ ਦਿੰਦਾ ਹੈ। ਅਨਾਥਾਂ ਨੂੰ ਬਿਨਾਂ ਕਿਸੇ ਦੁਖ ਦੇ ਔਕੜਾਂ ਤੋਂ ਬਾਹਰ ਕੱਢ ਦਿੰਦਾ ਹੈ।।੧੦੦।।

ਹਰਾਂਕਸ ਕਿ ਓ ਰਾਸਤਬਾਜ਼ੀ ਕੁਨਦ।।
ਰਹੀਮੇ ਬਰੋ ਰਹਮਸਾਜ਼ੀ ਕੁਨਦ।।੧੦੧।।

ਹਰਾਂਕਸ = ਜਿਹੜਾ ਕੋਈ। ਰਾਸਤ = ਸੱਚ। ਕੁਨਦ = ਕਰਦਾ ਹੈ। ਰਹੀਮੇ = ਮਿਹਰਬਾਨ। ਰਹਮ ਸਾਜ਼ੀ = ਕਿਰਪਾ ਦਾ ਵਰਤਾਉ।

ਜਿਹੜਾ ਕੋਈ ਸੱਚ ਦੀ ਕਮਾਈ ਕਰਦਾ ਹੈ ਭਾਵ ਸੱਚ ਤੇ ਚਲਦਾ ਹੈ, ਕਿਰਪਾਲੂ ਪ੍ਰਭੂ ਉਸ ਤੇ ਆਪਣੀ ਮਿਹਰ ਕਰਦਾ ਹੈ।।੧੦੧।।

**ਕਸੇ ਖ਼ਿਦਮਤ ਆਯਦ ਬਸੇ ਕਲਬੋ ਜਾਂ।।**
**ਖ਼ੁਦਾਵੰਦ ਬਖ਼ਸ਼ੀਦ ਬਰ ਵੈ ਅਮਾਂ।।੧੦੨।।**

ਕਸੇ = ਕੋਈ। ਖਿਦਮਤ = ਸੇਵਾ। ਬਖਸ਼ੀਦ = ਬਖਸ਼ਦਾ ਹੈ। ਵੈ = ਉਸ। ਅਮਾਂ = ਸੁਖ।

ਜਿਹਤਾ ਕੋਈ ਦਿਲ ਤੇ ਜਾਨ ਨਾਲ ਪ੍ਰਭੂ ਦੀ ਸੇਵਾ ਵਿਚ ਆਉਂਦਾ ਹੈ, ਪਰਮਾਤਮਾ ਉਸ ਨੂੰ ਸੁਖਾਂ ਦੀ ਦਾਤ ਬਖਸ਼ਦਾ ਹੈ।।੧੦੨।।

**ਚਿ ਦੁਸ਼ਮਨ ਬਰਾਂ ਹੀਲਹ ਸਾਜ਼ੀ ਕੁਨਦ।।**
**ਕਿ ਬਰ ਵੈ ਖੁਦਾ ਰਹਮਸਾਜ਼ੀ ਕੁਨਦ।।੧੦੩।।**

ਹੀਲਹ = ਬਹਾਨੇ। ਸਾਜ਼ੀ = ਬਨਾਉਣੇ। ਸਵਦ = ਹੁੰਦਾ ਹੈ।

ਜਿਸ ਉਤੇ ਪਰਮਾਤਮਾ ਆਪ ਕਿਰਪਾ ਕਰੇ, ਉਸ ਨਾਲ ਵੈਰੀ ਕੀ ਧੋਖਾ ਫਰੇਬ ਕਰ ਸਕਦਾ ਹੈ ?।।੧੦੩।।

**ਅਗਰ ਯਕ ਬਰਾਯਦ ਦਹੋ ਦਹ ਹਜ਼ਾਰ।।**
**ਨਿਗਹਬਾਨ ਊ ਰਾ ਸ਼ਵਦ ਕਿਰਦਗਾਰ।।੧੦੪।।**

ਅਗਰ = ਜੇਕਰ। ਯਕ = ਇਕ ਉਤੇ। ਬਰਾਯਦ = ਆ ਜਾਵੇ। ਦਹੋ ਦਹ ਹਜ਼ਾਰ = ਸੌ ਹਜ਼ਾਰ, (ਇਕ ਲੱਖ)। ਨਿਗਹਬਾਨ = ਰਖਿਆ ਕਰਨ ਵਾਲਾ। ਕਿਰਦਗਾਰ = ਪ੍ਰਭੂ।

ਜੇ ਕਿਸੇ ਇਕ ਆਦਮੀ ਤੇ ਇਕ ਲੱਖ ਦੁਸ਼ਮਨ ਵੀ ਚੜ੍ਹ ਕੇ ਆ ਜਾਵੇ ਤਾਂ ਪ੍ਰਭੂ ਉਸ ਦਾ ਰਖਵਾਲਾ ਬਣ ਕੇ ਰੱਖਿਆ ਕਰਦਾ ਹੈ।।੧੦੪।।

ਭਾਵ-ਐ ਔਰੰਗਜ਼ੇਬ ! ਤੂੰ ਸਾਡੇ ਚਾਲੀ ਸਿੰਘਾਂ ਉਤੇ ਬੇਸ਼ੁਮਾਰ ਫੌਜ ਚੜ੍ਹਾ ਕੇ ਭੇਜ ਦਿੱਤੀ, ਪਰ ਜਿਸ ਨੂੰ ਪ੍ਰਭੂ ਰਖਣ ਵਾਲਾ ਹੋਵੇ, ਉਸ ਦਾ ਕੁਝ ਨਹੀਂ ਵਿਗੜਦਾ।

**ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ।।**
**ਕਿ ਮਾਰਾ ਨਿਗਾਹ ਅਸਤੁ ਯਜ਼ਦਾਂ ਸ਼ੁਕਰ।।੧੦੫।।**

ਤੁਰਾ = ਤੇਰੀ। ਲਸ਼ਕਰ = ਫੌਜ। ਜ਼ਰ = ਦੌਲਤ।

ਜੇਕਰ ਤੇਰੀ ਨਜ਼ਰ ਫੌਜ ਤੇ ਦੌਲਤ ਉੱਤੇ ਲੱਗੀ ਹੋਈ ਹੈ ਤਾਂ ਮੇਰੀ ਨਜ਼ਰ ਉਸ ਪਰਮਾਤਮਾ ਦੇ ਸ਼ੁਕਰਾਨੇ ਤੇ ਲੱਗੀ ਹੈ।।੧੦੫।।

ਭਾਵ-ਐ ਔਰੰਗਜ਼ੇਬ ! ਤੈਨੂੰ ਆਪਣੀ ਫੌਜ ਤੇ ਧਨ ਦੌਲਤ ਦਾ ਮਾਣ ਹੋਵੇਗਾ, ਪਰ ਮੈਨੂੰ ਉਸ ਅਕਾਲ ਪੁਰਖ ਦਾ ਹੀ ਆਸਰਾ ਹੈ।

**ਕਿ ਊ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ ॥**
**ਵ ਮਾਰਾ ਪਨਾਹ ਅਸਤੁ ਯਜ਼ਦਾਂ ਅਕਾਲ ॥੧੦੬॥**

ਗਰੂਰ = ਹੰਕਾਰ। ਮੁਲਕੋ = ਦੇਸ਼। ਮਾਲ = ਧਨ ਦੌਲਤ। ਮਾਰਾ = ਮੇਰਾ। ਪਨਾਹ ਅਸਤੁ = ਆਸਰਾ ਹੈ।

ਐ ਔਰੰਗਜ਼ੇਬ ! ਤੈਨੂੰ ਆਪਣੇ ਮੁਲਕ ਤੇ ਧਨ ਦੌਲਤ ਦਾ ਹੰਕਾਰ ਹੈ, ਪਰ ਮੈਨੂੰ ਉਸ ਅਕਾਲ ਪੁਰਖ ਦਾ ਹੀ ਆਸਰਾ ਹੈ॥੧੦੬॥

**ਤੁ ਗ਼ਾਫ਼ਲ ਮਸ਼ੌ ਜ਼ੀਂ ਸਿਪੰਜੀ ਸਰਾਇ ॥**
**ਕਿ ਆਲਮ ਬਗੁਜ਼ਰਦ ਸਰੇ ਜਾ ਬਜਾਇ ॥੧੦੭॥**

ਮਸ਼ = ਨਾ ਹੋ। ਸਿਪੰਜੀ = ਅੱਠ ਦਿਨ। ਸਰਾਇ = ਸਰਾਂ, ਮੁਸਾਫਰ ਖਾਨਾ। ਆਲਮ = ਸੰਸਾਰ। ਬਗੁਜ਼ਰਦ = ਗੁਜ਼ਰਦਾ। ਜਾ ਬਜਾਇ = ਜਗ੍ਹਾ ਜਗ੍ਹਾ ਤੋਂ ਭਾਵ ਵਾਰੀ ਵਾਰੀ।

ਐ ਔਰੰਗਜ਼ੇਬ ! ਤੂੰ ਗਾਫਲ ਨਾ ਹੋ, ਕਿਉਂਕਿ ਇਹ ਸੰਸਾਰ ਚੰਦ ਦਿਨਾਂ ਦਾ ਮੁਸਾਫਰ ਖਾਨਾ ਹੈ। ਇਹ ਜਗਤ (ਸਮਾਂ) ਸਭ ਦੇ ਸਿਰ ਤੋਂ ਵਾਰੀ ਵਾਰੀ ਲੰਘਦਾ ਜਾ ਰਿਹਾ ਹੈ॥੧੦੭॥

**ਬਬੀਂ ਗਰਦਿਸ਼ੇ ਬੇਵਫ਼ਾਏ ਜ਼ਮਾਂ ॥**
**ਕਿ ਬਰ ਹਰ ਬੁਗੁਜ਼ਰਦ ਮਕੀਨੋ ਮਕਾਂ ॥੧੦੮॥**

ਬਬੀਂ = ਵੇਖ। ਗਰਦਸ਼ੇ = ਚੱਕਰ। ਜ਼ਮਾਂ = ਜ਼ਮਾਨਾ। ਬਗੁਜ਼ਰਦ = ਲੰਘ ਰਿਹਾ। ਮਕੀਨੋਂ = ਮੁਕਾਮ ਵਾਲੇ। ਮਕਾਂ = ਮਕਾਨ।

ਐ ਔਰੰਗਜ਼ੇਬ ! ਤੂੰ ਇਸ ਜ਼ਮਾਨੇ ਦੀ ਬੇਵਫਾਈ ਦਾ ਚੱਕਰ ਵੇਖ, ਜੋ ਹਰ ਇਕ ਮੁਕਾਮ ਤੇ ਮਕਾਨ ਦੇ ਉਤੋਂ ਦੀ ਲੰਘ ਰਿਹਾ ਹੈ ਭਾਵ ਇਸ ਦਾ ਵਾਰ ਦੁਨੀਆਂ ਦੀ ਹਰ ਚੀਜ਼ ਉਪਰ ਅਵੱਸ਼ ਹੁੰਦਾ ਹੈ॥੧੦੮॥

**ਤੁ ਗਰ ਜਬਰ ਆਜਿਜ਼ ਖ਼ਰਾਸ਼ੀ ਮਕੁਨ ॥**
**ਕ਼ਸਮ ਰਾ ਬਹ ਤੇਸ਼ਹ ਤਰਾਸ਼ੀ ਮਕੁਨ ॥੧੦੯॥**

ਤੁ = ਤੂੰ। ਜਬਰ = ਡਾਢਾ, ਬਲਵਾਨ। ਆਜਿਜ਼ = ਗਰੀਬ। ਖ਼ਰਾਸ਼ੀ = ਦੁਖ ਦੇਣਾ। ਮਕੁਨ = ਨਾ ਕਰ। ਤਰਾਸ਼ੀ = ਛਿਲਣਾ।

ਐ ਔਰੰਗਜ਼ੇਬ ! ਜੇ ਤੂੰ ਬਲਵਾਨ ਹੈਂ ਤਾਂ ਗਰੀਬਾਂ ਨੂੰ ਦੁਖੀ ਨਾ ਕਰ। ਆਪਣੀ ਕਸਮ ਦੇ ਤੇਸੇ ਨਾਲ ਉਹਨਾਂ ਨੂੰ ਨਾ ਛਿਲ॥੧੦੯॥

ਭਾਵ - ਹੇ ਔਰੰਗਜ਼ੇਬ ! ਤੂੰ ਜ਼ੋਰਾਵਰ ਹੋਣ ਕਰਕੇ ਮਾੜੇ ਲੋਕਾਂ ਨੂੰ ਦੁਖੀ ਕਰਦਾ ਹੈਂ ਤੇ ਆ[illegible]ਣੀਆਂ ਕਸਮਾਂ ਦੇ ਭੁਲਾਵੇ ਨਾਲ ਉਹਨਾਂ ਨੂੰ ਮਾਰਦਾ ਹੈਂ। ਤੇਰੇ ਲਈ ਇਹ ਕਰਮ ਕਰਨਾ ਚੰਗਾ

Namdhari Elibrary NamdhariElibrary@gmail.com

ਨਹੀਂ, ਇਸ ਲਈ ਇਸ ਮੰਦੇ ਕਰਮ ਤੋਂ ਤੋਬਾ ਕਰ ਤੇ ਸੱਚਾ ਦੀਨਦਾਰ ਬਣ।

**ਚੁ ਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ॥**
**ਅਗਰ ਦੁਸ਼ਮਨੀ ਰਾ ਬ ਸਦ ਤਨ ਕੁਨਦ॥੧੧੦॥**

ਹਕ = ਪਰਮਾਤਮਾ। ਬਾਸ਼ਦ = ਹੋਵੇ। ਸਦ = ਸੈਂਕੜੇ।

ਸੱਚਾ ਅਕਾਲ ਪੁਰਖ ੀ ਮਿੱਤ ਹੋਵੇ ਤਾਂ ਦੁਸ਼ਮਨ ਕੁਝ ਨਹੀਂ ਕਰ ਸਕਦਾ। ਚਾਹੇ ਦੁਸ਼ਮਨ ਸੈਂਕੜੇ ਆਦਮੀਆਂ ਦੇ ਨਾਲ ਮਿਲ ਕੇ ਦੁਸ਼ਮਨੀ ਕਰੇ॥੧੧੦॥

**ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ॥**
**ਨ ਯਕ ਮੂਇ ਊ ਰਾ ਅਜ਼ਾਰ ਆਵੁਰਦ॥੧੧੧॥**

ਖ਼ਸਮ = ਵੈਰੀ। ਮੂਇ = ਵਾਲ। ਅਜ਼ਾਰ = ਦੁਖ।

ਜੇ ਸ਼ੱਤਰੂ ਦੁਸ਼ਮਨੀ ਕਰਨ ਲਈ ਹਜ਼ਾਰ ਆਦਮੀ ਵੀ ਚੜ੍ਹਾ ਕੇ ਲੈ ਆਵੇ ਤਾਂ ਉਹ ਇਕ ਵਾਲ ਜਿੰਨਾ ਵੀ ਦੁਖ ਨਹੀਂ ਲਿਆ ਸਕੇਗਾ॥੧੧੧॥

**ਅਗੰਜੋ ਅਭੰਜੋ ਅਰੂਪੋ ਅਰੇਖ॥**
**ਅਗਾਧੋ ਅਬਾਧੋ ਅਭਰਮੋ ਅਲੇਖ॥੧੧੨॥**

ਅਗੰਜੋ = ਗਿਣਤੀ ਰਹਿਤ, ਅਨਗਿਣਤ। ਅਭੰਜੋ = ਨਾਸ ਰਹਿਤ। ਅਰੂਪੋ = ਰੂਪ ਰਹਿਤ। ਅਰੇਖ = ਰੇਖ (ਲੀਕ) ਰਹਿਤ।

ਚਿੱਠੀ ਦੇ ਅੰਤ ਵਿਚ ਪਰਮਾਤਮਾ ਦਾ ਧੰਨਵਾਦ ਕਰਦੇ ਹਨ ਕਿ ਉਹ ਪਰਮਾਤਮਾ ਗਿਣਤੀ ਤੋਂ ਰਹਿਤ, ਨਾਸ ਤੋਂ ਰਹਿਤ, ਰੂਪ ਰਹਿਤ ਤੇ ਰੇਖ (ਲੀਕ) ਰਹਿਤ ਹੈ। ਉਹ ਪ੍ਰਭੂ ਡੂੰਘਾ ਹੈ, ਬੰਧਨਾਂ ਤੋਂ ਬਿਨਾਂ ਹੈ, ਭਰਮ ਰਹਿਤ ਤੇ ਲੇਖੇ ਵਿਚ ਵੀ ਨਹੀਂ ਹੈ ਅਰਥਾਤ ਬੇਅੰਤ ਹੈ॥੧੧੨॥

**ਅਰਾਗੋ ਅਰੂਪੋ ਅਰੇਖੋ ਅਰੰਗ॥**
**ਅਜਨਮੋ ਅਬਰਨੋ ਅਭੂਤੋ ਅਭੰਗ॥੧੧੩॥**

ਅਰਾਗੋ = ਰਾਗ ਦ੍ਵੈਸ਼ ਤੋਂ ਬਿਨਾਂ।ਅਰੂਪੋ = ਨਿਰਾਕਾਰ।ਅਰੰਗ = ਰੰਗ ਤੋਂ ਬਿਨਾਂ।ਅਬਰਨੋ = ਵਰਨ ਰਹਿਤ। ਅਭੂਤੋ = ਤੱਤ ਰਹਿਤ। ਅਭੰਗ = ਨਾਸ ਰਹਿਤ।

ਉਹ ਅਕਾਲ ਪੁਰਖ ਰਾਗ ਦ੍ਵੈਸ਼ ਤੋਂ ਰਹਿਤ ਹੈ, ਨਿਰਾਕਾਰ ਹੈ, ਉਸ ਦੀ ਕੋਈ ਰੇਖਾ ਨਹੀਂ ਤੇ ਉਹ ਕਿਸੇ ਰੰਗ ਵਾਲਾ ਨਹੀਂ। ਉਹ ਜਨਮ ਤੋਂ ਰਹਿਤ, ਤੱਤ ਰਹਿਤ ਤੇ ਨਾਸ ਰਹਿਤ ਹੈ॥੧੧੩॥

**ਅਛੇਦੋ ਅਭੇਦੋ ਅਕਰਮੋ ਅਕਾਮ॥**

Namdhari Elibrary NamdhariElibrary@gmail.com

**ਅਖੇਦੋ ਅਭੇਦੋ ਅਭਰਮੋਅਭਾਮ॥੧੧੪॥**

ਉਹ ਪ੍ਰਮਾਤਮਾ ਕੱਟੇ ਜਾਣ ਵਾਲਾ ਨਹੀਂ ਅਤੇ ਭੇਦਾਂ ਤੋਂ ਰਹਿਤ ਹੈ। ਕਰਮਾਂ ਵਿਚ ਨਹੀਂ ਤੇ ਨਾ ਹੀ ਉਸ ਨੂੰ ਕੋਈ ਕਾਮਨਾ ਹੈ। ਉਹ ਦੁਖਾਂ ਤੋਂ ਰਹਿਤ, ਭੇਦਾਂ ਤੋਂ ਰਹਿਤ, ਭਰਮਾਂ ਤੋਂ ਰਹਿਤ ਤੇ ਇਸਤਰੀ ਤੋਂ ਰਹਿਤ ਹੈ॥੧੧੪॥

**ਅਰੇਖੋ ਅਭੇਖੋ ਅਲੇਖੋ ਅਭੰਗ॥**
**ਖ਼ੁਦਾਵੰਦ ਬਖ਼ਸ਼ਿੰਦਹ ਏ ਰੰਗ ਰੰਗ॥੧੧੫॥੧॥**

ਅਰੇਖੋ = ਰੇਖਾ ਰਹਿਤ। ਰੰਗ ਰੰਗ = ਤਰ੍ਹਾਂ ਤਰ੍ਹਾਂ।

ਉਹ ਪ੍ਰਭੂ ਰੇਖ ਵਿਚ ਨਹੀਂ, ਕਿਸੇ ਭੇਖ ਵਿਚ ਨਹੀਂ, ਕਿਸੇ ਲੇਖੇ ਵਿਚ ਨਹੀਂ ਤੇ ਨਾਸ ਰਹਿਤ ਹੈ। ਉਹ ਅਕਾਲ ਪੁਰਖ ਹੀ ਤਰ੍ਹਾਂ ਤਰ੍ਹਾਂ ਦੀਆਂ ਬਖਸ਼ਿਸ਼ਾਂ ਕਰਨ ਵਾਲਾ ਹੈ॥੧੧੫॥੧॥

**ਹਿਕਾਯਤ ਪਹਿਲੀ ਸਮਾਪਤ**

✡✡✡✡✡✡✡✡

# ਹਿਕਾਯਤ ਦੂਸਰੀ

## ੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

**ਹਿਕਾਯਤ ਸ਼ੁਨੀਦੇਮ ਰਾਜਹਿ ਦਿਲੀਪ॥**
**ਨਿਸ਼ਸਤਹ ਬੁਦਹ ਨਿਜ਼ਦ ਮਾਨੋ ਮਹੀਪ॥੧॥**

ਹਿਕਾਇਤ = ਕਹਾਣੀ। ਸ਼ੁਨੀਦੇਮ = ਸੁਣੀ। ਨਿਸ਼ਸਤਹ ਬੁਦਹ = ਬੈਠਾ ਸੀ। ਨਿਜ਼ਦ = ਨੇੜੇ। ਮਾਨੋ = ਮਾਨਧਾਤਾ। ਮਹੀਪ = ਰਾਜਾ।

(ਐ ਔਰੰਗਜ਼ੇਬ !) ਮੈਂ ਰਾਜਾ ਦਲੀਪ ਦੀ ਕਹਾਣੀ ਸੁਣੀ ਹੈ, ਜੋ ਆਪਣੇ ਪਿਤਾ ਰਾਜਾ ਮਾਨਧਾਤਾ ਦੇ ਕੋਲ ਬੈਠਾ ਹੋਇਆ ਸੀ॥੧॥

**ਕਿ ਓਰਾ ਹਮੀ ਬੂਦ ਪਿਸਰੇ ਚਹਾਰ॥**
**ਕਿ ਦਰ ਰਜ਼ਮ ਦਰ ਬਜ਼ਮ ਆਮੁਖ਼ਤਹ ਕਾਰ॥੨॥**

ਹਮੀ ਬੂਦ = ਵੀ ਸਨ। ਪਿਸਰੇ = ਪੁੱਤਰ। ਚਹਾਰ = ਚਾਰ। ਦਰ = ਅੰਦਰ। ਰਜ਼ਮ = ਜੰਗ। ਬਜ਼ਮ = ਮਜਲਸ। ਆਮੁਖ਼ਤਹ = ਸਿਖੇ ਹੋਏ। ਕਾਰ = ਕੰਮ।

Namdhari Elibrary NamdhariElibrary@gmail.com

ਉਸ ਰਾਜੇ ਮਾਨਧਾਤਾ ਦੇ ਚਾਰ ਪੁੱਤਰ ਸਨ, ਜਿਨ੍ਹਾਂ ਨੇ ਜੰਗ ਤੇ ਮਜਲਸ ਦੇ ਸਾਰੇ ਕੰਮ ਸਿਖੇ ਹੋਏ ਸਨ।।੨।।

**ਬ ਰਜ਼ਮ ਅੰਦਰਾਂ ਹਮ ਚੁ ਅਜ਼ ਸ਼ੇਰ ਮਸਤ।।**
**ਕਿ ਚਾਬਕ ਰਿਕਾਬ ਅਸਤੋ ਗੁਸਤਾਖ਼ ਦਸਤ।।੩।।**

ਅੰਦਰਾਂ = ਅੰਦਰ। ਚੁ = ਵਾਂਗੂ। ਗੁਸਤਾਖ = ਫੁਰਤੀਲੇ। ਦਸਤ = ਹੱਥ।

ਉਸ ਦੇ ਪੁੱਤਰ ਜੰਗ ਵਿਚ ਮਸਤ ਸ਼ੇਰ ਵਾਂਗੂੰ ਟੁੱਟ ਦੇ ਪੈਂਦੇ ਸਨ। ਉਹ ਪੱਕੇ ਘੋੜ ਸਵਾਰ ਅਤੇ ਹੱਥਾਂ ਦੇ ਫੁਰਤੀਲੇ ਸਨ।।੩।।

**ਚਹਾਰੋ ਸ਼ਹੇ ਪੇਸ਼ ਪਿਸਰਾਂ ਬੁਖਾਂਦ।।**
**ਜੁਦਾ ਬਰ ਜੁਦਾ ਕੁਰਸੀਏ ਜ਼ਰ ਨਿਸ਼ਾਂਦ।।੪।।**

ਚਹਾਰੋ = ਚਾਰੇ ਹੀ। ਸ਼ਹੇ = ਬਾਦਸ਼ਾਹ ਨੇ। ਪੇਸ਼ = ਅਗੇ। ਪਿਸਰਾਂ = ਪੁੱਤਰਾਂ। ਬੁਖਾਂਦ = ਬੁਲਾਇਆ। ਜੁਦਾ ਬਰ ਜੁਦਾ = ਵਖ ਵਖ। ਜ਼ਰ = ਸੋਨਾ। ਨਿਸ਼ਾਂਦ = ਬਿਠਾਇਆ।

ਉਹਨਾਂ ਚੌਹਾਂ ਪੁੱਤਰਾਂ ਨੂੰ ਰਾਜੇ ਨੇ ਆਪਣੇ ਕੋਲ ਬੁਲਾਇਆ ਤੇ ਸੋਨੇ ਦੀਆਂ ਕੁਰਸੀਆਂ ਤੇ ਵੱਖੋ ਵੱਖ ਬਿਠਾਇਆ।।੪।।

**ਬਿ ਪੁਰਸ਼ੀਦ ਦਾਨਾਇ ਦੌਲਤ ਪ੍ਰੱਸਤ।।**
**ਅਜ਼ੀਂ ਅੰਦਰੂੰ ਬਾਦਸ਼ਾਹੀ ਕਸ ਅਸਤ।।੫।।**

ਪੁਰਸ਼ੀਦ = ਪੁਛਿਆ। ਦਾਨਾਇ = ਸਿਆਣੇ। ਦੌਲਤ ਪ੍ਰੱਸਤ = ਧਨ ਵਧਾਉਣ ਵਾਲੇ। ਅਜ਼ੀਂ ਅੰਦਰੂੰ = ਇਨ੍ਹਾਂ ਵਿਚੋਂ। ਕਸ ਅਸਤ = ਕੌਣ ਹੈ।

ਫਿਰ ਮਾਨਦਾਤਾ ਰਾਜੇ ਨੇ ਦੌਲਤ ਵਧਾਉਣ ਵਾਲੇ ਸਿਆਣੇ ਵਜ਼ੀਰ ਨੂੰ ਪੁਛਿਆ ਕਿ ਇਨ੍ਹਾਂ ਚੌਹਾਂ ਪੁੱਤਰਾਂ ਵਿਚੋਂ ਰਾਜ-ਗੱਦੀ ਦੇ ਯੋਗ ਕੌਣ ਹੈ?।।੫।।

**ਸ਼ੁਨੀਦ ਆਂ ਰੁ ਦਾਨਾਇ ਦਾਨਿਸ਼ ਨਿਹਾਦ।।**
**ਬ ਤਮਕੀਨ ਪਾਸਖ ਅਲਮ ਬਰ ਕੁਸ਼ਾਦ।।੬।।**

ਸ਼ੁਨੀਦ = ਸੁਣਿਆ। ਦਾਨਿਸ਼ = ਬੁਧੀਵਾਨ। ਨਿਹਾਦ = ਰਖਣ ਵਾਲੇ। ਤਮਕੀਨ = ਪਦਵੀ। ਪਾਸਖ = ਜਵਾਬ। ਅਲਮ = ਝੰਡਾ। ਕੁਸ਼ਾਦ = ਉੱਚਾ ਕੀਤਾ।

ਜਦੋਂ ਬੁੱਧੀਵਾਨ ਵਜ਼ੀਰ ਨੇ ਰਾਜੇ ਦੀ ਇਹ ਗੱਲ ਸੁਣੀ ਤਾਂ ਉਸ ਨੇ ਉਸਦੀ ਪਦਵੀ ਦਾ ਝੰਡਾ ਉੱਚਾ ਕੀਤਾ ਭਾਵ ਜਵਾਬ ਦੇਣ ਲੱਗਾ ।।੬।।

Namdhari Elibrary NamdhariElibrary@gmail.com

## ਬ ਗੁਫ਼ਤੰਦ ਖ਼ੁਸ਼ ਦੀਨ ਦਾਨਾਇ ਨਗ਼ਜ਼॥
## ਕਿ ਯਜ਼ਦਾਂ ਸ਼ਨਾਸਅਸਤੋ ਆਜ਼ਾਦ ਮਗ਼ਜ਼॥੭॥

ਬਗੁਫਤੰਦ = ਕਿਹਾ। ਖੁਸ਼ = ਚੰਗਾ। ਦੀਨ = ਧਰਮ। ਦਾਨਾਇ = ਅਕਲਮੰਦ। ਨਗਜ਼ = ਚਤੁਰ। ਆਜ਼ਾਦ = ਸੁਤੰਤਰ। ਮਗਜ਼ = ਦਿਮਾਗ।

ਵਜ਼ੀਰ ਨੇ ਉੱਤਰ ਦਿੱਤਾ-ਹੇ ਰਾਜਨ ! ਤੁਸੀਂ ਆਪ ਹੀ ਧਰਮਾਤਮਾ, ਬੁੱਧੀਵਾਨ ਤੇ ਅਕਲਮੰਦ ਹੋ। ਤੁਸੀਂ ਪ੍ਰਭੂ ਦੀ ਪਛਾਣ ਕਰਨ ਵਾਲੇ ਤੇ ਸੁਤੰਤਰ ਦਿਮਾਗ ਵਾਲੇ ਹੋ॥੭॥

## ਮਰਾ ਕੁਦਰਤੇ ਨੇਸਤ ਈਂ ਗੁਫ਼ਤ ਨੀਸਤ॥
## ਸੁਖਨ ਗੁਫ਼ਤਨੋ ਬਿਕਰ ਜਾਂ ਸੁਫ਼ਤ ਨੀਸਤ॥੮॥

ਮਰਾ = ਮੈਨੂੰ। ਕੁਦਰਤੇ = ਤਾਕਤ। ਨੇਸਤ = ਨਹੀਂ। ਗੁਫਤਨੋਂ = ਖਲਨਾ। ਸੁਖਨ = ਬਚਨ। ਬਿਕਰ = ਕੁਆਰੀ। ਜਾਂ = ਜਾਨ। ਸੁਫਤ ਨੀਸਤ = ਵਿੰਨ੍ਹਣਾ।

ਹੇ ਰਾਜਨ ! ਆਪ ਦੇ ਸੁਆਲ ਦਾ ਉਤਰ ਦੇਣ ਦੇਣ ਦੀ ਮੇਰੇ ਵਿਚ ਸ਼ਕਤੀ ਨਹੀਂ, ਕਿਉਂਕਿ ਆਪ ਦੇ ਸੁਆਲ ਬਾਰੇ ਜੋ ਬਚਨ ਕਰਨਾ ਹੈ, ਉਹ ਇਉਂ ਹੈ ਜਿਵੇਂ ਕੁਵਾਰੀ ਲੜਕੀ ਦੀ ਜਾਨ ਨੂੰ ਵਿਨ੍ਹਣਾ ਹੋਵੇ॥੮॥

## ਅਗਰ ਸ਼ਹਿ ਬਿਗੋਯਦ ਬਿਗੋਯਮ ਜਵਾਬ॥
## ਨੁਮਾਯਮ ਬ ਤੋ ਹਾਲ ਈਂ ਬਾ ਸਵਾਬ॥੯॥

ਸ਼ਹਿ = ਬਾਦਸ਼ਾਹ। ਬਿਗੋਯਦ = ਕਹੇਂ। ਬਿਗੋਯਮ = ਕਹਿੰਦੇ। ਨੁਮਾਯਮ = ਵਿਖਾਂਦੇ। ਹਾਲ = ਬ੍ਰਿਤਾਂਤ। ਸਵਾਬ = ਭਲੀ ਪ੍ਰਕਾਰ।

ਹੇ ਰਾਜਨ ! ਜੇ ਤੁਸੀਂ ਆਖੋ ਤਾਂ ਮੈਂ ਉੱਤਰ ਦਿਆਂ ਤੇ ਮੈਂ ਤੁਹਾਨੂੰ ਚੰਗੀ ਤਰ੍ਹਾਂ ਇਸ ਬ੍ਰਿਤਾਂਤ ਨੂੰ ਵਿਸਥਾਰ ਨਾਲ ਵਿਖਾ ਦਿਆਂ॥੯॥

## ਹਰਾਂ ਕਸ ਕਿ ਯਜ਼ਦਾਨੋ ਯਾਰੀ ਦਿਹਦ॥
## ਬ ਕਾਰੇ ਜਹਾਂ ਕਾਮਗਾਰੀ ਦਿਹਦ॥੧੦॥

ਹਰਾਂ ਕਸ = ਜਿਸ ਕਿਸੇ। ਯਾਰੀ = ਮਿੱਤਰਤਾ, ਸਹਾਇਤਾ। ਦਿਹਦ = ਦਿੰਦਾ। ਕਾਮਗਾਰੀ = ਸਫਲਤਾ।

ਜਿਸ ਕਿਸੇ ਦੀ ਅਕਾਲ ਪੁਰਖ ਸਹਾਇਤਾ ਕਰਦਾ ਹੈ, ਸੰਸਾਰ ਵਿਚ ਉਸ ਨੂੰ ਹਰ ਕੰਮ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ॥੧੦॥

## ਕਿ ਈਂ ਰਾ ਬ ਅਕਲ ਆਜ਼ਮਾਈ ਕੁਨੇਮ॥

## ਵਜ਼ਾਂ ਪਸ ਬ ਕਾਰ ਆਜ਼ਮਾਈ ਕੁਨੇਮ॥੧੧॥

ਬ ਅਕਲ = ਸਿਆਣਪ ਨਾਲ। ਆਜ਼ਮਾਈ = ਅਜ਼ਮਾਇਸ਼। ਕੁਨੇਮ = ਕਰੀਏ। ਵਜ਼ਾਂ = ਉਸ ਤੋਂ। ਪਸ = ਪਿਛੋਂ।

ਹੇ ਰਾਜਨ ! ਸਾਨੂੰ ਚਾਹੀਦਾ ਹੈ ਕਿ ਪਹਿਲਾਂ ਅਸੀਂ ਇਨ੍ਹਾਂ ਦੀ ਸਿਆਣਪ ਦੀ ਪਰਖ ਕਰੀਏ, ਫਿਰ ਇਸ ਤੋਂ ਪਿਛੋਂ ਇਨ੍ਹਾਂ ਦੇ ਕੰਮ ਦੀ ਅਜ਼ਮਾਇਸ਼ ਕਰੀਏ॥੧੧॥

## ਯਕੇ ਰਾ ਦਿਹਦ ਫ਼ੀਲ ਦਹਿ ਹਜ਼ਾਰ ਮਸਤ॥
## ਹਮਹ ਮਸਤੀਓ ਮਸਤ ਜ਼ੰਜੀਰ ਬਸਤ॥੧੨॥

ਯਕੇ = ਇਕ। ਦਿਹਦ = ਦਿੱਤੇ। ਫ਼ੀਲ = ਹਾਥੀ। ਦਹਿ ਹਜ਼ਾਰ = ਦਸ ਹਜ਼ਾਰ। ਹਮਹ = ਸਾਰੇ। ਬਸਤ = ਬੱਧੇ ਹੋਏ।

ਰਾਜੇ ਨੇ ਇਕ ਪੁੱਤਰ ਨੂੰ ਦਸ ਹਜ਼ਾਰ ਮਸਤ ਹਾਥੀ ਦਿੱਤੇ, ਜੋ ਸਾਰੇ ਹੀ ਜ਼ੰਜੀਰਾਂ ਨਾਲ ਬੱਧੇ ਹੋਏ ਸਨ॥੧੨॥

## ਦਿਗਰ ਰਾ ਦਿਹਦ ਅਸਪ ਪਾਂ ਸਦ ਹਜ਼ਾਰ॥
## ਜ਼ਿ ਜ਼ਰ ਸਾਖ਼ਤਹ ਜ਼ੀਨ ਚੂੰ ਨਉ ਬਹਾਰ॥੧੩॥

ਦਿਗਰ = ਦੂਜੇ। ਅਸਪ = ਘੋੜੇ। ਪਾਂ ਸਦ ਹਜ਼ਾਰ = ਪੰਜ ਸੌ ਹਜ਼ਾਰ, ਪੰਜ ਲੱਖ। ਜ਼ਰ = ਸੋਨਾ। ਸਾਖਤਹ = ਬਣੇ ਹੋਏ। ਜ਼ੀਨ = ਕਾਠੀਆਂ। ਨਉ ਬਹਾਰ = ਨਵੀਂ ਰੁਤ।

ਰਾਜੇ ਨੇ ਦੂਜੇ ਪੁੱਤਰ ਨੂੰ ਪੰਜ ਲੱਖ ਘੋੜੇ ਦਿੱਤੇ, ਜਿਨ੍ਹਾਂ ਦੀਆਂ ਕਾਠੀਆਂ ਸੋਨੇ ਦੀਆਂ ਬਣੀਆਂ ਹੋਈਆਂ ਸਨ ਅਤੇ ਜੋ ਮੌਸਮ ਬਹਾਰ ਵਾਂਗੂੰ ਲਿਸ਼ਕ ਰਹੇ ਸਨ॥੧੩॥

## ਸਿਯਮ ਰਾ ਦਿਹਦ ਸ਼ੁਤਰ ਸਿ ਸਦ ਹਜ਼ਾਰ॥
## ਹਮਹ ਨੁਕਰਹ ਬਾਰੋ ਹਮਹ ਜ਼ਰ ਨਿਗਾਰ॥੧੪॥

ਸਿਯਮ = ਤੀਜਾ। ਸ਼ੁਤਰ = ਊਠ। ਸਿ ਸਦ ਹਜ਼ਾਰ = ਤਿੰਨ ਸੌ ਹਜ਼ਾਰ, ਤਿੰਨ ਲੱਖ। ਨੁਕਰਹ = ਚਾਂਦੀ। ਬਾਰੋ = ਭਾਰ। ਜ਼ਰ = ਸੋਨਾ। ਨਿਗਾਰ = ਸਜਾਏ।

ਤੀਸਰੇ ਪੁੱਤਰ ਨੂੰ ਰਾਜੇ ਨੇ ਤਿੰਨ ਲੱਖ ਊਠ ਦਿੱਤੇ, ਜੋ ਸਾਰੇ ਹੀ ਚਾਂਦੀ ਦੇ ਭਾਰ ਨਾਲ ਲੱਦੇ ਹੋਏ ਸਨ ਅਤੇ ਸੋਨੇ ਨਾਲ ਸਜਾਏ ਹੋਏ ਸਨ॥੧੪॥

## ਚੁਅਮ ਰਾ ਦਿਹਦ ਮੁੰਗ ਯਕ ਨੁਖ਼ਦ ਨੀਮ॥
## ਅਜ਼ਾਂ ਮਰਦ ਆਜ਼ਾਦ ਆਕਿਲ ਅਜ਼ੀਮ॥੧੫॥

ਚੁਅਮ = ਚੌਥਾ। ਮੁੰਗ = ਮੂੰਗੀ। ਨੁਖ਼ਦ = ਚਣਾ। ਨੀਮ = ਅੱਧਾ। ਆਜ਼ਾਦ = ਸੁਤੰਤਰ।

ਆਕਿਲ=ਬੁੱਧੀਵਾਨ। ਅਜ਼ੀਮ = ਵੱਡਾ।

ਚੌਥੇ ਪੁੱਤਰ ਨੂੰ ਰਾਜੇ ਨੇ ਇਕ ਮੂੰਗੀ ਦਾ ਦਾਣਾ ਤੇ ਅੱਧਾ ਛੋਲਿਆਂ ਦਾ ਦਾਣਾ ਦਿੱਤਾ। ਉਹ ਲੜਕਾ ਬੜਾ ਸੁਤੰਤਰ ਖਿਆਲਾਂ ਵਾਲਾ ਤੇ ਬੜਾ ਅਕਲਮੰਦ ਸੀ।।੧੫।।

## ਬਿਯਾਵੁਰਦ ਪੁਰ ਅਕਲ ਖ਼ਾਨਹ ਕਜ਼ਾਂ।।
## ਦਿਗਰ ਨੀਮ ਨੁਖ਼ਦਸ਼ ਬ ਬਸਤਨ ਅਜ਼ਾਂ।।੧੬।।

ਬਿਯਾਵੁਰਦ = ਲੈ ਆਇਆ। ਪੁਰ ਅਕਲ = ਅਕਲਮੰਦ। ਖ਼ਾਨਹ = ਘਰ। ਬ ਬਸਤਨ = ਸਾਬਤ। ਅਜ਼ਾਂ = ਉਸ।

ਉਹ ਬੁੱਧੀਵਾਨ ਲੜਕਾ ਉਨ੍ਹਾਂ ਦਾਣਿਆਂ ਨੂੰ ਘਰ ਲੈ ਆਇਆ। ਛੋਲਿਆਂ ਦੇ ਅੱਧੇ ਦਾਣੇ ਦੇ ਬਰਾਬਰ ਉਹ ਇਕ ਪੂਰਾ ਛੋਲਿਆਂ ਦਾ ਦਾਣਾ ਹੋਰ ਲੈ ਆਇਆ।।੧੬।।

## ਹਮੀ ਖ਼ਾਸ਼ਤ ਕੋ ਤੁਖ਼ਮ ਰੇਜ਼ੀ ਕੁਨਦ।।
## ਖ਼ਿਰਦ ਆਜ਼ਮਾਯਸ਼ ਬਰੇਜ਼ੀ ਕੁਨਦ।।੧੭।।

ਖ਼ਾਸ਼ਤ = ਚਾਹੁੰਦਾ ਸੀ। ਤੁਖ਼ਮ = ਬੀਜ। ਰੇਜ਼ੀ = ਬੀਜਣਾ। ਖ਼ਿਰਦ = ਬੁੱਧੀ। ਬਰੇਜ਼ੀ = ਬੀਜਣ ਨਾਲ।

ਉਸ ਲੜਕੇ (ਦਲੀਪ) ਨੇ ਚਾਹਿਆ ਕਿ ਉਹ ਉਹਨਾਂ ਦਾਣਿਆਂ ਨੂੰ ਬੀਜੇ ਤੇ ਬੀਜਣ ਨਾਲ ਆਪਣੀ ਬੁੱਧੀ ਅਤੇ ਕਿਸਮਤ ਦੀ ਅਜ਼ਮਾਇਸ਼ ਕਰੇ।।੧੭।।

## ਦਫ਼ਨ ਕਰਦ ਹਰਦੋ ਜਿਮੀਂ ਅੰਦਰਾਂ।।
## ਨਜ਼ਰ ਕਰਦ ਬਰ ਸ਼ੁਕਰ ਸਾਹਿਬ ਗਿਰਾਂ।।੧੮।।

ਦਫਨ ਕਰਦ = ਦਬਾ ਦਿੱਤੇ। ਹਰ ਦੋ = ਦੋਵੇਂ। ਜਿਮੀਂ = ਧਰਤੀ। ਨਜ਼ਰ ਕਰਦ = ਆਸ। ਸ਼ੁਕਰ = ਧਨਵਾਦ। ਸਾਹਿਬ = ਪਰਮਾਤਮਾ। ਗਿਰਾਂ = ਵੱਡੇ।

ਉਸ ਚੌਥੇ ਲੜਕੇ ਦਲੀਪ ਨੇ ਉਹ ਦੋਵੇਂ ਬੀਜ ਧਰਤੀ ਵਿਚ ਦਬਾ ਦਿੱਤੇ ਤੇ ਵਾਹਿਗੁਰੂ ਦਾ ਸ਼ੁਕਰ ਕਰਕੇ ਉਨ੍ਹਾਂ ਉੱਤੇ ਆਸ ਲਾ ਲਈ।।੧੮।।

## ਚੁ ਸ਼ਸ਼ ਮਾਹਿ ਗੁਸ਼ਤੰਦ ਦਰਾਂ ਦਫ਼ਨਵਾਰ।।
## ਪਦੀਦ ਆਮਦਹ ਸਬਜ਼ਹੇ ਨੌ ਬਹਾਰ।।੧੯।।

ਸ਼ਸ਼ ਮਾਹਿ = ਛੇ ਮਹੀਨੇ। ਗੁਸ਼ਤੰਦ = ਗੁਜ਼ਰ ਗਏ। ਦਰਾਂ = ਅੰਦਰ। ਦਫ਼ਨਵਾਰ = ਬੀਜਿਆਂ। ਪਦੀਦ ਆਮਦਹ = ਪ੍ਰਗਟ ਹੋਇਆ। ਸਬਜ਼ਹੇ = ਹਰੇ ਰੰਗ ਦਾ। ਨੌ ਬਹਾਰ = ਨਵੀਂ ਰੁਤ।

ਜਦ ਉਨ੍ਹਾਂ ਦਾਣਿਆਂ ਨੂੰ ਬੀਜਿਆਂ ਛੇ ਮਹੀਨੇ ਬੀਤ ਗਏ ਤਾਂ ਨਵੀਂ ਰੁਤ ਆਉਣ ਤੇ ਉਨ੍ਹਾਂ ਵਿਚੋਂ ਹਰੇ ਰੰਗ ਦੇ ਬੂਟੇ ਉੱਗ ਆਏ।।੧੯।।

**ਬਰੋਜ਼ੀਦ ਦਹਿ ਸਾਲ ਤੁਖ਼ਮੇ ਕਜ਼ਾਂ।।**
**ਬ ਪਰਵਰਦਹ ਓਰਾ ਬੁਰੀਦਨ ਅਜ਼ਾਂ।।੨੦।।**

ਬਰੋਜ਼ੀਦ = ਬੀਜਦਿਆਂ। ਦਹਿ ਸਾਲ = ਦਸ ਸਾਲ। ਬ ਪਰਵਰਦਹ = ਪਾਲਣਾ ਕਰਦਿਆਂ। ਓਰਾ = ਉਨ੍ਹਾਂ। ਬੁਰੀਦਨ = ਕਟਣਾ।

ਉਹ ਲੜਕਾ ਉਨ੍ਹਾਂ ਬੀਜਾਂ ਨੂੰ ਦਸ ਸਾਲ ਬੀਜਦਾ ਰਿਹਾ। ਪਹਿਲਾਂ ਉਹਨਾਂ ਦੀ ਪਾਲਣਾ ਕੀਤੀ ਤੇ ਫਿਰ ਪੱਕਣ ਤੇ ਉਹਨਾਂ ਨੂੰ ਵਢਿਆ।।੨੦।।

**ਬਰੋਜ਼ੀ ਦਹੋ ਬੀਸਤ ਬਾਰਸ਼ ਅਜ਼ੋ।।**
**ਬਸੇ ਗਸ਼ਤਹ ਖ਼ਰਵਾਰ ਦਾਨਹ ਅਜ਼ੋ।।੨੧।।**

ਬਰੋਜ਼ੀ = ਬੀਜਣਾ। ਬੀਸਤ = ਵੀਹ। ਬਾਰਸ਼ = ਵਾਰੀ। ਅਜ਼ੋ = ਉਨ੍ਹਾਂ। ਬਸੇ = ਬਹੁਤ ਸਾਰੇ। ਗਸ਼ਤਹ = ਹੋ ਗਏ। ਖਰਵਾਰ = ਖਲਵਾੜਾ। ਦਾਨਹ = ਦਾਣੇ।

ਦਲੀਪ ਨੇ ਉਨ੍ਹਾਂ ਦਾਣਿਆਂ ਨੂੰ ਦਸ ਵੀਹ ਵਾਰੀ ਬੀਜਿਆ, ਤਦ ਉਨ੍ਹਾਂ ਦਾਣਿਆਂ ਦੇ ਬਹੁਤ ਸਾਰੇ ਖਲਵਾੜੇ ਹੋ ਗਏ।।੨੧।।

**ਚੁਨਾ ਜ਼ਿਯਾਦਹ ਸ਼ੁਦ ਦੌਲਤੇ ਦਿਲ ਕਰਾਰ।।**
**ਕਜ਼ੋ ਦਾਨਹ ਸ਼ੁਦ ਦਾਨਹਾਏ ਅੰਬਾਰ।।੨੨।।**

ਚੁਨਾ = ਇਹੋ ਜਿਹੇ। ਜ਼ਿਯਾਦਹ = ਬਹੁਤ। ਸ਼ੁਦ = ਹੋ ਗਈ। ਕਰਾਰ = ਆਰਾਮ, ਸੁਖ। ਅੰਬਾਰ = ਢੇਰ।

ਇਹ ਕੰਮ ਕਰਨ ਨਾਲ ਦਲੀਪ ਕੋਲ ਬਹੁਤ ਸਾਰੀ ਸੁਖਦਾਇਕ ਦੌਲਤ ਇਕੱਠੀ ਹੋ ਗਈ। ਉਨ੍ਹਾਂ ਦਾਣਿਆਂ ਤੋਂ ਬੇਅੰਤ ਦਾਣਿਆਂ ਦੇ ਢੇਰ ਲੱਗ ਗਏ।।੨੨।।

**ਖ਼ਰੀਦਹ ਅਜ਼ਾਂ ਨਕਦ ਦਹਿ ਹਜਾਰ ਫ਼ੀਲ।।**
**ਚੁ ਕੋਹੇ ਰਵਾਂ ਹਮ ਚੁ ਦਰੀਆਇ ਨੀਲ।।੨੩।।**

ਖਰੀਦਹ = ਮੁੱਲ ਲੈ ਲਏ। ਫ਼ੀਲ = ਹਾਥੀ। ਕੋਹੇ = ਪਰਬਤ। ਰਵਾਂ = ਦੌੜਦੇ। ਦਰਿਆਇ ਨੀਲ = ਇਕ ਨਦੀ ਦਾ ਨਾਂ, ਜੋ ਮਿਸਰ ਦੇਸ਼ ਵਿਚ ਹੈ।

ਉਨ੍ਹਾਂ ਨਕਦ ਰੁਪਿਆਂ ਨਾਲ ਉਸ ਨੇ ਦਸ ਹਜ਼ਾਰ ਹਾਥੀ ਖਰੀਦ ਲਏ, ਜੋ ਪਹਾੜ ਵਾਂਗੂੰ ਉੱਚੇ ਤੇ ਨੀਲ ਦਰਿਆ ਵਾਂਗੂੰ ਮਸਤ ਚਾਲ ਚਲਣ ਵਾਲੇ ਸਨ।।੨੩।।

**ਬਗੀਰਦ ਅਜ਼ੋ ਅਸਪ ਪਾਂ ਸਦ ਹਜ਼ਾਰ।।**
**ਹਮਹ ਜ਼ਰ ਵ ਜ਼ੀਨੋ ਹਮਹ ਨੁਕਰਹ ਵਾਰ।।੨੪।।**

ਬਗੀਰਦ = ਲੈ ਲਏ। [illegible] = ਘੱਤੇ। ਪਾਂ ਸਦ ਹਜ਼ਾਰ = ਪੰਜ ਸੌ ਹਜ਼ਾਰ। ਜ਼ਰ = ਸੋਨੇ। ਜ਼ੀਨੋ = ਕਾਠੀਆਂ। ਨੁਕਰਹ = ਚਾਂਦੀ। ਵਾਰ = ਲੜੀਆਂ।

ਫਿਰ ਉਸ ਨੇ ਮਾਇਆ ਨਾਲ ਪੰਜ ਲੱਖ ਘੱਤੇ ਮੁਲ ਲੈ ਲਏ ਜਿਨ੍ਹਾਂ ਦੀਆਂ ਕਾਠੀਆਂ ਸੋਨੇ ਦੀਆਂ ਤੇ ਲੜੀਆਂ ਚਾਂਦੀ ਦੀਆਂ ਸਨ॥੨੪॥

**ਖ਼ਰੀਦੰਦ ਸੇ ਸਦ ਹਜ਼ਾਰੋ ਸ਼ੁਤਰ॥**
**ਹਮਹ ਜ਼ਰਹ ਬਾਰੋ ਹਮਹ ਨੁਕਰਹ ਪੁਰ॥੨੫॥**

ਖਰੀਦੰਦ = ਖਰੀਦੇ। ਸੇ ਸਦ ਹਜ਼ਾਰੋ = ਤਿੰਨ ਸੌ ਹਜ਼ਾਰ। ਸ਼ੁਤਰ = ਊਠ।

ਇਸ ਤੋਂ ਪਿਛੋਂ ਉਸ ਨੇ ਤਿੰਨ ਲੱਖ ਊਠ ਮੁੱਲ ਲਏ, ਜੋ ਸਾਰੇ ਹੀ ਸੋਨੇ ਤੇ ਚਾਂਦੀ ਦੇ ਭਾਰ ਨਾਲ ਲੱਦੇ ਹੋਏ ਸਨ॥੨੫॥

**ਵਜ਼ਾਂ ਦਾਲ ਨਉ ਸ਼ਹਿਰ ਆਜ਼ਮ ਬੁ ਬਸਤੁ॥**
**ਕਿ ਨਾਮੇ ਅਜ਼ਾਂ ਸ਼ਹਿਰ ਦਿਹਲੀ ਸ਼ੁਦਸਤ॥੨੬॥**

ਵਜ਼ਾਂ = ਉਸ ਤੋਂ। ਨਉ = ਨਵਾਂ। ਬਸਤੁ = ਵਸਾਇਆ।

ਦਲੀਪ ਨੇ ਉਸ ਦਾਲ ਦੀ ਆਮਦਨ ਤੋਂ ਇਕ ਵੱਡਾ ਸ਼ਹਿਰ ਵਸਾਇਆ. ਦਾਲ ਦੀ ਆਮਦਨ ਤੋਂ ਵਸਾਏ ਉਸ ਸ਼ਹਿਰ ਦਾ ਨਾਂ ਦਿੱਲੀ ਰਖਿਆ॥੨੬॥

**ਦਿਗਰ ਦਾਨਹ ਰਾ ਬਸਤ ਮੂੰਗੀ ਪਟਨ॥**
**ਚੁ ਦੋਸਤਾਂ ਪਸੰਦਸਤੁ ਦੁਸ਼ਮਨ ਫ਼ਿਕਨ॥੨੭॥**

ਦਿਗਰ = ਦੂਜੇ। ਬਸਤ = ਬੱਧਾ। ਮੂੰਗੀ ਪਟਨ = ਇਕ ਸ਼ਹਿਰ ਦਾ ਨਾਂ ਹੈ। ਪਸੰਦਸਤੁ = ਚੰਗਾ ਲੱਗਦਾ ਹੈ। ਫ਼ਿਕਨ = ਤੋੜਨਾ।

ਦੂਜੇ ਮੂੰਗੀ ਦੇ ਦਾਣੇ ਦੀ ਆਮਦਨ ਤੋਂ 'ਮੂੰਗੀ ਪਟਨ' ਨਾਂ ਦਾ ਸ਼ਹਿਰ ਵਸਾਇਆ. ਜੋ ਮਿੱਤਰਾਂ ਦੇ ਮਨ ਨੂੰ ਪ੍ਰਸੰਨਤਾ ਦੇਣ ਵਾਲਾ ਸੀ ਤੇ ਦੁਸ਼ਮਨਾਂ ਦੇ ਦਿਲ ਨੂੰ ਤੋੜਨ ਵਾਲਾ ਸੀ॥੨੭॥

**ਬ ਗੁਜ਼ਰੀਦ ਦਹ ਦੋ ਬਰ ਈਂ ਨਮਤ ਸਾਲ॥**
**ਬਸੇ ਗਸ਼ਤ ਜੋ ਦੌਲਤੇ ਬੇਜ਼ਵਾਲ॥੨੮॥**

ਦਹ ਦੋ = ਬਾਰਾਂ। ਬਸੇ = ਬਹੁਤ। ਗਸ਼ਤ = ਹੋ ਗਈ। ਬੇਜ਼ਵਾਲ = ਨਾ ਘਟਣ ਵਾਲੀ।

ਇਸ ਤਰ੍ਹਾਂ ਖੇਤੀ ਦਾ ਕੰਮ ਕਰਦਿਆਂ ਬਾਰਾਂ ਸਾਲ ਬੀਤ ਗਏ। ਉਸ ਦੇ ਕੋਲ ਐਨੀ ਦੌਲਤ ਹੋ ਗਈ ਕਿ ਉਹ ਹੁਣ ਮੁੱਕ ਨਹੀਂ ਸੀ ਸਕਦੀ॥੨੮॥

Namdhari Elibrary NamdhariElibrary@gmail.com

ਚੁ ਬਿਨਸ਼ਸਤ ਬਰ ਤਖ਼ਤ ਮਾਨੋ ਮਹੀਪ॥
ਬ ਪੁਰਸ਼ਸ਼ ਦਰਾਮਦ ਸਹੇ ਹਫ਼ਤ ਦੀਪ॥੨੯॥

ਬਿਨਸ਼ਸਤ = ਬੈਠਾ। ਬਰ = ਉਪਰ। ਬ ਪੁਰਸ਼ਿਸ਼ = ਪੁਛਿਆ। ਹਫਤ ਦੀਪ = ਸਤ ਦੀਪ।

ਜਦੋਂ ਮਾਨਧਾਤਾ ਰਾਜਾ ਤਖਤ ਤੇ ਬੈਠਾ ਸੀ ਤਾਂ ਉਸ ਸੱਤਾਂ ਦੀਪਾਂ ਦੇ ਰਾਜੇ ਨੇ ਆਪਣੇ ਵਜ਼ੀਰਾਂ ਨੂੰ ਪੁਛਿਆ॥੨੯॥

ਬਿਗੋਯਦ ਬ ਪੇਸ਼ੀਨ ਕਾਗਜ਼ ਬਿਯਾਰ॥
ਚਿ ਬਖ਼ਸ਼ੀਦਅਮ ਮਨ ਬ ਪਿਸਰਾਂ ਚਹਾਰ॥੩੦॥

ਬਿਗੋਯਦ = ਕਿਹਾ। ਪੇਸ਼ੀਨ = ਅਗੇ। ਬਿਯਾਰ = ਲਿਆਓ। ਬਖ਼ਸ਼ੀਦਅਮ = ਬਖਸ਼ਿਆ।

ਰਾਜੇ ਨੇ ਵਜ਼ੀਰਾਂ ਨੂੰ ਕਿਹਾ ਕਿ ਮੇਰੇ ਕੋਲ ਕਾਗਜ਼ ਲਿਆਓ। ਜੋ ਮੈਂ ਵੇਖਾਂ ਕਿ ਮੈਂ ਚੌਹਾਂ ਪੁੱਤਰਾਂ ਨੂੰ ਕੀ ਕੁਝ ਬਖਸ਼ਿਆ ਹੈ॥੩੦॥

ਦਬੀਰੇ ਕਲਮਬਰ ਕਲਮ ਜ਼ਨ ਗਰਿਫ਼ਤ॥
ਜਵਾਬੇ ਸੁਖ਼ਨ ਰਾ ਅਲਮਬਰ ਗਰਿਫ਼ਤ॥੩੧॥

ਦਬੀਰੇ = ਮੁਨਸ਼ੀ। ਕਲਮਬਰ = ਕਲਮ ਚਲਾਉਣ ਵਾਲੇ। ਜ਼ਨ ਗਰਿਫ਼ਤ = ਫੜ ਲਈ। ਆਲਮ = ਝੰਡਾ।

ਕਲਮ ਚਲਾਉਣ ਵਾਲੇ ਮੁਨਸ਼ੀ ਨੇ ਕਲਮ ਫੜ ਲਈ ਤੇ ਰਾਜੇ ਨੂੰ ਉੱਤਰ ਦੇਣ ਲਈ ਝੰਡਾ ਖੜਾ ਕੀਤਾ ਭਾਵ ਜਵਾਬ ਦੇਣ ਲਈ ਤਿਆਰ ਹੋ ਗਿਆ॥੩੧॥

ਬਗੁਫ਼ਤਾ ਚਿ ਬਖਸ਼ੀਦ ਏਸ਼ਾਂ ਹਜਾਰ॥
ਬਕਾਗਜ਼ ਬੁਬੀਂ ਤਾਂ ਜ਼ੁਬਾਨਸ ਬਿਆਰ॥੩੨॥

ਬਗੁਫਤਾ = ਕਿਹਾ। ਬਖਸ਼ੀਦ = ਬਖਸ਼ਿਆ। ਬੁਬੀਂ = ਵੇਖੋ। ਜ਼ੁਬਾਨਸ = ਜ਼ਬਾਨ ਤੋਂ। ਬਿਆਰ = ਲਿਆਓ।

ਰਾਜੇ ਨੇ ਵਜ਼ੀਰਾਂ ਨੂੰ ਕਿਹਾ ਕਿ ਪਹਿਲਾਂ ਕਾਗਜ਼ ਦੇਖੋ, ਫਿਰ ਦਸੋ ਕਿ ਮੈਂ ਇਹਨਾਂ ਚੌਹਾਂ ਪੁੱਤਰਾਂ ਨੂੰ ਕਿੰਨੇ ਹਜ਼ਾਰ ਰੁਪਿਆ ਬਖਸ਼ਿਆ ਹੈ॥੩੨॥

ਦ ਕਾਗਜ਼ ਬੁਬੀਂ ਤਾ ਬਿਗੋਯਦ ਜ਼ੁਬਾਂ॥
ਚਿ ਬਖ਼ਸ਼ੀਦ ਸ਼ੁਦ ਬਖ਼ਸ਼ ਹਰ ਕਸ ਅਜ਼ਾਂ॥੩੩॥

ਹਰ ਕਸ = ਹਰ ਇਕ।

ਪਹਿਲਾਂ ਕਾਗਜ਼ ਵੇਖ, ਫਿਰ ਜ਼ਬਾਨੀ ਦਸ ਕਿ ਹਰ ਇਕ ਨੂੰ ਕੀ ਕੀ ਬਖ਼ਸ਼ਿਸ਼ ਹੋਈ।।੩੩।।

**ਚੁ ਬਿਸ਼ੁਨੀਦ ਸੁਖ਼ਨ ਅਜ਼ ਮਹੀਪਾਨ ਮਾਨ।।**
**ਫਰਿਸ਼ਤਹ ਸਿਫਤ ਚੂੰ ਮਲਾਯਕ ਮਕਾਨ।।੩੪।।**

ਚੁ = ਜਦੋਂ। ਸ਼ੁਨੀਦ = ਸੁਣਿਆਂ। ਸੁਖ਼ਨ = ਬਚਨ। ਮਲਾਯਕ = ਦੇਵਤੇ। ਮਕਾਨ = ਪਦਵੀ।

ਫਿਰ ਵਜ਼ੀਰਾਂ ਨੇ ਮਾਨਧਾਤਾ ਰਾਜੇ ਦੇ ਬਚਨ ਸੁਣੇ, ਜਿਸ ਦੀਆਂ ਸਿਫ਼ਤਾਂ ਦੇਵਤਿਆਂ ਵਰਗੀਆਂ ਸਨ ਤੇ ਜੋ ਦੇਵਤਿਆਂ ਵਰਗੀ ਪਦਵੀ ਵਾਲਾ ਸੀ।।੩੪।।

**ਬਯਾਰੀ ਮਰਾ ਪੇਸ਼ ਬਖ਼ਸ਼ੀਦਹ ਮਨ।।**
**ਚਰਾਗ਼ੇ ਜਹਾਂ ਆਫ਼ਤਾਬੇ ਯਮਨ।।੩੫।।**

ਬਯਾਰੀ = ਲਿਆਓ। ਮਰਾ ਪੇਸ਼ = ਮੇਰੇ ਸਾਹਮਣੇ।

ਫਿਰ ਰਾਜੇ ਨੇ ਆਪਣੇ ਪੁੱਤਰਾਂ ਨੂੰ ਬੁਲਾਕੇ ਕਿਹਾ ਕਿ ਹੇ ਜਗਤ ਦੇ ਦੀਵਿਓ ਤੇ ਯਮਨ ਦੇਸ਼ ਦੇ ਸੂਰਜੋ ! ਜੋ ਕੁਝ ਮੈਂ ਤੁਹਾਨੂੰ ਬਖਸ਼ਿਆ ਸੀ, ਉਹ ਮੇਰੇ ਸਾਹਮਣੇ ਲਿਆਓ।।੩੫।।

ਭਾਵ-ਰਾਜੇ ਨੇ ਵਜ਼ੀਰਾਂ ਨੂੰ ਸਾਰਾ ਹਿਸਾਬ ਪੁਛਿਆ ਕਿ ਮੈਂ ਆਪਣੇ ਚੌਹਾਂ ਪੁੱਤਰਾਂ ਨੂੰ ਕੀ ਕੁਝ ਦਿੱਤਾ ਸੀ। ਵਜ਼ੀਰਾਂ ਨੇ ਸਾਰਾ ਵਹੀ ਖਾਤਾ ਵੇਖਕੇ ਪੂਰਾ ਵੇਰਵਾ ਰਾਜੇ ਨੂੰ ਦੱਸਿਆ। ਫਿਰ ਰਾਜੇ ਨੇ ਪੁੱਤਰਾਂ ਨੂੰ ਸੱਦ ਕੇ ਕਿਹਾ ਕਿ ਮੈਂ ਜੋ ਕੁਝ ਤੁਹਾਨੂੰ ਦਿੱਤਾ ਸੀ, ਉਹ ਸਾਰਾ ਕੁਛ ਮੇਰੇ ਸਾਹਮਣੇ ਲਿਆਓ।

**ਬਿਗੋਯਦ ਕਿ ਮੁਰਦੰਦ ਬਾਜ਼ੇ ਮੁਹਿੰਮ।।**
**ਕਿ ਮਾ ਹਮ ਬਸਾ ਫ਼ੀਲ ਬਖ਼ਸ਼ੀਦਹਅਮ।।੩੬।।**

ਬਿਗੋਯਦ = ਕਿਹਾ। ਮੁਰਦੰਦ = ਮਰ ਗਏ। ਬਾਜ਼ੇ = ਕਈ। ਮਹਿੰਮ = ਜੰਗ। ਬਸਾ = ਬਹੁਤ ਸਾਰੇ।

ਸਭ ਤੋਂ ਵੱਡੇ ਪੁੱਤਰ ਨੇ ਕਿਹਾ ਕਿ ਤੁਹਾਡੇ ਬਖਸ਼ੇ ਹੋਏ ਹਾਥੀਆਂ ਵਿਚੋਂ ਕਈ ਤਾਂ ਜੰਗ ਵਿਚ ਮਾਰੇ ਗਏ ਸਨ ਤੇ ਕਈ ਮੈਂ ਲੋਕਾਂ ਤੇ ਸੇਵਕਾਂ ਨੂੰ ਬਖਸ਼ ਦਿੱਤੇ ਸਨ ਹੁਣ ਮੇਰੇ ਕੋਲ ਇਕ ਵੀ ਹਾਥੀ ਨਹੀਂ।।੩੬।।

**ਦਿਗਰ ਰਾ ਬਪੁਰਸ਼ੀਦ ਅਸਪਸ ਚਿ ਕਰਦ।।**
**ਕਿ ਬਾਜ਼ੇ ਬ ਬਖ਼ਸ਼ੀਦੁ ਬਾਜ਼ੇ ਬਿਮੁਰਦ।।੩੭।।**

ਦਿਗਰ = ਦੂਜੇ। ਬਪੁਰਸ਼ੀਦ = ਪੁਛਿਆ। ਚਿ ਕਰਦ = ਕੀ ਕੀਤੇ। ਬਾਜ਼ੇ = ਕਈ।

ਰਾਜੇ ਨੇ ਦੂਜੇ ਪੁੱਤਰ ਨੂੰ ਪੁਛਿਆ ਕਿ ਤੂੰ ਘੋੜਿਆਂ ਨੂੰ ਕੀ ਕੀਤਾ ਹੈ? ਉਸ ਨੇ ਜਵਾਬ ਦਿੱਤਾ ਕਿ ਮੈਂ ਕਈ ਘੋੜੇ ਤਾਂ ਬਖਸ਼ਿਸ਼ ਕਰ ਦਿੱਤੇ ਸਨ ਤੇ ਕਈ ਮਰ ਗਏ ਸਨ।।੩੭।।

ਸਿਅਮ ਰਾ ਬਪੁਰਸ਼ੀਦ ਸ਼ੁਤਰਾਂ ਨੁਮਾ॥
ਕੁਜਾ ਤੋ ਬ ਬਖਸ਼ੀਦ ਏ ਜਾਨਿ ਮਾਂ॥੩੮॥

ਸਿਅਮ ਰਾ = ਤੀਜੇ ਨੂੰ। ਸ਼ੁਤਰਾਂ = ਊਠ। ਨੁਮਾ = ਵਿਖਾ। ਕੁਜਾ = ਕਿਥੇ। ਜਾਨਿ ਮਾਂ = ਮੇਰੀ ਜਾਨ।

ਰਾਜੇ ਨੇ ਤੀਜੇ ਪੁੱਤਰ ਨੂੰ ਪੁਛਿਆ ਕਿ ਊਠ ਕਿਥੇ ਹਨ ? ਮੈਨੂੰ ਸਾਰੇ ਵਿਖਾ। ਹੇ ਮੇਰੀ ਜਾਨ ਤੂੰ ਉਹ ਕਿਥੇ ਬਖਸ਼ਿਸ਼ ਕੀਤੇ ਹਨ॥੩੮॥

ਬ ਗੁਫ਼ਤਹ ਕਿ ਬਾਜ਼ੇ ਬਕਾਰ ਆਮਦੰਦ॥
ਬਬਖਸ਼ ਅੰਦਰੂੰ ਬੇਸ਼ੁਮਾਰ ਆਮਦੰਦ॥੩੯॥

ਬਕਾਰ = ਕੰਮ (ਲੜਾਈ) ਵਿਚ।

ਉਸ ਨੇ ਅਗੋਂ ਜਵਾਬ ਦਿੱਤਾ ਕਿ ਕਈ ਊਠ ਤਾਂ ਲੜਾਈ ਵਿਚ ਕੰਮ ਆ ਗਏ ਸਨ ਭਾਵ ਮਰ ਗਏ ਸਨ ਤੇ ਬਹੁਤ ਸਾਰੇ ਊਠ ਮੈਂ ਬਖਸ਼ਿਸ਼ ਕਰ ਦਿੱਤੇ ਸਨ॥੩੯॥

ਚੁਅਮ ਰਾ ਬ ਪੁਰਸ਼ੀਦ ਕਿ ਏ ਨੇਕ ਬਖ਼ਤ॥
ਸਜ਼ਾਵਾਰਿ ਦੇਹੀਮ ਸਾਯਾਨ ਤਖਤ॥੪੦॥

ਚੁਅਮ = ਚੌਥਾ। ਬਪੁਰਸ਼ੀਦ = ਪੁਛਿਆ। ਨੇਕ ਬਖਤ = ਚੰਗੇ ਭਾਗਾਂ ਵਾਲਾ। ਸਜ਼ਾਵਾਰਿ = ਯੋਗ। ਦੇਹੀਮ = ਛਤ੍ਰ। ਸਾਯਾਨ = ਲਾਇਕ।

ਚੌਥੇ ਪੁੱਤਰ ਨੂੰ ਪੁਛਿਆ-ਹੇ ਚੰਗੇ ਭਾਗਾਂ ਵਾਲੇ! ਹੇ ਛੱਤਰ ਚੌਰ ਤੇ ਰਾਜ-ਗੱਦੀ ਦੇ ਯੋਗ ਪੁੱਤਰ॥੪੦॥

ਕੁਜਾ ਗਸ਼ਤ ਬਖਸ਼ਸ਼ ਤੁ ਮਾਰਾ ਫ਼ਹੀਮ॥
ਯਕੇ ਦਾਨਹ ਮੁੰਗੋ ਦਿਗਰ ਨੁਖਦ ਨੀਮ॥੪੧॥

ਕੁਜਾ = ਕਿਥੇ। ਗਸ਼ਤ = ਗਈ। ਫ਼ਹੀਮ = ਸਮਝ। ਨੁਖ਼ਦ = ਦਾਣਾ। ਨੀਮ = ਅੱਧਾ।

ਇਹ ਮੈਨੂੰ ਦੱਸ ਕਿ ਜੋ ਤੈਨੂੰ ਮੈਂ ਇਕ ਮੂੰਗੀ ਦਾ ਦਾਣਾ ਅਤੇ ਅੱਧਾ ਛੋਲਿਆਂ ਦਾ ਦਾਣਾ ਦਿੱਤਾ ਸੀ ਉਹ ਕਿਥੇ ਹਨ ?॥੪੧॥

ਸ਼ਵਦ ਗਰ ਹੁਕਮ ਤਾ ਬਿਯਾਰੇਮ ਪੇਸ਼॥
ਹਮਹ ਫ਼ੀਲੁ ਅਸਪੋ ਅਜ਼ੋ ਸ਼ੁਤਰ ਬੇਸ਼॥੪੨॥

ਸ਼ਵਦ = ਹੋਵੇ। ਬਿਯਾਰੇਮ = ਲਿਆਵਾਂ। ਪੇਸ਼ = ਅਗੇ। ਬੇਸ਼ = ਬਹੁਤ ਸਾਰੇ।

ਉਸ ਪੁੱਤਰ ਨੇ ਉੱਤਰ ਦਿੱਤਾ ਕਿ ਜੇ ਆਪ ਦਾ ਹੁਕਮ ਹੋਵੇ ਤਾਂ ਮੈਂ ਆਪ ਅਗੇ ਸਾਰੇ

ਹਾਥੀ, ਘੋੜੇ ਤੇ ਬਹੁਤ ਸਾਰੇ ਊਠ ਲਿਆਵਾਂ।।੪੨।।

**ਨਜ਼ਰ ਕਰਦ ਫੀਲੇ ਦੋ ਦੇਹਿ ਹਜ਼ਾਰ ਮਸਤ।।**
**ਪੁਰ ਅਜ਼ ਜ਼ਰ ਬਾਰੋ ਹਮਹ ਨੁਕਰਹ ਬਸਤ।।੪੩।।**

ਨਜ਼ਰ ਕਰਦ = ਭੇਟਾ ਕੀਤੇ। ਜ਼ਰ = ਸੋਨਾ। ਨੁਕਰਹ = ਚਾਂਦੀ। ਬਸਤ = ਮੜ੍ਹੇ ਹਏ।

ਤਦ ਉਸ ਨੇ ਬਾਰਾਂ ਹਜ਼ਾਰ ਹਾਥੀ ਲਿਆ ਕੇ ਰਾਜੇ ਦੀ ਭੇਟਾ ਕੀਤੇ, ਜੋ ਸਾਰੇ ਹੀ ਸੋਨੇ ਤੇ ਚਾਂਦੀ ਨਾਲ ਮੜ੍ਹੇ ਹੋਏ ਸਨ।।੪੩।।

**ਹੁਮਾਂ ਅਸਪ ਪਾਂ ਸਦ ਹਜ਼ਾਰ ਆਵਰੀਦ।।**
**ਹੁਮਾਂ ਜ਼ਰ ਜ਼ੀਨ ਬੇਸ਼ੁਮਾਰ ਆਵਰੀਦ।।੪੪।।**

ਆਵਰੀਦ = ਲਿਆਇਆ।

ਉਹ ਪੰਜ ਲੱਖ ਘੋੜੇ ਵੀ ਲਿਆਇਆ, ਉਹ ਸੋਨੇ ਦੀਆਂ ਬੇਸ਼ੁਮਾਰ ਕਾਠੀਆਂ ਵੀ ਲਿਆਇਆ।।੪੪।।

**ਹਮਹ ਖੋਦ ਖ਼ਫ਼ਤਾਨ ਬਰ ਗੁਸ਼ਤਵਾਂ।।**
**ਬਸੇ ਤੀਰੁ ਸ਼ਮਸ਼ੇਰ ਕੀਮਤ ਗਿਰਾਂ।।੪੫।।**

ਖੋਦ = ਟੋਪ। ਖਫ਼ਤਾਨ = ਸੰਜੋਆਂ। ਗੁਸ਼ਤਵਾਂ = ਸੁਨਹਿਰੀ। ਕੀਮਤ = ਮੁੱਲ। ਗਿਰਾਂ = ਭਾਰੀ।

ਉਹ ਲੋਹੇ ਦੇ ਟੋਪ, ਸੁਨਹਿਰੀ ਸੰਜੋਆਂ, ਵਧੀਆ ਸੁਨਹਿਰੀ ਝੁੱਲ, ਬਹੁਤ ਸਾਰੇ ਤੀਰ ਅਤੇ ਬਹੁਤ ਕੀਮਤੀ ਤਲਵਾਰਾਂ ਲੈ ਕੇ ਆਇਆ।।੪੫।।

**ਬਸੇ ਸ਼ੁਤਰ ਬਗਦਾਦ ਜ਼ਰ ਬਫ਼ਤ ਬਾਰ।।**
**ਜ਼ਰੋ ਜਾਮਹ ਨੀਮ ਆਸਤੀਂ ਬੇਸ਼ੁਮਾਰ।।੪੬।।**

ਬਸੇ = ਬਹੁਤ। ਸ਼ੁਤਰ = ਊਠ। ਬਗਦਾਦ = ਇਰਾਕ ਦੇ ਇਕ ਸ਼ਹਿਰ ਦਾ ਨਾਂ ਹੈ। ਜ਼ਰ = ਜ਼ਰੀ। ਬਫ਼ਤ = ਖੀਨਖਾਬ। ਜ਼ਰੋ = ਜ਼ਰੀ। ਜਾਮਹ = ਚੋਗੇ। ਆਸਤੀਂ = ਕੁੜਤੇ, ਚੋਗੇ।

ਬਹੁਤ ਸਾਰੇ ਬਗਦਾਦ ਦੇ ਊਠ, ਸੋਨਾ, ਖੀਨਖਾਬ ਦੇ ਕਪੜੇ ਅਤੇ ਬੇਸ਼ੁਮਾਰ ਜੈਕਟਾਂ ਲੈ ਕੇ ਆਇਆ।।੪੬।।

**ਕਿ ਦਹਿ ਨੀਲੋ ਦਹਿ ਪਦਮ ਦੀਨਾਰ ਜ਼ਰਦ।।**
**ਕਜ਼ੋ ਦੀਦਹ ਸ਼ੁਦ ਦੀਦਹੇ ਦੋਸਤ ਸਰਦ।।੪੭।।**

ਦਹ = ਦਸ। ਨੀਲ = ਸੌ ਖਰਬ। ਪਦਮ = ਸੌ ਨੀਲ। ਦੀਨਾਰ = ਮੋਹਰ। ਜ਼ਰਦ = ਪੀਲਾ। ਕਜ਼ੋ = ਉਸ। ਦੀਦਹ = ਦੇਖਕੇ। ਦੀਦਹੇ = ਅੱਖਾਂ। ਸਰਦ = ਠੰਢੀਆਂ।

ਉਸ ਦਸ ਨੀਲ, ਦਸ ਪਦਮ ਪੀਲੇ ਰੰਗ ਦੀਆਂ ਮੋਹਰਾਂ ਲਿਆਕੇ ਰਾਜੇ ਨੂੰ ਦਿੱਤੀਆਂ, ਜਿਨ੍ਹਾਂ ਨੂੰ ਵੇਖਕੇ ਮਿੱਤਰਾਂ ਦੀਆਂ ਅੱਖਾਂ ਵਿਚ ਠੰਢ ਪੈਂਦੀ ਸੀ॥੪੭॥

**ਕਿ ਯਕ ਮੂੰਗ ਯਕ ਸ਼ਹਿਰ ਜ਼ੋ ਕਾਮ ਸ਼ੁਦ॥**
**ਕਿ ਮੂੰਗੀ ਪਟਨ ਸ਼ਹਿਰ ਓ ਨਾਮ ਸ਼ੁਦ॥੪੮॥**

ਯਕ = ਇਕ। ਮੂੰਗ = ਮੂੰਗੀ ਦਾ ਦਾਣਾ।

ਇਕ ਮੂੰਗੀ ਦੇ ਦਾਣੇ ਤੋਂ ਇਕ ਸ਼ਹਿਰ ਬਣਿਆਂ, ਜਿਸ ਦਾ ਨਾਂ 'ਮੂੰਗੀ ਪਟਨ' ਸ਼ਹਿਰ ਹੈ॥੪੮॥

**ਕਿ ਨੀਮਿ ਨੁਖ਼ਦਰਾ ਦਿਗਰ ਸ਼ਹਿਰ ਬਸਤ॥**
**ਕਿ ਨਾਮੇ ਅਜ਼ੋ ਸ਼ਹਿਰ ਦਿਹਲੀ ਸ਼ੁਦ ਅਸਤ॥੪੯॥**

ਨੀਮਿ = ਅੱਧਾ, ਦਿਗਰ = ਹੋਰ।

ਛੋਲਿਆਂ ਦੇ ਅੱਧੇ ਦਾਣੇ ਦੀ ਆਮਦਨ ਤੋਂ ਦੂਸਰਾ ਸ਼ਹਿਰ ਵਸਾਇਆ ਹੈ, ਜਿਸ ਦਾ ਨਾਂ ਦਿੱਲੀ ਸ਼ਹਿਰ ਮਸ਼ਹੂਰ ਹੋਇਆ ਹੈ॥੪੯॥

**ਖ਼ੁਸ਼ ਆਮਦ ਬ ਤਦਬੀਰ ਮਾਨੋ ਮਹੀਪ॥**
**ਖ਼ਿਤਾਬਸ਼ ਬ ਦੋ ਦਾਦ ਰਾਜਹ ਦਲੀਪ॥੫੦॥**

ਖੁਸ਼ ਆਮਦ = ਚੰਗੀ ਲੱਗੀ। ਤਦਬੀਰ = ਜੁਗਤੀ। ਖ਼ਿਤਾਬਸ਼ = ਲਕਬ।

ਰਾਜਾ ਮਾਨਧਾਤਾ ਨੂੰ ਆਪਣੇ ਚੌਥੇ ਪੁੱਤਰ ਦੀ ਜੁਗਤੀ ਬੜੀ ਚੰਗੀ ਲੱਗੀ। ਉਸ ਨੇ ਖ਼ੁਸ਼ ਹੋ ਕੇ ਉਸ ਨੂੰ 'ਦਲੀਪ' ਦਾ ਲਕਬ ਦਿੱਤਾ ਭਾਵ ਉਸ ਦਾ ਨਾਂ ਰਾਜਾ ਦਲੀਪ ਰਖਿਆ॥੫੦॥

**ਕਿ ਪੈਦਾ ਅਜ਼ੋ ਮਰਦ ਸ਼ਾਹਨ ਸ਼ਹੀ॥**
**ਸਜ਼ਾਵਾਰ ਤਖ਼ਤ ਅਸਤੁ ਤਾਜ਼ੋ ਮਹੀ॥੫੧॥**

ਪੈਦਾ = ਪ੍ਰਗਟ। ਸਜ਼ਾਵਾਰ = ਯੋਗ।

ਉਸ ਮਰਦ ਤੋਂ ਸ਼ਹਿਨਸ਼ਾਹੀ ਦਾ ਪ੍ਰਤਾਪ ਪੈਦਾ ਹੋਇਆ, ਜੋ ਤਖਤ ਅਤੇ ਧਰਤੀ ਦੇ ਲਾਇਕ ਹੈ॥੫੧॥

**ਬ ਜ਼ੇਬਦ ਅਜ਼ੋ ਮਰਦ ਤਾਜੋ ਨਗੀਂ॥**
**ਬਰ ਅਕਲੁ ਤਦਬੀਰ ਹਜ਼ਾਰ ਆਫਰੀਂ॥੫੨॥**

ਬਜ਼ੇਬਦ = ਸੋਭਦਾ ਹੈ। ਤਾਜੋ = ਛੱਤਰ। ਨਗੀਂ = ਨਗ। ਆਫਰੀਂ = ਕੁਰਬਾਨ।

ਐਸੇ ਮਰਦ ਨੂੰ ਜੜਾਊ ਤਖਤੇ, ਤਾਜ ਚੌਰ ਅਤੇ ਮੋਹਰਾਂ ਸ਼ੋਭਾ ਦਿੰਦੀਆਂ ਹਨ ਅਤੇਫੌਜ ਦਾ

ਅਕਲ ਤੇ ਜੁਗਤੀ ਉੱਤੋਂ ਹਜ਼ਾਰ ਵਾਰੀ ਕੁਰਬਾਨ ਹੁੰਦੇ ਹਾਂ॥੫੨॥

**ਸਿ ਓ ਅਸਤ ਬੇਅਕਲ ਆਲੂਦਹ ਮਗ਼ਜ਼॥**
**ਨ ਰਫ਼ਤਾਰ ਖ਼ੁਸ਼ਤਰ ਨ ਗ਼ੁਫ਼ਤਾਰ ਨਗ਼ਜ਼॥੫੩॥**

ਬੇਅਕਲ = ਮੂਰਖ। ਆਲੂਦਹ = ਗੰਦੇ। ਮਗ਼ਜ਼ = ਦਿਮਾਗ। ਰਫ਼ਤਾਰ = ਚਾਲ। ਗੁਫਤਾਰ = ਬਾਣੀ। ਨਗ਼ਜ਼ = ਚੰਗੀ।

ਉਹ ਬਾਕੀ ਦੇ ਤਿੰਨੇ ਪੁੱਤਰ ਮੂਰਖ ਤੇ ਗੰਦੇ ਦਿਮਾਗ ਵਾਲੇ ਸਨ, ਜਿਨ੍ਹਾਂ ਦੀ ਨਾ ਚਾਲ ਚੰਗੀ ਸੀ ਤੇ ਨਾ ਹੀ ਬਾਣੀ ਚੰਗੀ ਸੀ॥੫੩॥

**ਹਮੀਂ ਖ਼੍ਵਾਸਤ ਕਿ ਓਰਾ ਬ ਸ਼ਾਹੀ ਦਿਹਮ॥**
**ਜ਼ਿ ਦੌਲਤ ਖ਼ੁਦਸ਼ਰਾ ਅਗਾਹੀ ਦਿਹਮ॥੫੪॥**

ਖ਼੍ਵਾਸਤ = ਚਾਹਿਆ। ਓਰਾ = ਉਸ ਨੂੰ। ਬਸ਼ਾਹੀ = ਬਾਦਸ਼ਾਹੀ। ਦਿਹਮ = ਦੇਵਾਂ। ਖ਼ੁਦਸ਼ਰਾ = ਆਪਣੀ। ਅਗਾਹੀ = ਖਬਰ।

ਰਾਜਾ ਮਾਨਧਾਤਾ ਨੇ ਚਾਹਿਆ ਕਿ ਮੈਂ ਦਲੀਪ ਨੂੰ ਰਾਜ-ਗੱਦੀ ਦੇ ਦਿਆਂ ਤੇ ਆਪਣੀ ਦੌਲਤ ਬਾਰੇ ਸਾਰੇ ਵੇਰਵੇ ਵੀ ਇਸ ਨੂੰ ਦੱਸ ਦਿਆਂ॥੫੪॥

**ਬ ਜ਼ੇਬਦ ਕਜ਼ੋ ਰੰਗ ਸ਼ਾਹਨ ਸ਼ਹੀ॥**
**ਕਿ ਸਾਹਿਬ ਸ਼ਊਰ ਅਸਤ ਵ ਮਾਲਕ ਮਹੀ॥੫੫॥**

ਬ ਜ਼ੇਬਦ = ਸ਼ੋਭਾ। ਸਾਹਿਬ = ਮਾਲਕ। ਸ਼ਊਰ = ਅਕਲਮੰਦ। ਮਹੀ = ਪ੍ਰਿਥਵੀ।

ਦਲੀਪ ਰਾਜ-ਗੱਦੀ ਤੇ ਬੈਠਕੇ ਸ਼ੋਭਾ ਵਧਾਵੇਗਾ, ਕਿਉਂਕਿ ਇਹ ਬੜਾ ਅਕਲਮੰਦ ਅਤੇ ਪ੍ਰਿਥਵੀ ਦਾ ਮਾਲਕ ਹੈ॥੫੫॥

**ਖ਼ਿਤਾਬਸ਼ ਕਜ਼ੋ ਗਸ਼ਤ ਰਾਜਹ ਦਲੀਪ॥**
**ਖ਼ਿਲਾਫ਼ਤ ਬ ਬਖਸ਼ੀਦ ਮਾਨੋ ਮਹੀਪ॥੫੬॥**

ਖ਼ਿਤਾਬਸ਼ = ਲਕਬ। ਗਸ਼ਤ = ਹੋ ਗਿਆ। ਖ਼ਿਲਾਫ਼ਤ = ਬਾਦਸ਼ਾਹੀ।

ਉਸ ਦਾ ਲਕਬ 'ਰਾਜਾ ਦਲੀਪ' ਹੋ ਗਿਆ ਤੇ ਰਾਜਾ ਮਾਨਧਾਤਾ ਨੂੰ ਉਸ ਨੇ ਰਾਜ ਗੱਦੀ ਬਖਸ਼ ਦਿੱਤੀ॥੫੬॥

**ਸਿ ਪਿਸਰਾਂ ਦਿਜਰ ਸ਼ਾਹਿ ਆਜ਼ਾਦ ਕਰਦ॥**
**ਨ ਦਾਨਿਸ਼ ਪਰਸਤੋ ਨ ਆਜ਼ਾਦ ਮਰਦ॥੫੭॥**

ਸਿ = ਤਿੰਨ ! ਪਿਸਰਾਂ = ਪੁੱਤਰਾਂ। ਆਜ਼ਾਦ ਕਰਦ = ਵੱਖਰਾ ਕਰ ਦਿੱਤਾ।

ਰਾਜਾ ਨੇ ਬਾਕੀ ਤਿੰਨਾਂ ਪੁੱਤਰਾਂ ਨੂੰ ਬਾਦਸ਼ਾਹੀ ਤੋਂ ਵੱਖਰਾ ਕਰ ਦਿੱਤਾ, ਕਿਉਂਕਿ ਉਹ ਨਾ ਤੇ ਅਕਲਮੰਦ ਸਨ ਤੇ ਨਾ ਹੀ ਵਿਕਾਰ ਰਹਿਤ ਸਨ॥੫੭॥

**ਕਿ ਓਰਾ ਬਰੋ ਜ਼ਰ ਸਿੰਘਾਸਨ ਨਿਸ਼ਾਦ॥**
**ਕਲੀਦੇ ਕੁਹਨ ਗੰਜਰਾ ਬਰ ਕੁਸ਼ਾਦ॥੫੮॥**

ਜ਼ਰ ਸਿੰਘਾਸਨ = ਸੁਨਹਿਰੀ ਤਖਤ।ਨਿਸ਼ਾਦ = ਬਿਠਾ ਦਿੱਤਾ।ਕਲੀਦੇ = ਕੁੰਜੀ।ਕੁਹਨ = ਪੁਰਾਣੇ। ਗੰਜਰਾ = ਖਜ਼ਾਨਾ। ਕੁਸ਼ਾਦ = ਖੋਲ੍ਹ ਦਿੱਤਾ।

ਰਾਜਾ ਨੇ ਦਲੀਪ ਨੂੰ ਸੁਨਹਿਰੀ ਸਿੰਘਾਸਣ ਤੇ ਬਿਠਾ ਦਿੱਤਾ ਤੇ ਪੁਰਾਣੇ ਖ਼ਜ਼ਾਨੇ, ਕੁੰਜੀ ਨਾਲ ਖੋਲ੍ਹਕੇ ਉਸ ਦੇ ਹਵਾਲੇ ਕਰ ਦਿੱਤੇ॥੫੮॥

**ਬਦੋ ਦਾਦ ਸ਼ਾਹੀ ਖੁਦ ਆਜ਼ਾਦ ਗਸ਼ਤ॥**
**ਬਪੋਸ਼ੀਦ ਦਲਕਸ਼ ਰਵਾਂ ਸ਼ੁਦ ਬਦਸ਼ਤ॥੫੯॥**

ਦਾਦ = ਦਿੱਤੀ।ਖੁਦ = ਆਪ।ਬਪੋਸ਼ੀਦ = ਪਾ ਲਈ।ਦਲਕਸ਼ = ਗੋਦੜੀ।ਰਵਾਂ ਸ਼ੁਦ = ਰਵਾਨਾ ਹੋ ਗਿਆ। ਬਦਸ਼ਤ = ਜੰਗਲ ਵਲ।

ਰਾਜਾ ਮਾਨਧਾਤਾ ਨੇ ਦਲੀਪ ਨੂੰ ਰਾਜ-ਗੱਦੀ ਦੇ ਦਿੱਤੀ ਤੇ ਆਪ ਸਭ ਬੰਧਨਾਂ ਤੋਂ ਮੁਕਤ ਹੋ ਗਿਆ। ਉਸ ਨੇ ਫਕੀਰਾਂ ਵਾਲੀ ਗੋਦੜੀ ਪਹਿਨ ਲਈ ਤੇ ਜੰਗਲ ਵੱਲ ਰਵਾਨਾ ਹੋ ਗਿਆ॥੫੯॥

ਇਸ ਹਿਕਾਯਤ ਨੂੰ ਲਿਖ ਕੇ ਸਤਿਗੁਰੂ ਜੀ ਔਰੰਗਜ਼ੇਬ ਨੂੰ ਇਹ ਸਿਖਿਆ ਦੇ ਰਹੇ ਹਨ ਕਿ ਵੇਖ ਔਰੰਗਜ਼ੇਬ ! ਰਾਜਾ ਮਾਨਧਾਤਾ ਨੇ ਰਾਜ-ਗੱਦੀ ਦੇਣ ਤੋਂ ਪਹਿਲਾਂ ਆਪਣੇ ਪੁੱਤਰਾਂ ਨੂੰ ਕਿਵੇਂ ਪਰਖਿਆ। ਰਾਜਾ ਦਲੀਪ ਨੂੰ ਰਾਜ-ਗੱਦੀ ਦੇ ਯੋਗ ਜਾਣ ਕੇ ਆਪਣੀ ਗੱਦੀ ਦਾ ਵਾਰਸ ਬਣਾਇਆ। ਰਾਜਾ ਦਲੀਪ ਨੇ ਆਪਣੀ ਹਿੰਮਤ ਤੇ ਨੇਕ ਕਮਾਈ ਨਾਲ ਦੋ ਸ਼ਹਿਰ ਵਸਾਏ। ਜਿਸ ਦਿੱਲੀ ਦੇ ਤਖਤ ਤੇ ਇਸ ਵੇਲੇ ਤੂੰ ਬੈਠਾ ਹੈਂ, ਇਹ ਉਸੇ ਰਾਜਾ ਦਲੀਪ ਦਾ ਵਸਾਇਆ ਸ਼ਹਿਰ ਹੈ। ਉਸ ਨੇ ਆਪਣੇ ਰਾਜ ਸਮੇਂ ਧਰਮ ਦਾ ਰਾਜ ਕੀਤਾ ਤੇ ਪਰਜਾ ਨੂੰ ਸੁਖੀ ਰੱਖਿਆ।

ਪਰ ਤੂੰ ਉਸ ਦਿੱਲੀ ਦੇ ਤਖਤ ਤੇ ਬੈਠਕੇ ਜੋ ਜ਼ੁਲਮ ਕਰ ਰਿਹਾ ਹੈਂ, ਉਸ ਤੋਂ ਪਰਜਾ ਦੁਖੀ ਹੈ। ਤੂੰ ਧੋਖੇ ਨਾਲ ਆਪਣੇ ਪਿਤਾ ਨੂੰ ਕੈਦ ਕਰਕੇ ਤੇ ਭਰਾਵਾਂ ਨੂੰ ਮਰਵਾਕੇ ਰਾਜ ਪ੍ਰਾਪਤ ਕੀਤਾ ਹੈ। ਜਦ ਤੂੰ ਹੇਰ ਫੇਰ ਕਰ ਕੇ ਹੀ ਰਾਜ ਲਿਆ ਹੈ, ਤਦ ਤੇਰੇ ਕੋਲੋਂ ਕਿਸੇ ਇਨਸਾਫ ਦੀ ਆਸ ਰਖਣੀ ਬਿਅਰਥ ਹੈ। ਯਾਦ ਰੱਖ, ਤੈਨੂੰ ਸੱਚੇ ਰੱਬ ਦੀ ਦਰਗਾਹ ਵਿਚ ਇਨ੍ਹਾਂ ਕੁਕਰਮਾਂ ਦਾ ਲੇਖਾ ਦੇਣਾ ਪੈਣਾ ਹੈ।

ਇਸ ਹਿਕਾਯਤ ਦੀ ਸਮਾਪਤੀ ਕਰਨ ਤੋਂ ਪਹਿਲਾਂ ਸਤਿਗੁਰੂ ਜੀ ਆਪਣੇ ਗੁਰਦੇਵ ਅਗੇ ਅਰਦਾਸ ਕਰਦੇ ਹਨ:-

Namdhari Elibrary NamdhariElibrary@gmail.com

**ਬਿਦੇਹ ਸਾਕੀਯਾ ਸਾਗਰੇ ਸਬਜ਼ ਰੰਗ॥**
**ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ॥੬੦॥**

ਦੇਹ = ਦਿਓ। ਸਾਕੀਆ = ਸ਼ਰਾਬ ਪਿਆਉਣ ਵਾਲੇ ਨੂੰ ਸਾਕੀ ਕਹਿੰਦੇ ਹਨ: ਏਥੇ ਭਾਵ ਗੁਰੂ ਤੋਂ ਹੈ। ਸਾਗਰੇ = ਪਿਆਲਾ। ਸਬਜ਼ ਰੰਗ = ਹਰਾ ਰੰਗ (ਹਰੀ ਦਾ ਨਾਮ)। ਮਰਾ = ਮੇਰੇ। ਬਕਾਰ = ਲਾਇਕ।

ਹੇ ਗੁਰਦੇਵ ! ਮੈਨੂੰ ਹਰੇ ਰੰਗ (ਹਰੀ ਦੇ ਨਾਮ) ਦਾ ਪਿਆਲਾ ਬਖਸ਼ੋ, ਜੋ ਮੇਰੇ ਲਾਇਕ ਹੈ ਤੇ ਜੋ ਜੰਗ ਅੰਦਰ ਮੇਰੇ ਕੰਮ ਆਉਣ ਵਾਲਾ ਹੈ॥੬੦॥

**ਬ ਮਨ ਦਿਹ ਕਿ ਬਖ਼ਤ ਆਜ਼ਮਾਈ ਕੁਨਮ॥**
**ਜ਼ਿ ਤੇਗ਼ੇ ਖ਼ੁਦਸ਼ ਕਾਰਵਾਈ ਕੁਨਮ॥੬੧॥੨॥**

ਮਨ = ਮਨੂੰ। ਬਖਤ = ਭਾਗ। ਤੇਗ਼ੇ = ਤਲਵਾਰ।

ਹੇ ਪ੍ਰਭੂ ਮੈਨੂੰ ਇਹ ਦਾਤ ਬਖਸ਼, ਤਾਂਕਿ ਮੈਂ ਆਪਣੇ ਭਾਗਾਂ ਦੀ ਅਜ਼ਮਾਇਸ਼ ਕਰਾਂ ਅਤੇ ਆਪਣੀ ਤਲਵਾਰ ਦੀ ਕਾਰਵਾਈ ਕਰਾਂ॥੬੧॥

ਭਾਵ-ਹੇ ਸਤਿਗੁਰੂ ਜੀ! ਮੈਨੂੰ ਪ੍ਰਭੂ ਦੇ ਨਾਮ ਦੀ ਦਾਤ ਬਖਸ਼ੋ, ਤਾਂਕਿ ਮੈਂ ਦ੍ਰਿੜ੍ਹਤਾ ਨਾਲ ਜ਼ੁਲਮ ਨੂੰ ਨਾਸ ਕਰਨ ਲਈ ਆਪਣੀ ਤਲਵਾਰ ਦੇ ਜ਼ੌਹਰ ਵਿਖਾਵਾਂ ਤੇ ਤੇਰੀ ਆਗਿਆ ਦਾ ਪਾਲਣ ਕਰਦਾ ਹੋਇਆ ਧਰਮ ਦਾ ਪ੍ਰਚਾਰ ਕਰਾਂ।

**ਹਿਕਾਯਤ ਦੂਸਰੀ ਸਮਾਪਤ**

✡ ✡ ✡ ✡ ✡ ✡ ✡

# ਹਿਕਾਯਤ ਤੀਸਰੀ

## ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

**ਖ਼ੁਦਾਵੰਦ ਦਾਨਿਸ਼ ਦਿਹੈ ਦਾਦਗਰ॥**
**ਰਜ਼ਾ ਬਖਸ਼ ਰੋਜ਼ੀ ਦਿਹੋ ਹਰ ਹੁਨਰ॥੧॥**

ਖ਼ੁਦਾਵੰਦ = ਪਰਮਾਤਮਾ। ਦਾਨਿਸ਼ = ਦਨਾਈ, ਸਮਝ। ਦਾਦਗਰ = ਇਨਸਾਫ ਕਰਨ ਵਾਲਾ। ਰਜ਼ਾ = ਭਾਣਾ। ਹੁਨਰ = ਵਿਦਿਆ।

ਪਰਮਾਤਮਾ ਅਕਲ ਦੇਣ ਵਾਲਾ ਤੇ ਇਨਸਾਫ ਕਰਨ ਵਾਲਾ ਹੈ। ਉਹ ਭਾਣੇ ਦੀ ਦਾਤ ਬਖਸ਼ਣ

ਵਾਲਾ, ਰਿਜ਼ਕ ਦੇਣ ਵਾਲਾ ਤੇ ਹਰ ਇਕ ਵਿਦਿਆ ਦਾ ਦਾਤਾ ਹੈ॥੧॥

**ਅਮਾਂ ਬਖਸ਼ ਬਖਸ਼ਿੰਦਹ ੳ ਦਸਤਗੀਰ॥**
**ਕੁਸ਼ਾਯਸ਼ ਕੁਨੋ ਰਹਿਨੁਮਾਯਸ਼ ਪਜ਼ੀਰ॥੨॥**

ਅਮਾਂ = ਸੁਖ, ਆਰਾਮ। ਬਖਸ਼ਿੰਦਹ = ਬਖਸ਼ਣਹਾਰ। ਦਸਤਗੀਰ = ਹੱਥ ਫੜਨ ਵਾਲਾ। ਕੁਸ਼ਾਯਸ਼ ਕੁਨੋ = ਖਲਾਸੀ ਕਰਨ ਵਾਲਾ। ਰਹਿਨੁਮਾਯਸ਼ = ਰਾਹ ਦਿਖਾਉਣ ਵਾਲਾ। ਪਜ਼ੀਰ = ਮਨ ਨੂੰ ਭਾਉਣ ਵਾਲਾ।

ਪਰਮਾਤਮਾ ਸੁਖਾਂ ਨੂੰ ਦੇਣ ਵਾਲਾ ਹੈ, ਬਖਸ਼ਣਹਾਰ ਹੈ ਤੇ ਹਰ ਔਕੜ ਸਮੇਂ ਹੱਥ ਫੜਨ ਵਾਲਾ ਹੈ। ਬੰਧਨਾਂ ਨੂੰ ਨਾਸ ਕਰਨ ਵਾਲਾ, ਅਸਲ ਰਾਹ ਦੱਸਣ ਵਾਲਾ ਤੇ ਮਨ ਨੂੰ ਚੰਗਾ ਲੱਗਣ ਵਾਲਾ ਹੈ॥੨॥

**ਹਿਕਾਯਤ ਸ਼ੁਨੀਦਮ ਯਕੇ ਨੇਕ ਮਰਦ॥**
**ਕਿ ਅਜ਼ ਦੌਰ ਦੁਸ਼ਮਨ ਬਰਾ ਵੁਰਦ ਗਰਦ॥੩॥**

ਸ਼ੁਨੀਦਮ = ਸੁਣੀ ਹੈ। ਨੇਕ ਮਰਦ = ਚੰਗਾ ਇਨਸਾਨ। ਦੌਰ = ਜ਼ਮਾਨਾ। ਵੁਰਦ = ਲੈ ਆਂਦੀ। ਗਰਦ = ਖਾਕ।

ਐ ਔਰੰਗਜ਼ੇਬ ! ਅਸਾਂ ਇਕ ਚੰਗੇ ਇਨਸਾਨ ਦੀ ਕਹਾਣੀ ਸੁਣੀ ਹੈ, ਜਿਸ ਨੇ ਦੁਸ਼ਮਨ ਦੇ ਜ਼ਮਾਨੇ ਦੀ ਖਾਕ ਉਡਾ ਦਿੱਤੀ ਸੀ ਭਾਵ ਜਿਸ ਨੇ ਦੁਸ਼ਮਨ ਨੂੰ ਖਤਮ ਕਰਕੇ ਧੂੜ ਵਿਚ ਮਿਲਾ ਦਿੱਤਾ ਸੀ॥੩॥

**ਖਸਮ ਅਫ਼ਕਨੋ ਸ਼ਾਹਿ ਚੀਂ ਦਿਲ ਫ਼ਿਰਾਜ਼॥**
**ਗ਼ਰੀਬੁਲ ਨਿਵਾਜ਼ੋ ਗ਼ਨੀਮੁਲ ਗੁਦਾਜ਼॥੪॥**

ਖਸਮ = ਵੈਰੀ। ਅਫਕਨੋ = ਪਛਾੜਨ ਵਾਲਾ। ਚੀਂ = ਚੀਨ। ਦਿਲ ਫ਼ਿਰਾਜ਼ = ਉਦਾਰ ਚਿੱਤ। ਗੁਦਾਜ਼ = ਨਾਸ ਕਰਨ ਵਾਲਾ।

ਉਹ ਚੀਨ ਦੇਸ਼ ਦਾ ਬਾਦਸ਼ਾਹ ਸੀ, ਦੁਸ਼ਮਣਾਂ ਨੂੰ ਪਛਾੜਨ ਵਾਲਾ ਸੀ ਅਤੇ ਉਦਾਰ ਚਿੱਤ ਸੀ। ਉਹ ਗ਼ਰੀਬਾਂ ਦੀ ਰਖਿਆ ਕਰਨ ਵਾਲਾ ਤੇ ਦੁਸ਼ਮਣਾਂ ਨੂੰ ਨਾਸ ਕਰਨ ਵਾਲਾ ਸੀ॥੪॥

**ਜ਼ਿ ਰਜ਼ਮੋ ਬ ਬਜ਼ਮੋ ਹਮਹ ਬੰਦੁਬਸਤ॥**
**ਕਿ ਬਿਸਯਾਰ ਤੇਗ਼ ਅਸਤ ਹੁਸ਼ਯਾਰ ਦਸਤ॥੫॥**

ਰਜ਼ਮ = ਜੰਗ। ਬਜ਼ਮ = ਮਜਲਸ, ਸਭਾ। ਬੰਦੁਬਸਤ = ਪ੍ਰਬੰਧ। ਬਿਸਯਾਰ = ਬਹੁਤ।

ਉਹ ਜੰਗ ਵਿਚ ਤੇ ਸਭਾ ਵਿਚ ਯਗ ਪ੍ਰਬੰਧ ਕਰਨ ਵਾਲਾ ਸੀ ਤੇ ਤਲਵਾਰ ਦਾ ਧਨੀ

ਤੇ ਹੱਥਾਂ ਦਾ ਫੁਰਤੀਲਾ ਸੀ॥੫॥

**ਨਿਵਾਲਹ ਪਿਯਾਲਹ ਜਿ ਰਜ਼ਮੋ ਬ ਬਜ਼ਮ॥**
**ਤੁ ਗੁਫਤੀ ਕਿ ਦੀਗਰ ਯਲੇ ਸ਼ੁਦ ਬ ਬਜ਼ਮ॥੬॥**

ਨਿਵਾਲਹ = ਖਾਣਾ। ਪਿਯਾਲਹ = ਸ਼ਰਾਬ ਦਾ ਜਾਮ। ਰਜ਼ਮੋ = ਜੰਗ। ਬਜ਼ਮ = ਮਜਲਸ। ਯਲੇ = ਸੂਰਮਾ।

ਖਾਣ ਪੀਣ, ਜੰਗ ਤੇ ਮਜਲਸ ਵਿਚ, ਉਹ ਸਭ ਤੋਂ ਤੇਜ਼ ਸੀ। ਤੂੰ ਉਸਨੂੰ ਵੇਖਕੇ ਇਹ ਕਹੇਂਗਾ ਕਿ ਮਜਲਸ ਵਿਚ ਇਹੋ ਸੂਰਮਾ ਹੋਇਆ ਹੈ॥੬॥

**ਜ਼ਿ ਤੀਰੋ ਤੁਫੰਗ ਹਮ ਚੁ ਆਮੁਖ਼ਤਹ ਸ਼ੁਦ॥**
**ਤੁ ਗੋਈ ਕਿ ਦਰ ਸ਼ਿਕਮ ਅੰਦੋਖਤਹ ਸ਼ੁਦ॥੭॥**

ਤਫੰਗ = ਬੰਦਕ। ਆਮੁਖਤਹ = ਸਿਖਿਆ ਹੋਇਆ ਸੀ। ਗੋਈ = ਕਹੇਂਗਾ। ਸ਼ਿਕਮ = ਪੇਟ। ਅੰਦੋਖਤਹ = ਇਕੱਠਾ।

ਉਹ ਤੀਰ ਤੇ ਬਦੂਕ ਚਲਾਉਣੀ ਇਹੋ ਜਿਹੀ ਸਿਖਿਆ ਹੋਇਆ ਸੀ ਕਿ ਤੂੰ ਵੇਖ ਕੇ ਇਹ ਕਹੇਂਗਾ ਕਿ ਇਹ ਮਾਂ ਦੇ ਪੇਟ ਵਿਚੋਂ ਹੀ ਸਭ ਕੁਝ ਇਕੱਠਾ ਕਰਕੇ ਲਿਆਇਆ ਹੈ ਅਰਥਾਤ ਸਭ ਕੁਝ ਸਿਖ ਕੇ ਆਇਆ ਹੈ॥੭॥

**ਚੁ ਮਾਲਸ਼ ਗਿਰਾਨਸ਼ ਮਤਾਯਸ਼ ਅਜ਼ੀਮ॥**
**ਕਿ ਮੁਲਕਸ਼ ਬਸੇ ਅਸਤ ਬਖਸ਼ਸ਼ ਕਰੀਮ॥੮॥**

ਮਾਲਸ਼ = ਦੌਲਤ। ਗਿਰਾਨਸ਼ = ਭਾਰੀ। ਮਤਾਯਸ਼ = ਖਜ਼ਾਨਾ। ਅਜ਼ੀਮ = ਵੱਡਾ। ਮੁਲਕਸ਼ = ਦੇਸ਼। ਬਸੇ = ਬਹੁਤ। ਬਖਸ਼ਸ਼ ਕਰੀਮ = ਦਾਤ ਦੇਣ ਵਾਲਾ ਤੇ ਕ੍ਰਿਪਾਲੂ।

ਉਸ ਕੋਲ ਧਨ ਦੌਲਤ ਬਹੁਤ ਸੀ ਤੇ ਖਜ਼ਾਨਾ ਵੀ ਉਸ ਦਾ ਬਹੁਤ ਵੱਡਾ ਸੀ। ਉਹ ਕਈ ਦੇਸ਼ਾਂ ਦਾ ਮਾਲਕ ਸੀ ਤੇ ਦਾਤਾਂ ਦੇਣ ਵਾਲਾ ਅਤੇ ਕ੍ਰਿਪਾਲੂ ਸੀ॥੮॥

**ਅਜ਼ੋ ਬਾਦਸ਼ਾਹੀ ਬ ਆਖ਼ਿਰ ਸ਼ੁਦਸਤ**
**ਨਿਸ਼ਸਤੰਦ ਵਜ਼ੀਰਾਨ ਓ ਪੇਸ਼ ਪਸਤ॥੯॥**

ਆਖ਼ਿਰ = ਅੰਤ। ਨਿਸ਼ਸਤੰਦ = ਬੈਠ ਗਏ। ਪੇਸ਼ ਪਸਤ = ਅਗੇ ਪਿਛੇ।

ਜਿਸ ਵੇਲੇ ਉਹ ਬਾਦਸ਼ਾਹ ਮਰਨ ਲੱਗਾ ਤਦ ਵਜ਼ੀਰ ਉਸ ਦੇ ਅਗੇ ਪਿਛੇ ਆ ਬੈਠੇ॥੯॥

**ਜ਼ਿ ਤੋ ਪਸ ਕਿਰਾ ਬਾਦਸ਼ਾਹੀ ਦਿਹਮ॥**
**ਕਿਰਾ ਤਾਜਿ ਇਕਬਾਲ ਬਰ ਸਰ ਨਿਹਮ॥੧੦॥**

Namdhari Elibrary NamdhariElibrary@gmail.com

ਸ਼ਿ ਤੋ = ਤੁਹਾਡੇ। ਪਸ = ਪਿਛੋਂ। ਕਿਰਾ = ਕਿਸ ਨੂੰ। ਦਿਹਮ = ਦੇਈਏ। ਇਕਬਾਲ = ਪ੍ਰਤਾਪ। ਸਰ = ਸਿਰ। ਨਿਹਮ = ਰਖੀਏ।

ਵਜ਼ੀਰ ਉਸਨੂੰ ਪੁੱਛਣ ਲੱਗੇ ਕਿ ਤੁਹਾਡੇ ਪਿਛੋਂ ਇਹ ਰਾਜ-ਗੱਦੀ ਕਿਸ ਨੂੰ ਦੇਈਏ ਤੇ ਇਹ ਬੜੇ ਪ੍ਰਤਾਪ ਵਾਲਾ ਤਾਜ ਕਿਸ ਦੇ ਸਿਰ ਤੇ ਰਖੀਏ?॥੧੦॥

**ਕਿਰਾ ਮਰਦ ਅਜ਼ ਖ਼ਾਨਾ ਬੇਰੂੰ ਕੁਨਦ॥**
**ਕਿਰਾ ਬਖ਼ਤ ਇਕਬਾਲ ਬਰ ਸਰ ਨਿਹਦ॥੧੧॥**

ਕਿਰਾ ਮਰਦ = ਕਿਸ ਆਦਮੀ ਨੂੰ। ਅਜ਼ ਖ਼ਾਨਾ = ਘਰ ਤੋਂ। ਬੇਰੂੰ = ਬਾਹਰ। ਕੁਨਦ = ਕਰੀਏ।

ਕਿਸ ਆਦਮੀ ਨੂੰ ਅਸੀਂ ਘਰ ਤੋਂ ਬਾਹਰ ਕਰੀਏ? ਕਿਸ ਦੇ ਸਿਰ ਤੇ ਪ੍ਰਤਾਪ ਵਾਲੀ ਕਿਸਮਤ ਰਖੀਏ? ਦੱਸੋ ਇਹ ਰਾਜ ਭਾਗ ਕਿਸ ਨੂੰ ਸੌਂਪੀਏ?॥੧੧॥

**ਬ ਹੋਸ਼ ਅੰਦਰ ਆਮਦ ਕੁਸ਼ਾਦੋ ਦੁ ਚਸ਼ਮ॥**
**ਬ ਗੁਫ਼ਤਹ ਸੁਖ਼ਨ ਸ਼ਾਹਿ ਪੋਸ਼ੀਨ ਰਸਮ॥੧੨॥**

ਬ ਹੋਸ਼ = ਹੋਸ਼ ਵਿਚ। ਕੁਸ਼ਾਦੋ = ਖੋਲ੍ਹੀਆਂ। ਦੁ ਚਸ਼ਮ = ਦੋਵੇਂ ਅੱਖਾਂ। ਗੁਫ਼ਤਹ = ਕਿਹਾ। ਸੁਖਨ = ਬਚਨ। ਪੋਸ਼ੀਨ ਰਸਮ = ਪਹਿਲੀ ਮਰਯਾਦਾ।

ਵਜ਼ੀਰਾਂ ਦੀ ਇਹ ਗੱਲ ਸੁਣਕੇ ਬਾਦਸ਼ਾਹ ਸੁਰਤ ਵਿਚ ਆਇਆ ਤੇ ਉਸ ਨੇ ਅੱਖਾਂ ਖੋਲ੍ਹੀਆਂ ਅਤੇ ਪੁਰਾਤਨ ਮਰਯਾਦਾ ਦੇ ਬਚਨ ਕਹੇ॥੧੨॥

**ਨ ਪਾਓ ਨ ਦਸਤੋ ਨ ਚਸ਼ਮੋ ਜ਼ੁਬਾਂ॥**
**ਨ ਹੋਸ਼ੋ ਨ ਹਿੰਮਤ ਨ ਹੈਬਤ ਕਸਾਂ॥੧੩॥**

ਪਾਓ = ਪੈਰ। ਦਸਤੋ = ਹੱਥ। ਚਸ਼ਮੋ = ਨੇਤਰ। ਜ਼ੁਬਾਂ = ਜ਼ਬਾਨ। ਹੋਸ਼ੋ = ਹੁਸ਼ਿਆਰੀ। ਹਿੰਮਤ = ਉਦਮ। ਹੈਬਤ = ਡਰ। ਕਸਾਂ = ਕਿਸ ਦਾ।

ਜਿਸ ਦੇ ਪੈਰ ਨਹੀਂ, ਹੱਥ ਨਹੀਂ, ਅੱਖਾਂ ਨਹੀਂ ਤੇ ਨਾ ਹੀ ਜ਼ਬਾਨ ਹੈ। ਜਿਸ ਨੂੰ ਹੋਸ਼ ਨਹੀਂ, ਹਿੰਮਤ ਨਹੀਂ ਤੇ ਨਾ ਹੀ ਕਿਸੇ ਦਾ ਡਰ ਹੈ॥੧੩॥

**ਨ ਹਉਲੋ ਨ ਹਿੰਮਤ ਨ ਹੀਲਹ ਨ ਹੋਸ਼॥**
**ਨ ਬੀਨੀ ਨ ਬੀਨਾਯਗੀ ਹਰ ਦੁ ਗੋਸ਼॥੧੪॥**

ਹਉਲੋ = ਦਿਲ ਧੜਕਣ। ਹਿੰਮਤ = ਉੱਦਮ। ਹੀਲਹ = ਬਹਾਨਾ। ਬੀਨੀ = ਨੱਕ। ਬੀਨਾਯਗੀ = ਨਿਗਾਹ। ਗੋਸ਼ = ਕੰਨ।

ਜਿਸ ਪਾਸ ਧੜਕਦਾ ਦਿਲ ਨਹੀ, ਉੱਦਮ ਨਹੀ, ਹੀਲਾ ਨਹੀ ਅਤੇ ਨਾ ਹੀ ਹੋਸ਼ ਹਨ। ਜਿਸ

Namdhari Elibrary NamdhariElibrary@gmail.com

ਪਾਸ ਨੱਕ ਨਹੀਂ. ਨਜ਼ਰ ਨਹੀਂ ਅਤੇ ਨਾ ਹੀ ਦੋਵੇਂ ਕੰਨ ਹਨ॥੧੪॥

**ਹਰਾਂ ਕਸ ਕਿ ਹਸਤ ਆਜ਼ਮਾਯਸ਼ ਬਵਦ॥**
**ਵਜ਼ਾਂ ਦਉਰ ਦੀ ਬਾਦਸ਼ਾਹਸ਼ ਬਵਦ॥੧੫॥**

ਹਰਾਂ ਕਸ ਕਿ = ਜਿਸ ਕਿਸੇ ਦੇ। ਬਵਦ = ਹੋਣ। ਵਜ਼ਾਂ = ਉਸ ਨੂੰ।

ਜਿਸ ਵਿਅਕਤੀ ਦੀ ਅਜ਼ਮਾਇਸ਼ ਕਰਨ ਤੇ ਇਹ ਸਿਫਤਾਂ ਹੋਣ. ਉਸ ਨੂੰ ਇਸ ਦੌਰ ਦੀ ਬਾਦਸ਼ਾਹੀ ਦੇਵੋ॥੧੫॥

ਭਾਵ-ਉਪਰ ਲਿਖੀਆਂ ਸਿਫਤਾਂ ਵਾਲੇ ਪੁਰਸ਼ ਨੂੰ ਰਾਜ-ਗੱਦੀ ਦਿੱਤੀ ਜਾਵੇ ਤਾਂ ਉਹ ਧਰਮ ਦਾ ਰਾਜ ਕਰੇਗਾ।

**ਅਜਬ ਮਾਂਦ ਦਾਨਾਇ ਦਉਰ ਈਂ ਜਵਾਬ॥**
**ਸੁਖ਼ਨ ਬਾਜ਼ ਦੀਗਰ ਕੁਨਦ ਬਾ ਸਵਾਬ॥੧੬॥**

ਅਜਬ = ਅਸਚਰਜ। ਦਾਨਾਇ = ਅਕਲਵੰਦ। ਈਂ = ਇਸ। ਸੁਖਨ = ਬਚਨ। ਸਵਾਬ = ਭਲਿਆਈ।

ਉਸ ਬਾਦਸ਼ਾਹ ਦੇ ਬਚਨ ਸੁਣਕੇ ਅਕਲਵੰਦ ਬੜੇ ਹੈਰਾਨ ਹੋਏ। ਫਿਰ ਉਨ੍ਹਾਂ ਨੇ ਭਲਿਆਈ ਦੇ ਹੋਰ ਬਚਨ ਕਹੇ॥੧੬॥

**ਬ ਕਿੰਗਸ਼ ਦਰਆਮਦ ਦਿਰੰਗਸ਼ ਗਿਰਿਫਤ॥**
**ਜਵਾਬੇ ਸੁਖਨ ਰਾ ਬਰੰਗਸ਼ ਗਿਰਿਫਤ॥੧੭॥**

ਕਿੰਗਸ਼ = ਗਿਣਤੀ। ਦਰਆਮਦ = ਆਏ। ਦਿਰੰਗਸ਼ = ਦੇਰੀ। ਬਰੰਗਸ਼ = ਚੰਗੀ ਤਰ੍ਹਾਂ। ਗਿਰਿਫਤ = ਫੜਨਾ।

ਸਾਰੇ ਵਜ਼ੀਰ ਗਿਣਤੀਆਂ ਵਿਚ ਪੈ ਗਏ ਤੇ ਉੱਤਰ ਦੇਣ ਵਿਚ ਉਨ੍ਹਾਂ ਢਿਲ ਲਾਈ।

ਭਾਵ-ਵਜ਼ੀਰ ਸੋਚਣ ਲੱਗ ਪਏ ਤੇ ਬਾਦਸ਼ਾਹ ਨੂੰ ਝਟ ਪਟ ਜਵਾਬ ਨਾ ਦੇ ਸਕੇ॥੧੭॥

**ਚਪੋ ਰਾਸਤਸ਼ ਕਰਦ ਚਰਖੇ ਜ਼ੁਬਾਂ॥**
**ਬਰਾਵੁਰਦ ਸੁਖਨੇ ਚ ਕੈਬਰ ਕਮਾਂ॥੧੮॥**

ਚਪੋ = ਖੱਬੇ। ਰਾਸਤਸ਼ = ਸੱਜੇ। ਚਰਖੇ = ਚੱਕਰ। ਬਰਾਂਵੁਰਦ = ਬਾਹਰ ਲਿਆਂਦਾ। ਕੈਬਰ = ਤੀਰ। ਕਮਾਂ = ਕਮਾਨ।

ਸਾਰੇ ਵਜ਼ੀਰ ਆਪਣੀ ਆਪਣੀ ਜ਼ਬਾਨ ਨੂੰ ਸੱਜੇ ਖੱਬੇ ਚੱਕਰ ਵਾਂਗੂੰ ਫੇਰਨ ਲੱਗੇ। ਓਹਨਾਂ ਨੇ ਆਪਣੇ ਬਚਨਾਂ ਨੂੰ ਏਨੀ ਛੇਤੀ ਮੂੰਹ ਵਿਚੋਂ ਬਾਹਰ ਕਢਿਆ, ਜਿਵੇਂ ਕਮਾਨ ਵਿਚੋਂ ਤੀਰ ਨਿਕਲਦਾ

Namdhari Elibrary NamdhariElibrary@gmail.com

ਹੈ ਅਰਥਾਤ ਝਟ ਪਟ ਜੁਆਬ ਦਿੱਤਾ॥੧੮॥

**ਕਿ ਏ ਸ਼ਾਹਿ ਹੁਸ਼ਿਯਾਰ ਆਜ਼ਾਦ ਮਗਜ਼॥**
**ਚਿਰਾਮੇ ਤੁ ਗੋਈ ਦਰੀਂ ਕਾਰ ਨਗਜ਼॥੧੯॥**

ਏ ਸ਼ਾਹਿ = ਹੇ ਰਾਜਨ ! ਹੁਸ਼ਿਯਾਰ = ਸਿਆਣਾ। ਆਜ਼ਾਦ ਮਗਜ਼ = ਸੁਤੰਤਰ ਦਿਮਾਗ। ਗੋਈ = ਕਥਨ। ਨਗਜ਼ = ਅਸਚਰਜ।

ਹੇ ਰਾਜਨ ! ਤੁਸੀਂ ਬੜੇ ਸਿਆਣੇ ਤੇ ਆਜ਼ਾਦ ਦਿਮਾਗ ਵਾਲੇ ਹੋ। ਤੁਸੀ ਇਹ ਕੀ ਕਿਹਾ ਹੈ? ਅਸੀਂ ਬੜੇ ਹੈਰਾਨ ਹਾਂ॥੧੯॥

**ਕਸੇ ਕਾ ਸ਼ਵਦ ਕਾਰ ਈਂ ਦਰ ਜ਼ਮਾਂ॥**
**ਵਜ਼ਾਂ ਹਸਤ ਐਬ ਅਸਤ ਜ਼ਾਹਰ ਜਹਾਂ॥੨੦॥**

ਕਸੇ = ਜੇਹੜਾ ਕੋਈ। ਹਸਤ = ਹੱਥ। ਐਬ = ਬੁਰਾ।

ਜਿਸ ਆਦਮੀ ਦਾ ਜ਼ਮਾਨੇ ਵਿਚ ਇਸ ਤਰ੍ਹਾਂ ਦਾ ਕਾਰ ਵਿਹਾਰ ਹੋਵੇ, ਉਸ ਦੇ ਹੱਥ ਰਾਜ ਸੌਂਪ ਦੇਣਾ ਪ੍ਰਤੱਖ ਤੌਰ ਤੇ ਹੀ ਬੁਰਾ ਹੈ॥੨੦॥

ਭਾਵ-ਹੇ ਰਾਜਨ ! ਆਪ ਨੇ ਜਿਨ੍ਹਾਂ ਲੱਛਣਾਂ ਵਾਲੇ ਆਦਮੀ ਦਾ ਜ਼ਿਕਰ ਕੀਤਾ ਹੈ, ਇਹੋ ਜਿਹੇ ਆਦਮੀ ਨੂੰ ਰਾਜ-ਗੱਦੀ ਸੌਂਪ ਦੇਣੀ ਬਹੁਤ ਬੁਰੀ ਹੈ। ਆਪ ਦੇ ਇਸ ਬਚਨ ਵਿਚ ਕੀ ਰਾਜ਼ ਹੈ ?

**ਕਿ ਈਂ ਹਸਤ ਐਬੋ ਤੁ ਗੋਈ ਹੁਨਰ॥**
**ਕਿ ਏ ਸ਼ਾਹ ਸ਼ਾਹਾਨ ਹਮਹ ਬਹਰ ਬਰ॥੨੧॥**

ਐਬੋ = ਔਗੁਣ। ਹੁਨਰ = ਗੁਣ। ਬਹਰ ਬਰ = ਸਮੁੰਦਰ ਤੇ ਧਰਤੀ।

ਹੇ ਧਰਤੀ ਤੇ ਸਮੁੰਦਰ ਦੇ ਬਾਦਸ਼ਾਹ ! ਦੁਨੀਆਂ ਤਾਂ ਇਨ੍ਹਾਂ ਲੱਛਣਾਂ ਨੂੰ ਔਗਣ ਕਹਿੰਦੀ ਹੈ ਤੇ ਤੁਸੀਂ ਇਨ੍ਹਾਂ ਲੱਛਣਾਂ ਨੂੰ ਗੁਣ ਕਹਿੰਦੇ ਹੋ॥੨੧॥

**ਨ ਦਰ ਜੰਗ ਪੁਸ਼ਤੋ ਨ ਦੁਸ਼ਨਾਮ ਦਾਦ॥**
**ਨ ਅੰਗੁਸਤ ਬਰ ਹਰਫਿ ਦੁਸ਼ਮਨ ਨਿਹਾਦ॥੨੨॥**

ਪੁਸ਼ਤੋ = ਪਿੱਠ। ਦੁਸ਼ਨਾਮ = ਗਾਲ੍ਹ। ਦਾਦ = ਦਿੱਤੀ। ਅੰਗੁਸਤ = ਅੰਗੂਠਾ। ਨਿਹਾਦ = ਰਖੀ।

ਨਾ ਹੀ ਆਪ ਨੇ ਜੰਗ ਅੰਦਰ ਪਿੱਠ ਦਿਖਾਈ ਹੈ ਤੇ ਨਾ ਹੀ ਕਦੀ ਦੁਸ਼ਮਣ ਨੂੰ ਗਾਲ੍ਹ ਦਿੱਤੀ ਹੈ। ਨਾ ਹੀ ਆਪ ਦੀ ਕਿਸੇ ਲਿਖਤ ਉਤੇ ਦੁਸ਼ਮਣ ਨੇ ਕਦੀ ਉਂਗਲ ਰਖੀ ਹੈ, ਭਾਵ ਆਪ ਦੇ ਹੁਕਮ ਨੂੰ ਕਦੀ ਕਿਸੇ ਰੱਦ ਨਹੀਂ ਕੀਤਾ॥੨੨॥

Namdhari Elibrary NamdhariElibrary@gmail.com

**ਨ ਆਰਾਮ ਦੁਸ਼ਮਨ ਨ ਅਜ਼ਾਰਿ ਦੋਸਤ॥**
**ਜਵਾਬੇ ਗਦਾ ਰਾ ਅਦੂਰਾ ਬਪੋਸਤ॥੨੩॥**

ਆਰਾਮ = ਸੁਖ, ਚੈਨ। ਅਜ਼ਾਰਿ = ਦੁਖ। ਗਦਾ = ਮੰਗਤਾ। ਅਦੂਰਾ = ਵੈਰੀ। ਬਪੋਸਤ = ਖੱਲ ਉਤਾਰਨੀ।

ਤੁਸੀਂ ਕਦੀ ਵੀ ਦੁਸ਼ਮਣ ਨੂੰ ਚੈਨ ਨਹੀਂ ਲੈਣ ਦਿੱਤਾ ਤੇ ਮਿੱਤਰਾਂ ਨੂੰ ਦੁਖ ਨਹੀਂ ਦਿੱਤਾ। ਤੁਸੀਂ ਘਰ ਆਏ ਮੰਗਤੇ ਨੂੰ ਖਾਲੀ ਨਹੀਂ ਮੋੜਿਆ ਤੇ ਵੈਰੀ ਦੀ ਖੱਲ ਲਾਹੇ ਬਗੈਰ ਨਹੀਂ ਛੱਡਿਆ ਭਾਵ ਦੁਸ਼ਮਣ ਨੂੰ ਕਰੜੇ ਹੱਥਾਂ ਨਾਲ ਸੋਧਿਆ ਹੈ॥੨੩॥

**ਨਵੀ ਸ਼ਿੰਦਹ ਰਾ ਜਾਂ ਨ ਹਰਫ਼ੋ ਨਿਹਦ॥**
**ਸੁਖ਼ਨ ਰਾ ਬ ਹੱਕ ਜਾਇ ਸ਼ਰਫ਼ੋ ਦਿਹਦ॥੨੪॥**

ਨਵੀਸ਼ਿੰਦਹ = ਲਿਖਾਰੀ ਮੁਨਸ਼ੀ। ਨਿਹਦ = ਰਖੀ। ਹਰਫੋ = ਔਗੁਣ। ਹੱਕ = ਸੱਚ। ਜਾਇ = ਪਦਵੀ। ਸ਼ਰਫੋ = ਵਡਿਆਈ।

ਤੁਸੀਂ ਕਿਸੇ ਲਿਖਾਰੀ ਨੂੰ ਆਪਣੇ ਔਗੁਣ ਲਿਖਣ ਦੀ ਗੁੰਜਾਇਸ਼ ਹੀ ਨਹੀਂ ਦਿੱਤੀ ਤੇ ਸੱਚਾ ਬਚਨ ਕਰਨ ਵਾਲੇ ਨੂੰ ਵਡਿਆਈ ਵਾਲੀ ਪਦਵੀ ਦਿੱਤੀ ਹੈ॥੨੪॥

**ਨ ਉਸਤਾਦ ਰਾ ਦਾਦ ਜਾਏ ਸੁਖ਼ਨ॥**
**ਫਰਾਮੋਸ਼ਗੀ ਚੂੰ ਬ ਕਾਰੇ ਕੁਹਨ॥੨੫॥**

ਉਸਤਾਦ = ਸਿਖਿਆ ਦੇਣ ਵਾਲਾ। ਫਰਾਮੋਸ਼ਗੀ = ਭੁਲਾਣਾ। ਕੁਹਨ = ਪੁਰਾਣੀ।

ਤੁਸੀਂ ਹਾਲੇ ਤਕ ਕਿਸੇ ਉਸਤਾਦ ਨੂੰ ਵੀ ਕੋਈ ਬਚਨ ਕਹਿਣ ਦੀ ਜਗ੍ਹਾ ਨਹੀਂ ਦਿੱਤੀ। ਤੁਸੀਂ ਬਾਦਸ਼ਾਹਾਂ ਦੀ ਪੁਰਾਣੀ ਮਰਯਾਦਾ ਨੂੰ ਕਿਉਂ ਭੁਲ ਗਏ ਹੋ ?॥੨੫॥

**ਬ ਬਦ ਮਸਲਿਹਤ ਕਸ ਨ ਦਾਦਨ ਦਿਗਰ॥**
**ਬਿਹਸ ਨਾਮ ਓ ਚੂੰ ਤੁ ਗੋਯਦ ਹੁਨਰ॥੨੬॥**

ਬਦ = ਬੁਰੀ। ਮਸਲਿਹਤ = ਸਲਾਹ। ਦਾਦਨ = ਦਿੱਤੀ। ਬਹਿਸ = ਹੋਸ਼। ਗੋਯਦ ਹੁਨਰ = ਗੁਣ।

ਤੁਸੀਂ ਕਦੀ ਕਿਸੇ ਆਦਮੀ ਨੂੰ ਬੁਰੀ ਸਲਾਹ ਨਹੀਂ ਦਿੱਤੀ। ਤਸੀਂ ਹੋਸ਼ ਸੰਭਾਲ ਕੇ ਔਗੁਣਾਂ ਨੂੰ ਗੁਣ ਕਿਵੇਂ ਆਖ ਦਿੱਤਾ ਹੈ ?॥੨੬॥

**ਬ ਬੀਨਦ ਦਿਗਰ ਜ਼ਨ ਬ ਚਸ਼ਮੋ ਖ਼ੁਦਸ਼॥**
**ਨ ਬਦ ਕਾਰ ਕਸ ਕਰਦ ਨਜਰੇ ਬਦਸ਼॥੨੭॥**

Namdhari Elibrary NamdhariElibrary@gmail.com

++++++++++++++++++++++++++++++++++++++++++++++++++++++++++++++++

ਬੀਨਦ = ਵੇਖਣਾ। ਜ਼ਨ = ਇਸਤ੍ਰੀ। ਬ ਚਸ਼ਮੇ = ਅੱਖਾਂ ਨਾਲ। ਬਦ ਕਾਰ = ਬੁਰਾ ਕੰਮ। ਬਦਸ਼ = ਬੁਰੀ।

ਵਜ਼ੀਰ ਦੀਆਂ ਇਹ ਗੱਲਾਂ ਸੁਣ ਕੇ ਬਾਦਸ਼ਾਹ ਨੇ ਕਿਹਾ ਕਿ ਜੋ ਵਿਅਕਤੀ ਕਿਸੇ ਗੈਰ ਔਰਤ ਨੂੰ ਬੁਰੀ ਨਿਗਾਹ ਨਾਲ ਨਹੀਂ ਵੇਖਦਾ ਤੇ ਨਾ ਹੀ ਕਿਸੇ ਹੋਰ ਦੇ ਕੰਮ ਤੇ ਤੈੜੀ ਨਜ਼ਰ ਰਖਦਾ ਹੈ, ਉਹ ਅੰਨ੍ਹਾਂ ਹੈ॥੨੭॥

## ਨਜ਼ਰ ਕਰਦ ਕਸ ਬਰ ਨ ਹਰਫ਼ੇ ਹਰਾਮ॥
## ਨਿਗਹ ਦਾਸ਼ਤ ਬਰ ਸ਼ੁਕਰ ਯਜ਼ਦਾਂ ਮੁਦਾਮ॥੨੮॥

ਨਜ਼ਰ = ਨਿਗਾਹ। ਹਰਾਮ = ਅਯੋਗ। ਦਾਸ਼ਤ = ਰਖਦਾ ਹੈ। ਮੁਦਾਮ = ਸਦਾ।

ਜੋ ਕਿਸੇ ਦੇ ਅਯੋਗ ਬਚਨਾਂ ਉਪਰ ਧਿਆਨ ਨਹੀਂ ਦਿੰਦਾ ਤੇ ਹਮੇਸ਼ਾਂ ਪਰਮਾਤਮਾ ਦਾ ਸ਼ੁਕਰ ਕਰਨ ਤੇ ਧਿਆਨ ਲਾਈ ਰਖਦਾ ਹੈ, ਉਹ ਅੰਨ੍ਹਾਂ ਹੈ॥੨੮॥

## ਨਜ਼ਰ ਰਾ ਬ ਬਦ ਕਾਰ ਦੀਗਰ ਬਿਬਸਤ॥
## ਸ਼ਨਾਸੀ ਤੁ ਤਹਕੀਕ ਓ ਕੋਰ ਹਸਤ॥੨੯॥

ਬਦ ਕਾਰ = ਖੋਟੀ ਕਾਰ। ਬਿਬਸਤ = ਬੰਨ੍ਹਿਆ (ਰੋਕਿਆ)। ਸ਼ਨਾਸੀ = ਪਛਾਣ। ਤਹਕੀਕ = ਨਿਸਚਾ। ਕੋਰ = ਅੰਨ੍ਹਾਂ।

ਜੋ ਕਿਸੇ ਖੋਟੀ ਕਾਰ ਵੱਲ ਨਹੀਂ ਵੇਖਦਾ, ਭਾਵ ਵੇਖ ਕੇ ਵੀ ਅਣਡਿੱਠ ਕਰ ਦਿੰਦਾ ਹੈ, ਨਿਸਚੇ ਕਰ ਕੇ ਉਹ ਆਦਮੀ ਅੰਨ੍ਹਾਂ ਹੈ॥੨੯॥

## ਕਦਮ ਰਾ ਨ ਦਾਰਦ ਬ ਬਦਕਾਰ ਕਾਰ॥
## ਨ ਦਰ ਜੰਗ ਪਸ ਪਾਉ ਪੁਸ਼ਤੇ ਬਰਾਰ॥੩੦॥

ਕਦਮ = ਪੈਰ। ਦਾਰਦ = ਰਖਦਾ। ਪਸ = ਪਿਛੇ। ਦਰ = ਵਿਚੋਂ। ਪਾਉ = ਪੈਰ। ਪੁਸ਼ਤੇ = ਪਿਛੇ।

ਜਿਹੜਾ ਆਦਮੀ ਆਪਣੇ ਪੈਰਾਂ ਨੂੰ ਕਦੀ ਵੀ ਖੋਟੀ ਕਾਰ ਵਲ ਨਹੀਂ ਵਧਾਉਂਦਾ। ਹਜ਼ਾਰਾਂ ਸੂਰਮਿਆਂ ਸਾਹਮਣਿਓਂ ਜੰਗ ਵਿਚੋਂ ਪੈਰ ਪਿਛੇ ਨਹੀਂ ਕਰਦਾ, ਉਹ ਅਡੋਲ ਹੈ॥੩੦॥

## ਨ ਦਰਕਾਰ ਦੁਜ਼ਦੀ ਨ ਦਿਲ ਬਿਸ਼ਕਨੀ॥
## ਨ ਖਾਨਹ ਖੁਰਮਬਾਜ਼ ਨਹ ਰਹਜ਼ਨੀ॥੩੧॥

ਦੁਜ਼ਦੀ = ਚੋਰੀ। ਦਿਲ ਬਿਸ਼ਕਨੀ = ਦਿਲ ਦੁਖਾਉਣਾ। ਖੁਰਮਬਾਜ਼ = ਸ਼ਰਾਬੀ। ਰਹਜ਼ਨੀ = ਰਾਹ ਮਾਰ।

ਜਿਹੜਾ ਚੋਰੀ ਦੇ ਕੰਮ ਵਿਚ ਨਹੀਂ ਜਾਂਦਾ ਤੇ ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ। ਸ਼ਰਾਬੀਆਂ ਦੇ ਘਰ ਵਿਚ ਨਹੀਂ ਜਾਂਦਾ ਹੈ ਤੇ ਨਾ ਹੀ ਕਿਸੇ ਨਾਲ ਠੱਗੀ ਕਰਦਾ ਹੈ, ਉਹ ਹੱਥਾਂ, ਪੈਰਾਂ ਅਤੇ

ਹੀਲਿਆਂ ਤੋਂ ਬਗ਼ੈਰ ਹੈ॥੩੧॥

**ਨ ਨਾਕਸ ਦੁਆਏ ਨ ਗੋਯਦ ਸੁਖ਼ਨ॥**
**ਬ ਖ਼ਾਹਸ਼ ਖ਼ਰਾਸ਼ੀ ਨ ਜੋਯਦ ਸੁਖ਼ਨ॥੩੨॥**

ਨਾਕਸ = ਬੁਰੀ। ਖਾਹਸ਼ = ਇੱਛਾ। ਖਰਾਸ਼ੀ = ਦੁਖਾਉਣਾ। ਸੁਖਨ = ਬਚਨ। ਜੋਯਦ = ਢੂੰਡਦਾ।

ਜੋ ਬੁਰਾ ਬਚਨ ਨਹੀਂ ਬੋਲਦਾ, ਤੇ ਨਾ ਹੀ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਢੂੰਡਦਾ ਹੈ ਤੇ ਨਾ ਕਰਨ ਦੀ ਇੱਛਾ ਕਰਦਾ ਹੈ, ਉਹ ਜ਼ਬਾਨ ਤੋਂ ਬਗ਼ੈਰ ਹੈ॥੩੨॥

**ਬ ਬਦ ਕਾਰਿ ਕਸ ਦਰ ਨ ਦਾਦੰਦ ਪਾਇ॥**
**ਕਿ ਓ ਪਾਇ ਲੰਗ ਅਸਤੁ ਗੋਈ ਬਜਾਇ॥੩੩॥**

ਦਾਦੰਦ = ਰਖਣਾ। ਲੰਗ ਅਸਤੁ = ਲੰਗੜਾ ਹੈ। ਗੋਈ ਬਜਾਇ = ਸਹੀ ਕਿਹਾ ਹੈ।

ਜਿਹੜਾ ਆਦਮੀ ਕਿਸੇ ਦੇ ਬੁਰਾ ਕਰਨ ਵਾਲੀ ਕਾਰ ਵਿਚ ਪੈਰ ਨਹੀਂ ਰਖਦਾ, ਅਸਲ ਵਿਚ ਉਹ ਪੈਰਾਂ ਤੋਂ ਬਗ਼ੈਰ ਜਾਂ ਪੈਰਾਂ ਤੋਂ ਲੰਗੜਾ ਹੈ॥੩੩॥

**ਬ ਦੁਜ਼ਦੀ ਮਤਾਰਾ ਨ ਆਲੂਦਹ ਦਸਤ॥**
**ਬ ਖ਼ੁਰਸ਼ੇ ਹਰਾਮੋ ਕੁਸ਼ਾਯਦ ਨ ਦਸਤ॥੩੪॥**

ਦੁਜ਼ਦੀ = ਚੋਰੀ। ਮਤਾ = ਪੂੰਜੀ, ਮਾਇਆ। ਆਲੂਦਹ = ਗੰਦਾ। ਦਸਤ = ਹੱਥ। ਖ਼ੁਰਸ਼ੇ = ਖਾਣਾ। ਕੁਸ਼ਾਯਦ = ਫੈਲਾਇਆ।

ਜਿਸ ਨੇ ਕਿਸੇ ਦੇ ਮਾਲ ਦੀ ਚੋਰੀ ਕਰਕੇ ਆਪਣੇ ਹੱਥ ਗੰਦੇ ਨਹੀਂ ਕੀਤੇ ਤੇ ਨਾ ਹੀ ਅਯੋਗ ਖਾਣਾ ਖਾਣ ਲਈ ਹੱਥ ਪਸਾਰੇ ਹਨ, ਉਹ ਆਦਮੀ ਹੱਥਾਂ ਤੋਂ ਬਗ਼ੈਰ ਹੈ॥੩੪॥

**ਬਖ਼ੁਦ ਦਸਤ ਖ਼ਾਹੰਦ ਨ ਗ਼ੀਰੰਦ ਮਾਲ॥**
**ਨ ਰਇਯਤ ਖ਼ਰਾਸ਼ੀ ਨ ਆਜਿਜ਼ ਜ਼ਵਾਲ॥੩੫॥**

ਖਾਹਸ਼ = ਇੱਛਾ। ਗੀਰੰਦ = ਫੜਨਾ। ਖਰਾਸ਼ੀ = ਦੁਖੀ ਕਰਨਾ। ਆਜਿਜ਼ = ਗਰੀਬ, ਮਥਾਜ। ਜ਼ਵਾਲ = ਨੁਕਸਾਨ।

ਜਿਹੜਾ ਆਪਣੇ ਹੱਥਾਂ ਨਾਲ ਕਿਸੇ ਦਾ ਮਾਲ ਫੜਨ ਦੀ ਇੱਛਾ ਨਹੀਂ ਰਖਦਾ, ਨਾ ਪਰਜਾ ਨੂੰ ਦੁਖੀ ਕਰਦਾ ਹੈ ਤੇ ਨਾ ਹੀ ਕਿਸੇ ਗ਼ਰੀਬ ਦਾ ਨੁਕਸਾਨ ਕਰਦਾ ਹੈ, ਉਹ ਵਿਅਕਤੀ ਹੱਥਾਂ ਤੋਂ ਬਗੈਰ ਹੈ॥੩੫॥

**ਦਿਗਰ ਜ਼ਨ ਨ ਖ਼ੁਦ ਦਸਤ ਅੰਦਾਖ਼ਤਨ॥**

++++++++++++++++++++++++++++++++++++++++++++++++++++++++++++++++++++++

## ਰਇਯਤ ਖਲਾਸਹ ਨ ਬਰ ਤਾਖ਼ਤਨ॥੩੬॥

ਦਿਗਰ ਜ਼ਨ = ਬਿਗਾਨੀ ਇਸਤ੍ਰੀ। ਖ਼ੁਦ ਦਸਤ = ਆਪਣਾ ਹੱਥ। ਅੰਦਾਖਤਨ = ਪਾਇਆ ਹੈ। ਖਲਾਸਹ-ਆਜ਼ਾਦੀ। ਤਾਖ਼ਤਨ = ਚੜ੍ਹਾਈ।

(ਜਿਹੜਾ ਆਦਮੀ) ਕਿਸੇ ਬਿਗਾਨੀ ਇਸਤਰੀ ਨੂੰ ਹੱਥ ਨਹੀਂ ਪਾਉਂਦਾ ਤੇ ਨਾ ਹੀ ਪਰਜਾ ਦੀ ਸੁਤੰਤਰਤਾ ਤੇ ਚੜ੍ਹਾਈ ਕਰਦਾ ਹੈ, ਭਾਵ ਪਰਜਾ ਦੀ ਆਜ਼ਾਦੀ ਵਿਚ ਦਖਲ ਨਹੀਂ ਦੇਂਦਾ, ਉਹ ਆਦਮੀ ਵੀ ਹੱਥਾਂ ਤੋਂ ਬਗ਼ੈਰ ਹੈ॥੩੬॥

## ਬ ਖ਼ੁਦ ਦਸਤ ਰਿਸ਼ਵਤ ਨ ਆਲੂਦਹ ਕਰਦ॥
## ਕਿ ਅਜ਼ ਸ਼ਾਹਿ ਦੁਸ਼ਮਨ ਬਰਾਵੁਰਦ ਗਰਦ॥੩੭॥

(ਜਿਹੜਾ) ਵੱਢੀ ਲੈ ਕੇ ਆਪਣੇ ਹੱਥ ਗੰਦੇ ਨਹੀਂ ਕਰਦਾ। ਸਗੋਂ ਆਪਣੇ ਹੱਥਾਂ ਨਾਲ ਰਾਜੇ ਦੇ ਦੁਸ਼ਮਨਾਂ ਨੂੰ ਖਾਕ ਵਿਚ ਮਿਲਾ ਦਿੰਦਾ ਹੈ, ਉਸ ਆਦਮੀ ਦੇ ਵੀ ਹੱਥ ਨਹੀ ਹਨ॥੩੭॥

## ਨ ਜਾਏ ਅਦੂਰਾ ਦਿਹਦ ਵਕਤ ਜੰਗ॥
## ਬੁ ਬਾਰਸ਼ ਦਿਹਦ ਤੇਗ਼ ਤਰਕਸ਼ ਖ਼ਤੰਗ॥੩੮॥

ਜਾਏ = ਮੌਕਾ, ਜਗ੍ਹਾ। ਅਦੂਰਾ = ਦੁਸ਼ਮਨ ਨੂੰ। ਤਰਕਸ਼ = ਭੱਥਾ। ਖਤੰਗ = ਤੀਰ।

(ਜਿਹੜਾ ਆਦਮੀ) ਜੰਗ ਵਿਚ ਦੁਸ਼ਮਨ ਨੂੰ (ਵਾਰ ਕਰਨ ਦਾ) ਮੌਕਾ ਨਹੀਂ ਦਿੰਦਾ। ਜ ਤਲਵਾਰ ਵਾਹੁੰਦਾ ਹੋਇਆ ਭੱਥੇ ਵਿਚੋਂ ਤੀਰਾਂ ਦਾ ਮੀਂਹ ਵਸਾ ਦਿੰਦਾ ਹੈ, ਉਹ ਆਦਮੀ ਡਰ ਤੋਂ ਬਗੈਰ ਹੈ॥੩੮॥

## ਨ ਰਾਮਸ਼ ਦਿਹਦ ਅਸਪ ਰਾ ਵਕਤਿ ਕਾਰ॥
## ਨ ਜਾਯਸ਼ ਅਦੂਰਾ ਦਿਹਦ ਦਰ ਦਿਯਾਰ॥੩੯॥

ਰਾਮਸ਼ = ਆਰਾਮ। ਅਸਪ ਰਾ = ਘੋੜੇ ਨੂੰ। ਵਕਤਿ ਕਾਰ = ਕੰਮ ਵੇਲੇ। ਜਾਯਸ਼ = ਜਗ੍ਹਾ। ਦਿਯਾਰ = ਦੇਸ਼।

(ਜਿਹੜਾ ਆਦਮੀ) ਕੰਮ (ਜੰਗ) ਸਮੇਂ ਘੋੜਿਆਂ ਨੂੰ ਆਰਾਮ ਨਹੀਂ ਕਰਨ ਦਿੰਦਾ ਤੇ ਨਾ ਹੀ ਦੁਸ਼ਮਨ ਨੂੰ ਮੁਲਕ ਵਿਚ ਰਹਿਣ ਲਈ ਜਗ੍ਹਾ ਦਿੰਦਾ ਹੈ, ਉਸਦਾ ਦਿਲ ਨਹੀਂ ਧੜਕਦਾ ਹੈ॥੩੯॥

## ਕਿ ਬੇਦਸਤ ਓ ਹਸਤ ਗੋ ਪੁਰ ਹੁਨਰ॥
## ਬ ਆਲੂਦਗੀ ਦਰ ਨ ਬਸਤਨ ਕਮਰ॥੪੦॥

ਬੇਦਸਤ = ਟੁੰਡਾ।ਹਸਤ = ਹੈ।ਗੋ = ਕਹਿੰਦੇ ਹਨ।ਪੁਰ ਹੁਨਰ = ਗੁਣਵਾਨ।ਬਸਤਨ = ਬੰਨ੍ਹਣਾ। ਕਮਰ = ਲੱਕ।

ਗੁਣਵਾਨ ਪੁਰਸ਼ ਉਸ ਆਦਮੀ ਨੂੰ ਹੱਥਾਂ ਤੋਂ ਬਿਨਾਂ (ਟੁੰਡਾ) ਕਹਿੰਦੇ ਹਨ ਜਿਹੜਾ ਬੁਰਾ ਕੰਮ

Namdhari Elibrary NamdhariElibrary@gmail.com

ਕਰਨ ਲਈ ਲੱਕ ਨਹੀਂ ਬੰਨ੍ਹਦਾ-ਭਾਵ ਬੁਰਾ ਕਰਮ ਨਹੀਂ ਕਰਦਾ॥੪੦॥

**ਨ ਗੋਯਦ ਕਸੇ ਬਦ ਸੁਖ਼ਨ ਜ਼ੀਂ ਜ਼ੁਬਾਨ॥**
**ਕਿ ਓ ਬੇ ਜ਼ੁਬਾਨਸਤ ਜ਼ਾਹਿਰ ਜਹਾਨ॥੪੧॥**

ਜਿਹੜਾ ਆਦਮੀ ਆਪਣੀ ਜ਼ਬਾਨ ਤੋਂ ਬੁਰਾ ਸ਼ਬਦ ਨਹੀਂ ਬੋਲਦਾ, ਉਹ ਇਸ ਸੰਸਾਰ ਵਿਚ ਪ੍ਰਗਟ ਤੌਰ ਤੇ ਗੁੰਗਾ ਜਾਂ ਜ਼ਬਾਨ ਤੋਂ ਬਗੈਰ ਹੈ॥੪੧॥

**ਸ਼ੁਨੀਦਨ ਨ ਬਦ ਸੁਖਨ ਕਸ ਰਾ ਬਗੋਸ਼॥**
**ਕਿ ਓ ਹਸਤ ਬੇਗੋਸ਼ ਗੋਈ ਬਹੋਸ਼॥੪੨॥**

ਸ਼ਨੀਦਨ = ਸੁਣਦਾ। ਕਸ ਰਾ = ਕਿਸੇ ਦਾ। ਬਗੋਸ਼ = ਕੰਨਾਂ ਨਾਲ। ਬੇਗੋਸ਼ = ਬੋਲਾ। ਬਹੋਸ਼ = ਸੁਰਤਵਾਨ।

ਜਿਹੜਾ ਪੁਰਸ਼ ਆਪਣੇ ਕੰਨਾਂ ਨਾਲ ਕਿਸੇ ਦੀਆਂ ਬੁਰੀਆਂ ਗੱਲਾਂ ਨਹੀਂ ਸੁਣਦਾ, ਸੂਝਵਾਨ ਅਤੇ ਗਿਆਨਵਾਨ ਉਸ ਨੂੰ ਬੋਲਾ ਜਾਂ ਕੰਨਾਂ ਤੋਂ ਬਗੈਰ ਕਹਿੰਦੇ ਹਨ॥੪੨॥

**ਕਿ ਪਸ ਪਰਦਹ ਚੁਗਲੀ ਸ਼ਨੀਦਨ ਨ ਕਸ॥**
**ਵਜ਼ਾਂ ਖ਼ੁਦ ਸ਼ਨਾਸੀ ਕਿ ਗੋਈ ਸ਼ਹਸ॥੪੩॥**

ਪਸ = ਪਿਛੇ। ਪਰਦਹ = ਪੜਦੇ। ਵਜ਼ਾਂ = ਉਸ ਨੂੰ। ਸ਼ਹਸ = ਰਾਜਾ।

(ਜਿਹੜਾ ਆਦਮੀ) ਪੜਦੇ ਪਿਛੇ ਕਿਸੇ ਦੀ ਚੁਗਲੀ ਨਹੀਂ ਸੁਣਦਾ, ਉਸ ਨੂੰ ਆਪਣਾ ਬਾਦਸ਼ਾਹ ਜਾਣੋ ਤੇ ਆਖੋ॥੪੩॥

**ਕਸੇ ਕਾਰਿ ਬਦ ਰਾ ਨ ਗੀਰੰਦ ਬੋਇ॥**
**ਕਿ ਓ ਹਸਤ ਬੇਬੀਨਿਓ ਨੇਕ ਖੋਇ॥੪੪॥**

ਕਾਰਿ ਬਦ = ਬੁਰੇ ਕੰਮ। ਗੀਰੰਦ = ਲੈਂਦਾ। ਬੋਇ = ਵਾਸ਼ਨਾ। ਬੇਬੀਨੀਓ = ਨੱਕ ਤੋਂ ਬਿਨਾਂ। ਨੇਕ ਖੋਇ = ਚੰਗੇ ਸੁਭਾਅ ਵਾਲਾ।

(ਜਿਹੜਾ ਆਦਮੀ) ਕਿਸੇ ਦੇ ਬੁਰੇ ਕੰਮ ਦੀ ਵਾਸ਼ਨਾ ਨਹੀਂ ਲੈਂਦਾ, ਉਹ ਆਦਮੀ ਨੱਕ ਤੋਂ ਬਿਨਾਂ ਤੇ ਚੰਗੇ ਸੁਭਾਵ ਵਾਲਾ ਹੈ॥੪੪॥

**ਨ ਹਉਲੋ ਦਿਗਰ ਹਸਤ ਜ਼ੁਜ਼ਬਾ ਖ਼ੁਦਾਇ॥**
**ਕਿ ਹਿੰਮਤ ਵਰਾਂ ਦਾ ਦਰਾਰਦ ਜ਼ਿ ਪਾਇ॥੪੫॥**

ਹਉਲੋ = ਡਰ। ਦਿਗਰ = ਬਿਨਾਂ। ਹਿਮੰਤ ਵਰਾਂ = ਹਿੰਮਤ ਵਾਲਿਆਂ। ਪਾਇ = ਪੈਰ।

ਜੋ ਆਦਮੀ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਕੋਲੋਂ ਨਹੀਂ ਡਰਦਾ ਤੇ ਬੜੇ ਬੜੇ ਹਿੰਮਤ ਵਾਲੇ ਸੂਰਮਿਆਂ ਨੂੰ ਮਾਰ ਕੇ ਖਾਕ ਵਿਚ ਮਿਲਾ ਦਿੰਦਾ ਹੈ॥੪੫॥

**ਬ ਹੋਸ਼ ਅੰਦਰ ਆਮਦ ਹਮਹ ਵਕਤ ਜੰਗ॥**
**ਕਿ ਕੋਸ਼ਸ਼ ਕੁਨਦ ਪਾਇ ਬ ਤੀਰੋ ਤੁਫੰਗ॥੪੬॥**

ਹੋਸ਼ = ਸੁਰਤ। ਆਮਦ = ਆਉਂਦਾ। ਕੋਸ਼ਸ਼ = ਯਤਨ।

ਅਤੇ ਜਿਹੜਾ ਆਦਮੀ ਜੰਗ ਸਮੇਂ ਸਦਾ ਸੁਰਤ ਵਿਚ ਰਹਿੰਦਾ ਹੈ ਤੇ ਤੀਰ ਤੇ ਬੰਦੂਕ ਚਲਾਉਣ ਦਾ ਯਤਨ ਕਰਦਾ ਹੈ॥੪੬॥

**ਕਿ ਦਰਕਾਰ ਇਨਸਾਫ ਓ ਹਿੰਮਤ ਅਸਤ॥**
**ਕਿ ਦਰ ਪੇਸ਼ ਗੁਰਬਾਇਓ ਆਜਿਜ਼ ਅਸਤ॥੪੭॥**

ਇਨਸਾਫ = ਨਿਆਂ। ਹਿੰਮਤ = ਉਦਮ। ਦਰ ਪੇਸ਼ = ਸਾਹਮਣੇ।

ਅਤੇ ਜਿਹੜਾ ਆਦਮੀ ਨਿਆਂ ਕਰਨ ਦਾ ਉੱਦਮ ਕਰਦਾ ਹੈ ਤੇ ਗਰੀਬ ਅਤੇ ਮਸਕੀਨ ਰਹਿੰਦਾ ਹੈ॥੪੭॥

**ਨ ਹੀਲਹ ਕੁਨਦ ਵਕਤ ਦਰ ਕਾਰਜ਼ਾਰ॥**
**ਨ ਹੈਬਤ ਕੁਨਦ ਦੁਸ਼ਮਨਾ ਬੇਸ਼ੁਮਾਰ॥੪੮॥**

ਹੀਲਹ = ਬਹਾਨਾ। ਕਾਰਜ਼ਾਰ = ਲੜਾਈ। ਹੈਬਤ = ਡਰ।

ਅਤੇ ਜਿਹੜਾ ਪੁਰਸ਼ ਜੰਗ ਸਮੇਂ ਕੋਈ ਬਹਾਨਾ ਨਹੀਂ ਕਰਦਾ ਤੇ ਬੇਸ਼ੁਮਾਰ ਵੈਰੀਆਂ ਨੂੰ ਵੇਖ ਕੇ ਡਰਦਾ ਨਹੀਂ॥੪੮॥

**ਹਰਾਂ ਕਸ ਕਿ ਜ਼ੀਂ ਹਸਤ ਗ਼ਾਜ਼ੀ ਬਵਦ॥**
**ਬ ਕਾਰੇ ਜਹਾਂ ਹਜ਼ਮ ਸਾਜ਼ੀ ਕੁਨਦ॥੪੯॥**

ਹਰਾਂ ਕਸ = ਜੇ ਕੋਈ ਆਦਮੀ। ਰਜ਼ਮ = ਜੰਗ। ਸਾਜ਼ੀ = ਤਿਆਰੀ।

ਜੇ ਕੋਈ ਆਦਮੀ ਇਸ ਕਿਸਮ ਦਾ ਬਹਾਦਰ ਹੋਇਆ ਹੈ ਜੋ ਸੰਸਾਰ ਦੀ ਕਾਰ ਵਿਚ ਜੁੱਧ ਦੀ ਸਾਜਨਾ ਕਰੇ॥੪੯॥

**ਕਸੇ ਰਾਂ ਕਿ ਈਂ ਕਾਰ ਆਯਦ ਪਸੰਦ॥**
**ਵਜ਼ਾਂ ਸ਼ਾਹਿ ਬਾਸ਼ਦ ਜਹਾਂ ਅਰਜ਼ਮੰਦ॥੫੦॥**

ਕਸੇ ਰਾਂ = ਕਿਸੇ ਤਾਈਂ। ਈਂ = ਇਹ। ਕਾਰ = ਕੰਮ। ਆਯਦ = ਆਵੇ। ਵਜ਼ਾਂ

ਬਾਸ਼ਦ = ਹੋਇਆ। ਅਰਜ਼ਮੰਦ = ਇੱਜ਼ਤ ਵਾਲਾ।

ਇਸ ਤਰ੍ਹਾਂ ਜਿਸ ਕਿਸੇ ਆਦਮੀ ਤੇ ਮੇਰੀਆਂ ਇਹ ਕਹੀਆਂ ਹੋਈਆਂ ਸਿਫਤਾਂ ਲਾਗੂ ਹੋਣ, ਉਸ ਆਦਮੀ ਦੇ ਬਾਦਸ਼ਾਹ ਬਣਨ ਨਾਲ ਸੰਸਾਰ ਇੱਜ਼ਤ ਪਾਏਗਾ॥੫੦॥

## ਸ਼ੁਨੀਦ ਈਂ ਸੁਖ਼ਨ ਦਉਰ ਦਾਨਾ ਵਜ਼ੀਰ॥
## ਕਿ ਆਕਲ ਸ਼ਨਾਸ ਅਸਤ ਪੋਜ਼ਸ਼ ਪਜ਼ੀਰ॥੫੧॥

ਸ਼ੁਨੀਦ = ਸੁਣ ਲਈ। ਦਉਰ = ਸਮਝਿਆ। ਪੋਜ਼ਸ਼ = ਬੇਨਤੀ। ਪਜ਼ੀਰ = ਮੰਨਣ ਵਾਲਾ।

ਸਿਆਣੇ ਵਜ਼ੀਰਾਂ ਨੇ ਰਾਜੇ ਦੀ ਇਹ ਗੱਲ ਸਮਝ ਲਈ ਤੇ ਜਾਣਿਆ ਕਿ ਰਾਜਾ ਬੜਾ ਸਿਆਣਾ ਤੇ ਬੇਨਤੀ ਮੰਨਣ ਵਾਲਾ ਹੈ॥੫੧॥

## ਕਸੇ ਰਾ ਸ਼ਨਾਸਦ ਬ ਅਕਲੋ ਬਿਹੀ॥
## ਮਰੋ ਰਾ ਬਿਦਿਹ ਤਾਜੁ ਤਖਤੋ ਮਹੀ॥੫੨॥

ਕਸੇ ਰਾ = ਜਿਸ ਕਿਸੇ ਨੂੰ। ਬਿਹੀ = ਚੰਗੀ। ਮਰੌਰਾ = ਉਸ ਨੂੰ। ਬਿਦਿਹ = ਦੇ ਦਿਓ। ਮਹੀ = ਧਰਤੀ।

ਬਾਦਸ਼ਾਹ ਨੇ ਵਜ਼ੀਰਾਂ ਨੂੰ ਕਿਹਾ ਜਿਸ ਕਿਸੇ ਆਦਮੀ ਨੂੰ ਤੁਸੀਂ ਚੰਗੀ ਅਕਲ ਵਾਲਾ ਪਛਾਣ ਲਵੋ, ਉਸ ਨੂੰ ਇਸ ਧਰਤੀ ਦਾ ਰਾਜ ਤੇ ਤਾਜ ਦੇ ਦੇਣਾ॥੫੨॥

## ਬਬਖ਼ਸ਼ੀਦ ਓਰਾਂ ਮਹੀ ਤਖਤ ਤਾਜ॥
## ਗਰ ਓਰਾਂ ਸ਼ਨਾਸੀ ਰਈਯਤ ਨਿਵਾਜ਼॥੫੩॥

ਬਬਖ਼ਸ਼ੀਦ = ਬਖਸ਼ ਦਿਓ। ਓਰਾਂ = ਉਸ ਨੂੰ। ਰਈਯਤ = ਪਰਜਾ। ਨਿਵਾਜ਼ = ਵਡਿਆਈ।

ਉਸ ਆਦਮੀ ਨੂੰ ਪ੍ਰਿਥਵੀ ਦਾ ਰਾਜ ਤੇ ਤਾਜ ਬਖਸ਼ ਦੇਣਾ, ਜਿਸ ਨੂੰ ਕਿ ਤੁਸੀਂ ਪਰਜਾ ਦਾ ਪਾਲਣ ਵਾਲਾ ਪਛਾਣ ਲਵੋ॥੫੩॥

## ਬ ਹੈਰਤ ਦਰਆਮਦ ਬਪਿਸਰਾਂ ਚਹਾਰ॥
## ਕਸੇ ਗੋਇ ਗੀਰਦ ਹਮਹ ਵਕਤਿ ਕਾਰ॥੫੪॥

ਹੈਰਤ = ਹੈਰਾਨੀ। ਦਰਆਮਦ = ਆਏ। ਪਿਸਰਾਂ = ਪੁੱਤਰ। ਚਹਾਰ = ਚਾਰ। ਕਸੇ = ਕੌਣ। ਗੋਇ = ਗੇਂਦ। ਗੀਰਦ = ਫੜੇਗਾ। ਵਕਤਿ ਕਾਰ = ਕੰਮ ਵੇਲੇ।

ਬਾਦਸ਼ਾਹ ਦੀ ਇਹ ਗੱਲ ਸੁਣ ਕੇ ਉਸ ਦੇ ਚਾਰੋ ਪੁੱਤਰ ਬੜੇ ਹੈਰਾਨ ਹੋਏ ਕਿ ਸਭ ਕੰਮਾਂ ਵੇਲੇ ਇਸ ਗੁਣਾਂ ਰੂਪੀ ਗੇਂਦ ਨੂੰ ਕੌਣ ਫੜੇਗਾ?॥੫੪॥

**ਹਰਾਂ ਕਸ ਕਿ ਰਾ ਅਕਲ ਯਾਰੀ ਦਿਹਦ।।**
**ਬ ਕਾਰੇ ਜਹਾਂ ਕਾਮਗਾਰੀ ਕੁਨਦ।।੫੫।।**

ਯਾਰੀ = ਮਦਦ। ਕਾਮਗਾਰੀ = ਮੁਰਾਦ।

ਜਿਸ ਆਦਮੀ ਦੀ ਅਕਲ ਸਹਾਇਤਾ ਕਰਦੀ ਹੈ, ਸੰਸਾਰ ਦੇ ਕੰਮਾਂ ਵਿਚ ਉਸ ਦੀ ਹੀ ਮੁਰਾਦ ਪੂਰੀ ਹੁੰਦੀ ਹੈ।।੫੫।।

ਇਸ ਉਪਰੋਕਤ ਕਥਨ ਕੀਤੀ ਹਿਕਾਯਤ ਦਾ ਭਾਵ ਇਹ ਹੈ:-

ਸ੍ਰੀ ਗੁਰੂ ਜੀ ਲਿਖਦੇ ਹਨ:-

ਐ ਔਰੰਗਜ਼ੇਬ! ਚੀਨ ਦੇ ਸਿਆਣੇ ਬਾਦਸ਼ਾਹ ਦਾ ਜਦ ਅੰਤ ਸਮਾਂ ਆਇਆ ਤਾਂ ਉਸਦੇ ਵਜ਼ੀਰਾਂ ਨੇ ਪੁਛਿਆ ਕਿ ਆਪ ਦੇ ਪਿਛੋਂ ਇਹ ਰਾਜ-ਗੱਦੀ ਕਿਸ ਨੂੰ ਸੌਂਪੀ ਜਾਏ? ਤਦ ਬਾਦਸ਼ਾਹ ਨੇ ਬਹੁਤ ਸਾਰੇ ਗੁਣਾਂ ਦਾ ਵਰਣਨ ਕੀਤਾ ਕਿ ਜਿਸ ਆਦਮੀ ਵਿਚ ਤੁਸੀਂ ਇਹ ਗੁਣ ਦੇਖ ਉਸੇ ਨੂੰ ਹੀ ਰਾਜ-ਗੱਦੀ ਤੇ ਬਿਠਾ ਦੇਣਾ। ਬਾਦਸ਼ਾਹ ਦੇ ਬਚਨ ਸੁਣਕੇ ਉਸ ਦੇ ਸਾਰੇ ਪੁੱਤਰ ਬੜੇ ਹੈਰਾਨ ਹੋਏ ਕਿ ਸਾਡੇ ਵਿਚ ਤਾਂ ਇਹ ਗੁਣ ਹੈ ਨਹੀਂ, ਇਸ ਲਈ ਅਸੀਂ ਇਸ ਰਾਜ-ਗੱਦੀ ਦੇ ਯੋਗ ਨਹੀਂ ਹਾਂ।

ਐ ਔਰੰਗਜ਼ੇਬ! ਪਰਮਾਤਮਾ ਨੇ ਤੈਨੂੰ ਬਾਦਸ਼ਾਹੀ ਬਖਸ਼ੀ ਹੈ, ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਚੰਗੇ ਗੁਣਾਂ ਨੂੰ ਧਾਰਨ ਕਰ ਤੇ ਪਰਜਾ ਨਾਲ ਨਿਆਂ ਵਾਲਾ ਵਰਤਾਓ ਕਰ।

ਇਸ ਹਿਕਾਯਤ ਰਾਹੀਂ ਸਤਿਗੁਰੂ ਜੀ ਔਰੰਗਜ਼ੇਬ ਨੂੰ ਨਿਆਂਕਾਰੀ ਤੇ ਗੁਣਵਾਨ ਬਾਦਸ਼ਾਹ ਬਣਨ ਦਾ ਉਪਦੇਸ਼ ਦਿੰਦੇ ਹਨ ਤੇ ਫਿਰ ਆਪਣੇ ਸਤਿਗੁਰੂ ਜੀ ਅਗੇ ਬੇਨਤੀ ਕਰਦੇ ਹਨ:-

**ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ।।**
**ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ।।੫੬।।**

ਦਿਹ = ਦਿਓ। ਸਾਕੀਯਾ = ਸ਼ਰਾਬ ਪਿਆਉਣ ਵਾਲੇ ਨੂੰ 'ਸਾਕੀ' ਕਹਿੰਦੇ ਹਨ, ਏਥੇ ਭਾਵ ਗੁਰੂ ਤੋਂ ਹੈ। ਸਾਗਰੇ = ਪਿਆਲਾ। ਸਬਜ਼ ਰੰਗ = ਹਰਾ ਰੰਗ (ਹਰੀ ਦਾ ਨਾਮ)। ਮਾਰਾ = ਮੇਰੇ। ਬਕਾਰਅਸਤ = ਲਾਇਕ।

ਹੇ ਸਤਿਗੁਰੂ ਜੀ! ਮੈਨੂੰ ਹਰੇ ਰੰਗ (ਹਰੀ ਦੇ ਨਾਮ) ਦਾ ਪਿਆਲਾ ਬਖਸ਼ੋ, ਜੋ ਮੇਰੇ ਲਾਇਕ ਤੇ ਜੋ ਜੰਗ ਸਮੇਂ ਮੇਰੇ ਕੰਮ ਆਉਣ ਵਾਲਾ ਹੈ।।੫੬।।

**ਬਿਦਿਹ ਸਾਕੀਯਾ ਸਾਗਰੇ ਨੈਨ ਪਾਨ।।**
**ਕੁਨਦ ਪੀਰ ਸਦ ਸਾਲਹ ਰਾ ਨੌਜਵਾਨ।।੫੭।।੩।।**

ਨੈਨ ਪਾਨ = ਅੱਖਾਂ ਨੂੰ ਮਸਤ ਕਰਨ ਵਾਲਾ। ਪੀਰ = ਬੱਢਾ। ਸਦ ਸਾਲਹ = ਸੌ ਸਾਲ।

Namdhari Elibrary NamdhariElibrary@gmail.com

ਹੇ ਗੁਰੂਦੇਵ ! ਮੈਨੂੰ ਅੱਖਾਂ ਵਿਚ ਮਸਤੀ ਦੇਣ ਵਾਲਾ ਹਰੀ ਦੇ ਨਾਮ ਦਾ ਪਿਆਲਾ ਬਖਸ਼, ਜੋ ਸੌ ਸਾਲ ਦੇ ਬੁੱਢੇ ਨੂੰ ਵੀ ਨੌਜਵਾਨ ਕਰ ਦਿੰਦਾ ਹੈ।।੫੭।।੩।।

## ਹਿਕਾਯਤ ਤੀਸਰੀ ਸਮਾਪਤ

✡ ✡ ✡ ✡ ✡ ✡

# ਹਿਕਾਯਤ ਚੌਥੀ

## ੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

ਕਿ ਰੋਜ਼ੀ ਦਿਹੰਦ ਅਸਤੁ ਰਾਜ਼ਿਕ ਰਹੀਮ।
ਰਹਾਈ ਦਿਹੋ ਰਹਿਨੁਮਾਏ ਕਰੀਮ।।੧।।

ਰੋਜ਼ੀ = ਰਿਜ਼ਕ, ਖੁਰਾਕ। ਦਿਹੰਦ = ਦੇਣ ਵਾਲਾ। ਰਾਜ਼ਿਕ = ਖਾਣਾ ਵਰਤਾਉਣ ਵਾਲਾ। ਰਹੀਮ = ਮਿਹਰਬਾਨ। ਰਹਾਈ = ਛੁਟਕਾਰਾ। ਰਹਿਨੁਮਾਏ = ਰਾਹ ਦਸਣ ਵਾਲਾ। ਕਰੀਮ = ਕ੍ਰਿਪਾਲੂ।

ਉਹ ਪਰਮਾਤਮਾ ਰੋਜ਼ੀ ਦੇਣ ਵਾਲਾ, ਖਾਣਾ ਵਰਤਾਉਣ ਵਾਲਾ ਤੇ ਮਿਹਰਬਾਨ ਹੈ। ਉਹ ਬੰਧਨਾਂ ਤੋਂ ਮੁਕਤ ਕਰਨ ਵਾਲਾ, ਅਸਲ ਰਾਹ ਦੱਸਣ ਵਾਲਾ ਤੇ ਕਿਰਪਾਲੂ ਹੈ।।੧।।

ਦਿਲ ਅਫ਼ਜ਼ਾਇ ਦਾਨਿਸ਼ ਦਿਹੋ ਦਾਦਗਰ।।
ਰਜ਼ਾ ਬਖ਼ਸ਼ ਰੋਜ਼ੀ ਇਹੋ ਹਰ ਹੁਨਰ।।੨।।

ਅਫ਼ਜ਼ਾਇ = ਵਧਾਉਣਾ। ਦਾਨਿਸ਼ = ਬੁੱਧੀ। ਦਾਦਗਰ = ਨਿਆਂਕਾਰੀ। ਰਜ਼ਾ = ਭਾਣਾ।

ਪਰਮਾਤਮਾ ਦਿਲ ਨੂੰ ਵਧਾਉਣ ਵਾਲਾ, ਬੁੱਧੀ ਦੇਣ ਵਾਲਾ ਤੇ ਨਿਆਂਕਾਰੀ ਹੈ। ਭਾਣੇ ਵਿਚ ਰਹਿਣ ਦੀ ਹਿੰਮਤ ਬਖਸ਼ਣ ਵਾਲਾ, ਰੋਜ਼ੀ ਦੇਣ ਵਾਲਾ ਅਤੇ ਸਭ ਗੁਣਾਂ ਦਾ ਦਾਤਾ ਹੈ।।੨।।

ਹਿਕਾਯਤ ਸ਼ੁਨੀਦਮ ਯਕੇ ਨੇਕ ਜ਼ਨ।।
ਚੁ ਸ਼ਮਸ਼ਾਦ ਕੱਦੇ ਬਜ਼ੋਏ ਚਮਨ।।੩।।

ਹਿਕਾਯਤ = ਕਹਾਣੀ। ਸ਼ੁਨੀਦਮ = ਮੈਂ ਸੁਣੀ ਹੈ। ਨੇਕ ਜ਼ਨ = ਨੇਕ ਇਸਤ੍ਰੀ। ਸ਼ਮਸ਼ਾਦ = ਸਰੂ। ਕੱਦੇ = ਕੱਦ। ਬਜ਼ੋਏ = ਨਦੀ। ਚਮਨ = ਬਾਗ।

ਐ ਔਰੰਗਜ਼ੇਬ ! ਮੈਂ ਇਕ ਨੇਕ ਔਰਤ ਦੀ ਕਹਾਣੀ ਸੁਣੀ ਹੈ, ਜਿਸ ਦਾ ਕੱਦ ਨਦੀ ਕੇ ਕੰਢੇ ਬਣੇ ਬਾਗ ਵਿਚ ਸਰੂ ਦੇ ਕੱਦ ਜਿੱਡਾ ਸੀ।।੩।।

Namdhari Elibrary NamdhariElibrary@gmail.com

**ਕਿ ਓ ਰਾ ਪਦਰ ਰਾਜਹੇ ਉਤਰ ਦੇਸ਼॥**
**ਬ ਸ਼ੀਰੀਂ ਜ਼ੁਬਾਂ ਹਮ ਚੁ ਇਖਲਾਸ ਕੇਸ਼॥੪॥**

ਓ ਰਾ = ਉਸ ਦਾ। ਪਦਰ = ਪਿਤਾ। ਉਤਰ ਦੇਸ = ਪਹਾੜੀ ਦੇਸ਼। ਸ਼ੀਰੀਂ = ਮਿੱਠੀ। ਜ਼ੁਬਾਂ = ਜ਼ੁਬਾਨ। ਇਖਲਾਸ = ਪਿਆਰ। ਕੇਸ਼ = ਧਰਮ।

ਉਸ (ਇਸਤਰੀ) ਦਾ ਪਿਤਾ ਪਹਾੜੀ ਮੁਲਕ ਦਾ ਰਾਜਾ ਸੀ, ਜੋ ਬੜੀ ਮਿੱਠੀ ਜ਼ਬਾਨ ਵਾਲਾ ਤੇ ਧਰਮ ਨਾਲ ਪਿਆਰ ਕਰਨ ਵਾਲਾ ਸੀ॥੪॥

**ਕਿ ਆਮਦ ਬਰਾਏ ਹਮਹ ਗੁਸਲ ਗੰਗ॥**
**ਚੁ ਕੈਬਰ ਹਮਾਂ ਹਮ ਚੁ ਤੀਰੋ ਤੁਫੰਗ॥੫॥**

ਆਮਦ = ਆਇਆ। ਬਰਾਏ = ਵਾਸਤੇ। ਗੁਸਲ = ਇਸ਼ਨਾਨ। ਕੈਬਰ = ਤੀਰ।

ਉਹ ਰਾਜਾ ਸਭ ਪਰਵਾਰ ਸਮੇਤ ਗੰਗਾ ਦਾ ਇਸ਼ਨਾਨ ਕਰਨ ਲਈ ਏਨੀ ਤੇਜ਼ੀ ਨਾਲ ਆਇਆ ਜਿਵੇਂ ਕਮਾਨ ਵਿਚੋਂ ਤੀਰ ਜਾਂ ਬੰਦੂਕ ਵਿਚੋਂ ਗੋਲੀ ਨਿਕਲ ਕੇ ਆਉਂਦੀ ਹੈ॥੫॥

**ਹਮੀ ਖ੍ਵਾਸਤ ਕਿ ਓ ਰਾ ਸ੍ਵਯੰਬਰ ਕੁਨਮ॥**
**ਕਸੇਂ ਈਂ ਪਸੰਦ ਆਯਦ ਓਰਾ ਦਿਹਮ॥੬॥**

ਖ੍ਵਾਸਤ = ਚਾਹਿਆ। ਓ ਰਾ = ਉਸ ਦਾ। ਆਯਦ = ਆਵੇ। ਦਿਹਮ = ਦੇਵਾਂ।

ਰਾਜੇ ਦੀ ਇਹ ਇੱਛਾ ਹੋਈ ਕਿ ਮੈਂ ਆਪਣੀ ਲੜਕੀ ਦਾ ਸੁਅੰਬਰ ਕਰਾਂ, ਜੋ ਇਸ ਨੂੰ ਕੋਈ ਲੜਕਾ ਪਸੰਦ ਆ ਜਾਵੇ ਤਾਂ ਮੈਂ ਉਸ ਨਾਲ ਇਸ ਦਾ ਵਿਆਹ ਕਰ ਦਿਆਂ॥੬॥

**ਬਿਗੋਯਦ ਸੁਖ਼ਨ ਦੁਖ਼ਤਰੇ ਨੇਕ ਤਨ॥**
**ਕਸੇ ਤੋ ਪਸੰਦ ਆਯਦ ਓ ਰਾ ਬਕੁਨ॥੭॥**

ਬਿਗੋਯਦ = ਕਿਹਾ। ਸੁਖਨ = ਬਚਨ। ਦੁਖਤਰੇ = ਲੜਕੀ। ਨੇਕ ਤਨ = ਪਵਿੱਤਰ ਆਤਮਾ। ਬਕੁਨ = ਵਿਆਹ ਕਰ ਲੈ।

ਰਾਜੇ ਨੇ ਆਪਣੀ ਲੜਕੀ ਨੂੰ ਕਿਹਾ ਕਿ ਹੇ ਪਵਿੱਤ੍ਰ ਆਤਮਾਂ ! ਸੁਅੰਬਰ ਸਮੇਂ ਜਿਹੜਾ ਲੜਕਾ ਤੈਨੂੰ ਪਸੰਦ ਆਉਂਦਾ ਹੈ ਤੂੰ ਉਸ ਨਾਲ ਵਿਆਹ ਕਰ ਲੈ॥

**ਨਿਸ਼ਾਦੰਦ ਬਰ ਕਾਖ਼ ਓ ਹਫ਼ਤ ਖ਼ਨ॥**
**ਚੁ ਮਾਹੇ ਮਹੀ ਆਫ਼ਤਾਬੇ ਯਮਨ॥੮॥**

ਨਿਸ਼ਾਦੰਦ = ਬਿਠਾ ਦਿਤਾ। ਕਾਖ = ਅਟਾਰੀ। ਹਫ਼ਤ = ਸਤ। ਖਨ = ਖਾਨੇ। ਮਾਹੇ = ਚੰਦ੍ਰਮਾਂ।

ਆਫ਼ਤਾਬੇ = ਸੂਰਜ।

ਰਾਜੇ ਨੇ ਫਿਰ ਉਸ ਲੜਕੀ ਨੂੰ ਸੱਤ ਛੱਤਾਂ ਵਾਲੀ ਅਟਾਰੀ ਤੇ ਬਿਠਾ ਦਿੱਤਾ, ਜਿਸ ਦੀ ਸੁੰਦਰਤਾ ਚੰਦ੍ਰਮਾਂ ਤੇ ਸੂਰਜ ਵਾਂਗੂ ਪ੍ਰਕਾਸ਼ਵਾਨ ਸੀ॥੮॥

**ਦਹਾਨੇ ਦੁਹਦਰਾ ਦਹਨ ਬਰ ਕੁਸ਼ਾਦ॥**
**ਜਵਾਬੇ ਸੁਖ਼ਨ ਰਾ ਉਜ਼ਰ ਬਰ ਨਿਹਾਦ॥੯॥**

ਦਹਾਨੇ = ਮੂੰਹ।ਦੁਹਦਰਾ = ਢੋਲ।ਬਰ ਕੁਸ਼ਾਦ = ਖੋਲ੍ਹਿਆ।ਜਵਾਬੇ = ਉੱਤਰ।ਉੱਜ਼ਰ = ਭਾਰ।

ਬਾਦਸ਼ਾਹ ਦੇ ਹੁਕਮ ਅਨੁਸਾਰ ਢੋਲਾਂ ਵਾਲਿਆਂ ਨੇ ਢੋਲਾਂ ਦਾ ਮੂੰਹ ਖੋਲ੍ਹਿਆ ਭਾਵ ਖ਼ੂਬ ਢੋਲ ਵਜਾਏ। ਬਾਦਸ਼ਾਹ ਨੇ ਆਪਣੇ ਬਚਨ ਦਾ ਉੱਤਰ ਲੈਣ ਦਾ ਭਾਰ ਜਿਮੇਂਵਾਰੀ ਆਪਣੀ ਲੜਕੀ ਤੇ ਰਖਿਆ॥੯॥

**ਕਿ ਈਂ ਰਾਜਹੇ ਰਾਜਹਾ ਬੇਸ਼ੁਮਾਰ॥**
**ਕਿ ਵਕਤੇ ਤਰੱਦਦ ਬਿਆਮੁਖਤਹਕਾਰ॥੧੦॥**

ਰਾਜੇ ਨੇ ਕਿਹਾ, "ਹੇ ਪੁੱਤਰੀ ! ਏਥੇ ਬੇਸ਼ੁਮਾਰ ਰਾਜੇ ਇਕੱਠੇ ਹੋਏ ਹਨ ਜਿਹੜੇ ਕਿ ਯੁੱਧ ਕਲਾ ਵਿਚ ਭਲੀ ਭਾਂਤ ਨਿਪੁੰਨ ਹਨ"॥੧੦॥

**ਕਸੇ ਤੋ ਪਸੰਦ ਆਯਦਤ ਈਂ ਜ਼ਮਾਂ॥**
**ਵਜ਼ਾਂ ਪਸ ਬ ਦਾਮਾਦੀ ਆਯਦ ਹੁਮਾਂ॥੧੧॥**

ਕਸੇ = ਜੇ ਕੋਈ। ਜ਼ਮਾਂ = ਉਸ ਤੋਂ ਪਿਛੋਂ।

ਹੇ ਪੁੱਤਰੀ ! ਪਹਿਲਾਂ ਤੂੰ ਇਹਨਾਂ ਵਿਚੋਂ ਜਿਸ ਨੂੰ ਚਾਹੇਂ ਪਸੰਦ ਕਰ ਲੈ, ਫਿਰ ਉਹ ਮੇਰਾ ਜਵਾਈ ਬਣ ਕੇ ਆਵੇਗਾ॥੧੧॥

**ਨੁਮਾਦੰਦ ਬ ਓ ਰਾਜਹਾਂ ਬੇਸ਼ੁਮਾਰ॥**
**ਪਸੰਦਸ਼ ਨਿਯਾਮਦ ਕਸੇ ਕਾਰ ਬਾਰ॥੧੨॥**

ਨੁਮਾਦੰਦ = ਵਿਖਾਏ।ਨਿਯਾਮਦ = ਨਾ ਆਇਆ।ਕਸੇ = ਕਿਸੇ ਦਾ।ਕਾਰ ਬਾਰ = ਕਾਰ ਵਿਹਾਰ।

ਰਾਜੇ ਨੇ ਉਸ ਲੜਕੀ ਨੂੰ ਬੇਸ਼ੁਮਾਰ ਰਾਜੇ ਵਿਖਾਏ, ਪਰ ਉਸ ਨੂੰ ਕਾਰ ਵਿਹਾਰ ਤੋਂ ਕੋਈ ਰਾਜਾ ਵੀ ਪਸੰਦ ਨਾ ਆਇਆ॥੧੨॥

**ਹਮ ਆਖ਼ਰ ਯਕੇ ਰਾਜਹੇ ਸੁਭਟ ਸਿੰਘ॥**
**ਪਸੰਦ ਆਮਦਸ਼ ਹਮ ਚੁ ਗੁਰਰਾ ਨਿਹੰਗ॥੧੩॥**

Namdhari Elibrary NamdhariElibrary@gmail.com

ਹਮ ਆਖਰ = ਅੰਤ ਨੂੰ। ਗਰੁਰਾ = ਗਰਜਨ ਵਾਲਾ। ਨਿਹੰਗ = ਮਗਰ ਮੱਛ, ਤਲਵਾਰ।

ਉਸ ਲੜਕੀ ਨੂੰ ਆਖਰਕਾਰ 'ਸੁਭਟ ਸਿੰਘ' ਨਾਂ ਦਾ ਇਕ ਰਾਜਾ ਪਸੰਦ ਆਇਆ, ਜੋ ਮਗਰ ਮੱਛ ਵਾਂਗੂੰ ਗੱਜਣ ਵਾਲਾ ਸੀ॥੧੩॥

ਭਾਵ-ਇਕ ਬਹੁਤ ਬਹਾਦਰ ਰਾਜਾ, ਜੋ ਜੰਗ ਵਿਚ ਨਿਡੱਰ ਹੋ ਕੇ ਗੱਜਣ ਵਾਲਾ ਸੀ, ਉਸ ਲੜਕੀ ਨੂੰ ਪਸੰਦ ਆਇਆ।

## ਹਮਹ ਉਮਦਹੇ ਰਾਜਹਾ ਪੇਸ਼ ਖਾਂਦ॥
## ਜੁਦਾ ਬਰ ਜੁਦਾ ਦਉਰ ਮਜਲਸ ਨਿਸ਼ਾਂਦ॥੧੪॥

ਹਮਹ = ਸਾਰੇ ਹੀ। ਉਮਦਹੇ = ਚੰਗੇ। ਪੇਸ਼ = ਸਾਹਮਣੇ। ਖਾਂਦ = ਸੱਦ ਲਏ। ਜੁਦਾ ਬਰ ਜੁਦਾ = ਵਖੋ ਵਖਰੇ। ਦਉਰ = ਚੁਫੇਰੇ। ਮਜਲਿਸ = ਸਭਾ। ਨਿਸ਼ਾਂਦ = ਬਿਠਾਏ।

ਰਾਜੇ ਨੇ ਸਭ ਸੋਹਣੇ ਸੋਹਣੇ ਰਾਜੇ ਸੱਦ ਲਏ ਤੇ ਸਭ ਨੂੰ ਸਭਾ ਵਿਚ ਅੱਡ ਅੱਡ ਕੁਰਸੀਆਂ ਤੇ ਬਿਠਾ ਦਿੱਤਾ॥੧੪॥

## ਬ ਪੁਰਸ਼ੀਦ ਕਿ ਏ ਦੁਖਤਰੇ ਨੇਕ ਖੋਇ॥
## ਤੁਰਾ ਕਸ ਪਸੰਦ ਆਯਦ ਅਜ਼ੀਹਾਂ ਬਜੋਇ॥੧੫॥

ਪੁਰਸ਼ੀਦ = ਪੁਛਿਆ। ਖੋਇ = ਸੁਭਾਵ। ਤੁਰਾ = ਤੈਨੂੰ। ਅਜ਼ੀਹਾਂ ਬਜੋਇ = ਇਨ੍ਹਾਂ ਦੀ ਢੂੰਡ ਵਿਚੋਂ।

ਰਾਜੇ ਨੇ ਪੁਛਿਆ-ਹੇ ਚੰਗੇ ਸੁਭਾਵ ਵਾਲੀ ਪੁੱਤਰੀ ! ਤੈਨੂੰ ਇਨ੍ਹਾਂ ਰਾਜਿਆਂ ਵਿਚੋਂ ਕਿਹੜਾ ਰਾਜਾ ਪਸੰਦ ਆਇਆ ਹੈ?॥੧੫॥

## ਰਵਾਂ ਕਰਦੁ ਜਨਾਰ ਦਾਰਾਨ ਪੇਸ਼॥
## ਬਿਗੋਯਦ ਕਿ ਈਂ ਰਾਜਹੇ ਉੱਤਰ ਦੇਸ਼॥੧੬॥

ਰਵਾਂ ਕਰਦੁ = ਤੋਰ ਦਿੱਤਾ। ਜਨਾਰ = ਜੰਞੂ। ਦਾਰਾਨ = ਰੱਖਣ। ਪੇਸ਼ = ਅੱਗੇ।

ਰਾਜੇ ਨੇ ਜਨੇਊ ਧਾਰਨ ਕਰਨ ਵਾਲੇ ਬ੍ਰਾਹਮਣ ਨੂੰ ਅਗੇ ਤੋਰ ਦਿੱਤਾ। ਉਸ ਨੇ ਕਿਹਾ ਕਿ ਇਹ ਉੱਤਰ ਦੇਸ਼ ਦਾ ਰਾਜਾ ਹੈ॥੧੬॥

## ਕਿ ਓ ਨਾਮ ਬਸਤਸ਼ ਬਛੜ੍ਰਾ ਮਤੀ॥
## ਚੁ ਮਾਹੇ ਫਲਕ ਆਫ਼ਤਾਬੇ ਮਹੀ॥੧੭॥

ਬਸਤਸ਼ = ਬੰਨ੍ਹਣਾ। ਮਾਹੇ = ਚੰਦ੍ਰਮਾ। ਫਲਕ = ਅਕਾਸ਼। ਆਫ਼ਤਾਬੇ = ਸੂਰਜ। ਮਹੀ = ਪ੍ਰਿਥਵੀ।

ਬ੍ਰਾਹਮਣ ਨੇ ਸਭਨਾਂ ਨੂੰ ਸੁਣਾ ਕੇ ਕਿਹਾ ਕਿ ਰਾਜਾ ਆਪਣੀ ਪੁੱਤ੍ਰੀ ਬਛੜ੍ਰਾ ਮਤੀ ਦਾ ਵਿਆਹ ਕਰਨਾ ਚਾਹੁੰਦਾ ਹੈ, ਜਿਸ ਲੜਕੀ ਦੀ ਸੁੰਦਰਤਾ ਅਕਾਸ਼ ਦੇ ਚੰਦ੍ਰਮਾ ਤੇ ਧਰਤੀ ਦੇ ਸੂਰਜ ਵਾਂਗੂੰ

ਪ੍ਰਕਾਸ਼ਵਾਨ ਹੈ।।੧੭।।

**ਅਜ਼ੀਂ ਰਾਜਹਾਂ ਕਸ ਨਿਯਾਮਦ ਨਜ਼ਰ।।**
**ਵਜ਼ਾਂ ਪਸ ਅਜ਼ੀ ਹਾਂ ਬੁਬੀਂ ਪੁਰ ਗੁਹਰ।।੧੮।।**

ਨਿਯਾਮਦ = ਨਹੀਂ ਆਇਆ। ਨਜ਼ਰ = ਨਿਗਾਹ। ਪੁਰ = ਪੂਰਨ। ਗੁਹਰ = ਮੋਤੀ।

ਰਾਜੇ ਦੀ ਲੜਕੀ ਨੇ ਆਖਿਆ ਕਿ ਇਹਨਾਂ ਸਾਰਿਆਂ ਰਾਜਿਆਂ ਵਿਚੋਂ ਮੇਰੀ ਨਜ਼ਰ ਹੇਠ ਕੋਈ ਨਹੀਂ ਆਇਆ। ਲੜਕੀ ਦੀ ਇਹ ਗੱਲ ਸੁਣ ਕੇ ਰਾਜੇ ਨੇ ਫਿਰ ਆਖਿਆ ਕਿ ਹੇ ਗੁਣਾਂ ਨਾਲ ਭਰਪੂਰ ਪੁੱਤਰੀ ! ਤੂੰ ਇਨ੍ਹਾਂ ਰਾਜਿਆਂ ਨੂੰ ਚੰਗੀ ਤਰ੍ਹਾਂ ਵੇਖ।।੧੮।।

**ਨਜ਼ਰ ਕਰਦ ਬਰ ਰਾਜਹਾ ਨਾਜ਼ਨੀਂ।।**
**ਪਸੰਦਸ਼ ਨਿਯਾਮਦ ਕਸੇ ਦਿਲ ਨਗੀਂ।।੧੯।।**

ਨਜ਼ਰ ਕਰਦ = ਨਿਗਾਹ ਕੀਤੀ। ਨਾਜ਼ਨੀਂ = ਇਸਤਰੀ। ਦਿਲ ਨਗੀਂ = ਦਿਲ ਦਾ ਨਗੀਨਾ।

ਉਸ ਇਸਤਰੀ ਨੇ ਫਿਰ ਸਭਨਾਂ ਰਾਜਿਆਂ ਵਲ ਵੇਖਿਆ, ਪਰ ਉਸ ਨੂੰ ਕੋਈ ਰਾਜਾ ਵੀ ਪਸੰਦ ਨਾ ਆਇਆ, ਜੋ ਉਸ ਦੇ ਦਿਲ ਦਾ ਨਗੀਨਾ ਬਣ ਸਕਦਾ ਹੋਵੇ।।੧੯।।

**ਸੁਯੰਬਰ ਵਜ਼ਾਂ ਰੋਜ਼ ਮਉਕੂਫ਼ ਗਸ਼ਤ।।**
**ਕਿ ਨਾਜ਼ਮ ਬੁ ਬਰਖਾਸਤ ਦਰਵਾਜ਼ਹ ਬਸਤ।।੨੦।।**

ਵਜ਼ਾਂ ਰੋਜ਼ = ਉਸ ਦਿਨ। ਮਉਕੂਫ = ਮੁਲਤਵੀ। ਗਸ਼ਤ = ਗਿਆ। ਨਾਜ਼ਮ = ਪ੍ਰਬੰਧਕ। ਬਰਖਾਸਤ = ਉੱਠ ਗਈ। ਦਰਵਾਜ਼ਹ = ਬੂਹੇ। ਬਸਤ = ਬੰਦ।

ਇਸ ਤੋਂ ਪਿਛੋਂ ਉਸ ਦਿਨ ਸੁਅੰਬਰ ਮੁਲਤਵੀ ਹੋ ਗਿਆ ਤੇ ਪ੍ਰਬੰਧਕ ਉਠ ਬੈਠੇ ਤੇ ਨੌਕਰਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ।।੨੦।।

**ਕਿ ਰੋਜ਼ੇ ਦਿਗਰ ਸ਼ਾਹਿ ਜ਼ਰਰੀਂ ਸਿਪਹਰ।।**
**ਬਰ ਅਉਰੰਗ ਬਰਾਮਦ ਚੁ ਰੌਸ਼ਨ ਗੁਹਰ।।੨੧।।**

ਰੋਜ਼ੇ ਦਿਗਰ = ਦੂਜੇ ਦਿਨ। ਜ਼ਰਰੀਂ = ਸੁਨਹਿਰੀਂ। ਸਿਪਹਰ = ਢਾਲ। ਬਰ = ਉਪਰ। ਅਉਰੰਗ = ਤਖਤ। ਬਰਾਮਦ = ਆਇਆ। ਰੌਸ਼ਨ = ਪ੍ਰਕਾਸ਼। ਗੁਹਰ = ਮੋਤੀ।

ਦੂਜੇ ਦਿਨ ਸੁਨਹਿਰੀ ਢਾਲ ਵਾਲਾ ਰਾਜਾ ਤਖਤ ਤੇ ਆ ਕੇ ਬੈਠਾ, ਜਿਸ ਦਾ ਪ੍ਰਕਾਸ਼ ਮੋਤੀਆਂ ਵਾਂਗੂੰ ਫੈਲ ਰਿਹਾ ਸੀ।।੨੧।।

**ਦਿਗਰ ਰੋਜਹੇ ਰਾਜਹਾ ਖ਼ਾਸਤੰਦ।।**

Namdhari Elibrary NamdhariElibrary@gmail.com

## ਦਿਗਰ ਗੂਨਹ ਬਾਜ਼ਾਰ ਆਰਾਸਤੰਦ॥੨੨॥

ਖ਼ਾਸਤੰਦ = ਬੁਲਾਇਆ। ਦਿਗਰ ਗੂਨਹ = ਦੂਸਰੇ ਢੰਗ ਨਾਲ। ਆਰਾਸਤੰਦ = ਸਜਾਇਆ।

ਰਾਜੇ ਨੇ ਦੂਜੇ ਦਿਨ ਸਭ ਰਾਜਿਆਂ ਨੂੰ ਦਰਬਾਰ ਵਿਚ ਬੁਲਾਇਆ ਤੇ ਦੂਜੇ ਢੰਗ ਨਾਲ ਸਭਾ ਨੂੰ ਸਜਾਇਆ॥੨੨॥

## ਨਜ਼ਰ ਕੁਨ ਬਰੋਏ ਤੁ ਏ ਦਿਲਰੁਬਾਇ॥
## ਕਿਰਾ ਤੋ ਨਜ਼ਰ ਦਰ ਬਿਯਾਯਦ ਬਜਾਇ॥੨੩॥

ਨਜ਼ਰ ਕੁਨ = ਨਿਗਾਹ ਕਰ। ਬਰੋਏ = ਚਿਹਰਿਆਂ ਤੇ। ਦਿਲਰੁਬਾਇ = ਮਨ ਨੂੰ ਮੋਹਣ ਵਾਲੀ। ਕਿਰਾ = ਕਿਸ ਨੂੰ। ਬਿਯਾਯਦ = ਲਿਆਵੇਂ। ਬਜਾਇ = ਠੀਕ।

ਰਾਜੇ ਨੇ ਆਪਣੀ ਲੜਕੀ ਨੂੰ ਕਿਹਾ ਕਿ ਐ ਮਨ ਨੂੰ ਮੋਹਣ ਵਾਲੀ ਪੁੱਤਰੀ ! ਤੂੰ ਸਭਨਾਂ ਰਾਜਿਆਂ ਦੇ ਚਿਹਰਿਆਂ ਨੂੰ ਵੇਖ। ਤੇਰੀ ਨਜ਼ਰ ਵਿਚ ਕਿਹੜਾ ਰਾਜਾ ਠੀਕ ਜਚਦਾ ਹੈ॥੨੩॥

## ਬ ਪਹਿਨ ਅੰਦਰ ਆਮਦ ਗੁਲੇ ਅੰਜਮਨ॥
## ਕਿ ਜ਼ਰ ਆਬ ਰੰਗ ਅਸਤ ਸੀਮਾਬ ਤਨ॥੨੪॥

ਪਹਿਨ = ਮੈਦਾਨ। ਗੁਲੇ = ਫੁਲ। ਅੰਜਮਨ = ਬਾਗ। ਜ਼ਰ ਆਬ = ਸੋਨੇ ਦਾ ਪਾਣੀ। ਸੀਮਾਬ = ਪਾਰਾ।

ਪਿਤਾ ਦਾ ਬਚਨ ਸੁਣਕੇ ਬਾਗ ਦਾ ਫੁਲ ਸਭਾ ਵਿਚ ਆਇਆ। ਭਾਵ ਰਾਜਕੁਮਾਰੀ ਦਰਬਾਰ ਵਿਚ ਆਈ ਜਿਸ ਦੇ ਸਰੀਰ ਦਾ ਰੰਗ ਸੋਨੇ ਦੇ ਪਾਣੀ ਵਰਗਾ ਸੁਨਹਿਰੀ ਤੇ ਸਰੀਰ ਪਾਰੇ ਵਾਂਗੂੰ ਚੰਚਲ ਸੀ॥੨੪॥

## ਰਵਾਂ ਗਸ਼ਤ ਦਰ ਰਾਜਹਾ ਬੇਸ਼ੁਮਾਰ॥
## ਗੁਲੇ ਸੁਰਖ਼ ਚੂੰ ਗ਼ੁੰਬਜ਼ੇ ਨਉ ਬਹਾਰ॥੨੫॥

ਰਵਾਂ ਗਸ਼ਤ = ਤੁਰ ਪਈ। ਦਰ = ਵਿਚ। ਗੁਲੇ ਸੁਰਖ਼ = ਗੁਲਾਬ ਦਾ ਫੁਲ। ਨਉ ਬਹਾਰ = ਨਵੀਂ ਬਸੰਤ ਰੁੱਤ।

ਰਾਜਕੁਮਾਰੀ ਬੇਸ਼ੁਮਾਰ ਰਾਜਿਆਂ ਵਲ ਤੁਰ ਪਈ. ਜਿਸ ਦਾ ਰੰਗ ਬਸੰਤ ਰੁਤ ਦੇ ਖਿੜੇ ਲਾਲ ਫੁਲਾਂ ਵਰਗਾ ਸੀ॥੨੫॥

## ਬ ਦੁਜ਼ਦੀਦ ਦਿਲ ਰਾਜਹਾ ਬੇਸ਼ੁਮਾਰ॥
## ਬਿਅਫ਼ਤਦ ਜ਼ਿਮੀਂ ਚੂੰ ਯਲੇ ਕਾਰਜ਼ਾਰ॥੨੬॥

ਬ ਦੁਜ਼ਦੀਦ = ਚੁਰਾ ਲਿਆ। ਬਿਅਫਤਦ = ਡਿੱਗ ਪਏ। ਯਲੇ = ਸੂਰਮੇ। ਕਾਰਜ਼ਾਰ = ਜੰਗ ਭੂਮੀ।

Namdhari Elibrary NamdhariElibrary@gmail.com

ਰਾਜਕੁਮਾਰੀ ਨੇ ਬੇਅੰਤ ਰਾਜਿਆਂ ਦਾ ਦਿਲ ਚੁਰਾ ਲਿਆ। ਉਹ ਰਾਜਕੁਮਾਰੀ ਦਾ ਰੂਪ ਵੇਖਕੇ ਇਉਂ ਧਰਤੀ ਤੇ ਡਿੱਗ ਰਹੇ ਸਨ ਜਿਵੇਂ ਸੂਰਮੇ ਰਣਭੂਮੀ ਵਿਚ ਡਿੱਗਦੇ ਹਨ।।੨੬।।

**ਬਿਜ਼ਦ ਬਾਂਗ ਬਰ ਵੈ ਕਿ ਖਾਤੂਨ ਖ਼ੇਸ਼।।**
**ਕਿ ਈਂ ਉਮਦਹੇ ਰਾਜਹਾ ਉੱਤਰ ਦੇਸ਼।।੨੭।।**

ਬਿਜ਼ਦ = ਮਾਰਿਆ। ਬਾਂਗ = ਲਲਕਾਰਾ। ਖਾਤੂਨ = ਲੜਕੀ। ਉਮਦਹੇ = ਚੰਗੇ।

ਰਾਜਿਆਂ ਨੂੰ ਹੈਰਾਨ ਹੋਇਆ ਵੇਖ ਕੇ ਬ੍ਰਾਹਮਣ ਨੇ ਲਲਕਾਰਾ ਮਾਰਿਆ ਕਿ ਹੇ ਰਾਜਿਓ ਇਹ ਲੜਕੀ ਉੱਤਰ ਦੇਸ਼ ਦੇ ਚੰਗੇ ਰਾਜੇ ਦੀ ਲੜਕੀ ਹੈ।।੨੭।।

**ਵਜ਼ਾਂ ਦੁਖਤਰ ਹਸਤ ਈਂ ਬਛਤ੍ਰਾਮਤੀ।।**
**ਚੁ ਮਾਹੇ ਫ਼ਲਕ ਹਮ ਚੁ ਹੂਰੋ ਪਰੀ।।੨੮।।**

ਵਜ਼ਾਂ = ਉਸ ਦੀ। ਹਸਤ = ਹੈ। ਫਲਕ = ਅਕਾਸ਼।

ਇਹ ਬਛਤ੍ਰਾ ਮਤੀ ਨਾਂ ਦੀ ਲੜਕੀ ਰਾਜੇ ਦੀ ਪੁੱਤਰੀ ਹੈ। ਅਕਾਸ਼ ਦੇ ਚੰਦ ਵਰਗੀ ਸੁੰਦਰ ਹੈ ਅਤੇ ਪਰੀਆਂ ਵਰਗਾ ਇਸ ਦਾ ਕੋਮਲ ਸਰੀਰ ਹੈ।।੨੮।।

**ਸੁਯੰਬਰ ਦਰਾਮਦ ਚੁ ਮਾਹੇ ਫ਼ਲਕ।।**
**ਫਰਿਸ਼ਤਹ ਸਿਫਤ ਓ ਚੁ ਜ਼ਾਤਸ਼ ਮਲਕ।।੨੯।।**

ਦਰਾਮਦ = ਆਈ ਹੈ। ਫਰਿਸ਼ਤਹ = ਦੇਵਤੇ। ਮਲਕ = ਦੇਵਤਾ।

ਅਕਾਸ਼ ਦੇ ਚੰਦ ਵਾਂਗੂੰ ਇਹ ਸੁਅੰਬਰ ਵਿਚ ਆਈ ਹੈ. ਇਸ ਦੀਆਂ ਖ਼ੂਬੀਆਂ ਦੇਵਤਿਆਂ ਵਰਗੀਆਂ ਹਨ ਤੇ ਦੇਵਤਿਆਂ ਵਰਗਾ ਹੀ ਇਸ ਦਾ ਸਰੀਰ ਹੈ।।੨੯।।

**ਕਿਰਾ ਦੌਲਤ ਇਕਬਾਲ ਯਾਰੀ ਦਿਹਦ।।**
**ਕਿ ਈਂ ਮਾਹਰੋ ਕਾਮਗਾਰੀ ਦਿਹਦ।।੩੦।।**

ਕਿਰਾ = ਕਿਸ ਦਾ। ਇਕਬਾਲ = ਭਾਗ। ਯਾਰੀ = ਮਦਦ। ਮਾਹਰੋ = ਚੰਦ੍ਰਮਾਂ ਵਰਗੇ ਚਿਹਰੇ ਵਾਲੀ। ਕਾਮਗਾਰੀ = ਇੱਛਾ।

ਹੁਣ ਅਸੀਂ ਵੇਖਦੇ ਹਾਂ ਕਿ ਭਾਗਾਂ ਦੀ ਦੌਲਤ ਕਿਸ ਦੀ ਮਦਦ ਕਰਦੀ ਹੈ? ਇਹ ਚੰਦ੍ਰਮਾ ਵਰਗੇ ਚਿਹਰੇ ਵਾਲੀ ਰਾਜਕੁਮਾਰੀ ਕਿਸ ਦੀ ਇੱਛਾ ਪੂਰੀ ਕਰਦੀ ਹੈ।।੩੦।।

**ਪਸੰਦ ਆਮਦ ਓ ਰਾਜਹ ਸੁਭਟ ਸਿੰਘ ਨਾਮ।।**
**ਕਿ ਰੌਸ਼ਨ ਤਬੀਅਤ ਸਲੀਖਤ ਮੁਦਾਮ।।੩੧।।**

Namdhari Elibrary NamdhariElibrary@gmail.com

ਰੌਸ਼ਨ = ਪ੍ਰਕਾਸ਼। ਤਬੀਅਤ = ਸੁਭਾਅ। ਸਲੀਖਤ = ਹਸਮੁਖ। ਮੁਦਾਮ = ਸਦਾ।

ਰਾਜਕੁਮਾਰੀ ਨੂੰ ਸੁਭਟ ਸਿੰਘ ਨਾਂ ਦਾ ਰਾਜਾ ਪਸੰਦ ਆਇਆ, ਜਿਸਦਾ ਸੁਭਾਅ ਬੜੇ ਪ੍ਰਕਾਸ਼ ਵਾਲਾ ਅਤੇ ਹਮੇਸ਼ਾਂ ਹਸਮੁਖ ਰਹਿੰਦਾ ਸੀ।।੩੧।।

**ਰਵਾਂ ਦਰਦ ਬਰ ਵੈ ਵਕੀਲਸ ਗਿਰਾਂ।।**
**ਕਿ ਏ ਸ਼ਾਹਿ ਸ਼ਾਹਾਨ ਰੌਸ਼ਨ ਜ਼ਮਾਂ।।੩੨।।**

ਰਵਾਂ ਕਰਦ = ਭੇਜ ਦਿੱਤੇ। ਵਕੀਲਸ = ਵਕੀਲ। ਰੌਸ਼ਨ ਜ਼ਮਾਂ = ਜ਼ਮਾਨੇ ਵਿਚ ਪ੍ਰਕਾਸ਼ਵਾਨ।

ਰਾਜੇ ਨੇ ਉਸੇ ਵੇਲੇ ਉਸ ਬ੍ਰਾਹਮਣ ਨੂੰ ਵਿਚੋਲਾ ਬਣਾ ਕੇ ਰਾਜਾ ਸੁਭਟ ਸਿੰਘ ਵਲ ਭੇਜ ਦਿੱਤਾ। ਬ੍ਰਾਹਮਣ ਨੇ ਜਾ ਕੇ ਸੁਭਟ ਸਿੰਘ ਨੂੰ ਕਿਹਾ ਕਿ ਹੇ ਬਾਦਸ਼ਾਹਾਂ ਦੇ ਬਾਦਸ਼ਾਹ ! ਤੇ ਇਸ ਜ਼ਮਾਨੇ ਵਿਚ ਪ੍ਰਕਾਸ਼ਵਾਨ ਮੇਰੀ ਇਕ ਗੱਲ ਮੰਨੋ।।੩੨।।

**ਕਿ ਈਂ ਤਰਜ਼ ਲਾਲਾਇ ਬਰਗੇ ਸਮਨ।।**
**ਕਿ ਲਾਇਕ ਸ਼ੁਮਾ ਅਸਤ ਈਂ ਰਾ ਬਿਕੁਨ।।੩੩।।**

ਤਰਜ਼ = ਢੰਗ। ਲਾਲਾਇ = ਪੋਸਤ। ਬਰਗੇ = ਪੱਤਰ। ਸਮਨ = ਚੰਬੇਲੀ। ਸ਼ੁਮਾ = ਤੁਹਾਡੇ।

ਇਹ ਰਾਜਕੁਮਾਰੀ ਪੋਸਤ ਦੇ ਫੁਲ ਵਾਂਗੂੰ ਸੁੰਦਰ ਤੇ ਚੰਬੇਲੀ ਦੇ ਪੱਤਰ ਵਰਗੀ ਕੋਮਲ ਹੈ। ਇਹ ਹਰ ਤਰ੍ਹਾਂ ਆਪ ਦੇ ਯੋਗ ਹੈ. ਇਸ ਲਈ ਆਪ ਇਸ ਨੂੰ ਵਰ ਲਵੋ।।੩੩।।

**ਬਿਗੋਯਦ ਯਕੇ ਖ਼ਾਨਹ ਬਾਨੂ ਮਰਾਸਤ।।**
**ਕਿ ਚਸ਼ਮੇ ਅਜ਼ੋ ਹਰ ਦੂ ਆਹੂ ਤਰਾਸਤ।।੩੪।।**

ਬਿਗੋਯਦ = ਕਿਹਾ। ਬਾਨੂ = ਇਸਤਰੀ। ਮਰਾਸਤ = ਮੇਰੇ ਹੈ। ਚਸ਼ਮੇ = ਅੱਖਾਂ। ਹਰ ਦੂ = ਦੋਵੇਂ। ਆਹੂ = ਹਿਰਨ। ਤਰਾਸਤ = ਬੱਚਾ।

ਬ੍ਰਾਹਮਣ ਦੀ ਇਹ ਗੱਲ ਸੁਣ ਕੇ ਸੁਭਟ ਸਿੰਘ ਨੇ ਆਖਿਆ ਕਿ ਮੇਰੇ ਘਰ ਅਗੇ ਇਕ ਇਸਤਰੀ ਹੈ. ਜਿਸ ਦੀਆਂ ਅੱਖਾਂ ਹਿਰਨ ਦੇ ਬੱਚੇ ਵਾਂਗ ਸੁੰਦਰ ਹਨ।।੩੪।।

ਭਾਵ-ਜਿਸ ਤਰ੍ਹਾਂ ਹਰਨ ਦਾ ਬੱਚਾ ਸੁੰਦਰ. ਕੋਮਲ ਤੇ ਸੋਹਣੀਆਂ ਅੱਖਾਂ ਵਾਲਾ ਹੁੰਦਾ ਹੈ. ਇਸੇ ਤਰ੍ਹਾਂ ਮੇਰੀ ਇਸਤਰੀ ਬੜੀ ਸੁੰਦਰ ਤੇ ਕੋਮਲ ਹੈ।

**ਕਿ ਹਰਗਿਜ਼ ਮਨ ਈਂ ਰਾ ਨ ਕਰਦਮ ਕਬੂਲ।।**
**ਕਿ ਕ਼ੌਲੇ ਕ਼ੁਰਾਂ ਅਸਤ ਕਸਮੇ ਰਸੂਲ।।੩੫।।**

ਹਰਗਿਜ਼ = ਕਦੇ ਵੀ। ਕਬੂਲ = ਪ੍ਰਵਾਨ। ਕ਼ੌਲੇ = ਹੁਕਮ।

ਇਸ ਕਾਰਨ ਕਰਕੇ ਮੈਂ ਕਦੇ ਵੀ ਇਸ ਰਾਜਕੁਮਾਰੀ ਨੂੰ ਪ੍ਰਵਾਨ ਨਹੀਂ ਕਰਾਂਗਾ। ਮੈਨੂੰ ਕ਼ੁਰਾਨ

ਦਾ ਹੁਕਮ ਹੈ ਤੇ ਰਸੂਲ ਦੀ ਸੌਂਹ ਹੈ।।੩੫।।

**ਬ ਗੋਸ਼ ਅੰਦਰ ਆਮਦ ਅਜ਼ੀਨਾ ਸੁਖਨ।।**
**ਬਜੁੰਬਸ਼ ਦਰਾਮਦ ਜ਼ਨੇ ਨੇਕ ਤਨ।।੩੬।।**

ਬ ਗਸ਼ = ਕੰਨ। ਅਜ਼ੀਨਾ = ਇਸ ਤਰ੍ਹਾਂ। ਸੁਖਨ = ਬਚਨ। ਬਜੁੰਬਸ਼ = ਗੁੱਸਾ।

ਜਦੋਂ ਰਾਜਕੁਮਾਰੀ ਬਛਿਤ੍ਰਾਮਤੀ ਦੇ ਕੰਨ ਵਿਚ ਇਹ ਗੱਲ ਪਈ ਕਿ ਰਾਜਾ ਸੁਭਟ ਸਿੰਘ ਮੈਨੂੰ ਰਾਣੀ ਬਨਾਉਣ ਲਈ ਤਿਆਰ ਨਹੀਂ ਤਾਂ ਉਹ ਨੇਕ ਲੜਕੀ ਬੜੇ ਗੁੱਸੇ ਵਿਚ ਆਈ।।੩੬।।

**ਕਸੇ ਫ਼ਤਹ ਮਾਰਾ ਕੁਨਦ ਵਕਤ ਕਾਰ।।**
**ਵਜ਼ਾਂ ਸ਼ਾਹਿ ਮਾਰਾ ਸ਼ਵਦ ਈਂ ਦਿਯਾਰ।।੩੭।।**

ਕਸੇ = ਜਿਹੜਾ ਕੋਈ। ਦਿਯਾਰ = ਮੁਲਕ।

ਰਾਜਕੁਮਾਰੀ ਨੇ ਕਰੋਧ ਵਿਚ ਆਕੇ ਕਿਹਾ ਕਿ ਜਿਹੜਾ ਆਦਮੀ ਮੇਰੇ ਨਾਲ ਲੜ ਕੇ ਜੰਗ ਵਿਚ ਮੈਨੂੰ ਜਿਤੇਗਾ, ਉਹੋ ਹੀ ਮੇਰਾ ਪਤੀ ਤੇ ਇਸ ਦੇਸ਼ ਦਾ ਰਾਜਾ ਹੋਵੇਗਾ।।੩੭।।

**ਬ ਕੋਸ਼ੀਦ ਮੈਦਾਨ ਜੋਸ਼ੀਦ ਜੰਗ।।**
**ਬ ਖੋਸ਼ੀਦ ਖ਼ੁਫਤਾਨ ਪੋਲਾਦ ਰੰਗ।।੩੮।।**

ਕੋਸ਼ੀਦ = ਝਟ ਪਟ। ਜੋਸ਼ੀਦ = ਮਚਾਇਆ। ਬਖੋਸ਼ੀਦ = ਪਹਿਨ ਲਈ। ਖੁਫ਼ਤਾਨ = ਸੰਜੋਅ। ਪੋਲਾਦ = ਫੌਲਾਦ।

ਰਾਜਕੁਮਾਰੀ ਨੇ ਝਟ ਪਟ ਜੰਗ ਸ਼ੁਰੂ ਕਰ ਦਿੱਤਾ ਤੇ ਸਰੀਰ ਤੇ ਫੌਲਾਦ ਦੀ ਸੰਜੋਅ ਪਹਿਨ ਲਈ।।੩੮।।

**ਨਿਸ਼ਸਤਹ ਬਰ ਆਂ ਰਥ ਚੁ ਮਾਹੇ ਮੁਨੀਰ।।**
**ਬੁਬਸਤੰਦ ਸ਼ਮਸ਼ੇਰ ਜੁਸਤੰਦ ਤੀਰ।।੩੯।।**

ਨਿਸ਼ਸਤਹ = ਬੈਠ ਗਈ। ਮਾਹੇ ਮੁਨੀਰ = ਪੁੰਨਿਆ ਦਾ ਚੰਦ੍ਰਮਾਂ। ਬੁਬਸਤੰਦ = ਬੰਨ੍ਹ ਲਈ। ਸ਼ਮਸ਼ੇਰ = ਤਲਵਾਰ। ਜੁਸਤੰਦ = ਫੜ ਲਏ।

ਪੂਰਨਮਾਸ਼ੀ ਦੇ ਚੰਦ ਵਰਗੇ ਰੂਪ ਵਾਲੀ ਰਾਜਕੁਮਾਰੀ ਰੱਥ ਤੇ ਬੈਠ ਗਈ ਤੇ ਲੱਕ ਨਾਲ ਤਲਵਾਰ ਬੰਨ੍ਹ ਲਈ ਤੇ ਹੱਥ ਵਿਚ ਤੀਰ ਫੜ ਲਏ।।੩੯।।

**ਬ ਮੈਦਾਂ ਦਰਆਮਦ ਜੁ ਗ਼ੁਰਰੀਦ ਸ਼ੇਰ।।**
**ਚੁ ਸ਼ੇਰ ਅਸਤ ਸ਼ੇਰ ਅਫ਼ਕਨੋ ਦਿਲ ਦਲੇਰ।।੪੦।।**

ਮੈਦਾਂ = ਰਣਭੂਮੀ। ਗੁਰਰੀਦ = ਗੱਜਣਾ। ਸ਼ੇਰ ਅਫਕਨੋਂ = ਸ਼ੇਰ ਨੂੰ ਪਟਕਾਉਣ ਵਾਲੀ।

ਰਾਜਕੁਮਾਰੀ ਸ਼ੇਰ ਵਾਂਗੂੰ ਗੱਜਦੀ ਹੋਈ ਜੁੱਧ ਭੂਮੀ ਵਿਚ ਆ ਗਈ। ਉਹ ਸ਼ੇਰਾਂ ਨੂੰ ਪਟਕਾਉਣ ਵਾਲੀ ਤੇ ਦਿਲ ਦੀ ਦਲੇਰ ਸੀ। ੪੦।।

**ਬ ਪੋਸ਼ੀਦ ਖ਼ੁਫਤਾਨ ਜੋਸ਼ੀਦ ਜੰਗ।।**
**ਬ ਕੋਸ਼ੀਦ ਮੈਦਾਨ ਤੀਰੋ ਤੁਫੰਗ।।੪੧।।**

ਬਪੋਸ਼ੀਦ = ਪਹਿਨ ਲਈ। ਬਕੋਸ਼ੀਦ = ਕੋਸ਼ਿਸ਼ ਕੀਤੀ।

ਰਾਜਕੁਮਾਰੀ ਨੇ ਸੰਜੋਅ ਪਹਿਨਕੇ ਬੜੇ ਜੋਸ਼ ਨਾਲ ਜੰਗ ਕੀਤਾ ਤੇ ਤੀਰਾਂ ਤੇ ਬੰਦੂਕਾਂ ਨਾਲ ਜੰਗ ਜਿੱਤਣ ਦਾ ਯਤਨ ਕੀਤਾ।।੪੧।।

**ਚੁਨਾ ਤੀਰ ਬਾਰਾ ਕੁਨਦ ਕਾਰਜ਼ਾਰ।।**
**ਕਿ ਲਸ਼ਕਰ ਬਕਾਰ ਆਮਦਸ਼ ਬੇਸ਼ੁਮਾਰ।।੪੨।।**

ਬਾਰਾ = ਬਾਰਸ਼। ਕੁਨਦ = ਕੀਤੀ। ਕਾਰਜ਼ਾਰ = ਜੰਗ। ਲਸ਼ਕਰ = ਫੌਜ।

ਰਾਜਕੁਮਾਰੀ ਨੇ ਜੰਗ ਵਿਚ ਤੀਰਾਂ ਦੀ ਇਹੋ ਜਿਹੀ ਵਰਖਾ ਕੀਤੀ ਕਿ ਦੁਸ਼ਮਣ ਦੀ ਬੇਸ਼ੁਮਾਰ ਫੌਜ ਮਾਰੀ ਗਈ।।੪੨।।

**ਚੁਨਾ ਬਾਨ ਬਾਰੀਦ ਤੀਰੋ ਤੁਫ਼ੰਗ।।**
**ਬਸੋ ਮਰਦਮਾਂ ਮੁਰਦਹ ਸ਼ੁਦ ਜਾਇ ਜੰਗ।।੪੩।।**

ਬਾਨ = ਤੀਰ। ਬਾਰੀਦ = ਵਰਖਾ। ਬਸੋ = ਬਹੁਤ। ਮਰਦਮਾਂ = ਸੂਰਮੇ।

ਜੰਗ ਵਿਚ ਤੀਰਾਂ ਤੇ ਗੋਲੀਆਂ ਦੀ ਐਨੀ ਵਰਖਾ ਹੋਈ ਕਿ ਬੇਅੰਤ ਸੂਰਮੇ ਇਸ ਜੰਗ ਵਿਚ ਮਾਰੇ ਗਏ।।੪੩।।

**ਸ਼ਹੇ ਨਾਮ ਗਜ ਸਿੰਘ ਦਰਾਦਮ ਬਜੰਗ।।**
**ਚੁ ਕੈਬਰ ਕਮਾਂ ਹਮ ਚੁ ਤੀਰੋ ਤੁਫੰਗ।।੪੪।।**

ਸ਼ਹੇ = ਰਾਜਾ। ਦਰਾਮਦ = ਵਿਚ ਆ ਗਿਆ। ਕੈਬਰ = ਤੀਰ। ਕਮਾਂ = ਕਮਾਨ।

ਇਸ ਜੰਗ ਵਿਚ ਗਜ ਸਿੰਘ ਨਾਂ ਦਾ ਰਾਜਾ ਇਸ ਤਰ੍ਹਾਂ ਝੱਟ ਪਟ ਹਲਾ ਕਰਕੇ ਆਇਆ ਜਿਵੇਂ ਕਮਾਨ ਵਿਚੋਂ ਤੀਰ ਛੁਟਦਾ ਹੈ ਜਾਂ ਬੰਦੂਕ ਵਿਚੋਂ ਗੋਲੀ ਨਿਕਲਦੀ ਹੈ।।੪੪।।

**ਬ ਜੁੰਬਸ਼ ਦਰਾਮਦ ਚੁ ਅਫ਼ਰੀਤ ਮੇਸਤ।।**
**ਯਕੇ ਗੁਰਜ਼ ਅਜ਼ ਫ਼ੀਲ ਪੈਕਰ ਬ ਦਸਤ।।੪੫।।**

Namdhari Elibrary NamdhariElibrary@gmail.com

ਬਜ਼ੁੰਬਸ਼=ਗੁੱਸੇ ਨਾਲ। ਅਫ਼ਰੀਤ=ਦੈਂਤ, ਰਾਖਸ਼। ਪੈਕਰ=ਅਕਾਰ।

ਉਹ ਰਾਜਾ ਗਜ ਸਿੰਘ ਰਾਖਸ਼ ਵਾਂਗੂੰ ਗੁੱਸੇ ਨਾਲ ਆਇਆ। ਉਸ ਨੇ ਹੱਥ ਵਿਚ ਹਾਥੀ ਦੇ ਆਕਾਰ ਵਰਗਾ ਗੁਰਜ਼ ਫੜਿਆ ਹੋਇਆ ਸੀ।।੪੫।।

**ਯਕੇ ਤੀਰ ਜ਼ਦ ਬਾਨੂਏ ਪਾਕ ਮਰਦ।।**
**ਕਿ ਗਜ ਸਿੰਘ ਅਜ਼ ਅਸਪ ਆਮਦ ਬ ਗਰਦ।।੪੬।।**

ਦਲੇਰ ਇਸਤਰੀ ਨੇ ਉਸ ਸੂਰਮੇ ਨੂੰ ਇਕ ਤੀਰ ਮਾਰਿਆ, ਜਿਸ ਦੇ ਲੱਗਣ ਨਾਲ ਗਜ ਸਿੰਘ ਘੋੜੇ ਤੋਂ ਖ਼ਾਕ (ਧਰਤੀ) ਵਿਚ ਡਿੱਗ ਪਿਆ।।੪੬।।

**ਦਿਗਰ ਰਾਜਹ ਰਨ ਸਿੰਘ ਦਰਾਮਦ ਬ ਰੋਸ਼।।**
**ਕਿ ਪਰਵਾਨਹੇ ਚੂੰ ਦਰਾਮਦ ਬ ਜੋਸ਼।।੪੭।।**

ਦਿਗਰ=ਦੂਸਰਾ। ਬ ਰੋਸ਼=ਕਰੋਧ ਨਾਲ। ਬ ਜੋਸ਼=ਜੋਸ਼ ਨਾਲ।

ਦੂਸਰਾ ਰਾਜਾ ਰਨ ਸਿੰਘ ਬੜੇ ਕਰੋਧ ਨਾਲ ਇਸ ਤਰ੍ਹਾਂ ਜੰਗ ਵਿਚ ਆਇਆ, ਜਿਵੇਂ ਪਤੰਗਾ ਦੀਵੇ ਵਲ ਬੜੇ ਜੋਸ਼ ਨਾਲ ਆਉਂਦਾ ਹੈ।।੪੭।।

**ਚੁਨਾ ਤੇਗ਼ ਜ਼ਦ ਬਾਨੂਏ ਸ਼ੇਰ ਤਨ।।**
**ਬਿਅਫ਼ਤਾਦ ਰਨ ਸਿੰਘ ਚੁ ਸਰਵੇ ਚਮਨ।।੪੮।।**

ਤੇਗ਼=ਤਲਵਾਰ।ਜ਼ਦ=ਮਾਰੀ।ਬਿਅਫਤਾਦ=ਡਿੱਗ ਪਿਆ।ਸਰਵੇ=ਸਰੂ।ਚਮਨ=ਬਾਗ਼।

ਸ਼ੇਰ ਵਰਗੇ ਬਲਵਾਨ ਸਰੀਰ ਵਾਲੀ ਇਸਤਰੀ ਨੇ ਐਸੀ ਤਲਵਾਰ ਮਾਰੀ ਕਿ ਰਨ ਸਿੰਘ ਬਾਗ਼ ਵਿਚ ਉੱਗੇ ਸਰੂ ਦੇ ਦਰੱਖਤ ਮੈਦਾਨ ਵਿਚ ਡਿੱਗ ਪਿਆ।।੪੮।।

**ਯਕੇ ਸ਼ਹਿਰ ਅੰਬੇਰ ਦਿਗਰ ਜੋਧਪੁਰ।।**
**ਖ਼ਰਾਮੀਦਹ ਬਾਨੋ ਚੁ ਰਖਸ਼ਿੰਦਹ ਦੁਰ।।੪੯।।**

ਖ਼ਰਾਮੀਦਹ=ਮਟਕ ਨਾਲ ਤੁਰਨਾ। ਰਖਸ਼ਿੰਦਹ=ਚਮਕੀਲਾ। ਦੁਰ=ਮੋਤੀ।

ਇਕ ਰਾਜਾ ਅੰਬੇਰ ਸ਼ਹਿਰ ਦਾ ਸੀ ਤੇ ਦੂਜਾ ਜੋਧਪੁਰ ਦਾ, ਇਹ ਦੋਵੇਂ ਮੈਦਾਨ ਵਿਚ ਜੰਗ ਕਰਨ ਲਈ ਜਦ ਆਏ ਤਾਂ ਮੋਤੀ ਵਾਂਗੂੰ ਚਮਕਦੇ ਸਰੀਰ ਵਾਲੀ ਇਸਤਰੀ ਬੜੀ ਸ਼ਾਨ ਤੇ ਮਟਕ ਨਾਲ ਉਹਨਾਂ ਦੋਹਾਂ ਰਾਜਿਆਂ ਦੇ ਸਾਹਮਣੇ ਆਈ।।੪੯।।

**ਬਿਜ਼ਦ ਤੇਗ਼ ਬਾ ਜ਼ੋਰ ਬਾਨੋ ਸਿਪਰ।।**
**ਕਿ ਬਰਖ਼ੇਜ਼ [illegible] ਬੇਸ਼ੇ ਚੂੰ ਗੁਹਰ।।੫੦।।**

ਬਿਜ਼ਦ = ਮਾਰੀ। ਸਿਪਰ = ਢਾਲ। ਬ ਬਰਖੇਜ਼ = ਉਠੇ। ਸ਼ੁਅਲਹ = ਚੰਗਿਆੜੇ। ਚੂੰ = ਵਾਂਗੂੰ। ਗੁਹਰ = ਮੋਤੀ।

ਉਹਨਾਂ ਰਾਜਿਆਂ ਨੇ ਆਉਂਦਿਆਂ ਹੀ ਬੜੇ ਜ਼ੋਰ ਨਾਲ ਉਸ ਇਸਤਰੀ ਦੀ ਢਾਲ ਤੇ ਤਲਵਾਰ ਮਾਰੀ, ਤਲਵਾਰ ਵੱਜਣ ਨਾਲ ਮੋਤੀਆਂ ਵਾਂਗੂੰ ਚਮਕਦੇ ਬਹੁਤ ਸਾਰੇ ਚੰਗਿਆੜੇ ਨਿਕਲੇ॥੫੦॥

**ਸੋਯਮ ਰਾਜਹ ਬੂੰਦੀ ਦਰ ਆਮਦ ਦਲੇਰ॥**
**ਚੁ ਬਰ ਬੱਚਹ ਆਹੂ ਚੁ ਗੁਰਰੀਦ ਸ਼ੇਰ॥੫੧॥**

ਸੋਯਮ = ਤੀਜਾ। ਗੁਰਰੀਦ = ਗਰਜਦਾਂ। ਆਹੂ = ਹਿਰਨ।

ਉਨ੍ਹਾਂ ਦੇ ਮਰਨ ਉਪਰੰਤ ਤੀਜਾ ਰਾਜਾ, ਬੂੰਦੀ ਰਿਆਸਤ ਦਾ, ਬੜੀ ਦਲੇਰੀ ਨਾਲ ਜੰਗ ਵਿਚ ਆਇਆ, ਜਿਵੇਂ ਗਜਦਾ ਹੋਇਆ ਸ਼ੇਰ ਹਿਰਨ ਦੇ ਬੱਚੇ ਤੇ ਝਪਟਦਾ ਹੈ॥੫੧॥

**ਚੁਨਾ ਤੀਰ ਜ਼ਦ ਹਰਦੋ ਅਬਰੂ ਸ਼ਿਕੰਜ॥**
**ਬਿਅਫ਼ਤਾਦ ਅਮਰ ਸਿੰਘ ਚੁ ਸ਼ਾਖੇ ਤੁਰੰਜ॥੫੨॥**

ਹਰਦੋ = ਦੋਹਾਂ। ਅਬਰੂ = ਭਰਵੱਟੇ। ਸ਼ਿਕੰਜ = ਵਿਚ। ਸ਼ਾਖੇ = ਟਾਹਣੀ। ਤੁਰੰਜ = ਨਿੰਬੂ।

ਉਸ ਰਾਜਕੁਮਾਰੀ ਨੇ ਉਸ ਦੇ ਭਰਵੱਟਿਆਂ ਵਿਚ ਐਸੇ ਜ਼ੋਰ ਦਾ ਤੀਰ ਮਾਰਿਆ ਕਿ ਅਮਰ ਸਿੰਘ ਰਾਜਾ ਇਉਂ ਧਰਤੀ ਤੇ ਡਿੱਗ ਪਿਆ ਜਿਵੇਂ ਟਾਹਣੀ ਤੋਂ ਨਿੰਬੂ ਡਿੱਗ ਪੈਂਦਾ ਹੈ॥੫੨॥

**ਚੁਅਮ ਰਾਜਾ ਜੈ ਸਿੰਘ ਦਰਆਮਦ ਮੁਸਾਫ਼॥**
**ਬਜੋਸ਼ ਅੰਦਰੀਂ ਸ਼ੁਦ ਚੁ ਅਜ਼ ਕੋਹ ਕਾਫ਼॥੫੩॥**

ਚੁਅਮ = ਚੌਥਾ। ਦਰਆਮਦ = ਆਇਆ। ਮੁਸਾਫ਼ = ਜੰਗ। ਕੋਹ ਕਾਫ = ਇਕ ਪਹਾੜ ਦਾ ਨਾਂ ਹੈ।

ਚੌਥਾ ਰਾਜਾ ਜੈ ਸਿੰਘ ਬੜੇ ਜੋਸ਼ ਨਾਲ ਜੰਗ ਵਿਚ, ਇਸ ਤਰ੍ਹਾਂ ਗੁੱਸੇ ਨਾਲ ਆਇਆ, ਜਿਵੇਂ ਬੜਾ ਭਾਰੀ ਪਹਾੜ ਆ ਪਿਆ ਹੋਵੇ॥੫੩॥

**ਹੁਮਾਂ ਖ਼ੁਰਦ ਸਰਬਤ ਕਿ ਯਾਰੇ ਚੁਅਮ॥**
**ਕਿ ਜੈ ਸਿੰਘ ਪਸੇ ਯਕ ਨਿਆਮਦ ਕਦਮ॥੫੪॥**

ਹੁਮਾਂ = ਓਹੋ। ਖ਼ੁਰਦ = ਪਿਲਾਇਆ। ਨਿਆਮਦ = ਨਾ ਆਇਆ ਗਿਆ। ਕਦਮ = ਪੈਰ।

ਚੌਥੇ ਰਾਜੇ ਜੈ ਸਿੰਘ ਨੂੰ ਵੀ ਉਸ ਦੇ ਪਹਿਲੇ ਮਿੱਤਰਾਂ ਵਾਲਾ ਹੀ ਸ਼ਰਬਤ ਪਿਲਾਇਆ ਭਾਵ ਮਾਰ ਦਿੱਤਾ, ਉਸ ਕੋਲੋਂ ਇਕ ਪੈਰ ਵੀ ਪਿਛੇ ਨਾ ਹੋਇਆ ਗਿਆ॥੫੪॥

**ਯਕੋ ਸ਼ਹਿ ਫਿਰੰਗੋ ਪਿਲੰਦੇ ਦਿਗਰ॥**

**ਬ ਮੈਦਾਂ ਦਰਾਮਦ ਚ ਸ਼ੇਰੇ ਜਬਰ॥੫੫॥**

ਯਕੋਂ = ਇਕ। ਦਿਗਰ = ਦੂਸਰਾ।

ਫਿਰ ਇਕ ਬਾਦਸ਼ਾਹ 'ਫਰੰਗ' ਦੇਸ਼ ਦਾ ਤੇ ਦੂਜਾ 'ਪਲੰਦ' ਦੇਸ਼ ਦਾ, ਦੋਵੇਂ ਬਬਰ ਸ਼ੇਰ ਵਾਂਗੂ ਗੱਜਦੇ ਮੈਦਾਨ ਵਿਚ ਆਏ॥੫੫॥

**ਸਿਯਮ ਸ਼ਾਹਿ ਅੰਗਰੇਜ਼ ਚੂੰ ਆਫਤਾਬ॥**
**ਚੁਅਮ ਸ਼ਾਹਿ ਹਬਸ਼ੀ ਚੁ ਮਗਰੇ ਦਰ ਆਬ॥੫੬॥**

ਆਫ਼ਤਾਬ = ਸੂਰਜ। ਹਬਸ਼ੀ = ਹਬਸ਼ ਦੇਸ਼ ਦਾ।

ਤੀਸਰਾ ਬਾਦਸ਼ਾਹ ਅੰਗਰੇਜ਼ ਸੂਰਜ ਵਾਂਗੂ ਪ੍ਰਕਾਸ਼ਵਾਨ ਤੇ ਚੌਥਾ ਹਬਸ਼ ਦੇਸ਼ ਦਾ ਰਾਜਾ ਇਸ ਤਰ੍ਹਾਂ ਹੱਲਾ ਕਰਕੇ ਆਏ ਜਿਸ ਤਰ੍ਹਾਂ ਪਾਣੀ ਵਿਚ ਮਗਰਮੱਛ ਪੈਂਦਾ ਹੈ॥੫੬॥

**ਯਕੇ ਰਾ ਬਿਜ਼ਦ ਨੇਫਹ ਮੁਸ਼ਤੇ ਦਿਗਰ॥**
**ਸਿਯਮ ਰਾ ਬ ਪਾਓ ਚੁਅਮ ਰਾ ਸਿਪਰ॥੫੭॥**

ਬਿਜ਼ਦ = ਮਰਿਆ। ਮੁਸ਼ਤੇ = ਮੁੱਠ, ਮੁੱਕਾ। ਸਿਪਰ = ਢਾਲ।

ਰਾਜਕੁਮਾਰੀ ਨੇ ਪਹਿਲੇ ਬਾਦਸ਼ਾਹ ਨੂੰ ਨੇਜ਼ਾ ਮਾਰਿਆ, ਦੂਜੇ ਨੂੰ ਮੁੱਕਾ, ਤੀਜੇ ਨੂੰ ਪੈਰ ਨਾਲ ਲਤਾੜਿਆ ਤੇ ਚੌਥੇ ਦਾ ਮੂੰਹ ਸਿਰ ਢਾਲ ਨਾਲ ਭੰਨ ਸੁਟਿਆ॥੫੭॥

**ਚੁਨਾ ਮੇ ਬੇਅਫ਼ਤਦ ਨ ਬਰਖਾਸਤ ਬਾਜ਼॥**
**ਸੂਏ ਆਸਮਾਂ ਜਾਨ ਪਰਵਾਜ਼ ਸਾਜ਼॥੫੮॥**

ਬੇਅਫ਼ਤਦ = ਡਿੱਗੇ। ਬਰਖਾਸਤ = ਉਠੇ। ਬਾਜ਼ = ਫਿਰ। ਸੂਏ = ਵਲ। ਪ੍ਰਵਾਜ਼ = ਉੱਡ ਗਈ।

ਉਹ ਚਾਰੇ ਸੂਰਮੇ ਅਜਿਹੇ ਡਿੱਗੇ ਕਿ ਫਿਰ ਉੱਠ ਨਾ ਸਕੇ। ਉਹਨਾਂ ਦੀ ਜਾਨ ਅਕਾਸ਼ ਵਲ ਉਡਾਰੀ ਮਾਰ ਗਈ। ਭਾਵ ਉਹ ਚਾਰੇ ਰਾਜੇ ਮਰ ਗਏ॥੫੮॥

**ਦਿਗਰ ਕਸ ਨਿਯਾਮਦ ਤਮੰਨਾਇ ਜੰਗ॥**
**ਕਿ ਪੇਸ਼ੇ ਨਿਯਾਮਦ ਦਿਲਾਵਰ ਨਿਹੰਗ॥੫੯॥**

ਤਮੰਨਾਇ = ਇੱਛਾ। ਪੇਸ਼ੇ = ਅਗੇ। ਦਿਲਾਵਰ = ਦਲੇਰ। ਨਿਹੰਗ = ਸੰਸਾਰ।

ਹੋਰ ਕੋਈ ਜੰਗ ਕਰਨ ਦੀ ਇੱਛਾ ਨਾਲ ਰਾਜਕੁਮਾਰੀ ਦੇ ਸਾਹਮਣੇ ਨਾ ਆਇਆ ਜਿਸ ਤਰ੍ਹਾਂ ਪਾਣੀ ਵਿਚ ਰਹਿਣ ਵਾਲੇ ਮਗਰਮੱਛ ਦੇ ਸਾਹਮਣੇ ਕੋਈ ਵੀ ਦਲੇਰੀ ਕਰਕੇ ਨਹੀਂ ਆਉਂਦਾ॥੫੯॥

**ਸ਼ਬੇ ਸ਼ਹਿ ਸ਼ਬਿਸਤਾ ਚੂੰ ਆਮਦ ਬਫਉਜ॥**

ਸਿਪਰ ਖ਼ਾਨਹ ਆਮਦ ਹਮਹ ਮੌਜ ਮੌਜ॥੬੦॥

ਸ਼ਬੇ = ਰਾਤ ਦਾ। ਸ਼ਹਿ = ਬਾਦਸ਼ਾਹ। ਸ਼ਬਿਸਤਾ = ਰਾਤ ਸਮੇਂ। ਸਿਪਹ = ਸਿਪਾਹੀ। ਮੌਜ = ਲਹਿਰ।

ਰਾਤ ਦੇ ਸਮੇਂ ਰਾਤ ਦਾ ਬਾਦਸ਼ਾਹ ਚੰਦ ਆਪਣੀ ਤਾਰਿਆਂ ਰੂਪੀ ਫੌਜ ਲੈ ਕੇ ਚੜ੍ਹ ਪਿਆ. ਤਦ ਰਾਜਿਆਂ ਦੀ ਸੈਨਾ ਆਪਣੇ ਡੇਰਿਆਂ ਨੂੰ ਬੜੇ ਠਾਠ ਨਾਲ ਵਾਪਸ ਆ ਗਈ॥੬੦॥

ਬ ਰੋਜ਼ੇ ਦਿਗਰ ਰੌਸ਼ਨੀਅਤ ਪਨਾਹ॥
ਬ ਅਉਰੰਗ ਦਰ ਆਮਦ ਚੁ ਅਉਰੰਗ ਸ਼ਾਹ॥੬੧॥

ਬਰੋਜ਼ੇ ਦਿਗਰ = ਦੂਸਰੇ ਦਿਨ। ਅਉਰੰਗ = ਰਾਜ ਗੱਦੀ. ਤਖਤ। ਅਉਰੰਗਸ਼ਾਹ = ਤਖਤ ਦਾ ਮਾਲਕ।

ਫਿਰ ਦੂਜੇ ਦਿਨ ਰੌਸ਼ਨੀ ਦਾ ਸੋਮਾ ਸੂਰਜ ਆਪਣੇ ਤਖਤ ਤੇ ਆਇਆ. ਜਿਵੇਂ ਤਖਤ ਦਾ ਮਾਲਕ ਤਖਤ ਤੇ ਆ ਬੈਠਦਾ ਹੈ। ਭਾਵ ਅਕਾਸ਼ ਤੇ ਸੂਰਜ ਉਦੇ ਹੋ ਗਿਆ॥੬੧॥

ਦੁ ਸੂਏ ਯਲਾਂ ਹਮਹ ਬਸਤੰਦ ਕਮਰ॥
ਬ ਮੈਦਾਨ ਜੁਸਤੰਦ ਸਿਪਰ ਬਰ ਸਿਪਰ॥੬੨॥

ਦੁ ਸੂਏ = ਦੋਹਾਂ ਪਾਸਿਆਂ। ਯਲਾਂ = ਸੂਰਮੇ। ਹਮਹ = ਇਕੱਠੇ ਹੋ ਕੇ। ਬਸਤੰਦ = ਬੰਨ੍ਹ ਕੇ। ਕਮਰ = ਲੱਕ। ਜੁਸਤੰਦ = ਗਏ।

ਦੋਹਾਂ ਪਾਸਿਆਂ ਦੇ ਜੱਥੇ ਕਮਰ ਕਸੇ ਬੰਨ੍ਹ ਕੇ ਅਤੇ ਢਾਲਾਂ ਫੜ ਕੇ ਰਣਭੂਮੀ ਵਿਚ ਗਏ॥੬੨॥

ਬਗੁਰਰੀਦ ਆਮਦ ਦੁ ਅਬਰੇ ਮੁਸਾਫ॥
ਯਕੇ ਗਸ਼ਤਹ ਘਾਯਲ ਯਕੇ ਗਸ਼ਤ ਜਾਫ॥੬੩॥

ਬਗੁਰਰੀਦ = ਗਜਣਾ। ਅਬਰੇ = ਬੱਦਲ। ਗਸ਼ਤਹ = ਹੋਇਆ। ਘਾਯਲ = ਜ਼ਖਮੀ। ਜਾਫ = ਦੂਰ।

ਦੋਹਾਂ ਪਾਸਿਆਂ ਦੇ ਸੂਰਮੇ ਬੱਦਲ ਵਾਂਗੂੰ ਗੱਜਦੇ ਹੋਏ ਆਏ। ਕੁਝ ਜ਼ਖਮੀ ਹੋ ਗਏ ਤੇ ਕੁਝ ਮਰ ਗਏ॥੬੩॥

ਚਕਾ ਚਾਕ ਬਰਖਾਸਤ ਤੀਰੋ ਤੁਫੰਗ॥
ਖਤਾਖਤ ਦਰਾਮਦ ਹਮਹ ਰੰਗ ਰੰਗ॥੬੪॥

ਚਕਾ ਚਾਕ = ਸਰਰ ਸਰਰ। ਬਰਖਾਸਤ = ਉਠੀ। ਖ਼ਤਾਖਤ = ਕਾੜ ਕਾੜ। ਰੰਗ ਰੰਗ = ਤਰ੍ਹਾਂ ਤਰ੍ਹਾਂ ਦੀ।

ਤੀਰਾਂ ਦੇ ਚਲਣ ਨਾਲ ਸਰਰ ਸਰਰ ਦੀ ਆਵਾਜ਼ ਹੋਣ ਲੱਗੀ। ਬੰਦੂਕਾਂ ਚਲਣ ਨਾਲ ਮੈਦਾਨ ਵਿਚ ਕਾੜ ਕਾੜ ਹੋਣ ਲੱਗੀ। ਸਭ ਪਾਸਿਆਂ ਤੋਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ।।੬੪।।

**ਜ਼ਿ ਤੀਰੋ ਜ਼ਿ ਤੋਪੋ ਜ਼ਿ ਤੇਗ਼ੋ ਤਬਰ।।**
**ਜ਼ਿ ਨੇਜ਼ਹ ਵ ਨਾਚਖ਼ ਵ ਨਾਵਕ ਸਿਪਰ।।੬੫।।**

ਤਬਰ = ਕੁਹਾੜਾ। ਨਾਚਖ = ਛੋਟਾ ਬਰਛਾ। ਨਾਵਕ = ਬਾਣ।

ਤੀਰ, ਤੋਪਾਂ, ਤਲਵਾਰਾਂ, ਕੁਹਾੜਿਆਂ, ਨੇਜ਼ਿਆਂ, ਬਰਛਿਆਂ, ਬਾਣਾਂ ਤੇ ਢਾਲਾਂ ਆਦਿ ਸ਼ਸਤਰਾਂ ਨਾਲ ਬੜਾ ਭਾਰੀ ਜੰਗ ਹੋਇਆ।।੬੫।।

**ਯਕੇ ਦੇਵ ਆਮਦ ਕਿ ਜ਼ਾਗੋ ਨਿਸ਼ਾਂ।।**
**ਚੁ ਗੁਰਰੀਦ ਸ਼ੇਰ ਹਮ ਚੁ ਪੀਲੇ ਦਮਾਂ।।੬੬।।**

ਜ਼ਾਗੋ = ਕਾਂ। ਨਿਸ਼ਾਂ = ਕਾਲਾ। ਗੁਰਰੀਦ = ਗਰਜਣਾ। ਪੀਲੋ = ਹਾਥੀ। ਦਮਾਂ = ਮਤਵਾਲਾ।

ਜੰਗ ਵਿਚ ਇਕ ਕਾਲੇ ਕਾਂ ਵਰਗਾ ਰਾਖਸ਼ ਆਇਆ, ਜੋ ਸ਼ੇਰ ਵਾਂਗੂੰ ਗਰਜ ਰਿਹਾ ਸੀ ਤੇ ਮਸਤ ਹਾਥੀ ਵਾਂਗੂੰ ਮਤਵਾਲਾ ਸੀ।।੬੬।।

**ਕੁਨਦ ਤੀਰੋ ਬਾਰਾਂ ਚੁ ਬਾਰਾਂਨ ਮੇਗ।।**
**ਬਰਖਸ਼ ਅੰਦਰਾਂ ਅਬਰ ਚੂੰ ਬਰਕ ਤੇਗ਼।।੬੭।।**

ਕੁਨਦ = ਕਰਦਾ ਹੈ। ਬਾਰਾਂ = ਬਾਰਸ਼। ਬਾਰਾਨ = ਵਰਖਾ ਦੀ। ਬਰਖਸ਼ = ਚਮਕੀ। ਅਬਰ = ਬਦਲ। ਬਰਕ = ਬਿਜਲੀ।

ਉਸ ਰਾਖਸ਼ ਨੇ ਬੱਦਲਾਂ ਦੀ ਵਰਖਾ ਵਾਂਗੂੰ ਤੀਰਾਂ ਦੀ ਵਰਖਾ ਕੀਤੀ ਤੇ ਉਸਦੀ ਤਲਵਾਰ ਬੱਦਲਾਂ ਵਿਚ ਬਿਜਲੀ ਵਾਂਗੂੰ ਚਮਕੀ।।੬੭।।

**ਬ ਜੋਸ਼ ਅੰਦਰ ਆਮਦ ਦਹਾਨੇ ਦੁਹਲ।।**
**ਚੁ ਪੁਰ ਗਸ਼ਤ ਬਾਜ਼ਾਰ ਦਾਏ ਅਜ਼ਲ।।੬੮।।**

ਦਹਾਨੇ = ਮੂੰਹ। ਦੁਹਲ = ਢੋਲ। ਪੁਰ ਗਸ਼ਤ = ਭਰ ਗਿਆ। ਅਜ਼ਲ = ਮੌਤ।

ਦੋਹਾਂ ਪਾਸਿਆਂ ਤੋਂ ਢੋਲਾਂ ਦੇ ਮੂੰਹ ਬੜੇ ਜੋਸ਼ ਵਿਚ ਆ ਗਏ। ਜੰਗ ਦਾ ਮੈਦਾਨ ਲਾਸ਼ਾਂ ਨਾਲ ਭਰ ਗਿਆ।।੬੮।।

ਭਾਵ-ਰਣਭੂਮੀ ਵਿਚ ਮਾਰੂ ਵਾਜੇ ਬੜੇ ਜ਼ੋਰ ਨਾਲ ਵੱਜ ਰਹੇ ਸਨ ਤੇ ਸੂਰਮਿਆਂ ਦੀਆਂ ਲਾਸ਼ਾਂ ਨਾਲ ਮੈਦਾਨ ਭਰ ਗਿਆ।

Namdhari Elibrary NamdhariElibrary@gmail.com

ਹਰਾਂ ਕਸ ਕਿ ਪਰਰਾ ਸ਼ਵਦ ਤੀਰਿ ਸ਼ਸਤ ।।
ਬਸਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ।।੬੯।।

ਹਰਾਂ ਕਸ = ਜਿਹੜਾ ਕੋਈ। ਪਰਰਾ ਸ਼ਵਦ = ਉਡਦਾ। ਸ਼ਸਤ = ਨਿਸ਼ਾਨਾ। ਬਸਦ = ਸੌ। ਪਹਿਲੂਏ = ਵੱਖੀਆਂ, ਪਸਲੀਆਂ।

ਰਾਜਕੁਮਾਰੀ ਬਛਿਤ੍ਰਾਂਮਤੀ ਦਾ ਚਲਾਇਆ ਹੋਇਆ ਤੀਰ ਜਦੋਂ ਨਿਸ਼ਾਨੇ ਤੇ ਵੱਜਦਾ ਸੀ ਤਾਂ ਉਹ ਹਾਥੀਆਂ ਵਰਗੇ ਡੀਲ ਡੌਲ ਵਾਲੇ ਸੂਰਮਿਆਂ ਦੀਆਂ ਸੈਂਕੜੇ ਪਸਲੀਆਂ ਵਿਚੋਂ ਦੀ ਲੰਘ ਜਾਂਦਾ ਸੀ।।੬੯।।

ਹੁਮਾਂਕਸ ਬਸੇ ਤੀਰ ਜ਼ਦ ਬਰ ਕਜ਼ਾਂ।।
ਬਿਅਫਤਾਦ ਦੇਵੇ ਚੁ ਕਰਖੇ ਗਿਰਾਂ।।੭੦।।

ਬਸੇ = ਬਹੁਤ। ਜ਼ਦ = ਮਾਰੇ। ਕਜ਼ਾ = ਉਸ ਦੇ। ਦੇਵੇ = ਰਾਖਸ਼। ਕਰਖੇ = ਅਟਾਰੀ। ਗਿਰਾਂ = ਭਾਰੀ।

ਰਾਜਕੁਮਾਰੀ ਨੇ ਉਸ ਦੈਂਤ ਨੂੰ ਬਹੁਤ ਸਾਰੇ ਤੀਰ ਮਾਰੇ, ਜਿਸ ਨਾਲ ਉਹ ਦੈਂਤ ਬੜੀ ਵੱਡੀ ਅਟਾਰੀ ਵਾਂਗੂੰ ਮੈਦਾਨ ਵਿਚ ਡਿੱਗ ਪਿਆ।।੭੦।।

ਦਿਗਰ ਦੇਵ ਬਰਗਸ਼ਤ ਬਿਯਾਮਦ ਬਜੰਗ।।
ਚੁ ਸ਼ੇਰੇ ਅਜ਼ੀਮੋ ਹਮ ਚੁ ਬਰਾਂ ਪਿਲੰਗ।।੭੧।।

ਬਰਗਸ਼ਤ = ਗਿੱਰਝ। ਬਰਾਂ = ਉੱਡਣ ਵਾਲਾ। ਪਿਲੰਗ = ਚੀਤਾ।

ਫਿਰ ਦੂਸਰਾ ਰਾਖਸ਼ ਗਿੱਰਝ ਵਾਂਗੂੰ ਰਣਭੂਮੀ ਵਿਚ ਆਇਆ, ਉਹ ਇਕ ਸ਼ੇਰ ਵਰਗਾ ਭਾਰਾ ਅਤੇ ਚੀਤੇ ਵਾਂਗ ਫੁਰਤੀਲਾ ਸੀ।।੭੧।।

ਚੁਨਾਂ ਜ਼ਖਮ ਗੋਪਾਲ ਅੰਦਾਖਤ ਸਖਤ।।
ਬਿਅਫਤਾਦ ਦਾਨੋ ਚੁ ਬੇਖ ਅਜ਼ ਦਰਖਤ।।੭੨।।

ਗੋਪਾਲ = ਗੁਰਜ। ਅੰਦਾਖਤ = ਮਾਰਿਆ। ਬੇਖ = ਜੜ੍ਹ।

ਰਾਜ ਕੁਮਾਰੀ ਨੇ ਉਸ ਦੈਂਤ ਨੂੰ ਅਜਿਹਾ ਗੁਰਜ ਮਾਰਿਆ, ਜਿਸਦੇ ਸਖਤ ਜ਼ਖਮ ਨਾਲ ਉਹ ਦੈਂਤ ਇਉ ਡਿੱਗ ਪਿਆ, ਜਿਵੇਂ ਜੜ੍ਹ ਤੋਂ ਪੁਟਿਆ ਦਰਖਤ ਡਿੱਗਦਾ ਹੈ।।੭੨।।

ਦਿਗਰ ਕਸ ਨਿਯਾਮਦ ਅਜ਼ੋ ਆਰਜ਼ੋ।।
ਕਿ ਆਯਦ ਬਜੰਗੇ ਚੁਨੀਂ ਮਾਹਰੋ।।੭੩।।

ਆਰਜ਼ੋ = ਇੱਛਾ। ਮਾਹਰੋ = ਚੰਦਰ ਮੁਖੀ।

Namdhari Elibrary NamdhariElibrary@gmail.com

ਫਿਰ ਕਿਸੇ ਸੂਰਮੇ ਨੇ ਵੀ ਉਸ ਰਾਜਕੁਮਾਰੀ ਦੇ ਸਾਹਮਣੇ ਆਉਣ ਦੀ ਇੱਛਾ ਨ ਕੀਤੀ, ਜੋ ਚੰਦ ਵਰਗੀ ਸੁੰਦਰ ਰਾਜਕੁਮਾਰੀ ਜੰਗ ਕਰਨ ਲਈ ਮੈਦਾਨ ਵਿਚ ਆਈ ਹੋਈ ਸੀ॥੭੩॥

**ਸ਼ਹੇ ਚੀਨ ਸਰ ਤਾਜ ਰੰਗੀ ਨਿਹਾਦ॥**
**ਬਲਾਏ ਗੁਬਾਰਸ਼ ਦਹਨ ਬਰ ਕੁਸ਼ਾਦ॥੭੪॥**

ਨਿਹਾਦ = ਰੱਖ ਦਿੱਤਾ। ਬਲਾਏ = ਚੁੜੇਲ। ਗੁਬਾਰਸ਼ = ਹਨੇਰਾ। ਦਹਨ = ਮੂੰਹ।

ਚੀਨ ਦੇ ਬਾਦਸ਼ਾਹ ਨੇ ਆਪਣੇ ਸਿਰ ਤੋਂ ਸੁਨਹਿਰੀ ਤਾਜ ਲਾਹ ਕੇ ਰੱਖ ਦਿੱਤਾ ਤੇ ਕਾਲੀ ਚੁੜੇਲ ਨੇ ਆਪਣਾ ਮੂੰਹ ਖੋਲ੍ਹ ਲਿਆ। ਭਾਵ ਸੂਰਜ ਡੁੱਬ ਗਿਆ ਤੇ ਕਾਲੀ ਰਾਤ ਆ ਗਈ॥੭੪॥

**ਸ਼ਬ ਆਮਦ ਯਕੇ ਫੌਜ ਰਾ ਸਾਜ਼ ਕਰਦ॥**
**ਜ਼ਿ ਦੀਗਰ ਵਦਹ ਬਾਜ਼ੀ ਆਗ਼ਾਜ਼ ਕਰਦ॥੭੫॥**

ਸ਼ਬ = ਰਾਤ। ਬਾਜ਼ੀ = ਖੇਡ।

ਤਾਰਿਆਂ ਰੂਪੀ ਫੌਜ ਨੂੰ ਲੈ ਕੇ ਰਾਤ ਆ ਗਈ। ਫਿਰ ਉਸ ਰਾਤ ਨੇ ਦੂਸਰੀ ਤਰ੍ਹਾਂ ਦੀ ਖੇਡ ਆਰੰਭ ਕਰ ਦਿੱਤੀ॥੭੫॥

**ਕਿ ਅਫਸੋਸ ਅਫਸੋਸ ਹੈ ਹਾਤ ਹਾਤ॥**
**ਅਜ਼ੀਂ ਉਮਰ ਵਜ਼ੀਂ ਜ਼ਿੰਦਗੀ ਜ਼ੀ ਹਯਾਤ॥੭੬॥**

ਅਫਸੋਸ = ਸ਼ੋਕ। ਹਾਤ ਹਾਤ = ਹਾਇ ਹਾਇ। ਹਯਾਤ = ਜ਼ਿੰਦਗੀ।

ਰਾਜੇ ਆਪੋ ਆਪਣੇ ਡੇਰਿਆਂ ਵਿਚ ਆ ਕੇ ਇਸ ਤਰ੍ਹਾਂ ਕਹਿਣ ਲੱਗੇ ਹਾਇ ! ਹਾਇ ! ਅਫਸੋਸ ਹੈ ਸਾਡੀ ਉਮਰ ਤੇ, ਜ਼ਿੰਦਗੀ ਤੇ, ਜੀਵਨ ਤੇ ਕਿ ਅਸੀਂ ਇਸ ਰਾਜਕੁਮਾਰੀ ਨੂੰ ਫਤਹਿ ਨਹੀਂ ਕਰ ਸਕੇ॥੭੬॥

**ਬ ਰੋਜ਼ੇ ਦਿਗਰ ਰੌਸ਼ਨੀਯਤ ਫਿਕਰ॥**
**ਬਰ ਔਰੰਗ ਦਰਾਮਦ ਚੁ ਸ਼ਾਹੇ ਦਿਗਰ॥੭੭॥**

ਬਰੋਜ਼ੇ ਦਿਗਰ = ਦੂਜੇ ਦਿਨ। ਔਰੰਗ = ਤਖਤ।

ਦੂਜੇ ਦਿਨ ਸੂਰਜ ਇਸ ਤਰ੍ਹਾਂ ਚੜ੍ਹਿਆ ਜਿਵੇਂ ਕੋਈ ਰਾਜਾ ਆਪਣੇ ਤਖਤ ਤੇ ਆਉਂਦਾ ਹੈ॥੭੭॥

**ਸਿਯਹਿ ਸੂਦੋ ਬਰਖਾਸਤ ਅਜ਼ ਜੋਸ਼ ਜੰਗ॥**
**ਰਵਾਂ ਸ਼ੁਦ ਬ ਹਰ ਗੋਸ਼ਹ ਤੀਰੋ ਤੁਫੰਗ॥੭੮॥**

ਸਿਯਹਿ = ਫੌਜ। ਸੂਦੋਂ = ਦੋਹਾਂ ਪਾਸਿਆਂ। ਬਰਖਾਸਤ = ਉੱਠ ਖੜੀ ਹੋਈ। ਹਰ ਗੋਸ਼ਹ = ਹਰ

*********************************************************

ਕੋਨੇ।

ਦੋਹਾਂ ਪਾਸਿਆਂ ਦੀ ਫੌਜ ਬੜੇ ਜੋਸ਼ ਨਾਲ ਉੱਠ ਖੜੀ ਹੋਈ ਤੇ ਹਰ ਕੋਨੇ ਵਿਚੋਂ ਤੀਰ ਤੇ ਬੰਦੂਕਾਂ ਲੈ ਕੇ ਮੈਦਾਨ ਵਲ ਤੁਰ ਪਈ॥੭੮॥

**ਰਵਾਂਰਵ ਸ਼ੁਦਹ ਕੈਬਰੇ ਕੀਨਹ ਕੋਸ਼॥**
**ਕਿ ਬਾਜ਼ੂਏ ਮਰਦਾਂ ਬਰਾਵੁਰਦ ਜੋਸ਼॥੭੯॥**

ਰਵਾਂ ਰਵ = ਦਬਾ ਦਬ। ਸ਼ੁਦਹ = ਚਲੇ। ਕੈਬਰੇ = ਤੀਰ। ਕੀਨਹ ਕੋਸ਼ = ਬੁਰੀ।

ਭਾਰੀ ਮਾਰ ਕਰਨ ਵਾਲੇ ਤੀਰ ਫਟਾ ਫਟ ਚਲੇ ਤਾਂ ਸੂਰਮਿਆਂ ਦੀਆਂ ਬਾਹਾਂ ਵਿਚ ਜੋਸ਼ ਆ ਗਿਆ॥੭੯॥

**ਚੁ ਲਸ਼ਕਰ ਤਮਾਮੀ ਦਰਾਮਦ ਬ ਕਾਮ॥**
**ਯਕੇ ਮਾਂਦ ਓਰਾਸਤ ਸੁਭਟ ਸਿੰਘ ਨਾਮ॥੮੦॥**

ਲਸ਼ਕਰ = ਫੌਜ। ਤਮਾਮੀ = ਸਾਰੀ। ਮਾਂਦ = ਰਹਿ ਗਿਆ।

ਜਦ ਸਾਰੀ ਫੌਜ ਜੰਗ ਵਿਚ ਮਰ ਗਈ ਤੇ ਸਿਰਫ ਇਕੋ ਸੁਭਟ ਸਿੰਘ ਨਾਂ ਦਾ ਸੂਰਮਾ ਮੈਦਾਨ ਵਿਚ ਰਹਿ ਗਿਆ॥੮੦॥

**ਬਿਗੋਯਦ ਕਿ ਏ ਸ਼ਾਹ ਰੁਸਤਮ ਜ਼ਮਾਂ॥**
**ਤੁ ਮਾਂ ਰਾ ਬਿਕੁਨ ਯਾ ਬਿਗੀਰੀ ਕਮਾਂ॥੮੧॥**

ਬਿਗੋਯਦ = ਕਿਹਾ। ਰੁਸਤਮ ਜ਼ਮਾਂ = ਸੰਸਾਰ ਜੇਤੂ ਪਹਿਲਵਾਨ। ਬਿਕੁਨ = ਕਰ। ਬਿਗੀਰੀ = ਫੜ ਕੇ।

ਰਾਜਕੁਮਾਰੀ ਨੇ ਸੁਭਟ ਸਿੰਘ ਨੂੰ ਕਿਹਾ ਕਿ ਐ ਦੁਨਿਆਂ ਦੇ ਰੁਸਤਮ! ਤੂੰ ਮੇਰੇ ਨਾਲ ਵਿਆਹ ਕਰ ਲੈ, ਜੇ ਨਹੀਂ ਕਰਨਾ ਤਾਂ ਕੁਮਾਨ ਫੜ ਕੇ ਮੇਰੇ ਨਾਲ ਜੰਗ ਕਰ॥੮੧॥

**ਬ ਗਜ਼ਬ ਅੰਦਰ ਆਮਦ ਚੁ ਸ਼ੇਰੇ ਜ਼ਿਆਂ॥**
**ਨ ਪੁਸ਼ਤੇ ਦਿਹਮ ਬਾਨੂਏ ਹਮ ਚੁਨਾਂ॥੮੨॥**

ਗਜ਼ਬ = ਕਰੋਧ। ਜ਼ਿਆਂ = ਡਰਾਉਣਾ, ਭਿਆਨਕ। ਪੁਸ਼ਤੇ = ਪਿੱਠ। ਦਿਹਮ = ਦਿਆਂਗਾ।

ਸੁਭਟ ਸਿੰਘ ਭਿਆਨਕ ਸ਼ੇਰ ਵਾਂਗੂੰ ਬੜੇ ਗੁੱਸੇ ਵਿਚ ਆ ਕੇ ਕਹਿਣ ਲੱਗਾ। ਐ ਰਾਜਕੁਮਾਰੀ ! ਮੈਂ ਇਸ ਜੰਗ ਵਿਚ ਪਿੱਠ ਨਹੀਂ ਵਿਖਾਵਾਂਗਾ, ਬੇਸ਼ਕ ਤੂੰ ਯੁੱਧ ਕਰ ਲੈ॥੮੨॥

**ਬ ਪੋਸ਼ੀਦ ਖ਼ੁਫ਼ਤਾਨ ਜੋਸ਼ੀਦ ਜੰਗ॥**
**ਬ ਕੋਸ਼ੀਦ ਚੂੰ ਸ਼ੇਰ ਮਰਦਾਂ ਨਿਹੰਗ॥੮੩॥**

ਬਪੋਸ਼ੀਦ = ਪਹਿਨਣਾ। ਖ਼ੁਫਤਾਨ = ਸੰਜੋਅ। ਬਕੋਸ਼ੀਦ = ਯਤਨ ਕੀਤਾ। ਨਿਹੰਗ = ਮਗਰ ਮੱਛ।

ਬੜੇ ਜੋਸ਼ ਨਾਲ ਜੰਗ ਕਰਨ ਲਈ ਸੁਭਟ ਸਿੰਘ ਨੇ ਸੰਜੋਅ ਪਹਿਨ ਲਈ ਤੇ ਮਗਰ ਮੱਛ ਵਾਂਗੂੰ ਹੱਲਾ ਕਰਨ ਦਾ ਯਤਨ ਕੀਤਾ॥੮੩॥

**ਬ ਜਾਯਸ਼ ਦਰਾਮਦ ਚੁ ਸ਼ੇਰੇ ਅਜ਼ੀਮ॥**
**ਬ ਕੈਬਰ ਕਮਾਂ ਕਰਦ ਬਾਰਸ਼ ਕਰੀਮ॥੮੪॥**

ਜਾਯਸ਼ = ਚਲ ਕੇ। ਕੈਬਰ = ਤੀਰ। ਕਮਾਂ = ਕਮਾਨ।

ਸੁਭਟ ਸਿੰਘ ਵਡੇ ਸ਼ੇਰ ਵਾਂਗੂੰ ਚਲਕੇ ਰਣਭੂਮੀ ਵਿਚ ਆ ਗਿਆ ਤੇ ਉਸ ਨੇ ਕਮਾਨ ਫੜ ਕੇ ਤੀਰਾਂ ਦਾ ਭਾਰੀ ਮੀਂਹ ਵਸਾ ਦਿੱਤਾ॥੮੪॥

**ਚਪੋ ਰਾਸਤ ਓ ਕਰਦ ਖਮ ਕਰਦ ਰਾਸਤ॥**
**ਗਰੇਵੇ ਕਮਾਂ ਚਰਖ ਚੀਨੀ ਬਿਖ਼ਾਸਤ॥੮੫॥**

ਚਪੋ ਰਾਸਤ = ਸੱਜੇ ਖੱਬੇ। ਖਮ = ਵਿੰਗਾ। ਰਾਸਤ = ਸੱਜਾ। ਗਰੇਵੇ = ਸ਼ਬਦ ਆਵਾਜ਼। ਚਰਖ = ਅਕਾਸ਼। ਬਿਖਾਸਤ = ਉਠੀ।

ਸੁਭਟ ਸਿੰਘ ਨੇ ਸੱਜੇ ਖੱਬੇ ਵਾਰ ਕੀਤੇ ਤੇ ਫਿਰ ਵਿੰਗੇ ਤੇ ਸਿੱਧੇ ਢੰਗ ਨਾਲ ਵੀ ਮੁਕਾਬਲਾ ਕੀਤਾ। ਉਸ ਦੇ ਹੱਥ ਵਿਚ ਚੀਨ ਦੇਸ਼ ਦਾ ਬਣਿਆ ਤੀਰ ਕਮਾਨ ਸੀ, ਜਿਸ ਦੀ ਕੜ ਕੜ ਦੀ ਅਵਾਜ਼ ਅਕਾਸ਼ ਤਕ ਗੂੰਜ ਉਠੀ॥੮੫॥

**ਹਰਾਂ ਕਸ ਕਿ ਨੇਜ਼ਹ ਬਿਅਫਤਾਦ ਮੁਸ਼ਤ॥**
**ਦੁਤਾ ਗਸ਼ਤ ਮੁਸ਼ਤੇ ਹਮੀਂ ਚਾਰ ਗਸ਼ਤ॥੮੬॥**

ਮੁਸ਼ਤ = ਮੁੱਠ। ਦੁਤਾ = ਦੂਹਰਾ। ਗਸ਼ਤ = ਹੋ ਗਿਆ।

ਰਾਜਕੁਮਾਰੀ ਦੇ ਹੱਥ ਦਾ ਨੇਜ਼ਾ ਜਿਸ ਨੂੰ ਵਜਿਆ, ਉਹ ਦੋ ਟੁਕੜੇ ਜਾਂ ਚਾਰ ਟੁਕੜੇ ਹੋ ਗਿਆ॥੮੬॥

**ਬਿਯਾਵੇਖ਼ਤ ਬਾ ਦੀਗਰੇ ਬਾਜ਼ ਪਰ॥**
**ਚੁ ਸੁਰਖ਼ ਅਜ਼ਦਹਾ ਬਰ ਹਮੀ ਸ਼ੇਰ ਨਰ॥੮੭॥**

ਬਿਯਾਵੇਖਤ = ਚੰਬੜੇ।

ਦੋਵੇਂ ਇਕ ਦੂਜੇ ਨੂੰ ਇਸ ਤਰ੍ਹਾਂ ਚੰਬੜ ਗਏ, ਜਿਵੇਂ ਬਾਜ਼ ਆਪਣੇ ਸ਼ਿਕਾਰ ਨੂੰ ਚੰਬੜਦਾ ਹੈ, ਜਿਵੇਂ ਲਾਲ ਰੰਗ ਦਾ ਵੱਡਾ ਸੱਪ ਸੁਰਮੇ ਨੂੰ ਚੰਬੜਿਆ ਹੋਵੇ॥੮੭॥

Namdhari Elibrary NamdhariElibrary@gmail.com

ਚੁਨਾ ਬਾਨ ਅਫਤਾਦ ਤੀਰੋ ਤੁਫੰਗ।।
ਜ਼ਿਮੀ ਕੁਸ਼ਤ ਗਾਨਸ਼ ਸ਼ੁਦਹ ਲਾਲਹ ਰੰਗਂ।।੮੮।।

ਚੁਨਾ = ਅਜਿਹਾ। ਕੁਸ਼ਤ ਗਾਨਸ਼ = ਮੁਰਦਿਆਂ।

ਤੀਰਾਂ ਤੇ ਗੋਲੀਆਂ ਦੀ ਅਜਿਹੀ ਮਾਰ ਪਈ ਕਿ ਧਰਤੀ ਮੁਰਦਿਆਂ ਦੇ ਲਹੂ ਨਾਲ ਲਾਲ ਰੰਗ ਦੀ ਹੋ ਗਈ।।੮੮।।

ਕੁਨਦ ਤੀਰ ਬਾਰਾਨ ਰੋਜ਼ੇ ਤਮਾਮ।।
ਕਸੇ ਰਾ ਨ ਗਸ਼ਤੀਦ ਮਕਸੂਦ ਕਾਮ।।੮੯।।

ਕੁਨਦ = ਕੀਤੀ। ਬਾਰਾਨ = ਵਰਖਾ। ਰੋਜ਼ੇ ਤਮਾਮ = ਸਾਰਾ।

ਸਾਰਾ ਦਿਨ ਦੋਹਾਂ ਸੂਰਮਿਆਂ ਨੇ ਤੀਰਾਂ ਦੀ ਵਰਖਾ ਕੀਤੀ, ਪਰ ਕਿਸੇ ਨੂੰ ਵੀ ਸਫਲਤਾ ਪ੍ਰਾਪਤ ਨਾ ਹੋਈ ਭਾਵ ਦੋਹਾਂ ਵਿਚੋਂ ਕੋਈ ਵੀ ਜਿੱਤ ਨਾ ਸਕਿਆ।।੮੯।।

ਅਜ਼ੰ ਜੰਗਜ਼ੋ ਮਾਂਦਗੀ ਮਾਂਦਹ ਗਸ਼ਤ।।
ਬਿਅਫਤਾਦ ਹਰ ਦੋ ਦਰ ਆ ਪਹਿਨ ਦਸਤ।।੯੦।।

ਅਜ਼ੰ = ਉਸ। ਜੰਗਜ਼ੋ = ਸੂਰਮੇ। ਮਾਂਦਗੀ = ਥਕੇਵੇਂ। ਮਾਂਦਹ ਗਸ਼ਤ = ਦੁਖੀ ਹੋ ਗਏ। ਪਹਿਨ = ਚੌੜੇ। ਦਸਤ = ਜੰਗਲ।

ਯੁੱਧ ਵਿਚ ਦੋਵੇਂ ਸੂਰਮੇ ਥੱਕ ਕੇ ਚੂਰ ਹੋ ਗਏ ਅਤੇ ਦੋਵੇਂ ਉਜਾੜ ਯੁੱਧ ਖੇਤਰ ਵਿਚ ਡਿੱਗ ਪਏ।।੯੦।।

ਸ਼ਹਿਨਸ਼ਾਹਿ ਰੂਮੀ ਸਿਪਰ ਦਾਦ ਰੋਇ।।
ਦਿਗਰ ਸ਼ਾਹਿ ਪੈਦਾ ਸ਼ੁਦਹ ਨੇਕ ਖੋਇ।।੯੧।।

ਸਿਪਰ = ਢਾਲ। ਦਾਦ = ਦਿੱਤੀ। ਰੋਇ = ਚਿਹਰਾ। ਨੇਕ ਖੋਇ = ਚੰਗੇ ਸੁਭਾਅ ਵਾਲਾ।

ਗਰਮ ਸੁਭਾਅ ਦੇ ਬਾਦਸ਼ਾਹ ਨੇ ਆਪਣੇ ਚਿਹਰੇ ਤੇ ਢਾਲ ਰਖ ਲਈ ਤੇ ਦੂਸਰਾ ਸੀਤਲ ਸੁਭਾਅ ਵਾਲਾ ਬਾਦਸ਼ਾਹ ਆ ਗਿਆ। ਭਾਵ ਸੂਰਜ ਡੁੱਬ ਗਿਆ ਤੇ ਚੰਦ੍ਰਮਾਂ ਨਿਕਲ ਆਇਆ।।੯੧।।

ਨ ਦਰ ਜੰਗ ਆਸੂਦਹ ਸ਼ੁਦ ਯਕ ਜ਼ਮਾਂ।।
ਬਿਅਫਤਾਦ ਹਰ ਦੋ ਚੁਨੀ ਕੁਸ਼ਤਗਾਂ।।੯੨।।

ਆਸੂਦਹ = ਸੁਖ। ਕੁਸ਼ਤਗਾਂ = ਮੁਰਦਿਆਂ।

ਇਸ ਜੰਗ ਵਿਚ ਕਿਸੇ ਨੂੰ ਵੀ ਜਿੱਤ ਪ੍ਰਾਪਤ ਨਹੀਂ ਹੋਈ। ਅਤੇ ਅੰਤ ਵਿਚ ਮੁਰਦਿਆਂ ਵਾਂਗੂੰ

Namdhari Elibrary NamdhariElibrary@gmail.com

ਦੋਵੇਂ ਹੀ ਮੈਦਾਨ ਵਿਚ ਭਿੜ ਪਏ॥੯੨॥

**ਦਿਗਰ ਰੋਜ਼ ਬਰਖਾਸਤ ਹਰ ਦੋ ਬਜੰਗ॥**
**ਬਿਆਵੇਖਤ ਬਾ ਯਕ ਦਿਗਰ ਚੂੰ ਨਿਹੰਗ॥੯੩॥**

ਆਵੇਖਤ–ਚੰਬੜ ਗਏ। ਯਕ ਦਿਗਰ = ਇਕ ਦੂਜੇ ਨੂੰ। ਨਿਹੰਗ = ਮਗਰ ਮੱਛ।

ਦੂਜੇ ਦਿਨ ਦੋਵੇਂ ਜੁੱਧ ਕਰਨ ਲਈ ਉਠ ਖੜੇ ਹੋਏ ਤੇ ਉੱਠਦਿਆਂ ਹੀ ਮਗਰ ਮੱਛ ਵਾਂਗੂੰ ਦੋਵੇਂ ਇਕ ਦੂਜੇ ਨਾਲ ਭਿੜ ਪਏ॥੯੩॥

**ਵਜ਼ਾਂ ਹਰ ਦੋ ਤਨ ਕੂਜ਼ਹਗਾਨੇ ਸ਼ੁਦਹ॥**
**ਕਜ਼ਾਂ ਸੀਨਹ ਗਾਹੀਨ ਅਰਵਾ ਸ਼ੁਦਹ॥੯੪॥**

ਵਜ਼ਾਂ = ਉਸ। ਹਰ ਦੋ ਤਨ = ਦੋਹਾਂ ਦੇ ਸਰੀਰ। ਕੂਜ਼ਹਗਾਨੇ = ਵਿੰਗ. ਕੁੱਬੇ। ਸੀਨਹ = ਛਾਤੀ। ਅਰਵਾ = ਲਾਲ।

ਯੁੱਧ ਵਿਚ ਦੋਹਾਂ ਦੇ ਸਰੀਰ ਕੁੱਬੇ ਹੋ ਗਏ ਤੇ ਛਾਤੀਆਂ ਲਾਲ ਹੋ ਗਈਆਂ ਭਾਵ ਦੋਹਾਂ ਦੇ ਸਰੀਰ ਖੂਨ ਨਾਲ ਲਾਲੋ ਲਾਲ ਹੋ ਗਏ॥੯੪॥

**ਬ ਰਖਸ਼ ਅੰਦਰ ਆਮਦ ਚੁ ਮੁਸ਼ਕੀ ਨਿਹੰਗ॥**
**ਬਸੇ ਬੰਗਸ਼ੀ ਬੋਜ਼ ਬੰਗੋ ਪਿਲੰਗ॥੯੫॥**

ਬ ਰਖਸ਼ = ਨੱਚੇ।. ਮੁਸ਼ਕੀ = ਕਾਲੇ। ਬੰਗਸ਼ੀ = ਬੰਗਸ਼ ਦੇਸ਼ ਦੇ। ਬੋਜ਼ = ਚੀਨਾ ਘੋੜਾ। ਪਿਲੰਗ = ਚੀਤਾ।

ਰਣ ਖੇਤਰ ਵਿਚ ਆਕੇ ਕਾਲੇ ਸੂਰਮੇ ਨੱਚ ਪਏ ਅਤੇ ਬਗੰਸ਼ ਦੇਸ਼ ਦੇ ਚੀਨੇ ਘੋੜੇ ਚੀਤਿਆਂ ਵਾਂਗ ਛਾਲਾਂ ਮਾਰਨ ਲੱਗੇ॥੯੫॥

**ਕਿ ਅਬਲਕ ਸਿਯਾਹ ਅਬਲਕੋ ਬੋਜ਼ ਬੋਰ॥**
**ਬ ਰਖਸ਼ ਅੰਦਰ ਆਮਦ ਚੁ ਤਾਊਸ ਮੋਰ॥੯੬॥**

ਅਬਲਕ = ਡਬਖੜੱਬਾ। ਸਿਯਾਹ = ਕਾਲਾ। ਅਬਲਕੋ = ਗਦਰਾ। ਬੋਰ = ਚਿੱਤਰਾ। ਤਾਊਸ = ਮੋਰ। ਰਖਸ਼ = ਨੱਚਣਾ।

ਡਬਖੜੱਬੇ, ਕਾਲੇ, ਗਦਰੇ ਤੇ ਚਿੱਤਰ ਮਿੱਤਰੇ ਘੋੜੇ ਮੋਰ ਵਾਂਗੂੰ ਨੱਚਣ ਲੱਗੇ॥੯੬॥

ਭਾਵ–ਕਈ ਰੰਗਾਂ ਦੇ ਘੋੜੇ ਜੰਗ ਵਿਚ ਕੁੱਦਣ ਲਗੇ।

**ਜ਼ਿਰਹ ਪਾਰਹ ਸ਼ੁਦ ਖੋਦ ਵ ਖ਼ੁਫਤਾ ਬਜੰਗ॥**

Namdhari Elibrary NamdhariElibrary@gmail.com

## ਜ਼ਿ ਬਕਤਰ ਜ਼ਿ ਬਰਗਸਤਵਾਂ ਬਾ ਖੁਦੰਗ॥੯੭॥

ਜ਼ਿਰਹ = ਸੰਜੋਅ। ਪਾਰਹ ਸ਼ੁਦ = ਟੁਕੜੇ ਹੋ ਗਈਆਂ। ਖੋਦ = ਟੋਪ। ਬਰਗਸਤਵਾਂ = ਘੋੜੇ ਦਾ ਸੰਜੋਅ। ਖੁਦੰਗ = ਤੀਰ।

ਜੰਗ ਵਿਚ ਤੀਰਾਂ ਦੀ ਮਾਰ ਨਾਲ ਸੰਜੋਆਂ, ਟੋਪ ਅਤੇ ਘੋੜਿਆਂ ਦੇ ਕਵਚ ਟੁਕੜੇ ਟੁਕੜੇ ਹੋ ਗਏ॥੯੭॥

## ਕੁਨਾਂ ਤੀਰ ਬਾਰਾਂ ਸ਼ਵਦ ਕਾਰਜ਼ਾਰ॥
## ਜ਼ਿ ਬਕਤਰ ਜ਼ਿ ਜ਼ਿਰਹਾ ਬਰਾਰਦ ਸ਼ਰਾਰ॥੯੮॥

ਬਾਰਾਂ = ਵਰਖਾ। ਕਾਰਜ਼ਾਰ = ਜੁੱਧ। ਬਰਾਰਦ = ਨਿਕਲੇ। ਸ਼ਰਾਰ = ਚੰਗਿਆੜੇ।

ਜੰਗ ਵਿਚ ਤੀਰਾਂ ਦੀ ਅਜਿਹੀ ਵਰਖਾ ਹੋਈ ਕਿ ਸੰਜੋਆਂ ਵਿਚੋਂ ਅੱਗ ਦੇ ਚੰਗਿਆੜੇ ਨਿਕਲਣ ਲੱਗ ਪਏ॥੯੮॥

## ਬ ਰਖਸ਼ ਅੰਦਰ ਆਮਦ ਚੁ ਸ਼ੇਰੇ ਨਿਹੰਗ॥
## ਜ਼ਿਮੀ ਗਸ਼ਤਸ਼ੁਦ ਹਮ ਚੁ ਪੁਸ਼ਤੇ ਪਿਲੰਗ॥੯੯॥

ਰਖਸ਼ = ਨੱਚਣਾ। ਨਿਹੰਗ = ਸੂਰਮੇ। ਗਸ਼ਤਸ਼ੁਦ = ਹੋਈ। ਪੁਸ਼ਤੇ = ਘੋੜੇ ਦੇ ਖੁਰ। ਪਿਲੰਗ = ਚੀਤਾ।

(ਜੰਗ ਵਿਚ) ਸ਼ੇਰਾਂ ਵਰਗੇ ਸੂਰਮਿਆਂ ਦੇ ਘੋੜੇ ਨੱਚਣ ਕੁੱਦਣ ਲੱਗੇ, ਉਹਨਾਂ ਦੇ ਖੁਰਾਂ ਨਾਲ ਧਰਤੀ ਚਿੱਤਰੇ ਦੀ ਪਿੱਠ ਵਰਗੀ ਡਬਖੱੜਬੀ ਹੋ ਗਈ॥੯੯॥

## ਚੁਨਾ ਜ਼ਿਆਦਹ ਸ਼ੁਦ ਆਤਸ਼ੇ ਤੀਰ ਬਾਰ॥
## ਕਿ ਅਕਲ ਅਜ਼ ਮਗਜ਼ ਰਫਤ ਹੋਸ਼ ਅਜ਼ ਦਿਮਾਰ॥੧੦੦॥

ਜਿਆਦਹ = ਬਹੁਤ। ਆਤਸ਼ੇ = ਅੱਗ। ਬਾਰ = ਬਾਰਸ਼। ਰਫਤ = ਹੋ ਗਈ।

ਤੀਰਾਂ ਦੀ ਵਰਖਾ ਨਾਲ ਅੱਗ (ਗਰਮੀ) ਐਨੀ ਤੇਜ ਹੋ ਗਈ ਕਿ ਸੂਰਮਿਆਂ ਦੀ ਅਕਲ ਹੋਸ਼ ਤੇ ਦਿਮਾਗ ਟਿਕਾਣੇ ਨਾ ਰਿਹਾ॥੧੦੦॥

## ਚੁਨਾ ਆਵੇਖਤ ਹਰਦੋ ਹੁਮਾ ਜਾਇ ਜੰਗ॥
## ਦਿ ਤੇਗ ਅਜ਼ ਮਿਯਾਂ ਗਸ਼ਤ ਤਰਕਸ਼ ਖ਼ਤੰਗ॥੧੦੧॥

ਆਵੇਖਤ = ਘੇਰੇ ਗਏ, ਉਲਝੇ। ਹਰ ਦੋ = ਦੋਵੇਂ। ਮਿਯਾਂ = ਮਿਆਨ। ਖਤੰਗ = ਤੀਰ।

ਉਹ ਦੋਵੇਂ ਜੰਗ ਵਿਚ ਅਜਿਹੇ ਉਲਝੇ ਕਿ ਮਿਆਨਾਂ ਵਿਚੋਂ ਤਲਵਾਰਾਂ ਚਲੀਆਂ ਗਈਆਂ ਤੇ

Namdhari Elibrary NamdhariElibrary@gmail.com

ਭੱਥਿਆਂ ਵਿਚੋਂ ਤੀਰ ਖਤਮ ਹੋ ਗਏ, ਭਾਵ ਤਲਵਾਰਾਂ ਟੁੱਟ ਗਈਆਂ ਤੇ ਮਿਆਨ ਖਾਲੀ ਰਹਿ ਗਏ ਤੇ ਤੀਰ ਵੀ ਮੁੱਕ ਗਏ।।੧੦੧।।

## ਚੁਨਾ ਜੰਗ ਕਰਦੰਦ ਸੁਬਹ ਤਾਬ ਸ਼ਾਮ।।
## ਬਿਅਫ਼ਤਾਦ ਮੁਰਛਤ ਨ ਖੁਰਦੰਦ ਤਆਮ।।੧੦੨।।

ਚੁਨਾ = ਐਸਾ। ਬਿਅਫ਼ਤਾਦ = ਡਿੱਗ ਪਏ। ਮੁਰਛਤ = ਬੇਹੋਸ਼। ਤਆਮ = ਰੋਟੀ, ਖਾਣਾ।

ਦੋਵਾਂ ਨੇ ਜੰਗ ਕਰਦਿਆਂ ਸਵੇਰ ਤੋਂ ਸ਼ਾਮ ਕਰ ਦਿੱਤੀ ਅਤੇ ਰੋਟੀ ਵੀ ਨਾ ਖਾਧੀ। ਆਖਰ ਬੇਹੋਸ਼ ਹੋ ਕੇ ਦੋਵੇਂ ਡਿੱਗ ਪਏ।।੧੦੨।।

## ਜ਼ਿ ਖ਼ੁਦ ਮਾਂਦਹ ਸ਼ੁਦ ਹਰ ਦੁ ਦਰ ਜਾਇ ਜੰਗ।।
## ਚੁ ਸ਼ੇਰੋ ਯਿਆਨੋ ਚੁ ਬਾਜ਼ਾ ਪਿਲੰਗ।।੧੦੩।।

ਜਾਇ ਜੰਗ = ਰਣ ਭੂਮੀ। ਯਿਆਨੋ = ਭਿਆਨਕ।

ਉਹ ਦੋਵੇਂ ਜੰਗ ਕਰਦਿਆਂ ਕਰਦਿਆਂ ਥੱਕ ਗਏ। ਉਨ੍ਹਾਂ ਨੇ ਦੋ ਸ਼ੇਰਾਂ, ਦੋ ਚੀਤਿਆਂ ਅਤੇ ਦੋ ਬਾਜ਼ਾਂ ਵਾਂਗ ਭਿਆਨਕ ਯੁੱਧ ਕੀਤਾ।।੧੦੩।।

ਭਾਵ-ਜਿਵੇਂ ਦੋ ਸ਼ੇਰ, ਦੋ ਬਾਜ਼ ਜਾਂ ਦੋ ਚੀਤੇ ਆਪਸ ਵਿਚ ਲੜਦੇ ਹਨ, ਤਿਵੇਂ ਉਹ ਦੋਵੇਂ ਲੜੇ।

## ਚੁ ਹਬਸ਼ੀ ਬਰੁਦ ਦੁਜ਼ਦ ਦੀਨਾਰ ਜ਼ਰਦ।।
## ਜਹਾਂ ਗਸ਼ਤ ਚੂੰ ਗੁੰਬਜ਼ੇ ਦੂਦ ਗਰਦ।।੧੦੪।।

ਬਰੁਦ = ਲੈ ਗਿਆ। ਦੁਜ਼ਦ = ਚੋਰ। ਦੀਨਾਰ = ਮੋਹਰ। ਜ਼ਰਦ = ਪੀਲਾ। ਗੁੰਬਜ਼ੇ = ਬੁਰਜ। ਦੂਦ = ਧੂੰਆਂ। ਗਰਦ = ਘੱਟਾ।

ਇੰਨੇ ਵਿਚ ਹਬਸ਼ ਦੇਸ਼ ਦਾ ਕਾਲਾ ਚੋਰ ਸੋਨੇ ਦੀ ਮੋਹਰ ਨੂੰ ਚੁਰਾਕੇ ਲੈ ਗਿਆ ਤੇ ਜਹਾਨ ਧੂੰਏਂ ਤੇ ਘੱਟੇ ਦੇ ਬੁਰਜ ਵਾਂਗੂ ਹੋ ਗਿਆ। ਭਾਵ-ਸੂਰਜ ਅਸਤ ਹੋ ਗਿਆ ਤੇ ਸਾਰੇ ਸੰਸਾਰ ਵਿਚ ਹਨੇਰਾ ਪਸਰ ਗਿਆ।।੧੦੪।।

## ਸਿਯਮ ਰੋਜ਼ ਚੌਗਾਂ ਬਿਬੁਰਦ ਆਫ਼ਤਾਬ।।
## ਜਹਾਂ ਗਸ਼ਤ ਚੂੰ ਰੌਸ਼ਨਸ਼ ਮਾਹਿਤਾਬ।।੧੦੫।।

ਸਿਯਮ ਰੋਜ਼ = ਤੀਜੇ ਦਿਨ। ਚੌਗਾਂ = ਖੂੰਡੀ। ਬਿਬੁਰਦ = ਲੈ ਗਿਆ। ਮਾਹਿਤਾਬ = ਚੰਦਰਮਾਂ।

ਤੀਜੇ ਦਿਨ ਸੂਰਜ ਆਪਣੇ ਪ੍ਰਕਾਸ਼ ਰੂਪੀ ਖੂੰਡੀ ਨਾਲ ਰਾਤ ਰੂਪੀ ਗੇਂਦ ਨੂੰ ਲੈ ਗਿਆ ਤੇ ਸਾਰਾ ਜਹਾਨ ਚੰਦ੍ਰਮਾ ਦੇ ਪ੍ਰਕਾਸ਼ ਵਾਂਗੂੰ ਪ੍ਰਕਾਸ਼ਵਾਨ ਹੋ ਗਿਆ। ਭਾਵ-ਸੂਰਜ ਉਦੇ ਹੋ ਗਿਆ ਤੇ ਰਾਤ ਦਾ ਹਨ੍ਹੇਰਾ ਦੂਰ ਹੋ ਗਿਆ।।੧੦੫।।

Namdhari Elibrary NamdhariElibrary@gmail.com

ਬ ਬਰਖ਼ਾਸਤ ਹਰਦੋ ਅਜ਼ੀਂ ਜਾਇ ਜੰਗ।।
ਰਵਾਂ ਕਰਦ ਹਰ ਸੂਇ ਤੀਰੋ ਤੁਫੰਗ।।੧੦੬।।

ਬਰਖ਼ਾਸਤ = ਉੱਠ ਖੜੋਤੇ। ਜਾਇ ਜੰਗ = ਰਣਭੂਮੀ। ਹਰ ਸੂਇ = ਹਰ ਪਾਸੇ।

ਦੋਹਾਂ ਪਾਸਿਆਂ ਦੇ ਸੂਰਮੇ ਜੰਗ ਵਿਚ ਜਾਣ ਲਈ ਉੱਠ ਖਲੋਤੇ ਤੇ ਉਹਨਾਂ ਹਰ ਪਾਸੇ ਤੀਰ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।।੧੦੬।।

ਚੁਨਾ ਗਰਮ ਸ਼ੁਦ ਆਤਸ਼ੇ ਕਾ ਰਜ਼ਾਰ।।
ਕਿ ਫੀਲੇ ਦੁ ਦਹ ਹਜ਼ਾਰ ਆਮਦ ਬ ਕਾਰ।।੧੦੭।।

ਆਤਸ਼ੇ = ਅੱਗ। ਕਾਰਜ਼ਾਰ = ਜੰਗ। ਬ ਕਾਰ = ਕੰਮ।

ਜੰਗ ਜਦੋਂ ਅੱਗ ਵਾਂਗੂੰ ਬਹੁਤ ਮੱਚ ਉਠਿਆ ਤਾਂ ਉਸ ਜੰਗ ਵਿਚ ਬਾਰਾਂ ਹਜ਼ਾਰ ਹਾਥੀ ਕੰਮ ਆ ਗਏ ਭਾਵ ਮਰ ਗਏ।।੧੦੭।।

ਬ ਕਾਰ ਆਮਦਹ ਅਸਪ ਹਫਤ ਸਦ ਹਜ਼ਾਰ।।
ਹਮਹ ਜ਼੍ਵਾਨ ਸ਼ਾਇਸਤਹੇ ਨਾਮਦਾਰ।।੧੦੮।।

ਕਾਰ = ਕੰਮ। ਆਮਦਹ = ਆਏ। ਅਸਪ = ਘੋੜੇ। ਹਫਤ ਸਦ ਹਜ਼ਾਰ = ਸਤ ਸੈ ਹਜ਼ਾਰ (ਸਤ ਲੱਖ)। ਸ਼ਾਹਿਸਤਹੇ = ਸੋਹਣੇ ਸੋਹਣੇ। ਨਾਮਦਾਰ = ਨਾਮੀਂ।

ਉਸ ਜੰਗ ਵਿਚ ਸਤ ਲੱਖ ਘੋੜੇ ਤੇ ਬਹੁਤ ਸਾਰੇ ਸੋਹਣੇ ਸੋਹਣੇ ਤੇ ਨਾਮੀਂ ਜਵਾਨ ਮਰ ਗਏ।।੧੦੮।।

ਜ਼ਿ ਸਿੰਧੀ ਵ ਅਰਬੀ ਵ ਐਰਾਕ ਰਾਇ।।
ਬਕਾਰ ਆਮਦਹ ਅਸਪ ਚੂੰ ਬਾਦ ਪਾਇ।।੧੦੯।।

ਬਾਦ = ਹਵਾ। ਪਾਇ = ਪੈਰ।

ਸਿੰਧ, ਅਰਬ ਅਤੇ ਇਰਾਕ ਦੇਸ਼ ਦੇ ਹਵਾ ਨਾਲੋਂ ਤੇਜ ਚਲਣ ਵਾਲੇ ਘੋੜੇ ਰਣ ਖੇਤਰ ਵਿਚ ਮਾਰੇ ਗਏ।।੧੦੯।।

ਬਸੇ ਕੁਸ਼ਤਹ ਸਰਹੰਗ ਸ਼ਾਇਸਤਹ ਸ਼ੇਰ।।
ਬੇ ਵਕਤੇ ਤਰੱਦਦ ਬਕਾਰੇ ਦਲੇਰ।।੧੧੦।।

ਬਸੇ = ਬਹੁਤ। ਕੁਸ਼ਤਹ = ਮਾਰੇ ਗਏ। ਸਰਹੰਗ = ਸਰਦਾਰ।

ਯੁੱਧ ਵਿਚ ਬਹੁਤ ਸੋਹਣੇ ਸੋਹਣੇ, ਸ਼ੇਰਾਂ ਵਰਗੇ ਸਰਦਾਰ ਮਰ ਗਏ, ਜੋ ਜੰਗ ਕਰਨ ਵਿਚ

Namdhari Elibrary NamdhariElibrary@gmail.com

ਬੜੇ ਦਲੇਰ ਸਨ।।੧੧੦।।

**ਬ ਗੁਰਰੀਦਨ ਆਮਦ ਦੁ ਅਬਰੇ ਸਿਆਹ।।**
**ਨਮੇ ਖੂਨ ਮਾਂਹੀ ਲਕੋ ਤੇਗ਼ ਮਾਹ।।੧੧੧।।**

ਗੁਰਰੀਦਨ = ਗੱਜਣਾ। ਦੁ ਅਬਰੇ = ਬੱਦਲ। ਨਮੇ = ਬੂੰਦ। ਮਾਂਹੀ = ਮੱਛੀ। ਲਕੋ = ਪ੍ਰਕਾਸ਼। ਮਾਹ = ਚੰਦ੍ਰਮਾਂ।

ਗਰਜਦੇ ਹੋਏ ਦੋ ਕਾਲੇ ਬੱਦਲ ਆਏ। ਉਨ੍ਹਾਂ ਦੇ ਖ਼ੂਨ ਦੀਆਂ ਬੂੰਦਾਂ (ਧਾਰਾਂ) ਪਾਤਾਲ ਤਕ ਤੇ ਤਲਵਾਰ ਦੀ ਚਮਕ ਚੰਦ੍ਰਮਾਂ ਤਕ ਪਹੁੰਚ ਗਈ। ਭਾਵ-ਲਹੂ ਦੀਆਂ ਬੂੰਦਾਂ ਪਤਾਲ ਤਕ ਜਾ ਪੁਜੀਆਂ ਤੇ ਤਲਵਾਰ ਦੀ ਚਮਕ ਅਕਾਸ਼ ਤਕ ਜਾ ਪਹੁੰਚੀ ਅਰਥਾਤ ਇਸ ਜੁੱਧ ਦੀ ਖਬਰ ਪਤਾਲ ਤੋਂ ਲੈ ਕੇ ਸੁਰਗ ਤਕ ਪਹੁੰਚ ਗਈ।।੧੧੧।।

**ਬਜੰਗ ਅੰਦਰੂੰ ਗਉਗਹੇ ਗਾਜ਼ੀਯਾਂ।।**
**ਜ਼ਿਮੀ ਤੰਗ ਸ਼ੁਦ ਅਜ ਸੁਮੇ ਤਾਜੀਯਾਂ।।੧੧੨।।**

ਗਉਗਹੇ = ਰੌਲਾ ਰੌਲਾ। ਗਾਜ਼ੀਯਾਂ = ਸੂਰਮਿਆਂ। ਤੰਗ = ਦੁਖੀ। ਤਾਜੀਯਾਂ = ਘੋੜਿਆਂ।

ਜੰਗ ਵਿਚ ਸੂਰਮਿਆਂ ਦਾ ਰੌਲਾ ਰੌਲਾ ਮਚਿਆ ਅਤੇ ਘੋੜਿਆਂ ਦੇ ਸੁੰਮਾਂ ਨਾਲ ਧਰਤੀ ਕੁਰਲਾ ਉੱਠੀ। ਭਾਵ ਘੋੜਿਆਂ ਦੀ ਭੱਜ ਨੱਠ ਨਾਲ ਧਰਤੀ ਕੰਬਣ ਲੱਗੀ।।੧੧੨।।

**ਸੁਮੇ ਬਾਦ ਪਾਯਾਨ ਫ਼ੌਲਾਦ ਨਾਲ।।**
**ਜ਼ਿਮੀ ਗਸ਼ਤ ਪੁਸ਼ਤੇ ਪਿਲੰਗੀ ਮਿਸਾਲ।।੧੧੩।।**

ਬਾਦ ਪਾਯਾਨ = ਹਵਾ ਵਾਂਗੂੰ ਚਲਣ ਵਾਲੇ ਘੋੜੇ। ਫੌਲਾਦ ਨਾਲ = ਲੋਹੇ ਦੀਆਂ ਖੁਰੀਆਂ। ਪਿਲੰਗੀ = ਚੀਤੇ।

ਹਵਾ ਦੀ ਚਾਲ ਚਲਣ ਵਾਲੇ ਘੋੜਿਆਂ ਦੀਆਂ ਫੌਲਾਦੀ ਖੁਰੀਆਂ ਨਾਲ ਧਰਤੀ ਦੀ ਪਿੱਠ ਚੀਤਿਆਂ ਦੇ ਰੰਗ ਵਰਗੀ ਡਬਖੜੱਬੀ ਹੋ ਗਈ।।੧੧੩।।

**ਚਰਾਗੇ ਜਹਾਨੇ ਖੁਮੇ ਬਾਦਹ ਖ਼ੁਰਦ।।**
**ਸਰੇ ਤਾਜ ਦੀਗਰ ਬਿਰਾਦਰ ਸਪੁਰਦ।।੧੧੪।।**

ਚਰਾਗੇ = ਦੀਵਾ। ਖੁਮੇ = ਪਿਆਲਾ। ਬਾਦਹ = ਸ਼ਰਾਬ। ਖੁਰਦ = ਪੀ ਲਿਆ। ਬਿਰਾਦਰ = ਭਰਾ। ਸਪੁਰਦ = ਹਵਾਲੇ।

ਜਹਾਨ ਦੇ ਦੀਵੇ ਨੇ ਸ਼ਰਾਬ ਦਾ ਪਿਆਲਾ ਪੀ ਲਿਆ ਤੇ ਬੇਸੁਰਤ ਹੋ ਕੇ ਸੌਂ ਗਿਆ ਤੇ ਆਪਣੇ ਸਿਰ ਦਾ ਤਾਜ ਆਪਣੇ ਭਰਾ ਦੇ ਹਵਾਲੇ ਕਰ ਦਿੱਤਾ। ਭਾਵ ਸੂਰਜ ਡੁੱਬ ਗਿਆ ਅਤੇ ਚੰਦ

**********************************************************
ਚੜ੍ਹ ਆਇਆ॥੧੧੪॥

**ਬਰੋਜ਼ੇ ਚਹਾਰਮ ਤਪੀਦ ਆਫ਼ਤਾਬ॥**
**ਬ ਜਿਲਵਹ ਦਰ ਆਵੇਖਤ ਜ਼ਰਰੀਂ ਤਨਾਬ॥੧੧੫॥**

ਬਰੋਜ਼ੇ ਚਹਾਰਮ = ਚੌਥੇ ਦਿਨ। ਤਪੀਦ = ਤਪਿਆ। ਆਫਤਾਬ = ਸੂਰਜ। ਜਲਵਹ = ਪਕਾਸ਼। ਜ਼ਰਰੀਂ = ਸੁਨਹਿਰੀ। ਤਨਾਬ = ਤਨਾਵਾਂ।

ਚੌਥੇ ਦਿਨ ਸੂਰਜ ਤਪਿਆ ਤੇ ਉਸ ਨੇ ਆਪਣੀਆਂ ਸੁਨਹਿਰੀ ਕਿਰਨਾਂ ਦਾ ਪ੍ਰਕਾਸ਼ ਬੜੀ ਸ਼ਾਨ ਨਾਲ ਧਰਤੀ ਉੱਤੇ ਸੁੱਟਿਆ॥੧੧੫॥

**ਦਿਗਰ ਰਵਸ਼ ਮਰਦਾਂਨ ਬਸਤੰਦ ਕਮਰ॥**
**ਯਮਾਨੀ ਕਮਰ ਦਾਸਤ ਬਰਰੋ ਸਿਪਰ॥੧੧੬॥**

ਰਵਸ਼ = ਢੰਗ। ਮਰਦਾਨ = ਸੂਰਮੇ। ਕਮਰ = ਲੱਕ। ਯਮਾਨੀ = ਯਮਨ ਦੇਸ਼ ਦੀ।

ਫਿਰ ਸੂਰਮਿਆਂ ਨੇ ਦੂਜੇ ਢੰਗ ਨਾਲ ਕਮਰਕਸੇ ਕਰ ਲਏ ਤੇ ਹੱਥ ਵਿਚ ਯਮਨ ਦੇਸ਼ ਦੀਆਂ ਕਮਾਨਾਂ ਫੜ ਲਈਆਂ ਤੇ ਮੂੰਹ ਅਗੇ ਢਾਲਾਂ ਕਰ ਲਈਆਂ॥੧੧੬॥

**ਚੁ ਹੋਸ਼ ਅੰਦਰ ਆਮਦ ਬ ਜੋਸ਼ੀਦ ਜੰਗ॥**
**ਬ ਰੋਸ ਅੰਦਰ ਆਮਦ ਚੁ ਕੋਸ਼ਸ਼ ਪਿਲੰਗ॥੧੧੭॥**

ਚੁ = ਜਦੋਂ। ਹੋਸ਼ = ਸੁਰਤ। ਜੋਸ਼ੀਦ = ਜੋਸ਼। ਰੋਸ = ਗੁੱਸਾ। ਪਿਲੰਗ = ਚੀਤਾ।

ਜਦੋਂ ਸੂਰਮੇ ਹੋਸ਼ ਵਿਚ ਆਏ ਤਦ ਉਨ੍ਹਾਂ ਨੂੰ ਜੰਗ ਕਰਨ ਲਈ ਰੋਹ ਚੜ੍ਹ ਗਿਆ। ਚੀਤੇ ਵਾਂਗੂੰ ਕਰੋਧਵਾਨ ਹੋ ਕੇ ਉਹ ਜੁੱਧ ਕਰਨ ਲੱਗੇ॥੧੧੭॥

**ਚੁਅਮ ਰੋਜ਼ ਕੁਸ਼ਤੰਦ ਦਹਿ ਹਜ਼ਾਰ ਫੀਲ॥**
**ਦੁ ਦਹਿ ਹਜ਼ਾਰ ਅਸਪੋ ਚੁ ਦਰਯਾਇ ਨੀਲ॥੧੧੮॥**

ਚੁਅਮ ਰੋਜ਼ = ਚੌਥੇ ਦਿਨ। ਕੁਸ਼ਤੰਦ = ਮਾਰੇ ਗਏ। ਫੀਲ = ਹਾਥੀ। ਦੁ ਦਹਿ = ਬਾਰਾਂ।

ਚੌਥੇ ਦਿਨ ਦੇ ਜੰਗ ਵਿਚ ਦਸ ਹਜ਼ਾਰ ਹਾਥੀ ਤੇ ਨੀਲ ਦਰਿਆ ਵਾਂਗੂੰ ਤੇਜ ਚਲਣ ਵਾਲੇ ਬਾਰਾਂ ਹਜ਼ਾਰ ਘੋੜੇ ਮਾਰੇ ਗਏ॥੧੧੮॥

**ਬਕਾਰ ਆਮਦਹ ਪਿਯਾਦਹ ਸਿ ਸਦ ਹਜ਼ਾਰ॥**
**ਜਵਾਂ ਮਰਦ ਸ਼ੇਰਾਨ ਅਜ਼ਮੂਦਹ ਕਾਰ॥੧੧੯॥**

ਪਿਯਾਦਹ = ਪੈਦਲ ਸਿਪਾਹੀ। ਸਿ ਸਦ = ਤਿੰਨ ਸੌ। ਅਜ਼ਮੂਦਹ = ਪਰਖੇ ਹੋਏ।

ਇਸ ਦਿਨ ਦੇ ਜੰਗ ਵਿਚ ਤਿੰਨ ਲੱਖ ਪੈਦਲ ਸਿਪਾਹੀ ਮਾਰੇ ਗਏ, ਜੋ ਸ਼ੇਰਾਂ ਵਰਗੇ ਜਵਾਨ ਤੇ ਜੰਗ ਵਿਚ ਪਰਖੇ ਹੋਏ ਸੂਰਮੇ ਸਨ।।੧੧੯।।

**ਕੁਨਦ ਜ਼ੱਰਹੇ ਰਥ ਚਹਾਰੋ ਹਜ਼ਾਰ।।**
**ਬਸ਼ੇਰ ਅਫ਼ਕਨੋ ਜੰਗ ਆਮੁਖਤਹ ਕਾਰ।।੧੨੦।।**

ਕੁਨਦ = ਕੀਤੇ। ਜ਼ੱਰਹੇ = ਟੁਕੜੇ ਟੁਕੜੇ। ਅਫਕਨੋਂ = ਡੇਗਣ ਵਾਲੇ। ਆਮੁਖਤਹ = ਸਿਖੇ ਹੋਏ।

ਚਾਰ ਹਜ਼ਾਰ ਰੱਥ ਯੁੱਧ ਦੌਰਾਨ ਵਿਚ ਟੁਕੜੇ ਟੁਕੜੇ ਕਰ ਦਿੱਤੇ ਗਏ। ਸ਼ੇਰਾਂ ਨੂੰ ਮਾਰ ਦੇਣ ਦੀ ਸ਼ਕਤੀ ਰੱਖਣ ਵਾਲੇ ਜੋਧੇ, ਜੋ ਜੰਗ ਵਿਚ ਬੜੇ ਨਿਪੁੰਨ ਅਤੇ ਪੱਕੇ ਸਨ, ਉਹ ਵੀ ਮਾਰੇ ਗਏ।।੧੨੦।।

**ਕਿ ਅਜ਼ ਚਾਰ ਤੀਰ ਅਸਪ ਕੁਸ਼ਤਸ਼ ਚਹਾਰ।।**
**ਦਿਗਰ ਤੀਰ ਕੁਸ਼ਤਸ਼ ਸਰੇ ਬਹਿਲਦਾਰ।।੧੨੧।।**

ਅਸਪ = ਘੋੜੇ। ਕੁਸ਼ਤਸ਼ = ਮਾਰ ਦਿੱਤੇ। ਬਹਿਲਦਾਰ = ਰੱਥਵਾਹੀ।

ਰਾਜਕੁਮਾਰੀ ਬਛਿਤ੍ਰ ਮਤੀ ਨੇ ਚਾਰ ਤੀਰ ਮਾਰ ਕੇ ਸੁਭਟ ਸਿੰਘ ਦੇ ਚਾਰੇ ਘੋੜੇ ਮਾਰ ਦਿੱਤੇ ਤੇ ਇਕ ਤੀਰ ਰੱਥਵਾਹੀ ਦੇ ਸਿਰ ਵਿਚ ਮਾਰ ਕੇ ਉਸ ਨੂੰ ਵੀ ਮਾਰ ਦਿੱਤਾ।।੧੨੧।।

**ਸਿਯਮ ਤੀਰ ਜ਼ਦ ਹਰ ਦੋ ਅਬਰੂ ਸ਼ਿਕੰਜ।।**
**ਕਿ ਮਾਰੇ ਬ ਪੇਚਦ ਜ਼ਿ ਸਉਦਾਇ ਗੰਜ।।੧੨੨।।**

ਹਰ ਦੋ = ਦੋਹਾਂ। ਜ਼ਦ = ਮਾਰਿਆ। ਅਬਰੂ = ਭਰਵੱਟਿਆਂ। ਮਾਰੇ = ਸੱਪ। ਬਪੇਚਦ = ਵਲ ਖਾਂਦਾ। ਸਉਦਾਇ = ਗਮ। ਗੰਜ = ਖਜ਼ਾਨਾ।

ਤੀਜੀ ਵਾਰੀ ਰਾਜਕੁਮਾਰੀ ਨੇ ਸੁਭਟ ਸਿੰਘ ਨੂੰ ਦੋਹਾਂ ਭਰਵੱਟਿਆਂ ਦੇ ਵਿਚਕਾਰ ਤੀਰ ਮਾਰਿਆ, ਉਸ ਤੀਰ ਦੇ ਲਗਣ ਨਾਲ ਸੁਭਟ ਸਿੰਘ ਇਸ ਤਰ੍ਹਾਂ ਤੜਫਿਆ ਜਿਵੇਂ ਸੱਪ ਖਜ਼ਾਨੇ ਤੋਂ ਹਟਾਇਆਂ ਤੜਫਦਾ ਹੈ।।੧੨੨।।

**ਚਹਾਰਮ ਬਿਜ਼ਦ ਤੀਰ ਖਬਰਸ਼ ਨਿਯਾਫ਼ਤ।।**
**ਕਿ ਭਰਮਸ਼ ਬ ਬਰਖਾਸਤ ਧਰਮਸ਼ ਨ ਤਾਫ਼ਤ।।੧੨੩।।**

ਚਹਾਰਮ = ਚੌਥਾ। ਬਿਜ਼ਦ = ਮਾਰਿਆ। ਖਬਰਸ਼ = ਸੁਰਤ, ਹੋਸ਼। ਨਿਯਾਫਤ = ਨਾ ਆਈ। ਭਰਮਸ਼ = ਭੁਲੇਖਾ। ਬਰਖਾਸਤ = ਉਠ ਗਿਆ। ਧਰਮਸ = ਪ੍ਰਣ।

ਰਾਜਕੁਮਾਰੀ ਨੇ ਸੁਭਟ ਸਿੰਘ ਨੂੰ ਚੌਥਾ ਤੀਰ ਮਾਰਿਆ, ਜਿਸ ਦੇ ਲੱਗਣ ਨਾਲ ਉਸ ਨੂੰ ਹੋਸ਼ ਨਾ ਰਹੀ ਅਤੇ ਉਹ ਬੇਸੁਰਤ ਹੋ ਗਿਆ। ਉਸ ਦਾ ਭੁਲੇਖਾ ਦੂਰ ਹੋ ਗਿਆ ਤੇ ਉਸ ਨੂੰ ਪ੍ਰਣ ਦੀ ਯਾਦ ਵੀ ਨਾ ਰਹੀ।।੧੨੩।।

Namdhari Elibrary NamdhariElibrary@gmail.com

ਬਿਜ਼ਦ ਚੂੰ ਚੁਅਮ ਕੈਬਰੇ ਨਾਜ਼ਨੀਂ॥
ਬਖੁਰਦੰਦ ਸ਼ਹਿਰਗ ਬਿਅਫਤਦ ਜ਼ਿਮੀਂ॥੧੨੪॥

ਬਖੁਰਦੰਦ = ਲੱਗਾ। ਬਿਅਫਤਦ = ਡਿੱਗ ਪਿਆ।

ਰਾਜਕੁਮਾਰੀ ਨੇ ਜਦੋਂ ਚੌਥਾ ਤੀਰ ਮਾਰਿਆ ਤਾਂ ਉਹ ਉਸਦੀ ਸ਼ਾਹ ਰਗ ਤੇ ਲੱਗਾ ਤੇ ਉਹ ਧਰਤੀ ਤੇ ਡਿੱਗ ਪਿਆ॥੧੨੪॥

ਬਿ ਦਾਨਿਸਤ ਕਿ ਈਂ ਮਰਦ ਪਯਮੁਰਦਹ ਗਸ਼ਤ॥
ਬਿਅਫਤਾਦ ਬੂਮ ਹਮ ਚੁਨੀ ਸ਼ੇਰ ਮਸਤ॥੧੨੫॥

ਦਾਨਿਸਤ = ਜਾਣ ਲਿਆ। ਪਯਮੁਰਦਹ = ਅੱਧ ਮੋਇਆ। ਬੂਮ = ਧਰਤੀ। ਹਮ ਚੁਨੀ = ਵਰਗਾ।

ਰਾਜਕੁਮਾਰੀ ਨੇ ਜਾਣ ਲਿਆ ਕਿ ਇਹ ਪੁਰਸ਼ ਅਧਮੋਇਆ ਹੋ ਗਿਆ ਹੈ ਅਤੇ ਮਸਤ ਸ਼ੇਰ ਵਾਂਗੂੰ ਜ਼ਮੀਨ ਤੇ ਡਿੱਗ ਪਿਆ ਹੈ॥੧੨੫॥

ਕਿ ਅਜ ਰਥ ਬਿਯਾਮਦ ਬਰਾਮਦ ਜ਼ਿਮੀਂ॥
ਖਰਾਮੀਦਹ ਸ਼ੁਦ ਪੈ ਕਰੇ ਨਾਜ਼ਨੀਂ॥੧੨੬॥

ਬਿਯਾਮਦ = ਆਈ। ਬਰਾਮਦ = ਬਾਹਰ। ਖਰਾਮੀਦਹ ਸ਼ੁਦ = ਚਲ ਪਈ। ਪੈਕਰੇ = ਪੁਤਲੀ।

ਸੁਭਟ ਸਿੰਘ ਨੂੰ ਬੇਸੁਰਤ ਵੇਖ ਕੇ ਉਹ ਕੋਮਲ ਸਰੀਰ ਵਾਲੀ ਰਾਜਕੁਮਾਰੀ ਰੱਥ ਤੋਂ ਬਾਹਰ ਨਿਕਲ ਆਈ ਤੇ ਪੁਤਲੀ ਵਾਂਗੂੰ ਤੁਰ ਕੇ ਸੁਭਟ ਸਿੰਘ ਦੇ ਕੋਲ ਆ ਗਈ॥੧੨੬॥

ਬ ਯਕ ਦਸਤ ਬਰਦਾਸ਼ਤ ਯਕ ਪਜਾਲਹ ਆਬ॥
ਬਨਿਜ਼ਦੇ ਸ਼ਹਿ ਆਮਦ ਚੁ ਪਰਰਾ ਉਕਾਬ॥੧੨੭॥

ਦਸਤ = ਹੱਥ। ਬਰਦਾਸ਼ਤ = ਚੁਕਿਆ। ਆਬ = ਪਾਣੀ। ਬਨਿਜ਼ਦੇ = ਨੇੜੇ। ਪਰਰਾ = ਇਕ ਉੱਡਣ ਵਾਲਾ ਪੰਛੀ (ਉਕਾਬ)।

ਰਾਜਕੁਮਾਰੀ ਨੇ ਆਪਣੇ ਹੱਥ ਵਿਚ ਪਾਣੀ ਦਾ ਇਕ ਪਿਆਲਾ ਲਿਆ ਤੇ ਉਕਾਬ ਵਾਂਗੂੰ ਉੱਡਕੇ ਫੁਰਤੀ ਨਾਲ ਸੁਭਟ ਸਿੰਘ ਦੇ ਨੇੜੇ ਆਈ॥੧੨੭॥

ਬਿਗੋਯਦ ਕਿ ਏ ਸ਼ਾਹਿ ਆਜ਼ਾਦ ਮਰਦ॥
ਚਿਰਾ ਖ਼ੁਫ਼ਤਹ ਹਸਤੀ ਤੁ ਦਰ ਖ਼ੂਨਿ ਗਰਦ॥੧੨੮॥

ਬਿਗੋਯਦ = ਕਿਹਾ। ਆਜ਼ਾਦ = ਨਿਆਰੇ। ਚਿਰਾ = ਕਿਉਂ। ਖੁਫਤਹ = ਸੁੱਤਾ। ਗਰਦ = ਘੱਟਾ।

ਰਾਜਕੁਮਾਰੀ ਨੇ ਸੁਭਟ ਸਿੰਘ ਦੇ ਕੋਲ ਆ ਕੇ ਕਿਹਾ, ਐ ਅਲੌਕਿਕ ਸੂਰਬੀਰ ਬਾਦਸ਼ਾਹ !

Namdhari Elibrary NamdhariElibrary@gmail.com

ਤੂੰ ਇਸ ਖੂਨ ਦੇ ਘੱਟੇ ਵਿਚ ਕਿਉਂ ਸੁੱਤਾ ਪਿਆ ਹੈ"?॥੧੨੮॥

**ਹੁਮਾਂ ਜਾਨ ਜਾਨੀ ਤੁਅਮ ਨੌ ਜਵਾਂ॥**
**ਬਦੀਦਨ ਤੁਰਾ ਆਮਦਮ ਈਂ ਜ਼ਮਾਂ॥੧੨੯॥**

ਹੁਮਾਂ = ਉਹੇ ਹੀ। ਜਾਨ ਜਾਨੀ = ਜਾਨ ਤੋਂ ਪਿਆਰੀ। ਤੁਅਮ = ਤੇਰੀ ਹਾਂ। ਦੀਦਨ = ਦੀਦਾਰ ਵਾਸਤੇ।

ਹੇ ਮੇਰੀ ਜਾਨ ਤੋਂ ਪਿਆਰੇ ਨੌਜਵਾਨ, ਮੈਂ ਇਸ ਵੇਲੇ ਤੇਰੇ ਦਰਸ਼ਨ ਕਰਨ ਲਈ ਆਈ ਹਾਂ॥੧੨੯॥

**ਬਿਗੋਯਦ ਕਿ ਏ ਬਾਨੂਏ ਨੇਕ ਬਖਤ॥**
**ਚਿਰਾ ਤੋ ਬਯਾਮਦ ਦਰੀਂ ਜਾਇ ਸਖਤ॥੧੩੦॥**

ਬਾਨੂਏ ਨੇਕ ਬਖਤ = ਚੰਗੇ ਭਾਗਾਂ ਵਾਲੀ ਇਸਤਰੀ। ਚਿਰਾ = ਕਿਉਂ। ਬਯਾਮਦ = ਆਈ ਹੈਂ। ਜਾਇ ਸਖਤ = ਕਠਨ ਜਗ੍ਹਾ, ਭਿਆਨਕ ਜਗ੍ਹਾ।

ਰਾਜਕੁਮਾਰੀ ਦੀ ਗੱਲ ਸੁਣਕੇ ਸੁਭਟ ਸਿੰਘ ਨੇ ਕਿਹਾ, "ਐ ਚੰਗੇ ਭਾਗਾਂ ਵਾਲੀ ਇਸਤਰੀ ! ਤੂੰ ਇਸ ਭਿਆਨਕ ਜਗ੍ਹਾ ਤੇ ਕਿਉਂ ਆਈ ਹੈਂ"॥੧੩੦॥

**ਅਗਰ ਮੁਰਦਹ ਬਾਸ਼ੀ ਦਿਯਾਰੇਮ ਲਾਸ॥**
**ਵਗਰ ਜ਼ਿੰਦਹ ਹਸਤੀ ਬ ਯਜ਼ਦਾਂ ਸੁਪਾਸ॥੧੩੧॥**

ਬਾਸ਼ੀ = ਹੋਵੇਂ। ਦਿਯਾਰੇਮ = ਲਿਆਵਾਂ। ਵਗਰ = ਜੇ। ਜ਼ਿੰਦਹ ਹਸਤੀ = ਜਿਉਂਦਾ ਹੈ। ਯਜਦਾਂ = ਪਰਮਾਤਮਾ। ਸੁਪਾਸ = ਸ਼ੁਕਰੀਆ।

ਰਾਜਕੁਮਾਰੀ ਨੇ ਕਿਹਾ ਕਿ ਮੈਂ ਇਸ ਲਈ ਇਥੇ ਆਈ ਹਾਂ ਕਿ ਜੇ ਤੂੰ ਮਰ ਗਿਆ ਹੋਵੇਂ ਤਾਂ ਮੈਂ ਤੇਰੀ ਲਾਸ਼ ਲੈ ਆਵਾਂ ਤੇ ਜੇ ਤੂੰ ਜਿਉਂਦਾ ਹੋਵੇ ਤਾਂ ਮੈਂ ਪਰਮਾਤਮਾ ਦਾ ਸ਼ੁਕਰੀਆ ਕਰਾਂ॥੧੩੧॥

**ਅਜ਼ਾਂ ਗੁਫਤਨੀਹਾਂ ਖੁਸ਼ ਆਮਦ ਸੁਖ਼ਨ॥**
**ਬਿਗੋਯਦ ਕਿ ਏ ਨਾਜ਼ਨੀਂ ਸੀਮ ਤਨ॥੧੩੨॥**

ਅਜ਼ਾਂ = ਇਸ। ਗੁਫਤਨੀਹਾਂ = ਬਚਨ। ਖੁਸ਼ ਆਮਦ = ਚੰਗੇ ਲੱਗੇ। ਬਿਗੋਯਦ = ਕਿਹਾ। ਸੀਮ = ਚਾਂਦੀ।

ਰਾਜਕੁਮਾਰੀ ਦੇ ਬਚਨ ਸੁਭਟ ਸਿੰਘ ਨੂੰ ਬਹੁਤ ਚੰਗੇ ਲੱਗੇ ਤੇ ਉਸ ਨੇ ਕਿਹਾ ਕਿ ਹੇ ਚਾਂਦੀ ਵਰਗੇ ਰੰਗ ਵਾਲੀ ਕੋਮਲ ਇਸਤਰੀ!॥੧੩੨॥

**ਹਰਾਂਕਸ ਕਿ ਖਾਹੀ ਬਿਗੋ ਮਨ ਦਿਹਮ॥**
**ਕਿ ਏ ਸ਼ੇਰ ਦਿਲ ਮਨ ਗੁਲਾਮੇ ਤੁਅਮ॥੧੩੩॥**

ਹਰਾਂਕਸ ਕਿ = ਜੋ ਕੁਝ। ਖਾਹੀ = ਇੱਛਾ। ਬਿਗੋ = ਕਹੁ। ਮਨ = ਮੈਂ। ਦਿਹਮ = ਦੇਵਾਂ। ਗੁਲਾਮੇ = ਦਾਸ। ਤੁਅਮ = ਤੇਰਾ।

ਜੋ ਤੂੰ ਚਾਹੁੰਦੀ ਹੈਂ, ਮੈਨੂੰ ਦੱਸ। ਤਾਕਿ ਉਹ ਕੁਝ ਮੈਂ ਤੈਨੂੰ ਦੇਵਾਂ। ਹੇ ਸ਼ੇਰ ਦਿਲ ਇਸਤਰੀ ! ਮੈਂ ਤੇਰਾ ਗੁਲਾਮ ਹਾਂ।।੧੩੩।।

**ਖੁਦਾਵੰਦ ਬਾਸੀ ਤੁ ਏ ਕਾਰ ਸਖਤ।।**
**ਕਿ ਮਾਰਾ ਬ ਯਕ ਰਾਰ ਕੁਨ ਨੇਕ ਬਖਤ।।੧੩੪।।**

ਖੁਦਾਵੰਦ = ਪਤੀ। ਬਾਸ਼ੀ = ਹੋਵੇ। ਕਾਰ ਸਖਤ = ਕਠਨ ਕੰਮ ਕਰਨ ਵਾਲੇ। ਮਾਰਾ = ਮੈਨੂੰ। ਕੁਨ = ਕਰ। ਨੇਕ ਬਖਤ = ਸੁਭਾਗੀ।

ਰਾਜਕੁਮਾਰੀ ਨੇ ਕਿਹਾ ਹੇ ਜੁੱਧ ਰੂਪੀ ਕਠਨ ਕੰਮ ਕਰਨ ਵਾਲੇ ਸੂਰਮੇ ! ਤੁਸੀ ਮੈਨੂੰ ਆਪਣੀ ਪਤਨੀ ਬਣਾ ਕੇ ਚੰਗੇ ਭਾਗਾਂ ਵਾਲੀ ਕਰੋ।।੧੩੨।।

**ਬਿਜ਼ਦ ਪੁਸ਼ਤ ਪਾਓ ਕੁਸ਼ਾਦਸ਼ ਬ ਚਸ਼ਮ।।**
**ਹਮਹ ਰਵਸ਼ ਸ਼ਾਹਾਨ ਪੇਸ਼ੀਨ ਰਸ਼ਮ।।੧੩੫।।**

ਬਿਜ਼ਦ = ਮਰਿਆ। ਕੁਸ਼ਾਦਸ਼ = ਖੋਲ੍ਹੀਆਂ। ਬ ਚਸ਼ਮ = ਅੱਖਾਂ। ਰਵਸ਼ = ਮਰਯਾਦਾ। ਪੇਸ਼ੀਨ = ਪੁਰਾਤਨ। ਰਸਮ = ਰੀਤੀ।

ਸੁਭਟ ਸਿੰਘ ਨੇ ਦੋਵੇਂ ਅੱਖਾਂ ਖੋਲ੍ਹੀਆਂ ਤੇ ਪਛਤਾਵੇ ਨਾਲ ਆਪਣੇ ਪੈਰ ਜ਼ਮੀਨ ਤੇ ਮਾਰੇ। ਫਿਰ ਉਸ ਨੇ ਪੁਰਾਤਨ ਬਾਦਸ਼ਾਹਾਂ ਵਾਲੀ ਮਰਯਾਦਾ ਕੀਤੀ।।੧੩੫।।

**ਬਿਅਫ਼ਤਾਦ ਬਰ ਰਥ ਬਿਆਵੁਰਦ ਜਾਂ।।**
**ਬਿਜ਼ਦ ਨਓਬਤਸ਼ ਸ਼ਾਹਿ ਸ਼ਾਹੇ ਜ਼ਮਾਂ।।੧੩੬।।**

ਬਿਅਫ਼ਤਾਦ = ਪੈ ਗਿਆ। ਬਰ ਰਥ = ਰੱਥ ਉਪਰ। ਬਿਆਵੁਰਦ = ਲੈ ਆਈ। ਬਿਜ਼ਦ = ਵਜਾਇਆ। ਨਓਬਤਸ਼ = ਨਗਾਰਾ। ਜ਼ਮਾਂ = ਸੰਸਾਰ।

ਰਾਜਕੁਮਾਰੀ ਸੁਭਟ ਸਿੰਘ ਨੂੰ ਰੱਥ ਉਤੇ ਪਾ ਕੇ ਆਪਣੇ ਘਰ ਲੈ ਆਈ ਉਸ ਦੇ ਪਿਤਾ ਬਾਦਸ਼ਾਹ ਨੇ ਖੁਸ਼ੀ ਨਾਲ ਨਗਾਰੇ ਵਜਾਏ।।੧੩੬।।

**ਬਹੋਸ਼ ਅੰਦਰ ਆਮਦ ਦੋ ਚਸ਼ਮਸ਼ ਕੁਸ਼ਾਦ।।**
**ਬਿਗੋਯਦ ਕਿਰਾ ਜਾਇ ਮਾਰਾ ਨਿਹਾਦ।।੧੩੭।।**

ਚਸ਼ਮਸ਼ = ਅੱਖਾਂ। ਕੁਸ਼ਾਦ = ਖੋਲ੍ਹੀਆਂ। ਬਿਗੋਯਦ = ਕਿਹਾ। ਕਿਰਾ ਜਾਇ = ਕਿਸ ਜਗ੍ਹਾ। ਮਾਰਾ = ਮੈਨੂੰ। ਨਿਹਾਦ = ਰਖਿਆ।

Namdhari Elibrary NamdhariElibrary@gmail.com

ਵਾਜਿਆਂ ਦੀ ਆਵਾਜ਼ ਸੁਣਕੇ ਸੁਭਟ ਸਿੰਘ ਹੋਸ਼ ਵਿਚ ਆਇਆ, ਉਸ ਨੇ ਆਪਣੀਆਂ ਅੱਖਾਂ ਖੋਲ੍ਹਿਆਂ ਤੇ ਕਿਹਾ, "ਮੈਨੂੰ ਕਿਸ ਦੇ ਘਰ ਵਿਚ ਲਿਆਕੇ ਰਖਿਆ ਗਿਆ ਹੈ"।।੧੩੭।।

**ਬਿਗੋਯਦ ਤੁਰਾ ਜਫਰ ਜੰਗ ਯਾਫ਼ਤਮ।।**
**ਬ ਕਾਰੇ ਸ਼ੁਮਾ ਕਤ ਖ਼ੁਦਾ ਯਾਫ਼ਤਮ।।੧੩੮।।**

ਬਿਗੋਯਦ = ਕਿਹਾ। ਤੁਰਾ = ਤੁਹਾਨੂੰ। ਜਫਰ = ਜਿੱਤ ਕੇ। ਯਾਫਤਮ = ਮੈਂ ਪਾਇਆ ਹੈ। ਸ਼ੁਮਾ = ਤੁਹਾਨੂੰ।

ਰਾਜਕੁਮਾਰੀ ਨੇ ਕਿਹਾ ਕਿ ਮੈਂ ਤੁਹਾਨੂੰ ਜੰਗ ਵਿਚ ਜਿੱਤ ਕੇ ਪਾਇਆ ਹੈ। ਜੰਗ ਵਿਚ ਹੀ ਮੈਂ ਤੁਹਾਨੂੰ ਪਤੀ ਰੂਪ ਵਿਚ ਪ੍ਰਾਪਤ ਕੀਤਾ ਹੈ।।੧੩੮।।

**ਪਸ਼ੇਮਾਂ ਸ਼ਵਦ ਸੁਖ਼ਨ ਗੁਫ਼ਤਨ ਫਜ਼ੂਲ।।**
**ਹਰਾਂਕਸ ਚੁ ਗੋਈ ਕਿ ਬਰ ਮਨ ਕਬੂਲ।।੧੩੯।।**

ਪਸ਼ੇਮਾਂ = ਸ਼ਰਮਿੰਦਾ। ਸੁਖ਼ਨ = ਹੋਇਆ। ਗੁਫਤਨ = ਕਹਿਣ। ਹਰਾਂਕਸ = ਜੋ ਕੁਝ। ਕਬੂਲ = ਪਰਵਾਨ।

ਸੁਭਟ ਸਿੰਘ ਆਪਣੇ ਬਿਅਰਥ ਕਹੇ ਬਚਨਾਂ ਤੇ ਬੜਾ ਪਸ਼ੇਮਾਨ (ਸ਼ਰਮਿੰਦਾ) ਹੋਇਆ। ਫਿਰ ਉਸ ਨੇ ਕਿਹਾ ਕਿ (ਹੇ ਰਾਜਕੁਮਾਰੀ!) ਤੂੰ ਜੋ ਕੁਛ ਕਹੇਂ ਮੈਨੂੰ ਪ੍ਰਵਾਨ ਹੈ।।੧੩੯।।

ਇਸ ਹਿਕਾਇਤ ਰਾਹੀਂ ਸਤਿਗੁਰੂ ਜੀ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਇਹ ਉਪਦੇਸ਼ ਦਿੰਦੇ ਹਨ:-

ਐ ਔਰੰਗਜ਼ੇਬ ! ਦੇਖ, ਇਕ ਰਾਜਕੁਮਾਰੀ ਨੇ ਆਪਣੇ ਪ੍ਰਣ ਨੂੰ ਕਿਸ ਦ੍ਰਿੜ੍ਹਤਾ ਨਾਲ ਨਿਬਾਹਿਆ ਹੈ। ਰਾਜਕੁਮਾਰੀ ਨੇ ਸੁਭਟ ਸਿੰਘ ਸੂਰਮੇ ਨੂੰ ਆਪਣਾ ਪਤੀ ਬਨਾਉਣਾ ਚਾਹਿਆ, ਪਰ ਉਸ ਨੇ ਇਨਕਾਰ ਕਰ ਦਿੱਤਾ। ਫਿਰ ਉਸ ਨੇ ਸੁਭਟ ਸਿੰਘ ਨਾਲ ਜੰਗ ਕਰਕੇ ਉਸ ਨੂੰ ਜਿੱਤਿਆ ਤੇ ਆਪਣਾ ਬਚਨ ਪੂਰਾ ਕੀਤਾ। ਸੁਭਟ ਸਿੰਘ ਆਪਣਾ ਬਚਨ ਹਾਰ ਕੇ ਬਹੁਤ ਪਸ਼ੇਮਾਨ ਹੋਇਆ। ਸੱਚੇ ਸੂਰਮਿਆਂ ਦੇ ਇਹੋ ਲੱਛਣ ਹੁੰਦੇ ਹਨ।

ਐ ਔਰੰਗਜ਼ੇਬ ! ਤੂੰ ਨਾ ਤਾਂ ਰਾਜਕੁਮਾਰੀ ਵਾਂਗੂੰ ਆਪਣੇ ਬਚਨਾਂ ਤੇ ਪੂਰਾ ਉਤਰਿਆ ਹੈਂ ਤੇ ਨਾ ਹੀ ਸੁਭਟ ਸਿੰਘ ਵਾਂਗੂੰ ਬਚਨ ਹਾਰਨ ਤੇ ਕਦੇ ਪਸ਼ੇਮਾਨ ਹੋਇਆ ਹੈਂ। ਸੋ ਤੇਰੇ ਵਿਚ ਕੋਈ ਵੀ ਗੁਣ ਨਹੀਂ। ਤੂੰ ਝੂਠਾ ਦੀਨਦਾਰ ਤੇ ਖੁਦਾ ਪ੍ਰਸਤ ਅਖਵਾਉਂਦਾ ਹੈਂ।

ਔਰੰਗਜ਼ੇਬ ਨੂੰ ਇਸ ਹਿਕਾਇਤ ਰਾਹੀਂ ਸਿਖਿਆ ਦੇ ਕੇ ਗੁਰੂ ਜੀ ਆਪਣੇ ਸਤਿਗੁਰੂ ਅਗੇ ਨਾਮ ਦੀ ਦਾਤ ਲੈਣ ਲਈ ਬੇਨਤੀ ਕਰਦੇ ਹਨ:-

**ਬਿਦਿਹ ਸਾਕੀਯਾ ਜਾਮਿ ਫੇਰੋਜ਼ਹ ਫਾਮ।।**
**ਕਿ ਮਾਰਾ ਬਕਾਰ ਅਸਤ ਰੋਜ਼ੇ ਤਮਾਮ।।੧੪੦।।**

Namdhari Elibrary NamdhariElibrary@gmail.com

ਜਾਮਿ = ਪਿਆਲਾ। ਫੇਰੋਜ਼ਹ = ਹਰਾ। ਫ਼ਾਮ = ਰੰਗਤ। ਮਾਰਾ = ਮੈਨੂੰ। ਬਕਾਰ ਅਸਤ = ਚਾਹੀਦਾ ਹੈ। ਰੋਜ਼ੇ ਤਮਾਮ = ਸਭ ਦਿਨਾਂ।

ਹੇ ਸਤਿਗੁਰੂ ਜੀ ! ਮੈਨੂੰ ਆਪਣੇ ਨਾਮ ਦਾ ਪਿਆਲਾ ਬਖਸ਼ੋ, ਜੋ ਮੈਨੂੰ ਹਰ ਸਮੇਂ ਚਾਹੀਦਾ ਹੈ।।੧੪੦।।

**ਤੂ ਮਾਰਾ ਬਿਦਿਹ ਤਾ ਸ਼ਵਮ ਤਾਜ਼ਹ ਦਿਲ।।**
**ਕਿ ਗੌਹਰ ਬਿਆਰੇਮ ਆਲੂਦਹ ਗਿਲ।।੧੪੧।।੪।।**

ਤੂ = ਤੂੰ। ਮਾਰਾ = ਮੈਨੂੰ। ਸ਼ਵਮ = ਹੋਵੇਗਾ। ਤਾਜ਼ਹ ਦਿਲ = ਮਨ ਪ੍ਰਸੰਨ। ਗੌਹਰ = ਮੋਤੀ। ਬਿਆਰੇਮ = ਲਿਆਵਾਂ। ਆਲੂਦਹ = ਗੰਦਾ। ਗਿਲ = ਚਿੱਕੜ।

ਹੇ ਸਤਿਗੁਰੂ ! ਤੁਸੀਂ ਮੈਨੂੰ ਹਰੀ ਨਾਮ ਦਾ ਪਿਆਲਾ ਬਖਸ਼ੋ. ਤਾਂਕਿ ਮੇਰਾ ਮਨ ਪ੍ਰਸੰਨ ਹੋਵੇ. ਤੇ ਮੈਂ ਇਸ ਚਿੱਕੜ (ਵਿਕਾਰਾਂ) ਨਾਲ ਗੰਦੇ ਹੋਏ ਸਰੀਰ ਵਿਚੋਂ ਆਤਮਾ ਰੂਪੀ ਮੋਤੀ ਨੂੰ ਕੱਢ ਲਿਆਵਾਂ।।੧੪੧।।੪।।

### ਹਿਕਾਯਤ ਚੌਥੀ ਸਮਾਪਤ

✡ ✡ ✡ ✡ ✡ ✡

# ਹਿਕਾਯਤ ਪੰਜਵੀਂ

## ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

**ਤੁਈ ਰਹਿਨੁਮਾਓ ਤੁਈ ਦਿਲ ਕੁਸ਼ਾਇ।।**
**ਤੁਈ ਦਸਤਗੀਰ ਅੰਦਰ ਹਰ ਦੋ ਸਰਾਇ।।੧।।**

ਤੁਈ = ਤੂੰ ਹੀ। ਕੁਸ਼ਾਇ = ਖੋਲ੍ਹਣ ਵਾਲਾ। ਦਸਤਗੀਰ = ਹੱਥ ਫੜਨ ਵਾਲਾ। ਹਰ ਦੋ ਸਰਾਇ = ਲੋਕ ਪ੍ਰਲੋਕ।

ਹੇ ਪ੍ਰਭੂ ! ਤੂੰ ਹੀ ਸਭ ਨੂੰ ਰਾਹ ਦੱਸਣ ਵਾਲਾ ਹੈਂ ਤੇ ਤੂੰ ਹੀ ਮਨ ਦੇ ਬੰਧਨਾਂ ਨੂੰ ਖੋਲ੍ਹਣ ਵਾਲਾ ਹੈਂ, ਤੂੰ ਹੀ ਲੋਕ ਤੇ ਪ੍ਰਲੋਕ ਵਿਚ ਹੱਥ ਫੜਨ ਵਾਲਾ ਹੈਂ।।੧।।

**ਤੁਈ ਰਾਜ਼ ਰੋਜ਼ੀ ਦਿਹੋ ਦਸਤਗੀਰ।।**
**ਕਰੀਮੇ ਖ਼ਤਾ ਬਖਸ਼ ਦਾਨਿਸ਼ ਪਜ਼ੀਰ।।੨।।**

ਕਰੀਮੋ = ਕ੍ਰਿਪਾਲੂ। ਖਤਾ ਬਖਸ਼ = ਭੁੱਲਾਂ ਬਖਸ਼ਣ ਵਾਲਾ। ਦਾਨਿਸ਼ ਪਜ਼ੀਰ = ਅੰਤਰਜਾਮੀ।

ਹੇ ਪਰਮਾਤਮਾ ! ਤੂੰ ਰਾਜ਼ਕ ਹੈਂ. ਰੋਜ਼ੀ ਦੇਣ ਵਾਲਾ ਤੇ ਦੁਖਾਂ ਵਿਚ ਸਹਾਰਾ ਦੇਣ ਵਾਲਾ ਹੈਂ. ਤੂੰ ਕ੍ਰਿਪਾਲੂ. ਭੁੱਲਾਂ ਬਖਸ਼ਣ ਵਾਲਾ ਤੇ ਅੰਤਰਜਾਮੀ ਹੈਂ।।੨।।

**ਹਿਕਾਯਤ ਸ਼ੁਨੀਦਮ ਯਕੇ ਕਾਜ਼ੀਅਸ਼।।**
**ਕਿ ਬਰਤਰ ਨ ਦੀਦਮ ਕਜ਼ੋ ਦੀਗਰਸ਼।।੩।।**

ਹਿਕਾਯਤ = ਕਹਾਣੀ। ਸ਼ੁਨੀਦਮ = ਸੁਣੀ ਹੈ। ਯਕੇ = ਇਕ। ਕਾਜ਼ੀਅਸ = ਕਾਜ਼ੀ ਦੀ। ਬਰਤਰ = ਚੰਗਾ। ਕਜ਼ੋ = ਉਸ। ਦੀਗਰਸ਼ = ਦੂਜਾ।

ਐ ਔਰੰਗਜ਼ੇਬ ! ਮੈਂ ਇਕ ਕਾਜ਼ੀ ਦੀ ਕਹਾਣੀ ਸੁਣੀ ਹੈ. ਜਿਸ ਵਰਗਾ ਚੰਗਾ ਹੋਰ ਕੋਈ ਨਹੀਂ ਸੀ।।੩।।

**ਯਕੇ ਖ਼ਾਨਹ ਓ ਬਾਨੂਏ ਨੌ ਜਵਾਂ।।**
**ਕਿ ਕੁਰਬਾਂ ਸ਼ਵਦ ਹਰ ਕਸੇ ਨਾਜ਼ ਦਾਂ।।੪।।**

ਖਾਨਹ = ਘਰ। ਬਨੂਏ = ਇਸਤ੍ਰੀ। ਨੌ ਜਵਾਂ = ਜਵਾਨ। ਕੁਰਬਾਂ = ਕੁਰਬਾਨ। ਸ਼ਵਦ = ਹੁੰਦਾ। ਹਰ ਕਸੇ = ਹਰ ਇਕ। ਨਾਜ਼ ਦਾਂ = ਨਖਰੇ ਜਾਣਨ ਵਾਲਾ।

ਉਸ ਕਾਜ਼ੀ ਦੇ ਘਰ ਇਕ ਨੌਜਵਾਨ ਇਸਤਰੀ ਸੀ. ਜਿਸ ਤੋਂ ਹਰ ਵੇਖਣ ਵਾਲਾ ਕੁਰਬਾਨ ਹੁੰਦਾ ਸੀ।।੪।।

ਭਾਵ-ਉਸ ਇਸਤਰੀ ਦੇ ਹਾਵ ਭਾਵ ਵੇਖਕੇ ਹਰ ਵੇਖਣ ਵਾਲਾ ਮੋਹਤ ਹੋ ਜਾਂਦਾ ਸੀ।।

**ਕਿ ਸੋਸਨ ਸਰੇ ਰਾ ਫਰੋ ਮੇਜ਼ਦਹ।।**
**ਗੁਲੇ ਲਾਲਹ ਰਾ ਦਾਗ ਬਰ ਦਿਲ ਸ਼ੁਦਹ।।੫।।**

ਸੋਸਨ = ਲਿੱਲੀ ਦਾ ਫੁੱਲ, ਇਹ ਫੁੱਲ ਕਈ ਰੰਗਾਂ ਦਾ ਹੁੰਦਾ ਹੈ, ਖਾਸ ਕਰਕੇ ਚਿੱਟਾ. ਪੀਲਾ ਅਤੇ ਨੀਲਾ ਬਹੁਤ ਪ੍ਰਸਿੱਧ ਹਨ। ਸਰੇ = ਸਿਰ। ਫਰੋ = ਹੇਠਾਂ। ਮੇਜ਼ਦਹ = ਸੁਟਦਾ। ਗੁਲੇ ਲਾਲਹ = ਪੋਸਤ ਦਾ ਫੁਲ। ਦਾਗ = ਧੱਬਾ। ਬਰ = ਵਿਚ।

ਉਸ ਇਸਤਰੀ ਦੇ ਸੁੰਦਰ ਸਰੂਪ ਨੂੰ ਵੇਖਕੇ ਲਿੱਲੀ ਦਾ ਫੁੱਲ ਵੀ ਆਪਣਾ ਸਿਰ ਹੇਠਾਂ ਸੁਟ ਲੈਂਦਾ ਸੀ ਤੇ ਪੋਸਤ ਦੇ ਫੁਲ ਦੇ ਦਿਲ ਵਿਚ ਵੀ ਧੱਬਾ ਜਾਂ ਦਾਗ਼ ਪੈ ਜਾਂਦਾ ਸੀ. ਭਾਵ ਉਹ ਵੀ ਉਸਦੇ ਸਾਹਮਣੇ ਆਪਣੇ ਆਪ ਨੂੰ ਤੁੱਛ ਸਮਝਦਾ ਸੀ।।੫।।

**ਕਜ਼ਾਂ ਸੂਰਤੇ ਮਾਹਿ ਰਾ ਬੀਮ ਸ਼ੁਦ।।**
**ਰਸ਼ਕ ਸ਼ੋਖਤਹ ਅਜ਼ ਮਿਯਾਂ ਸੁੰਬਲ ਸ਼ਵਦ।।੬।।**

Namdhari Elibrary NamdhariElibrary@gmail.com

ਕਜ਼ਾਂ = ਉਸ। ਮਾਹਿ = ਚੰਦਰਮਾਂ। ' ਬੀਮ = ਡਰ। ਸ਼ੁਦ = ਹੋਇਆ। ਰਸ਼ਕ = ਈਰਖਾ। ਸ਼ੋਖਤਹ = ਸੜ ਕੇ। ਨੀਮ = ਅੱਧਾ।

ਉਸ ਇਸਤਰੀ ਦੀ ਸੁੰਦਰਤਾ ਵੇਖ ਕੇ ਚੰਦਰਮਾਂ ਨੂੰ ਵੀ ਡਰ ਪੈਦਾ ਹੋ ਗਿਆ ਤੇ ਉਹ ਈਰਖਾ ਦੀ ਅੱਗ ਵਿਚ ਸੜ ਕੇ ਅੱਧਾ ਹੋ ਗਿਆ। ਭਾਵ ਉਸ ਦੀ ਸੁੰਦਰਤਾ ਅਗੇ ਚੰਦ੍ਰਮਾਂ ਦੀ ਰੌਸ਼ਨੀ ਵੀ ਮੱਧਮ ਪੈ ਗਈ।।੬।।

**ਬਕਾਰ ਅਜ਼ ਸੂਏ ਖਾਨਹ ਬੇਰੂੰ ਰਵਦ।।**
**ਬਦੋਸ਼ੇ ਜ਼ੁਲਫ ਸ਼ੋਰ ਸੁੰਬਲ ਸ਼ਵਦ।।੭।।**

ਬਕਾਰ = ਕੰਮ ਵਾਸਤੇ। ਸੂਏ = ਤਰਫ। ਬੇਰੂੰ = ਬਹਾਰ। ਰਵਦ = ਜਾਂਦੀ ਸੀ। ਬਦੋਸ਼ੇ = ਮੋਢਿਆਂ। ਸ਼ੋਰ = ਸ਼ੋਰ ਸ਼ਰਾਬਾ। ਸੁੰਬਲ = ਇਸ਼ਕ ਪੇਚਾ।

ਉਹ ਇਸਤਰੀ ਜਦੋਂ ਕਿਸੇ ਕੰਮ ਲਈ ਆਪਣੇ ਘਰ ਤੋਂ ਬਾਹਰ ਜਾਂਦੀ ਸੀ ਤਾਂ ਉਸ ਦੇ ਮੋਢਿਆਂ ਤੇ ਲਮਕਦੀਆਂ ਜ਼ੁਲਫਾਂ ਨੂੰ ਵੇਖ ਕੇ ਇਸ਼ਕ ਪੇਚੇ ਦੀ ਵੇਲ ਵੀ ਵੇਖ ਕੇ ਤੜਫ ਉੱਠਦੀ ਸੀ।।੭।।

**ਗਰ ਆਬੇ ਬ ਦਰੀਯਾ ਬਸ਼ੋਯਦ ਰੁਖਸ਼।।**
**ਹਮਹ ਖਾਰ ਮਾਹੀ ਸ਼ਵਦ ਗੁਲ ਰੁਖ਼ਸ਼।।੮।।**

ਗਰ = ਜੇ। ਆਬੇ = ਪਾਣੀ। ਬਸ਼ੋਯਦ = ਧੋਂਦੀ। ਰੁਖਸ = ਮੂੰਹ। ਖਾਰ = ਕੰਡੇ। ਮਾਹੀ = ਮੱਛੀਆਂ। ਗੁਲ = ਫੁਲ। ਰੁਖਸ਼ = ਰੂਪ।

ਜੇਕਰ ਉਹ ਦਰਿਆ ਦੇ ਪਾਣੀ ਵਿਚ ਆਪਣਾ ਮੂੰਹ ਧੋਂਦੀ ਸੀ ਤਾਂ ਸਾਰੀਆਂ ਮੱਛੀਆਂ ਦੇ ਕੰਡੇ ਫੁਲਾਂ ਦੇ ਰੂਪ ਵਰਗੇ ਹੋ ਜਾਂਦੇ ਸਨ।।੮।।

**ਬਖ਼ਮ ਓ ਫ਼ਿਤਾਦਹ ਹੁਮਾ ਸਾਯਹ ਆਬ।।**
**ਜ਼ਿ ਮਸਤੀ ਸ਼ੁਦਹ ਨਾਮ ਨਰਗਸ ਸ਼ਰਾਬ।।੯।।**

ਬਖਮ = ਘੜਾ। ਫਿਤਾਦਹ = ਪੈ ਗਿਆ। ਸਾਯਹ = ਪ੍ਰਛਾਵਾਂ। ਮਸਤੀ = ਅਮਲ।

ਉਸ ਇਸਤਰੀ ਦੇ ਮੂੰਹ ਦਾ ਪ੍ਰਛਾਵਾਂ ਜਿਸ ਪਾਣੀ ਦੇ ਘੜੇ ਤੇ ਪੈ ਜਾਂਦਾ ਸੀ, ਉਹ ਨਸ਼ੀਲਾ ਹੋ ਜਾਂਦਾ ਸੀ। ਫਿਰ ਉਸ ਦਾ ਨਾਂ 'ਨਰਗਸੀ ਸ਼ਰਾਬ' ਹੋ ਜਾਂਦਾ ਸੀ।।੯।।

**ਬਦੀਦਸ਼ ਯਕੇ ਰਾਜਹੇ ਨੌ ਜਵਾਂ।।**
**ਕਿ ਹੁਸਨਲ ਜਮਾਲ ਅਸਤੁ ਜ਼ਾਹਰ ਜਹਾਂ।।੧੦।।**

ਬਦੀਦਸ਼ = ਵੇਖਿਆ। ਯਕੇ = ਇਕ। ਹੁਸਨਲ ਜਮਾਲ = ਸੁੰਦਰ। ਜ਼ਾਹਰ ਜਹਾਂ = ਸੰਸਾਰ ਵਿਚ

ਮਸ਼ਹੂਰ।

ਉਸ ਸੁੰਦਰ ਇਸਤਰੀ ਨੇ ਇਕ ਨੌਜਵਾਨ ਰਾਜੇ ਨੂੰ ਵੇਖਿਆ, ਜੋ ਆਪਣੀ ਸੁੰਦਰਤਾ ਕਰਕੇ ਜਗਤ ਵਿਚ ਮਸ਼ਹੂਰ ਸੀ॥੧੦॥

**ਬਗੁਫਤਹ ਕਿ ਏ ਰਾਜਹੇ ਨੇਕ ਬਖ਼ਤ॥**
**ਤੁ ਮਾਰਾ ਬਿਦਿਹ ਜਾਇ ਨਜ਼ਦੀਕ ਤਖ਼ਤ॥੧੧॥**

ਬਗੁਫਤਹ = ਕਿਹਾ। ਨੇਕ ਬਖ਼ਤ = ਚੰਗੇ ਭਾਗਾਂ ਵਾਲਾ। ਮਾਰਾ = ਮੈਨੂੰ। ਜਾਇ = ਜਗ੍ਹਾ। ਨਜ਼ਦੀਕ = ਨੇੜੇ।

ਉਸ ਔਰਤ ਨੇ ਕਿਹਾ ਕਿ ਐ ਚੰਗੇ ਭਾਗਾਂ ਵਾਲੇ ਰਾਜੇ! ਤੂੰ ਮੈਨੂੰ ਆਪਣੇ ਤਖਤ ਦੇ ਕੋਲ ਬੈਠਣ ਲਈ ਜਗ੍ਹਾ ਦੇਹ, ਭਾਵ ਮੈਨੂੰ ਆਪਣੀ ਬੇਗਮ ਬਣਾ ਲਵੋ॥੧੧॥

**ਨਖੁਸਤੀਂ ਸਰੇ ਕਾਜ਼ੀ ਆਵਰ ਤੁਰਾਸਤ॥**
**ਵਜ਼ਾਂ ਪਸ ਕਿ ਈਂ ਖ਼ਾਨਹ ਮਾ ਅਜ਼ ਤੁਰਾਸਤ॥੧੨॥**

ਨਖੁਸਤੀਂ = ਪਹਿਲਾ। ਆਵਰ = ਲਿਆ। ਤਰਾਸਤ = ਕਟ ਕੇ। ਵਜ਼ਾਂ ਪਸ = ਇਸ ਤੋਂ ਬਾਅਦ। ਈਂ = ਇਹ। ਖਾਨਹ ਮਾ = ਮੇਰਾ ਘਰ। ਤੁਰਾਸਤ = ਤੇਰਾ।

ਉਸ ਰਾਜੇ ਨੇ ਅਗੋਂ ਉਸ ਇਸਤਰੀ ਨੂੰ ਕਿਹਾ ਕਿ ਪਹਿਲਾਂ ਤੂੰ ਆਪਣੇ ਪਤੀ ਕਾਜ਼ੀ ਦਾ ਸਿਰ ਵੱਢ ਕੇ ਲਿਆ, ਫਿਰ ਇਹ ਮੇਰਾ ਘਰ ਤੇਰਾ ਹੋ ਜਾਏਗਾ॥੧੨॥

**ਸ਼ੁਨੀਦ ਈਂ ਸੁਖਨ ਰਾ ਦਿਲ ਅੰਦਰ ਨਿਹਾਦ॥**
**ਨ ਰਾਜ਼ੇ ਦਿਗਰ ਪੇਸ਼ਿ ਅਉਰਤ ਕੁਸ਼ਾਦ॥੧੩॥**

ਸ਼ੁਨੀਦ = ਸੁਣਕੇ। ਸੁਖਨ = ਗੱਲ। ਨਿਹਾਦ = ਰਖਿਆ। ਰਾਜ਼ੇ = ਭੇਦ। ਦਿਗਰ ਪੇਸ਼ਿ = ਕਿਸੇ ਹੋਰ ਅਗੇ। ਕੁਸ਼ਾਦ = ਖੋਲ੍ਹਿਆ।

ਉਸ ਨੇ ਰਾਜੇ ਦਾ ਇਹ ਬਚਨ ਸੁਣ ਕੇ ਆਪਣੇ ਦਿਲ ਅੰਦਰ ਹੀ ਰਖਿਆ ਤੇ ਇਸ ਦਾ ਭੇਦ ਕਿਸੇ ਹੋਰ ਅੱਗੇ ਨਾ ਖੋਲ੍ਹਿਆ॥੧੩॥

**ਬਵਕਤੇ ਸ਼ੌਹਰ ਰਾ ਚੁ ਖੁਸ਼ ਖੁਫ਼ਤਹ ਦੀਦ॥**
**ਬਿਜ਼ਦ ਤੇਗ਼ ਖੁਦ ਦਸਤ ਸਰ ਓ ਬੁਰੀਦ॥੧੪॥**

ਬਵਕਤੇ = ਸਮੇਂ ਸਿਰ। ਸ਼ੌਹਰ = ਪਤੀ। ਖੁਸ਼ ਖੁਫਤਹ = ਮਿੱਠੀ ਨੀਂਦ। ਦੀਦ = ਵੇਖਿਆ। ਬਿਜ਼ਦ ਤੇਗ਼ = ਤਲਵਾਰ ਮਾਰੀ। ਖੁਦ ਦਸਤ = ਆਪਣੇ ਹੱਥ ਨਾਲ। ਸਰ ਓ ਬੁਰੀਦ = ਸਿਰ ਵੱਢ ਲਿਆ।

ਜਦ ਉਸ ਔਰਤ ਨੇ ਆਪਣੇ ਪਤੀ ਨੂੰ ਗੂੜ੍ਹੀ ਨੀਂਦ ਵਿਚ ਸੁੱਤਾ ਵੇਖਿਆ ਤਾਂ ਉਸ ਨੇ ਆਪਣੇ

Namdhari Elibrary NamdhariElibrary@gmail.com

ਹੱਥ ਨਾਲ ਤਲਵਾਰ ਮਾਰ ਕੇ ਉਸ ਦਾ ਸਿਰ ਵੱਢ ਲਿਆ॥੧੪॥

## ਬੁਰੀਦਹ ਸਰ ਓਰਾਂ ਰਵਾਂ ਜਾਇ ਗਸ਼ਤ॥
## ਦਰਾਂ ਜਾ ਸਬਲ ਸਿੰਘ ਕਿ ਬਿਨਸ਼ਸਤਹ ਅਸਤ॥੧੫॥

ਬੁਰੀਦਹ = ਵੱਢ ਕੇ। ਰਵਾਂ = ਰਵਾਨਾ। ਜਾਇ = ਉਸ ਟਿਕਾਣੇ। ਦਰਾਂ = ਅੰਦਰ। ਬਿਨਸ਼ਸਤਹ = ਬੈਠਾ।

ਉਹ ਇਸਤ੍ਰੀ ਆਪਣੇ ਪਤੀ ਦਾ ਸਿਰ ਵੱਢ ਕੇ ਉਸ ਟਿਕਾਣੇ ਵਲ ਰਵਾਨਾ ਹੋ ਗਈ, ਜਿਥੇ ਉਸ ਦਾ ਪਿਆਰਾ ਰਾਜਾ ਸਬਲ ਸਿੰਘ ਬੈਠਾ ਹੋਇਆ ਸੀ॥੧੫॥

## ਤੁ ਗੁਫਤੀ ਮਰਾ ਹਮ ਚੁਨੀ ਕਰਦਹਅਮ॥
## ਬਪੇਸ਼ੇ ਤੁ ਈਂ ਸਰ ਮਨ ਆਵੁਰਦਹਅਮ॥੧੬॥

ਤੁ ਗੁਫਤੀ = ਤੂੰ ਕਿਹਾ ਸੀ। ਮਰਾ = ਮੈਨੂੰ। ਹਮ ਚੁਨੀ = ਉਹੋ ਕੁਝ। ਕਰਦਹਅਮ = ਕੀਤਾ ਹੈ। ਬਪੇਸ਼ੇ ਤੁ = ਤੇਰੇ ਅਗੇ। ਮਨ = ਮੈਂ। ਆਵੁਰਦਹਅਮ = ਲੈ ਆਂਦਾ।

ਰਾਜੇ ਕੋਲ ਪਹੁੰਚ ਕੇ ਉਸ ਨੇ ਕਿਹਾ, "ਹੇ ਰਾਜਨ ! ਜਿਵੇਂ ਤੂੰ ਕਿਹਾ ਸੀ, ਮੈਂ ਉਸੇ ਤਰ੍ਹਾਂ ਕੀਤਾ ਹੈ। ਮੈਂ ਆਪਣੇ ਪਤੀ ਦਾ ਸਿਰ ਵੱਢ ਕੇ ਤੇਰੇ ਸਾਹਮਣੇ ਲੈ ਆਂਦਾ ਹੈ"॥੧੬॥

## ਅਗਰ ਸਰ ਤਬ ਖਾਹੀ ਸਰ ਤੁਮੇ ਦਿਹਮ॥
## ਬ ਜਾਨੋ ਦਿਲੇ ਬਰ ਤੋ ਆਸ਼ਿਕ ਸ਼ੁਦਮ॥੧੭॥

ਅਗਰ = ਜੇਕਰ। ਸਰ = ਸਿਰ। ਖਾਹੀ = ਚਾਹੇਂ। ਤੁਮੇ ਦਿਹਮ = ਮੈਂ ਦੇਵਾਂ। ਬ ਜਾਨੋ ਦਿਲੇ = ਦਿਲ ਜਾਨ ਨਾਲ। ਬਰ ਤੋ = ਤੇਰੇ ਉਤੇ। ਸ਼ੁਦਮ = ਹੋਈ।

(ਹੇ ਰਾਜਨ !) ਜੇ ਤੂੰ ਚਾਹੇਂ ਤਾਂ ਮੈਂ ਆਪਣਾ ਸਿਰ ਵੀ ਤੈਨੂੰ ਦੇਣ ਲਈ ਤਿਆਰ ਹਾਂ, ਕਿਉਂਕਿ ਮੈਂ ਦਿਲ ਤੇ ਜਾਨ ਨਾਲ ਤੇਰੇ ਤੇ ਆਸ਼ਕ ਹੋਈ ਹਾਂ॥੧੭॥

## ਕਿ ਇਮ ਸ਼ਬ ਕੁਨ ਆਂ ਅਹਦ ਤੋ ਬਸਤਈ॥
## ਬ ਗ਼ਮਜ਼ਹਿ ਚਸ਼ਮ ਜਾਨ ਮਨ ਕੁਸ਼ਤਈ॥੧੮॥

ਕਿ = ਜੋ। ਇਮ ਸ਼ਬ = ਇਸ ਰਾਤ। ਕੁਨ = ਕਰ। ਅਹਦ = ਇਕਰਾਰ। ਬਸਤਈ = ਬੱਧਾ। ਗਮਜ਼ਹਿ ਚਸ਼ਮ = ਅੱਖ ਦੇ ਕਟਾਖਸ਼। ਕੁਸ਼ਤਈ = ਕੋਹੀ।

ਹੇ ਰਾਜਨ ! ਤੂੰ ਜੋ ਇਕਰਾਰ ਮੇਰੇ ਨਾਲ ਕੀਤਾ ਹੈ, ਉਹ ਅੱਜ ਰਾਤ ਨੂੰ ਪੂਰਾ ਕਰ। ਤੇਰੇ ਨੇਤਰਾਂ ਦੇ ਕਟਾਖਸ਼ ਨਾਲ ਮੇਰੀ ਜਾਨ ਕੋਹੀ ਗਈ ਹੈ॥੧੮॥

Namdhari Elibrary NamdhariElibrary@gmail.com

ਚੁ ਦੀਦਸ਼ ਸਰੇ ਰਾਜਹੇ ਨੌ ਜਵਾਂ॥
ਬ ਤਰਸੀਦ ਗੁਫਤਹ ਕਿ ਏ ਬਦ ਨਿਸ਼ਾਂ॥੧੯॥

ਚੁ = ਜਦੋਂ। ਦੀਦਸ਼ = ਵੇਖਿਆ। ਸਰੇ = ਸਿਰ। ਤਰਸੀਦ = ਡਰਿਆ। ਗੁਫਤਹ = ਕਿਹਾ। ਬਦ ਨਿਸ਼ਾਂ = ਬੁਰੇ ਲੱਛਣ।

ਜਦੋਂ ਉਸ ਨੌਜਵਾਨ ਰਾਜੇ ਨੇ ਕਾਜ਼ੀ ਦੇ ਵੱਢੇ ਹੋਏ ਸਿਰ ਨੂੰ ਵੇਖਿਆ ਤਾਂ ਉਹ ਡਰ ਗਿਆ ਤੇ ਉਸ ਨੇ ਕਿਹਾ ਕਿ ਐ ਕਲਹਿਣੀ ਔਰਤ॥੧੯॥

ਚੁਨਾ ਬਦ ਤੋ ਕਰਦੀ ਖੁਦਾ ਵੰਦ ਖੇਸ਼॥
ਕਿ ਮਾ ਰਾ ਚਿ ਯਾਰੀ ਅਜ਼ੀਂ ਕਾਰ ਬੇਸ਼॥੨੦॥

ਚੁਨਾ = ਐਸਾ। ਬਦ = ਬੁਰਾ। ਕਰਦੀ = ਕੀਤਾ। ਖੁਦਾਵੰਦ = ਖਸਮ। ਖੇਸ਼ = ਆਪਣੇ। ਕਿ = ਜੋ। ਮਾ ਰਾ = ਮੈਨੂੰ। ਯਾਰੀ = ਦੋਸਤੀ। ਬੇਸ਼ = ਚੰਗਾ।

"ਜਦੋਂ ਤੂੰ ਆਪਣੇ ਪਤੀ ਨਾਲ ਅਜਿਹਾ ਹੀ ਬੁਰਾ ਕੰਮ ਕੀਤਾ ਹੈ, ਫਿਰ ਤੂੰ ਮੇਰੇ ਨਾਲ ਇਸ ਤੋਂ ਵਧੇਰੇ ਦੋਸਤੀ ਦਾ ਕੀ ਕੰਮ ਕਰੇਂਗੀ"?॥੨੦॥

ਜ਼ਿ ਤੋ ਦੋਸਤੀ ਮਨ ਬ ਬਾਜ਼ ਆਮਦਮ॥
ਜ਼ਿ ਕਰਦਹ ਤੋ ਮਨ ਦਰ ਨਿਯਾਜ਼ ਆਮਦਮ॥੨੧॥

ਤੋ = ਤੇਰੀ। ਮਨ = ਮੈਂ। ਬਾਜ਼ਆਮਦਮ = ਬਾਜ ਆਇਆ। ਕਰਦਮ = ਕੰਮ। ਨਿਆਜ਼ = ਕਿਰਪਾ।

ਤੇਰੀ ਦੋਸਤੀ ਤੋਂ ਮੈਂ ਬਾਜ ਆਇਆ। ਤੇਰੇ ਇਸ ਕੰਮ ਤੋਂ ਮੈਂ ਤੇਰੀ ਕਿਰਪਾ ਚਾਹੁੰਦਾ ਹਾਂ॥੨੧॥

ਭਾਵ-ਤੇਰੀ ਇਸ ਕਰਤੂਤ ਨੂੰ ਵੇਖਕੇ ਮੈਂ ਡਰ ਗਿਆ ਹਾਂ। ਤੂੰ ਮੇਰੇ ਤੇ ਮੇਹਰ ਕਰ ਤੇ ਇਹ ਕਿਰਪਾ ਕਿਸੇ ਹੋਰ ਤੇ ਕਰ।

ਚੁਨੀ ਬਦ ਤੋ ਕਰਦੀ ਖ਼ੁਦਾਵੰਦ ਕਾਰ॥
ਮਰਾ ਕਰਦਹ ਬਾਸ਼ੀ ਚੁਨੀ ਰੋਜ਼ਗਾਰ॥੨੨॥

ਚੁਨੀ = ਅਜਿਹੇ। ਬਦ = ਬੁਰਾ। ਤੋ = ਤੂੰ। ਕਾਰ = ਕੰਮ। ਮਰਾ = ਮੇਰੇ। ਬਾਸ਼ੀ = ਹੋਵੇਗਾ। ਰੋਜ਼ਗਾਰ = ਵਰਤਾਉ।

ਜਦੋਂ ਤੂੰ ਆਪਣੇ ਪਤੀ ਨਾਲ ਅਜਿਹਾ ਬੁਰਾ ਕਰਮ ਕੀਤਾ ਹੈ ਤਾਂ ਤੂੰ ਮੇਰੇ ਨਾਲ ਵੀ ਇਹੋ ਜਿਹਾ ਵਰਤਾਉ ਕਰੇਂਗੀ॥੨੨॥

ਬਿਅੰਦਾਖਤ ਸਰ ਰਾ ਦਰੋ ਜਾ ਜ਼ਿ ਦਸਤ॥

## ਬਰੇ ਸੀਨਹ ਓ ਸਰ ਬਿਜ਼ਦ ਹਰ ਦੁ ਦਸਤ ।।੨੩।।

ਬਿਅੰਦਾਖਤ = ਸੁੱਟ ਦਿੱਤਾ। ਸਰ ਰਾ = ਸਿਰ ਨੂੰ। ਦਰਾਂ ਜਾ = ਉਸ ਜਗ੍ਹਾ ਵਿਚ। ਦਸਤ = ਹੱਥ। ਬਰੇ = ਉਤੇ। ਸੀਨਹ = ਛਾਤੀ। ਬਿਜ਼ਦ = ਮਾਰੇ। ਹਰ ਦੁ ਦਸਤ = ਦੋਵੇਂ ਹੱਥ।

ਉਸ ਰਾਜੇ ਦੇ ਇਹੋ ਜਿਹੇ ਬਚਨ ਸੁਣਕੇ ਉਸ ਇਸਤ੍ਰੀ ਨੇ ਆਪਣੇ ਹੱਥਾਂ ਵਿਚੋਂ ਉਸ ਸਿਰ ਨੂੰ ਸੁੱਟ ਦਿੱਤਾ ਤੇ ਆਪਣੇ ਦੋਵੇਂ ਹੱਥ ਛਾਤੀ ਤੇ ਸਿਰ ਉਤੇ ਮਾਰੇ (ਭਾਵ ਪਿੱਟਣ ਲੱਗ ਪਈ)।।੨੩।।

## ਮਰਾ ਪੁਸ਼ਤ ਦਾਦੀ ਤੁਰਾ ਹਕ ਦਿਹਦ।।
## ਵਜ਼ਾਂ ਰੋਜ਼ ਮਉਲਾਇ ਕਾਜ਼ੀ ਸ਼ਵਦ।।੨੪।।

ਮਰਾ = ਮੈਨੂੰ। ਪੁਸ਼ਤ = ਪਿੱਠ। ਦਾਦੀ = ਦਿੱਤੀ। ਤੁਰਾ = ਤੈਨੂੰ। ਹਕ = ਖੁਦਾ। ਦਿਹਦ = ਦੇਵੇਗਾ। ਵਜ਼ਾਂ ਰੋਜ਼ = ਉਸ ਦਿਨ। ਕਾਜ਼ੀ = ਇਨਸਾਫ ਕਰਨ ਵਾਲਾ। ਸ਼ਵਦ = ਹੋਵੇਗਾ।

ਉਸ ਇਸਤ੍ਰੀ ਨੇ ਰਾਜੇ ਨੂੰ ਕਿਹਾ, "ਤੂੰ ਮੈਨੂੰ ਪਿੱਠ ਦਿੱਤੀ ਹੈ, ਖੁਦਾ ਤੈਨੂੰ ਪਿੱਠ ਦੇਵੇਗਾ, ਜਿਸ ਦਿਨ ਕਿ ਖੁਦਾ ਆਪ ਕਾਜ਼ੀ (ਇਨਸਾਫ ਕਰਨ ਵਾਲਾ) ਹੋਵੇਗਾ"।।੨੪।।

## ਬਿਅੰਦਾਖਤ ਸਰ ਖਾਨਹ ਆਮਦ ਬੁ-ਬਾਜ਼।।
## ਬਆਂ ਲਾਸ਼ ਕਾਜ਼ੀ ਬਖੁਸ਼ਪੀਦ ਦਰਾਜ਼।।੨੫।।

ਬਿਅੰਦਾਖਤ = ਸੁਟ ਕੇ। ਖਾਨਹ = ਘਰ। ਆਮਦ = ਆ ਗਈ। ਬੁ ਬਾਜ਼ = ਮੁੜ ਕੇ। ਬਿਆਂ = ਉਸ ਕੋਲ। ਬਖੁਸ਼ਪੀਦ = ਸੌਂ ਗਈ। ਦਰਾਜ਼ = ਲੰਮੀ।

ਉਸ ਨੇ ਸਿਰ ਉਥੇ ਹੀ ਸੁਟ ਦਿੱਤਾ ਤੇ ਆਪ ਮੁੜ ਕੇ ਘਰ ਆ ਗਈ। ਫਿਰ ਉਹ ਕਾਜ਼ੀ ਦੀ ਲਾਸ਼ ਦੇ ਨਾਲ ਲੰਮੀ ਪੈ ਕੇ ਸੌਂ ਗਈ।।੨੫।।

## ਬਿਅੰਦਾਖਤ ਬਰ ਸਰ ਜ਼ਿ ਖੁਦ ਦਸਤ ਖਾਕ।।
## ਬਿਗੁਫਤਾ ਕਿ ਖੇਜ਼ੇਦ ਯਾਰਾਨਿ ਪਾਕ।।੨੬।।

ਬਿਅੰਦਾਖਤ = ਸੁਟਕੇ। ਬਰ = ਉਪਰ। ਖੁਦ ਦਸਤ = ਆਪਣੇ ਹੱਥਾਂ ਨਾਲ। ਖਾਕ = ਮਿੱਟੀ। ਬਿਗੁਫਤਾ = ਕਿਹਾ। ਖੇਜ਼ੇਦ = ਉਠ। ਯਾਰਾਨਿ ਪਾਕ = ਪਵਿੱਤਰ ਸਜਣੋ।

ਫਿਰ ਉਸ ਨੇ ਆਪਣੇ ਹੱਥਾਂ ਨਾਲ ਆਪਣੇ ਸਿਰ ਵਿਚ ਮਿੱਟੀ ਪਾ ਲਈ ਤੇ ਕਿਹਾ ਕਿ ਕਾਜ਼ੀ ਦੇ ਪਵਿੱਤ੍ਰ ਦੋਸਤੋ ! ਉਠੋ।।੨੬।।

## ਕਿ ਬਦ ਕਾਰ ਕਰਦ ਈਂ ਕਸੇ ਸ਼ੋਰ ਬਖ਼ਤ।।
## ਕਿ ਕਾਜ਼ੀ ਬਜਾਂ ਕੁਸ਼ਤ ਯਕ ਜ਼ਖਮ ਸਖ਼ਤ।।੨੭।।

ਕਿ = ਕੀ। ਬਦ ਕਾਰ = ਬੁਰਾ ਕੰਮ। ਕਰਦ = ਕੀਤਾ। ਈਂ = ਇਹ। ਕਸੇ = ਕਿਸੇ। ਸ਼ੋਰ

Namdhari Elibrary NamdhariElibrary@gmail.com

ਬਖਤ = ਖੋਟੇ ਭਾਗਾਂ ਵਾਲੇ ਨੇ। ਬਜਾਂ = ਜਾਨ ਤੋਂ। ਕੁਸ਼ਤ = ਮਾਰਿਆ। ਯਕ ਜ਼ਖਮ = ਇਕੋ ਵਾਰ।

ਵੇ ਲੋਕੋ ! ਕਿਸੇ ਚੰਦਰੇ ਨੇ ਇਹ ਕੀ ਬੁਰਾ ਕੰਮ ਕੀਤਾ ਹੈ ਕਿ ਇਕੋ ਸਖਤ ਵਾਰ ਨਾਲ ਮੇਰੇ ਪਤੀ ਕਾਜ਼ੀ ਨੂੰ ਮਾਰ ਦਿੱਤਾ ਹੈ॥੨੭॥

**ਬ ਹਰ ਜਾ ਕਿ ਯਾਬੇਦ ਖ਼ੂੰਨਸ਼ ਨਿਸ਼ਾਂ॥**
**ਹੁਮਾ ਰਾਹ ਗੀਰੰਦ ਹਮਹ ਮਰਦੁਮਾਂ॥੨੮॥**

ਹਰ ਜਾ = ਜਿਸ ਜਗ੍ਹਾ। ਯਾਬੇਦ = ਪਿਆ। ਖ਼ੂੰਨਸ਼ ਨਿਸ਼ਾਂ = ਲਹੂ ਦੇ ਨਿਸ਼ਾਨ। ਹੁਮਾ ਰਾਹ = ਉਸ ਰਸਤੇ। ਗੀਰੰਦ = ਫੜ ਲਿਆ। ਮਰਦੁਮਾਂ = ਆਦਮੀਆਂ, ਲੋਕਾਂ।

ਜਿਸ ਜਿਸ ਜਗ੍ਹਾ ਤੇ ਲਹੂ ਦੇ ਨਿਸ਼ਾਨ ਪਏ ਸਨ, ਸਭ ਲੋਕਾਂ ਨੇ ਉਸ ਰਸਤੇ ਨੂੰ ਫੜ ਲਿਆ ਭਾਵ ਖੂਨ ਦੇ ਨਿਸ਼ਾਨਾਂ ਨੂੰ ਦੇਖ ਦੇਖ ਕੇ ਲੋਕ ਉਸ ਪਾਸੇ ਨੂੰ ਤੁਰ ਪਏ॥੨੮॥

**ਬ ਆਂ ਜਾ ਜਹਾਂ ਖਲਕ ਇਸਤਾਦਹ ਕਰਦ॥**
**ਬਜਾਏ ਕਿ ਸਰ ਕਾਜ਼ੀ ਅਫ਼ਤਾਦਹ ਕਰਦ॥੨੯॥**

ਬ ਆਂ ਜਾ = ਉਸ ਜਗ੍ਹਾ ਵਿਚ। ਖਲਕ = ਲੋਕ। ਇਸਤਾਦਹ ਕਰਦ = ਖੜਾ ਕਰ ਦਿੱਤਾ। ਬਜਾਏ = ਜਿਸ ਥਾਂ ਤੇ। ਸਰ ਕਾਜ਼ੀ = ਕਾਜ਼ੀ ਦਾ ਸਿਰ। ਅਫ਼ਤਾਦਹ ਕਰਦ = ਸੁਟਿਆ ਹੋਇਆ ਸੀ।

ਉਸ ਇਸਤਰੀ ਨੇ ਸਭ ਲੋਕਾਂ ਨੂੰ ਉਸ ਜਗ੍ਹਾ ਜਾ ਕੇ ਖੜਾ ਕਰ ਦਿੱਤਾ, ਜਿਥੇ ਕਿ ਕਾਜ਼ੀ ਦਾ ਸਿਰ ਡਿੱਗਾ ਪਿਆ ਸੀ॥੨੯॥

**ਬਿਦਾਨਿਸ਼ਤ ਹਮਹ ਅਉਰਤੋ ਮਰਦੁਮਾਂ॥**
**ਕਿ ਈਂ ਰਾ ਬਕੁਸ਼ਤ ਅਸਤ ਰਾਜਹ ਹਮਾਂ॥੩੦॥**

ਬਿਦਾਨਿਸ਼ਤ = ਜਾਣ ਲਿਆ। ਹਮਹ = ਤਮਾਮ। ਈਂ ਰਾ = ਇਸ ਨੂੰ। ਬਕੁਸ਼ਤ = ਮਾਰਿਆ। ਰਾਜਹ ਹਮਾਂ = ਉਸ ਰਾਜੇ ਨੇ।

ਸਭ ਇਸਤਰੀ ਅਤੇ ਮਰਦਾਂ ਨੇ ਇਹ ਜਾਣ ਲਿਆ ਕਿ ਉਸ ਰਾਜੇ ਨੇ ਹੀ ਕਾਜ਼ੀ ਨੂੰ ਮਾਰਿਆ ਹੈ॥੩੦॥

**ਗਿਰਫਤੰਦ ਓ ਰਾ ਬੁ ਬਸਤੰਦ ਸਖਤ॥**
**ਕਿ ਜਾਏ ਜਹਾਂਗੀਰ ਬਿਨਸ਼ਸਤਹ ਤਖਤ॥੩੧॥**

ਗਿਰਫਤੰਦ = ਫੜ ਲਿਆ। ਓ ਰਾ = ਉਸ ਨੂੰ। ਬਸਤੰਦ = ਬੰਨ ਲਿਆ। ਸਖਤ = ਕਸ ਕੇ। ਜਾਏ = ਜਗ੍ਹਾ। ਬਿਨਸ਼ਸਤਹ = ਬੈਠਾ।

ਲੋਕਾਂ ਨੇ ਉਸ ਰਾਜੇ ਨੂੰ ਫੜ ਲਿਆ ਤੇ ਕਸ ਕੇ ਬੰਨ੍ਹ ਲਿਆ। ਜਿਸ ਜਗ੍ਹਾ ਜਹਾਂਗੀਰ ਬਾਦਸ਼ਾਹ,

ਤਖਤ ਤੇ ਬੈਠਾ ਹੋਇਆ ਸੀ. ਉਥੇ ਉਸ ਨੂੰ ਲੈ ਗਏ।।੩੧।।

**ਬਿਗੁਫਤੰਦ ਕਿ ਈਂ ਰਾ ਹਵਾਲਹ ਕੁਨਦ।।**
**ਬ ਦਿਲ ਹਰ ਚਿ ਦਾਰਦ ਸਜ਼ਾਯਸ਼ ਦਿਹਦ।।੩੨।।**

ਬਿਗੁਫਤੰਦ = ਕਿਹਾ। ਈਂ ਰਾ = ਇਸ ਨੂੰ। ਹਵਾਲਹ ਕੁਨਦ = ਸਪੁਰਦ ਕਰਦਾ ਹਾਂ। ਬ = ਵਿਚ। ਹਰ ਚਿ = ਜੋ ਕੁਝ। ਦਾਰਦ = ਰਖੀ। ਸਜ਼ਾਯਸ਼ ਦਿਹਦ = ਸਜ਼ਾ ਦੇਵੇ।

ਜਹਾਂਗੀਰ ਬਾਦਸ਼ਾਹ ਨੇ ਕਿਹਾ ਕਿ ਮੈਂ ਇਸ ਆਦਮੀ ਨੂੰ ਇਸ ਇਸਤਰੀ ਦੇ ਸਪੁਰਦ ਕਰਦਾ ਹਾਂ। ਇਸ ਦਾ ਦਿਲ ਜੋ ਚਾਹੇ ਇਸ ਨੂੰ ਸਜ਼ਾ ਦੇਵੇ।।੩੨।।

**ਬਿਫ਼ਰਮੂਦ ਜੱਲਾਦ ਰਾ ਸ਼ੋਰ ਬਖ਼ਤ।।**
**ਕਿ ਈਂ ਸਰ ਜੁਦਾ ਕੁਨ ਬ ਯਕ ਜ਼ਖ਼ਮਿ ਸਖਤ।।੩੩।।**

ਬਿਫ਼ਰਮੂਦ = ਫੁਰਮਾਇਆ। ਰਾ = ਨੂੰ। ਸ਼ੋਰ ਬਖਤ = ਮੰਦਭਾਗੀ ਨੇ। ਜੁਦਾ = ਵਖਰਾ। ਕੁਨ = ਕਰ ਦਿਹੁ। ਜ਼ਖਮਿ ਸਖਤ = ਜ਼ੋਰ ਦੇ ਵਾਰ ਨਾਲ।

ਉਸ ਇਸਤਰੀ ਨੇ ਜੱਲਾਦ ਨੂੰ ਹੁਕਮ ਦਿੱਤਾ ਕਿ ਇਸ ਮੰਦਭਾਗੇ ਦਾ ਸਿਰ ਇਕ ਸਖਤ ਵਾਰ ਨਾਲ ਵਖਰਾ ਕਰ ਦੇਹ।।੩੩।।

**ਚੁ ਸ਼ਮਸ਼ੇਰ ਰਾ ਦੀਦ ਆਂ ਨਉਜਵਾਂ।।**
**ਬ ਲਰਜ਼ਹ ਦਰਾਮਦ ਚੁ ਸਰਵੇ ਗਿਰਾਂ।।੩੪।।**

ਚੁ = ਜਦੋਂ। ਸ਼ਮਸ਼ੇਰ = ਤਲਵਾਰ। ਰਾ = ਨੂੰ। ਦੀਦ = ਵੇਖਿਆ। ਆਂ = ਉਸ। ਲਰਜ਼ਹ = ਕੰਬਣੀ। ਦਰਾਮਦ = ਆਈ। ਚੁ = ਵਾਂਗੂ। ਸਰਵੇ ਗਿਰਾਂ = ਭਾਰੇ ਸਰੂ ਬ੍ਰਿਛ।

ਜਦੋਂ ਉਸ ਨੌਜਵਾਨ ਨੇ ਤਲਵਾਰ ਨੂੰ ਵੇਖਿਆ ਤਾਂ ਉਹ ਭਾਰੇ ਸਰੂ ਬ੍ਰਿਛ ਵਾਂਗ ਕੰਬ ਗਿਆ।।੩੪।।

**ਬਗੁਫ਼ਤਹ ਕਿ ਮਨ ਕਾਰ ਬਦ ਕਰਦਹਅਮ।।**
**ਬਕਾਰੇ ਸ਼ੁਮਾਂ ਤਉਰ ਖ਼ੁਦ ਕਰਦਹਅਮ।।੩੫।।**

ਬਗੁਫ਼ਤਹ = ਕਿਹਾ। ਮਨ = ਮੈਂ। ਕਾਰ ਬਦ = ਬੁਰਾ ਕੰਮ। ਕਰਦਹਅਮ = ਕੀਤਾ ਹੈ। ਬਕਾਰੇ = ਕੰਮ ਵਿਚ। ਸ਼ੁਮਾਂ = ਤੇਰੀ। ਤਉਰ = ਅਨੁਸਾਰ।

ਰਾਜੇ ਨੇ ਕਿਹਾ ਕਿ ਮੈਂ ਬਹੁਤ ਬੁਰਾ ਕੰਮ ਕੀਤਾ ਹੈ। ਤੇਰੇ ਇਸ ਕੰਮ ਵਿਚ ਮੈਂ ਆਪਣੀ ਮਰਜ਼ੀ ਕੀਤੀ ਹੈ, ਭਾਵ ਮੈਂ ਤੇਰੇ ਨਾਲ ਕੀਤੇ ਵਾਹਿਦੇ ਨੂੰ ਨਹੀ ਨਿਭਾਇਆ।।੩੫।।

**ਨਮੂਦਹ ਇਸ਼ਾਰਤ ਬਿ ਚਸ਼ਮੇ ਬਿਆਂ।।**

**ਕਿ ਏ ਬਾਨੂਏ ਸਰਵਰੇ ਬਾਨੂਆਂ॥੩੬॥**

ਨਮੂਦਹ = ਕੀਤੀ। ਇਸ਼ਾਰਤ = ਸੈਨਤ। ਬਿਚਸ਼ਮੇ = ਅੱਖਾਂ ਨਾਲ। ਬਿਆਂ = ਉਸ ਨੂੰ। ਸਰਵਰੇ = ਸਿਰਤਾਜ। ਬਾਨੂਆਂ = ਔਰਤਾਂ।

ਫਿਰ ਉਸ ਨੇ ਅੱਖ ਦੇ ਇਸ਼ਾਰੇ ਨਾਲ (ਉਸ ਇਸਤ੍ਰੀ ਨੂੰ) ਸੈਨਤ ਕੀਤੀ ਕਿ ਹੇ ਔਰਤਾਂ ਦੀ ਸਿਰਤਾਜ !॥੩੬॥

**ਬਹੁਕਮੇ ਸ਼ੁਮਾ ਮਨ ਖਤਾ ਕਰਦਹਅਮ॥**
**ਕਿ ਕਾਰ ਈਂ ਬ ਬੇਮਸਲਹਤ ਕਰਦਹਅਮ॥੩੭॥**

ਸ਼ੁਮਾ = ਤੇਰਾ। ਮਨ = ਮੈਂ। ਖਤਾ = ਭੁੱਲ। ਕਾਰ ਈਂ = ਇਹ ਕੰਮ। ਬੇਮਸਲਹਤ = ਸਲਾਹ ਤੋਂ ਬਿਨਾਂ।

ਤੇਰੇ ਹੁਕਮ ਤੋਂ ਬਾਹਰ ਹੋ ਕੇ ਮੈਂ ਇਹ ਭੁੱਲ ਕੀਤੀ ਹੈ। ਮੈਂ ਇਹ ਕੰਮ ਬਿਨਾਂ ਸੋਚ ਵਿਚਾਰ ਤੋਂ ਕੀਤਾ ਹੈ॥੩੭॥

**ਖਲਾਸਮ ਬਿਦਿਹ ਅਹਿਦੇ ਕਰਦਮ ਕਬੂਲ॥**
**ਕਿ ਅਹਿਦੇ ਖ਼ੁਦਾ ਅਸਤ ਕਸਮੇ ਰਸੂਲ॥ ੩੮॥**

ਖਲਾਸਮ = ਛੁਟਕਾਰਾ। ਬਿਦਿਹ = ਦੇਹ। ਅਹਿਦੇ = ਬਚਨ। ਕਬੂਲ = ਪ੍ਰਵਾਨ। ਅਹਿਦੇ = ਸੌਂਹ। ਰਸੂਲ = ਮੁਹੰਮਦ।

ਮੈਨੂੰ ਇਨ੍ਹਾਂ ਜਲਾਦਾਂ ਪਾਸੋਂ ਛੁਟਕਾਰਾ ਦਿਵਾ, ਮੈਂ ਤੇਰੀ ਗੱਲ ਪ੍ਰਵਾਨ ਕਰਦਾ ਹਾਂ। ਮੈਨੂੰ ਖੁਦਾ ਤੇ ਮੁਹੰਮਦ ਦੀ ਸੌਂਹ ਹੈ॥੩੮॥

**ਗੁਨਹ ਬਖਸ਼ ਤੋ ਮਨ ਖਤਾ ਕਰਦਹਅਮ॥**
**ਕਿ ਏ ਜਿਗਰ ਜਾਂ ਮਨ ਗੁਲਾਮੇ ਤੁਅਮ॥੩੯॥**

ਖਤਾ = ਭੁਲ। ਏ ਜਿਗਰ ਜਾਂ = ਐ ਜਾਨ ਤੋਂ ਪਿਆਰੀ ! ਤੁਅਮ = ਤੇਰਾ।

ਮੈਂ ਗੁਨਾਹ ਕੀਤਾ ਹੈ, ਮੇਰੀ ਭੁੱਲ ਬਖਸ਼ ਦੇਹ। ਐ ਜਾਨ ਤੋਂ ਪਿਆਰੀ ! ਮੈਂ ਤੇਰਾ ਗੁਲਾਮ ਹਾਂ॥੩੯॥

**ਬ ਗੁਫਤਹ ਗਰ ਈਂ ਰਾਜਹ ਪਾਂ ਸਦ ਕੁਸ਼ਮ॥**
**ਨ ਕਾਜ਼ੀ ਮਰਾ ਜ਼ਿੰਦਹ ਦਸਤ ਆਮਦਮ॥੪੦॥**

ਗੁਫਤਹ = ਕਿਹਾ। ਪਾਂ ਸਦ = ਪੰਜ ਸੌ। ਕੁਸ਼ਮ = ਮਾਰ ਦੇਵਾਂ। ਮਰਾ = ਮੇਰਾ। ਦਸਤ = ਹੱਥ। ਆਮਦਮ = ਆਉਣਾ।

Namdhari Elibrary NamdhariElibrary@gmail.com

************************************************************

ਰਾਜੇ ਦੇ ਇਸ਼ਾਰੇ ਨੂੰ ਸਮਝ ਕੇ ਉਸ ਇਸਤਰੀ ਨੇ ਆਪਣੇ ਮਨ ਵਿਚ ਕਿਹਾ ਕਿ ਜੇ ਮੈਂ ਇਹੋ ਜਿਹੇ ਪੰਜ ਸੌ ਵੀ ਮਾਰ ਦਿਆਂ ਤਦ ਵੀ ਮੇਰਾ ਕਾਜ਼ੀ ਮੇਰੇ ਹੱਥ ਜੀਊਂਦਾ ਨਹੀਂ ਆ ਸਕਦਾ।।੪੦।।

## ਕਿ ਓ ਕੁਸ਼ਤਹ ਗਸਤਹ ਚਰਾ ਈਂ ਕੁਸ਼ਮ।।
## ਕਿ ਖ਼ੂਨੇ ਅਜ਼ੀਂ ਬਰ ਸਰੇ ਖ਼ੁਦ ਕੁਨਮ।।੪੧।।

ਕਿ = ਜਦ। ਕੁਸ਼ਤਹ = ਮਰ ਗਿਆ ਹੈ। ਚਰਾ = ਕਿਉਂ। ਈਂ = ਇਸ ਨੂੰ। ਕੁਸ਼ਮ = ਮਰਾਂ। ਕੁਨਮ = ਕਰ ਲਵਾਂ।

ਉਹ ਕਾਜ਼ੀ ਮਰ ਗਿਆ ਤਾਂ ਮੈਂ ਇਸ ਨੂੰ ਕਿਉਂ ਮਾਰਾਂ ? ਇਸ ਦੇ ਖ਼ੂਨ ਕਰਨ ਦਾ ਭਾਰ ਮੈਂ ਆਪਣੇ ਸਿਰ ਤੇ ਕਿਉਂ ਲਵਾਂ ?।।੪੧।।

## ਚਿ ਖ਼ੁਸ਼ਤਰ ਕਿ ਈਂਰਾ ਖ਼ਲਾਸੀ ਦਿਹਮ।।
## ਵ ਮਨ ਹਜ਼ਰਤੇ ਕਾਬਹ ਅੱਲਹ ਰਵਮ।।੪੨।।

ਖ਼ੁਸ਼ਤਰ = ਚੰਗੀ ਗੱਲ। ਈਂਰਾ = ਇਸ ਨੂੰ। ਖ਼ਲਾਸੀ = ਛੁਟਕਾਰਾ। ਮਨ = ਮੈਂ। ਰਵਮ = ਰਵਾਨਾ।

ਚੰਗੀ ਗੱਲ ਤਾਂ ਇਹੋ ਹੈ ਕਿ ਮੈਂ ਇਸ ਨੂੰ ਰਿਹਾ ਕਰ ਦੇਵਾਂ ਤੇ ਆਪ ਅੱਲਾ ਦੇ ਪਵਿੱਤਰ ਘਰ ਕਾਬੇ ਵਲ ਰਵਾਨਾ ਹੋ ਜਾਵਾਂ।।੪੨।।

## ਬਿਗੁਫ਼ਤ ਈਂ ਸੁਖ਼ਨ ਰਾਵ ਕਰਦਸ਼ ਖਲਾਸ।।
## ਬ ਖਾਨਹ ਖ਼ੁਦ ਆਮਦ ਜਮੈ ਕਰਦ ਖਾਸ।।੪੩।।

ਬਿਗੁਫਤ = ਕਿਹਾ। ਈਂ = ਇਸ। ਸੁਖ਼ਨ = ਬਚਨ। ਰਾਵ = ਰਾਜਾ। ਬਖਾਨਹ = ਘਰ ਵਿਚ। ਜਮੈ ਕਰਦ ਖਾਸ = ਚੰਗੀਆਂ ਚੰਗੀਆਂ ਚੀਜ਼ਾਂ ਇਕੱਠੀਆਂ ਕੀਤੀਆਂ।

ਉਸ ਇਸਤਰੀ ਨੇ ਇਹ ਗੱਲ ਕਹੀ ਤੇ ਰਾਜੇ ਨੂੰ ਰਿਹਾ ਕਰ ਦਿੱਤਾ। ਉਹ ਆਪਣੇ ਘਰ ਆ ਗਈ ਤੇ ਚੰਗੇ ਚੰਗੇ ਪਦਾਰਥ ਇਕੱਠੇ ਕਰ ਲਏ।।੪੩।।

## ਬੁ ਬਸਤੰਦ ਬਾਰੋ ਤਯਾਰੀ ਕੁਨਦ।।
## ਕਿ ਏਜ਼ਦ ਮਰਾ ਕਾਮਗਾਰੀ ਦਿਹਦ।।੪੪।।

ਬਸਤੰਦ = ਬੰਨ੍ਹ ਕੇ। ਬਾਰੋ = ਭਾਰ। ਏਜ਼ਦ = ਪਰਮਾਤਮਾ। ਮਰਾ = ਮੈਨੂੰ। ਕਾਮਗਾਰੀ = ਮਨ ਦੀ ਕਾਮਨਾ। ਦਿਹਦ = ਦੇਵੇ।

ਉਸ ਨੇ ਘਰ ਦੀਆਂ ਸਭ ਚੀਜ਼ਾਂ ਬੰਨ੍ਹ ਲਈਆਂ ਤੇ ਤੁਰਨ ਦੀ ਤਿਆਰੀ ਕਰ ਲਈ। ਆਪਣੇ ਮਨ ਵਿਚ ਉਹ ਚਿਤਵਦੀ ਹੈ ਕਿ ਪ੍ਰਭੂ ਮੇਰੀ ਮਨੋਕਾਮਨਾ ਪੂਰੀ ਕਰੇ।।੪੪।।

ਦਰੇਗ ਅਜ਼ ਕਬਾਇਲ ਜੁਦਾ ਮੇ ਸ਼ਵਮ॥
ਅਗਰ ਜ਼ਿੰਦਹ ਬਾਸ਼ਮ ਬ ਬਾਜ਼ ਆਮਦਮ॥੪੫॥

ਦਰੇਗ਼ = ਅਫਸੋਸ। ਕਬਾਇਲ = ਕਬੀਲਾ। ਜੁਦਾ = ਵਖਰਾ। ਮੇ = ਮੈਂ। ਸ਼ਵਮ = ਹੋਣਾ। ਅਗਰ = ਜੇ। ਜ਼ਿੰਦਹ ਬਾਸ਼ਮ = ਜੀਊਂਦੀ ਰਹੀ। ਬਾਜ਼ = ਮੁੜਕੇ।

ਇਸ ਗੱਲ ਦਾ ਅਫਸੋਸ ਹੈ ਕਿ ਮੈਂ ਆਪਣੇ ਕਬੀਲੇ ਤੋਂ ਵਿਛੜ ਰਹੀ ਹਾਂ। ਪਰ ਕੋਈ ਗੱਲ ਨਹੀਂ ਜੇ ਮੈਂ ਜੀਊਂਦੀ ਰਹੀ ਤਾਂ ਮੁੜ ਕੇ ਆਵਾਂਗੀ॥੪੫॥

ਮਤਾਏ ਨਕਦ ਜਿਨਸ ਰਾ ਬਾਰ ਬਸਤ॥
ਰਵਾਨਹ ਸੂਏ ਕਾਬਹ ਤਅੱਲਹ ਸ਼ੁਦ ਅਸਤ॥੪੬॥

ਮਤਾਏ-ਗਹਿਣੇ ਆਦਿ ਪੂੰਜੀ। ਨਕਦ = ਰੁਪਏ, ਚਾਂਦੀ, ਸੋਨਾਂ। ਜਿਨਸ = ਚੀਜ਼ਾਂ। ਸੂਏ = ਵਲ।

ਉਸ ਨੇ ਗਹਿਣੇ, ਰੁਪਏ, ਸੋਨਾ, ਚਾਂਦੀ ਤੇ ਚੰਗੀਆਂ ਚੰਗੀਆਂ ਚੀਜ਼ਾਂ ਦੀਆਂ ਗੰਢਾਂ ਬੰਨ੍ਹ ਲਈਆਂ ਤੇ ਅੱਲਾ ਦੇ ਘਰ ਕਾਬੇ ਵਲ ਤੁਰ ਪਈ॥੪੬॥

ਚੁ ਬੇਰੂੰ ਬਰਾਮਦ ਦੁ ਸੇ ਮੰਜ਼ਲਸ਼॥
ਬਯਾਦ ਆਮਦਹ ਖ਼ਾਨਹ ਜਾ ਦੋਸਤਸ਼॥੪੭॥

ਚੁ = ਜਦ। ਬੇਰੂੰ = ਬਾਹਰ। ਬਰਾਮਦ = ਬਾਹਰ, ਆਈ। ਦੁ ਸੇ = ਦੋ ਤਿੰਨ। ਮੰਜ਼ਲਸ਼ = ਪੜਾਅ। ਬਯਾਦ = ਚੇਤਾ। ਖ਼ਾਨਹ = ਘਰ। ਦੋਸਤਸ਼ = ਮਿੱਤਰ।

ਜਦੋਂ ਉਹ ਦੋ ਤਿੰਨ ਪੜਾਅ ਸ਼ਹਿਰ ਤੋਂ ਬਾਹਰ ਆਈ ਤਾਂ ਉਸ ਨੂੰ ਆਪਣੇ ਯਾਰ ਦੇ ਘਰ ਦੀ ਯਾਦ ਆਈ॥੪੭॥

ਬੁਬਾਜ਼ ਆਮਦਹ ਨੀਮ ਸ਼ਬ ਖ਼ਾਨਹ ਆਂ॥
ਚਿ ਨਿਆਮਤ ਅਜ਼ੀਮੋ ਚਿ ਦੌਲਤ ਗਿਰਾਂ॥੪੮॥

ਬਾਜ਼ਆਮਦਹ = ਪਿਛੇ ਮੁੜ ਆਈ। ਨੀਮਸ਼ਬ = ਅੱਧੀ ਰਾਤ। ਆਂ = ਉਸ। ਨਿਆਮਤ = ਸੁਗਾਤਾਂ। ਦੌਲਤ = ਧਨ। ਗਿਰਾਂ = ਭਾਰੀ।

ਉਹ ਅੱਧੀ ਰਾਤ ਨੂੰ (ਆਪਣੇ ਉਸ ਮਿੱਤਰ ਰਾਜੇ ਦੇ) ਘਰ ਵਲ ਮੁੜ ਆਈ। ਬੜੀਆਂ ਸੁਗਾਤਾਂ ਤੇ ਧਨ ਦੌਲਤ ਵੀ ਆਪਣੇ ਨਾਲ ਲੈ ਆਈ॥੪੮॥

ਬਿਦਾਨਿਸਤ ਆਲਮ ਕੁਜ਼ਾਂ ਜਾਇ ਗਸ਼ਤ॥
ਚਿ ਦਾਨਦ ਕਿ ਕਸ ਹਾਲ ਬਰ ਸਰ ਗੁਜ਼ਸ਼ਤ॥੪੯॥

Namdhari Elibrary NamdhariElibrary@gmail.com

*******************************************************

ਬਿਦਾਨਿਸਤ = ਜਾਣਿਆ। ਆਲਮ = ਸੰਸਾਰ। ਕੁਜ਼ਾਂ ਜਾਇ = ਕਿਸ ਜਗ੍ਹਾ। ਗਸ਼ਤ = ਚਲੀ ਗਈ। ਚਿ = ਕੀ। ਦਾਨਦ = ਜਾਣਦਾ। ਕਸ = ਕੀ। ਬਰ ਸਰ = ਸਿਰ ਤੇ। ਗੁਜ਼ਸ਼ਤ = ਗੁਜ਼ਰਦਾ।

ਸੰਸਾਰ ਦੇ ਲੋਕਾਂ ਨੂੰ ਕੀ ਪਤਾ ਕਿ ਉਹ ਕਿਸ ਜਗ੍ਹਾ ਚਲੀ ਗਈ ਸੀ ਤੇ ਉਹ ਕੀ ਜਾਣਦੇ ਸਨ ਕਿ ਉਸ ਤੇ ਕੈਸਾ ਹਾਲ ਗੁਜ਼ਰ ਰਿਹਾ ਸੀ।।੪੯।।

ਇਸ ਹਿਕਾਇਤ ਦੁਆਰਾ ਸਤਿਗੁਰੂ ਜੀ ਔਰੰਗਜ਼ੇਬ ਨੂੰ ਉਪਦੇਸ਼ ਦਿੰਦੇ ਹਨ ਕਿ ਦੇਖ ਔਰੰਗਜ਼ੇਬ ! ਤੇਰੇ ਬਾਬੇ ਜਹਾਂਗੀਰ ਦੇ ਸਮੇਂ ਇਕ ਕਾਜ਼ੀ ਔਰਤ ਨੇ ਨਿਕਾਹ ਸਮੇਂ ਕੀਤੀਆਂ ਹਿਦਾਇਤਾਂ ਨੂੰ ਵਿਸਾਰ ਕੇ ਗੈਰ ਮਰਦ ਦੇ ਰੂਪ ਤੇ ਮੋਹਤ ਹੋ ਕੇ ਆਪਣੇ ਪਤੀ ਨੂੰ ਕਤਲ ਕਰ ਦਿੱਤਾ ਤੇ ਯਾਰ ਕੋਲ ਆਪਣੇ ਪਤੀ ਦਾ ਸਿਰ ਲੈ ਕੇ ਚਲੀ ਗਈ। ਉਸ ਰਾਜੇ ਨੇ ਇਹੋ ਜਿਹੀ ਬਦਕਾਰ ਔਰਤ ਨਾਲ ਸੰਬੰਧ ਰੱਖਣ ਤੋਂ ਇਨਕਾਰ ਕੀਤਾ ਤਾਂ ਉਹ ਉਸ ਦੀ ਦੁਸ਼ਮਣ ਬਣ ਗਈ ਤੇ ਉਸ ਤੇ ਕਾਜ਼ੀ ਦੇ ਕਤਲ ਦਾ ਦੋਸ਼ ਥੱਪ ਕੇ ਆਪ ਸੱਚੀ ਹੋ ਗਈ। ਅਖੀਰ ਉਸ ਨੇ ਆਪਣੇ ਉਸ ਯਾਰ ਨੂੰ ਬਰੀ ਕਰਕੇ ਮੱਕੇ ਜਾਣ ਦਾ ਪਖੰਡ ਬਣਾਇਆ ਤੇ ਘਰੋਂ ਸਭ ਦੌਲਤ ਲੈ ਕੇ ਫਿਰ ਉਸੇ ਯਾਰ ਕੋਲ ਚਲੀ ਗਈ।

ਐ ਔਰੰਗਜ਼ੇਬ ! ਤੂੰ ਵੀ ਉਸ ਔਰਤ ਵਾਂਗੂੰ ਦੀਨਦਾਰ ਹੈਂ। ਤੇਰਾ ਵੀ ਸੱਚੇ ਧਰਮ ਤੇ ਖੁਦਾ ਤੇ ਯਕੀਨ ਨਹੀਂ। ਤੇਰੀਆਂ ਬੁਰਾਈਆਂ ਦਾ ਅਸਰ ਪਰਜਾ ਤੇ ਵੀ ਭੈੜਾ ਪੈ ਰਿਹਾ ਹੈ ਤੇ ਉਹ ਬਦਇਖਲਾਕ ਹੋ ਰਹੀ ਹੈ। ਤੈਨੂੰ ਚਾਹੀਦਾ ਹੈ ਕਿ ਸੱਚਾ ਦੀਨਦਾਰ ਬਣ ਕੇ ਦੁਨੀਆਂ ਵਿਚ ਜਸ ਖਟੇਂ।

ਸਤਿਗੁਰੂ ਜੀ ਔਰੰਗਜ਼ੇਬ ਨੂੰ ਏਨਾਂ ਉਪਦੇਸ਼ ਦੇ ਕੇ ਹੁਣ ਆਪਣੇ ਸਤਿਗੁਰੂ ਅਗੇ ਨਾਮ ਦੀ ਦਾਤ ਬਖਸ਼ਣ ਲਈ ਬੇਨਤੀ ਕਰਦੇ ਹਨ:-

## ਬਿਦਿਹ ਸਾਕੀਯਾ ਪਿਯਾਲਹ ਫ਼ੇਰੋਜ਼ ਫ਼ਾਮ।।
## ਕਿ ਮਾਰਾ ਬਕਾਰ ਅਸਤ ਦਰ ਵਕਤ ਤੁਆਮ।।੫੦।।

ਬਿਦਿਹ = ਦਿਓ। ਸਾਕੀਯਾ = ਹੇ ਸਾਕੀ ! ਭਾਵ ਹੇ ਸਤਿਗੁਰੂ ! ਫੇਰੋਜ਼ ਫ਼ਾਮ = ਹਰੇ ਰੰਗ ਦਾ (ਭਾਵ ਨਾਮ)। ਮਾਰਾ = ਮੈਨੂੰ। ਬਕਾਰ = ਚਾਹੀਦਾ। ਦਰ ਵਕਤਿ ਤੁਆਮ = ਆਤਮਕ ਖੁਰਾਕ ਦੇ ਤੌਰ ਤੇ।

ਹੇ ਸਤਿਗੁਰੂ ਜੀ ! ਮੈਨੂੰ ਆਪਣੇ ਨਾਮ ਦਾ ਪਿਆਲਾ (ਦਾਤ) ਬਖਸ਼ੋ, ਜੋ ਮੈਨੂੰ ਆਤਮਕ ਖੁਰਾਕ ਲਈ ਲੋੜੀਦਾ ਹੈ।।੫੦।।

## ਬ ਮਨ ਦਿਹ ਕਿ ਖ਼ੁਸ਼ਤਰ ਦਿਮਾਗੇ ਕੁਨਮ।।
## ਕਿ ਰੌਸ਼ਨ ਤਬੈ ਚੂੰ ਚਰਾਗ਼ੇ ਕੁਨਮ।।੫੧।।੫।।

ਮਨ = ਮੈਨੂੰ। ਖੁਸ਼ਤਰ = ਚੰਗਾ। ਰੌਸ਼ਨ = ਪ੍ਰਕਾਸ਼। ਤਬੈ = ਤਬੀਅਤ, ਚਿਤ। ਚਰਾਗ਼ੇ = ਦੀਵਾ।

ਮੈਨੂੰ (ਨਾਮ ਰੂਪ) ਸੁੰਦਰ ਪਿਆਲਾ ਬਖਸ਼ੋ, ਤਾਂਕਿ ਐਸਾ ਪਿਆਲਾ ਮੇਰੇ ਚਿਤ ਨੂੰ ਦੀਵੇ ਦੇ ਪ੍ਰਕਾਸ਼ ਵਾਂਗੂੰ ਰੌਸ਼ਨ ਕਰ ਦੇਵੇ।।੫੧।।੫।।

## ਹਿਕਾਯਤ ਪੰਜਵੀਂ ਸਮਾਪਤ

Namdhari Elibrary NamdhariElibrary@gmail.com

# ਹਿਕਾਯਤ ਛੇਵੀਂ

## ੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

**ਖ਼ੁਦਾਵੰਦ ਬਖ਼ਸ਼ਿੰਦ ਏ ਦਿਲ ਕੁਸ਼ਾਇ॥**
**ਰਜ਼ਾ ਬਖਸ਼ ਰੋਜ਼ੀ ਦਿਹੋ ਰਹਿਨੁਮਾਇ॥੧॥**

ਖ਼ੁਦਾਵੰਦ = ਪਰਮਾਤਮਾ। ਬਖ਼ਸ਼ਿੰਦਏ = ਬਖਸ਼ਦਾ ਹੈ। ਦਿਲ ਕੁਸ਼ਾਇ = ਦਿਲ ਨੂੰ ਖੋਲ੍ਹਣ ਵਾਲਾ।

ਪ੍ਰਭੂ ਬਖਸ਼ਨਹਾਰ ਹੈ ਤੇ ਦਿਲ ਦੀਆਂ ਗੁੰਝਲਾਂ ਖੋਲ੍ਹਣ ਵਾਲਾ ਹੈ। ਭਾਣਾ ਮੰਨਣ ਦੀ ਹਿੰਮਤ ਬਖਸ਼ਣ ਵਾਲਾ, ਰੋਜ਼ੀ ਦੇਣ ਵਾਲਾ ਤੇ ਔਕੜ ਸਮੇਂ ਸਹੀ ਰਾਹ ਦੱਸਣ ਵਾਲਾ ਹੈ॥੧॥

**ਨ ਫ਼ੌਜੋ ਨ ਫ਼ਰਸ਼ੋ ਨ ਫਰਰੋ ਨਫ਼ੂਰ॥**
**ਖ਼ੁਦਾਵੰਦ ਬਖ਼ਸ਼ਿੰਦਹ ਜ਼ਾਹਿਰ ਜ਼ਹੂਰ॥੨॥**

ਫ਼ਰਸ਼ੋ = ਗਲੀਚੇ ਆਦਿ। ਫਰਰੋ = ਪਦਾਰਥ। ਨਫ਼ੂਰ = ਨੌਕਰ। ਜ਼ਾਹਿਰ = ਪ੍ਰਗਟ। ਜ਼ਹੂਰ = ਸੰਸਾਰ।

ਨਾ ਉਸ ਦੀ ਫੌਜ ਹੈ, ਨਾ ਉਸ ਕੋਲ ਗਲੀਚੇ ਦਰੀਆਂ ਆਦਿ ਹਨ, ਨਾ ਉਸ ਦੇ ਕੋਲ ਪਦਾਰਥ ਹਨ ਤੇ ਨਾ ਹੀ ਉਸ ਕੋਲ ਨੌਕਰ ਹਨ। ਉਹ ਪ੍ਰਭੂ ਬਖਸ਼ਣਹਾਰ ਤੇ ਹਰ ਥਾਂ ਉਸ ਦਾ ਪ੍ਰਕਾਸ਼ ਪਸਰ ਰਿਹਾ ਹੈ॥੨॥

**ਹਿਕਾਯਤ ਸ਼ੁਨੀਦੇਮ ਦੁਖ਼ਤਰ ਵਜ਼ੀਰ॥**
**ਕਿ ਹੁਸਨਲ ਜਮਾਲ ਅਸਤ ਰੌਸ਼ਨ ਜ਼ਮੀਰ॥੩॥**

ਹਿਕਾਯਤ = ਕਹਾਣੀ। ਸ਼ੁਨੀਦੇਮ = ਮੈਂ ਸੁਣੀ ਹੈ। ਦੁਖ਼ਤਰ = ਲੜਕੀ। ਹੁਸਨਲ ਜਮਾਲ ਅਸਤ = ਬਹੁਤ ਸੁੰਦਰ ਹੈ। ਰੌਸ਼ਨ ਜ਼ਮੀਰ = ਉੱਜਲ ਬੁੱਧੀ।

ਐ ਔਰੰਗਜ਼ੇਬ ! ਅਸੀਂ ਇਕ ਵਜ਼ੀਰ ਦੀ ਲੜਕੀ ਦੀ ਕਹਾਣੀ ਸੁਣੀ ਹੈ, ਜੋ ਬਹੁਤ ਸੁੰਦਰ ਰੂਪ ਵਾਲੀ ਤੇ ਅਕਲਮੰਦ ਸੀ॥੩॥

**ਵਜ਼ਾਂ ਕੈਸਰੋ ਸ਼ਾਹਿ ਰੂਮੀ ਕੁਲਾਹ॥**
**ਦਰਖ਼ਸ਼ਿੰਦਹ ਸ਼ਮਸ਼ੋ ਚੁ ਰਖ਼ਸ਼ਿੰਦਹ ਮਾਹ॥੪॥**

ਵਜ਼ਾਂ = ਉਸ। ਕੈਸਰੋ = ਬਾਦਸ਼ਾਹ ਦਾ ਨਾਂ ਹੈ। ਰੂਮੀ ਕੁਲਾਹ = ਰੂਮੀ ਟੋਪੀ। ਦਰਖਸ਼ਿੰਦਹ = ਤੇਜ। ਰਖਸ਼ਿੰਦਹ = ਪ੍ਰਕਾਸ਼। ਮਾਹ = ਚੰਦਰਮਾ।

Namdhari Elibrary NamdhariElibrary@gmail.com

ਉਸ ਕੰਨਿਆਂ ਦੇ ਬਾਦਸ਼ਾਹ ਦਾ ਨਾਂ 'ਕੈਸਰੋ' ਸੀ, ਜਿਸ ਦੇ ਸਿਰ ਤੇ ਰੂਮੀ ਟੋਪ ਸੀ, ਜੋ ਸੂਰਜ ਵਾਂਗੂੰ ਤੇਜਵਾਨ ਤੇ ਚੰਦਰਮਾਂ ਵਰਗਾ ਪ੍ਰਕਾਸ਼ਵਾਨ ਸੀ।।੪।।

**ਯਕੇ ਰੋਜ਼ ਰੌਸ਼ਨ ਬਰਾਮਦ ਸ਼ਿਕਾਰ।।**
**ਹਮਹ ਯੂਜ਼ ਅਜ਼ ਬਾਜ਼ ਵ ਬਹਰੀ ਹਜ਼ਾਰ।।੫।।**

ਯਕੇ ਰੌਜ਼ = ਇਕ ਦਿਨ। ਰਉਸ਼ਨ = ਚਾਨਣ। ਬਰਾਮਦ = ਬਾਹਰ ਆਇਆ। ਹਮਹ = ਸਾਰੇ। ਯੂਜ਼ = ਚਿਤ੍ਰਾ। ਬਹਰੀ = ਬਾਜ਼ ਦੀ ਕਿਸਮ ਦਾ ਪੰਛੀ, ਇਸ ਦਾ ਕੱਦ ਛੋਟੇ ਬਾਜ਼ ਜਿੱਡਾ ਹੁੰਦਾ ਹੈ ਇਸ ਦੇ ਨਰ ਦਾ ਨਾਂ ਬਹਰੀ ਬੱਚਾ ਹੈ ਇਹ ਸਰਦੀਆਂ ਦੇ ਆਰੰਭ ਵਿਚ ਮੁਰਗਾਬੀਆਂ ਦੇ ਨਾਲ ਪੰਜਾਬ ਵਿਚ ਆਉਂਦਾ ਹੈ। ਇਹ ਜਿਆਦਾ ਤਰ ਝੀਲਾਂ ਵਿਚ ਰਹਿੰਦਾ ਹੈ, ਇਹ ਸਾਰੇ ਸ਼ਿਕਾਰੀ ਜਾਨਵਰਾਂ ਵਿਚ ਫੁਰਤੀਲਾ ਹੈ ਅਤੇ ਕੂੰਜ ਨੂੰ ਵੀ ਆਸਾਨੀ ਨਾਲ ਮਾਰ ਲੈਂਦਾ ਹੈ। ਸ਼ਿਕਾਰੀ ਇਸ ਨੂੰ ਛੇ ਮਹੀਨੇ ਲਈ ਸ਼ਿਕਾਰ ਖੇਡਣ ਲਈ ਰੱਖਦੇ ਹਨ ਅਤੇ ਫਿਰ ਛੱਡ ਦਿੰਦੇ ਹਨ।

ਇਕ ਦਿਨ ਉਹ ਬਾਦਸ਼ਾਹ ਦਿਨ ਦਾ ਚਾਨਣਾ ਹੋਣ ਤੇ ਸ਼ਿਕਾਰ ਲਈ ਆਪਣੇ ਨਾਲ ਬਹੁਤ ਸਾਰੇ ਚਿਤਰੇ, ਬਾਜ਼ ਤੇ ਬਹਰੀ ਆਦਿਕ ਲੈ ਕੇ ਬਾਹਰ ਆਇਆ।।੫।।

**ਬ ਪਹਿਨ ਅੰਦਰ ਆਮਦ ਬ ਨਖਜ਼ੀਰ ਗਾਹ।।**
**ਬਿਜ਼ਦ ਗੋਰ ਆਹੂ ਬਸੇ ਸ਼ੇਰ ਸ਼ਾਹ।।੬।।**

ਪਹਿਨ = ਉਜਾੜ, ਜੰਗ। ਨਖਜ਼ੀਰ ਗਾਹ = ਸ਼ਿਕਾਰ ਖੇਡਣ ਦੀ ਜਗ੍ਹਾ। ਬਿਜ਼ਦ = ਮਾਰੇ। ਗੋਰ = ਬਾਰਾਂ ਸਿੰਙੇ। ਆਹੂ = ਹਰਨ। ਬਸੇ = ਬਹੁਤ ਸਾਰੇ।

ਉਹ ਰਾਜਾ ਬਾਹਰ ਜੰਗਲ ਵਿਚ ਸ਼ਿਕਾਰ ਖੇਡਣ ਵਾਲੀ ਜਗ੍ਹਾ ਤੇ ਆਇਆ ਤੇ ਉਸ ਨੇ ਬਹੁਤ ਸਾਰੇ ਬਾਰਾਂ ਸਿੰਙੇ, ਹਿਰਨ ਤੇ ਸ਼ੇਰ ਮਾਰੇ।।੬।।

**ਦਿਗਰ ਸ਼ਾਹਿ ਮਗ਼ਰਬ ਦਰ ਆਮਦ ਦਲੇਰ।।**
**ਚੁ ਰਖਸ਼ਿੰਦਹ ਮਾਹੋ ਚੁ ਗੁਰਰਿੰਦਹ ਸ਼ੇਰ।।੭।।**

ਦਿਗਰ ਸ਼ਾਹਿ = ਇਕ ਹੋਰ ਰਾਜਾ। ਮਗ਼ਰਬ = ਪੱਛਮ। ਦਰ ਆਮਦ = ਆਇਆ। ਚੁ = ਮਾਨਿੰਦ। ਰਖਸ਼ਿੰਦਹ = ਪ੍ਰਕਾਸ਼ਵਾਨ। ਗੁਰਰਿੰਦਹ = ਗਰਜਣਾ।

ਇਸ ਦੌਰਾਨ ਇਕ ਪੱਛਮ ਦਾ ਬਾਦਸ਼ਾਹ ਉਸ ਸਥਾਨ ਤੇ ਆਇਆ, ਉਹ ਬੜਾ ਬਹਾਦਰ ਸੀ ਤੇ ਉਸਦਾ ਜਲੌ ਚੰਦਰਮਾ ਵਰਗਾ ਸੀ ਤੇ ਉਸਦੀ ਗਰਜ ਸ਼ੇਰ ਵਰਗੀ ਸੀ।।੭।।

**ਦੂ ਸ਼ਾਹੇ ਦਰਾਮਦ ਯਕੇ ਜਾਇ ਸਖਤ।।**
**ਕਿਰਾ ਤੇਗ਼ ਯਾਰੀ ਦਿਹਦ ਨੇਕ ਬਖਤ।।੮।।**

ਯਕੇ ਜਾਇ ਸਖਤ = ਇਕ ਬੜੀ ਦੁਖਦਾਈ ਜਗ੍ਹਾ। ਕਿਰਾ = ਕਿਸ ਨੂੰ। ਯਾਰੀ = ਮਦਦ। ਦਿਹਦ = ਦੇਵੇਗੀ। ਨੇਕ ਬਖਤ = ਚੰਗੇ ਭਾਗਾਂ ਵਾਲੀ।

ਦੋਵੇਂ ਬਾਦਸ਼ਾਹ ਇਕ ਖਤਰਨਾਕ ਸਥਾਨ ਆਹਮੋ ਸਾਹਮਣੇ ਹੋ ਗਏ। ਅਜਿਹੇ ਸਥਾਨ ਤੇ ਤਲਵਾਰ ਉਸ ਦੀ ਸਹਾਇਤਾ ਕਰੇਗੀ ਜੋ ਚੰਗੇ ਭਾਗਾਂ ਵਾਲਾ ਹੋਵੇਗਾ।।੮।।

## ਕਿਰਾ ਰੋਜ਼ ਇਕਬਾਲ ਯਾਰੀ ਦਿਹਦ।।
## ਕਿ ਯਜ਼ਦਾਂ ਕਿਰਾ ਕਾਮਗਾਰੀ ਦਿਹਦ।।੯।।

ਕਿਰਾ = ਕਿਸ ਨੂੰ। ਰੋਜ਼ ਇਕਬਾਲ = ਤੇਜ ਪ੍ਰਤਾਪ ਵਾਲਾ ਦਿਨ। ਯਜ਼ਦਾਂ = ਪਰਮਾਤਮਾ। ਕਾਮਗਾਰੀ = ਫ਼ਤਹਿ।

ਵੇਖਣਾਂ ਤਾਂ ਹੁਣ ਇਹ ਹੈ ਕਿ ਭਾਗਸ਼ਾਲੀ ਦਿਨ ਹੁਣ ਕਿਸ ਦੀ ਸਹਾਇਤਾ ਕਰਦਾ ਹੈ ਤੇ ਪਰਮਾਤਮਾ ਕਿਸਨੂੰ ਫ਼ਤਹਿ ਬਖਸ਼ਦਾ ਹੈ।।੯।।

## ਬ ਜੁੰਬਸ਼ ਦਰਾਮਦ ਦੁ ਸ਼ਾਹਿ ਦਲੇਰ।।
## ਕਿ ਬਰ ਆਹੂ ਏ ਯਕ ਬਰਾਮਦ ਦੁ ਸ਼ੇਰ।।੧੦।।

ਜੁੰਬਸ਼ = ਗੁੱਸਾ। ਬਰ = ਉਪਰ। ਆਹੂ ਏ = ਹਿਰਨ।

ਉਹ ਦੋਵੇਂ ਬਾਦਸ਼ਾਹ ਬੜੇ ਗੁੱਸੇ ਵਿਚ ਆਏ, ਜਿਵੇਂ ਇਕ ਹਿਰਨ ਤੇ ਦੋ ਸ਼ੇਰ ਹੱਲਾ ਕਰਕੇ ਪੈਂਦੇ ਹਨ।।੧੦।।

## ਬ ਗੁਰਰੀਦਨ ਆਮਦ ਦੁ ਅਬਰੇ ਸਿਯਾਹ।।
## ਸ਼ਨਾਨੇ ਬਿਯੰਦਾਖ਼ਤ ਨੇਜ਼ਹ ਚੁ ਕਾਹ।।੧੧।।

ਗੁਰਰੀਦਨ = ਗੱਜਣਾ। ਦੁ ਅਬਰੇ ਸਿਯਾਹ = ਦੋ ਕਾਲੇ ਬੱਦਲ। ਸ਼ਨਾਨੇ = ਨੋਕਾਂ। ਬਿਯੰਦਾਖਤ = ਸੁੱਟਦੇ। ਕਾਹ = ਘਾਹ।

ਉਹ ਦੋਵੇਂ ਇਉਂ ਗਰਜ ਰਹੇ ਸਨ, ਜਿਵੇਂ ਦੋ ਕਾਲੇ ਬੱਦਲ ਆਪਸ ਵਿਚ ਟਕਰਾ ਕੇ ਗੱਜਦੇ ਹਨ। ਘਾਹ ਦੀਆਂ ਨੋਕਾਂ ਵਾਂਗੂੰ ਨੇਜ਼ਿਆਂ ਦੇ ਫਲ ਇਕ ਦੂਜੇ ਨੂੰ ਮਾਰਦੇ ਸਨ।।੧੧।।

## ਚੁਨਾ ਤੀਰ ਬਾਰਾਨ ਪੱਰਰਾ ਸ਼ੁਦਹ।।
## ਜ਼ਿਮੀਂ ਆਸਮਾਂ ਪੁਰ ਆਂ ਜ਼ਿਕਰਸ਼ ਸ਼ੁਦਹ।।੧੨।।

ਚੁਨਾਂ = ਐਸੀ। ਬਾਰਾਨ = ਬਾਰਸ਼। ਪੱਰ ਆਂ = ਉੱਡਣਾ। ਪੁਰ = ਪੂਰਨ। ਜ਼ਿਕਰਸ਼ = ਗਿਰਝ।

ਉਡਣੇ ਤੀਰਾਂ ਦੀ ਇਹੋ ਜਿਹੀ ਵਰਖਾ ਹੋਈ, ਜਿਵੇਂ ਧਰਤੀ ਤੇ ਅਸਮਾਨ ਗਿਰਝਾਂ ਨਾਲ ਭਰ ਗਿਆ ਹੋਵੇ।।੧੨।।

Namdhari Elibrary NamdhariElibrary@gmail.com

## ਚੱਕਾ ਚੱਕ ਬਰਖ਼ਾਸਤ ਨੇਕੇ ਸ਼ਿਨਾਂ॥
## ਯਕੇ ਰੁਸਤਖੇਜ਼ ਅਜ਼ ਬਰਾਮਦ ਜਹਾਂ॥੧੩॥

ਚਕਾ ਚੱਕ = ਕੜ ਕੜ। ਬਰਖਾਸਤ = ਉਠੀ। ਨੇਕੇ = ਮੁਖੀ। ਸ਼ਿਨਾਂ = ਬਰਛਾ। ਰੁਸਤਖੇਜ਼ = ਪਰਲੋ।

ਬਰਛਿਆਂ ਦੀਆਂ ਮੁਖੀਆਂ ਵੱਜਣ ਨਾਲ ਕੜ ਕੜ ਦੀ ਆਵਾਜ਼ ਹੋਣ ਲੱਗੀ। ਇਉਂ ਜਾਪਦਾ ਸੀ ਕਿ ਸੰਸਾਰ ਵਿਚ ਇਕ ਵਾਰ ਕਿਆਮਤ ਆ ਗਈ ਹੋਵੇ॥੧੩॥

## ਚੁ ਸੂਰੇ ਸਰਾਫੀਲ ਦਮ ਮੇਜ਼ਦਹ॥
## ਕਿ ਰੋਜ਼ੇ ਕਿਆਮਤ ਬਹਮ ਮੇਜ਼ਦਹ॥੧੪॥

ਚੁ = ਜਿਵੇਂ। ਸੂਰੇ = ਤੂਰੀ। ਸਰਾਫ਼ੀਲ = ਇਸਰਾਫੀਲ ਫਰਿਸ਼ਤਾ, ਇਹ ਕਿਆਮਤ ਦੇ ਦਿਨ ਤੂਰੀ ਵਜਾਉਣ ਵਾਲਾ ਫਰਿਸ਼ਤਾ ਹੈ, ਇਹ ਫਰਿਸ਼ਤਾ ਜਦ ਰਣਸਿੰਗੀ ਦੀ ਧੁਨ ਵਜਾਇਗਾ ਤਾਂ ਸੰਸਾਰ ਵਿਚ ਕਿਆਮਤ ਆ ਜਾਵੇਗੀ ਅਤੇ ਕਬਰਾਂ ਵਿਚੋਂ ਮੁਰਦੇ ਉੱਠ ਪੈਣਗੇ। ਦਮ = ਫੂਕ। ਮੇਜ਼ਦਹ = ਮਾਰਣਾ। ਬਹਮ = ਆਪੋ ਵਿਚ। ਮੇਜ਼ਦਹ = ਟਕਰਾਉਂਦੇ ਹਨ।

ਇਸਰਾਫੀਲ ਫਰਿਸ਼ਤਾ ਜਿਵੇਂ ਤੂਰੀ ਵਿਚ ਫੂਕ ਮਾਰ ਕੇ ਆਵਾਜ਼ ਕੱਢਦਾ ਹੈ, ਇਸੇ ਤਰ੍ਹਾਂ ਦੋਵੇਂ ਰਾਜੇ ਲਲਕਾਰੇ ਮਾਰ ਰਹੇ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਇਹ ਦੋਵੇਂ ਕਿਆਮਤ ਦਾ ਦਿਨ ਬਣ ਕੇ ਟਕਰਾ ਰਹੇ ਸਨ॥੧੪॥

## ਗੁਰੇਜ਼ਸ਼ ਦਰਾਮਦ ਬ ਅਰਬੀ ਸਿਪਾਹ॥
## ਬ ਗ਼ਾਲਬ ਦਰਾਮਦ ਹੁਮਾਂ ਗਰਬ ਸ਼ਾਹ॥੧੫॥

ਗੁਰੇਜ਼ਸ਼ = ਭਾਜ। ਅਰਬੀ ਸਿਪਾਹ = ਅਰਬੀ ਫੌਜ। ਬਗਾਲਬ = ਜ਼ੋਰ ਵਿਚ। ਗਰਬ = ਮਗਰਬ, ਪੱਛਮ।

ਅਰਬ ਦੀ ਫੌਜ ਵਿਚ ਭਾਜੜ ਪੈ ਗਈ ਤੇ ਪੱਛਮ ਦੇ ਰਾਜੇ ਦੀ ਜਿੱਤ ਹੋ ਗਈ॥੧੫॥

## ਕਿ ਤਨਹਾ ਬਿਮਾਂਦ ਅਸਤ ਸ਼ਾਹੇ ਅਰਬ॥
## ਬ ਵਕਤੇ ਚੁ ਪੇਸ਼ੀਨ ਸ਼ਮਸ ਚੂੰ ਗਰਬ॥੧੬॥

ਤਨਹਾ = ਇਕੱਲਾ। ਬਿਮਾਂਦ = ਹੋ ਗਿਆ। ਪੇਸ਼ੀਨ = ਸੰਧਿਆਂ। ਸ਼ਮਸ = ਸੂਰਜ।

ਅਰਬ ਦਾ ਬਾਦਸ਼ਾਹ ਇਕੱਲਾ ਹੀ ਰਹਿ ਗਿਆ, ਜਦੋਂ ਸੰਧਿਆ ਦਾ ਸਮਾਂ ਹੋਇਆ ਤੇ ਸੂਰਜ ਅਸਤ ਹੋ ਗਿਆ॥੧੬॥

## ਚੁ ਤਾਬਸ਼ ਨੁਮਾਨਦ ਸ਼ਵਦ ਦਸਤਗੀਰ॥

ਚੁ ਦੁਜ਼ਦੇ ਸ਼ਵਦ ਵਕਤਿ ਸ਼ਬ ਰਾ ਅਸੀਰ॥੧੭॥

ਤਾਬਸ਼ = ਤੇਜ਼ੀ। ਨੁਮਾਨਦ = ਨਾ ਰਹੀ। ਦਸਤਗੀਰ = ਕੈਦੀ। ਦੁਜ਼ਦੇ = ਚੋਰ। ਵਕਤਿ ਸ਼ਬ = ਰਾਤ ਵੇਲੇ। ਅਸੀਰ = ਕੈਦੀ।

ਜਦੋਂ ਅਰਬ ਦੇ ਰਾਜੇ ਦੀ ਤੇਜ਼ੀ ਖਤਮ ਹੋ ਗਈ ਤਾਂ ਉਹ ਫੜਿਆ ਗਿਆ, ਜਿਵੇਂ ਰਾਤ ਵੇਲੇ ਚੋਰ ਨੂੰ ਫੜ ਕੇ ਕੈਦ ਕਰ ਲਿਆ ਜਾਂਦਾ ਹੈ, ਇਸੇ ਤਰ੍ਹਾਂ ਉਸ ਬਾਦਸ਼ਾਹ ਨੂੰ ਕੈਦੀ ਬਣਾ ਲਿਆ ਗਿਆ॥੧੭॥

ਬੁ ਬਸਤੰਦ ਬੁਰਦੰਦ ਸ਼ਹਿ ਨਿਜ਼ਦ ਸ਼ਾਹ॥
ਚੁ ਮਾਹ ਅਫ਼ਕਨੋ ਹਮ ਚੁ ਬੁਰਦੰਦ ਮਾਹ॥੧੮॥

ਬਸਤੰਦ = ਬੰਨ੍ਹ ਕੇ। ਬੁਰਦੰਦ = ਲੈ ਗਏ। ਨਿਜ਼ਦ = ਕੋਲ। ਮਾਹ ਅਫ਼ਕਨੋ = ਰਾਹੂ। ਬੁਰਦੰਦ = ਫੜ ਲੈਂਦਾ ਹੈ। ਮਾਹ = ਚੰਦਰਮਾ।

ਅਰਬ ਦੇ ਬਾਦਸ਼ਾਹ ਨੂੰ ਬੰਨ੍ਹ ਕੇ ਪਛਮ ਦੇ ਬਾਦਸ਼ਾਹ ਕੋਲ ਲੈ ਗਏ। ਉਹ ਰਾਜਾ ਇਉਂ ਫੜਿਆ ਗਿਆ ਜਿਵੇਂ ਰਾਹੂ ਚੰਦਰਮਾ ਨੂੰ ਗ੍ਰੱਸ ਲੈਂਦਾ ਹੈ॥੧੮॥

ਬਖ਼ਾਨਹ ਖਬਰ ਆਮਦਹ ਸ਼ਾਹਿ ਬਸਤ॥
ਹਮਹ ਕਾਰ ਦੁਜ਼ਦੀ ਵ ਮਰਦੀ ਗੁਜ਼ਸ਼ਤ॥੧੯॥

ਖਾਨਹ = ਘਰ। ਬਸਤ = ਫੜਿਆ ਗਿਆ। ਹਮਹ = ਸਾਰੀ। ਕਾਰ = ਕੰਮ। ਦੁਜ਼ਦੀ = ਚੋਰੀ। ਮਰਦ = ਬਹਾਦਰੀ। ਗੁਜ਼ਸ਼ਤ = ਲੰਘ ਗਈ।

ਬਾਦਸ਼ਾਹ ਦੇ ਫੜੇ ਜਾਣ ਦੀ ਖਬਰ ਉਸ ਦੇ ਘਰ ਪਹੁੰਚ ਗਈ, ਪਰ ਉਸ ਦੇ ਛੁਡਾਉਣ ਦੀ ਕੋਈ ਜੁਗਤੀ ਵੀ ਨ ਰਹੀ। ਉਸਨੂੰ ਚੋਰੀ ਚੁੱਕ ਕੇ ਲੈ ਆਉਣਾਂ ਜਾਂ ਬਹਾਦਰੀ ਨਾਲ ਲੜਕੇ ਛੁਡਵਾ ਲੈਣਾਂ ਵੀ ਸੰਭਵ ਨਹੀ ਸੀ॥੧੯॥

ਨਿਸ਼ਸਤੰਦ ਬ ਮਜਲਿਸ ਜ਼ਿ ਦਾਨਾਇ ਦਿਲ॥
ਸੁਖਨ ਰਾਂਦ ਪਿਨਹਾਂ ਵਜ਼ਾਂ ਸ਼ਹਿ ਖਿਜ਼ਲ॥੨੦॥

ਨਿਸ਼ਸਤੰਦ = ਬੈਠੀ। ਮਜਲਿਸ = ਸਭਾ। ਦਾਨਾਇ = ਸਿਆਣੇ ਰਾਂਦ = ਚਲਾਈ। ਪਿਨਹਾਂ = ਗੁਪਤ। ਵਜ਼ਾਂ = ਉਸ। ਖਿਜ਼ਲ = ਸ਼ਰਮਿੰਦਗੀ।

ਸਿਆਣੇ ਆਦਮੀਆਂ ਦੀ ਸਭਾ ਇਕੱਠੀ ਹੋਈ। ਬੜੇ ਸ਼ਰਮਸਾਰ ਹੋਇਆਂ ਨੇ ਰਾਜੇ ਦੇ ਗੁੰਮ ਹੋ ਜਾਣ ਦੀ ਵਾਰਤਾ ਚਲਾਈ॥੨੦॥

ਚੁ ਬਿਸਨੀਦ ਈਂ ਖਬਰ ਦੁਖਤਰ ਵਜ਼ੀਰ॥

**ਬ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ॥੨੧॥**

ਬਿਸਨੀਦ = ਸੁਣਿਆਂ। ਈਂ = ਇਸ। ਦੁਖਤਰ ਵਜ਼ੀਰ = ਵਜ਼ੀਰ ਦੀ ਲੜਕੀ। ਬਸਤੰਦ = ਬੰਨ੍ਹਿਆਂ। ਸ਼ਮਸ਼ੇਰ = ਤਲਵਾਰ। ਜੁਸਤੰਦ = ਚੁਣ ਲਿਆ।

ਜਦੋਂ ਇਹ ਖਬਰ ਵਜ਼ੀਰ ਦੀ ਲੜਕੀ ਨੇ ਸੁਣੀ ਤਾਂ ਉਸ ਨੇ ਤਲਵਾਰ ਨੂੰ ਆਪਣੇ ਲੱਕ ਨਾਲ ਬੰਨ੍ਹ ਲਿਆ ਤੇ ਤੀਰ ਚੁਣ ਕੇ ਇਕੱਠੇ ਕਰ ਲਏ॥੨੧॥

**ਬਪੋਸ਼ੀਦ ਜ਼ਰ ਬਫਤ ਰੂਮੀ ਕਬਾਇ॥**
**ਬਜ਼ੀਂ ਬਰ ਨਿਸ਼ਸਤੋ ਬਿਆਮਦ ਬਜਾਇ॥੨੨॥**

ਬਪੋਸ਼ੀਦ = ਪਹਿਨ ਲਈ। ਜ਼ਰ ਬਫਤ = ਸੁਨਹਿਰੀ। ਰੂਮੀ ਕਬਾਇ = ਰੂਮ ਦੇਸ਼ ਦੀ ਪੁਸ਼ਾਕ। ਬਜ਼ੀਂ = ਜ਼ੀਨ. ਕਾਠੀ। ਨਿਸ਼ਸਤੋ = ਬੈਠੀ। ਬਿਆਮਦ = ਆਈ। ਬਜਾਇ = ਜੰਗ ਦੇ ਮੈਦਾਨ ਵਿਚ।

ਫਿਰ ਉਸ ਲੜਕੀ ਨੇ ਜ਼ਰੀ ਬਾਫਤੇ ਵਾਲੀ ਰੂਮੀ ਪੁਸ਼ਾਕ ਪਹਿਨ ਲਈ, ਘੋੜੇ ਦੀ ਕਾਠੀ ਤੇ ਬੈਠ ਕੇ ਜੰਗ ਦੇ ਮੈਦਾਨ ਵਿਚ ਆ ਗਈ॥੨੨॥

**ਰਵਾਂ ਸ਼ੁਦ ਸੂਏ ਸ਼ਾਹਿ ਮਗ਼ਰਬ ਚੁ ਬਾਦ॥**
**ਕਮਾਨੇ ਕਿਯਾਨੀ ਬ ਤਰਕਸ਼ ਨਿਹਾਦ॥੨੩॥**

ਰਵਾਂ ਸ਼ੁਦ = ਚਲ ਪਈ। ਸੂਏ = ਵਲ। ਸ਼ਾਹਿ ਮਗਰਬ = ਪੱਛਮ ਦੇਸ਼ ਦਾ ਰਾਜਾ। ਚੁ = ਵਾਂਗੂੰ। ਬਾਦ = ਹਵਾ। ਨਿਹਾਦ = ਰੱਖ ਲਿਆ।

ਉਹ ਲੜਕੀ ਹਵਾ ਵਾਂਗੂੰ ਬੜੀ ਤੇਜ਼ੀ ਨਾਲ ਪੱਛਮ ਦੇ ਰਾਜੇ ਵਲ ਤੁਰ ਪਈ। ਕਿਆਨ ਦੇਸ਼ ਦੀ ਕਮਾਨ ਦੇ ਤੀਰਾਂ ਦਾ ਭੱਥਾ ਉਸ ਨੇ ਆਪਣੇ ਮੋਢੇ ਤੇ ਰੱਖ ਲਿਆ॥੨੩॥

**ਬਪੇਸ਼ੇ ਸ਼ਹੇ ਮਗ਼ਰਬ ਆਮਦ ਦਲੇਰ॥**
**ਚੁ ਗੁਰਰੀਦਹ ਬਬਰੋ ਚੁ ਦਰਰਿੰਦਹ ਸ਼ੇਰ॥੨੪॥**

ਬਪੇਸ਼ੇ = ਸਾਹਮਣੇ। ਆਮਦ = ਆ ਗਈ। ਗੁਰਰੀਦਹ = ਗਜਣ ਵਾਲਾ। ਬਬਰੋ = ਬੱਦਲ। ਦਰਰਿੰਦਹ = ਪਾੜ ਖਾਣ ਵਾਲਾ।

ਉਸ ਲੜਕੀ ਨੇ ਰਾਜੇ ਦੇ ਸਾਹਮਣੇ ਦਲੇਰੀ ਨਾਲ ਸਲਾਮ ਕੀਤੀ ਤੇ ਕਿਹਾ ਕਿ ਹੇ ਬਾਦਸ਼ਾਹ ! ਤੂੰ ਗੱਜਣ ਵਾਲੇ ਬੱਦਲਾਂ ਵਾਂਗ ਦੁਸ਼ਮਨ ਨੂੰ ਪਾੜ ਖਾਣ ਵਾਲਾ ਸ਼ੇਰ ਹੈਂ॥੨੪॥

**ਦੁਆ ਕਰਦ ਕਿ ਏ ਸ਼ਾਹਿ ਆਜ਼ਾਦ ਬਖ਼ਤ॥**
**ਸਜ਼ਾਵਾਰਿ ਦੇਹੀਮੁ ਸ਼ਾਯਾਨਿ ਤਖਤ॥੨੫॥**

ਦੁਆ ਕਰਦ = ਸਲਾਮੀ ਕੀਤੀ। ਆਜ਼ਾਦ ਬਖਤ = ਚੰਗੇ ਭਾਗਾਂ ਵਾਲੇ। ਸਜ਼ਾਵਾਰਿ = ਲਾਇਕ।

ਦੇਹੀਮੁ = ਛੱਤ੍ਰ। ਸ਼ਾਯਾਨਿ = ਯੋਗ।

ਉਸ ਲੜਕੀ ਨੇ ਸਲਾਮ ਕੀਤੀ ਤੇ ਕਿਹਾ ਕਿ ਹੇ ਚੰਗੇ ਭਾਗਾਂ ਵਾਲੇ ਇਨਸਾਫ ਕਰਨ ਵਾਲੇ ਬਾਦਸ਼ਾਹ ! ਤੂੰ ਤਾਜ ਤੇ ਤਖਤ ਦੇ ਯੋਗ ਹੈਂ॥੨੫॥

**ਮਰਾ ਕਾਹੀਆ ਆਮਦ ਅਜ਼ ਬਹਰ ਕਾਹ॥**
**ਦੋ ਸਦ ਸਵਾਰੋ ਯਕ ਅਜ਼ ਸ਼ਕਲ ਸ਼ਾਹ॥੨੬॥**

ਮਰਾ = ਮੇਰੇ। ਕਾਹੀਆ = ਘਾਹੀ। ਬਹਰ = ਵਾਸਤੇ। ਕਾਹ = ਘਾਹ। ਦੋ ਸਿਹ ਸਦ = ਦੋ ਤਿੰਨ ਸੌ।

ਮੇਰੇ ਘਾਹੀ ਘਾਹ ਲੈਣ ਵਾਸਤੇ ਜੰਗਲ ਵਿਚ ਆਏ ਸਨ। ਉਹ ਦੋ ਤਿੰਨ ਸੌ ਘੋੜਿਆਂ ਤੇ ਅਸਵਾਰ ਸਨ, ਉਨ੍ਹਾਂ ਵਿਚ ਇਕ ਬਾਦਸ਼ਾਹ ਦੀ ਸ਼ਕਲ ਦਾ ਆਦਮੀ ਵੀ ਸੀ॥੨੬॥

**ਕਿ ਬਿਹਤਰ ਹੁਮਾਂ ਅਸਤ ਆਂ ਰਾ ਬਿਦਿਹ॥**
**ਵਗਰ ਨਹ ਖ਼ੁਦਸ਼ ਮੌਤ ਬਰ ਸਰ ਬਿਨਿਹ॥੨੭॥**

ਬਿਹਤਰ = ਚੰਗਾ। ਹੁਮਾਂ = ਉਹ। ਅਸਤ = ਹੈ। ਆਂ ਰਾ = ਉਸ ਨੂੰ। ਬਿਦਿਹ = ਮੋੜ ਦਿਓ। ਵਗਰ = ਜੇ। ਖੁਦਸ਼ = ਆਪਣੇ। ਬਿਨਿਹ = ਵੇਖ।

ਚੰਗੀ ਗੱਲ ਇਹੋ ਹੈ ਕਿ ਤੂੰ ਉਹਨਾਂ ਸਾਰੇ ਘਾਹੀਆਂ ਨੂੰ ਮੋੜ ਦੇ, ਨਹੀਂ ਤਾਂ ਆਪਣੀ ਮੌਤ ਨੂੰ ਆਪਣੇ ਸਿਰ ਤੇ ਵੇਖ ਲੈ॥੨੭॥

**ਸ਼ੁਨੀਦੇ ਜ਼ਿ ਮਨ ਸ਼ਾਹਿ ਗਰ ਈਂ ਸੁਖਨ॥**
**ਹੁਮਾਨਾ ਤੁਰਾ ਬੇਖ ਬਰਕੰਦ ਬੁਨ॥੨੮॥**

ਸ਼ੁਨੀਦੇ = ਸੁਣੀ। ਜ਼ਿ ਮਨ = ਮੇਰੇ ਕੋਲੋਂ। ਸੁਖਨ = ਗੱਲ। ਹੁਮਾਨਾ = ਸਚ ਮੁਚ। ਤੁਰਾ ਬੇਖ = ਤੇਰੀ ਜੜ੍ਹ। ਬਰਕੰਦ = ਕੱਟਣਾ। ਬੁਨ = ਮੁਢ।

ਜੇ ਇਹ ਗੱਲ ਸਾਡੇ ਰਾਜੇ ਨੇ ਮੇਰੇ ਕੋਲੋਂ ਸੁਣ ਲਈ ਤਾਂ ਉਹ ਤੇਰੀਆਂ ਜੜ੍ਹਾਂ ਮੁਢ ਤੋਂ ਹੀ ਕੱਟ ਦੇਵੇਗਾ॥੨੮॥

**ਸ਼ੁਨੀਦ ਈਂ ਸੁਖਨ ਸ਼ਾਹਿ ਫੌਲਾਦ ਤਨ॥**
**ਬ ਲਰਜ਼ੀਦ ਬਰ ਖ਼ੁਦ ਚੁ ਬਰਗੇ ਸਮਨ॥੨੯॥**

ਸ਼ੁਨੀਦ = ਸੁਣਿਆ। ਈਂ ਸੁਖਨ = ਇਹ ਬਚਨ। ਸ਼ਾਹਿ ਫੌਲਾਦ ਤਨ = ਫੌਲਾਦੀ ਸਰੀਰ ਵਾਲਾ ਬਾਦਸ਼ਾਹ। ਬ ਲਰਜ਼ੀਦ = ਕੰਬ ਗਿਆ। ਬਰਗੇ = ਪੱਤੇ। ਸਮਨ = ਚੰਬੇਲੀ।

ਜਦੋਂ ਇਹ ਗੱਲ ਫੌਲਾਦੀ ਸਰੀਰ ਵਾਲੇ ਬਾਦਸ਼ਾਹ ਨੇ ਸੁਣੀ ਤਾਂ ਉਹ ਚੰਬੇਲੀ ਤੇ ਪੱਤੇ ਵਾਂਗੂੰ ਕੰਬਣ ਲੱਗ ਪਿਆ॥੨੯॥

Namdhari Elibrary NamdhariElibrary@gmail.com

**************************************************

**ਚੁਨਾ ਜੰਗ ਕਰਦੰਦ ਈਂ ਕਾਹੀਆਂ॥**
**ਨ ਦਾਨਮ ਮਗਰ ਸ਼ਾਹਿ ਬਾਸ਼ਦ ਜਵਾਂ॥੩੦॥**

ਚੁਨਾ = ਇਹੋ ਜਿਹਾ। ਕਰਦੰਦ = ਕੀਤਾ ਹੈ। ਈਂ = ਇਨ੍ਹਾਂ। ਕਾਹੀਆਂ = ਘਾਹੀਆਂ। ਦਾਨਮ = ਜਾਣਦਾ। ਬਾਸ਼ਦ = ਹੋਵੇਗਾ। ਜਵਾਂ = ਬਹਾਦਰ।

ਰਾਜੇ ਨੇ ਆਪਣੇ ਮਨ ਵਿਚ ਸੋਚਿਆ ਕਿ ਜੇ ਇਹਨਾਂ ਘਾਹੀਆਂ ਨੇ ਇਹੋ ਜਿਹਾ ਜੰਗ ਕੀਤਾ ਤਾਂ ਮੈਂ ਨਹੀਂ ਜਾਣ ਸਕਦਾ ਕਿ ਇਨ੍ਹਾਂ ਦਾ ਬਾਦਸ਼ਾਹ ਕਿਹੋ ਜਿਹਾ ਬਹਾਦਰ ਹੋਵੇਗਾ॥੩੦॥

**ਨ ਦਾਨਮ ਕਸੇ ਸ਼ਾਹਿ ਹਸਤਸ਼ ਜਵਾਂ॥**
**ਕਿ ਮਾਰਾ ਬਿਗੀਰਦ ਜ਼ਿ ਮਾਯੰਦਰਾਂ॥੩੧॥**

ਨ ਦਾਨਮ = ਨਹੀਂ ਜਾਣਦਾ। ਮਗਰ = ਜੇਕਰ। ਹਸਤਸ਼ = ਹੈ। ਮਾਰਾ = ਮੈਨੂੰ। ਬਿਗੀਰਦ = ਫੜ ਲਵੇ। ਮਾਯੰਦਰਾਂ = ਦੇਸ ਦਾ ਨਾਂ।

ਜੇਕਰ ਇਹਨਾਂ ਦਾ ਰਾਜਾ ਏਡਾ ਸੂਰਬੀਰ ਹੈ ਤਾਂ ਕੀ ਪਤਾ ਕਿ ਉਹ ਮੈਨੂੰ ਮਾਯੰਦਰਾਂ (ਦੇਸ਼) ਤੋਂ ਵੀ ਫੜ ਲਿਆਵੇ॥੩੧॥

**ਜ਼ਿ ਪੇਸ਼ੀਨਹੇ ਸ਼ਹ ਵਜ਼ੀਰਾਂ ਬਿਖਾਂਦ॥**
**ਸੁਖਨਹਾਇ ਪੋਸ਼ੀਦਹ ਬਾ ਓ ਬਿਰਾਂਦ॥੩੨॥**

ਪੇਸ਼ੀਨਹ = ਸਾਹਮਣੇ। ਬਿਖਾਂਦ = ਬੁਲਾ ਲਿਆ। ਪੋਸ਼ੀਦਹੇ = ਗੁਪਤ। ਬਿਰਾਂਦ = ਕੀਤੀਆਂ।

ਰਾਜੇ ਨੇ ਆਪਣੇ ਸਭ ਵਜ਼ੀਰਾਂ ਨੂੰ ਆਪਣੇ ਕੋਲ ਸੱਦ ਲਿਆ ਤੇ ਉਹਨਾਂ ਨਾਲ ਗੁਪਤ ਗੱਲਾਂ ਸ਼ੁਰੂ ਕੀਤੀਆਂ॥੩੨॥

**ਤੁ ਦੀਦੀ ਚੁਨਾ ਕਾਹੀਯਾ ਜੰਗ ਕਰਦ॥**
**ਕਿ ਅਜ਼ ਮੁਲਕ ਯਜ਼ਦਾਂ ਬਰਾਵੁਰਦ ਗਰਦ॥੩੩॥**

ਤੁ ਦੀਦੀ = ਤੁਸਾਂ ਵੇਖਿਆ। ਬਰਾਵੁਰਦ = ਮਿਲਾ ਦਿੱਤਾ। ਗਰਦ = ਘੱਟਾ।

ਰਾਜੇ ਨੇ ਵਜ਼ੀਰਾਂ ਨੂੰ ਕਿਹਾ ਕਿ - ਤੁਸਾਂ ਵੇਖਿਆ ਹੈ ਇਹਨਾਂ ਘਾਹੀਆਂ ਨੇ ਕਿਹੋ ਜਿਹਾ ਜੰਗ ਕੀਤਾ ਹੈ, ਜੁ ਸਾਡੇ ਮੁਲਕ ਨੂੰ ਘੱਟੇ (ਧੂੜ) ਵਿਚ ਮਿਲਾ ਦਿੱਤਾ ਹੈ॥੩੩॥

**ਮੁਬਾਦਾ ਕੁਨਦ ਤਖ਼ਤ ਬਰ ਮੁਲਕ ਅਖਤ॥**
**ਦਿਹਮ ਕਾਹੀਯਾ ਰਾ ਅਜ਼ਾਂ ਨੇਕ ਬਖਤ॥੩੪॥**

ਮੁਬਾਦਾ ਕੁਨਦ = ਰੱਬ ਨਾ ਕਰੇ। ਤਖ਼ਤ = ਚੜ੍ਹਾਈ। ਦਿਹਮ = ਦੇ ਦੇਵਾਂ। ਨੇਕ ਬਖਤ = ਚੰਗੇ ਭਾਗ।

Namdhari Elibrary NamdhariElibrary@gmail.com

ਰੱਬ ਨਾ ਕਰੇ ਜੇ ਉਸ ਬਾਦਸ਼ਾਹ ਨੇ ਚੜ੍ਹਾਈ ਕਰ ਦਿੱਤੀ ਤਾਂ ਦੇਸ਼ ਉਪਰ ਸਖਤੀ ਵਰਤੇਗਾ। ਇਸ ਕਰਕੇ ਮੇਰੀ ਸਲਾਹ ਇਹ ਹੈ ਕਿ ਮੈਂ ਇਹਨਾਂ ਕੈਦ ਕੀਤੇ ਘਾਹੀਆਂ ਨੂੰ ਉਸ ਚੰਗੇ ਭਾਗਾਂ ਵਾਲੇ ਬਾਦਸ਼ਾਹ ਨੂੰ ਵਾਪਸ ਕਰ ਦਿਆਂ।।੩੪।।

## ਹੁਮਾਂ ਸ਼ਾਹਿ ਮਹਿਬੂਸ਼ੀਯਾ ਪੇਸ਼ ਖਾਂਦ।।
## ਹਵਾਲਹ ਨਮੂਦਸ਼ ਕਿ ਓ ਰਾ ਨਿਸ਼ਾਂਦ।।੩੫।।

ਹੁਮਾਂ = ਝਟ ਪਟ। ਮਹਿਬੂਸ਼ੀਯਾ = ਕੈਦੀਆਂ। ਪੇਸ਼ = ਕੋਲ। ਖਾਂਦ = ਬੁਲਾਇਆ। ਹਵਾਲਹ ਨਮੂਦਸ਼ = ਸਪੁਰਦ ਕੀਤੇ। ਨਿਸ਼ਾਂਦ = ਬਿਠਾਇਆ।

ਰਾਜੇ ਨੇ ਸਾਰੇ ਕੈਦੀਆਂ ਨੂੰ ਆਪਣੇ ਸਾਹਮਣੇ ਬੁਲਾਇਆ ਅਤੇ ਜਿਹੜਾ ਕੋਲ ਆ ਕੇ ਬੈਠਾ ਸੀ ਉਸ ਦੇ ਸਪੁਰਦ ਕਰ ਦਿੱਤੇ।।੩੫।।

## ਤੁ ਆਜ਼ਾਦ ਗਸ਼ਤੀ ਅਜ਼ੀਂ ਸਹਿਲ ਚੀਜ਼।।
## ਬਿਗੀਰ ਏ ਬਿਰਾਦਰ ਤੁ ਅਜ਼ ਜਾਂ ਅਜ਼ੀਜ਼।।੩੬।।

ਤੁ = ਤੂੰ। ਆਜ਼ਾਦ = ਵਿਹਲਾ। ਗਸ਼ਤੀ = ਹੋ ਗਿਆ। ਸਹਿਲ = ਸੌਖਾ। ਚੀਜ਼ = ਕੰਮ। ਬਿਗੀਰ = ਫੜ ਲੈ। ਏ ਬਿਰਾਦਰ = ਹੇ ਭਰਾ। ਜਾਂ ਅਜ਼ੀਜ਼ = ਜਾਨ ਤੋਂ ਪਿਆਰਾ।

ਤੂੰ ਇਸ ਕੰਮ ਤੋਂ ਆਸਾਨੀ ਨਾਲ ਵਿਹਲਾ ਹੋ ਗਿਆ ਹੈਂ। ਹੇ ਭਾਈ ! ਤੂੰ ਇਹਨਾਂ ਕੈਦੀਆਂ ਨੂੰ ਸੰਭਾਲ ਲੈ। ਤੂੰ ਮੈਨੂੰ ਜਾਨ ਤੋਂ ਵੀ ਪਿਆਰਾ ਹੈਂ।।੩੬।।

## ਜ਼ਨੇ ਪੇਚ ਦਸਤਾਰ ਰਾ ਤਾਬ ਦਾਦ।।
## ਦਿਗਰ ਦਸਤ ਬਰ ਮੁਸ਼ਤਿ ਤੇਗ਼ਸ਼ ਨਿਹਾਦ।।੩੭।।

ਜ਼ਨੇ = ਇਸਤ੍ਰੀ। ਪੇਚ ਦਸਤਾਰ = ਪੱਗ ਦੇ ਲਪੇਟ। ਤਾਬ ਦਾਦ = ਸਵਾਰਿਆ। ਦਿਗਰ ਦਸਤ = ਦੂਜਾ ਹੱਥ। ਮੁਸ਼ਤਿ = ਮੁੱਠ। ਨਿਹਾਦ = ਰਖਿਆ।

ਉਸ ਵਜ਼ੀਰ ਦੀ ਲੜਕੀ ਨੇ ਇਕ ਹੱਥ ਨਾਲ ਆਪਣੀ ਪੱਗ ਦੇ ਪੇਚ ਨੂੰ ਸਵਾਰਿਆ ਤੇ ਦੂਜੇ ਹੱਥ ਦੀ ਮੁੱਠ ਤਲਵਾਰ ਤੇ ਰਖੀ।।੩੭।।

## ਬਿਜ਼ਦ ਤਾਜ਼ੀਯਾਨਹ ਬ ਹਰ ਚਾਰ ਚਾਰ।।
## ਬ ਗੁਫ਼ਤਹ ਕਿ ਏ ਬੇਖਬਰ ਬੇਮੁਹਾਰ।।੩੮।।

ਬਿਜ਼ਦ = ਮਾਰੇ। ਤਾਜ਼ੀਯਾਨਹ = ਕੋਰੜੇ। ਹਰ = ਹਰ ਇਕ। ਗੁਫ਼ਤਹ = ਕਿਹਾ।

ਉਸ ਨੇ ਹਰ ਇਕ ਕੈਦੀ ਨੂੰ ਚਾਰ ਚਾਰ ਕੋਰੜੇ ਮਾਰੇ ਤੇ ਕਿਹਾ ਕਿ ਐ ਬੇਮੁਹਾਰੋ ਤੇ ਬੇਖਬਰੋ !।।੩੮।।

Namdhari Elibrary NamdhariElibrary@gmail.com

**ਕਿ ਆਮਦ ਦਰੀਂ ਜਾ ਵਜ਼ਾ ਕਾਹ ਨੇਸਤ।।**
**ਕਿ ਏਜ਼ਦ ਗਵਾਹ ਅਸਤ ਯਸ਼ਦਾਂ ਯਕੇਸਤ।।੩੯।।**

ਆਮਦ = ਆਏ। ਦਰੀਂ ਜਾ = ਇਸ ਜਗ੍ਹਾ। ਵਜ਼ਾ = ਉਥੇ। ਕਾਹ ਨੇਸਤ = ਘਾਹ ਨਹੀਂ ਸੀ। ਏਜ਼ਦ = ਪਰਮਾਤਮਾ। ਯਕੇਸਤ = ਇਕ ਹੈ।

ਤੁਸੀਂ ਇਸ ਜਗ੍ਹਾ ਤੇ ਘਾਹ ਲੈਣ ਵਾਸਤੇ ਆਏ ਹੋ, ਕੀ ਉਥੇ ਘਾਹ ਨਹੀਂ ਸੀ ? ਜੋ ਇਕ ਪਰਮਾਤਮਾ ਹੈ, ਉਹ ਹੀ ਇਸ ਗੱਲ ਦਾ ਗਵਾਹ ਹੈ।।੩੯।।

**ਦਰੋਗੇ ਮਰਾ ਬਰ ਗਫ਼ੂਰੇ ਗੁਆਹਸਤ।।**
**ਬਿਗੋਯਦ ਕਿ ਮਾਰਾ ਪਨਾਹੇ ਖ਼ੁਦਾਸਤ।।੪੦।।**

ਦਰੋਗੇ = ਝੂਠ। ਮਰਾ = ਮੇਰਾ। ਗਫੂਰੇ = ਖਿਮਾਂ ਕਰਨ ਵਾਲਾ। ਬਿਗੋਯਦ = ਕਿਹਾ। ਪਨਾਹੇ = ਆਸਰਾ।

ਉਸ ਲੜਕੀ ਨੇ ਕਿਹਾ ਕਿ ਮੇਰੇ ਝੂਠ ਨੂੰ ਖਿਮਾਂ ਕਰਨ ਵਾਲਾ ਪ੍ਰਭੂ ਹੀ ਜਾਣਦਾ ਹੈ, ਕਿਉਂਕਿ ਉਹ ਪ੍ਰਭੂ ਹੀ ਮੇਰਾ ਆਸਰਾ ਹੈ।।੪੦।।

**ਰਿਹਾਈ ਦਿਹੰਦਹ ਖ਼ੁਦਾਵੰਦ ਤਖ਼ਤ।।**
**ਵਿਦਾ ਗਸ਼ਤ ਜੋ ਮੰਜ਼ਲੋ ਜਾਇ ਸਖ਼ਤ।।੪੧।।**

ਰਿਹਾਈ = ਖਲਾਸੀ। ਦਿਹਦ = ਦਿੱਤੀ। ਖੁਦਾਵੰਦ = ਪਤੀ। ਵਿਦਾ = ਦੂਰ। ਗਸ਼ਤ = ਹੋ ਗਈ। ਮੰਜ਼ਲੋ ਜਾਇ ਸਖ਼ਤ = ਉਸ ਖਤਰਨਾਕ ਥਾਂ।

ਉਸ ਨੇ ਆਪਣੇ ਰਾਜ ਤਖਤ ਦੇ ਮਾਲਕ ਆਪਣੇ ਬਾਦਸ਼ਾਹ ਨੂੰ ਛੁਟਕਾਰਾ ਦਿਵਾਇਆ ਤੇ ਉਸ ਖਤਰਨਾਕ ਥਾਂ ਤੋਂ ਦੂਰ ਲੈ ਗਈ।।੪੧।।

ਇਸ ਕਹਾਣੀ ਦਵਾਰਾ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਦੇਖ ਔਰੰਗਜ਼ੇਬ ਵਜ਼ੀਰ ਦੀ ਲੜਕੀ ਨੇ ਕੈਸੀ ਸਿਆਣਪ ਨਾਲ ਆਪਣੇ ਪਿਆਰੇ ਰਾਜਾ ਨੂੰ ਦੁਸ਼ਮਣ ਦੀ ਕੈਦ ਤੋਂ ਛਡਾਇਆ। ਉਸ ਨੇ ਇਹ ਕਾਰਾ ਕਰਨ ਲਈ ਝੂਠ ਬੋਲਿਆ, ਜਿਸ ਦਾ ਉਹ ਆਪਣੇ ਮਨ ਵਿਚ ਬੜਾ ਬਸ਼ਚਾਤਾਪ ਕਰਦੀ ਹੈ। ਤੇਰੇ ਨਾਲੋਂ ਉਹ ਲੜਕੀ ਕਿੰਨੇ ਉਚੇ ਆਚਾਰ ਵਾਲੀ ਹੈ, ਕਿ ਆਪਣੇ ਝੂਠ ਲਈ ਖੁਦਾ ਪਾਸੋਂ ਖਿਮਾਂ ਮੰਗਦੀ ਹੈ। ਤੇਰੇ ਵਿਚ ਏਨੀ ਹਿੰਮਤ ਨਹੀਂ ਕਿ ਤੂੰ ਆਪਣੇ ਝੂਠ ਅਤੇ ਫਰੇਬ ਤੇ ਪਸ਼ਚਾਤਾਪ ਕਰ ਸਕੇਂ। ਔਰੰਗਜ਼ੇਬ ਨੂੰ ਇਹ ਸਿਖਿਆ ਦੇ ਕੇ ਸਤਿਗੁਰੂ ਜੀ ਆਪਣੇ ਗੁਰੂ ਅਗੇ ਅਰਜ਼ੋਈ ਕਰਦੇ ਹਨ:-

**ਬਿਦਿਹ ਸਾਕੀਯਾ ਸਾਗਰੇ ਸਬਜ਼ ਪਾਨ।।**

ਕਿ ਸਾਹਿਬ ਸ਼ਊਰ ਅਸਤ ਜ਼ਾਹਰ ਜਹਾਨ।।੪੨।।

ਬਿਦਿਹ = ਦਿਓ। ਸਾਕੀਯਾ = ਹੇ ਸਾਕੀ ! (ਹੇ ਸਤਿਗੁਰੂ ਜੀ !) ਸਾਗਰੇ = ਪਿਆਲਾ ਸਬਜ਼ ਪਾਨ = ਹਰੇ ਰੰਗ ਦਾ। ਸਾਹਿਬ = ਮਾਲਕ। ਸ਼ਊਰ = ਅਕਲ।

ਹੇ ਸਤਿਗੁਰੂ ਜੀ ! ਮੈਨੂੰ ਆਪਣੇ ਨਾਮ ਦਾ ਪਿਆਲਾ ਬਖਸ਼ੋ ਜਿਸ ਤੋਂ ਮੈਨੂੰ ਸੋਝੀ ਪਵੇ ਕਿ ਸਭ ਅਕਲਾਂ ਦਾ ਮਾਲਕ ਪ੍ਰਭੂ ਸਾਰੇ ਸੰਸਾਰ ਵਿਚ ਪ੍ਰਗਟ ਹੈ।।੪੨।।

ਬਿਦਿਹ ਸਾਕੀਯਾ ਜਾਮ ਫੀਰੋਜ਼ਹ ਰੰਗ।।
ਕਿ ਦਰ ਵਕਤਿ ਸ਼ਬ ਚੂੰ ਖੁਸੇ ਰੋਜ਼ ਜੰਗ।।੪੩।।੬।।

ਜਾਮ = ਪਿਆਲਾ। ਫੀਰੋਜ਼ਹ ਰੰਗ = ਹਰਾ ਰੰਗ। ਸ਼ਬ = ਰਾਤ। ਖੁਸ਼ੇ = ਪ੍ਰਸੰਨਤਾ। ਰੋਜ਼ = ਜੰਗ ਸਮੇਂ।

ਹੇ ਸਤਿਗੁਰੂ ਜੀ ! ਮੈਨੂੰ ਹਰੇ ਰੰਗ (ਹਰੀ ਦੇ ਪ੍ਰੇਮ) ਦਾ ਪਿਆਲਾ ਬਖਸ਼ੋ, ਜੋ ਮੈਨੂੰ ਰਾਤ ਸਮੇਂ ਤੇ ਜੰਗ ਦੇ ਮੈਦਾਨ ਵਿਚ ਅਨੰਦ ਬਖਸ਼ਣ ਵਾਲਾ ਹੋਵੇ।।੪੩।।੬।।

**ਹਿਕਾਯਤ ਛੇਵੀਂ ਸਮਾਪਤ**

✡ ✡ ✡ ✡ ✡ ✡

# ਹਿਕਾਯਤ ਸਤਵੀਂ

## ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

ਖ਼ੁਦਾਵੰਦ ਬਖਸ਼ਿੰਦਹਏ ਬੇਸ਼ੁਮਾਰ।।
ਕਿ ਜ਼ਾਹਰ ਜ਼ਹੂਰ ਅਸਤ ਸਾਹਿਬ ਦਿਯਾਰ।।੧।।

ਖ਼ੁਦਾਵੰਦ = ਪ੍ਰਭੂ। ਬਖਸ਼ਿੰਦਹਏ = ਬਖਸ਼ਣਹਾਰ। ਬੇਸ਼ੁਮਾਰ = ਬੇਅੰਤ। ਜ਼ਾਹਰ = ਪ੍ਰਗਟ। ਜ਼ਹੂਰ = ਪ੍ਰਕਾਸ਼। ਸਾਹਿਬ = ਮਾਲਕ। ਦਿਯਾਰ = ਦੇਸ਼, ਮੁਲਕ।

ਪ੍ਰਭੂ ਬੇਅੰਤ (ਦਾਤਾਂ ਦੇ) ਦੇਣ ਵਾਲਾ ਹੈ, ਉਹ ਪ੍ਰਗਟ ਤੇ ਪ੍ਰਕਾਸ਼ ਰੂਪ ਹੈ ਤੇ ਸਭ ਦੇਸ਼ਾਂ ਦਾ ਮਾਲਕ ਹੈ।।੧।।

ਤਬੀਅਤ ਬਹਾਲਸਤ ਹੁਸਨਲ ਜਮਾਲ।।
ਕਿ ਹੁਸਨਲ ਜਮਾਲੋ ਫ਼ਜ਼ੀਲਤ ਕਮਾਲ।।੨।।

ਤਬੀਅਤ = ਸੁਭਾਅ।ਬਹਾਲਸਤ = ਖਿੜਿਆ ਹੈ।ਹੁਸਨਲ = ਪ੍ਰਕਾਸ਼,ਸੁੰਦਰ।ਜਮਾਲ = ਚਿਹਰਾ।

Namdhari Elibrary NamdhariElibrary@gmail.com

****************************************************
ਫ਼ਜ਼ੀਲਤ = ਵਡਿਆਈ। ਕਮਾਲ = ਪੂਰਨ।

ਉਸ ਪਰਮਾਤਮਾ ਦਾ ਸੁਭਾਅ ਖੇੜੇ ਵਾਲਾ ਹੈ ਤੇ ਚਿਹਰਾ ਵੀ ਸੁੰਦਰ ਹੈ। ਉਸ ਦਾ ਸਰੂਪ ਪ੍ਰਕਾਸ਼ ਵਾਲਾ ਹੈ, ਇਸ ਲਈ ਉਸ ਦੀ ਵਡਿਆਈ ਵੀ ਪੂਰਨ ਹੈ।।੨।।

## ਕਿ ਇਸਫੰਦ ਯਾਰ ਅਜ਼ ਜਹਾਂ ਰਖ਼ਤ ਬੁਰਦ।।
## ਨਸਬ ਨਾਮਹੇ ਖੁਦ ਬ ਬਹਿਮਨ ਸਪੁਰਦ।।੩।।

ਇਸਫੰਦ ਯਾਰ = ਇਕ ਰਾਜੇ ਦਾ ਨਾਂ ਹੈ। ਜਹਾਂ = ਜਹਾਨ। ਰਖਤ = ਸਾਜੋ ਸਾਮਾਨ। ਬੁਰਦ = ਲੈ ਗਿਆ। ਨਸਬ ਨਾਮਹੇ = ਰਾਜ ਗਦੀ। ਬਹਿਮਨ = ਨਾਂ ਹੈ। ਸਪੁਰਦ = ਹਵਾਲੇ।

'ਅਸਫ਼ੰਦ ਯਾਰ' ਨਾਂ ਦਾ ਪਹਾੜੀ ਰਾਜਾ ਜਦੋਂ ਇਸ ਜਹਾਨ ਤੋਂ ਆਪਣੇ ਸਾਜੋ ਸਾਮਾਨ (ਪ੍ਰਾਣਾਂ) ਨੂੰ ਲੈ ਕੇ ਜਾਣ ਲੱਗਾ ਭਾਵ ਮਰਨ ਲੱਗਾ, ਤਦ ਉਸ ਨੇ ਆਪਣੀ ਰਾਜ-ਗੱਦੀ ਆਪਣੇ ਪੁੱਤਰ 'ਬਹਿਮਨ' ਦੇ ਹਵਾਲੇ ਕੀਤੀ।।੩।।

## ਅਜ਼ਾਂ ਦੁਖ਼ਤਰੇ ਹਮ ਚੁ ਪਰਰੇ ਹੁਮਾਇ।।
## ਕਿ ਹੁਸਨਲ ਜਮਾਲ ਅਸਤ ਦੌਲਤ ਫ਼ਿਜ਼ਾਇ।।੪।।

ਅਜ਼ਾਂ = ਉਸ ਦੀ। ਦੁਖਤਰੇ = ਲੜਕੀ। ਹਮਚੁ = ਵਾਂਗੂੰ। ਪਰਰੇ ਹੁਮਾਇ = ਹੁਮਾਂ ਪੰਛੀ। ਚੁ = ਜਿਸ ਦਾ। ਹੁਸਨਲ ਜਮਾਲ ਅਸਤ = ਬਹੁਤ ਸੁੰਦਰ ਰੂਪ। ਫਜ਼ਾਇ = ਉੱਤਮ ਭਾਗਾਂ ਵਾਲੀ।

ਉਸ (ਬਹਿਮਨ) ਦੀ ਇਕ ਲੜਕੀ ਹੁਮਾਂ ਪੰਛੀ ਵਰਗੀ ਸੀ, ਜਿਸ ਦਾ ਰੂਪ ਬਹੁਤ ਸੁੰਦਰ ਸੀ ਤੇ ਜੋ ਉੱਤਮ ਭਾਗਾਂ ਦੀ ਮਾਲਕ ਸੀ।।੪।।

## ਚੁ ਬਹਮਨ ਸ਼ਹ ਅਜ਼ ਈਂ ਜਹਾਂ ਬੁਰਦ ਰਖ਼ਤ।।
## ਬ ਦੁਖ਼ਤਰ ਸਪੁਰਦੰਦ ਆਂ ਤਾਜ ਤਖਤ।।੫।।

ਚੁ = ਜਦੋਂ। ਅਜ਼ ਈਂ = ਇਸ। ਬੁਰਦ = ਲੈ ਗਿਆ। ਰਖ਼ਤ = ਸਾਮਾਨ।

ਜਦੋਂ ਉਹ ਬਹਿਮਨ ਰਾਜਾ ਇਸ ਸੰਸਾਰ ਤੋਂ ਆਪਣਾ ਪ੍ਰਾਣਾਂ ਰੂਪੀ ਸਮਾਨ ਲੈ ਕੇ ਤੁਰਨ ਲੱਗਾ ਤਾਂ ਉਸ ਨੇ ਆਪਣਾ ਤਾਜ ਤੇ ਤਖਤ ਆਪਣੀ ਲੜਕੀ ਦੇ ਸਪੁਰਦ ਕਰ ਦਿੱਤਾ।।੫।।

## ਨਸ਼ਸਤੰਦ ਬਰ ਤਖ਼ਤ ਰੂਮੀ ਹੁਮਾਇ।।
## ਕਿ ਬੁਸਤਾਂ ਬਹਾਰ ਅਸਤ ਸੂਰਤ ਫ਼ਿਜ਼ਾਇ।।੬।।

ਨਸ਼ਸਤੰਦ = ਬੈਠੀ। ਬਰ = ਉਪਰ। ਰੂਮੀ = ਰੂਮ ਦੇਸ਼। ਬੁਸਤਾਂ = ਬਾਗ। ਬਹਾਰ = ਬਸੰਤ ਰੁਤ। ਫ਼ਿਜਾਇ = ਵਧਾਉਣ ਵਾਲੀ। ਸੂਰਤ = ਸੁੰਦਰਤਾ।

ਹੁਮਾ ਪੰਛੀ ਵਾਂਗੂੰ ਉਹ ਸੁੰਦਰ ਲੜਕੀ ਰੂਮ ਦੇਸ਼ ਦੇ ਤਖਤ ਤੇ ਬੈਠੀ। ਉਹ ਬਸੰਤ ਰੁਤ

ਦੀ ਫੁਲਵਾੜੀ ਵਾਂਗੂੰ ਖਿੜੀ ਹੋਈ ਸੀ ਤੇ ਸੁੰਦਰਤਾ ਨੂੰ ਵਧਾਉਣ ਵਾਲੀ ਸੀ।।੬।।

**ਚੁ ਬੁਗਜ਼ਸ਼ਤ ਬਰ ਵੈ ਜ਼ਿ ਦਹ ਸਾਲ ਚਾਰ।**
**ਕਿ ਪੈਦਾ ਸ਼ੁਦਹ ਸਬਜ਼ਹੇ ਨੌ ਬਹਾਰ।।੭।।**

ਚੁ = ਜਦੋਂ। ਬੁਗਜ਼ਸ਼ਤ = ਬੀਤੇ। ਬਰ = ਉਪਰ। ਵੈ = ਉਸ। ਦਹ ਸਾਲ ਚਾਰ = ਚੌਦਾਂ ਸਾਲ। ਸਬਜ਼ਹੇ = ਹਰਿਆਵਲ। ਨੌ ਬਹਾਰ = ਨਵੀਂ ਰੁੱਤ।

ਜਦੋਂ ਉਸ ਲੜਕੀ ਉਪਰੋਂ ਚੌਦਾਂ ਸਾਲ ਬੀਤੇ ਭਾਵ ਉਹ ਚੌਦਾਂ ਸਾਲਾਂ ਦੀ ਹੋ ਗਈ ਤਾਂ ਉਸ ਦੇ ਸਰੀਰ ਵਿਚ ਨਵੀਂ ਰੁੱਤ ਦੀ ਹਰਿਆਵਲ ਪੈਦਾ ਹੋਈ ਅਰਥਾਤ ਉਸ ਤੇ ਭਰ ਜੁਆਨੀ ਦਾ ਸਮਾਂ ਆ ਗਿਆ।।੭।।

**ਬਹਾਰੇ ਜਵਾਨੀ ਬਨਉਬਤ ਰਸੀਦ।।**
**ਚੁ ਬੁਸਤਾਂ ਗੁਲੇ ਸੁਰਖ਼ ਬੇਰੂੰ ਕਸ਼ੀਦ।।੮।।**

ਬਹਾਰੇ ਜਵਾਨੀ = ਜੁਆਨੀ ਦੀ ਬਹਾਰ। ਬਨਉਬਤ = ਦਸ਼ਾ। ਰਸੀਦ = ਪਹੁੰਚੀ। ਬੁਸਤਾਂ = ਬਾਗ। ਗੁਲੇ ਸੁਰਖ਼ = ਲਾਲ ਫੂਲ। ਕਸ਼ੀਦ = ਨਿਕਲਦਾ ਹੈ।

ਜਦੋਂ ਉਹ ਲੜਕੀ ਜੋਬਨ ਦੀ ਬਹਾਰ ਵਿਚ ਪਹੁੰਚੀ ਭਾਵ ਜਵਾਨ ਹੋ ਗਈ ਤਾਂ ਉਸਦਾ ਰੂਪ ਇਉਂ ਨਿਖਰਿਆ ਜਿਸ ਤਰ੍ਹਾਂ ਬਸੰਤ ਰੁਤ ਦੇ ਲਾਲ ਫੂਲ ਬਾਗ ਵਿਚ ਖਿੜਦੇ ਹਨ।।੮।।

**ਬ ਹੁਸਨ ਆਮਦਸ਼ ਤੂਤੀਏ ਨਉ ਬਹਾਰ।।**
**ਚੁ ਮਾਹੇ ਕਿ ਬਰ ਖ਼ੁਦ ਕੁਨਦ ਨਉ ਬਹਾਰ।।੯।।**

ਆਮਦਸ਼ = ਆਈ। ਮਾਹੇ = ਚੰਦ੍ਰਮਾਂ। ਕੁਨਦ = ਕਰਦਾ ਹੈ।

ਉਸ ਦੀ ਸੁੰਦਰਤਾ ਤੇ ਇਉਂ ਬਹਾਰ ਆਈ ਜਿਵੇਂ ਬਸੰਤ ਰੁਤ ਵਿਚ ਕੋਮਲ ਪੱਤੇ ਨਿਕਲਦੇ ਹਨ। ਉਸ ਦਾ ਰੂਪ ਇਉਂ ਪ੍ਰਕਾਸ਼ਵਾਨ ਹੋ ਗਿਆ ਜਿਵੇਂ ਪੂਰਨਮਾਸ਼ੀ ਦਾ ਚੰਦਰਮਾਂ ਪ੍ਰਕਾਸ਼ ਵਾਲਾ ਹੁੰਦਾ ਹੈ।।੯।।

**ਮਿਜ਼ਾਜ਼ਸ ਜ਼ਿ ਤਿਫਲੀ ਬਿਰੂੰ ਦਰ ਰਸ਼ੀਦ।।**
**ਜਵਾਨੀ ਜ਼ਿ ਆਗਾਜ਼ ਬਰਵੈ ਕਸ਼ੀਦ।।੧੦।।**

ਮਿਜ਼ਾਜ਼ਸ = ਸੁਭਾਅ। ਤਿਫਲੀ = ਬਚਪਨ। ਆਗਾਜ਼ = ਆਰੰਭ। ਬਰਵੈ = ਉਸ ਉਪਰ। ਕਸ਼ੀਦ = ਖਿੱਚਿਆ।

ਉਸ ਦੇ ਸੁਭਾਅ ਵਿਚੋਂ ਬਚਪਨ ਵਾਲੀ ਚੰਚਲਤਾ ਜਾਂਦੀ ਰਹੀ। ਜਵਾਨੀ ਦੇ ਆਰੰਭ ਦਾ ਨਕਸ਼ਾ ਉਸ ਤੇ ਖਿਚਿਆ ਗਿਆ। ਭਾਵ ਜਵਾਨੀ ਦੇ ਚਿੰਨ੍ਹ ਉਸ ਦੇ ਹਰ ਇਕ ਅੰਗ ਵਿਚੋਂ ਪ੍ਰਗਟ

Namdhari Elibrary NamdhariElibrary@gmail.com

ਹੋਣ ਲੱਗ ਪਏ॥੧੦॥

## ਵਿਦਾ ਸ਼ੁਦ ਅਜ਼ੋ ਹਾਲਿ ਤਿਫਲੀ ਮਿਜ਼ਾਜ਼॥
## ਬਹਾਰੇ ਜਵਾਨੀ ਦਰਾਮਦ ਬੁਬਾਜ਼॥੧੧॥

ਵਿਦਾ ਸ਼ੁਦ = ਦੂਰ ਹੋਈ। ਹਾਲਿ = ਦਸ਼ਾ। ਤਿਫਲੀ ਮਿਜ਼ਾਜ਼ = ਬਚਪਨ ਦਾ ਚੰਚਲ ਸੁਭਾਅ। ਬੁਬਾਜ਼ = ਫਿਰ।

ਉਸ ਦਾ ਬਚਪਨ ਵਾਲਾ ਚੰਚਲ ਸੁਭਾਅ ਖਤਮ ਹੋ ਗਿਆ ਤੇ ਫਿਰ ਜਵਾਨੀ ਦੀ ਬਹਾਰ ਉਸ ਤੇ ਆ ਗਈ॥੧੧॥

## ਕਿ ਬਿਨਸ਼ਸਤ ਬਰ ਤਖ਼ਤਿ ਸ਼ਾਹਨਸ਼ਹੀ॥
## ਬਕਲਮ ਅੰਦਰ ਆਵੇਖਤ ਕਾਗਜ਼ ਮਹੀ॥੧੨॥

ਕਿ = ਜਦੋਂ। ਬਿਨਸ਼ਸਤ = ਬੈਠੀ। ਬਰ ਤਖ਼ਤਿ = ਰਾਜ ਸਿੰਘਾਸਣ ਉਤੇ। ਆਵੇਖਤ = ਲਟਕਾਇਆ। ਮਹੀ = ਸਰਦਾਰੀ ਦਾ।

ਜਦੋਂ ਉਹ ਲੜਕੀ ਬਾਦਸ਼ਾਹੀ ਤਖਤ ਉੱਤੇ ਬੈਠੀ, ਤਦ ਉਹ ਕਲਮ ਨਾਲ ਉਸ ਕਾਗਜ਼ ਉੱਤੇ ਆਪਣੀ ਸਰਦਾਰੀ ਦੇ ਫੁਰਮਾਨ ਲਿਖਣ ਲਗੀ, ਜਿਹੜਾ ਕਾਗਜ਼ ਕਿ ਦਰਬਾਰ ਵਿਚ ਲਟਕਾਇਆ ਹੋਇਆ ਸੀ॥੧੨॥

## ਨਜ਼ਰ ਕਰਦ ਬਰ ਬਚਹ ਗੌਹਰ ਨਿਗਾਰ॥
## ਕਿ ਬੁਰਦ ਅੰਦਰੂੰਨ ਸ਼ਬ ਵਕਤੇ ਗੁਬਾਰ॥੧੩॥

ਨਜ਼ਰ ਕਰਦ = ਵੇਖਿਆ। ਬਚਾ = ਬੱਚਾ। ਗੌਹਰ ਨਿਗਾਰ = ਜਵਾਹਰੀ। ਬੁਰਦ = ਲੈ ਗਈ। ਗੁਬਾਰ = ਅੰਨ੍ਹੇਰਾ।

ਉਸ ਦੀ ਨਜ਼ਰ ਇਕ ਜੌਹਰੀ ਦੇ ਪੁੱਤਰ ਉੱਤੇ ਪਈ ਤੇ ਉਹ ਉਸ ਤੇ ਆਸ਼ਕ ਹੋ ਗਈ। ਫਿਰ ਉਸ ਲੜਕੇ ਨੂੰ ਉਹ ਰਾਤ ਦੇ ਅੰਨ੍ਹੇਰੇ ਵਿਚ ਆਪਣੇ ਮਹੱਲ ਅੰਦਰ ਲੈ ਗਈ॥੧੩॥

## ਬਿਆਵੇਖਤ ਬਾ ਓ ਦੁ ਸੇ ਚਾਰ ਮਾਹ॥
## ਕਿ ਸ਼ਿਕਮਸ਼ ਫਰੇਮਾਂਦ ਅਜ਼ ਤੁਖ਼ਮਿ ਸ਼ਾਹ॥੧੪॥

ਬਿਆਵੇਖਤ = ਲਿਪਟੀ ਰਹੀ, ਲੱਗੀ ਰਹੀ। ਦੁ ਸੇ ਚਾਰ ਮਾਹ = ਦੋ ਤਿੰਨ ਚਾਰ ਮਹੀਨੇ। ਸ਼ਿਕਮਸ਼ = ਢਿਡ, ਗਰਭ। ਫਰੇਮਾਂਦ = ਠਹਿਰ ਗਿਆ। ਤੁਖ਼ਮਿ = ਬੀਰਜ। ਸ਼ਾਹ = ਸ਼ਾਹੂਕਾਰ।

(ਉਹ ਲੜਕੀ) ਦੋ ਚਾਰ ਮਹੀਨੇ (ਉਸ ਨੌਜਵਾਨ ਸ਼ਾਹੂਕਾਰ) ਨਾਲ ਰਚੀ ਮਿਚੀ ਰਹੀ ਭਾਵ ਰੰਗ ਰਲੀਆਂ ਮਾਣਦੀ ਰਹੀ, ਫਿਰ ਉਹ ਸ਼ਾਹੂਕਾਰ ਦੇ ਵੀਰਜ ਤੋਂ ਉਸ ਨੂੰ ਗਰਭ ਹੋ ਗਿਆ॥੧੪॥

**ਚੁ ਨਹ ਮਾਹ ਗਸ਼ਤਹ ਬ ਆਂ ਬਿਸਤਨੀ।।**
**ਬ ਕਸ਼ਿਸ਼ ਦਰਾਮਦ ਰਗੇ ਖੁਸ਼ਤਨੀ।।੧੫।।**

ਨਹ ਮਾਹ = ਨੌਂ ਮਹੀਨੇ। ਗਸ਼ਤਹ = ਗੁਜ਼ਰ ਗਏ। ਬਿਸਤਨੀ = ਹਮਲ। ਕੱਸ਼ਿਸ਼ = ਖਿੱਚ। ਰਗੇ = ਨਾੜੀ। ਖੁਸ਼ਤਨੀ = ਸੁੰਦਰ ਰੂਪ ਵਾਲੀ।

ਜਦੋਂ ਹਮਲ ਠਹਿਰਿਆ ਨੌਂ ਮਹੀਨੇ ਬੀਤ ਗਏ, ਤਦ ਉਸ ਸੁੰਦਰੀ ਦੀ ਪ੍ਰਸੂਤਾ ਨਾੜੀ ਖਿੱਚ ਵਿਚ ਆਈ।।੧੫।।

**ਤਵੱਲੁਦ ਸ਼ੁਦਸ ਕੋਦਕੇ ਸ਼ੀਰ ਖ਼ਾਰ।।**
**ਕਿ ਖ਼ੁਦ ਸ਼ਹਿ ਵ ਸ਼ਾਹ ਅਫ਼ਕੁਨੋ ਨਾਮਦਾਰ।।੧੬।।**

ਤਵੱਲੁਦ ਸ਼ੁਦਸ = ਪੈਦਾ ਹੋਇਆ। ਕੋਦਕੇ = ਲੜਕਾ। ਸ਼ੀਰ ਖ਼ਾਰ = ਦੁੱਧ ਪੀਣ ਵਾਲਾ। ਅਫ਼ਕੁਨੋ = ਢਾਹੁਣ ਵਾਲਾ। ਨਾਮਦਾਰ = ਪ੍ਰਸਿੱਧ।

(ਫਿਰ) ਦੁਧ ਪੀਣ ਵਾਲਾ (ਇਕ) ਪੁਤਰ ਪੈਦਾ ਹੋਇਆ, ਜੋ ਆਪ ਬਾਦਸ਼ਾਹ ਹੈ ਤੇ ਬਾਦਸ਼ਾਹਾਂ ਨੂੰ ਢਾਹੁਣ ਵਾਲਿਆਂ (ਦੁਸ਼ਮਨਾਂ) ਵਿਚ ਪ੍ਰਸਿੱਧ ਹੋ ਗਿਆ।।੧੬।।

**ਕਿ ਜ਼ਾਹਰ ਨ ਕਰਦੰਦ ਸਿਰਰੇ ਜਹਾਂ।।**
**ਬ ਸੰਦੂਕ ਓਰਾ ਨਿਗਹ ਦਾਸ਼ਤ ਆਂ।।੧੭।।**

ਜ਼ਾਹਰ = ਪ੍ਰਗਟ।ਨ ਕਰਦੰਦ = ਨਾ ਕੀਤਾ।ਸਿਰਰੇ = ਭੇਦ।ਓਰਾ = ਉਸ ਨੂੰ।ਨਿਗਾਹ = ਨਜ਼ਰ। ਦਾਸ਼ਤ = ਰਖਿਆ।

(ਉਸ ਲੜਕੀ ਨੇ ਉਸ ਲੜਕੇ ਦੇ ਜੰਮਣ ਦਾ) ਭੇਦ ਸੰਸਾਰ ਵਿਚ ਪ੍ਰਗਟ ਨਾ ਕੀਤਾ। ਉਸ ਨੂੰ ਇਕ ਸੰਦੂਕ ਵਿਖੇ ਰੱਖ ਕੇ ਨਜ਼ਰ ਵਿਚ ਰੱਖਿਆ ਭਾਵ ਉਸ ਨੂੰ ਬੜੀ ਸੰਭਾਲ ਨਾਲ ਇਕ ਸੰਦੂਕ ਵਿਚ ਬੰਦ ਕਰ ਦਿੱਤਾ।।੧੭।।

**ਜ਼ਿ ਮੁਸ਼ਕੋ ਫਿਤਰ ਅੰਬਰ ਆਵੇਖ਼ਤੰਦ।।**
**ਬਰੋ ਊਦ ਅਜ਼ ਜ਼ਾਫਰਾਂ ਰੇਖ਼ਤੰਦ।।੧੮।।**

ਮੁਸ਼ਕੋ = ਕਸਤੂਰੀ। ਅੰਬਰ = ਮੁਸ਼ਕੰਬਰ। ਆਵੇਖਤੰਦ = ਲੇਪ ਕੀਤਾ। ਊਦ = ਇਕ। ਸੁਗੰਧੀ ਵਾਲੀ ਲਕੜ। ਜ਼ਾਫਰਾਂ = ਕੇਸਰ। ਰੇਖਤੰਦ = ਛਿੜਕਿਆ।

(ਉਸ ਨੇ ਉਸ ਲੜਕੇ ਉਪਰ) ਕਸਤੂਰੀ, ਅਤਰ ਤੇ ਮੁਸ਼ਕੰਬਰ ਦਾ ਲੇਪ ਕੀਤਾ। ਕੇਸਰ ਤੇ ਊਦ ਨੂੰ ਰੱਗੜਕੇ ਉਸ ਉੱਤੇ ਛਿੜਕਿਆ।।੧੮।।

**ਬਦਸਤ ਅੰਦਰੂੰ ਦਾਸ਼ਤ ਓ ਰਾ ਅਕੀਕ।।**

Namdhari Elibrary NamdhariElibrary@gmail.com

************************************************************

**ਰਵਾਂ ਕਰਦ ਸੰਦੂਕ ਦਰਯਾ ਅਮੀਕ॥੧੯॥**

ਦਸਤ = ਹੱਥ। ਅੰਦਰੂੰ = ਵਿਚ। ਦਾਸ਼ਤ = ਰਖਿਆ। ਅਕੀਕ = ਹੀਰਾ। ਅਮੀਕ = ਡੂੰਘਾ।

(ਫਿਰ ਉਸ ਨੇ ਉਸ ਲੜਕੇ ਦੇ) ਹੱਥ ਵਿਚ ਇਕ ਹੀਰਾ ਰਖਿਆ ਤੇ ਉਸ ਸੰਦੂਕ ਨੂੰ ਡੂੰਘੇ ਦਰਿਆ ਵਿਚ ਰੋੜ੍ਹ ਦਿੱਤਾ॥੧੯॥

**ਰਵਾਂ ਕਰਦ ਓ ਰਾ ਕੁਨਦ ਜਾਮਹ ਚਾਕ॥**
**ਨਜ਼ਰ ਦਾਸ਼ਤ ਬਰੁ ਸ਼ੁਕਰ ਯਜ਼ਦਾਨ ਪਾਕ॥੨੦॥**

ਰਵਾਂ = ਰਵਾਨਾ। ਕਰਦ = ਕਰਕੇ। ਕੁਨਦ = ਕੀਤਾ। ਜਾਮਹ = ਕਪੜਾ, ਚੰਗਾ। ਚਾਕ = ਲੀਰੋ ਲੀਰ। ਦਾਸ਼ਤ = ਰਖੀ। ਯਜ਼ਦਾਨ ਪਾਕ = ਪਵਿੱਤਰ ਪਰਮਾਤਮਾ।

(ਉਸ ਸੰਦੂਕ ਨੂੰ) ਰੋੜ੍ਹ ਕੇ ਉਸ ਨੇ ਇਸ ਦੁਖ ਨਾਲ ਆਪਣਾ ਚੋਗਾ ਲੀਰੋ ਲੀਰ ਕਰ ਦਿੱਤਾ ਤੇ ਉਸ ਪਰਮ ਪਵਿੱਤ੍ਰ ਪ੍ਰਭੂ ਦਾ ਧਿਆਨ ਧਰਿਆ॥੨੦॥

**ਨਸ਼ਸਤੰਦ ਬਰ ਰੋਦ ਲਬੇ ਗਾਜ਼ਰਾਂ॥**
**ਨਜ਼ਰ ਕਰਦ ਸੰਦੂਕ ਦਰੀਯਾ ਰਵਾਂ॥੨੧॥**

ਨਸ਼ਸਤੰਦ = ਬੈਠੇ। ਰੋਦ = ਦਰਿਆ। ਲਬੇ = ਕੰਢੇ। ਗਾਜ਼ਰਾਂ = ਧੋਬੀ। ਨਜ਼ਰ ਕਰਦ = ਵੇਖਿਆ।

ਦਰਿਆ ਕੇ ਕੰਢੇ ਤੇ ਧੋਬੀ ਬੈਠੇ ਸਨ। ਉਹਨਾਂ ਨੇ ਦਰਿਆ ਵਿਚ ਰੁੜ੍ਹਿਆ ਆ ਰਿਹਾ ਸੰਦੂਕ ਵੇਖਿਆ॥੨੧॥

**ਹਮੀਂ ਖ਼ਾਸਤ ਕਿ ਓ ਰਾ ਬਦਸਤ ਆਵਰੰਦ॥**
**ਕਿ ਸੰਦੂਕ ਬਸਤਹ ਸ਼ਿਕਸਤ ਆਵਰੰਦ॥੨੨॥**

ਖਾਸਤ = ਚਾਹਿਆ। ਓਰਾ = ਉਸ ਨੂੰ। ਦਸਤ = ਹੱਥ। ਆਵਰੰਦ = ਲਿਆਈਏ। ਬਸਤਹ = ਬੰਦ ਕੀਤੇ। ਸ਼ਿਕਸਤ ਆਵਰੰਦ = ਤੋੜ ਦੇਈਏ।

(ਉਹਨਾਂ ਧੋਬੀਆਂ ਨੇ) ਚਾਹਿਆ ਕਿ ਉਸ ਸੰਦੂਕ ਨੂੰ ਹੱਥ ਵਿਚ ਲਿਆਈਏ ਭਾਵ ਫੜ ਲਈਏ ਤੇ ਉਸ ਸੰਦੂਕ ਤੇ ਬੰਦ ਕੀਤੇ (ਜੰਦਰੇ) ਤੋੜ ਸੁਟੀਏ॥੨੨॥

**ਚੁ ਬਾਜ਼ੂ ਬਕੋਸ਼ਸ਼ ਦਰਾਮਦ ਅਜ਼ਾਂ॥**
**ਬ ਦਸਤੰ ਬਰਾਮਦ ਮਤਾਏ ਗਿਰਾਂ॥੨੩॥**

ਚੁ = ਜਦੋਂ। ਬਾਜ਼ੂ = ਬਾਹਾਂ। ਬਕੋਸ਼ਸ਼ = ਯਤਨ ਨਾਲ। ਦਰਾਮਦ = ਲਿਆਏ। ਮਤਾਏ = ਧਨ ਪਦਾਰਥ। ਗਿਰਾਂ = ਬਹੁਤ ਜ਼ਿਆਦਾ। ਬਰਾਮਦ = ਨਿਕਲਿਆ।

Namdhari Elibrary NamdhariElibrary@gmail.com

ਜਦੋਂ ਉਹਨਾਂ ਨੇ ਆਪਣੀਆਂ ਬਾਹਾਂ ਦੇ ਜ਼ੋਰ ਨਾਲ ਸੰਦੂਕ ਨੂੰ (ਨਦੀ ਤੋਂ) ਬਾਹਰ ਲਿਆਂਦਾ ਤਾਂ ਉਹਨਾਂ ਨੂੰ ਸੰਦੂਕ ਵਿਚੋਂ ਬਹੁਤ ਧਨ ਪਦਾਰਥ ਹੱਥ ਆਇਆ।।੨੩।।

**ਸ਼ਿਕਸਤੰਦ ਮੋਹਰਸ਼ ਬਰਾਏ ਮਤਾ।।**
**ਪਦੀਦ ਆਮਦਹ ਜ਼ਾਂ ਚੁ ਰਖ਼ਸ਼ਿੰਦਹ ਮਾਹ।।੨੪।।**

ਸ਼ਿਕਸਤੰਦ = ਤੋੜਿਆ। ਮੋਹਰਸ਼ = ਮੁਹਰ, ਜੰਦਰਾ। ਬਰਾਏ = ਵਾਸਤੇ। ਪਦੀਦ ਆਮਦਹ = ਪ੍ਰਗਟ ਹੋਇਆ। ਚੁ = ਵਾਂਗੂੰ। ਰਖਸ਼ਿੰਦਹ = ਪ੍ਰਕਾਸ। ਮਾਹ = ਚੰਦਰਮਾਂ।

(ਧੋਬੀਆਂ ਨੇ) ਧਨ ਪਦਾਰਥ ਲੈਣ ਵਾਸਤੇ ਉਸ ਦੀ ਸੀਲ ਮੁਹਰ (ਜੰਦਰਾ) ਤੋੜ ਦਿਤੀ, ਤਦ ਉਸ ਸੰਦੂਕ ਵਿਚੋਂ ਚੰਦ੍ਰਮਾਂ ਦੇ ਪ੍ਰਕਾਸ਼ ਵਾਲਾ (ਬਾਲਕ) ਪ੍ਰਗਟ ਹੋਇਆ।।੨੪।।

**ਵਜ਼ਾਂ ਗਾਜਬਾਂ ਖ਼ਾਨਹ ਕੋਦਕ ਚੁ ਨੇਸਤ।।**
**ਖ਼ੁਦਾ ਮਨ ਪਿਸਰ ਦਾਦ ਈਂ ਹਸਬ ਸ਼ੇਸਤ।।੨੫।।**

ਵਜ਼ਾਂ = ਉਸ। ਗਾਜ਼ਰਾਂ = ਧੋਬੀ। ਖ਼ਾਨਹ = ਘਰ। ਕੋਦਕ = ਲੜਕਾ। ਨੇਸਤ = ਨਹੀਂ ਹੈ। ਮਨ = ਮੈਨੂੰ। ਪਿਸਰ = ਪੁਤਰ। ਦਾਦ = ਦਿਤਾ ਹੈ। ਸ਼ੇਸਤ = ਬਹੁਤ ਹੈ।

ਇਸ ਧੋਬੀ ਦੇ ਘਰ ਕੋਈ ਲੜਕਾ ਨਹੀਂ ਸੀ। ਉਸ ਨੇ ਕਿਹਾ ਕਿ ਪ੍ਰਮਾਤਮਾ ਨੇ ਸਾਨੂੰ ਬਖਸ਼ਿਆ ਹੈ, ਸਾਡੇ ਲਈ ਇਹ ਬਹੁਤ (ਵਡੀ ਦਾਤ) ਹੈ।।੨੫।।

**ਬਿਯਾਵੁਰਦ ਓਰਾ ਗਿਰਿਫਤ ਆਂ ਅਕੀਕ।।**
**ਸ਼ੁਕਰ ਕਰਦ ਯਜ਼ਦਾਨ ਆਜ਼ਮ ਅਮੀਕ।।੨੬।।**

ਬਿਯਾਵੁਰਦ = ਲਿਆਂਦਾ। ਓਰਾ = ਉਸ ਨੂੰ। ਗਿਰਿਫਤ = ਫੜ ਕੇ। ਅਮੀਕ = ਡੂੰਘਾ।

ਉਸ ਧੋਬੀ ਨੇ ਪਾਣੀ ਵਿਚੋਂ ਸੰਦੂਕ ਨੂੰ ਬਾਹਰ ਲਿਆਂਦਾ ਤਾਂ ਉਸ ਵਿਚੋਂ ਉਸ ਨੂੰ ਪੁੱਤਰ ਤੇ ਹੀਰਾ ਮਿਲਿਆ। ਉਸ ਨੇ ਉਸ ਬੇਅੰਤ ਪਰਮਾਤਮਾ ਦਾ ਬਹੁਤ ਧੰਨਵਾਦ ਕੀਤਾ।।੨੬।।

**ਕੁਨਦ ਪਰਵਰਿਸ਼ਰਾ ਚੁ ਪਿਸਰੇ ਅਜ਼ੀਮ।।**
**ਬ ਯਾਦੇ ਖ਼ੁਦਾ ਕਿਬਲਹ ਕਾਬਹ ਕਰੀਮ।।੨੭।।**

ਕੁਨਦ = ਕੀਤੀ। ਪਰਵਰਿਸ਼ = ਪਾਲਣਾ। ਪਿਸਰੇ = ਪੁੱਤਰ। ਅਜ਼ੀਮ = ਵੱਡਾ। ਕਾਬਹ = ਮੱਕਾ।

ਉਸ ਧੋਬੀ ਨੇ ਉਸ ਪੁੱਤਰ ਦੀ ਪਾਲਣਾ ਬਹੁਤ ਪਿਆਰ ਨਾਲ ਕੀਤੀ ਅਤੇ ਉਸ ਕਿਰਪਾਲੂ ਰੱਬ ਅਤੇ ਮੱਕੇ ਦੀ ਯਾਦ ਨੂੰ ਦਿਲ ਵਿਚ ਵਸਾਇਆ।। ੨੭।।

**ਚੁ ਬੁਗਜ਼ਸ਼ਤ ਬਰ ਵੈ ਦੁ ਸੇ ਸਾਲ ਮਾਹ।।**

******************************************************

## ਕਜ਼ੋ ਦੁਖਤਰੇ ਖਾਨਹ ਆਵੁਰਦ ਸ਼ਾਹ।।੨੮।।

ਚੁ = ਜਦੋਂ। ਬੁਗਜ਼ਸ਼ਤ = ਬੀਤ ਗਏ। ਦੁ ਸੇ = ਤਿੰਨ। ਕਜ਼ੋ = ਉਸ। ਆਵੁਰਦ = ਲਿਆਈ।

ਜਦੋਂ ਇਸ ਗੱਲ ਨੂੰ ਦੋ ਤਿੰਨ ਸਾਲ ਤੇ ਕੁਛ ਮਹੀਨੇ ਬੀਤ ਗਏ ਤਾਂ ਉਸ ਧੋਬੀ ਦੀ ਧੀ (ਉਸ ਲੜਕੇ ਨੂੰ) ਬਾਦਸ਼ਾਹ ਦੇ ਘਰ ਲੈ ਆਈ।।੨੮।।

## ਨਜ਼ਰ ਕਰਦ ਬਰ ਵੈ ਹੁਮਾਏ ਅਜ਼ੀਮ।।
## ਬਯਾਦ ਆਮਦਸ਼ ਪਿਸਰ ਗਾਜ਼ਰ ਕਰੀਮ।।੨੯।।

ਨਜ਼ਰ ਕਰਦ = ਵੇਖਿਆ। ਹੁਮਾਏ ਅਜ਼ੀਮ = ਰਾਜਕੁਮਾਰੀ ਦਾ ਨਾਂ ਹੈ। ਪਿਸਰ = ਪੁੱਤਰ। ਗਾਜਰ = ਧੋਬੀ। ਕਰੀਮ = ਧੋਬੀ ਦੇ ਪੁੱਤਰ ਦਾ ਨਾਂ ਹੈ।

ਉਸ 'ਹੋਮਾਇ ਅਜ਼ੀਮ' (ਨਾਂ ਦੀ ਰਾਜਕੁਮਾਰੀ ਨੇ) ਉਸ ਧੋਬੀ ਦੇ 'ਕਰੀਮ' ਨਾਂ ਦੇ ਲੜਕੇ ਨੂੰ ਵੇਖਿਆ ਤਾਂ ਉਸ ਨੂੰ ਆਪਣਾ ਪੁੱਤਰ ਯਾਦ ਆ ਗਿਆ, (ਜਿਸ ਨੂੰ ਉਸ ਨੇ ਸੰਦੂਕ ਵਿਚ ਬੰਦ ਕਰਕੇ ਦਰਿਆ ਵਿਚ ਰੋੜ੍ਹਿਆ ਸੀ)।।੨੯।।

## ਬ ਪੁਰਸ਼ੀਦ ਓ ਰਾ ਕਿ ਏ ਨੇਕ ਜ਼ਨ।।
## ਕੁਜਾ ਯਾਫ਼ਤੀ ਪਿਸਰ ਖੁਸ਼ ਖੋਇ ਤਨ।।੩੦।।

ਪੁਰਸ਼ੀਦ = ਪੁਛਿਆ। ਏ ਨੇਕ ਜਨ = ਹੇ ਭਲੀ ਇਸਤ੍ਰੀ! ਕੁਜਾ = ਕਿਥੋਂ। ਯਾਫ਼ਤੀ = ਲਿਆ। ਖੁਸ਼ ਖੋਇ = ਚੰਗੇ ਸੁਭਾਅ ਵਾਲਾ। ਤਨ = ਸਰੀਰ।

ਉਸ ਨੇ ਉਸ ਧੋਬੀ ਦੀ ਧੀ ਨੂੰ ਪੁਛਿਆ ਕਿ ਹੇ ਭਲੀ ਇਸਤ੍ਰੀ! (ਭਾਵ ਲੜਕੀ)! ਇਹ ਚੰਗੇ ਸੁਭਾਅ ਵਾਲਾ ਤੇ ਸੋਹਣੇ ਸਰੀਰ ਵਾਲਾ ਲੜਕਾ ਤੁਹਾਨੂੰ ਕਿਥੋਂ ਮਿਲਿਆ ਹੈ?।।੩੦।।

## ਬਿਦਾਨੇਮ ਖਾਨੇਮ ਸ਼ਨਾਸੇਮ ਮਨ।।
## ਯਕੇ ਮਨ ਸ਼ਨਾਸ਼ਮ ਨ ਦੀਗਰ ਸੁਖਨ।।੩੧।।

ਬਿਦਾਨੇਮ = ਜਾਣੀ ਹਾਂ। ਖਾਨੇਮ = ਕਹਿੰਦੀ ਹਾਂ। ਸ਼ਨਾਸੇਮ = ਪਛਾਣਦੀ ਹਾਂ। ਯਕੇ ਮਨ = ਇਕੱ ਮੈਂ।

(ਉਹ ਆਪਣੇ ਮਨ ਵਿਚ ਕਹਿਣ ਲਗੀ) ਕਿ ਮੈਂ ਇਸ ਲੜਕੇ ਨੂੰ ਜਾਣਦੀ ਹਾਂ ਤੇ ਪਛਾਣਦੀ ਹਾਂ। ਇਕ ਮੈਂ ਹੀ ਇਸ ਗੱਲ (ਭੇਦ) ਨੂੰ ਜਾਣਦੀ ਹਾਂ, ਹੋਰ ਕਿਸੇ ਨੂੰ ਕੁਛ ਖਬਰ ਨਹੀਂ।।੩੧।।

## ਦਵੀਦੰਦ ਮਰਦਮ ਬੁਖਾਦੰਮ ਕਜ਼ੋ।।
## ਕਿ ਅਜ਼ ਖ਼ਾਨਹੇ ਗਾਜ਼ਰਾਨਸ਼ ਅਜ਼ੋ।।੩੨।।

ਦਵੀਦੰਦ = ਦੁੜਾਏ। ਮਰਦਮ = ਮਰਦ (ਨੌਕਰ)। ਬੁਖਾਦੰਮ = ਬੁਲਾਇਆ। ਗਾਜਰਾਨਸ਼ = ਧੋਬੀਆਂ। ਅਜ਼ੋ = ਉਹਨਾਂ।

ਉਸ ਨੇ ਆਪਣੇ ਨੌਕਰਾਂ ਨੂੰ ਭੇਜਿਆ ਤੇ ਧੋਬੀ ਨੂੰ ਉਸ ਦੇ ਘਰੋਂ ਬੁਲਾਇਆ॥੩੨॥

**ਬੁਖਾਦੰਦ ਓਰਾ ਬੁਬਸਤੰਦ ਬਖਤ॥**
**ਬਪੁਰਸ਼ੀਦ ਓਰਾ ਕਿ ਏ ਨੇਕ ਬਖ਼ਤ॥੩੩॥**

ਬਖਾਦੰਦ = ਬੁਲਾਇਆ। ਬੁਬਸਤੰਦ = ਬੰਨ੍ਹਿਆਂ। ਬਪੁਰਸ਼ੀਦ = ਪੁਛਿਆ। ਨੇਕ ਬਖਤ = ਚੰਗੇ ਭਾਗਾਂ ਵਾਲੇ।

(ਉਸ ਧੋਬੀ) ਨੂੰ ਬੁਲਾਕੇ ਸਖਤੀ ਨਾਲ ਉਸ ਨੂੰ ਬੰਨ੍ਹ ਲਿਆ ਤੇ ਕਿਹਾ–ਐ ਚੰਗੇ ਭਾਗਾਂ ਵਾਲੇ! (ਤੂੰ ਇਸ ਲੜਕੇ ਨੂੰ ਕਿਥੋ ਲਿਆ। ਸੱਚੋਂ ਸੱਚ ਦਸ)॥੩੩॥

**ਬਿਗੋਯਮ ਤੁਰਾ ਹਮ ਚੁ ਈਂ ਯਾਫਤਮ॥**
**ਨੁਮਾਯਮ ਬ ਤੋ ਹਾਲ ਚੂੰ ਸਾਖਤਮ॥੩੪॥**

ਬਿਗੋਯਮ = ਕਿਹਾ। ਤੁਰਾ = ਤੈਨੂੰ। ਹਮ ਚੁ ਈ = ਇਸ ਤਰ੍ਹਾਂ। ਯਾਫਤਮ = ਮਿਲਿਆ ਹੈ। ਨੁਮਾਯਮ = ਦਸਦਾ ਹਾਂ। ਹਾਲ = ਸਮਾਚਾਰ। ਸਾਖਤਮ = ਮੈਂ ਕੀਤਾ ਹੈ।

ਧੋਬੀ ਨੇ ਕਿਹਾ ਕਿ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਲੜਕਾ ਮੈਨੂੰ ਕਿਥੋ ਮਿਲਿਆ ਹੈ। ਇਸ ਦੇ ਮਿਲਣ ਦਾ ਸਾਰਾ ਸਮਾਚਾਰ ਮੈਂ ਤੁਹਾਨੂੰ ਦੱਸਦਾ ਹਾਂ॥੩੪॥

**ਕਿ ਸਾਲੇ ਫਲਾਂ ਮਾਹ ਦਰ ਵਕਤਿ ਸ਼ਾਮ॥**
**ਕਿ ਈਂ ਕਾਰ ਰਾ ਕਰਦਅਮ ਮਨ ਤਮਾਮ॥੩੫॥**

ਸਾਲੇ = ਸਾਲ। ਮਾਹ = ਮਹੀਨਾ। ਤਮਾਮ = ਸਾਰੇ।

(ਉਸ ਧੋਬੀ ਨੇ ਕਿਹਾ ਕਿ) ਫਲਾਣੇ ਵਰ੍ਹੇ ਤੇ ਫਲਾਣੇ ਮਹੀਨੇ ਸ਼ਾਮ ਦੇ ਵਕਤ ਮੈਂ ਇਸ ਸਾਰੇ ਕੰਮ ਨੂੰ ਕੀਤਾ ਸੀ॥੩੫॥

ਇਹ ਸੰਦੂਕ ਮੈਂ ਦਰਿਆ ਵਿਚ ਰੁੜ੍ਹਦਾ ਆਉਂਦਾ ਵੇਖਿਆ।

**ਗਿਰਿਫਤੇਮ ਸੰਦੂਕ ਦਰੀਯਾ ਅਮੀਕ॥**
**ਯਕੇ ਦਸਤ ਜ਼ੋ ਯਾਫਤਮ ਈਂ ਅਕੀਕ॥੩੬॥**

ਗਿਰਿਫਤੇਮ = ਫੜਿਆ। ਅਮੀਕ = ਡੂੰਘਾ। ਯਕੇ ਦਸਤ = ਇਕ ਹੱਥ। ਯਾਫਤਮ = ਮਿਲਿਆ। ਅਕੀਕ = ਹੀਰਾ।

(ਉਸ) ਸੰਦੂਕ ਨੂੰ ਮੈਂ ਡੂੰਘੇ ਦਰਿਆ ਵਿਚੋਂ ਫੜ ਲਿਆ। (ਸੰਦੂਕ ਵਿਚੋਂ ਇਹ ਲੜਕਾ ਮੈਨੂੰ ਮਿਲਿਆ ਤੇ ਇਸ ਦੇ) ਇਕ ਹੱਥ ਵਿਚੋਂ ਇਹ ਹੀਰਾ ਮੈਨੂੰ ਪ੍ਰਾਪਤ ਹੋਇਆ॥੩੬॥

******************************************************

**ਬਦੀਦੰਦ ਗਊਹਰਿ ਗਿਰਫਤੰਦ ਅਜ਼ਾਂ॥**
**ਸ਼ਨਾਸਦ ਕਿ ਈਂ ਪਿਸਰ ਹਸਤ ਆਂ ਹੁਮਾਂ॥੩੭॥**

ਬਦੀਦੰਦ = ਵੇਖਿਆ। ਗਊਹਰਿ = ਮੋਤੀ। (ਭਾਵ ਹੀਰਾ)। ਗਿਰਫਤੰਦ = ਫੜ ਲਿਆ। ਸ਼ਨਾਸਦ = ਪਛਾਣ ਲਿਆ। ਹਸਤ = ਹੈ।

(ਉਸ ਰਾਜਕੁਮਾਰੀ ਨੇ) ਉਹ ਹੀਰਾ ਫੜ ਲਿਆ ਤੇ ਵੇਖਿਆ ਤੇ ਉਸ ਨੇ ਜਾਣ ਲਿਆ ਕਿ ਇਹੋ ਮੇਰਾ ਪੁੱਤਰ ਹੈ। (ਜਿਸ ਨੂੰ ਮੈਂ ਦਰਿਆ ਵਿਚ ਰੋੜ ਦਿੱਤਾ ਸੀ)॥੩੭॥

**ਬਰੋ ਤਾਜ਼ਹ ਸ਼ੁਦ ਸ਼ੀਰ ਪਿਸਤਾਂ ਅਜ਼ੋ॥**
**ਬਿਜ਼ਦ ਸੀਨਹ ਖ਼ੁਦ ਹਰ ਦੋ ਦਸਤਾਂ ਅਜ਼ੋ॥੩੮॥**

ਤਾਜ਼ਹ ਸ਼ੁਦ = ਸਜਰਾ ਹੋ ਗਿਆ, ਭਾਵ ਵਗਣ ਲੱਗ ਪਿਆ। ਸ਼ੀਰ = ਦੁੱਧ। ਪਿਸਤਾਂ = ਥਣ। ਬਿਜ਼ਦ = ਰਖਿਆ। ਸੀਨਹ = ਛਾਤੀ। ਦੋ ਦਸਤਾਂ = ਦੋਵੇਂ ਹੱਥ।

(ਮੋਹ ਨਾਲ) ਉਸ ਦੇ ਥਣਾਂ ਵਿਚੋਂ ਦੁੱਧ ਵਗਣ ਲੱਗ ਪਿਆ। ਉਸ ਨੇ ਆਪਣੇ ਦੋਹਾਂ ਹੱਥਾਂ ਨੂੰ ਆਪਣੀ ਛਾਤੀ ਉਤੇ ਰੱਖ ਲਿਆ॥੩੮॥

**ਸ਼ਨਾਸਦ ਅਜ਼ੋ ਹਰ ਦੋ ਲਬ ਬਰ ਕੁਸ਼ਾਦ॥**
**ਕਿ ਜ਼ਾਹਰ ਨ ਕਰਦਸ਼ ਦਿਲ ਅੰਦਰ ਨਿਹਾਦ॥੩੯॥**

ਸ਼ਨਾਸਦ = ਪਛਾਣ। ਅਜ਼ੋ = ਉਸ ਨੂੰ। ਹਰ ਦੋ = ਦੋਵੇਂ। ਲਬ = ਹੋਂਠ। ਕੁਸ਼ਾਦ = ਖੋਲ੍ਹੇ। ਜ਼ਾਹਰ = ਪ੍ਰਗਟ। ਨਿਹਾਦ = ਰਖਿਆ।

(ਉਸ ਲੜਕੇ ਨੂੰ) ਪਛਾਣਕੇ ਉਸ ਨੇ ਦੋਵੇਂ ਹੋਂਠ ਖੋਲ੍ਹੇ (ਭਾਵ ਉਹ ਮੁਸਕਰਾ ਪਈ) ਪਰ ਉਸ ਨੇ (ਇਸ ਭੇਦ ਨੂੰ) ਪ੍ਰਗਟ ਨਾ ਕੀਤਾ, ਆਪਣੇ ਦਿਲ ਅੰਦਰ ਹੀ ਰਖਿਆ॥੩੯॥

**ਦਿਗਰ ਰੋਜ਼ ਰਫ਼ਤੰਦ ਜ਼ਊਜਹ ਫਲਾਂ॥**
**ਮਰਾ ਖ਼ਾਦ ਦਾਦਹ ਬਜ਼ੁਰਗੇ ਹੁਮਾਂ॥੪੦॥**

ਰਫ਼ਤੰਦ = ਗਈ। ਜ਼ਊਜਹ = ਇਸਤ੍ਰੀ। ਖ਼ਾਬ = ਸੁਫਨਾ। ਦਾਦਹ = ਦਿੱਤਾ।

ਦੂਜੇ ਦਿਨ (ਧੋਬੀ) ਦੀ ਇਸਤ੍ਰੀ ਗਈ (ਤੇ ਉਸ ਨੇ ਕਿਹਾ ਕਿ) ਮੈਨੂੰ ਇਕ ਬਜ਼ੁਰਗ ਪੀਰ ਨੇ ਸੁਪਨਾ ਦਿੱਤਾ ਹੈ ਭਾਵ ਉਸ ਪੀਰ ਨੇ ਮੈਨੂੰ ਸੁਪਨੇ ਵਿਚ ਕਿਹਾ ਹੈ॥੪੦॥

**ਤੁਰਾ ਮਨ ਕਿ ਫ਼ਰਜ਼ੰਦ ਬਖ਼ਸ਼ੀਦਹਆਮ॥**
**ਚਰਾਗ਼ੇ ਕਯਾਰਾ ਦਰਖਸ਼ੀਦਹਆਮ॥੪੧॥**

Namdhari Elibrary NamdhariElibrary@gmail.com

ਤੁਰਾ = ਤੈਨੂੰ। ਮਨ = ਮੈਂ। ਫ਼ਰਜ਼ੰਦ = ਪੁੱਤਰ। ਬਖਸ਼ੀਦਹਅਮ = ਬਖਸ਼ਿਆ ਹੈ। ਕਿਆਂ = ਕੈ ਖਾਨਦਾਨ। ਦਰਖਸ਼ੀਦਹਅਮ = ਰੌਸ਼ਨ ਕੀਤਾ ਹੈ।

ਤੈਨੂੰ ਜੋ ਮੈਂ ਲੜਕਾ ਬਖਸ਼ਿਆ ਹੈ, ਉਹ ਕਿਆਨ ਖਾਨਦਾਨ ਦਾ ਦੀਵਾ ਰੌਸ਼ਨ ਕੀਤਾ ਹੈ।।੪੧।।

ਭਾਵ - ਇਹ ਲੜਕਾ ਕਿਆਨ ਖਾਨਦਾਨ ਦਾ ਹੈ।

**ਜ਼ਿ ਗੰਜੋ ਜ਼ਰ ਸ਼ ਗਉਹਰੋ ਤਖ਼ਤ ਦਾਦ।।**
**ਵਜ਼ਾਂ ਪਿਸਰ ਰਾ ਖ਼ਾਨਹੇ ਖ਼ੁਦ ਨਿਹਾਦ।।੪੨।।**

ਗੰਜੋ = ਖਜ਼ਾਨਾ। ਜ਼ਰ = ਸੋਨਾ। ਗਉਹਰੋ = ਮੋਤੀ। ਦਾਦ = ਦਿੱਤਾ। ਪਿਸਰ = ਪੁੱਤਰ। ਨਿਹਾਦ = ਰਖਿਆ।

(ਉਸ ਲੜਕੇ ਨੂੰ) ਖਜ਼ਾਨਾ, ਸੋਨਾ, ਮੋਤੀ ਆਦਿ ਤੇ ਤਖਤ ਦੇ ਦਿੱਤਾ ਤੇ ਉਸ ਨੂੰ ਆਪਣੇ ਘਰ ਰਖ ਲਿਆ।।੪੨।।

**ਬ ਗੁਫ਼ਤਸ਼ ਕਿ ਈਂ ਰਾ ਜ਼ਿ ਦਰੀਯਾਫ਼ਤਮ।।**
**ਕਿ ਦਾਰਾਬ ਨਾਮਸ਼ ਅਜ਼ੋ ਸਾਖਤਮ।।੪੩।।**

ਬਿਗੁਫ਼ਤਸ਼ = ਕਿਹਾ। ਈਂ ਰਾ = ਇਸ। ਦਰੀਯਾਫ਼ਤਮ = ਦਰਿਆ ਵਿਚੋਂ ਲੱਭਾ ਹੈ। ਸਾਖਤਮ = ਰਖਿਆ ਹੈ।

ਫੇਰ ਉਸ ਨੇ ਵਜ਼ੀਰਾਂ ਨੂੰ ਕਿਹਾ ਕਿ ਮੈਂ ਇਸ ਲੜਕੇ ਨੂੰ ਦਰਿਆ ਵਿਚੋਂ ਪ੍ਰਾਪਤ ਕੀਤਾ ਹੈ ਇਸ ਲਈ ਮੈਂ ਇਸ ਦਾ ਨਾਂ 'ਦਾਰਾਬ' ਰਖਿਆ ਹੈ।।੪੩।।

**ਕਿ ਸ਼ਾਹੀ ਜਹਾਂ ਰਾ ਬਦੋ ਮੇ ਦਿਹੰਮ।।**
**ਵਜ਼ਾਂ ਤਾਜ ਇਕਬਾਲ ਬਰ ਸਰ ਨਿਹੰਮ।।੪੪।।**

ਸ਼ਾਹੀ = ਬਾਦਸ਼ਾਹੀ। ਜਹਾਂ = ਸੰਸਾਰ। ਬਦੋ = ਉਪਰ। ਦਿਹੰਮ = ਦਿੰਦੀ ਹਾਂ। ਵਜ਼ਾਂ = ਉਸ। ਤਾਜਿ = ਛੱਤ੍ਰ। ਇਕਬਾਲ = ਪ੍ਰਤਾਪ। ਨਿਹੰਮ = ਰੱਖਦੀ ਹਾਂ।

(ਉਸ ਨੇ ਕਿਹਾ ਕਿ ਮੈਂ) ਸੰਸਾਰ ਦੀ ਬਾਦਸ਼ਾਹੀ ਇਸ ਨੂੰ ਦੇਂਦੀ ਹਾਂ ਤੇ ਪ੍ਰਤਾਪ ਵਾਲਾ ਛੱਤ੍ਰ ਇਸ ਦੇ ਸਿਰ ਤੇ ਰੱਖਦੀ ਹਾਂ।।੪੪।।

**ਮਰਾ ਖੁਸ਼ਤਰ ਆਮਦ ਅਜ਼ਾਂ ਸੂਰਤਸ਼।।**
**ਕਿ ਹੁਸਨਲ ਜਮਾਲ ਅਸਤ ਖੁਸ਼ ਸੂਰਤਸ਼।।੪੫।।**

ਮਰਾ = ਮੈਨੂੰ। ਖੁਸ਼ਤਰ = ਪਿਆਰੀ। ਸੂਰਤਸ਼ = ਸ਼ਕਲ। ਹੁਸਨਲ = ਪ੍ਰਕਾਸ਼। ਜਮਾਲ = ਚਿਹਰਾ।

ਮੈਨੂੰ ਇਸ ਦੀ ਸ਼ਕਲ ਬੜੀ ਪਿਆਰੀ ਲੱਗਦੀ ਹੈ, ਇਸ ਦਾ ਚਿਹਰਾ ਬੜੇ ਪ੍ਰਕਾਸ਼ ਵਾਲਾ

Namdhari Elibrary NamdhariElibrary@gmail.com

ਤੇ ਸੁੰਦਰ ਹੈ॥੪੫॥

**ਕਿ ਅਜ਼ ਸ਼ਾਹਿ ਓ ਚੂੰ ਖ਼ਬਰ ਯਾਫਤਸ਼॥**
**ਕਿ ਦਾਰਾਬ ਨਾਮੇ ਮੁਕररा ਸੁਦਸ਼॥੪੬॥**

ਸ਼ਾਹਿ = ਬਾਦਸ਼ਾਹ। ਖ਼ਬਰ ਯਾਫਤਸ਼ = ਪਤਾ ਲਗਾ। ਮੁਕररा = ਨੀਅਤ। ਸੁਦਸ਼ = ਹੋਇਆ ਹੈ।

ਉਸ ਲੜਕੇ ਨੂੰ ਜਦੋਂ ਪਤਾ ਲਗਾ ਕਿ ਮੈਂ ਬਾਦਸ਼ਾਹ ਬਣ ਗਿਆ, ਹਾਂ ਤੇ ਮੇਰਾ ਨਾਂ 'ਦਾਰਾਬ' ਰਖਿਆ ਗਿਆ ਹੈ (ਤਾਂ ਉਹ ਬੜਾ ਪ੍ਰਸੰਨ ਹੋਇਆ)॥੪੬॥

**ਅਜ਼ਾਂ ਸ਼ੇਰ ਸ਼ੁਦ ਸ਼ਾਹਿ ਦਾਰਾਇ ਦੀਂ॥**
**ਹਕੀਕਤ ਸ਼ਨਾਸ ਅਸਤ ਐਨੁਲ ਯਕੀਂ॥੪੭॥**

ਸ਼ੇਰ = ਸੂਰਮਾ। ਦਾਰਾਇ = ਸਹਾਇਕ। ਦੀਂ = ਧਰਮ। ਹਕੀਕਤ = ਸੱਚ। ਸ਼ਨਾਸ = ਪਛਾਣ। ਐਨੁਲ = ਪੱਕਾ। ਯਕੀਂ = ਵਿਸ਼ਵਾਸ।

ਉਹ ਸੂਰਬੀਰ ਬਾਦਸ਼ਾਹ ਧਰਮ ਦਾ ਰਖਿਅਕ ਬਣਿਆਂ। ਉਹ ਸੱਚ ਨੂੰ ਪਛਾਨਣ ਵਾਲਾ ਤੇ ਪ੍ਰਭੂ ਤੇ ਅਟੱਲ ਭਰੋਸਾ ਰਖਣ ਵਾਲਾ ਹੋਇਆ॥੪੭॥

ਇਸ ਕਹਾਣੀ ਤੋਂ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਵੇਖ ਔਰੰਗਜ਼ੇਬ ! ਉਹ ਔਰਤ ਕਿੰਨੀ ਸਿਆਣੀ ਨਿਕਲੀ ਕਿ ਜਿਸ ਨੇ ਅਯੋਗ ਢੰਗ ਨਾਲ ਪੁੱਤਰ ਜਨਮਿਆਂ ਤੇ ਆਪਣਾ ਭੇਦ ਜ਼ਾਹਰ ਨਹੀਂ ਹੋਣ ਦਿੱਤਾ। ਆਪਣੀ ਬਾਦਸ਼ਾਹੀ ਵੀ ਉਸ ਨੇ ਆਪਣੀ ਅਕਲ ਨਾਲ ਬਚਾ ਲਈ ਤੇ ਆਪਣੇ ਪੁੱਤਰ ਨੂੰ ਵੀ ਪ੍ਰਾਪਤ ਕਰ ਲਿਆ। ਉਸ ਲੜਕੇ ਨੇ ਰਾਜ ਪ੍ਰਾਪਤ ਕਰਕੇ ਧਰਮ ਦਾ ਰਾਜ ਕੀਤਾ। ਪਰ ਤੂੰ ਐਸਾ ਨਾਲਾਇਕ ਹੈਂ ਕਿ ਸਲਤਨਤ ਨੂੰ ਜ਼ੁਲਮ ਕਰ ਕਰ ਕੇ ਨਸ਼ਟ ਕਰਨਾ ਚਾਹੁੰਦਾ ਹੈਂ। ਅਜੇ ਵੀ ਮੌਕਾ ਹੈ ਕਿ ਤੂੰ ਪਸ਼ਚਾਤਾਪ ਕਰਕੇ ਰੱਬ ਦੀ ਸ਼ਰਨ ਪੈ ਜਾ ਤੇ ਆਪ ਆਪਣੇ ਨੂੰ ਸਹੀ ਅਰਥਾ ਵਿਚ ਦੀਨਦਾਰ ਬਣਾ ਲੈ। ਇਹ ਸਿਖਿਆ ਦੇ ਕੇ ਸਤਿਗੁਰੂ ਜੀ ਆਪਣੇ ਗੁਰਦੇਵ ਅਗੇ ਬੇਨਤੀ ਕਰਦੇ ਹਨ:-

**ਬਿਦਿਹ ਸਾਕੀਯਾ ਸਾਗ਼ਰੇ ਸੁਰਖ਼ ਫ਼ਾਮ॥**
**ਕਿ ਮਾਰਾ ਬਕਾਰ ਅਸਤ ਵਕਤੇ ਮੁਦਾਮ॥੪੮॥**

ਬਿਦਿਹ = ਦਿਓ। ਸਾਕੀਯਾ = ਹੇ ਗੁਰਦੇਵ ! ਸਾਗ਼ਰੇ = ਪਿਆਲਾ। ਸੁਰਖ਼ = ਲਾਲ। ਫ਼ਾਮ = ਰੰਗ। ਮਾਰਾ = ਮੈਨੂੰ। ਬਕਾਰ ਅਸਤ = ਯੋਗ ਹੈ। ਮੁਦਾਮ = ਸਦਾ।

ਹੇ ਮੇਰੇ ਗੁਰਦੇਵ ! ਮੈਨੂੰ ਆਪਣੇ ਨਾਮ ਦਾ ਲਾਲ ਰੰਗ ਦਾ ਪਿਆਲਾ ਬਖਸ਼ੋ, ਜੋ ਸਦਾ ਹੀ ਮੈਨੂੰ ਲੋੜੀਂਦਾ ਹੈ॥੪੮॥

**ਬਿਦਿਹ ਪਿਯਾਲਹ ਫੇਰੋਜ਼ ਰੰਗੀਨ ਰੰਗ॥**

Namdhari Elibrary NamdhariElibrary@gmail.com

**ਕਿ ਮਾਰਾ ਖ਼ੁਸ਼ ਆਮਦ ਬਸੇ ਵਕਤਿ ਜੰਗ।।੪੯।।੭।।**

ਹੇ ਸਤਿਗੁਰੂ ਜੀ! ਮੈਨੂੰ ਫੀਰੋਜ਼ੀ ਰੰਗ ਦਾ ਪਿਆਲਾ ਬਖਸ਼ੋ, ਜੋ ਜੰਗ ਸਮੇਂ ਮੈਨੂੰ ਚੰਗਾ ਲੱਗਦਾ ਹੈ।।੪੯।।੭।।

ਭਾਵ-ਹੇ ਸਤਿਗੁਰੂ ਜੀ ! ਮੇਰੀ ਇਹੋ ਬੇਨਤੀ ਹੈ ਕਿ ਮੈਨੂੰ ਪ੍ਰਭੂ ਦੇ ਨਾਮ ਦੀ ਦਾਤ ਬਖਸ਼ੋ, ਤਾਂਕਿ ਮੈਂ ਕਾਮ, ਕ੍ਰੋਧ ਆਦਿਕ ਵੈਰੀਆਂ ਨਾਲ ਜੰਗ ਕਰ ਕੇ ਉਨ੍ਹਾਂ ਤੇ ਜਿੱਤ ਪ੍ਰਾਪਤ ਕਰਾਂ।

**ਹਿਕਾਯਤ ਸਤਵੀਂ ਸਮਾਪਤ।।**

✡ ✡ ✡ ✡ ✡ ✡

# ਹਿਕਾਯਤ ਅਠਵੀਂ

## ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

**ਖ਼ੁਦਾਵੰਦ ਬਖਸ਼ਿੰਦਹੇ ਦਿਲ ਕਰਾਰ।।**
**ਰਜ਼ਾ ਬਖਸ਼ ਰੋਜ਼ੀ ਦਿਹੋ ਨਉ ਬਹਾਰ।।੧।।**

ਖ਼ੁਦਾਵੰਦ = ਪ੍ਰਭੂ। ਬਖਸ਼ਿੰਦਹੇ = ਬਖਸ਼ਣਹਾਰ। ਕਰਾਰ = ਸ਼ਾਂਤੀ। ਰਜ਼ਾ = ਭਾਣਾ। ਨਉ ਬਹਾਰ = ਖੁਸ਼ੀਆਂ।

ਪ੍ਰਭੂ ਔਗੁਣਾਂ ਦਾ ਬਖਸ਼ਣਹਾਰ ਤੇ ਮਨ ਦੀ ਸ਼ਾਂਤੀ ਦੇਣ ਵਾਲਾ ਹੈ। ਭਾਣੇ ਵਿਚ ਰਹਿਣ ਦੀ ਸਮੱਰਥਾ ਬਖਸ਼ਣ ਵਾਲਾ ਅਤੇ ਰੋਜ਼ੀ ਦੇਣ ਵਾਲਾ ਤੇ ਖੁਸ਼ੀਆਂ ਦਾ ਦਾਤਾ ਹੈ।।੧।।

**ਕਿ ਮੀਰ ਅਸਤ ਪੀਰ ਅਸਤ ਹਰ ਦੋ ਜਹਾਂ।।**
**ਖੁਦਾਵੰਦ ਬਖਸ਼ਿੰਦਹ ਹਰ ਯਕ ਅਮਾਂ।।੨।।**

ਮੀਰ = ਬਾਦਸ਼ਾਹ। ਪੀਰ = ਗੁਰੂ। ਅਸਤ = ਹੈ। ਦੋ ਜਹਾਂ = ਦੋਹਾਂ ਲੋਕਾ ਦਾ। ਹਰ ਯਕ = ਹਰ ਇਕ। ਅਮਾਂ = ਰਖਿਆ, ਸੁਖ।

ਉਹ ਪ੍ਰਭੂ ਦੋਹਾਂ ਜਹਾਨਾਂ ਦਾ ਬਾਦਸ਼ਾਹ ਤੇ ਗੁਰੂ ਹੈ। ਹਰ ਜੀਵ ਨੂੰ ਦਾਤਾਂ ਦੇਣ ਵਾਲਾ ਤੇ ਸੁਖ ਬਖਸ਼ਣ ਵਾਲਾ ਹੈ।।੨।।

**ਹਿਕਾਯਤ ਸ਼ੁਨੀਦੇਮ ਸ਼ਾਹੇ ਅਜ਼ੀਮ।।**
**ਕਿ ਹੁਸਨਲ ਜਮਾਲ ਅਸਤੁ ਸਾਹਿਬ ਕਰੀਮ।।੩।।**

++++++++++++++++++++++++++++++++++++++++++++++++++++++++++++++

ਹਿਕਾਯਤ = ਕਹਾਣੀ।ਸ਼ੁਨੀਦੇਮ = ਸੁਣੀ ਹੈ।ਸ਼ਾਹੇ ਅਜ਼ੀਮ = 'ਅਜ਼ਮ' ਬਾਦਸ਼ਾਹ।ਕਰੀਮ = ਦਾਤ।

ਐ ਔਰੰਗਜ਼ੇਬ ! ਅਸੀ ਇਕ ਬਾਦਸ਼ਾਹ 'ਅਜ਼ਮ' ਦੀ ਕਹਾਣੀ ਸੁਣੀ ਹੈ, ਜੋ ਬਹੁਤ ਸੁੰਦਰ ਸਰੂਪ ਵਾਲਾ ਤੇ ਦਾਨੀ ਬਾਦਸ਼ਾਹ ਸੀ॥੩॥

**ਕਿ ਸੂਰਤ ਜਮਾਲ ਅਸਤੁ ਹੁਸਨਲ ਤਮਾਮ॥**
**ਹਮਹ ਰੋਜ਼ ਆਸਾਯਸ਼ੇ ਰੋਦ ਜਾਮ॥੪॥**

ਹਮਹ = ਸਾਰਾ। ਆਸਾਯਸ਼ੇ = ਆਰਾਮ। ਰੋਦ = ਰਾਗ। ਜਾਮ = ਪਿਆਲਾ।

ਉਸ ਬਾਦਸ਼ਾਹ ਦੀ ਸ਼ਕਲ ਬੜੀ ਤੇਜੱਸਵੀ ਤੇ ਸੁੰਦਰ ਸੀ। ਉਸ ਦਾ ਸਾਰਾ ਦਿਨ ਰਾਗ ਸੁਣਨ ਵਿਚ ਤੇ ਸ਼ਰਾਬ ਪੀਣ ਦੀਆਂ ਖੁਸ਼ੀਆਂ ਵਿਚ ਹੀ ਬੀਤਦਾ ਸੀ॥੪॥

**ਕਿ ਸਰਹੰਗ ਦਾਨਿਸ਼ ਜ਼ਿ ਫ਼ਰਜ਼ਾਨਗੀ॥**
**ਕਿ ਅਜ਼ ਮਸਲਿਹਤ ਮਉਜ ਮਰਦਾਨਗੀ॥੫॥**

ਸਰਹੰਗ = ਬਹਾਦਰ। ਦਾਨਿਸ਼ = ਅਕਲਮੰਦ। ਜ਼ਿ ਫ਼ਰਜ਼ਾਨਗੀ = ਵਡਿਆਈ। ਮਰਦਾਨਗੀ = ਸੂਰਮਤਾਈ।

ਉਹ ਬੜਾ ਬੁਧੀਵਾਨ, ਸੂਰਬੀਰ ਤੇ ਆਦਰਯੋਗ ਸੀ। ਉਸ ਦੇ ਸਰੀਰ ਤੇ ਸੂਰਮਤਾਈ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਸਨ॥੫॥

**ਵਜ਼ਾਂ ਬਾਨੂਏ ਹਮ ਚੁ ਮਾਰੇ ਜਵਾਂ॥**
**ਕਿ ਕੁਰਬਾਂ ਸ਼ਵਦ ਹਰਕਸੇ ਨਾਜ਼ਦਾਂ॥੬॥**

ਵਜ਼ਾਂ = ਉਸ ਦੀ। ਬਾਨੂਏ = ਇਸਤ੍ਰੀ। ਹਮ ਚੁ = ਵਾਂਗੂੰ। ਮਾਹੇ = ਚੰਦਰਮਾਂ। ਜਵਾਂ = ਜਵਾਨ। ਹਰਕਸੇ = ਹਰ ਇਕ। ਨਾਜ਼ਦਾਂ = ਸੁੰਦਰਤਾ ਨੂੰ ਜਾਣਨ ਵਾਲਾ।

ਉਸ ਬਾਦਸ਼ਾਹ ਦੀ ਔਰਤ ਪੂਰਨਮਾਸ਼ੀ ਦੇ ਚੰਦ੍ਰਮਾ ਵਰਗੀ ਰੂਪਵੰਤ ਸੀ। ਸੁੰਦਰਤਾ ਨੂੰ ਜਾਣਨ ਵਾਲਾ ਹਰ ਇਕ ਮਰਦ ਉਸ ਤੋਂ ਕੁਰਬਾਨ ਜਾਂਦਾ ਸੀ॥੬॥

**ਕਿ ਖੁਸ਼ ਰੰਗ ਖੁਸ਼ ਖੋਇ ਓ ਖੁਸ਼ ਜਮਾਲ॥**
**ਖੁਸ਼ ਆਵਾਜ਼ ਖੁਸ਼ ਖ੍ਵਾਰਗੀ ਖ਼ੁਸ਼ ਖਿਯਾਲ॥੭॥**

ਖੁਸ਼ = ਚੰਗਾ। ਖੋਇ = ਸੁਭਾਅ। ਜਮਾਲ = ਚਿਹਰਾ। ਖ੍ਵਾਰਗੀ = ਖਾਣਾ। ਖਿਯਾਲ = ਵਿਚਾਰ।

ਉਹ ਇਸਤਰੀ ਸੁੰਦਰ ਸਰੂਪ, ਖੁਸ਼ਦਿਲ ਅਤੇ ਖੇੜਿਆਂ ਭਰੇ ਮੁਖੜੇ ਵਾਲੀ ਸੀ। ਉਸ ਦੀ ਆਵਾਜ਼ ਮਿੱਠੀ, ਉਸਦਾ ਖਾਣ ਪੀਣ ਸਵੱਛ ਅਤੇ ਵਿਚਾਰ ਉੱਤਮ ਸਨ॥੭॥

ਬ ਦੀਦਨ ਕਿ ਖ਼ੁਸ਼ ਖੋਇ ਖ਼ੂਬੀ ਜਹਾਂ॥
ਜ਼ਿ ਹਰਫ਼ਾਤ ਕਰਦਨ ਖ਼ੁਸ਼ੇ ਖ਼ੁਸ਼ ਜ਼ੁਬਾਂ॥੮॥

ਬ ਦੀਦਨ = ਵੇਖਣਾ। ਖ਼ੂਬੀ = ਭਲਿਆਈ। ਹਰਫ਼ਾਤ ਕਰਦਨ = ਗਲ ਬਾਤ ਕਰਨ। ਖ਼ੁਸ਼ = ਚੰਗੀ। ਖ਼ੁਸ਼ ਜ਼ੁਬਾਂ = ਮਿੱਠੀ ਜ਼ਬਾਨ।

ਉਹ ਵੇਖਣ ਵਿਚ ਬੜੀ ਸੁੰਦਰ, ਚੰਗੇ ਸੁਭਾਅ ਵਾਲੀ ਤੇ ਸੰਸਾਰ ਵਿਚ ਸੋਹਣੀ ਸੀ। ਗੱਲ ਬਾਤ ਕਰਨ ਵਿਚ ਚੰਗੀ ਸਿਆਣੀ ਤੇ ਮਿੱਠੀ ਜ਼ਬਾਨ ਵਾਲੀ ਸੀ॥੮॥

ਦੁ ਪਿਸਰਸ਼ ਅਜ਼ਾਂ ਬੂੰਦ ਚੂੰ ਸ਼ਮਸ਼ ਮਾਹ॥
ਕਿ ਰਉਸ਼ਨ ਤਬੀਅਤ ਹਕੀਕਤ ਗਵਾਹ॥੯॥

ਪਿਸਰਸ਼ = ਪੁੱਤਰ। ਅਜ਼ਾਂ = ਉਸ ਦੇ। ਬੂੰਦ = ਹੋਏ। ਸ਼ਮਸ਼ = ਸੂਰਜ। ਮਾਹ = ਚੰਦਰਮਾਂ। ਰਉਸ਼ਨ ਤਬੀਅਤ = ਚੰਗਾ ਸੁਭਾਅ। ਹਕੀਕਤ ਗਵਾਹ = ਸੱਚ ਨੂੰ ਪਰਖਣ ਵਾਲੇ।

ਉਸ ਦੇ ਦੋ ਪੁੱਤਰ ਸੂਰਜ ਤੇ ਚੰਦਰਮਾਂ ਵਰਗੇ ਸਨ, ਜੋ ਚੰਗੇ ਸੁਭਾਅ ਤੇ ਸੱਚ ਨੂੰ ਪਰਖਣ ਵਾਲੇ ਸਨ, ਭਾਵ ਸੱਚ ਦੇ ਖੋਜੀ ਸਨ॥੯॥

ਕਿ ਗੁਸਤਾਖ਼ ਦਸਤ ਅਸਤ ਚਾਲਾਕ ਜੰਗ॥
ਬ ਵਕਤੇ ਤਰੱਦਦ ਚੁ ਸ਼ੇਰੋ ਨਿਹੰਗ॥੧੦॥

ਗੁਸਤਾਖ਼ = ਫੁਰਤੀਲੇ। ਚਾਲਾਕ = ਹੁਸ਼ਿਆਰ। ਤਰੱਦਦ = ਯਤਨ, (ਜੰਗ)। ਸ਼ੇਰੋ ਨਿਹੰਗ = ਸ਼ੇਰ ਤੇ ਮਗਰ ਮੱਛ।

ਉਹ ਦੋਵੇਂ ਲੜਕੇ ਹੱਥਾਂ ਦੇ ਫੁਰਤੀਲੇ ਤੇ ਜੰਗ ਕਰਨ ਵਿਚ ਬੜੇ ਹੁਸ਼ਿਆਰ ਸਨ। ਜੰਗ ਸਮੇਂ ਉਹ ਦੁਸ਼ਮਣਾਂ ਸਾਹਮਣੇ ਸ਼ੇਰ ਤੇ ਮਗਰ ਮੱਛ ਵਾਂਗੂੰ ਡਟ ਜਾਣ ਵਾਲੇ ਸਨ॥੧੦॥

ਦੁ ਪੀਲ ਅਫ਼ਕਨੋ ਹਮ ਚੁ ਸ਼ੇਰ ਅਫ਼ਕਨੋ ਅਸਤ॥
ਬ ਵਕਤੇ ਵਗਾ ਸ਼ੇਰ ਰੋਈਂ ਤਨ ਅਸਤ॥੧੧॥

ਪੀਲ = ਹਾਥੀ। ਅਫ਼ਕਨੋ = ਢਾਹੁਣਾ। ਵਗਾ = ਜੰਗ। ਰੋਈਂ = ਲੋਹਾ।

ਉਹ ਦੋਵੇਂ ਹਾਥੀਆਂ ਨੂੰ ਢਾਹੁਣ ਵਾਲੇ ਤੇ ਸ਼ੇਰਾਂ ਨੂੰ ਡੇਗਣ ਵਾਲੇ ਸਨ। ਜੰਗ ਸਮੇਂ ਉਹ ਲੋਹੇ ਦੇ ਸ਼ੇਰਾਂ ਵਾਂਗੂੰ ਸਖਤ ਸਨ॥੧੧॥

ਯਕੇ ਖ਼ੂਬ ਰੋਇ ਓ ਦਿਗਰ ਤਨ ਚੁ ਸ਼ੀਮ॥
ਦੁ ਸੂਰਤ ਸਜ਼ਾਵਾਰ ਆਜ਼ਮ ਅਜ਼ੀਮ॥੧੨॥

**************************************************************

ਖ਼ੂਬ = ਸੋਹਣਾ। ਰੋਇ = ਚਿਹਰਾ। ਸ਼ੀਮ = ਚਾਂਦੀ। ਆਜ਼ਮ = ਵੱਡਾ।

ਇਕ ਤਾਂ ਦੋਹਾਂ ਦੀ ਸੂਰਤ ਬੜੀ ਸੋਹਣੀ ਸੀ ਤੇ ਦੂਜਾ ਦੋਹਾਂ ਦੇ ਸਰੀਰ ਚਾਂਦੀ ਵਾਂਗੂ ਚਮਕਦੇ ਸਨ। ਦੋਹਾਂ ਦੀਆਂ ਸੂਰਤਾਂ ਬਹੁਤ ਵਡੀ ਸ਼ੋਭਾ ਵਾਲੀਆਂ ਸਨ॥੧੨॥

**ਵਜ਼ਾਂ ਮਾਦਰੇ ਬਰ ਕਸ ਆਸ਼ੁਫਤਹ ਗਸ਼ਤ॥**
**ਚੁ ਮਰਦਸਤ ਗੁਲ ਹਮ ਚੁਨੀ ਗੁਲ ਪ੍ਰਸਤ॥੧੩॥**

ਵਜ਼ਾਂ = ਉਹਨਾਂ। ਮਾਦਰੇ = ਮਾਂ। ਕਸ = ਕਿਸੇ। ਆਸ਼ੁਫਤਹ = ਮੋਹਤ। ਗਸ਼ਤ = ਹੋ ਗਈ। ਗੁਲ = ਫੁਲ। ਹਮ ਚੁਨੀ = ਇਹੋ ਜਿਹੀ। ਗੁਲ ਪ੍ਰਸਤ = ਫੁਲ ਦੀ ਪੂਜਾ ਕਰਨ ਵਾਲੀ।

ਉਹਨਾਂ (ਲੜਕਿਆਂ) ਦੀ ਮਾਤਾ ਕਿਸੇ ਆਦਮੀ ਤੇ ਮੋਹਤ ਹੋ ਗਈ। ਉਹ ਆਦਮੀ ਫੁਲ ਵਰਗਾ ਸੀ ਤੇ ਉਹ ਔਰਤ ਫੁਲ ਦੀ ਪੂਜਾ ਕਰਨ ਵਾਲੀ ਸੀ॥੧੩॥

**ਸ਼ਬੰ ਗਾਹ ਦਰ ਖਾਬਗਾਹ ਆਮਦੰਦ॥**
**ਕਿ ਜ਼ੋਰਾਵਰਾਂ ਦਰ ਨਿਗਾਹ ਆਮਦੰਦ॥੧੪॥**

ਸ਼ਬੰ = ਰਾਤ ਵੇਲਾ। ਦਰ = ਵਿਚ। ਖਾਬਗਾਹ = ਸੌਣ ਵਾਲੀ ਜਗ੍ਹਾ। ਆਮਦੰਦ = ਆਇਆ। ਜ਼ੋਰਾਵਰਾਂ = ਬਲਵਾਨ। ਦਰ ਨਿਗਾਹ = ਨਜ਼ਰ ਵਿਚ।

ਰਾਤ ਵੇਲੇ ਉਹ ਦੋਵੇਂ ਔਰਤ ਮਰਦ ਸੌਣ ਵਾਲੀ ਜਗ੍ਹਾ ਵਿਚ ਆਏ। ਉਸ ਆਦਮੀ ਦੀ ਨਿਗਾਹ ਵਿਚ ਉਹ ਦੋਵੇਂ ਬਲਵਾਨ ਲੜਕੇ ਆਏ॥੧੪॥

(ਉਹਨਾਂ ਲੜਕਿਆਂ ਨੂੰ ਵੇਖਕੇ ਉਸ ਦੇ ਯਾਰ ਨੇ ਇਸਤਰੀ ਨੂੰ ਕਿਹਾ ਕਿ ਇਹਨਾਂ ਲੜਕਿਆਂ ਦੇ ਹੁੰਦਿਆਂ ਮੈਂ ਖੁਲ੍ਹਮਖੁਲ੍ਹਾ ਤੇਰੇ ਕੋਲ ਨਹੀਂ ਆ ਸਕਦਾ, ਇਸ ਲਈ ਤੂੰ ਪਹਿਲਾਂ ਇਹਨਾਂ ਦਾ ਕੋਈ ਬੰਦੋਬਸਤ ਕਰ। ਏਨਾ ਕਹਿਕੇ ਉਹ ਚਲਾ ਗਿਆ। ਪਿਛੋਂ ਉਸ ਇਸਤਰੀ ਨੇ ਇਕ ਦਿਨ ਇਹ ਕਾਰਾ ਕੀਤਾ:-

**ਬੁਖਾਦੰਦ ਪਸ ਪੇਸ਼ ਖੁਰਦੋ ਕਲਾਂ॥**
**ਮਯੋ ਰੋਦ ਰਾਮਸ਼ ਗਿਰਾਂ ਰਾ ਹੁਮਾਂ॥੧੫॥**

ਬੁਖਾਦੰਦ = ਬੁਲਾਇਆ। ਪਸ = ਪਿਛੋਂ। ਪੇਸ਼ = ਅਗੇ। ਖੁਰਦੋ = ਛੋਟਾ। ਕਲਾਂ = ਵਡਾ। ਮਯੋ = ਸ਼ਰਾਬ। ਰੋਦ = ਰਾਗ। ਰਾਮਸ਼ = ਆਰਾਮ। ਹੁਮਾਂ = ਉਹਨਾਂ ਨੂੰ।

ਉਸ ਔਰਤ ਨੇ ਆਪਣੇ ਵਡੇ ਤੇ ਛੋਟੇ ਲੜਕੇ ਨੂੰ ਅਗੇ ਪਿਛੇ ਕਰਕੇ ਆਪਣੇ ਕੋਲ ਸਦਿਆ। ਰਾਗ ਸੁਣਵਾ ਕੇ ਤੇ ਸ਼ਰਾਬ ਪਿਆ ਕੇ ਦੋਹਾਂ ਨੂੰ ਬੇਸੁਰਤ ਕਰ ਦਿੱਤਾ॥੧੫॥

**ਬਿਦਾਨਿਸ਼ਤ ਕਿ ਅਜ਼ ਮਸਤੀਯਸ਼ ਮਸਤ ਗਸ਼ਤ॥**

## ਬਿਜ਼ਦ ਤੇਗ ਖ਼ੁਦ ਦਸਤ ਹਰ ਦੋ ਸ਼ਿਕਸਤ ।।੧੬।।

ਬਿਦਾਨਿਸ਼ਤ = ਜਾਣਿਆਂ। ਮਸਤੀਯਸ਼ = ਮਸਤੀ। ਮਸਤ ਗਸ਼ਤ = ਮਤਵਾਲੇ ਹੋ ਗਏ। ਬਿਜ਼ਦ = ਮਾਰੀ। ਖ਼ੁਦ ਦਸਤ = ਆਪਣੇ ਹੱਥ। ਹਰ ਦੋ = ਦੋਹਾਂ ਨੂੰ। ਸ਼ਿਕਸਤ = ਮਾਰਨਾ, ਵੱਢਣਾ।

ਜਦੋਂ ਉਸ ਨੇ ਇਹ ਜਾਣ ਲਿਆ ਕਿ ਇਹ ਦੋਵੇਂ ਨਸ਼ੇ ਨਾਲ ਬੇਸੁਰਤ ਹੋ ਗਏ ਹਨ, ਤਦ ਉਸ ਨੇ ਆਪਣੇ ਹੱਥ ਨਾਲ ਤਲਵਾਰ ਮਾਰ ਕੇ ਦੋਹਾਂ ਦੇ ਸਿਰ ਵੱਢ ਦਿੱਤੇ।।੧੬।।

## ਬਿਜ਼ਦ ਹਰਦੋ ਦਸਤਸ਼ ਸਰੇ ਖੇਸ਼ ਜ਼ੋਰ।।
## ਬ ਜ਼ੁੰਬਸ਼ ਦਰਾਮਦ ਬ ਕਰਦੰਦ ਸ਼ੋਰ।।੧੭।।

ਬਿਜ਼ਦ = ਮਾਰੇ। ਹਰਕੋ = ਦੋਵੇਂ। ਦਸਤਸ਼ = ਹੱਥ। ਖੇਸ਼ = ਆਪਣੇ। ਬ ਜ਼ੁੰਬਸ਼ = ਗੁੱਸਾ। ਬ ਕਰਦੰਦ = ਕੀਤਾ। ਸ਼ੋਰ = ਰੌਲਾ।

ਫਿਰ ਉਸ ਨੇ ਬੜੇ ਜ਼ੋਰ ਨਾਲ ਆਪਣੇ ਦੋਵੇਂ ਹੱਥ ਆਪਣੇ ਸਿਰ ਤੇ ਮਾਰੇ ਭਾਵ ਪਿੱਟਣ ਲੱਗ ਪਈ ਅਤੇ ਬੜੇ ਗੁੱਸੇ ਨਾਲ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।।੧੭।।

## ਬਿਗੋਯਦ ਕਿ ਏ ਮੁਸਲਮਾਨਾਨ ਪਾਕ।।
## ਚਿਰਾ ਚੂੰ ਕਿ ਕੁਸ਼ਤੀ ਅਜ਼ੀ ਜਾਮਹ ਚਾਕ।।੧੮।।

ਬਿਗੋਯਦ = ਕਿਹਾ।ਪਾਕ = ਪਵਿੱਤਰ।ਚਿਰਾ = ਕਿਆ।ਚੂੰ = ਕਿਸ ਤਰ੍ਹਾਂ।ਕੁਸ਼ਤੀ = ਕੋਹਿਆ। ਜਾਮਹ = ਕਪੜੇ। ਚਾਕ = ਲੀਰੋ ਲੀਰ।

ਉਸ ਹਾਲ ਪਾਹਰਿਆ ਕਰਦਿਆਂ ਕਿਹਾ ਕਿ ਐ ਪਵਿੱਤਰ ਮੁਸਲਮਾਨੋ ! ਵੇਖੋ ਮੇਰੇ ਨਾਲ ਕੀ ਭਾਣਾ ਵਰਤਿਆ ਹੈ? ਲੋਕਾਂ ਨੇ ਆ ਕੇ ਵੇਖਿਆ ਤੇ ਪੁਛਿਆ ਕਿ ਇਹਨਾਂ ਦੇ ਕਪੜੇ ਲੀਰੋ ਲੀਰ ਹੋਏ ਹੋਏ ਹਨ, ਇਹਨਾਂ ਨੂੰ ਇਸ ਤਰ੍ਹਾਂ ਕਿਸ ਨੇ ਵੱਢਿਆ ਹੈ?।।੧੮।।

## ਬ ਖ਼ੁਰਦੰਦ ਮਯ ਹਰ ਦੁ ਆਂ ਮਸਤ ਸ਼ੁਤ।।
## ਗਿਰਿਫਤੰਦ ਸ਼ਮਸ਼ੇਰ ਫੌਲਾਦ ਦਸਤ।।੧੯।।

ਖ਼ੁਰਦੰਦ = ਪੀਤਾ। ਮਯ = ਸ਼ਰਾਬ। ਹਰ ਦੋ = ਦੋਹਾਂ। ਗਿਰਿਫਤੰਦ = ਫੜ ਲਈਆਂ। ਸ਼ਮਸ਼ੇਰ = ਤਲਵਾਰਾਂ। ਦਸਤ = ਹੱਥ।

ਉਸ ਇਸਤਰੀ ਨੇ ਜਵਾਬ ਦਿੱਤਾ ਕਿ ਮੇਰੇ ਸਾਹਮਣੇ ਤਾਂ ਇਹਨਾਂ ਦੋਹਾਂ ਨੇ ਸ਼ਰਾਬ ਪੀਤੀ ਤੇ ਨਸ਼ੇ ਵਿਚ ਮਸਤ ਹੋ ਗਏ, ਫਿਰ ਇਹਨਾਂ ਦੋਹਾਂ ਨੇ ਫੌਲਾਦੀ ਤਲਵਾਰਾਂ ਹੱਥ ਵਿਚ ਫੜ ਲਈਆਂ।।੧੮।।

## ਕਿ ਈਂ ਰਾ ਬਿਜ਼ਦ ਆਂ ਬਈ ਆਂ ਜ਼ਦੰਦ।।
## ਬ ਦੀਦਹ ਮਰਾ ਹਰ ਦੁ ਈਂ ਕੁਸ਼ਤਹ ਅੰਦ।।੨੦।।

ਈਂ ਰਾ= ਇਸ ਨੇ। ਬਿਜ਼ਦ=ਮਾਰਿਆ। ਆਂ=ਉਸ ਨੇ। ਜਦੰਦ=ਮਾਰਿਆ। ਦੀਦਹ=ਵੇਖਦਿਆਂ। ਮਰਾ=ਮੇਰੇ। ਕੁਸ਼ਤਹ ਅੰਦ=ਕਤਲ ਹੋ ਗਏ।

ਫਿਰ ਇਸ ਨੇ ਉਸ ਨੂੰ ਮਾਰਿਆ ਤੇ ਉਸ ਨੇ ਇਸ ਨੂੰ ਮਾਰਿਆ, ਇਉਂ ਮੇਰੇ ਵੇਖਦਿਆਂ ਵੇਖਦਿਆਂ ਦੋਵੇਂ ਕਤਲ ਹੋ ਗਏ॥੨੦॥

**ਦਰੇਗਾ ਮਰਾ ਜਾ ਜ਼ਿਮੀ ਹਮ ਨ ਦਾਦ॥**
**ਨ ਦਹਲੀਜ਼ ਦੋਜ਼ਖ ਮਰਾ ਰਹ ਕੁਸ਼ਾਦ॥੨੧॥**

ਦਰੇਗਾ=ਅਫਸੋਸ। ਮਰਾ=ਮੈਨੂੰ। ਜਾ=ਜਗ੍ਹਾ। ਨ ਦਾਦ=ਨਾ ਦਿੱਤੀ। ਰਹ=ਰਸਤਾ। ਕੁਸ਼ਾਦ=ਖੁਲ੍ਹਾ।

ਹਾਇ ! ਅਫਸੋਸ ! ਮੈਨੂੰ ਜ਼ਮੀਨ ਨੇ ਵੀ ਵਿਹਲ ਨਹੀ ਦਿੱਤੀ, ਨਹੀ ਤਾਂ ਮੈ ਧਰਤੀ ਵਿਚ ਗਰਕ ਹੋ ਜਾਂਦੀ, ਨਾ ਹੀ ਮੇਰੇ ਵਾਸਤੇ ਨਰਕ ਦਾ ਦਰਵਾਜ਼ਾ ਖੁਲ੍ਹਾ ਹੈ ਕਿ ਮੈਂ ਉਸ ਵਿਚ ਚਲੀ ਜਾਵਾਂ। ਹੁਣ ਮੈਂ ਇਸ ਦੁਖ ਨੂੰ ਕਿਵੇਂ ਸਹਿਨ ਕਰਾਂਗੀ ?॥੨੧॥

**ਦੂ ਚਸ਼ਮੇ ਮਰਾ ਈਂ ਚਿ ਗਰਦੀਦ ਈਂ॥**
**ਕਿ ਈਂ ਦੀਦਹੇ ਖ਼ੂੰਨ ਈਂ ਦੀਦ ਈਂ॥੨੨॥**

ਦੂ ਚਸ਼ਮੇ=ਦੋ ਅੱਖਾਂ। ਮਰਾ=ਮੇਰੀਆਂ। ਈਂ=ਵੇਖਦਿਆਂ। ਗਰਦੀਦ=ਹੋ ਗਿਆ। ਦੀਦਹੇ=ਅੱਖਾਂ। ਦੀਦ=ਵੇਖਿਆ।

ਮੇਰੀਆਂ ਦੋਵਾਂ ਅੱਖਾਂ ਦੇ ਵੇਖਦਿਆਂ ਇਹ ਕੀ ਹੋ ਗਿਆ ਹੈ ਅਤੇ ਮੇਰੀਆ ਦੋਵਾਂ ਅੱਖਾਂ ਨੇ ਇਹ ਖੂਨ ਹੁੰਦਾ ਆਪ ਵੇਖਿਆ ਹੈ॥੨੨॥

**ਬਿਹਜ਼ ਮਨ ਤਨੇ ਤਰਕ ਦੁਨੀਯਾ ਕੁਨਮ॥**
**ਫ਼ਕੀਰੇ ਸ਼ਵੁਮ ਮੁਲਕਿ ਚੀਂ ਮੇਰਵਮ॥੨੩॥**

ਬਿਹਜ਼=ਚੰਗਾ। ਤਰਕ=ਤਿਆਗ। ਸ਼ਵੁਮ=ਹੋ ਜਾਵਾਂ। ਮੇਰਵਮ=ਚਲੀ ਜਾਵਾਂ।

ਹੁਣ ਮੇਰੇ ਲਈ ਚੰਗੀ ਗੱਲ ਇਹੋ ਹੈ ਕਿ ਮੈਂ ਇਸ ਸਰੀਰ ਨੂੰ ਤਿਆਗ ਕੇ ਇਸ ਦੁਨੀਆਂ ਵਿਚੋਂ ਚਲੀ ਜਾਵਾਂ ਜਾਂ ਫਕੀਰਨੀ ਬਣ ਕੇ ਇਸ ਦੇਸ਼ ਵਿਚੋਂ ਨਿਕਲ ਜਾਵਾਂ॥੨੩॥

**ਬਿ ਗੁਫ਼ਤ ਈਂ ਸੁਖ਼ਨ ਰਾ ਕੁਨਦ ਜਾਮਹ ਚਾਕ॥**
**ਰਵਾਂ ਸ਼ੁਦ ਸੂਏ ਦਸਤ ਖ਼ਤ ਚਾਕ ਚਾਕ॥੨੪॥**

ਬਿਗੁਫਤ=ਕਿਹਾ। ਈਂ ਸੁਖਨ=ਇਹ ਗੱਲ। ਕੁਨਦ=ਕੀਤਾ। ਜਾਮਹ=ਕਪੜੇ। ਚਾਕ=ਲੀਰੋ ਲੀਰ। ਰਵਾਂ ਸ਼ੁਦ=ਤੁਰ ਪਈ। ਦਸਤ=ਉਜਾੜ। ਚਾਕ ਚਾਕ=ਝਟ ਪਟ।

Namdhari Elibrary NamdhariElibrary@gmail.com

ਇਹ ਗੱਲ ਕਹਿ ਕੇ ਉਸ ਨੇ ਆਪਣੇ ਕਪੜਿਆਂ ਨੂੰ ਲੀਰੋ ਲੀਰ ਕਰ ਦਿੱਤਾ ਤੇ ਉਹ ਝਟ ਪਟ ਬਾਹਰ ਉਜਾੜ ਵਲ ਤੁਰ ਪਈ॥੨੪॥

**ਕਿ ਓ ਜਾ ਬਿ ਦੀਦੰਦ ਖ਼ੁਸ਼ ਖ਼ਾਬਗਾਹ॥**
**ਨਿਸ਼ਸਤਹ ਅਸਤੁ ਬਰ ਗਾਉ ਬਾ ਜ਼ਨ ਚੁ ਮਾਹ॥੨੫॥**

ਓ = ਉਸ। ਜਾ = ਜਗ੍ਹਾ। ਬਿਦੀਦੰਦ = ਵੇਖੀ। ਖ਼ੁਸ਼ = ਚੰਗੀ। ਖਾਬਗਾਹ = ਸੌਣ ਦੀ ਜਗ੍ਹਾ। ਨਿਸ਼ਸਤਹ = ਵੇਖੀ। ਬਰ = ਉਪਰ। ਗਾਉ = ਬੈਲ। ਜ਼ਨ = ਇਸਤਰੀ। ਮਾਹ = ਚੰਦਰਮਾਂ।

ਉਸ ਨੇ ਬਾਹਰ ਉਜਾੜ ਵਿਚ ਜਾ ਕੇ ਇਕ ਬੜੀ ਸੋਹਣੀ ਸੌਣ ਵਾਲੀ ਜਗ੍ਹਾ ਵੇਖੀ। ਉਥੇ ਉਸ ਨੇ ਇਕ ਬੈਲ ਉੱਤੇ ਇਕ ਮਰਦ ਅਤੇ ਸੁੰਦਰ ਇਸਤਰੀ ਨੂੰ ਸਵਾਰ ਹੋਇਆਂ ਨੂੰ ਵੇਖਿਆ॥੨੫॥

**ਬ ਪੁਰਸ਼ੀਦ ਓ ਰਾ ਕਿ ਏ ਨੇਕ ਜ਼ਨ॥**
**ਹਮਾਯੂੰ ਦਰਖਤੇ ਚੁ ਸਰਵੇ ਚਮਨ॥੨੬॥**

ਪੁਰਸ਼ੀਦ = ਪੁਛਿਆ। ਓ ਰਾ = ਉਸਨੂੰ। ਐ ਨੇਕ ਜ਼ਨ = ਹੇ ਭਲੀ ਇਸਤਰੀ ! ਹਮਾਯੂੰ = ਭਾਗਾਂ ਵਾਲੀ। ਸਰਵੇ = ਸਰੂ।

ਉਨ੍ਹਾਂ ਨੇ ਪੁਛਿਆ ਕਿ ਐ ਭਲੀ ਇਸਤਰੀਏ! ਤੂੰ ਸਰੂ ਵਰਗੀ ਪਤਲੇ ਤੇ ਸੁੰਦਰ ਸਰੀਰ ਵਾਲੀ ਇਸਤਰੀ ਕੌਣ ਹੈਂ ?॥੨੬॥

**ਕਿ ਹੂਰੋ ਪਰੀ ਤੋ ਚੁ ਨੂਰੇ ਜਹਾਂ॥**
**ਕਿ ਮਾਹੇ ਫ਼ਲਕ ਆਫ਼ਤਾਬੇ ਯਮਾਂ॥੨੭॥**

ਫਲਕ = ਅਸਮਾਨ। ਆਫਤਾਬੇ = ਸੂਰਜ। ਯਮਾਂ = ਸੰਸਾਰ।

ਤੂੰ ਹੂਰ ਹੈਂ, ਪਰੀ ਹੈਂ ਜਾਂ ਸੰਸਾਰ ਦਾ ਪ੍ਰਕਾਸ਼ (ਚਾਨਣ) ਹੈਂ ? ਤੂੰ ਅਸਮਾਨ ਦਾ ਚੰਦ੍ਰਮਾਂ ਹੈਂ ਜਾਂ ਜਗਤ ਦਾ ਸੂਰਜ ਹੈਂ ?॥੨੭॥

**ਨ ਹੂਰੋ ਪਰੀਅਮ ਨ ਨੂਰੋ ਜਹਾਂ॥**
**ਮਨਮ ਦੁਖਤਰੇ ਸ਼ਾਹਿਜਾਂ ਬਿਲਸਿਤਾਂ॥੨੮॥**

ਮਨਮ = ਮੈਂ। ਦੁਖਤਰੇ = ਲੜਕੀ।

ਉਸ ਇਸਤਰੀ ਨੇ ਅਗੋਂ ਜਵਾਬ ਦਿੱਤਾ ਕਿ ਨਾ ਮੈ ਹੂਰ ਹਾਂ, ਨਾ ਪਰੀ ਹਾਂ ਤੇ ਨਾ ਹੀ ਸੰਸਾਰ ਦਾ ਪ੍ਰਕਾਸ਼ ਹਾਂ। ਮੈਂ 'ਬਿਲਸਿਤਾਂ' ਦੇਸ਼ ਦੇ ਬਾਦਸ਼ਾਹ ਦੀ ਬੇਟੀ ਹਾਂ॥੨੮॥

**ਬ ਪੁਰਸ਼ਸ਼ ਦਰਾਮਦ ਪਰਸਤਸ਼ ਨ ਮੂਦ॥**

************************************************************

## ਬ ਨਿਜ਼ਦਸ਼ ਜ਼ੁਬਾਂ ਰਾ ਬ ਫੁਰਸਤ ਕਸੂਦ।।੨੯।।

ਪੁਰਸ਼ਸ਼ = ਪੁਛਿਆ। ਪਰਸਤਸ਼ = ਪੂਜਾ, ਨਮਸ਼ਕਾਰ। ਨ ਮੂਦ = ਕੀਤੀ। ਨਿਜ਼ਦਸ਼ = ਕੋਲ। ਫੁਰਸਤ = ਵਿਹਲ, ਠਰੰਮਾਂ। ਕਸੂਦ = ਖੋਲ੍ਹਿਆ।

ਜਿਸ ਵੇਲੇ ਉਨ੍ਹਾਂ ਨੇ ਉਸ ਤੋਂ ਪੁਛਿਆ ਤਾਂ ਉਸ ਨੇ ਪਹਿਲਾਂ ਉਹਨਾਂ ਨੂੰ ਨਮਸ਼ਕਾਰ ਕੀਤੀ ਤੇ ਫਿਰ ਉਹਨਾਂ ਕੋਲ ਬੈਠਕੇ ਬੜੇ ਠਰੰਮੇ ਨਾਲ ਆਪਣੀ ਜ਼ਬਾਨ ਖੋਲ੍ਹੀ ਭਾਵ ਗੱਲ ਬਾਤ ਕੀਤੀ।।੨੯।।

## ਬ ਦੀਦਨ ਤੁਰਾ ਮਨ ਬਸ ਆਜ਼ੁਰਦਹ ਅਮ।।
## ਬਿਗੋਈ ਤੁ ਹਰ ਚੀਜ਼ ਬਖਸ਼ੀਦਹਅਮ।।੩੦।।

ਦੀਦਨ = ਵੇਖਣਾ। ਤੁਰਾ ਤੈਨੂੰ। ਮਨ = ਮੈਂ। ਬਸ = ਬਹੁਤ। ਆਜ਼ੁਰਦਹ ਅਮ = ਦੁਖੀ। ਬਿਗੋਈ = ਕਹੋਂ।

ਉਹ ਬੋਲਿਆ ਕਿ ਤੈਨੂੰ ਗਮਗ਼ੀਨ ਵੇਖਕੇ ਮੈਂ ਬਹੁਤ ਦੁਖੀ ਹੋਇਆ ਹਾਂ। ਤੂੰ ਜਿਹੜੀ ਚੀਜ਼ ਮੇਰੇ ਕੋਲੋਂ ਮੰਗੇਂ ਮੈਂ ਦਿਆਂਗਾ।।੩੦।।

## ਬ ਹੰਗਾਮ ਪੀਰੀ ਜਵਾਂ ਮੇ ਸ਼ਵਮ।।
## ਬ ਮੁਲਕਿ ਹੁਮਾਂ ਯਾਰ ਮਨ ਮੇਰਵਮ।।੩੧।।

ਬ ਹੰਗਾਮ ਪੀਰੀ = ਬੁਢੇਪੇ ਦਾ ਸਮਾਂ। ਜਵਾਂ = ਜਵਾਨ। ਮੇ ਸ਼ਵਮ = ਮੈਂ ਹੋ ਜਾਵਾਂ। ਹੁਮਾਂ = ਉਸ। ਮਨ = ਮੈ। ਮੇਰਵਮ = ਚਲੀ ਜਾਵਾਂ।

ਉਸ ਨੇ ਕਿਹਾ ਕਿ ਹੇ ਮਹਾਰਾਜ ! ਮੈਂ ਬਿਧ ਤੋਂ ਮੁਟਿਆਰ ਹੋ ਜਾਵਾਂ ਤੇ ਆਪਣੇ ਉਸ ਯਾਰ ਦੇ ਦੇਸ਼ ਵਿਚ ਚਲੀ ਜਾਵਾਂ, ਇਹੋ ਮੇਰੀ ਮੰਗ ਹੈ।।੩੧।।

## ਬਦਾਨਿਸ਼ ਤੋ ਦਾਨੀ ਵਗਰ ਈਂ ਵਫਾ।।
## ਬਯਾਦ ਆਮਦਸ਼ ਬਦਤਰ ਈਂ ਬੇਵਫ਼ਾ।।੩੨।।

ਦਾਨਿਸ਼ = ਬੁੱਧੀ। ਦਾਨੀ = ਜਾਣੀ। ਵਗਰ = ਜੇ। ਵਫਾ = ਚੰਗਾ। ਬਦਤਰ = ਬੁਰੀ। ਬੇਵਫਾ = ਘਾਟੇ ਵਾਲੀ।

ਫਰਿਸ਼ਤੇ ਨੇ ਕਿਹਾ ਕਿ ਜੇ ਤੂੰ ਇਸ ਗੱਲ ਨੂੰ ਆਪਣੀ ਅਕਲ ਵਿਚ ਚੰਗੀ ਸਮਝਦੀ ਹੈਂ ਤਾਂ ਅਜਿਹਾ ਹੀ ਹੋਵੇਗਾ। ਪਰ ਤੈਨੂੰ ਇਹ ਗੱਲ ਬਹੁਤ ਬੁਰੀ ਯਾਦ ਆਈ ਹੈ ਭਾਵ ਤੈਨੂੰ ਭੈੜੀ ਗੱਲ ਫੁਰੀ ਹੈ।।੩੨।।

## ਵਜ਼ਾਂ ਜਾ ਬਿਆਮਦ ਬਗਿਰਦੇ ਚੁ ਚਾਹ।।
## ਕਜ਼ਾਂ ਜਾ ਅਜ਼ੋ ਬੂਦ ਨਖਜ਼ੀਰ ਗਾਹ।।੩੩।।

ਵਜ਼ਾਂ = ਉਸ। ਜਾ = ਜਗ੍ਹਾ। ਬਿਆਮਦ = ਆਈ। ਗਿਰਦੇ = ਆਲੇ ਦੁਆਲੇ। ਚਾਹ = ਖੂਹ। ਕਜ਼ਾ = ਉਹ। ਅਜ਼ੋ = ਉਸ ਦੇ। ਬੂਦ = ਸੀ। ਨਖਜ਼ੀਰਗਾਹ = ਸ਼ਿਕਾਰ ਖੇਡਣ ਦੀ ਜਗ੍ਹਾ।

ਫਰਿਸ਼ਤੇ ਪਾਸੋਂ ਵਰ ਪ੍ਰਾਪਤ ਕਰਕੇ ਉਹ ਉਸ ਖੂਹ ਦੇ ਨੇੜੇ ਆਈ, ਜਿਥੇ ਉਸ ਦੇ ਮਿੱਤਰ ਦੀ ਸ਼ਿਕਾਰ ਖੇਡਣ ਵਾਲੀ ਜਗ੍ਹਾ ਸੀ॥੩੩॥

**ਬ ਸੈਰੇ ਦਿਗਰ ਰੋਜ਼ ਆਮਦ ਸ਼ਿਕਾਰ॥**
**ਚੁ ਮਿਨਕਾਲ ਅਜ਼ ਬਾਸ਼ਹੇ ਨੌ ਬਹਾਰ॥੩੪॥**

ਬ = ਵਾਸਤੇ। ਸੈਰੇ = ਸੈਰ। ਦਿਗਰ ਰੋਜ਼ = ਦੂਸਰੇ ਦਿਨ। ਆਮਦ = ਆਇਆ। ਚੁ = ਵਾਂਗੂੰ। ਮਿਨਕਾਲ = ਚੁੰਜ। ਬਾਸ਼ਹੇ = ਬਾਜ ਵਰਗਾ ਇਕ ਪੰਛੀ।

ਦੂਜੇ ਦਿਨ ਉਸ ਦਾ ਮਿੱਤਰ ਸ਼ਿਕਾਰ ਖੇਡਣ ਵਾਸਤੇ ਆਇਆ। ਜਿਹੜਾ ਕਿ ਬਸੰਤ ਰੁੱਤ ਦੇ ਬਾਜ਼ ਦੀ ਚੁੰਜ ਵਰਗਾ ਲਾਲ ਸੀ॥੩੪॥

**ਕਿ ਬਰਖਾਸਤ ਪੇਸ਼ਸ਼ ਗਵਜ਼ਨੇ ਅਜ਼ੀਮ॥**
**ਰਵਾਂ ਕਰਦ ਅਸਪਸ ਚੁ ਬਾਦੇ ਨਸੀਮ॥੩੫॥**

ਬਰਖਾਸਤ = ਉਠ ਭੱਜਿਆ। ਪੇਸ਼ਸ਼ = ਅਗੇ। ਗਵਜ਼ਨੇ = ਬਾਰਾਂ ਸਿੰਗਾ। ਅਜ਼ੀਮ = ਵੱਡਾ। ਅਸਪਸ = ਘੋੜਾ। ਬਾਦੇ ਨਸੀਮ = ਸਵੇਰ ਦੀ ਹਵਾ।

ਉਸ ਦੇ ਅਗੇ ਇਕ ਵਡਾ ਬਾਰਾਂ ਸਿੰਗਾ ਨਿਕਲ ਕੇ ਭੱਜ ਉਠਿਆ। ਉਸ ਨੇ ਆਪਣਾ ਘੋੜਾ ਸਵੇਰ ਦੀ ਹਵਾ ਵਾਂਗੂੰ ਉਸ ਦੇ ਪਿਛੇ ਲਾ ਦਿੱਤਾ॥੩੫॥

**ਬਸੇ ਦੂਰ ਗਸ਼ਤਸ਼ ਨ ਮਾਂਦਹ ਦਿਗਰ॥**
**ਨ ਆਬੋ ਨ ਤੋਸਹ ਨ ਅਜ਼ ਖੁਦ ਖਬਰ॥੩੬॥**

ਬਸੇ = ਬਹੁਤ। ਗਸ਼ਤਸ਼ = ਚਲਾ ਗਿਆ। ਨ ਮਾਂਦਹ = ਨਾ ਰਿਹਾ! ਦਿਗਰ = ਦੂਜਾ। ਆਬੋ = ਪਾਣੀ। ਤੋਸ਼ਹ = ਖਾਣਾ।

ਸ਼ਿਕਾਰ ਦੇ ਮਗਰ ਉਹ ਬਹੁਤ ਦੂਰ ਨਿਕਲ ਗਿਆ। ਕੋਈ ਹੋਰ ਆਦਮੀ ਉਸਦੇ ਨਾਲ ਨਾ ਰਿਹਾ। ਉਸ ਜਗ੍ਹਾ ਨਾ ਪਾਣੀ ਸੀ, ਨਾ ਖਾਣਾ ਸੀ ਤੇ ਨਾ ਹੀ ਉਸ ਨੂੰ ਆਪਣੀ ਸੁੱਧ ਹੀ ਸੀ॥੩੬॥

**ਵਜ਼ਾਂ ਓ ਸ਼ਵਦ ਬਾ ਤਨੇ ਨਉਜਵਾਂ॥**
**ਨ ਹੂਰੋ ਪਰੀ ਆਫ਼ਤਾਬੇ ਜਹਾਂ॥੩੭॥**

ਵਜ਼ਾਂ ਓ ਸ਼ਵਦ = ਉਹ ਤੁਰ ਪਈ। ਆਫਤਾਬੇ ਜਹਾਂ = ਸੰਸਾਰ ਦਾ ਸੂਰਜ।

ਬਹੁਤ ਦੂਰ ਜਾਕੇ ਬਾਰਾ ਸਿੰਗਾ ਇਕ ਸੁੰਦਰ ਇਸਤਰੀ ਦਾ ਰੂਪ ਧਾਰ ਕੇ ਚਲ ਪਿਆ।

Namdhari Elibrary NamdhariElibrary@gmail.com

**************************************************************
ਇਸਤਰੀ ਦਾ ਅਜਿਹਾ ਸੁੰਦਰ ਰੂਪ ਨ ਹੂਰਾਂ ਦਾ ਸੀ ਅਤੇ ਹੀ ਨਾ ਹੀ ਅਜੇਹੀ ਕੋਈ ਪਰੀ ਸੀ। ਸੂਰਜ ਦਾ ਪ੍ਰਕਾਸ਼ ਵੀ ਉਸ ਦੀ ਬਰਾਬਰੀ ਨਹੀ ਕਰ ਸਕਦਾ ਸੀ॥੩੭॥

**ਬ ਦੀਦਨ ਵਜ਼ਾਂ ਸ਼ਾਹਿ ਆਸ਼ੁਫਤਹ ਗਸ਼ਤ॥**
**ਕਿ ਅਜ਼ ਖ਼ੁਦ ਖ਼ਬਰ ਰਫ਼ਤ ਵ ਅਜ਼ ਹੋਸ਼ ਦਸਤ॥੩੮॥**

ਦੀਦਨ = ਵੇਖਣ। ਵਜ਼ਾਂ = ਉਸ ਨੂੰ। ਆਸ਼ੁਫਤਹ ਗਸ਼ਤ = ਮੋਹਤ ਹੋ ਗਿਆ। ਰਫਤ = ਜਾਂਦੀ ਰਹੀ।

ਉਸ ਨੌਜਵਾਨ ਇਸਤਰੀ ਦੀ ਸੁੰਦਰ ਸੂਰਤ ਵੇਖਕੇ ਉਹ ਬਾਦਸ਼ਾਹ ਉਸ ਤੇ ਆਸ਼ਕ ਹੋ ਗਿਆ ਅਤੇ ਉਸ ਨੂੰ ਆਪਣੇ ਆਪ ਦੀ ਕੋਈ ਖਬਰ ਨਾ ਰਹੀ ਤੇ ਉਸ ਦੀ ਹੋਸ਼ ਜਾਂਦੀ ਰਹੀ॥੩੮॥

**ਕਿ ਕਸਮੇ ਖ਼ੁਦਾ ਮਨ ਤੁਰਾ ਮੇ ਕੁਨਮ॥**
**ਕਿ ਅਜ਼ ਜਾਨ ਜਾਨੀ ਤੁ ਬਰਤਰ ਕੁਨਮ॥੩੯॥**

ਮਨ = ਮੈਂ। ਤੁਰਾ = ਤੇਰੇ ਅਗੇ। ਜਾਨ ਜਾਨੀ = ਜਾਨ ਤੋਂ ਪਿਆਰੀ। ਵੱਧ ਕੇ।

ਉਹ ਕਹਿਣ ਲੱਗਾ ਕਿ ਮੈਂ ਤੇਰੇ ਅਗੇ ਖੁਦਾ ਦੀ ਕਸਮ ਖਾਂਦਾ ਹਾਂ ਕਿ ਮੈਂ ਤੈਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਦਾ ਹਾਂ॥੩੯॥

**ਉਜ਼ਰ ਕਰਦਉ ਚੂੰ ਦੁ ਸੇ ਚਾਰ ਬਾਰ॥**
**ਹਮ ਆਖ਼ਰ ਬਿਗੁਫਤਨ ਵਜ਼ਾਂ ਕਰਦ ਕਾਰ॥੪੦॥**

ਉਜ਼ਰ = ਨਾਂਹ ਨੁਕਰ। ਕਰਦਉ = ਕੀਤੀ। ਦੁ ਸੇ ਚਾਰ ਬਾਰ = ਦੋ ਤਿੰਨ ਚਾਰ ਵਾਰੀ। ਬਿਗੁਫਤਨ = ਕਹਿਣਾ।

ਪਹਿਲਾਂ ਉਸ ਇਸਤਰੀ ਨੇ ਦੋ ਤਿੰਨ ਚਾਰ ਵਾਰੀ ਨਾਂਹ ਨੁਕਰ ਕੀਤੀ। ਫਿਰ ਅਖੀਰ ਉਸ ਦੇ ਕਹਿਣ ਮੁਤਾਬਕ ਕੰਮ ਕੀਤਾ॥੪੦॥

**ਬੁਬੀਂ ਗਰਦਸ਼ੇ ਬੇਵਫਾਏ ਜ਼ਮਾਂ॥**
**ਕਿ ਖ਼ੂੰਨੇ ਸਿਤਾਦਸ਼ ਨ ਮਾਦਸ਼ ਨਿਸ਼ਾਂ॥੪੧॥**

ਬੁਬੀ = ਵੇਖ। ਗਰਦਸ਼ੇ = ਚੱਕਰ। ਜ਼ਮਾਂ = ਸੰਸਾਰ। ਸਿਤਾਦਸ਼ = ਇਕ ਬਹਾਦਰ ਰਾਜਪੂਤ ਦਾ ਨਾਂ ਹੈ। ਨ ਮਾਦਸ਼ = ਨਾ ਰਿਹਾ। ਨਿਸ਼ਾ = ਨਿਸ਼ਾਨ।

(ਐ ਔਰੰਗਜ਼ੇਬ !) ਜ਼ਮਾਨੇ ਦੀ ਬੇਵਫਾਈ ਦਾ ਚੱਕਰ ਵੇਖ ਕਿ ਸ਼ਿਤਾਦਸ਼ (ਸੂਰਮਾ) ਮਾਰਿਆ ਗਿਆ ਤਾਂ ਉਸ ਦਾ ਕੋਈ ਨਾਮ ਨਿਸ਼ਾਨ ਨਾ ਰਿਹਾ। ਇਹ ਇਸਤਰੀ ਤੇ ਇਸ ਦਾ ਯਾਰ ਵੀ ਆਪਣੇ ਪਾਪਾਂ ਦਾ ਭਾਰ ਆਪਣੇ ਸਿਰ ਤੇ ਲਈ ਇਸ ਸੰਸਾਰ ਤੋਂ ਕੂਚ ਕਰ ਗਏ॥੪੧॥

**ਕੁਜਾਂ ਸ਼ਾਹਿ ਕੈ ਖੁਸਰਵੋ ਜ਼ਾਮ ਜ਼ੰਮ॥**
**ਕੁਜਾ ਸ਼ਾਹਿ ਆਦਮ ਮੁਹੰਮਦ ਖਤੰਮ॥੪੨॥**

ਕੁਜਾਂ = ਕਿਥੇ। ਸ਼ਾਹਿ = ਬਾਦਸ਼ਾਹ।

(ਐ ਔਰੰਗਜ਼ੇਬ !) ਦੱਸ ਕਿਥੇ ਹੈ ਬਾਦਸ਼ਾਹ ਕੈ, ਖੁਸਰੋ ਅਤੇ ਜਮਸ਼ੈਦ ? ਕਿਥੇ ਹੈ ਬਾਬਾ ਆਦਮ ? ਮੁਹੰਮਦ ਵੀ ਖਤਮ ਹੋ ਗਿਆ ਹੈ॥੪੨॥

**ਫਰੇਦੂੰ ਕੁਜਾ ਸ਼ਾਹਨ ਇਸਫ਼ੰਦ ਯਾਰ॥**
**ਨ ਦਾਰਾਬ ਦਾਰਾ ਦਰਾਮਦ ਸ਼ੁਮਾਰ॥੪੩॥**

ਕੁਜਾ = ਕਿਥੇ। ਦਰਾਮਦ = ਆਉਂਦੇ। ਸ਼ੁਮਾਰ = ਗਿਣਤੀ।

ਫਰੇਦੂੰ, ਬਹਿਮਨ ਅਸਫੰਦ ਯਾਰ (ਬਾਦਸ਼ਾਹ) ਕਿਥੇ ਹਨ ? ਨਾ ਦਾਰਾਬ ਰਿਹਾ ਹੈ ਤੇ ਨਾ ਹੀ ਦਾਰਾ ਨਜ਼ਰ ਆਉਂਦਾ ਹੈ। ਜੋ ਹੋ ਚੁਕੇ ਬਾਦਸ਼ਾਹਾਂ ਦੀ ਗਿਣਤੀ ਕਰਨ ਲਗੀਏ ਤਾਂ ਕੋਈ ਅੰਤ ਸ਼ੁਮਾਰ ਨਹੀ ਆਉਂਦਾ॥੪੩॥

**ਕੁਜਾ ਸ਼ਾਹਿ ਅਸਕੰਦਰੋ ਸ਼ੇਰ ਸ਼ਾਹ॥**
**ਕਿ ਯਕ ਹਮ ਨ ਮਾਂਦ ਅਸਤ ਜ਼ਿੰਦਹ ਬ ਜਾਹ॥੪੪॥**

ਨ ਮਾਂਦ ਅਸਤ = ਨਹੀਂ ਰਿਹਾ। ਜਾਹ = ਜਗ੍ਹਾ।

ਅਸਕੰਦਰ ਤੇ ਸ਼ੇਰ ਸ਼ਾਹ ਬਾਦਸ਼ਾਹ ਕਿਥੇ ਹਨ ? ਉਹਨਾਂ ਵਿਚੋਂ ਇਕ ਵੀ ਇਸ ਜਗ੍ਹਾ ਜੀਊਂਦਾ ਨਹੀਂ ਰਿਹਾ॥੪੪॥

**ਕੁਜਾ ਸ਼ਾਹ ਤੈਮੂਰ ਬਾਬਰ ਕੁਜਾਸਤ॥**
**ਹੁਮਾਯੂੰ ਕੁਜ਼ਾ ਸ਼ਾਹਿ ਅਕਬਰ ਕੁਜਾਸਤ॥੪੫॥**

ਕੁਜਾ = ਕਿਥੇ। ਕੁਜਾਸਤ = ਕਿਥੇ ਹੈ।

ਤੈਮੂਰ ਬਾਦਸ਼ਾਹ ਕਿਥੇ ਹੈ, ਬਾਬਰ ਕਿਥੇ ਹੈ, ਹਮਾਯੂੰ ਤੇ ਅਕਬਰ ਬਾਦਸ਼ਾਹ ਕਿਥੇ ਹਨ ?॥੪੫॥

ਇਸ ਹਿਕਾਇਤ ਤੋਂ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਹੇ ਔਰੰਗਜ਼ੇਬ ! ਵੇਖ, ਉਸ ਬਦਕਾਰ ਇਸਤਰੀ ਨੇ ਕਿਸ ਤਰ੍ਹਾਂ ਕਾਮ ਵਾਸ਼ਨਾਂ ਦੇ ਅਧੀਨ ਹੋ ਕੇ ਇਕ ਪਰਾਏ ਪੁਰਸ਼ ਨਾਲ ਪ੍ਰੇਮ ਪੈਦਾ ਕੀਤਾ ਤੇ ਆਪਣੇ ਦੋ ਨੌਜਵਾਨ ਤੇ ਸੁੰਦਰ ਪੁੱਤਰਾਂ ਨੂੰ ਆਪਣੇ ਰਾਹ ਵਿਚ ਰੁਕਾਵਟ ਜਾਣ ਕੇ ਆਪਣੇ ਹੱਥੀਂ ਕਤਲ ਕੀਤਾ। ਉਸ ਦੇ ਕਿਸੇ ਚੰਗੇ ਕਰਮਾਂ ਬਦਲੇ ਉਸਨੂੰ ਫਰਿਸ਼ਤਿਆਂ ਦੇ ਦਰਸ਼ਨ ਹੋਏ। ਉਨ੍ਹਾਂ ਨੇ ਪ੍ਰਸੰਨ ਹੋਕੇ ਉਸ ਨੂੰ ਕੋਈ ਵਰ ਮੰਗਣ ਲਈ ਕਿਹਾ, ਪਰ ਉਹ ਬਦਕਿਸਮਤ ਨੇ ਕੋਈ ਚੰਗੀ ਦਾਤ ਮੰਗਣ ਦੀ ਜਗ੍ਹਾ ਆਪਣੇ ਯਾਰ ਦਾ ਮਿਲਾਪ ਤੇ ਜਵਾਨ ਹੋਣ ਦਾ ਵਰ ਮੰਗਿਆ।

ਫਰਿਸ਼ਤੇ ਨੇ ਉਸ ਦੀ ਇੱਛਾ ਅਨੁਸਾਰ ਵਰ ਬਖਸ਼ਿਆ। ਉਹ ਆਪਣੇ ਯਾਰ ਨਾਲ ਰੰਗ ਰਲੀਆਂ ਮਾਣਦੀ ਹੋਈ ਆਪਣੇ ਪੁੱਤਰਾਂ ਦੇ ਕਤਲ ਦਾ ਪਾਪ ਆਪਣੇ ਸਿਰ ਤੇ ਚੁਕੀ ਇਸ ਜਹਾਨ ਤੋਂ ਸਮੇ ਅਨੁਸਾਰ ਚਲੀ ਗਈ। ਇਸ ਪਾਪ ਦਾ ਫਲ ਉਸ ਨੂੰ ਪਰਮਾਤਮਾ ਦੇ ਦਰਬਾਰ ਵਿਚ ਜਾ ਕੇ ਭੋਗਣਾ ਪਿਆ। ਐ ਔਰੰਗਜ਼ੇਬ ! ਤੂੰ ਵੀ ਬਾਦਸ਼ਾਹੀ ਤਖਤ ਹਾਸਲ ਕਰਨ ਲਈ ਬੜੇ ਪਾਪ ਕੀਤੇ ਹਨ। ਤੂੰ ਆਪਣੇ ਪਿਆਰੇ ਪਿਤਾ ਨੂੰ ਕੈਦ ਵਿਚ ਪਾਕੇ ਖਤਮ ਕਰ ਦਿੱਤਾ ਤੇ ਆਪਣੇ ਭਰਾ ਦਾਰਾਸ਼ਕੋਹ ਨੂੰ ਮਰਵਾਇਆ। ਤੂੰ ਬੇਕਸੂਰ ਧਰਮੀ ਪੁਰਸ਼ 'ਸਰਮੱਦ' ਨੂੰ ਕਤਲ ਕਰਵਾਇਆ ਤੇ ਹੋਰ ਅਨੇਕਾਂ ਭਲੇ ਆਦਮੀਆਂ ਨੂੰ ਤੰਗ ਕੀਤਾ। ਜਿਸ ਬਾਦਸ਼ਾਹੀ ਖਾਤਰ ਐਡੇ ਭਾਰੇ ਉਪੱਦਰਵ ਕਰ ਰਿਹਾ ਹੈਂ, ਇਕ ਦਿਨ ਇਸ ਤਖਤ ਨੂੰ ਛੱਡ ਕੇ ਤੂੰ ਅੱਲਾ ਦੀ ਦਰਗਾਹ ਵਿਚ ਜਾਏਂਗਾ। ਉਸ ਦਰਗਾਹ ਵਿਚ ਤੇਰੇ ਲਈ ਦੋਜ਼ਖ ਦੀ ਸਜ਼ਾ ਸੁਣਾਈ ਜਾਏਗੀ। ਤੇਰੇ ਤੋਂ ਪਹਿਲਾਂ ਤੇਰੇ ਨਾਲੋਂ ਵੱਡੇ ਵੱਡੇ ਬਾਦਸ਼ਾਹ ਇਸ ਪ੍ਰਿਥਵੀ ਦਾ ਰਾਜ ਭੋਗ ਕੇ ਜਾ ਚੁਕੇ ਹਨ। ਤੂੰ ਜਾਣਦਾ ਹੈਂ ਕਿ ਕੈ ਖੁਸਰੋ, ਜਮਸ਼ੈਦ, ਬਾਬਾ ਆਦਮ, ਹਜ਼ਰਤ ਮੁਹੰਮਦ, ਫਰੇਦੂੰ, ਬਹਿਮਨ, ਅਸਫੰਦ ਯਾਰ, ਦਾਰਾਬ, ਦਾਰਾ, ਅਸਕੰਦਰ, ਸ਼ੇਰ ਸ਼ਾਹ, ਤੈਮੂਰ, ਬਾਬਰ, ਹਮਾਯੂੰ ਤੇ ਅਕਬਰ ਆਦਿ ਬਾਦਸ਼ਾਹ ਇਸ ਸੰਸਾਰ ਵਿਚ ਨਹੀਂ ਰਹੇ। ਸਮਾਂ ਪਾ ਕੇ ਤੂੰ ਵੀ ਇਸ ਜਹਾਨ ਤੋਂ ਕੂਚ ਕਰ ਜਾਣਾ ਹੈ। ਇਸ ਲਈ ਆਪਣੇ ਪਾਪਾਂ ਤੇ ਪਸਚਾਤਾਪ ਕਰ ਕੇ ਉਜਲ ਮੁੱਖ ਹੋ ਕੇ ਅੱਲਾ ਦੀ ਦਰਗਾਹ ਵਿਚ ਜਾਹ। ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇ ਕੇ ਇਸ ਹਿਕਾਇਤ ਦੀ ਸਮਾਪਤੀ ਕਰਦੇ ਹੋਏ, ਆਪਣੇ ਗੁਰਦੇਵ ਕੋਲੋਂ ਨਾਮ ਦੀ ਦਾਤ ਮੰਗਦੇ ਹਨ:-

**ਬਿਦਿਹ ਸਾਕੀਯਾ ਸੁਰਖ ਰੰਗੇ ਫ਼ਰੰਗ॥**
**ਖ਼ੁਸ਼ ਆਮਦ ਮਰਾ ਵਕਤੇ ਜ਼ਦ ਤੇਗ਼ ਜੰਗ॥੪੬॥**

ਬਿਦਿਹ = ਦਿਓ। ਸਾਕੀਯਾ = ਸਤਿਗੁਰੋ। ਸੁਰਖ = ਲਾਲ। ਫ਼ਰੰਗ = ਦੇਸ਼ ਦਾ ਨਾਂ ਹੈ। ਖੁਸ਼ ਆਮਦ = ਚੰਗਾ ਲਗਦਾ ਹੈ। ਜਦ ਤੇਗ਼ = ਤਲਵਾਰ ਚਲਾਉਣੀ।

ਹੇ ਸਤਿਗੁਰੂ ਜੀ ! ਮੈਨੂੰ ਫਰੰਗ ਦੇਸ਼ ਦਾ ਲਾਲ ਰੰਗ ਦਾ ਪਿਆਲਾ ਬਖਸ਼ੋ, ਜੋ ਤਲਵਾਰ ਚਲਾਉਣ ਸਮੇਂ ਮੈਨੂੰ ਚੰਗਾ ਲੱਗਦਾ ਹੈ॥੪੬॥

ਭਾਵ - ਹੇ ਗੁਰਦੇਵ ! ਮੈਨੂੰ ਆਪਣੇ ਨਾਮ ਦਾ ਲਾਲ ਰੰਗ ਬਖਸ਼ੋ, ਜੋ ਵਿਕਾਰਾਂ ਨੂੰ ਦਮਨ ਕਰਨ ਲਈ ਮੇਰੇ ਕੰਮ ਆਵੇਗਾ। ਮੈਂ ਤੇਰੇ ਨਾਮ (ਗਿਆਨ) ਦੀ ਤਲਵਾਰ ਨਾਲ ਇਹ ਕਾਮ, ਕਰੋਧ ਆਦਿਕ ਵਿਕਾਰਾਂ ਨੂੰ ਖਤਮ ਕਰਕੇ ਤੇਰੇ ਵਿਚ ਲੀਨ ਹੋ ਜਾਵਾਂ, ਇਹੋ ਮੇਰੀ ਮੰਗ ਹੈ।

**ਬ ਮਨ ਦਿਹ ਕਿ ਖ਼ੁਦ ਰਾ ਪਯੋਰਸ ਕੁਨਮ॥**
**ਬ ਤੇਗ਼ ਆਜ਼ਮਾਈਸ਼ ਕੋਹਸ਼ ਕੁਨਮ॥੪੭॥੮॥**

ਮਨ = ਮੈਨੂੰ। ਖੁਦ ਰਾ = ਆਪ ਨੂੰ। ਪਯੋਰਸ = ਢੂੰਡਣਾ। ਕੋਹਸ਼ = ਦਬਾਉਣਾ।

ਹੇ ਗੁਰਦੇਵ ਆਪਣੇ ਨਾਮ ਦਾ ਪਿਆਲਾ ਮੈਨੂੰ ਦਿਉ, ਤਾਂਕਿ ਮੈਂ ਆਪਣੇ ਅਸਲੀ ਸਰੂਪ ਦੀ ਢੂੰਡ ਕਰਾਂ। ਮੈ ਗਿਆਨ, ਖੜਗ ਆਦਿ ਨਾਲ ਕਾਮ ਆਦਿਕ ਵੈਰੀਆਂ ਨੂੰ ਦਬਾ ਲਵਾਂ॥੪੭॥੮॥

**ਹਿਕਾਯਤ ਅਠਵੀਂ ਸਮਾਪਤ॥**

Namdhari Elibrary NamdhariElibrary@gmail.com

# ਹਿਕਾਯਤ ਨੌਵੀਂ

## ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

**ਕਮਾਲਸ਼ ਕਰਾਮਾਤ ਆਜ਼ਮ ਕਰੀਮ॥**
**ਰਜ਼ਾ ਬਖ਼ਸ਼ ਰਾਜ਼ਕ ਰਹਾਕੋ ਰਹੀਮ॥੧॥**

ਕਮਾਲਸ਼ = ਪੂਰਨ। ਆਜ਼ਮ = ਵੱਡਾ। ਕਰੀਮ = ਕ੍ਰਿਪਾਲੂ। ਰਜ਼ਾ = ਭਾਣਾ। ਰਾਜ਼ਿਕ ਦਾਤਾ। ਰਹਾਕੋ = ਛੁਟਕਾਰਾ। ਰਹੀਮ = ਰਹਿਮ ਦਿਲ।

ਉਹ ਪਰਮਾਤਮਾ ਕਰਾਮਾਤਾਂ ਵਿਚ ਪੂਰਨ ਹੈ ਤੇ ਬੜਾ ਕ੍ਰਿਪਾਲੂ ਹੈ। ਆਪਣੀ ਰਜ਼ਾ ਵਿਚ ਰੱਖਣ ਵਾਲਾ, ਰਿਜ਼ਕ ਦਾਤਾ, ਮੁਕਤੀ ਦਾਤਾ ਅਤੇ ਪਰਮ ਦਿਆਲੂ ਹੈ॥੧॥

**ਬ ਜ਼ਾਕਰ ਦਿਹੰਦ ਈਂ ਜ਼ਮੀਨੋ ਜ਼ਮਾਨ॥**
**ਮਲੂਕੋ ਮਲਾਯਕ ਹਮਹ ਆਂ ਜਹਾਨ॥੨॥**

ਜ਼ਾਕਰ = ਸਿਮਰਨ ਕਰਨ ਵਾਲਾ। ਦਿਹੰਦ = ਦੇਂਦਾ ਹੈ। ਮਲੂਕੋ = ਇਹ ਲੋਕ। ਮਲਾਯਕ = ਦੇਵ ਲੋਕ। ਹਮਹ = ਸਾਰੇ।

ਸਿਮਰਨ ਕਰਨ ਵਾਲਿਆਂ ਲਈ ਪਰਮਾਤਮਾ ਨੇ ਜ਼ਮੀਨ 'ਤੇ ਅਕਾਸ਼ ਰਚ ਦਿਤੇ ਹਨ। ਲੋਕ, ਪਰਲੋਕ ਤੇ ਸਾਰਾ ਸੰਸਾਰ ਭਗਤਾਂ ਦੇ ਅਧੀਨ ਹੁੰਦਾ ਹੈ॥੨॥

**ਹਕਾਯਤ ਸ਼ੁਨੀਦੇਮ ਸ਼ਾਹੇ ਫਿਰੰਗ॥**
**ਚੁ ਬਾ ਜ਼ਨਿ ਨਿਸ਼ਸਤੰਦ ਪੁਸ਼ਤੇ ਪਲੰਗ॥੩॥**

ਹਕਾਯਤ = ਕਹਾਣੀ। ਸ਼ੁਨੀਦੇਮ = ਸੁਣੀ ਹੈ। ਸ਼ਾਹਿ ਫਿਰੰਗ = ਫਿਰੰਗ ਦੇਸ਼ ਦਾ ਬਾਦਸ਼ਾਹ। ਬਾ = ਸਮੇਤ। ਜ਼ਨਿ = ਇਸਤਰੀ। ਨਿਸ਼ਸਤੰਦ = ਬੈਠਾ। ਪੁਸ਼ਤੇ ਪਲੰਗ = ਪਲੰਗ ਉਤੇ।

(ਐ ਔਰੰਗਜ਼ੇਬ ! ) ਮੈਂ ਫਰੰਗ ਦੇਸ਼ ਦੇ ਬਾਦਸ਼ਾਹ ਦੀ ਇਕ ਕਹਾਣੀ ਸੁਣੀ ਹੈ, ਜੋ ਕਿ ਆਪਣੀ ਇਸਤਰੀ ਨਾਲ ਪਲੰਗ ਉਤੇ ਬੈਠਾ ਹੋਇਆ ਸੀ॥੩॥

**ਨਜ਼ਰ ਕਰਦ ਬਰ ਬਚਹ ਗੌਹਰ ਨਿਗਾਰ॥**
**ਬ ਦੀਦਨ ਹੁਮਾਯੂੰ ਜਵਾਂ ਉਸਤਵਾਰ॥੪॥**

ਨਜ਼ਰ ਕਰਦ = ਵੇਖਿਆ। ਬਚਹ = ਪੁੱਤਰ। ਗੌਹਰ ਨਿਗਾਰ = ਜਵਾਹਰੀ। ਹਮਾਯੂੰ = ਸੁੰਦਰ। ਜਵਾਂ = ਜਵਾਨ। ਉਸਤਵਾਰ = ਰਿਸ਼ਟ ਪੁਸ਼ਟ।

ਉਹ ਬਾਦਸ਼ਾਹ ਦੀ ਇਸਤਰੀ ਨੇ ਇਕ ਜਵਾਹਰੀ ਦੇ ਪੁੱਤਰ ਨੂੰ ਵੇਖਿਆ, ਜੋ ਕਿ ਬੜਾ ਸੁੰਦਰ, ਜਵਾਨ ਤੇ ਰਿਸ਼ਟ ਪੁਸ਼ਟ ਸੀ॥੪॥

**ਬ ਵਕਤਿ ਸ਼ਬ ਓ ਰਾ ਬਿਖ਼ਾਦੰਦ ਪੇਸ਼॥**
**ਬ ਦੀਦਨ ਹੁਮਾਯੂੰ ਬਬਾਲਾਇ ਬੇਸ਼॥੫॥**

ਬ ਵਕਤਿ ਸ਼ਬ = ਰਾਤ ਵੇਲੇ। ਓ ਰਾ = ਉਸ ਨੂੰ। ਬਿਖਾਦੰਦ = ਸਦਿਆ। ਪੇਸ਼ = ਕੋਲ। ਬਬਾਲਾਇ = ਉਚਾ। ਬੇਸ਼ = ਬਹੁਤ।

ਰਾਤ ਵੇਲੇ ਰਾਣੀ ਨੇ ਉਸ ਨੂੰ ਆਪਣੇ ਕੋਲ ਬੁਲਾਇਆ, ਤੇ ਉਹ ਉਸ ਨੂੰ ਬੜਾ ਸੁੰਦਰ ਤੇ ਬੜਾ ਉਚਾ ਲੰਮਾ ਜਵਾਨ ਨਜ਼ਰ ਆਇਆ॥੫॥

**ਬਿਆਵੇਖ਼ਤ ਬਾ ਓ ਹਮਹ ਯਕ ਦਿਗਰ॥**
**ਕਿ ਜ਼ਾਹਿਰ ਸ਼ਵਦ ਹੋਸ਼ ਹੈਬਤ ਹੁਨਰ॥੬॥**

ਬਿਆਵੇਖ਼ਤ = ਰਚ ਮਿਚ ਗਏ। ਯਕ = ਇਕ। ਦਿਗਰ = ਦੂਸਰੇ। ਜ਼ਾਹਿਰ = ਪ੍ਰਗਟ। ਹੈਬਤ = ਡਰ। ਹੁਨਰ = ਜੁਗਤੀ।

ਉਹ ਦੋਵੇਂ ਇਕ ਦੂਜੇ ਨਾਲ ਰਚ ਮਿਚ ਗਏ। ਜਦੋਂ ਉਹਨਾਂ ਨੂੰ ਹੋਸ਼ ਆਈ ਤਾਂ ਉਹ ਡਰ ਗਏ ਕਿ ਸਾਡਾ ਭੇਦ ਜ਼ਾਹਰ ਹੋ ਜਾਏਗਾ। ਇਸ ਤੋਂ ਬਚਣ ਲਈ ਉਹਨਾਂ ਨੇ ਇਕ ਜੁਗਤੀ ਸੋਚੀ॥੬॥

**ਯਕੇ ਮੂਇ ਚੀਂ ਰਾ ਬੁਖ਼ਾਦੰਦ ਪੇਸ਼॥**
**ਕਿ ਅਜ਼ ਮੂਇ ਚੀਨੀ ਬਰਾਵੁਰਦ ਰੇਸ਼॥੭॥**

ਯਕੇ = ਇਕ। ਮੂਇ ਚੀਂ = ਨਾਈ। ਮੂਇ ਚੀਨੀ = ਮੋਚਨਾ, ਉਸਤਰਾ। ਬਰਾਵੁਰਦ = ਲਿਆਵੇ। ਰੇਸ਼ = ਦਾੜ੍ਹੀ।

ਉਸ ਨੇ ਇੱਕ ਨਾਈ ਨੂੰ ਆਪਣੇ ਕੋਲ ਸਦਿਆ, ਤਾਂਕਿ ਉਹ ਉਸ ਜਵਾਹਰੀ ਦੀ ਦਾੜ੍ਹੀ ਉਸਤਰੇ ਨਾਲ ਮੁੰਨ ਕੇ ਉਸ ਦਾ ਚਿਹਰਾ ਸਾਫ ਕਰ ਦੇਵੇ॥੭॥

**ਬਰੋ ਹਰ ਕਿ ਬੀਨਦ ਨ ਦਾਨਦ ਸੁਖਨ॥**
**ਕਿ ਅਜ਼ ਰੋਇ ਮਰਦੇ ਸ਼ੁਦਹ ਸ਼ਕਲ ਜ਼ਨ॥੮॥**

ਬੀਨਦ = ਵੇਖਦਾ। ਨ ਦਾਨਦ = ਨਹੀਂ ਜਾਣਦਾ। ਸੁਖਨ = ਗੱਲ। (ਭੇਦ)। ਰੋਇ ਮਰਦੇ = ਆਦਮੀ ਦਾ ਮੂੰਹ। ਸ਼ਕਲ ਜ਼ਨ = ਇਸਤਰੀ ਸ਼ਕਲ।

ਜਿਹੜਾ ਕੋਈ ਉਸ ਵਲ ਵੇਖਦਾ ਸੀ ਉਹ ਇਸ ਭੇਦ ਨੂੰ ਨਹੀ ਜਾਣ ਸਕਦਾ ਸੀ, ਕਿਉਂਕਿ ਉਸ ਦਾ ਚਿਹਰਾ ਮਨੁੱਖ ਤੋਂ ਇਸਤਰੀ ਦੀ ਸ਼ਕਲ ਦਾ ਹੋ ਗਿਆ ਸੀ॥੮॥

**ਬਿਦਾਨੰਦ ਹਰ ਕਸ ਕਿ ਈਂ ਹਮ ਜ਼ਨ ਅਸਤ।।**
**ਕਿ ਦਰ ਪੈਕਰਿ ਚੂੰ ਪਰੀ ਰੌਸ਼ਨ ਅਸਤ।।੯।।**

ਬਿਦਾਨੰਦ = ਜਾਣਿਆਂ। ਹਰ ਕਸ = ਹਰ ਕਿਸੇ ਨੇ। ਜ਼ਨ ਅਸਤ = ਇਸਤਰੀ ਹੈ। ਦਰ ਪੈਕਰਿ = ਸਰੀਰ ਵਿਚ। ਚੂੰ = ਵਾਂਗੂੰ। ਰੌਸ਼ਨ = ਪ੍ਰਕਾਸ਼, ਚਮਕ।

ਹਰ ਇਕ ਨੇ ਉਸ ਨੂੰ ਔਰਤ ਹੀ ਸਮਝਿਆ, ਕਿਉਂਕਿ ਉਸ ਦਾ ਸਰੀਰ ਪਰੀ ਵਾਂਗੂੰ ਚਮਕਦਾ ਸੀ।।੯।।

**ਬ ਦੀਦੰਦ ਓਰਾ ਯਕੇ ਰੋਜ਼ ਸ਼ਾਹ।।**
**ਕਿ ਮਕਬੂਲ ਸੂਰਤ ਚੁ ਰਖ਼ਸ਼ਿੰਦਹ ਮਾਹ।।੧੦।।**

ਬਦੀਦੰਦ = ਵੇਖਿਆ। ਓਰਾ = ਉਸ ਨੂੰ। ਯਕੇ ਰੋਜ਼ = ਇਕ ਦਿਨ। ਮਕਬੂਲ = ਮਨਮੋਹਣੀ। ਰਖ਼ਸ਼ਿੰਦਹ = ਪ੍ਰਕਾਸ਼। ਮਾਹ = ਚੰਦਰਮਾ।

ਇਕ ਦਿਨ ਬਾਦਸ਼ਾਹ ਨੇ ਉਸ ਨੂੰ ਵੇਖਿਆ, ਜੋ ਚੰਦਰਮਾਂ ਵਰਗੀ ਪ੍ਰਕਾਸ਼ ਮਈ ਤੇ ਪਿਆਰੀ ਸੂਰਤ ਸੀ।।੧੦।।

**ਬਿ ਪੁਰਸ਼ੀਦ ਓਰਾ ਕਿ ਏ ਨੇਕ ਬਖ਼ਤ।।**
**ਸਜ਼ਾਵਾਰ ਸ਼ਾਹ ਅਸਤੁ ਸ਼ਾਯਾਨ ਤਖ਼ਤ।।੧੧।।**

ਬਿ ਪੁਰਸ਼ੀਦ = ਪੁਛਿਆ ਕਿ ਹੇ ਚੰਗੇ ਭਾਗਾਂ ਵਾਲੀਏ! ਸਜ਼ਾਵਾਰ = ਲਾਇਕ। ਸ਼ਾਯਾਨ = ਯੋਗ।

ਬਾਦਸ਼ਾਹ ਨੇ ਉਸਨੂੰ ਕਿਹਾ ਕਿ ਹੇ ਭਾਗਾਂ ਵਾਲੀਏ ਕਿ ਤੂੰ ਬਾਦਸ਼ਾਹਾਂ ਦੇ ਲਾਇਕ ਹੈਂ ਅਤੇ ਸ਼ਾਹੀ ਤਖਤ ਤੇ ਬੈਠਣ ਦੇ ਯੋਗ ਹੈਂ. ਭਾਵ ਤੂੰ ਮੇਰੀ ਬੇਗਮ ਬਣ ਸਕਦੀ ਹੈਂ।।੧੧।।

**ਕਿ ਜ਼ਨ ਤੋ ਕਦਾਮੀ ਕਿਰਾ ਦੁਖ਼ਤਰੀ।।**
**ਕਿ ਮੁਲਕੇ ਕਿਰਾ ਰੋ ਕਿਰਾ ਖ਼੍ਾਹਰੀ।।੧੨।।**

ਕਦਾਮੀ = ਕਿਸ ਦੀ। ਕਿਰਾ = ਕਿਸ ਦੀ। ਦੁਖ਼ਤਰੀ = ਲੜਕੀ। ਖ਼੍ਾਹਰੀ = ਭੈਣ।

ਤੂੰ ਕਿਸ ਦੀ ਇਸਤਰੀ ਹੈਂ ਤੇ ਕਿਸ ਦੀ ਲੜਕੀ ਹੈਂ ? ਤੇਰਾ ਦੇਸ਼ ਕਿਹੜਾ ਹੈ? ਤੇ ਤੂੰ ਕਿਸ ਦੀ ਭੈਣ ਹੈਂ ?।।੧੨।।

**ਬ ਨਜ਼ਰ ਅੰਦਰੂੰ ਬਹਰਮੰਦ ਆਮਦਸ਼।।**
**ਬ ਦੀਦਨ ਸਹੇ ਦਿਲ ਪਸੰਦ ਆਮਦਸ਼।।੧੩।।**

ਬ ਨਜ਼ਰ ਅੰਦਰੂੰ = ਨਿਗ੍ਹਾ ਵਿਚ। ਬਹਰਮੰਦ = ਭਾਗਾਂ ਵਾਲੀ। ਦੀਦਨ = ਵੇਖਣਾ।

ਵੇਖਣ ਨੂੰ ਉਹ ਬਹੁਤ ਭਾਗਾਂ ਵਾਲੀ ਜਾਪੀ, ਜਿਸ ਕਰਕੇ ਬਾਦਸ਼ਾਹ ਨੂੰ ਬੜੀ ਪਸੰਦ ਆਈ।।੧੩।।

**ਕਨੀਜ਼ਕ ਯਕੇ ਰਾ ਬੁਖ਼ਾਦੰਦ ਪੇਸ਼।।**
**ਸ਼ਬੰ ਗਾਹਿ ਬੁਰਦਸ਼ ਦਰੂੰ ਖ਼ਾਨਹ ਖ਼ੇਸ਼।।੧੪।।**

ਕਨੀਜ਼ਕ = ਦਾਸੀ। ਬੁਖ਼ਾਦੰਦ = ਸਦਿਆ। ਪੇਸ਼ = ਕੋਲ। ਸ਼ਬੰ = ਰਾਤ। ਬੁਰਦਸ਼ = ਲੈ ਗਿਆ। ਦਰੂੰ = ਅੰਦਰ। ਖ਼ਾਨਹ ਖ਼ੇਸ਼ = ਆਪਣੇ ਘਰ।

ਬਾਦਸ਼ਾਹ ਨੇ ਇਕ ਦਾਸੀ ਨੂੰ ਆਪਣੇ ਕੋਲ ਸਦਿਆ ਤੇ ਰਾਤ ਵੇਲੇ ਉਸ ਨੂੰ ਆਪਣੇ ਘਰ ਵਿਚ ਲੈ ਗਿਆ।।੧੪।।

**ਬਿ ਗੁਫ਼ਤਹ ਕਿ ਏ ਸਰਵ ਕਦ ਸੀਮ ਤਨ।।**
**ਚਰਾਗ਼ੇ ਫਲਕ ਆਫਤਾਬੇ ਯਮਨ।।੧੫।।**

ਗੁਫ਼ਤਹ = ਕਿਹਾ। ਸਰਵ = ਸਰੂ। ਸੀਮ = ਚਾਂਦੀ। ਚਰਾਗੇ ਫਲਕ = ਆਸਮਾਨ ਦਾ ਦੀਵਾ, ਚੰਦ। ਆਫਤਾਬੇ = ਸੂਰਜ।

ਬਾਦਸ਼ਾਹ ਨੇ ਦਾਸੀ ਨੂੰ ਕਿਹਾ ਕਿ ਮੈਂ ਅੱਜ ਸਰੂ ਵਰਗੇ ਕੱਦ ਵਾਲੀ ਤੇ ਚਾਂਦੀ ਵਰਗੇ ਸੋਹਣੇ ਸਰੀਰ ਵਾਲੀ ਇਸਤਰੀ ਵੇਖੀ ਹੈ, ਜੋ ਚੰਦਰਮਾਂ ਵਰਗੀ ਸੁੰਦਰ ਤੇ ਸੂਰਜ ਵਰਗੀ ਪ੍ਰਕਾਸ਼ ਮਈ ਹੈ।।੧੫।।

**ਵਜ਼ਾਂ ਬਹਰ ਮਾਰਾ ਬ ਤਪਸ਼ੀਦ ਦਿਲ।।**
**ਕਿ ਮਾਹੀ ਬਿਅਫਤਾਦ ਅਜ਼ ਆਬ ਗਿਲ।।੧੬।।**

ਵਜ਼ਾਂ = ਉਸ। ਬਹਰ = ਲਈ। ਮਾਰਾ = ਮੇਰਾ। ਤਪਸ਼ੀਦ = ਤੜਫ ਰਿਹਾ ਹੈ। ਮਾਹੀ = ਮੱਛੀ। ਬਿਅਫਤਾਦ = ਡਿੱਗ ਪਵੇ। ਆਬ = ਪਾਣੀ। ਗਿਲ = ਚਿੱਕੜ।

ਉਸ ਨੂੰ ਮਿਲਣ ਲਈ ਮੇਰਾ ਮਨ ਇਸ ਤਰ੍ਹਾਂ ਤੜਫ ਰਿਹਾ ਹੈ, ਜਿਵੇਂ ਮੱਛੀ ਪਾਣੀ ਵਿਚੋਂ ਨਿਕਲ ਕੇ ਚਿੱਕੜ ਵਿਚ ਡਿੱਗ ਕੇ ਤੜਫਦੀ ਹੈ।।੧੬।।

**ਬੁਰੋਏ ਸ਼ਬਾਪੈਕ ਗੁਲਜ਼ਾਰ ਮਾਂ।।**
**ਕਿ ਦਰਪੇਸ਼ ਯਾਰੇ ਵਫ਼ਾਦਾਰ ਮਾਂ।।੧੭।।**

ਬੁਰੋਏ = ਜਾਹ। ਸ਼ਬਾਪੈਕ = ਦੂਤੀ। ਗੁਲਜ਼ਾਰ = ਫੁਲਵਾੜੀ। ਦਰਪੇਸ਼ = ਅੱਗੇ।

ਹੇ ਮੇਰੀ ਫੁਲਵਾੜੀ ਵਾਂਗੂੰ ਖਿੜੀ ਹੋਈ ਦੂਤੀ ! ਤੂੰ ਮੇਰੇ ਵਫਾਦਾਰ ਯਾਰ ਕੋਲ ਜਾਹ।।੧੭।।

**ਤੁ ਗਰ ਪੇਸ਼ ਓਰਾ ਬਿਯਾਰੀ ਮਰਾ।।**
**ਕਿ ਬਖ਼ਸ਼ੇਮ ਸਰਬਸਤਹ ਗੰਜੇ ਤੁਰਾ।।੧੮।।**

ਤੁ = ਤੂੰ। ਗਰ = ਜੇਕਰ। ਪੇਸ਼ = ਅਗੇ, ਕੋਲ। ਓਰਾ = ਉਸਨੂੰ। ਬਿਯਾਰੀ = ਲਿਆਵੇਂ। ਮਰਾ = ਮੇਰਾ। ਸਰਬਸਤਹ = ਭਰੀ ਹੋਈ (ਥੈਲੀ)। ਗੰਜੇ = ਖਜ਼ਾਨਾ। ਤੁਰਾ = ਤੈਨੂੰ।

ਜੇ ਕਿਸੇ ਤਰ੍ਹਾਂ ਤੂੰ ਉਸ ਨੂੰ ਮੇਰੇ ਕੋਲ ਲੈ ਆਵੇਂ ਤਾਂ ਮੈਂ ਤੈਨੂੰ ਮੋਹਰਾਂ ਦੀ ਭਰੀ ਹੋਈ ਇਕ ਥੈਲੀ ਦੇਵਾਂਗਾ।।੧੮।।

## ਰਵਾਂ ਸ਼ੁਦ ਕਨੀਜ਼ਕ ਸ਼ੁਨੀਦ ਈਂ ਸੁਖ਼ਨ।।
## ਬਿਗੋਯਦ ਸੁਖਨ ਰਾ ਜ਼ਿ ਸਰ ਤਾਬ ਬੁਨ।।੧੯।।

ਰਵਾਂ ਸ਼ੁਦ = ਤੁਰ ਪਈ। ਕਨੀਜ਼ਕ = ਦਾਸੀ। ਸ਼ੁਨੀਦ = ਸੁਣ ਕੇ। ਈਂ ਸੁਖਨ = ਇਹ ਬਚਨ। ਬਿਗੋਯਦ = ਕਹੀ। ਸਰ = ਸਿਰ। ਬੁਨ = ਪੈਰ।

ਬਾਦਸ਼ਾਹ ਦੀ ਇਹ ਗੱਲ ਸੁਣ ਕੇ ਦਾਸੀ ਤੁਰ ਪਈ ਤੇ ਉਥੇ ਜਾ ਕੇ ਉਸ ਨੇ ਸਿਰ ਤੋਂ ਪੈਰਾਂ ਤਕ ਸਾਰੀ ਗੱਲ ਉਸ ਨੂੰ ਕਹਿ ਦਿੱਤੀ।।੧੯।।

## ਜ਼ੁਬਾਨੀ ਕਨੀਜ਼ਕ ਸ਼ੁਨੀਦੀਂ ਸੁਖ਼ਨ।।
## ਬ ਪੇਚੀਦ ਬਰ ਖ਼ੁਦ ਜ਼ਿ ਪੌਸ਼ਾਕ ਜ਼ਨ।।੨੦।।

ਪੇਚੀਦ = ਔਖੀ। ਪੌਸ਼ਾਕ ਜ਼ਨ = ਸਰੀਰ ਦੀ ਪੁਸ਼ਾਕ।

ਦਾਸੀ ਦੀ ਜ਼ਬਾਨ ਤੋਂ ਇਹ ਔਖੀ ਗੱਲ ਸੁਣ ਕੇ ਉਸ ਨੂੰ ਆਪਣੇ ਸਰੀਰ ਤੇ ਇਸਤਰੀ ਵਾਲੀ ਪੁਸ਼ਾਕ ਵੇਖ ਕੇ ਬੜੀ ਨਫਰਤ ਹੋਈ।।੨੦।।

## ਕਿ ਜ਼ਾਹਰ ਕੁਨਾਨੀਦ ਅਸਬਾਬ ਖੇਸ਼।।
## ਕਿ ਦੀਦਨ ਜਹਾਂ ਰਾ ਬ ਕਿਰਦਾਰ ਖੇਸ਼।।੨੧।।

ਜ਼ਾਹਰ = ਪ੍ਰਗਟ। ਕੁਨਾਨੀਦ = ਕਰਵਾਇਆ। ਅਸਬਾਬ = ਭੇਦ। ਖੇਸ਼ = ਆਪਣਾ। ਕਿਰਦਾਰ = ਕਰਤਵ।

ਉਸ ਨੇ ਆਪਣੇ ਮਨ ਵਿਚ ਵਿਚਾਰਿਆ ਕਿ ਜੇ ਮੈ ਆਪਣਾ ਭੇਦ ਪ੍ਰਗਟ ਕਰਵਾਇਆ ਤਾਂ ਸੰਸਾਰ ਵਿਚ ਮੇਰਾ ਕੀ ਕਰਤਵ ਹੋਵੇਗਾ ?।।੨੧।।

## ਬ ਖ਼ਾਹਦ ਮਰਾ ਸ਼ਾਹਿ ਏ ਯਾਰ ਮਾ।।
## ਮਰਾ ਮਸਲਿਹਤ ਦਿਹ ਵਫ਼ਾਦਾਰ ਮਾ।।੨੨।।

ਖ਼ਾਹਦ = ਚਾਹੁੰਦਾ ਹੈ। ਮਰਾ = ਮੈਨੂੰ। ਮਸਲਿਹਤ = ਸਲਾਹ।

ਉਹ ਰਾਣੀ ਨੂੰ ਕਹਿਣ ਲੱਗਾ ਕਿ ਐ ਮੇਰੇ ਯਾਰ ! ਬਾਦਸ਼ਾਹ ਮੇਰੀ ਸ਼ਕਲ ਵੇਖ ਕੇ ਮੈਨੂੰ ਚਾਹੁੰਦਾ ਹੈ। ਐ ਮੇਰੀ ਵਫਾਦਾਰ ! ਤੂੰ ਹੁਣ ਮੈਨੂੰ ਸਲਾਹ ਦੇਹ ਕਿ ਮੈਂ ਕੀ ਕਰਾਂ ?।।੨੨।।

Namdhari Elibrary NamdhariElibrary@gmail.com

******************************************************

## ਤੁ ਗੋਈ ਮਨ ਈਂ ਜਾ ਗੁਰੇਜ਼ਾ ਸ਼ਵਮ॥
## ਕਿ ਇਮ ਰੋਜ਼ ਅਜ਼ ਜਾਇ ਖੇਜ਼ਾ ਸ਼ਵਮ॥੨੩॥

ਤੁ = ਤੂੰ। ਗੋਈ = ਕਹੇਂ। ਮਨ = ਮੈਨੂੰ। ਈ ਜਾ = ਇਸ ਜਗ੍ਹਾ। ਗੁਰੇਜ਼ਾ ਸ਼ਵਮ = ਗੁੰਮ ਹੋ ਜਾਵਾਂ। ਇਮਰੋਜ਼ = ਅੱਜ। ਅਜ਼ ਜਾਇ = ਥਾਂ। ਖੇਜ਼ਾ ਸ਼ਵਮ = ਚਲਾ ਜਾਵਾਂ।

ਜੇ ਤੂੰ ਮੈਨੂੰ ਕਹੇਂ ਤਾਂ ਮੈ ਇਸ ਜਗ੍ਹਾ ਤੋਂ ਗੁੰਮ ਹੋ ਜਾਵਾਂ ਤੇ ਅੱਜ ਹੀ ਇੱਥੋਂ ਚਲਾ ਜਾਵਾਂ॥੨੩॥

## ਨ ਤਰਸੀ ਇਲਾਜੇ ਤੁਰਾ ਮਨ ਕੁਨਮ॥
## ਬ ਦੀਦਨ ਵਜ਼ਾਂ ਚਾਰ ਮਾਹੇ ਨਿਹਮ॥੨੪॥

ਤਰਸੀ = ਡਰ। ਇਲਾਜੇ = ਉਪਾਅ। ਬ ਦੀਦਨ = ਵੇਖਦਿਆਂ। ਨਿਹਮ = ਰੱਖਾਂਗੀ।

ਰਾਣੀ ਨੇ ਉਸ ਨੂੰ ਕਿਹਾ ਕਿ ਤੂੰ ਡਰ ਨਾ, ਮੈ ਤੇਰਾ ਉਪਾਅ ਕਰਾਂਗੀ। ਬਾਦਸ਼ਾਹ ਦੇ ਵੇਖਦਿਆਂ ਵੇਖਦਿਆਂ, ਮੈਂ ਚਾਰ ਮਹੀਨੇ ਤੈਨੂੰ ਆਪਣੇ ਕੋਲ ਰਖਾਂਗੀ॥੨੪॥

## ਚੁ ਖੁਸ਼ਪੀਦ ਯਕ ਜਾਇ ਚੂੰ ਬੇਖ਼ਬਰ॥
## ਖ਼ਬਰ ਗਸ਼ਤ ਸ਼ੁਦ ਸ਼ਾਹ ਓ ਸ਼ੇਰ ਨਰ॥੨੫॥

ਖੁਸ਼ਪੀਦ = ਸੌਂ ਗਏ। ਯਕ ਜਾਇ = ਇਕ ਜਗ੍ਹਾ। ਗਸ਼ਤ = ਹੋਈ। ਸ਼ਾਹ = ਬਾਦਸ਼ਾਹ।

ਇਹ ਗੱਲ ਕਹਿਕੇ ਰਾਣੀ ਉਸ ਨੂੰ ਨਾਲ ਲੈ ਕੇ ਇਕ ਸੇਜ ਉੱਤੇ ਬੇਸੁਰਤ ਹੋ ਕੇ ਸੌਂ ਗਈ। ਦਾਸੀ ਤੋਂ ਸ਼ੇਰ ਸਮਾਨ ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ॥੨੫॥

## ਦਹਾਨੇ ਕਨੀਜ਼ਕ ਸ਼ੁਨੀਦ ਈਂ ਸੁਖ਼ਨ॥
## ਬਜੁੰਬਸ਼ ਲਰਜ਼ੀਦ ਸਰ ਤਾਬ ਬੁਨ॥੨੬॥

ਦਹਾਨੇ = ਮੂੰਹ। ਸ਼ੁਨੀਦ = ਸੁਣਿਆ। ਈ ਸੁਖਨ = ਇਹ ਗੱਲ। ਬਜੁੰਬਸ਼ = ਗੁੱਸੇ ਨਾਲ। ਲਰਜ਼ੀਦ = ਕੰਬਿਆ। ਸਰ ਤਾਬ ਬੁਨ = ਸਿਰ ਤੋਂ ਪੈਰਾਂ ਤੱਕ।

ਦਾਸੀ ਦੇ ਮੂੰਹੋ ਇਹ ਗੱਲ ਸੁਣ ਕੇ ਬਾਦਸ਼ਾਹ ਗੁੱਸੇ ਨਾਲ ਸਿਰ ਤੋਂ ਪੈਰਾਂ ਤੱਕ ਕੰਬਣ ਲੱਗ ਗਿਆ॥੨੬॥

## ਬਿਯਾਮਦ ਕਜ਼ੋ ਜਾਇ ਓ ਖ਼ੁਫਤਹ ਦੀਦ॥
## ਜ਼ਿ ਸਰ ਤਾ ਕਦਮ ਹਮ ਚੁ ਮਿਹਰਸ਼ ਤਪੀਦ॥੨੭॥

ਬਿਯਾਮਦ = ਆਇਆ। ਕਜ਼ੋ ਜਾਇ = ਉਸ ਜਗ੍ਹਾ। ਖ਼ੁਫਤਹ = ਸੁਤਾ ਪਿਆ। ਦੀਦ = ਵੇਖਿਆ। ਕਦਮ = ਪੈਰ। ਮਿਹਰਸ਼ = ਸੂਰਜ। ਤਪੀਦ = ਤਪਿਆ।

ਉਹ ਦਾਸੀ ਦੇ ਨਾਲ ਉਸ ਜਗ੍ਹਾਂ ਤੇ ਆਇਆ ਤੇ ਉਹਨਾਂ ਦੋਹਾਂ ਨੂੰ ਸੁੱਤਿਆਂ ਪਿਆ ਵੇਖਿਆ। ਇਹ ਵੇਖ ਕੇ ਉਹ ਸਿਰ ਤੋਂ ਪੈਰਾਂ ਤੱਕ ਸੂਰਜ ਵਾਂਗੂੰ ਤਪ ਗਿਆ।।੨੭।।

## ਬਿਦਾਨਦ ਕਿ ਈਂ ਰਾ ਖ਼ਬਰਦਾਰ ਸ਼ੁਦ।।
## ਬ ਰੋਜ਼ੇ ਅਜ਼ਾ ਈਂ ਖ਼ਬਰਦਾਰ ਸ਼ੁਦ।।੨੮।।

ਬਿਦਾਨਦ = ਸਮਝਿਆ। ਈ ਰਾ = ਇਸ ਨੂੰ। ਖਬਰਦਾਰ ਸ਼ੁਦ = ਖਬਰਦਾਰ ਹੋ ਗਈ ਹੈ। ਅਜ਼ਾ = ਉਸ।

ਬਾਦਸ਼ਾਹ ਨੇ ਸਮਝਿਆ ਕਿ ਮੇਰੀ ਨੀਤ ਦਾ ਇਸ ਨੂੰ ਪਤਾ ਲੱਗ ਗਿਆ ਹੈ. ਤਦ ਹੀ ਇਹ ਉਸ ਦਿਨ ਤੋਂ ਖਬਰਦਾਰ ਹੋ ਗਈ ਹੈ ਤੇ ਇਕੱਲੀ ਨਹੀ ਸੌਂਦੀ।।੨੮।।

## ਬਿ ਖੁਸ਼ਪੀਦ ਯਕ ਜਾ ਯਕੇ ਖਾ ਬਗਾਹ।।
## ਮਰਾ ਦਾਵ ਅਫ਼ਤਦ ਨ ਯਜ਼ਦਾਂ ਗਵਾਹ।।੨੯।।

ਖੁਸ਼ਪੀਦ = ਸੁੱਤੀ। ਯਕੇ ਜਾ = ਇਕੋ ਜਗ੍ਹਾ। ਖ਼ਾਬਗਾਹ = ਸੌਣ ਵਾਲੀ ਜਗ੍ਹਾ। ਅਫਤਦ = ਲਗ। ਯਜ਼ਦਾਂ = ਪਰਮਾਤਮਾ।

ਇਹ ਦੋਵੇਂ ਇਕੋ ਸੇਜ ਤੇ ਇਕਠੀਆਂ ਸੁੱਤੀਆਂ ਹਨ, ਇਸ ਕਰਕੇ ਮੇਰਾ ਦਾਅ ਨਹੀਂ ਲੱਗਾ। ਇਸ ਗੱਲ ਦਾ ਰੱਬ ਗਵਾਹ ਹੈ।।੨੯।।

## ਜੁਦਾ ਗਰ ਬੁਬੀਂਨਮ ਅਜ਼ ਈਂ ਖ਼ਾਬਗਾਹ।।
## ਯਕੇ ਜੁਫ਼ਤ ਬਾਸ਼ਮ ਚੁ ਖ਼ੁਰਸ਼ੈਦ ਮਾਹ।।੩੦।।

ਜੁਦਾ = ਵਖਰਾ। ਬੀਨਮ = ਵੇਖ ਲਵਾਂ। ਅਜ਼ ਈ = ਇਸ ਨੂੰ। ਜੁਫਤ = ਜੁੜਦਾ। ਬਾਸ਼ਮ = ਹੋਵਾਂ। ਖੁਰਸ਼ੈਦ = ਸੂਰਜ। ਮਾਹ = ਚੰਕਰਮਾ।

ਬਾਦਸ਼ਾਹ ਨੇ ਆਪਣੇ ਮਨ ਵਿਚ ਸੋਚਿਆ ਹੈ ਕਿ ਜੇ ਮੈਂ ਇਸ ਨੂੰ ਇਸ ਸੌਣ ਵਾਲੀ ਜਗ੍ਹਾ ਤੋਂ ਵਖਰਾ ਵੇਖ ਲਵਾਂ ਤਾਂ ਮੈਂ ਮਸਿਆ ਦੀ ਰਾਤ ਵਾਂਗ ਸੂਰਜ ਚੰਦਰਮਾਂ ਵਾਂਗੂੰ ਇਸ ਨਾਲ ਜੁੜ ਜਾਵਾਂ?।।੩੦।।

## ਵਜ਼ਾਂ ਰੋਜ਼ ਗਸ਼ਤਹ ਬਿਯਾਮਦ ਦਿਗਰ।।
## ਹਮਾਂ ਖੁਫਤਹ ਦੀਦੰ ਯਕੇ ਬਬਰ।।੩੧।।

ਵਜ਼ਾਂ ਰੋਜ਼ = ਉਸ ਦਿਨ। ਗਸ਼ਤਹ = ਚਲਾ ਗਿਆ। ਬਿਯਾਮਦ = ਆਇਆ। ਦਿਗਰ = ਦੂਜੇ। ਹਮਾਂ = ਉਸੇ ਤਰ੍ਹਾਂ। ਖੁਫਤਹ = ਸੁਤੇ। ਦੀਦੰ = ਦੇਖਿਆ। ਬਬਰ = ਜੱਫੀ।

ਉਸ ਦਿਨ ਬਾਦਸ਼ਾਹ ਚਲਾ ਗਿਆ, ਦੂਜੇ ਦਿਨ ਫਿਰ ਆਇਆ। ਦੂਜੇ ਦਿਨ ਵੀ ਉਸ ਨੇ

Namdhari Elibrary NamdhariElibrary@gmail.com

************************************************************

ਦੋਹਾਂ ਨੂੰ ਜੱਫੀ ਪਾ ਕੇ ਸੁਤਿਆਂ ਪਿਆ ਵੇਖਿਆ॥੩੧॥

**ਦਰੇਗਾ ਅਜ਼ੀਂ ਗਰ ਜੁਦਾ ਯਾਫਤਮ॥**
**ਯਕੇ ਹਮਲਹ ਚੂੰ ਸ਼ੇਰਿ ਨਰ ਸਾਖਤਮ॥੩੨॥**

ਦਰੇਗਾ = ਅਫਸੋਸ। ਯਾਫਤਮ = ਪਾਉਂਦਾ। ਹਮਲਹ = ਹੱਲਾ। ਸਾਖਤਮ = ਮੈਂ ਕਰਦਾ।

ਬਾਦਸ਼ਾਹ ਆਪਣੇ ਮਨ ਵਿਚ ਕਹਿਣ ਲੱਗਾ ਕਿ ਅਫਸੋਸ ਹੈ, ਜੇਕਰ ਮੈਂ ਰਾਣੀ ਤੋਂ ਵਖਰੇ ਇਸ ਨੂੰ ਪਾਉਂਦਾ ਤਾਂ ਮੈਂ ਨਰ ਸ਼ੇਰ ਵਾਂਗੂੰ ਇਕ ਦਮ ਇਸ ਤੇ ਹੱਲਾ ਕਰ ਦੇਂਦਾ॥੩੨॥

**ਦਿਗਰ ਰੋਜ਼ ਰਫ਼ਤਸ਼ ਸਿਯਮ ਆਮਦਸ਼॥**
**ਬ ਦੀਦੰਦ ਯਕ ਜਾਇ ਬਰ ਤਾਫਤਸ਼॥੩੩॥**

ਰਫਤਸ਼ = ਗਿਆ। ਸਿਯਮ = ਤੀਜੇ। ਆਮਦਸ਼ = ਆਇਆ। ਬਰ ਤਾਫਤਸ਼ = ਮੁੜ ਆਇਆ। ਯਕ ਜਾਇ = ਇਕ ਜਗ੍ਹਾ।

ਉਹ ਦੂਜੇ ਦਿਨ ਵਾਪਿਸ ਚਲਾ ਗਿਆ ਅਤੇ ਤੀਜੇ ਦਿਨ ਆਇਆ, ਤਦ ਵੀ ਦੋਹਾਂ ਨੂੰ ਇਕੱਠਾ ਪਿਆਂ ਵੇਖ ਕੇ ਮੁੜ ਆਇਆ॥੩੩॥

**ਬ ਰੋਜ਼ੇ ਚੁ ਆਮਦ ਬ ਦੀਦੰਦ ਜ਼ੁਫਤ॥**
**ਬ ਹੈਰਤ ਫਰੋ ਰਫਤ ਬਾ ਦਿਲ ਬਿਗੁਫਤ॥੩੪॥**

ਚੁ ਆਮਦ = ਆਇਆ। ਜ਼ੁਫਤ = ਇਕੱਠੇ। ਫਰੋ ਰਫਤ = ਉਹ ਫਿਰ ਚਲਿਆ। ਬਿਗੁਫਤ = ਕਹਿੰਦਾ।

ਚੌਥੇ ਦਿਨ ਆਇਆ ਤਾਂ ਫਿਰ ਉਹਨਾਂ ਦੋਹਾਂ ਨੂੰ ਇਕੱਠੇ ਪਿਆਂ ਵੇਖਿਆ। ਹੈਰਾਨ ਹੋ ਕੇ ਵਾਪਸ ਮੁੜ ਪਿਆ ਤੇ ਦਿਲ ਵਿਚ ਕਹਿਣ ਲੱਗਾ॥੩੪॥

**ਕਿ ਹੈਫ ਅਸਤ ਆਂ ਰਾ ਜੁਦਾ ਯਾਫਤਮ॥**
**ਕਿ ਤੀਰੇ ਕਮਾਂ ਅੰਦਰੂੰ ਸਾਖ਼ਤਮ॥੩੫॥**

ਹੈਫ ਅਸਤ = ਅਫਸੋਸ ਹੈ। ਆਂ ਰਾ = ਉਸਨੂੰ। ਜੁਦਾ = ਵੱਖਰਾ। ਯਾਫਤਮ = ਪਾਉਂਦਾ। ਸਾਖਤਮ = ਰੱਖਦਾ।

ਅਫਸੋਸ ਹੈ, ਜੇ ਮੈ ਇਸ ਨੂੰ ਵਖਰਿਆ ਪਾ ਲੈਂਦਾ ਤਾਂ ਇਸ ਦੀ ਕਮਾਨ ਵਿਚ ਤੀਰ ਟਿਕਾ ਦੇਂਦਾ। ਭਾਵ ਇਸ ਨਾਲ ਭੋਗ ਸੰਭੋਗ ਕਰਦਾ॥੩੫॥

**ਨ ਦੀਦੇਮ ਦੁਸ਼ਮਨ ਨ ਦੋਜ਼ਨ ਬ ਤੀਰ॥**

ਨ ਕੁਸ਼ਤਮ ਅਦੂ ਰਾ ਨ ਕਰਦਮ ਅਸੀਰ।।੩੬।।

ਦੀਦੇਮ = ਵੇਖਿਆ। ਦੋਜ਼ਨ = ਪਰੋਇਆ। ਅਦੂ ਰਾ = ਬੁਰਾ ਆਦਮੀ। ਕੁਸ਼ਤਮ = ਮਾਰਿਆ। ਅਸੀਰ = ਕੈਦ।

ਬਾਦਸ਼ਾਹ ਨੇ ਆਪਣੇ ਮਨ ਵਿਚ ਅਫਸੋਸ ਕੀਤਾ ਕਿ ਨਾ ਮੈਂ ਦੁਸ਼ਮਨ ਨੂੰ ਵੇਖਿਆ ਹੈ ਤੇ ਨਾ ਹੀ ਉਸ ਨੂੰ ਆਪਣੇ ਤੀਰ ਵਿਚ ਪਰੋਇਆ ਹੈ। ਨਾ ਮੈ ਉਸ ਬੁਰੇ ਆਦਮੀ ਨੂੰ ਮਾਰਿਆ ਹੈ ਤੇ ਨਾ ਹੀ ਕੈਦ ਕੀਤਾ ਹੈ। ਮੈ ਕਾਹਦਾ ਬਹਾਦਰ ਹੋਇਆ ?।।੩੬।।

ਸ਼ਸ਼ਮ ਰੋਜ਼ ਆਮਦ ਬਦੀਦਹ ਵਜ਼ਾਂ।।
ਬ ਪੇਚਸ਼ ਦਰਾ ਵਖ਼ਤ ਗੁਫ਼ਤ ਅਜ਼ ਜ਼ੁਬਾਂ।।੩੭।।

ਸ਼ਸ਼ਮ = ਛੇਵੇਂ। ਪੇਚਸ਼ = ਵੱਟ। ਗੁਫਤ = ਕਿਹਾ।

ਛੇਵੇਂ ਦਿਨ ਬਾਦਸ਼ਾਹ ਆਇਆ ਤਾਂ ਉਸ ਨੇ ਫਿਰ ਉਸੇ ਤਰ੍ਹਾਂ ਵੇਖਿਆ। ਉਸ ਨੇ ਬੜਾ ਵੱਟ ਖਾਧਾ ਤੇ ਆਪਣੀ ਜ਼ਬਾਨ ਤੋਂ ਇਸ ਤਰ੍ਹਾਂ ਆਖਿਆ।।੩੭।।

ਨ ਦੀਦੇਮ ਦੁਸ਼ਮਨ ਕਿ ਰੇਜ਼ੇਮ ਖ਼ੂੰ।।
ਦਰੇਗ਼ਾ ਨ ਕੈਬਰ ਕਮਾਂ ਅੰਦਰੂੰ।।੩੮।।

ਰੇਜ਼ੇਮ = ਟੁਕੜੇ। ਖ਼ੂੰ = ਕਤਲ। ਦਰੇਗ਼ਾ = ਅਫਸੋਸ। ਕੈਬਰ = ਤੀਰ।

ਵੈਰੀ ਨੂੰ ਮੈਂ ਨਹੀਂ ਵੇਖਿਆ, ਜਿਸ ਕਰਕੇ ਮੈਂ ਉਸ ਨੂੰ ਕਤਲ ਕਰਕੇ ਟੁਕੜੇ ਟੁਕੜੇ ਨਹੀਂ ਕਰ ਸਕਿਆ। ਅਫਸੋਸ ਹੈ, ਮੈ ਕਮਾਨ ਵਿਚ ਤੀਰ ਨਹੀਂ ਰੱਖ ਸਕਿਆ। ਭਾਵ ਮੈ ਉਸ ਨਾਲ ਸੰਭੋਗ ਨਹੀਂ ਕਰ ਸਕਿਆ।।੩੮।।

ਦਰੇਗ਼ਾ ਬ ਦੁਸ਼ਮਨ ਨ ਆਵੇਖ਼ਤਮ।।
ਅਰਗਾ ਨ ਬਾ ਯਕ ਦਿਗਰ ਰੇਖ਼ਤਮ।।੩੯।।

ਆਵੇਖਤਮ = ਲਿਪਟਿਆ। ਰੇਖਤਮ = ਡੁਲ੍ਹਣਾ।

ਅਫਸੋਸ ਹੈ ਕਿ ਮੈ ਦੁਸ਼ਮਨ ਨਾਲ ਨਹੀ ਲਿਪਟਿਆ ਭਾਵ ਉਸ ਨਾਲ ਮੇਲ ਨਹੀਂ ਹੋਇਆ। ਅਫਸੋਸ ਹੈ ਕਿ ਅਸੀ ਇਕ ਦੂਜੇ ਨਾਲ ਮਿਲ ਕੇ ਡੁਲ੍ਹੇ ਵੀ ਨਹੀਂ।।੩੯।।

ਹਕੀਕਤ ਸ਼ਨਾਸ਼ਦ ਨ ਹਾਲੇ ਦਿਗਰ।।
ਕਿ ਮਾਯਲ ਬਸੇ ਗਸ਼ਤ ਓ ਤਾਬ ਸਰ।।੪੦।।

ਹਕੀਕਤ = ਸੱਚ, ਅਸਲੀਅਤ। ਸ਼ਨਾਸਦ = ਪਛਾਣਿਆ। ਹਾਲੇ = ਢੰਗ। ਮਾਯਲ = ਮੋਹਤ। ਬਸੇ = ਬਹੁਤ। ਗਸ਼ਤੰ = ਹੋਇਆ। ਤਾਬ = ਤੱਕ। ਸਰ = ਸਿਰ।

Namdhari Elibrary NamdhariElibrary@gmail.com

ਬਾਦਸ਼ਾਹ ਕਿਸੇ ਦੂਸਰੇ ਹਾਲ ਵਿਚ ਹੋਣ ਕਰਕੇ ਅਸਲੀਅਤ ਨੂੰ ਨਾ ਪਛਾਣ ਸਕਿਆ ਕਿ ਇਹ ਲੜਕਾ ਹੈ ਜਾਂ ਲੜਕੀ। ਉਹ ਸਿਰ ਤੋਂ ਪੈਰਾਂ ਤੱਕ ਬਹੁਤ ਹੀ ਮੋਹਤ ਹੋਇਆ ਹੋਇਆ ਸੀ।।੪੦।।

ਭਾਵ - ਬਾਦਸ਼ਾਹ ਨੇ ਸੱਚ ਨੂੰ ਪਛਾਣਿਆ ਨਹੀਂ। ਉਹ ਦੂਈ ਦੇ ਭਾਵ ਵਿਚ ਡੁੱਬਾ ਹੋਣ ਕਰਕੇ ਸੱਚ ਤੋਂ ਦੂਰ ਰਹਿ ਗਿਆ ਸੀ।

**ਬੁਬੀਂ ਬੇਖਬਰ ਰਾ ਚਿ ਕਾਰੇ ਕੁਨਦ।।**
**ਕਿ ਕਾਰੇ ਬਦਸ਼ ਇਖਤਯਾਰੇ ਕੁਨਦ।।੪੧।।**

ਬੁਬੀਂ = ਵੇਖ। ਬੇਖਬਰ = ਕਮਲਾ। ਚਿ ਕਾਰੇ = ਕਿਸ ਕੰਮ। ਬਦਸ਼ = ਬੁਰਾ। ਇਖਤਯਾਰੇ = ਗ੍ਰਹਿਣ।

(ਐ ਔਰੰਗਜ਼ੇਬ !) ਤੂੰ ਇਸ ਕਮਲੇ ਬਾਦਸ਼ਾਹ ਵਲ ਵੇਖ, ਕਿ ਇਹ ਕੀ ਕੰਮ ਕਰ ਰਿਹਾ ਹੈ। ਜੋ ਬੁਰਾ ਕਰਮ ਹੈ, ਉਸ ਨੂੰ ਗ੍ਰਹਿਣ ਕਰਨਾ ਚਾਹੁੰਦਾ ਹੈ।।੪੧।।

ਭਾਵ - ਜੀਵ ਆਪਣੀ ਬੇਸਮਝੀ ਕਰਕੇ ਸਦਾ ਉਹ ਕੰਮ ਕਰਦਾ ਹੈ, ਜਿਸ ਦੇ ਕਰਨ ਨਾਲ ਦੁਖ ਪ੍ਰਾਪਤ ਹੁੰਦਾ ਹੈ।

**ਬੁਬੀਂ ਬੇਖ਼ਬਰ ਬਦ ਖ਼ਰਾਸੀ ਕੁਨਦ।।**
**ਕਿ ਬੇਆਬ ਸਰ ਖ਼ੁਦ ਤਰਾਸ਼ੀ ਕੁਨਦ।।੪੨।।**

ਬੁਬੀ = ਵੇਖ। ਬਦ = ਬੁਰਾ। ਖਰਾਸੀ = ਦੁਖਦਾਈ। ਬੇ = ਬਿਨਾਂ। ਆਬ = ਪਾਣੀ। ਤਰਾਸ਼ੀ = ਮੁੰਨਣਾ।

(ਐ ਔਰੰਗਜ਼ੇਬ !) ਤੂੰ ਉਸ ਮੂਰਖ ਵਲ ਵੇਖ ਕਿ ਉਹ ਕਿਹੋ ਜਿਹਾ ਦੁਖਦਾਈ ਕੰਮ ਕਰਨ ਦਾ ਯਤਨ ਕਰ ਰਿਹਾ ਹੈ ਕਿ ਬਿਨਾਂ ਪਾਣੀ ਤੋਂ ਹੀ ਆਪਣਾ ਸਿਰ ਮੁੰਨਵਾ ਰਿਹਾ ਹੈ। ਭਾਵ ਬਿਨਾਂ ਕਿਸੇ ਪ੍ਰਾਪਤੀ ਦੇ ਹੀ ਵਾਧੂ ਟੱਕਰਾਂ ਮਾਰ ਰਿਹਾ ਹੈ।।੪੨।।

ਇਸ ਕਹਾਣੀ ਤੋਂ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਫਿਰੰਗ ਦੇਸ਼ ਦਾ ਬਾਦਸ਼ਾਹ ਆਪਣੀ ਮੂਰਖਤਾ ਕਰਕੇ ਕਾਮ ਅਧੀਨ ਹੋਇਆ ਦੁਖ ਪਾਉਂਦਾ ਰਿਹਾ, ਪਰ ਉਹ ਅਸਲੀਅਤ ਨੂੰ ਨਾ ਜਾਣ ਸਕਿਆ। ਆਪਣੇ ਮਨ ਦੀ ਕਮਜ਼ੋਰੀ ਕਰ ਕੇ ਉਹ ਕੋਈ ਸਖਤ ਕਦਮ ਵੀ ਨਾ ਚੁੱਕ ਸਕਿਆ, ਕਿਉਂਕਿ ਉਸ ਦੇ ਆਪਣੇ ਮਨ ਵਿਚ ਪਾਪ ਸੀ। ਉਸ ਦੀ ਰਾਣੀ ਉਸ ਦੇ ਸਾਹਮਣੇ ਯਾਰ ਨਾਲ ਰੰਗ ਰਲੀਆਂ ਮਾਣਦੀ ਰਹੀ। ਐ ਔਰੰਗਜ਼ੇਬ ! ਤੂੰ ਵੀ ਉਸ ਬਾਦਸ਼ਾਹ ਵਾਂਗੂੰ ਮੂਰਖਤਾ ਵਸ ਹੋ ਕੇ ਬੁਰੇ ਕਰਮ ਕਰ ਰਿਹਾ ਹੈਂ। ਤੂੰ ਰਾਜ-ਮਦ ਵਿਚ ਗਲਤਾਨ ਹੋਇਆ ਭਲੇ ਬੁਰੇ ਨੂੰ ਨਹੀਂ ਪਛਾਣ ਰਿਹਾ। ਤੂੰ ਭਲੇ ਪੁਰਸ਼ਾਂ, ਸੰਤਾਂ ਫਕੀਰਾਂ ਨੂੰ ਤਅੱਸਬ ਵੱਸ ਹੋਕੇ ਦੁਖ ਦੇ ਰਿਹਾ ਹੈਂ। ਯਾਦ ਰਖ, ਇਹਨਾਂ ਬੁਰੇ ਕਰਮਾਂ ਦਾ ਫਲ ਤੈਨੂੰ ਅੱਲਾ ਦੀ ਦਰਗਾਹ ਵਿਚ ਜਾ ਕੇ ਭੋਗਣਾ ਪਵੇਗਾ ਹੁਣ ਵੀ ਸਮਾਂ ਹੈ ਜੁ ਤੂੰ ਸੰਭਲ ਜਾਹ। ਔਰੰਗਜ਼ੇਬ ਨੂੰ ਸਿਖਿਆ ਦੇਣ ਤੋਂ ਬਾਅਦ ਸਤਿਗੁਰੂ ਜੀ ਆਪਣੇ ਗੁਰਦੇਵ ਅਗੇ ਇਸ ਤਰ੍ਹਾਂ ਦੀ ਅਰਦਾਸ ਕਰਦੇ ਹਨ:-

**ਬਿਦਿਹ ਸਾਕੀਯਾ ਜਾਮ ਸਬਜ਼ੇ ਮਰਾ।।**
**ਕਿ ਸਰਬਸਤਹ ਮਨ ਗੰਜ ਬਖ਼ਸ਼ਮ ਤੁਰਾ।।੪੩।।**

ਬਿਦਿਹ = ਦਿਓ। ਸਾਕੀਯਾ = ਸਾਕੀ ਭਾਵ ਸਤਿਗੁਰੂ। ਜਾਮ = ਪਿਆਲਾ। ਸਬਜ਼ੇ = ਹਰਾ। ਸਰਬਸਤਹ = ਭਰਿਆ ਹੋਇਆ। ਗੰਜ = ਖਜ਼ਾਨਾ।

ਹੇ ਸਤਿਗੁਰੂ ਜੀ! ਮੈਨੂੰ ਹਰੀ ਨਾਮ ਰੂਪੀ ਹਰੇ ਰੰਗ ਦਾ ਪਿਆਲਾ ਬਖਸ਼ੋ, ਤਾਂਕਿ ਮੈਂ ਆਪ ਅਗੇ ਆਪਣੀ ਸ਼ਰਧਾ ਦਾ ਖਜ਼ਾਨਾ ਭੇਟ ਕਰਾਂ।।੪੩।।

**ਬਿਦਿਹ ਸਾਕੀਯਾ ਸਾਗਰੇ ਸਬਜ਼ ਫ਼ਾਮ।।**
**ਕਿ ਖਸਮ ਅਫ਼ਕਨੋ ਵਕਤਹ ਸਤਸ਼ ਬ ਕਾਮ।।੪੪।।੯।।**

ਸਾਗਰੇ = ਪਿਆਲਾ। ਸਬਜ਼ ਫ਼ਾਮ = ਹਰਾ ਰੰਗ। ਖ਼ਸਮ = ਦੁਸ਼ਮਨ। ਅਫ਼ਕਨੋ = ਢਾਹੁਣ। ਵਕਤਹ = ਸਮਾਂ। ਸਤਸ਼ = ਹੈ। ਬ ਕਾਮ = ਕੰਮ ਦਾ।

ਹੇ ਸਤਿਗੁਰੂ ਜੀ! ਮੈਨੂੰ ਹਰੀ ਨਾਮ ਰੂਪੀ ਹਰੇ ਰੰਗ ਦਾ ਪਿਆਲਾ ਬਖਸ਼ੋ। ਜੋ ਕਾਮ ਆਦਿ ਵੈਰੀਆਂ ਨੂੰ ਦਬਾਉਣ ਸਮੇਂ ਮੇਰੇ ਕੰਮ ਆਉਂਦਾ ਹੈ।।੪੪।।੯।।

**ਹਿਕਾਯਤ ਨੌਵੀਂ ਸਮਾਪਤ।।**

✡ ✡ ✡ ✡ ✡ ✡

# ਹਿਕਾਯਤ ਦਸਵੀਂ

## ੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

**ਗਫ਼ੂਰੋ ਗੁਨਹ ਸਖਸ਼ ਗਾਫ਼ਲ ਕੁਸ਼ ਅਸਤ।।**
**ਜਹਾਂ ਰਾ ਤੁਈਂ ਬਸਤੁ ਈਂ ਬੰਦੁਬਸਤ।।੧।।**

ਗਫ਼ੂਰੋ = ਦਿਆਲੂ। ਗੁਨਹ = ਔਗੁਣ। ਗਾਫ਼ਲ = ਰੱਬ ਤੋਂ ਭੁਲੇ। ਕੁਸ਼ ਅਸਤ = ਮਾਰਨ ਵਾਲਾ ਹੈ। ਰਾ = ਦਾ। ਤੁਈਂ = ਤੂੰ ਹੀ। ਬਸਤੁ = ਬੰਨਿਆਂ।

ਦਿਆਲੂ ਪਰਮਾਤਮਾ ਔਗੁਣਾਂ ਨੂੰ ਬਖਸ਼ਣ ਵਾਲਾ ਹੈ ਤੇ ਗਾਫ਼ਲ ਬੰਦਿਆਂ ਨੂੰ ਮਾਰਨ ਵਾਲਾ ਹੈ। ਹੇ ਪ੍ਰਭੂ! ਸਾਰੇ ਸੰਸਾਰ ਦਾ ਪ੍ਰਬੰਧ ਤੂੰ ਆਪ ਹੀ ਕਰਦਾ ਹੈਂ।।੧।।

**ਨ ਪਿਸਰੋ ਨ ਮਾਦਰ ਬਿਰਾਦਰ ਪਿਦਰ।।**

**************************************************************

### ਨ ਦਾਮਾਦੁ ਦੁਸ਼ਮਨ ਨ ਯਾਰੇ ਦਿਗਰ।।੨।।

ਪਿਸਰੋ = ਪੁੱਤਰ। ਮਾਦਰ = ਮਾਤਾ। ਬਿਰਾਦਰ = ਭਰਾ। ਪਿਦਰ = ਪਿਤਾ। ਦਾਮਾਦ = ਜਵਾਈ। ਦਿਗਰ = ਦੂਜਾ।

ਉਸ ਪਰਮਾਤਮਾ ਦਾ ਨਾ ਕੋਈ ਪੁੱਤਰ ਹੈ, ਨਾ ਮਾਤਾ ਹੈ, ਨਾ ਭਰਾ ਹੈ ਨਾ ਹੀ ਕੋਈ ਪਿਤਾ ਹੈ। ਉਸ ਦਾ ਨਾ ਕੋਈ ਜਵਾਈ ਹੈ, ਨਾ ਦੁਸ਼ਮਣ ਹੈ ਤੇ ਨਾ ਹੀ ਕੋਈ ਯਾਰ ਹੈ। ਉਸ ਵਰਗਾ ਹੋਰ ਦੂਸਰਾ ਕੋਈ ਨਹੀਂ।।੨।।

### ਸ਼ੁਨੀਦਮ ਸੁਖਨ ਸ਼ਾਹਿ ਮਾਯੰਦਰਾਂ।।
### ਕਿ ਰੌਸ਼ਨ ਦਿਲੋ ਨਾਮ ਰੌਸ਼ਨ ਜਮਾਂ।।੩।।

ਸ਼ੁਨੀਦਮ = ਮੈਂ ਸੁਣੀ ਹੈ। ਸੁਖਨ = ਵਾਰਤਾ, ਕਹਾਣੀ। ਮਾਯੰਦਰਾਂ = ਇਕ ਦੇਸ਼ ਦਾ ਨਾਂ ਹੈ। ਰੌਸ਼ਨ ਦਿਲੋਂ = ਰੌਸ਼ਨ ਮਨ ਵਾਲਾ।

(ਐ ਔਰੰਗਜ਼ੇਬ!) ਅਸਾਂ ਮਾਯੰਦਰਾਂ ਦੇਸ਼ ਦੇ ਬਾਦਸ਼ਾਹ ਦੀ ਕਹਾਣੀ ਸੁਣੀ ਹੈ, ਜਿਸ ਦਾ ਮਨ ਬੜੇ ਪ੍ਰਕਾਸ਼ ਵਾਲਾ ਸੀ। ਦੁਨੀਆਂ ਵਿਚ ਉਸ ਦਾ ਨਾਂ ਬਹੁਤ ਰੌਸ਼ਨ ਹੋਇਆ ਸੀ।।੩।।

### ਕਿ ਨਾਮਸ਼ ਵਜ਼ੀਰਸਤ ਸਾਹਿਬ ਸ਼ਊਰ।।
### ਕਿ ਸਾਹਿਬ ਦਿਮਾਗ਼ ਅਸਤ ਜ਼ਾਹਰ ਜ਼ਹੂਰ।।੪।।

ਨਾਮਸ਼ = ਨਾਂ ਉਸ ਦਾ। ਸ਼ਊਰ = ਬੁੱਧੀਵਾਨ। ਸਾਹਿਬ ਦਿਮਾਗ਼ = ਚੰਗੀ ਬੁੱਧੀ ਵਾਲਾ। ਜ਼ਾਹਿਰ = ਪ੍ਰਗਟ। ਜ਼ਹੂਰ = ਪ੍ਰਤਾਪ।

ਉਸ ਦੇ ਬੁੱਧੀਵਾਨ ਵਜ਼ੀਰ ਦਾ ਨਾਂ 'ਨਾਮਸ਼' ਸੀ, ਜੋ ਚੰਗੇ ਦਿਮਾਗ ਵਾਲਾ ਤੇ ਪ੍ਰਗਟ ਪ੍ਰਤਾਪ ਵਾਲਾ ਸੀ।।੪।।

### ਕਿ ਪਿਸਰੇ ਅਜ਼ਾਂ ਬੂਦ ਰੌਸ਼ਨ ਜ਼ਮੀਰ।।
### ਕਿ ਹੁਸਨਲ ਜਮਾਲ ਅਸਤ ਸਾਹਿਬ ਅਮੀਰ।।੫।।

ਅਜ਼ਾਂ = ਉਸਦਾ। ਬੂਦ = ਸੀ। ਰੌਸ਼ਨ ਜ਼ਮੀਨ = ਨਾਂ ਹੈ।.

ਉਸ ਬਾਦਸ਼ਾਹ ਦਾ ਪੁੱਤਰ 'ਦਾ ਨਾਂ ਰੌਸ਼ਨ ਜ਼ਮੀਰ' ਸੀ ਉਹ ਬੜਾ ਸੁੰਦਰ, ਪ੍ਰਕਾਸ਼ ਮਈ ਤੇ ਸਰਦਾਰਾਂ ਦਾ ਸਰਦਾਰ ਸੀ।।੫।।

### ਕਿ ਰੌਸ਼ਨ ਦਿਲੇ ਸ਼ਾਹਿ ਓ ਨਾਮ ਬੂਦ।।
### ਅਦੂਰਾ ਜ਼ਿ ਮਰਦੀ ਬਰ ਆਵੁਰਦ ਦੂਦ।।੬।।

ਬੂਦ = ਸੀ।ਅਦੂਰਾ = ਵੈਰੀਆਂ।ਮਰਦੀ = ਬਹਾਦਰੀ।ਬਰ ਆਵੁਰਦ = ਕਢਿਆ।ਦੂਦ = ਧੂੰਆਂ।

Namdhari Elibrary NamdhariElibrary@gmail.com

ਉਸ ਬਾਦਸ਼ਾਹ ਦਾ ਨਾਂ ਰੌਸ਼ਨ ਦਿਲ ਸੀ। ਉਸ ਨੇ ਆਪਣੀ ਬਹਾਦਰੀ ਨਾਲ ਵੈਰੀਆਂ ਦਾ ਧੂੰਆਂ ਕੱਢ ਦਿੱਤਾ ਸੀ। (ਭਾਵ ਆਪਣੇ ਦੁਸ਼ਮਨਾਂ ਨੂੰ ਫਨਾਹ ਕਰ ਦਿੱਤਾ ਸੀ)॥੬॥

**ਵਜ਼ੀਰੇ ਯਕੇ ਬੂਦ ਓ ਹੋਸ਼ ਮੰਦ॥**
**ਰਈਯਤ ਨਿਵਾਜ਼ ਅਸਤੁ ਦੁਸ਼ਮਨ ਗਜ਼ੰਦ॥੭॥**

ਹੋਸ਼ ਮੰਦ = ਬੁੱਧੀਵਾਨ। ਰਈਯਤ ਨਿਵਾਜ਼ = ਪਰਜਾ ਪਾਲਕ। ਦੁਸ਼ਮਨ ਗਜ਼ੰਦ = ਵੈਰੀ ਨਾਸਕ।

ਉਸ ਦਾ ਇਕ ਵਜ਼ੀਰ ਬੜਾ ਅਕਲਮੰਦ ਸੀ. ਜੋ ਪਰਜਾ ਦੀ ਪਾਲਣਾ ਕਰਨ ਵਾਲਾ ਅਤੇ ਵੈਰੀਆਂ ਦਾ ਨਾਸ ਕਰਨ ਵਾਲਾ ਸੀ॥੭॥

**ਵਜ਼ਾਂ ਦੁਖਤਰੇ ਹਸਤ ਰੌਸ਼ਨ ਚਰਾਗ਼॥**
**ਕਿ ਨਾਮੇ ਅਜ਼ਾਂ ਬੂਦ ਰੌਸ਼ਨ ਦਿਮਾਗ਼॥੮॥**

ਦੁਖਤਰੇ = ਲੜਕੀ। ਰੌਸ਼ਨ ਚਰਾਗ਼ = ਪ੍ਰਕਾਸ਼ਵਾਨ ਦੀਵਾ। ਰੌਸ਼ਨ ਦਿਮਾਗ = ਨਾਂ ਹੈ।

ਉਸ ਵਜ਼ੀਰ ਦੀ ਇਕ ਲੜਕੀ ਦੀਵੇ ਦੀ ਰੌਸ਼ਨੀ ਵਰਗੀ ਪ੍ਰਕਾਸ਼ ਵਾਲੀ ਸੀ। ਉਸ ਦਾ ਨਾਂ 'ਰੌਸ਼ਨ ਦਿਮਾਗ' ਸੀ॥੮॥

**ਬ ਮਕਤਬ ਸਪੁਰਦੰਦ ਹਰ ਦੋ ਤਿਫ਼ਲ॥**
**ਕਿ ਤਿਫਲਸ਼ ਬਸ਼ੇ ਰੋਜ਼ ਗ਼ਸ਼ਤੰਦ ਖਿਜ਼ਲ॥੯॥**

ਮਕਤਬ = ਸਕੂਲ। ਸਪੁਰਦੰਦ = ਸੌਂਪ ਦਿਤੇ। ਹਰ ਦੋ = ਦੋਵੇਂ। ਤਿਫ਼ਲ = ਬਾਲ। ਬਸ਼ੇ ਰੋਜ਼ = ਬਹੁਤ ਦਿਨ। ਗਸ਼ਤੰਦ = ਫਿਰਦੇ। ਖਿਜ਼ਲ = ਅਵਾਰਾ।

ਉਹ ਦੋਵੇਂ ਬਾਲ ਸਕੂਲ ਵਿਚ ਪੜ੍ਹਨ ਲਈ ਬਿਠਾ ਦਿੱਤੇ ਕਿਉਂਕਿ ਉਹ ਬਾਲ ਬਹੁਤ ਸਮਾਂ ਵਿਹਲੇ ਅਵਾਰਾਗਰਦੀ ਕਰਦੇ ਰਹੇ ਸਨ॥੯॥

**ਨਿਸ਼ਸਤੰਦ ਦਾਨਾਇ ਮਉਲਾਇ ਰੂਮ॥**
**ਕਿ ਦਿਰਮਸ਼ ਬ ਬਖਸ਼ੀਦ ਆਂ ਮਰਜ਼ ਬੂਮ॥੧੦॥**

ਨਿਸ਼ਸਤੰਦ = ਬੈਠਾ। ਦਾਨਾਇ = ਸਿਆਣਾ। ਮਉਲਾਇ = ਮੁਲਾਣਾ। ਦਿਰਮਸ਼ = ਚਾਂਦੀ ਦਾ ਇਕ ਸਿੱਕਾ। ਮਰਜ਼ = ਧਰਤੀ। ਬੂਮ = ਜਗੀਰ।

ਉਹ ਦੋਵੇਂ ਬਾਲ ਰੂਮ ਦੇਸ਼ ਦੇ ਵਿਦਵਾਨ ਮੌਲਵੀ ਕੋਲ ਪੜ੍ਹਨ ਲਈ ਬੈਠੇ। ਬਾਦਸ਼ਾਹ ਨੇ ਉਸ ਨੂੰ ਧਨ ਦੌਲਤ ਤੇ ਜ਼ਮੀਨ ਦੀ ਜਗੀਰ ਬਖਸ਼ੀ॥੧੦॥

**ਨਿਸ਼ਸਤੰਦ ਦਰ ਆਂ ਜਾਇ ਤਿਫ਼ਲੇ ਬਸੇ॥**

************************************************************

## ਬੁਖਾਂਦੇ ਸੁਖ਼ਨ ਅਜ਼ ਕਿਤਾਬ ਹਰ ਕਸੇ।।੧੧।।

ਦਰ ਆ ਜਾਇ=ਉਸ ਜਗ੍ਹਾ। ਤਿਫ਼ਲੇ=ਬੱਚਾ। ਬਸੇ=ਬਹੁਤ। ਬੁਖਾਂਦੇ=ਪੜ੍ਹਦੇ। ਸੁਖਨ=ਸਬਕ। ਹਰ ਕਸੇ=ਹਰ ਕੋਈ।

ਉਸ ਸਥਾਨ ਹੋਰ ਵੀ ਬਹੁਤ ਸਾਰੇ ਬੱਚੇ ਪੜ੍ਹਨ ਲਈ ਬੈਠੇ ਸਨ। ਹਰ ਬੱਚਾ ਆਪਣੀ ਕਿਤਾਬ ਵਿਚੋਂ ਸਬਕ ਪੜ੍ਹਦਾ ਸੀ।।੧੧।।

## ਬ ਬਗ਼ਲ ਅੰਦਰ ਆਰੰਦ ਹਰ ਯਕ ਕਿਤਾਬ।।
## ਜ਼ਿ ਤਉਰੇਤ ਅੰਜੀਲ ਵਜਹੇ ਅਦਾਬ।।੧੨।।

ਬਗ਼ਲ=ਕੁੱਛ। ਆਰੰਦ=ਲਿਆਉਂਦੇ। ਹਰ ਯਕ=ਹਰ ਇਕ। ਵਜਹੇ=ਰੀਤੀ। ਅਦਾਬ=ਸਤਕਾਰ।

ਹਰ ਇਕ ਵਿਦਿਆਰਥੀ ਕਿਤਾਬਾਂ ਕੱਛ ਵਿਚ ਮਾਰ ਕੇ ਲਿਆਉਂਦਾ ਸੀ ਅਤੇ ਤੌਰੇਤ ਤੇ ਅੰਜੀਲ ਆਦਿਕ ਪੁਸਤਕਾਂ ਵੀ ਉਹ ਅਦਬ ਦੀ ਰੀਤੀ ਨਾਲ ਲਿਆਉਂਦੇ ਸਨ।।੧੨।।

## ਦੁ ਮਕਤਬ ਕੁਨਾਨੀਦ ਹਫ਼ਤ ਅਜ਼ ਜ਼ੁਬਾਂ।।
## ਯਕੇ ਮਰਦ ਬੁਖਾਂਦੰਦ ਦੀਗਰ ਜ਼ਨਾਂ।।੧੩।।

ਦੁ ਮਕਤਬ=ਦੋ ਸਕੂਲ। ਕੁਨਾਨੀਦ=ਬਣਾਏ। ਹਫ਼ਤ=ਸੱਤ। ਅਜ਼=ਵਾਸਤੇ। ਜ਼ੁਬਾਂ=ਬੋਲੀਆਂ। ਬੁਖਾਂਦੰਦ=ਪੜ੍ਹਦੇ।

ਦੋ ਸਕੂਲ ਸੱਤ ਬੋਲੀਆਂ ਪੜ੍ਹਾਉਣ ਵਾਸਤੇ ਬਣਾਏ ਗਏ ਸਨ। ਇਕ ਵਿਚ ਮੁੰਡੇ ਪੜ੍ਹਦੇ ਸਨ ਤੇ ਦੂਸਰੇ ਵਿਚ ਕੁੜੀਆਂ ਪੜ੍ਹਦੀਆਂ ਸਨ।।੧੩।।

## ਕਿ ਤਿਫ਼ਲਾਂ ਬੁਖਾਂਦੰਦ ਮੁਲਾਂ ਖੁਸ਼ਸ਼।।
## ਜ਼ਨਾ ਰਾ ਬੁਖ਼ਾਦੰਦ ਜ਼ਨੇ ਫ਼ਾਜ਼ਲਸ਼।।੧੪।।

ਤਿਫ਼ਲਾਂ=ਲੜਕੀਆਂ। ਮੁਲਾਂ=ਮੌਲਵੀ। ਫ਼ਾਜ਼ਲਸ਼=ਸਿਆਣੀ।

ਲੜਕਿਆਂ ਨੂੰ ਇਕ ਚੰਗਾ ਅਦੀਬ ਮੌਲਵੀ ਪੜ੍ਹਾਉਂਦਾ ਸੀ ਤੇ ਕੁੜੀਆਂ ਨੂੰ ਇਕ ਸਿਆਣੀ ਇਸਤਰੀ ਪੜ੍ਹਾਉਂਦੀ ਸੀ।।੧੪।।

## ਵਜ਼ਾਂ ਦਰਮਿਯਾਂ ਬੂਦ ਦੀਵਾਰ ਜ਼ੀਂ।।
## ਯਕੇ ਆਂ ਤਰਫ ਬੂਦ ਯਕੇ ਤਰਫ ਈਂ।।੧੫।।

ਵਜ਼ਾਂ=ਉਨ੍ਹਾਂ। ਦਰਮਿਯਾ=ਵਿਚਕਾਰ। ਬੂਦ=ਸੀ। ਜ਼ੀ=ਇਸ ਵਾਸਤੇ।

ਉਨ੍ਹਾਂ ਦੋਹਾਂ ਸਕੂਲਾਂ ਦੇ ਵਿਚਕਾਰ ਇਕ ਕੰਧ ਸੀ. ਇਸ ਕਰਕੇ ਇਕ ਪਾਸੇ ਲੜਕੇ ਤੇ ਦੂਜੇ ਪਾਸੇ ਲੜਕੀਆਂ ਪੜ੍ਹਦੀਆਂ ਸਨ।।੧੫।।

**ਸਬਕ ਬੁਰਦ ਹਰਦੋ ਜ਼ਿ ਹਰ ਯਕ ਹੁਨਰ।।**
**ਇਲਮ ਕਸ਼ਮਕਸ਼ ਕਰਦ ਬਾ ਯਕ ਦਿਗਰ।।੧੬।।**

ਸਬਕ = ਸੰਥਿਆ। ਬੁਰਦ = ਲੈਂਦੇ। ਹਰਦੋ = ਦੋਵੇਂ। ਹਰ ਯਕ ਹੁਨਰ = ਹਰ ਇਕ ਗੁਣ। ਇਲਮ = ਵਿਦਿਆ। ਕਸ਼ਮਕਸ਼ = ਖਿੱਚਾ ਖਿੱਚੀ।

ਦੋਵੇਂ ਹਰ ਇਕ ਹੁਨਰ ਸਿਖਣ ਦੀ ਸਿਖਿਆ ਲੈਂਦੇ ਸਨ। ਇਕ ਦੂਜੇ ਕੋਲੋਂ ਅਗੇ ਵੱਧਣ ਲਈ ਉਹ ਵੱਧ ਤੋਂ ਵੱਧ ਯਤਨ ਕਰਦੇ ਸਨ।।੧੬।।

**ਸੁਖ਼ਨ ਹਰ ਯਕੇ ਰਾਂਦ ਹਰ ਯਕ ਕਿਤਾਬ।।**
**ਜ਼ੁਬਾਂ ਫ਼ਰਸ਼ ਅਰਬੀ ਬਿਗੋਯਦ ਜਵਾਬ।।੧੭।।**

ਸੁਖ਼ਨ = ਸਬਕ। ਹਰ ਯਕੇ = ਇਕੱਲਾ ਇਕੱਲਾ। ਰਾਂਦ = ਪੜ੍ਹਦਾ। ਫ਼ਰਸ਼ = ਫਾਰਸੀ।

ਹਰ ਇਕ (ਵਿਦਿਆਰਥੀ) ਹਰ ਇਕ ਕਿਤਾਬ ਦਾ ਸਬਕ ਪੜ੍ਹਦਾ ਸੀ ਤੇ ਸਾਰੇ ਫਾਰਸੀ ਅਰਬੀ ਵਿਚ ਹੀ ਜਵਾਬ ਦਿੰਦੇ ਸਨ।।੧੭।।

**ਇਲਮ ਰਾ ਸੁਖ਼ਨ ਰਾਂਦ ਬਾ ਯਕ ਦਿਗਰ।।**
**ਜ਼ਿ ਕਾਮਿਲ ਜ਼ਿ ਜ਼ਾਯਲ ਜ਼ਿ ਨਾਦਰ ਸਿਯਰ।।੧੮।।**

ਇਲਮ = ਵਿਦਿਆ। ਰਾ = ਦਾ। ਸੁਖ਼ਨ = ਬਚਨ, ਗੱਲ। ਰਾਂਦ = ਚਲਾਉਂਦੇ। ਕਾਮਿਲ = ਪੂਰਨ (ਸਿਆਣੇ)। ਜ਼ਾਯਲ = ਮੂਰਖ। ਨਾਦਰ = ਚਤੁਰ। ਸਿਯਰ = ਚੰਗਾ ਸੁਭਾਅ।

ਵਿਦਵਾਨ, ਮੂਰਖ, ਚਤੁਰ ਅਤੇ ਚੰਗੇ ਸਲੀਕੇ ਵਾਲੇ ਵਿਦਿਆਰਥੀ ਇਕ ਦੂਸਰੇ ਨਾਲ ਪੜ੍ਹਾਈ ਸਬੰਧੀ ਗੱਲਾਂ ਕਰਦੇ ਸਨ।।੧੮।।

**ਕਿ ਸ਼ਮਸ਼ੇਰਿ ਇਲਮੋ ਅਲਮਬਰ ਕਸ਼ੀਦ।।**
**ਬਹਾਰੇ ਜਵਾਨੀ ਬ ਹਰਦੋ ਰਸ਼ੀਦ।।੧੯।।**

ਸ਼ਮਸ਼ੇਰਿ ਇਲਮੋ = ਵਿਦਿਆ ਦੀ ਤਲਵਾਰ। ਅਲਮਬਰ = ਝੰਡਾ। ਕਸ਼ੀਦ = ਚੁਰਿਆ। ਬਹਾਰੇ ਜਵਾਨੀ = ਜਵਾਨ ਉਮਰ। ਰਸੀਦ = ਪਹੁੰਚ ਗਏ।

ਦੋਹਾਂ ਨੇ ਵਿਦਿਆ ਦੀ ਤਲਵਾਰ ਦਾ ਝੰਡਾ ਚੁਕ ਲਿਆ। (ਭਾਵ ਦੋਹਾਂ ਨੇ ਵਿਦਿਆ ਪ੍ਰਾਪਤੀ ਵਲ ਜੁਟ ਪਏ)। ਦੋਹਾਂ ਤੇ ਜਵਾਨੀ ਦੀ ਬਹਾਰ ਆ ਪਹੁੰਚੀ ਅਤੇ ਦੋਵੇਂ ਜਵਾਨ ਹੋ ਗਏ।।੧੯।।

************************************************************

ਬਹਾਰਸ਼ ਦਰਾਮਦ ਗੁਲੇ ਬੋਸਤਾਂ।।
ਬਜੁੰਬਸ਼ ਦਰਾਂਮਦ ਸ਼ਹੇ ਚੀਸਤਾਂ।।੨੦।।

ਬਹਾਰਸ਼ = ਬਸੰਤ ਰੁੱਤ। ਦਰਾਮਦ = ਆਈ। ਗੁਲੇ = ਫੁਲ। ਬੋਸਤਾਂ = ਫੁਲਵਾੜੀ। ਬਜੁੰਬਸ਼ = ਜੋਸ਼। ਸ਼ਹੇ ਚੀਸਤਾਂ = ਚੀਨ ਦੇਸ਼ ਦਾ ਬਾਦਸ਼ਾਹ, ਭਾਵ ਕਾਮਦੇਵ।

ਜਦੋਂ ਉਹ ਬਾਗ ਦੇ ਫੁਲ ਬਹਾਰ ਵਿਚ ਆਏ ਭਾਵ ਪੂਰੀ ਜਵਾਨੀ ਵਿਚ ਆਏ ਤਦ ਚੀਨ ਦਾ ਬਾਦਸ਼ਾਹ (ਕਾਮਦੇਵ) ਵੀ ਜੋਸ਼ ਵਿਚ ਅਇਆ ਭਾਵ ਦੋਹਾਂ ਦੇ ਮਨਾਂ ਵਿਚ ਪਿਆਰ ਤਰੰਗਾਂ ਉੱਠਣ ਲਗੀਆਂ।।੨੦।।

ਬਰਖ਼ਸ਼ ਅੰਦਰ ਆਮਦ ਸ਼ਹਿਨਸ਼ਾਹਿ ਚੀਂ।।
ਬ ਖ਼ੂਬੀ ਦਰਾਂਮਦ ਤਨੇ ਨਾਜ਼ਨੀਂ।।੨੧।।

ਬਰਖਸ਼ = ਚਮਕ। ਸ਼ਹਿਨਸ਼ਾਹਿ ਚੀਂ = ਚੀਨ ਦਾ ਬਾਦਸ਼ਾਹ (ਕਾਮਦੇਵ)। ਬਖੂਬੀ = ਸੁੰਦਰਤਾ। ਨਾਜ਼ਨੀਂ = ਇਸਤਰੀ।

(ਲੜਕੇ ਅੰਦਰ) ਕਾਮਦੇਵ ਨੇ ਆਪਣਾ ਪ੍ਰਕਾਸ਼ ਕੀਤਾ ਤੇ ਲੜਕੀ ਦੇ ਸਰੀਰ ਵਿਚ ਵੀ ਸੁੰਦਰਤਾ ਪ੍ਰਗਟ ਹੋਈ।।੨੧।।

ਬ ਖ਼ੂਬੀ ਦਰ ਆਮਦ ਗੁਲੇ ਬੋਸਤਾਂ।।
ਬ ਐਸ਼ ਅੰਦ ਆਮਦ ਦਿਲੇ ਦੋਸਤਾਂ।।੨੨।।

ਬ ਖ਼ੂਬੀ = ਸੁੰਦਰਤਾ। ਬ ਐਸ਼ = ਖ਼ੁਸ਼ੀ।

ਬਾਗ ਦਾ ਫੁਲ (ਲੜਕਾ) ਸੁੰਦਰਤਾ ਵਿਚ ਆਇਆ ਤੇ ਆਪਣੇ ਯਾਰਾਂ ਨਾਲ ਮਿਲਕੇ ਉਹ ਖੁਸ਼ੀਆਂ ਮੰਨਾਉਣ ਲੱਗਾ।।੨੨।।

ਜ਼ਿ ਦੇਵਾਰ ਜੋ ਅੰਦਰੂੰ ਮੂਸ ਹਸਤ।।
ਜ਼ਿ ਦੇਵਾਰ ਓ ਹਮਚੂੰ ਸੂਰਾਖ਼ ਗਸ਼ਤ।।੨੩।।

ਦੇਵਾਰ = ਕੰਧ। ਮੂਸ = ਚੂਹਾ। ਹਸਤ = ਹੈ ਸੀ। ਸੂਰਾਖ ਗਸ਼ਤ = ਛੇਕ ਹੋ ਗਿਆ।

ਉਸ ਸਕੂਲ ਦੀ ਕੰਧ ਵਿਚ ਇਕ ਚੂਹਾ ਰਹਿੰਦਾ ਸੀ, ਜਿਸ ਕਰਕੇ ਉਸ ਕੰਧ ਵਿਚ ਛੇਕ ਹੋ ਗਿਆ ਸੀ।।੨੩।।

ਬ ਦੀਦਨ ਅਜ਼ਾਂ ਅੰਦਰੂੰ ਹਰ ਦੁ ਤਨ।।
ਚਰਾਗ਼ੇ ਜਹਾਂ ਆਫ਼ਤਾਬੇ ਯਮਨ।।੨੪।।

ਬ ਦੀਦਨ = ਵੇਖਦੇ ਸਨ। ਅਜ਼ਾਂ ਅੰਦਰੂੰ = ਉਸ ਵਿਚੋਂ। ਦੂ = ਦੋਵੇਂ।

ਸੰਸਾਰ ਦੇ ਪ੍ਰਕਾਸ਼, ਚੰਦ੍ਰਮਾਂ ਵਰਗੀ ਲੜਕੀ ਤੇ ਯਮਨ ਦੇਸ਼ ਦੇ ਸੂਰਜ ਵਰਗਾ ਲੜਕਾ ਉਸ ਛੇਕ ਵਿਚੋਂ ਇਕ ਦੂਜੇ ਨੂੰ ਵੇਖਦੇ ਰਹਿੰਦੇ ਸਨ।।੨੪।।

**ਚੁਨਾ ਇਸ਼ਕ ਆਵੇਖਤ ਹਰ ਦੋ ਨਿਹਾਂ।।**
**ਕਿ ਇਲਮਸ਼ ਰਵਦ ਦਸਤ ਹੋਸ਼ ਅਜ਼ ਜਹਾਂ।।੨੫।।**

ਚੁਨਾ = ਇਸ ਤਰ੍ਹਾਂ। ਆਵੇਖਤ = ਲੱਗ ਗਿਆ। ਨਿਹਾਂ = ਗੁੱਝਾ। ਰਵਦ = ਚਲਾ ਗਿਆ। ਹੋਸ਼ ਅਜ਼ ਜ਼ਹਾਂ = ਸੰਸਾਰ ਦੀ ਹੋਸ਼।

ਉਨ੍ਹਾਂ ਦੋਹਾਂ ਨੂੰ ਇਸ ਤਰ੍ਹਾਂ ਗੁਪਤ ਰੂਪ ਵਿਚ ਪ੍ਰੇਮ ਹੋ ਗਿਆ ਕਿ ਉਨ੍ਹਾਂ ਨੂੰ ਵਿਦਿਆ ਪੜ੍ਹਨੀ ਭੁੱਲ ਗਈ ਤੇ ਦੁਨੀਆਂ ਦੀ ਸੁਰਤ ਜਾਂਦੀ ਰਹੀ।।੨੫।।

**ਚੁਨਾ ਹਰ ਦੋ ਆਵੇਖਤ ਬਾਹਮ ਗ਼ਰੀਬ।।**
**ਕਿ ਦਸਤ ਅਜ਼ ਇਨਾਂ ਰਫ਼ਤ ਪਾਂ ਅਜ਼ ਰਕੇਬ।।੨੬।।**

ਚੁਨਾ = ਅਜਿਹੇ।ਆਵੇਖਤ = ਫਸ ਗਏ।ਬਾਹਮ = ਆਪੋ ਵਿਚ।ਰਗ਼ੀਬ = ਪ੍ਰੇਮ।ਇਨਾਂ = ਵਾਗਾਂ। ਰਫਤ = ਨਿਕਲ ਗਈਆਂ। ਪਾਂ = ਪੈਰ। ਰਕੇਬ = ਰਕਾਬ।

ਉਹ ਦੋਵੇਂ ਆਪੋ ਵਿਚ ਅਜਿਹੇ ਪ੍ਰੇਮ ਵਿਚ ਫਸ ਗਏ ਕਿ ਉਹਨਾਂ ਦੇ ਹੱਥਾਂ ਵਿਚੋਂ ਵਾਗਾਂ ਵੀ ਨਿਕਲ ਗਈਆਂ ਤੇ ਰਕਾਬਾਂ ਵਿਚੋਂ ਪੈਰ ਵੀ ਨਿਕਲ ਗਏ।।੨੬।।

ਭਾਵ-ਉਹ ਦੋਵੇਂ ਪਿਆਰ ਵਿਚ ਇੰਨੇ ਲੀਨ ਹੋ ਗਏ ਕਿ ਉਹਨਾਂ ਨੂੰ ਖਾਣ, ਪੀਣ ਤੇ ਵਿਦਿਆ ਪੜ੍ਹਨ ਦੀ ਕੋਈ ਸੁੱਧ ਬੁੱਧ ਨਾ ਰਹੀ। ਉਨ੍ਹਾਂ ਦੇ ਮਨ ਵਸ ਤੋਂ ਬਾਹਰ ਹੋ ਗਏ।

**ਬ ਪੁਰਸ਼ੀਦ ਹਰ ਦੋ ਕਿ ਏ ਨੇਕ ਖੋਇ।।**
**ਕਿ ਏ ਆਫ਼ਤਾਬੇ ਜਹਾਂ ਮਾਹ ਰੋਇ।।੨੭।।**

ਬਪੁਰਸ਼ੀਦ = ਪੁਛਿਆ। ਹਰ ਦੋ = ਦੋਹਾਂ। ਨੇਕ ਖੋਇ = ਚੰਗਾ।

ਉਹਨਾਂ ਦੇ ਸਾਥੀਆਂ ਨੇ ਉਹਨਾਂ ਦੀ ਇਹ ਦਸ਼ਾ ਵੇਖ ਕੇ ਪੁਛਿਆ ਕਿ ਐ ਚੰਗੇ ਸੁਭਾਅ ਵਾਲਿਓ ਅਤੇ ਸੂਰਜ ਚੰਦ ਵਰਗੇ ਸੁੰਦਰ ਸਰੂਪ ਵਾਲਿਓ! ਤੁਹਾਨੂੰ ਦੋਹਾਂ ਨੂੰ ਕੀ ਹੋ ਗਿਆ ਹੈ?।।੨੭।।

ਆਪਣੇ ਸਾਥੀਆਂ ਦਾ ਇਹ ਸਵਾਲ ਸੁਣ ਕੇ ਉਹਨਾਂ ਨੇ ਕੋਈ ਉੱਤਰ ਨਾ ਦਿੱਤਾ, ਤਦ ਉਹਨਾਂ ਨੇ ਆਪਣੇ ਮੌਲਵੀਆਂ ਨੂੰ ਉਹਨਾਂ ਦੀ ਦਸ਼ਾ ਬਾਰੇ ਦਸਿਆ ਕਿ-

**ਕਿ ਈਂ ਹਾਲ ਗੁਜ਼ਰਦ ਬ ਆਂ ਹਰ ਦੋ ਤਨ।।**
**ਬਿ ਪੁਰਸ਼ੀਦ ਅਖ਼ਵੰਦ ਵ ਅਖਵੰਦ ਜ਼ਨ।।੨੮।।**

ਗੁਜ਼ਰਦ = ਗੁਜ਼ਰਦਾ ਹੈ। ਅਖ਼ਵੰਦ = ਪੜ੍ਹਾਉਣ ਵਾਲਾ (ਮੌਲਵੀ)। ਅਖਵੰਦ ਜ਼ਨ = ਪੜ੍ਹਾਉਣ ਵਾਲੀ ਇਸਤਰੀ।

ਉਨ੍ਹਾਂ ਦੋਹਾਂ ਬੱਚਿਆਂ ਦਾ ਇਸ ਤਰ੍ਹਾਂ ਦਾ ਹਾਲ ਵੇਖ ਕੇ ਮੁੰਡਿਆ ਦੇ ਉਸਤਾਦ ਅਤੇ ਕੁੜੀਆਂ ਦੀ ਉਸਤਾਨੀ ਨੇ ਦੋਹਾਂ ਨੂੰ ਬੁਲਾ ਕੇ ਪੁਛਿਆ॥੨੮॥

**ਚਰਾ਼ਗੇ ਫ਼ਲਕ ਆਫਤਾਬੇ ਜਹਾਂ॥**
**ਚਰਾ ਲਾਗਰੀ ਗਸ਼ਤ ਵਜ਼ਹੇ ਨੁਮਾਂ॥੨੯॥**

ਚਰਾਗੇ ਫ਼ਲਕ = ਚੰਦਰਮਾਂ। ਆਫ਼ਤਾਬੇ = ਸੂਰਜ। ਚਰਾ = ਕਿਉਂ। ਲਾਗਰੀ = ਕਮਜ਼ੋਰ। ਵਜ਼ਹੇ = ਕਾਰਨ।

ਐ ਚੰਦ੍ਰਮੁਖੀ ਤੇ ਸੰਸਾਰ ਦੇ ਸੂਰਜ! ਤੁਸੀਂ ਇਹ ਦੱਸੋ ਕਿ ਤੁਸੀਂ ਕਮਜ਼ੋਰ ਕਿਉਂ ਹੁੰਦੇ ਜਾਂ ਰਹੇ ਹੋ, ਇਸ ਦਾ ਕੀ ਕਾਰਨ ਹੈ?॥੨੯॥

**ਚਿ ਆਜ਼ਾਰ ਗਸ਼ਤਹ ਬੁਗੋ ਜਾਨ ਮਾ॥**
**ਕਿ ਲਾਗਰ ਚਰਾ ਗਸ਼ਤੀ ਏ ਜਾਨ ਮਾ॥੩੦॥**

ਚਿ = ਕੀ। ਆਜ਼ਾਰ = ਦੁਖ। ਗਸ਼ਤਹ = ਹੋਇਆ। ਬੁਗੋ = ਕਹੋ। ਜਾਨ ਮਾ = ਮੇਰੀ ਜਾਨ। ਲਾਗਰ = ਮਾੜੇ।

ਐ ਮੇਰੀ ਜਾਨ! ਮੈਨੂੰ ਦਸੋ ਕਿ ਤੁਹਾਨੂੰ ਕੀ ਦੁਖ ਹੈ, ਤੇ ਤੁਸੀਂ ਮਾੜੇ ਕਿਉਂ ਹੁੰਦੇ ਜਾਂਦੇ ਹੋ?॥੩੦॥

**ਅਜ਼ਾਰਸ਼ ਬੁਗੋ ਤਾ ਇਲਾਜੇ ਕੁਨਮ॥**
**ਕਿ ਮਰਜ਼ੇ ਸ਼ੁਮਾਰਾ ਖਿਰਾਜ਼ੇ ਕੁਨਮ॥੩੧॥**

ਅਜ਼ਾਰਸ਼ = ਦੁਖ। ਇਲਾਜੇ ਕੁਨਮ = ਇਲਾਜ ਕਰਾਂ। ਸ਼ੁਮਾਰਾ = ਤੁਹਾਡੀ।

ਤੁਸੀਂ ਆਪਣਾ ਦੁਖ ਦਸੋ, ਤਾਂਕਿ ਮੈਂ ਕੋਈ ਇਲਾਜ ਕਰਾਂ। ਤੁਹਾਨੂੰ ਜੋ ਦਰਦ ਹੈ ਮੈਂ ਉਸ ਦੀ ਦਵਾ ਕਰਾਂ॥੩੧॥

**ਸ਼ੁਨੀਦ ਈਂ ਸੁਖਨ ਰਾ ਨ ਦਾਦਸ਼ ਜਵਾਬ॥**
**ਫਰੋ ਬੁਰਦ ਹਰਦੋ ਤਨੋ ਇਸ਼ਕ ਤਾਬ॥੩੨॥**

ਸ਼ੁਨੀਦ = ਸੁਣ ਕੇ। ਈਂ ਸੁਖਨ = ਇਹ ਗੱਲ। ਨ ਦਾਦਸ਼ ਜਵਾਬ = ਕੋਈ ਜ਼ਵਾਬ ਨਾ ਦਿੱਤਾ। ਫਰੋ ਬੁਰਦ = ਨੀਵੀਂ ਪਾ ਲਈ। ਇਸ਼ਕ = ਪ੍ਰੇਮ। ਤਾਬ = ਭਾਲ।

ਇਹ ਗੱਲ ਸੁਣ ਕੇ ਉਹਨਾਂ ਨੇ ਕੋਈ ਜ਼ਵਾਬ ਨਾ ਦਿੱਤਾ, ਪਰ ਪ੍ਰੇਮ ਦੀ ਮਸਤੀ ਵਿਚ ਧੌਣਾ ਨੀਵੀਆਂ ਕਰ ਲਈਆਂ॥੩੨॥

Namdhari Elibrary NamdhariElibrary@gmail.com

ਚੁ ਗੁਜ਼ਰੀਦ ਬਰ ਵੈ ਦੁ ਸਿ ਚਾਰ ਰੋਜ਼॥
ਬਰਾਮਦ ਦੁ ਤਨ ਹਰ ਦੋ ਗੇਤੀ ਫਿਰੋਜ਼॥੩੩॥

ਗੁਜ਼ਰੀਦ = ਬੀਤ ਗਏ। ਦੁ ਸਿ ਚਾਰ ਰੋਜ਼ = ਦੋ ਤਿੰਨ ਚਾਰ ਦਿਨ। ਬਰਾਮਦ = ਆਏ। ਗੇਤੀ = ਲੋਕ। ਫਿਰੋਜ਼ = ਪ੍ਰਗਟ।

ਜਦੋਂ ਦੋ ਤਿੰਨ ਚਾਰ ਦਿਨ ਬੀਤ ਗਏ ਤਦੋਂ ਦੋਹਾਂ ਦੇ ਚਿਹਰੇ ਲੋਕਾਂ ਵਿਚ ਪ੍ਰਗਟ ਹੋ ਗਏ ਭਾਵ ਉਹਨਾਂ ਦੇ ਪ੍ਰੇਮ ਦੀ ਚਰਚਾ ਲੋਕਾਂ ਵਿਚ ਹੋਣ ਲੱਗ ਪਈ॥੩੩॥

ਬਰੋ ਦੂਰ ਗਸ਼ਤੰਦ ਤਿਫ਼ਲੀ ਗੁਬਾਰ॥
ਕਿ ਮੁਹਰਸ਼ ਬਰਆਵੁਰਦ ਚੂੰ ਨਉ ਬਹਾਰ॥੩੪॥

ਤਿਫ਼ਲੀ ਗੁਬਾਰ = ਬਚਪਨ ਦਾ ਅੰਧੇਰਾ। ਮੁਹਰਸ਼ = ਸੂਰਜ। ਬਰਆਵੁਰਦ = ਨਿਕਲ ਆਇਆ।

ਉਹਨਾਂ ਦੋਹਾਂ ਉਪਰੋਂ ਬਚਪਨੇ ਦੀ ਧੁੰਦ ਦੂਰ ਹੋ ਗਈ ਤੇ ਬਸੰਤ ਰੁੱਤ ਦੀ ਬਹਾਰ ਵਾਂਗੂੰ ਜਵਾਨੀ ਦਾ ਸੂਰਜ ਨਿਕਲ ਆਇਆ॥੩੪॥

ਵਜ਼ਾਂ ਫਾਜ਼ਿਲਜ਼ ਬੂਦ ਦੁਖਤਰ ਯਕੇ॥
ਕਿ ਸੂਰਤ ਜਮਾਲ ਅਸਤ ਦਾਨਿਸ਼ ਬਸ਼ੇ॥੩੫॥

ਵਜ਼ਾਂ = ਉਸ। ਫਾਜ਼ਿਲ = ਵਿਦਵਾਨ (ਮੌਲਵੀ)। ਬੂਦ = ਸੀ। ਦੁਖ਼ਤਰ ਯਕੇ = ਇਕ ਬੇਟੀ। ਦਾਨਿਸ਼ = ਸਿਆਣੀ।

ਉਸ ਵਿਦਵਾਨ ਮੌਲਵੀ ਦੀ ਇਕ ਲੜਕੀ ਸੀ, ਜੋ ਬੜੀ ਸੁੰਦਰ ਤੇ ਸਿਆਣੀ ਸੀ॥੩੫॥

ਸ਼ਨਾਸੀਦ ਓ ਰਾ ਜ਼ੀ ਹਾਲਤ ਵਜ਼ਾਂ॥
ਬਗੁਫ਼ਤਸ਼ ਦਰੂੰ ਖਿਲਵਤਸ਼ ਖੁਸ਼ ਜ਼ੁਬਾਂ॥੩੬॥

ਸ਼ਨਾਸੀਦ = ਪਛਾਣ ਲਿਆ। ਓ ਰਾ = ਉਨ੍ਹਾਂ ਨੂੰ। ਬਗੁਫ਼ਤਸ਼ = ਕਿਹਾ। ਖਿਲਵਤਸ਼ = ਨਿਵੇਕਲੀ। ਖੁਸ਼ ਜ਼ੁਬਾਂ = ਮਿੱਠੀ ਜ਼ਬਾਨ।

ਉਸ ਲੜਕੀ ਨੇ ਉਹਨਾਂ ਦੋਹਾਂ ਦੀ ਹਾਲਤ ਵੇਖਕੇ ਪਛਾਣ ਲਿਆ ਕਿ ਇਹ ਦੋਵੇਂ ਆਪੋ ਵਿਚ ਪ੍ਰੇਮ ਕਰਦੇ ਹਨ। ਉਸ ਨੇ ਨਿਵੇਕਲੀ ਜਗ੍ਹਾ ਵਿਚ ਲੜਕੀ ਨੂੰ ਲਿਜਾ ਕੇ ਬੜੀ ਮਿੱਠੀ ਜ਼ਬਾਨ ਨਾਲ ਕਿਹਾ॥੩੬॥

ਕਿ ਏ ਸਰਵ ਕੱਦ ਮਾਹਰੋ ਸੀਮ ਤਨ॥
ਚਰਾਗ਼ੇ ਫ਼ਲਕ ਆਫ਼ਤਾਬੇ ਯਮਨ॥੩੭॥

ਸਵਰ ਕੱਦ = ਸਰੂ ਜਿੱਡਾ ਕੱਦ। ਮਾਹਰੋ = ਚੰਦਰਮਾਂ ਵਰਗਾ ਮੂੰਹ। ਸੀਮ = ਚਾਂਦੀ।

ਐ ਸਰੂ ਵਰਗੇ ਕੱਦ ਵਾਲੀ, ਚੰਦਰ ਮੁਖੀ ਤੇ ਚਾਂਦੀ ਵਰਗੇ ਸੁੰਦਰ ਸਰੀਰ ਵਾਲੀ! ਅਤੇ ਆਕਾਸ਼ ਦੇ ਚੰਦ ਤੇ ਸੂਰਜ ਵਰਗੇ ਪ੍ਰਕਾਸ਼ ਵਾਲੀ!॥੩੭॥

## ਜੁਦਾਈ ਮਰਾ ਅਜ਼ ਤੁਰਾ ਕਤਰਹ ਨੇਸਤ॥
## ਬ ਦੀਦਨ ਦੁ ਕਾਲਿਬ ਬ ਗੁਫ਼ਤਮ ਯਕੇਸਤ॥੩੮॥

ਜੁਦਾਈ = ਭਿੰਨਤਾ। ਮਰਾ = ਮੇਰੇ। ਤੁਰਾ = ਤੇਰੇ। ਕਤਰਹ = ਜ਼ਰਾ ਵੀ। ਨੇਸਤ = ਨਹੀਂ ਹੈ। ਬ ਦੀਦਨ = ਦੇਖਣ। ਦੁ ਕਾਲਿਬ = ਦੋ ਸਰੀਰ। ਬ ਗੁਫ਼ਤਮ = ਕਹਿਣ। ਯਕੇਸਤ = ਇਕ।

ਮੇਰੇ ਤੇ ਤੇਰੇ ਵਿਚ ਕੋਈ ਭਿੰਨਤਾ ਨਹੀਂ ਹੈ। ਦੇਖਣ ਨੂੰ ਸਾਡੇ ਦੋ ਸਰੀਰ ਹਨ, ਪਰ ਕਹਿਣ ਵਿਚ ਅਸੀਂ ਇਕੋ ਹਾਂ, ਭਾਵ ਲੜਕੀਆਂ ਹੋਣ ਕਰਕੇ ਸਾਡੇ ਵਿਚ ਕੋਈ ਫਰਕ ਨਹੀਂ॥੩੮॥

## ਬ ਮਨ ਹਾਲ ਗੋ ਤਾ ਚਿ ਗੁਜ਼ਰਦ ਤੁਰਾ॥
## ਕਿ ਸੋਜ਼ਦ ਹਮਹ ਜਾਨ ਜਿਗਰੇ ਮਰਾ॥੩੯॥

ਮਨ = ਮੈਨੂੰ। ਗੋ = ਕਹਿ। ਗੁਜ਼ਰਦ = ਬੀਤਦਾ। ਸੋਜ਼ਦਾ = ਸੜਦਾ ਹੈ।

ਮੈਨੂੰ ਤੂੰ ਆਪਣਾ ਹਾਲ ਦੱਸ ਕਿ ਤੇਰੇ ਨਾਲ ਕੀ ਗੁਜ਼ਰਦੀ ਹੈ? ਤੇਰੀ ਇਹ ਦਸ਼ਾ ਵੇਖ ਕੇ ਮੇਰੀ ਜਾਨ ਤੇ ਜਿਗਰ ਸੜਦਾ ਹੈ॥੩੯॥

## ਕਿ ਪਿਨਹਾਂ ਸੁਖਨ ਕਰਦ ਯਾਰਾਂ ਖਤਾਸਤ॥
## ਅਗਰ ਰਾਸਤ ਗੋਈ ਤੁ ਬਰ ਮਨ ਰਵਾਸਤ॥੪੦॥

ਪਿਨਹਾਂ = ਛੁਪਾਉਣਾ। ਖਤਾਸਤ = ਗੁਨਾਹ ਹੈ। ਰਾਸਤ ਗੋਈ = ਸੱਚ ਕਹਿਣਾ। ਰਵਾਸਤ = ਠੀਕ ਹੈ।

ਯਾਦ ਰਖੀਂ ਜਿਹੜਾ ਕੋਈ ਆਪਣੇ ਮਿੱਤਰਾਂ ਕੋਲੋ ਗੱਲ ਲੁਕਾਉਂਦਾ ਹੈ, ਉਹ ਗੁਨਾਹ ਕਰਦਾ ਹੈ। ਜੇ ਤੂੰ ਸੱਚ ਦੱਸਿਆ ਤਾਂ ਤੇਰੇ ਤੇ ਮੇਰੇ ਦੋਹਾਂ ਲਈ ਚੰਗਾ ਹੋਵੇਗਾ॥੪੦॥

## ਕਿ ਦੀਗਰ ਬਗੋਯਮ ਮਰਾ ਰਾਸਤ ਗੋ॥
## ਕਿ ਅਜ਼ ਖ਼ੂਨ ਜਿਗਰੇ ਮਰਾ ਤੋ ਬਿਸ਼ੋ॥੪੧॥

ਬਗੋਯਮ = ਨਹੀਂ ਕਹਾਂਗੀ। ਬਿਸ਼ੋ = ਧੋ ਦੇਹ।

ਤੂੰ ਮੈਨੂੰ ਸੱਚੀ ਗੱਲ ਦੱਸ, ਮੈਂ ਕਿਸੇ ਦੂਜੇ ਅਗੇ ਇਹ ਗੱਲ ਨਹੀਂ ਕਹਾਂਗੀ। ਤੂੰ ਮੇਰੇ ਜਿਗਰ ਦੇ ਖ਼ੂਨ ਨੂੰ ਧੋ ਦੇਹ। ਭਾਵ ਤੇਰੀ ਦਸ਼ਾ ਵੇਖ ਕੇ ਜੋ ਮੈਨੂੰ ਦੁਖ ਹੋ ਰਿਹਾ ਹੈ, ਇਹ ਤੂੰ ਦੂਰ ਕਰ ਦੇਹ॥੪੧॥

Namdhari Elibrary NamdhariElibrary@gmail.com

**ਸੁਖਨ ਦੁਜ਼ਦਗੀ ਕਰਦ ਯਾਰਾਂ ਖਤਾਸਤ।।**
**ਅਮੀਰਾਨ ਦੁਜ਼ਦੀ ਵਜ਼ੀਰਾਂ ਖਤਾਸਤ।।੪੨।।**

ਦੁਜ਼ਦਗੀ = ਚੋਰੀ। ਖਤਾਸਤ = ਪਾਪ। ਅਮੀਰਾਨ = ਰਾਜਿਆਂ।

ਮਿੱਤਰਾਂ ਕੋਲੋਂ ਕੋਈ ਗੱਲ ਲੁਕਾਉਣੀ ਪਾਪ ਹੈ। ਰਾਜਿਆਂ ਦਾ ਵਜ਼ੀਰਾਂ ਕੋਲੋਂ ਚੋਰੀ ਗੱਲ ਕਰਨੀ ਵੀ ਭੁੱਲ ਹੈ।।੪੨।।

**ਸੁਖਨ ਗੁਫ਼ਤਨੇ ਰਾਸਤ ਗੁਫ਼ਤਨ ਖੁਸ਼ ਅਸਤ।।**
**ਕਿ ਹੱਕ ਗੁਫ਼ਤਨੋ ਹਮ ਚੁ ਸਾਫੀ ਦਿਲ ਅਸਤ।।੪੩।।**

ਗੁਫਤਨੇ = ਕਹਿਣੀ। ਰਾਸਤ = ਸੱਚ। ਖੁਸ਼ ਅਸਤ = ਚੰਗੀ ਹੈ। ਹੱਕ ਗੁਫਤਨੋ = ਸੱਚ ਬੋਲਣਾ। ਸਾਫੀ = ਸ਼ੁੱਧ।

ਮਿੱਤਰਾਂ ਨੂੰ ਆਪਣੀ ਗੱਲ ਕਹਿਣੀ ਤੇ ਸੱਚੋ ਸੱਚ ਦੱਸਣੀ ਚੰਗੀ ਹੁੰਦੀ ਹੈ, ਕਿਉਂਕਿ ਸੱਚ ਬਚਨ ਬੋਲਣਾ ਸਭ ਨੂੰ ਚੰਗਾ ਲਗਦਾ ਹੈ। ਸੱਚ ਬੋਲਣ ਨਾਲ ਹਿਰਦਾ ਸ਼ੁੱਧ ਹੁੰਦਾ ਹੈ।।੪੩।।

**ਬਸੇ ਬਾਰ ਗੁਫ਼ਤਸ਼ ਜਵਾਬੋ ਨ ਦਾਦ।।**
**ਜਵਾਬੇ ਜ਼ੁਬਾਂ ਸੁਖਨ ਸ਼ੀਰੀਂ ਕੁਸ਼ਾਦ।।੪੪।।**

ਬਸੇ = ਬਹੁਤ। ਬਾਰ = ਵਾਰ। ਜਵਾਬੋ = ਉੱਤਰ। ਨ ਦਾਦ = ਨਾ ਦਿੱਤਾ। ਜ਼ੁਬਾਂ = ਜਬਾਨ। ਸੀਰੀਂ = ਮਿੱਠੀ। ਕੁਸ਼ਾਦ = ਖੁਲ੍ਹੀ।

ਮੁੱਲਾਂ ਦੀ ਲੜਕੀ ਨੇ ਬੜੀ ਵਾਰ ਪੁਛਿਆ, ਪਰ ਉਸ ਲੜਕੀ ਨੇ ਕੋਈ ਜਵਾਬ ਨਾ ਦਿੱਤਾ। ਉਸ ਕੋਲੋਂ ਗੱਲ ਪੁਛਣ ਲਈ ਉਸ ਲੜਕੀ ਨੇ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ।।੪੪।।

**ਯਕੇ ਮਜਲਿਸ ਆਰਾਸਤ ਬਾ ਰੋਦ ਜਾਮ।।**
**ਕਿ ਹਮ ਮਸਤ ਸ਼ੁਦ ਮਜਲਿਸੇ ਓ ਤਮਾਮ।।੪੫।।**

ਯਕੇ = ਇਕ। ਮਜਲਿਸ = ਸਭਾ। ਆਰਾਸਤ = ਬਣਾਈ। ਰੋਦ = ਰਾਗ। ਜਾਮ = ਪਿਆਲਾ। ਮਸਤ ਸ਼ੁਦ = ਮਸਤਾਨੇ ਹੋ ਗਏ। ਮਜਲਿਸੇ = ਸਭਾ। ਤਮਾਮ = ਸਾਰੇ।

ਵਜ਼ੀਰ ਦੀ ਲੜਕੀ ਨੇ ਇਕ ਪਾਰਟੀ ਦਿੱਤੀ, ਜਿਸ ਵਿਚ ਰਾਗ ਰੰਗ ਹੋਇਆ ਤੇ ਸ਼ਰਾਬ ਦਾ ਦੌਰ ਚਲਿਆ ਜਿਸ ਕਰ ਕੇ ਸਭਾ ਵਿਚ ਹਾਜ਼ਰ ਸਭ ਲੋਕ ਮਸਤਾਨੇ ਹੋ ਗਏ।।੪੫।।

**ਬ ਕੈਫਸ਼ ਹਮਹ ਹਮ ਚੁ ਆਵੇਖਤੰਦ।।**
**ਕਿ ਜ਼ਖਮੇ ਜਿਗਰ ਬਾ ਜ਼ੁਬਾਂ ਰੇਖਤੰਦ।।੪੬।।**

**************************************************************

ਕੈਫਸ਼ = ਸ਼ਰਾਬ। ਆਵੇਖਤੰਦ = ਮਸਤ ਹੋ ਗਏ। ਰੇਖ਼ਤੰਦ = ਸੁਟਿਆ।

ਸ਼ਰਾਬ ਦੇ ਨਸ਼ੇ ਨਾਲ ਸਾਰੇ ਮਸਤ ਹੋ ਗਏ, ਉਹਨਾਂ ਨੇ ਆਪਣੇ ਜਿਗਰ ਦੇ ਜ਼ਖਮਾਂ ਨੂੰ ਜ਼ਬਾਨ ਤੋਂ ਬਾਹਰ ਕੱਢ ਦਿੱਤਾ।।੪੬।।

ਭਾਵ-ਸ਼ਰਾਬ ਵਿਚ ਮਸਤ ਹੋਏ ਸਾਰੇ ਆਪੋ ਆਪਣੇ ਦਿਲ ਦੇ ਭੇਦ ਪ੍ਰਗਟ ਕਰਨ ਲੱਗ ਪਏ।

**ਸੁਖਨ ਬਾਜ਼ੁਬਾਂ ਹਮ ਚੁ ਗੋਯਦ ਮੁਦਾਮ।।**
**ਨ ਗੋਯਦ ਬਜੁਜ਼ ਸੁਖਨ ਮਹਬੂਬ ਨਾਮ।।੪੭।।**

ਹਮ ਚੁ = ਅਜਿਹਾ।ਗੋਯਦ = ਕਹਿੰਦੇ।ਮੁਦਾਮ = ਹਮੇਸ਼ਾਂ।ਬਜੁਜ਼ = ਬਿਨਾਂ।ਮਹਬੂਬ = ਪਿਆਰਾ।

ਹੋਰ ਸਾਰੇ ਤਾਂ ਜਿਵੇਂ ਗੱਲਾਂ ਕਰਦੇ ਸਨ, ਉਸੇ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ, ਪਰ ਉਹ ਲੜਕੀ ਆਪਣੇ ਪਿਆਰੇ ਦੇ ਨਾਮ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਕਹਿੰਦੀ।।੪੭।।

**ਦਿਗਰ ਮਜਲਿਸ ਆਰਾਸਤ ਬਾਰੋਦ ਚੰਗ।।**
**ਜਵਾਨਾਨ ਸਾਇਸ਼ਤਹੇ ਖ਼ੂਬ ਰੰਗ।।੪੮।।**

ਦਿਗਰ = ਦੂਜੀ। ਆਰਾਸਤ = ਬੁਲਾਈ। ਰੋਦ = ਰਾਗ। ਚੰਗ = ਵਾਜ਼। ਸ਼ਾਹਿਸ਼ਤਹੇ = ਚੰਗੇ। ਖ਼ੂਬ = ਸੁੰਦਰ।

ਮੁੱਲਾਂ ਦੀ ਲੜਕੀ ਨੇ ਇਕ ਹੋਰ ਮਜਲਸ ਬੁਲਾਈ ਜਿਸ ਵਿਚ ਵਾਜੇ ਗਾਜੇ ਰਾਗ ਰੰਗ ਦਾ ਪ੍ਰਬੰਧ ਸੀ। ਇਹ ਮਜਲਸ ਚੰਗੇ ਤੇ ਸੁੰਦਰ ਜਵਾਨਾਂ ਵਾਸਤੇ ਸੀ।।੪੮।।

**ਹਮਹ ਮਸਤ ਖੋ ਸ਼ੁਦ ਹਮਹ ਖ਼ੂਬ ਮਸਤ।।**
**ਇਨਾਨੇ ਫ਼ਜ਼ੀਲਤ ਬਰੂੰ ਸ਼ੁਦ ਜ਼ਿ ਦਸਤ।।੪੯।।**

ਹਮਹ = ਸਾਰੇ। ਖੋ = ਸੁਭਾਵ। ਸ਼ੁਦ = ਹੋ ਗਏ। ਇਨਾਨੇ = ਵਾਗਾਂ। ਫਜ਼ੀਲਤ = ਵਡਿਆਈ। ਬਰੂੰ = ਬਾਹਰ ਹੋ ਗਏ। ਦਸਤ = ਹੱਥ।

ਇਸ ਮਜਲਸ ਵਿਚ ਮਸਤ ਸੁਭਾਅ ਵਾਲੇ ਰਾਗ ਰੰਗ ਤੇ ਸ਼ਰਾਬ ਵਿਚ ਮਸਤ ਹੋ ਗਏ ਤੇ ਉਹਨਾਂ ਦੇ ਹਥੋਂ ਆਪਣੀ ਵਡਿਆਈ ਦੀਆਂ ਵਾਗਾਂ ਛੁੱਟ ਗਈਆਂ।।੪੯।।

**ਹਰਾਂ ਕਸ ਕਿ ਅਜ਼ ਇਲਮ ਸੁਖ਼ਨਸ਼ ਬਿਰਾਂਦ।।**
**ਕਿ ਅਜ਼ ਬੇਖ਼ੁਦੀ ਨਾਮਿ ਹਰ ਦੋ ਬਿਖਾਂਦ।।੫੦।।**

ਹਰਾਂ ਕਸ ਕਿ = ਜਿਸ ਨੇ।ਅਜ਼ ਇਲਮ = ਵਿਦਿਆ ਦੀ।ਬਿਰਾਂਦ = ਚਲਾਈ।ਬੇਖ਼ੁਦੀ = ਮਸਤੀ। ਬਿਖਾਂਦ = ਬੋਲਦੇ ਸਨ।

ਜਿਸ ਨੇ ਵੀ ਉਨ੍ਹਾਂ ਦੋਹਾਂ ਨਾਲ ਵਿਦਿਆ ਦੀ ਗੱਲ ਕੀਤੀ, ਉਨ੍ਹਾਂ ਕੋਈ ਉੱਤਰ ਨਾ ਦਿੱਤਾ।

ਉਹ ਮਸਤੀ ਵਿਚ ਆਪਣੇ ਆਪਣੇ ਮਿੱਤਰ ਦਾ ਨਾਮ ਹੀ ਲਈ ਜਾ ਰਹੇ ਸਨ।।੫੦।।

**ਚੁ ਇਲਮੋ ਫ਼ਜ਼ੀਲਤ ਫ਼ਰਾਮੋਸ਼ ਗਸ਼ਤ।।**
**ਬੁਖ਼ਾਦੰਦ ਬਾ ਯਕ ਦਿਗਰ ਨਾਮ ਮਸਤ।।੫੧।।**

ਚੁ = ਜਦੋਂ। ਇਲਮੋ ਫਜ਼ੀਲਤ = ਵਿਦਿਆ ਤੇ ਵਡਿਆਈ। ਫ਼ਰਾਮੋਸ਼ ਗਸ਼ਤ = ਭੁੱਲ ਗਈ। ਬੁਖਾਦੰਦ = ਬੋਲਦੇ ਸਨ। ਬਾ ਯਕ ਦਿਗਰ ਨਾਮ = ਇਕ ਦੂਜੇ ਦਾ ਨਾਂ।

ਜਦੋਂ ਮਸਤੀ ਵਿਚ ਉਨ੍ਹਾਂ ਨੂੰ ਵਿਦਿਆ ਤੇ ਵਡਿਆਈ ਭੁੱਲ ਗਈ ਤਾਂ ਉਹ ਮਸਤ ਹੋਏ ਇਕ ਦੂਜੇ ਦਾ ਨਾਂ ਹੀ ਬੋਲੀ ਜਾਂਦੇ ਸਨ।।੫੧।।

**ਹਰਾਂਕਸ ਕਿ ਦੇਰੀਨਹ ਰਾ ਹਸਤ ਦੋਸਤ।।**
**ਜ਼ੁਬਾਂ ਖ਼ੁਦ ਕੁਸ਼ਾਯਿੰਦਹ ਅਜ਼ ਨਾਮ ਓਸਤ।।੫੨।।**

ਦੇਰੀਨਹ = ਪੁਰਾਣਾ। ਹਸਤ = ਸੀ। ਖੁਦ = ਆਪਣੀ। ਕੁਸ਼ਾਯਿੰਦਹ = ਖੋਲ੍ਹਦਾ। ਓਸਤ = ਉਸੇ ਦਾ।

ਜਿਸ ਦਾ ਕੋਈ ਪੁਰਾਣਾ ਮਿੱਤਰ ਹੈ ਸੀ, ਉਹ ਉਸੇ ਦਾ ਨਾਂ ਆਪਣੀ ਜ਼ਬਾਨ ਤੋਂ ਬੋਲ ਰਿਹਾ ਸੀ।।੫੨।।

**ਸ਼ਨਾਸਿਦ ਕਿ ਈਂ ਗੁਲ ਸੁਖ਼ਨ ਆਸ਼ਿਕ ਅਸਤ।।**
**ਬਗੁਫ਼ਤਨ ਹੁਮਾਯੂੰ ਸੁਬਕ ਤਨ ਖ਼ੁਸ਼ ਅਸਤ।।੫੩।।**

ਸ਼ਨਾਸਿਦ = ਪਛਾਣਿਆ। ਈਂ ਗੁਲ = ਇਹ ਫੁਲ। ਹੁਮਾਯੂੰ = ਫਲਦਾਇਕ। ਸੁਬਕ ਤਨ = ਕੋਮਲ ਸਰੀਰ। ਖੁਸ਼ = ਚੰਗਾ।

ਮੁੱਲਾਂ ਦੀ ਲੜਕੀ ਨੇ ਗੱਲਾਂ ਤੋਂ ਪਛਾਣ ਲਿਆ ਕਿ ਇਹ ਦੋਵੇਂ ਫੁਲ ਇਕ ਦੂਜੇ ਤੇ ਆਸ਼ਕ ਹੋ ਗਏ ਹਨ। ਉਹਬੋਲਣ ਵਿਚ ਚੰਗੇ ਤੇ ਕੋਮਲ ਸਰੀਰ ਵਾਲੇ ਸਨ।।੫੩।।

**ਕਿ ਅਜ਼ ਇਸ਼ਕ ਅਜ਼ ਮੁਸ਼ਕ ਅਜ਼ ਖ਼ਮਰ ਖ਼ੂੰ।।**
**ਕਿ ਪਿਨਹਾਂ ਨ ਮਾਂਦ ਅਸਤ ਆਮਦ ਬਰੂੰ।।੫੪।।**

ਇਸ਼ਕ = ਪਿਆਰ। ਮੁਸ਼ਕ = ਵਾਸ਼ਨਾ। ਖਮਰ = ਸ਼ਰਾਬ। ਖੂੰ = ਖੂਨ। ਪਿਨਹਾਂ = ਛੁਪੇ। ਨ ਮਾਂਦ = ਨਹੀਂ ਰਹਿੰਦੇ। ਆਮਦ ਬਰੂੰ = ਬਾਹਰ ਆ ਜਾਂਦੇ।

ਆਮ ਮਸ਼ਹੂਰ ਹੈ ਕਿ ਪ੍ਰਿਆਰ, ਵਾਸ਼ਨਾ, ਸ਼ਰਾਬ ਤੇ ਖੂਨ ਛੁਪਾਇਆਂ ਨਹੀਂ ਛੁਪਦੇ, ਬਾਹਰ ਆ ਜਾਂਦੇ ਹਨ।।੫੪।।

**ਬ ਸ਼ਹਿਰ ਅੰਦਰੂੰ ਗਸ਼ਤ ਸ਼ੁਹਰਤ ਪਜ਼ੀਰ।।**

**ਕਿ ਆਜ਼ਾਦਹੇ ਸ਼ਾਹੁ ਵ ਦੁਖ਼ਤਰ ਵਜ਼ੀਰ॥੫੫॥**

ਸ਼ਹਿਰ ਅੰਦਰੂੰ = ਸ਼ਹਿਰ ਵਿਚ। ਸ਼ੁਹਰਤ = ਚਰਚਾ। ਪਜ਼ੀਰ = ਪ੍ਰਗਟ। ਆਜ਼ਾਦ ਹੇ = ਖੁਲ੍ਹਾ।

ਸਾਰੇ ਸ਼ਹਿਰ ਵਿਚ ਇਸ ਗੱਲ ਦਾ ਚਰਚਾ ਹੋਣ ਲੱਗ ਪਿਆ ਕਿ ਰਾਜੇ ਦਾ ਲੜਕਾ ਤੇ ਵਜ਼ੀਰ ਦੀ ਲੜਕੀ ਆਪੋ ਵਿਚ ਖੁਲ੍ਹਮ ਖੁਲ੍ਹਾ ਪ੍ਰੇਮ ਕਰਦੇ ਹਨ॥੫੫॥

**ਸ਼ੁਨੀਦ ਈਂ ਸੁਖਨ ਸ਼ਹਿ ਦੁ ਕਿਸ਼ਤੀ ਬੁਖਾਂਦ॥**
**ਜੁਦਾ ਬਰ ਜੁਦਾ ਹਰਦੁ ਕਿਸ਼ਤੀ ਨਿਸ਼ਾਂਦ॥੫੬॥**

ਦੁ ਕਿਸ਼ਤੀ = ਦੋ ਬੇੜੀਆਂ। ਬੁਖਾਂਦ = ਮੰਗਵਾਈਆਂ। ਨਿਸ਼ਾਂਦ = ਬਿਠਾ ਦਿੱਤਾ।

ਬਾਦਸ਼ਾਹ ਨੇ ਇਹ ਗੱਲ ਸੁਣ ਕੇ ਦੋ ਬੇੜੀਆਂ ਮੰਗਵਾਈਆਂ ਅਤੇ ਉਨ੍ਹਾਂ ਦੋਹਾਂ ਨੂੰ ਅੱਡੋ ਅੱਡ ਬੇੜੀ ਵਿਚ ਬਿਠਾ ਦਿੱਤਾ॥੫੬॥

**ਰਵਾਂ ਕਰਦ ਓਰਾ ਬ ਦਰੀਯਾ ਅਜ਼ੀਮ॥**
**ਦੁ ਕਿਸ਼ਤੀ ਯਕੇ ਸ਼ੁਦ ਹਮਹ ਮਉਜ ਬੀਮ॥੫੭॥**

ਰਵਾਂ ਕਰਦ = ਰਵਾਨਾ ਕਰ ਦਿੱਤੀਆਂ। ਓਰਾ = ਉਹਨਾਂ ਨੂੰ। ਅਜ਼ੀਮ = ਵੱਡੇ। ਯਕੇ ਸ਼ੁਦ = ਇਕ ਹੋ ਗਈਆਂ। ਮਉਜ = ਲਹਿਰਾਂ। ਬੀਮ = ਡਰਾਉਣੀਆਂ।

ਬਾਦਸ਼ਾਹ ਨੇ ਉਹਨਾਂ ਬੇੜੀਆਂ ਨੂੰ ਵਡੇ ਦਰਿਆ ਵਿਚ ਵੱਖ ਵੱਖ ਰਵਾਨਾ ਕਰ ਦਿੱਤਾ, ਪਰ ਦਰਿਆ ਦੀਆਂ ਭਿਆਨਕ ਲਹਿਰਾਂ ਦੇ ਜ਼ੋਰ ਕਰਕੇ ਉਹ ਦੋਵੇਂ ਬੇੜੀਆਂ ਇਕੱਠੀਆਂ ਹੋ ਗਈਆਂ॥੫੭॥

**ਦੋ ਕਿਸ਼ਤੀ ਯਕੇ ਗਸ਼ਤ ਬਹੁਕਮੇ ਅਲਾਹ॥**
**ਬ ਯਕ ਜਾਂ ਦਰਾਮਦ ਹੁਮਾ ਸ਼ਮਸ਼ ਮਾਹ॥੫੮॥**

ਬਹੁਕਮੇ ਅਲਾਹ = ਅੱਲਾ ਦੇ ਹੁਕਮ ਨਾਲ। ਦਰਾਮਦ = ਆਏ। ਸ਼ਮਸ = ਸੂਰਜ। ਮਾਹ = ਚੰਦਰਮਾਂ।

ਪਰਮਾਤਮਾ ਦੇ ਹੁਕਮ ਨਾਲ ਉਹ ਦੋਵੇਂ ਬੇੜੀਆਂ ਇਸ ਤਰ੍ਹਾਂ ਇਕੱਠੀਆਂ ਹੋ ਗਈਆਂ ਜਿਵੇਂ ਸੂਰਜ ਤੇ ਚੰਦਰਮਾਂ ਇਕ ਜਗ੍ਹਾ ਇਕੱਠੇ ਹੋ ਗਏ ਹੋਣ॥੫੮॥

**ਬੁਬੀਂ ਕੁਦਰਤੇ ਕਿਰਦਗਾਰੇ ਅਲਾਹ॥**
**ਦੁ ਤਨ ਰਾ ਯਕੇ ਕਰਦ ਅਜ਼ ਹੁਕਮ ਸ਼ਾਹਿ॥੫੯॥**

ਬੁਬੀਂ = ਵੇਖ। ਕੁਦਰਤ = ਸ਼ਕਤੀ। ਕਿਰਦਗਾਰੇ = ਕਰਨ ਕਾਰਨ। ਸ਼ਾਹਿ = ਬਾਦਸ਼ਾਹ, ਪਰਮਾਤਮਾ।

ਉਸ ਕਰਨ ਕਾਰਨ ਪ੍ਰਭੂ ਦੀ ਕੁਦਰਤ ਨੂੰ ਵੇਖੋ ਕਿ ਉਸ ਪਰਮਾਤਮਾ ਦੇ ਹੁਕਮ ਨੇ ਦੋਵੇਂ

Namdhari Elibrary NamdhariElibrary@gmail.com

ਸਰੀਰ ਇਕੱਠੇ ਕਰ ਦਿੱਤੇ॥੫੯॥

**ਦੁ ਕਿਸ਼ਤੀ ਦਰਾਮਦ ਬ ਯਕ ਜਾ ਦੁ ਤਨ॥**
**ਚਰਾਗ਼ੇ ਜਹਾਂ ਆਫ਼ਤਾਬੇ ਯਮਨ॥੬੦॥**

ਦਰਾਮਦ = ਆਏ। ਯਕ ਜਾ = ਇਕ ਜਗ੍ਹਾ।

ਦੋ ਕਿਸ਼ਤੀਆਂ ਵਿਚ ਅੱਡੋ ਅੱਡ ਆਏ ਦੋ ਸਰੀਰ, ਇਕ ਜਗ੍ਹਾ ਇਕੱਠੇ ਹੋ ਗਏ। ਦੁਨੀਆਂ ਦਾ ਚਾਨਣ (ਲੜਕੀ) ਤੇ ਯਮਨ ਦਾ ਸੂਰਜ ਲੜਕੇ ਦਾ ਫਿਰ ਮਿਲਾਪ ਹੋ ਗਿਆ॥੬੦॥

**ਬਿ ਰਫ਼ਤੰਦ ਕਿਸ਼ਤੀ ਬ ਦਰਿਯਾਇ ਗਾਰ॥**
**ਬ ਮਉਜ ਅੰਦਰ ਆਮਦ ਚੁ ਬਰਗੇ ਬਹਾਰ॥੬੧॥**

ਰਫਤੰਦ = ਤੁਰ ਪਏ। ਦਰਿਆਇ ਗਾਰ = ਡੂੰਘਾ ਦਰਿਆ। ਮਉਜ ਅੰਦਰ ਆਮਦ = ਲਹਿਰਾਂ ਵਿਚ ਆ ਗਈ। ਬਰਗੇ ਬਹਾਰ = ਬਸੰਤ ਰੁੱਤ ਦਾ ਪੱਤਾ।

ਬੇੜੀ ਤੁਰ ਪਈ ਤੇ ਡੂੰਘੇ ਦਰਿਆ ਵਿਚ ਪਹੁੰਚ ਗਈ। ਬਸੰਤ ਰੁੱਤ ਦੇ ਪੱਤਿਆਂ ਵਾਂਗੂੰ ਉਹ ਬੇੜੀ ਦਰਿਆ ਦੀਆਂ ਲਹਿਰਾਂ ਵਿਚ ਆ ਗਈ॥੬੧॥

**ਯਕੇ ਅਜ਼ਦਹਾ ਬੂਦ ਆ ਜਾਂ ਨਿਸ਼ਸਤ॥**
**ਬ ਖ਼ੁਰਦਨ ਦਰਾਂਮਦ ਵਜਾਂ ਕਰਦ ਜਸਤ॥੬੨॥**

ਅਜ਼ਦਹਾ = ਵੱਡਾ ਸੱਪ। ਬੂਦ = ਸੀ। ਆਂ ਜਾ = ਉਸ ਜਗ੍ਹਾ। ਨਿਸ਼ਸਤ = ਬੈਠਾ। ਖੁਰਦਨ = ਖਾਣ। ਦਰਾਮਦ = ਆਇਆ। ਜਸਤ = ਛਾਲ, ਝਪਟ।

ਉਸ ਜਗ੍ਹਾ ਇਕ ਵੱਡਾ ਸੱਪ ਬੈਠਾ ਹੋਇਆ ਸੀ। ਉਹ ਇਹਨਾਂ ਨੂੰ ਖਾਣ ਵਾਸਤੇ ਆਇਆ ਅਤੇ ਉਨ੍ਹਾਂ ਉਤੇ ਤੇ ਝੱਪਟਾ ਮਾਰਿਆ॥੬੨॥

**ਦਿਗਰ ਪੇਸ਼ਤਰ ਬੂਦ ਕਹਰੇ ਬਲਾ॥**
**ਦੁ ਦਸਤਸ਼ ਸਤੂੰ ਕਰਦ ਬੇ ਸਰ ਨੁਮਾ॥੬੩॥**

ਪੇਸ਼ਤਰ = ਸਾਹਮਣੇ। ਕਹਰੇ ਬਲਾ = ਡਰਾਉਣੀ ਡੈਣ। ਦੁ ਦਸਤਸ਼ = ਦੋ ਹੱਥ। ਸਤੂੰ = ਥੰਮ੍ਹ। ਬੇ ਸਰ = ਬਿਨਾਂ ਸਿਰ। ਨੁਮਾ = ਦਿਖਾਈ।

ਬੇੜੀ ਦੇ ਦੂਜੇ ਪਾਸਿਓਂ ਉਹਨਾਂ ਦੇ ਸਾਮਹਣੇ ਇਕ ਡਰਾਉਣੀ ਬਲਾ ਆ ਗਈ, ਜਿਸ ਨੇ ਦੋਵੇਂ ਹੱਥ ਥੰਮ੍ਹ ਵਾਂਗੂੰ ਖੜੇ ਕੀਤੇ ਹੋਏ ਸਨ, ਜੋ ਬਿਨਾਂ ਸਿਰ ਤੋਂ ਮਨੁੱਖ ਵਾਂਗੂੰ ਲੱਗਦੀ ਸੀ॥੬੩॥

**ਮਿਯਾਂ ਰਫ਼ਤ ਸ਼ੁਦ ਕਿਸ਼ਤੀਏ ਹਰ ਦੁ ਦਸਤ॥**

*******************************************************

**ਬਨੇਸੇ ਦਨਾਮਦ ਅਜ਼ੋ ਮਾਰ ਮਸਤ॥੬੪॥**

ਮਿਯਾਂ = ਵਿਚੋਂ। ਰਫਤ = ਲੰਘ ਗਈ। ਬਨੇਸ਼ੇ = ਡੰਗ। ਦਨਾਮਦ = ਮਾਰਦਾ। ਮਾਰ = ਸੱਪ। ਮਸਤ = ਜ਼ਹਿਰੀਲਾ।

ਉਸ ਬਲਾ ਦੇ ਦੋਹਾਂ ਹੱਥਾ ਵਿਚੋਂ ਬੇੜੀ ਨਿਕਲ ਗਈ। ਜਦ ਜ਼ਹਿਰੀਲੇ ਸੱਪ ਨੇ ਉਸ ਬਲਾ ਨੂੰ ਡੰਗ ਮਾਰਿਆ॥੬੪॥

**ਗਰਿਫ਼ਤੰਦ ਓਰਾ ਬਦਸਤ ਅੰਦਰੂੰ॥**
**ਬਿ ਬਖ਼ਸ਼ੀਦ ਓਰਾ ਨ ਖੁਰਦੰਦ ਖੂੰ॥੬੫॥**

ਗਰਿਫਤੰਦ = ਫੜਿਆ। ਖ਼ੁਰਦੰਦ = ਖਾਧਾ।

ਉਸ ਬਲਾ ਨੇ ਸੱਪ ਨੂੰ ਆਪਣੇ ਹੱਥਾਂ ਵਿਚ ਫੜ ਲਿਆ ਪਰਮਾਤਮਾ ਨੇ ਐਸੀ ਕਿਰਪਾ ਕੀਤੀ ਕਿ ਉਨ੍ਹਾਂ ਬੱਚਿਆਂ ਨੂੰ ਕਿਸੇ ਵੀ ਨ ਖਾਧਾ॥੬੫॥

**ਚੁਨਾਂ ਜੰਗ ਸ਼ੁਦ ਅਜ਼ਦਹਾ ਬਾ ਬਲਾ॥**
**ਕਿ ਬੇਰੂੰ ਨਿਆਮਦ ਬ ਹੁਕਮੇ ਖ਼ੁਦਾ॥੬੬॥**

ਚੁਨਾ = ਅਜਿਹਾ। ਬੇਰੂੰ = ਬਾਹਰ। ਨਿਆਮਦ = ਨਾ ਆਇਆ।

ਉਸ ਸੱਪ ਤੇ ਬਲਾ ਵਿਚ ਐਸਾ ਜੰਗ ਹੋਇਆ ਕਿ ਰੱਬ ਦੇ ਹੁਕਮ ਨਾਲ ਉਨ੍ਹਾਂ ਦੋਹਾਂ ਵਿਚੋਂ ਦਰਿਆ ਤੋਂ ਕੋਈ ਵੀ ਬਾਹਰ ਨਾ ਆਇਆ। ਅਰਥਾਤ ਉਹ ਆਪੋ ਵਿਚ ਲੜਦੇ ਲੜਦੇ ਦਰਿਆ ਵਿਚ ਹੀ ਮਰ ਗਏ॥੬੬॥

**ਚੁਨਾਂ ਮਉਜ ਖ਼ੇਜ਼ਦ ਜ਼ਿ ਦਰੀਯਾ ਅਜ਼ੀਮ॥**
**ਕਿ ਦੀਗਰ ਨ ਦਾਨਿਸਤ ਜੁਜ਼ ਯਕ ਕਰੀਮ॥੬੭॥**

ਮਉਜ = ਲਹਿਰ। ਖੇਜ਼ਦ = ਉਠੀ। ਦਾਨਿਸ਼ਤ = ਜਾਣਦਾ। ਜੁਜ਼ = ਬਿਨਾਂ। ਕਰੀਮ = ਕ੍ਰਿਪਾਲੂ ਪਰਮਾਤਮਾ।

ਉਸ ਵਡੇ ਦਰਿਆ ਵਿਚ ਐਸੀਆਂ ਲਹਿਰਾਂ ਉਠੀਆਂ ਕਿ ਉਸ ਕ੍ਰਿਪਾਲੂ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ॥੬੭॥

**ਰਵਾਂ ਗਸ਼ਤ ਕਿਸ਼ਤੀ ਬ ਮਉਜੇ ਬਲਾ॥**
**ਬਰਾਹੇ ਖ਼ਲਾਸੀ ਜ਼ਿ ਰਹਮਤ ਖੁਦਾ॥੬੮॥**

ਰਵਾਂ ਗਸ਼ਤ = ਤੁਰ ਪਈ। ਬਲਾ = ਵੱਡੀ। ਬਰਾਹੇ = ਵਾਸਤੇ। ਖਲਾਸੀ = ਛੁਟਕਾਰਾ।

Namdhari Elibrary NamdhariElibrary@gmail.com

++++++++++++++++++++++++++++++++++++++++++++++++++++++++++++

ਵਡੀਆਂ ਵਡੀਆਂ ਲਹਿਰਾਂ ਵਿਚ ਉਹ ਬੇੜੀ ਤੁਰ ਪਈ। ਇਸ ਦੁਖ ਤੋਂ ਛੁਟਕਾਰਾ ਪਾਉਣ ਲਈ ਉਹ ਪਰਮਾਤਮਾ ਦੀ ਮਿਹਰ ਮੰਗਦੇ ਸਨ॥੬੮॥

**ਬ ਆਖਰ ਹਮ ਅਜ਼ ਹੁਕਮ ਪਰਵਰਦਿਗਾਰ॥**
**ਕਿ ਕਿਸ਼ਤੀ ਬਰਆਮਦ ਜ਼ਿ ਦਰੀਯਾ ਕਿਨਾਰ॥੬੯॥**

ਬ ਆਖ਼ਰ = ਅੰਤ ਨੂੰ। ਕਿਨਾਰ = ਕੰਢਾ।

ਅਖੀਰ ਪਾਲਣਹਾਰ ਪ੍ਰਭੂ ਦੇ ਹੁਕਮ ਨਾਲ ਉਹ ਬੇੜੀ ਦਰਿਆ ਤੋਂ ਬਾਹਰ ਕਿਨਾਰੇ ਤੇ ਆ ਗਈ॥੬੯॥

**ਕਿ ਬੇਰੂੰ ਬਰਾਮਦ ਅਜ਼ਾਂ ਹਰ ਦੁ ਤਨ॥**
**ਨਿਸ਼ਸਤਹ ਲਬੇ ਆਬਿ ਦਰਿਯਾ ਯਮਨ॥੭੦॥**

ਬੇਰੂ = ਬਾਹਰ। ਬਰਾਮਦ = ਆ ਗਏ। ਅਜ਼ਾਂ = ਉਸ ਤੋਂ। ਹਰ ਦੁ ਤਨ = ਦੋਵੇਂ ਜਣੇ। ਲਬੇ = ਕੰਢੇ।

ਉਹ ਦੋਵੇਂ ਬੇੜੀ ਵਿਚੋਂ ਬਾਹਰ ਆ ਗਏ ਤੇ ਯਮਨ ਦਰਿਆ ਦੇ ਪਾਣੀ ਦੇ ਕੰਢੇ ਉਪਰ ਬੈਠ ਗਏ॥੭੦॥

**ਬਰਾਮਦ ਯਕੇ ਸ਼ੇਰ ਦੀਦਨ ਸਿਤਾਬ॥**
**ਬਖੁਰਦਨ ਅਜ਼ਾਂ ਹਰ ਦੁ ਤਨ ਰਾ ਕਬਾਬ॥੭੧॥**

ਬਰਾਮਦ = ਆਇਆ। ਦੀਦਨ = ਦੇਖ ਕੇ। ਸਿਤਾਬ = ਛੇਤੀ। ਖੁਰਦਨ = ਖਾਣ। ਕਬਾਬ = ਮਾਸ।

ਇਕ ਸ਼ੇਰ ਉਹਨਾਂ ਨੂੰ ਵੇਖ ਕੇ ਦੋਹਾਂ ਦੇ ਸਰੀਰ ਦਾ ਮਾਸ ਖਾਣ ਵਾਸਤੇ ਛੇਤੀ ਨਾਲ ਆਇਆ॥੭੧॥

**ਜ਼ਿ ਦਰਿਯਾ ਬਰਾਮਦ ਜ਼ਿ ਮਗਰੇ ਅਜ਼ੀਮ॥**
**ਖੁਰਮ ਹਰ ਦੁ ਤਨ ਰਾ ਬਹੁਕਮੇ ਕਰੀਮ॥੭੨॥**

ਮਗਰੇ ਅਜ਼ੀਮ = ਵਡਾ ਮਗਰ ਮੱਛ। ਖ਼ੁਰਮ = ਖਾਣ। ਬਹੁਕਮੇ ਕਰੀਮ = ਪਰਮਾਤਮਾ ਦੇ ਹੁਕਮ ਨਾਲ।

ਪਰਮਾਤਮਾ ਦੇ ਹੁਕਮ ਨਾਲ ਦਰਿਆ ਵਿਚੋਂ ਇਕ ਵੱਡਾ ਮਗਰਮੱਛ ਦੋਹਾਂ ਬਚਿੱਆਂ ਨੂੰ ਖਾਣ ਵਾਸਤੇ ਬਾਹਰ ਆਇਆ॥੭੨॥

**ਬ ਜਾਇਸ਼ ਦਰਾਮਦ ਜ਼ਿ ਸ਼ੇਰੇ ਸ਼ਿਤਾਬ॥**
**ਗਜ਼ੰਦਸ਼ ਹਮੀਂ ਬੁਰਦ ਬਰ ਰੋਦ ਆਬ॥੭੩॥**

ਜਾਇਸ਼ = ਉਸ ਜਗ੍ਹਾ। ਗਜ਼ੰਦਸ਼ = ਛਾਲ। ਬੁਰਦ = ਲੈ ਗਿਆ। ਰੋਦ = ਨਦੀ। ਆਬ = ਪਾਣੀ।

ਉਸ ਜਗ੍ਹਾ ਝਟ ਪਟ ਸ਼ੇਰ ਆ ਗਿਆ ਅਤੇ ਉਸ ਨੇ ਉਨ੍ਹਾਂ ਨੂੰ ਮਾਰਨ ਵਾਸਤੇ ਦਰਿਆ

**********************************************************
ਦੇ ਪਾਣੀ ਉਤੇ ਛਾਲ ਮਾਰ ਦਿੱਤੀ॥੭੩॥

**ਬ ਪੇਚੀਦ ਸਰ ਓ ਖ਼ਤਾ ਗਸ਼ਤ ਸ਼ੇਰ॥**
**ਬ ਦਹਨੇ ਦਿਗਰ ਦੁਸ਼ਮਨ ਅਫ਼ਤਦ ਦਲੇਰ॥੭੪॥**

ਪੇਚੀਦ = ਫੇਰਨ। ਖਤਾ = ਖਾਲੀ। ਦਹਨੇ = ਮੂੰਹ। ਅਫ਼ਤਦ = ਡਿੱਗ ਪਿਆ।

ਸ਼ੇਰ ਦੇ ਵਾਰ ਤੋਂ ਬਚਣ ਲਈ ਉਨ੍ਹਾਂ ਨੇ ਫੇਰਨ ਸਿਰ ਲਾਂਭੇ ਕਰ ਲਏ ਅਤੇ ਸ਼ੇਰ ਉਸ ਦੂਸਰੇ ਦੁਸ਼ਮਨ ਮਗਰਮੱਛ ਦੇ ਮੂੰਹ ਵਿਚ ਜਾ ਡਿੱਗਾ॥੭੪॥

**ਬ ਗੀਰਦ ਮਗਰ ਦਸਤ ਸ਼ੇਰੋ ਸ਼ਿਤਾਬ॥**
**ਬ ਬੁਰਦੰਦ ਓ ਰਾ ਕਸ਼ੀਦਹ ਦਰ ਆਬ॥੭੫॥**

ਬ ਗੀਰਦ = ਫੜ ਲਿਆ। ਬੁਰਦੰਦ = ਲੈ ਗਿਆ। ਓ ਰਾ = ਉਸ। ਕਸ਼ੀਦਹ = ਖਿੱਚ ਕੇ। ਦਰ ਆਬ = ਪਾਣੀ ਵਿਚ।

ਮਗਰਮੱਛ ਨੇ ਸ਼ੇਰ ਨੂੰ ਝਟ ਪਟ ਮੂੰਹ ਵਿਚ ਫੜ ਲਿਆ ਤੇ ਉਸ ਨੂੰ ਖਿੱਚ ਕੇ ਪਾਣੀ ਵਿਚ ਲੈ ਗਿਆ॥੭੫॥

**ਬੁਬੀਂ ਕੁਦਰਤੇ ਕਿਰਦਗਾਰੇ ਜਹਾਂ॥**
**ਕਿ ਈਂ ਰਾ ਬ ਬਖਸ਼ੀਦ ਕੁਸ਼ਤਸ਼ ਅਜ਼ਾਂ॥੭੬॥**

ਬੁਬੀਂ = ਵੇਖੋ। ਜਹਾਂ = ਸੰਸਾਰ। ਈਂ ਰਾ = ਇਸ ਨੂੰ। ਕੁਸ਼ਤਸ਼ = ਮਾਰ ਦਿੱਤਾ।

ਸੰਸਾਰ ਦੇ ਰਚਨਹਾਰ ਪਰਮਾਤਮਾ ਦੀ ਕੁਦਰਤ ਨੂੰ ਵੇਖੋ ਕਿ ਉਸ ਨੇ ਇਹਨਾਂ ਨੂੰ ਬਚਾ ਲਿਆ ਤੇ ਉਸ ਸ਼ੇਰ ਨੂੰ ਮਾਰ ਦਿੱਤਾ॥੭੬॥

**ਬਿ ਰਫ਼ਤੰਦ ਹਰ ਦੋ ਬ ਹੁਕਮੇ ਅਮੀਰ॥**
**ਯਕੇ ਸ਼ਾਹਜ਼ਾਦਹ ਬ ਦੁਖਤਰ ਵਜ਼ੀਰ॥੭੭॥**

ਰਫ਼ਤੰਦ = ਤੁਰ ਪਏ। ਅਮੀਰ = ਪਰਮਾਤਮਾ।

ਪ੍ਰਭੂ ਦੇ ਹੁਕਮ ਨਾਲ ਉਹ ਦੋਵੇਂ ਅਗੇ ਤੁਰ ਪਏ। ਇਕ ਰਾਜੇ ਦਾ ਪੁੱਤਰ ਸੀ ਤੇ ਦੂਜੀ ਵਜ਼ੀਰ ਦੀ ਲੜਕੀ ਸੀ॥੭੭॥

**ਬਿ ਅਫ਼ਤਾਦ ਹਰ ਦੋ ਬ ਦਸਤਿ ਅਜ਼ੀਮ॥**
**ਨ ਸ਼ਾਯਦ ਦਿਗਰ ਦੀਦ ਜੁਜ਼ ਯਕ ਕਰੀਮ॥੭੮॥**

ਅਫ਼ਤਾਦ = ਪੈ ਗਏ। ਦਸਤਿ = ਜੰਗਲ। ਸ਼ਾਯਦ = ਸਹਾਇਕ। ਦਿਗਰ = ਦੂਸਰਾ।

Namdhari Elibrary NamdhariElibrary@gmail.com

ਦੀਦ = ਵੇਖਣਾ। ਜੁਜ਼ = ਬਿਨਾਂ।

ਉਹ ਦੋਵੇਂ ਇਕ ਬੜੇ ਭਾਰੀ ਜੰਗਲ ਵਿਚ ਚਲੇ ਗਏ, ਜਿਥੇ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਸੀ ਦਿੱਸਦਾ॥੭੮॥

## ਬ ਮੁਲਕੇ ਹਬਸ਼ ਆਮਦ ਆਂ ਨੇਕ ਖੋਇ॥
## ਯਕੇ ਸ਼ਾਹਜ਼ਾਦਹ ਦਿਗਰ ਖ਼ੂਬ ਰੋਇ॥੭੯॥

ਨੇਕ ਖੋਇ = ਚੰਗੇ ਸੁਭਾਅ ਵਾਲੇ।

ਉਹ ਦੋਵੇਂ ਚੰਗੇ ਸੁਭਾਅ ਵਾਲੇ ਹਬਸ਼ ਦੇਸ਼ ਵਿਚ ਆ ਗਏ, ਉਨ੍ਹਾਂ ਵਿਚ ਇਕ ਬਾਦਸ਼ਾਹ ਦਾ ਪੁੱਤਰ ਸੀ ਤੇ ਦੂਜੀ ਵਜ਼ੀਰ ਦੀ ਖ਼ੂਬਸੂਰਤ ਪੁੱਤਰੀ ਸੀ॥੭੯॥

## ਦਰਆਂ ਜਾ ਬਿਆਮਦ ਕਿ ਬਿਨਸ਼ਸਤਹ ਸ਼ਾਹ॥
## ਨਸ਼ਸਤੰਦ ਸ਼ਬ ਰੰਗ ਜ਼ਰਰੀਂ ਕੁਲਾਹ॥੮੦॥

ਦਰ ਆਂ ਜਾ = ਉਸ ਜਗ੍ਹਾ। ਬਿਆਮਦ = ਆਏ। ਬਿਨਸ਼ਸਤਹ = ਬੈਠਾ। ਸ਼ਬ ਰੰਗ = ਰਾਤ ਵਰਗਾ ਰੰਗ। ਜ਼ਰਰੀਂ = ਸੁਨਹਿਰੀ। ਕੁਲਾਹ = ਤਾਜ।

ਉਹ ਚਲਦੇ ਚਲਦੇ ਉਸ ਜਗ੍ਹਾ ਆਏ, ਜਿਥੇ ਹਬਸ਼ੀ ਦੇਸ਼ ਦਾ ਬਾਦਸ਼ਾਹ ਬੈਠਾ ਸੀ। ਰਾਤ ਵਾਂਗੂੰ ਕਾਲੇ ਰੰਗ ਵਾਲਾ ਬਾਦਸ਼ਾਹ ਸੁਨਹਿਰੀ ਤਾਜ ਪਹਿਨ ਕੇ ਤਖਤ ਤੇ ਬਿਰਾਜਮਾਨ ਸੀ॥੮੦॥

## ਬ ਦੀਦੰਦ ਓ ਰਾ ਬੁਖਾਦੰਦ ਪੇਸ਼॥
## ਬ ਗੁਫ਼ਤੰਦ ਕਿ ਏ ਸ਼ੇਰ ਆਜ਼ਾਦ ਕੇਸ਼॥੮੧॥

ਦੀਦੰਦ = ਵੇਖਿਆ। ਬੁਖਾਦੰਦ = ਬੁਲਾਇਆ। ਪੇਸ਼ = ਸਾਹਮਣੇ। ਗੁਫ਼ਤੰਦ = ਕਿਹਾ। ਆਜ਼ਾਦ = ਨਿਆਰੇ। ਕੇਸ਼ = ਧਰਮ।

ਬਾਦਸ਼ਾਹ ਨੇ ਉਹਨਾਂ ਨੂੰ ਵੇਖਿਆ ਤੇ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਐ ਆਜ਼ਾਦ ਧਰਮ ਵਾਲੇ ਸੂਰਮੇ॥੮੧॥

## ਜ਼ਿ ਮੁਲਕੇ ਕਦਾਮੀ ਤੁ ਬ ਮਨ ਬਗੋ॥
## ਚਿ ਨਾਮੇ ਕਿਰਾ ਤੋ ਬਈ ਤਰਫ ਜੋ॥੮੨॥

ਕਦਾਮੀ = ਕਿਹੜਾ। ਬਾ ਮਨ = ਮੈਨੂੰ। ਬਿਗੋਇ = ਕਹੁ। ਚਿ = ਕੀ। ਕਿਰਾ = ਕਿਸ ਨੂੰ। ਬਈਂ ਤਰਫ = ਇਸ ਪਾਸੇ। ਜੋਇ = ਢੂੰਡਦਾ।

ਮੈਨੂੰ ਇਹ ਦੱਸ ਕਿ ਤੇਰਾ ਮੁਲਕ ਕਿਹੜਾ ਹੈ, ਤੇਰਾ ਨਾਂ ਕੀ ਹੈ ਅਤੇ ਇਸ ਪਾਸੇ ਕਿਸ ਨੂੰ ਲਭਦਾ ਫਿਰਦਾ ਏਂ ?॥੮੨॥

Namdhari Elibrary NamdhariElibrary@gmail.com

**ਵਗਰ ਨਹ ਮਰਾ ਤੋ ਨ ਗੋਈਂ ਚੁ ਰਾਸਤ॥**
**ਕਿ ਮੁਰਦਨ ਸ਼ਿਤਾਬ ਅਸਤ ਏਜ਼ਦ ਗਵਾਹਸਤ॥੯੩॥**

ਵਗਰ ਨਹ = ਜੇ ਨਹੀਂ। ਮਰਾ = ਮੈਨੂੰ। ਗੋਈ = ਦੱਸੀ। ਰਾਸਤ = ਸੱਚ। ਮੁਰਦਨ = ਮਰਨਾ। ਏਜ਼ਦ = ਪਰਮਾਤਮਾ।

ਜੇ ਤੂੰ ਮੈਨੂੰ ਸੱਚ ਨਾ ਦੱਸਿਆ ਤਾਂ ਤੇਰੀ ਮੌਤ ਛੇਤੀ ਹੋਵੇਗੀ, ਇਸ ਗੱਲ ਵਿਚ ਰੱਬ ਗਵਾਹ ਹੈ॥੯੩॥

**ਸ਼ਹਿਨਸ਼ਾਹਿ ਪਿਸਰੇ ਮ ਮਾਯੰਦਰਾਂ॥**
**ਕਿ ਦੁਖ਼ਤਰ ਵਜ਼ੀਰ ਅਸਤ ਈਂ ਨਉ ਜਵਾਂ॥੯੪॥**

ਪਿਸਰੇ = ਪੁੱਤਰ ਹਾਂ।

ਉਸ ਲੜਕੇ ਨੇ ਉੱਤਰ ਦਿੱਤਾ ਐ ਬਾਦਸ਼ਾਹ! ਮੈ ਮਾਯੰਦਰਾਂ ਦੇਸ਼ ਦੇ ਬਾਦਸ਼ਾਹ ਦਾ ਪੁੱਤਰ ਹਾਂ ਤੇ ਇਹ ਨੌਜਵਾਨ ਲੜਕੀ ਉਸ ਦੇਸ਼ ਦੇ ਵਜ਼ੀਰ ਦੀ ਪੁੱਤਰੀ ਹੈ॥੯੪॥

**ਹਕੀਕਤ ਬ ਗੁਫ਼ਤਸ਼ ਜ਼ਿ ਪੇਸ਼ੀਨਹ ਹਾਲ॥**
**ਕਿ ਬਰ ਵੈ ਚੁ ਬੁਗਜ਼ਸ਼ਤ ਚੰਦੀਂ ਜ਼ਵਾਲ॥੯੫॥**

ਹਕੀਕਤ = ਸਮਾਚਾਰ। ਬ ਗੁਫ਼ਤਸ = ਕਹੀ। ਪੇਸ਼ੀਨਹ = ਪਿਛਲਾ। ਬਰ ਵੈ = ਉਸ ਉਤੇ। ਬੁਗਜ਼ਸ਼ਤ = ਗੁਜ਼ਰੀ। ਚੰਦੀਂ = ਕਿੰਨੀ। ਜ਼ਵਾਲ = ਦੁਖ।

ਉਸ ਲੜਕੇ ਨੇ ਜੋ ਕੁਛ ਪਿਛੇ ਉਹਨਾਂ ਨਾਲ ਬੀਤੀ ਸੀ, ਉਹ ਸਾਰੀ ਵਾਰਦਾਤ ਬਾਦਸ਼ਾਹ ਨੂੰ ਦੱਸੀ। ਫਿਰ ਜੋ ਜੋ ਮੁਸੀਬਤਾਂ ਉਹਨਾਂ ਤੇ ਆਈਆਂ ਸਨ, ਉਹ ਸਭ ਉਸ ਨੂੰ ਸੁਣਾਈਆਂ॥੯੫॥

**ਬ ਮਿਹਰਸ਼ ਦਰਾਮਦ ਬਿਗੁਫ਼ਤ ਅਜ਼ ਜ਼ਬਾਂ॥**
**ਮਰਾ ਖ਼ਾਨਹ ਜਾਏ ਜ਼ਿ ਖੁਦ ਖਾਨਹ ਦਾਂ॥੯੬॥**

ਮਿਹਰਸ਼ = ਮਿਹਰ। ਦਰਾਮਦ = ਆਈ। ਬਿਗੁਫ਼ਤ = ਕਿਹਾ। ਅਜ਼ = ਨਾਲ। ਮਰਾ = ਮੇਰਾ। ਖ਼ਾਨਹ = ਘਰ। ਖੁਦ ਖਾਨਹ = ਆਪਣਾ ਘਰ। ਦਾਂ = ਜਾਣ।

ਉਹਨਾਂ ਦੇ ਦੁਖ ਭਰੇ ਸਮਾਚਾਰ ਨੂੰ ਸੁਣ ਕੇ ਬਾਦਸ਼ਾਹ ਦੇ ਮਨ ਵਿਚ ਮਿਹਰ ਆਈ ਤੇ ਉਸ ਨੇ ਆਪਣੀ ਜ਼ਬਾਨ ਤੋਂ ਕਿਹਾ ਕਿ ਤੁਸੀਂ ਮੇਰੇ ਘਰ ਨੂੰ ਆਪਣਾ ਘਰ ਹੀ ਸਮਝੋ॥੯੬॥

**ਵਜ਼ਾਰਤ ਖੁਦਸ਼ ਰਾ ਤੁਰਾਮੇ ਦਿਹਮ॥**
**ਕੁਲਾਹੇ ਮੁਮਾਲਿਕ ਤੁ ਬਰ ਸਰ ਨਿਹਮ॥੯੭॥**

Namdhari Elibrary NamdhariElibrary@gmail.com

ਵਜ਼ਾਰਾਤ = ਵਜ਼ੀਰੀ। ਖ਼ੁਦਸ਼ = ਆਪਣੀ। ਤੁਰਾ = ਤੈਨੂੰ। ਮੇ ਦਿਹਮ = ਮੈਂ ਦੇਂਦਾ ਹਾਂ। ਕੁਲਾਹੇ = ਤਾਜ। ਮੁਮਾਲਿਕ = ਦੇਸਾਂ। ਤੋ = ਤੇਰੇ। ਬਰ ਸਰ = ਸਿਰ ਉਪਰ। ਨਿਹਮ = ਰਖਦਾ ਹਾਂ।

ਬਾਦਸ਼ਾਹ ਨੇ ਕਿਹਾ ਕਿ ਮੈਂ ਤੈਨੂੰ ਆਪਣੀ ਵਜ਼ੀਰੀ ਦੇਂਦਾ ਹਾਂ, ਤੇ ਬਹੁਤ ਸਾਰੇ ਮੁਲਕਾਂ ਦਾ ਤਾਜ ਤੇਰੇ ਸਿਰ ਉਪਰ ਰਖਦਾ ਹਾਂ ਭਾਵ ਕਈ ਦੇਸਾਂ ਦਾ ਰਾਜ ਪ੍ਰਬੰਧ ਤੈਨੂੰ ਸੌਂਪਦਾ ਹਾਂ।।੮੭।।

**ਬ ਗੁਫਤੰਦ ਈਂ ਰਾ ਵ ਕਰਦੰਦ ਵਜ਼ੀਰ।।**
**ਕਿ ਨਾਮੇ ਵਜ਼ਾਂ ਬੂਦ ਰੌਸ਼ਨ ਜ਼ਮੀਰ।।੮੮।।**

ਗੁਫਤੰਦ = ਆਖ ਕੇ। ਕਰਦੰਦ = ਕਰ ਦਿਤਾ।

ਇਹ ਕਹਿ ਕੇ ਬਾਦਸ਼ਾਹ ਨੇ ਉਸ ਨੂੰ, ਜਿਸ ਦਾ ਨਾਂ ਰੌਸ਼ਨ ਜ਼ਮੀਰ ਸੀ, ਵਜ਼ੀਰ ਬਣਾ ਦਿੱਤਾ।।੮੮।।

**ਬ ਹਰ ਜਾ ਕਿ ਦੁਸ਼ਮਨ ਸ਼ਨਾਸਦ ਅਜ਼ੀਮ।।**
**ਦਵੀਦੰਦ ਬਰ ਵੈ ਬ ਹੁਕਮੇ ਕਰੀਮ।।੮੯।।**

ਬ ਹਰ ਜਾ = ਹਰ ਥਾਂ। ਸ਼ਨਾਸਦ = ਪਛਾਣਦਾ। ਅਜ਼ੀਮ = ਵੱਡਾ। ਦਵੀਦੰਦ = ਦੌੜਿਆ। ਬਰ ਵੈ = ਉਸ ਉਤੇ।

ਉਸ ਨੇ ਬਾਦਸ਼ਾਹ ਦੇ ਹਰ ਥਾਂ ਤੇ ਰਹਿੰਦੇ ਦੁਸ਼ਮਨ ਨੂੰ ਲੱਭਿਆ ਤੇ ਰੱਬ ਦੇ ਹੁਕਮ ਨਾਲ ਉਸ ਤੇ ਹਮਲਾ ਕਰਨ ਲਈ ਜਾ ਪਿਆ।।੮੯।।

**ਕਿ ਖ਼ੂਨਸ਼ ਬਰੇਜ਼ੀਦ ਕਰਦੰਦ ਜ਼ੇਰ।।**
**ਦਿਗਰ ਜਾ ਸ਼ੁਨਦੇ ਦਵੀਦੇ ਦਲੇਰ।।੯੦।।**

ਖ਼ੂਨਸ਼ = ਖੂਨ। ਬਰੇਜ਼ੀਦ = ਡੋਲ੍ਹਿਆ। ਕਰਦੰਦ = ਕੀਤਾ। ਜ਼ੇਰ = ਅਧੀਨ। ਦਿਗਰ = ਦੂਜੀ। ਜਾ = ਜਗ੍ਹਾ। ਸ਼ੁਨੀਦੇ = ਸੁਣਿਆ। ਦਵੀਦੇ = ਦੌੜਿਆ।

ਉਹ ਹੱਲਾ ਕਰਕੇ ਦੁਸ਼ਮਨ ਦਾ ਖੂਨ ਡੋਲ੍ਹ ਕੇ ਉਸ ਨੂੰ ਆਪਣੇ ਅਧੀਨ ਕਰ ਲੈਂਦਾ ਸੀ। ਫਿਰ ਕਿਸੇ ਹੋਰ ਜਗ੍ਹਾ ਕਿਸੇ ਰਾਜੇ ਨੂੰ ਆਕੀ ਹੋਇਆ ਸੁਣਦਾ ਤਾਂ ਉਹ ਬੜੀ ਦਲੇਰੀ ਨਾਲ ਉਸ ਉਤੇ ਹੱਲਾ ਬੋਲ ਦੇਂਦਾ।।੯੦।।

**ਬ ਹਰ ਜਾ ਕਿ ਤਰਕਸ਼ ਬਰੇਜ਼ੰਦ ਤੀਰ।।**
**ਬ ਕੁਸ਼ਤੇ ਅਦੂਰਾ ਬ ਕਰਦੇ ਅਸੀਰ।।੯੧।।**

ਬ ਹਰ ਜਾ = ਜਿਸ ਜਗ੍ਹਾ। ਬਰੇਜ਼ੰਦ = ਸੁਟਣਾ। ਕੁਸ਼ਤ = ਮਾਰ ਦਿੱਤਾ। ਅਦੂਰਾ = ਦੁਸ਼ਮਨ। ਅਸੀਰ = ਕੈਦ।

ਉਹ ਜਿਸ ਜਗ੍ਹਾ ਵੀ-ਆਪਣੇ ਭਥੇ ਵਿਚੋਂ ਤੀਰ ਮਾਰਦਾ ਸੀ, ਉਥੋਂ ਦੁਸ਼ਮਨ ਨੂੰ ਜਾਂ ਮਾਰ

ਦੇਂਦਾ ਸੀ ਜਾਂ ਕੈਦ ਕਰ ਲੈਂਦਾ ਸੀ॥੯੧॥

**ਬ ਮੁਦਤ ਯਕੇ ਸਾਲ ਤਾ ਚਾਰ ਮਾਹ॥**
**ਦਰਿਖ਼ਸ਼ਿੰਦਹ ਆਮਦ ਚੁ ਰਖ਼ਸ਼ਿੰਦਹ ਮਾਹ॥੯੨॥**

ਮੁੱਦਤ = ਅਰਸਾ। ਦਰਿਖਸ਼ਿੰਦਹ = ਚਮਕਿਆ। ਰਖਸ਼ਿੰਦਹ ਮਾਹ = ਪ੍ਰਕਾਸ਼ ਵਾਲਾ ਚੰਦਰਮਾਂ।

ਉਹ ਇਕ ਸਾਲ ਤੇ ਚਾਰ ਮਹੀਨਿਆਂ ਦੇ ਅਰਸੇ ਵਿਚ ਪੁਨਿਆਂ ਦੇ ਚੰਦਰਮਾਂ ਵਾਂਗੂੰ ਹਰ ਪਾਸੇ ਚਮਕ ਉਠਿਆ॥੯੨॥

**ਬ ਦੋਜ਼ੰਦ ਦੁਸ਼ਮਨ ਬ ਸੋਜ਼ੰਦ ਤਨ॥**
**ਬ ਯਾਦ ਆਮਦਸ਼ ਰੋਜ਼ਗਾਰੇ ਕੁਹਨ॥੯੩॥**

ਦੋਜ਼ੰਦ = ਪਰੋਂਦਾ। ਸੋਜ਼ੰਦ = ਸਾੜਦਾ। ਰੋਜ਼ਗਾਰੇ = ਕੰਮ। ਕੁਹਨ = ਪੁਰਾਣਾ।

ਉਹ ਜਿਨ੍ਹਾਂ ਵੈਰੀਆਂ ਨੂੰ ਆਪਣੇ ਤੀਰਾਂ ਵਿਚ ਪਰੋਂਦਾ ਸੀ, ਉਨ੍ਹਾਂ ਦੇ ਸਰੀਰਾਂ ਨੂੰ ਅੱਗ ਵਿਚ ਸਾੜਦਾ ਸੀ। ਇਹ ਕਰਮ ਕਰਦਿਆਂ ਉਸ ਨੂੰ ਪੁਰਾਣਾ ਸਮਾਂ ਯਾਦ ਆਇਆ॥੯੩॥

**ਬ ਗੁਫ਼ਤਸ਼ ਯਕੇ ਰੋਜ਼ ਦੁਖ਼ਤਰ ਵਜ਼ੀਰ॥**
**ਕਿ ਏ ਸ਼ਾਹ ਸ਼ਾਹਾਨ ਰਉਸ਼ਨ ਜ਼ਮੀਰ॥੯੪॥**

ਪਦ ਅਰਥ-ਬ ਗੁਫ਼ਤਸ਼ = ਕਿਹਾ। ਯਕੇ ਰੋਜ਼ = ਇਕ ਦਿਨ।

ਇਕ ਦਿਨ ਵਜ਼ੀਰ ਦੀ ਲੜਕੀ ਨੇ ਉਸ ਨੂੰ ਕਿਹਾ ਕਿ ਐ ਬਾਦਸ਼ਾਹਾਂ ਦੇ ਬਾਦਸ਼ਾਹ ਰੌਸ਼ਨ ਜ਼ਮੀਰ॥੯੪॥

**ਬ ਯਕ ਬਾਰ ਮੁਲਕਤ ਫ਼ਰਾਮੋਸ਼ ਗਸ਼ਤ॥**
**ਕਿ ਅਜ਼ ਮਸਤ ਮਸਤੀ ਹਮਹ ਹੋਸ਼ ਗਸ਼ਤ॥੯੫॥**

ਬ ਯਕ ਬਾਰ = ਇਕੋ ਵੇਰੀ। ਫ਼ਰਾਮੋਸ਼ ਗਸ਼ਤ = ਭੁੱਲ ਗਿਆ। ਹਮਹ = ਸਾਰੀ। ਗਸ਼ਤ = ਚਲੀ ਗਈ।

ਤੈਨੂੰ ਇਕੋ ਵਾਰ ਹੀ ਆਪਣਾ ਦੇਸ਼ ਭੁੱਲ ਗਿਆ ਹੈ। ਤੂੰ ਇਸ ਮਸਤੀ ਵਿਚ ਐਸਾ ਮਸਤ ਹੋਇਆ ਹੈਂ ਕਿ ਤੇਰੀ ਸਾਰੀ ਹੋਸ਼ ਖਤਮ ਹੋ ਗਈ ਹੈ॥੯੫॥

**ਤੁ ਆਂ ਮੁਲਕ ਪੇਸ਼ੀਨਹਰਾ ਯਾਦ ਕੁਨ॥**
**ਕਿ ਸ਼ਹਿਰੇ ਪਿਦਰ ਰਾ ਤੁ ਆਬਾਦ ਕੁਨ॥੯੬॥**

ਆਂ = ਉਸ। ਪੇਸ਼ੀਨਹਰਾ = ਪਿਛਲੇ। ਸ਼ਹਿਰੇ ਪਿਦਰ = ਪਿਤਾ ਦਾ ਸ਼ਹਿਰ। ਆਬਾਦ ਕਨ = ਆਬਾਦ ਕਰ।

ਤੂੰ ਆਪਣੇ ਉਸ ਪਿਛਲੇ ਦੇਸ਼ ਨੂੰ ਯਾਦ ਕਰ ਅਤੇ ਆਪਣੇ ਪਿਤਾ ਦੇ ਸ਼ਹਿਰ ਨੂੰ ਮੁੜ ਕੇ ਆਬਾਦ ਕਰ॥੯੬॥

**ਨਿਗਹ ਦਾਸ਼ਤ ਅਜ਼ ਫ਼ੌਜ਼ ਲਸ਼ਕਰ ਤਮਾਮ॥**
**ਬਸੇ ਗੰਜ ਬਖ਼ਸ਼ੀਦ ਬਰ ਵੈ ਮੁਦਾਮ॥੯੭॥**

ਨਿਗਹ ਦਾਸ਼ਤ = ਨਜ਼ਰ ਰਖ। ਗੰਜ = ਖਜ਼ਾਨਾ। ਬਖਸ਼ੀਦ = ਵੰਡਦਾ। ਮੁਦਾਮ = ਸਦਾ।

ਉਸ ਨੇ ਸਾਰੀ ਪੈਦਲ ਫੌਜ ਤੇ ਘੋੜ ਸਵਾਰ ਫੌਜ ਉਤੇ ਨਿਗਾਹ ਰਖੀ, ਜਿਨ੍ਹਾਂ ਨੂੰ ਕਿ ਉਹ ਹਮੇਸ਼ਾ ਖਜ਼ਾਨੇ ਵਿਚੋਂ ਧਨ ਬਖਸ਼ਦਾ ਰਹਿੰਦਾ ਸੀ॥੯੭॥

**ਯਕੇ ਲਸ਼ਕਰ ਆਰਾਸਤ ਚੂੰ ਨਉ ਬਹਾਰ॥**
**ਜ਼ਿ ਖੰਜਰ ਵ ਗੁਰਜੋ ਵ ਬਕਤਰ ਹਜ਼ਾਰ॥੯੮॥**

ਆਰਾਸਤ = ਤਿਆਰ ਕੀਤਾ। ਖੰਜਰ = ਕਟਾਰਾਂ। ਬਕਤਰ = ਸੰਜੋਆਂ, ਕਵਚ।

ਉਸਨੇ ਬਸੰਤ ਰੁੱਤ ਦੀ ਬਹਾਰ ਵਾਂਗੂੰ ਇਕ ਫੌਜ ਤਿਆਰ ਕੀਤੀ ਭਾਵ ਨੌਜਵਾਨ ਯੋਧੇ ਤਿਆਰ ਕੀਤੇ। ਉਹਨਾਂ ਲਈ ਹਜ਼ਾਰਾਂ ਖੰਜਰ, ਗੁਰਜ ਤੇ ਸੰਜੋਆਂ ਤਿਆਰ ਕਰਵਾਈਆਂ॥੯੮॥

**ਜ਼ਿਰਹ ਖੋਦ ਖ਼ੁਫ਼ਤਾਨ ਬਰਗਸ਼ਤਵਾਨ॥**
**ਜ਼ਿ ਸ਼ਮਸ਼ੀਰ ਹਿੰਦੀ ਗਿਰਾਂ ਤਾ ਗਿਰਾਨ॥੯੯॥**

ਜ਼ਿਰਹ = ਸੰਜੋਆ। ਖੋਦ = ਟੋਪ। ਖੁਫਤਾਨ = ਚਿਲਤੇ। ਬਰਗਸ਼ਤਵਾਨ = ਪੇਟੀਆਂ। ਗਿਰਾਂ = ਭਾਰੀ।

ਉਸ ਨੇ ਸੂਰਮਿਆਂ ਲਈ ਸੰਜੋਆਂ, ਟੋਪ, ਚਿਲਤੇ, ਪੇਟੀਆਂ ਤੇ ਹਿੰਦੁਸਤਾਨੀ ਤਲਵਾਰਾਂ, ਜਿਹੜੀਆਂ ਬੜੀਆਂ ਕੀਮਤੀ ਤੇ ਵਜ਼ਨਦਾਰ ਸਨ, ਇਕੱਤਰ ਕੀਤੀਆਂ॥੯੯॥

**ਜ਼ਿ ਬੰਦੂਕ ਮਸਹਦ ਵ ਚੀਨੀ ਕਮਾਨ॥**
**ਜ਼ਿਰਹ ਰੂਮ ਸ਼ਮਸ਼ੇਰ ਹਿੰਦੋਸਤਾਨ॥੧੦੦॥**

ਮਸਹਦ = ਇਕ ਦੇਸ਼ ਦਾ ਨਾਂ ਹੈ।

ਮਸਹਦ ਦੇਸ਼ ਦੀਆਂ ਬੰਦੂਕਾਂ, ਚੀਨ ਦੀਆਂ ਕਮਾਨਾਂ, ਰੂਸ ਦੀਆਂ ਸੰਜੋਆਂ ਤੇ ਹਿੰਦੁਸਤਾਨ ਦੀਆਂ ਤਲਵਾਰਾਂ ਇਕੱਤਰ ਕੀਤੀਆਂ॥੧੦੦॥

**ਚਿ ਅਜ਼ ਤਾਜ਼ੀ ਅਸਪਾਨ ਫੌਲਾਦ ਨਾਲ॥**
**ਹਮਹ ਜੂ ਬਦਹ ਫ਼ੀਲਾਨ ਅਜਿਸ਼ ਬੇ ਮਿਸਾਲ॥੧੦੧॥**

ਤਾਜ਼ੀ ਅਸਪਾਨ = ਅਰਬੀ ਘੋੜੇ। ਫੌਲਾਦ ਨਾਲ। ਅਸਪਾਤੀ ਖੁਰੀਆਂ। ਬਦਹ = ਮਸਤ। ਫੀਲਾਨ = ਹਾਥੀ।

ਅਸਪਾਤੀ ਖੁਰੀਆਂ ਵਾਲੇ ਅਰਬੀ ਘੋੜੇ ਅਤੇ ਕਾਲੇ ਰੰਗ ਦੇ ਬੇਮਿਸਾਲ ਹਾਥੀ ਇਕੱਠੇ ਕੀਤੇ ਗਏ॥੧੦੧॥

**ਹਮਹ ਸ਼ੇਰ ਮਰਦਾਂ ਵ ਜ਼ੋਰਾਵਰਾਂ॥**
**ਕਿ ਸ਼ੇਰ ਅਫ਼ਕਨਾਂ ਰਾ ਬ ਸ਼ਫ਼ ਅਫ਼ਕਨਾਂ॥੧੦੨॥**

ਹਮਹ = ਸਾਰੇ। ਸ਼ੇਰ ਮਰਦਾਂ = ਬਹਾਦਰ ਸੂਰਮੇ। ਜ਼ੋਰਾਵਰਾਂ = ਮਹਾਨ ਬਲ ਵਾਲੇ। ਸ਼ੇਰ ਅਫਕਨਾਂ = ਸ਼ੇਰਾਂ ਨੂੰ ਮਾਰਨ ਵਾਲੇ। ਸਫ਼ = ਕਤਾਰਾਂ।

ਉਸ ਦੀ ਫੌਜ ਦੇ ਜਵਾਨ ਬੜੇ ਬਹਾਦਰ ਤੇ ਬੜੇ ਬਲ ਵਾਲੇ ਸਨ. ਜੋ ਸ਼ੇਰਾਂ ਨੂੰ ਮਾਰਨ ਵਾਲੇ ਤੇ ਬੜੇ ਬੜੇ ਸੂਰਮਿਆਂ ਦੀਆਂ ਕਤਾਰਾਂ ਨੂੰ ਡੇਗਣ ਵਾਲੇ ਸਨ॥੧੦੨॥

**ਬ ਰਜ਼ਮ ਅੰਦਰੂੰ ਹਮ ਚੁ ਪੀਲ ਅਫ਼ਕਨ ਅਸਤ॥**
**ਬ ਬਜ਼ਮ ਅੰਦਰੂੰ ਚਰਬ ਚਾਲਾਕ ਦਸਤ॥੧੦੩॥**

ਰਜ਼ਮ = ਜੰਗ। ਫੀਲ ਅਫਕਨ ਅਸਤ = ਹਾਥੀ ਨੂੰ ਢਾਹੁਣ ਵਾਲਾ। ਬਜ਼ਮ = ਸਭਾ। ਚਰਬ = ਚਤੁਰ। ਚਾਲਾਕ ਦਸਤ = ਹੱਥਾਂ ਦਾ ਫੁਰਤੀਲਾ।

ਉਹ ਆਪ ਇਹੋ ਜਿਹਾ ਬਹਾਦਰ ਸੀ ਕਿ ਜੰਗ ਵਿਚ ਹਾਥੀ ਨੂੰ ਢਾਹ ਲੈਂਦਾ ਸੀ। ਸਭਾ ਵਿਚ ਚਤੁਰ ਤੇ ਹੱਥਾਂ ਦਾ ਫੁਰਤੀਲਾ ਸੀ॥੧੦੩॥

**ਨਿਸ਼ਾਂ ਮੇ ਦਿਹਦ ਨੇਜ਼ਹ ਰਾ ਨੋਕ ਖ਼ੂੰ॥**
**ਕਸ਼ੀਦੰਦ ਅਜ਼ ਤੇਗ਼ ਜ਼ਹਿਰ ਆਬ ਗੂੰ॥੧੦੪॥**

ਨਿਸ਼ਾ = ਨਿਸ਼ਾਨ, ਪਤਾ। ਨੇਜ਼ਹ ਰਾ ਨੋਕ = ਨੇਜ਼ੇ ਦੀ ਨੋਕ। ਕਸ਼ੀਦੰਦ = ਖਿੱਚੀਆਂ। ਜ਼ਹਿਰ ਵਿਸ਼। ਆਬ ਗੂੰ = ਪਾਨ ਦਿੱਤੀ।

ਉਸ ਦੇ ਨੇਜ਼ੇ ਦੀ ਨੋਕ ਵੱਜ ਕੇ ਨਿਕਲਿਆ ਖੂਨ ਦੁਸ਼ਮਨ ਦੀ ਮੌਤ ਦਾ ਪਤਾ ਦਿੰਦਾ ਸੀ। ਤਿਖੀਆਂ ਕੀਤੀਆਂ ਤਲਵਾਰਾਂ ਨੂੰ ਜ਼ਹਿਰ ਦੀ ਪਾਨ ਦਿੱਤੀ ਹੋਈ ਸੀ॥੧੦੪॥

**ਯਕੇ ਫਉਜ ਆਰਾਸਤਹ ਹਮ ਚੁ ਕੋਹ॥**
**ਜੁਵਾਨਾਨਿ ਸ਼ਾਹਿਸਤਹੇ ਯਕ ਗਰੋਹ॥੧੦੫॥**

ਕੋਹ = ਪਹਾੜ। ਸ਼ਾਹਿਸਤਹੇ = ਸਜੀਲੇ। ਗਰੋਹ = ਜਥਾ।

ਉਸ ਨੇ ਪਹਾੜ ਵਰਗੀ ਇਕ ਮਜ਼ਬੂਤ ਸੈਨਾ ਤਿਆਰ ਕੀਤੀ, ਜੋ ਬੜੇ ਸਜੀਲੇ ਨੌਜਵਾਨਾਂ

Namdhari Elibrary NamdhariElibrary@gmail.com

ਦਾ ਇਕ ਗਰੋਹ (ਜਥਾ) ਸੀ॥੧੦੫॥

**ਬ ਪੋਸ਼ੀਦ ਦਸਤਾਰ ਦੁਖ਼ਤਰ ਵਜ਼ੀਰ॥**
**ਬ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ॥੧੦੬॥**

ਪੋਸ਼ੀਦ = ਪਹਿਨ। ਦਸਤਾਰ = ਪੱਗ। ਬਸਤੰਦ = ਬੰਨ੍ਹ ਲਈ। ਜੁਸਤੰਦ = ਭਰ ਲਿਆ।

ਵਜ਼ੀਰ ਦੀ ਲੜਕੀ ਨੇ ਆਪਣੇ ਸਿਰ ਤੇ ਪੱਗ ਬੰਨ੍ਹ ਲਈ ਅਤੇ ਲੱਕ ਨਾਲ ਤਲਵਾਰ ਬੰਨ੍ਹ ਕੇ. ਭੱਥੇ ਵਿਚ ਤੀਰ ਭਰ ਲਏ॥੧੦੬॥

**ਬ ਸਰਦਾਰੀਏ ਕਰਦ ਪੇਸ਼ੀਨਹ ਫਉਜ॥**
**ਰਵਾਂ ਕਰਦ ਲਸ਼ਕਰ ਚੁ ਦਰਿਯਾਇ ਮਉਜ॥੧੦੭॥**

ਸੋਰਦਾਰੀ = ਜਥੇਦਾਰ। ਪੇਸ਼ੀਨਹ = ਅਗੇ। ਰਵਾਂ ਕਰਦ = ਕਰ ਦਿੱਤੀ।

ਵਜ਼ੀਰ ਦੀ ਲਕੜੀ ਨੂੰ ਫੌਜ ਦਾ ਸਰਦਾਰ ਬਣਾ ਦਿੱਤਾ ਤੇ ਦਰਿਆ ਦੀਆਂ ਲਹਿਰਾਂ ਵਾਂਗੂੰ ਫੌਜ ਨੂੰ ਰਵਾਨਾ ਕਰ ਦਿੱਤਾ॥੧੦੭॥

**ਯਕੇ ਗੋਲ ਬਸਤਹ ਚੁ ਅਬਰੇ ਸਿਯਾਹ॥**
**ਬ ਲਰਜ਼ੀਦ ਬੂਮੋ ਬ ਲਰਜ਼ੀਦ ਮਾਹ॥੧੦੮॥**

ਗੋਲ = ਇਕੱਠੇ। ਬਸਤਹ = ਬੰਨ੍ਹਿਆ। ਚੁ = ਵਾਂਗੂ। ਲਰਜ਼ੀਦ = ਕੰਬ ਗਈ। ਬੂਮੋ = ਧਰਤੀ। ਲਰਜੀਦ = ਡੋਲ ਗਿਆ। ਮਾਹ = ਚੰਦਰਮਾਂ।

ਬੱਦਲ ਦੀ ਕਾਲੀ ਘਟਾ ਵਾਂਗੂੰ ਇਕ ਬੜਾ ਭਾਰੀ ਇਕੱਠ ਬਣਾ ਕੇ ਤੋਰ ਦਿੱਤਾ। ਉਸ ਦੇ ਚਲਣ ਨਾਲ ਧਰਤੀ ਕੰਬ ਉੱਠੀ ਤੇ ਚੰਦਰਮਾਂ ਡੋਲ ਗਿਆ॥੧੦੮॥

**ਬਿਯਾਵੁਰਦ ਲਸ਼ਕਰ ਚੁ ਬਰ ਵੈ ਹਦੂਦ॥**
**ਸਲਾਹੇ ਦਿਗਰ ਤੀਰ ਤੇਗ਼ੋ ਨਮੂਦ॥੧੦੯॥**

ਬਿਆਵੁਰਦ = ਲਿਆਇਆ। ਹਦੂਦ = ਹੱਦ। ਸਲਾਹੇ = ਅਸਲਾ। ਦਿਗਰ = ਹੋਰ। ਨ ਮੂਦ = ਨਾ ਹੋਈ।

ਜਦੋਂ ਫੌਜ ਨੂੰ ਉਸ ਰਾਜ ਦੀ ਹੱਦ ਤੇ ਲੈ ਆਂਦਾ, ਤਦ ਹੋਰ ਅਸਲੇ-ਤੀਰਾਂ ਤੇ ਤਲਵਾਰਾਂ ਦੀ ਲੋੜ ਹੀ ਨਾ ਪਈ॥੧੦੯॥

**ਬਿ ਆਰਾਸਤ ਲਸ਼ਕਰ ਬਸਾਜ਼ੇ ਤਮਾਮ॥**
**ਹਮਹ ਖ਼ੰਜਰੋ ਗੁਰਜ਼ ਗੋਪਾਲ ਨਾਮ॥੧੧੦॥**

ਬਿ ਆਰਾਸਤ = ਬਣਾਇਆ। ਬਸਾਜ਼ੇ = ਸਮਾਨ ਸਮੇਤ। ਖ਼ੰਜਰੋ = ਕਟਾਰ। ਗੋਪਾਲ = ਗਦਾ।

************************************************************************

ਸਾਰੀ ਫੌਜ ਨੂੰ ਸਾਜ਼ੋ ਸਮਾਨ ਨਾਲ ਤਿਆਰ ਕੀਤਾ ਹੋਇਆ ਸੀ ਤੇ ਸਭਨਾਂ ਕੋਲ ਕਟਾਰਾਂ, ਗੁਰਜ ਜਿਸ ਨੂੰ ਗੋਪਾਲ ਵੀ ਕਿਹਾ ਜਾਂਦਾ ਹੈ, ਮੌਜੂਦ ਸਨ।।੧੧੦।।

**ਬ ਬੁਰਦੰਦ ਅਕਲੀਮ ਤਾ ਰਾਜ ਤਖ਼ਤ।।**
**ਬ ਬੁਰਦਨ ਸ਼ਹੇ ਬਾਦ ਪਾਯਾਨ ਰਖ਼ਤ।।੧੧੧।।**

ਬੁਰਦੰਦ = ਲੈ ਗਏ।ਅਕਲੀਮ = ਦੇਸ਼।ਤਾਰਾਜ = ਲੁੱਟਣਾ।ਬਾਦ = ਹਵਾ।ਪਾਯਾਨ = ਉੱਡਣਾ। ਰਖਤ = ਸਮਾਨ।

ਉਨ੍ਹਾਂ ਨੇ ਉਸ ਦੇਸ਼ ਨੂੰ ਬਹੁਤ ਬੁਰੀ ਤਰ੍ਹਾਂ ਲੁਟਿਆ। ਹਵਾ ਵਾਂਗੂੰ ਤੇਜ਼ ਚਲਣ ਵਾਲੇ ਸ਼ਾਹੀ ਘੋੜੇ ਤੇ ਹੋਰ ਸਾਮਾਨ ਲੁਟ ਲਿਆ।।੧੧੧।।

**ਚੁਨਾਂ ਜੰਗ ਕਰਦੰਦ ਆਂ ਮੁਲਕ ਰਾ।।**
**ਚੁ ਬਰਗੇ ਦਰਖਤਾਂ ਜ਼ਿ ਬਾਦੇ ਸਬਾ।।੧੧੨।।**

ਬਰਗੇ = ਪਤਿਆਂ। ਬਾਦੇ ਸਬਾ = ਪਤਝੜ ਦੀ ਹਵਾ।

ਜੰਗ ਕਰਕੇ ਉਨ੍ਹਾਂ ਨੇ ਉਸ ਦੇਸ਼ ਦੀ ਹਾਲਤ ਇਹੋ ਜਿਹੀ ਕਰ ਦਿੱਤੀ ਜਿਸ ਤਰ੍ਹਾਂ ਪਤਝੜ ਦੀ ਹਵਾ ਦਰਖਤਾਂ ਨੂੰ ਰੁੰਡ ਮੁੰਡ ਕਰ ਦਿੰਦੀ ਹੈ।।੧੧੨।।

**ਬ ਕੁਸ਼ਤਨ ਅਦੂ ਰਾ ਕੁਸ਼ਾਯਦ ਬ ਪੇਸ਼।।**
**ਬ ਬੇਰੂੰ ਜ਼ਿ ਮੁਲਕਸ਼ ਹਮਹ ਰੂਹ ਰੇਸ਼।।੧੧੩।।**

ਕੁਸ਼ਤਨ = ਮਾਰਨਾ। ਅਦੂ = ਵੈਰੀ। ਕੁਸ਼ਾਯਦ = ਖੁਲ੍ਹ ਗਿਆ। ਬੇਰੂੰ = ਬਾਹਰ। ਰੂਹ = ਮੂੰਹ। ਪੇਸ਼ = ਛਿਲਣਾ, (ਮੁੰਨਣਾ)।

ਵੈਰੀ ਨੂੰ ਮਾਰ ਕੇ ਉਨ੍ਹਾਂ ਨੇ ਅਗੇ ਦਾ ਰਾਹ ਖੋਲ੍ਹ ਲਿਆ। ਜਿਹੜੇ ਆਦਮੀ ਮੁਲਕ ਤੋਂ ਬਾਹਰ ਸਨ, ਉਨ੍ਹਾਂ ਨੂੰ ਵੀ ਮੂੰਹ ਸਿਰ ਛਿਲ ਕੇ ਜ਼ਖਮੀ ਕਰ ਦਿੱਤਾ।।੧੧੩।।

**ਪਰੀ ਚਿਹਰਏ ਹਮ ਚੁ ਸ਼ੇਰੇ ਨਿਯਾਦ।।**
**ਬ ਕੁਸ਼ਤਨ ਅਦੂਰਾ ਕਿ ਖ਼ੰਜਰ ਕੁਸ਼ਾਦ।।੧੧੪।।**

ਪਰੀ ਚਿਹਰਏ = ਪਰੀ ਵਰਗੀ ਸ਼ਕਲ ਵਾਲੀ। ਨਿਯਾਦ = ਜੋਸ਼। ਕੁਸ਼ਾਦ = ਖਿਚਿਆ।

ਪਰੀ ਵਾਂਗ ਖੂਬਸੂਰਤ, ਵਜ਼ੀਰ ਦੀ ਲੜਕੀ ਨੂੰ ਸ਼ੇਰ ਵਾਂਗ ਜੋਸ਼ ਚੜ੍ਹਿਆ ਹੋਇਆ ਸੀ। ਵੈਰੀ ਨੂੰ ਮਾਰਨ ਲਈ ਉਸ ਨੇ ਕਟਾਰ ਦਾ ਨਿਸ਼ਾਨਾਂ ਬੰਨ੍ਹਿਆ ਹੋਇਆ ਸੀ।।੧੧੪।।

**ਬ ਹਰ ਜਾ ਦਵੀਦੇ ਬ ਕੁਸ਼ਤੇ ਅਜ਼ਾਂ।।**

**ਬ ਹਰ ਜਾ ਰਸ਼ੀਦੇ ਬ ਬਸਤੇ ਅਜ਼ਾਂ॥੧੧੫॥**

ਹਰ ਜਾ = ਜਿਸ ਥਾਂ। ਦਵੀਦੇ = ਦੌੜਦੀ। ਰਸੀਦੇ = ਪਹੁੰਚਦੀ। ਬਸਤੇ = ਬੰਨ੍ਹ ਲੈਂਦੀ।

ਉਹ ਜਿਸ ਥਾਂ ਤੇ ਵੀ ਹੱਲਾ ਕਰਦੀ, ਉਥੇ ਹੀ ਵੈਰੀਆਂ ਨੂੰ ਮਾਰ ਦਿੰਦੀ ਤੇ ਜਿਸ ਥਾਂ ਤੇ ਪਹੁੰਚਦੀ, ਉਥੇ ਹੀ ਉਨ੍ਹਾਂ ਨੂੰ ਬੰਨ੍ਹ ਲੈਂਦੀ॥੧੧੫॥

**ਸ਼ੁਨੀਦੇ ਈਂ ਅਜ਼ਾਂ ਸ਼ਾਹਿ ਮਾਯੰਦਰਾਂ॥**
**ਬ ਤੁੰਦੀ ਦਰਾਮਦ ਬ ਜਾਇਸ਼ ਹੁਮਾਂ॥੧੧੬॥**

ਸ਼ੁਨੀਦ = ਸੁਣੀ। ਤੁੰਦੀ = ਕਰੋਧ। ਜਾਇਸ਼ = ਜਗ੍ਹਾ।

ਮਾਯੰਦਰਾਂ ਦੇ ਬਾਦਸ਼ਾਹ ਨੇ ਉਨ੍ਹਾਂ ਦੇ ਹਮਲੇ ਦੀ ਖਬਰ ਸੁਣੀ ਤਾਂ ਉਹ ਬੜੀ ਤੇਜ਼ੀ ਤੇ ਕਰੋਧ ਨਾਲ ਉਸ ਜਗ੍ਹਾ ਤੇ ਆਇਆ॥੧੧੬॥

**ਬ ਆਰਾਸਤਹ ਫਉਜ ਚੂੰ ਨਉ ਬਹਾਰ॥**
**ਜ਼ਿ ਤੋਪੋ ਤੁਪਕ ਖ਼ੰਜਰੇ ਆਬਦਾਰ॥੧੧੭॥**

ਆਰਾਸਤਹ = ਤਿਆਰ ਕੀਤਾ। ਆਬਦਾਰ = ਪਾਨ ਚੜ੍ਹੀ ਵਾਲੇ।

ਬਾਦਸ਼ਾਹ ਨੇ ਨਵੀਂ ਬਹਾਰ ਵਾਂਗੂੰ ਆਪਣੀ ਫ਼ੌਜ ਨੂੰ ਤਿਆਰ ਕੀਤਾ। ਤੋਪਾਂ, ਬੰਦੂਕਾਂ ਤੇ ਪਾਨ ਚੜ੍ਹੀਆਂ ਹੋਈਆਂ ਕਟਾਰਾਂ ਨਾਲ ਉਹ ਸੂਰਮੇ ਸੋਭ ਰਹੇ ਸਨ॥੧੧੭॥

**ਬਪੋਸ਼ੇ ਸ਼ਫ਼ ਆਮਦ ਚੁ ਦਰਿਯਾ ਅਮੀਕ॥**
**ਜ਼ਿ ਸਰ ਤਾ ਕਦਮ ਹਮ ਚੁ ਆਹਨ ਗ਼ਰੀਕ॥੧੧੮॥**

ਬਪੋਸ਼ੇ = ਸਾਹਮਣੇ। ਸ਼ਫ = ਮੈਦਾਨ। ਅਮੀਕ = ਡੂੰਘੇ। ਆਹਨ = ਲੋਹਾ। ਗ਼ਰੀਕ = ਗਰਕ।

ਉਹ ਸੂਰਮੇ ਡੂੰਘੇ ਦਰਿਆ ਵਾਂਗੂੰ ਚਲ ਕੇ ਮੈਦਾਨ ਵਿਚ ਆਏ। ਉਹ ਸਿਰ ਤੋਂ ਪੈਰਾਂ ਤਕ ਲੋਹੇ ਨਾਲ ਮੜ੍ਹੇ ਹੋਏ ਸਨ ਭਾਵ ਉਹ ਹਰ ਤਰ੍ਹਾਂ ਦੇ ਹਥਿਆਰਾਂ ਨਾਲ ਸਜੇ ਹੋਏ ਸਨ॥੧੧੮॥

**ਬ ਆਵਾਜ਼ ਤੋਪੋ ਤਮਾਚਹ ਤੁਫ਼ੰਗ॥**
**ਜ਼ਿਮੀਂ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ॥੧੧੯॥**

ਤਮਾਚਹ = ਪਸਤੌਲਾ। ਤੁਫੰਗ = ਬੰਦੂਕ। ਗਸ਼ਤ = ਹੋ ਗਈ।

ਤੋਪਾਂ, ਪਸਤੌਲਾਂ ਤੇ ਬੰਦੂਕਾਂ ਦੇ ਚਲਣ ਦੀ ਆਵਾਜ਼ ਆਉਣ ਲੱਗ ਪਈ। ਧਰਤੀ ਪੋਸਤ ਦੇ ਫੁੱਲ ਵਰਗੀ ਲਾਲ ਹੋ ਗਈ॥੧੧੯॥

**ਬ ਮੈਦਾਂ ਦਰਾਮਦ ਕਿ ਦੁਖਤਰ ਵਜ਼ੀਰ॥**

**ਬ ਯਕ ਦਸਤ ਚੀਨੀ ਕਮਾਂ ਦਸਤ ਤੀਰ ।।੧੨੦।।**

ਮੈਦਾਂ = ਰਣ ਭੂਮੀ। ਦਰਾਮਦ = ਆਈ।

ਵਜ਼ੀਰ ਦੀ ਲੜਕੀ ਮੈਦਾਨਿ ਜੰਗ ਵਿਚ ਆਈ ਅਤੇ ਉਸਦੇ ਇਕ ਹੱਥ ਵਿਚ ਚੀਨੀ ਕਮਾਨ ਫੜੀ ਹੋਈ ਸੀ ਅਤੇ ਦੂਜੇ ਹੱਥ ਵਿਚ ਤੀਰ ਫੜਿਆ ਹੋਇਆ ਸੀ।।੧੨੦।।

**ਬ ਹਰ ਜਾ ਕਿ ਪਰੱਰਾਂ ਸ਼ਵਦ ਤੀਰ ਦਸਤ ।।**
**ਬ ਸਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ ।।੧੨੧।।**

ਹਰ ਜਾ = ਜਿਥੇ ਕਿਥੇ। ਪਰੱਰਾਂ = ਉਡਣਾ। ਸਵਦ = ਹੁੰਦਾ। ਸਦ = ਸੌ। ਪਹਿਲੂਏ = ਵੱਖੀਆਂ। ਗੁਜ਼ਰਦੇ = ਲੰਘਦੇ।

ਉਸ ਦੇ ਹੱਥ ਵਿਚੋਂ ਤੀਰ ਨਿਕਲ ਕੇ ਜਿਸ ਥਾਂ ਪਹੁੰਚਦਾ ਸੀ, ਉਥੇ ਹੀ ਉਹ ਤੀਰ ਸੈਂਕੜੇ ਹਾਥੀਆਂ ਤੇ ਮਰਦਾਂ ਦੀਆਂ ਪਸਲੀਆਂ ਨੂੰ ਚੀਰ ਕੇ ਪਾਰ ਨਿਕਲ ਜਾਂਦਾ ਸੀ।।੧੨੧।।

**ਚੁਨਾ ਮਉਜ ਖ਼ੇਜ਼ਦ ਜ਼ਿ ਦਰਿਯਾਬ ਸੰਗ ।।**
**ਬ ਰਖਸ਼ ਅੰਦਰ ਆਮਦ ਚੁ ਤੇਗੋ ਨਿਹੰਗ ।।੧੨੨।।**

ਚੁਨਾ = ਜਿਸ ਤਰ੍ਹਾਂ। ਮਉਜ = ਲਹਿਰਾਂ। ਖ਼ੇਜ਼ਦ = ਚਮਕਦੀਆਂ। ਰਕਸ਼ = ਚਮਕਣਾ

ਜਿਵੇਂ ਦਰਿਆਂ ਦੀਆਂ ਲਹਿਰਾਂ ਪੱਥਰਾਂ ਨਾਲ ਟਕਰਾ ਕੇ ਚਮਕਦੀਆਂ ਹਨ। ਇਸੇ ਤਰ੍ਹਾਂ ਸੂਰਮਿਆਂ ਦੀਆਂ ਤਲਵਾਰਾਂ ਚਮਕ ਰਹੀਆਂ ਸਨ।।੧੨੨।।

**ਬ ਤਾਬਸ਼ ਦਰਾਮਦ ਯਕੇ ਤਾਬਨਾਕ ।।**
**ਬ ਰਖ਼ਸ਼ ਅੰਦਰ ਆਮਦ ਯਕੇ ਖ਼ੂੰਨ ਖ਼ਾਕ ।।੧੨੩।।**

ਤਾਬਸ਼ = ਪ੍ਰਕਾਸ਼। ਤਾਬਨਾਕ = ਚਮਕੀਲਾ। ਰਖਸ਼ = ਚਮਕ।

ਇਕ ਚਮਕੀਲੀ ਤਲਵਾਰ ਜਦ ਚਮਕੀ ਤਾਂ ਖੂਨ ਤੇ ਮਿੱਟੀ ਇਕੋ ਰੰਗ ਵਿਚ ਹੋ ਕੇ ਚਮਕਣ ਲੱਗੇ।।੧੨੩।।

**ਬ ਤਾਬਸ਼ ਦਰਾਮਦ ਹਮਹ ਹਿੰਦ ਤੇਗ਼ ।।**
**ਬ ਗ਼ੁਰੱਰੀਦ ਲਸ਼ਕਰ ਚੁ ਦਰਿਯਾਇ ਮੇਗ ।।੧੨੪।।**

ਤਾਬਸ਼ = ਚਮਕਣਾ। ਗੁਰੱਰੀਦ = ਗੱਜਣਾ। ਦਰਯਾਇ ਮੇਗ਼ = ਮੋਹਲੇਧਾਰ ਮੀਹ ਵਸਾਉਣ ਵਾਲਾ ਬੱਦਲ।

ਰਣਭੂਮੀ ਵਿਚ ਹਿੰਦੁਸਤਾਨੀ ਤਲਵਾਰਾਂ ਚਮਕਣ ਲਗੀਆਂ ਅਤੇ ਮੋਹਲੇਧਾਰ ਮੀਹ ਵਸਾਉਣ ਵਾਲੇ ਬੱਦਲਾਂ ਵਾਂਗੂੰ ਫ਼ੌਜਾਂ ਗੱਜਣ ਲੱਗੀਆਂ।।੧੨੪।।

Namdhari Elibrary NamdhariElibrary@gmail.com

*******************************************************************

**ਬ ਚਰਖ ਅੰਦਰ ਆਮਦ ਬ ਚੀਨੀ ਕਮਾਂ॥**
**ਬ ਤਾਬ ਆਮਦਸ਼, ਤੇਗ਼ ਹਿੰਦੋਸਤਾਂ॥੧੨੫॥**

ਚਰਖ = ਚਮਕ। ਤਾਬ = ਚਮਕ।

ਵਜ਼ੀਰ ਦੀ ਪੁੱਤਰੀ ਦੇ ਹੱਥ ਵਿਚ ਫੜੇ ਚੀਨੀ ਤੀਰ ਕਮਾਨ ਅਤੇ ਹਿੰਦੁਸਤਾਨੀ ਤਲਵਾਰ ਆਪਣਾ ਜਲਵਾਂ ਵਿਖਾ ਰਹੇ ਸਨ॥੧੨੫॥

**ਗਰੇਵਹ ਬਬਾਵੁਰਦ ਚੰਦੀ ਕਰੋਹ॥**
**ਬ ਲਰਜ਼ੀਦ ਦਰਯਾਬ ਦਰਰੀਦ ਕੋਹ॥੧੨੬॥**

ਗਰੇਵਹ = ਰੌਲਾ। ਬਬਾਵੁਰਦ = ਬਾਹਰ ਆਇਆ। ਚੰਦੀ ਕਰੋਹ = ਕਈ ਕੋਹ। ਲਰਜ਼ੀਦ = ਕੰਬ ਗਿਆ। ਦਰਰੀਦ = ਪਾਟ ਗਿਆ।

ਕਈ ਕੋਹਾਂ ਤਕ ਰੌਲਾ ਗੌਲਾ ਸੁਣਾਈ ਦੇਣ ਲੱਗ ਪਿਆ। ਦਰਿਆ ਕੰਬਣ ਲਗ ਪਿਆ ਅਤੇ ਪਹਾੜ ਫਟ ਗਏ॥੧੨੬॥

**ਬ ਰਖਸ਼ ਅੰਦਰ ਆਮਦ ਜ਼ਿਮੀਨੋ ਜ਼ਮਾਂ॥**
**ਬ ਤਾਬਸ਼ ਦਰਾਮਦ ਚੁ ਤੇਗ਼ੇ ਯਮਾਂ॥੧੨੭॥**

ਰਖਸ਼ = ਚਮਕ। ਜ਼ਮੀਨ = ਧਰਤੀ। ਜ਼ਮਾਂ = ਆਕਾਸ਼। ਤਾਬਸ਼ = ਚਮਕ।

ਜਦ ਯਮਨ ਦੇਸ਼, ਦੀਆਂ ਤਲਵਾਰਾਂ ਨੇ ਚਮਕਾਰਾ ਮਾਰਿਆ ਤਾਂ ਧਰਤੀ ਆਕਾਸ਼ ਚਮਕ ਉੱਠਿਆ॥੧੨੭॥

**ਬ ਤੇਜ਼ ਮਾਮਦੋ ਨੇਜ਼ਹੇ ਬਾਂਸਤੀਂ॥**
**ਬ ਜੁੰਬਸ਼ ਦਰਾਮਦ ਤਨੇ ਨਾਜ਼ਨੀਂ॥੧੨੮॥**

ਨੇਜ਼ਹੇ = ਬਰਛਾ। ਬਾਂਸਤੀ = ਵਾਂਸ ਵਾਲਾ। ਨਾਜ਼ਨੀ = ਕੋਮਲ ਸਰੀਰ ਵਾਲੀ।

ਜਦੋਂ ਉਸ ਕੋਮਲ ਸਰੀਰ ਵਾਲੀ ਲੜਕੀ ਦੇ ਸਰੀਰ ਵਿਚ ਕਰੋਧ ਉਤਪੰਨ ਹੋਇਆ ਤਦ ਬਾਂਸ ਅਗੇ ਲੱਗਾ ਨੇਜ਼ਾ ਵੀ ਤੇਜ਼ੀ ਵਿਚ ਆ ਗਿਆ॥੧੨੮॥

**ਬ ਸ਼ੋਰਸ਼ ਦਰਾਮਦ ਨਫ਼ਰਹਾਇ ਕੁਹਿਰ॥**
**ਜ਼ਿ ਤੋਪੋ ਵ ਨੇਜ਼ਹ ਬ ਪੋਸ਼ੀਦ ਦਹਿਰ॥੧੨੯॥**

ਸ਼ੋਰਸ਼ = ਰੌਲਾ। ਨਫ਼ਰਹਾਇ = ਨੌਕਰ ਭਾਵ ਸਿਪਾਹੀ। ਪੋਸ਼ੀਦ = ਲੁਕ ਗਿਆ। ਦਹਿਰ = ਸੰਸਾਰ।

ਜਿਸ ਵੇਲੇ ਫੌਜੀਆਂ ਨੇ ਜੰਗ ਵਿਚ ਸ਼ੋਰ ਸ਼ਰਾਬਾ ਕੀਤਾ, ਉਸ ਵੇਲੇ ਸੰਸਾਰ ਤੋਪਾਂ ਅਤੇ ਨੇਜ਼ਿਆਂ

Namdhari Elibrary NamdhariElibrary@gmail.com

ਦੀ ਧੂੜ ਵਿਚ ਲੁਕ ਗਿਆ॥੧੨੯॥

**ਬ ਜੁੰਬਸ਼ ਦਰਾਮਦ ਕਮਾਨੋ ਕਮੰਦ॥**
**ਦਰਖ਼ਸ਼ਾਂ ਜ਼ੁਦਹ ਤੇਗਿ ਸੀਮਾਬ ਤੁੰਦ॥੧੩੦॥**

ਜੁੰਬਸ਼=ਜੋਸ਼ ਵਿਚ ਆਉਣਾ। ਦਰਖਸ਼ਾਂ=ਚਮਕ।

ਕਮਾਨਾਂ ਤੇ ਫੰਦੇ ਜੋਸ਼ ਵਿਚ ਆ ਕੇ ਹਿਲਣ ਲੱਗੇ ਤੇ ਹਿੰਦੁਸਤਾਨ ਦੀਆਂ ਬਣੀਆਂ ਪਾਰੇ ਵਰਗੀਆਂ ਚਮਕਦਾਰ ਤਲਵਾਰਾਂ ਚਮਕਣ ਲੱਗੀਆਂ॥੧੩੦॥

**ਬ ਜ਼ੋਸ਼ ਆਮਦਹ ਖ਼ੰਜਰਿ ਖ਼੍ਵਾਰ ਖ਼ੂੰ॥**
**ਜ਼ਬਾਂ ਨੇਜ਼ਹ ਮਾਰਸ਼ ਬਰਾਮਦ ਬਰੂੰ॥੧੩੧॥**

ਜੋਸ਼=ਕਰੋਧ। ਖ਼੍ਵਾਰ ਖ਼ੂੰ=ਖੂਨ ਪੀਣ ਵਾਲੀ। ਮਾਰਸ਼=ਸੱਪ।

ਖੂਨ ਪੀਣ ਵਾਲੀ ਕਟਾਰ ਜੋਸ਼ ਵਿਚ ਆਈ ਤੇ ਸੱਪ ਦੀ ਜੀਭ ਵਰਗਾ ਨੇਜ਼ਾ ਵੀ ਬਾਹਰ ਨਿਕਲ ਆਇਆ॥੧੩੧॥

**ਬ ਤਾਬਸ਼ ਦਰਾਮਦ ਲਕੋ ਤਾਬਨਾਕ॥**
**ਯਕੇ ਸੁਰਖ਼ ਗੋਗਿਰਦ ਸ਼ੁਦ ਖ਼ੂੰਨ ਖਾਕ॥੧੩੨॥**

ਤਾਬਸ਼=ਚਮਕ। ਲਕੋ=ਚਾਨਣ। ਤਾਬਨਾਕ=ਚਮਕੀਲਾ। ਸੁਰਖ਼=ਲਾਲ।

ਚਮਕਦਾਰ ਸ਼ਸਤਰਾਂ ਦੀ ਚਮਕ ਚਮਕਣ ਲੱਗ ਪਈ ਅਤੇ ਧਰਤੀ ਤੇ ਖ਼ੂਨ ਮਿਲ ਕੇ ਗੰਧਕ ਵਾਂਗੂੰ ਲਾਲ ਹੋ ਗਏ॥੧੩੨॥

**ਦਿਹਾ ਦਿਹ ਦਰਾਂਮਦ ਜ਼ਿ ਤੀਰੋ ਤੁਫ਼ੰਗ॥**
**ਹਯਾ ਹਯ ਦਰਾਮਦ ਨਿਹੰਗੋ ਨਿਹੰਗ॥੧੩੩॥**

ਦਿਹਾ ਦਿਹ=ਠਾਹ ਠਾਹ। ਹਯਾ ਹਯ=ਹਾਇ ਹਾਇ।

ਤੀਰਾ ਤੇ ਬੰਦੂਕਾਂ ਦੇ ਚਲਣ ਦੀ ਠਾਹ ਠਾਹ ਦੀ ਆਵਾਜ਼ ਆ ਰਹੀ ਸੀ ਅਤੇ ਮਗਰਮੱਛ ਵਰਗੇ ਸੂਰਮਿਆਂ ਦੀ ਹਾਇ ਹਾਇ ਦੀ ਆਵਾਜ਼ ਨਿਕਲ ਰਹੀ ਸੀ॥੧੩੩॥

**ਚਕਾ ਚਾਕ ਬਰਖ਼ਾਸ਼ਤ ਤੀਰੋ ਕਮਾਂ॥**
**ਬਰਾਮਦ ਯਕੇ ਰੁਸਤ ਖ਼ੇਜ਼ ਅਜ਼ ਜ਼ਹਾਂ॥੧੩੪॥**

ਚਕਾ ਚਾਕ=ਘਚਾ ਘਚ। ਬਰਖ਼ਾਸ਼ਤ=ਉਠੀ। ਰੁਸਤ ਖ਼ੇਜ਼=ਪਰਲੋ।

ਤੀਰਾਂ ਦੇ ਕਮਾਨਾਂ ਦੇ ਚਲਣ ਨਾਲ ਸ਼ਾਂ ਸ਼ਾਂ ਦੀ ਆਵਾਜ਼ ਨਿਕਲੀ ਅਤੇ ਇਸ ਤਰ੍ਹਾਂ ਜਾਪ

Namdhari Elibrary NamdhariElibrary@gmail.com

ਰਿਹਾ ਸੀ ਜਿਵੇਂ ਸੰਸਾਰ ਵਿਚ ਯਕਲੱਖਤ ਕ਼ਿਆਮਤ ਆ ਗਈ ਹੋਵੇ।।੧੩੪।।

**ਨ ਪੋਯਿੰਦਰ ਰਾ ਬਰ ਜ਼ਿਮੀਂ ਬੂਦ ਜਾ।।**
**ਨ ਪਰਿੰਦਹ ਰਾ ਦਰ ਹਵਾ ਬੂਦ ਰਾਹ।।੧੩੫।।**

ਪੋਯਿੰਦਰ = ਪੈਦਲ। ਜਾ = ਜਗ੍ਹਾ। ਪਰਿੰਦਹ = ਪੰਛੀ। ਰਾਹ = ਰਸਤਾ।

ਪੈਦਲ ਚਲਣ ਵਾਲਿਆਂ ਨੂੰ ਧਰਤੀ ਤੇ ਚਲਣ ਲਈ ਜਗ੍ਹਾ ਨਹੀਂ ਸੀ ਮਿਲ ਰਹੀ, ਕਿਉਂਕਿ ਧਰਤੀ ਮੁਰਦਿਆਂ ਨਾਲ ਭਰੀ ਪਈ ਸੀ ਤੇ ਹਵਾ ਵਿਚ ਪੰਛੀਆਂ ਨੂੰ ਉੱਡਣ ਲਈ ਰਾਹ ਨਹੀਂ ਸੀ ਮਿਲ ਰਿਹਾ ਕਿਉਂਕਿ ਅਸਮਾਨ ਤੀਰਾਂ ਨਾਲ ਭਰਿਆਂ ਹੋਇਆ ਸੀ।।੧੩੫।।

**ਚੁਨਾ ਤੇਗ਼ ਬਾਰੀਦ ਮਿਯਾਨੇ ਮੁਸਾਫ਼।।**
**ਕਿ ਅਜ਼ ਕੁਸ਼ਤਗਾਂ ਸ਼ੁਦ ਜ਼ਿਮੀਂ ਕੋਹ ਕਾਫ਼।।੧੩੬।।**

ਬਾਰੀਦ = ਚਲੀ। ਮਿਆਨੇ ਮੁਸਾਫ਼ = ਜੰਗ ਵਿਚ। ਕੁਸ਼ਤਗਾਂ = ਮੁਰਦਿਆਂ।

ਮੈਦਾਨਿ ਜੰਗ ਵਿਚ ਐਸੀ ਨਿਧੜਕ ਤਲਵਾਰ ਚਲੀ ਕਿ ਮੁਰਦਿਆਂ ਨਾਲ ਧਰਤੀ ਕੋਹ ਕਾਫ ਬਣ ਗਈ ਭਾਵ ਮੁਰਦਿਆਂ ਦੇ ਢੇਰਾਂ ਦੇ ਢੇਰ ਲੱਗ ਗਏ।।੧੩੬।।

**ਕਿ ਪਾਓ ਸਰ ਅੰਬੋਹ ਚੰਦਾਂ ਸ਼ੁਦਹ।।**
**ਕਿ ਮੈਦਾਂ ਪੁਰ ਅਜ਼ ਗੋਇ ਚਉਗ਼ਾਂ ਸ਼ੁਦਹ।।੧੩੭।।**

ਪਾਓ = ਪੈਰ। ਸਰ = ਸਿਰ। ਅੰਬੋਹ = ਅੰਬਾਰ। ਚੰਦਾਂ = ਕਿੰਨੇ। ਪੁਰ = ਭਰ ਗਿਆ। ਗੋਇ = ਖਿਦੋ। ਚਉਗਾਂ = ਖੂੰਡੀਆਂ।

ਮਰਨ ਵਾਲਿਆਂ ਦੇ ਪੈਰਾਂ ਤੇ ਸਿਰਾਂ ਦੇ ਅੰਬਾਰ ਲੱਗ ਗਏ ਅਤੇ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਮੈਦਾਨ ਖਿਦੋ ਤੇ ਖੂੰਡੀਆਂ ਨਾਲ ਭਰਿਆ ਪਿਆ ਹੋਵੇ।।੧੩੭।।

**ਰਵਾਂ ਰਉ ਦਰਾਮਦ ਬ ਤੀਰੋ ਤੁਫ਼ੰਗ।।**
**ਕਿ ਪਾਰਹ ਸ਼ੁਦਹ ਖ਼ੋਦ ਖ਼ਿਫ਼ਤਾਨ ਜੰਗ।।੧੩੮।।**

ਰਵਾ ਰਉ = ਚਲਾ ਚਲੀ। ਪਰਾਹ = ਟੁਕੜੇ ਟੁਕੜੇ। ਖੋਦ = ਟੋਪ। ਖ਼ਿਫਤਾਨ = ਸੰਜੋਆ।

ਤੀਰਾਂ ਤੇ ਗੋਲੀਆਂ ਦੇ ਚਲਣ ਦੀ ਇਹੋ ਜਿਹੀ ਆਵਾਜਾਈ ਹੋ ਰਹੀ ਸੀ ਕਿ ਸੂਰਮਿਆਂ ਦੇ ਟੋਪ ਤੇ ਸੰਜੋਆਂ ਟੁਕੜੇ ਟੁਕੜੇ ਹੋ ਗਏ।।੧੩੮।।

**ਚੁਨਾਂ ਤੇਗ਼ ਤਾਬਸ਼ ਤਪੀਦ ਆਫ਼ਤਾਬ।।**
**ਦਰਖਤਾਂ ਸ਼ੁਦਹ ਖ਼ੁਸ਼ਕ ਵ ਦਰਯਾਇ ਆਬ।।੧੩੯।।**

Namdhari Elibrary NamdhariElibrary@gmail.com

ਤਾਬਸ਼ = ਤਪਸ਼। ਤਪੀਦ = ਤਪੀ। ਆਫ਼ਤਾਬ = ਸੂਰਜ। ਸ਼ੁਦਹ ਖੁਸ਼ਕ = ਸੁੱਕ ਗਏ।

ਤਲਵਾਰਾਂ ਸੂਰਜ ਦੀ ਤਪਸ਼ ਵਾਂਗੂੰ ਐਨੀਆਂ ਤਪ ਗਈਆਂ ਕਿ ਉਨ੍ਹਾਂ ਦੀ ਗਰਮੀ ਨਾਲ ਬ੍ਰਿਛਾਂ ਤੇ ਦਰਿਆਵਾਂ ਦਾ ਪਾਣੀ ਸੁੱਕ ਗਿਆ।।੧੩੯।।

**ਚੁਨਾਂ ਤੀਰ ਬਾਰਾਂ ਸ਼ੁਦਹ ਹਮ ਚੋ ਬਰਕੁ।।**
**ਬਿ ਅਫ਼ਤਾਦ ਸ਼ੁਦ ਫ਼ੀਲ ਚੂੰ ਫ਼ਰਕ ਫ਼ਰਕ।।੧੪੦।।**

ਬਾਰਾਂ = ਵਰਖਾਂ। ਬਰਕੁ = ਬਿਜਲੀ। ਫ਼ਰਕ = ਵੱਖ।

ਬਿਜਲੀ ਦੀ ਤੇਜ਼ੀ ਵਾਂਗੂੰ ਤੀਰਾਂ ਦੀ ਵਰਖਾ ਹੋਈ, ਜਿਸ ਨਾਲ ਹਾਥੀ ਵੀ ਟੁਕੜੇ ਟੁਕੜੇ ਹੋ ਕੇ ਮੈਦਾਨ ਵਿਚ ਵੱਖ ਵੱਖ ਡਿੱਗ ਪਏ।।੧੪੦।।

**ਬ ਹਰਬ ਅੰਦਰ ਆਮਦ ਵਜ਼ੀਰੇ ਚੁ ਬਾਦ।।**
**ਯਕੇ ਤੇਗਿ ਮਾਯਿੰਦਰਾਨੀ ਕੁਸ਼ਾਦ ।।੧੪੧।।**

ਹਰਬ = ਜੰਗ। ਬਾਦ = ਹਵਾ। ਕੁਸ਼ਾਦ = ਕਢੀ ਹੋਈ।

ਇਕ ਵਜ਼ੀਰ ਜੰਗ ਵਿਚ ਹਵਾ ਵਾਂਗੂੰ ਆਇਆ, ਜਿਸ ਨੇ ਮਾਯਿੰਦਰਾਂ ਦੀ ਬਣੀ ਤਲਵਾਰ ਫੜੀ ਹੋਈ ਸੀ।।੧੪੧।।

**ਦਿਗਰ ਤਰਫ਼ ਆਮਦ ਬ ਦੁਖ਼ਤਰ ਅਜ਼ਾਂ।।**
**ਬਰਹਿਨੇ ਯਕੇ ਤੇਗ਼ ਹਿੰਦੋਸਤਾਂ।।੧੪੨।।**

ਦਿਗਰ ਤਰਫ਼ = ਦੂਜੇ ਪਾਸਿਓਂ। ਬਰਹਿਨੇ = ਨੰਗੀ।

ਦੂਜੇ ਪਾਸਿਓਂ ਵਜ਼ੀਰ ਦੀ ਲੜਕੀ ਹੱਥ ਵਿਚ ਹਿੰਦੁਸਤ੍ਰਾਨ ਦੀ ਬਣੀ ਨੰਗੀ ਤਲਵਾਰ ਲੈ ਕੇ ਮੈਦਾਨ ਵਿਚ ਆਈ।।੧੪੨।।

**ਦਰਖ਼ਸ਼ਾਂ ਸ਼ੁਦਹ ਆਂਚੁਨਾਂ ਤੇਗ਼ ਤੇਜ਼।।**
**ਅਦੂ ਰਾ ਅਜ਼ੋ ਦਿਲ ਸ਼ਵਦ ਰੇਜ਼ ਰੇਜ਼।।੧੪੩।।**

ਦਰਖ਼ਸ਼ਾਂ ਸ਼ੁਦਹ = ਚਮਕਣ ਲਗੀਆਂ। ਅਦੂ = ਵੈਰੀ। ਰੇਜ਼ ਰੇਜ਼ = ਟੁਕੜੇ ਟੁਕੜੇ।

ਉਹਨਾਂ ਦੋਹਾਂ ਦੀਆਂ ਤੇਜ਼ ਤਲਵਾਰਾਂ ਇਸ ਤਰ੍ਹਾਂ ਚਮਕਣ ਲਗੀਆਂ, ਜਿਨ੍ਹਾਂ ਨੂੰ ਵੇਖ ਕੇ ਦੁਸ਼ਮਨਾਂ ਦਾ ਦਿਲ ਟੁਕੜੇ ਟੁਕੜੇ ਹੋਣ ਲੱਗ ਪਿਆ।।੧੪੩।।

**ਯਕੇ ਤੇਗ਼ ਜ਼ਦ ਬਰ ਸਰੇ ਓ ਸਮੰਦ।।**
**ਜ਼ਮੀਨਸ਼ ਦਰਾਮਦ ਚੁ ਕੋਹੇ ਬਲੰਦ।।੧੪੪।।**

ਜ਼ਦ = ਮਾਰੀ। ਸਮੰਦ = ਘੋੜਾ। ਕੋਹੇ ਬਿਲੰਦ = ਉੱਚਾ ਪਹਾੜ।

ਉਸ ਲੜਕੀ ਨੇ ਦੁਸ਼ਮਨ ਦੇ ਘੋੜੇ ਦੇ ਸਿਰ ਤੇ ਐਸੀ ਤਲਵਾਰ ਮਾਰੀ ਕਿ ਉਸਦਾ ਸਿਰ ਪਹਾੜ ਵਾਂਗੂੰ ਧਰਤੀ ਤੇ ਡਿੱਗ ਪਿਆ॥੧੪੪॥

**ਦਿਗਰ ਤੇ਼ਗ ਓ ਰਾ ਬਿਜ਼ਦ ਕ਼ਰਦ ਨੀਮ॥**
**ਬਿ ਅਫ਼ਤਾਦ ਬੂਮਸ ਚੁ ਕਰਖੇ ਅਜ਼ੀਮ॥੧੪੫॥**

ਓ ਰਾ = ਉਸ ਨੂੰ। ਬਿਜ਼ਦ = ਮਾਰੀ। ਕਰਦ ਨੀਮ = ਅੱਧ ਕਰ ਦਿੱਤਾ। ਅਫ਼ਤਾਦ = ਡਿੱਗ ਪਿਆ। ਬੂਮਸ = ਧਰਤੀ। ਕਰਖੇ = ਅਟਾਰੀ ਅਜ਼ੀਮ = ਵੱਡੀ।

ਉਸ ਨੇ ਦੂਜੀ ਤਲਵਾਰ ਮਾਰੀ ਤੇ ਉਸ ਵਜ਼ੀਰ ਨੂੰ ਅੱਧਾ ਕਰ ਦਿੱਤਾ ਭਾਵ ਦੋ ਟੁਕੜੇ ਕਰ ਦਿੱਤੇ ਅਤੇ ਉਹ ਵੱਡੀ ਅਟਾਰੀ ਵਾਂਗੂੰ ਧਰਤੀ ਤੇ ਡਿੱਗ ਪਿਆ॥੧੪੫॥

**ਦਿਗਰ ਮਰਦ ਆਮਦ ਚੁ ਪੱਰ੍ਰਾਂ ਉਕਾਬ॥**
**ਬਿ ਜ਼ਦ ਤੇ਼ਗ ਓ ਰਾ ਬ ਕਰਦਸ਼ ਖ਼ਰਾਬ॥੧੪੬॥**

ਪੱਰ੍ਰਾਂ = ਪੰਛੀ। ਕਰਦਸ਼ ਖਰਾਬ = ਨਾਸ ਕਰ ਦਿੱਤਾ।

ਉਸ ਵਜ਼ੀਰ ਦੇ ਮਰਨ ਪਿੱਛੋਂ ਇਕ ਹੋਰ ਸੂਰਮਾ ਉਕਾਬ ਪੰਛੀ ਵਾਂਗੂੰ ਹੱਲਾ ਕਰਕੇ ਆਇਆ। ਉਸ ਨੇ ਉਸਨੂੰ ਵੀ ਤਲਵਾਰ ਮਾਰੀ ਤੇ ਖਤਮ ਕਰ ਦਿੱਤਾ॥੧੪੬॥

**ਚੁ ਕਾਰੇ ਵਜ਼ੀਰਸ਼ ਬ ਰਾਹਤ ਰਸੀਦ॥**
**ਦਿਗਰ ਮਿਹਨਤੋ ਸਿਯਮ ਆਮਦ ਪਦੀਦ॥੧੪੭॥**

ਰਾਹਤ = ਸੁਖ। ਰਸੀਦ = ਪੁਜਾ।

ਪਹਿਲਾ ਹੱਲਾ ਕਰਕੇ ਆਏ ਵਜ਼ੀਰ ਨੂੰ ਮਾਰਕੇ ਉਸ ਨੂੰ ਸੁਖ ਪ੍ਰਤੀਤ ਹੋਇਆ। ਦੂਜੇ ਆਏ ਨੂੰ ਮਾਰ ਕੇ ਉਸ ਦੀ ਮਿਹਨਤ ਸਫਲ ਹੋਈ ਤਾਂ ਫਿਰ ਇਕ ਤੀਜਾ ਹੱਲਾ ਕਰਕੇ ਆ ਪਹੁੰਚਾ॥੧੪੭॥

**ਸਿਯਮ ਦੇਵ ਆਮਦ ਬਗਲਤੀਦ ਖ਼ੂੰ॥**
**ਜ਼ਿ ਦਹਲੀਜ਼ ਦੋਜ਼ਖ਼ ਬਰਾਮਦ ਬਰੂੰ॥੧੪੮॥**

ਸਿਯਮ = ਤੀਜਾ। ਬਗਲਤੀਦ = ਲਿਬੜਿਆ ਹੋਇਆ। ਦੋਜ਼ਖ = ਨਰਕ।

ਤੀਜਾ ਸੂਰਮਾਂ ਖ਼ੂਨ ਨਾਲ ਲਿਬੜਿਆ ਹੋਇਆ ਆਇਆ। ਉਹ ਇਉਂ ਜਪਾਦਾ ਸੀ ਜਿਵੇਂ ਨਰਕ ਦੇ ਬੂਹੇ ਵਿਚੋਂ ਬਾਹਰ ਆਇਆ ਹੋਵੇ॥੧੪੮॥

**ਬ ਕੁਸ਼ਤੰਦ ਓ ਰਾ ਦੁ ਕਰਦੰਦ ਤਨ॥**

**************************************************************************

## ਚੁ ਸ਼ੇਰੇ ਯਿਆਂ ਹਮ ਚੁ ਗੋਰੇ ਕੁਹਨ॥੧੪੯॥

ਬ ਕੁਸ਼ਤੰਕ = ਮਾਰ ਦਿੱਤਾ। ਕਰਦੰਦ = ਕਰ ਦਿੱਤਾ। ਯਿਆਂ = ਵੱਡਾ। ਗੋਰੇ ਕੁਹਨ = ਬੁੱਢੀ ਨੀਲ ਗਾਂ।

ਉਸ ਲੜਕੀ ਨੇ ਉਸ ਨੂੰ ਮਾਰ ਕੇ ਦੋ ਟੁਕੜੇ ਕਰ ਦਿੱਤਾ, ਜਿਵੇਂ ਵੱਡਾ ਸ਼ੇਰ ਬੱਢੀ ਨੀਲ ਗਾਂ ਨੂੰ ਮਾਰ ਦੇਂਦਾ ਹੈ॥੧੪੯॥

## ਚਹਾਰਮ ਦਰਾਮਦ ਚੁ ਸ਼ੇਰਾਂ ਬਜੰਗ॥
## ਚੁ ਬਰ ਬਚਹੇ ਗੋਰ ਗਰਰਾਂ ਪਿਲੰਗ॥੧੫੦॥

ਚਹਾਰਮ = ਚੌਥਾ। ਬਰ ਬਚਹੇ = ਬੱਚੇ ਉਤੇ। ਗਰਰਾਂ = ਗੱਜ ਕੇ। ਪਿਲੰਗ = ਚੀਤਾ

(ਤੀਜੇ ਦੇ ਮਰਨ ਪਿਛੋਂ) ਚੌਥਾ ਸੂਰਮਾ ਸ਼ੇਰ ਵਾਂਗੂੰ ਹੱਲਾ ਕਰਕੇ ਜੰਗ ਦੇ ਮੈਦਾਨ ਵਿਚ ਇਸ ਤਰ੍ਹਾਂ ਆਇਆ, ਜਿਵੇਂ ਚੀਤਾ ਨੀਲਗਾਂ ਦੇ ਬੱਚੇ ਉਤੇ ਗੱਜਦਾ ਹੋਇਆ ਝਪਟਦਾ ਹੈ॥੧੫੦॥

## ਚੁਨਾਂ ਤੇ.ਗ ਬਰ ਵੈ ਬਿਜ਼ਦ ਨਾਜ਼ਨੀਂ॥
## ਕਿ ਅਜ਼ ਪੁਸ਼ਤ ਅਸਪਸ਼ ਦਰਾਮਦ ਜ਼ਿਮੀਂ॥੧੫੧॥

ਚੁਨਾਂ = ਐਸੀ। ਨਾਜ਼ਨੀਂ = ਕੋਮਲ ਸਰੀਰ ਵਾਲੀ (ਵਜ਼ੀਰ ਦੀ ਲੜਕੀ)। ਅਜ਼ = ਤੋਂ। ਪਸ਼ਤਿ = ਪਿੱਠ। ਅਸਪਸ਼ = ਘੋੜਾ।

ਵਜ਼ੀਰ ਦੀ ਲੜਕੀ ਨੇ ਉਸ ਨੂੰ ਐਸੀ ਤਲਵਾਰ ਮਾਰੀ ਕਿ ਉਹ ਘੋੜੇ ਦੀ ਪਿੱਠ ਤੋਂ ਧਰਤੀ ਤੇ ਡਿੱਗ ਪਿਆ॥੧੫੧॥

## ਕਿ ਪੰਚਮ ਦਰਾਮਦ ਚੁ ਦੇਵੇ ਅਜ਼ੀਮ॥
## ਯਕੇ ਜ਼ਖ਼ਮ ਜ਼ਦ ਕਰਦ ਹੁਕਮੇ ਕਰੀਮ॥੧੫੨॥

ਅਜ਼ੀਮ = ਵਡੇ। ਜ਼ਦ = ਮਾਰਿਆ।

ਪੰਜਵਾਂ ਸੂਰਮਾਂ ਵੱਡੇ ਦੈਂਤ ਵਾਂਗੂੰ ਹਮਲਾ ਕਰਕੇ ਆਇਆ, ਉਸ ਨੇ ਉਸ ਨੂੰ ਵੀ ਪਰਮਾਤਮਾ ਦੇ ਹੁਕਮ ਨਾਲ ਇਕੋ ਵਾਰ ਨਾਲ ਜ਼ਖਮੀ ਕਰ ਦਿੱਤਾ॥੧੫੨॥

## ਚੁਨਾ ਤੇ.ਗ ਬਰ ਵੈ ਜ਼ਦਾਂ ਖ਼ੂਬ ਰੰਗ॥
## ਜ਼ਿ ਸਰ ਤਾ ਕਦਮ ਆਮਦਹ ਜ਼ੇਰ ਤੰਗ॥੧੫੩॥

ਜ਼ਦਹ = ਮਾਰੀ। ਖ਼ੂਬ ਰੰਗ = ਸੋਹਣੇ ਰੰਗ ਵਾਲੀ (ਵਜ਼ੀਰ ਦੀ ਲੜਕੀ) ਤੰਗ = ਪੇਟੀ।

ਸੁੰਦਰੀ (ਵਜ਼ੀਰ ਦੀ ਲੜਕੀ) ਨੇ ਉਸ ਨੂੰ ਵੀ ਅਜਿਹੀ ਤਲਵਾਰ ਮਾਰੀ ਕਿ ਉਹ ਤਲਵਾਰ

ਉਸਨੂੰ ਸਿਰ ਤੋਂ ਪੈਰਾਂ ਤਕ ਚੀਰਦੀ ਹੋਈ ਘੋੜੇ ਦੇ ਤੰਗ (ਪੇਟੀ) ਹੇਠਾਂ ਆ ਗਈ।।੧੫੩।।

**ਸ਼ਸ਼ਮ ਦੇਵ ਆਮਦ ਚੁ ਅਫ਼ਰੀਤ ਮਸਤ।।**
**ਜ਼ਿ ਤੀਰੋ ਕਮਾਂ ਹਮ ਚੁ ਕਬਜ਼ਹ ਗੁਜ਼ਸ਼ਤ।।੧੫੪।।**

ਅਫ਼ਰੀਤ = ਰਾਖਸ਼। ਕਬਜ਼ਹ = ਮੁੱਠ। (ਚਿੱਲਾ)।

ਮਸਤ ਰਾਖਸ਼ ਵਾਂਗੂੰ ਛੇਵਾਂ ਸੂਰਮਾ ਇਸ ਤਰ੍ਹਾਂ ਆਇਆ, ਜਿਵੇਂ ਕਮਾਨ ਦੇ ਚਿੱਲੇ ਵਿਚੋਂ ਤੀਰ ਨਿਕਲ ਕੇ ਆਉਂਦਾ ਹੈ ਭਾਵ ਬੜੀ ਫੁਰਤੀ ਨਾਲ ਛੇਵਾਂ ਸੂਰਮਾਂ ਹੱਲਾ ਕਰ ਕੇ ਆਇਆ।।੧੫੪।।

**ਬਿਜ਼ਦ ਤੇਗ਼ ਓ ਰਾ ਕਿ ਓ ਨੀਮ ਸ਼ੁਦ।।**
**ਕਿ ਦੀਗਰ ਯਲਾ ਰਾ ਅਜ਼ੋ ਬੀਮ ਸ਼ੁਦ।।੧੫੫।।**

ਨੀਮ ਸ਼ੁਦ = ਅੱਧਾ ਹੋ ਗਿਆ। ਯਲਾਂ = ਸੂਰਮਾਂ। ਬੀਮ = ਡਰ।

ਉਸ ਲੜਕੀ ਨੇ ਉਸ ਨੂੰ ਤਲਵਾਰ ਮਾਰੀ ਤਾਂ ਉਹ ਦੋ ਟੁਕੜੇ ਹੋ ਗਿਆ। ਇਹ ਵੇਖ ਕੇ ਦੂਜੇ ਸੂਰਮੇ ਵੀ ਡਰ ਗਏ।।੧੫੫।।

**ਚੁਨੀਤਾ ਬ ਮਿਕਦਾਰ ਹਫ਼ਤਾਦ ਮਰਦ।।**
**ਤ ਤੇਗ਼ ਅੰਦਰ ਅਵੇਖਤ ਖਾਸ ਅਜ਼ ਨਬਰਦ।।੧੫੬।।**

ਮਿਕਦਾਰ = ਗਿਣਤੀ। ਹਫਤਾਦ = ਸੱਤ। ਆਵੇਖਤ = ਲਟਕਾਏ। ਨਬਰਦ = ਜੰਗ।

ਇਸ ਤਰ੍ਹਾਂ ਗਿਣਤੀ ਵਿਚ ਸੱਤ ਸੂਰਮੇ ਜੰਗ ਵਿਚ ਉਸ ਨੇ ਤਲਵਾਰ ਉੱਤੇ ਲਟਕਾਏ ਭਾਵ ਸੱਤ ਵਡੇ ਯੋਧਿਆਂ ਨੂੰ ਉਸ ਨੇ ਖਤਮ ਕਰ ਦਿੱਤਾ।।੧੫੬।।

**ਦਿਗਰ ਕਸ ਨਿਆਮਦ ਤਮੰਨਾਇ ਜੰਗ।।**
**ਕਿ ਬੇਰੂੰ ਨਿਯਾਮਦ ਦਿਲਾਵਰ ਨਿਹੰਗ।।੧੫੭।।**

ਦਿਗਰ ਕਸ = ਦੂਜਾ ਹੋਰ ਕੋਈ। ਨਿਯਾਮਦ = ਨਾ ਆਇਆ। ਤਮੰਨਾਇ = ਜੰਗ ਦੀ ਇੱਛਾ ਨਾਲ। ਦਿਲਾਵਰ ਨਿਹੰਗ = ਦਲੇਰ ਸੂਰਮਾ।

ਇਸ ਤੋਂ ਬਾਅਦ ਉਸ ਨਾਲ ਜੰਗ ਕਰਨ ਲਈ ਹੋਰ ਕੋਈ ਸੂਰਮਾ ਨਾ ਆਇਆ। ਵੱਡੇ ਵੱਡੇ ਯੋਧੇ ਵੀ ਮੈਦਾਨ ਵਿਚ ਨਾ ਆਏ।।੧੫੭।।

**ਬ ਹਰਬ ਆਮਦਸ਼ ਸ਼ਾਹਿ ਮਾਯੰਦਰਾਂ।।**
**ਬ ਤਾਬਸ਼ ਤਪੀਦਨ ਦਿਲੋ ਮਰਦਮਾਂ।।੧੫੮।।**

ਹਰਬ = ਜੰਗ। ਆਮਦਸ਼ = ਆਇਆ। ਤਾਬਸ਼ = ਕਰੋਧ। ਤਪੀਦਨ = ਤਪਣਾ।

Namdhari Elibrary NamdhariElibrary@gmail.com

****************************************************************
ਮਰਦਮਾਂ = ਸੂਰਮਿਆਂ।

ਫਿਰ ਮਾਯਿੰਦਰਾਂ ਦਾ ਬਾਦਸ਼ਾਹ ਆਪ ਜੰਗ ਵਿਚ ਆਇਆ। ਉਸ ਦੇ ਆਉਣ ਨਾਲ ਸੂਰਮਿਆਂ ਦਾ ਦਿਲ ਕਰੋਧ ਨਾਲ ਭਖਣ ਲੱਗ ਪਿਆ ਭਾਵ ਸੂਰਮੇ ਜੋਸ਼ ਨਾਲ ਭਰ ਗਏ॥੧੫੮॥

**ਚੁ ਅਬਰਸ਼ ਬ ਅੰਦਾਖ਼ਤ ਦਉਰੇ ਯਲਾਂ॥**
**ਬ ਰਖਸ਼ ਅੰਦਰ ਆਮਦ ਜ਼ਿਹੋ ਆਸਮਾਂ॥੧੫੯॥**

ਅਬਰਸ਼ = ਬੱਦਲ (ਭਾਵ ਘੋੜਾ)। ਯਲਾਂ = ਛਾਲ। ਅੰਦਾਖ਼ਤ = ਮਾਰੀ। ਦਉਰੇ = ਚੁਵੇਰੇ। ਰਖਸ਼ = ਚੱਕਰ।

ਜਦੋਂ ਉਸ ਦੇ ਘੋੜਿਆਂ ਨੇ ਸੂਰਮਿਆਂ ਦੇ ਆਲੇ ਦੁਆਲੇ ਛਾਲਾਂ ਮਾਰੀਆਂ ਤਦ ਧਰਤੀ ਤੇ ਅਕਾਸ਼ ਚੱਕਰਾ ਗਏ ਭਾਵ ਜ਼ਮੀਨ ਤੇ ਅਸਮਾਨ ਭੌਂਣ ਲੱਗ ਪਏ॥੧੫੯॥

**ਬ ਤਾਬਸ਼ ਦਰਾਮਦ ਜ਼ਮੀਨੋ ਜ਼ਮਨ॥**
**ਦਰਖ਼ਸ਼ਾਂ ਸ਼ੁਦਹ ਤੇਗ਼ ਹਿੰਦੀ ਯਮਨ॥੧੬੦॥**

ਤਾਬਸ਼ = ਚਮਕ। ਦਰਖ਼ਸ਼ਾਂ = ਚਮਕੀਆਂ।

ਉਸ ਵੇਲੇ ਜ਼ਮੀਨ ਤੇ ਅਸਮਾਨ ਚਮਕਣ ਲੱਗ ਪਏ ਜਦ ਜੰਗ ਵਿਚ ਹਿੰਦੁਸਤਾਨ ਤੇ ਯਮਨ ਦੀਆਂ ਤਲਵਾਰਾਂ ਚਮਕੀਆਂ॥੧੬੦॥

**ਚਲਾ ਚਲ ਦਰਾਮਦ ਕਮਾਨੋ ਕਮੰਦ॥**
**ਹਯਾ ਹਯ ਦਰਾਮਦ ਬ ਗੁਰਜੋ ਗਜ਼ੰਦ॥੧੬੧॥**

ਚਲਾ ਚਲ = ਆਵਾਜਾਈ। ਹਯਾ ਹਯ = ਹਾਇ ਹਾਇ। ਗਜ਼ੰਦ = ਸੱਟਾਂ।

ਆਹਮੋ ਸਾਹਮਣੇ ਕਮਾਨਾ ਤੇ ਕਮੰਦਾਂ ਦੇ ਭੇੜ ਹੋਏ। ਗੁਰਜਾਂ ਦੀਆਂ ਸੱਟਾ ਖਾਣ ਵਾਲੇ ਹਾਇ ਹਾਇ ਕਰਨ ਲੱਗੇ॥੧੬੧॥

**ਚਕਾ ਚਾਕ ਬਰਖਾਸਤ ਤੀਰੋ ਤੁਫੰਗ॥**
**ਜ਼ਿਮੀਂ ਲਾਲ ਸ਼ੁਦ ਚੂੰ ਗੁਲੇ ਲਾਲਹ ਰੰਗ॥੧੬੨॥**

ਚਕਾ ਚਾਕ = ਕਾੜ ਕਾੜ। ਲਾਲ ਸ਼ੁਦ = ਲਾਲ ਹੋ ਗਈ।

ਕਾੜ ਕਾੜ ਦੀ ਅਵਾਜ਼ ਨਾਲ ਤੀਰ ਤੇ ਬੰਦੂਕਾਂ ਚਲਣ ਲਗੀਆਂ ਅਤੇ ਖ਼ੂਨ ਨਾਲ ਧਰਤੀ ਪੋਸਤ ਦੇ ਫੁਲ ਵਾਂਗੂੰ ਲਾਲ ਹੋ ਗਈ॥੧੬੨॥

**ਹਹਾ ਹੂ ਦਰਾਮਦ ਚੁਪਹ ਨੰਦ ਰੂੰ॥**

Namdhari Elibrary NamdhariElibrary@gmail.com

## ਦਿਹਾ ਦਿਹ ਸ਼ੁਦਹ ਖੰਜਰੇ ਖਾਰ ਖ਼ੂੰ।।੧੬੩।।

ਦਿਹਾ ਦਿਹ = ਚਲਾ ਚਲੀ।

ਜੰਗ ਵਿਚ ਬੜਾ ਰੌਲਾ ਮਚਿਆ। ਖ਼ੂਨ ਪੀਣ ਵਾਲੇ ਖ਼ੰਜਰਾਂ ਦੀ ਮਾਰ ਧਾੜ ਹੋਈ।।੧੬੩।।

## ਬ ਰਖ਼ਸ਼ ਅੰਦਰ ਆਮਦ ਯਕੇ ਤਾਬ ਰੰਗ।।
## ਬ ਰਖ਼ਸ਼ ਅੰਦਰ ਆਮਦ ਦੁ ਚਾਲਾਕ ਜੰਗ।।੧੬੪।।

ਰਖਸ਼ = ਚਮਕ। ਤਾਬ ਰੰਗ = ਚਮਕੀਲਾ ਰੰਗ।

ਜਦੋਂ ਦੋ ਫੁਰਤੀਲੇ ਸੂਰਮੇ ਜੰਗ ਦੇ ਮੈਦਾਨ ਵਿਚ ਆਏ ਤਦੋਂ ਇਕ ਚਮਕੀਲੇ ਰੰਗ ਦਾ ਪ੍ਰਕਾਸ਼ ਹੋਇਆ, ਭਾਵ ਸ਼ਸਤਰਾਂ ਦੀ ਚਮਕ ਹੋਣ ਲੱਗੀ।।੧੬੪।।

## ਬ ਸੋਰਸ਼ ਦਰਾਮਦ ਸਰਾਫੀਲ ਸੂਰ।।
## ਬ ਰਖ਼ਸ਼ ਅੰਦਰ ਆਮਦ ਤਨੇ ਖਾਸ ਹੂਰ।।੧੬੫।।

ਸੋਰਸ਼ = ਰੌਲਾ। ਸਰਾਫੀਲ = ਇਸਰਾਫੀਲ ਫਰਿਸ਼ਤਾ। ਸੂਰ = ਤੁਰੀ। ਰਖਸ਼ = ਘੋੜਾ। ਖਾਸ ਹੂਰ = ਚੰਗੀ ਅਪੱਛਰਾਂ।

ਓਦੋਂ ਇਸਰਾਫੀਲ ਫਰਿਸ਼ਤੇ ਨੇ ਕਿਆਮਤ ਵਾਲੇ ਦਿਨ ਦੀ ਤੁਰੀ ਵਜਾਈ, ਜਦੋਂ ਖ਼ੂਬਸੂਰਤ ਅਪੱਛਰਾਂ (ਵਜ਼ੀਰ ਦੀ ਲੜਕੀ) ਘੋੜੇ ਤੇ ਸਵਾਰ ਹੋਕੇ ਮੈਦਾਨਿ ਜੰਗ ਵਿਚ ਆਈ।।੧੬੫।।

ਭਾਵ - ਜਿਸ ਵੇਲੇ ਵਜ਼ੀਰ ਦੀ ਲੜਕੀ ਘੋੜੇ ਤੇ ਚੜ੍ਹਕੇ ਜੰਗ ਵਿਚ ਆਈ ਤਾਂ ਵੈਰੀਆਂ ਦੀ ਫੌਜ ਲਈ ਕਿਆਮਤ ਦਾ ਦਿਨ ਆ ਗਿਆ ਤੇ ਹਰ ਪਾਸੇ ਰੌਲਾ ਮਚ ਗਿਆ।

## ਬ ਸ਼ੋਰਸ਼ ਦਰਾਮਦ ਜ਼ਿ ਤਨ ਦਰ ਖਰੋਸ਼।।
## ਬ ਬਾਜ਼ੂਇ ਮਰਦਾਂ ਬਰਾ ਵੁਰਦ ਜੋਸ਼।।੧੬੬।।

ਦਰਾਮਦ = ਮਚ ਗਿਆ। ਤਨ ਦਰ = ਸਰੀਰ ਵਿਚ। ਖ਼ਰੋਸ਼ = ਕਰੋਧ। ਬਾਜ਼ੂਏ = ਬਾਂਹਵਾਂ। ਬਰਾਵੁਰਦ = ਬਾਹਰ ਕਢਿਆ। ਜੋਸ਼ = ਉਬਾਲ, ਗੁੱਸਾ।

ਜਦੋਂ ਜੰਗ ਦਾ ਰੌਲਾ ਗੌਲਾ ਮਚਿਆ ਤਦੋਂ ਸੂਰਮਿਆਂ ਦੇ ਸਰੀਰਾ ਵਿਚ ਕਰੋਧ ਜਾਗਿਆ ਤੇ ਉਨ੍ਹਾਂ ਦੇ ਬਾਜ਼ੂਆਂ ਵਿਚ ਜੋਸ਼ ਉਤਪੰਨ ਹੋਇਆ।।੧੬੬।।

## ਯਕੇ ਫ਼ਰਸ਼ ਆਰਾਸਤ ਸੁਰਖ਼ ਅਤਲਸੇ।।
## ਬੁ ਖ਼ਾਨਦ ਚੁ ਮਕਤਬ ਜ਼ੁਬਾਂ ਪਹਿਲੂਏ।।੧੬੭।।

ਫ਼ਰਸ਼ = ਵਿਛੋੜਾ। ਅਰਾਸਤ = ਵਿਛਾ ਦਿੱਤਾ। ਸੁਰਖ਼ = ਲਾਲ। ਅਤਲਸੋ = ਚਮਕਦਾਰ ਰੇਸ਼ਮੀ

*****************************************************************
ਕਪੜਾ। ਖ਼ਾਨਦ = ਪੜ੍ਹਦੇ ਹਨ। ਮਕਤਬ = ਸਕੂਲ।

ਸੂਰਮਿਆ ਨੇ ਜੋਸ਼ ਵਿਚ ਆਕੇ ਅਜਿਹੀ ਤਲਵਾਰ ਚਲਾਈ ਕਿ ਧਰਤੀ ਤੇ ਮਾਨੋਂ ਅਤਲਸ ਦਾ ਲਾਲ ਫ਼ਰਸ਼ ਵਿਛਾ ਦਿੱਤਾ। ਸੂਰਮਿਆਂ ਦਾ ਰੌਲਾ ਗੌਲਾ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਸਕੂਲਾ ਵਿਚ ਮੁੰਡੇ ਪਹਿਲਵੀ ਬੋਲੀ ਪੜ੍ਹ ਰਹੇ ਸਨ॥੧੬੭॥

## ਬ ਮਰਦਮ ਚੁਨਾ ਕੁਸ਼ਤ ਸ਼ੁਦ ਕਾਰਜਾਰ॥
## ਜ਼ੁਬਾਂ ਦਰ ਗੁਜ਼ਾਰਮ ਨਿਯਾਯਦ ਸ਼ੁਮਾਰ॥੧੬੮॥

ਮਰਦਮ = ਜਵਾਨ। ਚੁਨਾ = ਏਨੇ। ਕੁਸ਼ਤਹ ਸ਼ੁਦ = ਮਾਰੇ ਗਏ। ਕਾਰਜ਼ਾਰ = ਜੰਗ।

ਜ਼ੁਬਾਂ = ਜੀਭ। ਨਿਯਾਯਦ = ਨਹੀਂ ਹੋ ਸਕਦੀ। ਸ਼ੁਮਾਰ = ਗਿਣਤੀ।

ਜੰਗ ਵਿਚ ਏਨੇ ਸੂਰਮੇ ਮਾਰੇ ਗਏ ਕਿ ਜੇ ਉਨ੍ਹਾਂ ਦੀ ਜ਼ਬਾਨ ਨਾਲ ਗਿਣਤੀ ਕਰਨ ਲਗੀਏ ਤਾਂ ਨਹੀ ਹੋ ਸਕਦੀ॥੧੬੮॥

## ਗੁਰੇਜ਼ਾਂ ਸ਼ਵਦ ਸ਼ਾਹਿ ਮਾਯੰਦਰਾਂ॥
## ਬ ਕੁਸ਼ਤੰਦ ਲਸ਼ਕਰ ਗਿਰਾਂ ਤਾ ਗਿਰਾਂ॥੧੬੯॥

ਗੁਰੇਜ਼ਾਂ ਸ਼ਵਦ = ਨਸ ਗਿਆ। ਕੁਸ਼ਤੰਦ = ਮਾਰੀ ਗਈ। ਲਸ਼ਕਰ = ਫੌਜ। ਗਿਰਾਂ ਤਾਂ ਗਿਰਾਂ = ਬਹੁਤ ਜਿਆਦਾ।

ਮਾਯੰਦਰਾਂ ਦਾ ਬਾਦਸ਼ਾਹ ਮੈਦਾਨ ਵਿਚੋਂ ਨਸ ਗਿਆ ਕਿਉਂਕਿ ਉਸ ਦੀ ਬਹੁਤ ਜ਼ਿਆਦਾ ਫੌਜ ਮਾਰੀ ਗਈ ਸੀ॥੧੬੯॥

## ਕਿ ਪੁਸ਼ਤਸ਼ ਬਿਅਫ਼ਤਾਦ ਦੁਖ਼ਤਰ ਵਜ਼ੀਰ॥
## ਬਿ ਬਸਤੰਦ ਓ ਰਾ ਕਿ ਕਰਦੰਦ ਅਸੀਰ॥੧੭੦॥

ਪੁਸ਼ਤਸ਼ = ਪਿਛੇ। ਬਿਅਫ਼ਤਾਦ = ਚਲ ਪਈ। ਬਸਤੰਦ = ਬੰਨ੍ਹ ਲਿਆ। ਕਰਦੰਦ = ਕਰ ਲਿਆ। ਅਸੀਰ = ਕੈਦ।

ਭੱਜੇ ਜਾਂਦੇ ਬਾਦਸ਼ਾਹ ਦੇ ਪਿਛੇ ਵਜ਼ੀਰ ਦੀ ਲੜਕੀ ਚਲ ਪਈ ਤੇ ਉਸ ਨੂੰ ਫੜ ਲਿਆ ਤੇ ਕੈਦ ਕਰ ਲਿਆ॥੧੭੦॥

## ਬ ਨਿਜ਼ਦੇ ਬਿਯਾਵੁਰਦ ਜ਼ੋ ਸ਼ਾਹ ਖ਼ੇਸ਼॥
## ਬਿ ਗੁਫ਼ਤਹ ਕਿ ਏ ਸ਼ਾਹ ਸ਼ਾਹਾਨ ਵੇਸ਼॥੧੭੧॥

ਨਿਜ਼ਦੇ = ਕੋਲ। ਬਿਯਾਂਵੁਰਦ = ਲੈ ਆਈ। ਖ਼ੇਸ਼ = ਆਪਣੇ। ਗੁਫ਼ਤਹ = ਕਿਹਾ। ਵੇਸ਼ = ਲਿਬਾਸ।

ਬਾਦਸ਼ਾਹ ਨੂੰ ਫੜ ਕੇ ਆਪਣੇ ਬਾਦਸ਼ਾਹ (ਪਤੀ) ਕੋਲ ਲੈ ਆਈ ਤੇ ਕਿਹਾ ਕਿ ਐ ਸੁੰਦਰ

ਲਿਬਾਸ ਵਾਲੇ ਸ਼ਹਿਨਸ਼ਾਹ!॥੧੭੧॥

**ਬਿਗੋਯਦ ਕਿ ਈਂ ਸ਼ਾਹਿ ਮਾਯੰਦਰਾਂ॥**
**ਬਿ ਬਸਤਹ ਬਿਯਾਵੁਰਦ ਨਿਜ਼ਦੇ ਸ਼ੁਮਾ॥੧੭੨॥**

ਬਿਗੋਯਦ = ਆਖਿਆ। ਬਸਤਹ = ਬੰਨ੍ਹਕੇ। ਬਿਯਾਵੁਰਦ = ਲਿਆਦਾ ਹੈ। ਨਿਜਦੈ = ਕੱਲ। ਸੁਮਾ = ਤੁਹਾਡੇ।

ਉਸ ਨੇ ਕਿਹਾ ਕਿ ਮੈ ਮਾਯਿੰਦਰਾਂ ਦੇ ਬਾਦਸ਼ਾਹ ਨੂੰ ਬੰਨ੍ਹ ਕੇ (ਕੈਦ ਕਰਕੇ) ਤੁਹਾਡੇ ਕੱਲ ਲਿਆਂਦਾ ਹੈ॥੧੭੨॥

**ਅਗਰ ਤੋ ਬਿਗੋਈ ਬ ਜ਼ਾਂ ਈਂ ਬੁਰਮ॥**
**ਵਗਰ ਤੋ ਬਿਗੋਈ ਬਜ਼ਿੰਦਾ ਦਿਹਮ॥੧੭੩॥**

ਅਗਰ = ਜੇਕਰ। ਤੋ = ਤੂੰ। ਬਿਗੋਈ = ਆਖੇਂ। ਬਜ਼ਾਂ = ਜਾਨ ਤੋਂ। ਬੁਰਮ = ਲੈ ਜਾਵਾਂ। ਬਜ਼ਿੰਦਾ = ਜੇਹਲ। ਦਿਹਮ = ਦੇਂਵਾਂ।

ਜੇ ਤੂੰ ਕਹੇ ਤਾਂ ਮੈ ਇਸ ਨੂੰ ਜਾਨ ਤੋਂ ਲੈ ਲਵਾ ਭਾਵ ਮਾਰ ਦਿਆਂ ਤੇ ਜੇ ਕਹੇਂ ਤਾ ਇਸ ਨੂੰ ਜੇਹਲ ਵਿਚ ਦੇ ਦੇਵਾਂ ਭਾਵ ਕੈਦ ਵਿਚ ਪਾ ਦੇਵਾਂ॥੧੭੩॥

**ਬਜ਼ਿੰਦਾਂ ਸਪੁਰਦੰਦ ਓਰਾ ਅਜ਼ੀਮ॥**
**ਸਿਤਾਨਦ ਅਜ਼ੋ ਤਾਜ ਸ਼ਾਹੀ ਕਲੀਮ॥੧੭੪॥**

ਬਜ਼ਿੰਦਾ = ਜੇਹਲ। ਸੰਪੁਰਦੰਦ = ਸਪੁਰਦ ਕਰ ਦਿੱਤਾ। ਓਰਾ = ਉਸਨੂੰ। ਅਜ਼ੀਮ = ਵੱਡਾ। ਸਤਾਨਦ = ਲੈ ਲਿਆ। ਅਜ਼ੋ = ਉਸ ਤੋਂ। ਤਾਜਿ = ਛਤਰ, ਮੁਕਟ। ਸ਼ਾਹੀ = ਬਾਦਸ਼ਾਹੀ। ਕਲੀਮ = ਦੇਸ਼।

ਉਸ ਬਾਦਸ਼ਾਹ ਨੂੰ ਵਡੇ ਜੇਹਲਖਾਨੇ ਵਿਚ ਭੇਜ ਦਿੱਤਾ ਤੇ ਉਸ ਤੋਂ ਦੇਸ਼ ਦੀ ਬਾਦਸ਼ਾਹੀ ਤੇ ਤਾਜ, ਤਖਤ ਲੇ ਲਿਆ॥੧੭੪॥

**ਸ਼ਹਿਨਸ਼ਾਹਗੀ ਯਾਫ਼ਤ ਹੁਕਮੋ ਰਜ਼ਾਕ॥**
**ਕਸੇ ਦੁਸ਼ਮਨਾ ਰਾ ਕੁਨਦ ਚਾਂਕ ਚਾਕ॥੧੭੫॥**

ਸ਼ਹਨਸ਼ਾਹਗੀ = ਚੱਕਰਵਰਤੀ ਰਾਜ। ਯਾਫ਼ਤ = ਪਾ ਲਿਆ। ਰਜ਼ਾਕ = ਅੰਨ ਦਾਤਾ (ਪ੍ਰਭੂ)। ਕਸੇ = ਬਹੁਤੇ। ਚਾਕ ਚਾਕ = ਟੁਕੜੇ ਟੁਕੜੇ।

ਉਨ੍ਹਾਂ ਨੇ ਪ੍ਰਭੂ ਦੇ ਹੁਕਮ ਨਾਲ ਚੱਕਰਵਰਤੀ ਰਾਜ ਪ੍ਰਾਪਤ ਕਰ ਲਿਆ ਤੇ ਆਪਣੇ ਦੁਸ਼ਮਨਾਂ ਨੂੰ ਟੁਕੜੇ ਟੁਕੜੇ ਕਰ ਦਿੱਤਾ॥੧੭੫॥

Namdhari Elibrary NamdhariElibrary@gmail.com

**********************************************************

## ਚੁਨਾ ਕਰਦ ਸ਼ੁਦ ਕਸਦ ਮਿਹਨਤ ਕਸੇ।
## ਕਿ ਰਹਮਤ ਬ ਬਖਸ਼ੀਦ ਜੋ ਰਹਮਤੇ॥੧੭੬॥

ਕਰਦ = ਕਰਦਾ। ਕਸਦ = ਹਮਲਾ। ਮਿਹਨਤ = ਤਕਲੀਫ। ਰਹਮਤ = ਦਇਆ। ਰਹਮਤੇ = ਕ੍ਰਿਪਾਲੂ।

ਜਿਹੜਾ ਕੋਈ ਮੁਸ਼ਕਲਾਂ ਦੇ ਹਮਲੇ ਨੂੰ ਸਹਾਰਦਾ ਹੈ, ਉਸ ਉਤੇ ਕ੍ਰਿਪਾਲੂ ਪ੍ਰਭੂ ਮਿਹਰ ਕਰਦਾ ਹੈ॥੧੭੬॥

## ਕਿ ਓਹ ਸ਼ਾਹਬਾਨੂੰ ਸ਼ੁਦੋ ਮੁਲਕ ਸ਼ਾਹ॥
## ਕਿ ਸ਼ਾਹੀ ਹਮੀ ਯਾਫ਼ਤ ਹੁਕਮੇ ਅਲਾਹ॥੧੭੭॥

ਸ਼ਾਹਬਾਨੂੰ = ਰਾਣੀ। ਮੁਲਕ ਸ਼ਾਹ = ਦੇਸ਼ ਦਾ ਰਾਜਾ। ਸ਼ਾਹੀ = ਬਾਦਸ਼ਾਹੀ। ਯਾਫ਼ਤ = ਪਾ ਲਈ।

ਉਹ ਲੜਕੀ ਉਸ ਦੇਸ਼ ਦੀ ਰਾਣੀ ਬਣ ਗਈ ਤੇ ਉਹ ਲੜਕਾ ਬਾਦਸ਼ਾਹ ਬਣ ਗਿਆ। ਰੱਬ ਦੇ ਹੁਕਮ ਨਾਲ ਉਨ੍ਹਾਂ ਬਾਦਸ਼ਾਹੀ ਪ੍ਰਾਪਤ ਕਰ ਲਈ॥੧੭੭॥

ਸਤਿਗੁਰੂ ਜੀ ਇਹ ਹਿਕਾਇਤ ਲਿਖ ਦੇ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਐ ਔਰੰਗਜ਼ੇਬ! ਵੇਖ, ਉਸ ਲੜਕੇ ਤੇ ਲੜਕੀ ਨੇ ਆਪਸ ਵਿਚ ਸੱਚਾ ਪ੍ਰੇਮ ਕੀਤਾ, ਪਰ ਜ਼ਾਲਮ ਬਾਦਸ਼ਾਹ ਨੇ ਉਨ੍ਹਾਂ ਦੋਹਾਂ ਨੂੰ ਵਖੋ ਵਖਰੀਆ ਬੇੜੀਆਂ ਵਿਚ ਬਿਠਾ ਕੇ ਦਰਿਆਂ ਵਿਚ ਠੇਲ੍ਹ ਦਿੱਤਾ। ਪ੍ਰਭੂ ਦੀ ਕਿਰਪਾ ਨਾਲ ਉਹ ਦੋਵੇਂ ਹਰ ਆਈ ਮੁਸੀਬਤ ਤੋਂ ਬਚ ਗਏ ਤੇ ਇਕ ਮਿਹਰਬਾਨ ਬਾਦਸ਼ਾਹ ਕੋਲ ਜਾ ਪਹੁੰਚੇ। ਅੰਤ ਨੂੰ ਉਹਨਾਂ ਨੇ ਹਮਲਾ ਕਰਕੇ ਮਾਯਿੰਦਰਾਂ ਦੇਸ਼ ਦੇ ਰਾਜੇ ਨੂੰ ਹਾਰ ਦਿੱਤੀ ਤੇ ਉਸ ਨੂੰ ਕੈਦ ਕਰ ਲਿਆ ਅਤੇ ਉਸ ਦੇਸ਼ ਦੇ ਮਾਲਕ ਬਣ ਗਏ। ਮਾਯਿੰਦਰਾਂ ਦੇਸ਼ ਦੇ ਬਾਦਸ਼ਾਹ ਵਾਂਗੂੰ ਤੂੰ ਵੀ ਜ਼ਾਲਮ ਹੈ ਤੇ ਛਲ ਕਪਟ ਨਾਲ ਖਾਲਸੇ ਨੂੰ ਖਤਮ ਕਰਨਾ ਚਾਹੁੰਦਾ ਹੈ। ਪਰ ਜਿਨ੍ਹਾਂ ਨੂੰ ਉਸ ਪਰਮਾਤਮਾ ਤੇ ਵਿਸ਼ਵਾਸ ਹੋਵੇ ਉਹਨਾਂ ਨੂੰ ਕੋਈ ਖਤਮ ਨਹੀਂ ਕਰ ਸਕਦਾ ਸਗੋਂ ਜ਼ੁਲਮ ਕਰਨ ਵਾਲਾ ਆਪ ਹੀ ਨਾਸ ਹੋ ਜਾਂਦਾ ਹੈ। ਸਾਡਾ ਖਾਲਸਾ ਤੇਰੇ ਹਰ ਜ਼ੁਲਮ ਦਾ ਟਾਕਰਾ ਕਰ ਕੇ ਤੈਨੂੰ ਤੇ ਤੇਰੇ ਰਾਜ ਨੂੰ ਇਕ ਦਿਨ ਖਤਮ ਕਰਕੇ ਹੀ ਸਾਹ ਲਵੇਗਾ। ਤੈਨੂੰ ਧਰਮ ਦਾ ਰਾਜ ਕਰਕੇ ਜਸ ਖੱਟਣਾ ਚਾਹੀਦਾ ਹੈ। ਇਸ ਹਿਕਾਇਤ ਰਾਹੀ ਔਰੰਗਜ਼ੇਸ ਨੂੰ ਸਿਖਿਆ ਦੇ ਕੇ ਸਤਿਗੁਰੂ ਜੀ ਆਪਣੇ ਗੁਰਦੇਵ ਅਗੇ ਅਰਦਾਸ ਕਰਦੇ ਹਨ:-

## ਬਿਦੇਹ ਸਾਕੀਯਾ ਸਾਗ਼ਰੇ ਸਬਜ਼ ਆਬ॥
## ਕਿ ਬੇਰੂੰ ਬਿਅਫ਼ਤਾਦ ਪਰਦਹ ਨਕਾਬ॥੧੭੮॥

ਬਿਦੇਹ = ਦਿਓ। ਸਾਗ਼ਰੇ = ਪਿਆਲਾ। ਸਬਜ਼ = ਹਰਾ। ਆਬ = ਜਲ। ਬੇਰੂੰ = ਬਾਹਰ। ਬਿਅਫਤਾਦ = ਡਿੱਗ ਪਵੇ। ਪਰਦਹ = ਪੜ੍ਹਦਾ। ਨਕਾਬ = ਘੁੰਡ।

ਹੇ ਮੇਰੇ ਗੁਰਦੇਵ! ਮੈਨੂੰ ਹਰੀ ਦੇ ਨਾਮ ਦਾ ਪਿਆਲਾ ਬਖਸ਼ੋ, ਜਿਸ ਨਾਲ ਮੇਰੇ ਘੁੰਡ ਦਾ

ਪਰਦਾ ਦੂਰ ਹੋ ਜਾਵੇ, ਭਾਵ ਮੇਰੇ ਮਨ ਤੋਂ ਦੂਈ ਦਾ ਪਰਦਾ ਦੂਰ ਹੋ ਜਾਵੇ ਤੇ ਮੈ ਆਪਣੇ ਪ੍ਰੀਤਮ ਦੇ ਖੁਲ੍ਹੇ ਦੀਦਾਰ ਕਰਕੇ ਅਨੰਦ ਪ੍ਰਾਪਤ ਕਰਾਂ॥੧੭੮॥

**ਬਿਦਿਹ ਸਾਕੀਆਂ ਸਬਜ਼ ਰੰਗੇ ਫਿਰੰਗ॥**
**ਕਿ ਵਕਤੇ ਬਕਾਰ ਅਸਤ ਅਜ਼ ਰੋਜ਼ ਜੰਗ॥੧੭੯॥੧੦॥**

ਫਿਰੰਗ = ਪ੍ਰੇਮ ਪਿਆਲਾ। ਬ ਕਾਰ = ਕੰਮ ਆਵੇ।

ਹੇ ਸਤਿਗੁਰੂ ਜੀ! ਮੈਨੂੰ ਹਰੀ ਨਾਮ ਦੇ ਹਰੇ ਰੰਗ (ਪ੍ਰੇਮ) ਦਾ ਪਿਆਲਾ ਬਖਸ਼, ਜੋ ਜੰਗ ਸਮੇਂ ਮੈਨੂੰ ਲੋੜੀਦਾ ਹੈ॥੧੭੯॥੧੦॥

ਭਾਵ = ਹੇ ਗੁਰਦੇਵ! ਮੈਨੂੰ ਪ੍ਰਭੂ ਦਾ ਨਾਮ ਬਖਸ਼ੋ, ਜਿਸ ਦੇ ਆਸਰੇ ਮੈਂ ਕਾਮ ਕ੍ਰੋਧ ਆਦਿਕ ਵਿਕਾਰਾਂ ਨਾਲ ਜੰਗ ਕਰਕੇ ਫ਼ਤਹਿ ਪ੍ਰਾਪਤ ਕਰਾਂ।

## ਹਿਕਾਯਤ ਦਸਵੀਂ ਸਮਾਪਤ

✡ ✡ ✡ ✡ ✡ ✡ ✡

# ਹਿਕਾਯਤ ਗਿਆਰਵੀਂ

## ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

**ਤੁਈਂ ਦਸਤਗੀਰ ਅਸਤ ਦਰ ਮਾਂਦਗਾਂ॥**
**ਤੁਈ ਕਾਰ ਸਾਜ਼ ਅਸਤ ਬੇਚਾਰਗਾਂ॥੧॥**

ਤੁਈਂ = ਤੂੰ ਹੀ। ਦਸਤਗੀਰ = ਹੱਥ ਫੜਨ ਵਾਲਾ (ਆਸਰਾ ਦੇਣ ਵਾਲਾ)। ਦਰ ਮਾਂਦਗਾ = ਦੁਖਾਂ ਅੰਦਰ। ਕਾਰ ਸਾਜ਼ = ਕੰਮ ਸਵਾਰਨ ਵਾਲਾ। ਬੇਚਾਰਗਾਂ = ਗਰੀਬਾਂ, ਲਚਾਰਾਂ।

ਹੇ ਪ੍ਰਭੂ! ਤੂੰ ਹੀ ਦੁਖਾਂ ਅੰਦਰ ਆਸਰਾ ਦੇਣ ਵਾਲਾ ਹੈ। ਗਰੀਬਾਂ (ਨਿਆਸਰਿਆਂ) ਦੇ (ਵਿਗੜੇ) ਕੰਮ ਤੂੰ ਹੀ ਸਵਾਰਦਾ ਹੈਂ॥੧॥

**ਸ਼ਹਿਨਸ਼ਾਹਿ ਬਖ਼ਸ਼ਿੰਦਹਏ ਬੇਨਿਆਜ਼॥**
**ਜ਼ਮੀਨੋ ਜ਼ਮਾਂ ਰਾ ਤੁਈਂ ਕਾਰ ਸਾਜ਼॥੨॥**

ਜ਼ਮਾਂ = ਆਕਾਸ਼।

ਹੇ ਬਾਦਸ਼ਾਹਾਂ ਦੇ ਬਾਦਸ਼ਾਹ! ਤੂੰ ਬਖਸ਼ਣਹਾਰ ਹੈ ਤੇ ਬੇਨਿਆਜ਼ ਹੈ। ਧਰਤੀ ਤੇ ਅਸਮਾਨ ਦੇ ਕੰਮ ਤੂੰ ਹੀ ਕਰਨ ਵਾਲਾ ਹੈ, ਭਾਵ ਲੋਕ ਪ੍ਰਲੋਕ ਦੇ ਸਾਰੇ ਕੰਮ ਤੂੰ ਹੀ ਸਵਾਰਨ ਵਾਲਾ ਹੈ॥੨॥

## ਹਿਕਾਯਤ ਸ਼ੁਨੀਦੇਮ ਸ਼ਾਹਿ ਕਲਿੰਜਰ॥
## ਕੁਨਾਨੀਦ ਯਕ ਦਰ ਚੁ ਅਜ਼ ਕੋਹ ਮੰਜਰ॥੩॥

ਹਿਕਾਯਤ = ਕਹਾਣੀ। ਸ਼ੁਨੀਦੇਮ = ਮੈ ਸੁਣੀ ਹੈ। ਕਲਿੰਜਰ = ਦੇਸ਼ ਦਾ ਨਾਮ ਹੈ। ਕੁਨਾਨੀਦ = ਬਣਵਾਇਆ। ਦਰ = ਦਰਵਾਜ਼ਾ। ਕੋਹ = ਪਹਾੜ। ਮੰਜਰ = ਦਰਸ਼ਨੀ।

ਐ ਔਰੰਗਜ਼ੇਬ! ਮੈਂ ਕਲਿੰਜ਼ਰ ਦੇਸ਼ ਦੇ ਬਾਦਸ਼ਾਹ ਦੀ ਕਹਾਣੀ ਸੁਣੀ ਹੈ, ਜਿਸ ਨੇ ਇਕ ਪਹਾੜ ਜਿੱਡਾ ਉੱਚਾ ਦਰਸ਼ਨੀ ਦਰਵਾਜ਼ਾ ਬਣਵਾਇਆ ਸੀ॥੩॥

## ਯਕੇ ਪਿਸਰ ਓ ਬੂਦ ਹੁਸਨਲ ਜਮਾਲ॥
## ਕਿ ਲਾਇਕ ਜਹਾਂ ਬੂਦ ਅਜ਼ ਮੁਲਕ ਮਾਲ॥੪॥

ਪਿਸਰ = ਪੁੱਤਰ। ਬੂਦ = ਸੀ। ਹੁਸਨਲ ਜਮਾਲ = ਬਹੁਤ ਸੁੰਦਰ। ਲਾਇਕ = ਯੋਗ।

ਉਸ ਦਾ ਇਕ ਬੜਾ ਸੁੰਦਰ ਪੁੱਤਰ ਸੀ, ਜੋ ਮਾਲ ਤੇ ਮੁਲਕ ਦੀ ਸੰਭਾਲ ਕਰਨ ਵਿਚ ਬੜਾ ਲਾਇਕ ਸੀ॥੪॥

## ਯਕੇ ਸ਼ਾਹਿ ਓ ਜਾਵ ਦੁਖ਼ਤਰ ਅਜ਼ੋ॥
## ਕਿ ਦੀਗਰ ਨ ਜ਼ਨ ਬੂਦ ਸਮਨ ਬਰਗਜ਼ੋ॥੫॥

ਸ਼ਾਹਿ = ਸ਼ਾਹੂਕਾਰ।ਦੁਖ਼ਤਰ = ਲੜਕੀ।ਜ਼ਨ = ਇਸਤਰੀ।ਸਮਨ = ਚੰਬੇਲੀ।ਬਰਗਜ਼ = ਪਤਾ।

ਉਸੇ ਜਗ੍ਹਾ (ਸ਼ਹਿਰ ਵਿਚ) ਇਕ ਸ਼ਾਹੂਕਾਰ ਦੇ ਘਰ ਇਕ ਲੜਕੀ ਸੀ, ਜੋ ਚੰਬੇਲੀ ਦੇ ਪੱਤਰ ਵਰਗੀ ਕੋਮਲ ਸੀ। ਉਸ ਵਰਗੀ ਸੁੰਦਰ ਹੋਰ ਕੋਈ ਇਸਤਰੀ ਨਹੀਂ ਸੀ॥੫॥

## ਵਜਾਂ ਦੁਖ਼ਤਰੇ ਸ਼ਾਹ ਆਂ ਪਿਸਰ ਸ਼ਾਹ॥
## ਸ਼ੁਦ ਆਸ਼ੁਫਤਹ ਬਰ ਵੈ ਚੁ ਬਰ ਸ਼ਮਸ ਮਾਹ॥੬॥

ਪਿਸਰਿ ਸ਼ਾਹਿ = ਬਾਦਸ਼ਾਹ ਦਾ ਪੁੱਤਰ। ਸ਼ੁਦ ਆਸ਼ੁਫਤਹ = ਮੋਹਤ ਹੋ ਗਈ। ਸ਼ਮਸ = ਸੂਰਜ। ਮਾਹ = ਚੰਦਰਮਾਂ।

ਉਹ ਲੜਕੀ ਉਸ ਬਾਦਸ਼ਾਹ ਦੇ ਪੁੱਤਰ ਉਪਰ ਇਸ ਤਰ੍ਹਾਂ ਮੋਹਤ ਹੋ ਗਈ, ਜਿਵੇਂ ਚੰਦਰਮਾਂ ਸੂਰਜ ਉਤੇ ਹੁੰਦਾ ਹੈ॥੬॥

## ਬਿਗੋਯਦ ਕਿ ਏ ਸ਼ਾਹ ਮਾ ਰਾ ਬਿਕੁਨ॥

ਕਿ ਦਹਿਸ਼ਤ ਕਸੇ ਮਰਦ ਦੀਗਰ ਮਕੁਨ॥੭॥

ਬਿਗੋਯਦ = ਕਿਹਾ। ਬਿਕੁਨ = ਕਰ ਲੈ। ਦਹਿਸ਼ਤ = ਡਰ। ਮਕੁਨ = ਨਾ ਕਰ।

ਉਸ ਲੜਕੀ ਨੇ ਇਕ ਦਿਨ ਉਸ ਬਾਦਸ਼ਾਹ ਦੇ ਪੁੱਤਰ ਨੂੰ ਕਿਹਾ ਕਿ ਤੂੰ ਮੈਨੂੰ ਆਪਣੀ (ਇਸਤਰੀ) ਬਣਾ ਲੈ। ਇਸ ਸਬੰਧੀ ਤੈਨੂੰ ਕਿਸੇ ਦੂਸਰੇ ਮਰਦ ਤੋਂ ਡਰਨ ਦੀ ਲੋੜ ਨਹੀਂ॥੭॥

ਸ਼ੁਨੀਦਮ ਕਿ ਦਰ ਸ਼ਾਹਿ ਹਿੰਦੋਸਤਾਂ॥
ਕਿ ਨਾਮੇ ਵਜ਼ਾ ਸ਼ੇਰ ਸ਼ਾਹੇ ਵਜ਼ਾਂ॥੮॥

ਸ਼ੁਨੀਦਮ = ਸੁਣਿਆ ਹੈ। ਦਰ = ਵਿਚ। ਵਜ਼ਾਂ = ਉਸਦਾ।

ਬਾਦਸ਼ਾਹ ਦੇ ਲੜਕੇ ਨੇ ਕਿਹਾ ਕਿ ਮੈਂ ਸੁਣਿਆ ਹੈ ਕਿ ਹਿੰਦੁਸਤਾਨ ਵਿਚ ਇਕ ਬਾਦਸ਼ਾਹ ਹੈ. ਉਸਦਾ ਨਾ ਸ਼ੇਰ ਸ਼ਾਹ ਹੈ॥੮॥

ਚੁਨਾਂ ਨਸ਼ਤ ਦਸਤੂਰ ਮੁਲਕੇ ਖ਼ੁਦਾ॥
ਬ ਯਕ ਦਾਨ ਬੇਗਾਨ ਰੇਜ਼ਦ ਜੁਦਾ॥੯॥

ਚੁਨਾਂ ਨਸਤ = ਅਜਿਹਾ ਹੈ। ਦਸਤੂਰ = ਨਿਯਮ। ਰੇਜ਼ਦ = ਰਖਦੇ। ਜੁਦਾ = ਵਖਰਾ।

ਉਸ ਦੇਸ਼ ਦੇ ਬਾਦਸ਼ਾਹ (ਸ਼ੇਰ ਸ਼ਾਹ) ਦਾ ਇਹ ਨਿਯਮ ਹੈ ਕਿ ਉਹ ਆਪਣੇ ਦਾਣਿਆਂ ਨਾਲ ਇਕ ਦਾਣਾ ਵੀ ਬੇਗਾਨਾ ਰਲਿਆ ਵੇਖਦਾ ਹੈ ਤਾਂ ਉਸ ਨੂੰ ਵਖਰਾ ਕਰ ਦੇਂਦਾ ਹੈ॥੯॥

ਬਿ ਗੀਰੰਦ ਸ਼ਾਹੀ ਬਿਅਫ਼ਤਾਦ ਤੁਰਗ॥
ਬ ਪੇਸ਼ੇ ਗੁਰੇਜ਼ਦ ਚੁ ਅਜ਼ ਬਾਜ਼ ਮੁਰਗ॥੧੦॥

ਗੀਰੰਦ = ਫੜਦਾ।ਸ਼ਾਹੀ = ਬਹਿਰੀ।ਬਿਅਫਤਾਦ = ਸੁਟਿਆ।ਤੁਰਗ = ਪੰਛੀ।ਬਪੇਸ਼ੇ = ਅਗੇ। ਗੁਰੇਜ਼ਦ = ਦੌੜਦਾ। ਮੁਰਗ = ਕੁਕੜ।

ਉਹ ਬਾਦਸ਼ਾਹ ਆਪਣੇ ਦੁਸ਼ਮਨ ਨੂੰ ਇਉਂ ਫੜਦਾ ਸੀ ਜਿਵੇਂ ਬਹਿਰੀ ਪੰਛੀ ਹੋਰ ਪੰਛੀਆਂ ਨੂੰ ਫੜਦਾ ਹੈ। ਉਸ ਦੇ ਅਗ਼ੇ ਵੈਰੀ ਇਉਂ ਭਜਦੇ ਸਨ, ਜਿਵੇਂ ਬਾਜ਼ ਨੂੰ ਵੇਖ ਕੇ ਕੁੱਕੜ ਦੌੜਦੇ ਹਨ॥੧੦॥

ਬਗੀਰਦ ਅਜ਼ੋ ਹਰ ਦੁ ਅਸਪੇ ਕਲਾਂ॥
ਕਿ ਮੁਲਕੋ ਅਰਾਕਸ਼ ਬਿਆਮਦ ਅਜ਼ਾਂ॥੧੧॥

ਬਗੀਰਦ = ਲਏ। ਅਜ਼ੋ = ਉਸ ਤੋਂ। ਹਰ ਦੋ = ਦੋਵੇਂ। ਅਸਪੇ = ਘੋੜੇ। ਕਲਾਂ = ਵਡੇ। ਅਰਾਕਸ਼ = ਇਰਾਕ। ਬਿਆਮਦ = ਆਏ।

ਬਾਦਸ਼ਾਹ ਸ਼ੇਰ ਸ਼ਾਹ ਨੂੰ ਇਕ ਸੁਦਾਗਰ ਨੇ ਦੋ ਵਡੇ ਘੋੜੇ ਦਿੱਤੇ ਹਨ ਜੋ ਕਿ ਇਰਾਕ ਦੇਸ਼ ਤੋਂ ਉਸ ਕੋਲ ਆਏ ਸਨ॥੧੧॥

## ਕਿ ਬਖ਼ਸ਼ੀਦ ਓ ਰਾ ਬਸੇ ਜ਼ਰ ਦੁ ਫ਼ੀਲ॥
## ਕਿ ਬੇਰੂੰ ਬਿਆਵੁਰਦ ਦਰੀਯਾਇ ਨੀਲ॥੧੨॥

ਬਖਸ਼ੰਦ = ਦਿੱਤੇ। ਜ਼ਰ = ਸੋਨਾ। ਫੀਲ = ਹਾਥੀ। ਬੇਰੂੰ = ਬਾਹਰ। ਬਿਆਵੁਰਦ = ਲਿਆਇਆ।

(ਬਾਦਸ਼ਾਹ ਨੇ) ਉਸ (ਸੁਦਾਗਰ ਨੂੰ) ਬਹੁਤ ਸਾਰਾ ਸੋਨਾ ਤੇ ਦੋ ਹਾਥੀ ਦਿੱਤੇ ਸਨ, ਜਿਹੜਾ ਕਿ ਘੋੜਿਆਂ ਨੂੰ ਨੀਲ ਦਰਿਆ ਦੇ ਪਾਰੋਂ ਲਿਆਇਆ ਸੀ॥੧੨॥

## ਯਕੇ ਨਾਮ ਰਾਹੋ ਸੁਰਾਹੋ ਦਿਗਰ॥
## ਚੁ ਆਹੂ ਕਲਾਂ ਪਾਇ ਅਜ਼ੀਮੇ ਦੁ ਨਰ॥੧੩॥

ਆਹੂ = ਹਿਰਨ। ਅਜ਼ੀਮੇ = ਵਡੇ।

ਇਕ ਘੋੜੇ ਦਾ ਨਾਂ ਰਾਹੋ ਹੈ ਤੇ ਦੂਜੇ ਦਾ ਸੁਰਾਹੋ ਹੈ। ਉਹ ਘੋੜੇ ਵਡੇ ਹਿਰਨ ਵਰਗੀ ਚਾਲ ਵਾਲੇ ਹਨ ਅਤੇ ਬੜੇ ਕੀਮਤੀ ਸਨ। ਜਾਂ ਇਉਂ ਜਾਣੋ ਕਿ ਉਹ ਦੋਵੇਂ ਸਿਆਣਪ ਵਜੋਂ ਦੋ ਮਨੁੱਖ ਹਨ॥੧੩॥

## ਅਗਰ ਅਸਪ ਹਰਦੋ ਅਜ਼ਾ ਮੇ ਦਿਹਦ॥
## ਵਜ਼ਾਂ ਪਸ ਤੁਰਾ ਖ਼ਾਨਹ ਬਾਨੂੰ ਕੁਨਦ॥੧੪॥

ਅਜ਼ਾਂ = ਉਸ ਤੋਂ। ਮੇ ਦਿਹਦ = ਲਿਆ ਦੇਵੇਂ। ਵਜ਼ਾਂ ਪਸ = ਉਸ ਤੋਂ ਪਿਛੋਂ। ਬਾਨੂੰ = ਇਸਤਰੀ।

ਜੇ ਉਹ ਦੋਵੇਂ ਘੋੜੇ ਤੂੰ ਮੈਨੂੰ ਲਿਆ ਦੇਵੇਂ ਤਾਂ ਉਸ ਤੋਂ ਪਿਛੋਂ ਮੈ ਤੈਨੂੰ ਆਪਣੀ ਇਸਤਰੀ ਬਣਾ ਲਵਾਂਗਾ॥੧੪॥

## ਸ਼ੁਨੀਦ ਈਂ ਸੁਖ਼ਨ ਰਾ ਹਮੀ ਸ਼ੁਦ ਰਵਾਂ॥
## ਬਿਯਾਮਦ ਬ ਸ਼ਹਮ ਸ਼ਾਹ ਹਿੰਦੋਸਤਾਂ॥੧੫॥

ਬਿਯਾਮਦ = ਆਈ।

ਇਹ ਗੱਲ (ਉਸ ਲੜਕੀ ਨੇ) ਸੁਣੀ ਤੇ ਉਹ ਤੁਰ ਪਈ ਅਤੇ ਹਿੰਦੁਸਤਾਨ ਦੇ ਬਾਦਸ਼ਾਹ ਸ਼ੇਰ ਸ਼ਾਹ ਦੇ ਸ਼ਹਿਰ ਵਿਚ ਆ ਗਈ॥੧੫॥

## ਨਿਸ਼ਸਤੰਦ ਬਰ ਰੋਦ ਜਮਨਾ ਲਬਆਬ॥
## ਬਿ ਬੁਰਦੰਦ ਬਾਦਹ ਕੁਰਦੰਦ ਕਬਾਬ॥੧੬॥

ਨਿਸ਼ਿਸਤੰਦ = ਬੈਠ ਗਈ। ਰੌਇ = ਨਦੀ। ਲਬਿ = ਕੰਢੇ। ਬਿਬੁਰਦੰਦ = ਲੈ ਗਈ। ਬਾਦਹ = ਸ਼ਰਾਬ। ਕੁਰਦੰਦ = ਖਾਧਾ। ਕਬਾਬ = ਮਾਸ।

ਉਹ ਲੜਕੀ ਜਮਨਾ ਦਰਿਆ ਦੇ ਪਾਣੀ ਦੇ ਕੰਢੇ ਉਤੇ ਬੈਠ ਗਈ ਤੇ ਉਹ ਆਪਣੇ ਨਾਲ ਸ਼ਰਾਬ ਤੇ ਕਬਾਬ ਲੈ ਗਈ। ਉਹ ਸ਼ਰਾਬ ਉਸ ਨੇ ਪੀਤੀ ਤੇ ਮਾਸ ਖਾਧਾ।।੧੬।।

## ਪਸੇ ਦੋ ਬਰਾਮਦ ਸ਼ਬੇ ਚੂੰ ਸਿਯਾਹ।।
## ਰਵਾਂ ਕਰਦ ਆਬਸ਼ ਬਸੇ ਪੁਸ਼ਤ ਕਾਹ।।੧੭।।

ਪਸੇ ਦੋ = ਦੋ ਪਹਿਰ। ਸ਼ਬੇ = ਰਾਤ। ਸਿਆਹ = ਕਾਲੀ। ਪੁਸ਼ਤ = ਪੂਲੇ। ਕਾਹ = ਘਾਹ।

ਜਦ ਹਨੇਰੀ ਰਾਤ ਦੇ ਦੋ ਪਹਿਰ ਬੀਤ ਗਏ, ਤਦ ਉਸ ਨੇ ਬਹੁਤ ਸਾਰੇ ਘਾਹ ਦੇ ਪੂਲਿਆਂ ਨੂੰ ਪਾਣੀ ਵਿਚ ਰੋੜ੍ਹ ਦਿੱਤਾ।।੧੭।।

## ਬ ਦੀਦੰਦ ਓ ਰਾ ਬਸ਼ੇ ਪਾਸਬਾਂ।।
## ਬ ਤੁੰਦੀ ਦਰਾਮਦ ਬ ਤਾਬਸ਼ ਹਮਾਂ।।੧੮।।

ਦੀਦੰਦ = ਵੇਖਿਆ। ਬਸੇ = ਬਹੁਤੇ। ਪਾਸਬਾਂ = ਪਹਿਰੇਦਾਰ। ਤੁੰਦੀ = ਕਰੋਧ। ਤਾਬਸ਼ = ਚਮਕੇ।

ਜਦੋਂ ਉਹਨਾਂ ਪਹਿਰੇਦਾਰਾਂ ਨੇ ਮਸਾਲਾਂ ਦੇ ਚਾਨਣੇ ਵਿਚ ਉਨ੍ਹਾਂ ਪੂਲਿਆਂ ਨੂੰ ਵੇਖਿਆਂ ਤਾਂ ਉਹ ਬੜੇ ਕਰੋਧ ਵਿਚ ਆਏ।।੧੮।।

## ਬਸੇ ਬਰ ਵੈ ਬੰਦੂਕ ਬਾਰਾਂ ਕੁਨਦ।।
## ਚੁ ਬਾ ਬਰਕ ਅਬਰਸ਼ ਬਹਾਰਾਂ ਕੁਨਦ।।੧੯।।

ਬਾਰਾਂ = ਬਰਖਾ। ਬਰਕ = ਬਿਜਲੀ। ਅਬਰਸ਼ = ਬੱਦਲ।

ਉਹਨਾਂ ਪਹਿਰੇਦਾਰਾਂ ਨੇ ਉਨ੍ਹਾਂ ਪੂਲਿਆਂ ਤੇ ਗੋਲੀਆਂ ਦੀ ਏਨੀ ਵਰਖਾ ਕੀਤੀ ਕਿ ਜਿਵੇਂ ਬਰਸਾਤ ਵਿਚ ਬਿਜਲੀ ਸਮੇਤ ਬੱਦਲ ਵਰਸਦੇ ਹਨ।।੧੯।।

## ਹਮੀ ਵਜ਼ਹ ਕਰਦੰਦ ਦੁ ਸਿਹ ਚਾਰ ਬਾਰ।।
## ਹਮ ਆਖ਼ਰ ਕੁਨਦ ਖਾਬ ਖੁਫਤ ਇਖਤੀਯਾਰ।।੨੦।।

ਹਮੀ ਵਜ਼ਹ = ਇਸੇ ਤਰ੍ਹਾਂ ਕਰਦੰਦ = ਕੀਤਾ। ਹਮ ਆਖਿਰ = ਅੰਤ ਨੂੰ। ਖਾਬ = ਨੀਂਦ। ਖੁਫਤ = ਸੌਣਾ।

ਉਸ ਲੜਕੀ ਨੇ ਇਸੇ ਤਰ੍ਹਾਂ ਦੋ ਤਿੰਨ ਚਾਰ ਵਾਰੀ ਪੂਲਿਆਂ ਨੂੰ ਰੋੜ੍ਹਿਆ। ਅਖੀਰ ਰਾਖੇ ਨੀਂਦ ਆ ਜਾਣ ਕਰਕੇ ਸੌਂ ਗਏ।।੨੦।।

Namdhari Elibrary NamdhariElibrary@gmail.com

ਬਿਦਾਨਦ ਕਿ ਖੁਫਤਹ ਸ਼ਵਦ ਪਾਸਬਾਂ॥
ਬ ਪਯ ਮੁਰਦ ਸ਼ੁਦ ਹਮ ਚੁ ਜ਼ਖਮੇ ਯਲਾਂ॥੨੧॥

ਦਾਨਦ = ਜਾਣ ਲਿਆ। ਖੁਫਤਹ ਸ਼ੁਦ = ਸੌਂ ਗਏ। ਜ਼ਖਮਿ = ਫੱਟੜ। ਯਲਾਂ = ਸੂਰਮਿਆਂ।

ਲੜਕੀ ਨੇ ਜਾਣ ਲਿਆ ਕਿ ਰਾਖੇ ਸੌਂ ਗਏ ਹਨ। ਐਸੀ ਨੀਂਦ ਸੁੱਤੇ ਹਨ ਕਿ ਜਿਵੇਂ ਮੁਰਦੇ ਹੋਣ ਜਾਂ ਜ਼ਖਮੀ ਹੋਏ ਸੂਰਮੇ ਲੰਮੇ ਪਏ ਹੋਣ॥੨੧॥

ਰਵਾਂ ਕਰਦ ਓ ਜਾ ਬਿਆਮਦ ਅਜ਼ਾਂ॥
ਕਿ ਬੁਨ ਗਾਹ ਅਜ਼ ਸ਼ਾਹ ਕਰਖੇ ਗਿਰਾਂ॥੨੨॥

ਰਵਾਂ ਕਰਦ = ਤੁਰ ਪਈ। ਓ ਜਾ = ਉਸ ਜਗ੍ਹਾ ਤੋਂ। ਬਿਆਮਦ = ਆ ਗਈ। ਅਜ਼ਾਂ = ਉਥੇ। ਬੁਨ = ਨੀਹ। ਕਰਖੇ = ਅਟਾਰੀ। ਗਿਰਾਂ = ਭਾਰੀ।

ਉਹ ਉਥੋਂ ਤੁਰ ਪਈ ਤੇ ਉਸ ਥਾਂ ਆ ਗਈ, ਜਿਥੇ ਬਾਦਸ਼ਾਹ ਦੀ ਵਡੀ ਅਟਾਰੀ ਦੀ ਨੀਹ ਸੀ, ਅਰਥਾਤ ਕਿਲ੍ਹੇ ਦੇ ਪਿਛਵਾੜੇ ਪਹੁੰਚ ਗਈ॥੨੨॥

ਘਰੀ ਰਾ ਬਿਕੋਬਦ ਘਰੀਯਾ ਘਰੀਯਾਰ॥
ਵਜ਼ਾਂ ਮੇਖ ਕੋਬਦ ਬ ਪੁਸ਼ਤੇ ਦੀਵਾਰ॥੨੩॥

ਘਰੀ = ਘੜਿਆਲ। ਬਿਕੋਬਦ = ਵਜਾਉਂਦਾ। ਘਰੀਯਾ ਘਰੀਯਾਰ = ਘੜਿਆਲ ਵਜਾਉਣ ਵਾਲਾ। ਮੇਖ = ਕਿੱਲੀ। ਕੋਬਦ = ਠੋਕਦੀ। ਬ ਪੁਸ਼ਤੇ = ਪਿੱਠ।

ਘੜਿਆਲੀਆਂ ਜਦੋਂ ਘੜਿਆਲ ਵਜਾਉਂਦਾ ਸੀ, ਓਦੋਂ ਹੀ ਉਹ ਪਿਛਲੀ ਕੰਧ ਵਿਚ ਕਿੱਲ ਠੋਕ ਦੇਂਦੀ ਸੀ॥੨੩॥

ਚੁਨਾਂ ਤਾ ਦਰਾਮਦ ਦੀਵਾਰੇ ਅਜ਼ੀਮ॥
ਦੁ ਅਸਪਸ਼ ਨਜ਼ਰ ਕਰਦ ਹੁਕਮੇ ਕਰੀਮ॥੨੪॥

ਬਰਾਮਦ = ਆ ਗਈ। ਦੀਵਾਰੇ ਅਜ਼ੀਮ = ਵੱਡੀ ਕੰਧ। ਅਸਪਸ਼ = ਘੋੜਿਆਂ। ਨਜ਼ਰ ਕਰਦ = ਵੇਖੇ।

ਇਸ ਤਰ੍ਹਾਂ ਉਹ ਕਿੱਲੀਆਂ ਦੇ ਆਸਰੇ ਚੜ੍ਹ ਕੇ ਉਸ ਵਡੀ ਕੰਧ ਉਪਰ ਆ ਗਈ। ਰੱਬ ਦੇ ਹੁਕਮ ਨਾਲ ਉਸ ਨੇ ਦੋਵੇ ਘੋੜੇ ਵੇਖ ਲਏ॥੨੪॥

ਯਕੇ ਰਾ ਬਿਜ਼ਦ ਤਾ ਅਜ਼ੋ ਨੀਮ ਕਰਦ॥
ਦਰੇ ਪਾਸਬਾਨੇ ਬਰ ਅਜ਼ ਨੀਮ ਕਰਦ॥੨੫॥

ਯਕੇ ਰਾ = ਇਕ ਨੂੰ। ਬਿਜ਼ਦ = ਮਾਰੀ। ਨੀਮ ਕਰਦ = ਅੱਧਾ ਕਰ ਦਿੱਤਾ। ਦਰੇ = ਬੂਹਾ। ਪਾਸਬਾਨੇ = ਰਖਵਾਲੀ।

ਉਸ ਲੜਕੀ ਨੇ ਇਕ ਰਾਖੇ ਨੂੰ ਤਲਵਾਰ ਮਾਰੀ ਤੇ ਉਸ ਨੂੰ ਅੱਧਾ ਕਰ ਦਿੱਤਾ ਅਰਥਾਤ ਦੋ ਟੁਕੜੇ ਕਰ ਦਿੱਤਾ। ਬੂਹੇ ਦੀ ਰਖਵਾਲੀ ਕਰਨ ਵਾਲੇ ਪਹਿਰੇਦਾਰ ਨੂੰ ਮਾਰ ਕੇ ਦੋ ਟੁਕੜੇ ਕਰ ਦਿੱਤਾ॥੨੫॥

**ਦਿਗਰ ਰਾ ਬਿਜ਼ਦ ਤਾ ਜੁਦਾ ਗਸ਼ਤ ਸਰ॥**
**ਸਿਯਮ ਰਾ ਬਿ ਕੁਸ਼ਤਨ ਸ਼ਵਦ ਖ਼ੂੰਨ ਤਰ॥੨੬॥**

ਦਿਗਰ ਰਾ = ਦੂਜੇ ਨੂੰ। ਗਸ਼ਤ = ਹੋ ਗਿਆ। ਕੁਸ਼ਤਨ = ਮਾਰਿਆ। ਸ਼ਵਦ = ਹੋ ਗਿਆ। ਖ਼ੂੰਨ ਤਰ = ਖੂਨ ਨਾਲ ਤਰ।

ਦੂਜੇ ਨੂੰ ਤਲਵਾਰ ਮਾਰੀ ਤਾਂ ਉਸ ਦਾ ਸਿਰ ਵਖਰਾ ਹੋ ਗਿਆ। ਤੀਸਰੇ ਨੂੰ ਮਾਰਿਆ ਤਾਂ ਉਹ ਖੂਨ ਨਾਲ ਲਥ ਪਥ ਹੋ ਗਿਆ॥੨੬॥

**ਚੁਅਮ ਰਾ ਜੁਦਾ ਕਰਦ ਪੰਜਮ ਬਕੁਸ਼ਤ॥**
**ਸ਼ਸ਼ਮ ਰਾ ਬਕੁਸ਼ਤੰਦ ਜਮਦਾਰ ਮੁਸ਼ਤ॥੨੭॥**

ਜਮਦਾਰ = ਕਟਾਰ। ਮੁਸ਼ਤ = ਮੁੱਠ।

ਚੌਥੇ ਦਾ ਸਿਰ ਵਖਰਾ ਕੀਤਾ, ਪੰਜਵੇ ਨੂੰ ਮਾਰ ਦਿੱਤਾ ਤੇ ਛੇਵੇਂ ਨੂੰ ਕਟਾਰ ਨਾਲ ਕੋਹ ਦਿੱਤਾ॥੨੭॥

**ਸ਼ਸ਼ਮ ਚੌਕੀਅਸ ਕੁਸ਼ਤ ਆਮਦ ਅਜ਼ਾਂ॥**
**ਕਿ ਹਫ਼ਤਸ ਗਿਰਾਂ ਬੁਦ ਚੌਕੀ ਗਿਰਾਂ॥੨੮॥**

ਸ਼ਸ਼ਮ = ਛੇਵਾਂ। ਆਮਦ = ਆਈ। ਹਫ਼ਤਸ਼ = ਸਤਵਾਂ।

ਛੇਵੇਂ ਚੌਕੀਦਾਰ ਨੂੰ ਮਾਰ ਕੇ ਉਹ ਉਸ ਜਗ੍ਹਾ ਆਈ, ਜਿਥੇ ਵਡੀ ਚੌਕੀ ਤੇ ਸਤਵਾਂ ਚੌਕੀਦਾਰ ਖੜਾ ਸੀ॥੨੮॥

**ਕਿ ਹਫ਼ਤੁਮ ਹਮੀ ਕੁਸ਼ਤ ਜ਼ਖ਼ਮੇ ਅਜ਼ੀਮ॥**
**ਕਿ ਦਸਤਸ਼ ਕੁਨਦ ਰਖਸ਼ ਹੁਕਮੇ ਕਰੀਮ॥੨੯॥**

ਜ਼ਖਮੇ = ਫੱਟੇ। ਦਸਤਸ਼ = ਹੱਥ। ਰਖਸ਼ = ਘੋੜਾ।

ਸਤਵੇਂ ਚੌਕੀਦਾਰ ਨੂੰ ਵੀ ਸਖਤ ਜ਼ਖਮੀ ਕਰਕੇ ਖਤਮ ਕਰ ਦਿੱਤਾ। ਫਿਰ ਰੱਬ ਦੇ ਹੁਕਮ ਨਾਲ ਉਸ ਨੇ ਘੋੜੇ ਤੇ ਹੱਥ ਰਖਿਆ॥੨੯॥

Namdhari Elibrary NamdhariElibrary@gmail.com

************************************************************

ਚੁਨਾ ਤਾਜ਼ੀਆਨਹ ਬਿਜ਼ਦ ਤਾਜ਼ੀਅਸ਼।।
ਕਿ ਬਾਲਾ ਬਿਯਾਮਦ ਬ ਜ਼ਮਨ ਅੰਦਰਸ਼।।੩੦।।

ਚੁਨਾ = ਅਜਿਹਾ। ਤਾਜ਼ੀਆਨਹ = ਚਾਬਕ। ਬਿਜ਼ਦ = ਮਾਰੀ। ਤਾਜ਼ੀਅਸ = ਘੋੜਾ। ਬਾਲਾ = ਉਪਰ। ਬਿਯਾਮਦ = ਆ ਗਿਆ। ਜਮਨ = ਜਮਨਾ। ਅੰਦਰਸ਼ = ਵਿਚ।

ਉਸ ਨੇ ਘੋੜੇ ਤੇ ਚੜ੍ਹ ਕੇ ਉਸ ਨੂੰ ਐਸੀ ਚਾਬਕ ਮਾਰੀ ਕਿ ਘੋੜਾ ਦੀਵਾਰ ਦੇ ਉਪਰੋਂ ਟਪ ਕੇ ਜਮਨਾ ਦਰਿਆ ਵਿਚ ਆ ਗਿਆ।।੩੦।।

ਵਗਸ਼ਤਨ ਦਰਾਬੇ ਬ ਬੇਰੂੰ ਅਜ਼ਾਂ।।
ਕਿ ਹੈਰਤ ਬਿਮਾਂਦੰਦ ਸ਼ਾਹੇ ਜ਼ਹਾਂ।।੩੧।।

ਵਗਸ਼ਤਨ = ਫਿਰਦਾ। ਦਰਾਬੇ = ਪਾਣੀ ਵਿਚ। ਬੇਰੂੰ = ਬਾਹਰ। ਹੈਰਤ = ਹੈਰਾਨ। ਬਿਮਾਂਦੰਦ = ਰਹਿ ਗਿਆ।

ਘੋੜਾ ਪਾਣੀ ਵਿਚ ਫਿਰਦਾ ਫਿਰਾਂਦਾ ਬਾਹਰ ਆ ਗਿਆ। ਸੰਸਾਰ ਦਾ ਬਾਦਸ਼ਾਹ ਇਹ ਕੌਤਕ ਵੇਖ ਕੇ ਹੈਰਾਨ ਰਹਿ ਗਿਆ।।੩੧।।

ਕਿ ਦੰਦਾ ਖੁਰਦ ਦਸਤ ਅਜ਼ ਸ਼ੇਰ ਸ਼ਾਹ।।
ਬ ਹੈਰਤ ਹਮੀ ਰਫ਼ਤ ਆਲਮ ਪਨਾਹ।।੩੨।।

ਖੁਰਦ-ਖਾਧਾ। ਰਫਤ = ਚਲਾ ਗਿਆ। ਆਲਮ ਪਨਾਹ = ਸੰਸਾਰ ਦਾ ਆਸਰਾ (ਬਾਦਸ਼ਾਹ)।

ਬਾਦਸ਼ਾਹ ਸ਼ੇਰ ਸ਼ਾਹ ਨੇ ਬੜੇ ਗੁੱਸੇ ਵਿਚ ਆਪਣੇ ਹੱਥਾਂ ਨੂੰ ਦੰਦੀਆਂ ਵੱਢੀਆਂ। ਇਹ ਕੌਤਕ ਵੇਖ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ।।੩੨।।

ਕਿ ਮਾਰਾ ਕੁਜ਼ਾ ਬੁਰਦ ਅਸਪੇ ਅਜ਼ੀਮ।।
ਕਿ ਬਖ਼ਸ਼ੀਦ ਓ ਹਮ ਚੁ ਕਸਮੇ ਕਰੀਮ।।੩੩।।

ਕਿ = ਕਿਹੜਾ। ਮਾਰਾ = ਮੇਰਾ। ਕੁਜਾ = ਕਿਥੇ। ਬੁਰਦ = ਲੈ ਗਿਆ। ਅਸਪਿ ਅਜ਼ੀਮ = ਵਡਾ ਘੋੜਾ।

ਉਹ ਕਹਿਣ ਲੱਗਾ ਕਿ ਇਹੋ ਜਿਹਾ ਕਿਹੜਾ ਆਦਮੀ ਹੈ, ਜੋ ਮੇਰੇ ਵੱਡੇ ਘੋੜੇ ਨੂੰ ਚੁਰਾ ਕੇ ਲੈ ਗਿਆ ਹੈ? ਮੈਨੂੰ ਰੱਬ ਦੀ ਕਸਮ ਹੈ, ਜੇ ਉਹ ਮੇਰੇ ਸਾਹਮਣੇ ਆ ਜਾਵੇ ਤਾਂ ਮੈਂ ਉਸ ਨੂੰ ਮਾਫ ਕਰ ਦਿਆਂਗਾ।।੩੩।।

ਦਰੇਗ਼ਾ ਅਗਰ ਰੂਹਿ ਓ ਦੀਦਮੇ।।
ਬ ਸਦ ਗੰਜ ਸਰਬਸਤ ਬਖ਼ਸ਼ੀਦਮੇ।।੩੪।।

Namdhari Elibrary NamdhariElibrary@gmail.com

ਦਰੇਗ਼ਾ = ਅਫਸੋਸ। ਰੁਇਏ = ਮੂੰਹ। ਦੀਦਮੇ = ਵੇਖਾਂ। ਸਦ = ਸੌ। ਗੰਜ = ਖਜ਼ਾਨਾ। ਸਰਬਸਤ = ਮੂੰਹੋਂ ਮੂੰਹ ਭਰਿਆ। ਬਖਸ਼ੀਦ ਮੇਂ = ਮੈਂ ਬਖਸ਼ਾਂਗਾ।

ਪਰ ਅਫਸੋਸ! ਜੇ ਮੈ ਉਸ ਸੂਰਮੇ ਦੇ ਦਰਸ਼ਨ ਕਰ ਲਵਾਂ ਤਾਂ ਮੈ ਉਸ ਨੂੰ ਇਕ ਸੌ ਥੈਲੀ ਖ਼ਜ਼ਾਨੇ ਵਿਚੋਂ ਨੱਕੋ ਨੱਕ ਭਰੀ ਹੋਈ ਦਿਆਂਗਾ।।੩੪।।

**ਕਿ ਹੈਫ਼ਸਤ ਗਰੋ ਦੀਦਏ ਯਾਫ਼ਤਮ।।**
**ਬ ਜਾਏ ਦਿਗਰ ਦਿਲ ਨਜ਼ੋ ਤਾਫ਼ਤਮ।।੩੫।।**

ਹੈਫ਼ਸਤ = ਅਫ਼ਸੋਸ ਹੈ। ਦੀਦਏ = ਵੇਖਣਾ। ਯਾਫਤਮ = ਪਾਉਂਦਾ। ਜਾਇ = ਜਗ੍ਹਾ। ਤਾਫਤਮ = ਫੇਰਦਾ।

ਅਫਸੋਸ ਹੈ ਕਿ ਜੇ ਮੈ ਉਸ ਨੂੰ ਵੇਖ ਲੈਂਦਾ ਤਾਂ ਮੈ ਉਸ ਜਗ੍ਹਾ ਵਲੋਂ ਆਪਣੇ ਦਿਲ ਨੂੰ ਨਾ ਫੇਰਦਾ ਅਰਥਾਤ ਦਿਲ ਨੂੰ ਪਿਆਰ ਵਲੋਂ ਹਟਾ ਕੇ ਗੁੱਸੇ ਵਿਚ ਨਾ ਆਉਂਦਾ।।੩੫।।

**ਕਿ ਦੀਦਾਰ ਬਖ਼ਸ਼ੰਦ ਅਗਰ ਓ ਮਰਾ।।**
**ਕਿ ਸਦ ਗੰਜ ਸਰਬਸਤ ਬਖ਼ਸ਼ਮ ਵਰਾ।।੩੬।।**

ਦੀਦਾਰ = ਦਰਸ਼ਨ। ਮਰਾ = ਮੈਨੂੰ। ਵਰਾ = ਉਸਨੂੰ।

ਜੇ ਉਹ ਮੈਨੂੰ ਆਪ ਹੀ ਦਰਸ਼ਨ ਦੇਵੇ ਤਾ ਮੈ ਉਸ ਨੂੰ ਖਜ਼ਾਨੇ ਵਿਚੋਂ ਸੌ (ਥੈਲੀਆਂ) ਭਰੀਆਂ ਹੋਈਆਂ ਬਖਸ਼ਾਂਗਾ।।੩੬।।

**ਚੁ ਸ਼ੁਹਰਤ ਕੁਨਾਨੀਦ ਸ਼ਹਰ ਅੰਦਰੂੰ।।**
**ਕਿ ਬਖ਼ਸ਼ੀਦ ਮਨ ਖ਼ੂਨ ਅਜ਼ ਖ਼ਾਰ ਖ਼ੂੰ।।੩੭।।**

ਸ਼ੁਹਰਤ = ਢੰਡੋਰਾ। ਕੁਨਾਨੀਦ = ਕਰਾਇਆ। ਮਨ = ਮੈਂ।

ਬਾਦਸ਼ਾਹ ਨੇ ਸ਼ਹਿਰ ਵਿਚ ਇਹ ਢੰਢੋਰਾ ਫਿਰਾਇਆ ਕਿ ਮੈ ਉਸ ਖ਼ੂੰ ਖਾਰ ਦੇ ਖ਼ੂਨ ਨੂੰ ਮਾਫ ਕਰ ਦਿਆਂਗਾ।।੩੭।।

**ਬਿ ਬਸਤੰਦ ਦਸਤਾਰ ਅਜ਼ ਜਾਮ ਜ਼ਰ।।**
**ਬ ਪੇਸ਼ੇ ਸ਼ਾਹ ਆਮਦ ਚੁ ਜ਼ੱਰਰੀ ਸਿਪਰ।।੩੮।।**

ਬਸਤੰਦ = ਬੰਨ੍ਹ ਲਈ। ਦਸਤਾਰ = ਪੱਗ। ਜਾਮ = ਚੋਗਾ। ਜ਼ਰ = ਸੁਨਹਿਰੀ। ਪੇਸ਼ਿ = ਸਾਹਮਣੇ। ਜਰੱਰੀ ਸਿਪਰ = ਸੁਨਹਿਰੀ ਢਾਲ।

ਤਦ ਉਸ ਲੜਕੀ ਨੇ ਆਪਣੇ ਸਿਰ ਤੇ ਪੱਗ ਬੰਨ੍ਹ ਲਈ ਤੇ ਸੁਨਹਿਰੀ ਚੋਲਾ ਪਾ ਲਿਆ। ਸੁਨਹਿਰੀ ਢਾਲ ਪਿੱਠ ਤੇ ਬੰਨ੍ਹਕੇ ਉਹ ਬਾਦਸ਼ਾਹ ਦੇ ਸਾਹਮਣੇ ਆ ਗਈ।।੩੮।।

Namdhari Elibrary NamdhariElibrary@gmail.com

**ਬਗੋਯਦ ਕਿ ਸ਼ੇਰ ਅਫ਼ਕਨੋ ਸ਼ੇਰ ਸ਼ਾਹ।।**
**ਕਿ ਅਜ਼ ਰਾਹ ਰਾ ਮਨ ਬਿ ਬੁਰਦੰਦ ਰਾਹ।।੩੯।।**

ਬਗੋਯਦ = ਕਿਹਾ। ਰਾਹ ਰਾ = ਢੰਗ ਨਾਲ। ਰਾਹ = ਘੋੜੇ ਦਾ ਨਾਂ ਹੈ। ਬੁਰਦੰਦ = ਲੈ ਗਿਆ ਹਾਂ।

ਉਸ ਨੇ ਕਿਹਾ ਐ ਸ਼ੇਰ ਨੂੰ ਮਾਰ ਦੇਣ ਵਾਲੇ ਬਾਦਸ਼ਾਹ! ਮੈਂ ਤੇਰੇ 'ਰਾਹੋ' ਘੋੜੇ ਨੂੰ ਇਸ ਢੰਗ ਨਾਲ ਲੈ ਗਿਆ ਹਾਂ।।੩੯।।

**ਅਜਬ ਮਾਂਦ ਸਾਹਿਬ ਖ਼ਿਰਦ ਈਂ ਜਵਾਬ।।**
**ਦਿਗਰ ਬਾਰ ਗੋਯਦ ਕਿ ਬਾ ਵੈ ਸਵਾਬ।।੪੦।।**

ਅਜਬ ਮਾਂਦ = ਹੈਰਾਨ। ਸਾਹਿਬ = ਮਾਲਕ। ਖਿਰਦ = ਬੁੱਧੀ।

ਬੁੱਧੀਵਾਨ ਰਾਜਾ, ਉਸ ਦਾ ਇਹ ਜਵਾਬ ਸੁਣ ਕੇ ਹੈਰਾਨ ਹੋਇਆ। ਉਸ ਨੇ ਫਿਰ ਦੂਜੀ ਵਾਰ ਛੇਤੀ ਨਾਲ ਆਖਿਆ।।੪੦।।

**ਕਿ ਨਕਲ ਸ ਨੁਮਾਈਂ ਮਰਾ ਸ਼ੇਰ ਤਨ।।**
**ਬ ਵਜਹੇ ਚਰਾ ਬੁਰਦਾ ਅਸਪੇ ਕੁਹਨ।।੪੧।।**

ਨੁਮਾਈਂ = ਵਿਖਾ। ਮਰਾ = ਮੈਨੂੰ। ਬ ਵਜਹੇ = ਢੰਗ ਨਾਲ। ਚਰਾ = ਕੋਹੜੇ। ਬੁਰਦਾ = ਲੈ ਗਿਆ। ਅਸਪ = ਘੋੜਾ। ਕੁਹਨ = ਪੁਰਾਣਾ(ਪਹਿਲਾ)

ਐ ਸ਼ੇਰ ਸਮਾਨ ਬਹਾਦਰ ਸੂਰਮੇ! ਤੂੰ ਮੈਨੂੰ ਨਕਲ ਕਰਕੇ ਵਿਖਾ ਕਿ ਤੂੰ ਕਿਸ ਢੰਗ ਨਾਲ ਉਸ ਪਹਿਲੇ ਘੋੜੇ ਨੂੰ ਕਿਲ੍ਹੇ ਵਿਚੋਂ ਕੱਢ ਕੇ ਲੈ ਗਿਆ ਸੀ।।੪੧।।

**ਨਿਸ਼ਸਤੰਦ ਅਜ਼ਾਂ ਵਜਹੇ ਬਰ ਰੋਦ ਆਬ।।**
**ਬਿ ਬੁਰਦੰਦ ਬਾਦਹ ਬਖ਼ੁਰਦੰਦ ਕਬਾਬ।।੪੨।।**

ਨਿਸ਼ਸਤੰਦ = ਬੈਠ ਗਈ। ਅਜ਼ਾ = ਉਸ। ਵਜਹ = ਤਰੀਕੇ ਨਾਲ। ਬਰ = ਉਪਰ। ਰੋਦ = ਨਦੀ। ਬੁਰਦੰਦ = ਲੈ ਗਈ ਬਾਦਹ = ਸ਼ਰਾਬ। ਬਜ਼ੁਰਦੰਦ = ਖਾਧਾ।

ਉਹ ਉਸ ਢੰਗ ਨਾਲ ਨਦੀ ਦੇ ਪਾਣੀ ਕੰਢੇ ਬੈਠ ਗਈ ਤੇ ਉਸ ਨੇ ਸ਼ਰਾਬ ਪੀਤੀ ਤੇ ਮਾਸ ਖਾਧਾ।।੪੨।।

**ਰਵਾਂ ਕਰਦ ਅੱਵਲ ਬਸੇ ਪੁਸ਼ਤ ਕਾਹ।।**
**ਦੁਗਾ ਮੇ ਦਿਹਦ ਪਾਸਬਾਨਾਨ ਸ਼ਾਹ।।੪੩।।**

ਰਵਾਂ ਕਰਦ = ਰਵਾਨਾ ਕੀਤੇ। ਅੱਵਲ = ਪਹਿਲਾਂ ਵਾਂਗੂੰ। ਪੁਸ਼ਤ = ਪੂਲੇ। ਕਾਹ = ਘਾਹ।

++++++++++++++++++++++++++++++++++++++++++++++++++++++++++++

ਦਗ਼ਾ = ਧੋਖਾ। ਦੇ ਦਿਹਮ = ਦਿੰਦੀ ਰਹੀ। ਪਾਸਬਾਨਾਨ = ਪਹਿਰੇਦਾਰਾਂ ਨੂੰ।

ਉਸ ਨੇ ਪਹਿਲਾਂ ਵਾਂਗੂੰ ਹੀ ਬਹੁਤ ਸਾਰੇ ਘਾਹ ਦੇ ਪੂਲੇ ਪਾਣੀ ਵਿਚ ਰੋੜ੍ਹੇ। ਇਸ ਤਰ੍ਹਾਂ ਰਾਜੇ ਦੇ ਪਹਿਰੇਦਾਰਾਂ ਨੂੰ ਧੋਖਾ ਦਿੰਦੀ ਰਹੀ।।੪੩।।

## ਵਜ਼ਾਂ ਪਸ ਬ ਕੋਸ਼ਸ਼ ਕੁਨਾਨੀਦ ਲਖ਼ਤ।।
## ਬ ਪੈਰਸ਼ ਦਰਾਮਦ ਜਿ ਦਰੀਯਾਇ ਸਖ਼ਤ।।੪੪।।

ਵਜ਼ਾਂ ਪਸ = ਉਸ ਦੇ ਪਿਛੋਂ। ਕੋਸ਼ਸ਼ = ਯਤਨ। ਲਖਤ = ਥੋੜੀ ਜਿਹੀ। ਬ ਪੈਰਸ਼ = ਤਰ ਕੇ।

ਉਸ ਤੋਂ ਪਿਛੋ ਉਸ ਨੇ ਥੋੜੀ ਜਿਹੀ ਕੋਸ਼ਿਸ਼ ਕੀਤੀ ਤੇ ਉਸ ਕਠਨ ਦਰਿਆਂ ਨੂੰ ਤਰ ਕੇ ਬਾਹਰ ਆਈ।।੪੪।।

## ਵਜ਼ਾਂ ਬਿਸ਼ਕੁਨਾਨੀਦ ਓ ਗਿਰਦ ਸ਼ੁਦ।।
## ਬਦੀਦਨ ਅਜ਼ੋ ਸ਼ਾਹ ਪਯਮੁਰਦਹ ਸ਼ੁਦ।।੪੫।।

ਬਿਸ਼ਕੁਨਾਨੀਦ = ਮਾਰੇ। ਪਯਮੁਰਦਹ = ਮੁਰਦੇ ਵਾਂਗੂੰ।

ਉਸਨੇ ਪਹਿਲੇ ਵਾਂਗੂੰ ਪਹਿਰੇਦਾਰਾਂ ਨੂੰ ਮਾਰਿਆਂ ਤੇ ਦੌੜ ਗਈ। ਬਾਦਸ਼ਾਹ ਇਹ ਵੇਖ ਕੇ ਮੁਰਦੇ ਸਮਾਨ ਹੋ ਗਿਆ ਭਾਵ ਬੜਾ ਹੈਰਾਨ ਹੋਇਆ।।੪੫।।

## ਘੜੀ ਯਕ ਬਿਮਾਂ ਦੰਦ ਗ਼ਰੂਬ ਆਫ਼ਤਾਬ।।
## ਵਜ਼ਾਂ ਜਾ ਬਿਯਾਮਦ ਕੁਸ਼ਾਯਦ ਤਨਾਬ।।੪੬।।

ਘੜੀ ਯਕ = ਇਕ ਘੜੀ। ਬਿਮਾਂਦੰਦ = ਰਹਿੰਦੀ ਸੀ। ਗਰੂਬ ਆਫ਼ਤਾਬ = ਸੂਰਜ ਛਿਪਣ। ਵਜ਼ਾ ਜਾ = ਉਸ ਜਗ੍ਹਾ। ਬਿਯਾਮਦ = ਆ ਗਈ। ਕੁਸ਼ਾਯਦ = ਖੋਲ੍ਹ ਦਿੱਤੀ। ਤਨਾਬ = ਰੱਸੀ।

ਸੂਰਜ ਛਿਪਣ ਵਿਚ ਜਦੋਂ ਇਕ ਘੜੀ ਰਹਿੰਦੀ ਸੀ, ਤਦੋਂ ਉਹ ਉਸ ਜਗ੍ਹਾ ਤੇ ਆਈ ਤੇ ਘੋੜੇ ਦੀ ਅਗਾੜੀ ਪਿਛਾੜੀ ਦੀ ਰੱਸੀ ਖੋਲ੍ਹ ਦਿੱਤੀ।।੪੬।।

## ਲਗਾਮਸ਼ ਬਿਦਾਦੰਦ ਸ੍ਵਾਰੇ ਸ਼ੁਦਸਤ।।
## ਬਿਜ਼ਦ ਤਾਜ਼ੀਆਂਨਹ ਚੁ ਅਫ਼ਰੀਤ ਮਸਤ।।੪੭।।

ਲਗਾਮਸ਼ = ਲਗਾਮ। ਬਿਦਾਦੰਦ = ਦਿੱਤੀ। ਸ੍ਵਾਰੇ ਸ਼ੁਦਸਤ = ਸਵਾਰ ਹੋ ਗਈ। ਬਿਜ਼ਦ = ਮਾਰਿਆ। ਤਾਜ਼ੀਆਂਨਹ = ਕਰੋੜਾ। ਅਫ਼ਰੀਤ = ਦੈਂਤ।

ਫਿਰ ਉਸ ਨੇ ਘੋੜੇ ਨੂੰ ਲਗਾਮ ਦਿੱਤੀ ਤੇ ਉਸ ਤੇ ਸਵਾਰ ਹੋ ਗਈ। ਦੈਂਤ ਵਰਗੇ ਮਸਤ ਘੋੜੇ ਨੂੰ ਉਸ ਨੇ ਜ਼ੋਰ ਨਾਲ ਚਾਬਕ ਮਾਰਿਆ।

Namdhari Elibrary NamdhariElibrary@gmail.com

************************************************************

**ਚੁਨਾਂ ਅਸਪ ਖ਼ੋਜ਼ੀਦ ਬਰਤਰ ਜਿ ਸ਼ਾਹ।।**
**ਜ਼ਿ ਬਾਲਾ ਬਿਯਾਮਦ ਬਦਰੀਯਾਇ ਗਾਹ।।੪੮।।**

ਚੁਨਾਂ = ਅਜਿਹਾ। ਖੇਜ਼ੀਦ = ਉਛਲਿਆ। ਬਰਤਰ = ਬੁਲੰਦਰਗੀ। ਸ਼ਾਹ = ਰਾਜਾ। ਬਾਲਾ = ਉਚਿਆਈ। ਬਯਾਮਦ = ਆ ਗਿਆ। ਗਾਹ = ਥਾਂ।

ਉਹ ਸ਼ਾਹੀ ਘੋੜਾ ਅਜਿਹਾ ਉਛਲਿਆ ਕਿ ਬਾਦਸ਼ਾਹ ਦੇ ਉਪਰੋਂ ਦੀ ਉੱਚੀ ਛਾਲ ਮਾਰ ਕੇ ਦਰਿਆ ਵਿਚ ਆ ਗਿਆ।।੪੮।।

**ਬ ਪੈਰਸ਼ ਦਰਾਮਦ ਜ਼ਿ ਦਰਿਯਾ ਅਜ਼ੀਮ।।**
**ਕਿ ਪਾਰਸ਼ ਹਮੀ ਗਸ਼ਤ ਹੁਕਮੇ ਕਰੀਮ।।੪੯।।**

ਪੈਰਸ਼ = ਤਰਨਾ। ਪਾਰਸ਼ = ਪਾਰ। ਹਮੀ ਗਸ਼ਤ = ਹੋ ਗਈ।

ਉਸ ਵਡੇ ਦਰਿਆ ਵਿਚੋਂ ਤਰ ਕੇ ਬਾਹਰ ਆ ਗਈ। ਪਰਮਾਤਮਾ ਦੇ ਹੁਕਮ ਨਾਲ ਘੋੜੇ ਅਤੇ ਉਹ ਲੜਕੀ ਦਰਿਆ ਤੋਂ ਪਾਰ ਹੋ ਗਏ।।੪੯।।

**ਫਰੋਦ ਆਮਦਸ਼ ਅਸਪ ਕਰਦਸ਼ ਸਲਾਮ।।**
**ਬਿਗੋਯਦ ਸੁਖ਼ਨ ਸ਼ਾਹਿ ਅਰਬੀ ਕਲਾਮ।।੫੦।।**

ਫਿਰੋਦ = ਹੇਠਾਂ। ਕਰਦਸ਼ = ਕੀਤੀ।

ਪਾਰ ਜਾ ਕੇ ਉਹ ਲੜਕੀ ਘੋੜੇ ਤੋਂ ਹੇਠਾ ਉੱਤਰ ਆਈ ਤੇ ਬਾਦਸ਼ਾਹ ਨੂੰ ਸਲਾਮ ਕੀਤੀ। ਉਸ ਨੇ ਬਾਦਸ਼ਾਹ ਨੂੰ ਅਰਬੀ ਜ਼ਬਾਨ ਵਿਚ ਇਹ ਗੱਲ ਆਖੀ।।੫੦।।

**ਤੁ ਅਕਲਸ਼ ਚਰਾ ਗਸ਼ਤ ਏ ਸ਼ਾਹ ਸ਼ਾਹ।।**
**ਕਿ ਮਾ ਰਾਹ ਬੁਰਦਨ ਤੁ ਦਾਦਨ ਸੁਰਾਹ।।੫੧।।**

ਚਰਾਗਸ਼ਤ = ਮਾਰ ਲਈ। ਮਾ = ਮੈਂ। ਬੁਰਦਨ = ਲੈ ਗਿਆ। ਤੋ = ਤੂੰ। ਦਾਦਨ = ਦਿੱਤਾ।

(ਦਰਿਆ ਦੇ ਪਾਰਲੇ ਕੰਢੇ ਤੇ ਖੜੇ ਕੇ ਉਸ ਨੇ ਬਾਦਸ਼ਾਹ ਨੂੰ ਕਿਹਾ) ਐ ਸ਼ੇਰ ਸ਼ਾਹ ! ਤੂੰ ਆਪਣੀ ਅਕਲ ਕਿਉਂ ਮਾਰ ਲਈ ਹੈ? ਕਿਉਂਕਿ ਰਾਹੋ ਘੋੜਾ ਤਾਂ ਮੈ ਲੈ ਗਿਆ ਸੀ. ਪਰ ਸਰਾਹੋ ਘੋੜਾ ਤੂੰ ਮੈਨੂੰ ਆਪੇ ਦੇ ਦਿੱਤਾ ਹੈ।।੫੧।।

**ਕਿਗੁਫ਼ਤਸ਼ ਚੁਨੀ ਤਾ ਰਵਾਂ ਕਰਦ ਰਖ਼ਸ਼।।**
**ਬ ਯਾਦ ਆਮਦੋ ਏਜ਼ਦੇ ਦਾਦ ਬਖ਼ਸ਼।।੫੨।।**

ਗੁਫਤਸ਼ = ਕਿਹਾ। ਚੁਨੀ = ਇਸ ਤਰ੍ਹਾਂ। ਰਖ਼ਸ਼ = ਘੋੜਾ। ਬ ਯਾਦ ਆਮਦੋਂ = ਯਾਦ ਆਇਆ।

ਏਜ਼ਦੇ = ਪਰਮਾਤਮਾ। ਦਾਦ ਬਖਸ਼ = ਦਾਤਾ ਬਖਸ਼ਣ ਵਾਲਾ।

ਉਸ ਨੇ ਬਾਦਸ਼ਾਹ ਨੂੰ ਇਸ ਤਰ੍ਹਾਂ ਦੀ ਗੱਲ ਕਹੀ ਤੇ ਘੋੜੇ ਨੂੰ ਤੋਰ ਦਿੱਤਾ। ਦਾਤਾ ਬਖਸ਼ਣ ਵਾਲਾ ਰੱਬ ਉਸ ਨੂੰ ਯਾਦ ਆਇਆ ਭਾਵ ਉਸ ਨੇ ਰੱਬ ਦਾ ਧੰਨਵਾਦ ਕੀਤਾ।।੫੨।।

**ਬਿ ਅਫ਼ਤਾਦ ਪੁਸ਼ਤ ਅਸਪਹਾ ਬੇਸ਼ੁਮਾਰ।।**
**ਕਿ ਓਰਾ ਨ ਹਮ ਬਰ ਕੁਨਦ ਕਸ ਸ੍ਵਾਰ।।੫੩।।**

ਅਫ਼ਤਾਦ = ਪੈ ਗਏ। ਪੁਸ਼ਤ = ਪਿਛੇ। ਓਰਾ = ਉਸਨੇ। ਬਰ = ਬਰਾਬਰ। ਕਸ = ਕੋਈ।

ਉਸ ਨੂੰ ਫੜਨ ਲਈ ਬੇਸ਼ੁਮਾਰ ਘੋੜ ਸਵਾਰ ਉਸ ਦੇ ਪਿਛੇ ਦੌੜੇ, ਪਰ ਕੋਈ ਸਵਾਰ ਵੀ ਉਸ ਦੀ ਬਰਾਬਰੀ ਨਾ ਕਰ ਸਕਿਆ ਭਾਵ ਕੋਈ ਵੀ ਉਸ ਤਕ ਪਹੁੰਚ ਕੇ ਉਸ ਨੂੰ ਫੜ ਨਾ ਸਕਿਆ।।੫੩।।

**ਬਿਜ਼ਦ ਮਰਦ ਦਸਤਾਰਹਾ ਪੇਸ਼ ਸ਼ਾਹ।।**
**ਕਿ ਏ ਸ਼ਾਹ ਸ਼ਾਹਾਨ ਅਲਾਹ ਪਨਾਹ।।੫੪।।**

ਬਿਜ਼ਦ = ਮਾਰੀਆਂ।

ਸੂਰਮਿਆਂ ਨੇ ਆਪਣੀਆਂ ਪੱਗਾਂ ਲਾਹ ਕੇ ਬਾਦਸ਼ਾਹ ਦੇ ਸਾਹਮਣੇ ਵਗਾਹ ਮਾਰੀਆਂ ਤੇ ਕਿਹਾ ਕਿ ਐ ਬਾਦਸ਼ਾਹਾਂ ਦੇ ਬਾਦਸ਼ਾਹ! ਸਾਰੇ ਸੰਸਾਰ ਦੇ ਆਸਰੇ! ਤੁਸਾਂ ਇਹ ਕੀ ਕੀਤਾ ?।।੫੪।।

**ਬਿਗੀਰਦ ਕਸੇ ਹਰਦੂ ਆਹੂ ਬੁਰਾਕ।।**
**ਤੁ ਓਰਾ ਬਿਬਖ਼ਸ਼ੀਦ ਖ਼ੁਦ ਦਸਤ ਤਾਕ।।੫੫।।**

ਬਿਗੀਰਦ = ਫੜਨਾ। ਕਸੇ = ਕੋਈ। ਹਰਦੋ = ਦੋਵੇਂ। ਆਹੂ ਬੁਰਾਕ = ਹਰਨ ਦੀ ਚਾਲ ਵਾਲੇ। ਓਰਾ = ਉਸਨੂੰ। ਤਾਕ = ਇਕ।

ਐ ਬਾਦਸ਼ਾਹ ! ਹਰਨਾਂ ਦੀ ਚਾਲ ਚਲਣ ਵਾਲੇ ਉਨ੍ਹਾਂ ਦੋਹਾਂ ਘੋੜਿਆਂ ਨੂੰ ਕੌਣ ਫੜ ਸਕਦਾ ਸੀ ? ਤੁਸੀਂ ਆਪ ਆਪਣੇ ਹੱਥੀ ਇਕ ਘੋੜਾ ਉਸ ਨੂੰ ਦੇ ਦਿੱਤਾ ਹੈ।।੫੫।।

**ਚਰਾਮੇ ਕੁਨਦ ਕਾਰਹਾ ਬੇਖ਼ੁਦੀ।।**
**ਕਿ ਰਾਹਾ ਅਜ਼ੋ ਮਨ ਸੁਰਾਹਾ ਤੁਈਂ।।੫੬।।**

ਚਰਾਮੇ = ਕਿਉਂ। ਕੁਨਦ = ਕੀਤਾ। ਕਾਰਹਾ = ਕੰਮ। ਬੇਖ਼ੁਦੀ = ਬੇਸੁਰਤੀ।

ਤੁਸੀਂ ਇਹ ਬੇਸੁਰਤੀ ਅਰਥਾਤ ਬੇਸਮਝੀ ਵਾਲਾ ਕੰਮ ਕਿਉਂ ਕੀਤਾ ਹੈ? 'ਰਾਹੂ' ਨਾਮ ਦਾ ਘੋੜਾ ਤਾਂ ਉਹ ਚੋਰੀ ਕਰਕੇ ਲੈ ਗਿਆ, ਪਰ 'ਸਰਾਹੋ' ਘੋੜਾ ਤੁਸੀਂ ਆਪ ਹੀ ਦੇ ਦਿੱਤਾ ਹੈ।।੫੬।।

**ਬ ਬੁਰਦਸ਼ ਅਜ਼ੋ ਅਸਪ ਹਰ ਦੋ ਅਜ਼ੀਮ।।**

## ਵਜ਼ਾਂ ਰਾ ਬਿ ਬਖ਼ਸ਼ੀਦ ਹੁਕਮੇਂ ਰਹੀਮ।।੫੭।।

ਬੁਰਦਸ਼ = ਲੈ ਗਈ। ਅਜ਼ੇ = ਉਸ। ਵਜ਼ਾਂ ਰਾ = ਉਸਨੂੰ।

ਉਹ ਲੜਕੀ ਦੋਵੇਂ ਵੱਡੇ ਘੋੜੇ ਲੈ ਗਈ ਤੇ ਪਰਮਾਤਮਾ ਦੇ ਹੁਕਮ ਨਾਲ ਉਹ ਘੋੜੇ ਉਸਨੇ ਆਪਣੇ ਮਿੱਤਰ ਨੂੰ ਬਖਸ਼ ਦਿੱਤੇ।।੫੭।।

## ਕਿ ਓਰਾ ਦਰਾਵੁਰਦ ਖ਼ਾਨਹ ਨਿਕਾਹ।।
## ਕਿ.ਕਉਲੇ ਕੁਨਦ ਮੁਸਤਕੀਮ ਹੁਕਮ਼ ਸ਼ਾਹ।।੫੮।।

ਓਰਾ = ਉਸ ਨੂੰ। ਦਰਾਵੁਰਦ = ਲੇ ਗਿਆ। ਖਾਨਹ = ਘਰ। ਨਿਕਾਹ = ਵਿਆਹ। ਕ਼ਉਲੇ = ਬਚਨ। ਮੁਸਤਕੀਮ = ਪੱਕਾ। ਸ਼ਾਹ = ਰੱਬ।

ਉਸ ਲੜਕੀ ਦਾ ਪ੍ਰੀਤਮ ਉਸਨੂੰ ਵਿਆਹ ਕੇ ਆਪਣੇ ਘਰ ਲੈ ਗਿਆ। ਰੱਬ ਦੇ ਹੁਕਮ ਨਾਲ ਉਸ ਨੇ ਆਪਣੇ ਬਚਨ ਨੂੰ ਪੱਕਾ ਕੀਤਾ ਅਰਥਾਤ ਪੂਰਾ ਕੀਤਾ।।੫੮।।

ਇਸ ਹਿਕਾਯਤ ਰਾਹੀ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇਂਦੇ ਹਨ ਕਿ ਵੇਖ ਔਰੰਗਜ਼ੇਬ ! ਉਸ ਲੜਕੀ ਨੇ ਆਪਣੇ ਪਿਆਰੇ ਦੀ ਪ੍ਰਾਪਤੀ ਲਈ ਕਿੱਡੇ ਹੌਸਲੇ ਤੇ ਹਿੰਮਤ ਨਾਲ ਸ਼ੇਰ ਸ਼ਾਹ ਦੇ ਕਿਲ੍ਹੇ ਵਿਚੋਂ ਦੋਵੇਂ ਘੋੜੇ ਲਿਜਾ ਕੇ ਆਪਣੇ ਪ੍ਰੀਤਮ ਦੀ ਭੇਟਾ ਕੀਤੇ। ਇਸ ਕੰਮ ਲਈ ਉਸ ਨੂੰ ਕਿੰਨੀਆਂ ਤਕਲੀਫਾਂ ਤੇ ਰੁਕਾਵਟਾਂ ਦਾ ਮੁਕਾਬਲਾਂ ਕਰਨਾ ਪਿਆ, ਪਰ ਉਸ ਨੇ ਸਭ ਔਕੜਾਂ ਤੇ ਕਾਬੂ ਪਾ ਕੇ ਅੰਤ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰ ਲਿਆ। ਇਹ ਕੰਮ ਉਸ ਨੇ ਪਰਮਾਤਮਾ ਦਾ ਆਸਰਾ ਲੈ ਕੇ ਸ਼ੁਰੂ ਕੀਤਾ ਤੇ ਸਫਲ ਹੋਣ ਤੇ ਪ੍ਰਭੂ ਦਾ ਧੰਨਵਾਦ ਕੀਤਾ। ਸਿਧਾਂਤ ਇਹ ਹੈ ਕਿ ਤੇਰੇ ਰਾਜ ਵਿਚ ਪਰਜਾ ਤੇ ਜ਼ੁਲਮ ਤੇ ਅਤਿਆਚਾਰ ਹੋ ਰਹੇ ਹਨ। ਸਾਡਾ ਸਾਜਿਆ ਖਾਲਸਾ ਤੇਰੇ ਜ਼ੁਲਮਾ ਨੂੰ ਨਾਸ ਕਰਨ ਲਈ ਜਦੋਂ ਜਹਿਦ ਕਰ ਰਿਹਾ ਹੈ। ਪਹਾੜੀ ਰਾਜੇ ਤੇ ਤੇਰੀ ਬਾਦਸ਼ਾਹੀ ਦੀ ਸਾਰੀ ਤਾਕਤ ਮਿਲ ਕੇ ਵੀ ਖ਼ਾਲਸੇ ਨੂੰ ਖਤਮ ਨਹੀਂ ਕਰ ਸਕੇਗੀ। ਅੰਤ ਨੂੰ ਤੇਰਾ ਇਹ ਜ਼ੁਲਮੀ ਰਾਜ ਸਿੰਘਾ ਹਥੋਂ ਖਤਮ ਹੋ ਜਾਏਗਾ। ਖਾਲਸੇ ਨੂੰ ਇਕ ਅਕਾਲ ਪੁਰਖ ਦੀ ਓਟ ਹੈ। ਤੂੰ ਖ਼ੁਦਾ ਦੀਆਂ ਝੂਠੀਆਂ ਕਸਮਾਂ ਖਾਕੇ ਲੋਕਾਂ ਨੂੰ ਧੋਖਾਂ ਦੇ ਰਿਹਾ ਹੈ। ਇਸ ਕੁਕਰਮ ਦਾ ਫਲ ਤੈਨੂੰ ਦਰਗਾਹ ਵਿਚ ਜਾ ਕੇ ਭੋਗਣਾ ਪਵੇਗਾ। ਇਸ ਹਿਕਾਯਤ ਰਾਹੀ ਸਤਿਗੁਰੂ ਜੀ ਔਰੰਗਜ਼ੇਬ ਨੂੰ ਸਿਖਿਆ ਦੇ ਕੇ ਫਿਰ ਆਪਣੇ ਗੁਰਦੇਵ ਅੱਗੇ ਅਰਦਾਸ ਕਰਦੇ ਹਨ:-

## ਬਿਦਿਹ ਸਾਕ਼ੀਯਾ ਸਾਗ਼ਰੇ ਕੋਕਨਾਰ।।
## ਦਰੇ ਵਕਤ ਜੰਗਸ਼ ਬਿਯਾਮਦ ਬ ਕਾਰ।।੫੯।।

ਬਿਦਿਹ = ਦਿਓ। ਸਾਕੀਯਾ = ਸਤਿਗੁਰੋ। ਸਾਗਰੇ = ਪਿਆਲਾ। ਕੋਕਨਾਰ = ਪੋਸਤ ਡੋਡੇ। ਵਕਤ ਜੰਗਸ਼ = ਜੰਗ ਵੇਲੇ। ਬਿਯਾਮਦ = ਆਉਂਦਾ ਹੈ। ਬਕਾਰ = ਕੰਮ।

ਹੇ ਗੁਰਦੇਵ! ਮੈਨੂੰ ਭਗਤੀ ਰੂਪੀ ਪੋਸਤ ਦੇ ਡੋਡਿਆ ਦਾ ਪਿਆਲਾ ਬਖਸ਼ੋ, ਜੋ ਕਾਮ ਕਰੋਧ

ਆਦਿ ਵਿਕਾਰਾਂ ਨਾਲ ਜੰਗ ਕਰਨ ਸਮੇਂ ਮੇਰੇ ਕੰਮ ਆਉਂਦਾ ਹੈ॥੫੯॥

**ਕਿ ਖ਼ੂਬਸਤ ਦਰ ਵਕਤ ਖ਼ਸਮ ਅਫ਼ਕਨੀ॥**
**ਕਿ ਯਕ ਕੁਰਤਯਸ ਫ਼ੀਲ ਰਾ ਪੈ ਕੁਨੀ॥੬੦॥੧੧॥**

ਖ਼ੂਬਸਤ = ਚੰਗਾ ਹੈ। ਖਸਮ ਅਫ਼ਕਨੀ = ਦੁਸ਼ਮਨ ਨੂੰ ਢਾਹੁਣਾ। ਯਕ ਕੁਰਤਯਸ = ਇਕ ਘੁਟ। ਕੁਨੀ = ਪਛਾੜਨਾ।

ਇਸ ਪਿਆਲੇ ਦਾ ਪੀਣਾ ਦੁਸ਼ਮਨ ਨੂੰ ਢਾਹੁਣ ਵੇਲੇ ਚੰਗਾ ਹੈ। ਇਸ ਦਾ ਇਕ ਘੁਟ ਪੀਣ ਵਾਲਾ ਆਦਮੀ ਹਾਥੀ ਨੂੰ ਪਛਾੜ ਦਿੰਦਾ ਹੈ॥੩੦॥੧੧॥

ਭਾਵ - ਹੇ ਗੁਰਦੇਵ! ਮੈਨੂੰ ਆਪਣੇ ਨਾਮ ਦੀ ਮਸਤੀ ਵਾਲਾ ਪਿਆਲਾ ਬਖਸ਼ੋ, ਤਾਂਕਿ ਮੈਂ ਇਸ ਸੱਚੇ ਅਮਲ ਨੂੰ ਪੀ ਕੇ ਵਿਸ਼ੇ ਵਿਕਾਰਾਂ ਰੂਪੀ ਦੁਸ਼ਮਣਾਂ ਦਾ ਨਾਸ ਕਰ ਸਕਾਂ।

**ਹਿਕਾਯਤ ਗਿਆਰਵੀਂ ਸਮਾਪਤ॥**

✡ ✡ ✡ ✡ ✡ ✡

# ਹਿਕਾਯਤ ਬਾਰ੍ਹਵੀਂ

## ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

**ਰਜ਼ਾ ਬਖ਼ਸ਼ ਬਖਸ਼ਿੰਦਹਏ ਬੇਸ਼ੁਮਾਰ॥**
**ਰਿਹਾਈ ਦਿਹੋ ਪਾਕ ਪਰਵਰਦਗਾਰ॥੧॥**

ਰਜ਼ਾ ਬਖ਼ਸ਼ = ਆਨੰਦ ਦਾਤਾ। ਬੇਸ਼ੁਮਾਰ = ਅਣਗਿਣਤ। ਰਿਹਾਈ = ਛੁਟਕਾਰਾ। ਪਾਕ = ਪਵਿੱਤਰ।

ਉਹ ਪ੍ਰਭੂ ਆਨੰਦ ਦਾਤਾ ਹੈ ਤੇ ਅਣਗਿਣਤ ਬਖਸ਼ਿਸ਼ਾਂ ਕਰਨ ਵਾਲਾ ਹੈ। ਉਹ ਪਵਿੱਤਰ ਪਾਲਣਾ ਕਰਨ ਵਾਲਾ ਤੇ ਬੰਧਨਾਂ ਤੋਂ ਛੁਟਕਾਰਾ ਦੇਣ ਵਾਲਾ ਹੈ॥੧॥

**ਰਹੀਮੋ ਕਰੀਮੋ ਮਕੀਨੋ ਮਕਾਂ॥**
**ਅਜ਼ੀਮੋ ਫ਼ਹੀਮੋ ਜ਼ਮੀਨੋ ਜ਼ਮਾਂ॥੨॥**

ਰਹੀਮੋ = ਰਹਿਮ ਕਰਨ ਵਾਲਾ। ਕਰੀਮੋ = ਕ੍ਰਿਪਾਲੂ। ਮਕੀਨੋ = ਮਕਾਨਾਂ ਵਾਲਾ। ਮਕਾਂ = ਮਕਾਨ ਵਿਚ। ਅਜ਼ੀਮੋ = ਵੱਡਾ। ਫ਼ਹੀਮੋ = ਜਾਣਨਹਾਰ। ਜ਼ਮਾਂ = ਅਕਾਸ਼।

ਉਹ ਪਰਮਾਤਮਾ ਰਹਿਮ ਕਰਨ ਵਾਲਾ ਤੇ ਕ੍ਰਿਪਾਲੂ ਹੈ। ਉਹ ਮਕਾਨਾਂ ਵਾਲਾ ਤੇ ਮਕਾਨਾਂ ਵਿਚ ਵਿਆਪਕ ਹੈ। ਉਹ ਸਭ ਤੋਂ ਵੱਡਾ ਹੈ ਤੇ ਧਰਤੀ ਤੇ ਅਕਾਸ਼ ਦੇ ਸਭ ਭੇਦਾਂ ਨੂੰ ਜਾਣਨ ਵਾਲਾ ਹੈ।।੨।।

**ਸ਼ੁਨੀਦਮ ਸੁਖਨ ਕੋਹ ਕੈਬਰ ਅਜ਼ੀਮ।।**
**ਕਿ ਅਫ਼ਗਾਂ ਯਕੇ ਬੂਦ ਓ ਜਾ ਰਹੀਮ।।੩।।**

ਸ਼ੁਨੀਦਮ = ਸੁਣੀ ਹੈ। ਸੁਖ਼ਨ = ਵਾਰਤਾ। ਕੋਹ = ਪਹਾੜ। ਕੈਬਰ = ਖ਼ੈਬਰ। ਅਫ਼ਗਾਂ = ਪਠਾਣ। ਯਕੇ ਬੂਦ = ਇਕ ਸੀ। ਓ ਜਾ = ਉਸ ਜਗ੍ਹਾ।

ਅਸੀ ਖ਼ੈਬਰ ਦੇ ਵੱਡੇ ਪਹਾੜ ਦੀ ਇਕ ਕਹਾਣੀ ਸੁਣੀ ਹੈ। ਉਸ ਥਾਂ ਰਹੀਮ ਨਾਮੀ ਇਕ ਪਠਾਨ ਰਹਿੰਦਾ ਸੀ।।੩।।

**ਯਕੇ ਬਾਨੂਏ ਬੂਦ ਓ ਹਮ ਚੁ ਮਾਹ।।**
**ਕੁਨਦ ਦੀਦਨ ਸ਼ਰਿਸ਼ਤ ਗ਼ਰਦਨ ਜ਼ਿ ਸ਼ਾਹ।।੪।।**

ਯਕ = ਇਕ। ਬਾਨੂਏ = ਇਸਤਰੀ। ਬੂਦ = ਸੀ। ਹਮ ਚੋ = ਵਾਂਗੂੰ। ਮਾਹ = ਚੰਦਰਮਾਂ। ਦੀਦਨ = ਵੇਖਣ। ਸ਼ਰਿਸ਼ਤ = ਨੀਵੀਆਂ। ਗਰਦਨ = ਧੌਣ।

ਉਸ ਦੇ ਘਰ ਇਕ ਚੰਦਰਮਾਂ ਵਰਗੀ ਸੁੰਦਰ ਇਸਤਰੀ ਸੀ। ਉਸਦੀ ਸੁੰਦਰਤਾ ਨੂੰ ਵੇਖ ਕੇ ਬਾਦਸ਼ਾਹਾਂ ਦੀਆਂ ਧੌਣਾਂ ਵੀ ਨੀਵੀਆਂ ਹੋ ਜਾਂਦੀਆਂ ਸਨ।।੪।।

ਭਾਵ - ਉਸ ਨੂੰ ਵੇਖ ਕੇ ਬਾਦਸ਼ਾਹ ਸ਼ਰਮ ਮਹਿਸੂਸ ਕਰਦੇ ਸਨ ਕਿ ਸਾਡੇ ਘਰ ਇਹੋ ਜਿਹੀ ਸੁੰਦਰ ਇਸਤਰੀ ਨਹੀ ਹੈ।

**ਦੁ ਅਬਰੂ ਚੁ ਅਬਰੇ ਬਹਾਰਾਂ ਕੁਨਦ।।**
**ਬ ਮਿਯਗਾਂ ਚੁ ਅਜ਼ ਤੀਰ ਬਾਰਾਂ ਕੁਨਦ।।੫।।**

ਅਬਰੂ = ਭਵਾ। ਅਬਰੇ = ਬੱਦਲ। ਬਹਾਰਾਂ = ਬਰਸਾਤ। ਮਿਯਗਾਂ = ਪਲਕਾਂ। ਬਾਰਾਂ = ਵਰਖਾ।

ਉਸ ਦੇ ਦੋਵੇ ਭਰਵੱਟੇ ਬਰਸਾਤੀ ਬੱਦਲਾਂ ਦੀ ਕਮਾਨ ਬਣੇ ਹੋਏ ਸਨ ਤੇ ਪਲਕਾਂ ਵਿਚੋਂ ਨੈਣਾਂ ਦੇ ਤੀਰਾਂ ਦੀ ਵਰਖਾ ਹੁੰਦੀ ਸੀ।।੫।।

ਭਾਵ - ਉਸ ਦੇ ਨੈਣਾਂ ਦੇ ਤੀਰ ਹਰ ਇਕ ਦੇ ਦਿਲ ਨੂੰ ਜ਼ਖਮੀ ਕਰ ਦਿੰਦੇ ਸਨ।

**ਰੁਖ਼ੇ ਚੂੰ ਖ਼ਲਾਸੀ ਦਿਹਦ ਮਾਹ ਰਾਂ।।**
**ਬਹਾਰੇ ਗੁਲਿਸਤਾਂ ਦਿਹਦ ਸ਼ਾਹ ਰਾਂ।।੬।।**

ਰੁਖ਼ੇ = ਮੂੰਹ। ਖ਼ਲਾਸੀ = ਛੁਟਕਾਰਾ। ਮਾਹ = ਚੰਦਰਮਾਂ। ਰਾਂ = ਨੂੰ। ਬਹਾਰੇ = ਬਸੰਤ ਰੁਤ।

ਗੁਲਿਸਤਾਂ = ਬਗੀਚੀ। ਸ਼ਾਹ = ਬਾਦਸ਼ਾਹ।

ਉਸ ਦਾ ਮੁੱਖੜਾ ਚੰਦ੍ਰਮਾਂ ਦੀ ਖਲਾਸੀ ਕਰ ਦਿੰਦਾ ਸੀ ਅਰਥਾਤ ਉਸ ਦਾ ਮੁੱਖੜਾ ਵੇਖਣ ਨਾਲ ਚੰਦ੍ਰਮਾਂ ਦੇ ਵੇਖਣ ਦੀ ਲੋੜ ਨਹੀਂ ਰਹਿੰਦੀ ਸੀ। ਉਸ ਦਾ ਚਿਹਰਾ ਬਾਦਸ਼ਾਹਾਂ ਦੇ ਦਿਲ ਦੀ ਫੁਲਵਾੜੀ ਨੂੰ ਬਸੰਤ ਰੁਤ ਵਾਂਗੂੰ ਖਿੜਾ ਦੇਂਦਾ ਸੀ॥੬॥

ਭਾਵ - ਉਸ ਦਾ ਦੀਦਾਰ ਕਰ ਕੇ ਬਾਦਸ਼ਾਹਾਂ ਦੇ ਮਨ ਖਿੜ ਜਾਂਦੇ ਸਨ।

**ਬ ਅਬਰੂ ਕਮਾਨੇ ਸ਼ੁਦਾ ਨਾਜ਼ਨੀਂ॥**
**ਬ ਚਸ਼ਮਸ਼ ਜ਼ਨਦ ਕੈਬਰੇ ਕਹਰਗੀਂ॥੭॥**

ਅਬਰੂ = ਭਰਵੱਟੇ। ਨਾਜ਼ਨੀ = ਇਸਤਰੀ। ਜ਼ਨਦ = ਮਾਰਦੇ। ਕੈਬਰੇ = ਤੀਰ। ਕਹਰਗੀ। ਕਹਿਰ ਕਰਨ ਵਾਲੇ।

ਉਸ ਕੋਮਲ ਇਸਤਰੀ ਦੇ ਭਰਵੱਟੇ ਕਮਾਨ ਵਾਂਗੂੰ ਸਨ ਤੇ ਉਸਦੇ ਨੇਤਰ ਕਹਿਰ ਭਰੇ ਤੀਰ ਮਾਰਦੇ ਸਨ॥੭॥

**ਬ ਮਸਤੀ ਦਿਹਦ ਹਮ ਚੁਨੀ ਰੂਇ ਮਸਤ॥**
**ਗੁਲਿਸਤਾਂ ਕੁਨਦ ਬੂਮ ਸ਼ੋਰੀਦ ਦਸਤ॥੮॥**

ਰੂਇ = ਚਿਹਰਾ। ਬੂਮ = ਧਰਤੀ। ਸ਼ੋਰੀਦ = ਕੱਲਰ। ਦਸਤ = ਉਜਾੜ।

ਉਸਦਾ ਮਸਤ ਚਿਹਰਾ ਵੇਖਣ ਵਾਲੇ ਨੂੰ ਮਸਤ ਕਰ ਦਿੰਦਾ ਸੀ। ਉਸਦੀ ਤੱਕਣੀ ਵੀਰਾਨ ਜੰਗਲ ਤੇ ਕੱਲਰੀ ਧਰਤੀ ਨੂੰ ਫੁਲਵਾੜੀ ਵਾਂਗੂੰ ਖਿੜਾ ਦਿੱਦੀ ਸੀ, ਭਾਵ ਉਸ ਨੂੰ-ਵੇਖ ਕੇ ਹਰ ਇਕ ਦਾ ਮਨ ਮਸਤੀ ਤੇ ਖੇੜੇ ਵਿਚ ਆ ਜਾਂਦਾ ਸੀ॥੮॥

**ਖ਼ੁਸ਼ੇ ਖ਼ੁਸ਼ ਜਮਾਲੋ ਕਮਾਲੋ ਹੁਸਨ॥**
**ਬ ਸੂਰਤ ਜਵਾਨਸਤ ਫ਼ਿਕਰੇ ਕੁਹਨ॥੯॥**

ਖ਼ੁਸ਼ੇ ਖ਼ੁਸ਼ = ਅਤਿ ਸੁੰਦਰ। ਜਮਾਲੋ = ਚਿਹਰਾ। ਕਮਾਲੋ = ਪੂਰਨ। ਫ਼ਿਕਰੇ = ਵਿਚਾਰ। ਕੁਹਨ = ਪੁਰਾਣੀ।

ਉਹ ਇਸਤਰੀ ਅਤਿ ਸੁੰਦਰ ਸੀ। ਉਸ ਦਾ ਚਿਹਰਾ ਸੁੰਦਰਤਾ ਨਾਲ ਪੂਰਨ ਸੀ। ਸ਼ਕਲ ਵਿਚ ਉਹ ਜਵਾਨ ਸੀ, ਪਰ ਸਮਝ ਵਿਚਾਰ ਵਲੋਂ ਪੁਰਾਣੀ ਸੀ॥੯॥

**ਯਕੇ ਹਸਨ ਖ਼ਾਂ ਬੂਦ ਓ ਜਾ ਫ਼ਗਾਂ॥**
**ਬ-ਦਾਨਿਸ਼ ਹਮੀ ਬੂਦ ਅਕਲਸ਼ ਜਵਾਂ॥੧੦॥**

ਜਾ = ਜਗ੍ਹਾ। ਫ਼ਗਾਂ = ਪਠਾਣ। ਦਾਨਿਸ਼ = ਦਨਾਈ, ਬੁਧੀ। ਜਵਾਂ = ਜਵਾਨ।

**********************************************************************

ਜਿਸ ਜਗ੍ਹਾ ਉਹ ਇਸਤਰੀ ਰਹਿੰਦੀ ਸੀ ਉਸ ਜਗ੍ਹਾ ਇਕ 'ਹਸਨ ਖਾਂ' ਨਾਂ ਦਾ ਪਠਾਣ ਰਹਿੰਦਾ ਸੀ। ਬੁੱਧੀ ਵਿਚ ਉਸ ਦੀ ਅਕਲ ਬੜੀ ਜਵਾਨ ਸੀ ਅਰਥਾਤ ਉਹ ਬੜਾ ਬੁਧੀਵਾਨ ਤੇ ਵਿਚਾਰ ਵਾਲਾ ਆਦਮੀ ਸੀ॥੧੦॥

**ਕੁਨਦ ਦੋਸਤੀ ਬਾ-ਹਮਹ-ਯਕ ਦਿਗਰ॥**
**ਕਿ ਲੈਲੀ ਵ ਮਜਨੂੰ ਖ਼ਿਜ਼ਲ ਗਸ਼ਤ ਸਰ॥੧੧॥**

ਕੁਨਦ = ਕਰਦੇ। ਬਾ ਹਮਹ = ਆਪੋ ਵਿਚ। ਖ਼ਿਜ਼ਲ = ਸ਼ਰਮਸਾਰ। ਗਸ਼ਤ = ਨਿਵਾ ਲੈਂਦੇ।

ਇਹ ਦੋਵੇ ਆਪੋ ਵਿਚ ਪਿਆਰ ਕਰਦੇ ਸਨ। ਉਨ੍ਹਾਂ ਦਾ ਪਿਆਰ ਵੇਖ ਕੇ ਲੈਲੀ ਅਤੇ ਮਜਨੂੰ ਵੀ ਸ਼ਰਮਸਾਰ ਹੋ ਕੇ ਆਪਣਾ ਸਿਰ ਨਿਵਾ ਲੈਂਦੇ ਸਨ ਕਿ ਸਾਡੇ ਨਾਲੋਂ ਇਨ੍ਹਾਂ ਦੀ ਪ੍ਰੀਤ ਵਧੇਰੇ ਹੈ॥੧੧॥

**ਚੁ ਬਾ ਯਕ ਦਿਗਰ ਹਮ ਚੁਨੀਂ ਗਸ਼ਤ ਮਸਤ॥**
**ਚੁ ਪਾ ਅਜ਼ ਰਕਾਬੋ ਇਨਾਂ ਰਫ਼ਤ ਦਸਤ॥੧੨॥**

ਚੁ = ਜਦੋਂ। ਬਾ = ਨਾਲ। ਹਮ ਚੁਨੀ = ਇਸ ਤਰ੍ਹਾਂ ਦਾ। ਗਸ਼ਤ = ਹੋ ਗਿਆ। ਇਨਾਂ = ਰਾਸ। ਰਫ਼ਤ = ਨਿਕਲ ਗਈ।

ਉਹ ਦੋਵੇ ਪ੍ਰੇਮ ਵਿਚ ਏਨੇ ਮਸਤਾਨੇ ਹੋ ਗਏ ਕਿ ਉਹਨਾਂ ਦੇ ਪੈਰਾਂ ਵਿਚੋਂ ਰਕਾਬਾਂ ਤੇ ਹੱਥਾਂ ਵਿਚੋਂ ਲਗਾਮਾਂ ਨਿਕਲ ਗਈਆ ਭਾਵ ਉਹ ਪ੍ਰੇਮ ਵਿਚ ਬੇਕਾਬੂ ਹੋ ਗਏ॥੧੨॥

**ਤਲਬ ਕਰਦ ਓ ਖਾਨਏ ਖਿਲਵਤੇ॥**
**ਮਿਯਾਂ ਆਮਦਸ਼ ਜੋ ਬਦਨ ਸ਼ਹਵਤੇ॥੧੩॥**

ਤਲਬ ਕਰਦ = ਬੁਲਾਇਆ। ਖ਼ਨਾਏ = ਘਰ ਵਿਚ। ਖਿਲਵਤੇ = ਇਕੱਲੇ। ਮਿਯਾਂ = ਵਿਚ। ਆਮਦਸ਼ = ਆ ਗਿਆ। ਬਦਨ = ਸਰੀਰ। ਸ਼ਹਵਤੇ = ਕਾਮ ਦਾ ਵੇਗ।

ਉਸ ਇਸਤਰੀ ਨੇ ਆਪਣੇ ਪ੍ਰੀਤਮ ਨੂੰ ਆਪਣੇ ਘਰ ਵਿਚ ਇਕੱਲਿਆਂ ਬੁਲਾਇਆ। ਉਸ ਦੇ ਆਉਣ ਤੇ ਉਹਨਾਂ ਦੋਹਾਂ ਦੇ ਸਰੀਰ ਵਿਚ ਕਾਮ ਦਾ ਵੇਗ ਜਾਗਿਆ॥੧੩॥

**ਹਮੀ ਜੁਫ਼ਤ ਖੁਰਦੰਦ ਦੂ ਸੇ ਚਾਰ ਮਾਹ॥**
**ਖ਼ਬਰ ਕਰਦ ਜੋ ਦੁਸ਼ਮਨੇ ਨਿਜ਼ਦ ਸ਼ਾਹ॥੧੪॥**

ਹਮੀ = ਇਸ ਤਰ੍ਹਾਂ। ਜ਼ੁਫਤ = ਜੁੜ ਕੇ। ਨਿਜ਼ਦ ਸ਼ਾਹ = ਰਹੀਮ ਪਾਸ।

ਜਦੋਂ ਉਹਨਾਂ ਨੂੰ ਦੋ ਚਾਰ ਮਹੀਨੇ ਇਸ ਤਰ੍ਹਾਂ ਆਨੰਦ ਮਾਣਦਿਆ ਬੀਤ ਗਏ ਤਾਂ ਉਨ੍ਹਾਂ ਦੇ ਕਿਸੇ ਦੁਸ਼ਮਣ ਨੇ ਰਹੀਮ ਨੂੰ ਖ਼ਬਰ ਕਰ ਦਿੱਤੀ॥੧੪॥

ਬ ਹੈਰਤ ਦਰਾਂਮਦ ਫ਼ਗਾਨੇ ਰਹੀਮ॥
ਕਸ਼ੀਦਨ ਯਕੇ ਤੇ਼ਗ ਗਰੱਰਾਂ ਅਜ਼ੀਮ॥੧੫॥

ਹੈਰਤ = ਹੈਰਾਨੀ। ਕਸ਼ੀਦਨ = ਖਿੱਚ ਲਈ। ਗਰੱਰਾਂ = ਗੱਜਿਆ।

ਇਹ ਖਬਰ ਸੁਣ ਕੇ ਰਹੀਮ ਖਾਂ ਪਠਾਣ ਬੜਾ ਹੈਰਾਨ ਹੋਇਆ। ਉਸ ਨੇ ਗੁੱਸੇ ਵਿਚ ਇਕ ਤਲਵਾਰ ਨੂੰ ਮਿਆਨ ਵਿਚੋਂ ਖਿਚਿਆ ਤੇ ਬੜੇ ਕਰੋਧ ਨਾਲ ਗਰਜਿਆ॥੧੫॥

ਚੁ ਖ਼ਬਰਸ਼ ਰਸੀਦੋ ਕਿ ਆਮਦ ਸ਼ੌਹਰ॥
ਹੁਮਾਂ ਯਾਰ ਖ਼ੁਦ ਰਾ ਬਿਜ਼ਦ ਤੇ਼ਗ ਸਰ॥੧੬॥

ਖ਼ਬਰਸ਼ ਰਸੀਦੋ = ਖਬਰ ਮਿਲੀ। ਆਮਦ ਸ਼ੌਹਰ = ਪਤੀ ਆ ਰਿਹਾ ਹੈ। ਹਮਾਂ = ਉਸ। ਬਿਜ਼ਦ = ਮਾਰੀ।

ਜਦੋਂ ਉਸ ਇਸਤਰੀ ਨੂੰ ਕਿਸੇ ਕੋਲੋਂ ਖਬਰ ਮਿਲੀ ਕਿ ਉਸਦਾ ਪਤੀ ਆ ਰਿਹਾ ਹੈ ਤਾਂ ਉਸ ਨੇ ਆਪਣੇ ਯਾਰ ਦੇ ਸਿਰ ਵਿਚ ਤਲਵਾਰ ਮਾਰੀ ਤੇ ਉਸ ਦਾ ਸਿਰ ਵੱਢ ਦਿੱਤਾ॥੧੬॥

ਹਮਹਿ ਗੋਸ਼ਤੇ ਦੇ਼ਗ ਅੰਦਰ ਨਿਹਾਦ॥
ਮਸਾ੍ਲਯ ਬਿਅੰਦਾਖਤ ਆਤਸ਼ ਬਿਦਾਦ॥੧੭॥

ਗੋਸ਼ਤੇ = ਮਾਸ। ਨਿਹਾਦ = ਪਾ ਦਿੱਤਾ। ਬਿਅੰਦਾਖਤ = ਪਾ ਦਿੱਤੇ। ਆਤਿਸ਼ = ਅੱਗ। ਬਿਦਾਦ = ਬਾਲ ਦਿੱਤੀ।

ਉਸ ਨੇ ਯਾਰ ਦੇ ਮਾਸ ਨੂੰ ਦੇਗ ਅੰਦਰ ਪਾ ਕੇ ਉਪਰੋ ਮਸਾਲੇ ਪਾ ਦਿੱਤੇ ਤੇ ਹੇਠਾਂ ਅੱਗ ਬਾਲ ਦਿੱਤੀ॥੫੭॥

ਸ਼ੌਹਰ ਰਾ ਖੁਰਾਨੀਦ ਬਾਕੀ ਬਿਮਾਂਦ॥
ਹਮ੍ਹ ਨੌਕਰਾਂ ਰਾ ਜ਼ਿਆਫ਼ਤ ਕੁਨਾਦ॥੧੮॥

ਸ਼ੌਹਰ = ਖਾਵੰਦ। ਖੁਰਾਨੀਦ = ਖੁਆਇਆ। ਬਿਮਾਂਦ = ਬਚ ਰਿਹਾ। ਜ਼ਿਆਰਤ = ਪ੍ਰੀਤੀ ਭੋਜਨ। ਕੁਨਾਦ = ਕੀਤਾ।

ਪਹਿਲਾਂ ਉਹ ਮਾਸ ਉਸ ਨੇ ਆਪਣੇ ਖਾਵੰਦ ਨੂੰ ਖੁਆਇਆ। ਬਾਕੀ ਬਚਿਆਂ ਮਾਸ ਉਸ ਨੇ ਸਾਰੇ ਨੌਕਰਾਂ ਨੂੰ ਖੁਆ ਕੇ ਪ੍ਰੀਤੀ ਭੋਜਨ ਕੀਤਾ॥੧੮॥

ਚੁ ਖੁਸ਼ ਗਸ਼ਤ ਸ਼ੌਹਰ ਨ ਦੀਦਸ਼ ਚੁ ਨਰ॥
ਬਕੁਸ਼ਤਾਂ ਕਸੇ ਰਾ ਕਿ ਦਾਦਸ਼ ਖਬਰ॥੧੯॥

ਚੂ = ਜਦੋਂ। ਖੁਸ਼ ਗਸਤ = ਪ੍ਰਸੰਨ ਹੋ ਗਿਆ। ਨ ਦੀਦਸ਼ = ਨਾ ਵੇਖਿਆ। ਕੁਸ਼ਤ = ਮਾਰ ਦਿੱਤਾ। ਆਂ = ਉਸ ਨੇ। ਦਾਦ = ਦਿੱਤੀ।

ਜਦੋਂ ਉਸ ਪਠਾਣ ਨੇ ਉਥੇ ਕਿਸੇ ਆਦਮੀ ਨੂੰ ਨਾ ਵੇਖਿਆ ਤਾਂ ਉਹ ਖੁਸ਼ ਹੋ ਕੇ ਚਲਾ ਗਿਆ ਅਤੇ ਉਸ ਆਦਮੀ ਨੂੰ ਜਾ ਕੇ ਮਾਰ ਦਿੱਤਾ ਜਿਸ ਨੇ ਇਹ ਖਬਰ ਦਿੱਤੀ ਸੀ।।੧੯।।

ਇਸ ਹਿਕਾਯਤ ਰਾਹੀ ਸਤਿਗੁਰੂ ਜੀ ਔਰੰਗਜ਼ੇਬ ਨੂੰ ਇਹ ਸਿਖਿਆ ਦੇਂਦੇ ਹਨ:-

ਐ ਔਰੰਗਜ਼ੇਬ! ਵੇਖ, ਰਹੀਮ ਖਾਂ ਪਠਾਣ ਦੀ ਔਰਤ ਆਪਣੇ ਯਾਰ ਨੂੰ ਘਰ ਬੁਲਾ ਕੇ ਰੰਗ ਰਲੀਆਂ ਮਾਣਦੀ ਰਹੀ, ਜਦੋਂ ਉਸ ਨੇ ਖਾਵੰਦ ਨੂੰ ਘਰ ਆਉਂਦਾ ਸੁਣਿਆ ਤਾਂ ਉਸ ਨੇ ਯਾਰ ਨੂੰ ਮਾਰ ਕੇ ਉਸਦਾ ਮਾਸ ਰਿੰਨ੍ਹ ਕੇ ਆਪਣੇ ਪਤੀ ਤੇ ਨੌਕਰਾਂ ਨੂੰ ਖੁਆਇਆ। ਉਸ ਦੇ ਪਤੀ ਨੇ ਜਦੋਂ ਘਰ ਵਿਚ ਕਿਸੇ ਓਪਰੇ ਆਦਮੀ ਨੂੰ ਨਾ ਵੇਖਿਆ ਤਾਂ ਉਸਨੇ ਬਿਨਾਂ ਕਿਸੇ ਖੋਜ ਪੜਤਾਲ ਦੇ ਖਬਰ ਦੇਣ ਵਾਲੇ ਨੂੰ ਆ ਦਬੋਚਿਆ ਤੇ ਉਸ ਨੂੰ ਮਾਰ ਦਿੱਤਾ। ਉਸ ਨੇ ਸੱਚ ਲੱਭਣ ਦਾ ਕੋਈ ਯਤਨ ਨਾ ਕੀਤਾ। ਐ ਔਰੰਗਜ਼ੇਬ! ਇਸ ਤਰ੍ਹਾਂ ਦੀ ਅੰਧੇਰ ਗਰਦੀ ਤੇਰੇ ਰਾਜ ਵਿਚ ਮਚੀ ਹੋਈ ਹੈ। ਤੇਰੇ ਕਰਮਚਾਰੀ ਹਰ ਰੋਜ਼ ਬੇਇਨਸਾਫੀਆਂ ਕਰਕੇ ਪਰਜਾ ਨੂੰ ਦੁਖੀ ਕਰ ਰਹੇ ਹਨ। ਤੂੰ ਆਪਣੇ ਰਾਜ ਵਿਚ ਹੁੰਦੇ ਜ਼ੁਲਮਾਂ ਤੋਂ ਅੱਖਾਂ ਮੀਟੀ ਬੈਠਾ ਹੈ। ਪਾਪ ਰੂਪ ਪੱਥਰਾਂ ਨਾਲ ਤੇਰੇ ਰਾਜ ਦੀ ਬੇੜੀ ਹੁਣ ਭਰ ਗਈ ਹੈ ਤੇ ਛੇਤੀ ਹੀ ਇਸ ਦੇ ਡੁੱਬਣ ਦਾ ਸਮਾਂ ਆ ਗਿਆ ਹੈ। ਹੁਣ ਵੀ ਸੰਭਲ ਜਾਹ ਤੇ ਇਹਨਾਂ ਜ਼ੁਲਮਾਂ ਤੋਂ ਬਾਜ਼ ਆ ਜਾਹ। ਇਸੇ ਵਿਚ ਤੇਰਾ ਭਲਾ ਹੈ। ਇਸ ਬਾਰ੍ਹਵੀ ਹਿਕਾਯਤ ਨੂੰ ਸਮਾਪਤ ਕਰਨ ਤੋਂ ਪਹਿਲਾਂ ਸਤਿਗੁਰੂ ਜੀ ਆਪਣੇ ਗੁਰਦੇਵ ਅਗੇ ਅਰਦਾਸ ਕਰਦੇ ਹਨ:-

**ਬਿਦਿਹ ਸਾਕੀਯਾ ਸਾਗਰੇ ਸਬਜ਼ ਗੂੰ।।**
**ਕਿ ਮਾਰਾ ਬਕਾਰਸਤ ਜੰਗ ਅੰਦਰੂੰ।।੨੦।।**

ਸਾਗਰੇ = ਪਿਆਲਾ। ਸਬਜ਼ ਗੂੰ = ਹਰਾ ਰੰਗ। ਬਕਾਰਸਤ = ਲੋੜੀਦਾ।

ਹੇ ਮੇਰੇ ਗੁਰਦੇਵ! ਮੈਨੂੰ ਹਰੀ ਨਾਮ ਦੀ ਬਖਸ਼ਿਸ਼ ਕਰੋ, ਜੋ ਵਿਕਾਰਾਂ ਰੂਪੀ ਦੁਸ਼ਮਣਾਂ ਨਾਲ ਜੰਗ ਕਰਨ ਸਮੇਂ ਮੈਨੂੰ ਚਾਹੀਦਾ ਹੈ।।੨੦।।

**ਲਬਾ ਲਬ ਬਿਕੁਨ ਦਮ ਬਦੱਮ ਨੋਸ਼ ਕੁਨ।।**
**ਗ਼ਮੇ ਹਰ ਦੁ ਆਲਮ ਫ਼ਰਾਮੋਸ਼ ਕੁਨ।।੨੧।।੧੨।।**

ਲਬਾ ਲਬ = ਨਕੋ ਨਕ। ਬਿਕੁਨ = ਦਿਓ। ਨੋਸ਼ ਕੁਨ = ਪੀਵਾਂ। ਫ਼ਰਾਮੋਸ਼ ਕੁਨ = ਭੁਲਾ ਦਿਆਂ।

ਹੇ ਸਤਿਗੁਰੂ ਜੀ! ਮੈਨੂੰ ਆਪਣੇ ਨਾਮ ਦਾ ਨਕੋ ਨਕ ਭਰਿਆ ਹੋਇਆ ਪਿਆਲਾ ਬਖਸ਼ੋ, ਜਿਸ ਨੂੰ ਮੈ ਹਰ ਵੇਲੇ ਪੀਦਾ ਰਹਾਂ ਅਤੇ ਦੋਹਾਂ ਲੋਕਾਂ ਦੇ ਗ਼ਮਾਂ ਫ਼ਿਕਰਾਂ ਨੂੰ ਭੁਲਾ ਦਿਆਂ।।੨੧।।੧੨।।

## ਹਿਕਾਯਤ ਬਾਰ੍ਹਵੀਂ ਸਮਾਪਤ।।

## ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਸਮਾਪਤ

✡ ✡ ✡ ✡ ✡ ✡ ✡

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com